ੴ

# ਸਿੱਖੀ ਦੀ ਆਤਮਾ



ਪ੍ਰੋ. ਪੂਰਨ ਸਿੰਘ

# ਸਿੱਖੀ ਦੀ ਆਤਮਾ

(ਤਿੰਨ ਭਾਗ ਸੰਯੁਕਤ ਰੂਪ ਵਿਚ)


ਕਰਤਾ : ਪ੍ਰੋ.ਪੂਰਨ ਸਿੰਘ

ਅਨੁਵਾਦਕ : ਕਿਰਪਾਲ ਸਿੰਘ ਕਸੇਲ



ਲਾਹੌਰ ਬੁੱਕ ਸ਼ਾਪ, ਲੁਧਿਆਣਾ

ਸਿੱਖੀ ਦੀ ਆਤਮਾ
SIKHI DI ATMA

PROF. PURAN SINGH

ਦੂਜਾ ਸੰਸਕਰਣ : 3 ਭਾਗ ਸੰਯੁਕਤ ਰੂਪ ਵਿਚ-2001
ਪ੍ਰੋ.ਪੂਰਨ ਸਿੰਘ
ਅਨੁਵਾਦਕ : ਕਿਰਪਾਲ਼ ਸਿੰਘ ਕਸੇਲ
ISBN. 81-7647-088-0

2007

© ਸਭ ਹੱਕ ਅਨੁਵਾਦਕ ਦੇ ਰਾਖਵੇਂ ਹਨ।
ਮੁੱਲ : 500-00

ਟਾਈਪ ਸੈਟਰਜ਼ : ਸਟਾਰ ਕੰਪਿਊਟਰ ਗਰਾਫਿਕਸ
821, ਗੁਰੂ ਨਾਨਕ ਕਾਲੋਨੀ, ਮਾਲੇਰਕੋਟਲਾ-148023
ਫੋਨ : 01675-658879
ਪ੍ਰਿੰਟਰ : ਸਰਤਾਜ ਪ੍ਰਿੰਟਿੰਗ ਪ੍ਰੈਸ, ਜਲੰਧਰ
ਪ੍ਰਕਾਸ਼ਕ : ਲਾਹੌਰ ਬੁੱਕ ਸ਼ਾਪ
2, ਲਾਜਪਤ ਰਾਏ ਮਾਰਕੀਟ, ਨੇੜੇ ਸੁਸਾਇਟੀ ਸਿਨੇਮਾ
ਲੁਧਿਆਣਾ

# ਸਮਰਪਣ

ਮਹਾਨ ਸਿੱਖ ਚਿੰਤਕ, ਸਿਰਮੌਰ ਕਵੀ ਅਤੇ ਸ਼੍ਰੋਮਣੀ ਲੇਖਕ
ਪ੍ਰੋ.ਪੂਰਨ ਸਿੰਘ
ਦੀ
ਕਲਪਨਾ ਤੇ ਆਦਰਸ਼ਾਂ ਦੇ ਪੰਜਾਬ
ਨੂੰ

ਇਸੇ ਕਲਮ ਤੋਂ ਪ੍ਰੋ.ਪੂਰਨ ਸਿੰਘ ਦੀ ਸਾਹਿਤਕ ਲੜੀ ਦੀਆਂ ਹੋਰ ਪੁਸਤਕਾਂ

1. ਪੂਰਨ ਸਿੰਘ
2. ਪ੍ਰੋ.ਪੂਰਨ ਸਿੰਘ ਦੀ ਸਾਹਿਤਕ ਪ੍ਰਤਿਭਾ
3. ਰਾਜ ਹੰਸ (ਜੀਵਨੀ)
4. ਦਸ ਗੁਰੂ ਦਰਸ਼ਨ (ਅਨੁਵਾਦ)
5. ਪੂਰਬੀ ਕਵਿਤਾ ਦੀ ਆਤਮਾ ('')
6. ਸੁਆਮੀ ਰਾਮ ਤੀਰਥ ਦੀ ਜੀਵਨ ਕਥਾ ('')
7. ਚਰਨ ਛੂਹ (ਕਾਵਿ ਰੂਪਾਂਤਰਣ)
8. ਲੌਢੇ ਪਹਿਰ ਦਾ ਆਤਮ ਚਿੰਤਨ ('')
9. ਅਨੀਲਕਾ (ਕਾਵਿ ਰੂਪਾਂਤਰਣ)
10. ਗੀਤ ਗੋਵਿੰਦ ('')
11. ਅਲਿਫ਼ ਅੱਖਰ ('')
12. ਤ੍ਰਿੰਞਣ ਸਖੀਆਂ ('')
13. ਮਾਲਾ ਮਣਕੇ ('')
14. ਗੱਦ ਕਾਵਿ ਦੀਆਂ ਸੱਤ ਖਾਰੀਆਂ ('')
15. ਅਰਸ਼ੀ ਲਾੜੀ ('')
16. ਜਗਦੀਆਂ ਜੋਤਾਂ ('')
17. ਪੰਜਾਬ ਜਿਊਂਦਾ ਗੁਰੂ ਦੇ ਨਾਂ ਤੇ (ਚੋਣਵਾਂ ਸੰਕਲਨ ਸਿੱਖ ਰਹੱਸਵਾਦੀ ਕਾਵਿ)
18. ਕਰਨਾ ਖਿੜਿਆ ਵਿਚ ਪੰਜਾਬ (ਚੋਣਵਾਂ ਸੰਕਲਨ ਕਾਵਿ ਰੂਪਾਂਤਰਣ ਸਭਿਆਚਾਰਕ ਕਵਿਤਾਵਾਂ ਦਾ ਸੰਗ੍ਰਹਿ)
19. ਸਿੱਖੀ ਦੀ ਆਤਮਾ (ਭਾਗ-1) ਜੁਗਾਂ-ਜੁਗਾਂਤਰਾਂ ਦੀ ਸਾਂਝ
20. ਸਿੱਖੀ ਦੀ ਆਤਮਾ (ਭਾਗ-2) ਆਤਮਾ ਦਾ ਸੰਗੀਤ
21. ਸਿੱਖੀ ਦੀ ਆਤਮਾ (ਭਾਗ-3) ਚਿੰਤਨਧਾਰਾ
22. ਗੁਰ ਸ਼ਬਦ ਵਿਸਮਾਦ ਬੋਧ (ਅਪ੍ਰਕਾਸ਼ਿਤ)
23. ਅੰਗਰੇਜ਼ੀ ਕਵਿਤਾ ਸੰਖੇਪ ਜਾਣ-ਪਛਾਣ (ਅਪ੍ਰਕਾਸ਼ਿਤ)
24. ਵਾਲਟ ਵਿਟਮੈਨ ਸਿੱਖੀ ਦਾ ਪ੍ਰੇਰਨਾ ਸ੍ਰੋਤ
25. ਪੰਜਾਬ ਦਾ ਟੈਗੋਰ
26. ਬਾਬਾ ਗੁਰੂ ਨਾਨਕ

## ਤਤਕਰਾ

(ੳ) ਆਦਿ ਕਥਨ : ਕਿਰਪਾਲ ਸਿੰਘ ਕਸੇਲ 07
(ਅ) ਦੂਜੇ ਸੰਸਕਰਣ ਦੀ ਭੂਮਿਕਾ 27

(i) ਭਾਗ ਪਹਿਲਾ : ਯੁਗਾਂ ਯੁਗਾਂਤਰਾਂ ਦੀ ਸਾਂਝ 29

1. ਯੁਗਾਂ ਯੁਗਾਂਤਰਾਂ ਦੀ ਸਾਂਝ 30
2. ਗੁਰੂ ਦਾ ਸਿੱਖ 35
3. ਗੁਰਸਿੱਖ ਦਾ ਗੀਤ 39
4. ਸਿੱਖ-ਮਤ ਦੇ ਚਿੰਨ੍ਹ 43
5. ਗੁਰਸਿੱਖ 47
6. ਗੁਰੂ ਦੇ ਸਿੱਖ ਦੀ ਆਤਮਾ 60
7. ਵਿਅਕਤੀਤਵ ਦਾ ਪਾਰਸ 79
8. ਜੋਤ ਤੋਂ ਜੋਤ ਦਾ ਜਗਾਣਾ 89
9. ਮਹਾਂ ਪ੍ਰੇਮ 93
10. ਅਦ੍ਰਿਸ਼ਟ ਮੰਡਲ 111
11. ਤਿਆਗ 125
12. ਭਲਾ ਕਰਨ ਦੀ ਸੋਝੀ 129
13. ਗੁਰੂ ਗੋਬਿੰਦ ਸਿੰਘ ਦਾ ਖ਼ਾਲਸਾ 134
14. ਅਕਾਲੀ ਸਿੰਘ ਦਾ ਗੀਤ 143
15. ਲਹੂ ਮਾਸ ਦਾ ਪ੍ਰੀਤੀ ਭੋਜ 153
16. ਖੰਡੇ ਧਾਰ ਪਾਹੁਲ 156
17. ਗੁਰੂ ਜੀ ਦੇ ਤੀਰ 161
18. ਸਿੱਖ ਦੀ ਜੀਵਨ ਕਥਾ 168
19. ਗੁੱਝਾ ਮਿੱਤਰ 172
20. ਮੁਕਤੀਦਾਤਾ ਗੁਰੂ ਗੋਬਿੰਦ ਸਿੰਘ 187
21. ਆਤਮ ਚਿੰਤਨ 190

(ii)ਭਾਗ ਦੂਜਾ : ਆਤਮਾ ਦਾ ਸੰਗੀਤ 209

22. ਆਰੰਭਕ ਵਿਚਾਰ 210
23. ਆਤਮਾ ਦਾ ਸੰਗੀਤ 270

## (iii) ਭਾਗ ਤੀਜਾ : ਚਿੰਤਨਧਾਰਾ 365


24. ਗੁਰੂ ਨਾਨਕ ਤੇ ਰੱਬੀ ਮਿਹਰ 366
25. ਗੁਰੂ ਦਾ ਸ਼ਬਦ 375
26. ਭਾਵਨਾ ਹੀ ਪਰਮ-ਗਿਆਨ 381
27. ਕਰਮ ਦਾ ਨੇਮ 388
28. ਜੀਵਨ ਦਾ ਸੰਚਾਲਨ 400
29. ਬ੍ਰਾਹਮਣ-ਮਤ, ਬੁਧ-ਮਤ ਅਤੇ ਸਿੱਖ-ਮਤ 409
30. ਨਾਮ ਅਤੇ ਸਿਮਰਨ 425
31. ਗੁਰਬਾਣੀ ਦੇ ਪ੍ਰਮਾਣ 435
32. ਭਾਈ ਗੁਰਦਾਸ ਦੇ ਸਿੱਖ-ਮਤ, ਬ੍ਰਾਹਮਣ-ਮਤ ਤੇ ਇਸਲਾਮ ਬਾਰੇ ਵਿਚਾਰ 446
33. ਆਤਮਾ ਦੀ ਅਦੁਤੀ ਪ੍ਰਾਰਥਨਾ (ਅਰਦਾਸ) 469
34. ਗੁਰੂ ਗਰੰਥ ਦੇ ਨਿਰਦੇਸ਼ਾਂ ਅਨੁਸਾਰ ਲੰਮੀ ਨਦਰਿ 472
35. ਯਥਾਰਥ ਤੇ ਗੁਰਮਤਿ 484
36. ਸੁਹਜਵਾਦੀ ਦ੍ਰਿਸ਼ਟੀਕੋਣ 494
37. ਪ੍ਰਭੂ ਤੇ ਸਮਾਜ 506
38. ਪ੍ਰੇਮ 514
39. ਮੌਤ 539
40. ਯੁੱਧ 546
41. ਨੈਤਿਕ ਸ਼ਾਸਤਰ 564
42. ਸੁਹਜ ਸ਼ਾਸਤਰ 569
43. ਪ੍ਰਭੂ ਪ੍ਰੀਤਮ ਦੇ ਚਰਨ ਕੰਵਲਾਂ ਦੀ ਟੇਕ 573
44. ਸਿੱਖ ਇਤਿਹਾਸ ਧਰਮ, ਕਿਰਤੀ ਤੇ ਪ੍ਰੇਮ 577
45. ਸਮਰੂਪਤਾ 601
46. ਪੰਜਾਬ ਦਾ ਸਿੱਖ ਮੁਸਲਿਮ ਸਕੂਲ 605
47. ਸਿੱਖ-ਮਤ ਤੇ ਬ੍ਰਾਹਮਣ-ਮਤ 613
48. ਪ੍ਰਤਿਭਾ ਤੇ ਸ਼ਬਦਾਵਲੀ 617
49. ਸਿੱਖ-ਮਤ ਵਿਚ ਅਧਿਆਤਮੀਕਰਣ ਦਾ ਆਦਰਸ਼ 630
50. ਯੋਗ ਅਭਿਆਸ 635
51. ਗੁਰੂ ਗੋਬਿੰਦ ਸਿੰਘ ਨਵ-ਗੀਤਾ ਦਾ ਸਾਕਾਰ ਰੂਪ 647
52. ਸਿੱਖ ਜਨ-ਸਮੂਹ 655
53. ਅਨੁਕ੍ਰਮਕਾ 672

# ਆਦਿ ਕਥਨ

## ਗੁਰਮਤਿ ਦਾ ਅਦੁੱਤੀ ਵਿਆਖਿਆਕਾਰ

ਸਵਰਗਵਾਸੀ ਪ੍ਰੋ.ਪੂਰਨ ਸਿੰਘ (1881-1931) ਗੁਰਮਤਿ ਅਤੇ ਸਿੱਖ ਧਰਮ ਵਿਸ਼ੇਸ਼ ਕਰਕੇ ਇਸ ਦੇ ਅਧਿਆਤਮਿਕ ਪੱਖਾਂ ਦੇ ਅਦੁੱਤੀ ਵਿਆਖਿਆਕਾਰ ਹੋਏ ਹਨ। ਜਿਸ ਉਚਤਮ ਆਤਮਿਕ ਧਰਾਤਲ ਉਤੇ ਵਿਚਰ ਕੇ ਆਪ ਨੇ ਆਪਣੀ ਅਨੰਤਾਂ ਤਕ ਪਸਰੀ ਦ੍ਰਿਸ਼ਟੀ ਦੁਆਰਾ ਗੁਰਮਤਿ ਦੀ ਵਿਆਖਿਆ ਨਿਵੇਕਲੇ ਢੰਗ ਨਾਲ ਕੀਤੀ ਹੈ, ਉਸ ਨਾਲ ਸਿੱਖ-ਦਰਸ਼ਨ ਇਕਦਮ ਵਿਸ਼ਵ-ਵਿਆਪੀ ਸਰੂਪ ਧਾਰਨ ਕਰ ਗਿਆ ਹੈ। ਇਸ ਦਾ ਇਹ ਭਾਵ ਨਹੀਂ ਕਿ ਗੁਰਮਤਿ ਦੇ ਪਾਵਨ ਗਰੰਥਾਂ ਅਰਥਾਤ ਸ੍ਰੀ ਗੁਰੂ ਗਰੰਥ ਸਾਹਿਬ ਤੇ ਸ੍ਰੀ ਦਸਮ ਗਰੰਥ ਦੀ ਰੱਬੀ ਬਾਣੀ ਵਿਚ ਇਹਨਾਂ ਵਿਸ਼ਵ-ਵਿਆਪੀ ਦਿਸਹੱਦਿਆਂ ਦਾ ਅਭਾਵ ਸੀ, ਪਰ ਉਸ ਅਧਿਆਤਮਿਕ ਅਨੁਭਵ ਨਾਲ ਜੋੜਨ ਜਾਂ ਉਸ ਤਕ ਪਹੁੰਚਣ ਲਈ ਇਕ ਅਜਿਹੇ ਵਿਅਕਤੀ ਦੀ ਲੋੜ ਸੀ ਜੋ ਉਸ ਦੀਆਂ ਉਚਾਈਆਂ, ਡੂੰਘਾਈਆਂ ਅਤੇ ਪਸਾਰਾਂ ਨੂੰ ਆਪਣੇ ਧਿਆਨੀ ਨੀਝ ਨਾਲ ਨਿਰਖ-ਪਰਖ ਸਕੇ। ਇਹ ਕਾਰਜ ਪ੍ਰਭੂ ਦੀ ਨਦਰਿ-ਕਰਮ ਤੋਂ ਬਿਨਾਂ ਸੰਭਵ ਨਹੀਂ ਹੈ। ਜਪੁਜੀ ਵਿਚ ਗੁਰੂ ਨਾਨਕ ਸਾਹਿਬ ਦਾ ਕਥਨ ਹੈ :

ਜਿਨ ਕਉ ਨਦਰਿ ਕਰਮੁ ਤਿਨ ਕਾਰ
ਨਾਨਕ ਨਦਰੀ ਨਦਰਿ ਨਿਹਾਲੁ।।

ਅਜਿਹੀ ਰੱਬੀ ਰਹਿਮਤ ਤੋਂ ਬਿਨਾਂ ਗੁਰਬਾਣੀ ਦੇ ਤਾਤਵਿਕ ਸਰੂਪ ਨੂੰ ਲਖ ਤੇ ਪੇਖ ਸਕਣਾ ਬੜੀ ਕਠਿਨ ਗੱਲ ਪ੍ਰਤੀਤ ਹੁੰਦੀ ਹੈ।

ਸਾਡਾ ਇਹ ਵਡਾ ਸੁਭਾਗ ਸੀ ਕਿ 20ਵੀਂ ਸਦੀ ਵਿਚ ਸਿੱਖਾਂ ਵਿਚ ਭਾਈ ਕਾਨ੍ਹ ਸਿੰਘ ਨਾਭਾ ਤੇ ਪ੍ਰੋ.ਪੂਰਨ ਸਿੰਘ ਵਰਗੇ ਵਸ਼ਿਸ਼ਟ ਗੁਰਮਤਿ ਆਚਾਰੀਆ ਪੈਦਾ ਹੋਏ ਜਿਨ੍ਹਾਂ ਦੀ ਸਿੱਖ ਚਿੰਤਨ ਅਤੇ ਗੁਰਬਾਣੀ ਦੀ ਵਿਆਖਿਆ ਅਦੁੱਤੀ ਤੇ ਸ੍ਰੇਸ਼ਟ ਹੈ। ਜਿਥੇ ਭਾਈ ਕਾਨ੍ਹ ਸਿੰਘ ਨਾਭਾ ਸ਼ਾਸਤਰੀ ਦ੍ਰਿਸ਼ਟੀਕੋਣ ਦੇ ਧਾਰਣੀ ਸਨ, ਉਥੇ ਪ੍ਰੋ.ਪੂਰਨ ਸਿੰਘ ਕੋਲ ਇਕ ਉਚੇ ਕਵੀ ਦਾ ਦਿਲ, ਚਲੂਲਾ ਰਹੱਸਵਾਦੀ ਅਨੁਭਵ ਅਤੇ ਅਧਿਆਤਮਿਕ ਗਿਆਨ ਮੌਜੂਦ ਸੀ। ਆਪ ਵਿਚ ਕਵੀ, ਚਿੰਤਕ ਅਤੇ ਰਹੱਸਵਾਦੀ ਦੇ ਸਦਗੁਣ ਸਮਿਲਤ ਸਨ ਜੋ ਗੋਚਰ ਦੀਆਂ ਬੌਧਿਕ ਸੀਮਾਵਾਂ ਤੋਂ ਪਾਰ ਜਾ ਕੇ ਅਗੋਚਰ ਦੇ ਈਸ਼ਵਰੀ ਮੰਡਲ ਤਕ ਜਾ ਪੁਜਦਾ ਹੈ। ਆਪ ਦੀ ਉਚ ਕੋਟੀ ਦੀ ਪ੍ਰਤਿਭਾ ਵਿਚ ਵਿਸ਼ਵ-ਵਿਆਪੀ ਅਧਿਆਤਮਿਕ ਚੇਤੰਨਤਾ ਵਿਦਮਾਨ ਸੀ ਅਤੇ ਪੂਰਬ ਤੇ ਪਛਮ ਦੇ ਦਾਰਸ਼ਨਿਕ ਗਿਆਨ ਤੋਂ ਬਿਨਾਂ ਆਪ

ਅਧਿਆਤਮਿਕ ਦ੍ਰਸ਼ਨ ਦੀਆਂ ਧੁਰ ਡੂੰਘਾਣਾਂ ਤੋਂ ਜਾਣੂੰ ਅਤੇ ਇਸ ਦੇ ਰਹੱਸ ਨੂੰ ਕਾਵਿਮਈ ਭਾਸ਼ਾ ਵਿਚ ਪ੍ਰਗਟਾਉਣ ਦੇ ਪੂਰਨ ਤੌਰ 'ਤੇ ਸਮਰੱਥ ਸਨ, ਕਿਉਂਜੋ ਉਹਨਾਂ ਕੋਲ ਇਕ ਕਵੀ ਵਾਲਾ ਕੋਮਲ ਸੰਵੇਦਨਸ਼ੀਲ ਦਿਲ ਅਤੇ ਅੰਦਰਲੇ ਖੁਲ੍ਹੇ ਨੈਣਾਂ ਵਾਲੀ ਉਚੇਰਾ ਉਡ ਸਕਣ ਵਾਲੀ ਦ੍ਰਿਸ਼ਟੀ ਮੌਜੂਦ ਸੀ। ਆਪ ਦਾ ਸਥਾਨ ਨਿਸ਼ਚੇ ਹੀ ਸੁਆਮੀ ਵਿਵੇਕਾਨੰਦ, ਸੁਆਮੀ ਰਾਮ ਤੀਰਥ, ਗੁਰੂਦੇਵ ਰਾਬਿੰਦਰ ਨਾਥ ਟੈਗੋਰ ਤੇ ਸ੍ਰੀ ਅਰਵਿੰਦੂ ਘੋਸ਼ ਜੋ ਉਹਨਾਂ ਦੇ ਸਮਕਾਲੀ ਵੀ ਹਨ, ਵਿਚ ਮੰਨਿਆ ਜਾ ਸਕਦਾ ਹੈ। ਇਹਨਾਂ ਮਹਾਨ ਅਧਿਆਤਮਿਕ ਵਿਭੂਤੀਆਂ ਤੇ ਅਧਿਆਤਮਿਕ ਸੰਸਕ੍ਰਿਤੀ ਦੇ ਮੌਲਿਕ ਚਿੰਤਕਾਂ ਤੇ ਵਿਆਖਿਆਕਾਰਾਂ ਸਮਾਨ ਹੀ ਪ੍ਰੋ.ਪੂਰਨ ਸਿੰਘ 20ਵੀਂ ਸਦੀ ਦੀ ਅਧਿਆਤਮਿਕ ਚਿੰਤਨਧਾਰਾ ਨਾਲ ਪੂਰਨ ਤੌਰ 'ਤੇ ਇਕਸੁਰ ਸਨ ਤੇ ਉਹਨਾਂ ਨੇ ਇਸ ਸਮਕਾਲੀ ਅਧਿਆਤਮਿਕ ਚਿੰਤਨ ਦੇ ਨਿਰਮਾਣ ਕਾਰਜ ਦੀ ਇਸ ਮਹਾਨ ਭੂਮਿਕਾ ਨੂੰ ਨਿਭਾਇਆ ਹੈ। ਇਹੋ ਕਾਰਨ ਹੈ ਕਿ ਉਹਨਾਂ ਵਰਗਾ ਉਚ ਕੋਟੀ ਦਾ ਚਿੰਤਕ 20ਵੀਂ ਸਦੀ ਦੇ ਸਿੱਖ ਜਗਤ ਵਿਚ ਹੋਰ ਕੋਈ ਨਜ਼ਰੀਂ ਨਹੀਂ ਪੈਂਦਾ।

ਭਾਵੇਂ ਗੁਰਬਾਣੀ ਅਤੇ ਗੁਰਮਤਿ ਨਾਲ ਉਹਨਾਂ ਦਾ ਪ੍ਰੇਮ 1912 ਤੋਂ ਪਿਛੋਂ ਭਾਈ ਵੀਰ ਸਿੰਘ ਜੀ ਦੇ ਗੁਰਸਿਖੀ ਪ੍ਰਭਾਵ ਦੁਆਰਾ ਪੁਨਰ-ਜੀਵਤ ਹੋ ਉਠਿਆ, ਪਰ ਉਹਨਾਂ ਦੇ ਕਥਨ ਅਨੁਸਾਰ ਉਹਨਾਂ ਦਾ ਸਿੱਖੀ ਨਾਲ ਪ੍ਰੇਮ ਮਾਂ ਦੇ ਦੁੱਧ ਨਾਲ ਹੀ ਆਰੰਭ ਹੋ ਗਿਆ ਸੀ। ਆਪ ਦੇ ਇਕ ਪ੍ਰਤਿਭਾਵਾਨ ਕਵੀ ਦੇ ਸ੍ਰੇਸ਼ਟ ਅਨੁਭਵ ਅਤੇ ਅਧਿਆਤਮਿਕ ਜਿਗਿਆਸਾ ਦੀ ਤ੍ਰਿਪਤੀ ਲਈ ਕੀਤੇ ਗਏ ਅਧਿਐਨ ਅਤੇ ਰਹੱਸਵਾਦੀ ਅਭਿਆਸਾਂ ਤੇ ਅਨੁਭਵਾਂ ਨੇ ਉਹਨਾਂ ਦੇ ਸਨਮੁਖ ਵਿਸਮਾਦ ਤੇ ਰਹੱਸ ਦਾ ਇਕ ਅਜਿਹਾ ਅਧਿਆਤਮਿਕ ਮੰਡਲ ਪਸਾਰ ਦਿਤਾ ਜੋ ਸਚਮੁਚ ਇਕ ਮਾਨਸਰੋਵਰ ਸੀ, ਜਿਸ ਦੇ ਨਿਰਮਲ ਜਲ ਦੀਆਂ ਡੂੰਘੀਆਂ ਤਹਿਆਂ ਵਿਚੋਂ ਆਪ ਦੀ ਹੰਸ-ਆਤਮਾ ਨੇ ਵਿਵੇਕ ਦੁਆਰਾ ਬਹੁਮੁਲੇ ਮੋਤੀ ਮਾਣਕਾਂ ਨੂੰ ਟੋਲ ਟੋਲ ਕੇ ਲਿਆਂਦਾ ਤੇ ਸਾਡੇ ਲਈ ਪੁਸਤਕਾਂ ਦੇ ਥਾਲਾਂ ਵਿਚ ਰਖ ਕੇ ਪ੍ਰੀਤੀ-ਭੋਜਨ ਦੇ ਰੂਪ ਵਿਚ ਪਰੋਸ ਦਿਤਾ। ਆਪ ਨੇ ਗੁਰਬਾਣੀ ਦੇ ਅੰਗਰੇਜ਼ੀ ਭਾਸ਼ਾ ਵਿਚ ਪ੍ਰਮਾਰਥ ਵੀ ਰਚੇ, ਜਿਨ੍ਹਾਂ ਵਿਚ ਗੁਰਬਾਣੀ ਦੇ ਰਹੱਸਮਈ ਪਖਾਂ ਨੂੰ ਚਿੰਤਕ ਵਾਲੇ ਦ੍ਰਿਸ਼ਟੀਕੋਣ ਤੇ ਕਵੀ ਵਾਲੇ ਅਨੁਭਵ ਦੁਆਰਾ ਪ੍ਰਕਾਸ਼ਮਾਨ ਕੀਤਾ ਗਿਆ। ਸਿੱਖ ਇਤਿਹਾਸ ਦੀ ਵੀ ਮਾਰਮਿਕ ਵਿਆਖਿਆ ਕੀਤੀ ਗਈ ਹੈ ਅਤੇ ਗੁਰਮਤਿ ਅਥਵਾ ਸਿੱਖ ਚਿੰਤਨ ਦੀਆਂ ਕਈ ਅਜਿਹੀਆਂ ਕੜੀਆਂ ਨੂੰ ਖੋਲ੍ਹਿਆ ਗਿਆ ਹੈ, ਜਿਨ੍ਹਾਂ ਤਕ ਪਹੁੰਚ ਕੇਵਲ ਪੂਰਨ ਸਿੰਘ ਵਰਗੀ ਕਵੀ ਆਤਮਾ ਤੇ ਮੌਲਿਕ ਚਿੰਤਕ ਦੀ ਹੀ ਹੋ ਸਕਦੀ ਸੀ। ਸਿੱਖ ਚਿੰਤਨ ਸੰਬੰਧੀ ਆਪ ਦੀ ਪ੍ਰਤਿਭਾ ਦੀ ਮੌਲਿਕਤਾ ਉਹਨਾਂ ਦੇ ਰਚੇ ਗਏ ਅਧਿਆਤਮਿਕ ਗਰੰਥਾਂ ਤੋਂ ਭਲੀਭਾਂਤ ਉਜਾਗਰ ਹੋ ਜਾਂਦੀ ਹੈ।

ਗੁਰਮਤਿ ਸੰਬੰਧੀ ਆਪ ਨੇ ਬਹੁਤ ਕੁਝ ਆਪਣੀਆਂ ਅੰਗਰੇਜ਼ੀ ਪੁਸਤਕਾਂ ਦੁਆਰਾ ਹੀ ਲਿਖਿਆ ਹੈ, ਜਿਨ੍ਹਾਂ ਨੂੰ ਸਹਿਜੇ ਹੀ ਦੋ ਸ਼੍ਰੇਣੀਆਂ ਵਿਚ ਵੰਡਿਆ ਜਾ

ਸਕਦਾ ਹੈ। ਇਕ ਸ਼੍ਰੇਣੀ ਵਿਚ ਉਹਨਾਂ ਦੀ ਅੰਗਰੇਜ਼ੀ ਕਵਿਤਾ ਦਾ ਉਹ ਭਾਗ ਆ ਜਾਂਦਾ ਹੈ ਜਿਸ ਵਿਚ ਆਪ ਆਪਣੇ ਰਹੱਸਵਾਦੀ ਅਨੁਭਵ ਨੂੰ ਕਾਵਿਮਈ ਬੋਲ ਪ੍ਰਦਾਨ ਕਰਦੇ ਹਨ। ਅਜਿਹੀ ਸਿੱਖ ਰਹੱਸਵਾਦੀ ਕਵਿਤਾ ਵੀ 100 ਤੋਂ ਵਧੀਕ ਛੁਟੇਰੀਆਂ ਤੇ ਲੰਮੇਰੀਆਂ ਕਵਿਤਾਵਾਂ ਵਿਚ ਸੰਕਲਿਤ ਹੈ। ਇਸ ਪੁਸਤਕ ਦੇ ਪਹਿਲੇ ਭਾਗ ਵਿਚ ਆਪ ਦੀਆਂ ਕੁਝ ਅੰਗਰੇਜ਼ੀ ਕਵਿਤਾਵਾਂ 'ਸਿੱਖ ਦਾ ਗੀਤ', 'ਅਕਾਲੀ ਸਿੰਘ ਦਾ ਗੀਤ', 'ਆਤਮ ਚਿੰਤਨ', 'ਮੁਕਤਗਾਮੀ ਆਤਮਾਵਾਂ' ਆਦਿ ਮੌਜੂਦ ਹਨ।

ਦੂਜੇ ਵਰਗ ਵਿਚ ਆਪ ਦੀਆਂ ਸਿੱਖ ਦਰਸ਼ਨ ਸੰਬੰਧੀ ਰਚੀਆਂ ਗਈਆਂ ਪੰਜ ਪੁਸਤਕਾਂ ਹਨ, ਜਿਨ੍ਹਾਂ ਦੇ ਨਾਂ 'ਬੁਕ ਆਫ਼ ਟੈਨ ਮਾਸਟਰਜ਼', 'ਸਪਿਰਟ ਬਾਰਨ ਪੀਪਲ' ਅਤੇ 'ਸਪਿਰਟ ਆਫ਼ ਦਾ ਸਿੱਖ' (ਤਿੰਨ ਜਿਲਦਾਂ) ਹਨ। ਇਹਨਾਂ ਵਿਚੋਂ ਪਹਿਲੀਆਂ ਦੋ ਪੁਸਤਕਾਂ ਆਪ ਜੀ ਦੇ ਜੀਵਨ ਕਾਲ ਵਿਚ ਹੀ ਪ੍ਰਕਾਸ਼ਤ ਹੋਈਆਂ ਸਨ। ਦੂਜੀਆਂ ਤਿੰਨ ਪੁਸਤਕਾਂ ਉਹਨਾਂ ਦੇ ਅਕਾਲ ਚਲਾਣੇ ਦੇ ਲਗਭਗ ਅੱਧੀ ਸਦੀ ਪਿਛੋਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਪ੍ਰਕਾਸ਼ਤ ਹੋਈਆਂ ਹਨ। ਇਹ ਪੰਜ ਪੁਸਤਕਾਂ ਮਾਨੋ ਵਰਤਮਾਨ ਸਦੀ ਵਿਚ ਸਿੱਖੀ ਦੀ ਆਤਮਾ ਤਕ ਪਹੁੰਚਣ ਦੀ ਕੁੰਜੀ ਹਨ।

ਸਿੱਖੀ ਦੀ ਆਤਮਾ ਦੇ ਪਹਿਲੇ ਭਾਗ ਵਿਚ ਗੁਰਮਤਿ ਦੇ ਅਨੇਕ ਸੂਖ਼ਮ ਪਖਾਂ ਦਾ ਸੰਕੇਤਕ ਬੋਧ ਕਰਵਾਇਆ ਗਿਆ ਹੈ ਤੇ ਉਹ ਵੀ ਅਤਿ ਸੂਖ਼ਮ ਕਾਵਿਮਈ ਭਾਸ਼ਾ ਵਿਚ। ਇਸ ਵਿਚ ਕੁਝ ਕਵਿਤਾਵਾਂ ਵੀ ਹਨ ਅਤੇ ਕੁਝ ਕਾਵਿਮਈ ਵਾਰਤਕ ਵਿਚ ਲਿਖੇ ਗਏ ਨਿਬੰਧ ਵੀ। ਜਿਸ ਉਚੇਰੀ ਅਧਿਆਤਮਿਕ ਦ੍ਰਿਸ਼ਟੀ ਤੋਂ ਪ੍ਰੋ.ਪੂਰਨ ਸਿੰਘ ਜੀ ਨੇ ਸਿੱਖੀ ਜੀਵਨ ਦੇ ਅਨੁਭਵ, ਗਿਆਨ ਅਤੇ ਸਾਂਸਕ੍ਰਿਤਕ ਪਾਸਾਰਾਂ ਤੋਂ ਸਾਨੂੰ ਜਾਣੂੰ ਕਰਵਾਇਆ ਹੈ, ਉਹ ਬੜੀਆਂ ਸੂਖ਼ਮ ਤੇ ਸੰਵੇਦਨਸ਼ੀਲ ਧਰਾਤਲਾਂ ਹਨ। ਰੱਬੀ ਜੋਤ ਤਾਂ ਸ੍ਰਿਸ਼ਟੀ ਦੇ ਕਣ ਕਣ ਵਿਚ ਵਿਦਮਾਨ ਹੈ, ਪਰ ਜਦੋਂ ਇਹ ਕਿਸੇ ਮਨੁੱਖੀ ਆਤਮਾ ਵਿਚ ਲੇਖਕ ਦੇ ਸ਼ਬਦਾਂ ਵਿਚ ਚਿੱਟੀ ਘੁੱਗੀ ਦੀ ਤਰ੍ਹਾਂ ਆਵਰਤਿਤ ਹੁੰਦੀ ਹੈ ਤਾਂ ਇਹ ਕੇਵਲ ਉਸ ਦੀ ਵਿਅਕਤੀਗਤ ਕਾਇਆ-ਕਲਪ ਹੀ ਨਹੀਂ ਕਰਦੀ, ਸਗੋਂ ਸਮਾਜਕ ਜੀਵਨ, ਕੌਮਾਂ ਦੇ ਇਤਿਹਾਸ ਤੇ ਸਾਂਸਕ੍ਰਿਤਕ ਜੀਵਨ ਦਾ ਵੀ ਅਧਿਆਤਮਿਕ ਰੂਪਾਂਤਰਣ ਕਰ ਦਿੰਦੀ ਹੈ। ਅਧਿਆਤਮਿਕ ਆਦਰਸ਼ ਸਰਵ-ਯੁਗੀਨ ਤੇ ਸਰਵ-ਵਿਆਪੀ ਹਨ। ਇਹ ਕਿਸੇ ਇਕ ਜਾਤੀ, ਧਰਮ, ਫ਼ਿਰਕੇ ਜਾਂ ਸੰਪਰਦਾਇ ਦੇ ਵਿਸ਼ੇਸ਼ ਅਧਿਕਾਰ ਨਹੀਂ ਹੁੰਦੇ। ਇਸੇ ਕਾਰਨ ਹੀ ਲੇਖਕ ਇਸ ਨੂੰ ਜੁਗਾਂ ਜੁਗਾਂਤਰਾਂ ਦੀ ਸਾਂਝ ਅਥਵਾ ਦੇਸ਼ਾਂ ਤੇ ਕਾਲਾਂ ਤੋਂ ਪਰੇ ਦੀ ਸਾਂਝੀਵਾਲਤਾ ਦਾ ਰਾਸ਼ਟਰ ਮੰਡਲ ਦਸਦਾ ਹੈ। ਇਹ ਤਾਂ ਉਚੇਰੇ ਗਗਨ ਮੰਡਲਾਂ ਵਿਚ ਦੈਵੀ ਆਤਮਾਵਾਂ ਦਾ ਉਸ ਤਰ੍ਹਾਂ ਦਾ ਜਗਮਗਾਉਂਦਾ ਸਮੂਹ ਹੈ ਜਿਸ ਤਰ੍ਹਾਂ ਆਕਾਸ਼ ਵਿਚ ਤਾਰਾ-ਮੰਡਲ ਹਨ। ਇਥੇ ਤਾਂ ਸਦੈਵ ਉਹ ਪ੍ਰਕਾਸ਼ ਹੈ, ਜੋ ਅੰਧਕਾਰ ਨੂੰ ਮੇਟਦਾ ਹੈ। ਇਥੇ ਤਾਂ ਉਹ ਅਧਿਆਤਮਿਕ ਪ੍ਰੇਰਨਾ ਹੈ, ਜੋ ਮਨੁੱਖ ਦੇ ਅੰਦਰਲੇ ਪਸ਼ੂਤਵ ਦਾ ਦਮਨ ਕਰਕੇ

ਉਸ ਦੇ ਦੈਵੀ ਗੁਣਾਂ ਨੂੰ ਜਗਾ ਦਿੰਦੀ ਹੈ ਅਤੇ ਉਹ ਆਤਮਿਕ ਪ੍ਰੇਰਨਾ ਹੈ ਜੋ ਹਉਮੈ ਵਿਚ ਤਪਦੇ ਤੇ ਮਹਾਂਯੁਧਾਂ ਦੇ ਖ਼ੂਨ-ਖ਼ਰਾਬਿਆਂ ਨਾਲ ਲਥਪਥ ਸੰਸਾਰ ਵਿਚ ਸ਼ਾਂਤੀ ਦੂਤ ਦੇ ਰੂਪ ਵਿਚ ਪ੍ਰਗਟ ਹੁੰਦੀ ਹੈ। ਇਹ ਨਿਰੀ ਮਿਠਾਸ ਹੈ, ਨਿਰਾ ਪ੍ਰੇਮ ਅਤੇ ਪ੍ਰੇਮ ਦਾ ਸੌਦਰੀ ਸੰਗੀਤ। ਪਰ ਆਪ ਇਹ ਵੀ ਦਸਦੇ ਹਨ ਕਿ ਸਾਨੂੰ ਉਹ ਮਨੁੱਖ ਰੂਪ ਵਿਚ ਪ੍ਰਗਟ ਹੋਏ ਰੱਬੀ ਅਵਤਾਰ, ਮਹਾਂਪੁਰਖ, ਸੰਤ ਤੇ ਭਗਤ ਤੇ ਕੋਮਲ ਹਿਰਦੇ ਵਾਲੇ ਜਿਉੜੇ, ਉਹਨਾਂ ਦੇ ਦਿਸਦੇ ਸਰੂਪ ਅਤੇ ਉਹਨਾਂ ਦੇ ਮਿਲਦੇ ਨਿਸ਼ਾਨ ਤੇ ਚਿੰਨ੍ਹ ਕਿੰਨੇ ਪਿਆਰੇ ਹਨ ਜੋ ਸਾਡੇ ਅੰਦਰ ਨਵੀਂ ਪ੍ਰੇਰਨਾ ਨੂੰ ਜਗਾਉਂਦੇ ਹਨ। ਮਾਨਵਤਾ ਦੀਆਂ ਉਚੇਰੀਆਂ ਮੰਜ਼ਲਾਂ ਵਲ ਅਗਲੇਰੇ ਸਫ਼ਰ ਨੂੰ ਜਾਰੀ ਰਖਣ ਲਈ ਸਾਨੂੰ ਉਤਸ਼ਾਹਿਤ ਕਰਦੇ ਹਨ।

ਭਾਵੇਂ ਇਸ ਪੁਸਤਕ ਦਾ ਨਾਂ 'ਸਿੱਖੀ ਦੀ ਆਤਮਾ' ਹੈ, ਪਰ ਜਿਹਾ ਕਿ ਇਸ ਭਾਗ ਦੇ ਉਪ ਨਾਂ 'ਜੁਗਾਂ-ਜੁਗਾਂਤਰਾਂ ਦੀ ਸਾਂਝ' ਤੋਂ ਪ੍ਰਗਟ ਹੈ, ਇਹ ਪੁਸਤਕ ਸਿੱਖ ਧਰਮ ਦੇ ਰਹੱਸਵਾਦੀ ਅਨੁਭਵ ਅਤੇ ਅਧਿਆਤਮਿਕ ਚਿੰਤਨ ਤਕ ਸੀਮਤ ਨਹੀਂ, ਸਗੋਂ ਇਸ ਵਿਚ ਬੁਧ, ਈਸਾਈ, ਇਸਲਾਮ ਤੇ ਹੋਰ ਪੂਰਬੀ ਤੇ ਪਛਮੀ ਧਰਮਚਾਰੀਆਂ ਦੀਆਂ ਵਿਚਾਰਧਾਰਾਵਾਂ ਤੇ ਰਹੱਸਵਾਦੀ ਅਨੁਭਵਾਂ ਦਾ ਇਸ ਤਰ੍ਹਾਂ ਸਮਾਵੇਸ਼ ਕੀਤਾ ਗਿਆ ਹੈ ਕਿ ਸਾਰੇ ਵਿਸ਼ਵ ਨੂੰ ਇਹ ਇਕ ਨਵਾਂ ਅਧਿਆਤਮਿਕ ਦਰਸ਼ਨ ਦਾ ਢੋਆ ਹੈ ਅਤੇ ਉਹ ਵੀ ਇਕ ਉਚ ਕੋਟੀ ਦੇ ਮਹਾਂ ਕਵੀ ਦਾ ਜੋ ਪੰਜਾਬੀ ਹੋਣ ਦੇ ਨਾਲ ਨਾਲ ਭਾਰਤੀ ਤੇ ਸਮੁਚੇ ਵਿਸ਼ਵ ਭਾਈਚਾਰੇ ਦਾ ਸ੍ਰੇਸ਼ਟ ਨਾਗਰਿਕ ਤੇ ਅਗਾਮੀ ਕਾਲਾਂ ਤਕ ਪੁਜਣ ਵਾਲੀ ਅਧਿਆਤਮਿਕ ਦ੍ਰਿਸ਼ਟੀ ਅਤੇ ਸੰਸਕ੍ਰਿਤੀ ਦਾ ਉਚ ਕੋਟੀ ਦਾ ਪ੍ਰਵਕਤਾ ਹੈ।

ਇਸ ਅਧਿਆਤਮਵਾਦੀ ਦਰਸ਼ਨ ਅਤੇ ਸਿੱਖ ਚਿੰਤਨ ਸੰਬੰਧੀ ਇਸ ਪੁਸਤਕ ਨੂੰ ਅਨੁਵਾਦ ਕਰਨ ਲਈ ਮੈਨੂੰ ਪ੍ਰੇਰਨਾ ਤੇ ਉਤਸ਼ਾਹ ਸਵਰਗਵਾਸੀ ਪ੍ਰਿੰ.ਸਤਿਬੀਰ ਸਿੰਘ ਤੋਂ ਮਿਲੀ ਸੀ।

'ਆਤਮਾ ਦਾ ਸੰਗੀਤ' ਪ੍ਰੋ.ਪੂਰਨ ਸਿੰਘ ਰਚਿਤ 'ਸਿੱਖੀ ਦੀ ਆਤਮਾ' ਤ੍ਰੈ-ਲੜੀ ਦਾ ਦੂਜਾ ਭਾਗ ਹੈ। ਜਿਹਾ ਕਿ ਇਸ ਪੁਸਤਕ ਦੀ ਮੁਖ ਰਚਨਾ ਦੇ ਇਸ ਨਾਂ 'ਆਤਮਾ ਦਾ ਸੰਗੀਤ' ਤੋਂ ਪ੍ਰਗਟ ਹੁੰਦਾ ਹੈ ਕਿ ਇਹ ਇਕ ਰਹੱਸਵਾਦੀ ਸੰਤ ਦੀ ਅਧਿਆਤਮਿਕ ਯਾਤਰਾ ਦੇ ਵਿਸ਼ੇਸ਼ ਅਨੁਭਵਾਂ ਉਤੇ ਆਧਾਰਿਤ ਹੈ। ਮਹਾਂ ਕਵੀ ਪੂਰਨ ਸਿੰਘ ਜੋ ਇਕ ਵਿਸ਼ੇਸ਼ ਅਧਿਆਤਮਿਕ ਚਿੰਤਕ ਵੀ ਸਨ, ਦੇ ਜਿਥੇ ਇਹ ਆਤਮਿਕ ਅਨੁਭਵ ਭਾਵੇਂ ਵਿਅਕਤੀਗਤ ਤੇ ਮੌਲਿਕ ਅਨੁਭਵਾਂ ਦੇ ਸੰਗ੍ਰਹਿ ਦੀ ਕਾਵਿਮਈ ਮਧੁਰ ਵਿਆਖਿਆ ਹਨ, ਉਥੇ ਇਹਨਾਂ ਦਾ ਆਧਾਰਭੂਤ ਸਰੋਤ ਗੁਰਬਾਣੀ ਹੀ ਹੈ ਅਤੇ ਗੁਰਬਾਣੀ ਦੇ ਵੀ ਉਹ ਭਾਗ ਜਿਨ੍ਹਾਂ ਤੋਂ ਲੇਖਕ ਸਭ ਤੋਂ ਵਧੇਰੇ ਪ੍ਰਭਾਵਿਤ ਹੋਇਆ ਸੀ। ਗੁਰਬਾਣੀ ਦੇ ਸ਼ਬਦਾਂ ਤੋਂ ਲੇਖਕ ਨੇ ਸਮੇਂ ਸਮੇਂ ਸਿਰ ਪ੍ਰੇਰਨਾ ਹੀ ਨਹੀਂ ਲਈ, ਸਗੋਂ ਇਸ ਦੁਆਰਾ ਆਪਣੀ ਅਧਿਆਤਮਿਕ ਯਾਤਰਾ ਦੇ ਵਿਸ਼ੇਸ਼ ਪੜਾਵਾਂ ਦੇ ਗਿਆਨ-ਬੋਧ ਨੂੰ ਵੀ ਦਿਸ਼ਾ ਪ੍ਰਦਾਨ ਕਰਨ ਦਾ ਯਤਨ ਕੀਤਾ ਹੈ। ਇਸੇ ਲਈ ਇਸ ਪੁਸਤਕ ਦੇ ਵਧੇਰੇ ਭਾਗ ਵਿਚ ਗੁਰਬਾਣੀ

ਦੀ ਪ੍ਰਕ੍ਰਿਤੀ ਅਥਵਾ ਇਸ 'ਧੁਰ ਕੀ ਬਾਣੀ' ਵਿਚ ਵਰਣਤ ਤਾਤਵਿਕ ਸੱਚ ਤਕ ਪਹੁੰਚਣ ਲਈ ਕਿਵੇਂ ਇਕ ਜਿਗਿਆਸੂ ਨੂੰ ਆਪਣੇ ਆਪ ਨੂੰ ਤਿਆਰ ਕਰਨਾ ਚਾਹੀਦਾ ਹੈ, ਬਾਰੇ ਵੀ ਸਪਸ਼ਟ ਸੰਕੇਤ ਕੀਤੇ ਗਏ ਹਨ। ਬਾਣੀ ਤੇ ਸੰਗੀਤ ਦਾ ਸੁਮੇਲ ਅਤੇ ਇਸ ਦੇ ਗਾਇਨ ਸਮੇਂ ਗਾਇਕ ਦੀ ਮਨੋਦਸ਼ਾ ਤੇ ਅਵਸਥਾ ਅਤੇ ਇਸੇ ਤਰ੍ਹਾਂ ਗੁਰਬਾਣੀ ਵਿਚਲੀ ਅੰਤਰੀਵ ਤਾਲਗਤੀ ਦੀ ਤਰਲਤਾ ਤਕ ਪੁਜ ਸਕਣ ਦੀ ਸਮਰਥਾ ਦੁਆਰਾ ਹੀ ਇਸ ਦਾ ਠੀਕ-ਠੀਕ ਬੋਧ ਤੇ ਅਨੁਭਵ ਪ੍ਰਾਪਤ ਹੋ ਸਕਦਾ ਹੈ। ਇਸ ਮਹਾਨ ਰਚਨਾ ਦੀ ਧੁਰ ਆਤਮਾ ਤਕ ਪੁਜਣ ਲਈ ਜਿਗਿਆਸੂ ਨੂੰ ਆਪਣੇ ਆਪ ਨੂੰ ਤਿਆਰ ਕਰਨਾ ਪੈਂਦਾ ਹੈ। ਉਸ ਦੀ ਆਪਣੀ ਮਨੋਦਸ਼ਾ ਤੇ ਵਿਅਕਤੀਗਤ ਅਵਸਥਾ ਅਥਵਾ ਪ੍ਰੌੜ੍ਹਤਾ ਉਤੇ ਹੀ ਗੁਰਬਾਣੀ ਦੇ ਸੂਖ਼ਮ ਵਿਸ਼ੇ ਵਸਤੂ ਦਾ ਬੋਧ ਪ੍ਰਾਪਤ ਹੋ ਸਕਦਾ ਹੈ। ਇਸੇ ਮਨੋ-ਅਵਸਥਾ ਤੇ ਪ੍ਰਾਣੀ ਦੀ ਆਂਤਰਿਕ ਸਥਿਤੀ ਅਨੁਸਾਰ ਗੁਰਬਾਣੀ ਦੇ ਸ਼ਬਦਾਂ ਦੀਆਂ ਅਨੇਕ ਵਿਆਖਿਆਵਾਂ ਕੀਤੀਆਂ ਜਾ ਸਕਦੀਆਂ ਹਨ। ਇਥੋਂ ਤਕ ਕਿ ਇਕ ਵਿਅਕਤੀ ਵੀ ਬਾਣੀ ਦਾ ਵਾਰ-ਵਾਰ ਪਾਠ ਕਰਨ ਸਮੇਂ ਇਸ ਦੇ ਵਿਸ਼ੇ ਵਸਤੂ ਦੇ ਨਵੇਂ-ਨਵੇਂ ਅਰਥਾਂ, ਕੋਨਾਂ, ਦਿਸਹਦਿਆਂ ਤੇ ਅਯਾਮਾਂ ਤੋਂ ਜਾਣੂੰ ਹੁੰਦਾ ਹੈ। ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਇਸ ਰਚਨਾ ਵਿਚ ਪ੍ਰੋ.ਪੂਰਨ ਸਿੰਘ ਜੀ ਨੇ ਗੁਰਬਾਣੀ ਬਾਰੇ ਆਪਣੀ ਪਹੁੰਚ-ਵਿਧੀ ਨੂੰ ਸਪਸ਼ਟ ਕਰਨ ਦਾ ਯਤਨ ਕੀਤਾ ਹੈ ਅਤੇ ਗੁਰਬਾਣੀ ਦੀ ਅਧਿਆਤਮਿਕ ਰਾਸ ਤੇ ਵਿਸਮਾਦਨਾਦ ਦੇ ਦਾਰਸ਼ਨਿਕ ਬੋਧ ਤਕ ਅਪੜਨ ਲਈ ਇਕ ਗੁਹਜ-ਕੁੰਜੀ ਦੀ ਸੋਝੀ ਵੀ ਕਰਵਾਈ ਹੈ ਜਿਸ ਦੁਆਰਾ ਗੁਰਬਾਣੀ ਦੇ ਅਧਿਆਤਮਿਕ-ਕੁੰਜ ਦੇ ਪ੍ਰਕਾਸ਼ ਮੰਡਲ ਤਕ ਪਹੁੰਚਿਆ ਜਾ ਸਕਦਾ ਹੈ।

ਸਿੱਖੀ ਦੀ ਆਤਮਾ ਤਕ ਪੁਜਣ ਵਾਸਤੇ ਗੁਰਬਾਣੀ ਮੁਖ ਸ੍ਰੋਤ ਹੈ, ਪਰ ਬਾਣੀ ਤਾਂ ਅਧਿਆਤਮਿਕ ਜਿਗਿਆਸੂਆਂ ਲਈ ਮਾਰਗ-ਦਰਸ਼ਕ ਵੀ ਹੈ। ਅਧਿਆਤਮਿਕ ਜਿਗਿਆਸੂਆਂ ਅਰਥਾਤ ਸਿੱਖ ਲਈ ਗੁਰੂ ਦੀ ਮਿਹਰ ਅਤੇ ਨਾਮ ਦੀ ਟੇਕ ਦੋ ਵੱਡੇ ਸਾਧਨ ਹਨ ਜਿਨ੍ਹਾਂ ਦੇ ਸਹਾਰੇ ਜਿਗਿਆਸੂ ਨੇ ਅਧਿਆਤਮ-ਮਾਰਗ ਉਤੇ ਅਗੇ ਵਧਣਾ ਹੈ। ਵਿਅਕਤੀਗਤ ਰੂਪ ਵਿਚ ਜਿਗਿਆਸੂ ਭੌਤਿਕ-ਸਤਾ ਉਤੇ ਵੀ ਵਿਚਰਦਾ ਹੈ। ਇਹ ਉਸ ਦੀ ਆਪਣੀ ਸਥੂਲ ਪ੍ਰਕ੍ਰਿਤੀ ਹੈ। ਪ੍ਰੋ.ਪੂਰਨ ਸਿੰਘ ਦੇ ਮਤ ਅਨੁਸਾਰ ਮਾਨਵਤਾ ਦੇ ਸੂਖ਼ਮ ਤੇ ਮਧੁਰ ਅਨੁਭਵ ਵਿਚੋਂ ਹੀ ਅਧਿਆਤਮਿਕ ਸੱਚ ਦਾ ਪ੍ਰਕਾਸ਼ ਹੁੰਦਾ ਹੈ। ਪ੍ਰੇਮ, ਕਰੁਣਾ, ਦਰਦ, ਸੇਵਾ, ਉਪਕਾਰ, ਸੰਤੋਖ, ਦਇਆ ਆਦਿ ਸਦਗੁਣ ਇਸ ਮਾਰਗ ਦੇ ਪਾਂਧੀਆਂ ਲਈ ਕਦਮ-ਕਦਮ ਉਤੇ ਲੋੜੀਂਦੇ ਹਨ। ਇਸ ਪੁਸਤਕ ਦਾ ਕਰਤਾ ਤਾਂ ਇਹ ਵੀ ਦਸਦਾ ਹੈ ਕਿ ਰੱਬੀ ਅਥਵਾ ਅਧਿਆਤਮਿਕ ਅਨੁਭਵ ਦਾ ਬੋਧ ਵੀ ਸਾਨੂੰ ਵਿਭਿੰਨ ਮਨੁੱਖੀ ਅਨੁਭਵਾਂ ਦੇ ਰੂਪ ਵਿਚ ਹੀ ਹੁੰਦਾ ਹੈ। ਮਾਂ ਦਾ ਆਪਣੇ ਬੱਚੇ ਨਾਲ ਪ੍ਰੇਮ, ਦੰਪਤੀ-ਜੀਵਨ ਦੇ ਪਤੀ ਪਤਨੀ ਦੇ ਮਧੁਰ ਸੰਬੰਧ, ਮਾਤਾ ਦੀ ਵਾਤਸਲਤਾ, ਪ੍ਰੇਮੀਆਂ ਦਾ ਸੰਪੂਰਨ ਆਤਮ-ਸਮਰਪਣ ਤੇ ਆਤਮਿਕ ਤੌਰ 'ਤੇ ਇਕਸੁਰਤਾ ਵਰਗੇ ਅਨੁਭਵਾਂ ਦੁਆਰਾ ਰੱਬੀ ਜੋਤ ਦਾ ਨਿਮ੍ਹਾ-ਨਿਮ੍ਹਾ ਅਹਿਸਾਸ ਹੁੰਦਾ ਹੈ। ਇਸ ਮਾਨਵੀ ਅਨੁਭਵ

ਨੂੰ ਅਧਿਆਤਮਿਕ ਯਾਤਰਾ ਦਾ ਪ੍ਰਥਮ ਪੜਾਅ ਮੰਨਿਆ ਜਾ ਸਕਦਾ ਹੈ।

ਪਰ ਜਦੋਂ ਕੋਈ ਵਿਅਕਤੀ ਗੁਰੂ ਦੀ ਮਿਹਰ ਦਾ ਪਾਤਰ ਬਣਦਾ ਹੈ ਤਾਂ ਗੁਰੂ ਦੀ ਨਦਰਿ-ਕਰਮ ਉਸ ਦੇ ਅਧਿਆਤਮਿਕ ਸਫ਼ਰ ਵਿਚ ਸਦਾ ਸਹਾਈ ਹੁੰਦੀ ਹੈ। ਉਸ ਨੂੰ ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਗੁਰੂ ਉਸ ਦੇ ਅੰਗ-ਸੰਗ ਹੈ ਤੇ ਉਹ ਸਦਾ ਗੁਰੂ ਦੀ ਹਜ਼ੂਰੀ ਵਿਚ ਵਿਚਰਦਾ ਹੈ। ਓਸ ਦਾ ਸਾਰਾ ਕਾਰਜ ਗੁਰੂ ਨਮਿਤ ਚਲਦਾ ਹੈ ਅਤੇ ਗੁਰੂ ਹੀ ਪਰਮੇਸ਼ਵਰ ਰੂਪ ਵਿਚ ਉਸ ਦਾ ਹਲਤ ਪਲਤ ਦਾ ਰਖਿਅਕ ਹੋ ਨਿਬੜਦਾ ਹੈ। ਗੁਰੂ ਜਿਗਿਆਸੂ ਨੂੰ ਨਾਮ ਦੀ ਦਾਤ ਬਖ਼ਸ਼ਦਾ ਹੈ। ਇਕ ਅਵਸਥਾ ਅਜਿਹੀ ਵੀ ਆ ਜਾਂਦੀ ਹੈ ਜਦੋਂ ਨਾਮ, ਨਾਮੀ, ਗੁਰੂ ਤੇ ਨਾਮ ਦੇ ਸਿਮਰਨ ਕਰਨ ਵਾਲਾ ਜਿਗਿਆਸੂ ਸਭ ਇਕ ਦੂਜੇ ਵਿਚ ਅਭੇਦ ਹੋ ਜਾਂਦੇ ਹਨ। ਇਹ ਇਕ ਅਜਿਹੀ ਅਨੰਦਮਈ ਅਵਸਥਾ ਹੁੰਦੀ ਹੈ ਜਿਥੇ ਪ੍ਰਾਣੀ ਦਾ ਅੰਤਹਿਕਰਣ ਪ੍ਰਭੂ ਮਿਹਰ ਦੀ ਅੰਮ੍ਰਿਤ-ਵਰਖਾ ਦੁਆਰਾ ਸੰਪੂਰਨ ਰੂਪ ਵਿਚ ਧੋਤਾ ਜਾਂਦਾ ਹੈ। ਇਕ ਵਾਰ ਤਾਂ ਜਿਗਿਆਸੂ ਇਸ ਅਭੇਦਤਾ ਦੀ ਅਵਸਥਾ ਵਿਚ ਹੋਰ ਸਭ ਕੁਝ ਭੁਲਾ ਕੇ ਅਨੰਦ-ਵਿਭੋਰ ਹੋ ਜਾਂਦਾ ਹੈ। ਇਹ ਤਾਂ ਆਪਣੇ ਆਪ ਨੂੰ ਆਤਮਿਕ ਤੌਰ 'ਤੇ ਭਰਪੂਰ ਕਰਨ ਵਾਲੀ ਅਵਸਥਾ ਹੁੰਦੀ ਹੈ, ਪਰ ਅਧਿਆਤਮਿਕ ਯਾਤਰਾ ਇਥੇ ਸਮਾਪਤ ਨਹੀਂ ਹੁੰਦੀ, ਸਗੋਂ ਇਥੋਂ ਇਸ ਦਾ ਨਵਾਂ ਆਰੰਭ ਹੁੰਦਾ ਹੈ। ਜਿਗਿਆਸੂ ਆਪਣੇ ਕਲਾਵੇ ਵਿਚ ਸਾਰੀ ਗਤ-ਮਿਤ ਨੂੰ ਲੈ ਲੈਂਦਾ ਹੈ। ਇਕ ਵਡੀ ਵਿਸ਼ਵ-ਵਿਆਪੀ ਸਾਂਝ ਨੂੰ ਪ੍ਰਤੀਤ ਕਰਦਾ ਹੈ। ਇਕ ਅਨੂਠੀ ਮਧੁਰਤਾ, ਪ੍ਰੇਮ ਤੇ ਆਪਾ-ਵਾਰ ਭਾਵਨਾ ਵਿਚ ਵੀਂਡਿਆ ਜਾਂਦਾ ਹੈ, ਪਰ ਇਸ ਸਾਰੇ ਸਫ਼ਰ ਨੂੰ ਹੋਰ ਅਗੇ ਤੋਰਨ ਲਈ ਗੁਰੂ ਦਾ ਆਸਰਾ ਤੇ ਨਾਮ ਦੀ ਟੇਕ ਸਦਾ ਲੋੜੀਂਦੀ ਹੈ।

ਜੀਵਨ ਵਿਚ ਮਨੁੱਖ ਵਹਿਮਾਂ-ਭਰਮਾਂ, ਅਗਿਆਨ ਦੇ ਅੰਧਕਾਰ, ਮੋਹ-ਮਮਤਾ ਤੇ ਹਉਮੈ ਦੀਆਂ ਖਿਚਾਂ ਤੋਂ ਕਿਵੇਂ ਉਪਰ ਉਠੇ ? ਕਿਵੇਂ ਆਪਣੇ ਹਰ ਕਰਮ ਨੂੰ ਪਰਮੇਸ਼ਵਰ ਨਮਿਤ ਅਰਪਨ ਕਰਕੇ ਆਪ ਉਸ ਦੇ ਕਰਮ-ਖੇਤਰ ਦਾ ਵਾਹਨ-ਮਾਤਰ ਬਣ ਜਾਵੇ ? ਮੌਤ ਤਕ ਦੀ ਯਾਤਰਾ ਤੇ ਉਸ ਤੋਂ ਪਰੇ ਅਦ੍ਰਿਸ਼ਟ ਲੋਕ ਵਿਚ ਕੌਣ ਸਹਾਈ ਹੁੰਦਾ ਹੈ ? ਇਸ ਸੰਸਾਰ ਦੀ ਵਾਸਤਵਿਕਤਾ ਕੀ ਹੈ ਤੇ ਪਰਲੋਕ ਦੀ ਵਾਸਤਵਿਕਤਾ ਕੀ ਹੈ ? ਇਸ ਜਗਤ ਵਿਚ ਸਾਡਾ ਕੌਣ ਸਹਾਈ ਹੈ ਤੇ ਉਸ ਜਗਤ ਵਿਚ ਸਾਡਾ ਕੌਣ ਮਿਤਰ ਹੈ ? ਇਹਨਾਂ ਸਭ ਸੂਖਮ ਪਰ ਮਹੱਤਵਪੂਰਨ ਮਸਲਿਆਂ ਦਾ ਸਮਾਧਾਨ ਕਰਤਾ ਨੇ ਇਸ ਸੰਖੇਪ ਜਿਹੇ ਕਾਵਿਮਈ ਤੇ ਦਾਰਸ਼ਨਿਕ ਨਿਬੰਧ ਵਿਚ ਕਰਨ ਦਾ ਯਤਨ ਕੀਤਾ ਹੈ।

ਇਹ ਪੁਸਤਕ ਇਕ ਚਿੰਤਕ ਦਾ ਗਿਆਨ ਭੰਡਾਰ ਹੈ। ਰਹੱਸਵਾਦੀ ਸੰਤ ਦੇ ਪ੍ਰੇਮ ਅਨੁਭਵ ਦਾ ਅੰਮ੍ਰਿਤ ਸਰੋਵਰ ਅਤੇ ਇਕ ਕਵੀ ਦੀ ਧਿਆਨੀ ਕਲਪਨਾ ਤੇ ਨੀਝ ਦਾ ਸੁੰਦਰ ਰੱਬੀ ਬਾਗ਼ ਹੈ। ਇਹ ਕੇਵਲ ਕਲਪਨਾ ਦਾ ਸੁਅਪਨ-ਮੰਡਲ ਨਹੀਂ, ਸਗੋਂ ਜੀਵਨ ਦੇ ਵਿਰਾਟ ਯਥਾਰਥ ਦਾ ਵੀ ਅਗਾਧ-ਬੋਧ ਹੈ। ਜੀਵਨ ਵਿਚ ਕੀ ਕੁਝ ਸਾਰਥਕ ਹੈ, ਕੀ ਕੁਝ ਨਿਰਾਰਥਕ ਤੇ ਛਿਣ-ਭੰਗਰ ਹੈ ? ਕਿਸ ਤਰ੍ਹਾਂ

ਅਸੀਂ ਇਸ ਜਗਤ ਦੇ ਖੁਲ੍ਹੇ ਮੈਦਾਨਾਂ ਵਿਚ ਵਿਚਰਦੇ ਹੋਏ ਉਚੀਆਂ ਹਿਮ-ਸਿਖ਼ਰਾਂ ਦੇ ਲਕਸ਼ਾਂ ਤਕ ਪਹੁੰਚਣਾ ਹੈ ਤੇ ਆਤਮਿਕ ਪੰਧ ਦੀਆਂ ਉਚੇਰੀਆਂ ਮੰਜ਼ਿਲਾਂ ਨੂੰ ਸਰ ਕਰਨਾ ਹੈ ? ਕਿਵੇਂ ਨਾਮ ਦੇ ਦੀਪ ਨੂੰ ਮਨ-ਮੰਦਰ ਵਿਚ ਜਗਾ ਕੇ ਇਸ ਦੇ ਪ੍ਰਕਾਸ਼ ਵਿਚ ਪ੍ਰਿਛੋਕੜ ਵਿਚ ਖੜ੍ਹੇ ਸਾਡੇ ਸਿਰ ਮਸਤਕ ਉਤੇ ਹੱਥ ਰਖਣ ਵਾਲੇ ਪ੍ਰਭੂ-ਪ੍ਰੀਤਮ ਦੀ ਹੋਂਦ ਦਾ ਆਭਾਸ ਕਰਨਾ ਹੈ ? ਕਿਵੇਂ ਆਪਣੇ ਜੀਵਨ ਨੂੰ ਸਹਿਜ ਦੇ ਟਿਕਾਉ ਵਿਚ ਰਖ ਕੇ ਉਚਤਮ ਮਨੁੱਖੀ ਅਨੁਭਵ ਦੁਆਰਾ ਇਸ ਨੂੰ ਸਫ਼ਲ ਤੇ ਸਾਰਥਕ ਬਣਾਉਣਾ ਹੈ ? ਇੰਹਨਾਂ ਸਭ ਸੂਖ਼ਮ ਦਾਰਸ਼ਨਿਕ ਵਿਸ਼ਿਆਂ ਦੇ ਉਤਰ ਇਸ ਪੁਸਤਕ ਵਿਚੋਂ ਮਿਲ ਸਕਦੇ ਹਨ।

ਪ੍ਰੋ.ਪੂਰਨ ਸਿੰਘ ਦੇ ਅਧਿਆਤਮਿਕ ਚਿੰਤਨ ਦਾ ਆਧਾਰ ਗੁਰਮਤਿ ਹੈ, ਪਰ ਇਸ ਦੀ ਪਹੁੰਚ ਵਿਸ਼ਵ-ਵਿਆਪੀ ਸਰਬ-ਭੌਮਿਕ ਤੇ ਸਰਬ-ਕਾਲਿਕ ਹੈ। ਇਹ ਇਕ ਸੰਪਰਦਾਈ ਲਕਸ਼ ਨਹੀਂ, ਸਗੋਂ ਵਿਅਕਤੀ ਤੇ ਸਮੱਸ਼ਟੀ ਸਭ ਦਾ ਮੁਕਤੀ-ਮਾਰਗ ਹੈ।

ਗੁਰੂ ਖ਼ਾਲਸੇ ਦੇ ਸਮੂਹਕ ਅਧਿਆਤਮਿਕ ਮੰਡਲ ਦੀ ਜੋ ਮਾਰਮਿਕ ਵਿਆਖਿਆ ਪ੍ਰੋ.ਪੂਰਨ ਸਿੰਘ ਨੇ ਕੀਤੀ ਹੈ, ਉਹ ਆਪਣੇ ਆਪ ਵਿਚ ਬੜੀ ਅਦੁੱਤੀ ਤੇ ਵਿਲਖਣ ਹੈ। ਖ਼ਾਲਸਾ ਮੰਡਲ ਜਾਂ ਤਲ-ਭੂਮੀ ਸਰਬ-ਭੋਮ ਵੀ ਹੈ ਤੇ ਸਰਬ-ਸਾਂਝੀਵਾਲਤਾ ਦੀ ਲਖਾਇਕ ਵੀ। ਇਸ ਦੇ ਵਾਸੀ ਨਿਸ਼ਕਿਰਿਆ ਸਰੂਪ ਦੇ ਨਹੀਂ, ਸਗੋਂ ਕਰਮਸ਼ੀਲਤਾ ਦੇ ਧਨੀ ਹਨ। ਅਜਿਹੇ ਅਧਿਆਤਮਿਕ ਮਾਰਗੀਆਂ ਦੇ ਭਵਿੱਖ ਨਾਲ ਹੀ ਸਮੁਚੇ ਬ੍ਰਹਿਮੰਡ ਦੀ ਅਗਾਮੀ ਨੁਹਾਰ ਜੁੜੀ ਹੋਈ ਹੈ। ਇਹ ਵਿਅਕਤੀ ਤੇ ਸਮੱਸ਼ਟੀ ਦੀ ਪੂਰਨਤਾ ਵਲ ਨੂੰ ਜਾਣ ਦੀ ਤਾਂਘ ਵੀ ਹੈ, ਜਿਗਿਆਸਾ ਵੀ ਅਤੇ ਭਵਿੱਖ ਦਾ ਇਕ ਸਾਰਥਕ ਜੀਵਨ ਲਕਸ਼ ਵੀ।

## ਗੁਰੂ ਵਿਰੋਸਾਈ ਪ੍ਰਤਿਭਾ

ਸਿੱਖ-ਮਤ ਦਾ ਜਨਮ ਸ੍ਰੋਤ ਸ੍ਰੀ ਗੁਰੂ ਨਾਨਕ ਦੇਵ ਜੀ (1469-1539 ਈ.) ਦੇ ਇਸ ਸੰਸਾਰ ਵਿਚ ਦੈਵੀ ਆਗਮਨ ਤੋਂ ਆਰੰਭ ਹੋ ਕੇ ਨਾ ਕੇਵਲ ਪਿਛਲੇ 530-32 ਸਾਲਾਂ ਦੇ ਅਤੀਤ ਦੇ ਇਤਿਹਾਸ ਵਿਚ ਵੀ ਵਿਆਪਕ ਹੈ, ਸਗੋਂ ਇਹ ਭਵਿੱਖ ਦੀਆਂ ਅਨੇਕ ਆਗਾਮੀ ਸਦੀਆਂ ਤਕ ਚਲਣ ਵਾਲਾ ਜੀਵਨ ਵਰਤਾਰਾ ਹੈ। ਸਿੱਖੀ ਦਾ ਇਹ ਸੋਮਾ ਸਦਾ ਪ੍ਰਵਾਹਿਤ ਰਹਿਣ ਵਾਲਾ ਅਖੁਟ ਤੇ ਭਰਪੂਰ ਹੈ ਅਤੇ ਇੰਜ ਹੀ ਪਰਲੋ ਤੀਕ ਚਲਦਾ ਰਹੇਗਾ, ਪਰ ਇਸ ਵਰਤਾਰੇ ਨੂੰ ਜਾਣ ਸਕਣ ਵਾਲੀ ਤੇ ਇਸ ਦੇ ਰਹੱਸ ਦਾ ਅਨੁਭਵੀ-ਗਿਆਨ ਪ੍ਰਾਪਤ ਕਰਨ ਵਾਲੀ ਕੋਈ ਵਿਰਲੀ ਪ੍ਰਭੂ ਵਿਰੋਸਾਈ ਪ੍ਰਤਿਭਾ ਹੀ ਹੋ ਸਕਦੀ ਹੈ। ਧੁਰ ਦੀ ਸਰਬ-ਵਿਆਪਕ ਪਰਮ-ਚੇਤਨਾ ਦੇ ਅਗਾਧ-ਬੋਧ ਨੂੰ ਜਾਣਨ ਲਈ ਉਚਤਮ ਦੈਵੀ-ਪ੍ਰਤਿਭਾ ਦੀ ਹੀ ਲੋੜ ਹੁੰਦੀ ਹੈ। 'ਜਪੁਜੀ' ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਦਾ ਕਥਨ ਹੈ :

ਏਵਡੁ ਊਚਾ ਹੋਵੈ ਕੋਇ।।
ਤਿਸੁ ਊਚੇ ਕਉ ਜਾਣੈ ਸੋਇ।।

ਅਤੇ

ਜਿਨ ਕਉ ਨਦਰਿ ਕਰਮੁ ਤਿਨ ਕਾਰ॥
ਨਾਨਕ ਨਦਰੀ ਨਦਰਿ ਨਿਹਾਲ॥

ਇਹੋ ਨਦਰਿ-ਕਰਮ ਜਾਂ ਦੂਜੇ ਸ਼ਬਦਾਂ ਵਿਚ ਗੁਰ-ਪ੍ਰਸਾਦਿ ਅਰਥਾਤ ਗੁਰੂ ਦੀ ਕਿਰਪਾ-ਦ੍ਰਿਸ਼ਟੀ ਹੀ ਦੈਵੀ-ਪ੍ਰਤਿਭਾ ਦੀ ਸਿਰਜਣਹਾਰ ਹੁੰਦੀ ਹੈ। ਅਨੰਤ ਦੀ ਇਸ ਵਿਸ਼ਾਲਤਾ ਨੂੰ ਮਨੁੱਖ ਦੇ ਬੌਧਿਕ ਖੇਤਰ ਦੀ ਸ-ਅੰਤ ਸੀਮਾ ਵਿਚ ਬੰਨ੍ਹ ਸਕਣਾ ਵੀ ਕੋਈ ਘਟ ਕਠਿਨ ਗੱਲ ਨਹੀਂ ਹੈ। ਇਹ ਤਾਂ ਇਕ ਵਿਸਮਾਦਜਨਕ ਰੱਬੀ ਕੌਤਕ, ਕ੍ਰਿਸ਼ਮਾ ਜਾਂ ਕਰਾਮਾਤ ਦੇ ਘਟਣ ਸਮਾਨ ਹੁੰਦਾ ਹੈ। ਜਦੋਂ ਅਗੰਮੀ-ਨੂਰ ਦੇ ਚਕਾਚੌਂਧ ਕਰ ਦੇਣ ਵਾਲੇ ਪ੍ਰਕਾਸ਼ ਵਿਚ ਜਿਗਿਆਸੂ ਦੀਆਂ ਸਥੂਲ ਅੱਖਾਂ ਵੀ ਚੁੰਧਿਆ ਜਾਂਦੀਆਂ ਹਨ—ਉਸ ਵਿਅਕਤੀ ਨੂੰ ਉਸ ਸਮੇਂ ਇਸ ਅਕਾਲੀ-ਆਦੇਸ਼ ਅਰਥਾਤ ਸਰਬ-ਕਾਲਕ ਤੇ ਸਰਬ-ਦੇਸ਼ਕ ਸੱਚ ਦੀ ਪ੍ਰਤੀਤੀ ਤਾਂ ਹੋ ਜਾਂਦੀ ਹੈ, ਪਰ ਇਸ ਦਾ ਮਨੁੱਖੀ ਭਾਸ਼ਾ ਵਿਚ ਤੇ ਤਰਕ-ਸ਼ਾਸਤਰੀ ਵਿਵੇਕ ਵਿਚ ਵਰਣਨ ਕਰਨਾ ਕਠਿਨ ਹੋ ਜਾਂਦਾ ਹੈ। ਗੁਰੂ ਨਾਨਕ ਸਾਹਿਬ ਵੀ ਕਹਿ ਦਿੰਦੇ ਹਨ :

ਨਾਨਕ ਕਥਨਾ ਕਰੜਾ ਸਾਰੁ॥

ਫਿਰ ਵੀ ਇਸ ਸਮਗਰ ਰੂਪ ਵਿਚ ਪਕੜ ਵਿਚ ਨਾ ਆਉਣ ਵਾਲੇ ਸਚਿਆਰੇ ਦਰਸ਼ਨ ਤੇ ਅਨੁਭਵ ਨੂੰ ਸਰਬ ਮਨੁੱਖਤਾ ਤੇ ਸਮਸਤ ਜੀਵ-ਜੰਤ ਦੇ ਕਲਿਆਣ ਹਿਤ ਸਭ ਨਾਲ ਸਾਂਝਾ ਕਰ ਸਕਣਾ ਜ਼ਰੂਰੀ ਹੋ ਜਾਂਦਾ ਹੈ, ਤਾਂ ਜੋ ਇਸ ਪਰਮ ਸੱਚ ਤੇ ਸਮੁਚੇ ਗਿਆਨ ਦੇ ਬਹੁ-ਆਯਾਮੀ ਸੱਚ ਦੇ ਨਿਰਪੇਖ ਸਰੂਪ ਦੇ ਸਮੇਂ ਸਮੇਂ ਤੇ ਭਿੰਨ ਭਿੰਨ ਦੇਸ਼ਾਂ-ਦੇਸ਼ਾਂਤਰਾਂ ਦੇ ਮਹਾਂ-ਮਾਨਵਾਂ ਵਲੋਂ ਪ੍ਰਤੀਤ ਤੇ ਅਨੁਭਵ ਕੀਤੇ ਗਏ ਵਿਭਿੰਨ ਝਲਕਾਰਿਆਂ ਦੁਆਰਾ ਇਸ ਸਦੀਵੀ ਰਹਿਣ ਵਾਲੇ ਅਟੱਲ ਸੱਚ ਨੂੰ ਸਭ ਦੇ ਭਲੇ ਲਈ ਸਾਪੇਖਕ ਰੂਪ ਵਿਚ ਸਾਂਝਾ ਕੀਤਾ ਜਾ ਸਕੇ। ਇਹ ਇਸ ਲਈ ਵੀ ਜ਼ਰੂਰੀ ਹੈ, ਤਾਂ ਜੋ ਇਹ ਗੱਲ ਸਰਬ ਵਿਦਿਤ ਹੋ ਸਕੇ ਕਿ ਸਗਲ ਸਮੱਗਰੀ ਤੇ ਸਾਰੀ ਗਤਿਮਤਿ ਦਾ ਜੀਵਨ ਸਰੋਤ 'ਏਕ' ਹੀ ਹੈ, ਜੋ 'ਅਨੇਕ' ਰੂਪਾਂ ਵਿਚ ਪ੍ਰਵਾਹਿਤ ਹੋ ਰਿਹਾ ਹੈ। ਸੰਸਾਰ ਦੀਆਂ ਸਾਰੀਆਂ ਦਰਸ਼ਨ-ਪਧਤੀਆਂ ਦਾ ਸਾਰਭੂਤ ਲਕਸ਼ ਕੇਵਲ ਇਹੋ ਹੀ ਹੈ ਕਿ 'ਅਨੇਕ ਹੈਂ ਫਿਰ ਵੀ ਏਕ ਹੈਂ' ਦੇ ਮਹਾਨ ਰਹੱਸ ਨੂੰ ਜਾਣਿਆਂ ਜਾ ਸਕੇ। ਇਸ ਦੁਆਰਾ ਨਾ ਕੇਵਲ ਮਨੁੱਖ ਮਾਤਰ ਹੀ ਏਕਤਾ ਦਾ ਬੋਧ ਹੀ ਹੋਵੇ, ਸਗੋਂ ਸਗਲ ਸ੍ਰਿਸ਼ਟੀ ਵਿਚ ਵਿਦਮਾਨ ਇਕੋ ਸੂਤ ਨੂੰ ਹੀ ਲਖਿਆ ਪੇਖਿਆ ਜਾ ਸਕੇ।

ਅਧਿਆਤਮਕ ਦਰਸ਼ਨ ਦਾ ਇਹ ਅਗਾਧ-ਬੋਧ ਅਤੇ ਸੂਖਮਤਮ ਅਨੁਭਵ ਸਥੂਲ ਦ੍ਰਿਸ਼ਟੀ ਨਾਲ ਜਾਣਿਆ ਨਹੀਂ ਜਾ ਸਕਦਾ, ਇਸ ਲਈ ਵਿਸ਼ੇਸ਼-ਦਿੱਬ-ਦ੍ਰਿਸ਼ਟੀ ਦੀ ਲੋੜ ਹੈ ਤੇ ਕੇਵਲ ਸੂਖਮ ਨੈਣਾਂ ਨਾਲ ਹੀ ਗੋਚਰ ਦੀਆਂ ਸੀਮਾਵਾਂ ਨੂੰ ਪਾਰ ਕਰਕੇ ਆਤਮ-ਤਲ ਉਤੇ ਪੁਜ ਕੇ ਹੀ, ਇਸ ਦਾ ਅਨੁਭਵ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਅਨੁਭਵ ਦਾ ਸਰੂਪ ਵਧੇਰੇ ਕਰਕੇ ਅਤਾਰਕਿਕ ਹੁੰਦਾ ਹੈ ਅਤੇ ਬਹੁਤੀ ਵਾਰੀ ਇਹ ਨਿਮਨ ਚੇਤਨਾ ਜਾਂ ਅਵਚੇਤਨ ਮਨ ਦੀ ਪ੍ਰਕ੍ਰਿਆ ਸਮਾਨ

ਭਾਵਨਾ-ਯੁਕਤ ਤੇ ਕਲਪਨਾਸ਼ੀਲ ਸੁਭਾ ਵਾਲਾ ਹੁੰਦਾ ਹੈ। ਇਸ ਪੱਖ ਨੂੰ ਵੇਖਿਆਂ ਇਹ ਆਤਮਕ ਸਰੂਪ ਵਾਲਾ ਅਨੁਭਵੀ-ਗਿਆਨ ਕੇਵਲ ਆਤਮਕ ਤਲ ਉਤੇ ਪੁਜ ਕੇ ਹੀ ਪ੍ਰਾਪਤ ਹੁੰਦਾ ਹੈ ਅਤੇ ਇਸ ਆਤਮਕ ਛੁਹ ਦਾ ਆਭਾਸ ਹਰ ਵਿਅਕਤੀ ਨੂੰ ਨਹੀਂ ਹੋ ਸਕਦਾ। ਇਸ ਉਦੇਸ਼ ਦੀ ਪ੍ਰਾਪਤੀ ਲਈ ਆਤਮਕ ਜਿਗਿਆਸਾ ਦੇ ਅਨੇਕ ਪੜਾਵਾਂ ਵਿਚੋਂ ਲੰਘਣਾ ਪੈਂਦਾ ਹੈ ਅਤੇ ਜਾਂ ਫਿਰ ਪ੍ਰਭੂ-ਪ੍ਰੀਤਮ ਦੀ ਨਦਰਿ-ਕਰਮ ਹੀ ਇਸ ਦੀ ਪ੍ਰਾਪਤੀ ਵਿਚ ਸਹਾਈ ਹੁੰਦੀ ਹੈ। ਸਿੱਖੀ ਦੀ ਆਤਮਾ ਦੇ ਕਰਤਾ ਪ੍ਰੋ.ਪੂਰਨ ਸਿੰਘ ਦਾ ਵੀ ਇਹੋ ਹੀ ਮਤ ਹੈ ਕਿ ਪ੍ਰਤਿਭਾ ਪ੍ਰਭੂ ਦੀ ਧੁਰੋਂ ਵਿਰੋਸਾਈ ਦਾਤ ਹੁੰਦੀ ਹੈ। ਆਪ ਦੇ ਦ੍ਰਿਸ਼ਟੀਕੋਣ ਅਨੁਸਾਰ ਪ੍ਰਤਿਭਾ ਦੀ ਪਰਿਭਾਸ਼ਾ ਇਸ ਪ੍ਰਕਾਰ ਕੀਤੀ ਜਾ ਸਕਦੀ ਹੈ ਕਿ ਇਹ 'ਗੁਰ-ਪ੍ਰਸਾਦਿ' ਦੁਆਰਾ ਉਪਜਿਆ ਉਹ ਅੰਤਰੀਵ ਪ੍ਰਤੀਕਰਮ ਹੁੰਦਾ ਹੈ ਜੋ ਕਿਸੇ ਵਿਅਕਤੀ ਦੀ ਕਾਇਆ-ਕਲਪ ਕਰਕੇ ਉਸ ਦਾ ਸਮੁਚਾ ਆਤਮਕ ਰੂਪਾਂਤਰਣ ਕਰ ਦਿੰਦਾ ਹੈ। ਤਦੋਂ ਉਸ ਦਾ ਸਮੁਚਾ ਦ੍ਰਿਸ਼ਟੀਕੋਣ ਸੰਕੀਰਣ ਤੇ ਸੰਪਰਦਾਈ ਨਹੀਂ ਰਹਿੰਦਾ, ਸਗੋਂ ਵਿਸ਼ਵ-ਵਿਆਪੀ ਹੋ ਨਿਬੜਦਾ ਹੈ ਤੇ ਇਸੇ ਦੈਵੀ-ਪ੍ਰੇਰਨਾ ਅਧੀਨ ਉਹ ਦੂਜਿਆਂ ਅੰਦਰ ਵੀ ਇਸ ਸਰਬ ਵਿਆਪਕ ਚੇਤਨਾ ਤੇ ਭਾਵਨਾ ਨੂੰ ਜਗਾਉਂਦਾ ਹੈ, ਜੋ ਮਨੁੱਖਤਵ ਦੇ ਵਿਕਾਸ ਤੇ ਆਤਮਕ ਉਥਾਨ ਵਿਚ ਸਹਾਈ ਹੁੰਦੇ ਹਨ। ਇਸ ਲਈ ਪ੍ਰਤਿਭਾ ਦੇ ਸੰਪਰਕ ਵਿਚ ਜੋ ਕੋਈ ਵਿਅਕਤੀ ਜਾਂ ਵਸਤੂ ਆਉਂਦੀ ਹੈ, ਉਸ ਦੀ ਪਾਰਸ ਛੁਹ ਦੁਆਰਾ ਉਹਨਾਂ ਦੀ ਵੀ ਕਾਇਆ-ਕਲਪ ਹੋ ਜਾਂਦੀ ਹੈ। ਇਸ ਸੰਸਾਰ ਵਿਚ ਪ੍ਰਤਿਭਾ ਦਾ ਸਭ ਤੋਂ ਸ੍ਰੇਸ਼ਟਤਮ ਰੂਪ ਤਾਂ ਗੁਰੂ ਹੀ ਹੁੰਦਾ ਹੈ ਅਤੇ ਗੁਰੂ ਦਾ ਮਹੱਤਵ ਹੀ ਉਸ ਦੇਹ ਸਰੂਪ ਨਾਲੋਂ ਉਸ ਦੀ ਆਤਮਾ ਕਾਰਨ ਹੈ, ਜੋ ਪ੍ਰਮਾਤਮਾ ਦਾ ਹੀ ਸਰਗੁਣ ਸਰੂਪ ਹੁੰਦੀ ਹੈ। ਗੁਰੂ-ਆਤਮਾ ਆਪਣੀ ਮਿਹਰ ਦੁਆਰਾ ਆਪਣੇ ਸਿੱਖ ਵਿਚ ਵੀ ਅਜਿਹਾ ਹੀ ਆਤਮਕ ਸੰਚਾਰ ਕਰਦੀ ਹੈ। ਖ਼ਾਸ ਕਰਕੇ ਉਹਨਾਂ ਕਲਾਕਾਰਾਂ, ਲੇਖਕਾਂ ਤੇ ਕਵੀਆਂ ਆਦਿ ਵਿਚ ਜਿਨ੍ਹਾਂ ਉਤੇ ਗੁਰੂ ਦੀ ਕਿਰਪਾ-ਦ੍ਰਿਸ਼ਟੀ ਹੁੰਦੀ ਹੈ।

ਇਹ ਬੜੇ ਗੌਰਵ ਦੀ ਗੱਲ ਹੈ ਕਿ ਪ੍ਰੋ.ਪੂਰਨ ਸਿੰਘ ਉਪਰੋਕਤ ਦ੍ਰਿਸ਼ਟੀ ਅਨੁਸਾਰ ਹੀ ਪ੍ਰਤਿਭਾਵਾਨ ਵਿਅਕਤੀ ਸਨ। ਆਪ ਵਿਚ ਗੁਰਮੁਖ ਜਾਂ ਸੰਤ-ਆਤਮਾ ਵਾਲੇ ਸਾਰੇ ਗੁਣ ਤੇ ਲਛਣ ਮੌਜੂਦ ਸਨ, ਜਿਨ੍ਹਾਂ ਦੀ ਮਹਿਮਾ ਗੁਰਬਾਣੀ ਵਿਚ ਵੀ ਅਨੇਕ ਥਾਵਾਂ 'ਤੇ ਕੀਤੀ ਗਈ ਹੈ। ਗੁਰੂ ਜੀ ਨੇ ਉਹਨਾਂ ਨੂੰ ਅੰਤਰੀਵ-ਨੈਣ ਬਖ਼ਸ਼ ਕੇ ਉਸ ਆਤਮ-ਤਲ ਦਾ ਅਨੁਭਵ ਕਰਵਾਇਆ, ਜੋ ਪਾਰਦਰਸ਼ੀ ਤੇ ਪਾਰਗਾਮੀ ਅਰਥਾਤ ਵਿਸ਼ਵ-ਵਿਆਪੀ ਹੋ ਨਿਬੜਦਾ ਹੈ। ਅਧਿਆਤਮਕ ਚਿੰਤਨ ਤੇ ਅਨੁਭਵ ਦੇ ਇਸ ਰਹੱਸਵਾਦੀ ਅਨੁਭਵ ਦੀ ਪ੍ਰਾਪਤੀ ਕਰ ਲੈਣ ਉਪਰੰਤ ਆਪ ਕੋਲ ਇਕ ਮਹਾਂ-ਕਵੀ ਤੇ ਲੇਖਕ ਵਾਲੇ ਗੁਣ ਸਨ, ਜਿਸ ਦੁਆਰਾ ਆਪ ਇਸ ਦੈਵੀ-ਆਵੇਸ਼ ਵਾਲੇ ਅਨੁਭਵ ਨੂੰ ਸਹਿਜ ਰੂਪ ਵਿਚ ਹੀ ਸੁੰਦਰ ਕਾਵਿਮਈ ਰੂਪ ਵਿਚ ਪ੍ਰਗਟਾਉਣ ਦੇ ਸਮਰੱਥ ਸਨ। ਇਸ ਪੁਸਤਕ ਵਿਚ ਸਿੱਖੀ ਮਾਰਗ ਦੇ ਜੀਵਨ-ਅਨੁਭਵ ਤੇਚਿੰਤਨ-ਪੱਧਤੀ ਬਾਰੇ ਜੋ ਕੁਝ ਵੀ ਪ੍ਰੋ.ਪੂਰਨ ਸਿੰਘ ਦੀ ਅਦੁਤੀ

ਪ੍ਰਤਿਭਾ ਨੇ ਰਚਿਆ ਹੈ, ਉਸ ਦੁਆਰਾ ਸੱਚਮੁਚ ਹੀ ਗੁਰੂ ਸਾਹਿਬਾਨ ਦੇ ਅਧਿਆਤਮਕ ਦਰਸ਼ਨ ਦੀ ਨਵੀਨ ਤੇ ਸੰਪੂਰਨ ਰੂਪ ਦੀ ਦਾਰਸ਼ਨਿਕ ਪੱਧਤੀ ਦੇ ਰੂਪ ਵਿਚ ਸਥਾਪਨਾ ਕੀਤੀ ਗਈ ਹੈ। ਸੱਚੇ ਅਰਥਾਂ ਵਿਚ ਪ੍ਰੋ.ਪੂਰਨ ਸਿੰਘ ਹੀ ਸਿੱਖ ਚਿੰਤਨ ਸੰਬੰਧੀ ਉਹ ਪਹਿਲਾ ਪ੍ਰਵਕਤਾ ਹੈ, ਜਿਸ ਨੇ ਸਿੱਖ-ਚਿੰਤਨ ਨੂੰ ਤੁਲਨਾਤਮਕ ਧਰਮ-ਦ੍ਰਿਸ਼ਟੀ ਤੇ ਵਿਸ਼ਵ-ਵਿਆਪੀ ਸੰਦਰਭ ਵਿਚ ਵਾਚਣ ਤੇ ਪ੍ਰਸਤੁਤ ਕਰਨ ਦਾ ਅਪੂਰਵ ਭਾਂਤ ਦਾ ਸਫਲ ਯਤਨ ਕੀਤਾ ਹੈ। ਨਾ ਹੀ ਆਪ ਤੋਂ ਪਹਿਲਾਂ ਤੇ ਨਾ ਹੀ ਆਪ ਤੋਂ ਪਿਛੋਂ ਇਸ ਅਧਿਆਤਮਕ ਦਰਸ਼ਨ ਦੀ ਇਸ ਪ੍ਰਕਾਰ ਦੀ ਕੋਈ ਮਾਰਮਿਕ ਵਿਆਖਿਆ ਕਰ ਸਕਿਆ ਹੈ। ਪ੍ਰੋ.ਪੂਰਨ ਸਿੰਘ ਨੇ ਬੁਧ-ਮਤ ਤੇ ਸੁਆਮੀ ਰਾਮ ਤੀਰਥ ਦੁਆਰਾ ਦ੍ਰਿੜ੍ਹਾਏ ਗਏ ਵੇਦਾਂਤ ਦਰਸ਼ਨ ਦੇ ਅਨੁਭਵ ਨੂੰ ਤਾਂ ਆਪਣੇ ਆਰੰਭਕ ਜੀਵਨ ਕਾਲ ਵਿਚ ਨਿਜੀ ਅਨੁਭਵ ਦੇ ਰੂਪ ਵਿਚ ਹੀ ਜਾਣ ਲਿਆ ਸੀ ਤੇ 1912 ਈ. ਤੋਂ ਪਿਛੋਂ ਭਾਈ ਵੀਰ ਸਿੰਘ ਵਰਗੇ ਗੁਰਮਤ ਆਚਾਰੀਆ ਤੇ ਸਿੱਖ ਰਹੱਸਵਾਦੀ ਕਵੀ ਦੇ ਸੰਪਰਕ ਵਿਚ ਆਉਣ ਨਾਲ ਸਿੱਖ-ਮਤ ਦੀਆਂ ਸੂਖਮ ਰਮਜ਼ਾਂ ਵੀ ਜਾਣ ਲਈਆਂ ਸਨ। ਈਸਾਈ ਤੇ ਇਸਲਾਮ-ਮਤ ਬਾਰੇ ਉਹਨਾਂ ਨੇ ਚੋਖਾ ਅਧਿਐਨ ਕੀਤਾ ਹੋਵੇਗਾ, ਕਿਉਂਜੋ 'ਸਿੱਖੀ ਦੀ ਆਤਮਾ' ਨਾਮੀ ਪੁਸਤਕਾਂ ਦੇ ਤਿੰਨਾਂ ਭਾਗਾਂ ਵਿਚ ਆਪ ਜੀ ਦੇ ਇਹਨਾਂ ਵਿਸ਼ੇਸ਼ ਮਤਾਂ-ਮਤਾਂਤਰਾਂ ਦਾ ਕੀਤੇ ਗਏ ਅਧਿਐਨ ਜਾਂ ਡੂੰਘੇ ਚਿੰਤਨ ਦਾ ਸਹਿਜੇ ਹੀ ਆਭਾਸ ਹੋ ਜਾਂਦਾ ਹੈ। ਇਹ ਸਾਰਾ ਗਿਆਨ ਤੇ ਅਨੁਭਵ, ਜੋ ਵਿਸ਼ਵ ਦੇ ਵਿਭਿੰਨ ਮਤਾਂ-ਮਤਾਂਤਰਾਂ ਦਾ ਉਹਨਾਂ ਦੇ ਆਪਣੇ ਵਿਅਕਤੀਤਵ ਦੇ ਅੰਤਰਗਤ ਸਿੰਚਿਤ ਕੀਤਾ, ਉਸ ਨੂੰ ਆਪ ਜੀ ਦੀ ਪ੍ਰਤਿਭਾ ਦੀ ਪਾਰਸ ਛੁਹ ਨੇ ਹੋਰ ਵੀ ਵਿਅਕਤੀਗਤ ਤੇ ਗੂੜ੍ਹੇ ਰੰਗ ਵਿਚ ਨਿਖ਼ਾਰ ਦਿਤਾ ਹੈ, ਜਿਸ ਕਰਕੇ ਇਸ ਦਾਰਸ਼ਨਿਕ ਚਿੰਤਨ ਦਾ ਸਰੂਪ ਪਾਰਦਰਸ਼ੀ ਤੇ ਬਲੌਰੀ ਸਫਟਕਤਾ ਵਾਲਾ ਹੋ ਗਿਆ ਹੈ, ਜਿਸ ਤੋਂ ਸਿੱਖ-ਮਤ ਸੰਬੰਧੀ ਆਪ ਦੇ ਮੌਲਿਕ ਚਿੰਤਨ ਤੇ ਵਿਅਕਤੀਗਤ ਰੂਪ ਵਿਚ ਕੀਤੀ ਗਈ ਅਦੁਤੀ ਵਿਆਖਿਆ ਦਾ ਵੀ ਬੋਧ ਹੋ ਜਾਂਦਾ ਹੈ। ਇਸ ਲਈ ਆਪ ਜੀ ਦੀ ਇਸ ਰਚਨਾ ਵਿਚ ਜੋ ਕੁਝ ਵੀ ਕਿਹਾ ਗਿਆ ਹੈ, ਉਹ ਬੜੇ ਨਿਸ਼ਚੇ-ਦਾਇਕ ਰੂਪ ਵਿਚ ਕਿਹਾ ਗਿਆ ਹੈ। ਇਸ ਦਾ ਰੰਗ ਮਜੀਠੀ ਤੇ ਪਕੇਰਾ ਹੈ। ਇਸ ਵਿਚ ਗੁਰੂ ਦੀ ਨਦਰਿ-ਕਰਮ ਤੇ ਆਪ ਦੀ ਵਿਸ਼ੇਸ਼ ਜਿਗਿਆਸਾ, ਅਧਿਐਨ ਤੇ ਪ੍ਰੀਸ਼ਰਮ ਸਾਰੇ ਹੀ ਕਰਮਸ਼ੀਲ ਜਾਪਦੇ ਹਨ।

ਇਸ ਤ੍ਰੈ-ਲੜੀ ਵਿਚ ਪ੍ਰਤਿਭਾਵਾਨ ਚਿੰਤਕ ਤੇ 'ਸਿੱਖੀ ਦੀ ਆਤਮਾ' ਸੰਬੰਧੀ ਜੋ ਕੁਝ ਵਿਆਖਿਆ ਕੀਤੀ ਹੈ, ਭਾਵੇਂ ਉਸ ਨੂੰ ਅੰਤਿਮ ਨਹੀਂ ਮੰਨਿਆ ਜਾ ਸਕਦਾ ਅਤੇ ਇਸ ਪ੍ਰਤੀ ਕਈ ਪ੍ਰਕਾਰ ਦੇ ਤਰਕ ਤੇ ਸ਼ੰਕੇ ਵੀ ਉਤਪੰਨ ਹੋ ਸਕਦੇ ਹਨ, ਪਰ ਇਕ ਮਹਾਂਕਵੀ, ਰਹੱਸਵਾਦੀ ਤੇ ਵਿਸ਼ਵ-ਵਿਆਪੀ ਚਿੰਤਕ ਦੁਆਰਾ ਕੀਤੀ ਗਈ ਸਿੱਖ-ਮਤ ਦੀ ਇਹ ਦਾਰਸ਼ਨਿਕ ਵਿਆਖਿਆ ਇਕ ਪ੍ਰੌੜ੍ਹ ਮਨ ਦੀ ਪ੍ਰੌੜ੍ਹ ਰਚਨਾ ਹੈ, ਜਿਸ ਕਾਰਨ ਇਸ ਦੀ ਪਦਵੀ ਨਿਸ਼ਚੇ ਹੀ ਇਕ ਉਤਕ੍ਰਿਸ਼ਟ ਤੇ ਕਲਾਸਕੀ ਰਚਨਾ ਵਾਲੀ ਹੈ ਅਤੇ ਇਸ ਵਿਚ ਸਿੱਖ-ਮਤ ਸੰਬੰਧੀ ਅਨੇਕ

ਵਿਸ਼ਿਆਂ, ਸਮੱਸਿਆਵਾਂ ਉਤੇ ਨਾ ਕੇਵਲ ਪ੍ਰਕਾਸ਼ ਹੀ ਪਾਇਆ ਗਿਆ ਹੈ, ਸਗੋਂ ਵਧੇਰੇ ਕਰਕੇ ਅਨੇਕ ਪ੍ਰਕਾਰ ਦੇ ਸ਼ੰਕਿਆਂ ਤੇ ਸਮੱਸਿਆਵਾਂ ਦਾ ਸਮਾਧਾਨ ਵੀ ਕਰ ਦਿਤਾ ਗਿਆ ਹੈ। ਪ੍ਰਣਾਮ-ਸਰੂਪ ਇਸ ਤ੍ਰੈ-ਲੜੀ ਦਾ ਸਮੁੱਚਾ ਅਧਿਐਨ ਸਾਨੂੰ ਉਹ ਦ੍ਰਿਸ਼ਟੀਕੋਣ ਪ੍ਰਦਾਨ ਕਰਦਾ ਹੈ, ਜਿਸ ਦੁਆਰਾ ਅਸੀਂ ਗੁਰਮਤ ਦੇ ਸਮੁੱਚੇ ਦਰਸ਼ਨ, ਜੀਵਨ-ਜੁਗਤ ਤੇ ਸਿੱਖ-ਸਭਿਆਚਾਰ ਜਾਂ ਸੰਸਕ੍ਰਿਤੀ ਦਾ ਸੰਪੂਰਨ ਗਿਆਨ ਪ੍ਰਾਪਤ ਕਰ ਸਕਦੇ ਹਾਂ।

## ਸਿੱਖੀ ਦੀ ਆਤਮਾ ਦੀ ਚਿੰਤਨਧਾਰਾ

ਇਹ ਪੁਸਤਕ ਜਾਂ ਦੂਜੇ ਸ਼ਬਦਾਂ ਵਿਚ ਸਿੱਖ ਚਿੰਤਨਧਾਰਾ ਬਾਰੇ ਤ੍ਰੈ-ਲੜੀ ਵਿਚ ਸਿੱਖ ਗੁਰੂ ਸਾਹਿਬਾਨ ਦੁਆਰਾ ਸਥਾਪਿਤ ਆਦਰਸ਼ਾਂ ਅਤੇ ਜੀਵਨ ਜੁਗਤ ਦੇ ਅਨੇਕ ਪੱਖਾਂ ਉਤੇ ਵਿਚਾਰ ਕੀਤੀ ਗਈ ਹੈ। ਇਸ ਦਾ ਨਾਮਕਰਣ 'ਸਿੱਖੀ ਦੀ ਆਤਮਾ' ਸਿੱਖ-ਮਤ ਦੇ ਮੂਲ ਸਾਰ ਤੱਤ ਦਾ ਬੋਧਿਕ ਹੈ, ਜੋ ਗੁਰਮਤ ਦੇ ਤਾਤਵਿਕ ਦਰਸ਼ਨ ਦੀ ਅਨੇਕ ਕੋਨਾਂ ਤੇ ਆਯਾਮਾਂ ਤੋਂ ਵਿਆਖਿਆ ਕਰਦਾ ਹੈ। ਮੁੱਖ ਰੂਪ ਵਿਚ ਇਹ ਅਧਿਆਤਮਕ ਧਾਰਾ ਦਾ ਪ੍ਰਵਾਹ ਹੈ ਜੋ ਸ੍ਰਿਸ਼ਟੀ ਦੇ ਆਦਿ ਕਾਲ ਤੋਂ ਲੈ ਕੇ ਚਲਿਆ ਆ ਰਿਹਾ ਹੈ ਅਤੇ ਆਗਾਮੀ ਭਵਿੱਖ ਵਿਚ ਵੀ ਚਲਦਾ ਰਹੇਗਾ। ਇਹ ਸਾਡੇ ਵਿਸ਼ਵ ਦਾ ਸੂਖਤਮ ਤੇ ਉਚਤਮ ਗਿਆਨ ਤੇ ਅਨੁਭਵ ਹੈ, ਜਿਸ ਨੂੰ ਵਿਸ਼ੇਸ਼ ਕਰਕੇ ਆਤਮਕ ਤਲ ਉਤੇ ਪੁਜ ਕੇ ਹੀ ਨਿਹਾਰਿਆ ਜਾ ਸਕਦਾ ਹੈ। ਸ਼ਾਇਦ ਇਹੋ ਹੀ ਕਾਰਨ ਹੈ ਕਿ ਸਾਡੇ ਪੂਰਬੀ ਤੇ ਵਿਸ਼ੇਸ਼ ਕਰਕੇ ਭਾਰਤੀ ਦਾਰਸ਼ਨਿਕ-ਸਾਹਿਤ ਵਿਚ ਅਜਿਹੇ ਗਿਆਨ ਅਨੁਭਵ ਨੂੰ ਵਿਚਾਰਧਾਰਾ ਦੀ ਤੁਲਨਾ ਵਿਚ ਦਰਸ਼ਨ ਦੀ ਸੰਗਿਆ ਦਿਤੀ ਗਈ ਹੈ, ਜਿਸ ਦੇ ਅਰਥ ਹੀ ਹਨ—ਕਿਸੇ ਵਸਤੂ ਵਿਸ਼ੇਸ਼ ਨੂੰ ਦੇਖ ਤੇ ਲਖ ਪੇਖ ਸਕਣਾ। ਵਿਚਾਰਧਾਰਾ ਤਾਂ ਨਿਰੋਲ ਬੁਧੀ ਦੀ ਦੇਣ ਹੈ, ਜਿਸ ਦਾ ਗਿਆਨ ਬੋਧਿਕ ਸੂਤਰਾਂ ਵਿਚ ਸੰਗਠਿਤ ਹੁੰਦਾ ਹੈ, ਪਰ ਆਤਮਕ ਅਨੁਭਵ ਲਈ ਦਿੱਬ-ਦ੍ਰਿਸ਼ਟੀ ਜਾਂ ਉਸ Vision ਦਾ ਹੋਣਾ ਜ਼ਰੂਰੀ ਹੈ, ਜਿਸ ਦੁਆਰਾ ਕੋਈ ਜਿਗਿਆਸੂ ਉਸ ਪਰਮ-ਸੱਤਾ ਦੀ ਅਸਗਾਹਤਾ ਦਾ ਥਾਹ ਪਾ ਸਕੇ, ਜੋ ਅਨੰਤ ਤੇ ਵਿਸ਼ਾਲਤਮ ਹੈ, ਪਰ ਜੋ ਸਰਬ-ਵਿਆਪਕ ਤੇ ਸ੍ਰਿਸ਼ਟੀ ਦੀ ਸਗਲ-ਸਮੱਗਰੀ ਤੇ ਗਤਿਮਤਿ ਵਿਚ ਓਤ-ਪ੍ਰੋਤ ਵੀ ਹੈ ਅਤੇ ਇਸ ਦੀ ਸੰਚਾਲਕ ਤੇ ਸੰਸਥਾਪਕ ਵੀ। ਪ੍ਰੋ.ਪੂਰਨ ਸਿੰਘ ਦੇ ਮਤ ਅਨੁਸਾਰ ਇਸ ਦੈਵੀ-ਗਿਆਨ ਦਾ ਦਿਗ-ਦਰਸ਼ਨ ਜਾਂ ਆਤਮਕ ਅਨੁਭਵ ਕੇਵਲ ਇਕ ਵਿਅਕਤੀ ਜਾਂ ਇਕ ਦੇਸ਼, ਇਕ ਫਿਰਕੇ ਜਾਂ ਜਾਤ, ਇਕ ਕਾਲ ਦਾ ਏਕਾਧਿਕਾਰ ਨਹੀਂ ਹੁੰਦਾ—ਸਗੋਂ ਇਹ ਸਮੇਂ ਸਮੇਂ ਕਿਸੇ ਵੀ ਦੇਸ਼, ਕਿਸੇ ਇਕ ਵਿਅਕਤੀ ਜਾਂ ਵਿਅਕਤੀ ਸਮੂਹ ਦਾ ਅਨੁਭਵ ਤੇ ਜੀਵਨ-ਲਕਸ਼ ਹੋ ਸਕਦਾ ਹੈ। ਇਸੇ ਲਈ ਪ੍ਰੋ.ਪੂਰਨ ਸਿੰਘ ਨੇ ਇਸ ਅਧਿਆਤਮਕ ਅਨੁਭਵ ਨੂੰ ਸਰਬ-ਸਾਂਝੀਵਾਲਤਾ ਦਾ ਇਕ ਅਜਿਹਾ ਰਾਸ਼ਟਰ-ਮੰਡਲ ਦਸਿਆ ਹੈ, ਜਿਸ ਵਿਚ ਅਤੀਤ ਤੋਂ ਲੈ ਕੇ ਵਰਤਮਾਨ ਕਾਲ ਤਕ ਦਾ ਸਾਰਾ ਮਾਨਵੀ ਇਤਿਹਾਸ ਆ ਜਾਂਦਾ ਹੈ। ਦੂਜੇ ਸ਼ਬਦਾਂ ਵਿਚ ਇਹ ਅਧਿਆਤਮਕ ਗਿਆਨ ਜਾਂ ਆਤਮਕ ਸੰਸਕ੍ਰਿਤੀ ਜੋ ਇਸ ਅਧਿਆਤਮਕ ਗਿਆਨ

ਦੁਆਰਾ ਸਿਰਜੀ ਜਾਂਦੀ ਹੈ, ਸਮਸਤ ਸੰਸਾਰ ਦੀ ਸਾਂਝੀ ਵਥ ਹੁੰਦੀ ਹੈ। ਭਾਵੇਂ ਧਾਰਮਿਕ ਚੇਤੰਨਤਾ ਵਿਚ ਇਸ ਅਧਿਆਤਮਕ ਗਿਆਨ ਦੀ ਹੋਂਦ ਵਿਆਪਕ ਹੁੰਦੀ ਹੈ, ਪਰ ਕਈ ਵਾਰ ਧਰਮ ਵੀ ਸੰਪਰਦਾਈ ਜਾਂ ਦੇਸ਼ ਕਾਲ ਦੇ ਸੀਮਤ ਅਰਥਾਂ ਵਿਚ ਬਝ ਕੇ ਇਸ ਅਟੱਲ ਜੀਵਨਧਾਰਾ ਤੋਂ ਵਿਛੁੰਨਿਆ ਜਾਂਦਾ ਹੈ। ਤਦੋਂ ਧਰਮ ਮਾਨਵ-ਮਾਤਰ ਤੇ ਮਨੁੱਖੀ ਸਮਾਜ ਲਈ ਇਕ ਪ੍ਰਗਤੀਸ਼ੀਲ ਉਸਾਰੂ ਸ਼ਕਤੀ ਨਾ ਰਹਿ ਕੇ ਉਸ ਦਾ ਇਕ ਦੁਖਦਾਈ ਸੰਕਟ ਬਣ ਜਾਂਦਾ ਹੈ, ਪਰ ਜਦੋਂ ਕੋਈ ਧਰਮ ਸਰਬ-ਵਿਆਪਕ ਤੇ ਸਦੀਵੀ ਰਹਿਣ ਵਾਲੇ ਸਤਿ ਨੂੰ ਆਧਾਰ ਬਣਾ ਕੇ ਚਲਦਾ ਹੈ, ਤਾਂ ਨਾ ਕੇਵਲ ਇਹ ਮਾਨਵ-ਮਾਤਰ ਦਾ ਹੀ, ਸਗੋਂ ਸਰਬ ਸ੍ਰਿਸ਼ਟੀ ਦੇ ਹਰ ਜੀਵ-ਜੰਤੂ ਤੇ ਇਥੋਂ ਤਕ ਕਿ ਪ੍ਰਕ੍ਰਿਤੀ ਦੇ ਕਣ ਕਣ ਤੇ ਹਰ ਵਣ-ਤ੍ਰਿਣ ਦਾ ਕਲਿਆਣਕਾਰੀ ਸ੍ਰੋਤ ਹੋ ਨਿਬੜਦਾ ਹੈ।

ਅਜਿਹੇ ਸਮੇਂ ਧਰਮ ਦਾ ਸਰੂਪ ਵੀ ਪ੍ਰੇਮ ਦਇਆ ਤੇ ਬ੍ਰਹਿਮੰਡੀ ਏਕਤਾ ਦੇ ਅਹਿਸਾਸ ਨਾਲ ਭਰਪੂਰ ਹੋ ਜਾਂਦਾ ਹੈ। ਤਦੋਂ ਇਹ ਨਿਰੋਲ ਬੌਧਿਕ ਚੁੰਝ-ਚਰਚਾ ਅਰਥਾਤ ਸ਼ਾਸਤਰਾਰਥੀ ਵਿਟੰਡਾਵਾਦ ਨਾ ਰਹਿ ਕੇ ਵਿਸ਼ਾਲਤਮ ਸਰਬ-ਸਾਂਝ ਨੂੰ ਦ੍ਰਿੜ੍ਹਾਉਣ ਵਾਲੀ ਉਸਾਰੂ ਸ਼ਕਤੀ ਹੁੰਦੀ ਹੈ। ਆਤਮਾ ਤਾਂ ਅਮਰ ਤੇ ਅਬਿਨਾਸ਼ੀ ਹੈ ਅਤੇ ਇਹ ਗਤੀ-ਰਹਿਤ ਅਵਸਥਾ ਵਿਚ ਨਹੀਂ ਹੁੰਦੀ, ਸਗੋਂ ਨਿਰੰਤਰ ਚਲਣ ਵਾਲੀ ਵਿਕਾਸ-ਪ੍ਰਕ੍ਰਿਆ ਵਿਚ ਬਝੀ ਹੁੰਦੀ ਹੈ। ਸਭ ਪ੍ਰਕਾਰ ਦੀ ਭੌਤਿਕ ਸਤਾ ਸਮਾਨ ਮਨੁੱਖੀ ਸਰੀਰ ਤਾਂ ਬਣਦਾ, ਉਪਜਦਾ ਤੇ ਬਿਨਸਦਾ ਰਹਿੰਦਾ ਹੈ। ਪਰ ਆਤਮਾ ਇਕ ਅਖੰਡ ਇਕਾਈ ਹੈ ਜੋ ਚੇਤਨ ਸਰੂਪ ਵਿਚ ਜੜ੍ਹ ਵਸਤੂਆਂ ਵਿਚ ਵੀ ਵਿਦਮਾਨ ਹੈ। ਪ੍ਰਕ੍ਰਿਤੀ ਦੀ ਹਰ ਵਸਤੂ ਵਿਚ, ਭਾਵੇਂ ਉਹ ਬੱਜਰ ਚਟਾਨ ਹੈ, ਮੌਲ ਰਿਹਾ ਬ੍ਰਿਛ ਜਾਂ ਘਾਹ ਦਾ ਤਿਣਕਾ ਹੈ। ਇਸੇ ਤਰ੍ਹਾਂ ਜੀਵ-ਜੰਤੂਆਂ ਵਿਚ ਵੀ ਉਹ ਮੌਜੂਦ ਹੈ। ਮਨੁੱਖੀ ਸਮਾਜ ਵਿੱਚ ਵੀ ਉਹ ਪੁੰਨੀ ਵਿਚ ਵੀ ਵਿਆਪਕ ਹੈ ਤੇ ਪਾਪੀ ਵਿਚ ਵੀ। ਪਰ ਇਸ ਹੀਰੇ ਦੀ ਕਣੀ ਨੂੰ ਕਿਸੇ ਗੁਰੂ ਦੀ ਪਾਰਦਰਸ਼ੀ ਨਿਗਾਹ ਹੀ ਦੇਖ ਸਕਦੀ ਹੈ ਅਤੇ ਉਹੋ ਹੀ ਵਿਸ਼ਵ ਦੇ ਇਸ ਸਦੀਵੀ ਰਹੱਸ ਦੀ ਵਿਸ਼ੇਸ਼ ਦਸ਼ਾ ਨੂੰ ਤੱਕ ਕੇ ਇਸ ਦੀ ਦਿਸ਼ਾ ਨਿਰਦੇਸ਼ ਅਜਿਹੇ ਢੰਗ ਨਾਲ ਕਰ ਸਕਦੀ ਹੈ ਕਿ ਇਹ ਇਕ ਸਾਰਥਕ ਪ੍ਰੇਰਨਾ ਬਣ ਜਾਵੇ।

ਪ੍ਰੋ.ਪੂਰਨ ਸਿੰਘ ਨੇ ਇਸ ਅਧਿਆਤਮਕ ਚੇਤੰਨਤਾ ਤੇ ਅਨੁਭਵ ਨੂੰ ਇਸੇ ਸਾਰਥਕ ਤੇ ਉਸਾਰੂ ਪ੍ਰੇਰਨਾ ਦੀ ਦ੍ਰਿਸ਼ਟੀ ਤੋਂ ਵੇਖਿਆ ਹੈ। ਆਪ ਇਸ ਅਧਿਆਤਮਕ ਪਰਮ-ਚੇਤਨਾ ਨੂੰ ਤਰਕਸ਼ਾਸਤਰੀ ਜੁਗਤਾਂ ਦੀ ਬੌਧਿਕ ਵਿਆਖਿਆ ਤੋਂ ਪਰੇ ਦੀ ਤੇ ਉਚੇਰੀ ਗੱਲ ਦਸਦੇ ਹਨ। ਨਾ ਹੀ ਅਧਿਆਤਮਕ ਗਿਆਨ ਨਿਰਗੁਣ ਸਰੂਪ ਦੇ ਅਮੂਰਤ ਸੰਕਲਪਾਂ ਤਕ ਪਹੁੰਚਣ ਦਾ ਕੋਈ ਵਿਧੀ-ਵਿਧਾਨ ਹੈ, ਸਗੋਂ ਇਸ ਦਾ ਆਭਾਸ ਤਾਂ ਸਰਗੁਣ ਸਰੂਪ ਦੀ ਪ੍ਰਕ੍ਰਿਆ ਵਿਚ ਹੁੰਦਾ ਹੈ। ਮਨੁੱਖੀ ਸਰੂਪ ਵਿਚ ਇਹ ਉਸ ਅੰਦਰ ਪ੍ਰੇਮ, ਕਰੁਣਾ, ਦਇਆ, ਸੇਵਾ ਦੀ ਭਾਵਨਾ ਨੂੰ ਜਗਾਉਂਦੀ ਹੈ ਅਤੇ ਸਰਬਤ ਦੇ ਭਲੇ ਲਈ ਸੁਚੀ ਕਿਰਤ ਨੂੰ ਉਤਸ਼ਾਹ ਦੇਣ ਵਾਲੀ ਹੈ। ਪ੍ਰੋ.ਪੂਰਨ ਸਿੰਘ ਦਾ ਮਤ ਹੈ ਕਿ ਜਿਵੇਂ ਵਿਗਿਆਨ ਦੀ ਭੌਤਿਕ

ਸਤਾ ਦੇ ਬੋਧ ਲਈ ਇਸ ਦਾ ਭੌਤਿਕ ਵਿਗਿਆਨ ਮੌਜੂਦ ਹੈ, ਤਿਵੇਂ ਹੀ ਆਤਮਾ ਦਾ ਬੋਧ ਪ੍ਰਾਪਤ ਕਰਨ ਲਈ ਵੀ ਭੌਤਿਕ ਵਿਗਿਆਨ ਮੌਜੂਦ ਹੈ। ਅਧਿਆਤਮਕ ਆਦਰਸ਼ਾਂ ਤਕ ਪਹੁੰਚਣ ਲਈ ਵੀ ਭੌਤਿਕੀ ਵਰਤਾਰਾ ਕਰਮਸ਼ੀਲ ਰਹਿੰਦਾ ਹੈ ਤੇ ਇਸੇ ਲਈ ਆਪ ਨੇ ਗੁਰਮਤ ਨੂੰ ਆਧਾਰ ਬਣਾ ਕੇ ਇਸ ਅਧਿਆਤਮਕ ਗਿਆਨ-ਬੋਧ ਤੇ ਆਤਮਕ ਸੰਸਕ੍ਰਿਤੀ ਦੀ ਸ੍ਰਿਸ਼ਟੀ ਕਰ ਸਕਣ ਲਈ ਇਹ ਅਧਿਆਤਮਕ ਯਾਤਰਾ ਕੀਤੀ ਹੈ ਤੇ ਇਸ ਦੇ ਸਿਟਿਆਂ ਨੂੰ ਦੂਜਿਆਂ ਨਾਲ ਵੀ ਸਾਂਝਾ ਕਰਨ ਦਾ ਯਤਨ ਕੀਤਾ ਹੈ।

ਆਪ ਸਿੱਖ-ਸਮਾਜ ਵਿਚ ਗੁਰੂ ਨੂੰ ਜੀਵਨ ਦਾ ਕੇਂਦਰ-ਬਿੰਦੂ ਦਸਦੇ ਹਨ। ਸਿੱਖ ਦੇ ਅੰਦਰ ਇਸ ਆਤਮਕ ਗਿਆਨ ਅਨੁਭਵ ਨੂੰ ਜਗਾਉਣ ਲਈ ਉਸ ਦਾ ਗੁਰਮੁਖ ਅਤੇ ਪ੍ਰਭੂ-ਮੁਖ ਹੋਣਾ ਜ਼ਰੂਰੀ ਹੈ। ਗੁਰੂ ਦੇ ਸਰੂਪ ਵਿਚ ਕੇਵਲ ਸਿੱਖ-ਜਗਤ ਨੂੰ ਹੀ ਨਹੀਂ, ਸਗੋਂ ਸਾਰੇ ਵਿਸ਼ਵ ਨੂੰ ਉਹ ਅਖੁਟ ਪ੍ਰੇਰਨਾ-ਸ੍ਰੋਤ, ਸਹਿਜ ਸ਼ਾਂਤੀ ਦਾ ਸਾਖਿਆਤ ਸਰੂਪ ਤੇ ਜੀਵਨ ਦਾ ਉਤਸ਼ਾਹ ਬੰਣਾਊ, ਰਖਿਅਕ ਤੇ ਦਾਤਾ ਪ੍ਰਾਪਤ ਹੋਇਆ, ਜਿਸ ਨੇ ਜੀਵਨ ਦੀ ਧਾਰਾ ਨੂੰ ਨਵੀਂ ਗਤੀ ਪ੍ਰਦਾਨ ਕੀਤੀ। ਗੁਰੂ ਦੇ ਸਰੂਪ ਵਿਚ ਹੀ ਪ੍ਰਭੂ-ਪ੍ਰੀਤਮ ਦੇ ਸਾਖਿਆਤ ਸਰੂਪ ਨੂੰ ਲਖਿਆ ਪੇਖਿਆ ਜਾ ਸਕਦਾ ਹੈ ਤੇ ਉਸ ਦੇ ਦੱਸੇ ਆਦਰਸ਼ਾਂ ਦੁਆਰਾ ਹਰ ਕੋਈ ਆਪਣੇ ਜੀਵਨ ਨੂੰ ਸਾਰਥਕ ਸੇਧ ਦੇ ਸਕਦਾ ਹੈ। ਗੁਰੂ ਨਾਨਕ ਦੇ ਸਰੂਪ ਵਿਚ ਸੰਸਾਰ ਨੂੰ ਅਜਿਹਾ ਹੀ ਮਹਾਨ ਗੁਰੂ ਪ੍ਰਾਪਤ ਹੋਇਆ, ਜਿਸ ਨੂੰ ਸਭ ਪ੍ਰੇਮ ਕਰਦੇ ਸਨ ਤੇ ਆਪ ਵੀ ਸਭ ਨੂੰ ਪ੍ਰੇਮ ਕਰਦੇ ਸਨ। ਪਰ ਉਸ ਸਮੇਂ ਦੇ ਲੋਕ ਗੁਰੂ ਨਾਨਕ ਦੇਵ ਦੀ ਵਡਿਆਈ ਨੂੰ ਪੂਰੀ ਤਰ੍ਹਾਂ ਜਾਣ ਨਹੀਂ ਸਨ ਸਕੇ ਤੇ ਉਹਨਾਂ ਦੀ ਵਡਿਆਈ ਤਕ ਪਹੁੰਚਣ ਲਈ ਕਾਫੀ ਸਮਾਂ ਲਗ ਸਕਦਾ ਹੈ। ਮਨੁੱਖੀ ਇਤਿਹਾਸ ਵਿਚ ਆਪ ਬੁਧ, ਈਸਾ, ਹਜ਼ਰਤ ਮੁਹੰਮਦ ਤੇ ਗੁਰੂ ਨਾਨਕ ਨੂੰ ਮਨੁੱਖੀ ਇਤਿਹਾਸ ਦੀਆਂ ਚਮਤਕਾਰੀ ਘਟਨਾਵਾਂ ਦਸਦੇ ਹਨ। ਇਹਨਾਂ ਮਹਾਨ ਵਿਅਕਤੀਆਂ ਦਾ ਮਾਨਵੀ ਸਰੂਪ ਵਖ ਵਖ ਸਮੇਂ ਸਭ ਲਈ ਇਕ ਆਦਰਸ਼ ਮਾਡਲ ਬਣ ਗਿਆ ਅਤੇ ਮਨੁੱਖ ਦੇ ਧਾਰਮਿਕ ਤੇ ਅਧਿਆਤਮਕ ਸੰਸਕ੍ਰਿਤੀ ਦੇ ਖੇਤਰ ਵਿਚ ਨਵੀਆਂ ਲਹਿਰਾਂ ਉਤਪੰਨ ਹੋਈਆਂ। ਇਹ ਸਾਰੇ ਕੋਮਲ ਹਿਰਦਾ ਰਖਣ ਵਾਲੇ ਪਰਮ ਪੁਰਖ ਸਨ, ਜਿਨ੍ਹਾਂ ਵਿਚ ਪ੍ਰਮੇਸ਼ਵਰ ਦੀ ਜੋਤ ਵਿਦਮਾਨ ਸੀ ਅਤੇ ਜੋ ਆਪਣੇ ਨਾਲ ਜੋੜ ਕੇ ਇਕ ਮਾਡਲ ਦੇ ਰੂਪ ਵਿਚ ਸਾਨੂੰ ਸਭ ਨੂੰ ਪ੍ਰਭੂ-ਮੁਖੀ ਬਣਾਉਂਦੇ ਸਨ। ਜੇ ਪੁਛਿਆ ਜਾਵੇ ਕਿ ਪ੍ਰਭੂ ਦਾ ਸਰੂਪ ਕੀ ਹੈ ਤਾਂ ਇਹਨਾਂ ਦਾ ਉਤਰ ਸੀ, "ਮਹਾਂ ਪ੍ਰੇਮ ਤੇ ਮਹਾਂ ਕਰੁਣਾ। ਸਭ ਲਈ ਪ੍ਰੇਮ ਤੇ ਸਭ ਉਪਰ ਦਇਆ ਅਤੇ ਸਿਧਾ-ਸਾਦਾ ਜੀਵਨ ਬਤੀਤ ਕਰਕੇ ਸਰਬ-ਸਾਂਝੀਵਾਲਤਾ ਦਾ ਅਹਿਸਾਸ।" ਬੋਧਿਸਤਵ ਪ੍ਰਾਪਤ ਹੋਣ ਪਿਛੋਂ ਮਹਾਤਮਾ ਬੁਧ ਨੇ ਸੰਘ ਸਥਾਪਿਤ ਕੀਤਾ ਅਤੇ ਆਤਮਕ ਤੌਰ 'ਤੇ ਨਿਰਵਾਣ ਪ੍ਰਾਪਤ ਕਰਨ ਲਈ ਆਤਮ ਸੰਜਮ ਦੇ ਅਸ਼ਟਾਂਗ ਅਰਥਾਤ ਸਹਿਜ ਮਾਰਗ ਦੀ ਸੋਝੀ ਕਰਵਾਈ। ਇਹਨਾਂ ਤੋਂ ਲੋਕਾਂ ਨੂੰ ਅਥਾਹ ਪ੍ਰੇਰਨਾ ਮਿਲੀ ਤੇ ਇਕ ਉਚ ਪ੍ਰਕਾਰ ਦੇ ਸਹਿਜ ਸਮਾਜ ਦੀ ਸਥਾਪਤੀ ਲਈ ਵੀ ਬੁਧ ਨੇ ਰਾਹ ਪਧਰਾ ਕੀਤਾ।

ਆਪਣੇ ਪ੍ਰੇਮ, ਕਰੁਣਾ ਤੇ ਸਵੈ-ਸਾਧਨਾ ਸਦਕਾ ਇਹ ਵਿਸ਼ਵ-ਧਰਮ ਬਣ ਗਿਆ ਅਤੇ ਸੰਸਾਰ ਭਰ ਵਿਚ ਉਚਤਮ ਕਲਾ-ਕਿਰਤਾਂ ਦਾ ਮੁਖ ਸ੍ਰੋਤ ਵੀ ਬਣਿਆ। ਇਹੋ ਗੱਲ ਹੀ ਈਸਾ ਤੇ ਮੁਹੰਮਦ ਸਾਹਿਬ ਦੇ ਸਮੇਂ, ਉਹਨਾਂ ਦੇ ਸਰੂਪ ਵਿਚ ਹੋਂਦ ਵਿਚ ਆਈ।

ਉਪਨਿਸ਼ਦਾਂ ਦੇ ਆਤਮ ਗਿਆਨ ਵਿਚ ਭਾਵੇਂ ਆਤਮਾ ਦਾ ਬੋਧ ਪ੍ਰਾਪਤ ਹੁੰਦਾ ਸੀ, ਪਰ ਇਹ ਬ੍ਰਹਮ ਅਨੁਭਵ ਨਿਰੋਲ ਅਨੁਭਵ ਉਤੇ ਕੇਂਦਰਿਤ ਸੀ। ਉਪਨਿਸ਼ਦਾਂ ਦੇ ਗਿਆਨ ਤੇ ਹੋਰ ਭਾਰਤੀ ਦਾਰਸ਼ਨਿਕ ਪਧਤੀਆਂ ਨੇ ਕੇਵਲ ਵਿਅਕਤੀਗਤ ਮੋਖ ਦੇ ਸਵੈ-ਸਾਧਨਾਂ ਤਕ ਹੀ ਆਪਣੇ ਆਪ ਨੂੰ ਸੀਮਿਤ ਰਖਿਆ। ਸ਼ੰਕਰਾਚਾਰੀਆ ਵਰਗੇ ਮਹਾਂ-ਚਿੰਤਕ ਨੇ ਵੀ ਸੰਸਾਰ ਨੂੰ ਮਿਥਿਆ ਦੱਸ ਕੇ ਇਸ ਵਲੋਂ ਉਪਰਾਮ ਕਰ ਦਿਤਾ। ਮੁਹੰਮਦ ਸਾਹਿਬ ਨੇ ਵੀ ਆਪਣੇ ਅਨੁਆਈਆਂ ਅੰਦਰ ਇਸ ਏਕਤਾ ਦੇ ਭਾਵ ਨੂੰ ਜਗਾਇਆ, ਪਰ ਜਦੋਂ ਉਹਨਾਂ ਅੰਦਰ ਸੰਸਾਰਕ ਸ਼ਕਤੀਆਂ ਬਣਨ ਦੀ ਲਾਲਸਾ ਜਾਗੀ ਤਾਂ ਇਹ ਕੋਮਲ ਧਰਮ ਬਾਬਰਾਂ ਤੇ ਜਾਬਰਾਂ ਦਾ ਇਤਿਹਾਸਕ ਦੁਖਾਂਤ ਬਣ ਗਿਆ। ਗੁਰਮਤ ਦੀਆਂ ਜੜ੍ਹਾਂ ਭਾਵੇਂ ਪੁਰਾਤਨ ਧਾਰਮਿਕ ਸ੍ਰੋਤਾਂ ਵਿਚ ਹਨ ਅਤੇ ਗੁਰੂ ਸਾਹਿਬਾਨ ਨੇ ਪੁਰਾਤਨ ਭਾਰਤੀ ਮਤਾਂ-ਮਤਾਂਤਰਾਂ ਦੀ ਬਹੁਤ ਸਾਰੀ ਪਰਿਭਾਸ਼ਕ ਸ਼ਬਦਾਵਲੀ ਤੇ ਮਿਥਿਹਾਸਕ ਦੇਵ-ਮਾਲਾ ਦਾ ਆਪਣੀ ਬਾਣੀ ਵਿਚ ਅਲੰਕਾਰਕ ਰੂਪ ਵਿਚ ਉਪਯੋਗ ਕੀਤਾ ਹੈ, ਪਰ ਪ੍ਰੋ.ਪੂਰਨ ਸਿੰਘ ਦੀ ਦ੍ਰਿਸ਼ਟੀ ਅਨੁਸਾਰ ਇਹ ਗੁਣਾਤਮਕ ਤੌਰ 'ਤੇ ਪੁਰਾਤਨ ਧਰਮਾਂ ਨਾਲੋਂ ਵਿਸ਼ੇਸ਼ ਤੇ ਨਵੀਨ ਸੀ ਅਤੇ ਇਸ ਵਿਚ ਉਹ ਆਧੁਨਿਕ ਚੇਤਨਾ ਤੇ ਸੰਵੇਦਨਸ਼ੀਲਤਾ ਵਿਦਮਾਨ ਸੀ ਜੋ ਹੁਣ ਵੀ ਕਿਸੇ ਸ੍ਰੇਸ਼ਠ ਸਭਿਅਤਾ ਤੇ ਮਾਨਵ-ਮਾਤਰ ਦੀ ਏਕਤਾ, ਪ੍ਰੇਮ ਤੇ ਪ੍ਰਗਤੀਸ਼ੀਲ ਉਸਾਰੂ ਦ੍ਰਿਸ਼ਟੀ ਤੋਂ ਭਵਿਖਾਰਥੀ 'ਆਦਰਸ਼ ਸਮਾਜ' ਦੀ ਸਿਰਜਣਾ ਕਰ ਸਕਦੀ ਹੈ। ਸਭ ਸੱਚੇ ਧਰਮਾਂ ਦਾ ਮੁਖ ਆਸ਼ਾ ਮਾਨਵਵਾਦੀ ਹੁੰਦਾ ਹੈ ਅਤੇ ਇਕ ਵਿਆਪਕ ਸਰਬ-ਸਾਂਝ ਦੀ ਚੇਤੰਨਤਾ ਨੂੰ ਜਗਾਉਣਾ ਹੁੰਦਾ ਹੈ, ਜੋ ਨਾ ਕੇਵਲ ਮਨੁੱਖ-ਮਾਤਰ ਨੂੰ ਸਗੋਂ ਸਮੂਹ ਜੀਵ-ਜੰਤ ਦੀ ਸਾਂਝੀਵਾਲਤਾ ਦੀ ਪਛਾਣ ਕਰਵਾ ਸਕੇ। ਜਿਸ ਸਮਾਜ ਵਿਚ ਬੇਗਾਨਗੀ ਜਾਂ ਦੂਈ ਦਵੈਖ ਦੇ ਭਾਵ ਮੌਜੂਦ ਹੋਣਗੇ, ਉਸ ਨੂੰ ਆਦਰਸ਼-ਸਮਾਜ ਕਿਵੇਂ ਮੰਨਿਆ ਜਾ ਸਕਦਾ ਹੈ ? ਇਸੇ ਮਨੁੱਖੀ ਕਰਤੱਵ ਦੀ ਭਾਵਨਾ ਨੂੰ ਜਗਾ ਸਕਣਾ ਹੀ ਸਭ ਤੋਂ ਉਚੀ ਧਾਰਮਿਕ ਚੇਤਨਾ ਹੋ ਸਕਦੀ ਹੈ ਤੇ ਇਹੀ ਅਧਿਆਤਮਕ ਚੇਤਨਾ ਦਾ ਮੂਲ-ਭੂਤ ਆਧਾਰ ਤੇ ਕੇਂਦਰ-ਬਿੰਦੂ ਹੁੰਦਾ ਹੈ। ਇਸ ਅਧਿਆਤਮਕ ਗਿਆਨ ਦੇ ਆਧਾਰ 'ਤੇ ਜਦੋਂ ਕਿਸੇ ਵਿਸ਼ੇਸ਼ ਸਮਾਜਕ ਸੰਸਕ੍ਰਿਤੀ ਦਾ ਜੀਵਿਤ ਇਤਿਹਾਸ ਸਿਰਜਿਆ ਜਾਂਦਾ ਹੈ ਤਾਂ ਹੀ ਇਸ ਆਤਮਕ ਸੰਸਕ੍ਰਿਤੀ ਦੇ ਆਦਰਸ਼ ਸਰੂਪ ਦਾ ਥਾਹ ਪਾਇਆ ਜਾ ਸਕਦਾ ਹੈ।

ਪ੍ਰੋ.ਪੂਰਨ ਸਿੰਘ ਜੀ ਦਾ ਇਤਿਹਾਸ ਬਾਰੇ ਵੀ ਬੜਾ ਨਵੇਕਲਾ ਹੀ ਦ੍ਰਿਸ਼ਟੀਕੋਣ ਹੈ। ਇਤਿਹਾਸ ਕੇਵਲ ਬਾਹਰਮੁਖੀ ਤਿਥਾਂ-ਤੱਥਾਂ, ਨਗਰਾਂ-ਸ਼ਹਿਰਾਂ, ਰਾਜਨੀਤਕ ਉਥਲਾਂ ਪੁਥਲਾਂ ਦਾ ਯਥਾਰਥ ਬੋਧ ਹੀ ਨਹੀਂ ਹੁੰਦਾ, ਸਗੋਂ ਇਸ ਦੀ

ਪਛਾਣ ਤਾਂ ਉਹਨਾਂ ਮਹਾਂ-ਮਾਨਵਾਂ ਦੇ ਰੂਪ ਵਿਚ ਹੁੰਦੀ ਹੈ, ਜੋ ਸਮੁੱਚੇ ਇਤਿਹਾਸ ਦੀ ਧਾਰਾ ਨੂੰ ਬਦਲ ਦਿੰਦੇ ਹਨ, ਜਿਨ੍ਹਾਂ ਦੇ ਪਿਛੇ ਪ੍ਰਭੂ-ਪ੍ਰੀਤਮ ਆਪ ਖੜ੍ਹਾ ਹੁੰਦਾ ਹੈ।

ਨਿਸ਼ਚੇ ਹੀ ਗੁਰੂ ਨਾਨਕ ਦੇਵ ਜੀ ਤੇ ਉਹਨਾਂ ਤੋਂ ਪਿਛੋਂ ਸਾਰੇ ਗੁਰੂ ਸਾਹਿਬਾਨ ਨੇ ਆਪਣੇ ਜੀਵਨ ਤੇ ਬਾਣੀ ਤੇ ਸੰਗਠਨਾਤਮਕ ਕਰਮਾਂ ਦੀ ਲੜੀ ਰਾਹੀਂ ਇਕ ਨਵੇਂ ਆਤਮਕ ਸਮਾਜ ਦੀ ਸਿਰਜਣਾ ਕੀਤੀ। ਇਹ ਇਕ ਨਿਰੰਤਰ ਰੂਪ ਦਾ ਵਰਤਾਰਾ ਸੀ, ਜੋ ਗੁਰੂ ਨਾਨਕ ਸਾਹਿਬ ਤੋਂ ਆਰੰਭ ਹੋ ਕੇ ਪਿਛਲੇ 500 ਤੋਂ ਵੀ ਵਧੀਕ ਸਾਲਾਂ ਵਿਚ ਗਤੀਮਾਨ ਰਿਹਾ ਹੈ—ਜਿਸ ਵਿਚ ਹਾਲੀ ਵੀ ਉਜਲ ਭਵਿੱਖ ਦੀਆਂ ਸੰਭਾਵਨਾਵਾਂ ਮੌਜੂਦ ਹਨ। ਜੇ ਸੰਪਰਦਾਈ ਦ੍ਰਿਸ਼ਟੀ ਤੋਂ ਉਪਰ ਉਠ ਕੇ ਵਿਸ਼ਵ-ਵਿਆਪੀ ਸਰੂਪ ਵਿਚ ਵੇਖਿਆ ਜਾਵੇ ਤਾਂ ਗੁਰੂ ਸਾਹਿਬ ਨੇ ਵਿਸ਼ਵ-ਵਿਆਪੀ ਆਤਮਕ ਸਮਾਜ ਦੀ ਸਿਰਜਣਾ ਕੀਤੀ ਹੈ, ਜਿਸ ਵਿਚ ਆਪ ਨੇ ਨਾਮ ਦੀ ਪ੍ਰਭੂ-ਚੇਤਨਾ ਨੂੰ ਪ੍ਰਦਾਨ ਕਰਕੇ ਮਨੁੱਖ-ਮਾਤਰ ਦੇ ਦ੍ਰਿਸ਼ਟੀਕੋਣ ਨੂੰ ਸਰਵਤਰ ਰੂਪ ਵਿਚ ਵਿਆਪਕ ਪ੍ਰਭੂ-ਚੇਤੰਨਤਾ ਜਿੰਨਾਂ ਹੀ ਵਿਸ਼ਾਲ ਤੇ ਅਨੰਤ ਬਣਾ ਦਿਤਾ ਹੈ। ਇਸ ਚੇਤੰਨਤਾ ਦਾ ਸਰੂਪ ਕਾਲਾਤੀਤ ਤੇ ਦੇਸ਼ਾਤੀਤ ਹੈ। ਇਸੇ ਲਈ ਪ੍ਰੋ.ਪੂਰਨ ਸਿੰਘ ਦਾ ਇਹ ਵਿਸ਼ਵਾਸ ਹੈ ਕਿ ਇਸ ਪਰਮ-ਚੇਤੰਨਤਾ ਦਾ ਸਰੂਪ ਅਨੁਰਾਗਮਈ ਤੇ ਤੀਬਰ ਰੂਪ ਦੀ ਪ੍ਰੇਮ ਤੇ ਕਰੁਣਾ ਭਾਵਨਾ ਨਾਲ ਭਰਪੂਰ ਪ੍ਰਗੀਤਕ ਹੈ। ਇਹ ਸ੍ਰਿਸ਼ਟੀ ਦੇ ਸਾਰੇ ਜੀਵ-ਜੰਤਾਂ ਨੂੰ ਇਕ ਸੂਤਰ ਵਿਚ ਪ੍ਰੋਣ ਵਾਲਾ ਸ੍ਰੇਸ਼ਟ ਅਨੁਭਵ ਹੈ। ਨਾਮ ਭਾਵੇਂ ਸ਼ਬਦ ਸਰੂਪ ਹੈ, ਪਰ ਇਸ ਦਾ ਵੀ ਇਕ ਸਰਗੁਣ ਅਸਤਿਤਵ ਹੈ। ਇਸ ਚਿੰਤਕ ਦਾ ਕਥਨ ਹੈ ਕਿ 'ਪ੍ਰਭੂ ਦਾ ਸਰੂਪ ਪ੍ਰੇਮ ਦਾ ਹੈ ਅਤੇ ਸੰਗੀਤ ਉਸ ਦੀ ਭਾਸ਼ਾ ਹੈ।' ਇਹੋ ਕਾਰਨ ਹੈ ਕਿ ਗੁਰਬਾਣੀ ਦੇ ਉਚਤਮ ਕਾਵਿ ਨੂੰ ਸੰਗੀਤ ਨਾਲ ਸੰਯੁਕਤ ਕਰ ਦਿਤਾ ਗਿਆ ਹੈ। ਪਰ ਇਹ ਸੰਗੀਤ ਕੀ ਹੈ ? ਇਹ ਹੈ ਵਿਸਮਾਦ ਨਾਦ ਦੀ ਕਲਾ ਜੋ ਮਨੁੱਖ ਨੂੰ ਨਹੀਂ, ਪਸ਼ੂ, ਪੰਛੀਆਂ ਤੇ ਪੁੰਨੀ ਪਾਪੀਆਂ ਨੂੰ ਇਕ ਸਮਾਨ ਪ੍ਰਭਾਵਿਤ ਕਰ ਦਿੰਦੀ ਹੈ। ਜਿਵੇਂ ਗੁਰੂ ਸਮਾਜ ਵਿਚ ਸਭ ਦਾ ਰੱਖਿਅਕ ਤੇ ਸਭ ਲਈ ਪ੍ਰੇਮ ਤੇ ਸ਼ਾਂਤੀ ਦਾ ਸ੍ਰੋਤ ਹੈ, ਤਿਵੇਂ ਹੀ ਉਸ ਦੀ ਬਾਣੀ ਸਭ ਨੂੰ ਠੰਡ ਵਰਤਾਉਣ ਵਾਲੀ ਹੈ। ਹਰੀਜਨਾਂ, ਬ੍ਰਹਮ-ਗਿਆਨੀਆਂ, ਸੰਤਾਂ, ਭਗਤਾਂ, ਭਾਈਆਂ, ਪਿਆਰਿਆਂ, ਗੁਰਮੁਖਾਂ ਤੇ ਖ਼ਾਲਸਾ ਦੇ ਰੂਪ ਵਿਚ ਇਕ ਆਦਰਸ਼ਕ ਆਤਮਕ ਰਾਜਤੰਤਰ ਦੀ ਸਿਰਜਣਹਾਰ ਵੀ ਹੈ। ਖ਼ਾਲਸਾ-ਤੰਤਰ ਨੂੰ ਲੇਖਕ ਨੇ ਇਕ ਆਦਰਸ਼ਕ ਜਨ-ਸਮੂਹ ਕਿਹਾ ਹੈ, ਜੋ ਮਤ-ਪਰਚੀਆਂ ਦੇ ਲੋਕਤੰਤਰ ਤੋਂ ਉਚੇਰਾ ਤੇ ਗੁਰੂ ਵਿਰੋਸਾਈ ਸਾਧ-ਸੰਗਤ ਦਾ ਆਪਾ ਵਾਰੂ ਜਨ-ਸਮੂਹ ਹੈ, ਜੋ ਨਿਸ਼ਕਾਮ ਰੂਪ ਵਿਚ ਮਾਨਵ-ਜਾਤੀ ਤੇ ਮਜ਼ਲੂਮਾਂ ਦੀ ਰੱਖਿਆ ਕਰਨ ਹਿਤ ਤੇ ਆਦਰਸ਼ ਰੂਪ ਦੇ ਮਾਨਵ ਧਰਮ ਦੇ ਪ੍ਰਸਾਰ ਲਈ ਰਚਿਆ ਗਿਆ ਹੈ। ਇਹ ਸਵਾਰਥੀ ਨਹੀਂ, ਪਰ ਸਵਾਰਥ ਦੇ ਉਪਕਾਰੀ ਕਰਮਾਂ ਨਾਲ ਜੁੜਿਆ ਰਹਿੰਦਾ ਹੈ। ਖ਼ਾਲਸਾ ਕੇਵਲ ਵਿਅਕਤੀਗਤ ਮੋਖ ਜਾਂ ਮੁਕਤੀ ਲਈ ਨਾਮ ਸਿਮਰਨ ਨਹੀਂ ਕਰਦਾ, ਨਾ ਹੀ ਹਠ-ਯੋਗ ਆਦਿ ਦੇ ਸੰਜਮੀ ਯੋਗ-ਅਭਿਆਸਾਂ ਦੁਆਰਾ ਕਿਸੇ

ਆਤਮਕ ਸ਼ੂਨਯ ਤਕ ਪਹੁੰਚਦਾ ਹੈ, ਸਗੋਂ ਇਹ ਤਾਂ ਇਕ ਅਜਿਹੇ ਆਤਮ ਮੰਡਲ ਨੂੰ ਸਿਰਜਦਾ ਹੈ, ਜਿਸ ਵਿਚ ਕੇਵਲ ਭਲੇ ਪੁਰਸ਼ਾਂ ਦੀਆਂ ਆਤਮਾਵਾਂ ਸਦਾ ਆਤਮਕ ਜਿਗਿਆਸੂ ਦੀ ਸਹਾਇਤਾ ਤੇ ਅਗਵਾਈ ਲਈ ਤਤਪਰ ਰਹਿੰਦੀਆਂ ਹਨ।

ਅਧਿਆਤਮਕ ਜੀਵਨ ਦੇ ਇਸ ਉਪਰੋਕਤ ਵਰਤਾਰੇ ਉਤੇ ਪ੍ਰੋ.ਪੂਰਨ ਸਿੰਘ ਨੇ ਕਾਫੀ ਪ੍ਰਕਾਸ਼ ਪਾਇਆ ਹੈ। ਇਸ ਸਾਰੇ ਵਿਕਾਸ ਵਰਤਾਰੇ ਦਾ ਪ੍ਰਯੋਜਨ ਭੌਤਿਕ ਤੇ ਆਤਮਕ ਰੂਪ ਵਿਚ ਪੂਰਨਤਾ ਵਲ ਨੂੰ ਅਗੇ ਵਧਣਾ ਹੈ। ਪੂਰਨਤਾ ਦਾ ਵੀ ਕੋਈ ਇਕ ਪੜਾ ਨਹੀਂ ਹੁੰਦਾ, ਸਗੋਂ ਇਕ ਮੰਜ਼ਿਲ ਤੋਂ ਪਿਛੋਂ ਹੋਰ ਮੰਜ਼ਿਲ ਦੀ ਸੋਝੀ ਹੋ ਜਾਂਦੀ ਹੈ। ਇਸੇ ਤਰ੍ਹਾਂ ਆਪ ਇਸ ਲੋਕ ਤੇ ਪਰਲੋਕ ਦੀ ਵਿਆਖਿਆ ਕਰਦੇ ਹਨ। ਜਿਵੇਂ ਇਸ ਸੰਸਾਰ ਵਿਚ ਜੀਵਨ ਦੇ ਸਫਲ ਨਿਰਬਾਹ ਲਈ ਸਹਾਇਕਾਂ ਤੇ ਮਿਤਰਾਂ ਦੀ ਲੋੜ ਹੈ, ਤਿਵੇਂ ਹੀ ਪਰਲੋਕ ਵਿਚ ਵੀ ਸਹਾਇਕ ਤੇ ਮਿੱਤਰ ਲੋੜੀਂਦੇ ਹਨ। ਆਪ ਦਾ ਇਹ ਦ੍ਰਿੜ੍ਹ ਵਿਸ਼ਵਾਸ ਹੈ ਕਿ ਗੁਰੂ ਸਾਹਿਬਾਨ ਆਪਣੇ ਦਸਾਂ ਸਰੂਪਾਂ ਵਿਚ ਸਚਖੰਡ ਵਿਚ ਸੁਭਾਏਮਾਨ ਹਨ। ਇਥੇ ਸੰਤਾਂ-ਭਗਤਾਂ ਤੇ ਸ਼ਹੀਦਾਂ-ਮੁਰੀਦਾਂ ਦੇ ਆਤਮਕ ਸੰਸਾਰ ਨੂੰ ਸਿਰਜ ਰਹੇ ਹਨ, ਪਰ ਉਹਨਾਂ ਸਭ ਆਤਮਾਵਾਂ ਜਿਨ੍ਹਾਂ ਉਤੇ ਪ੍ਰਭੂ ਦੀ ਮਿਹਰ ਤੇ ਗੁਰੂ ਦੀ ਕਿਰਪਾ ਦ੍ਰਿਸ਼ਟੀ ਹੈ, ਉਹ ਇਸ ਸੰਸਾਰ ਵਿਚ ਆਪਣੇ ਵਿਅਕਤੀਗਤ ਸੁਖ ਲਈ ਨਹੀਂ ਆਏ। ਉਹਨਾਂ ਦਾ ਕੰਮ ਤਾਂ ਸਭ ਨੂੰ ਮਨੁੱਖੀ ਪ੍ਰੇਮ ਵਿਚ ਪ੍ਰੋਣਾ ਹੈ।

ਪ੍ਰੋ.ਪੂਰਨ ਸਿੰਘ ਨੇ ਖ਼ਾਲਸਾ-ਤੰਤਰ ਦੀ ਜੋ ਅਦੁਤੀ ਵਿਆਖਿਆ ਕੀਤੀ ਹੈ, ਉਸ ਅਨੁਸਾਰ ਗੁਰੂ ਸਾਹਿਬਾਨ ਦਾ ਸਮਾਜਕ ਦ੍ਰਿਸ਼ਟੀਕੋਣ ਲੋਕਤੰਤਰਕ ਤੇ ਜਨ-ਹਿਤਕਾਰੀ ਰਿਹਾ ਹੈ। ਆਪ ਗੁਰੂ ਸਾਹਿਬਾਨ ਦੁਆਰਾ ਨਿਜੀ ਜੀਵਨ ਵਿਚ ਅਦੁਤੀ ਬਲੀਦਾਨਾਂ ਤੇ ਉਹਨਾਂ ਦੇ ਬੀਰ ਖ਼ਾਲਸੇ ਦੇ ਰੂਪ ਵਿਚ ਕੀਤੀਆਂ ਕੁਰਬਾਨੀਆਂ ਦਾ ਜ਼ਿਕਰ ਕਰਦੇ ਹਨ। ਇਹ ਇਕ ਗੁਰੂ ਦੇ ਨਾਮ ਦੀ ਸੰਸਕ੍ਰਿਤੀ ਸੀ, ਜਿਸ ਨੇ ਮਨੁੱਖ ਨੂੰ ਗੁਰੂ ਨਮਿਤ ਨਿਸ਼ਕਾਮ ਭਾਵਨਾ ਦੁਆਰਾ ਸਮਰਪਿਤ ਕਰ ਦਿਤਾ ਤੇ ਇਹਨਾਂ ਨੇ ਇਤਿਹਾਸ ਵਿਚ ਅਦੁਤੀ ਚਮਤਕਾਰੀ ਕਾਰਨਾਮੇ ਕਰ ਵਿਖਾਏ। ਇਹ ਸਮਾਜ ਜਾਂ ਖ਼ਾਲਸਾ-ਤੰਤਰ ਵਰਤਮਾਨ ਸਮੇਂ ਦੀ ਰਾਜਸੀ ਸਤਾ ਦੀ ਪ੍ਰਾਪਤੀ ਲਈ ਭੌਤਿਕ ਸ਼ਕਤੀਆਂ ਦੁਆਰਾ ਜਾਂ ਦਲਗਤ ਮਤ-ਪਰਚੀਆਂ ਦੁਆਰਾ ਨਹੀਂ ਸਿਰਜਿਆ ਜਾ ਸਕਦਾ, ਸਗੋਂ ਇਸ ਵਿਚ ਤਾਂ ਪ੍ਰੇਮ ਦਾ ਸੰਪੂਰਨ ਵਿਵਹਾਰ ਵਿਦਮਾਨ ਹੁੰਦਾ ਹੈ। ਇਹ ਪ੍ਰੇਮ ਦੇ ਸੰਪੂਰਨ ਆਦਰਸ਼ਾਂ ਨਾਲ ਜੁੜਿਆ ਹੋਇਆ ਹੈ। ਇਹ ਸਭ ਦੀ ਖ਼ੁਸ਼ਹਾਲੀ ਤੇ ਪ੍ਰਗਤੀ ਨੂੰ ਲੋਚਣ ਵਾਲਾ ਵਿਸ਼ਾਲ ਸਾਮਰਾਜ ਹੈ।

ਪ੍ਰੋ.ਪੂਰਨ ਸਿੰਘ ਨੇ ਤੀਜੇ ਭਾਗ ਦੇ 29 ਦਾਰਸ਼ਨਿਕ ਨਿਬੰਧਾਂ ਵਿਚ ਸਿੱਖ ਆਤਮਕ ਸੰਸਕ੍ਰਿਤੀ ਦੇ ਅਨੇਕ ਪੱਖਾਂ ਉਤੇ ਵਿਚਾਰ ਕੀਤੀ ਹੈ। ਜੋ ਧਰਮ, ਗੁਰੂ, ਪ੍ਰੇਮ, ਇਤਿਹਾਸ, ਕਲਾ, ਸਾਹਿਤ ਜਾਂ ਬਾਣੀ, ਸੰਗੀਤ, ਨਾਮ, ਕਿਰਤ, ਸੁਹਜ-ਸ਼ਾਸਤਰ, ਨੈਤਿਕ-ਸ਼ਾਸਤਰ, ਯੁਧ, ਲੋਕਤੰਤਰ ਤੇ ਸਮਾਜਕ ਜਨ-ਸਮੂਹ ਆਦਿ ਦੀ

ਭਰਪੂਰ ਵਿਆਖਿਆ ਕਰਦੇ ਹਨ। ਇਹਨਾਂ ਨਿਬੰਧਾਂ ਵਿਚ ਗੁਰੂ ਦੇ ਨਾਮ ਦੀ ਚੇਤੰਨਤਾ ਤੇ ਅਨੁਭਵ ਤਾਂ ਵਿਦਮਾਨ ਹੈ ਹੀ, ਪਰ ਇਹਨਾਂ ਵਿਚ ਗੁਰੂ ਦੇ ਸਮਾਜਕ, ਆਰਥਿਕ ਤੇ ਰਾਜਨੀਤਕ ਆਦਰਸ਼ਾਂ ਦੀ ਭਰਪੂਰ ਝਲਕ ਵੀ ਵੇਖੀ ਜਾ ਸਕਦੀ ਹੈ। ਇਸ ਤਰ੍ਹਾਂ ਇਹ ਗੁਰੂ ਸਾਹਿਬਾਨ ਦੇ ਸਮਾਜਕ, ਕਲਾਤਮਕ ਤੇ ਰਾਜਨੀਤਕ ਆਦਰਸ਼ਾਂ ਦੀ ਵੀ ਸੋਝੀ ਕਰਵਾਉਂਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੂੰ ਆਪ ਨਵੀਂ ਰੀਤਾ ਦਾ ਸਿਰਜਕ ਸਿਧ ਕਰਦੇ ਹਨ ਤੇ ਇਸ ਪੁਸਤਕ ਦੇ ਅੰਤਿਮ ਨਿਬੰਧ 'ਸਿੱਖ ਜਨ-ਸਮੂਹ' ਵਿਚ ਆਪ ਨੇ ਸਿੱਖ ਜਨ-ਸਮੂਹ ਦੀ ਜੋ ਵਿਆਖਿਆ ਕੀਤੀ ਹੈ, ਉਸ ਤੋਂ ਪ੍ਰਗਟ ਹੁੰਦਾ ਹੈ ਕਿ ਆਪ ਸਿੱਖ ਜਨ-ਸਮੂਹ ਨੂੰ ਕਿੰਨਾਂ ਨੇੜਿਓਂ ਤੇ ਕਿੰਨਾਂ ਭਵਿੱਖਾਰਥੀ ਰੂਪ ਵਿਚ ਤੱਕਦੇ ਹਨ। ਗੁਰਬਾਣੀ ਦੀ ਵਿਆਖਿਆ, ਗੁਰਬਾਣੀ ਦੇ ਅਲੰਕਾਰਕ ਤੇ ਪਿਛੋਕੜ ਵਿਚ ਕਿਹੜੇ ਆਦਰਸ਼ ਵਿਦਮਾਨ ਹਨ, ਆਪ ਨੇ ਪਹਿਲੀ ਵਾਰ ਇਸ ਖ਼ਜਾਨੇ ਦੀ ਕੁੰਜੀ ਨੂੰ ਸਭ ਨਾਲ ਸਾਂਝੀ ਕਰਨ ਦਾ ਯਤਨ ਕੀਤਾ ਹੈ। ਪੰਜਾਬ ਵਿਚ ਸਿੱਖ ਗੁਰੂ ਸਾਹਿਬਾਨ ਦੇ ਪ੍ਰਭਾਵ ਸਦਕਾ ਜੋ ਹਿੰਦੂ ਸਿੱਖ ਮੁਸਲਿਮ ਸਕੂਲ ਹੋਂਦ ਵਿਚ ਆਇਆ ਤੇ ਬੁਲ੍ਹੇ ਸ਼ਾਹ ਤੇ ਸ਼ਾਹ ਹੁਸੈਨ ਵਰਗੇ ਕਵੀ ਇਸ ਵਿਚ ਆ ਜੁੜੇ ਆਦਿ ਇਹ ਇਕ ਅਜਿਹੇ ਭੇਦ ਨੂੰ ਖੋਲ੍ਹਦੀ ਹੈ, ਜੋ ਗੁਰੂ ਸਾਹਿਬਾਨ ਦੀ ਨਿਵਾਜੀ ਹੋਈ ਇਸ ਧਰਤੀ ਤੇ ਇਸ ਦੇ ਬੰਦਿਆਂ ਦੀ ਅਦੁਤੀ ਦੇਣ ਹੈ।

ਥਾਂ-ਪੁਰ-ਥਾਂ ਇਸ ਪੁਸਤਕ ਵਿਚ ਪ੍ਰੋ:ਪੂਰਨ ਸਿੰਘ ਨੇ ਸਿੱਖ ਅਧਿਆਤਮਕ ਚਿੰਤਨ ਤੇ ਸੰਸਕ੍ਰਿਤੀ ਦੀ ਹੋਰ ਵਿਸ਼ਵ-ਧਰਮਾਂ ਦੇ ਆਦਰਸ਼ਾਂ ਤੇ ਵਾਸਤਵਿਕ ਸਰੂਪਾਂ ਨਾਲ ਤੁਲਨਾ ਕੀਤੀ ਹੈ ਅਤੇ ਉਸ ਕਟੜਤਾ ਤੇ ਸੰਕੀਰਨਤਾ ਦਾ ਵਿਰੋਧ ਕੀਤਾ ਤੇ ਉਸ ਤੋਂ ਜਾਣੂੰ ਕਰਵਾਇਆ ਹੈ, ਜੋ ਮਾਨਵ-ਸਮੂਹ ਨੂੰ ਛੋਟੇ ਤੇ ਸੰਕੀਰਣ ਧਾਰਮਿਕ ਘੇਰਿਆਂ ਵਿਚ ਲਿਆ ਖੜ੍ਹਾ ਕਰਦੀ ਹੈ, ਜੋ ਮਾਨਵ ਸਮਾਜ ਦੀ ਬੰਦ ਖਲਾਸੀ ਦੀ ਥਾਂ ਉਸ ਲਈ ਅਸਹਿ ਤੇ ਅਕਹਿ ਕਸ਼ਟਾਂ ਦਾ ਘਿਰਣਾ ਉਤੇ ਆਧਾਰਿਤ ਇਤਿਹਾਸ ਸਿਰਜਦੀ ਹੈ, ਜੋ ਧਰਮ ਦੇ ਨਾਂ 'ਤੇ ਜਹਾਦ ਤੇ ਵਡੀਆਂ ਵਡੀਆਂ ਧਾਰਮਿਕ ਜੰਗਾਂ ਨੂੰ ਉਤਪੰਨ ਕਰਦੀ ਹੈ। ਉਹ ਆਪ ਤਾਂ ਧਰਮ ਦੇ ਉਸ ਸਰੂਪ ਵਿਚ ਵਿਸ਼ਵਾਸ ਕਰਦੀ ਹੈ। ਆਪ ਤਾਂ ਧਰਮ ਦੇ ਉਸ ਸਰੂਪ ਵਿਚ ਵਿਸ਼ਵਾਸ ਰਖਦੇ ਹਨ, ਜੋ ਗੁਰੂ ਨਾਨਕ ਦੇਵ ਤੇ ਉਹਨਾਂ ਦੇ ਉਤਰਾਧਿਕਾਰੀਆਂ, ਗੁਰੂ ਸਾਹਿਬਾਨ ਦੀ ਦੇਣ ਹੈ—ਜਿਸ ਦਾ ਕੇਂਦਰ ਬਿੰਦੂ ਨਾਮ ਦੀ ਸੰਸਕ੍ਰਿਤੀ ਦਾ ਸਹਿਜ ਰੂਪ ਦਾ ਆਤਮਕ ਅਨੁਭਵ ਹੈ, ਜੋ ਪ੍ਰੇਮ, ਦਇਆ, ਸੰਤੋਖ, ਉਪਕਾਰ, ਉਚੇਰੀ ਕਲਾ, ਉਦਯੋਗ, ਕਿਰਤ ਆਦਿ ਦੁਆਰਾ ਮਨੁੱਖ ਮਾਤਰ ਨੂੰ ਕਰਮਸ਼ੀਲ ਬਣਾਉਂਦਾ ਹੈ ਤੇ ਇਕ ਸੰਪੂਰਨ ਤੇ ਮਨੁੱਖੀ ਭਾਈਚਾਰੇ ਦਾ ਅੰਗ ਵੀ। ਇਹਨਾਂ ਨੁਕਤਿਆਂ ਦੀ ਕਰਤਾ ਨੇ ਕਈ ਪ੍ਰਜਵਲਿਤ ਉਦਾਹਰਣ ਦੇ ਕੇ ਵੀ ਵਿਆਖਿਆ ਕੀਤੀ ਹੈ।

ਇੰਜ ਇਹ ਪੁਸਤਕ ਤੇ ਇਹ 'ਸਿੱਖੀ ਦੀ ਆਤਮਾ' ਦੀ ਤ੍ਰੈ-ਲੜੀ ਗੁਰਮਤ ਉਤੇ ਆਧਾਰਿਤ ਸਿੱਖ ਚਿੰਤਨ ਦੀ ਮਾਰਮਿਕ ਵਿਆਖਿਆ ਹੋ ਨਿਬੜੀ

ਹੈ। ਇਸ ਦਾ ਅਧਿਐਨ ਸਿੱਖੀ ਦੇ ਅਧਿਆਤਮਕ ਆਦਰਸ਼ਾਂ, ਸਿੱਖੀ ਜੀਵਨ ਅਨੁਭਵ ਦੇ ਅਦੁਤੀ ਪ੍ਰਮਾਣਾਂ ਤੇ ਸਿੱਖੀ ਜੀਵਨ ਦੇ ਨੈਤਿਕ, ਕਲਾਤਮਕ ਆਦਰਸ਼ਾਂ ਦੇ ਉਤੇ ਪ੍ਰਕਾਸ਼ ਪਾਉਣ ਦਾ ਵਡਮੁੱਲਾ ਯਤਨ ਹੈ। ਇਹਨਾਂ ਪੁਸਤਕਾਂ ਦਾ ਅਧਿਐਨ ਨਿਸ਼ਚੇ ਹੀ ਗੁਰਮਤਿ ਸੰਬੰਧੀ ਪ੍ਰੌੜ੍ਹ ਤੇ ਸਥਾਈ ਸਚਿਆਰੇ ਦ੍ਰਿਸ਼ਟੀਕੋਣ ਦੀ ਸੂਝ ਬੂਝ ਕਰਵਾਉਣ ਵਿਚ ਹੀ ਸਹਾਈ ਨਹੀਂ ਹੁੰਦਾ, ਸਗੋਂ ਹਰ ਪਾਠਕ ਤੇ ਮਨੁੱਖ ਮਾਤਰ ਵਿਚ ਅਜਿਹੀ ਪ੍ਰੇਰਨਾ ਜਗਾਉਣ ਲਈ ਸਜੀਵ ਸ੍ਰੋਤ ਹੋ ਜਾਂਦਾ ਹੈ, ਜੋ ਸਾਨੂੰ ਗੁਰਸਿਖੀ ਦੇ ਕੇਂਦਰ-ਬਿੰਦੂ, ਗੁਰੂ ਦੇ ਸ਼ਬਦ ਨਾਲ ਜੋੜ ਕੇ ਨਾਮ ਤੇ ਬਾਣੀ ਦੇ ਆਦਰਸ਼ਾਂ ਨੂੰ ਨਿਜੀ ਤੇ ਸਮਾਜਕ ਆਦਰਸ਼ਾਂ ਵਿਚ ਪ੍ਰਫੁਲਿਤ ਕਰਨ ਦੀ ਉਚ ਪ੍ਰੇਰਨਾ ਜਗਾ ਸਕਦਾ ਹੈ। ਗੁਰੂ ਸਾਹਿਬਾਨ ਦੇ ਆਦਰਸ਼ਾਂ ਤੇ ਪ੍ਰੇਰਨਾਮਈ ਜੀਵਨ ਮਾਰਗ ਵਿਚ ਭਵਿਖਾਰਥੀ ਤੇ ਸਹਿਜ ਸ਼ਾਂਤੀ ਵਾਲੇ ਆਤਮਕ ਸਮਾਜ ਦੀ ਸਿਰਜਣਾ ਕਰਨ ਦੀਆਂ ਸੰਭਾਵਨਾਵਾਂ ਮੌਜੂਦ ਹਨ।

### ਸਿੱਖੀ ਦੀ ਆਤਮਾ ਦਾ ਮਹੱਤਵ

ਪਰ ਸ਼ੋਕ ਦੀ ਗੱਲ ਹੈ ਕਿ ਅਸੀਂ ਹੁਣ ਤਕ ਪੰਜਾਬ ਦੀ ਇਸ ਪੰਜਾਬੀ ਤੇ ਗੁਰਸਿਖੀ ਵਿਚ ਰਤੜੀ ਉਸ ਪ੍ਰਤਿਭਾ ਨੂੰ ਪਛਾਣ ਨਹੀਂ ਸਕੇ, ਜਿਸ ਦੀ ਰਾਸ਼ਟਰੀ ਆਭਾ ਰਾਵਿੰਦਰ ਨਾਥ ਟੈਗੋਰ, ਅਰਵਿੰਦੂ ਘੋਸ਼ ਵਰਗੀਆਂ ਉਚ ਹਸਤੀਆਂ ਨੂੰ ਲੈ ਕੇ ਅਗਰਸਰ ਹੋਈ ਸੀ। ਹੋਰ ਤਾਂ ਹੋਰ ਅਜ ਪ੍ਰੋ.ਪੂਰਨ ਸਿੰਘ ਦੀਆਂ ਸਮਸਤ ਲਿਖਤਾਂ ਵੀ ਸੁਰਖਿਅਤ ਤੇ ਪ੍ਰਕਾਸ਼ਤ ਨਹੀਂ ਹਨ। ਉਹਨਾਂ ਵਿਚੋਂ ਬਹੁਤ ਸਾਰੀਆਂ ਹੁਣ ਪੜ੍ਹਨ ਲਈ ਦੁਰਲਭ ਹਨ ਅਤੇ ਜਿਹੜੀਆਂ ਛਪੀਆਂ ਵੀ ਹਨ, ਉਹਨਾਂ ਦੇ ਸਰੂਪ ਵਿਚ ਇਕਸਾਰਤਾ ਨਹੀਂ ਹੈ। ਜੇ ਕੋਈ ਸੰਸਥਾ ਪ੍ਰੋ.ਪੂਰਨ ਸਿੰਘ ਦੀਆਂ ਸਮਸਤ ਰਚਨਾਵਾਂ ਨੂੰ ਸੁੰਦਰ ਰੂਪ ਵਿਚ ਪ੍ਰਕਾਸ਼ਿਤ ਕਰ ਸਕਦੀ ਤਾਂ ਅਜ ਦੇਸ਼ਾਂ ਵਿਦੇਸ਼ਾਂ ਵਿਚ ਉਹਨਾਂ ਦੀਆਂ ਰਚਨਾਵਾਂ ਪੜ੍ਹੀਆਂ ਜਾਂਦੀਆਂ। ਜਿਵੇਂ ਬੰਗਾਲ ਵਿਚ ਅਜ ਵੀ ਰਾਬਿੰਦਰ ਨਾਥ ਟੈਗੋਰ ਦੀਆਂ ਪੁਸਤਕਾਂ ਬੜੇ ਸਤਿਕਾਰ ਨਾਲ ਲੱਖਾਂ ਦੀ ਗਿਣਤੀ ਵਿਚ ਪੜ੍ਹੀਆਂ ਜਾਂਦੀਆਂ ਹਨ।

ਪ੍ਰੋ.ਪੂਰਨ ਸਿੰਘ ਦੀਆਂ ਇਹ ਤਿੰਨ ਪੁਸਤਕਾਂ ਅੰਗਰੇਜ਼ੀ ਵਿਚ ਪਹਿਲੀ ਵਾਰ 1981 ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਉਹਨਾਂ ਦੀ ਪ੍ਰਥਮ ਜਨਮ ਸ਼ਤਾਬਦੀ 'ਤੇ ਪ੍ਰਕਾਸ਼ਤ ਹੋਈਆਂ। ਕਹਿੰਦੇ ਹਨ ਕਿ ਜੇ ਸਵੇਰ ਦਾ ਭੁਲਿਆ ਸ਼ਾਮ ਨੂੰ ਘਰ ਵਾਪਸ ਆ ਜਾਵੇ ਤਾਂ ਉਸ ਨੂੰ ਭੁਲਿਆ ਨਹੀਂ ਕਹਿੰਦੇ।

ਉਹਨਾਂ ਨੂੰ ਆਪਣੀਆਂ ਵਧੇਰੇ ਪੁਸਤਕਾਂ ਅੰਗਰੇਜ਼ੀ ਭਾਸ਼ਾ ਵਿਚ ਲਿਖਣ ਦੀ ਲੋੜ ਕਿਉਂ ਪਈ ? ਮੇਰੇ ਖ਼ਿਆਲ ਵਿਚ 20ਵੀਂ ਸਦੀ ਦੇ ਜਿਸ ਪੂਰਵ ਅਧ ਵਿਚ ਵਿਸ਼ੇਸ਼ ਕਰਕੇ ਇਸ ਪਹਿਲੇ ਤਿੰਨਾਂ ਦਹਾਕਿਆਂ ਵਿਚ ਜਦੋਂ ਪ੍ਰੋ.ਪੂਰਨ ਸਿੰਘ ਆਪਣੀ ਸਾਹਿਤਕ ਘਾਲਣਾ ਵਿਚ ਵਧੇਰੇ ਸਰਗਰਮ ਸਨ ਤਾਂ ਭਾਰਤੀ ਸੰਸਕ੍ਰਿਤੀ ਦੀ ਪੁਨਰ ਸੁਰਜੀਤੀ ਕੀਤੀ ਜਾ ਰਹੀ ਸੀ। ਭਾਰਤ ਦੀ ਅਧਿਆਤਮਕ ਸੰਸਕ੍ਰਿਤੀ ਤੇ ਪਛਮੀ ਸਾਹਿਤ ਦਾ ਆਪਸ ਵਿਚ ਆਦਾਨ ਪ੍ਰਦਾਨ ਇਸ ਤਰ੍ਹਾਂ ਕੀਤਾ ਜਾ ਰਿਹਾ ਸੀ ਕਿ ਇਸ ਵਿਚ ਕੋਈ ਸਮਨਵੈ ਸਥਾਪਿਤ ਹੋ ਸਕੇ। ਪ੍ਰੋ.ਪੂਰਨ ਸਿੰਘ

ਨੇ ਗੁਰਸਿਖੀ ਨੂੰ ਆਧਾਰ ਬਣਾ ਕੇ ਤੇ ਇਸ ਦੀ ਪੂਰਬੀ ਧਰਮਾਂ ਨਾਲ ਤੁਲਨਾ ਕਰਕੇ ਪਛਮੀ ਜਗਤ ਦੇ ਚਿੰਤਕਾਂ ਤੇ ਜਿਗਿਆਸੂਆਂ ਲਈ ਨਵਾਂ ਮਾਰਗ ਪ੍ਰਦਰਸ਼ਿਤ ਕੀਤਾ ਹੈ। ਆਪ ਸਰਬਾਂਗੀ ਲੇਖਕ, ਕਵੀ, ਗੱਦਕਾਰ, ਅਨੁਵਾਦਕ ਤੇ ਸਮਾਲੋਚਕ ਸਨ। ਆਪ ਦਾ ਅਧਿਐਨ ਬੜਾ ਵਿਸ਼ਾਲ, ਪੂਰਬੀ ਤੇ ਪੱਛਮੀ ਚਿੰਤਨ ਨਾਲ ਪੂਰਨ ਤੌਰ 'ਤੇ ਇਕਸੁਰ ਸੀ। ਆਪ ਨੇ ਇਹ ਸਾਰਾ ਉਦਮ ਤੇ ਪ੍ਰੀਸ਼ਰਮ ਇਸ ਲਈ ਕੀਤਾ ਕਿ ਪਛਮੀ ਤੇ ਸਾਰੇ ਸੰਸਾਰ ਨੂੰ ਭਾਰਤ ਦੇ ਇਸ ਉਚ ਵਿਰਸੇ ਤੋਂ ਜਾਣੂੰ ਕਰਵਾਇਆ ਜਾ ਸਕੇ। ਇਹ ਪੂਰਬੀ ਚਿੰਤਨ, ਅਨੁਭਵ ਤੇ ਸੰਸਕ੍ਰਿਤੀ ਦੇ ਉਚ ਲਕਸ਼ਾਂ ਨੂੰ ਪਛਮੀ ਚਿੰਤਕਾਂ ਤੇ ਜਿਗਿਆਸੂਆਂ ਨੂੰ ਪਛਮੀ ਉਕਤੀ ਦੁਆਰਾ ਸਾਂਝਾ ਕਰਨ ਦਾ ਇਕ ਯਤਨ ਸੀ। ਇਸ ਨਾਲ ਆਪ ਭਾਰਤੀ ਸਾਹਿਤ ਉਤੇ ਇਕ ਉਪਕਾਰ ਹੀ ਕਰ ਗਏ ਹਨ, ਕਿਉਂਜੋ ਉਸ ਸਮੇਂ ਦੀਆਂ ਭਾਰਤੀ ਭਾਸ਼ਾਵਾਂ ਤੇ ਵਿਸ਼ੇਸ਼ ਕਰਕੇ ਪੰਜਾਬੀ ਭਾਸ਼ਾ ਆਪਣੀ ਵਿਕਾਸਸ਼ੀਲ ਅਵਸਥਾ ਵਿਚ ਹੀ ਸੀ, ਜੋ ਇਸ ਵਸ਼ਿਸ਼ਟ ਚਿੰਤਨਧਾਰਾ ਦੀਆਂ ਸੂਖ਼ਮਤਮ ਧਰਾਤਲਾਂ ਤੇ ਤੀਬਰ ਸੰਵੇਦਨਸ਼ੀਲਤਾ ਦਾ ਭਾਰ ਨਹੀਂ ਸਨ ਝਲ ਸਕਦੀਆਂ ਤੇ ਇਹਨਾਂ ਦੀ ਤੁਲਨਾ ਵਿਚ ਅੰਗਰੇਜ਼ੀ ਭਾਸ਼ਾ ਚੋਖੀ ਉਨਤ ਤੇ ਵਿਕਸਿਤ ਸੀ।

ਹੁਣ ਪੰਜਾਬੀ ਭਾਸ਼ਾ ਵਿਕਸਿਤ ਹੋ ਚੁਕੀ ਹੈ ਤੇ ਹੁਣ ਪ੍ਰੋ.ਪੂਰਨ ਸਿੰਘ ਦਾ ਪ੍ਰੀਸ਼ਰਮ, ਅਭਿਆਸ ਇਹ ਮੰਗ ਕਰਦਾ ਹੈ ਕਿ ਪ੍ਰੋ.ਪੂਰਨ ਸਿੰਘ ਵਲੋਂ ਰਚੇ ਗਏ ਇਸ ਅਦੁਤੀ ਮਹਾਂ-ਭੰਡਾਰ ਨੂੰ ਪੰਜਾਬੀ ਭਾਸ਼ਾ ਵਿਚ ਪੇਸ਼ ਕਰਕੇ ਪੰਜਾਬੀ ਪਾਠਕਾਂ ਤਕ ਪਹੁੰਚਾਇਆ ਜਾ ਸਕੇ।

ਮੇਰਾ ਇਹ ਨਿਮਾਣਾ ਜਿਹਾ ਯਤਨ ਪਿਛਲੇ 25 ਸਾਲਾਂ ਦੀ ਘਾਲਣਾ ਦੀ ਉਪਜ ਹੈ, ਜਿਸ ਵਿਚ ਮੈਂ ਇਸ ਨੇਤਰਹੀਣ ਅਵਸਥਾ ਵਿਚ ਵੀ ਰੁਝਿਆ ਰਿਹਾ ਹਾਂ। ਇਹ ਗੁਰੂ ਜੀ ਦੀ ਅਪਾਰ ਕਿਰਪਾ ਹੈ ਕਿ ਮੈਂ ਪੰਜਾਬੀ ਪਾਠਕਾਂ, ਲੇਖਕਾਂ ਤੇ ਗੁਰੂ ਪ੍ਰੇਮੀਆਂ ਦੀ ਸੇਵਾ ਵਿਚ ਇਹਨਾਂ ਅਦੁਤੀ ਸੁਭਾ ਵਾਲੀਆਂ ਰਚਨਾਵਾਂ ਜੋ ਪ੍ਰੋ.ਪੂਰਨ ਸਿੰਘ ਦੀ ਅਦੁਤੀ ਘਾਲਣਾ ਦਾ ਸਿਖ਼ਰ ਹਨ, ਦੇ ਪੰਜਾਬੀ ਵਿਚ ਅਨੁਵਾਦਿਤ ਰੂਪ ਨੂੰ ਸੁਹਿਰਦ ਪਾਠਕਾਂ, ਵਿਦਵਾਨਾਂ ਤੇ ਖੋਜੀਆਂ ਦੀ ਸੇਵਾ ਵਿਚ ਭੇਟ ਕਰਨ ਦੀ ਖ਼ੁਸ਼ੀ ਲੈ ਰਿਹਾ ਹਾਂ। ਇਸ ਅਨੁਵਾਦ ਦੇ ਗੁਣ ਗੁਰੂ ਦੀ ਬਖ਼ਸ਼ਿਸ਼ ਕਾਰਨ ਹਨ ਤੇ ਦੋਸ਼ ਮੇਰੀ ਆਪਣੀ ਅਸਮਰਥਾ ਦੇ ਕਾਰਨ।

ਆਸ ਹੈ, ਪਾਠਕ-ਜਨ ਮੇਰੀਆਂ ਇਹਨਾਂ ਭੁਲਾਂ ਤੇ ਤਰੁਟੀਆਂ ਨੂੰ ਅਖੋਂ ਪਰੋਖੇ ਕਰਦੇ ਹੋਏ ਮੇਰੇ ਇਸ ਪ੍ਰੀਸ਼ਰਮ ਦਾ ਪੂਰਨ ਲਾਭ ਉਠਾ ਸਕਣਗੇ।

ਪ੍ਰੋ.ਪੂਰਨ ਸਿੰਘ ਜੀ ਬਾਰੇ ਲਿਖੀ ਆਪਣੀ ਹੀ ਇਕ ਲਘੂ ਸ਼ਰਧਾਂਜਲੀ ਦੁਆਰਾ ਇਸ ਭੂਮਿਕਾ ਨੂੰ ਸਮਾਪਤ ਕਰਨ ਦੀ ਆਗਿਆ ਲੈਂਦਾ ਹਾਂ :

ਚੌੜਾ ਮਸਤਕ ਖੁਲ੍ਹਾ ਦਾਹੜਾ
ਦਿਲ ਵਿਚ ਸਾਗਰ ਛਲਕੇ।
ਨੈਣਾਂ ਦੀ ਅਸਗਾਹਤਾ ਉਸ ਦੀ
ਰੋਮ ਰੋਮ 'ਚੋਂ ਝਲਕੇ।

ਮਾਨ ਸਰੋਵਰ ਦਾ ਉਹ ਪੰਛੀ
ਆਤਮ-ਪੰਧ ਦਾ ਪਾਂਧੀ
ਕਲ੍ਹ ਉਸ ਜਿਹੜਾ ਬੀਜ ਬੀਜਿਆ
ਮੌਲੇਗਾ ਮੁੜ ਭਲਕੇ।

ਮੈਂ ਇਸ ਵਿਸ਼ਵਾਸ ਨਾਲ ਗੁਰਮਤ ਤੇ ਸਿੱਖ ਚਿੰਤਨ ਸੰਬੰਧੀ ਇਸ ਤ੍ਰੈ-ਲੜੀ ਪੁਸਤਕ ਸਿੱਖੀ ਦੀ ਆਤਮਾ ਦੇ ਤਿੰਨਾਂ ਭਾਗਾਂ ਨੂੰ ਇਸ ਭਰੋਸੇ ਤੇ ਆਸ ਨਾਲ ਪਾਠਕਾਂ ਨੂੰ ਭੇਟ ਕਰਨ ਦੀ ਖ਼ੁਸ਼ੀ ਲੈ ਰਿਹਾ ਹਾਂ ਕਿ ਨਿਕਟ ਭਵਿੱਖ ਵਿਚ ਹੀ ਪ੍ਰੋ.ਪੂਰਨ ਸਿੰਘ ਦੇ ਸਿੱਖ ਅਧਿਆਤਮਕ ਚਿੰਤਨ ਦੀ ਪੁਨਰ ਵਿਆਖਿਆ ਤੇ ਪੁਨਰ ਸੁਰਜੀਤੀ ਜ਼ਰੂਰ ਹੋਵੇਗੀ ਤਾਂ ਹੀ ਅਸੀਂ ਇਸ ਮਹਾਨ ਪ੍ਰਤਿਭਾ ਦੇ ਰਿਣ ਨੂੰ ਜੋ ਇਸ ਦਾ ਸਮੁਚੇ ਭਾਰਤ, ਪੰਜਾਬ ਤੇ ਕੌਮ ਦੇ ਸਿਰ ਹੈ—ਉਤਾਰ ਸਕਾਂਗੇ।

ਕਿਰਪਾਲ ਸਿੰਘ ਕਸੇਲ

ਪਟਿਆਲਾ
2.1.1996

# ਦੂਜੇ ਸੰਸਕਰਣ ਦੀ ਭੂਮਿਕਾ

ਸਿੱਖੀ ਦੀ ਆਤਮਾ (ਤਿੰਨ ਭਾਗ) ਜਿਸ ਦਾ ਅੰਗਰੇਜ਼ੀ ਨਾਮ Spirit of the Sikh ਹੈ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਪ੍ਰੋ.ਪੂਰਨ ਸਿੰਘ ਦੀ ਪ੍ਰਥਮ ਜਨਮ ਸ਼ਤਾਬਦੀ ਦੇ ਅਵਸਰ ਉਤੇ ਪਹਿਲੀ ਵਾਰ ਪ੍ਰਕਾਸ਼ਿਤ ਹੋਈ ਸੀ। ਬੜੇ ਖੇਦ ਦੀ ਗੱਲ ਸੀ ਕਿ ਗੁਰਮਤਿ ਦਾ ਇਹ ਅਦੁਤੀ ਦਾਰਸ਼ਨਿਕ ਖ਼ਜਾਨਾ ਲੇਖਕ ਦੇ ਅਕਾਲ ਚਲਾਣੇ ਤੋਂ ਪੰਜਾਹ ਸਾਲ ਪਿਛੋਂ ਪਾਠਕਾਂ ਦੇ ਸਨਮੁਖ ਹੋਇਆ। ਸਵਰਗਵਾਸੀ ਡਾ.ਮਹਿੰਦਰ ਸਿੰਘ ਰੰਧਾਵਾ ਅਤੇ ਸ.ਕਿਰਪਾਲ ਸਿੰਘ ਨਾਰੰਗ ਸਾਬਕਾ ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਿਟੀ ਦੇ ਸਾਂਝੇ ਉਦਮ ਸਦਕਾ ਸਿੱਖੀ ਦਾ ਇਹ ਅਮੋਲਕ ਖ਼ਜਾਨਾ ਪਾਠਕਾਂ ਨੂੰ ਪ੍ਰਾਪਤ ਹੋਇਆ। ਇਹ ਗੱਲ ਹੁਣ ਵੀ ਸਾਡੀ ਸਮਝ ਤੋਂ ਬਾਹਰ ਹੈ ਕਿ ਮਹਾਂ-ਕਵੀ ਪ੍ਰੋ.ਪੂਰਨ ਸਿੰਘ ਦੇ ਸਾਹਿਤਕ ਮੁਰਸ਼ਦ ਭਾਈ ਵੀਰ ਸਿੰਘ ਜੀ ਅਤੇ ਉਹਨਾਂ ਨਾਲ ਬਹੁਤ ਸਮਾਂ ਗੁਜਾਰਨ ਵਾਲੇ ਡਾ.ਬਲਬੀਰ ਸਿੰਘ ਜੀ ਵਲੋਂ ਵੀ ਇਹਨਾਂ ਪੁਸਤਕਾਂ ਨੂੰ ਛਾਪਣ ਦਾ ਕੋਈ ਉਤਸ਼ਾਹ ਨਾ ਵਿਖਾਇਆ ਗਿਆ। ਭਾਵੇਂ ਪ੍ਰੋ.ਪੂਰਨ ਸਿੰਘ ਦੀਆਂ ਸਿੱਖ ਦਰਸ਼ਨ ਸੰਬੰਧੀ ਦੋ ਪੁਸਤਕਾਂ The Book of Ten Masters ਅਤੇ The Spirit born people ਉਹਨਾਂ ਦੇ ਜੀਵਨ ਕਾਲ ਵਿਚ ਪ੍ਰਕਾਸ਼ਿਤ ਹੋ ਗਈਆਂ ਸਨ. ਪਰ ਉਹਨਾਂ ਦੀਆਂ ਅੰਗਰੇਜ਼ੀ ਕਵਿਤਾਵਾਂ ਦੇ ਕੋ ਸੰਗ੍ਰਹਿ ਅਤੇ ਇਹ ਪੁਸਤਕਾਂ ਕੇਵਲ ਪੰਜਾਬੀ ਯੂਨੀਵਰਸਿਟੀ ਦੇ ਯਤਨਾਂ ਸਦਕਾ ਹੀ ਜਨਤਾ ਦੇ ਸਾਹਮਣੇ ਆ ਸਕੀਆਂ। ਇਹ ਕੇਵਲ ਨਾਮ ਮਾਤਰ ਹੀ ਸਿੱਖੀ ਦੀ ਆਤਮਾ ਨਹੀਂ ਹੈ, ਸਗੋਂ ਸੱਚਮੁਚ ਗੁਰਮਤਿ ਦੇ ਅਧਿਆਤਮਕ ਭੰਡਾਰ ਦੀ ਕੁੰਜੀ ਹੈ। ਗੁਰਮਤਿ ਅਰਥਾਤ ਸਿੱਖ ਦਰਸ਼ਨ ਦੀ ਜੋ ਵਿਆਖਿਆ ਤੇ ਅਨੁਭਵੀ ਪ੍ਰਕਾਸ਼ ਇਸ ਪੁਸਤਕ ਰਾਹੀਂ ਅਨੇਕ ਕੋਨਾਂ ਅਤੇ ਅਯਾਮਾਂ ਤੋਂ ਪ੍ਰਗਟਾਇਆ ਗਿਆ ਹੈ, ਉਹ ਆਪਣੀ ਮਿਸਾਲ ਆਪ ਹੈ। ਸਿੱਖੀ ਦੇ ਤ੍ਰੈ-ਕਾਲੀ ਭੂਤ, ਵਰਤਮਾਨ ਅਤੇ ਭਵਿੱਖ ਦੇ ਨੁਕਤਿਆਂ ਤੋਂ ਵੀ ਨਹੀਂ, ਸਗੋਂ ਤ੍ਰੈ-ਕਾਲਾਤੀਤ ਪੱਖ ਤੋਂ ਵੀ ਇਸ ਪੁਸਤਕ ਦਾ ਅਧਿਆਤਮਕ ਮਹੱਤਵ ਵਧੇਰੇ ਹੈ। ਪ੍ਰੋ.ਪੂਰਨ ਸਿੰਘ ਪਹਿਲੇ ਸਿੱਖ ਚਿੰਤਕ ਹਨ ਜੋ ਸਿੱਖ ਮਤ ਨੂੰ ਵਿਆਪਕ ਆਧਾਰਾਂ, ਤੁਲਨਾਤਮਕ ਧਰਮ ਵਿਵੇਚਨ ਅਤੇ ਸਾਰਥਕ ਅਤੇ ਵਿਵਹਾਰਕ ਦ੍ਰਿਸ਼ਟੀਕੋਣ ਤੋਂ ਸਿੱਖ ਅਧਿਆਤਮਕਤਾ ਅਤੇ ਗੁਰੂ ਵਿਰੋਸਾਈ ਸਿੱਖ ਸੰਸਕ੍ਰਿਤੀ ਨੂੰ ਉਚਿਤ ਪ੍ਰਸੰਗ ਵਿਚ ਪੇਸ਼ ਕਰਨ ਵਿਚ ਸਫ਼ਲ ਹੋਏ।

ਮੈਂ 1968 ਤੋਂ ਹੀ ਪ੍ਰੋ.ਪੂਰਨ ਸਿੰਘ ਦੀ ਰਚਨਾ ਦੇ ਵਿਸ਼ੇਸ਼ ਅਧਿਐਨ ਵਿਚ ਲੱਗਾ ਰਿਹਾ ਹਾਂ। ਉਹਨਾਂ ਦੀ ਜੀਵਨੀ 'ਰਾਜਹੰਸ' ਵੀ ਲਿਖੀ ਹੈ ਅਤੇ ਹੋਰ ਅੰਗਰੇਜ਼ੀ ਰਚਨਾਵਾਂ ਦਾ ਅਨੁਵਾਦ ਵੀ ਕੀਤਾ ਹੈ। ਸਿੱਖੀ ਦੀ ਆਤਮਾ ਦੇ

ਅੰਗਰੇਜ਼ੀ ਰੂਪ ਨੂੰ ਪੜ੍ਹ ਕੇ ਮੇਰੀ ਸ਼ਰਧਾ ਤੇ ਲਗਾਓ ਪ੍ਰੋ.ਪੂਰਨ ਸਿੰਘ ਦੇ ਵਿਰਾਟ ਵਿਅਕਤੀਤਵ ਨਾਲ ਹੋਰ ਵੀ ਪਕੇਰਾ ਤੇ ਡੂੰਘੇਰਾ ਹੋ ਗਿਆ। ਮੇਰੀ ਇਹ ਰੀਝ ਸੀ ਕਿ ਇਹਨਾਂ ਪੁਸਤਕਾਂ ਦਾ ਅਨੁਵਾਦ ਕਰਾਂ। ਸਵਰਗਵਾਸੀ ਗੁਰਮਤਿ ਆਚਾਰੀਆ ਤੇ ਸਿੱਖ ਇਤਿਹਾਸਕਾਰ ਪ੍ਰਿੰ.ਸਤਿਬੀਰ ਸਿੰਘ ਨੇ ਮੇਰੀ ਇਸ ਆਸ ਦੀ ਪੂਰਤੀ ਵਿਚ ਉਤਸ਼ਾਹ ਜਗਾ ਕੇ ਇਸ ਨੂੰ ਹੋਰ ਪ੍ਰਪੱਕ ਕੀਤਾ।

'ਸਿੱਖੀ ਦੀ ਆਤਮਾ' ਤ੍ਰੈ-ਲੜੀ ਦਾ ਤਿੰਨਾਂ ਭਾਗਾਂ ਵਿਚ ਅਨੁਵਾਦ ਮੇਰੇ ਆਪਣੇ ਯਤਨਾਂ ਨਾਲ ਸਮੇਂ ਸਮੇਂ ਸਿਰ ਪ੍ਰਕਾਸ਼ਿਤ ਹੁੰਦਾ ਰਿਹਾ ਹੈ। ਪਾਠਕਾਂ ਅਤੇ ਸਿੱਖੀ ਮੰਡਲ ਨਾਲ ਸੰਬੰਧਿਤ ਵਿਦਵਾਨਾਂ ਨੇ ਇਹਨਾਂ ਪੁਸਤਕਾਂ ਦੀ ਜੋ ਕਦਰ ਕੀਤੀ ਹੈ, ਉਸ ਨੇ ਮੈਨੂੰ ਆਤਮਕ ਅਨੰਦ ਬਖ਼ਸ਼ਿਆ। ਹੁਣ ਲਾਹੌਰ ਬੁੱਕ ਸ਼ਾਪ ਦੇ ਮਾਲਕ ਸ.ਤੇਜਿੰਦਰ ਬੀਰ ਸਿੰਘ ਦੇ ਉਦਮ ਨਾਲ 'ਸਿੱਖੀ ਦੀ ਆਤਮਾ' ਦੇ ਤਿੰਨੇ ਭਾਗ ਸੰਯੁਕਤ ਰੂਪ ਵਿਚ ਇਕੋ ਜਿਲਦ ਵਿਚ ਛਪੇ ਹਨ। ਸੱਚਮੁਚ ਇਸ ਪ੍ਰਕਾਸ਼ਕ ਭਵਨ ਦਾ ਸੰਚਾਲਕ ਮੇਰੇ ਹਾਰਦਿਕ ਧੰਨਵਾਦ ਦਾ ਪਾਤਰ ਹੈ।

ਇਹਨਾਂ ਪੁਸਤਕਾਂ ਦੇ ਪੰਜਾਬੀ ਅਨੁਵਾਦ ਵਿਚ ਸਮੇਂ ਸਮੇਂ ਸਿਰ ਮੇਰੀ ਸਹਾਇਤਾ ਸਰਬ-ਸ੍ਰੀ ਪ੍ਰੋ.ਮਨਮੋਹਨ ਸਿੰਘ, ਸਤਿੰਦਰ ਸਿੰਘ ਨੰਦਾ, ਵਰਿੰਦਰ ਸਿੰਘ ਅਤੇ ਮਿਹਰਬਾਨ ਬਟਾਲਵੀ ਨੇ ਕੀਤੀ। ਇਸ ਨਵੇਂ ਸੰਸਕਰਣ ਨੂੰ ਤਿਆਰ ਕਰਨ ਵਿਚ ਜਸਵੀਰ ਸਿੰਘ ਘੁੰਮਣ ਦਾ ਸਹਿਯੋਗ ਵਧੇਰੇ ਪ੍ਰਾਪਤ ਹੋਇਆ ਹੈ। ਸ੍ਰੀ ਮੁਹੰਮਦ ਰਮਜ਼ਾਨ ਨੇ ਇਸ ਪੁਸਤਕ ਦੀ ਕੰਪਿਊਟਰ ਉਤੇ ਮੁਦਰਿਤ ਕਰਨ ਅਤੇ ਇਸ ਦੇ ਪਰੂਫਾਂ ਦੀ ਸੋਧ ਵਿਚ ਜੋ ਯੋਗਦਾਨ ਪਾਇਆ ਹੈ, ਉਸ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਮੈਂ ਇਹਨਾਂ ਸਾਰਿਆਂ ਦਾ ਸੱਚੇ ਦਿਲੋਂ ਰਿਣੀ ਹਾਂ।

ਡਾ.ਐੱਸ.ਤਰਸੇਮ ਨੇ ਇਸ ਦੂਜੇ ਸੰਸਕਰਣ ਦੀ ਬਣਤਰ ਨੂੰ ਸੁਹਜਵੰਤ ਬਣਾਉਣ ਲਈ ਜੋ ਸੁਝਾ ਦਿਤੇ ਹਨ, ਉਹਨਾਂ ਲਈ ਵੀ ਮੈਂ ਉਹਨਾਂ ਦਾ ਸ਼ੁਕਰਗੁਜ਼ਾਰ ਹਾਂ।

ਆਸ ਹੈ ਕਿ ਪੰਜਾਬੀ ਪਾਠਕ-ਮੰਡਲ ਅਤੇ ਗੁਰਮਤਿ ਦੇ ਅਧਿਐਨ ਵਿਚ ਡੂੰਘੀ ਦਿਲਚਸਪੀ ਲੈਣ ਵਾਲੇ ਪਾਠਕ, ਵਿਦਵਾਨ, ਖੋਜੀ ਮੇਰੇ ਇਸ ਨਿਮਾਣੇ ਯਤਨ ਤੋਂ ਵੱਧ ਤੋਂ ਵੱਧ ਲਾਭ ਉਠਾਣ ਦਾ ਯਤਨ ਕਰਨਗੇ। ਉਹਨਾਂ ਵਲੋਂ ਇਸ ਪੁਸਤਕ ਸੰਬੰਧੀ ਮਿਲੇ ਸੁਝਾਵਾਂ ਲਈ ਮੈਂ ਉਹਨਾਂ ਦਾ ਹਾਰਦਿਕ ਤੌਰ 'ਤੇ ਧੰਨਵਾਦੀ ਹੋਵਾਂਗਾ ਅਤੇ ਹਰ ਨਿੱਗਰ ਸੁਝਾ ਦਾ ਸਵਾਗਤ ਕਰਾਂਗਾ।

ਪਟਿਆਲਾ — ਕਿਰਪਾਲ ਸਿੰਘ ਕਸੇਲ

ਮਿਤੀ : 1 ਜੂਨ, 2001

# ਭਾਗ ਪਹਿਲਾ

# ਯੁਗਾਂ ਯੁਗਾਂਤਰਾਂ ਦੀ ਸਾਂਝ

# ਯੁਗਾਂ ਯੁਗਾਂਤਰਾਂ ਦੀ ਸਾਂਝ
# (ਭਗਤ ਨਾਮਦੇਵ ਦੀ ਯਾਦ ਵਿਚ)

## ਚਿੱਟੀ ਘੁੱਗੀ

ਸਭ ਯੁਗਾਂ ਵਿਚ ਮਨੁੱਖ ਵਿਚ ਆਤਮਿਕ ਜੀਵਨ ਦਾ ਅਵਰਤਨ ਦੇਵ ਲੋਕ ਦੀ ਕਿਰਪਾ ਵਜੋਂ ਹੁੰਦਾ ਹੈ। ਸੱਚ ਮੁੱਚ ਇਹ ਇਕ ਤਰ੍ਹਾਂ ਨਾਲ 'ਪਵਿੱਤਰ ਆਤਮਾ' ਦਾ ਮਨੁੱਖ ਦੇ ਮੋਢੇ ਉਤੇ ਛੋਟੀ ਚਿੱਟੀ ਘੁੱਗੀ ਦੇ ਉਤਰਨ ਸਮਾਨ ਹੈ। ਭਗਤੀ ਮਾਰਗ ਵਿਚ ਪ੍ਰਵੇਸ਼ ਜਾਂ ਸਿੱਖੀ ਦਾ ਧਾਰਨ ਕਰਨਾ (ਜਿਵੇਂ ਕਿ ਅਸੀਂ ਪੰਜਾਬੀ ਲੋਕ ਕਹਿੰਦੇ ਹਾਂ) ਇਕ ਤਰ੍ਹਾਂ ਦੈਵੀ-ਪ੍ਰੇਰਨਾ ਨੂੰ ਪ੍ਰਾਪਤ ਕਰਨਾ ਹੈ। ਇਹ ਇਕ ਤਰ੍ਹਾਂ ਨਾਲ ਅਦ੍ਰਿਸ਼ਟ ਮੰਡਲ ਦੀਆਂ ਅਬਿਨਾਸ਼ੀ ਰੂਹਾਂ ਨਾਲ ਅਤਿ ਨੇੜੇ ਦੀ ਸਾਂਝ ਪਾਉਣ ਦੇ ਤੁਲ ਹੈ। ਅਜਿਹਾ ਹੀ ਗੁਰੂ ਨਾਨਕ ਦੇਵ 'ਜਪੁਜੀ' ਵਿਚ ਸੰਕੇਤ ਕਰਦੇ ਹਨ।

## ਸਾਡੇ ਰੱਖਿਅਕ

ਆਤਮਾ ਦੇ ਪਰਮਾਨੰਦ ਵਿਚ ਜਿਗਿਆਸੂ ਪਰਮ ਸੁੰਦਰ ਵਿਭੂਤੀਆਂ, ਦੇਵ-ਪੁਰਸ਼ਾਂ ਤੇ ਫ਼ਰਿਸ਼ਤਿਆਂ ਦੇ ਦਰਸ਼ਨ ਕਰਦਾ ਹੈ। ਅਜਿਹੀਆਂ ਮਹਾਨ-ਮੁਕਤਗਾਮੀ ਆਤਮਾਵਾਂ ਹਨ ਜੋ ਭਗਤੀ ਮਾਰਗ ਉਤੇ ਤੁਰੇ ਨਵੇਂ ਪਾਂਧੀਆਂ ਦੀ ਰੱਖਿਆ ਕਰਕੇ ਰੱਬੀ ਪ੍ਰੇਮ ਨੂੰ ਹਰ ਤਰ੍ਹਾਂ ਦੀ ਹਾਨੀ ਤੋਂ ਬਚਾਉਂਦੀਆਂ ਹਨ। ਇਹਨਾਂ ਦਾ ਇਹ ਕਰਮ ਤਿੱਖੀ ਤਲਵਾਰ ਦੀ ਨੋਕ ਸਮਾਨ ਬੜਾ ਤਿੱਖਾ ਤੇ ਤੁਰੰਤ ਹੁੰਦਾ ਹੈ।

## ਦੈਵੀ ਜੀਵਨ ਦਾ ਪ੍ਰੇਰਨਾ-ਸਰੋਤ

ਦੈਵੀ ਜੀਵਨ ਦੀ ਇਹ ਪ੍ਰੇਰਨਾ ਕੇਵਲ ਕੁਝ ਚੋਣਵੀਆਂ ਨਸਲਾਂ, ਜਾਤੀਆਂ, ਕਾਲੇ-ਗੋਰੇ ਰੰਗਾਂ ਦੇ ਲੋਕਾਂ ਤੇ ਕੌਮਾਂ ਤੱਕ ਹੀ ਸੀਮਤ ਨਹੀਂ ਹੁੰਦੀ, ਸਗੋਂ ਇਹ ਜੀਵਨਧਾਰਾ ਦੀਆਂ ਸਭ ਚਿੱਟੀਆਂ ਤੰਦਾਂ ਵਿਚ ਅਦ੍ਰਿਸ਼ਟ ਰੂਪ ਵਿਚ ਪ੍ਰਵਾਹਤ ਹੋ ਰਹੀ ਹੈ। ਇਹ ਤਾਂ ਆਪਣੇ ਮੁੱਖ ਸਰੋਤ ਨਾਲ ਜੋੜ ਰਹੀ ਹੈ। ਇਹ ਸਾਗਰ ਦੇ ਪ੍ਰਵਾਹ ਸਮਾਨ ਹੈ, ਜੋ ਹਰ ਤ੍ਰੇੜ ਤੇ ਨੁੱਕਰ ਨੂੰ ਭਰ ਦਿੰਦਾ ਹੈ। ਕਦੀ ਕਦੀ ਤਾਂ ਅਬੋਲ ਜਾਨਵਰ ਵੀ ਰੱਬਤਾ ਦੀ ਉਚੀ ਟੀਸੀ ਦੇ ਅਨੁਭਵ ਤੱਕ ਪਹੁੰਚ ਜਾਂਦੇ ਹਨ। ਪ੍ਰਭੂ ਦੀ ਸ਼ਕਤੀ ਤਾਂ ਸਭ ਚੇਤਨ ਜੀਵਾਂ ਵਿਚ ਵਿਦਮਾਨ ਹੈ। ਐਨ ਉਸੇ ਤਰ੍ਹਾਂ ਜਿਵੇਂ ਸਾਗਰ ਆਪਣੀ ਹਰ ਲਹਿਰ ਵਿਚ ਵਿਦਮਾਨ ਹੈ। ਰੱਬ ਵੱਲੋਂ

ਅਰਦਾਸ ਹਮੇਸ਼ਾ ਸੁਣੀ ਜਾਂਦੀ ਹੈ, ਇਥੋਂ ਤੱਕ ਕਿ ਉਹ ਮੂਕ ਪ੍ਰਾਰਥਨਾ ਨੂੰ ਵੀ ਸੁਣਦਾ ਹੈ। ਗ਼ਜ਼ਨੀ ਦੇ ਅਮੀਰ ਸੁਬਕਤਗੀਨ ਨੇ ਹਿਰਨੀ ਦੀ ਪੁਕਾਰ ਸੁਣੀ ਤੇ ਉਸ ਨੂੰ ਰਾਜ ਤਖ਼ਤ ਪ੍ਰਾਪਤ ਹੋਇਆ। ਉਸ ਹਿਰਨੀ ਦੇ ਦਿਲ ਵਿਚ ਰੱਬ ਧੜਕ ਰਿਹਾ ਸੀ।

## ਕਰੁਣਾ ਹੀ ਸਾਰ ਤੱਤ ਹੈ

ਇਸ ਕਰੁਣਾ ਦੇ ਅਨੁਭਵ ਵਿਚ ਹੀ ਸ੍ਰਿਸ਼ਟੀ ਦਾ ਮਹਾਨ ਰਹੱਸ ਲੁਕਿਆ ਹੋਇਆ ਹੈ। ਜਦੋਂ ਇਹ ਮਿਲ ਜਾਏ ਤਾਂ ਸਭ ਕੁਝ ਪ੍ਰਾਪਤ ਹੋ ਜਾਂਦਾ ਹੈ। ਜਦੋਂ ਇਸ ਦੀ ਸੋਝੀ ਹੋ ਜਾਏ ਤਾਂ ਸਭ ਕੁਝ ਜਾਣ ਲਿਆ ਜਾਂਦਾ ਹੈ। ਆਤਮ-ਅਨੁਭੂਤੀ ਦੇ ਇਸ ਅਨੁਭਵੀ ਸ੍ਰਿਸ਼ਟਾਚਾਰ ਵਿਚ ਹੀ ਸੱਚੀ ਸੰਸਕ੍ਰਿਤੀ ਦਾ ਸਾਰ ਲੁਕਿਆ ਪਿਆ ਹੈ। ਗੋਇਟੇ ਨੇ ਵੀ ਇਹੋ ਨਿਚੋੜ ਕੱਢਿਆ ਸੀ ਕਿ ਅਨੁਭਵ ਹੀ ਸਰਵ-ਸ੍ਰੇਸ਼ਠ ਤੱਤ ਹੈ।

*ਮਨੁੱਖ ਦੇ ਸੀਨੇ ਵਿਚ ਇਸ ਅਨੁਭਵ ਦੀ ਨਿਰੰਤਰ ਲਟ ਲਟ ਬਲਦੀ ਚਮਕ ਉਸ ਤਰ੍ਹਾਂ ਹੈ ਜਿਵੇਂ ਨਰਮ ਰਾਖ ਵਿਚ ਕੋਇਲੇ ਮਘ ਰਹੇ ਹੋਣ। ਧਰਮ ਮਨੁੱਖ ਦਾ ਅਮੋਲਕ ਵਿਰਸਾ ਹੈ। ਇਸ ਦੀ ਅਣਹੋਂਦ ਵਿਚ ਆਤਮ ਜੀਵਨ ਕੇਵਲ ਬਲਦਾ ਅਗਨ ਸਾਗਰ ਹੈ ਤੇ ਮਨੁੱਖ ਦਾ ਲੰਮਾ ਜੀਵਨ ਵੀ ਸਰਪ ਦੀ ਆਰਜਾ ਸਮਾਨ ਹੁੰਦਾ ਹੈ।

## ਯੁਗਾਂ-ਯੁਗਾਂਤਰਾਂ ਦੀ ਸਾਂਝ

ਮਹਾਨ ਅਧਿਆਤਮਿਕ ਅਨੁਭਵ ਰੱਖਣ ਵਾਲੇ ਕਵੀ ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿਚ ਭਗਤਾਂ ਤੇ ਮੁਰੀਦਾਂ ਦੀ ਯੁਗਾਂ-ਯੁਗਾਂਤਰਾਂ ਤੋਂ ਚਲੀ ਆ ਰਹੀ ਲਗਾਤਾਰ ਸਾਂਝ ਦਾ ਉਲੇਖ ਕੀਤਾ ਹੈ। ਸਭ ਯੁਗਾਂ ਦੇ ਭਗਤ-ਜਨ ਭਾਈ ਗੁਰਦਾਸ ਦੇ ਕਥਨ ਅਨੁਸਾਰ ਜੁਗੋ ਜੁਗ ਅਟਲ ਅਧਿਆਤਮਿਕ ਸਾਂਝੀਵਾਲਤਾ ਦੇ ਸੂਤਰ ਵਿਚ ਬੱਝੇ ਹੋਏ ਹਨ।

ਇਹਨਾਂ ਭਗਤਾਂ ਵਿਚੋਂ ਭਾਈ ਗੁਰਦਾਸ, ਰਾਣੀ ਤਾਰਾ ਤੇ ਰਾਜਾ ਹਰੀਸ਼ ਚੰਦਰ ਦੀ ਲਘੂ ਕਥਾ ਨੂੰ ਆਪਣੀ ਦਸਵੀਂ ਵਾਰ ਦੀ ਪਉੜੀ ਵਿਚ ਇੰਜ ਗਾਇਨ ਕਰਦੇ ਹਨ। "ਰਾਣੀ ਤਾਰਾ ਹਰ ਰਾਤ ਨੂੰ ਆਪਣੇ ਪਤੀ ਰਾਜਾ ਹਰੀਸ਼ ਚੰਦਰ ਨੂੰ ਸੁੱਤਿਆਂ ਛੱਡ ਕੇ ਗੁਰੂ ਦੇ ਸਤਿਸੰਗ ਵਿਚ ਜਾਂਦੀ ਹੁੰਦੀ ਸੀ। ਰਾਜਾ ਇਸ ਬਾਰੇ ਬੇਖ਼ਬਰ ਸੀ ਕਿ ਰਾਤ ਨੂੰ ਉਸ ਦੀ ਰਾਣੀ ਉਸ ਨੂੰ ਛੱਡ ਕੇ ਕਿਥੇ ਜਾਂਦੀ ਹੈ।" ਭਾਈ ਗੁਰਦਾਸ ਫ਼ੁਰਮਾਉਂਦੇ ਹਨ, "ਆਪਣੀ ਰਾਣੀ ਦਾ ਪਿੱਛਾ ਕਰਕੇ ਉਸ ਦਾ ਦੇਵ ਲੋਕ ਵਿਚ ਵਾਸਾ ਹੋਇਆ ਤੇ ਉਸ ਨੇ ਗੁਰੂ ਦੇ ਸ਼ਬਦ ਨੂੰ ਸੁਣਿਆ। ਸਾਰੇ ਯੁਗਾਂ ਵਿਚ ਇਕੋ ਗੁਰੂ ਤੇ ਇਕੋ ਹੀ ਉਸ ਦਾ ਸ਼ਬਦ

*ਗੁਰੂ ਅਰਜਨ ਦੇਵ ਟੋਡੀ ਮਹਲਾ 5, ਪੰਨਾ 712

ਵਿਆਪਕ ਹੁੰਦਾ ਹੈ।'' ਇਹ ਉਸ ਯੁਗ ਦੇ ਗੁਰੂ ਨਾਨਕ ਸਨ। ਉਹ ਹੁਣ ਵੀ ਗੁਰੂ ਨਾਨਕ ਹਨ ਤੇ ਭਵਿੱਖ ਵਿਚ ਵੀ ਗੁਰੂ ਨਾਨਕ ਹੋਣਗੇ।

ਭਾਈ ਗੁਰਦਾਸ ਜੀ ਭਗਤੀ ਭਾਵਨਾ ਜਾਂ ਸਿੱਖੀ ਨੂੰ ਉਦਾਤ-ਭਾਵੀ ਸਦਾਚਾਰਕ ਜੀਵਨ ਦਾ ਵਿਸ਼ਵ-ਵਿਆਪੀ ਵਰਤਾਰਾ ਦਸਦੇ ਹਨ ਜੋ ਆਪਣੇ ਪਰਾਭੌਤਿਕ ਸਰੂਪ ਵਿਚ ਪ੍ਰਮਾਤਮਾ ਦਾ ਹੀ ਵਿਸਥਾਰ ਹੈ। ਮਿੱਟੀ ਦੇ ਇਕ ਢੇਲੇ ਤੋਂ ਲੈ ਕੇ ਉਚਤਮ ਬੋਧੀਸਤਵ ਤੱਕ ਇਕੋ ਅਨਾਦੀ ਸੱਤਾ ਹੀ ਵਿਆਪਕ ਹੈ। ਗੁਰੂ ਹੀ ਨਿਰਗੁਣ ਪਾਰਬ੍ਰਹਮ ਨੂੰ ਸਰਗੁਣ ਸਰੂਪ ਵਿਚ ਪ੍ਰਗਟ ਕਰਦਾ ਹੈ। ਗੁਰੂ ਦੇ ਰੂਪ ਵਿਚ ਪ੍ਰਮਾਤਮਾ ਆਪ ਹੀ ਅਵਤਾਰ ਧਾਰਦਾ ਹੈ। ਗੁਰੂ ਦੇ ਰੂਪ ਵਿਚ ਉਹ, ਮਨੁੱਖ ਬਣ ਕੇ ਸਾਡੇ ਵਿਚ ਆਉਂਦਾ ਹੈ ਅਤੇ ਸਾਡੇ ਅੰਦਰ ਜੀਵਨ ਦੀ ਨਵੀਂ ਜੋਤ ਜਗਾਉਂਦਾ ਹੈ। ਇਹ ਬ੍ਰਹਮ-ਗਿਆਨ ਕਿ 'ਏਕਾ ਬ੍ਰਹਮ ਦੂਤੀਆ ਨੇਸਤੀ' ਅਰਥਾਤ ਸਭ ਬ੍ਰਹਮ ਹੀ ਹੈ। ਗੁਰੂ ਦੇ ਨਿੱਜ ਸਰੂਪ ਦੇ ਮਿਲਾਪ ਤੋਂ ਬਿਨਾਂ ਤੁਛ ਤੇ ਬੇਲੋੜਾ ਹੈ। ਯੋਗ-ਵਸ਼ਿਸ਼ਟ ਦਾ ਕਰਤਾ ਤੇ ਭਾਈ ਗੁਰਦਾਸ ਇਸ ਗੱਲ ਦਾ ਐਲਾਨ ਕਰਦੇ ਹਨ ਕਿ ਨਿੱਜ ਸਰੂਪ ਵਿਚ ਗੁਰੂ ਦੇ ਮਿਲਾਪ ਤੋਂ ਬਿਨਾਂ ਕਿਤੋਂ ਵੀ ਰੱਬੀ ਗਿਆਨ ਪ੍ਰਾਪਤ ਨਹੀਂ ਹੋ ਸਕਦਾ।

ਧਰੁਵ ਨੇ ਪ੍ਰਭੂ ਨੂੰ ਪ੍ਰਬਲ ਪ੍ਰੀਤ ਦੁਆਰਾ ਪਾਇਆ ਸੀ। ਉਸ ਨੇ ਪ੍ਰਭੂ ਦੇ ਦਰਸ਼ਨ ਕੀਤੇ। ਪ੍ਰਭੂ-ਪ੍ਰੀਤਮ ਉਸ ਕੋਲ ਇਵੇਂ ਪੁੱਜਾ ਜਿਵੇਂ ਗਾਂ ਆਪਣੇ ਵੱਛੇ ਨੂੰ ਆ ਕੇ ਮਿਲਦੀ ਹੈ। ਪ੍ਰਮਾਤਮਾ ਨੇ ਧਰੂ ਨੂੰ ਗਗਨ ਮੰਡਲ ਦਾ ਤਾਰਾ ਬਣਾ ਦਿੱਤਾ, ਜਿਸ ਦੀ ਸਪਤਰਿਸ਼ੀ ਪ੍ਰਕਰਮਾ ਕਰਦੇ ਹਨ। ਭਗਤਾਂ ਦੀ ਰੱਖਿਆ ਕਰਨ ਲਈ ਪ੍ਰਭੂ ਆਪ ਆ ਕੇ ਸਹਾਈ ਹੁੰਦਾ ਹੈ। ਦੋਖੀਆਂ ਨੇ ਉਸ ਨੂੰ ਅੱਗ ਵਿਚ ਸੁੱਟਿਆ ਤਾ ਜੋ ਉਹ ਸੜ ਜਾਏ। ਉਹਨਾਂ ਨੇ ਉਸ ਨੂੰ ਪਾਣੀ ਵਿਚ ਸੁੱਟਿਆ ਤਾਂ ਜੋ ਉਹ ਡੁੱਬ ਜਾਏ। ਅੱਗ ਉਸ ਨੂੰ ਸਾੜ ਨਾ ਸਕੀ। ਪਾਣੀ ਉਸ ਨੂੰ ਡੋਬ ਨਾ ਸਕਿਆ। ਗੁਰੂ ਦੀ ਪ੍ਰਹਿਲਾਦ ਉਤੇ ਮਿਹਰ ਸੀ। ਭਗਤ ਨੂੰ ਕੋਈ ਆਂਚ ਨਾ ਆਈ। ਹਰਨਾਖ਼ਸ਼ ਨੇ ਖੜਗ ਸੂਤ ਲਈ ਤੇ ਪ੍ਰਹਿਲਾਦ ਨੂੰ ਕੜਕ ਕੇ ਕਹਿਣ ਲੱਗਾ, ''ਦੱਸ ਕਿਥੇ ਹੈ ਤੇਰਾ ਗੁਰੂ ?'' ਲੋਹੇ ਦੇ ਲਾਲ ਤਪਦੇ ਥੰਮ੍ਹ ਵਿਚੋਂ ਭਗਵਾਨ ਨਰਸਿੰਘ ਦੇ ਰੂਪ ਵਿਚ ਪ੍ਰਗਟ ਹੋਏ ਅਤੇ ਦੁਸ਼ਟ ਹਰਨਾਖ਼ਸ਼ ਦਾ ਸੰਘਾਰ ਕਰ ਦਿੱਤਾ।

(ਵਾਰ 10, ਪਉੜੀ ਪਹਿਲੀ ਤੇ ਦੂਜੀ)

ਕੌਰਵ ਰਾਜ ਸਭਾ ਵਿਚ ਦਰੋਪਤੀ ਦੀ ਬੇਪਤੀ ਕਰਨ ਲਈ ਤੁਲ ਗਏ। ਦੁਸ਼ਟ ਉਸ ਨੂੰ ਦਰਬਾਰ ਵਿਚ ਨੰਗੀ ਕਰਨਾ ਚਾਹੁੰਦੇ ਸਨ। ਉਹ ਨੈਣ ਮੁੰਦ ਕੇ ਆਪਣੇ ਪ੍ਰਭੂ-ਪ੍ਰੀਤਮ ਨੂੰ ਪੁਕਾਰਦੀ ਰਹੀ ਅਤੇ ਉਸ ਦੇ ਚਰਨਾਂ ਦਾ ਧਿਆਨ ਧਰਿਆ। ਇਸ ਘੋਰ ਕਸ਼ਟ ਸਮੇਂ ਸ੍ਰੀ ਕ੍ਰਿਸ਼ਨ ਜੀ ਦੇ ਉਸ ਨੂੰ ਦਰਸ਼ਨ ਹੋਏ, ਜਿਨ੍ਹਾਂ ਨੇ ਉਸ ਦੀ ਪੱਤ ਦੀ ਰੱਖਿਆ ਕੀਤੀ। ਜਦੋਂ ਉਹ ਘਰ ਆਈ ਤੇ ਸ੍ਰੀ ਕ੍ਰਿਸ਼ਨ ਜੀ ਉਸ ਨੂੰ ਮਿਲੇ ਤਾਂ ਦਰੋਪਤੀ ਲੱਜਾਵਾਨ ਹੋਈ ਕਹਿਣ ਲੱਗੀ, ''ਭਗਵਾਨ, ਅੱਜ ਤੁਸਾਂ ਮੇਰੀ ਰੱਖਿਆ ਕੀਤੀ।'' ਆਦਿ ਜੁਗਾਦਿ ਤੋਂ ਹੀ ਆਪਣੇ

ਭਗਤਾਂ ਦੀ ਪੈਜ ਰਖਣਾ ਹੀ ਪ੍ਰਮਾਤਮਾ ਦਾ ਬਿਰਦ ਹੈ। ਪ੍ਰਮਾਤਮਾ ਉਹਨਾਂ ਦੀ ਪਿੱਠ ਉਤੇ ਆ ਖਲੋਂਦਾ ਹੈ ਜਿਨ੍ਹਾਂ ਦਾ ਹੋਰ ਕੋਈ ਸਹਾਰਾ ਨਹੀਂ ਹੁੰਦਾ।

(ਵਾਰ 10, ਪਉੜੀ 4)

ਸੁਦਾਮਾ ਦਵਾਰਕਾ ਵਿਖੇ ਸ੍ਰੀ ਕ੍ਰਿਸ਼ਨ ਨੇ ਮਿਲਣ ਗਿਆ। ਮਨ ਵਿਚ ਸ਼ੰਕਾ ਸੀ ਕਿ ਪਤਾ ਨਹੀਂ ਸ੍ਰੀ ਕ੍ਰਿਸ਼ਨ ਜੋ ਹੁਣ ਰਾਜਾ ਬਣ ਗਏ ਹਨ, ਆਪਣੇ ਬਚਪਨ ਦੇ ਮਿੱਤਰ ਨੂੰ ਮਿਲਣਗੇ ਜਾਂ ਨਹੀਂ। ਪਰ ਆਪਣੇ ਬਾਲ-ਸਖਾ ਮਿੱਤਰ ਨੂੰ ਵੇਖ ਕੇ ਸ੍ਰੀ ਕ੍ਰਿਸ਼ਨ ਜੀ ਰਾਜ-ਸਿੰਘਾਸਣ ਛੱਡ ਕੇ ਦੌੜ ਕੇ ਉਸ ਕੋਲ ਪੁੱਜੇ। ਸਦਾ ਵਾਂਗ ਭਗਵਾਨ ਆਪਣੇ ਭਗਤ ਨੂੰ ਅਗਲਵਾਂਢੀ ਹੋ ਕੇ ਮਿਲੇ। ਸ੍ਰੀ ਕ੍ਰਿਸ਼ਨ ਜੀ ਨੇ ਆਪਣੇ ਭਗਤ ਦੀ ਪ੍ਰਦਖਣਾ ਕੀਤੀ, ਚਰਨਾਂ ਨੂੰ ਛੁਹਿਆ ਤੇ ਧੂੜ-ਅੱਟੇ ਚਰਨ ਧੋ ਕੇ ਆਪਣੇ ਕੋਲ ਹੀ ਆਪਣੇ ਮਿੱਤਰ ਨੂੰ ਰਾਜ-ਸਿੰਘਾਸਣ ਉਤੇ ਬਿਠਾ ਲਿਆ।

(ਵਾਰ 10, ਪਉੜੀ 9)

ਜੈ ਦੇਵ ਪ੍ਰੇਮ ਵਿਚ ਗੁਆਚ ਗਏ ਸਨ। ਪ੍ਰਮਾਤਮਾ ਨੂੰ ਆਪ ਆ ਕੇ ਉਸ ਕੋਲੋਂ ਉਹੋ ਕੁਝ ਲਿਖਵਾਇਆ ਜੋ ਕੁਝ ਉਹ 'ਗੀਤ ਗੋਵਿੰਦ' ਵਿਚ ਲਿਖਣਾ ਚਾਹੁੰਦੇ ਸਨ। ਨਾਮਦੇਵ ਜੀ ਨੇ ਭਗਵਾਨ ਦੀ ਮੂਰਤੀ ਅੱਗੇ ਕਪਲਾ ਗਊ ਦਾ ਦੁੱਧ ਭੇਟ ਕੀਤਾ ਅਤੇ ਬੇਨਤੀ ਕੀਤੀ ਕਿ ਭਗਵਾਨ ਆਪ ਉਸ ਦੇ ਭੇਟ ਕੀਤੇ ਦੁੱਧ ਨੂੰ ਸੇਵਨ ਕਰਨ। ਭਗਵਾਨ ਨੇ ਆਪ ਪ੍ਰਗਟ ਹੋ ਕੇ ਉਸ ਦੀ ਭੇਟ ਪ੍ਰਵਾਨ ਕੀਤੀ। ਨਾਮੇ ਦੇ ਸਿਰ ਉਪਰੰ ਸੁੰਦਰ ਛਤਰ ਤਾਣ ਦਿੱਤਾ ਤੇ ਭਗਤ ਨਾਮਦੇਵ ਦੇ ਪ੍ਰੇਮ ਦੀ ਮਹਿਮਾ ਦੂਰ ਦੂਰ ਤੱਕ ਫੈਲੀ।

(ਵਾਰ 10, ਪਉੜੀ 10)

ਰਾਮਾਨੰਦ ਜੀ ਅੰਮ੍ਰਿਤ ਵੇਲੇ ਗੰਗਾ ਉਤੇ ਇਸ਼ਨਾਨ ਕਰਨ ਜਾ ਰਹੇ ਸਨ। ਰਾਹ ਵਿਚ ਪ੍ਰਭੂ-ਪ੍ਰੀਤਮ ਲਈ ਪਿਆਸਾ ਮੁਸਲਮਾਨ ਜੁਲਾਹਾ ਕਬੀਰ ਲੇਟਿਆ ਪਿਆ ਸੀ। ਰਾਮਾਨੰਦ ਦੇ ਪੈਰ ਕਬੀਰ ਦੀ ਪਿੱਠ ਵਿਚ ਜਾ ਵੱਜੇ ਤੇ ਰਾਮਾਨੰਦ ਜੀ ਨੇ ਬਚਨ ਕੀਤਾ, "ਉਠੋ ਰਾਮ ਨਾਮ ਦਾ ਜਾਪ ਕਰੋ।" ਇਸ ਤਰ੍ਹਾਂ ਕਬੀਰ ਜੀ ਦੇ ਮਨ ਵਿਚ ਰੱਬੀ ਪ੍ਰੇਮ ਦੀ ਪ੍ਰੇਰਨਾ ਜਾਗੀ।

(ਵਾਰ 10, ਪਉੜੀ 14)

ਪਾਪੀ ਅਜਾਮਲ ਜੀਵਨ ਭਰ ਭੋਗ-ਵਿਲਾਸ ਵਿਚ ਗਲਤਾਨ ਰਿਹਾ ਤੇ ਪ੍ਰਮਾਤਮਾ ਤੇ ਉਸ ਦੇ ਮਨੁੱਖ ਵੱਲੋਂ ਪਿੱਠ ਮੋੜ ਛੱਡੀ। ਛਿਣ-ਭੰਗਰ ਐਸ਼ਵਰਜ਼ ਤੇ ਸੁਆਰਥੀ ਕਾਮਨਾ ਵਿਚ ਲੀਨ ਉਸ ਦੀ ਸਾਰੀ ਉਮਰ ਲੰਘ ਗਈ। ਜਦੋਂ ਉਸ ਨੂੰ ਗੁਰੂ ਦੇ ਦਰਸ਼ਨ ਹੋਏ ਤੇ ਉਸ ਨੂੰ ਗੁਰੂ ਦੇ ਸ਼ਬਦ ਦੀ ਦੀਖਿਆ ਮਿਲੀ ਤਾਂ ਉਸ ਦੇ ਸੰਸੇ ਦੂਰ ਹੋ ਗਏ। ਉਸ ਦੇ ਹਿਰਦੇ ਵਿਚ ਰੱਬੀ ਜੀਵਨ ਦੀ ਜੋਤ ਜਗ ਗਈ ਤੇ ਉਹ ਪਾਪੀ ਤੋਂ ਪੁੰਨੀ ਬਣ ਗਿਆ। ਇਸ ਤਰ੍ਹਾਂ ਭਗਵਾਨ ਨੇ ਪਾਪੀ ਦੀ ਰੱਖਿਆ ਕੀਤੀ।

(ਵਾਰ 10, ਪਉੜੀ 20)

ਉਪਰੋਕਤ ਦ੍ਰਿਸ਼ਟਾਂਤ ਭਾਈ ਗੁਰਦਾਸ ਦੀਆਂ ਵਾਰਾਂ ਦੇ ਆਧਾਰ ਉਤੇ ਦਿੱਤੇ ਗਏ ਹਨ। ਨਾਮ-ਸਿਮਰਨ ਦੁਆਰਾ ਹੀ ਗਨਿਕਾ ਭਵ-ਸਾਗਰ ਤੋਂ ਪਾਰ ਹੋਈ ਸੀ। ਪ੍ਰਭੂ ਦਾ ਨਾਮ ਉਸ ਦਾ ਆਸਰਾ ਬਣ ਗਿਆ।

(ਮਾਰੂ ਮਹਲਾ 9, ਪੰਨਾ 1008)

ਉਪਰੋਕਤ ਉਦਾਹਰਨਾਂ ਵਿਚ ਮੈਂ ਕੁਝ ਨਿੱਜੀ ਗੱਲਾਂ ਵੱਲ ਸੰਕੇਤ ਕੀਤਾ ਹੈ। ਇਹਨਾਂ ਵਿਚ ਦੈਵੀ-ਪ੍ਰੇਰਨਾ ਦੀ ਆਤਮਾ ਆਪਣੇ ਨਵੀਨਤਮ ਤੇ ਤਾਜ਼ਾ ਸਰੂਪ ਵਿਚ ਪ੍ਰਕਾਸ਼ਮਾਨ ਹੋਈ ਹੈ। ਇਸ ਪ੍ਰਕਾਰ ਪੰਜਾਬ ਦੇ ਵਿਅਕਤੀਗਤ ਤੇ ਸਮੂਹਿਕ ਜੀਵਨ ਵਿਚ ਗੁਰੂ ਸਾਹਿਬਾਨ ਨੇ ਜਿਨ੍ਹਾਂ ਨਵੇਂ ਆਦਰਸ਼ਾਂ ਦੇ ਸੁਪਨੇ ਸਾਜੇ ਸਨ, ਉਹਨਾਂ ਨੇ ਇਸ ਨਵੇਂ ਜੀਵਨ ਦੀ ਅਮਲੀ ਰੂਪ ਵਿਚ ਸਿਰਜਣਾ ਵੀ ਕੀਤੀ ਹੈ। ਮੇਰਾ ਵਿਸ਼ਵਾਸ ਹੈ ਕਿ ਗੁਰਮੁਖੀ ਇਸ ਰੱਬੀ ਗਿਆਨ ਦੀ ਦੈਵੀ-ਪ੍ਰੇਰਨਾ ਦਾ ਹੀ ਸਾਖਿਆਤ ਪ੍ਰਗਟਾਅ ਹੈ ਜਿਸ ਦੁਆਰਾ ਮਨੁੱਖ ਦੇ ਹਿਰਦੇ ਵਿਚ ਸੁੰਦਰਤਾ ਲਈ ਪ੍ਰੇਮ ਉਤਪੰਨ ਹੋ ਜਾਂਦਾ ਹੈ। ਜਿਸ ਦਾ ਪ੍ਰਗਟਾਅ ਉਹ ਆਪਣੀ ਕਲਾ ਦੇ ਰੂਪ ਵਿਚ ਕਰਦਾ ਹੈ। ਇਹ ਕੋਈ ਬਾਹਰਮੁਖੀ ਕਿਰਿਆ ਜਾਂ ਕਰਮ-ਕਾਂਡ ਦੀ ਗੱਲ ਨਹੀਂ ਹੁੰਦੀ, ਸਗੋਂ ਇਹ ਤਾਂ ਮਨ ਦੀ ਇਕ ਅੰਤਰਮੁਖੀ ਆਤਮਿਕ-ਅਵਸਥਾ ਹੁੰਦੀ ਹੈ ਜੋ ਧੀਰੇ ਧੀਰੇ ਅਤੇ ਪੱਕੇ ਨਿਹਚੇ ਨਾਲ ਇਸ ਆਤਮਿਕ ਅਨੁਭਵ ਦੀ ਸੰਸਕ੍ਰਿਤੀ ਨੂੰ ਆਪਣੇ ਅੰਦਰ ਨਹੀਂ ਧਾਰਨ ਕਰਦੇ ਅਤੇ ਪ੍ਰਮਾਤਮਾ ਤੇ ਉਸ ਦੀ ਸਾਜੀ ਮਨੁੱਖਤਾ ਨਾਲ ਪੂਰਨ ਤੌਰ 'ਤੇ ਇਕਮਿਕ ਹੋਣ ਦੀ ਭਾਵਨਾ ਨੂੰ ਆਪਣੇ ਅੰਦਰ ਨਹੀਂ ਜਗਾਉਂਦੇ, ਉਹ ਵਾਸਤਵ ਵਿਚ ਦਿਲ ਦੇ ਅੰਨ੍ਹੇ ਅਤੇ ਆਤਮਿਕ ਪੱਖ ਤੋਂ ਹੀਣੇ ਤੇ ਨਿਤਾਣੇ ਅਧਰੰਗ-ਮਾਰੇ ਹੁੰਦੇ ਹਨ। ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ ਕਿ ''ਛੱਤੀ ਪ੍ਰਕਾਰ ਦੇ ਭੋਜਨ ਅਤੇ ਅਨੇਕ ਪ੍ਰਕਾਰ ਦੇ ਰਸਾਂ-ਕਸਾਂ ਦਾ ਸੇਵਨ ਤੇ ਸਭ ਪ੍ਰਕਾਰ ਦੇ ਐਸ਼ਵਰਜ਼ ਤੇ ਭੋਗ-ਵਿਲਾਸ ਜੋ ਸਾਰੀ ਉਮਰ ਪ੍ਰਾਪਤ ਹੁੰਦੇ ਰਹਿਣ ਤਾਂ ਅਜਿਹਾ ਜੀਵਨ ਜਿਉਂਦੀ ਲਾਸ਼ ਸਮਾਨ ਹੁੰਦਾ ਹੈ।

''ਜਦੋਂ ਪ੍ਰਭੂ-ਪ੍ਰੀਤਮ ਦੇ ਪ੍ਰੇਮ ਦੀ ਸ਼ਾਂਤੀ ਦੀ ਦੌਲਤ ਮਿਲ ਜਾਂਦੀ ਹੈ ਤਾਂ ਹੋਰ ਸਭ ਪ੍ਰਕਾਰ ਦੇ ਭੂਮੀ, ਹਾਥੀ, ਘੋੜੇ, ਰੱਥ, ਸ਼ਾਹੀ ਬਾਜ਼ ਤੇ ਰਤਨ ਜਵਾਹਰ ਮੋਤੀ ਮਾਣਕ ਆਦਿ ਧਨ ਪਦਾਰਥ ਮਿੱਟੀ ਦੀ ਧੂੜ ਸਮਾਨ ਪ੍ਰਤੀਤ ਹੋਣ ਲੱਗ ਪੈਂਦੇ ਹਨ।''

(ਗੁਸਾਈਂ ਤੁਲਸੀ ਦਾਸ)

ਧੰਨ ਧੰਨ ਹੈ ਉਹ ਚੰਡਾਲ ਜਿਸ ਦੇ ਦਿਲ ਮੰਦਰ ਵਿਚ ਵਸਦਾ ਆਪ ਗੋਪਾਲ।

# ਗੁਰੂ ਦਾ ਸਿੱਖ
# (ਮੁਹੰਮਦ ਸ਼ਫ਼ੀ ਨਮਿਤ)

## ਸੁੰਦਰ ਪ੍ਰਭੂ-ਪ੍ਰੀਤਮ ਦਾ ਉਪਾਸ਼ਕ

ਮੇਰੇ ਲਈ ਸਿੱਖ ਸ਼ਬਦ ਡੂੰਘੇ ਅਧਿਆਤਮਿਕ ਅਰਥ ਰਖਦਾ ਹੈ। ਉਹ ਮਨੁੱਖਾਂ ਵਿਚੋਂ ਉਹ ਮਨੁੱਖ ਹੈ ਜੋ ਕੋਈ ਯੁਗ ਆਪਣੇ ਇਸ਼ਟ (ਪ੍ਰਭੂ) ਦੇ ਮਿਲਾਪ ਲਈ ਸਿਕਦਾ ਰਿਹਾ ਹੈ ਤਾਂ ਜੋ ਉਸ ਨੂੰ ਅਧਿਆਤਮਿਕ ਗਿਆਨ ਦੀ ਪ੍ਰਾਪਤੀ ਹੋ ਸਕੇ ਅਤੇ ਉਸ ਨੂੰ ਪ੍ਰਭੂ-ਪ੍ਰੀਤਮ ਦਾ ਸੰਜੋਗੀ-ਮੇਲ ਹੋ ਜਾਵੇ। ਯੁਗਾਂ ਤੋਂ ਮਨੁੱਖਤਾ ਪ੍ਰਭੂ-ਪ੍ਰੀਤਮ ਦੀ ਭਗਤੀ ਕਈ ਨਾਵਾਂ ਤੇ ਰੂਪਾਂ ਦੁਆਰਾ ਕਰਦੀ ਰਹੀ ਹੈ। ਸ੍ਰਿਸ਼ਟੀ ਦੇ ਆਰੰਭ ਤੋਂ ਲੈ ਕੇ ਮਨੁੱਖ ਦੇ ਹਿਰਦੇ ਵਿਚ ਪੂਜਾ ਦੀਆਂ ਘੰਟੀਆਂ ਸੁਣਾਈ ਦਿੰਦੀਆਂ ਰਹੀਆਂ ਹਨ ਅਤੇ ਅੰਤ ਸਮੇਂ ਵੀ ਉਹ ਆਪਣੇ ਮਨ-ਮੰਦਰ ਵਿਚ ਜਗਦੇ ਦੀਪ ਨੂੰ ਪ੍ਰਭੂ-ਪ੍ਰੀਤਮ ਦੇ ਦਰ ਉਤੇ ਧਰਨਾ ਲੋਚਦਾ ਰਿਹਾ ਹੈ। ਸਦਾ ਹੀ ਉਹ ਆਪਣੇ ਜੀਵਨ-ਦਾਤੇ ਦੀ ਉਪਾਸ਼ਨਾ ਤੇ ਭਗਤੀ ਵਿਚ ਲੀਨ ਰਿਹਾ ਹੈ।

## ਪ੍ਰਭੂ-ਪ੍ਰੀਤਮ ਦੇ ਸੰਤ-ਪੁਰਸ਼

ਇਥੇ ਇਸ ਸ਼ਬਦ 'ਸੰਤ' ਦਾ ਪ੍ਰਯੋਗ ਵਿਸ਼ੇਸ਼ ਸੰਦਰਭ ਵਿਚ ਉਹਨਾਂ ਮਹਾਂ-ਪੁਰਸ਼ਾਂ ਲਈ ਕੀਤਾ ਗਿਆ ਹੈ ਜਿਨ੍ਹਾਂ ਦਾ ਆਤਮਿਕ ਤੌਰ 'ਤੇ ਗੁਰੂ ਦੀ ਕਿਰਪਾ ਦੁਆਰਾ ਨਵਾਂ ਜਨਮ ਹੋਇਆ ਹੁੰਦਾ ਹੈ। ਇਹ ਹੀ ਸੱਚੇ ਅਰਥਾਂ ਵਿਚ ਦਵਿਜ ਹਨ। ਪਿਛਲੇ ਕੁਝ ਕਾਲ ਵਿਚ ਅਜਿਹੇ ਬ੍ਰਹਿਮੰਡੀ ਚੇਤਨਤਾ ਰੱਖਣ ਵਾਲੇ ਵਿਅਕਤੀ ਪੰਜਾਬ ਵਿਚ ਪੈਦਾ ਹੋਏ ਜਿਨ੍ਹਾਂ ਦੀ ਆਤਮਾ ਦੇਵਤਿਆਂ ਤੇ ਫਰਿਸ਼ਤਿਆਂ ਹਾਰ ਸ਼ੁੱਧ ਸੀ ਤੇ ਉਹਨਾਂ ਦੇ ਸਰੀਰ ਤਾਂ ਕੇਵਲ ਉਸ ਪ੍ਰਭੂ-ਚੇਤਨਤਾ ਦੇ ਵਾਹਨ-ਮਾਤਰ ਹੀ ਸਨ। ਇਹ ਸੰਤ ਪੁਰਸ਼ ਆਪਣੇ ਵਰਤਮਾਨ ਸਰੂਪ ਵਿਚ ਸਦਾ 'ਵਾਹੁ-ਵਾਹੁ' ਦਾ ਗਾਇਨ ਕਰਦੇ ਜਾਂਦੇ। ਉਹਨਾਂ ਦੇ ਮੁਖੜੇ ਅਤੇ ਆਲੇ ਦੁਆਲੇ ਪ੍ਰਭੂ-ਪ੍ਰੀਤਮ ਦੇ ਦਰਸ਼ਨ ਦੀ ਝਲਕ ਦਿਖਾਈ ਦਿੰਦੀ। ਪੰਜਾਬ ਇਹਨਾਂ ਮਹਾਂ-ਪੁਰਸ਼ਾਂ ਨਾਲ ਭਰਪੂਰ ਸੀ। ਅਜਿਹੇ ਸੰਤ-ਪੁਰਸ਼ ਹਰ ਯੁਗ ਵਿਚ, ਹਰ ਦੇਸ਼ ਵਿਚ, ਹਰ ਨਸਲ ਤੇ ਜਾਤੀ ਦੇ ਲੋਕਾਂ ਵਿਚ ਹੋਏ ਹਨ। ਆਪਣੇ ਵਿਸ਼ੇਸ਼ ਧਰਮ ਦੇ ਧਾਰਨੀ ਹੋਣ ਉਤੇ ਵੀ ਉਹ ਸਭ ਧਰਮਾਂ ਲਈ ਸਾਂਝੇ ਹਨ। ਅਜਿਹੇ ਮਹਾਂ-ਪੁਰਸ਼ ਅਸਾਧਾਰਨ ਰੂਪ ਦੇ ਵਿਅਕਤੀ ਹੁੰਦੇ ਹਨ ਜਿਨ੍ਹਾਂ ਦੇ ਮਸਤਕ ਉੱਤੇ ਰੱਬੀ-ਗਿਆਨ ਦਾ ਅਵਤਰਨ ਹੁੰਦਾ ਹੈ।

"ਪ੍ਰਭਾਤ ਸਮੇਂ ਪੰਛੀ ਚਹਿਚਹਾਉਂਦੇ ਹਨ ਤੇ ਪ੍ਰਭੂ ਦੇ ਸੰਤ-ਜਨ ਅਚਰਜ

ਰੰਗਾਂ ਵਿਚ ਰੰਗੇ ਰੱਬੀ ਲੀਲ੍ਹਾ ਦੀ ਵਚਿੱਤਰਤਾ ਨੂੰ ਨਿਹਾਰਦੇ ਹਨ।"

## ਨੈਣਾਂ ਵਿਚ ਸ਼ਬਦ ਦਾ ਚਮਤਕਾਰ

ਗੁਰੂ ਗੋਬਿੰਦ ਸਿੰਘ ਨੇ ਨਾਮ-ਰੱਤੇ ਸੰਤ-ਸਮੂਹ ਦੀ ਸਿਰਜਣਾ ਕੀਤੀ। ਇਹਨਾਂ ਸੰਤ ਪੁਰਸ਼ਾਂ ਦੇ ਨੈਣਾਂ ਵਿਚ ਰਾਤ ਦਿਵਸ ਸ਼ਬਦ ਤਾਰਿਆਂ ਹਾਰ ਚਮਕਦਾ ਦਿਖਾਈ ਦਿੰਦਾ ਹੈ। ਇਹ ਸੰਤ-ਸਮੂਹ ਗੁਰੂ ਗੋਬਿੰਦ ਸਿੰਘ ਜੀ ਦਾ ਸਾਜਿਆ 'ਖਾਲਸਾ' ਹੈ ਜਿਸ ਦਾ ਇਕ ਉਤਮ ਤੇ ਸੱਚੇ ਸੁੱਚੇ ਮਨੁੱਖੀ ਭਾਈਚਾਰੇ ਦੇ ਰੂਪ ਵਿਚ ਨਿਰਮਾਣ ਕੀਤਾ ਗਿਆ ਹੈ। ਇਹ ਸੰਪੂਰਨ ਰੂਪ ਦੀ ਸ਼ੁਧਤਾ ਉਸ ਆਦਰਸ਼ ਕਸਵੱਟੀ ਦੇ ਪ੍ਰਮਾਣ ਨਾਲ ਵਾਚੀ ਜਾ ਸਕਦੀ ਹੈ ਜੋ ਗੁਰੂ ਗੋਬਿੰਦ ਸਿੰਘ ਨੇ ਮਾਨਵਤਾ ਦੇ ਆਦਰਸ਼ ਦੇ ਰੂਪ ਵਿਚ ਘੜੀ ਸੀ। ਮਨੁੱਖ ਦੀਆਂ ਅਸਫਲਤਾਵਾਂ ਦਾ ਇਸ ਆਦਰਸ਼ਕ ਮਾਨਵੀ ਪ੍ਰਮਾਣ ਨਾਲ ਤੁਲਨਾ ਕਰਕੇ ਆਪਣੀਆਂ ਤਰੁੱਟੀਆਂ ਨੂੰ ਜਾਣਿਆ ਜਾ ਸਕਦਾ ਹੈ ਕਿ ਅਸੀਂ ਗੁਰੂ ਦੇ ਆਦਰਸ਼ਾਂ ਦੀ ਤੁਲਨਾ ਵਿਚ ਕਿੰਨੇ ਨੀਵੇਂ ਹਾਂ ਤਾਂ ਵੀ ਗੁਰਸਿੱਖਾਂ ਦੇ ਮਾਰਗ ਨੂੰ ਪੱਧਰਾ ਕਰਨ ਲਈ ਅਗਿਆਤ-ਪੁਰਸ਼ ਸਦਾ ਕਰਮਸ਼ੀਲ ਰਹਿੰਦੇ ਹਨ। ਜਿਨ੍ਹਾਂ ਗੁਰਸਿੱਖਾਂ ਦੀ ਆਤਮਾ ਪਾਰਦਰਸ਼ਕ ਸਫਟਕ ਮਣੀ, ਸਮੇਂ ਦੀਆਂ ਰਗੜਾਂ ਨਾਲ ਟੁੱਟ ਜਾਂਦੀ ਹੈ ਤੇ ਜਿਸ ਦੇ ਕੰਢੇ ਤਿੱਖੇ ਫ਼ਰਿਸ਼ਤਿਆਂ ਦੀ ਤੇਜ਼ ਧਾਰ ਨਾਲ ਭੁਰ ਚੁੱਕੇ ਹੁੰਦੇ ਹਨ, ਫਿਰ ਵੀ ਉਹਨਾਂ ਵਿਚ ਆਤਮਿਕ ਕਣੀ ਸੁਰੱਖਿਅਤ ਰਹਿੰਦੀ ਹੈ। ਸਿੱਖ ਮਨੁੱਖਾਂ ਵਿਚ ਮਨੁੱਖਤਾ ਦਾ ਤੱਤ ਹੈ ਜੋ ਅਰਸ਼ੀ ਸੁੰਦਰਤਾ ਨੂੰ ਨਿਹਾਰਦਾ ਹੈ ਅਤੇ ਉਸ ਦੇ ਮੰਦਰ ਦਾ ਪੁਜਾਰੀ ਹੈ।

ਵਰਤਮਾਨ ਕਾਲ ਦੇ ਅਕਾਲੀ ਸੰਗਰਾਮ ਵਿਚ ਵੀ ਭਾਵੇਂ ਇਕ ਦ੍ਰਿਸ਼ਟੀਕੋਣ ਤੋਂ ਇਸ ਵਿਚ ਬੜਾ ਉਲਝਾਉ ਦਿਖਾਈ ਦਿੰਦਾ ਹੈ ਤੇ ਇਸ ਦੇ ਨੇਤਾ ਵੀ ਗ਼ਲਤ ਦਿਸ਼ਾ ਵਿਚ ਚੱਲ ਰਹੇ ਹਨ ਅਤੇ ਰਾਹੋਂ ਭਟਕੇ ਹੋਏ ਪ੍ਰਤੀਤ ਹੁੰਦੇ ਹਨ, ਫ਼ਿਰ ਵੀ ਇਸ ਲਹਿਰ ਵਿਚ ਪੁਰਾਤਨ ਅਕਾਲੀ ਸਿੰਘਾਂ ਵਾਲਾ ਜਲਾਲ ਅਤੇ ਸੱਚੀ ਪ੍ਰੇਰਨਾ ਦੀ ਸ਼ਾਨ ਮੌਜੂਦ ਹੈ। ਪਤੰਗੇ ਸ਼ਮ੍ਹਾ ਉਤੇ ਕੁਰਬਾਨ ਹੋਣ ਲਈ ਆਉਂਦੇ ਹਨ। ਅਕਾਲ-ਤਖ਼ਤ ਸਾਹਿਬ ਦੇ ਸਨਮੁਖ ਹੋ ਕੇ ਹਜ਼ਾਰਾਂ ਇਸਤਰੀਆਂ ਆਪਣੇ ਪਤੀਆਂ ਨੂੰ ਉਹਨਾਂ ਦੇ ਗਲਾਂ ਵਿਚ ਹਾਰ ਪਾ ਕੇ ਲੋੜ ਪੈਣ ਉਤੇ ਗੁਰੂ ਦੇ ਨਾਂ ਉਤੇ ਸੀਨਿਆਂ ਵਿਚ ਗੋਲੀਆਂ ਖਾਣ ਲਈ ਤੋਰ ਰਹੀਆਂ ਹਨ। ਮਾਪੇ ਆਪਣੇ ਨੌਜਵਾਨ ਪੁੱਤਰਾਂ ਦੇ ਸਿਰਾਂ ਉਤੇ ਸ਼ਹੀਦ ਹੋਣ ਲਈ ਦਸਤਾਰਾਂ ਸਜਾ ਰਹੇ ਹਨ ਅਤੇ ਗੁਰੂ ਦੇ ਨਾਂ ਉਤੇ ਸ਼ਹੀਦ ਹੋਣ ਲਈ ਅਰਦਾਸ ਕਰ ਰਹੇ ਹਨ।

ਮੋਰਚੇ ਵਿਚ ਕੈਦ ਸਿੰਘਾਂ ਨੂੰ ਲਿਜਾ ਰਹੀ ਭਰੀ ਰੇਲ ਗੱਡੀ ਨੂੰ ਰੋਕਣ ਲਈ ਅਤੇ ਆਪਣੇ ਕੈਦੀ ਭਰਾਵਾਂ ਨੂੰ ਜਲ-ਪਾਣੀ ਛਕਾਉਣ ਲਈ ਚਲਦੇ ਰੇਲ ਇੰਜਣ ਸਾਹਮਣੇ ਹਜ਼ਾਰਾਂ ਦੀ ਗਿਣਤੀ ਵਿਚ ਆਈ ਸੰਗਤ ਇਕ ਦੂਜੇ ਤੋਂ ਅੱਗੇ ਹੋ ਕੇ ਰੇਲ ਦੀ ਪਟੜੀ ਉਤੇ ਲੇਟ ਰਹੀ ਹੈ ਤਾਂ ਜੋ ਕੈਦੀ ਭਰਾਵਾਂ ਨੂੰ ਗੱਡੀ ਰੋਕ ਕੇ ਜਲ-ਪਾਣੀ ਦੀ ਸੇਵਾ ਕੀਤੀ ਜਾ ਸਕੇ ਕਿਉਂਜੋ ਹਾਕਮਾਂ ਨੇ ਉਹਨਾਂ ਦੀ ਗੱਡੀ ਰੋਕਣ ਦੀ ਬੇਨਤੀ ਨੂੰ ਪ੍ਰਵਾਨ ਨਹੀਂ ਸੀ ਕੀਤਾ।

ਕਾਲੇ ਤੇ ਪੀਲੇ ਬਸਤਰਾਂ ਵਿਚ ਸਜੇ ਹਜ਼ਾਰਾਂ ਸਿੰਘ ਇਕ ਦੂਜੇ ਤੋਂ ਅੱਗੇ ਹੋ ਕੇ 500 ਜਾਂ 1000 ਦੇ ਜੱਥੇ ਵਿਚ ਸ਼ਾਮਲ ਹੋਣ ਲਈ ਕਾਹਲੇ ਹਨ। ਜਿਨ੍ਹਾਂ ਨੂੰ ਖ਼ੁਸ਼ੀ ਖ਼ੁਸ਼ੀ ਜੇਲ੍ਹ ਜਾਣ ਲਈ, ਗੋਲੀ ਦਾ ਨਿਸ਼ਾਨਾ ਬਣਨ ਲਈ ਅਤੇ ਹੋਰ ਜ਼ੁਲਮ ਤੇ ਕਸ਼ਟ ਸਹਿਣ ਲਈ ਗੁਰੂ ਦੇ ਨਾਂ ਉਤੇ ਭੇਜਿਆ ਜਾ ਰਿਹਾ ਹੈ। ਇਸ ਪ੍ਰਕਾਰ ਸਾਰੀ ਸਿੱਖ ਜਨਤਾ ਵਿਚ ਇਕ ਤਰ੍ਹਾਂ ਦੀ ਸੇਵਾ ਤੇ ਕੁਰਬਾਨੀ ਦੀ ਭਾਵਨਾ ਪ੍ਰਚੰਡ ਰੂਪ ਵਿਚ ਪਸਰ ਰਹੀ ਹੈ। ਇਹ ਵੇਖ ਕੇ ਸੱਚ ਮੁੱਚ ਹੈਰਾਨੀ ਹੁੰਦੀ ਹੈ ਕਿ ਕੀ ਅਸੀਂ ਇਸ ਘੋਰ ਪਦਾਰਥਵਾਦ ਦੇ ਯੁਗ ਵਿਚ ਰਹਿ ਰਹੇ ਹਾਂ ਜਾਂ ਉਸ ਸਮੇਂ ਵਿਚ ਜਦੋਂ ਸਿੰਘ ਖ਼ਾਲਸੇ ਦੇ ਰੂਪ ਵਿਚ ਦਸਮ ਗੁਰੂ ਦੀ ਹਜ਼ੂਰੀ ਵਿਚ ਆਪਣਾ ਸਭ ਕੁਝ ਗੁਰੂ ਲਈ ਨਿਛਾਵਰ ਕਰਨ ਲਈ ਪ੍ਰਤਿਗਿਆ ਕਰਦੇ ਹੁੰਦੇ ਸਨ।

ਗੁਰੂ ਨੇ ਅਗਨੀ, ਲੋਹ ਅਤੇ ਮੌਤ ਦੀ ਆਤਮਾ ਵਾਲੀ ਇਕ ਨਵੀਂ ਕੌਮ ਉਸਾਰ ਦਿੱਤੀ ਹੈ ਜੋ ਇਹਨਾਂ ਪ੍ਰਾਣੀਆਂ ਨੂੰ ਮੌਤ ਵਿਚ ਵੀ ਅਮਰ ਕਰ ਦਿੰਦੀ ਹੈ। ਸਿੱਖ ਇਤਿਹਾਸ ਦਾ ਹਰ ਪੰਨਾ ਇਸ ਤਰ੍ਹਾਂ ਦੇ ਹਜ਼ਾਰਾਂ ਜਗਮਗਾਉਂਦੇ ਸਿਤਾਰਿਆਂ ਨਾਲ ਜਗਮਗਾ ਰਿਹਾ ਹੈ, ਜਿਨ੍ਹਾਂ ਵਿਚੋਂ ਕੇਵਲ 'ਇਕ ਨਾਮ' ਹੀ ਸਾਡੇ ਅੰਦਰ ਬੀਰਤਾ ਦੀ ਉਚ-ਭਾਵਨਾ ਨੂੰ ਜੀਵਨ ਭਰ ਧੜਕਾਉਣ ਲਈ ਕਾਫੀ ਹੈ। ਗੁਰੂ ਅਰਜਨ ਦੇਵ, ਗੁਰੂ ਤੇਗ਼ ਬਹਾਦਰ, ਗੁਰੂ ਗੋਬਿੰਦ ਸਿੰਘ ਤੇ ਉਹਨਾਂ ਦੇ ਚਾਰ ਸਾਹਿਬਜ਼ਾਦੇ, ਪੰਜ ਪਿਆਰਿਆਂ ਦੇ ਨਾਂ ਯੁਗ ਤੇ ਸ਼ਾਂਤੀ ਦੇ ਸਮਿਆਂ ਦੇ ਬੇਅੰਤ ਸ਼ਹੀਦਾਂ-ਮੁਰੀਦਾਂ ਦੇ ਉਚੇ ਸੁੱਚੇ ਜੀਵਨ ਨਾਲ ਸਿੱਖ ਇਤਿਹਾਸ ਭਰਿਆ ਪਿਆ ਹੈ। ਸ਼ਾਇਦ ਹੀ ਕਿਸੇ ਹੋਰ ਜਾਤੀ ਜਾਂ ਕੌਮ ਕੋਲ ਅਜਿਹਾ ਘਨੇਰਾ ਤੇ ਉਚੇਰਾ ਜੀਵਨ-ਦਾਨੀ ਭੂਤ ਕਾਲ ਦਾ ਇਤਿਹਾਸ ਮੌਜੂਦ ਹੋਵੇ ਜਿਸ ਵਿਚ ਗੁਰੂ ਦੇ ਆਦਰਸ਼ਾਂ ਤੇ ਸੇਵਾ ਲਈ ਜੀਵਨ ਬਖ਼ਸ਼ਣ ਵਾਲੀ ਮੌਤ ਨੂੰ ਪ੍ਰਵਾਨ ਕਰਕੇ ਬਲਕਾਰ ਸ਼ਕਤੀਆਂ ਦਾ ਟਾਕਰਾ ਕੀਤਾ ਗਿਆ ਹੋਵੇ।

ਦਸਮ ਗੁਰੂ ਆਪਣੀ ਮਧੁਰ ਬਾਣੀ ਵਿਚ ਆਪਣੇ ਬੀਰਤਾ ਭਰਪੂਰ ਛੰਦਾਂ ਵਿਚ ਫੁਰਮਾਉਂਦੇ ਹਨ, "ਇਹ ਸ਼ਬਦ ਨਿਤਾਣਿਆਂ ਤੇ ਕਮਜ਼ੋਰਾਂ ਲਈ ਨਹੀਂ, ਸਗੋਂ ਇਹ ਤਾਂ ਧਨੁੱਖ ਧਾਰੀ ਦੇ ਬਾਣ ਹਨ। ਇਹਨਾਂ ਨੂੰ ਹਰ ਕੋਈ ਚਿੱਲੇ ਉਤੇ ਨਹੀਂ ਚੜ੍ਹਾ ਸਕਦਾ, ਨਾ ਹੀ ਆਲੇ ਦੁਆਲੇ ਤੀਰਾਂ ਦਾ ਮੀਂਹ ਵਰ੍ਹਾ ਸਕਦਾ ਹੈ। ਗੁਰੂ ਦੇ ਸ਼ਬਦਾਂ ਵਿਚ ਧਰਮ ਯੁਧ ਹੋ ਰਿਹਾ ਹੈ। ਸਫਾਜੰਗ ਤੇ ਖੰਡੇ ਖੜਕ ਰਹੇ ਹਨ। ਤੀਰ ਛੱਡੇ ਜਾ ਰਹੇ ਹਨ। ਜੋ ਅੰਧਕਾਰ ਦੇ ਭੂਤਾਂ ਦਾ ਨਾਸ਼ ਕਰ ਰਹੇ ਹਨ।"

ਗੁਰੂ ਦੇ ਇਹਨਾਂ ਸ਼ਬਦਾਂ ਨੇ ਜੀਵਨ ਦੀ ਨਵੀਂ ਅਗਨੀ ਨੂੰ ਪ੍ਰਚੰਡ ਕਰ ਦਿੱਤਾ ਹੈ ਜੋ ਆਪ ਦੇ ਰੱਤ ਵਿਚ ਗੇੜੇ ਲਾ ਰਹੀ ਸੀ ਜਿਸ ਦੀ ਟੁਣਕਾਰ ਨੇ ਆਪ ਦੇ ਮਨ ਵਿਚ ਇਕ ਨਵੀਂ ਪਰੰਪਰਾ ਨੂੰ ਜਨਮ ਦਿੱਤਾ। ਆਪ ਆਪਣੇ ਆਲੇ ਦੁਆਲੇ ਤੋਂ ਬਿਲਕੁਲ ਨਿਆਰੇ ਸਨ, ਜਿਸ ਵਿਚ ਲੋਕਾਂ ਦੇ ਮਨਾਂ ਨੂੰ ਮੁਰਦੇਹਾਣੀ, ਵਹਿਮਾਂ-ਭਰਮਾਂ, ਵਿਅਰਥ ਡਰਾਂ ਤੇ ਕਰਮ-ਕਾਂਡੀ ਪੂਜਾ-ਅਰਚਾ ਨੇ ਮੱਲਿਆ

ਹੋਇਆ ਸੀ। ਉਹਨਾਂ ਨੇ ਆਪਣੇ ਜੀਵਨ ਵਿਚ ਕਦੇ ਬੀਰ-ਰਸ ਦਾ ਅਨੰਦ ਨਹੀਂ ਸੀ ਚੱਖਿਆ।

ਇਕ ਦਰਸ਼ਨ-ਵੇਤਾ ਨੇ ਮੈਨੂੰ ਦੱਸਿਆ ਕਿ ਕੇਵਲ ਇਕੋ ਪੀੜ੍ਹੀ ਵਿਚ ਹੀ ਇਹ ਬੀਰ-ਰਸੀ ਭਾਵਨਾ ਸਿੱਖਾਂ ਦੀਆਂ ਹੱਡੀਆਂ ਵਿਚ ਰਚ ਗਈ, ਉਹਨਾਂ ਦੀ ਕਾਇਆ-ਕਲਪ ਹੋ ਗਈ।

ਇਕ ਦਿਨ ਬਿਹਾਰ ਵਿਚ ਮੈਨੂੰ ਇਕ ਸੁੰਦਰ ਪੋੜ੍ਹ ਗੱਭਰੂ ਮਿਲਿਆ। ਜੇ ਉਸ ਨੂੰ ਆਪਣੇ ਆਪ ਉਤੇ ਹੀ ਛੱਡ ਦਿੱਤਾ ਜਾਵੇ ਤਾਂ ਮੇਰਾ ਵਿਸ਼ਵਾਸ ਹੈ ਕਿ ਉਹ ਕਿਸੇ ਦਿਨ ਆਪਣੇ ਜੀਵਨ ਨਸ਼ੇ ਵਿਚ ਮਤਵਾਲਾ ਜਵਾਨ ਬਣ ਸਕਦਾ ਹੈ। ਜਦੋਂ ਉਹ ਮੇਰੇ ਕੋਲੋਂ ਲੰਘਿਆ ਤਾਂ ਉਸ ਨੇ ਮੈਨੂੰ ਇਹ ਕਹਿ ਕੇ ਨਮਸਕਾਰ ਕੀਤੀ, "ਜੈ ਪ੍ਰਯਾਗ ਜੀ ਕੀ !" ਮੇਰੇ ਮਨ ਵਿਚ ਇਕਦਮ ਇਹ ਖ਼ਿਆਲ ਆਇਆ ਕਿ ਇਸ ਨੌਜਵਾਨ ਨੂੰ ਇਹਨਾਂ ਸ਼ਬਦਾਂ ਵਿਚੋਂ ਕੀ ਪ੍ਰੇਰਨਾ ਮਿਲ ਸਕਦੀ ਹੈ। ਜੇ ਉਹ ਆਪਣੀ ਪ੍ਰੇਮਿਕਾ ਪ੍ਰਤੀ ਹੀ ਪ੍ਰੀਤ ਪ੍ਰੇਮੀ ਨਾਇਕ ਵਾਲਾ ਪ੍ਰੇਮ ਜਤਾਵੇ ਤਾਂ ਵੀ ਉਸ ਦੇ ਜੀਵਨ ਵਿਚ ਇਕ ਨਵਾਂ ਹੁਲਾਰਾ ਆ ਸਕਦਾ ਹੈ, ਪਰ ਪ੍ਰਯਾਗ ਦੇ ਸਥਾਨ ਉਤੇ ਇਹਨਾਂ ਦੋ ਨਦੀਆਂ ਦੇ ਸੰਗਮ ਨੂੰ ਯਾਦ ਕਰਕੇ ਇਹਨਾਂ ਨਿਰਜਿੰਦ ਸ਼ਬਦਾਂ ਵਿਚੋਂ ਉਹ ਕਿੰਨੀ ਕੁ ਵੱਡੀ ਪ੍ਰੇਰਨਾ ਲੈ ਸਕਦਾ ਹੈ ?

## ਗੁਰਸਿੱਖ ਦਾ ਗੀਤ
(ਪ੍ਰੇਮ ਸਿੰਘ ਨਮਿਤ)

ਮੈਂ ਤੇਰਾ ਸਿੱਖ ਹੋਣ ਨੂੰ ਲੋਚਾਂ
ਮੇਰਾ ਦਿਲ ਤਾਂ ਇਹੋ ਚਾਹੇ
ਇਹ ਮੇਰੇ ਕੇਸ ਲੰਮੇ ਹੋ ਜਾਣ
ਸੁਣਾਂ ਸਦਾ ਮੈਂ ਗੁਰੂ ਦਾ ਗਾਣ
ਸੁਆਸ-ਸੁਆਸ ਸਿਮਰਾਂ ਮੈਂ ਨਾਮ
ਜਦ ਮੈਂ ਗਾਵਾਂ ਗੁਰੂ ਦਾ ਗਾਣ
ਤਾਂ ਮਨੁੱਖ ਦੇ ਭਾਈ ਹੋਣ ਦਾ
ਪਾਵਾਂ ਮਾਣ।
ਚੁੱਪ-ਚੁਪੀਤਾ ਕੋਈ ਅਗਿਆਤ ਹੁਨਰਕਾਰ
ਸਿੱਖ ਦੀ ਮਿੱਟੀ ਪਿਆ ਡੌਲੇ ਵਾਂਗ ਘੁਮਾਰ
ਧਿਆਨ ਮਗਨ ਜਦ ਮੈਂ ਇੰਜ ਸੋਚਾਂ
ਮੈਂ ਤੇਰਾ ਸਿੱਖ ਹੋਣ ਨੂੰ ਲੋਚਾਂ।

ਹਾਲੀ ਮੇਰੀ ਮਿੱਟੀ ਘੜ ਕੇ
ਹੋਈ ਨਹੀਂ ਹੈ ਪੂਰਨ
ਮੇਰੇ ਅੰਦਰੋਂ ਰਿਸ਼ਮ ਪ੍ਰੇਮ ਦੀ
ਹਾਲੀ ਨਹੀਂ ਹੈ ਡਲ੍ਹਕੀ
ਫਿਰ ਵੀ ਮੈਂ ਉਹ ਮਾਨਵ
ਜੋ ਮਾਨਵ ਦਾ ਭਾਈ
ਹਾਂ ਮੈਂ ਉਸ ਗੁਰੂ ਦਾ ਦਾਸ
ਜੋ (ਵਿਚ ਧਿਆਨ) ਗੁਰੂ ਦੇ ਵਿਚ ਸਮਾਏ
ਦਾਸ ਗੁਰੂ ਦਾ ਗੁਰੂ ਦੇ ਅੰਦਰ
ਤੇ ਗੁਰੂ ਦਾਸ ਦੇ ਹਿਰਦੇ ਵਿਚ ਆ ਜਾਵੇ।
ਮੇਰਾ ਤਨ ਬਣੇ ਮਨ-ਮੰਦਰ ਉਹਦਾ
ਇਕ ਮਹਿਲ ਆਲੀਸ਼ਾਨ
ਭਾਵੇਂ ਇਹ ਮਿੱਟੀ ਦਾ ਕੋਠਾ
ਪਰ ਬਣ ਜਾਵੇ ਇਹ
ਗੁਰੂ ਦਾ ਰਾਜ ਮਹਿਲ ਅਸਥਾਨ

ਇਕ ਗਰੀਬੜੇ ਦਾ
ਇਹੋ ਮਿੱਟੀ ਦਾ ਕੋਠਾ
ਬਣ ਜਾਂਦਾ ਇਕ ਮੰਦਰ
ਤੇ ਬਾਦਸ਼ਾਹਤ ਮਹਾਨ
ਧਿਆਨ ਮਗਨ ਜਦ ਮੈਂ ਇੰਜ ਸੋਚਾਂ
ਮੈਂ ਤੇਰਾ ਸਿੱਖ ਹੋਣ ਨੂੰ ਲੋਚਾਂ।

ਭੁੱਲਾਂ ਨਾ ਮੈਂ ਉਹ ਗੰਢ
ਜੋ ਤੂੰ ਮੇਰਾ ਕੇਸਾਂ ਦੇ ਜੂੜੇ ਨੂੰ ਪਾਈ
ਇਹ ਗੰਢ ਤਾਂ ਅਤਿ ਪਵਿੱਤਰ
ਤੇਰੀ ਪ੍ਰੇਮ-ਨਿਸ਼ਾਨੀ।
ਤੇਰੀ ਮਿੱਠੀ ਯਾਦ ਦਾ ਸਿਮਰਨ ਚਿੰਨ੍ਹ
ਗੁਰੂ ਮੇਰੇ ਨੇ ਮੈਨੂੰ ਉਸ
ਨੂਰੀ ਚਾਨਣ ਵਿਚ ਕਰਵਾਇਆ
ਹੈ ਇਸ਼ਨਾਨ
ਜੋ ਸੈਆਂ ਅਗਿਆਤ ਭਾਨਾਂ ਦਾ ਹੈ ਪ੍ਰਕਾਸ਼
ਜਿਨ੍ਹਾਂ ਨੂੰ ਹੁਣ ਤਕ ਕੋਈ
ਨਹੀਂ ਸਕਿਆ ਹੈ ਜਾਣ।
ਜੂੜੇ ਦੀ ਇਸ ਕੋਮਲ ਗੰਢ ਵਿਚ
ਹੈ ਸਦੀਵੀ ਬੰਧਾਨ।
ਜਦ ਮੈਂ ਆਪਣੇ ਕੇਸਾਂ ਨੂੰ ਛੂਹਾਂ
ਛੂਹਾਂ ਜਾ ਅਸਮਾਨ
ਕੇਸਾਂ ਦੀ ਇਸ ਰਾਤ ਦੇ ਅੰਦਰ
ਸਹੰਸਰ ਤਾਰੇ ਜਗਮਗਾਣ।
ਧਿਆਨ ਮਗਨ ਜਦ ਮੈਂ ਇੰਜ ਸੋਚਾਂ
ਮੈਂ ਤੇਰਾ ਸਿੱਖ ਹੋਣ ਨੂੰ ਲੋਚਾਂ।

ਸਾਦ-ਮੁਰਾਦੀ ਮੇਰੀ ਇਸ
ਦਿਸਦੀ ਪੇਂਡੂ ਸੂਰਤ ਅੰਦਰ
ਦਿਲ ਮੇਰਾ ਪਿਆ ਧੜਕੇ
ਜੋ ਨਿੱਘਾ ਪ੍ਰੇਮ ਵੰਡ ਰਿਹਾ ਹੈ
ਸਾਰੀ ਖ਼ਲਕਤ ਤਾਈਂ
ਦਿਲ ਮੇਰਾ ਪਿਆ ਧੜਕੇ ਕੰਬੇ
ਸਭ ਦੀਆਂ ਆਸਾਂ ਨੂੰ

ਚਮਕਾਉਣਾ ਲੋਚੇ।
ਇਹ ਦਿਲ ਮੇਰਾ ਬਲਦਾ
ਚਮਕੇ ਚਾਨਣ ਹਾਰ
ਧੜਕੇ ਇਸ ਵਿਚ
ਵਿਸ਼ਵਾਸ ਦੀ ਨਵੀਂ ਆਸ
ਇਹ ਦਿਲ ਹੈ ਬਹੁਤ ਵਿਸ਼ਾਲ
ਜਿਸ ਦੀਆਂ ਤਹਿਆਂ ਵਿਚ
ਸਮਾ ਜਾਂਦਾ ਹੈ ਸ੍ਰਿਸ਼ਟੀ ਦਾ ਸਗਲ ਪਸਾਰ
ਇਹ ਤਾਂ ਸ੍ਰਿਸ਼ਟੀ ਦੀ ਅਦਭੁਤ ਲੀਲ੍ਹਾ
ਦੀ ਹੈ ਰੂਹ।
ਵਣ ਤੇ ਨਦੀਆਂ ਹਨ ਸਭ
ਮੇਰੇ ਆਪੇ ਦੇ ਬਿੰਬ ਪ੍ਰਤੀਬਿੰਬ ਤੇ ਆਕਾਰ
ਜੋ ਹੋ ਗਏ ਸਾਕਾਰ ਦਿਸਦੇ
ਉਚੀਆਂ ਹਿੰਮ ਚੋਟੀਆਂ ਦੇ ਧੌਲਾਧਾਰ
ਮੇਰੇ ਚਿੱਟੇ ਚਾਂਦੀ ਕੇਸਾਂ ਦੇ
ਕੁੰਡਲਾਂ ਦੇ ਹਨ ਆਕਾਰ
ਜਦ ਮੈਂ ਧਿਆਨ-ਮਗਨ ਇੰਜ ਸੋਚਾਂ
ਮੈਂ ਤੇਰਾ ਸਿੱਖ ਹੋਣ ਨੂੰ ਲੋਚਾਂ।

ਕੌਣ ਕਹੇ ਇਹ ਕੇਸ
ਮੇਰੇ ਤਨ ਦੀ ਧਰਤੀ ਉਤੇ ਉਗੇ ਹਨ ਘਾਹ ਹਾਰ
ਤੇ ਮੇਰੇ ਤਨ ਦੀਆਂ ਹੱਡੀਆਂ
ਹਨ ਨਿਰੇ ਚੂਨੇ ਦੇ ਟੋਟੇ ?
ਮੇਰੇ ਲਈ ਤਾਂ ਇਕ ਇਕ ਰੋਮ
ਹੈ ਪਵਿੱਤਰ ਗੁਰੂ ਦਾ ਯਾਦ-ਨਿਸ਼ਾਨ
ਤੇ ਇਹ ਮੇਰੇ ਕੇਸਾਂ ਦਾ ਜੂੜਾ
ਹੈ ਇਕ ਪ੍ਰਣ ਮਹਾਨ
ਨਿਹਚੇ, ਪ੍ਰੇਮ, ਭਰੋਸੇ ਵਾਲਾ
ਦੈਵੀ ਪ੍ਰੇਰਨਾ ਦਾ ਸਮਿਆਨ
ਤੇ ਇਹ ਮੇਰੀ ਸੂਰਤ ਸਿੱਖੀ ਵਾਲੀ
ਹੈ ਇਕ ਮੋਨ ਬੁੱਤ ਦੀ ਕਾਰ
ਜਿਸ ਵਿਚ ਸ਼ੁਕਰਾਨੇ ਦੇ ਭਾਵ
ਹੋਏ ਹਨ ਸਾਕਾਰ
ਉਸ ਪ੍ਰੇਮ ਸਦੀਵੀ ਖ਼ਾਤਰ

ਜਿਸ ਨੂੰ ਬੰਨ੍ਹ ਦਿੱਤਾ ਹੈ
ਮਿੱਤਰਤਾ ਦੀ ਗੰਢ ਦੇ ਵਿਚਕਾਰ
ਆਪ ਸੱਚੀ ਸਰਕਾਰ।
ਇਹ ਉਹਨਾਂ ਗੁਰੂਆਂ ਦੀ
ਬਖ਼ਸ਼ੀ ਹੋਈ ਹੈ ਦਾਤ
ਜੋ ਕੁਝ ਸਦੀਆਂ ਪਹਿਲਾਂ
ਪ੍ਰਗਟੇ ਵਿਚ ਪੰਜਾਬ।
ਸਾਡੇ ਸਭ ਦੇ ਰੱਖਣਹਾਰ
ਦਿਆਲੂ ਦਇਆ ਭੰਡਾਰ
ਜਿਨ੍ਹਾਂ ਨੇ ਕੀਤਾ ਹੈ ਮੈਨੂੰ ਪਿਆਰ
ਤੇ ਸਦਾ-ਸਲਾਮਤ ਸੁੰਦਰਤਾ ਦੇ
ਦੂਰ-ਦੁਰਾਡੇ ਲੋਕਾਂ ਅੰਦਰ
ਬਖ਼ਸ਼ਿਆ ਹੈ ਮੈਨੂੰ ਘਰ-ਬਾਰ
ਇਹ ਗੱਲ ਨਿਸਚੇ ਨਾਲ ਮੈਂ ਜਾਣਾਂ
ਪੁੱਜਾਂਗਾ ਮੈਂ ਇਕ ਦਿਨ ਉਥੇ
ਪ੍ਰੇਮ-ਦੇਸ਼ ਅਸਥਾਨ
ਜਿਥੇ ਪ੍ਰੀਤਾਂ ਦੇ ਪਾਤਸ਼ਾਹਾਂ ਦਾ
ਵਸੇ ਅਬਚਲ ਧਾਮ।
ਜਿਥੇ ਪੁੱਜ ਕੇ ਮੈਨੂੰ
ਬਖ਼ਸ਼ ਦਿੱਤੀ ਜਾਵੇਗੀ ਨਵੀਂ ਪੁਸ਼ਾਕ
ਤੇ ਸਦ ਰਹਿਣ ਸਦੀਵੀ
ਅਮਰ ਪ੍ਰੀਤ ਦੀ ਦਾਤ।
ਜਦ ਮੈਂ ਧਿਆਨ ਮਗਨ ਇੰਜ ਸੋਚਾਂ
ਮੈਂ ਤੇਰਾ ਸਿੱਖ ਹੋਣ ਨੂੰ ਲੋਚਾਂ।

# ਸਿੱਖ ਮੱਤ ਦੇ ਚਿੰਨ੍ਹ
(ਗਿਆਸੁਦੀਨ ਨਮਿਤ)

ਜਦੋਂ ਯੂਰਪ ਵਿਚੋਂ ਯਸੂ ਮਸੀਹ ਲਈ ਨਿੱਜੀ ਪ੍ਰੇਮ ਦੀ ਭਾਵਨਾ ਮਾਂਦੀ ਪੈ ਗਈ ਅਤੇ ਉਸ ਦੇ ਅਨੁਆਈਆਂ ਦੇ ਮਨਾਂ ਉਤੇ ਕੇਵਲ ਇਸਾਈ ਨਿਯਮਾਂਵਲੀ ਭਾਰੂ ਹੋ ਗਈ ਤਾਂ ਮੁਰੀਦਾਂ ਵਾਲੀ ਸੱਚੀ ਤੇ ਸਿਰਜਣਾਤਮਿਕ ਭਾਵਨਾ ਦਾ ਵੀ ਅੰਤ ਹੋ ਗਿਆ। ਫਲਸਰੂਪ ਕੁਝ ਇਸਾਈ ਭਗਤਾਂ ਵਿਚੋਂ ਈਸਾ ਜੀ ਦੇ ਲੰਮੇ ਲਹਿਰਦੇ ਕੇਸਾਂ ਵਾਲਾ ਨਿੱਜ-ਸਰੂਪ ਜਿਸ ਨੂੰ ਉਹ ਧਾਰਨ ਕਰਦੇ ਸਨ, ਦਾ ਰਿਵਾਜ ਵੀ ਜਾਂਦਾ ਰਿਹਾ। ਇਹਨਾਂ ਚਿੰਨ੍ਹਾਂ ਜਾਂ ਨਿਸ਼ਾਨਾਂ ਵਿਚ ਮਨੁੱਖੀ ਜੀਵਨ ਦੀ ਚੰਗਿਆੜੀ ਭਖ ਰਹੀ ਹੁੰਦੀ ਹੈ। ਭਾਵੇਂ ਇਹ ਕੋਈ ਚੁੰਮਣ ਹੋਵੇ ਜਾਂ ਕੋਈ ਜ਼ਖ਼ਮ, ਕੋਈ ਕੇਸਾਂ ਦੀ ਲਿਟ ਜਾਂ ਜ਼ੁਲਫ਼, ਕੋਈ ਛਾਪ-ਛੱਲਾ ਜਾਂ ਕੋਈ ਬ੍ਰਿਛ—ਇਹ ਸਭ ਜੀਵਨ ਗਤੀ ਦੀ ਤੀਬਰਤਾ ਦੇ ਸੂਚਕ ਹਨ। ਈਸਾ ਦਾ ਇਹ ਪਰੰਪਰਾਗਤ ਸਰੂਪ ਜਾਂ ਉਹਨਾਂ ਦੀ ਬਾਣੀ ਦੇ ਸ਼ਬਦ ਦੋਵੇਂ ਨਾਲੋ ਨਾਲ ਚਲਦੇ ਹਨ। ਜਦੋਂ ਇਹਨਾਂ ਵਿਚੋਂ ਕੋਈ ਇਕ ਵੀ ਧਿਆਨ ਤੋਂ ਪਰੋਖੇ ਹੋ ਜਾਂਦਾ ਹੈ ਤਾਂ ਦੂਜਾ ਵੀ ਨਿਰਜਿੰਦ ਹੋ ਨਿਬੜਦਾ ਹੈ। ਗੁਰੂ ਗੋਬਿੰਦ ਸਿੰਘ ਦੇ ਸਿੱਖਾਂ ਲਈ ਵੀ ਇਹੋ ਉਪਰੋਕਤ ਧਾਰਨਾ ਸਤ ਹੈ।

## ਸ਼ਬਦ ਦੀ ਪੂਜਾ

ਸਿੱਖ ਮੱਤ ਵਿਚ ਵੀ ਬਹੁਤ ਸਾਰੇ ਪਰੰਪਰਾਗਤ ਚਿੰਨ੍ਹ ਤੇ ਨਿਸ਼ਾਨ ਵਿਦਮਾਨ ਹਨ। ਸਿੱਖ ਕੋਲ ਹਰਿਮੰਦਰ ਹੈ। ਅਕਾਲ ਤਖ਼ਤ ਹੈ ਅਤੇ ਬੁੱਧ ਮੱਤ ਸਮਾਨ ਬਹੁਤ ਸਾਰੀਆਂ ਅਜਿਹੀਆਂ ਨਿਸ਼ਾਨੀਆਂ ਹਨ ਜਿਨ੍ਹਾਂ ਨੂੰ ਉਹ ਪੂਜਣ ਯੋਗ ਮੰਨਦੇ ਹਨ। ਪਵਿੱਤਰ ਗੁਰੂ ਗਰੰਥ ਸਾਹਿਬ ਦੀ ਪੂਜਾ ਉਸ ਲਈ ਅਧਿਕਾਰ ਸੱਤਾ ਅਤੇ ਅਦੁੱਤੀ ਰੂਪ ਵਿਚ ਸਿਰ ਝੁਕਾਉਣ ਸਮਾਨ ਹੈ। ਵੈਟੀਕਨ ਦੇ ਪੋਪ ਧਾਮ ਦੀ ਨਿਆਈਂ ਹੋਰ ਸੈਂਕੜੇ ਅਜਿਹੇ ਚਿੰਨ੍ਹ ਨਿਸ਼ਾਨ ਤੇ ਰਵਾਇਤਾਂ ਸੱਚੀਆਂ ਹਨ। ਇਸ ਸਭ ਕੁਝ ਤੋਂ ਇਹੋ ਹੀ ਪ੍ਰਗਟ ਹੁੰਦਾ ਹੈ ਕਿ ਇਹਨਾਂ ਪਿੱਛੇ ਸੱਚੀ-ਸੁੱਚੀ ਧਾਰਮਿਕ ਭਾਵਨਾ ਕਾਰਜਸ਼ੀਲ ਹੈ। ਜਿਥੇ ਵੀ ਕੋਈ ਸੱਚੀ ਸੁੱਚੀ ਭਾਵਨਾ ਮੌਜੂਦ ਹੋਵੇਗੀ ਤਾਂ ਉਹ ਅਜਿਹੇ ਚਿੰਨ੍ਹਮਈ ਸਰੂਪਾਂ ਵਿਚ ਹੀ ਪ੍ਰਗਟ ਹੋਵੇਗੀ। ਜੇ ਭਾਵਨਾ ਦਾ ਆਭਾਵ ਹੈ ਤਾਂ ਅਜਿਹੇ ਚਿੰਨ੍ਹ ਨਿਸ਼ਾਨ ਵੀ ਬੇਜਾਨ ਹਨ। ਪਰ ਜਦੋਂ ਇਹ ਭਾਵਨਾ ਮੌਜੂਦ ਹੁੰਦੀ ਹੈ ਤਾਂ ਇਹ ਆਪਣੀ ਪ੍ਰਕਿਰਤੀ ਵਾਲੀ ਮਿੱਟੀ ਸਿਰਜਣ ਤੋਂ ਵੀ ਨਹੀਂ ਰਹਿ ਸਕਦੀ। ਇਕ ਪ੍ਰਵਾਨਤ ਪੁਨੀਤ ਚਿੰਨ੍ਹਾਵਲੀ ਦੀ ਅਣਹੋਂਦ ਵਿਚ ਧਾਰਮਿਕ ਭਾਵਨਾ ਬਾਰੇ ਕਿਆਸ ਕਰਨਾ ਉਸੇ ਤਰ੍ਹਾਂ ਹੈ ਜਿਵੇਂ ਸਰੀਰ ਤੋਂ ਬਿਨਾਂ ਆਤਮਾ ਨੂੰ ਕਲਪਿਤ ਕਰਨਾ। ਇਕ ਬੰਨੇ ਮੂਰਤੀ ਪੂਜਾ

ਤੋਂ ਉਪਰ ਉਠਣ ਦਾ ਢੌਂਗ ਰਚਾਉਣਾ ਤੇ ਦੂਜੇ ਬੰਨੇ ਆਪਣੇ ਪ੍ਰੀਤਮ ਦੀਆਂ ਪ੍ਰੇਮ-ਪਾਤੀਆਂ ਨਾਲ ਹੇਜ ਜਤਾਉਣਾ ਗੁਰੂ ਅਰਜਨ ਦੇ ਸ਼ਬਦਾਂ ਵਿਚ ਮੁਰਦਾ ਲਾਸ਼ ਨੂੰ ਸ਼ਿੰਗਾਰਨ ਸਮਾਨ ਹੈ। ਇਹ ਕਰਦੇ ਹੋਏ ਇਹ ਦਾਅਵਾ ਕਰਨਾ ਕਿ ਉਹਨਾਂ ਦੇ ਸੀਨਿਆਂ ਵਿਚ ਭਾਵਨਾ ਦੀ ਚਿੰਗਿਆੜੀ ਵੀ ਮਘ ਰਹੀ ਹੈ, ਬੇਜਾਨ ਸ਼ੁੱਧਤਾਵਾਦ ਦੀ ਵਿਸ਼ੇਸ਼ ਸਨਕੀ ਪ੍ਰਵਿਰਤੀ ਹੀ ਹੈ ਜੋ ਕਿ ਨਿਰਜਿੰਦ ਤੇ ਖੋਖਲਾ ਹੋ ਚੁੱਕਾ ਹੈ।

ਇਹ ਸਾਡੇ ਗੁਰੂ ਲਈ ਨਿੱਜੀ ਪ੍ਰੇਮ ਹੀ ਹੈ ਜਿਸ ਨੇ ਆਪਣੇ ਜੀਵਨ ਦੁਆਰਾ ਸਾਡੀ ਆਤਮਾ ਨੂੰ ਮੋਹ ਲਿਆ ਹੈ। ਸਾਡੇ ਉਦਾਰ ਲਈ ਗੁਰੂ ਦੁਆਰਾ ਪ੍ਰਗਟਾਇਆ ਪ੍ਰੇਮ ਤੇ ਕੀਤੇ ਗਏ ਯਤਨ ਸਾਡੇ ਜੀਵਨ ਲਈ ਪ੍ਰਾਣ-ਦਾਤੇ ਹਨ। ਗੁਰੂ ਲਈ ਅਜਿਹਾ ਸਮਰਪਣ ਹੀ ਸਾਡਾ ਈਮਾਨ ਹੈ। ਉਸ ਦੇ ਨਾਮ ਨੂੰ ਬਾਰੰਬਾਰ ਦੁਹਰਾਉਣ ਨਾਲ ਸਾਨੂੰ ਗਹਿਰ-ਗੰਭੀਰ ਆਤਮਿਕ ਸ਼ਾਂਤੀ ਮਿਲਦੀ ਹੈ। ਸਾਡੇ ਅੰਦਰ ਵਸਦੇ ਸਥਾਈ ਭਾਵ ਜਾਂ ਵਹਿਮ-ਭਰਮ ਭਾਵੇਂ ਉਹ ਮਨੁੱਖ ਤੇ ਪ੍ਰਮਾਤਮਾ ਸੰਬੰਧੀ ਪੇਤਲੇ, ਵਿਸ਼ਵਾਸਹੀਣ, ਤਰਕਵਾਦੀ, ਅਕਾਦਮਿਕ ਤੇ ਪਰਾਭੌਤਿਕ ਦ੍ਰਿਸ਼ਟੀਕੋਣ ਰੱਖਣ ਵਾਲੇ ਲੋਕਾਂ ਨੂੰ ਉਹ ਕਿੰਨੇ ਵੀ ਅੱਖੜ ਕਿਉਂ ਨਾ ਪ੍ਰਤੀਤ ਹੋਣ, ਬੜੇ ਮਹੱਤਵਪੂਰਨ ਹੁੰਦੇ ਹਨ। ਇਹ ਸਾਡੇ ਸਮਾਜਕ ਤੇ ਵਿਅਕਤੀਗਤ ਜੀਵਨ ਪਰੰਪਰਾਵਾਂ ਨੂੰ ਸਥਿਰ ਤੇ ਚਲਦਿਆਂ ਰੱਖਣ ਲਈ ਜ਼ਰੂਰੀ ਹਨ। ਸਾਡੇ ਜੀਵਨ ਦੇ ਜਿਉਂਦੇ ਜਾਗਦੇ ਵਿਸ਼ਵਾਸ ਜੀਵਨ ਨਾਲ ਸੰਬੰਧਤ ਇਹ ਸਥਾਈ ਭਾਵ ਤੇ ਚਿੰਨ੍ਹ ਤੇ ਨਿਸ਼ਾਨ ਨੂੰ ਸਥਿਰ ਰੱਖਣ ਲਈ ਸਾਡੀ ਉਚਤਮ ਕਵਿਤਾ ਦੇ ਕਲਾਮਈ ਰੂਪ ਹਨ।

## ਮੇਰਾ ਦਿਲ ਧੜਕਦਾ ਹੈ

ਇਕ ਦਿਨ ਪ੍ਰਭੂ ਰੰਗ ਵਿਚ ਰੱਤਾ ਇਕ ਸਿੱਖ ਵੀਰ ਆਪਣੇ ਬੁੱਲ੍ਹਾਂ ਵਿਚ ਅਰਦਾਸ ਕਰਦਾ ਹੋਇਆ ਮੇਰੇ ਕੋਲੋਂ ਲੰਘਿਆ। ਮੈਂ ਉਸ ਨੂੰ ਗਲਵੱਕੜੀ ਵਿਚ ਲੈ ਕੇ ਉਸ ਦੇ ਸੀਨੇ ਨਾਲ ਕੰਨ ਲਾ ਕੇ ਉਸ ਦੀ ਦਿਲ ਦੀ ਧੜਕਣ ਨੂੰ ਸੁਣਿਆ ਜਿਸ ਵਿਚੋਂ ਕੁਝ ਇਸ ਤਰ੍ਹਾਂ ਦੀ ਆਵਾਜ਼ ਸੁਣਾਈ ਦੇ ਰਹੀ ਹੈ :

ਮੈਂ ਦੂਰੋਂ ਚੱਲ ਕੇ ਆਇਆ ਹਾਂ
ਮੇਰਾ ਦਿਲ ਪ੍ਰਭੂ ਪ੍ਰੇਮ ਵਿਚ ਧੜਕਦਾ ਹੈ
ਗੁਰੂ ਜੀ ਨੇ ਮੈਨੂੰ ਖ਼ਾਲਸਾ ਜੀ ਦੀ
ਸੇਵਾ ਹਿਤ ਬੁਲਾ ਭੇਜਿਆ ਹੈ
ਮੈਂ ਆਪਣੇ ਜਿਗਰ ਦਾ ਖ਼ੂਨ
ਭੇਟ ਕਰਨ ਜਾ ਰਿਹਾ ਹਾਂ।
ਇਸ ਦੇ ਖ਼ੂਨ ਦੇ ਕੁਝ ਤੁਪਕੇ
ਉਸ ਚੂਨੇ-ਗਚ ਨਾਲ ਰਲ ਕੇ

ਉਸ ਥਾਂ ਵਿਛਾਣੇ ਜਾਣਗੇ
ਜਿਥੇ ਅੱਜ ਹਰਿਮੰਦਰ ਦੀ ਉਸਾਰੀ ਲਈ
ਇਕ ਹੋਰ ਸੰਗਮਰਮਰ ਧਰਿਆ ਜਾਣਾ ਹੈ।
ਵਾਹੁ ! ਵਾਹੁ !!
ਮੇਰੇ ਹੋਰ ਸਿੱਖ ਭਰਾ
ਮੇਰੀ ਇਸ ਬੇਨਤੀ ਨੂੰ ਪ੍ਰਵਾਨ ਕਰਕੇ
ਮੈਨੂੰ ਅਜਿਹਾ ਕਰਨ ਲਈ
ਕਿਉਂ ਅਸੀਸ ਨਹੀਂ ਦਿੰਦੇ ?
ਕਿਉਂ ਉਹ ਮੇਰੀ ਇਸ ਬੇਨਤੀ ਨੂੰ
ਤੁਰੰਤ ਪ੍ਰਵਾਨ ਨਹੀਂ ਕਰਦੇ ?

## ਜੀਵਨ ਅੰਮ੍ਰਿਤ ਦੀ ਪਾਹੁਲ

ਗੁਰੂ ਗੋਬਿੰਦ ਸਿੰਘ ਨੇ ਜਿਹੜੀ ਸਰਬ-ਲੋਹ ਦੀ ਪਾਹੁਲ ਨਾਲ ਜੀਵਨਧਾਰਾ ਦਾ ਨਵ-ਸੰਚਾਲਨ ਕੀਤਾ, ਉਹ ਇਕ ਅਜਿਹੀ ਪ੍ਰੇਰਨਾ ਸ਼ਕਤੀ ਹੈ ਜੋ ਮਨੁੱਖ ਦੀ ਨਵੇਂ ਧਰਮ ਵਿਚ ਨਵੀਂ ਘਾੜਤ ਘੜਦੀ ਹੈ ਅਤੇ ਉਸ ਨੂੰ ਪ੍ਰੇਮ ਵਿਚ ਮ੍ਰਿਤੂ ਦਾ ਪਾਠ ਪੜ੍ਹਾਉਂਦੀ ਹੈ। ਇਹ ਉਹਨਾਂ ਗੁਰੂ ਵਿਰੋਸਾਏ ਪਿਆਰਿਆਂ ਵੱਲੋਂ ਬਖ਼ਸ਼ੀ ਜਾਂਦੀ ਦਾਤ ਹੈ ਜਿਨ੍ਹਾਂ ਨੂੰ ਗੁਰੂ ਨੇ ਨਵਾਂ ਵਿਅਕਤੀਤਵ ਬਖ਼ਸ਼ਣ ਦਾ ਅਧਿਕਾਰ ਪ੍ਰਦਾਨ ਕੀਤਾ ਹੈ। ਇਹ ਦੈਵੀ-ਛੁਹ ਮਨੁੱਖ ਨੂੰ ਨਵ-ਮਾਨਵ ਤੇ ਦੇਵਤਾ ਬਣਾ ਦੇਣ ਦੀ ਕਰਾਮਾਤ ਹੈ।

ਆਉ ! ਨਿਰਾਸ਼ ਨਾ ਹੋਈਏ
ਤੇ ਉਹਨਾਂ ਜੀਵਨ ਮੁਕਤ ਹੋ ਚੁੱਕੇ
ਵਿਅਕਤੀਆਂ ਦੀ ਭਾਲ ਕਰੀਏ
ਜਿਨ੍ਹਾਂ ਨੂੰ ਪ੍ਰਭੂ ਨੇ ਆਪਣੇ ਪ੍ਰੇਮ ਦੀ
ਦਾਤ ਬਖ਼ਸ਼ ਕੇ ਕ੍ਰਿਤਾਰਥ ਕੀਤਾ ਹੈ।
ਸ਼ਾਇਦ ਅਸੀਂ ਵੀ ਉਹਨਾਂ ਨੂੰ ਲੱਭ ਸਕੀਏ
ਤੇ ਇਸ ਦੁਬਿਧਾ-ਗ੍ਰਸਤ ਭਵ-ਸਾਗਰ ਦੀ
ਮਾਇਆ ਜਾਲ ਦੇ ਦਵੈਤ ਤੋਂ
ਸੁਤੰਤਰ ਹੋ ਸਕੀਏ।

## ਗੁਰੂ ਮੇਰੇ ਸੰਗ ਸਦਾ ਹੈ ਨਾਲੇ

ਮੈਂ ਉਹਨਾਂ ਧਰਮ ਪਵਿੱਤਰ ਮਹਾਂ-ਪੁਨੀਤ ਗੁਰੂ ਅਰਜਨ ਦੇਵ ਦੇ ਮੁਖਾਰਬਿੰਦ ਤੋਂ ਉਸੇ ਮਧੁਰ ਬਾਣੀ ਦਾ ਮਹਾਂ-ਸੰਗੀਤ ਸੁਣਨਾ ਲੋਚਦਾ ਹਾਂ ਜਿਸ ਨੂੰ ਕਦੇ ਮੇਰੇ ਪੰਜਾਬ ਵਾਸੀ ਪੁਰਖਿਆਂ ਨੇ ਆਪ ਦੀ ਹਜ਼ੂਰੀ ਵਿਚ ਬੈਠ ਕੇ

ਸਰਵਣ ਕੀਤਾ ਸੀ। ਮੈਂ ਇਹ ਸ਼ਬਦ ਸੁਣਨ ਲਈ ਵਿਆਕੁਲ ਸਾਂ। ਮੇਰੇ ਅੰਦਰ ਇਸ ਨੂੰ ਸੁਣਨ ਦੀ ਪ੍ਰਬਲ ਤ੍ਰਿਖਾ ਸੀ। ਮੈਂ ਬਾਲ ਹਾਰ ਵਿਲਕ ਰਿਹਾ ਸਾਂ।

ਮੈਂ ਉਸ ਰੱਬੀ ਗਾਇਕ ਦੇ ਦਰਸ਼ਨ ਕਰਨਾ ਲੋਚਦਾ ਸਾਂ। ਮੈਂ ਉਸ ਰੱਬੀ ਗਾਇਕ ਦੀ ਰੱਬੀ ਪ੍ਰੇਮ ਵਿਚ ਰੱਤੜੀ ਮਿੱਠੀ ਬਾਣੀ ਨੂੰ ਸੁਣਨਾ ਲੋਚਦਾ ਸਾਂ ਜੋ ਕਦੀ ਸਾਡੇ ਵਿਚ ਆ ਕੇ ਵਿਚਰਿਆ ਸੀ ਅਤੇ ਜਿਸ ਵਰਗੇ ਮਿੱਠੜੇ ਬੋਲ ਮੁੜ ਅਸਾਂ ਕਦੇ ਨਹੀਂ ਸਨ ਸੁਣੇ। ਕੀ ਮੈਨੂੰ ਆਪ ਦੇ ਦਰਸ਼ਨ ਹੋਣਗੇ ? ਆਪ ਕਿਥੇ ਚਲੇ ਗਏ ਹਨ ? ਆਪ ਦਾ ਹੁਣ ਨਿਵਾਸ ਕਿਥੇ ਹੈ ?

ਦੂਧੀਆ ਚਾਨਣ ਵਿਚ ਸਜਿਆ ਮਿੱਠੀਆਂ ਪ੍ਰੇਮ ਸੁਗੰਧੀਆਂ ਨਾਲ ਭਰਿਆ ਇਕ ਪ੍ਰਾਹੁਣਾ-ਦੂਤ ਮੇਰੇ ਘਰ ਆਇਆ। ਉਸ ਕੋਲ ਗੁਰੂ ਜੀ ਦੇ ਗੀਤਾਂ ਦਾ ਖ਼ਜਾਨਾ ਮੌਜੂਦ ਸੀ। ਮੈਂ ਉਸ ਸਿੱਖ ਦੇ ਚਰਨੀਂ ਢਹਿ ਪਿਆ। ਇਸ ਗੀਤਾਂ ਦੀ ਨਿਧੀ ਨੂੰ ਮੱਥਾ ਟੇਕਿਆ ਜਿਸ ਨਾਲ ਮੈਨੂੰ ਉਹ ਰੱਬੀ ਖ਼ਜਾਨਾ ਪ੍ਰਾਪਤ ਹੋਇਆ ਤੇ ਜਿਸ ਨੇ ਮੇਰੀ ਆਤਮਾ ਵਿਚ ਨਵਾਂ ਉਤਸ਼ਾਹ ਭਰ ਦਿੱਤਾ ਤੇ ਮੈਨੂੰ ਗੁਰੂ ਦੇ ਚਰਨਾਂ ਨਾਲ ਜੋੜ ਦਿੱਤਾ। ਉਸ ਦੂਧੀਆ ਬਸਤਰਧਾਰੀ ਪ੍ਰਾਹੁਣੇ-ਦੂਤ ਨੇ ਮੇਰੇ ਮਸਤਕ ਉਤੇ ਹੱਥ ਧਰ ਕੇ ਮੈਨੂੰ ਉਠਾਇਆ ਤੇ ਗੁਰੂ ਦੇ ਬਖ਼ਸ਼ੇ ਉਸ ਰੱਬੀ ਗੀਤਾਂ ਦੇ ਖ਼ਜਾਨੇ ਦੇ ਸਨਮੁਖ ਮੈਨੂੰ ਬਿਠਾ ਦਿੱਤਾ। ਮੈਂ ਇਕ ਉਚੀ ਆਤਮਿਕ ਅਵਸਥਾ ਵਿਚ ਪੁੱਜ ਗਿਆ ਤੇ ਮੈਨੂੰ ਇੰਜ ਪ੍ਰਤੀਤ ਹੋਇਆ, ਜਿਵੇਂ ਮੈਂ ਗੁਰੂ ਜੀ ਦੀ ਹਜ਼ੂਰੀ ਵਿਚ ਹੀ ਬੈਠਾ ਹਾਂ। ਮੇਰੇ ਇਸ ਅਦੁੱਤੀ ਅਨੁਭਵ ਦੁਆਰਾ ਮੇਰੇ ਅੰਦਰ ਜਿਹੜੀਆਂ ਦੇਵ ਆਤਮਾਵਾਂ ਨੇ ਪ੍ਰਵੇਸ਼ ਕੀਤਾ ਸੀ ਉਹਨਾਂ ਨੇ ਉਸ ਗੀਤਾਂ ਦੀ ਪੋਥੀ ਨੂੰ ਆਪਣੇ ਹੱਥੀਂ ਖੋਲ੍ਹਿਆ ਅਤੇ ਮੈਨੂੰ ਸੁਣਾਉਣ ਹਿਤ ਪਾਠ ਕਰਨਾ ਆਰੰਭਿਆ। ਮੈਨੂੰ ਇੰਜ ਲੱਗਾ ਕਿ ਜਿਵੇਂ ਸਾਹਿਬ ਗੁਰੂ ਅਰਜਨ ਦੇਵ ਜੀ ਆਪਣੇ ਬਾਲ ਦੀ ਅਰਦਾਸ ਸੁਣ ਕੇ ਆਪ ਮੇਰੇ ਕੋਲ ਪਧਾਰੇ ਹੋਣ। ਮੇਰੇ ਨਾਲ ਉਹਨਾਂ ਉਸੇ ਤਰ੍ਹਾਂ ਬਚਨ ਕੀਤੇ ਹੋਣ ਤੇ ਮੈਨੂੰ ਉਸੇ ਤਰ੍ਹਾਂ ਵਿਰੋਸਾਇਆ ਹੋਵੇ ਜਿਵੇਂ ਕਦੀ ਆਪ ਜੀ ਨੇ ਪੰਜਾਬ ਵਿਚ ਮੇਰੇ ਵਡੇਰਿਆਂ ਉਤੇ ਬਖ਼ਸ਼ਿਸ਼ਾਂ ਕੀਤੀਆਂ ਸਨ। ਗੁਰੂ ਹੁਣ ਮੇਰੇ ਅੰਗ-ਸੰਗ ਹਨ। ਇਸ ਆਤਮਿਕ ਅਨੁਭਵ ਨਾਲ ਮੈਨੂੰ ਡੂੰਘੀ ਸਹਿਜ-ਸ਼ਾਂਤੀ ਪ੍ਰਾਪਤ ਹੋਈ।

## ਗੁਰਸਿੱਖ

(ਤਪਾ ਮੱਲ, ਦਿਆ ਰਾਮ ਤੇ ਉਹਨਾਂ ਦੇ ਭਰਾਵਾਂ ਦੀ ਯਾਦ ਵਿਚ)

ਕਹਿੰਦੇ ਹਨ :
ਕਿਸੇ ਸੁਭਾਗੇ ਦਿਨ ਤੇ ਸੁਲੱਖਣੀ ਘੜੀ,
ਆਕਾਸ਼ ਤੋਂ ਸਵਾਂਤ ਬੂੰਦ ਵਰ੍ਹਦੀ ਹੈ;
ਤੇ ਮੋਤੀ-ਜਣਨੀ (ਸਿੱਪੀ)
ਸਾਗਰ ਤਹਿ 'ਤੇ ਤਰਦੀ ਹੈ।
ਇਸੇ ਉਡੀਕ ਵਿਚ
ਕਿ ਇਹ ਅੰਮ੍ਰਿਤ-ਬੂੰਦ
ਉਸ ਦੀ ਤ੍ਰਿਖਾ ਮਿਟਾਵੇਗੀ
ਅਤੇ ਜਿਸ ਪਲ ਇਹ ਉਸ ਦੇ
ਮੂੰਹ ਵਿਚ ਡਿਗਦੀ ਹੈ,
ਇਸ ਨੂੰ ਪ੍ਰਾਪਤ ਕਰ
ਉਹ ਹੇਠਾਂ ਡੂੰਘੇ ਸਾਗਰਾਂ ਵਿਚ
ਉਤਰ ਜਾਂਦੀ ਹੈ
ਜਿਥੇ ਮੌਤ ਵਰਗੇ
ਚੁੱਪ ਟਿਕਾਓ ਵਿਚ
ਉਹ ਮੋਤੀਆਂ ਦੇ
ਸੁਪਨੇ ਲੈਂਦੀ ਹੈ !

ਕਹਿੰਦੇ ਹਨ :
ਕਿ ਮੋਤੀ ਸਮਾਧੀ ਦੀ
ਸਿਰਜਣਾ ਹੈ।
'ਪਰ' ਗੁਰੂ ਅਮਰਦਾਸ ਜੀ
ਫੁਰਮਾਉਂਦੇ ਹਨ :
"ਗੁਰੂ ਤੋਂ ਨਾਮ ਦਾ ਬੀਜ ਪ੍ਰਾਪਤ ਕਰਕੇ
ਮਨੁੱਖ ਦੀ ਆਤਮਾ
ਮੁੰਦੀ ਜਾਂਦੀ ਹੈ
ਅਤੇ ਚੁੱਪ ਵਿਚ
ਡੂੰਘੀ ਉਤਰ ਜਾਂਦੀ ਹੈ
ਅਤੇ ਜਿਧਰ ਨੂੰ ਹਵਾ ਦੇ ਬੁੱਲੇ

ਉਸ ਨੂੰ ਖੜਨ
ਉਹ ਤੁਰ ਪੈਂਦੀ ਹੈ।''
''ਭਾਵੇਂ ਉਸ ਦੇ ਸਿਰ ਉਪਰ
ਗਰਜਦੇ ਸਾਗਰ
ਠਾਠਾਂ ਮਾਰਦੇ ਹਨ,
ਉਹ ਪ੍ਰੇਮ-ਭਿੱਜੀ
ਲੇਟੀ ਰਹਿੰਦੀ ਹੈ,
ਆਪਣੇ ਵਿਸ਼ਵਾਸ ਦੀ
ਦ੍ਰਿੜ੍ਹਤਾ ਵਿਚ
ਉਦੋਂ ਤੱਕ ਬਿਲਕੁਲ
ਬੰਦ ਰਹਿੰਦੀ ਹੈ
ਜਦੋਂ ਤੱਕ
'ਰੱਬੀ ਸ਼ਬਦ' (ਨਾਮ) ਉਸ ਨੂੰ
ਗੁਰਸਿੱਖ ਦੇ ਨਵੇਂ ਆਕਾਰ ਵਿਚ
ਘੜ ਨਹੀਂ ਦੇਂਦਾ !''
''ਸਿੱਖ ਦੀ ਘਾੜਤ
ਮੋਤੀ ਨਾਲੋਂ ਵੀ ਬਿਖਮ ਹੈ,
ਮਾਣਕ ਨਾਲੋਂ ਵੀ;
ਪੁਰਾਤਨ ਤੇ ਨਵੀਨ
ਧਰਮ-ਗਰੰਥਾਂ ਨਾਲੋਂ ਵੀ;
ਉਹ ਜੀਵਨ ਦਾ
ਬੀਜ-ਬਿੰਦੂ ਹੁੰਦਾ ਹੈ
ਜੋ ਜੀਵਨ ਨੂੰ
ਮੁੜ ਨਵੇਂ ਸਿਰਿਉਂ
ਸਿਰਜਦਾ ਹੈ।
ਉਹ ਗੁਰੂ ਦਾ ਸਿੱਖ ਹੀ ਹੈ
ਜਿਸ ਦੀ ਆਤਮਾ ਵਿਚ
ਆਪ ਪ੍ਰਮਾਤਮਾ
ਆਪਣੀ ਪਰਮ-ਸੁੰਦਰਤਾ ਵਿਚ
ਟਹਿਕ ਉਠਦਾ ਹੈ।''
ਜਦੋਂ ਮੇਰੇ ਅੰਦਰ
ਗੁਰੂ ਦੇ ਦਰਸ਼ਨ ਲਈ
ਸਿਕ ਉਠੀ,
ਮੈਂ ਉਸ ਦੇ ਸਿੱਖ ਨੂੰ ਵੇਖ ਕੇ

ਨਿਹਾਲ ਹੋਇਆ
ਅਤੇ ਜਦੋਂ ਮੈਂ ਸਿੱਖ ਨੂੰ
ਵੇਖਣਾ ਚਾਹਿਆ
ਤਾਂ ਮੈਨੂੰ ਗੁਰੂ ਦੇ
ਦਰਸ਼ਨ ਹੋਏ;
ਅਤੇ ਦੋਵੇਂ ਅਸਚਰਜ ਰੂਪ ਵਿਚ
ਇਕ ਸਮਾਨ ਸਨ।
ਅਸੀਂ ਨਿਰਾਰਥ ਦੇ ਭੈਅ ਤੋਂ
ਮੁਕਤ ਹਾਂ,
ਤੁੱਛ ਖਿੱਚਾਂ, ਤੌਖਲੇ ਸਾਨੂੰ
ਡਰਾ ਨਹੀਂ ਸਕਦੇ।
ਗੁਰੂ ਨੇ ਸਾਨੂੰ ਸਿੱਧੇ ਸਾਦੇ
ਬਲਕਾਰ ਯੋਧੇ
ਅਤੇ ਸੱਚੇ ਵਿਅਕਤੀ ਬਣਾਇਆ ਹੈ।
ਅਸੀਂ ਮਹਾਂ ਪਵਿੱਤਰ (ਪ੍ਰਭੂ) ਦੇ
ਸ਼ਬਦ ਪੜ੍ਹਦੇ ਹੋਏ ਬਹਾਦਰਾਂ ਵਾਂਗ
ਜੂਝ ਮਰਦੇ ਹਾਂ।

ਜਿਵੇਂ ਬੱਚੇ ਨੂੰ
ਮਾਤਾ ਦੀ ਗੋਦ
ਪਿਆਰੀ ਹੈ,
ਤਿਵੇਂ ਸਾਨੂੰ
ਰੱਬ ਦੀ ਹੋਂਦ ਪਿਆਰੀ ਹੈ।

ਅਸੀਂ ਆਪਣੇ ਲਈ
ਕੁਝ ਵੀ ਨਹੀਂ ਕਰਦੇ,
ਸਾਡਾ ਪ੍ਰਭੂ ਸਾਡੇ ਲਈ
ਸਭ ਕੁਝ ਕਰਦਾ ਹੈ।

ਆਤਮ ਪ੍ਰੇਰਨਾ ਦੇ ਖੰਭਾਂ ਦੁਆਰਾ
ਅਸੀਂ ਸਭ ਸਿਰਾਂ ਤੋਂ ਉਚੇਰੇ
ਸ਼ੁਧ ਵਿਚਾਰਾਂ ਦੇ
ਅਗਿਆਤ ਉਚੇ ਮੰਡਲਾਂ ਵਿਚ
ਉਡਾਰੀਆਂ ਮਾਰਦੇ ਹਾਂ।

ਅਸੀਂ ਪੰਛੀਆਂ ਹਾਰ
ਉਡਾਰੀਆਂ ਮਾਰਦੇ ਹਾਂ
ਜੋ ਇਕ ਟਹਿਣੀ ਤੋਂ ਦੂਜੀ 'ਤੇ
ਉਡਾਰੀ ਮਾਰਦੇ
ਫਲ ਚਖ਼ਦੇ ਜਾਂਦੇ ਹਨ।

ਪ੍ਰੀਤਮ ਦੀ ਰਜ਼ਾ ਵਿਚ ਵਿਚਰਨਾ
ਸਾਡੇ ਜ਼ੀਵਨ ਦੀ
ਸਰਵੁੱਚ ਪੂਰਤੀ ਹੈ
ਜੋ ਉਸ ਦੀ ਰਜ਼ਾ ਹੈ
ਉਹ ਸਾਡੀ ਸਰਵੁੱਚ
ਭਲਾਈ ਹੈ।

ਗੁਰੂ ਦਾ ਮਾਰਗ
ਪੰਛੀਆਂ ਦੇ ਮਾਰਗ
ਸਮਾਨ ਹੈ।
ਹਰ ਕਿਸੇ ਨੂੰ
ਮਾਰਗ ਰਹਿਤ ਆਕਾਸ਼ ਵਿਚ
ਆਪਣੇ ਖੰਭਾਂ ਅਨੁਸਾਰ
ਆਪ ਉਡਾਰੀ ਮਾਰਨੀ ਪੈਂਦੀ ਹੈ।

ਅਸੀਂ ਨਹੀਂ ਜਾਣਦੇ
ਕਿ ਆਪਣੇ ਅੰਦਰ ਦੀ
ਉਚੀ ਸੁਰਤ ਬਾਰੇ
ਹੋਰਾਂ ਨੂੰ ਕੀ ਦੱਸੀਏ ?

ਸੜਕ ਦੇ ਕੰਢੇ ਬਹਿ
ਜੀਵਨ ਭਰ
ਅਸੀਂ
ਮਿੱਟੀ ਦੇ ਲਾਲ ਪਿਆਲਿਆਂ ਵਿਚੋਂ
ਆਪਣੀ ਖ਼ੁਸ਼ੀ ਵੰਡਦੇ ਹਾਂ।

ਸਾਡਾ ਹਰਿਮੰਦਰ
ਗੁਰੂ ਦਾ ਸ਼ਬਦ ਹੈ

ਅਤੇ ਇਹ ਸਾਡੀ
ਆਤਮਾ ਵਿਚ ਇਸਥਿਤ ਹੈ,
ਜਿਥੇ ਵੀ ਜਾਈਏ
ਇਹ ਸਾਡੇ ਨਾਲ ਜਾਂਦਾ ਹੈ।

ਪ੍ਰੀਤਮ ਦੀ ਕਮਾਨ ਵਿਚੋਂ
ਉਸ ਦੇ ਸੁਨਹਿਰੀ ਨੁਕਿਆਂ ਵਾਲੇ
ਗਾਉਂਦੇ ਤੀਰਾਂ ਦਾ
ਮੀਂਹ ਵਰ੍ਹਦਾ ਹੈ;
ਅਤੇ ਪਰੇ ਕਈ ਸ਼ਹਿਰਾਂ ਵਿਚ
ਉਸ ਦਾ ਮਹਾਂ ਪ੍ਰਕਾਸ਼
ਦੁਸਾਰ ਪਾਰ ਹੋ ਗਿਆ ਹੈ,
ਜਿਸ ਨਾਲ ਉਹਨਾਂ ਨੇ
ਜੀਵਨ ਵਿਚ ਪਹਿਲੀ ਵਾਰ
ਪ੍ਰੇਮ ਦੇ ਘਾਓ ਦਾ
ਮਜ਼ਾ ਚਖਿਆ ਹੈ।
ਇਸ ਘੜੀ ਖਿੜ ਰਹੇ ਫੁੱਲਾਂ-ਹਾਰ
ਅਸੀਂ ਉਸ ਜਿੰਨੇ ਹੀ
ਨਵੇਂ ਤੇ ਪੁਰਾਣੇ ਹਾਂ।

ਸਾਡੇ ਕੋਲ ਇਸ ਤੋਂ ਬਿਨਾਂ
ਹੋਰਾਂ ਨੂੰ ਕਹਿਣ ਲਈ
ਕੁਝ ਨਹੀਂ
ਕਿ ਸਾਨੂੰ ਸਾਰਿਆਂ ਨੂੰ ਗੁਰੂ ਨੇ
ਏਨਾਂ ਸੁੰਦਰ ਬਣਾ ਦਿੱਤਾ ਹੈ
ਅਤੇ ਆਪਣੇ ਪਿਆਰ ਦੁਆਰਾ
ਉਸ ਨੇ ਸਾਨੂੰ ਸਭ ਨੂੰ ਅਨੰਤ ਕਰ ਦਿੱਤਾ ਹੈ।

ਆਪਣੇ ਚਰਨਾਂ ਦੀ ਛੁਹ ਦੁਆਰਾ
ਉਸ ਨੇ ਸਾਨੂੰ ਜੀਵਨ ਦਾ
ਵਿਸਮਾਦੀ ਅਨੰਦ ਬਖ਼ਸ਼ਿਆ ਹੈ
ਅਤੇ ਅਸੀਂ ਹੁਣ ਜਾਣਦੇ ਹਾਂ
ਕਿ ਇਸ ਮਹਾਂ ਅਨੰਦ ਦੀ ਪ੍ਰਾਪਤੀ ਦਾ ਸਾਧਨ
ਇਸ ਤੋਂ ਬਿਨਾਂ
ਹੋਰ ਕੋਈ ਨਹੀਂ।

ਮੌਤ ਦੇ ਦਰਾਂ ਤੋਂ ਪਰੇਡੇ
ਵਿਚਰਦੀਆਂ ਭਲੀਆਂ ਰੂਹਾਂ (ਸੰਤ ਆਤਮਾਵਾਂ)
ਵਚਿਤ੍ਰ ਆਕਾਰਾਂ ਦਾ ਰੂਪ ਧਾਰ
ਸੌਦਰੀ ਸੰਗੀਤ ਦੀਆਂ ਧੁਨਾਂ-ਹਾਰ
ਸਾਨੂੰ ਆ ਕੇ ਮਿਲਦੀਆਂ ਹਨ।
ਅਸੀਂ ਕਈ ਅਗਿਆਤ ਵਸਤਾਂ ਨੂੰ
ਪਰਸਦੇ ਹਾਂ
ਜਿਨ੍ਹਾਂ ਬਾਰੇ
ਅਸੀਂ ਕੁਝ ਵੀ ਨਹੀਂ ਜਾਣਦੇ।

ਸਾਡਾ ਜੀਵਨ ਕਰਾਮਾਤਾਂ ਦੀ
ਇਕ ਲੜੀ ਹੈ,
ਪਰ ਹੈ ਇਹ ਕਿੰਨਾਂ ਸਰਲ ਤੇ ਸਾਦਾ !

ਜਿਵੇਂ ਤਾਰੇ ਰੌਸ਼ਨੀ ਦੇ
ਟੁਕੜੇ ਹਨ
ਤਿਵੇਂ ਸਭ ਸ਼ੁਭ ਗੁਣ
ਸਾਡੇ ਪਿਆਰ ਦੇ
ਟੁਕੜੇ ਹਨ।

ਜਿਵੇਂ ਬੱਚਾ ਸੁਤੇਸਿਧ
ਬੋਲਣਾ ਸਿਖਦਾ ਹੈ,
ਤਿਵੇਂ ਸਿਆਣਪ ਇਕਦਮ
ਸਾਡੇ ਅੰਦਰ
ਉਸ ਦੀ ਕਿਰਪਾ ਦੁਆਰਾ
ਪ੍ਰਗਟ ਹੁੰਦੀ ਹੈ।

ਅਸੀਂ ਇਸ ਅਨੁਭਵ ਬਾਰੇ
ਕੁਝ ਦੱਸ ਨਹੀਂ ਸਕਦੇ
ਜੋ ਇਸ ਬਾਰੇ ਜਾਣਨਾ
ਲੋਚਦੇ ਹਨ,
ਉਹਨਾਂ ਨੂੰ ਸਾਡੇ ਪ੍ਰੀਤਮ ਦਾ
ਦੀਦਾਰ ਕਰਨਾ ਚਾਹੀਦਾ ਹੈ।

ਸਾਡਾ ਧਰਮ ਸਾਨੂੰ
ਕਿਰਤ ਤੇ ਪ੍ਰੇਮ ਕਰਨਾ
ਸਿਖਾਉਂਦਾ ਹੈ
ਅਤੇ ਆਪਣੇ ਪ੍ਰਭੂ ਨੂੰ ਹਰ ਥਾਂ
ਹਰ ਵਸਤ ਵਿਚ
ਹਾਜ਼ਰ ਨਾਜ਼ਰ ਵੇਖਣ ਦੀ
ਜਾਚ ਦਸਦਾ ਹੈ;
ਅਸੀਂ ਉਸ ਦੀ ਹੋਂਦ ਨਾਲ
ਨੱਕੋ ਨੱਕ ਭਰਪੂਰ ਵਿਚਰਦੇ ਹਾਂ।

ਸਾਡਾ ਜੀਵਨ ਪ੍ਰੀਤਮ ਦੇ
ਧਿਆਨ ਵਿਚ
ਮਗਨ ਰਹਿੰਦਾ ਹੈ।
ਇਸ ਲਿਵ ਦੇ ਟੁਟਦਿਆਂ ਹੀ
ਅਸੀਂ ਮਰ ਜਾਂਦੇ ਹਾਂ।

ਪ੍ਰੀਤਮ ਦੇ ਧਿਆਨ ਨਾਲੋਂ ਵਿਛੜ ਕੇ
ਕੀ ਸਾਰੀਆਂ ਕੌਮਾਂ ਦੂਜਿਆਂ ਦੀਆਂ
ਗ਼ੁਲਾਮ ਨਹੀਂ ਬਣ ਗਈਆਂ ?

ਅਸੀਂ ਚੂਨੇ ਦੇ ਉਹ ਫੁੱਲਦਾਨ ਹਾਂ,
ਜਿਨ੍ਹਾਂ ਵਿਚ ਗੁਰੂ ਨੇ ਆਪਣੇ ਹੱਥੀਂ
ਆਤਮਾ ਦੇ ਚਾਨਣ ਦੇ
ਨੰਨ੍ਹੇ ਪੌਦਿਆਂ ਦੀ ਪਨੀਰੀ
ਲਾਈ ਹੈ
ਅਤੇ ਆਤਮਾ ਦੇ ਚਾਨਣ ਦੀ
ਇਹ ਨੰਨ੍ਹੀ ਪਨੀਰੀ
ਰੌਸ਼ਨੀ ਦੇ ਵੱਡੇ ਬ੍ਰਿਛ
ਬਣ ਗਏ ਹਨ;
ਉਹਨਾਂ ਦਾ ਪ੍ਰਕਾਸ਼
ਉਪਰ ਜਾਂਦਾ
ਤੇ ਹੇਠਾਂ ਨੂੰ ਝਰਦਾ
ਮਨੁੱਖੀ ਵਸਤੂਆਂ ਤੇ ਘਟਨਾਵਾਂ ਦੀਆਂ
ਆਤਮਿਕ ਪ੍ਰਭਾਵ ਵਾਲੀਆਂ

ਅਜਿਹੀਆਂ ਤਸਵੀਰਾਂ ਦੀ ਰਚਨਾ ਕਰ ਰਿਹਾ ਹੈ
ਜੋ ਸਾਨੂੰ
ਸਾਡੇ ਆਪਣੇ ਜੀਵਨ ਵਿਚ
ਠੀਕ ਤੇ ਗ਼ਲਤ ਹੋਣ ਬਾਰੇ
ਸੰਕੇਤ ਦੇਂਦੀਆਂ ਹਨ।

ਅਸੀਂ ਆਪਣੀ ਆਤਮਾ ਵਿਚ
ਇਸ ਰੌਸ਼ਨੀ ਦੇ
ਆਪ ਬਣਾਏ ਰਿਕਾਰਡਾਂ ਨਾਲ
ਨਿਰੰਤਰ ਇਕਸੁਰ ਹੋਏ ਰਹਿੰਦੇ ਹਾਂ
ਅਤੇ ਅਸੀਂ ਕੇਵਲ
ਆਪਣੇ ਅੰਦਰ
ਗੁਰੂ ਦੇ ਦੀਪਕ ਦੀ
ਜਗਦੀ ਜੋਤ ਦੇ ਹੀ
ਵਫ਼ਾਦਾਰ ਹਾਂ।

ਜੀਵਨ ਦੇ ਇਸ ਪਥ-ਹੀਣ
ਭਵਸਾਗਰ ਵਿਚ
ਅਸੀਂ ਆਪਣੇ ਅੰਦਰ ਦੇ
ਚਾਨਣ ਪਿੱਛੇ ਤੁਰਦੇ ਹਾਂ।

ਸਾਡਾ ਪ੍ਰਭੂ ਸਾਡੇ ਹਿਰਦੇ ਦੀਆਂ
ਕੰਵਲ ਪੱਤੀਆਂ 'ਤੇ
ਬਿਰਾਜਮਾਨ ਹੈ।
ਗੁਰੂ ਦੇ ਦੀਪਕ ਦੀ ਜੋਤੀ ਦੀਆਂ ਕਿਰਨਾਂ
ਸਾਨੂੰ ਸਰਬ-ਗਿਆਤਾ
ਬਣਾ ਦੇਂਦੀਆਂ ਹਨ।

ਸਾਨੂੰ ਵੇਲੇ ਦੀ ਲੋੜ ਦਾ
ਗਿਆਨ ਹੋ ਜਾਂਦਾ ਹੈ।
ਕੋਈ ਬਾਹਰੀ ਆਦੇਸ਼ ਸਾਡੇ ਲਈ
ਵਿਸ਼ੇਸ਼ ਅਰਥ ਨਹੀਂ ਰਖਦਾ;
ਸਾਡਾ ਸਦਾਚਾਰ
ਉਸ ਪ੍ਰਭੂ ਦੇ ਹਿਰਦੇ ਤੋਂ ਫੁਟਦਾ
ਸੰਗੀਤ ਹੁੰਦਾ ਹੈ।

ਸਾਡੇ ਅੰਦਰਲੇ ਪ੍ਰਕਾਸ਼ ਦਾ ਉਜਲਾ ਖੇੜਾ
ਸਾਡੇ ਜੀਵਨ-ਜਹਾਜ਼ ਦਾ
ਸਰਵੁੱਚ ਮਾਰਗ-ਦਰਸ਼ਕ ਹੈ।

ਅਸੀਂ ਆਪਣੀ ਖ਼ੁਸ਼ੀ ਵਿਚ
ਕਿੱਡੇ ਮਨ-ਮਰਜ਼ੀ ਦੇ ਮਾਲਕ ਹੁੰਦੇ ਹਾਂ !
ਇਹ ਕੇਡੀ ਦੈਵੀ-ਜੋਤੀ ਹੈ !
ਕਈ ਵਾਰ ਇਸ ਤੋਂ ਸਾਡੇ ਉਪਰ
ਚੰਗਿਆੜੀਆਂ ਦਾ ਮੀਂਹ ਵਰ੍ਹਦਾ ਹੈ,
ਜਦੋਂ ਇਹ ਜਿਉਂਦੀ ਵਸਤ-ਹਾਰ
ਕੰਬਦੀ ਹੈ ਤਾਂ ਅਸੀਂ ਹਿੱਲ ਜਾਂਦੇ ਹਾਂ
ਅਤੇ ਦੂਜੇ ਹੀ ਪਲ
ਜਦੋਂ ਅਸੀਂ ਘੂਕ ਸੁੱਤੇ ਹੁੰਦੇ ਹਾਂ
ਤਾਂ ਇਹ ਸਾਡੇ ਉਤੇ
ਮਿੱਠੀ ਤ੍ਰੇਲ ਦੀ ਛਹਿਬਰ ਲਾਉਂਦੀ ਹੈ;
ਅਸੀਂ ਇਸ ਦੇ ਸਾਏ ਥੱਲੇ ਵਿਚਰਦੇ ਹਾਂ

ਅਸੀਂ ਆਦਿ ਕਾਲ ਤੋਂ ਇਸ ਦੇ
ਨੂਰੀ ਜਮਾਲ ਦੀ ਭਾਸ਼ਾ ਤੋਂ ਜਾਣੂੰ ਹਾਂ।
ਅਸੀਂ ਇਸ ਦੇ ਪਿਆਰ ਭਰੇ
ਇਸ਼ਾਰਿਆਂ ਨੂੰ ਸਮਝਦੇ ਹਾਂ
ਜਿਨ੍ਹਾਂ ਨੂੰ ਸਾਡੇ ਤੋਂ ਬਿਨਾਂ
ਹੋਰ ਕੋਈ ਨਹੀਂ ਵੇਖ ਸਕਦਾ।

ਸਭ ਕੁਝ ਮਿਹਰ ਭਰਿਆ ਹੈ,
ਇਥੋਂ ਤੱਕ ਕਿ ਮੌਤ ਵੀ।
ਪ੍ਰਭੂ ਨੇ ਜੋ ਸਾਨੂੰ ਗਿਆਨ
ਬਖ਼ਸ਼ਿਆ ਹੈ,
ਉਸ ਨੇ ਇਹ ਗੱਲ ਚੰਗੀ ਤਰ੍ਹਾਂ ਸਾਨੂੰ
ਸੁਦ੍ਰਿੜ੍ਹ ਕਰਵਾ ਦਿੱਤੀ ਹੈ।

ਇਹ ਸੱਚ ਜੁਗੋ ਜੁਗ
ਸਾਡੇ ਸੰਗ ਰਿਹਾ ਹੈ,
ਫਿਰ ਵੀ ਇਹ

ਅਨੰਤ ਵਿਸਮਾਦਾਂ ਨਾਲ ਭਰਪੂਰ ਹੈ
ਅਤੇ ਸਾਨੂੰ ਹਰ ਪਲ
ਅਸਚਰਜ ਕਰਦਾ ਰਹਿੰਦਾ ਹੈ।

ਇਹ ਅਣਗਿਣਤ ਨਵੇਂ ਰੂਪ
ਧਾਰਨ ਕਰਦਾ ਹੈ।
ਇਕ ਸਮਾਨ ਅਸੰਖ ਨਾਨਾ ਰੰਗੇ ਦ੍ਰਿਸ਼
ਇਕੋ ਆਤਮਾ ਦੇ ਅਨੇਕ ਪ੍ਰਤੀਬਿੰਬ
ਦਿਸ ਆਉਂਦੇ ਹਨ।

ਕਈ ਵਾਰ ਮੈਨੂੰ
ਗ਼ਰੀਬ ਦੀ ਝੌਂਪੜੀ ਦਾ ਮਿੱਟੀ-ਘੱਟਾ
ਚੰਗਾ ਲਗਦਾ ਹੈ
ਤੇ ਕਿਸੇ ਹੋਰ ਸਮੇਂ ਮੈਨੂੰ
ਅਮੀਰਾਂ ਵਾਲੀ ਪੁਸ਼ਾਕ
ਖ਼ੁਸ਼ੀ ਦੇਂਦੀ ਹੈ।

ਇਕ ਵਾਰ ਮੈਨੂੰ
ਛੱਤੀ ਪੰਦਾਰੇਥਾਂ ਦੇ ਭੋਜਨ
ਕੌੜੇ ਫਿੱਕੇ ਤੇ ਭੂਰੀ ਲੱਕੜੀ
ਵਰਗੇ ਲੱਗੇ
ਅਤੇ ਕੋਧਰੇ ਦੀ ਰੋਟੀ
ਤੇ ਖਾਰੇ ਪਾਣੀ ਨੇ ਮੈਨੂੰ
ਦੇਵ-ਭੋਜ ਦਾ
ਅਨੰਦ ਦਿੱਤਾ।
ਮੈਂ ਕਿਸੇ ਨੂੰ ਨਿੰਦਦਾ ਨਹੀਂ
ਨਾ ਹੀ ਕਿਸੇ ਵਸਤ ਦਾ
ਤਿਆਗ ਕਰਦਾ ਹਾਂ।

ਸਭ ਕੁਝ ਆਪਣੇ ਕੁਦਰਤੀ ਰੂਪ ਵਿਚ
ਅਤੇ ਆਪਣੇ ਯੋਗ ਸਮੇਂ
ਮੇਰੇ ਕੋਲ ਆ ਜਾਂਦਾ ਹੈ।

ਮੈਂ ਅੱਖਾਂ ਗੁਆ ਬੈਠਾ,

ਪਰ ਮੈਨੂੰ ਅੱਖਾਂ ਵਾਲਿਆਂ ਨਾਲੋਂ
ਬਹੁਤਾ ਵਿਖਾਈ ਦਿੱਤਾ ਸੀ।

ਮੈਨੂੰ ਹਿੰਦੂ ਸੰਤਾਂ ਵਾਲੇ ਤਿਆਗ ਦੀ
ਲੋੜ ਨਹੀਂ ਪੈਂਦੀ।
ਮੈਂ ਉਸ ਤਿਆਗ ਵਿਚ ਭਰੋਸਾ ਰਖਦਾ ਹਾਂ,
ਜੋ ਮੇਰੇ ਅੰਦਰ ਗੁਰੂ ਦੀ ਕਿਰਪਾ ਦੁਆਰਾ
ਰਾਜ ਮਹਿਲ ਅਤੇ ਕੱਖਾਂ ਦੀ ਕੁੱਲੀ ਵਿਚ
ਇਕ ਸਮਾਨ ਉਪਜਦਾ ਹੈ।

ਮੇਰਾ ਧਿਆਨ ਧਰਨ
ਅਤੇ ਉਸ ਦੇ ਅੰਕ ਸਮਾਉਣ ਵਿਚ
ਵਿਸ਼ਵਾਸ ਤਾਂ ਹੈ,
ਪਰ ਤਦੋਂ
ਜਦੋਂ ਅਰੋਕ ਵੇਗ ਵਿਚ
ਉਹ ਮੈਨੂੰ
ਆਪਣੇ ਨੇੜੇ ਲੈ ਜਾਂਦਾ ਹੈ।

ਮੈਂ ਉਦੋਂ ਆਪਣੀ ਆਤਮਾ ਦੇ
ਇਕਾਂਤ ਵਿਚ ਵਾਸ ਕਰ ਲੈਂਦਾ ਹਾਂ
ਜਦੋਂ ਲੰਮੀਆਂ ਅਯਾਲਾਂ ਵਾਲੇ
ਸਬਜ਼ੇ ਘੋੜੇ ਹਵਾ ਵਿਚ ਦੌੜਦੇ
ਤੇ ਮੇਰੇ ਰਥ ਦੇ ਪਹੀਏ ਆਕਾਸ਼ ਵਿਚ
ਉਡਦੇ ਹਨ।

ਗਗਨ ਦੀਆਂ ਹਵਾਵਾਂ ਨੂੰ
ਮੈਨੂੰ ਮੋਢਿਆਂ 'ਤੇ ਚੁੱਕ ਕੇ
ਚਹੁੰ ਕੂੰਟਾਂ ਵਿਚ ਖੜਨ ਦਿਉ।

ਜਿਹੜਾ ਚੰਨ ਤੇ ਸੂਰਜ ਕੋਲੋਂ
ਆਪਣੇ ਘਰ ਦੇ ਫ਼ਰਸ਼
ਨਹੀਂ ਬੁਹਾਰ ਸਕਦਾ,
ਉਹ ਉਸ ਦੇ ਸ਼ਬਦ ਨੂੰ
ਮਨ ਮੰਦਰ ਵਿਚ ਕਿਵੇਂ

ਸਥਾਪਤ ਕਰ ਸਕਦਾ ਹੈ !

ਤਾਰਿਆਂ ਨਾਲ ਮੇਰੀਆਂ ਮੀਢੀਆਂ ਗੁੰਦੋ
ਅਤੇ ਮੈਨੂੰ ਸੁਹਾਗ-ਪੁਸ਼ਾਕਾਂ ਪੁਆਵੋ
ਕਿਉਂਜੋ ਮੈਂ
ਪ੍ਰਭੂ ਪ੍ਰੀਤਮ ਦੀ ਲਾੜੀ ਹਾਂ।

ਜਿਵੇਂ ਟਕਸਾਲ 'ਤੇ ਬੈਠਾ ਪਾਰਖੂ
ਖੋਟੇ ਤੇ ਖਰੇ ਸਿੱਕਿਆਂ ਨੂੰ
ਟੁਣਕਾ ਟੁਣਕਾ ਕੇ ਆਪਣੇ ਹੱਥ ਨਾਲ
ਅੱਡ ਕਰੀ ਜਾਂਦਾ ਹੈ,
ਤਿਵੇਂ ਸਭ ਵਸਤਾਂ ਵਿਚੋਂ ਗੁਜ਼ਰਦਾ ਘੇਰਾ
ਮੇਰੀ ਦ੍ਰਿਸ਼ਟੀ ਅੱਗੋਂ ਲੰਘਦਾ ਹੈ
ਤੇ ਕੇਵਲ ਸੱਚ
ਮੇਰੇ ਹੱਥਾਂ ਵਿਚ ਰਹਿ ਜਾਂਦਾ ਹੈ।

ਅਸੀਂ ਉਸ ਦੇ ਪ੍ਰੇਮ ਵਿਚ
ਆਪਣੇ ਆਪ ਨੂੰ ਜਾਲਦੇ ਹਾਂ
ਇਸ ਲਈ ਅਸੀਂ
ਵਿਸ਼ਵ-ਵਿਆਪੀ ਹੋ ਗਏ ਹਾਂ।

ਬੱਤੀ ਤੇ ਤੇਲ ਲਈ ਜਿਵੇਂ
ਨਿੱਕੀ ਜੋਤੀ ਬਣਨਾ ਹੀ
ਵੱਡਾ ਆਦਰਸ਼ ਹੈ,
ਇਹ ਪ੍ਰਭੂ ਦੀ ਸੇਵਾ
ਦੇ ਤੁਲ ਹੈ।

ਸਾਡਾ ਗੁਰੂ ਆਖਦਾ ਹੈ :
''ਜਦੋਂ ਅਸੀਂ ਉਸ ਦਾ
ਧਿਆਨ ਧਰਦੇ ਹਾਂ
ਤਾਂ ਉਸ ਦੀ ਸਭ ਤੋਂ ਵੱਡੀ
ਸੇਵ ਕਮਾਉਂਦੇ ਹਾਂ।''
ਸੁੰਦਰ ਹੋਣਾ ਵਿਸ਼ਵ-ਵਿਆਪੀ ਹੋਣਾ ਹੈ
ਸੁੰਦਰ ਹੋਣਾ ਕਲਿਆਣਕਾਰੀ ਹੋਣਾ ਹੈ।

ਪ੍ਰਭੂ ਸਾਡੀ ਮੰਜ਼ਲ
ਤੇ ਮਾਰਗ ਹੈ।
ਸਾਕੀ ! ਇਕ ਵਾਰ ਫਿਰ,
ਬਾਹਰ ਆ !
ਅਤੇ ਸਾਡੇ ਟੁੱਟੇ ਪਿਆਲਿਆਂ ਵਿਚ
ਆਪਣੀ ਮੈਅ ਉਲੱਦ;
ਸ਼ਾਇਦ ਇਹਨਾਂ ਸਾਰੇ ਟੁਕੜਿਆਂ ਦੀ
ਉਹ ਖ਼ੁਸ਼ੀ ਮਿਲ ਕੇ
ਤੇਰੇ ਜਾਮ ਨੂੰ ਪਕੜੀ ਰੱਖੇ !
ਕਿਰਪਾ ਕਰਕੇ ਆਪਣੇ ਮਿਹਰ ਦੇ
ਦਿਆਲੂ ਦਰ ਉਤੇ
ਕੁਝ ਚਿਰ ਹੋਰ ਖੜ੍ਹਾ ਰਹੁ
ਤੇ ਆਪਣੇ ਆਕਾਸ਼ ਦੀ
ਨੀਲੀ ਸੁਰਾਹੀ ਵਿਚੋਂ
ਅੱਗ ਵਰਗੀ ਤੇਜ਼ ਸ਼ਰਾਬ
ਸਾਡੇ ਦਿਲਾਂ ਵਰਗੇ ਕਾਲੇ
ਚਿਹਰੇ ਉਤੇ ਉਦੋਂ ਤੱਕ ਡੋਲ੍ਹਦਾ ਰਹੁ,
ਜਦੋਂ ਤੱਕ ਕਿ ਮੁਰਦੇ ਜਾਗ ਨਹੀਂ ਪੈਂਦੇ
ਤੇ ਗੂੰਗੇ ਗਾਉਣ ਨਹੀਂ ਲੱਗ ਪੈਂਦੇ
ਅਤੇ ਸਾਰੇ ਰਿੰਦ ਨਸ਼ੇ ਦੀ
ਮਸਤ ਖ਼ੁਮਾਰੀ ਵਿਚ
ਤੇਰੇ ਮੰਦਰ ਅੱਗੇ ਮਿਲ ਕੇ
ਮੁੜ ਨਵ-ਜਨਮੇ ਮਨੁੱਖ ਦੇ ਰੂਪ ਵਿਚ
ਨੱਚ ਨਹੀਂ ਉਠਦੇ !
ਤੇ ਤੇਰੀ ਯਾਕੂਤੀ ਸ਼ਰਾਬ ਨਾਲ ਰੰਗੇ
ਨਵੇਂ ਆਕਾਸ਼ ਦੇ
ਨਵੇਂ ਚੜ੍ਹੇ ਸੂਰਜ ਦੀ
ਸੂਹੀ ਰੋਸ਼ਨੀ ਨੂੰ
'ਜੀ ਆਇਆਂ'
ਨਹੀਂ ਆਖਦੇ !

ਹਾਫ਼ਿਜ਼

## ਗੁਰੂ ਦੇ ਸਿੱਖ ਦੀ ਆਤਮਾ

(ਈਰਾਨ ਦੇ ਸ਼ਾਹ ਬਹਿਲੋਲ ਦੀ ਯਾਦ ਵਿਚ)

### ਪ੍ਰੀਤਮ ਛੁਹ ਵਾਲਾ ਫੁੱਲ

ਤੁਸਾਂ ਛੁਹਿਆ
ਮੈਨੂੰ ਕੰਬਣੀ ਆਈ
ਤੁਸੀਂ ਸੱਦਿਆ
ਤੇ ਮੈਂ ਆਇਆ
ਤੁਸੀਂ ਚੁੱਕਿਆ ਜਦ ਉਤਾਂਹ ਨੂੰ
ਤਾਂ ਸਹਿਮ ਜਿਹਾ ਸੀ ਛਾਇਆ
ਮੌਤ ਵਰਗੀ ਮਿੱਠੀ ਮਸਤੀ ਦਾ
ਮੈਨੂੰ ਨਸ਼ਾ ਜਿਹਾ ਇਕ ਆਇਆ।

ਤੁਸਾਂ ਸੁਟਿਆ ਤੇ ਮੈਂ ਡਿਗਿਆ
ਹੋ ਗਿਆ ਖੰਭੜੀ ਖੰਭੜੀ
ਵਗੀ ਵਾਉ ਸੰਝ ਨੂੰ ਐਸੀ
ਲਿਤਾੜ ਉਡਾ ਗਈ ਇਧਰ ਉਧਰ
ਚਾਰ ਚੁਫੇਰੇ,
ਪਰ ਵਾਹ ਵਾਹ ਮਹਿਕ ਛੁਹ ਤੁਹਾਡੀ ਦੀ
ਜੋ ਹੁਣ ਵੀ ਮੇਰੇ ਹਿਰਦੇ ਤਲ ਨੂੰ ਘੇਰੇ।

### ਮੈਂ ਘਾਹ ਉਤੇ ਪਈ ਤਰੇਲ ਦਾ ਤੁਪਕਾ

ਮੈਂ ਘਾਹ ਉਤੇ ਪਈ
ਇਕ ਤਰੇਲ ਮਣੀ ਹਾਂ
ਕਰਦੀ ਜੋ ਉਡੀਕ
ਆਪਣੇ ਸੂਰਜ ਪ੍ਰੀਤਮ ਦੀ
ਤਕਦੀ ਤਕਦੀ ਉਸ ਨੂੰ ਮੇਰਾ ਸਭ ਕੁਝ
ਬਣ ਗਿਆ ਅੱਖੀਆਂ ! ਅੱਖੀਆਂ ! ਅੱਖੀਆਂ
ਨਿੱਤ ਉਡੀਕਾਂ ਕਰਦੀ
ਆਪਣੇ ਪਰਮ ਪਿਆਰੇ ਦੀਆਂ।
ਪਰ ਇਹ ਮੇਰੀਆਂ ਸੁੰਨੀਆਂ ਅੱਖੀਆਂ

ਜਿਨ੍ਹਾਂ ਵਿਚ ਹੰਝੂ ਡਲ੍ਹਕਣ
ਤੇਰੀ ਪ੍ਰੀਤ ਦੀਆਂ ਹੀ ਪਿਆਸੀਆਂ
ਹੰਝੂ ਬਣ ਬਣ ਵਿਲਕਣ।
ਮੇਰੀਆਂ ਹੱਡੀਆਂ ਪ੍ਰੀਤ ਦੇ ਅੰਦਰ
ਘੁਲ ਗਈਆਂ ਨੇ,
ਪਰ ਤੈਂ ਬਾਝੋਂ ਮੇਰੇ ਪ੍ਰੀਤਮ ਪਿਆਰੇ !
ਮੈਂ ਹਾਂ ਹੰਝੂ ! ਹੰਝੂ ! ਹੰਝੂ ਖਾਰੇ !
ਆਕਾਸ਼ਾਂ ਦੇ ਪਿਛਵਾੜਿਆਂ ਵਿਚੋਂ
ਆ ਜਾ ਪ੍ਰੀਤਮ ਪਿਆਰੇ
ਤਾਂ ਜੋ ਤੇਰੀਆਂ ਚਮਕਦੀਆਂ ਬਾਹਾਂ ਅੰਦਰ
ਲਵਾਂ ਮੈਂ ਪ੍ਰੇਮ ਹੁਲਾਰੇ।
ਮੇਰੇ ਸੂਰਜ ! ਮੇਰੇ ਪ੍ਰੀਤਮ !
ਮੈਂ ਹਾਂ ਇਕ ਘਾਹ ਪੱਤੀ ਉਤੇ ਪਈ
ਇਕ ਤਰੇਲ-ਮਣੀ
ਕਰਾਂ ਜੋ ਤੇਰੀ ਉਡੀਕ !

## ਪਵਣ ਪਾਣੀ ਹਨ ਉਸ ਦੀ ਤਾਬਿਆ

ਸੁੱਤੇ ਜਦ ਉਹ ਵਿਚ ਮੁਸ਼ਕਾਨ
ਸੌਂ ਗਿਆ ਉਹ ਲੰਮੀਆਂ ਤਾਣ
ਝੁਲਿਆ ਝੀਲ 'ਤੇ ਝੱਖੜ ਝਾਣ
ਆਇਆ ਲਹਿਰਾਂ ਵਿਚ ਤੁਫ਼ਾਨ,
ਕਾਂਗਾਂ ਦਾ ਹੜ੍ਹ ਚੜ੍ਹਿਆ ਆਣ
ਤਾਂ ਸੰਕਟ ਦੀ ਘੜੀ ਪਛਾਣ
ਆਏ ਪ੍ਰਭੂ ਕੋਲ ਨਾਦਾਨ;
ਸੁੱਤੇ ਨੂੰ ਜਗਾ ਉਹਨਾਂ
ਕੀਤਾ ਇੰਜ ਬਿਆਨ :
ਪ੍ਰਭੂ ਜੀ ! ਹਾਂ ਅਸੀਂ ਬੜੇ ਪ੍ਰੇਸ਼ਾਨ,
ਸਾਨੂੰ ਬਚਾਉ ! ਸਾਨੂੰ ਰੱਖ ਲਉ !
ਨੇੜੇ ਖੜ੍ਹੀ ਤਬਾਹੀ ਆਣ।
ਜਦ ਪ੍ਰਭੂ ਜਾਗਿਆ ਤਾਂ ਰੌਦਰ ਦਾ
ਰੰਗ ਸੀ ਛਾਇਆ।
ਉਸ ਨੇ ਪਾਈ ਐਸੀ ਝਾੜ
ਪੌਣਾਂ ਦੇ ਵੇਗ ਹੋਏ ਮੱਠੇ;
ਪਾਣੀ ਦੀਆਂ ਲਹਿਰਾਂ ਵਿਚ

ਆ ਗਿਆ ਖਲਿਆਰ
ਹੋਇਆ ਸ਼ਾਂਤ ਮਾਹੌਲ।

ਪ੍ਰਭੂ ਨੇ ਸਭ ਨੂੰ ਇੰਜ ਸੰਬੋਧਨ ਕੀਤਾ
ਕਿਥੇ ਹੈ ਤੁਹਾਡਾ ਨਿਹਚਾ ਤੇ ਵਿਸ਼ਵਾਸ ?
ਕੀ ਇਹ ਇੰਨਾ ਕੱਚਾ
ਪਾਰੇ ਵਾਂਗ ਹੈ ਡੋਲਣ-ਹਾਰ ?
ਤਦ ਉਹ ਧਾਰੇ ਡਰੇ ਤੇ ਸਹਿਮੇ
ਹੋ ਗਏ ਹੈਰਾਨ !
ਇਕ ਦੂਜੇ ਦੇ ਕੰਨਾਂ ਅੰਦਰ
ਘੁਸਰ ਮੁਸਰ ਹੋਈ ਆਣ
ਹੈ ਇਹ ਕਿਸ ਤਰ੍ਹਾਂ ਦਾ ਬੰਦਾ ?
ਜਿਸ ਦੀ ਤਾਬਿਆ ਰਹਿੰਦੇ
ਪੌਣ ਤੇ ਪਾਣੀ,
ਜਿਸ ਦੇ ਹੁਕਮ ਨੂੰ ਉਹ ਪਾਲਣ
ਸਤਿ ਸਤਿ ਕਰ ਜਾਣ।

## ਪ੍ਰੇਮ ਪਾਪਾਂ ਨੂੰ ਧੋ ਦਿੰਦਾ ਹੈ

ਫੇਰ ਪ੍ਰਭੂ ਨੇ ਉਸ ਨਾਰੀ ਵੱਲ
ਤੱਕ ਕੇ ਸਾਈਮਨ ਤਾਈਂ
ਇੰਜ ਸਨ ਬਚਨ ਅਲਾਏ,
ਵੇਖਦੇ ਹੋ ਇਹ ਤ੍ਰੀਮਤ
ਜਿਸ ਨੂੰ ਲੋਕ ਕਹਿੰਦੇ ਨੇ ਪਾਪਣ।
ਜਦ ਮੈਂ ਤੇਰੇ ਘਰ ਸਾਂ ਪੁੱਜਾ
ਤਾਂ ਤੂੰ ਮੇਰੇ ਚਰਨ ਧੋਣ ਲਈ
ਲਿਆ ਨਾ ਸਕਿਆ ਪਾਣੀ,
ਪਰ ਇਸ ਨਾਰੀ ਪਾਪਾਂ ਹਾਰੀ
ਮੇਰੇ ਚਰਨਾਂ ਨੂੰ ਨਾਲ ਹੰਝੂਆਂ ਧੋਤਾ।

## ਪ੍ਰਭੂ ਦਾ ਹੋਣਾ ਸਭ ਤੋਂ ਵੱਡੀ ਸੇਵਾ

ਪ੍ਰਭੂ ਯਸੂ ਨੇ ਉਸ ਨਾਰੀ ਸੰਗ
ਇਹ ਬਚਨ ਸੀ ਕੀਤਾ,
''ਮਾਰਥਾ !
ਤੂੰ ਬੜੀ ਸਵਾਧਾਨ ਰਹੀ ਹੈਂ

ਜਿਸ ਵਸਤ ਦੀ ਸੀ
ਸਭ ਤੋਂ ਵੱਡੀ ਲੋੜ
ਮਰੀਅਮ ਨੇ ਉਸ ਨੂੰ ਹੈ ਚੁਣਿਆ।
ਇਹ ਹੈ ਵਸਤ ਅਮੋਲਕ
ਉਸ ਤੋਂ ਕਦੀ ਨਾ ਖੁਸਣੀ ਚਾਹੀਏ।

## ਨਿਹਚਾ ਹੀ ਹੈ ਉਚ-ਆਚਾਰ

ਢੋਡਰ ਕਾਵਾਂ ਤਾਈਂ ਵੇਖ ਕੇ ਸੋਚੋ
ਨਾ ਕਦੀ ਉਹ ਬੀਜ ਬੀਜਦੇ
ਨਾ ਕਦੀ ਹਨ ਲੁਣਦੇ
ਨਾ ਉਹਨਾਂ ਕੋਲ ਹਨ ਕੋਠੇ
ਨਾ ਅੰਨ ਦੇ ਭੰਡਾਰ।
ਵੇਖੋ ! ਫੇਰ ਵੀ ਰੱਬ ਸੱਚਾ
ਉਹਨਾਂ ਤਾਈਂ ਚੋਗ ਚੁਗਾਂਦਾ
ਦਿੰਦਾ ਹੈ ਆਹਾਰ।
ਪਰ ਤੁਸੀਂ ਇਹਨਾਂ ਪੰਛੀਆਂ ਤੋਂ ਵੀ ਚੰਗੇਰੇ।
ਤੁਹਾਡੇ ਲਈ ਵੀ ਰਿਜ਼ਕ ਬਹੁਤੇਰੇ
ਲਿਲੀ ਫੁੱਲਾਂ ਤਾਈਂ ਵੇਖ ਕੇ ਸੋਚੋ
ਇਹ ਕਿਹੜੀ ਘਾਲ ਨੇ ਕਰਦੇ।
ਕਦੀ ਨਾ ਕਤਦੇ ਬੁਣਦੇ-ਉਣਦੇ
ਫਿਰ ਵੀ ਇਹਨਾਂ ਦੀ ਸ਼ਾਨ ਹੈ
ਸੁਲੇਮਾਨ ਤੋਂ ਨਿਆਰੀ।
ਵੇਖੋ ! ਰੱਬ ਤਾਂ ਖੁੱਲ੍ਹੇ ਮੈਦਾਨਾਂ
ਦੇ ਘਾਹਾਂ ਨੂੰ ਬਖ਼ਸ਼ੇ
ਸੋਹਣੇ ਬਸਤਰ।
ਜਿਨ੍ਹਾਂ ਨੇ ਕੱਲ੍ਹ ਨੂੰ ਸੜ ਸੁਕ ਜਾਣਾ
ਬਾਲਣ ਬਣ ਕੇ ਪੈਣਾ ਵਿਚ ਤੰਦੂਰ
ਔਹ ਕੱਚੇ ਈਮਾਨ ਵਾਲਿਓ !
ਰੱਬ ਤੁਹਾਨੂੰ ਹੋਰ ਕਿਹੜਾ ਪਹਿਨਣ ਦੇਵੇ ?

## ਮੇਰੀਏ ਮਾਏ ਔਹ ਆਉਂਦਾ ਹੈ ਉਹ

ਮੇਰੀਏ ਮਾਏ ਔਹ ਆਉਂਦਾ ਹੈ ਉਹ
ਜਿਸ ਦੇ ਚੋਗੇ ਦੀ ਝੋਲੀ ਵਿਚ
ਤਾਰੇ ਝਿਲਮਿਲ ਚਮਕਣ,

ਜਿਸ ਦੀਆਂ ਬਾਹਾਂ ਦੇ ਅੰਦਰ
ਕਈ ਨਛੱਤਰ ਲਟਕਣ।
ਮੇਰੀਏ ਮਾਏ ਔਹ ਆਉਂਦਾ ਹੈ ਉਹ
ਔਹ ਜੋ ਰਤਨਾਂ ਦਾ ਵਣਜਾਰਾ
ਜਿਸ ਨੇ ਫੜੇ ਹੋਏ ਨੇ
ਕਈ ਸੂਹੇ ਲਾਲ
ਚੁੱਪ ਚੁਪੀਤੇ ਲੰਘ ਚਲਿਆ ਹੈ
ਇਸ ਗਲੀ ਤੋਂ
ਕਿਸੇ ਨੂੰ ਉਸ ਦੇ ਤੱਕਣ ਦਾ
ਆਇਆ ਨਹੀਂ ਖ਼ਿਆਲ;
ਵੇਚੇ ਉਹ ਸੁੰਦਰ ਸੁਨਹਿਰੀ ਰਿਸ਼ਮਾਂ
ਪ੍ਰੇਮ ਵਾਲੀਆਂ,
ਪਰ ਮੇਰੀਏ ਮਾਏ ਸੌਂ ਜਾਂਦਾ ਹੈ ਉਹ
ਧਰਤ ਦੇ ਉਤੇ ਨੰਗੇ ਰੜੇ ਮੈਦਾਨ
ਮੇਰੀਏ ਮਾਏ ! ਉਸ ਦੇ ਲੰਮੇ ਸੁਹੰਦੜੇ ਕਾਲੇ ਕੇਸ
ਜਿਸ ਦੀਆਂ ਰੱਤੀਆਂ ਸੂਹੀਆਂ ਅੱਖੀਆਂ
ਪ੍ਰੀਤਾਂ ਦਾ ਉਹ ਸ਼ਹਿਜ਼ਾਦਾ
ਲੰਘ ਚੱਲਿਆ ਹੈ ਸਾਡੇ ਕੋਲੋਂ
ਚੁੱਪ ਚੁਪੀਤੇ।
ਮੇਰੀਏ ਮਾਏ ! ਸਾਡੀ ਗਲੀ ਵਿਚੋਂ ਲੰਘਦਿਆਂ
ਉਸ ਨੂੰ ਵੇਖਣ ਦਾ ਆਇਆ ਨਾ
ਕਿਸੇ ਨੂੰ ਖ਼ਿਆਲ।

## *ਹਿੰਮ ਪੰਛੀ ਦਾ ਗੀਤ

(ਇਹ ਕਵਿਤਾ ਅਨੰਦ ਆਚਾਰੀਆ ਦੀ ਰਚਨਾ 'ਹਿੰਮ ਪੰਛੀ' ਉਤੇ ਆਧਾਰਤ ਹੈ)

ਪੱਥਰ ਦੀ ਇਸ ਸ਼ਿਲਾ 'ਤੇ
ਤੁਸੀਂ ਕਦੇ ਹੋਏ ਸੀ ਬਿਰਾਜਮਾਨ
ਤੇ ਕੀਤੀ ਸੀ ਗੋਸ਼ਟਿ ਪ੍ਰੇਮ ਮਾਰਗ
ਤੇ ਭਰਾਤਰੀ ਭਾਵ ਦੀ
ਸੰਗ ਇਕ ਹੋਰ ਦਰਵੇਸ਼।
ਤੂੰ ਸੈਂ ਗੁਰੂ ਨਾਨਕ ਮਹਾਨ

---

*(912 ਹਿਜਰੀ ਦੀ ਗੁਰੂ ਨਾਨਕ ਦੀ ਬਗ਼ਦਾਦ ਫੇਰੀ ਸਮੇਂ ਦੇ ਚਿੱਤਰ ਤੋਂ ਪ੍ਰਭਾਵਿਤ ਹੋ ਕੇ ਆਏ ਖ਼ਿਆਲ ਜਿਥੇ ਬਗ਼ਦਾਦ ਦੇ ਪੂਜਾ ਸਥਾਨ ਉਤੇ ਅਰਬੀ ਭਾਸ਼ਾ ਵਿਚ ਕੁਝ ਲਿਖਿਆ ਹੋਇਆ ਹੈ)

ਭਾਰਤ ਦੇ ਸੰਤਾਂ ਦਾ ਮਹਾਂ ਸੁਲਤਾਨ।
ਈਰਾਨ ਦੀ ਆਤਮਾ ਨਾਲ
ਸਾਂਝ ਪਾਈ ਸੀ ਆਣ
ਸੱਤਾਂ ਸਾਗਰਾਂ ਦਾ ਮੰਥਨ ਕਰਕੇ
ਤੂੰ ਕਿਹੜਾ ਗਾਇਆ ਰੱਬੀ ਗਾਨ !

ਹਿਮਾਲਿਆ ਦੀਆਂ ਇਕਾਂਤ ਚੋਟੀਆਂ
ਅਤੇ ਸ਼ਾਂਤ ਵਣਾਂ ਤੋਂ
ਕਿਹੜਾ ਸੁਨੇਹਾ ਸ਼ਾਂਤੀ ਵਾਲਾ
ਤੁਸੀਂ ਬਗ਼ਦਾਦ ਦੇ
ਅੰਗੂਰੀ ਬਾਗ਼ਾਂ ਅਤੇ ਗੁਲਾਬ ਕਿਆਰੀਆਂ
ਤਾਈਂ ਪੁਚਾਇਆ ?
ਬਦਰੀਨਾਥ ਦੀਆਂ ਹਿੰਮ ਸਿਖ਼ਰਾਂ ਤੋਂ
ਕਿਹੜਾ ਨੂਰੀ ਚਾਨਣ
ਤੁਸੀਂ ਈਰਾਨ ਦੇ ਬਹਿਲੋਲ ਸ਼ਾਹ ਦੇ
ਹਿਰਦੇ ਵਿਚ ਜੋਤ ਜਗਾਉਣ ਲਈ
ਸੀ ਲਿਆਏ ?
ਅੱਠ ਪਖਵਾਰੇ ਬਹਿਲੋਲ ਸ਼ਾਹ ਨੇ
ਆਪਣੀ ਕੰਨੀ ਤੁਹਾਡੇ
ਜੀਵਨ ਦਾਨੀ ਚਸ਼ਮੇਂ ਕੋਲੋਂ
ਸੀਤਲ ਨਾਮ ਸੁਨੇਹਾ ਸੁਣਿਆਂ।
ਜਦਕਿ ਕਬਰਸਤਾਨ ਦੇ
ਘਾਹਾਂ ਤੇ ਰੇਤੜਾਂ ਦੇ ਪਿਛਵਾੜਿਉਂ
ਅਨਾਰਾਂ ਦੀਆਂ ਝੰਗੀਆਂ ਅੰਦਰ
ਚੰਨ ਨੇ ਸ਼ੁਕਲ ਤੇ ਕਿਸ਼ਨ ਪੱਖ ਵਿਚ
ਸੁਧੀਆਂ ਤੇ ਵਧੀਆਂ ਵਾਲੇ
ਕਈ ਗੇੜੇ ਸਨ ਲਾਏ।
ਜਦ ਤੁਸੀਂ ਉਸ ਥਾਂ ਤੋਂ
ਕੀਤਾ ਸੀ ਪ੍ਰਸਥਾਨ
ਆਪਣੀ ਪਿਆਰੀ ਭਾਰਤ ਭੂਮੀ
ਵੱਲ ਸੀ ਪਰਤੇ
ਤਾਂ ਇਹ ਕਥਾ ਹੋਈ ਮਸ਼ਹੂਰ
ਕਿ ਉਹ ਰੱਬ ਦਾ ਪਿਆਰਾ
ਹੋਇਆ ਨਾਮ ਰੰਗ ਵਿਚ ਮਖ਼ਮੂਰ

ਨਾ ਉਸ ਕਿਸੇ ਮਨੁੱਖ ਦੀ ਸੁਣੀ ਸੀ ਬਾਤ
ਨਾ ਕਿਸੇ ਨੂੰ ਆਪਣੀ
ਰਸਨਾ ਤੋਂ ਕੋਈ ਬੋਲ ਸੁਣਾਇਆ।
ਐਸਾ ਦੀਵਾਨਾ ਤੇ ਮਸਤਾਨਾ ਹੋਇਆ
ਕਿ ਜਦ ਸ਼ਹਿਨਸ਼ਾਹ
ਉਸ ਦੇ ਦਰਸ਼ਨ ਕਰਨ ਨੂੰ ਆਇਆ
ਤਾਂ ਉਸ ਨੂੰ ਵੀ ਉਸ ਨਹੀਂ ਸੀ ਬੁਲਾਇਆ
ਨਾ ਉਸ ਵੱਲੋਂ ਕੀਤੀ ਭੇਟਾ
ਤੇ ਸ਼ਾਹੀ ਸੁਗਾਤਾਂ ਨੂੰ ਹੱਥ ਲਾਇਆ
ਸ਼ਾਹਾਂ ਤੇ ਸ਼ਹਿਨਸ਼ਾਹਾਂ ਤੇ ਦੇਸ਼ਾਂ ਦੀਆਂ
ਉਪਮਾਵਾਂ ਤੋਂ ਉਹ ਹੋਇਆ ਬੇਨਿਆਜ਼
ਰੱਬ ਦੀ ਭਗਤੀ ਦੇ ਵਿਚ ਰੱਤਾ
ਹੋਇਆ ਸਭ ਤੋਂ ਬੇਮੁਹਥਾਜ਼।
ਇੰਜ ਉਹ ਸੱਚਾ ਦਰਵੇਸ਼
ਸੱਠ ਸਿਆਲ ਰਿਹਾ ਸੀ ਜਿਉਂਦਾ
ਰੱਬੀ ਵਿਰਦ ਕਮਾਉਂਦਾ
ਯਾਦ ਤੇਰੀ ਦੇ ਅੰਦਰ
ਛੱਡ ਗਿਆ ਉਹ ਆਖ਼ਰਕਾਰ
ਕੂੜ ਅਗਿਆਨ ਦੀ ਪਾਲ।
ਜਿਸ ਨੇ ਇਸ ਸੈਂਲ ਉਤੇ
ਇਹ ਸ਼ਬਦ ਖੁਣਵਾਏ;
ਇਥੇ ਹਿੰਦ ਦੇਸ਼ ਤੋਂ ਆਏ
ਗੁਰੂ ਪੀਰ ਨੇ
ਸ਼ਾਹ ਬਹਿਲੋਲ ਦੇ ਤਪਦੇ ਮਨ ਨੂੰ
ਸ਼ਾਂਤ ਸੀ ਕੀਤਾ।
ਇਸ ਅਸਥਾਨ 'ਤੇ ਉਹ
ਰਿਹਾ ਸੱਠ ਸਾਲ ਸੀ ਜਿਉਂਦਾ।
ਪਰ ਐਸੇ ਰੱਬੀ ਰੰਗ ਦੀ ਮਸਤੀ ਵਿਚ
ਉਹ ਖੁਭਿਆ
ਜਿਵੇਂ ਭੰਵਰੇ ਨੇ ਹੋਵੇ
ਕੰਵਲ ਫੁੱਲ ਦੇ ਅੰਦਰ ਵੜ ਕੇ
ਮਧੂ ਰਸ ਨੂੰ ਚਖਿਆ।

ਸਿੱਖ ਦੇ ਹੋਠ ਹੋ ਜਾਵਣ ਮੌਨ

ਆਪਣੇ ਅੰਦਰੋਂ ਹੀ
ਉਸ ਨੂੰ ਮਿਲੇ ਅਨੰਦ।
ਹੋ ਰਹੇ ਨਾ ਬਾਕੀ ਕੋਈ ਆਸਾ ਮਨਸਾ
ਸਭ ਕੁਝ ਉਸ ਦਾ ਹੋਵੇ
ਪ੍ਰਭੂ ਪ੍ਰੀਤਮ ਦੇ ਅਰਪਣ।
ਬਿਨਾਂ ਕਿਸੇ ਸੁਆਲ ਜੁਆਬ ਦੇ
ਆਪਣੇ ਖ਼ਸਮ ਦੇ ਹੁਕਮ ਨੂੰ
ਉਹ ਮੰਨੇ।
ਰਹੇ ਖ਼ੁਸ਼ੀ ਖ਼ੁਸ਼ੀ ਉਸ ਦੀ ਵਿਚ ਰਜ਼ਾ
ਕਰੇ ਉਹ ਉਡੀਕ ਉਸ ਪੁਨੀਤ ਘੜੀ ਦੀ
ਜਦ ਉਸ ਦੇ ਅੰਦਰ ਪ੍ਰਗਟੇ
ਮਹਾਂ ਗਿਆਨ;
ਹੋਵੇ ਉਹ ਪ੍ਰੌੜ੍ਹ ਇਸ ਵਿਚ ਕਰ ਇਸ਼ਨਾਨ,
ਤਦ ਉਸ ਦੇ ਹਿਰਦੇ ਅੰਦਰ
ਵਜੇ ਤੁਰਮ ਮਹਾਨ।
ਜੋ ਮਹਾਂ ਅਸਤਿਤਵ ਦੇ
ਵਾਦਨ ਦਾ ਹੈ ਸੌਦਰੀ ਸੰਗੀਤ ਮਹਾਨ;
ਜਿਸ ਦੀਆਂ ਮੀਂਡਾਂ ਗੂੰਜ ਰਹੀਆਂ ਨੇ
ਪੌਣਾਂ ਅੰਦਰ, ਪਾਣੀਆਂ ਅੰਦਰ
ਜਿਸ ਦਾ ਨੂਰੀ ਚਾਨਣ ਲਹਿਰ ਰਿਹਾ ਹੈ
ਰੰਗ ਬਰੰਗੇ ਫੁੱਲਾਂ ਅੰਦਰ
ਤੇ ਸ੍ਰਿਸ਼ਟੀ ਦੇ ਹਰ ਕਣ ਦੀ
ਪਰਮ ਸੁੰਦਰਤਾ ਅੰਦਰ।
ਰਾਤ ਦਿਵਸ ਸਿੱਖ ਦੇ ਹਿਰਦੇ ਵਿਚ
ਰਹੇ ਸਮਾਈ ਪ੍ਰੇਮ ਦੀ ਪੀੜਾ
ਬਣੇ ਜੋ ਵੇਦਨਾ ਪ੍ਰੀਤਾਂ ਵਾਲੀ
ਜਿਸ ਰੋਗ ਨੂੰ ਪ੍ਰੇਮੀ
ਕਦੀ ਸਕੇ ਨਾ ਜਾਣ।
ਪਰ ਹੁਣ ਇਸ ਪ੍ਰੇਮ ਪੀੜਾ ਦੇ
ਉਸ ਲਈ ਅਰਥ ਰਹੇ ਨਹੀਂ ਬਾਕੀ
ਨਾ ਉਹ ਉਸ ਦੀ ਤਪਸ਼ ਨੂੰ ਜਾਣੇ
ਨਾ ਉਹ ਉਸ ਦੀ ਖ਼ੁਸ਼ੀ ਨੂੰ ਮਾਣੇ
ਨਾ ਹੋਵੇ ਬੇਚੈਨ।
ਬੁੱਧਤਵ ਦੇ ਸਹਿਜ ਅਨੰਦ ਸਮਾਨ

ਉਹ ਵਿਚਰੇ !
ਫਿਰ ਵੀ ਉਹ ਉਤੇਜਿਤ ਤੇ ਛੂਹਲਾ
ਨਵੇਂ ਖਿੜੇ ਫੁੱਲ ਦੇ ਹਾਰ
ਜੋ ਤਰਦਾ ਹੈ ਊਸ਼ਾ ਦੀਆਂ ਨੂਰ ਤਰੰਗਾਂ ਦੇ
ਸਾਗਰ ਵਿਚਕਾਰ।

ਮਾਨਵਤਾ ਹੈ ਦਾਨ ਕਰਨ ਵਿਚ
ਕੁਝ ਦੇਣ ਵਿਚ,
ਤੇ ਉਹ ਹੀ ਹੋ ਸਕਦਾ ਸਿੱਖ
ਜੋ ਕਰਦਾ ਨਿੱਤ ਆਤਮ ਬਲੀਦਾਨ;
ਵੰਡੇ ਆਪਣਾ ਆਪਾ
ਹੋਰਾਂ ਤਾਈਂ,
ਫਿਰ ਵੀ ਕਰੇ
ਵਿਚ ਸ਼ੁਕਰਾਨੇ ਆਪਣੀ ਗੁਜ਼ਰਾਨ।
ਜੀਵਨ ਤਾਂ ਦੇਣ ਵਿਚ ਹੈ
ਜੋੜਨ ਵਿਚ ਹੈ ਮੌਤ।
ਸਿੱਖ ਨਾ ਕਦੀ ਗਿਣਤੀ ਮਿਣਤੀ ਦੇ ਵਿਚ ਪੈਂਦਾ,
ਰੱਬ ਦੀਆਂ ਦਾਤਾਂ ਹੈਨ ਵਿਚ ਬਹੁਤਾਤ
ਅਣਗਿਣਤ ਭਰੇ ਭੰਡਾਰ,
ਦੋਹੀਂ ਹੱਥੀਂ ਵੰਡਦਿਆਂ ਵੰਡਦਿਆਂ
ਆਵੇ ਨਾ ਕਦੀ ਘਾਟ।
ਆਪਣੇ ਜੀਵਨ ਦੇ ਪੱਕੇ ਫੁੱਲ ਦੀ
ਪ੍ਰੀਤ ਦੀ ਘਾਲ ਨੂੰ ਨਿੱਤ ਉਹ ਵੰਡੇ
ਹੋਰਾਂ ਤਾਈਂ;
ਬਿਨਾਂ ਸੁਆਰਥ ਤੇ ਕਿਸੇ ਲਾਲਸਾ
ਵੰਡਦਾ ਜਾਵੇ ਜੀਵਨ ਰਾਸ ਨੂੰ
ਬੰਦਿਆਂ ਤਾਈਂ, ਪੰਛੀਆਂ ਤਾਈਂ,
ਪਸ਼ੂਆਂ ਤਾਈਂ।
ਸਿੱਖ ਤਾਂ ਰੱਬ ਸੱਚੇ ਦਾ ਚਿੰਨ੍ਹ-ਨਿਸ਼ਾਨ,
ਉਸੇ ਦਾ ਕਾਰਿੰਦਾ ਤੇ ਨੁਮਾਇੰਦਾ,
ਇਸ ਲਈ ਉਸ ਨੂੰ ਰੱਬ ਵਰਗਾ ਹੀ
ਹੋਣਾ ਚਾਹੀਏ।
ਜੋ ਸਭ ਨੂੰ ਦਿੰਦਾ ਰੋਜ਼ੀ ਪਾਲਣਹਾਰ
ਸਭ ਨੂੰ ਬਖ਼ਸ਼ੇ ਗਿਆਨ

ਤੇ ਸਭ ਦਾ ਰੱਖਣਹਾਰ
ਸਿੱਖ ਨੇ ਨਾਮ ਦੀ ਜੋਤ ਜਗਾ ਕੇ
ਹਰ ਹਿਰਦੇ ਨੂੰ ਦੇਣਾ ਹੈ ਚਾਨਣ-ਗਿਆਨ।

ਭਲਿਆਈ ਦੇ ਉਦਗਮ ਦੇ ਹਨ
ਕਈ ਕੁਦਰਤੀ ਸੋਮੇ,
ਇਹ ਹਨ ਖਿਮਾਂ ਤੇ ਦਇਆ ਦੇ ਭਾਵ,
ਇਸ ਸੰਸਾਰੀ ਮਨੋਵਿਰਤੀਆਂ ਦੇ
ਦੰਭਾਂ ਤੋਂ ਸੁਰਖ਼ਰੂ ਹੋਣਾ।
ਸਿੱਖ ਦੀ ਆਪਣੀ ਹੋਂਦ ਹੀ ਹੈ
ਵਿਸ਼ਵ ਦੀ ਨੈਤਿਕ ਸੁੰਦਰਤਾ ਦਾ
ਪ੍ਰਗਟਾਉ।
ਉਹ ਸੱਚਾ ਸੁੱਚਾ ਹੈ ਮਨੁੱਖ
ਸਰਬ ਸ੍ਰੇਸ਼ਠ ਪੰਚ-ਪਰਵਾਨ,
ਉਸ ਦਾ ਧਰਮ ਕਰਮ ਹੈ
ਸੂਰਜ, ਹਿੰਮ ਤੇ ਨਦੀ ਸਮਾਨ
ਜਿਨ੍ਹਾਂ ਦਾ ਦਰਸ਼ਨ ਕਰਕੇ
ਸਾਰੇ ਤ੍ਰਿਪਤ ਹੋ ਜਾਣ
ਜਿਨ੍ਹਾਂ ਤੋਂ ਸਾਰੇ
ਇਕੋ ਜਿਹੀਆਂ ਬਖ਼ਸ਼ਿਸ਼ਾਂ ਪਾਣ
ਤੇ ਹੋਵੇ ਸਰਬ ਕਲਿਆਣ।
ਉਸ ਦਾ ਇਸ਼ਟ ਹੈ ਪ੍ਰੇਮ ਮਹਾਨ
ਬਚਦਾ ਸਦਾ ਉਹ
ਉਹਨਾਂ ਲਾਲਸਾ ਭਰੀਆਂ ਹਉਮੈ-ਵਾਦੀ
ਰੁਚੀਆਂ ਕੋਲੋਂ,
ਜਿਨ੍ਹਾਂ ਨੂੰ ਹੋਵੇ ਸੁੱਖ ਪ੍ਰਾਪਤ
ਐਸ਼ਵਰਜ਼ ਤੇ ਭੋਗ ਵਿਲਾਸ
ਜੋ ਸ਼ਾਹੀ ਤਖ਼ਤਾਂ ਨੂੰ
ਮੱਲ ਬੈਠਣ ਵਿਚ ਹੀ
ਸਮਝਣ ਆਪਣੀ ਸ਼ਾਨ
ਤੇ ਲਾਲ ਜਵਾਹਰਾਂ ਦੀ ਚਮਕ-ਦਮਕ ਵਿਚ
ਆਪਣਾ ਮਨ ਭਰਮਾਣ
ਤੇ ਪ੍ਰਾਪਤ ਕਰਕੇ ਕੁਝ ਵਸਤੂ
ਤੇ ਸਿਰਜ ਕੇ ਵਾਤਾਵਰਣ

ਆਪਣੇ ਨਿੱਜ ਸੁੱਖ ਦੇ ਵਾਧੇ ਨੂੰ ਹੀ
ਮਿਥਦੇ ਨੇ ਨਿਸ਼ਾਨ।
ਪਰ ਸਿੱਖ ਦੀ ਆਤਮਾ
ਇਹਨਾਂ ਐਸ਼ਵਰਜ਼ਾਂ ਤੇ ਭੋਗ ਵਿਲਾਸਾਂ ਨੂੰ
ਕਦੇ ਨਾ ਕਰੇ ਪ੍ਰਵਾਨ।
ਇਹ ਤਾਂ ਵਿਸਮਾਦ ਨਾਦ ਵਾਲੀ
ਰੂਹ ਦੀ ਸੱਚੀ ਪ੍ਰੇਮ ਪੀੜਾ ਨੂੰ
ਚਖਣ ਦਾ ਹੈ ਮਾਰਗ
ਜਿਸ ਵਿਚ ਸਭ ਕੁਝ ਹੋ ਜਾਂਦਾ ਹੈ
ਪ੍ਰਭੂ ਪ੍ਰੀਤਮ ਦੇ ਚਰਨਾਂ ਤੋਂ ਕੁਰਬਾਨ
ਇਸ ਪ੍ਰੇਮ ਪੀੜਾ ਦਾ ਵੇਦਨ ਹੈ
ਖੰਡੇ ਧਾਰ 'ਤੇ ਤੁਰਨਾ
ਜਿਸ ਨੂੰ ਆਪਣੇ ਇਸ਼ਟ-ਪਿਆਰੇ
ਤੇ ਭਾਈਚਾਰੇ ਦੇ ਨਿਹਚੇ ਦੀ
ਰਖਿਆ ਖ਼ਾਤਰ ਤੋਪਾਂ ਅੱਗੇ
ਛਾਤੀ-ਡਾਹੁਣਾ ਵੀ ਹੁੰਦਾ ਹੈ
ਖਿੜੇ ਮੱਥੇ ਪ੍ਰਵਾਨ
ਤੇ ਇੰਜ ਆਪਣੇ ਇਸ਼ਟ-ਦੇਵ ਦੀ ਖ਼ਾਤਰ
ਪੁਰਜ਼ਾ ਪੁਰਜ਼ਾ ਹੋ ਜਾਣ ਤੋਂ ਮਿਲਦਾ
ਸੁਖ-ਆਰਾਮ।
ਗੁਰੂ ਦੀ ਖ਼ਾਤਰ ਸੀਨੇ ਦੇ ਵਿਚ
ਹਸ ਹਸ ਗੋਲੀਆਂ ਖਾਣਾ
ਤੇ ਉਸ ਦੇ ਸੱਚੇ ਪ੍ਰੇਮ ਦੀ ਖ਼ਾਤਰ
ਟੋਟੇ ਟੋਟੇ ਹੋ ਜਾਣਾ,
ਹੈ ਲਗਦਾ ਚੰਗਾ ਮਿੱਠਾ-ਭਾਣਾ।
ਇਹ ਤਾਂ ਉਹ ਪ੍ਰੇਮ ਹੈ
ਜੋ ਹੋਏ ਸੰਪੂਰਨ ਮੌਤ ਨੂੰ ਵਰ੍ਹ ਕੇ
ਜਿਸ ਨੂੰ ਆਪਣੀ ਹੋਂਦ ਨੂੰ
ਮਿਟਾ ਕੇ ਬਰਬਾਦੀ ਨੂੰ
ਸਹੇੜਨ ਵਿਚ ਹੀ
ਮਿਲਦਾ ਸੁੱਖ ਮਹਾਨ।
ਜਿਹੜਾ ਇੰਜ ਗੁਰੂ ਦੀ ਖ਼ਾਤਰ
ਆਪਣੀ ਜ਼ਿੰਦਗੀ ਵਾਰੇ (ਜਾਵਾਂ ਮੈਂ ਬਲਿਹਾਰੇ)
ਉਹ ਸੱਚਾ ਸੂਰਾ ਅਮਰ ਪਦ ਨੂੰ ਪਾਵੇ।

ਆਪਣੇ ਆਦਰਸ਼ਵਾਦ ਵਿਚ
ਇਹ ਪ੍ਰੇਮ ਹੈ ਝੱਲਾ ਤੇ ਮਸਤਾਨਾ
ਹੋਵੇ ਜੋ ਦੀਵਾਨਾ
ਆਪਣੇ ਪ੍ਰੇਮ ਦੇਵ ਦੇ ਹੋਠਾਂ ਨੂੰ
ਚੁੰਮਣ ਖ਼ਾਤਰ ਉਹ ਉਹਨਾਂ ਉਤੇ
ਲੱਗੀ ਬਿਖ ਨੂੰ ਵੀ ਹੈ
ਕਰਦਾ ਪ੍ਰਵਾਨ
ਕਿਉਂਜੋ ਉਸ ਨੂੰ ਉਸ ਪ੍ਰੀਤਮ ਪਿਆਰੇ ਦੇ
ਪ੍ਰੇਮ ਤੋਂ ਵਿਰਵਾ ਰਹਿ ਕੇ
ਇਕ ਸਾਹ ਲੈਣਾ ਵੀ
ਬਣਦਾ ਕਸ਼ਟ ਮਹਾਨ
ਜਿਥੇ ਹੋਵੇ ਨਾ ਇਸ ਪ੍ਰੇਮ ਦਾ
ਕੋਈ ਨਿਸ਼ਾਨ,
ਉਥੇ ਜੀਵਨ ਬਣ ਜਾਂਦਾ ਹੈ
ਸੁੰਨ-ਮਸਾਨ ਮਹਾਂ-ਬਿਆਨ।
ਸਿੱਖ ਆਤਮ-ਤੱਤ ਨਾਲ
ਜੁੜਿਆ ਰਹਿੰਦਾ ਹੈ
ਵਿਚ ਲਿਵਤਾਰ
ਤੇ ਬਣ ਜਾਂਦਾ ਦ੍ਰਿਸ਼ਟੋਤਾ;
ਜਦ ਅੰਤਰ ਦ੍ਰਿਸ਼ਟੀ
ਪਸਰੇ ਵਿਚ ਤ੍ਰਿਹਕਾਲ,
ਜਾਂ ਕਾਲਗਤੀ ਤੋਂ ਪਾਰ
ਵਿਚ ਅਕਾਲ।
ਨਦਰੀ ਆਵੇ ਉਸ ਨੂੰ
ਉਹ ਸਭ ਕੁਝ
ਜਿਸ ਨੂੰ ਹੋਰ ਕੋਈ ਵੇਖ ਨਾ ਸਕਦਾ।
ਇਤਿਹਾਸ ਦੇ ਕਾਲ ਚੱਕਰ ਦੇ ਅੰਦਰ
ਉਹ ਇਕ ਐਸਾ ਯੋਧਾ-ਨਾਇਕ
ਜੋ ਹੁੰਦਾ ਹੈ ਦੈਵੀ ਪ੍ਰੇਰਨਾ ਦਾ
ਸਾਖਿਆਤ ਸਰੂਪ
ਜਿਸ ਦੇ ਬਾਰੇ ਆਮ-ਲੁਕਾਈ
ਸਦਾ ਵਿਚ ਭੁਲੇਖੇ ਰਹਿੰਦੀ
ਉਹ ਸਦਾ ਹੁੰਦਾ ਹੈ
ਨੇਕੀ ਦਾ ਪ੍ਰਵਾਹ

ਪਵਿੱਤਰਤਾ ਦਾ ਨਿਰਮਲ,
ਪਾਰਦਰਸ਼ੀ ਸਰੂਪ
ਹੁੰਦਾ ਹੈ ਨਿਰਭਾਉ,
ਪਰ ਵਿਚਰੇ ਵਿਚ ਨਿਮਰਤਾ।
ਉਸ ਦਾ ਆਤਮ-ਬਲੀਦਾਨ
ਜਾਂ ਸ਼ਹੀਦੀ ਕੌਤਕ
ਭਾਵੇਂ ਉਹ ਹੋਵੇ ਕਿੰਨਾ ਵੀ
ਸ਼ਾਂਤਮਈ ਤੇ ਨਿਰਮਾਣ,
ਉਹ ਕੌਮਾਂ ਤੇ ਜਾਤੀਆਂ ਲਈ
ਪ੍ਰਾਣ ਤੇ ਰਕਤ ਬਣ ਜਾਂਦਾ
ਦੇਵੇ ਜੀਵਨ ਦਾਨ।
ਜੇ ਨਾ ਹੋਵਣ ਸਾਡੇ ਸਿਰ 'ਤੇ
ਤਾਰੇ ਅਤੇ ਆਕਾਸ਼
ਤਾਂ ਮਨੁੱਖ ਦਾ ਹੋ ਜਾਵੇਗਾ ਕਾਲ,
ਪਰ ਇਸ ਤੋਂ ਵੀ ਛੇਤੀ
ਉਸ ਨੂੰ ਮਾਰਨ ਵਾਲੇ
ਹੈਨ ਕਈ ਹਥਿਆਰ;
ਜੇ ਨਾ ਹੋਵਣ ਧਰਤੀ ਉਤੇ
ਪਰਮ-ਪਵਿੱਤਰ ਤੇ ਨੇਕ
ਭਲਿਆਈ ਦੇ ਪੁਤਲੇ ਮਹਾਂ-ਮਨੁੱਖ
ਤਾਂ ਜਾਵੇ ਪਸਰ ਅੰਧਕਾਰ,
ਪ੍ਰਭੂ ਦੇ ਬੰਦੇ ਸਭ ਜਾਤਾਂ ਵਿਚ
ਸਭ ਕੌਮਾਂ ਵਿਚ, ਸਭ ਮੱਤਾਂ
ਤੇ ਕਾਲਾਂ ਅੰਦਰ
ਗਏ ਬਰਾਬਰ ਵੰਡੇ,
ਇਹ ਨਹੀਂ ਹੈ ਕਿਸੇ ਇਕ ਦਾ
ਵਿਸ਼ੇਸ਼ ਅਧਿਕਾਰ।

ਭਗਤ-ਜਨ ਹੁੰਦੇ ਨੇ
ਪ੍ਰਭੂ ਦੇ ਚੋਣਵੇਂ ਜੀਉੜੇ
ਰੱਬ ਆਣ ਉਹਨਾਂ ਦੀ ਕੰਡ ਪਿੱਛੇ
ਆ ਖਲੋਂਦਾ
ਤੇ ਸਦਾ ਸਲਾਮਤ ਸੱਚ ਨਾਲ
ਜੁੜੀ ਉਸ ਦੀ ਅੰਤਰ-ਦ੍ਰਿਸ਼ਟੀ

ਵਿਚ ਹੁੰਦਾ ਹੈ ਸਮਤੋਲ,
ਨਿਰਭੈਅਤਾ ਤੇ ਬੇਪ੍ਰਵਾਹੀ,
ਦੋਵੇਂ ਵਿਚਰਨ ਕੋਲੋਂ ਕੋਲ
ਹੈ ਅਡੋਲ।

ਸ਼ਕਤੀਸ਼ਾਲੀ ਹਾਕਮ ਕਾਲ ਦੇ ਖਿਡੌਣੇ ਮਾਤਰ ਹਨ, ਪਰ ਕਾਲ ਆਪ ਰੁਕ ਕੇ 'ਸਿੱਖ' ਅਥਵਾ 'ਮੁਰੀਦ' ਦੇ ਪੈਰ ਚੁੰਮਦਾ ਹੈ। ਇਹਨਾਂ ਮੁਰੀਦਾਂ ਦੀ ਆਤਮਾ ਮਨੁੱਖ ਅਤੇ ਪਸ਼ੂਆਂ ਦੇ ਜੰਗਲੀ-ਪੁਣੇ ਨੂੰ ਵਸ ਵਿਚ ਕਰ ਲੈਂਦੀ ਹੈ। ਇਹ ਮੁਰੀਦ ਪਸ਼ੂਆਂ ਵਿਚ ਮਾਂ ਦੀ ਆਤਮਾ, ਫੁੱਲਾਂ ਵਿਚ ਖ਼ੁਸ਼ਬੂ ਅਤੇ ਮਨੁੱਖਾਂ ਵਿਚ ਮਾਨਵ ਆਤਮਾ ਹੁੰਦੇ ਹਨ। ਬੁੱਧ ਨੇ ਇਹਨਾਂ ਮੁਰੀਦਾਂ ਨੂੰ ਦੇਵ-ਜਾਤੀ ਦੇ ਵਿਅਕਤੀ ਕਹਿ ਕੇ ਸੰਬੋਧਿਤ ਕੀਤਾ ਹੈ। ਬੁੱਧ ਨੇ ਕਿਹਾ, ''ਰਾਜਿਆਂ ਦਾ ਸਥਾਨ ਰਾਜ-ਬੰਸਾਵਲੀ ਵਿਚ ਹੈ, ਪਰ ਮੇਰਾ ਸੰਬੰਧ ਬੁੱਧ-ਬੰਸਾਵਲੀ ਨਾਲ ਹੈ। ਕੋਈ ਵੀ ਕੌਮ ਜਾਂ ਫਿਰਕਾ ਸਿੱਖ ਜਾਂ ਮੁਰੀਦ ਨੂੰ ਕੇਵਲ ਆਪਣੇ ਵਿਚੋਂ ਹੀ ਹੋਣ ਦਾ ਦਾਅਵਾ ਨਹੀਂ ਕਰ ਸਕਦਾ, ਕਿਉਂਜੋ ਇਹ ਲੋਕ ਸੰਸਾਰ ਵਿਚ ਦੇਵ ਮੰਡਲ ਵੱਲੋਂ ਮਿਲੀਆਂ ਦਾਤਾਂ ਦੇ ਰੂਪ ਵਿਚ ਆਉਂਦੇ ਹਨ ਅਤੇ ਸਾਰੀ ਪ੍ਰਿਥਵੀ ਉਤੇ ਇੰਜ ਵਿਤ੍ਰਿਤ ਹੁੰਦੇ ਹਨ ਜਿਵੇਂ ਮਹਾਂ ਅੰਧਕਾਰ ਵਿਚ ਸਿਤਾਰੇ। ਇਹ ਜੀਵਨ ਮਾਰਗ ਉਤੇ ਉਹਨਾਂ ਆਰਾਮਗਾਹਾਂ ਸਮਾਨ ਹਨ ਜਿਨ੍ਹਾਂ ਵਿਚ ਯਾਤਰੂ ਰਾਤ ਨੂੰ ਵਿਸ਼ਰਾਮ ਕਰਦੇ ਹਨ। ਇਹ ਉਹਨਾਂ ਬ੍ਰਿਛਾਂ ਸਮਾਨ ਹਨ ਜਿਨ੍ਹਾਂ ਵਿਚ ਆ ਕੇ ਪੰਛੀ ਆਲ੍ਹਣੇ ਬਣਾਉਂਦੇ ਹਨ। ਧਰਤੀ ਦੇ ਤ੍ਰਿਗਧ ਜੀਵਾਂ ਲਈ ਮਘੋਰੇ, ਧੁੱਪ ਵਿਚ ਮੁਸਾਫਰਾਂ ਲਈ ਛਾਂਦਾਰ ਬ੍ਰਿਛ ਅਤੇ ਇਹ ਆਪ ਉਹਨਾਂ ਗੀਤਾਂ ਦੇ ਹਸਤਾਖਰ ਹੁੰਦੇ ਹਨ ਜੋ ਹਵਾਵਾਂ ਦੇ ਚੱਲਣ ਨਾਲ ਸਹੰਸਰ ਰੰਗ-ਬਰੰਗੇ ਪੱਤਿਆਂ ਦੀਆਂ ਤਾਲੀਆਂ ਦੀ ਗਤੀ ਨਾਲ ਉਹਨਾਂ ਦੀ ਆਤਮਾ ਵਿਚ ਸਦਾ ਉਤਰਦੇ ਤੇ ਗੂੰਜਦੇ ਹਨ।

## ਸੱਚੇ ਸਿੱਖ ਬਾਰੇ ਭਾਈ ਵੀਰ ਸਿੰਘ ਜੀ ਦੇ ਵਿਚਾਰ

ਭਾਈ ਵੀਰ ਸਿੰਘ ਨੇ ਸੱਚੇ ਸਿੱਖ ਦੀ ਵਿਆਖਿਆ ਬੜੇ ਸੰਖੇਪ ਤੇ ਸਪਸ਼ਟ ਸ਼ਬਦਾਂ ਵਿਚ ਕੀਤੀ ਹੈ। ਇਹ ਤਿੰਨ ਨੁਕਤਿਆਂ ਵਾਲਾ ਸੂਤਰ 'ਕਿਰਤ ਕਰਨੀ', 'ਨਾਮ ਜਪਣਾ' ਅਤੇ 'ਵੰਡ ਛਕਣਾ' ਹੈ।

## 1. ਕਿਰਤ ਕਰਨੀ

ਆਪਣੀ ਰੋਟੀ ਰੋਜ਼ੀ ਲਈ ਕਿਰਤ ਕਰਨਾ ਅਤੇ ਇਸ ਵਿਚ ਮਨੁੱਖ ਦੀ ਭਲਾਈ ਤੇ ਪ੍ਰੇਮ ਅਤੇ ਪ੍ਰਭੂ-ਪ੍ਰੀਤਮ ਪ੍ਰਤੀ ਸਮਰਪਣ ਦੀ ਭਾਵਨਾ ਵਿਦਮਾਨ ਹੈ। ਇਹ ਪਵਿੱਤਰਤਾ ਦੀ ਆਤਮਿਕ ਭਾਵਨਾ ਤੋਂ ਪ੍ਰੇਰਨਾ ਪ੍ਰਾਪਤ ਕਰਕੇ ਕੀਤੀ ਗਈ

ਕਿਰਤ ਜਾਂ ਘਾਲ ਹੈ। ਇਹ ਇਕ ਤਰ੍ਹਾਂ ਦੀ ਪ੍ਰਭੂ ਪ੍ਰੀਤਮ ਪ੍ਰਤੀ ਅਜਿਹੀ ਭਾਵਨਾ ਦਾ ਪ੍ਰਗਟਾਉ ਹੈ ਕਿ ਉਹ ਸਾਡੇ ਅੰਦਰ ਵਿਆਪਕ ਹੈ। ਸਦਾ ਸਾਡੇ ਅੰਗ-ਸੰਗ ਹੈ ਜੋ ਸਾਡੇ ਮਨ ਅਤੇ ਅੰਗਾਂ ਨੂੰ ਸਦਾ ਚੰਗਿਆਈ ਕਰਨ ਲਈ ਕਾਰਜਸ਼ੀਲ ਰਖਦਾ ਹੈ। ਜੋ ਭੁੱਖੇ ਮੂੰਹਾਂ ਲਈ ਅੰਨ ਇਕੱਤਰ ਕਰਦੇ ਹਨ ਤੇ ਇਸ ਤਰ੍ਹਾਂ ਸਿੱਖ ਨੂੰ ਆਤਮਿਕ ਸੁੱਖ ਪ੍ਰਦਾਨ ਕਰਦੇ ਹਨ। ਇਹ ਨੰਗੇ ਨੂੰ ਬਸਤਰ ਪਹਿਨਾਉਣ ਤੇ ਆਪਣੀ ਸਵਾਰਥੀ ਭਾਵਨਾ ਦਾ ਤਿਆਗ ਕਰਕੇ ਮਨੁੱਖਤਾ ਦੇ ਦੁੱਖਾਂ, ਕਸ਼ਟਾਂ ਨੂੰ ਘਟਾਉਣ ਦੀ ਪ੍ਰਕ੍ਰਿਆ ਹੈ। ਇਹ ਹੀ ਕਿਰਤ ਕਰਨੀ ਹੈ।

2. ਨਾਮ ਜਪਣਾ

ਚੰਗਾ ਬਣਨ ਜਾਂ ਸਿੱਧੀ ਸਾਦੀ ਸ਼ੁਧ ਰੂਪ ਦੀ ਚੰਗਿਆਈ ਨੂੰ ਗ੍ਰਹਿਣ ਕਰਨਾ ਮਨੁੱਖ ਲਈ ਉਸੀ ਤਰ੍ਹਾਂ ਦੀ ਆਪ ਮੁਹਾਰੀ ਪ੍ਰਕ੍ਰਿਆ ਹੈ ਜਿਵੇਂ ਪੰਛੀਆਂ ਦਾ ਉਡਾਰੀ ਮਾਰਨਾ, ਪ੍ਰਭੂ ਦੇ ਹੋ ਕੇ ਰਹਿਣਾ, ਉਸ ਦੇ ਪ੍ਰੇਮ ਦੇ ਪਾਤਰ ਬਣਨਾ, ਅਦ੍ਰਿਸ਼ਟ ਤੇ ਅਤਿ ਸੂਖ਼ਮ ਦੈਵੀ ਆਤਮਾ ਦੇ ਸਪਰਸ਼ ਤੋਂ ਪ੍ਰਾਪਤ ਪ੍ਰੇਰਨਾ ਦੁਆਰਾ ਸਕਰਮਕ ਰੱਬਤਾ ਨੂੰ ਆਪਣੇ ਅੰਦਰ ਸਾਕਾਰ ਕਰਨ ਦਾ ਅਨੁਭਵ ਹੀ ਨਾਮ ਜਪਣਾ ਹੈ। ਉਸ ਪ੍ਰਭੂ ਦੇ ਨਾਮ ਨੂੰ ਬਾਰੰਬਾਰ ਰਟਣਾ ਇਕ ਤਰ੍ਹਾਂ ਦੀ ਮੌਤ ਹੈ, ਪਰ ਪ੍ਰਭੂ ਦੇ ਨਾਮ ਦਾ ਬਾਰੰਬਾਰ ਜਾਪ ਇਕ ਤਰ੍ਹਾਂ ਦਾ ਜੀਵਨ ਵੀ ਹੈ। ਸਿਮਰਨ ਜਾਂ ਯਾਦ ਤਾਂ ਸਾਖਿਆਤ ਪ੍ਰੇਮ ਦਾ ਅਨੁਭਵ ਹੈ ਅਤੇ ਉਸ ਦਾ ਨਾਮ ਉਸ ਦੀ ਆਪਣੀ ਹੋਂਦ ਹੈ। ਸ਼ਬਦ ਹੀ ਪਾਰਬ੍ਰਹਮ ਹੈ ਅਤੇ ਜਦੋਂ ਇਹ ਸ਼ਬਦ ਸਾਡੀ ਰਸਨਾ ਉਤੇ ਹੁੰਦਾ ਹੈ ਤਾਂ ਸਾਡੀ ਆਵਾਜ਼ ਵਿਚ ਪ੍ਰਭੂ ਆਪ ਹੁੰਦਾ ਹੈ। ਜਦੋਂ ਸ਼ਬਦ ਸਾਡੀ ਆਤਮਾ ਵਿਚ ਵਸਦਾ ਹੈ ਤਾਂ ਪ੍ਰਭੂ ਦਾ ਨਿਵਾਸ ਵੀ ਸਾਡੀ ਆਤਮਾ ਵਿਚ ਹੁੰਦਾ ਹੈ। ਇਸ ਪ੍ਰਕਾਰ ਨਾਮ ਦੁਆਰਾ ਅਨੰਤ ਮਨੁੱਖ ਦੇ ਅੰਦਰ ਆ ਜਾਂਦਾ ਹੈ ਅਤੇ ਮਨੁੱਖ ਅਨੰਤ ਵਿਚ ਜਾ ਸਮਾਉਂਦਾ ਹੈ। ਹੋਰ ਕਿਤੇ ਵੀ ਇਹ ਏਕਤਾ ਸੰਭਵ ਨਹੀਂ ਕੇਵਲ ਪ੍ਰਮਾਤਮਾ ਵਿਚ ਅਭੇਦਤਾ ਹੀ ਵਾਸਤਵ ਵਿਚ ਏਕਤਾ ਹੋ ਸਕਦੀ ਹੈ। ਪ੍ਰਮਾਤਮਾ ਅਗਮ ਤੇ ਅਗੋਚਰ ਹੈ, ਅਲੱਖ ਤੇ ਮਨੁੱਖੀ ਗਿਆਨ ਦੀ ਸੀਮਾ ਤੋਂ ਪਰੇ, ਉਚੇਰੀ ਤੇ ਸਾਡੇ ਅਨੁਭਵ ਲਈ ਕੋਈ ਓਪਰੀ ਹੋਂਦ ਹੈ ਜੋ ਕੇਵਲ ਸਿੱਖ ਜਾਂ ਭਗਤ ਦੀ ਪ੍ਰੇਮ ਗਲਵੱਕੜੀ ਵਿਚ ਹੀ ਆ ਸਕਦਾ ਹੈ ਜਿਸ ਦੀ ਸ਼ਬਦ ਰੂਪੀ ਪ੍ਰਗੀਤਕ ਧੁਨੀ ਉਸ ਦੀ ਆਤਮਾ ਵਿਚ ਅਨਹਦ ਨਾਦ ਸਮਾਨ ਗੂੰਜਦੀ ਹੈ। ਮਨੁੱਖ ਦੀ ਸਾਰੀ ਅਧਿਆਤਮਿਕ ਬਾਣੀ ਤੇ ਧਾਰਮਿਕ ਗ੍ਰੰਥ ਉਸ ਪਰਮ ਸੁੰਦਰ ਤੇ ਉਦਾਤ ਆਤਮਿਕ ਅਵਸਥਾ ਦੀ ਦੈਵੀ ਪ੍ਰੇਰਨਾ ਦੁਆਰਾ ਸਿਰਜੇ ਗਏ ਪ੍ਰਤੀਬਿੰਬ ਹਨ ਜਿਨ੍ਹਾਂ ਦੀ ਸਿਰਜਣਾ ਉਸ ਪਵਿੱਤਰ ਆਤਮਾ ਦੁਆਰਾ ਹੁੰਦੀ ਹੈ ਜਿਸ ਨੂੰ ਸ਼ਬਦ-ਬ੍ਰਹਮ ਕਿਹਾ ਜਾਂਦਾ ਹੈ। ਇਸ ਪਵਿੱਤਰ ਆਤਮਾ ਦੇ ਸਾਡੇ ਅੰਦਰ ਪ੍ਰਵੇਸ਼ ਕਰਨ 'ਤੇ ਅਨੁਭਵ ਰੂਪ ਵਿਚ ਸਾਖਿਆਤ ਹੋਣ ਤੋਂ ਬਿਨਾਂ ਮਨੁੱਖ ਦੇ ਅੰਦਰ ਆਤਮਿਕ ਜੀਵਨ ਸਫੁਟਿਤ ਨਹੀਂ ਹੋ ਸਕਦਾ। ਇਹ ਮਨੁੱਖ ਦੇ ਅਦ੍ਰਿਸ਼ਟ ਮੰਡਲ ਦੇ ਰੱਖਣਹਾਰ ਵੱਲੋਂ ਪ੍ਰਾਪਤ ਪ੍ਰੇਰਨਾ ਦਾ ਫਲ ਹੁੰਦਾ ਹੈ।

ਕੋਈ ਵਿਅਕਤੀ ਵੀ ਸਿਮਰਨ (ਯਾਦ) ਦੇ ਚੱਕਰ ਤੋਂ ਬਚ ਨਹੀਂ ਸਕਦਾ। ਜੇ ਕੋਈ ਵਿਅਕਤੀ ਪ੍ਰਭੂ-ਪ੍ਰੀਤਮ ਦੇ ਦਰਸ਼ਨ ਦਾ ਅਭਿਲਾਸ਼ੀ ਹੋ ਕੇ ਉਸ ਦੀ ਯਾਦ ਵਿਚ ਰੱਤੜਾ ਨਹੀਂ ਰਹਿੰਦਾ ਤਾਂ ਉਹ ਜ਼ਰੂਰ ਕਿਸੇ ਹੋਰ ਮਰਦ ਜਾਂ ਤੀਵੀਂ, ਕਿਸੇ ਦੋਸਤ ਜਾਂ ਕਿਸੇ ਵਸਤੂ, ਕਿਸੇ ਇੱਛਾ, ਮਨੋਕਾਮਨਾ ਜਾਂ ਲਾਲਸਾ ਨੂੰ ਆਪਣੇ ਮਨ ਅੰਦਰ ਯਾਦ ਕਰ ਰਿਹਾ ਹੋਵੇਗਾ। ਅਜਿਹਾ ਹਰ ਮਨੁੱਖ ਨੂੰ ਆਪਣੀ ਮਾਨਸਿਕ ਪ੍ਰਕ੍ਰਿਤੀ ਅਨੁਸਾਰ ਕਰਨਾ ਪੈਂਦਾ ਹੈ। ਜੇ ਉਹ ਪ੍ਰਭੂ ਦਾ ਸਿਮਰਨ ਨਹੀਂ ਕਰੇਗਾ ਤਾਂ ਕਿਸੇ ਹੋਰ ਮਨੁੱਖ ਨੂੰ ਯਾਦ ਕਰ ਰਿਹਾ ਹੋਵੇਗਾ। ਜੇ ਉਸ ਦੇ ਮਨ ਅੰਦਰ ਪਵਿੱਤਰ ਆਤਮਾ ਦੀ ਯਾਦ ਦੁਆਰਾ ਪਵਿੱਤਰ ਨਾਮ ਦਾ ਵਾਸਾ ਨਹੀਂ ਹੁੰਦਾ ਤਾਂ ਉਸ ਨੂੰ ਅੰਧਕਾਰ ਦਾ ਭੂਤ ਚਿੰਬੜ ਜਾਵੇਗਾ। ਇਸ ਪ੍ਰਕਾਰ ਪ੍ਰਭੂ ਪ੍ਰੀਤਮ ਦਾ ਸਿਮਰਨ ਤੇ ਗੁਰੂ ਦੀ ਯਾਦ ਪ੍ਰੇਮ ਦੀ ਸਭ ਤੋਂ ਉਚੀ ਅਵਸਥਾ ਹੈ। ਸਿਮਰਨ ਸ਼ੇਰਨੀ ਮਾਂ, ਹਿਰਨੀ-ਮਾਂ ਅਤੇ ਮਨੁੱਖ ਦੀ ਮਾਂ ਦੇ ਦਿਲਾਂ ਦੀ ਧੜਕਣ ਹੈ। ਇਹ ਸਿਮਰਨ ਪ੍ਰੇਮ ਦਾ ਨੇਮ ਹੈ। ਪਦਾਰਥ ਦੀ ਕੁੱਖ ਵਿਚੋਂ ਇਹ ਪ੍ਰਭੂ ਦਾ ਸਭ ਤੋਂ ਉਚਾ ਪ੍ਰਗਟ ਸਰੂਪ ਹੈ। ਇਹ ਦਿਵਸ ਰਾਤ ਦੇ ਗੇੜਿਆਂ ਵਿਚ ਵਿਆਪਕ ਜੀਵਨ ਗਤੀ ਦੇ ਬੇ-ਰਸ ਦੁਹਰਾਉ ਨੂੰ ਪ੍ਰੇਮ ਦੇ ਮਿਲਾਪ ਲਈ ਆਕਰਸ਼ਕ ਤੜਪਣੀ ਬਣਾ ਦਿੰਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਦਾ ਕਥਨ ਹੈ ਕਿ 'ਪ੍ਰਭੂ ਪ੍ਰੀਤਮ ਦਾ ਸਿਮਰਨ ਹੀ ਸੱਚਾ ਜੀਵਨ ਹੈ।'

ਸਿਮਰਨ ਹੀ ਆਤਮਾ ਦਾ ਸੱਚਾ ਤੇ ਧੀਰੇ ਧੀਰੇ ਨਿਰਮਾਣ ਕਰਨ ਵਾਲਾ ਹੈ।

### 3. ਵੰਡ ਛਕਣਾ

ਆਪਣੀ ਰੋਟੀ, ਖ਼ੁਸ਼ੀ ਤੇ ਪ੍ਰੇਮ ਨੂੰ ਦੂਜਿਆਂ ਨਾਲ ਸਾਂਝਾ ਕਰਨਾ ਅਤੇ ਇਸ ਤਰ੍ਹਾਂ ਦੀ ਪੂਰਤੀ ਵਿਚੋਂ ਪ੍ਰਭੂ ਪ੍ਰੀਤਮ ਦੇ ਅਨੁਭਵ ਨੂੰ ਮਾਣ ਸਕਣਾ ਹੀ ਵੰਡ ਛਕਣਾ ਹੈ। ਇੰਜ ਇਹ ਇਕ ਪ੍ਰਕਾਰ ਨਾਲ ਆਪਣੇ ਸਰੀਰ ਦੇ ਖ਼ੂਨ ਤੇ ਮਾਸ ਨੂੰ ਵੰਡਣ ਦਾ ਨਿਉਤਾ ਜਾਂ ਪ੍ਰੇਮ-ਭੋਜ ਹੈ। ਇਸ ਤਰ੍ਹਾਂ ਇਹ ਪ੍ਰਕ੍ਰਿਆ ਸਾਨੂੰ ਈਸਾ, ਬੁੱਧ ਤੇ ਗੁਰੂ ਸਾਹਿਬਾਨ ਦੀ ਉਚ ਭਾਵਨਾ ਨਾਲ ਜਾ ਜੋੜਦੀ ਹੈ ਜਿਸ ਵਿਚ ਸਾਡੇ ਅੰਦਰਲੇ ਮਨੁੱਖ ਦੀ ਵੀ ਕਾਇਆ-ਕਲਪ ਹੋ ਜਾਂਦੀ ਹੈ। ਇਹ ਸਾਨੂੰ ਆਪਣੇ ਸਰੀਰ ਤੋਂ ਉਚਾ ਉਠ ਕੇ ਇਕ ਅਜਿਹੀ ਉਚੇਰੀ ਮਨੁੱਖਤਾ ਨਾਲ ਜਾ ਜੋੜਦੀ ਹੈ ਜੋ ਸਾਨੂੰ ਉਚੇਰੇ ਮੰਡਲਾਂ ਦੀ ਉਚ ਮਾਨਵਤਾ ਵਿਚ ਲੈ ਜਾਂਦੀ ਹੈ ਜੋ ਇਕ ਉਚੇਰਾ ਅਸਰੀਰੀ ਅਥਵਾ ਆਤਮਿਕ ਅਨੁਭਵ ਹੋ ਨਿਬੜਦਾ ਹੈ।

ਰਾਜਨੀਤਕ, ਆਰਥਿਕਤਾ ਦੇ ਸੂਤਰ ਤਾਂ ਮਨੁੱਖ ਨੂੰ ਨਿਖੇੜਦੇ ਤੇ ਉਹਨਾਂ ਵਿਚ ਦੁਪਰਿਆਰਤਾ ਪੈਦਾ ਕਰਦੇ ਹਨ ਜੋ ਇਕ ਤਰ੍ਹਾਂ ਸਿਲਸਿਲੇਵਾਰ ਤੇ ਨਿਰੰਤਰ ਚੱਲਣ ਵਾਲੀ ਭਾਵਨਾ ਬਣ ਜਾਂਦੀ ਹੈ। ਇਹ ਤਾਂ ਮਨੁੱਖਤਾ ਦੀ ਚਤੁਰ-ਚਾਲਾਕੀ ਦੀ ਚੰਚਲ ਖੇਡ ਹੈ। ਇਕ ਤਰ੍ਹਾਂ ਨਾਲ ਸਰੀਰ ਉਤੇ ਰਸੌਲੀ ਦਾ ਬੋਝ

ਹੈ ਜਿਸ ਨੂੰ ਭੁਲਾ ਦੇਣਾ ਹੀ ਭਲਾ ਹੈ। ਕਾਨੂੰਨ ਦੀਆਂ ਪੁਸਤਕਾਂ, ਸਾਹਿਤ ਤੇ ਪ੍ਰਸਾਰ ਮਾਧਿਅਮਾਂ ਵਿਚ ਕਿਸੇ ਨੂੰ ਵੀ ਸਾਨੂੰ ਇਹਨਾਂ ਬਾਰੇ ਯਾਦ ਨਹੀਂ ਕਰਵਾਉਣਾ ਚਾਹੀਦਾ। ਸਾਨੂੰ ਆਤਮ-ਬਲੀਦਾਨ ਰਾਹੀਂ ਆਪਣੇ ਅੰਦਰ ਵਸਦੇ ਪਸ਼ੂ ਨੂੰ ਬਾਹਰ ਕੱਢ ਦੇਣਾ ਚਾਹੀਦਾ ਹੈ। ਅਸੀਂ ਕੇਵਲ ਵਿਅਕਤੀ ਮਾਤਰ ਨਾ ਰਹੀਏ, ਸਗੋਂ ਇਸ ਧਰਤੀ 'ਤੇ ਸੱਚ ਦੀ ਪਾਤਸ਼ਾਹਤ ਸਥਾਪਿਤ ਕਰਕੇ ਆਪਣੇ ਆਪ ਨੂੰ ਬ੍ਰਹਿਮੰਡ-ਵਿਆਪੀ ਬਣਾ ਲਈਏ। ਸਿੱਖੀ ਜੀਵਨ ਦਾ ਆਦਰਸ਼ ਤਾਂ ਰਾਜਨੀਤਕ ਦੰਭਾਂ ਤੇ ਹਲਕੇ ਹੋਏ ਭਰਮ ਭੁਲੇਖਿਆਂ ਦੇ ਰਾਜਨੀਤਕ ਆਰਥਿਕਤਾ ਦੇ ਚੱਕਰ ਤੋਂ ਉਲਟੀ ਦਸ਼ਾ ਵਿਚ ਚੱਲਣ ਵਿਚ ਹੈ, ਪਿਆਰ ਦੀ ਪਾਤਸ਼ਾਹਤ ਵਿਚ ਕੋਈ ਵੀ ਰਾਜਨੀਤਕ ਆਰਥਿਕਤਾ ਨਹੀਂ ਹੈ। ਪਰਿਵਾਰ ਦਾ ਪਿਤਾ ਪ੍ਰੇਮ ਦੁਆਰਾ ਆਪਣੇ ਬੱਚਿਆਂ ਦੀ ਪਾਲਣਾ ਕਰਨ ਦਾ ਯਤਨ ਕਰਦਾ ਹੈ। ਉਹ ਆਪਣੇ ਲਈ ਕਿਸੇ ਬਾਦਸ਼ਾਹਤ ਦੀ ਕਾਮਨਾ ਨਹੀਂ ਕਰਦਾ, ਉਹ ਤਾਂ ਗਰੀਬਾਂ ਨੂੰ ਪਾਤਸ਼ਾਹੀ ਬਖ਼ਸ਼ਦਾ ਹੈ। ਉਹ ਕਿਸੇ ਨੂੰ ਲੁਟਦਾ ਨਹੀਂ। ਦੂਜਿਆਂ ਦੀ ਲੁੱਟ ਖਸੁੱਟ ਦੁਆਰਾ ਸਾਮਰਾਜ ਦੀ ਸਥਾਪਤੀ ਹੁੰਦੀ ਹੈ। ਆਪਣੇ ਲਈ ਦੌਲਤ ਜਮ੍ਹਾਂ ਕਰਨਾ ਕਈ ਹੋਰਾਂ ਨੂੰ ਭੁੱਖ-ਮਰੀ ਦਾ ਸ਼ਿਕਾਰ ਬਣਾਉਣਾ ਹੈ। ਗੁਰੂ ਸਾਹਿਬ ਨੇ ਮਨੁੱਖਤਾ ਨੂੰ ਵੰਡ ਦੇਣ ਦੀ ਜੀਵਨ ਜੁਗਤ ਸਿਖਾਈ ਹੈ ਨਾ ਕਿ ਸੰਪਤੀ ਉਤੇ ਅਧਿਕਾਰ ਜਤਾਉਣ ਦੀ। ਜੋੜਨਾ ਪਾਪ ਹੈ ਤੇ ਆਪਣੀ ਦਸਾਂ ਨਹੁੰਆਂ ਦੀ ਕਿਰਤ ਦੁਆਰਾ ਖ਼ੂਨ ਪਸੀਨੇ ਦੀ ਕਮਾਈ ਖਾਣਾ ਪੁੰਨ ਹੈ। ਆਪ ਜਿਉਣਾ ਅਤੇ ਦੂਜਿਆਂ ਨੂੰ ਜਿਉਣ ਦੇਣਾ ਹਰ ਵਿਅਕਤੀ ਦੇ ਜੀਵਨ ਵਿਚ ਨਿਆਏ ਪੂਰਵਕ ਢੰਗ ਨਾਲ ਖ਼ੁਸ਼ੀ ਭਰਿਆ ਜੀਵਨ ਜਿਉਣਾ ਅਤੇ ਗ੍ਰਹਿਸਥੀ ਅਤੇ ਗ੍ਰਾਮੀਣ ਸਾਦਾ ਜੀਵਨ ਵਿਚ ਸ਼ੁਕਰ ਮਨਾਉਣਾ ਹੀ ਗੁਰੂ ਸਾਹਿਬ ਦੇ ਆਦਰਸ਼ਾਂ ਅਨੁਸਾਰ ਦੂਜਿਆਂ ਉਤੇ ਰਾਜ ਕਰਨ ਦੀ ਭਾਵਨਾ ਹੋਣੀ ਚਾਹੀਦੀ ਹੈ। ਸਾਨੂੰ ਆਪ ਸਹੇੜੀਆਂ ਮੁਸੀਬਤਾਂ ਤੋਂ ਬਚਣਾ ਚਾਹੀਦਾ ਹੈ ਅਤੇ ਨੈਤਿਕ ਭਾਵਨਾ ਉਤੇ ਉਸਰੀ ਸਰਕਾਰ ਨੂੰ ਮਨੁੱਖ ਦੇ ਜੀਵਨ ਨੂੰ ਸਫ਼ਲ ਬਣਾਉਣ ਲਈ ਸਹਾਈ ਹੋਣਾ ਚਾਹੀਦਾ ਹੈ। ਕੇਵਲ ਨੈਤਿਕ ਕਾਨੂੰਨ ਦਾ ਹੀ ਰਾਜ ਹੋਣਾ ਚਾਹੀਦਾ ਹੈ ਨਾ ਕਿ ਛਲ ਕਪਟ ਵਾਲੇ ਨਿਆਏ ਸ਼ਾਸਤਰੀ ਉਹਨਾਂ ਗਲ-ਘੋਟੂ ਕਾਨੂੰਨਾਂ ਦਾ ਜੋ ਮਨੁੱਖਾਂ ਵਿਚ ਪਸ਼ੂਆਂ ਵਾਲੀ ਸੁਆਰਥੀ ਭਾਵਨਾ ਉਤਪੰਨ ਕਰਦੇ ਹਨ। ਗੁਰੂ ਜੀ ਨੇ ਜੀਵਨ ਦੇ ਅਜਿਹੇ ਹੀ ਸੁਨਹਿਰੀ ਅਸੂਲ ਦੱਸੇ ਹਨ।

ਗੁਰੂ ਸਾਹਿਬ ਨੇ ਮਨੁੱਖੀ ਕਾਰ-ਵਿਹਾਰ ਦੇ ਪ੍ਰਬੰਧ ਲਈ ਵੰਡ ਛਕਣ ਦੇ ਅਸੂਲ ਨੂੰ ਸੁਝਾਇਆ ਹੈ। 'ਗੁਰਸਿੱਖੋ ! ਤੁਸੀਂ ਵੰਡ ਕੇ ਛਕਣ ਦੀ ਰੀਤ ਧਾਰਨ ਕਰੋ। ਇਸ ਤਰ੍ਹਾਂ ਆਪਣੇ ਜੀਵਨ ਨੂੰ ਗੁਜ਼ਾਰੋ।' ਸਾਰੀਆਂ ਕੌਮਾਂ ਦੇ ਪ੍ਰਬੰਧਕ ਕਾਨੂੰਨ ਇਸ ਮਹਾਂ ਨੇਮ ਅਨੁਸਾਰ ਹੀ ਚਲਣੇ ਚਾਹੀਦੇ ਹਨ।

ਉਸ ਮਨੁੱਖ, ਪਾਤਸ਼ਾਹ ਅਤੇ ਸਰਕਾਰ ਨੂੰ ਲਾਹਣਤ ਹੈ ਜੋ ਇਸ ਗੱਲ ਵਿਚ ਸਫਲ ਨਹੀਂ ਹੋ ਸਕਦੀ ਕਿ ਉਸ ਅਧੀਨ ਰਾਜ ਵਿਚ ਕਿਸੇ ਵੀ ਇਸਤਰੀ, ਪੁਰਖ ਨੂੰ ਭੁੱਖ ਦੇ ਦੁੱਖੋਂ ਮਰਨਾ ਪੈਂਦਾ ਹੈ। ਕਿਸੇ ਦੇ ਵੀ ਸਰੀਰਕ ਤੇ ਮਾਨਸਿਕ

ਸੁਤੰਤਰਤਾ ਵਿਚ ਦੂਜੇ ਦਾ ਦਖ਼ਲ ਨਹੀਂ ਹੋਣਾ ਚਾਹੀਦਾ। ਕਿਸੇ ਵੀ ਦਲਿਤ ਵਿਅਕਤੀ ਦੀ ਅੰਤਰੀਵ ਆਤਮਾ ਦੀ ਪ੍ਰਭੂਸਤਾ ਉਤੇ ਕਿਸੇ ਨੂੰ ਭਾਰੂ ਹੋਣ ਦੀ ਆਗਿਆ ਨਹੀਂ ਦਿੱਤੀ ਜਾਣੀ ਚਾਹੀਦੀ ਜਿਸ ਨਾਲ ਕਿ ਉਸ ਦੀ ਖ਼ੁਸ਼ੀ ਭੰਗ ਹੁੰਦੀ ਹੋਵੇ।

ਮਨੁੱਖ ਅਤੇ ਰਾਜ ਦੀ ਸੰਸਕ੍ਰਿਤੀ ਦਾ ਸੱਚਾ ਸੁੱਚਾ ਅਸੂਲ (ਨੇਮ) ਜਾਂ ਪ੍ਰਮਾਣ ਆਤਮਿਕ ਸੁਤੰਤਰਤਾ ਅਰਥਾਤ ਸੱਚੀ ਆਤਮਿਕ ਪ੍ਰਭੂਸਤਾ ਦੀ ਪ੍ਰਾਪਤੀ ਹੀ ਹੋਣਾ ਚਾਹੀਦਾ ਹੈ।

ਪ੍ਰਮਾਤਮਾ ਨੇ ਪਦਾਰਥ ਤੋਂ ਨਵ-ਆਤਮਾ ਨੂੰ ਸਿਰਜਿਆ ਹੈ। ਜਿਵੇਂ ਰੱਬੀ ਸੰਗੀਤਕਾਰ ਧੁੰਦੂਕਾਰ ਵਿਚੋਂ ਨਵੇਂ ਸੂਰਜਾਂ ਨੂੰ ਪ੍ਰਕਾਸ਼ਮਾਨ ਕਰਦਾ ਹੈ, ਤਿਵੇਂ ਹੀ ਪ੍ਰਭੂ ਦੀ ਛੁਹ ਸ੍ਰਿਸ਼ਟੀ ਦੇ ਮੁਖੜੇ ਨੂੰ ਅਬਿਨਾਸ਼ੀ ਬਣਾ ਦਿੰਦੀ ਹੈ।

ਜੇ ਮਨੁੱਖ ਦਾ ਮਨ ਸੱਚੇ ਅਰਥਾਂ ਵਿਚ ਸਭਿਆ ਹੈ ਤਾਂ ਉਹ ਗਰੀਬੀ ਤੇ ਦੁੱਖਾਂ ਬਾਰੇ ਫਿਕਰਮੰਦ ਨਹੀਂ ਹੋ ਸਕਦਾ।

ਜੇ ਮਨੁੱਖ ਦੀ ਆਤਮਾ ਆਤਮ ਗੌਰਵ ਦੀ ਭਾਵਨਾ ਨਾਲ ਭਰਪੂਰ ਹੈ ਤਾਂ ਜ਼ਿੰਦਗੀ ਦੀਆਂ ਲੋੜਾਂ-ਥੋੜਾਂ ਦੀ ਪ੍ਰਵਾਹ ਨਹੀਂ ਕਰਨੀ ਚਾਹੀਦੀ।

ਦਵੈਤ-ਭਾਵੀ ਤੇ ਵਿਤਕਰੇ ਵਾਲੇ ਧਰਮ ਰੱਖਣ ਵਾਲੇ ਮਨੁੱਖਾਂ ਨਾਲੋਂ ਜੰਗਲ ਦੇ ਜਾਨਵਰ ਹੋਣਾ ਵਧੇਰੇ ਚੰਗਾ ਹੈ।

ਅਜਿਹੀਆਂ ਜੀਭਾਂ ਦਾ ਨਾ ਹੋਣਾ ਚੰਗਾ ਹੈ ਜੋ ਅਕਾਰਥ ਰਟ ਤਾਂ ਨਾਮ ਦੀ ਹੀ ਲਾਉਂਦੀਆਂ ਹਨ, ਪਰ ਆਪਣੀ ਪਸ਼ੂ ਭਾਵਨਾ ਨੂੰ ਵਧੇਰੇ ਉਤੇਜਿਤ ਕਰਦੀਆਂ ਹਨ। ਦੂਜੇ ਮਨੁੱਖਾਂ ਵਿਰੁੱਧ ਨਫ਼ਰਤ ਫੈਲਾਉਣ ਨਾਲੋਂ ਜੰਗ ਦੇ ਮੈਦਾਨ ਵਿਚ ਜੂਝ ਮਰਨਾ ਚੰਗੇਰਾ ਹੈ।

ਇਕ ਪਲ ਲਈ ਵੀ ਮਨ ਅਤੇ ਸਰੀਰ ਨੂੰ ਗ਼ੁਲਾਮ ਬਣਾਉਣ ਨਾਲੋਂ ਇਸ ਦਾ ਸਮੂਲ ਨਾਸ਼ ਕਰ ਦੇਣਾ ਚੰਗੇਰਾ ਹੈ।

ਆਪਣੀ ਸੰਤਾਨ ਨੂੰ ਧਨ ਦੌਲਤ ਦੀ ਰੋਗੀ ਭਾਵਨਾ ਦੇਣ ਦੀ ਥਾਂ ਉਹਨਾਂ ਨੂੰ ਸੁਤੰਤਰਤਾ ਦੀ ਪਾਤਸ਼ਾਹਤ ਤੇ ਉਸ ਤੋਂ ਪ੍ਰਾਪਤ ਹੋਣ ਵਾਲੀ ਖ਼ੁਸ਼ੀ ਦਾ ਵਿਰਸਾ ਦਿਉ।

ਸਭ ਤੋਂ ਚੰਗਾ ਕਾਨੂੰਨ ਪ੍ਰੇਮ ਹੈ। ਸਭ ਤੋਂ ਚੰਗੀ ਸੇਵਾ ਪ੍ਰੇਮ ਵਿਚ ਕੀਤੀ ਕਿਰਤ ਹੈ। ਮਨੁੱਖ ਦੀ ਬੰਦ ਖ਼ਲਾਸੀ ਹੀ ਸਭ ਤੋਂ ਚੰਗਾ ਵਿਚਾਰ ਹੈ। ਮਨੁੱਖ ਵਿਚ ਸਭ ਤੋਂ ਵੱਡਾ ਨਿਆਂ ਸਵਾਰਥਹੀਣ ਹੋਣਾ ਹੈ। ਸਭ ਤੋਂ ਚੰਗਾ ਸ਼ਿਸ਼ਟਾਚਾਰ ਆਪਣੇ ਆਪੇ ਨੂੰ ਲਗਾਤਾਰ ਵੰਡਦੇ ਰਹਿਣਾ ਅਤੇ ਲਗਾਤਾਰ ਖਿਮਾਂ ਦਾਨ ਵਿਚ ਹੈ।

ਸਭ ਤੋਂ ਚੰਗਾ ਸਦਾਚਾਰ ਆਪਣੇ ਆਪ ਨੂੰ ਘੋਲ ਘੁਮਾਉਣ ਵਿਚ ਅਤੇ ਆਪਣੇ ਆਪੇ ਨੂੰ ਆਦਰਸ਼ਕ ਸੁੰਦਰਤਾ ਵਿਚ ਅਭੇਦ ਕਰ ਦੇਣ ਵਿਚ ਹੈ। ਤੁਹਾਡੀ ਵਾਫ਼ਰ ਧਨ ਦੌਲਤ ਉਸ ਦੀ ਹੈ, ਜੋ ਇਸ ਦਾ ਸਭ ਤੋਂ ਵੱਧ ਲੋੜਵੰਦ ਹੈ।

ਸੱਚੀ ਅਭੇਦਤਾ ਸਦਾ ਆਤਮਿਕ ਹੁੰਦੀ ਹੈ ਨਾ ਕਿ ਸਰੀਰ ਜਾਂ ਮਨ ਦੀ ਭਾਵਨਾ ਵਿਚ।

ਸੰਸਾਰ ਪੂਰਨਤਾ ਦੇ ਮਾਰਗ ਉਤੇ ਤੁਰ ਰਿਹਾ ਹੈ। ਸੱਚੇ ਮਨੁੱਖ ਲਈ ਗਿਆਨ ਮਾਣ ਕਰਨ ਯੋਗ ਵਿਸ਼ੇਸ਼ਤਾ ਨਹੀਂ ਹੈ, ਸਗੋਂ ਇਸ ਦੀ ਤੁਲਨਾ ਵਿਚ ਉਸ ਦੇ ਹਿਰਦੇ ਵਿਚ ਬਲਦੀ ਜੋਤੀ ਉਸ ਦੇ ਆਪੇ ਦੇ ਕੂੜੇ ਕਰਕਟ ਨੂੰ ਭਸਮਾ-ਭੂਤ ਕਰ ਸਕਦੀ ਹੈ।

ਸਭ ਪ੍ਰਕਾਰ ਦੀ ਮਿੱਤਰਤਾ ਇਸੇ ਇਕੋ ਨੁਕਤੇ ਤੋਂ ਪੈਦਾ ਹੁੰਦੀ ਹੈ ਜਿਥੇ ਆ ਕੇ ਸਾਡੀਆਂ ਆਤਮਾਵਾਂ ਇਕ ਦੂਜੇ ਦੀ ਆਤਮਾ ਨੂੰ ਆ ਕੇ ਛੂੰਹਦੀਆਂ ਹਨ। ਸਾਰੇ ਘੇਰੇ ਨੂੰ ਜੱਫਾ ਮਾਰਨ ਦਾ ਯਤਨ ਨਾ ਕਰੋ, ਇਸ ਵਿਚਲਾ ਇਕੋ ਚਮਕਦਾ ਨੁਕਤਾ ਹੀ ਸਭ ਵਸਤਾਂ ਦਾ ਪਰਮ-ਯਥਾਰਥ ਹੁੰਦਾ ਹੈ।

ਅੰਤਰ ਆਤਮਾ ਦੀ ਸੰਸਕ੍ਰਿਤੀ ਜਾਂ ਸ਼ਿਸ਼ਟਾਚਾਰ ਅਦ੍ਰਿਸ਼ਟ ਸੰਸਾਰ ਤੋਂ ਅਣਸੁਣੇ ਦੇ ਸੰਸਕਾਰ ਹੁੰਦੇ ਹਨ ਜੋ ਸੱਚੀ ਮਾਨਵਤਾ ਨੂੰ ਸਿਰਜਦੇ ਹਨ।

## ਵਿਅਕਤੀਤਵ ਦਾ ਪਾਰਸ
### (ਰਾਵੀ ਕੰਢੇ ਗੀਤ ਗਾਉਂਦੀਆਂ ਸਖੀਆਂ ਦੀ ਯਾਦ ਵਿਚ)

### ਗੁੱਝੀਆਂ ਯਾਦਾਂ

ਵੇਦਾਂਤ ਦਰਸ਼ਨ ਦਾ ਮੱਤ ਹੈ ਕਿ ਨਾਮ ਤੇ ਰੂਪ ਭਰਮ ਹਨ, ਪਰ ਜੀਵਨ ਇਹਨਾਂ ਨਾਲ ਅਜਿਹੀਆਂ ਭਾਵਨਾਵਾਂ ਦੁਆਰਾ ਚਿੰਬੜਿਆ ਹੋਇਆ ਹੈ ਜੋ ਕਦੀ ਵੀ ਮਾਂਦੀਆਂ ਨਹੀਂ ਪੈਂਦੀਆਂ। ਵਾਸਤਵ ਵਿਚ ਇਹਨਾਂ ਦੀ ਹੋਂਦ ਨੂੰ ਸਦੀਵੀ ਮੰਨ ਕੇ ਮਨੁੱਖ ਫੁੱਲਿਆ ਨਹੀਂ ਸਮਾਉਂਦਾ। ਜਿਹੜੇ ਵੀ ਨਾਮ ਤੇ ਰੂਪ ਦੇ ਇਸ ਜੀਵਨ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹਨ, ਉਹ ਆਪ ਜੀਵਨ ਗੁਆ ਬੈਠਦੇ ਹਨ। ਮਨੁੱਖਾਂ ਤੇ ਜਾਤੀਆਂ ਦੇ ਪ੍ਰਮੁੱਖ ਸਮੂਹ ਇਹਨਾਂ ਨਾਮ ਅਤੇ ਰੂਪਾਂ ਦੀ ਸਿਰਜਣਾ ਕਰਕੇ ਜਿਉਂਦੇ ਰਹਿੰਦੇ ਹਨ ਅਤੇ ਇਹਨਾਂ ਵਿਚੋਂ ਕੁਝ ਨਾਮ ਤਾਂ ਅਜਿਹੇ ਹੁੰਦੇ ਹਨ ਜਿਨ੍ਹਾਂ ਦਾ ਜਾਦੂ ਪੀੜ੍ਹੀਆਂ-ਬੱਧੀ ਆਪਣਾ ਪ੍ਰਭਾਵ ਪਾਉਂਦਾ ਰਹਿੰਦਾ ਹੈ। ਉਹਨਾਂ ਲਈ ਪ੍ਰਮਾਤਮਾ ਦੀ ਹੋਂਦ ਜਾਂ ਅਣਹੋਂਦ ਭਾਵੇਂ ਯਥਾਰਥ ਨਾ ਹੋਵੇ, ਪਰ ਉਹਨਾਂ ਵਿਚ ਜਨਮੇਂ ਮਹਾਂ-ਪੁਰਖ ਵੱਡੀ ਹੋਂਦ ਰਖਦੇ ਹਨ। ਕਲਾ, ਕਿਰਤ ਤੇ ਪ੍ਰੇਮ ਦੀ ਸਮੂਹਕ ਸੰਸਕ੍ਰਿਤੀ ਵਿਚ ਇਹ ਮਹਾਂ-ਪੁਰਖ ਕੇਂਦਰ-ਬਿੰਦੂ ਹੁੰਦੇ ਹਨ। ਇਹਨਾਂ ਮਹਾਂ-ਪੁਰਖਾਂ ਦੇ ਕਰਮਾਂ ਤੋਂ ਹੀ ਸਾਡਾ ਜੀਵਨ ਵਿਤਰਿਤ ਹੁੰਦਾ ਜਾਪਦਾ ਹੈ। ਭਾਵੇਂ ਸਾਡਾ ਇਹ ਸੰਸਾ ਵੀ ਨਿਰਮੂਲ ਨਹੀਂ ਕਿ ਇਹਨਾਂ ਦੇਵ-ਪੁਰਸ਼ਾਂ ਦੀ ਪਿੱਠ ਉਤੇ ਕਿਸੇ ਹੋਰ ਅਦ੍ਰਿਸ਼ਟ ਪੁਰਸ਼ ਦਾ ਹੱਥ ਹੁੰਦਾ ਹੈ।

ਮਨੁੱਖੀ ਇਤਿਹਾਸ ਵਿਚ ਮਹਾਨ ਯਾਦਾਂ ਤੇ ਅਮਰ ਕਰਾਂਤੀਆਂ ਇਹਨਾਂ ਕੁਝ ਚੋਣਵੇਂ ਮਨੁੱਖਾਂ ਦੁਆਲੇ ਹੀ ਚੱਕਰ ਕਟਦੀਆਂ ਹਨ।

### ਨਿਰਜਿੰਦ ਸਾਧਾਰਨੀਕਰਨ

ਜਿਸ ਵਰਤਮਾਨ ਕਾਲ ਵਿਚੋਂ ਅਸੀਂ ਲੰਘ ਰਹੇ ਹਾਂ, ਉਹ ਅਨਿੱਜਤਾ ਵੱਲ ਵਧ ਰਿਹਾ ਹੈ। ਇਹ ਇਕ ਪ੍ਰਕਾਰ ਯੁਧ ਵਰਗੀ ਹਾਲਤ ਹੈ ਜਿਸ ਵਿਚ ਮਨੁੱਖਾਂ ਦੇ ਨਾਮਾਂ ਤੇ ਰੂਪਾਂ ਨੂੰ ਗਿਣਨ ਦੀ ਥਾਂ ਕੇਵਲ ਮਰਨ-ਮਾਰਨ ਦੀ ਕਿਰਿਆ ਨੂੰ ਹੀ ਮਹੱਤਵਪੂਰਨ ਸਮਝਿਆ ਜਾਂਦਾ ਹੈ। ਸਾਡੇ ਘਰ ਜਿਨ੍ਹਾਂ ਵਿਚ ਇਹ ਨਿੱਕੇ ਨਿੱਕੇ ਨਾਮ ਤੇ ਰੂਪ ਬੜੇ ਪਿਆਰੇ ਮਨਮੋਹਣੇ ਸਨ ਯਥਾ ਮਾਂ ਦਾ ਆਪਣੇ ਬੱਚੇ ਨੂੰ ਪਿਆਰ ਕਰਨਾ, ਪਤਨੀ ਦਾ ਆਪਣੇ ਪਤੀ ਲਈ ਵਾਰੀ ਘੋਲੀ ਜਾਣਾ ਆਦਿ ਬੜੀ ਤੇਜ਼ ਗਤੀ ਨਾਲ ਲੋਪ ਹੋ ਰਹੇ ਹਨ। ਹੋਟਲ, ਘਰਾਂ ਅਤੇ ਘਰਾਂ ਦੀ ਮੋਹ ਮਮਤਾ ਦੀ ਥਾਂ ਲੈ ਰਹੇ ਹਨ। ਸਾਡੇ ਪਰੰਪਰਾਗਤ ਸੰਬੰਧਾਂ ਦੀ ਥਾਂ ਤੀਵੀਂ ਮਰਦ ਦੇ ਉਹਨਾਂ ਰਿਸ਼ਤਿਆਂ ਦੀ ਕਾਨੂੰਨੀ ਵਕਾਲਤ ਪ੍ਰਧਾਨ ਹੋ ਰਹੀ ਹੈ, ਜਿਨ੍ਹਾਂ ਵਿਚ

ਅਰਥ-ਸ਼ਾਸਤਰ ਦੀ ਓਟ ਵਿਚ ਇਸਤਰੀ ਪੁਰਸ਼ ਦੇ ਪਰਸਪਰ ਦਿਲ-ਰਹਿਤ ਸੰਬੰਧਾਂ ਦੁਆਰਾ ਉਹਨਾਂ ਦੀ ਪਰਸਪਰ ਸੁਤੰਤਰਤਾ ਦੀ ਵਕਾਲਤ ਕੀਤੀ ਜਾ ਰਹੀ ਹੈ। ਅਸਲ ਵਿਚ ਸੰਸਾਰ ਗਿਆਨ ਵਿਗਿਆਨ ਦੇ ਅਧਿਕ ਚਮਤਕਾਰ ਦੇ ਰੰਗ ਦਾ ਸ਼ਿਕਾਰ ਹੈ। ਕਲਾ ਧਰਮ ਅਤੇ ਸਮਾਜ ਦੇ ਖੇਤਰ ਵਿਚ ਮਨੁੱਖ ਦੀਆਂ ਮਾਨਸਿਕ ਸ਼ਕਤੀਆਂ ਉਸ ਨੂੰ ਅਸਪਸ਼ਟ, ਅਨਿੱਜਤਾ ਤੇ ਨਿਰਜਿੰਦ ਸਾਧਾਰਨੀਕਰ ਵੱਲ ਧੱਕ ਰਹੀਆਂ ਹਨ।

ਜਾਪਾਨ ਦੀਆਂ ਯੂਨੀਵਰਸਿਟੀਆਂ ਬੱਚਿਆਂ ਨੂੰ ਚੰਗੇ ਜਾਪਾਨੀ ਬਣਾਉਂਦੀਆਂ ਹਨ, ਅਮਰੀਕਨ ਯੂਨੀਵਰਸਿਟੀਆਂ ਉਹਨਾਂ ਨੂੰ ਚੰਗੇ ਅਮਰੀਕਨ ਬਣਾਉਂਦੀਆਂ ਹਨ। ਇਸੇ ਤਰ੍ਹਾਂ ਇੰਗਲਿਸਤਾਨ ਦੀਆਂ ਕੈਂਮਬ੍ਰਿਜ ਤੇ ਆਕਸਫੋਰਡ ਯੂਨੀਵਰਸਿਟੀਆਂ ਅੰਗਰੇਜ਼ਾਂ ਨੂੰ ਆਪਣੇ ਵਿਸ਼ੇਸ਼ ਸੱਚੇ ਅਤੇ ਸਨਦ ਵਿਚ ਢਾਲ ਕੇ ਬਾਹਰ ਭੇਜਦੀਆਂ ਹਨ। ਵੱਖ ਵੱਖ ਰਾਸ਼ਟਰਾਂ ਦੀਆਂ ਇਹ ਮਹਾਨ ਰਾਸ਼ਟਰੀ ਸੰਸਥਾਵਾਂ ਯੁਗਾਂ ਤੋਂ ਅਜਿਹੀ ਸ਼ਕਤੀ ਦੇ ਨਿਰਮਾਣ ਵਿਚ ਜੀਅ ਰਹੀਆਂ ਹਨ। ਮਨ ਅਤੇ ਦਿਲ ਦੇ ਪ੍ਰੇਮ ਭਾਵਾਂ ਨਾਲ ਸੰਬੰਧਤ ਇਹ ਦੇਸ਼ ਤੇ ਉਹਨਾਂ ਦੀਆਂ ਸੰਸਥਾਵਾਂ ਨੂੰ ਉਹਨਾਂ ਦੇ ਨਾਮਕਰਣ ਦੁਆਰਾ ਹੀ ਨਿੱਜੀ ਵਿਅਕਤੀਤਵ ਦੇ ਦਿੱਤਾ ਜਾਂਦਾ ਹੈ। ਇਹਨਾਂ ਨੂੰ ਵਿਭਿੰਨ ਰਾਸ਼ਟਰਾਂ ਦੀਆਂ ਆਤਮਾਵਾਂ ਦਾ ਪ੍ਰਤੀਕ ਬਣਾ ਕੇ ਇਹਨਾਂ ਸੰਸਥਾਵਾਂ ਦਾ ਆਦਰਸ਼ੀਕਰਣ ਕੀਤਾ ਜਾਂਦਾ ਹੈ। ਇਥੇ ਇਹ ਸੰਸਥਾਵਾਂ ਆਪਣੀ ਬਜ਼ੁਰਗੀ ਕਾਰਨ ਸ਼ੁਧ ਆਤਮਾ ਦਾ ਰੂਪ ਧਾਰਨ ਕਰ ਗਈਆਂ ਹਨ। ਇਹ ਹੁਣ ਇਮਾਰਤਾਂ ਤੇ ਸਥਾਨ ਨਹੀਂ ਰਹੇ, ਸਗੋਂ ਕੁਝ ਵਿਸ਼ੇਸ਼ ਦ੍ਰਿਸ਼ਟੀਕੋਣ ਤੇ ਆਦਰਸ਼ ਬਣ ਗਏ ਹਨ। ਪਰ ਇਹਨਾਂ ਰਾਸ਼ਟਰੀ ਯੂਨੀਵਰਸਿਟੀਆਂ ਵਿਚੋਂ ਜਿਹੜੇ ਮਨੁੱਖਾਂ ਨੂੰ ਸਨਾਤਕ ਰੂਪ ਵਿਚ ਵਿਸ਼ੇਸ਼ ਠੱਪੇ ਤੇ ਮੋਹਰਾਂ ਲਾ ਕੇ ਬਾਹਰ ਭੇਜਿਆ ਜਾਂਦਾ ਹੈ, ਬੜੇ ਘੱਟ ਮਹੱਤਵ ਦੇ ਹੁੰਦੇ ਹਨ। ਆਪਣੇ ਸਕੂਲਾਂ ਦੇ ਜਾਲ ਤੇ ਵਿਦਿਅਕ ਪ੍ਰਬੰਧ ਦੇ ਤਾਣੇ-ਬਾਣੇ ਵਿਚ ਆਧੁਨਿਕ ਸਭਿਅਤਾ ਆਕਾਸ਼ ਤੋਂ ਅਵਤਰਿਤ ਹੋਈ ਪ੍ਰਤਿਭਾ ਨੂੰ ਨਹੀਂ ਪਕੜ ਸਕੀ। ਇਹ ਸਿੱਕੇਬੰਦ ਅਜਿਹੀ ਤੁਰਦੀ ਫਿਰਦੀ ਤੇ ਸ਼ੋਰ ਮਚਾਉਂਦੀ ਮਨੁੱਖਤਾ ਆਪਣੇ ਰੂਪਾਂ, ਰੰਗਾਂ ਵਿਚ ਘਿਰੀ ਹੋਈ ਪਤਾ ਨਹੀਂ ਕਿਥੋਂ ਤੁਰ ਕੇ ਕਿਧਰ ਨੂੰ ਜਾ ਰਹੀ ਹੈ।

ਅੱਜ ਦਾ ਆਧੁਨਿਕ ਯੁਧ ਦਾ ਨਾਇਕ ਯੁਧ ਤਾਂ ਜਿਤਦਾ ਹੀ ਹੈ, ਪਰ ਛੇਤੀ ਹੀ ਉਸ ਨੂੰ ਬੁਝ ਗਈ ਬੱਤੀ ਦੀ ਤਰ੍ਹਾਂ ਬੁਝਾ ਦਿੱਤਾ ਜਾਂਦਾ ਹੈ। ਜਿਵੇਂ ਉਸ ਦੀ ਹੋਰ ਲੋੜ ਨਾ ਹੋਵੇ। ਇੰਜੀਨੀਅਰ ਆਪਣੇ ਨਵੇਂ ਨਵੇਂ ਵਿਚਾਰਾਂ ਨੂੰ ਪ੍ਰਯੋਗ ਵਿਚ ਲਿਆਉਂਦਾ ਹੈ, ਪਰ ਛੇਤੀ ਹੀ ਉਸ ਨੂੰ ਇੰਜ ਪਰ੍ਹੇ ਸੁੱਟ ਦਿੱਤਾ ਜਾਂਦਾ ਹੈ ਜਿਵੇਂ ਕਿਸੇ ਵੱਡੀ ਮਸ਼ੀਨ ਦੇ ਪੁਰਜ਼ੇ ਨੂੰ ਉਸ ਨਾਲੋਂ ਵੱਖ ਕਰਕੇ ਪਰ੍ਹਾਂ ਸੁੱਟ ਦਿੱਤਾ ਜਾਵੇ। ਇਹਨਾਂ ਵਿਚੋਂ ਬਹੁਤ ਥੋੜ੍ਹੇ ਆਤਮ-ਅਨੁਭਵ ਦੇ ਪੱਧਰ ਤੱਕ ਪੁਜਦੇ ਹਨ। ਮਹਾਨ ਵਿਗਿਆਨੀ ਤੇ ਪ੍ਰਯੋਗਕਾਰ ਕੇਵਲ ਆਪਣੇ ਇਕੱਤਰ ਕੀਤੇ ਹੋਏ ਤੱਥਾਂ ਤੇ ਅੰਕੜਿਆਂ ਤੱਕ ਹੀ ਸੀਮਤ ਹੋ ਜਾਂਦੇ ਹਨ। ਜਿਵੇਂ ਉਹ ਕੇਵਲ ਸੋਚਣ ਵਾਲੀਆਂ ਮਸ਼ੀਨਾਂ ਹੀ ਹੋਣ, ਜਿਨ੍ਹਾਂ ਦੀਆਂ ਆਤਮਾਵਾਂ ਪਰ੍ਹੇ ਢੇਰ ਹੇਠਾਂ

ਦਬੀਆਂ ਪਈਆਂ ਹੋਣ। ਇਸ ਮੱਕੜੀ ਜਾਲ ਨੇ ਆਪਣੀ ਹੀ ਮੱਕੜੀ ਨੂੰ ਸਿਰਜਿਆ ਹੈ ਜਿਸ ਦੀ ਹੈਸੀਅਤ ਇਕ ਨਿਤਾਣੇ ਕੈਦੀ ਵਰਗੀ ਹੈ। ਬੇਚੈਨੀ ਤੇ ਬੇਸਬਰੀ ਆਧੁਨਿਕ ਜੀਵਨ ਦੀਆਂ ਖ਼ਾਸ ਵਿਸ਼ੇਸ਼ਤਾਵਾਂ ਬਣ ਗਈਆਂ ਹਨ। ਮਨੁੱਖ ਆਪਣੇ ਵਿਚਲੇ ਮਨੁੱਖਤਵ ਨੂੰ ਭੁੱਲ ਚੁੱਕੇ ਹਨ। ਉਹਨਾਂ ਕੋਲ ਸੁੱਖ ਸ਼ਾਂਤੀ ਵਿਚ ਸਾਹ ਲੈਣ ਦੀ ਵਿਹਲ ਹੀ ਨਹੀਂ ਹੈ। ਉਹ ਮਾਇਆ ਦੀਆਂ ਮ੍ਰਿਗ-ਜਲੀਆਂ ਦੇ ਪਿੱਛੇ ਦੌੜ ਰਹੇ ਹਨ।

ਪ੍ਰਤਿਭਾ ਨੂੰ ਕੇਵਲ ਉਪਯੋਗੀ ਕੰਮ ਹੀ ਸੌਂਪਿਆ ਜਾਂਦਾ ਹੈ। ਇਸ ਨੂੰ ਆਤਮਿਕ ਅਨੁਭਵ ਦੇ ਮਾਰਗ 'ਤੇ ਚੱਲਣ ਦੀ ਆਗਿਆ ਹੀ ਨਹੀਂ ਦਿੱਤੀ ਜਾਂਦੀ। ਉਹਨਾਂ ਨੂੰ ਕੋਈ ਵੀ ਦਰਵਾਜ਼ਾ ਦਿਖਾਈ ਨਹੀਂ ਦਿੰਦਾ, ਕੇਵਲ ਕੰਮ ਹੀ ਦਿਸਦਾ ਹੈ। ਪੁਸਤਕ ਤੇ ਉਸ ਵਿਚਲੇ ਤੱਥ ਹੀ ਉਸ ਦੇ ਕਰਤਾ ਨੂੰ ਥੋੜ੍ਹੇ ਸਮੇਂ ਲਈ ਪ੍ਰਸਿੱਧੀ ਦਿਵਾਉਂਦੇ ਹਨ ਅਤੇ ਇਹ ਪੁਸਤਕਾਂ ਆਪਣੇ ਰਚਣਹਾਰਾਂ ਕਰਕੇ ਪ੍ਰਸਿੱਧ ਨਹੀਂ ਹੁੰਦੀਆਂ। ਪੁਸਤਕਾਂ ਦਾ ਇਹ ਕਿਹੋ ਜਿਹਾ ਵਿਅਰਥ ਦਾ ਹੜ੍ਹ ਆ ਰਿਹਾ ਹੈ, ਜਿਨ੍ਹਾਂ ਵਿਚ ਕਰਤਾ ਨੂੰ ਪਰ੍ਹੇ ਧੱਕ ਕੇ ਗੁੰਮਨਾਮੀ ਵਿਚ ਡਬੋ ਦਿੱਤਾ ਜਾਂਦਾ ਹੈ।

## ਇਕੋ ਨਾਮ ਵਿਚ ਸਾਰੀ ਦੈਵੀ ਸੰਸਕ੍ਰਿਤੀ ਦਾ ਸਾਰ

ਇਸ ਤਰ੍ਹਾਂ ਦੇ ਕਈ ਇਕੱਲੇ ਦੁਕੱਲੇ ਇਕਾਂਤਵਾਸੀ ਤੇ ਅਗਿਆਤ ਮਹਾਂ-ਪੁਰਖ ਹੋਏ ਹਨ, ਜਿਨ੍ਹਾਂ ਦੀ ਹੱਥ ਦੀ ਛੁਹ, ਪਿੰਡ ਦੇ ਖੂਹ 'ਤੇ ਬੋਲੇ ਸ਼ਬਦ ਤੇ ਰਾਹੇ ਰਾਹੇ ਜਾਂਦਿਆਂ ਵੰਡੀ ਇਕ ਮੁਸਕਾਨ ਨੇ ਉਹਨਾਂ ਨੂੰ ਸਾਰੀ ਮਨੁੱਖ ਜਾਤੀ ਦੇ ਸਦੀਵੀ ਆਗੂ ਬਣਾ ਦਿੱਤਾ। ਸਾਰੇ ਬੋਧੀ ਧਰਮ ਗਰੰਥਾਂ ਦੀ ਤੁਲਨਾ ਵਿਚ ਕੇਵਲ ਇਕੋ ਭਗਵਾਨ ਬੁੱਧ ਦਾ ਨਾਂ ਹੀ ਕਾਫੀ ਹੈ। ਬੁੱਧ ਨਮਿਤ ਗਾਇਆ 'ਨਮੋ ਬੁੱਧ' ਦਾ ਗਾਇਨ ਸਾਡੀ ਆਤਮਾ ਦੀ ਤ੍ਰਿਪਤੀ ਲਈ ਕਾਫੀ ਹੈ। ਸਭ ਇਸਾਈ ਸੰਤਾਂ ਵੱਲੋਂ ਲਿਖੀਆਂ ਗਈਆਂ ਅੰਜੀਲਾਂ ਦੀ ਤੁਲਨਾ ਵਿਚ ਕੇਵਲ 'ਯਸ਼ੂ' ਦਾ ਨਾਂ ਹੀ ਸਭ ਤੋਂ ਵਧੇਰੇ ਕੀਮਤੀ ਹੈ। ਮੁਹੰਮਦ ਦਾ ਨਾਂ ਅਰਬ ਜਗਤ ਦੇ ਸੁੰਨ-ਮਸਾਨ ਵਿਚ ਗੂੰਜ ਉਠਿਆ ਹੈ। ਹਾਲੀਂ ਵੀ ਇਹ ਸਾਰੇ ਸੰਸਾਰ ਵਿਚ ਮਸੀਤਾਂ ਦੇ ਗੁੰਬਦਾਂ ਵਿਚ ਗੂੰਜ ਰਿਹਾ ਹੈ। ਲੱਖਾ ਮੁਸਲਮਾਨ ਉਸ ਦੇ ਨਾਮ ਨੂੰ ਦਿਨ ਵਿਚ ਪੰਜ ਵਾਰ ਨਮਾਜ਼ ਅਦਾ ਕਰਨ ਸਮੇਂ ਉਚਾਰਦੇ ਹਨ, ਜਦੋਂਕਿ ਉਹ ਉਸ ਦੇ ਦੱਸੇ ਫ਼ੁਰਮਾਨ ਅਨੁਸਾਰ ਖ਼ੁਦਾ ਅੱਗੇ ਸਿਰ ਝੁਕਾਉਂਦੇ ਹਨ। ਕੁਰਾਨ ਦਾ ਪੜ੍ਹਨਾ ਦੂਜੇ ਸਥਾਨ 'ਤੇ ਆਉਂਦਾ ਹੈ, ਉਹ ਵੀ ਜੇ ਕੋਈ ਉਸ ਨੂੰ ਠੀਕ ਤੇ ਮਧੁਰ ਧੁਨ ਵਿਚ ਪੜ੍ਹ ਸਕੇ ਕਿਉਂਜੋ ਉਹ ਮੁਹੰਮਦ ਸਾਹਿਬ ਦੀ ਦੇਣ ਹੈ। ਭਗਵਾਨ ਕ੍ਰਿਸ਼ਨ ਦੇ ਕੇਵਲ ਇਕੋ ਨਾਮ ਵਿਚ ਹੀ ਸਾਰਾ ਧਰਮ ਆ ਜਾਂਦਾ ਹੈ। ਗੀਤਾ ਦਾ ਮਹੱਤਵ ਇਸ ਕਾਰਨ ਹੈ ਕਿਉਂਜੋ ਇਸ ਵਿਚ ਭਗਵਾਨ ਕ੍ਰਿਸ਼ਨ ਦੀ ਦੈਵੀ ਹੋਂਦ ਮੌਜੂਦ ਹੈ।

## ਮਨੁੱਖੀ ਇਤਿਹਾਸ ਵਿਚ ਨਾਮ ਦਾ ਕਰਮਸ਼ੀਲ ਯੋਗਦਾਨ

ਅਸੀਂ ਪੂਰਨ ਮਨੁੱਖ ਅਥਵਾ ਪਰਮ ਪੁਰਖ ਦੀ ਉਪਾਸਨਾ ਉਸ ਦੇ ਨਾਮ ਸਿਮਰਨ ਦੁਆਰਾ ਕਰਦੇ ਹਾਂ। ਇਹ ਉਸ ਤੱਕ ਪੁੱਜਣ ਦੀ ਇਕ ਵਿਧੀ ਹੈ। ਇਸ ਦੁਆਰਾ ਅਸੀਂ ਨੇਤਰਫੋਰ ਵਿਚ ਪੂਰਨਤਾ ਦੀ ਪ੍ਰਾਪਤੀ ਕਰ ਲੈਂਦੇ ਹਾਂ। ਅਸੀਂ ਨਾਮ ਦੁਆਰਾ ਇਸ ਸੰਸਾਰ ਤੋਂ ਪਰੇ ਅਦ੍ਰਿਸ਼ਟ ਮੰਡਲ ਵਿਚ ਆਪਣੇ ਮਿੱਤਰਾਂ ਬਾਰੇ ਜਾਣ ਜਾਂਦੇ ਹਾਂ। ਉਸ ਵਚਿੱਤਰ ਸੰਸਾਰ ਵਿਚ ਆਪਣਾ ਸਥਾਨ ਰਾਖਵਾਂ ਕਰ ਲੈਂਦੇ ਹਾਂ। ਇਸ ਵਿਚ ਵਿਚਰਦਿਆਂ ਹੋਇਆਂ ਅਸੀਂ ਸਿਮਰਨ ਦੁਆਰਾ ਪਰਲੋਕ ਵਾਸੀਆਂ ਨਾਲ ਸਾਂਝ ਪਾ ਲੈਂਦੇ ਹਾਂ। ਜਦ ਬੁੱਧ ਜੀ ਦੇ ਪਿਤੰਬਰੀ ਵੇਸ ਨੂੰ ਏਸ਼ੀਆ ਦੇ ਬਹੁਤ ਵੱਡੇ ਭਾਗ ਨੇ ਧਾਰਨ ਕਰ ਲਿਆ ਤਾਂ ਮਨੁੱਖ ਜੋਤਾਂ ਸਮਾਨ ਜਗਣ ਲੱਗੇ। ਅਰਬ ਦੇ ਜੰਗਲੀ ਫਿਰਕਿਆਂ ਵਿਚ ਜੋ ਬੁੱਤ ਪੂਜ ਸਨ, ਮੁਹੰਮਦ ਸਾਹਿਬ ਨੇ ਇਕ ਨਵੀਂ ਰੂਹ ਭਰ ਦਿੱਤੀ। ਇਸੇ ਤਰ੍ਹਾਂ ਪਿੱਛੋਂ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਬ ਦੀਆਂ ਨੀਵੀਆਂ ਜਾਤਾਂ ਦੇ ਲੋਕਾਂ ਨੂੰ ਲੋਹ-ਸ਼ਸਤਰ ਪਹਿਨਾ ਕੇ ਚੜ੍ਹਦੀਕਲਾ ਵਾਲੇ 'ਖ਼ਾਲਸਾ' ਵਿਚ ਬਦਲ ਦਿੱਤਾ। 'ਖ਼ਾਲਸਾ' ਦੇ ਪ੍ਰੇਰਨਾ-ਭਰਪੂਰ ਕਾਰਨਾਮਿਆਂ ਵਿਚ 'ਨਾਮ ਦਾ ਬ੍ਰਹਿਮੰਡ-ਵਿਆਪੀ ਵਰਤਾਰਾ' ਕਰਮਸ਼ੀਲ ਸੀ। ਠੀਕ ਨਾਮ ਦੇ ਵਰਤਾਰੇ ਰਾਹੀਂ ਹੀ ਮਨੁੱਖ ਆਪਣੀ ਆਤਮਿਕ ਸ਼ਾਨ ਵਿਚ ਜਗਮਗਾ ਉਠਦਾ ਹੈ। ਜਦੋਂ ਮਨੁੱਖ ਦੇ ਅੰਦਰ ਨਾਮ ਦੀ ਜੋਤ ਜਗਦੀ ਹੈ ਤਾਂ ਉਸ ਦਾ ਗੰਭੀਰ ਪ੍ਰਭਾਵ ਅਸੀਂ ਮਨੁੱਖੀ ਕਰਮਾਂ ਵਿਚ ਵੀ ਗਤੀਮਾਨ ਹੋਇਆ ਦੇਖ ਸਕਦੇ ਹਾਂ। ਇਹ ਉਸੇ ਤਰ੍ਹਾਂ ਦਾ ਹੀ ਵਰਤਾਰਾ ਹੁੰਦਾ ਹੈ, ਜਿਵੇਂ ਗੁਲਾਬ ਵਿਚਲੀ ਮਹਿਕ ਪੂਰਨ ਖੇੜੇ ਵਿਚ ਆ ਕੇ ਹੀ ਬਾਹਰ ਆਉਂਦੀ ਹੈ।

ਇਸ ਮਹਾਨ ਕਾਇਆ ਕਲਪ ਕਰ ਦੇਣ ਵਾਲੀ ਸ਼ਕਤੀ ਵਿਚ ਸਾਡੀ ਇਤਨੀ ਸ਼ਰਧਾ ਹੈ ਕਿ ਇਸ ਦੀ ਛੁਹ ਮਾਤਰ ਮਨੁੱਖ ਅੰਦਰ ਨਵੀਂ ਜੋਤ ਜਗਾ ਦਿੰਦੀ ਹੈ। ਇਸ ਪ੍ਰੇਰਨਾਮਈ ਘਟਨਾ ਲਈ ਅਸੀਂ ਯੁਗਾਂ ਤੱਕ ਤਾਂਘਦੇ ਰਹਿੰਦੇ ਹਾਂ। ਭਾਵੇਂ ਇਹ ਉਡੀਕ ਵਿਅਰਥ ਪ੍ਰਾਰਥਨਾਵਾਂ ਦੇ ਰੂਪ ਵਿਚ ਕੀਤੀ ਗਈ ਹੋਵੇ ਜਾਂ ਵਹਿਮਾਂ ਭਰਮਾਂ ਨਾਲ ਜੁੜੇ ਅਗਿਆਤ ਨਾਮਾਂ ਆਦਿ ਨਾਲ। ਸੱਚ ਮੁੱਚ, ਇਹ ਇਕ ਬੜੀ ਕਰਾਮਾਤੀ ਸ਼ਕਤੀ ਹੈ ਜੋ ਸਾਡੇ ਜੀਵਨ ਦੇ ਖਾਲੀਪਣ ਦੇ ਸਾਰੇ ਦੁੱਖਾਂ, ਸੋਗਾਂ ਨਾਲੋਂ ਵਧੇਰੇ ਮੁੱਲਵਾਨ ਹੈ ਕਿਉਂਜੋ ਜਦੋਂ ਉਹ ਸੁਲੱਖਣੀ ਘੜੀ ਆਉਂਦੀ ਹੈ ਤਾਂ ਜੀਵਨ ਦਾ ਸਦੀਆਂ ਦਾ ਸੁੰਨ-ਮਸਾਨ ਵੀ ਭੁੱਲ ਜਾਂਦਾ ਹੈ। ਸਾਧਾਰਨ ਮਨੁੱਖ ਵਿਚ ਵੀ ਪ੍ਰਤਿਭਾ ਦੀ ਪੂਰਨਤਾ ਦਾ ਅਨੁਭਵ ਜਾਗ ਉਠਦਾ ਹੈ। ਉਹਨਾਂ ਵਿਚੋਂ ਨੀਵੇਂ ਤੇ ਢੱਠੇ ਵਿਅਕਤੀ ਨੇਤਰਫੋਰ ਵਿਚ ਪਾਤਸ਼ਾਹਾਂ ਦੀ ਪਦਵੀ ਤੱਕ ਪਹੁੰਚ ਜਾਂਦੇ ਹਨ ਜਿਨ੍ਹਾਂ ਵਿਚ ਭਵਿੱਖਬਾਣੀ ਕਰਨ ਦੀ ਸਮਰਥਾ ਆ ਜਾਂਦੀ ਹੈ।

ਅਜਿਹੇ ਮਹਾਂ-ਪੁਰਖ ਰੱਬੀ ਹੁਕਮ ਅਨੁਸਾਰ ਇਸ ਧਰਤੀ 'ਤੇ ਅਵਤਾਰ ਧਾਰਦੇ ਹਨ ਅਤੇ ਗੁਰੂ ਗੋਬਿੰਦ ਸਿੰਘ ਜੀ ਵਰਗੇ ਮਹਾਨ ਗੁਰੂ ਦੇ ਰੂਪ ਵਿਚ ਪ੍ਰਗਟ ਹੁੰਦੇ ਹਨ। ਨਿਰਸੰਦੇਹ, ਮਨੁੱਖੀ ਹਿਰਦੇ ਵਿਚ ਇਸ ਦੈਵੀ ਪ੍ਰੇਰਨਾ ਦੇ

ਵਾਹ ਉਤੇ ਸਾਡਾ ਕੋਈ ਵਸੀਕਾਰ ਨਹੀਂ ਹੈ। ਗੁਰੂ ਨਾਨਕ ਦੇਵ ਇਸ ਨੂੰ ਮਰਨ ਜਾਂ ਪ੍ਰਭੂ ਦੇ ਨਾਮ ਜਪਣ ਦੀ ਸੰਗਿਆ ਦਿੰਦੇ ਹਨ। ਇਹ ਇਕ ਪ੍ਰਕਾਰ ੀ ਪ੍ਰਗੀਤਕ ਯਾਦ ਹੈ, ਜਿਸ ਵਿਚ ਨਾਮ ਨਾਲ ਸੰਬੰਧ ਜੋੜ ਕੇ ਅਸੀਂ ਪ੍ਰਭੂ ਦੇ ਾਰੇ ਦੈਵੀ ਜੀਵਨ ਨਾਲ ਇਕਸੁਰ ਹੋ ਜਾਂਦੇ ਹਾਂ। ਇਹ ਇਕ ਮਾਤਰ ਨਾਮ ਆਰਾ ਪ੍ਰਭੂ ਦੀ ਹੋਂਦ ਦਾ ਸਾਖਿਆਤ ਅਨੁਭਵ ਹੁੰਦਾ ਹੈ।

ਸਿਮਰਨ ਦਾ ਭਾਵ ਉਸ ਪਰਮ ਪੁਰਖ ਨੂੰ ਆਪਣੇ ਅੰਦਰ ਲਿਆ ਸਾਉਣਾ ਹੈ। ਬੁੱਧ ਦਾ ਨਾਮ ਬੇ-ਰਸ ਤੇ ਸਿੱਥਲ ਰੂਪ ਦਾ ਮਾਲਾ ਦੇ ਮਣਕਿਆਂ ਤੇ ਖਾਲੀ ਨਾਮ ਦਾ ਰਟਣਾ ਨਹੀਂ ਹੈ। ਇਹ ਕਿਸੇ ਮਨੁੱਖ ਦੀ ਢਿੱਲੀ ਚਾਲੇ ਰਨ ਵੱਲ ਸੰਕੇਤ ਨਹੀਂ ਹੈ। ਇਹ ਤਾਂ ਇਕ ਪ੍ਰਕਾਰ ਦਾ ਸਾਖਿਆਤ ਅਨੁਭਵ । ਨਹੀਂ ਤਾਂ ਗੁਰੂ ਦੀ ਬਾਣੀ ਸਾਡੇ ਹਿਰਦਿਆਂ ਅੰਦਰ ਸਾਗਰਾਂ ਵਾਲੇ ਕਾਂਗ ਛਾਲੇ ਕਿਵੇਂ ਉਤਪੰਨ ਕਰ ਸਕਦੀ ਹੈ ? ਇਹ ਤਾਂ ਦੁੱਖ ਤੇ ਸੁੱਖ ਦੋਹਾਂ ਸਮਿਆਂ ਼ਚ ਆਤਮਾ ਦੀ ਪੁਕਾਰ ਹੈ ਜੋ ਵਿਸ਼ਵ ਆਤਮਾ ਦੀ ਧੜਕਣ ਨਾਲ ਲੱਖਾਂ ਼ਲਾਂ ਨੂੰ ਇਕਸੁਰ ਕਰਕੇ ਧੜਕਾ ਦਿੰਦੀ ਹੈ। ਕੇਵਲ ਆਕਾਸ਼ ਕੋਲ ਹੀ ਇਸ ੀ ਆਵਾਜ਼ ਤੇ ਚੁੱਪ ਦੀ ਸ਼ਕਤੀ ਮੌਜੂਦ ਹੈ। ਇਹ ਭਾਵਾਂ ਵਿਚੋਂ ਉਠੇ ਸ਼ਬਦ ਨ ਜੋ ਸੁੰਦਰਤਾ ਨੂੰ ਨਿਹਾਰ ਕੇ ਜਗਮਗਾ ਉਠਦੇ ਹਨ। ਇਹ ਉਹ ਸ਼ੁਧ ਜੋਤੀ ਜੋ ਸੂਰਜ ਤੇ ਤਾਰਿਆਂ ਦੇ ਪ੍ਰਕਾਸ਼ ਉਤੇ ਬਲਦੀ ਹੈ ਤੇ ਸਦੀਵੀ ਅੰਧਕਾਰ ਼ਚ ਚਾਨਣ ਦੀ ਜੋਤ ਜਗਾ ਦਿੰਦੀ ਹੈ।

## ੋਨ ਪਰਮ ਤੱਤ ਦਾ ਸਾਰ ਹੈ

ਗਰਜਦਾ ਕਰੋਧ, ਅਸਮਾਨੀ ਬਿਜਲੀ, ਤ੍ਰਿਸ਼ੂਲ, ਸ਼ਾਂਤ-ਚਿਤ ਝਲਿਆ ਸ਼ਟ, ਸਲੀਬ, ਜ਼ਹਿਰ-ਪਿਆਲਾ, ਨਵਜਾਤ ਜੀਵਨ ਦਾ ਅਮੁੱਕ ਅਥਰਾਪਣ, ਮ ਵਿਚ ਅਤਿ ਦਾ ਜਾਂਗਲੀਪਣ, ਸੁਤੰਤਰਤਾ ਦਾ ਝੱਲ, ਦਇਆ ਦੀ ਸੂਖ਼ਮ ਤ, ਆਤਮ-ਬਲੀਦਾਨ ਦੀ ਪਵਿੱਤਰਤਾ ਅਤੇ ਅੰਤਰੀਵ ਸ਼ਾਂਤੀ ਆਦਿ ਸਾਰੇ ਮਰਨ ਦੇ ਸੁੰਦਰ ਪੱਖ ਹਨ। ਸਿਮਰਨ ਪਾਪ ਨੂੰ ਪੁੰਨ ਦੇ ਪਰਮ ਤੱਤ ਵਿਚ ਦਲ ਦਿੰਦਾ ਹੈ। ਕਿਸੇ ਵਹਿਸ਼ੀ ਦੀ ਕਿਸੇ ਨੂੰ ਦੁੱਖ ਨਾ ਪੁਚਾਉਣ ਦੀ ਸ਼ਕਤੀ ਹਿੰਸਾ ਅਤੇ ਯੁਧ ਵਿਚ ਦਰਸਾਏ ਬੀਰਤਾ ਦੇ ਵੱਡੇ ਕਰਤੱਵ ਗੁਰੂ ਦੀ ਮਾਲਾ ਼ਚ ਪਰੋਤੇ ਚਮਕਦੇ ਮੋਤੀ ਮਾਣਕ ਹਨ ਜਿਸ ਦੀ ਅਗਨੀ ਵਿਚ ਚਮਕ ਤਾਂ , ਪਰ ਇਹ ਕਿਸੇ ਨੂੰ ਸਾੜਦੇ ਨਹੀਂ। ਪ੍ਰਭੂ ਦੇ ਦੈਵੀ ਵਰਤਾਰੇ ਵਿਚ ਸਾਧਾਰਨ ਨੁੱਖੀ ਨਿਰਣੇ ਸਾਰਥਕ ਸਿੱਧ ਨਹੀਂ ਹੋ ਸਕਦੇ। ਸਿਮਰਨ ਵਾਲੀ ਪ੍ਰਤਿਭਾ ਆਪਣੇ ਹਿਮੰਡ ਵਿਆਪੀ ਪੁਨੀਤ ਗੁਣਾਂ ਵਿਚ ਸਾਡੇ ਸਾਪੇਖਕ ਨੀਤੀ-ਸ਼ਾਸਤਰ ਦੇ ਸਰਬ-ਧਾਰਨ ਤੇ ਨਿਗੂਣੇ ਪ੍ਰਮਾਣਾਂ ਤੋਂ ਉਚਾ ਉਠ ਖਲੋਂਦੀ ਹੈ।

## ਭੂ ਦੇ ਅਵਤਾਰ ਦਾ ਜਗਤ ਆਗਮਨ

ਪ੍ਰਭੂ ਦੇ ਅਵਤਾਰ ਦਾ ਜਗਤ ਆਗਮਨ ਵਿਸ਼ਵ-ਵਿਆਪੀ ਹਿਲਜੁਲ

ਪੈਦਾ ਕਰ ਦਿੰਦਾ ਹੈ।

ਜਦੋਂ ਕੋਈ ਪ੍ਰਤਿਭਾ ਇਸ ਸੰਸਾਰ ਵਿਚ ਪ੍ਰਗਟ ਹੁੰਦੀ ਹੈ ਤਾਂ ਹੋਰ ਸਭ ਚੀਜ਼ਾਂ ਉਸ ਦੀ ਤੁਲਨਾ ਵਿਚ ਨਿੱਕੀਆਂ ਤੇ ਨਿਗੂਣੀਆਂ ਹੋ ਜਾਂਦੀਆਂ ਹਨ। ਨਿਤਾਣੇ ਮੂੰਗੇ ਵਰਗੇ ਕੀਟਾਂ ਦੀ ਸਦੀਆਂ ਦੀ ਘਾਲਣਾ ਅਤੇ ਵਿਸ਼ਾਲ ਹਿੰਮ-ਪਿੰਡ ਉਦੋਂ ਕਿਸੇ ਗਿਣਤੀ ਵਿਚ ਨਹੀਂ ਆਉਂਦੇ, ਜਦੋਂ ਹਿਮਾਲਾ ਵਰਗਾ ਪਰਬਤ ਆਪਣੀ ਸ਼ਾਨ ਵਿਚ ਸਿਰ ਕੱਢ ਕੇ ਉਪਰ ਆਉਂਦਾ ਹੈ ਅਤੇ ਸਾਰੇ ਸੰਸਾਰ ਦੇ ਸਾਹਮਣੇ ਸਭ ਤੋਂ ਉਚਾ ਆ ਖਲੋਂਦਾ ਹੈ ਤਦੋਂ ਸਾਰੇ ਅਚੰਭਿਤ ਹੋ ਕੇ ਵਿਸਮਾਦ ਨਾਲ ਤਰੰਗਿਤ ਹੋ ਉਠਦੇ ਹਨ।

## ਸ਼ੇਰ ਸਮਾਨ ਮਨੁੱਖੀ ਵਿਅਕਤੀਤਵ ਦਾ ਅਯਾਲ ਛੰਡਣਾ

ਮਨੁੱਖ ਦੇ ਆਪਣੇ ਆਪੇ ਤੋਂ ਬਾਹਰ ਉਸ ਦੇ ਕਸ਼ਟਾਂ ਦਾ ਕੋਈ ਇਲਾਜ ਨਹੀਂ ਹੈ ਕਿਉਂਜੋ ਕਸ਼ਟ ਮਨੁੱਖ ਦੀ ਅੰਦਰਲੀ ਆਤਮਾ ਦੇ ਸੰਤਾਪ ਹੁੰਦੇ ਹਨ। ਸਭ ਖੁਸ਼ੀਆਂ ਆਤਮਾ ਦੇ ਅਰੋਗ ਹੋਣ ਦੇ ਚਿੰਨ੍ਹ ਹਨ। ਜੇ ਉਸ ਵਿਚ ਉਹਨਾਂ ਦਮਨਕਾਰੀ ਸ਼ਕਤੀਆਂ ਵਿਰੁੱਧ ਆਤਮਿਕ ਤੌਰ 'ਤੇ ਡਟ ਜਾਣ ਦੀ ਸ਼ਕਤੀ ਮੌਜੂਦ ਨਹੀਂ ਤਾਂ ਸਭ ਬਾਹਰਮੁਖੀ ਪ੍ਰਸਥਿਤੀਆਂ ਮਨੁੱਖ ਦਾ ਦਮਨ ਕਰਦੀਆਂ ਹਨ। ਇਹ ਅੰਤਰੀਵ ਸ਼ਕਤੀ ਪ੍ਰੇਰਨਾ-ਮੰਡਲ ਦੇ ਖੇਤਰ ਵਿਚੋਂ ਆਉਂਦੀ ਹੈ। ਅੰਦਰੋਂ ਉਤਪੰਨ ਹੋਣ ਵਾਲੀ ਇਸ ਸਹਾਇਤਾ ਤੋਂ ਬਿਨਾਂ ਬਾਹਰਮੁਖੀ ਸੰਸਾਰ ਤਾਂ ਦੁਸ਼ਮਣਾਂ ਦਾ ਸਮੂਹ ਹੁੰਦਾ ਹੈ, ਜਿਨ੍ਹਾਂ ਨਾਲ ਤਾਰੇ ਤੇ ਆਕਾਸ਼ ਵੀ ਰਲ ਜਾਂਦੇ ਹਨ ਤੇ ਮਨੁੱਖ ਨੂੰ ਧੂੜ ਦਾ ਕਿਣਕਾ ਬਣਾ ਦਿੰਦੇ ਹਨ। ਮਨੁੱਖ ਤਾਂ ਕਾਲ ਦੇ ਰੱਥ ਦੇ ਪਿੱਛੇ ਧੂੜ ਵਾਂਗ ਉਡਦਾ ਹੈ। ਉਸ ਦੀ ਹਾਲਤ ਉਦੋਂ ਤੱਕ ਅਜਿਹੀ ਹੀ ਰਹਿੰਦੀ ਹੈ ਜਦੋਂ ਤੱਕ ਕਿ ਉਹ ਆਪਣੇ ਅੰਦਰ ਦੀ ਪਛਾਣ ਕਰਕੇ ਆਪਣੇ ਪ੍ਰਾਕ੍ਰਿਤਕ ਤੱਤਾਂ ਬਾਰੇ ਅਨੁਭਵ ਨਹੀਂ ਕਰ ਲੈਂਦਾ ਅਤੇ ਆਪਣੇ ਪ੍ਰੇਮ ਦੁਆਰਾ ਉਹਨਾਂ ਨੂੰ ਇੰਜ ਨਹੀਂ ਸਾਧ ਲੈਂਦਾ ਜਿਵੇਂ ਉਹ ਜੰਗਲੀ ਜਾਨਵਰਾਂ ਨੂੰ ਸਾਧ ਕੇ ਆਪਣਾ ਹਮਦਰਦ ਤੇ ਸਾਥੀ ਬਣਾ ਲੈਂਦਾ ਹੈ।

ਸਾਡੇ ਸਾਧਾਰਣ ਵਿਦਿਅਕ ਪ੍ਰਬੰਧ, ਜੀਵਨ ਦਾ ਨਿੱਤ ਦਾ ਸਾਧਾਰਣ ਤਰਜਰਬਾ, ਮਨੁੱਖੀ ਪ੍ਰਕ੍ਰਿਤੀ ਤੇ ਇਸ ਦੇ ਕਾਰਜ ਕਰਮ ਦਾ ਕੀਤਾ ਗਿਆ ਵਿਸ਼ਲੇਸ਼ਣ ਮਾਤਰ ਆਦਿ ਇਸ ਅੰਤਰੀਵ ਗਿਆਨ ਦੀ ਪੂਰਤੀ ਨਹੀਂ ਕਰ ਸਕਦੇ। ਸਾਧਾਰਣ ਨੀਤੀ-ਸ਼ਾਸਤਰ ਮਨੁੱਖ ਨੂੰ ਬੰਦੀ ਬਣਾ ਦਿੰਦਾ ਹੈ। ਪ੍ਰਤਿਭਾ ਸੱਚ ਮੁੱਚ ਦੇਵ-ਮੰਡਲ ਦੀ ਦਾਤ ਹੁੰਦੀ ਹੈ ਅਤੇ ਸੱਚਾ ਪ੍ਰਤਿਭਾਵਾਨ ਵਿਅਕਤੀ ਆਪਣੇ ਅੰਦਰ ਝਾਤ ਪਾ ਕੇ ਆਪਣਾ ਆਤਮ-ਨਿਰੀਖਣ ਕਰਦਾ ਹੈ। ਆਤਮਿਕ ਅਨੁਭਵ ਦੀ ਮਨੁੱਖੀ ਜੀਵਨ ਵਿਚ ਪ੍ਰਾਪਤ ਕੀਤੀ ਇਹ ਦਸ਼ਾ ਹੱਡ ਤੇ ਮਾਸ ਦੇ ਪੁਤਲੇ ਨੂੰ ਅਮਰ-ਪਦ ਦੇਣ ਸਮਾਨ ਹੈ। ਅਜਿਹੇ ਸ਼ਕਤੀਵਾਨ ਮਨੁੱਖ ਦੇ ਆਗਮਨ ਲਈ ਅਸੀਂ ਸਦੀਆਂ ਤੱਕ ਸਾਹ ਰੋਕ ਕੇ ਉਡੀਕ ਕਰਦੇ ਰਹਿੰਦੇ ਹਾਂ ਅਤੇ ਜਦ

ਕੋਈ ਅਜਿਹਾ ਮਹਾਂ-ਪੁਰਖ ਜਨਮ ਧਾਰਦਾ ਹੈ ਤਾਂ ਅਸੀਂ ਆਪਣੇ ਘਰ ਬਾਹਰ ਦਾ ਤਿਆਗ ਕਰਕੇ ਉਸ ਪਿੱਛੇ ਤੁਰਨ ਲੱਗ ਪੈਂਦੇ ਹਾਂ। ਉਹ ਕਹਿੰਦਾ ਹੈ, ''ਮੇਰੇ ਪਿੱਛੇ ਤੁਰੋ, ਤੁਹਾਨੂੰ ਸਦੀਵੀ ਜੀਵਨ ਪ੍ਰਾਪਤ ਹੋਵੇਗਾ।'' ਜੀਵਨ ਦੇ ਇਸ ਮਹਾਨ ਤਿਆਗ ਦੁਆਰਾ ਸਾਡਾ ਦ੍ਰਿਸ਼ਟਮਾਨ ਜਨਮ ਮਰਨ ਵੀ ਅਜਿਹੀਆਂ ਉਚੀਆਂ ਕਦਰਾਂ-ਕੀਮਤਾਂ ਦਾ ਧਾਰਨੀ ਹੋ ਜਾਂਦਾ ਹੈ। ਫਿਰ ਸਾਡਾ ਇਹ ਵਿਸ਼ਵਾਸ ਪੱਕਾ ਹੋ ਜਾਂਦਾ ਹੈ ਕਿ ਸਾਡੇ ਗਿਆਨ ਮੰਡਲ ਤੋਂ ਪਰੇ ਵੀ ਕੋਈ ਹੋਰ ਸਵਰਨ ਮੰਡਲ ਮੌਜੂਦ ਹੈ। ਇਸ ਸਵਰਨ ਮੰਡਲ ਵਿਚ ਦਵੈਖ-ਭਾਵ ਦੀ ਕੋਈ ਪੀੜ ਨਹੀਂ ਹੈ, ਨਾ ਹੀ ਕੋਈ ਅਗਿਆਨ ਦੇ ਅੰਧਕਾਰ ਦਾ ਕਸ਼ਟ ਹੈ, ਨਾ ਹੀ ਕੋਈ ਮਾਇਆ ਜਾਲ ਹੈ, ਇਥੇ ਸਾਡੇ ਥੱਕੇ-ਟੁੱਟੇ ਤੇ ਪਰਬਤ ਭਾਰ ਹੇਠ ਦਬੇ ਆਪੇ ਨੂੰ ਅਕਹਿ-ਸੁਖ ਮਿਲਦਾ ਹੈ। ਇਥੇ ਹੀ ਧਰਮ-ਕੰਡਾ ਠੀਕ ਤੋਲਦਾ ਹੈ ਅਤੇ ਕੋਈ ਵੀ ਘਾਟੇ ਵਿਚ ਨਹੀਂ ਰਹਿੰਦਾ। ਬ੍ਰਹਿਮੰਡ-ਵਿਆਪੀ ਕਰੁਣਾ-ਭਾਵਨਾ ਵਿਚ ਸਭ ਨੂੰ ਮੁਆਫ ਕਰ ਦਿੱਤਾ ਜਾਂਦਾ ਹੈ ਅਤੇ ਹਰ ਇਕ ਦੇ ਅੰਦਰਲੇ ਭਰਮ-ਭੁਲੇਖੇ ਦੂਰ ਕਰਕੇ ਉਸ ਲਈ ਆਤਮ ਪਛਾਣ ਦਾ ਮਾਰਗ ਖੋਲ੍ਹ ਦਿੱਤਾ ਜਾਂਦਾ ਹੈ।

ਪੂਰਬ ਦੇ ਲੋਕ ਇਸ ਮਹਾਂ-ਪੁਰਖ ਦੇ ਦੁਆਲੇ ਆ ਝੁਰਮਟ ਪਾਉਂਦੇ ਹਨ। ਉਹ ਇਸ ਦੇ ਸ਼ਬਦ ਦੇ ਚਾਰ-ਚੁਫੇਰੇ ਇੰਜ ਚੱਕਰ ਕਟਦੇ ਹਨ, ਜਿਵੇਂ ਪਤੰਗੇ ਸ਼ਮਾ ਦੁਆਲੇ ਉਡਦੇ ਹਨ। ਇਸ ਅਦੁੱਤੀ ਮਹਾਂ-ਪੁਰਖ ਦੇ ਬੋਲ ਸਾਡੀ ਅੰਤਰ-ਆਤਮਾ ਨੂੰ ਹਿਲੂਣਾ ਦੇ ਜਾਂਦੇ ਹਨ ਅਤੇ ਉਸ ਨੂੰ ਸਦੀਵੀ ਅਨੰਦ ਪ੍ਰਦਾਨ ਕਰਦੇ ਹਨ। ਉਸ ਮਹਾਂ-ਪੁਰਖ ਨਾਲ ਹੋਇਆ ਨਿੱਜੀ ਮੇਲ ਹੀ ਸੱਚੇ ਧਰਮ ਨੂੰ ਜਨਮ ਦਿੰਦਾ ਹੈ ਅਤੇ ਇਕ ਪ੍ਰਤਿਭਾ ਦੂਜੀ ਪ੍ਰਤਿਭਾ ਅੰਦਰ ਆਪਣੀ ਪਾਰਸ ਛੁਹ ਦੁਆਰਾ ਉਸ ਨੂੰ ਇੰਜ ਪ੍ਰਕਾਸ਼ਮਾਨ ਕਰ ਦਿੰਦੀ ਹੈ, ਜਿਵੇਂ ਦੀਵੇ ਦੀ ਇਕ ਜੋਤ ਤੋਂ ਦੂਜੀ ਜੋਤ ਜਗ ਪੈਂਦੀ ਹੈ।

ਸਾਡੀ ਉਨਾਂ ਚਿਰ ਤਸੱਲੀ ਨਹੀਂ ਹੁੰਦੀ, ਜਿੰਨਾਂ ਚਿਰ ਅਸੀਂ ਕਿਸੇ ਅਜਿਹੇ ਮਹਾਂ-ਪੁਰਖ ਦੇ ਦਰਸ਼ਨ ਨਾ ਕਰ ਲਈਏ, ਜਿਹੜਾ ਸਾਡੀਆਂ ਮਨੋਕਾਮਨਾਵਾਂ ਨੂੰ ਬੁੱਝ ਕੇ ਉਹਨਾਂ ਦੀ ਪੂਰਤੀ ਕਰ ਸਕੇ। ਜਾਗਦਿਆਂ ਤੇ ਸੁਪਨਿਆਂ ਵਿਚ ਉਹਨਾਂ ਨੂੰ ਪੂਰਾ ਕਰ ਸਕੇ, ਸਾਡੇ ਰੋਗੀ ਬੱਚਿਆਂ ਨੂੰ ਰਾਜ਼ੀ ਕਰ ਸਕੇ, ਆਪਣੇ ਬਲਦੇ ਹਵਨ-ਕੁੰਡ ਵਿਚੋਂ ਸਾਨੂੰ ਰਾਖ ਦੀ ਚੁਟਕੀ ਬਖ਼ਸ਼ ਕੇ ਸਾਡੇ ਜੀਵਨ ਨੂੰ ਖੁਸ਼ਹਾਲ ਬਣਾ ਸਕੇ ਅਤੇ ਸਾਨੂੰ ਦਾਤਾਂ ਦੇ ਭੰਡਾਰ ਬਖ਼ਸ਼ ਸਕੇ। ਕੇਵਲ ਸਾਡੇ ਸਿਰ-ਮਸਤਕ ਉਤੇ ਹੱਥ ਰੱਖ ਕੇ ਸਾਨੂੰ ਅਮਰ-ਪਦ ਪ੍ਰਦਾਨ ਕਰ ਸਕੇ।

ਅਸੀਂ 'ਪਰਬਤ ਦੇ ਉਪਦੇਸ਼'* ਦੇ ਮਹਾਨ ਆਦਰਸ਼ਵਾਦ ਨਾਲ ਪੂਰੀ ਤ੍ਰਿਪਤੀ ਨਹੀਂ ਪਾਉਂਦੇ। ਸਾਡੀ ਤ੍ਰਿਪਤੀ ਤਾਂ ਉਦੋਂ ਹੀ ਹੁੰਦੀ ਹੈ ਜਦੋਂ ਅਸੀਂ ਯਸ਼ੂ ਵਰਗੇ ਕਿਸੇ ਵਿਅਕਤੀ ਨੂੰ ਨਿੱਜੀ ਰੂਪ ਵਿਚ ਮਿਲਦੇ ਹਾਂ। ਉਸ ਦੇ ਦਰਸ਼ਨ ਕਰਨ ਨਾਲ ਹੀ ਸਾਡਾ ਵਿਅਕਤੀਤਵ 'ਪਰਬਤ ਦੇ ਸੰਦੇਸ਼' ਵਰਗੀ ਸ਼ਕਤੀ ਦਾ ਇਕ ਕਵਿਤਾ ਦਾ ਰੂਪ ਧਾਰਨ ਕਰ ਲੈਂਦਾ ਹੈ। ਪ੍ਰਭੂ ਯਸ਼ੂ ਦੇ ਸਾਧਰਨ ਬਚਨ

*ਬਾਈਬਲ Sermon of the Mount ਵੱਲ ਸੰਕੇਤ ਹੈ।

'ਪਰਬਤ ਦੇ ਉਪਦੇਸ਼' ਵਰਗੀ ਕਵਿਤਾਂ ਹੋ ਨਿਬੜਦੇ ਹਨ। ਉਹ ਕਿਥੇ ਹੈ ? ਉਸ ਨੂੰ ਭਾਲੋ ਅਤੇ ਉਸ ਦੇ ਸੰਦੇਸ਼ ਵਿਚ ਜੀਉ। ਉਹ ਵਿਅਕਤੀ ਕਿਥੇ ਹੈ ਜੋ ਇਸ ਸੰਦੇਸ਼ ਨੂੰ ਜੀਵਤ ਕਰ ਸਕਦਾ ਹੈ ?

ਆਸ਼ਰਮ, ਸੰਸਥਾਵਾਂ ਤੇ ਵਿਦਿਆਲੇ ਆਪਣੇ ਆਪ ਵਿਚ ਨਿਰਜਿੰਦ ਚਿੰਨ੍ਹ ਹਨ। ਅੰਤਰੀਵ ਪ੍ਰੇਰਨਾ ਦੇ ਦੈਵੀ ਪ੍ਰਬੰਧ ਵਿਚ ਮੁਕਤਗਾਮੀ ਆਤਮਾਵਾਂ ਹੀ ਵਾਸਤਵਿਕ ਸੱਚ ਹੁੰਦੀਆਂ ਹਨ। ਇਸ ਪ੍ਰਕਾਰ ਕੁਝ ਚਿਰ ਪਹਿਲਾਂ ਰਾਮ ਕ੍ਰਿਸ਼ਨ ਪਰਮਹੰਸ ਜੀ ਨੇ ਸਾਡੇ ਸੰਸਾਰ ਨੂੰ ਸੁਆਮੀ ਵਿਵੇਕਾਨੰਦ ਵਰਗੀ ਵਿਭੂਤੀ ਬਖ਼ਸ਼ੀ, ਜਿਨ੍ਹਾਂ ਨੇ ਆਧੁਨਿਕ ਸਭਿਅਤਾ ਦੇ ਰੰਗ ਢੰਗ ਵਿਚ ਅਜਿਹੇ ਆਸ਼ਰਮਾਂ ਤੇ ਸੰਸਥਾਵਾਂ ਦਾ ਜਾਲ ਵਿਛਾ ਦਿੱਤਾ ਜੋ ਉਹਨਾਂ ਦੇ ਭਗਵੇ ਬਾਣੇ ਦੇ ਛੋਟੇ ਛੋਟੇ ਟੁਕੜੇ ਹੀ ਪ੍ਰਤੀਤ ਹੁੰਦੇ ਹਨ ਜਿਨ੍ਹਾਂ ਦੀਆਂ ਝਾੜੀਆਂ ਦੇ ਕੰਡਿਆਂ ਨੇ ਲੰਗਾਹ ਲਾਹ ਦਿੱਤੇ ਜਦੋਂ ਕਿ ਉਹ ਇਹਨਾਂ ਮਾਰਗਾਂ ਉਤੇ ਆਪਣੇ ਗੁਰੂ ਸਵਾਮੀ ਦੀ ਸੂਰਤ ਨੂੰ ਆਕਾਸ਼ ਵਿਚ ਨਿਹਾਰਦਾ ਹੋਇਆ ਤੁਰਿਆ ਜਾ ਰਿਹਾ ਸੀ ਜਿਥੇ ਉਸ ਦੇ ਬਾਣੇ ਨੂੰ ਰਾਹ ਦੇ ਕੰਡੇ ਚੰਬੜ ਗਏ ਤੇ ਅੱਜ ਦੇ ਭਗਵੇ ਬਾਣੇ ਪਾਈ ਇਹ ਵਿਅਕਤੀ ਵਿਅਰਥ ਹਵਾ ਵਿਚ ਫੜਫੜਾਉਂਦੇ ਫਿਰਦੇ ਹਨ। ਇਸੇ ਤਰ੍ਹਾਂ ਗੁਰੂ ਸਾਹਿਬਾਨ ਦੇ ਸਿੱਖ ਵੀ ਇਕ ਵਾਰ ਤਾਂ ਬੰਧਨ ਮੁਕਤ ਕਰ ਦਿੱਤੇ ਗਏ ਸਨ ਜਿਨ੍ਹਾਂ ਦੀ ਪ੍ਰਤਿਭਾ ਆਤਮਿਕ ਅਨੁਭਵ ਦੀ ਚਮਕ ਦਮਕ ਵਿਚ ਜਗਮਗਾ ਉਠੀ ਸੀ, ਪਰ ਫਿਰ ਕੋਈ ਅੰਬਾਲੇ ਦੇ 'ਨੰਗਤਾ ਬਾਵਾ' ਵਰਗਾ ਮਹਾਂ-ਪੁਰਖ ਪੈਦਾ ਨਹੀਂ ਹੋਇਆ ਜਿਸ ਦੀ ਪਾਰਸ ਛੁਹ ਨੇ ਸੁਆਮੀ ਰਾਮ ਕ੍ਰਿਸ਼ਨ ਪਰਮਹੰਸ ਵਰਗੇ ਸੁਆਮੀ ਨੂੰ ਸਿਰਜਿਆ ਹੋਵੇ।

ਜਿਸ ਤਰ੍ਹਾਂ ਪੰਛੀ ਰਹਿਣ ਬਸੇਰੇ ਲਈ ਕਿਸੇ ਰਸਤੇ ਦੇ ਦਰਖਤ ਉਤੇ ਆਪਣਾ ਆਲ੍ਹਣਾ ਬਣਾ ਲੈਂਦੇ ਹਨ ਤਿਵੇਂ ਹੀ ਅਮਰਪਦ ਦਾ ਜਾਚਕ ਸਿੱਖ ਆਪਣੀ ਪ੍ਰੇਮਮਈ ਯਾਤਰਾ ਵਿਚ ਇਸ ਧਰਤੀ ਦੀ ਕਿਸੇ ਟਹਿਣੀ ਉਪਰ ਆਪਣਾ ਘਰ ਆ ਬਣਾਉਂਦੇ ਹਨ। ਧਰਤੀ ਤਾਂ ਸੌੜੀ ਹੈ, ਪਰ ਉਸ ਦੀ ਅੰਤਰ-ਦ੍ਰਿਸ਼ਟੀ ਦਾ ਆਕਾਸ਼ ਬੜਾ ਵਿਸ਼ਾਲ ਹੈ ਅਤੇ ਮਹਾਨ ਗੁਰੂ ਨੇ ਉਸ ਨੂੰ ਪੰਖ ਪ੍ਰਦਾਨ ਕੀਤੇ ਹਨ। ਛੋਟੀਆਂ ਚਿੜੀਆਂ ਵੀ ਉਸ ਬਾਜ਼ ਦੀ ਉਡਾਰੀ ਦਾ ਬਲ ਰਖਦੀਆਂ ਹਨ ਜੋ ਗੁਰੂ ਜੀ ਦੇ ਸੱਜੇ ਹੱਥ ਦੇ ਅੰਗੂਠੇ ਉਤੇ ਸੁਭਾਇਮਾਨ ਹੁੰਦਾ ਸੀ।

ਗੁਰੂ ਦੇ ਸਿੱਖ ਘੋੜ ਸਵਾਰ ਬਣੇ। ਉਹਨਾਂ ਨੇ ਕਿਰਪਾਨਾਂ ਸਜਾਈਆਂ ਅਤੇ ਜੇਤੂ ਮਹਾਰਾਜਿਆਂ ਵਾਲੀਆਂ ਪੁਸ਼ਾਕਾਂ ਪਹਿਨੀਆਂ, ਪਰ ਅਜਿਹਾ ਉਹ 'ਵਾਹੁ ! ਵਾਹੁ !' ਦੇ ਸਿਮਰਨ ਕਰਦੇ ਹੀ ਬਣੇ। ਗੁਰੂ ਜੀ ਦੀ ਨਾਮ ਬਾਣੀ ਵਿਚ ਪੁਨਃ ਜੀਵਤ ਹੋ ਕੇ ਵਿਅਕਤੀ ਆਤਮਿਕ ਅਨੁਭਵ ਦੀ ਸੁਤੰਤਰਤਾ ਵਿਚ ਅਨੰਤ ਹੋ ਗਿਆ। ਗੁਰੂ ਦਾ ਹਰ ਸਿੱਖ, ਸ਼ਕਤੀ ਪ੍ਰੇਮ ਤੇ ਸੇਵਾ ਦੀ ਸਾਕਾਰ ਪ੍ਰਤਿਭਾ ਹੈ ਅਤੇ ਇਹ ਪ੍ਰਤਿਭਾ ਦੀ ਪ੍ਰਭੁਤਾ ਗੁਰੂ ਜੀ ਨੇ ਪੰਜਾਬ ਦੇ ਦਬੇ ਢੱਲੇ ਲੋਕਾਂ, ਹਲ ਵਾਹਕਾਂ, ਲੱਕੜ-ਹਾਰਿਆਂ, ਕਲਾਲਾਂ ਅਤੇ ਹੋਰ ਨੀਵੀਆਂ ਜਾਤੀਆਂ ਦੇ ਪ੍ਰਾਣੀਆਂ ਨੂੰ ਦਾਤਾਂ ਵਜੋਂ ਬਖ਼ਸ਼ੀ।

ਸਾਡੀ ਭਾਸ਼ਾ ਵਿਚ ਹਾਲੀ ਵੀ ਇਹ ਅਖਾਣ ਪ੍ਰਚੱਲਿਤ ਹੈ ਕਿ ਗੁਰੂ ਘਰ ਦੇ ਕੂਕਰ ਵੀ ਕਰਾਮਾਤਾਂ ਵਰਤਾ ਸਕਦੇ ਹਨ। ਸਾਡਾ ਨਿੱਤ ਦਾ ਜੀਵਨ ਹੀ ਕਰਾਮਾਤਾਂ ਦੀ ਲੜੀ ਬਣ ਗਿਆ ਹੈ। ਇਹ ਕਰਾਮਾਤਾਂ ਕੋਈ ਅਸਾਧਾਰਨ ਤੇ ਅਲੌਕਿਕ ਚਮਤਕਾਰ ਨਹੀਂ ਹੁੰਦੀਆਂ। ਅਸਾਧਾਰਨ ਗੱਲ ਤਾਂ ਸ਼ਾਂਤੀ-ਵਰਧਕ ਪ੍ਰੇਰਨਾ ਸ਼ਕਤੀ ਹੁੰਦੀ ਹੈ। ਇਸ ਦੈਵੀ-ਪ੍ਰੇਰਨਾ ਨੂੰ ਆਪਣੇ ਅੰਦਰ ਜਗਾਉ ਤਾਂ ਤੁਹਾਡਾ ਆਪਣਾ ਜੀਵਨ ਵੀ ਕਰਾਮਾਤਾਂ ਦੀ ਲੜੀ ਬਣ ਜਾਵੇਗਾ।

ਲਘੂ ਮਨੁੱਖ ਮਹਾਨ ਇਨਕਲਾਬਾਂ ਦੇ ਮੁੱਖ ਆਗੂ ਬਣ ਗਏ। ਯੁਧ ਤੇ ਅਮਨ ਦੇ ਸਮਿਆਂ ਵਿਚ ਖ਼ਾਲਸਾ ਇਤਿਹਾਸ ਦੀਆਂ ਸਭ ਕਰਾਮਾਤਾਂ ਗੁਰੂ ਵਰੋਸਾਈ ਮਨੁੱਖਤਾ ਦੀ ਪ੍ਰੇਰਨਾ ਦੇ ਸਰਲ ਸਿੱਧੇ ਕਾਰਨਾਮੇ ਸਨ। ਗੁਰੂ ਜੀ ਨੇ ਆਪਣੀ ਆਤਮਾ ਵਿਚੋਂ ਜਿਸ ਨਵ-ਸੰਗੀਤ ਦੀ ਅੰਮ੍ਰਿਤ ਵਰਖਾ ਕੀਤੀ, ਉਸ ਨੇ ਮਨੁੱਖ ਨੂੰ ਸਦਾਚਾਰੀ ਬਲ ਦੀ ਸੰਪੂਰਨ ਸ਼ਕਤੀ ਬਖ਼ਸ਼ ਕੇ ਬਲਵਾਨ ਬਣਾ ਦਿੱਤਾ। ਗੁਰੂ ਦੇ ਸਿੱਖਾਂ ਦੇ ਪਿੱਛੇ ਲਗਾਇਆ ਜਾਂਦਾ 'ਸਿੰਘ' ਪਿਛੇਤਰ ਜੋ ਅੱਜ ਕਈ ਵਾਰ ਸਾਨੂੰ ਨੀਰਸ ਜਿਹਾ ਜਾਪਣ ਲੱਗ ਪਿਆ ਹੈ, ਕਿਸੇ ਸਮੇਂ ਗੁਰੂ ਜੀ ਦੇ ਆਤਮਿਕ ਬਲ ਦੀ ਮਹਾਨ ਬੀਰ ਭਾਵੀ ਸ਼ਕਤੀ ਦਾ ਪ੍ਰਤੀਕ ਸੀ। ਇਸ ਸਦਾਚਾਰਕ ਵਰਤਾਰੇ ਵਿਚ ਕਿਰਪਾਨ ਇਕ ਵਿਸ਼ੇਸ਼ ਚਿੰਨ੍ਹ ਸੀ। ਦਸਮ ਪਾਤਸ਼ਾਹ ਨੇ ਅਕਾਲ ਪੁਰਖ ਨੂੰ ਭਗਉਤੀ (ਕਿਰਪਾਨ) ਦੇ ਨਾਮ ਦੁਆਰਾ ਸੰਬੋਧਨ ਕੀਤਾ ਹੈ। ਕਿਰਪਾਨ ਦੀ ਨੰਗੀ ਧਾਰ ਦੀ ਚਮਕ ਨਾਲੋਂ ਕੋਈ ਵੀ ਹੋਰ ਚਿੰਨ੍ਹ ਜੀਵਨਧਾਰਾ ਦੀ ਤੀਖਣ ਜੋਤ ਦਾ ਟਾਕਰਾ ਨਹੀਂ ਕਰ ਸਕਦਾ।

ਇਸਤਰੀ ਦੇ ਉਦਰ ਤੋਂ ਜਨਮਿਆਂ ਇਕ ਮਨੁੱਖ ਸਾਰੇ ਲੋਕਾਂ ਨੂੰ ਆਪਣੀ ਪ੍ਰਤਿਭਾ ਦੀ ਛੂਹ ਨਾਲ ਮਹਾਂ-ਪੁਰਖ ਬਣਾ ਦਿੰਦਾ ਹੈ। ਘਾਹ ਕੱਟਣ ਵਾਲੇ ਘਾਹੀਆਂ ਦੇ ਦਿਲਾਂ ਵਿਚ ਆਕਾਸ਼ ਧੜਕਣ ਲੱਗ ਪੈਂਦਾ ਹੈ। ਇਹਨਾਂ ਘਿਰਣਤ ਨੀਵੀਆਂ ਜਾਤੀਆਂ ਦੇ ਅਨਪੜ੍ਹ ਲੋਕਾਂ ਦੇ ਚਰਨਾਂ ਉਤੇ ਵੱਡੇ ਵੱਡੇ ਪੰਡਤ ਤੇ ਵਿਦਵਾਨ ਆ ਕੇ ਨਿਉਂਦੇ ਹਨ ਜਿਨ੍ਹਾਂ ਨੂੰ ਗੁਰੂ ਨੇ ਉਚਿਆਂ ਕਰਕੇ ਸੰਤ-ਪੁਰਸ਼ ਬਣਾ ਦਿੱਤਾ ਹੈ। ਸੱਚ ਦੀ ਉਸ ਮਹਾਂ-ਮ੍ਰਿਤੂ ਵਿਚ ਅਭੇਦ ਹੋ ਕੇ ਜੋ ਗੁਰੂ ਦੀ ਜਗਾਈ ਨਾਮ ਰੂਪੀ ਜੋਤ ਵਿਚ ਰਤੜੇ ਨੈਣਾਂ ਵਾਲੇ ਬਣ ਜਾਂਦੇ ਹਨ, ਉਹ ਇਸ ਪਰਮ-ਪਦ ਦੇ ਅਧਿਕਾਰੀ ਬਣ ਜਾਂਦੇ ਹਨ। ਪ੍ਰਤਿਭਾ ਅਦ੍ਰਿਸ਼ਟ ਉਚਤਮ ਸਿਖਰਾਂ ਤੋਂ ਹੇਠਾਂ ਆਉਂਦੀ ਹੈ ਅਤੇ ਇਹਨਾਂ ਸਰਬ-ਸਾਧਾਰਨ ਮਨੁੱਖਾਂ ਵਿਚ ਆਪਣੇ ਲਈ ਯੋਗ ਨਿਵਾਸ ਬਣਾ ਲੈਂਦੀ ਹੈ ਅਤੇ ਇਹਨਾਂ ਸਰਬ-ਸਾਧਾਰਨ ਮਨੁੱਖਾਂ ਦੇ ਰੂਪ ਵਿਚ ਵਿਚਰਦੀ ਹੈ। ਅਕਾਲੀ ਉਹ ਸ਼ਕਤੀਸ਼ਾਲੀ ਪ੍ਰਭੂ-ਮਨੁੱਖ ਸਨ ਜਿਨ੍ਹਾਂ ਨੂੰ ਨਾ ਇਸਪਾਤ ਕੱਟ ਸਕਦਾ ਸੀ ਨਾ ਅਗਨ ਜਲਾ ਸਕਦੀ ਸੀ।

ਇਹ ਤਾਂ ਇਕ ਪ੍ਰਕਾਰ ਦੀਆਂ ਉਚ ਆਤਮਾਵਾਂ ਸਨ ਜੋ ਇਹਨਾਂ ਦੇ ਸਰੀਰਾਂ ਵਿਚ ਪਰਛਾਵੇਂ ਹਾਰ ਆ ਨਿਵਾਸ ਕਰਦੀਆਂ ਸਨ। ਇਹਨਾਂ ਸਰੀਰਾਂ ਵਿਚ ਕੇਵਲ ਆਤਮਾ ਹੀ ਅਨੰਦਪੁਰ ਦੀਆਂ ਪਹਾੜੀਆਂ ਤੇ ਘੁੰਮਰ ਪਾਉਂਦੀ ਸੀ। ਇਹ ਭਵਿੱਖ ਦੇ ਸੰਪੂਰਨ ਮਨੁੱਖ ਸਨ, ਜਿਨ੍ਹਾਂ ਵਿਚ ਮਨੁੱਖਤਾ ਦੀ ਨਿੰਮ੍ਹੀ ਜੋਤ

ਟਿਮ-ਟਿਮਾਉਂਦੀ ਦਿਖਾਈ ਦੇਂਦੀ ਸੀ।

## ਗੁਰੂ ਭਵਿੱਖ ਦੇ ਅਦ੍ਰਿਸ਼ਟ ਨੂੰ ਦੇਖਦਾ ਹੈ

ਗੁਰੂ ਗੋਬਿੰਦ ਸਿੰਘ ਆਪਣੇ ਸ਼ਾਨਦਾਰ ਕੁਮੈਤ ਘੋੜੇ ਉਤੇ ਸਵਾਰ ਹਨ ਤੇ ਉਹਨਾਂ ਦੀ ਅਰਦਲ ਵਿਚ ਚੋਧਰੀ ਡਲਾ ਜਾ ਰਿਹਾ ਸੀ। ਗੁਰੂ ਜੀ ਨੇ ਆਪਣੀ ਬਖ਼ਸ਼ਿਸ਼ ਵਿਚ ਆ ਕੇ ਜਦੋਂ ਸੁਪਨ-ਦ੍ਰਿਸ਼ ਨੂੰ ਨਿਹਾਰਿਆ ਤਾਂ ਬਚਨ ਕੀਤਾ :

"ਡਲਾ ! ਦੇਖੋ, ਇਸ ਦੇਸ਼ ਵਿਚ ਪਾਣੀ ਦੀਆਂ ਨਹਿਰਾਂ ਵਗ ਰਹੀਆਂ ਹਨ। ਵੇਖੋ, ਕੈਸੀਆਂ ਸੁੰਦਰ ਫਸਲਾਂ ਲਹਿਰਾ ਰਹੀਆਂ ਹਨ !" ਡਲਾ ਇਸ ਭਵਿੱਖਬਾਣੀ ਅਲੌਕਿਕਤਾ ਤੋਂ ਅਣਜਾਣ ਸੀ। ਇਸ ਲਈ ਉਸ ਨੇ ਆਪਣੇ ਸਥੂਲ ਜੀਵਨ ਦੀ ਮੂਰਖ ਅਗਿਆਨਤਾ ਵਿਚੋਂ ਇਹ ਉਤਰ ਦਿੱਤਾ :

"ਗੁਰੂ ਜੀ, ਇਹ ਧਰਤੀ ਤਾਂ ਸਾਰੀ ਰੱਕੜ ਹੈ। ਇਥੇ ਤਾਂ ਧੂੜ ਉਡਦੀ ਦਿਖਾਈ ਦੇਂਦੀ ਹੈ।" ਪਰ ਗੁਰੂ ਜੀ ਨੇ ਫਿਰ ਬਚਨ ਕੀਤਾ :

"ਡਲਾ, ਵੇਖੋ ! ਬ੍ਰਿਛਾਂ ਨੂੰ ਸੁੰਦਰ ਫਲ ਲੱਗੇ ਹਨ। ਵੇਖੋ, ਕਿਵੇਂ ਖੇਤਾਂ ਵਿਚ ਪੱਕੀਆਂ ਸੁਨਹਿਰੀ ਕਣਕਾਂ ਦੇ ਭੰਡਾਰ ਭਰੇ ਹਨ।"

ਫਿਰ ਦੂਜੀ ਵਾਰ ਡਲੇ ਨੇ ਆਪਣਾ ਮੂਰਖਾਂ ਵਾਲਾ ਉਤਰ ਦੁਹਰਾਇਆ, "ਗੁਰੂ ਜੀ, ਮੈਨੂੰ ਤਾਂ ਇਹ ਧਰਤੀ ਰਕੜ ਤੇ ਬੰਜਰ ਹੀ ਦਿਖਾਈ ਦਿੰਦੀ ਹੈ। ਇਥੇ ਤਾਂ ਧੂੜ ਹੀ ਧੂੜ ਉਡਦੀ ਪਈ ਹੈ। ਮੈਨੂੰ ਤਾਂ ਉਹ ਬਾਗ਼ ਨਹੀਂ ਦਿਸਦੇ ਜੋ ਆਪ ਦੇਖ ਰਹੇ ਹੋ।"

ਗੁਰੂ ਜੀ ਨੇ ਡਲੇ ਦੀ ਧਰਤੀ ਨੂੰ ਵਰ ਦਿੱਤਾ। ਗੁਰੂ ਨੇ ਸਾਰੇ ਪੰਜਾਬ ਉਤੇ ਬਖ਼ਸ਼ਿਸ਼ ਕੀਤੀ। ਗੁਰੂ ਦੇ ਸਿੱਖਾਂ ਦੇ ਦਰਾਂ ਉਤੇ ਪਦਾਰਥਕ ਖ਼ੁਸ਼ਹਾਲੀ ਜ਼ਰੂਰ ਆਉਂਦੀ ਹੈ। ਜਿਨ੍ਹਾਂ ਨੇ ਉਸ ਦੇ ਨਾਮ ਪ੍ਰਤੀ ਆਪਣੇ ਆਪ ਨੂੰ ਸਮਰਪਿਤ ਕਰ ਦਿੱਤਾ ਹੈ, ਉਹਨਾਂ ਲਈ ਸਭ ਰਹਿਮਤਾਂ ਹਾਜ਼ਰ ਖੜ੍ਹੀਆਂ ਰਹਿੰਦੀਆਂ ਹਨ।

ਡਲਾ ਗੁਰੂ ਜੀ ਦੀ ਭਵਿੱਖਬਾਣੀ ਨੂੰ ਨਾ ਲਖ ਸਕਿਆ। ਅਸੀਂ ਵੀ ਹੁਣ ਇਸ ਦੇ ਰਹੱਸ ਨੂੰ ਨਹੀਂ ਜਾਣ ਸਕਦੇ। ਸਾਡੀ ਤਾਂ ਹਾਲਤ ਅਜਿਹੀ ਹੈ ਕਿ ਅਸੀਂ ਆਪਣੇ ਬੰਦੀ-ਛੋੜ ਸੱਚੇ ਸਾਈਂ ਨੂੰ ਚੰਦ ਸਿੱਕਿਆਂ ਲਈ ਵੇਚ ਦਿੰਦੇ ਹਾਂ ਅਤੇ ਕੁੱਲੀ ਜੁੱਲੀ ਦੀ ਖ਼ਾਤਰ ਆਪਣੀ ਆਤਮਾ ਨੂੰ ਗਹਿਣੇ ਪਾ ਦਿੰਦੇ ਹਾਂ।

## ਜੋਤ ਤੋਂ ਜੋਤ ਦਾ ਜਗਣਾ
### (ਰਾਤ ਦੇ ਮਿਸ਼ਾਲਚੀ ਦੀ ਯਾਦ ਵਿਚ)

### ਸੰਸਥਾਵਾਂ ਪਰਛਾਵੇਂ ਹਾਰ ਲੋਪ ਹੋ ਜਾਂਦੀਆਂ ਹਨ

ਉਹ ਧਰਤੀਆਂ ਤੇ ਲੋਕ ਜਿਥੇ ਆਕਾਸ਼ ਵੱਲੋਂ ਧਰਮਾਤਮਾਵਾਂ ਨੂੰ ਭੇਜਿਆ ਜਾਂਦਾ ਹੈ, ਅੰਦਰਲੀ ਦੌਲਤ ਨਾਲ ਮਾਲਾਮਾਲ ਹੋ ਜਾਂਦੀਆਂ ਹਨ। ਕੌਮਾਂ ਵਿਚ ਹੜ੍ਹਾਂ ਦੀ ਤਰ੍ਹਾਂ ਕਾਂਗ-ਉਛਾਲੇ ਆਉਂਦੇ ਹਨ ਅਤੇ ਇਸ ਦੇ ਵੇਗ ਵਿਚ ਉਹ ਚੜ੍ਹਦੀਕਲਾ ਵੱਲ ਅੱਗੇ ਵਧਦੀਆਂ ਹਨ। ਇਕ ਵਿਅਕਤੀ ਸਾਰੀ ਜਾਤੀ ਦੀ ਰੱਖਿਆ ਕਰਦਾ ਹੈ। ਉਸ ਦੇ ਪਿੱਛੇ ਸੰਸਥਾਵਾਂ ਉਸ ਦੇ ਪਰਛਾਵੇਂ ਹਾਰ ਬਣਦੀਆਂ ਤੇ ਟੁਟਦੀਆਂ ਹਨ।

### ਡੂੰਘਾ, ਸ਼ਾਂਤ ਜੀਵਨ ਅਦ੍ਰਿਸ਼ਟ ਜੋਤ ਜਗਾਉਂਦਾ ਹੈ

ਇਕ ਸਿੱਖ ਇਕ ਗਰੀਬ ਦੇ ਘਰ ਗਿਆ ਤੇ ਉਸ ਕੋਲ ਇਕ ਦਿਨ ਰਿਹਾ ਤੇ ਚਲਾ ਗਿਆ। ਉਸ ਗਰੀਬ ਆਦਮੀ ਵਿਚ ਨਵੀਂ ਜਿੰਦ ਧੜਕ ਉਠੀ ਤੇ ਉਸ ਨੂੰ ਇੰਜ ਜਾਪਿਆ ਜਿਵੇਂ ਸਾਰਾ ਆਲਾ-ਦੁਆਲਾ ਉਸ ਅੱਗੇ ਝੁਕ ਗਿਆ ਹੋਵੇ। ਉਹ ਇਕ ਜੀਵਤ ਵਿਅਕਤੀ ਬਣ ਗਿਆ ਜਿਸ ਨੂੰ ਆਪਣੇ ਅੰਦਰ ਨਵੇਂ ਜੀਵਨ ਦੀ ਧੜਕਣ ਦਾ ਆਭਾਸ ਹੋਇਆ। ਇਸ ਨਵੇਂ ਜੀਵਨ ਦੇ ਆਗਮਨ ਨਾਲ ਉਸ ਦੇ ਘਰ ਖ਼ੁਸ਼ਹਾਲੀ ਵੀ ਆ ਗਈ। ਜੀਵਨ ਦੀ ਹਰ ਘਟਨਾ ਉਸ ਲਈ ਸੁਖਦਾਈ ਹੋ ਗਈ।

ਉਸ ਰੱਬ ਦੇ ਬੰਦੇ ਨੇ ਉਸ ਅੰਦਰ ਕਿਹੜੀ ਤਬਦੀਲੀ ਲੈ ਆਂਦੀ ਸੀ ਕਿ ਉਸ ਲਈ ਸਾਰਾ ਸੰਸਾਰ ਹੀ ਬਦਲ ਗਿਆ ?

ਉਹ ਸਿੱਖ ਫੇਰ ਇਕ ਅਮੀਰ ਆਦਮੀ ਕੋਲ ਗਿਆ ਤੇ ਉਸ ਦੇ ਘਰ ਵਿਚ ਰਿਹਾ। ਉਸ ਨੇ ਉਸ ਨਾਲ ਖਾਣਾ ਖਾਧਾ, ਉਸ ਨਾਲ ਹਾਸ-ਬਿਨੋਦ ਕੀਤਾ। ਜਦੋਂ ਉਹ ਆਪਣਾ ਥਹੁ-ਟਿਕਾਣਾ ਦੱਸਣ ਤੋਂ ਬਿਨਾਂ ਉਥੋਂ ਵਿਦਾ ਹੋ ਗਿਆ ਤਾਂ ਅਮੀਰ ਆਦਮੀ ਨੇ ਉਸ ਦਾ ਪਿੱਛਾ ਕੀਤਾ, ਉਸ ਅਮੀਰ ਆਦਮੀ ਨੇ ਧਨ ਦੌਲਤ ਦਾ ਤਿਆਗ ਕਰ ਦਿੱਤਾ ਅਤੇ ਅਗਲੇ ਦਿਨ ਉਸ ਨੂੰ ਇੰਜ ਪ੍ਰਤੀਤ ਹੋਇਆ ਜਿਵੇਂ ਉਸ ਨੂੰ ਇਕ ਨਵੀਂ ਬਾਦਸ਼ਾਹਤ ਤੇ ਚੰਨ-ਚਾਨਣੀ ਵਰਗੀ ਮਿੱਠੀ ਸ਼ਾਂਤੀ ਪ੍ਰਾਪਤ ਹੋ ਗਈ ਹੋਵੇ। ਉਸ ਦੇ ਨੈਣਾਂ ਵਿਚ ਕਵੀ ਦੀ ਆਤਮਾ ਜਗਮਗਾ ਉਠੀ। ਉਸ ਨੂੰ ਹਰ ਥਾਂ ਸੁੰਦਰਤਾ ਹੀ ਸੁੰਦਰਤਾ ਨਜ਼ਰੀਂ ਆਈ। ਉਹ ਆਪਣੇ ਆਪ ਨੂੰ ਪੰਛੀਹਾਰ ਹਲਕਾ ਫੁੱਲ ਤੇ ਹੀਰੇ ਵਾਂਗ ਸ਼ੁਧ ਅਨੁਭਵ ਕਰਨ ਲੱਗਾ।

ਉਸ ਰੱਬ ਦੇ ਬੰਦੇ ਨੇ ਉਸ ਨੂੰ ਅਜਿਹਾ ਕੀ ਕਰ ਦਿੱਤਾ ਸੀ ਕਿ ਸਾਰਾ ਸੰਸਾਰ ਹੀ ਉਸ ਨੂੰ ਬਦਲਿਆ ਹੋਇਆ ਦਿਖਾਈ ਦੇਣ ਲੱਗਾ ?

ਫਿਰ ਉਹ ਸਿੱਖ ਇਕ ਰੋਗੀ ਕੋਲ ਪੁੱਜਾ, ਜਿਹੜੀ ਸੁਆਣੀ ਬਿਮਾਰ ਸੀ, ਉਸ ਨੂੰ ਸਾਰਾ ਪਰਿਵਾਰ ਪਿਆਰ ਕਰਦਾ ਸੀ। ਉਸ ਬਿਮਾਰ ਸੁਆਣੀ ਦੀਆਂ ਧੀਆਂ ਦੇ ਹੱਥੋਂ ਉਸ ਰੱਬੀ ਬੰਦੇ ਨੇ ਪ੍ਰਸ਼ਾਦ ਛਕਿਆ। ਜਦੋਂ ਉਹ ਉਥੋਂ ਅੱਗੇ ਚਲਾ ਗਿਆ ਤਾਂ ਰੋਗੀ ਇਸਤਰੀ ਨੌ-ਬਰ-ਨੌ ਹੋ ਗਈ।

ਉਸ ਰੱਬ ਦੇ ਬੰਦੇ ਨੇ ਕੀ ਕੀਤਾ ਸੀ ਕਿ ਉਹ ਬਿਮਾਰ ਇਸਤਰੀ ਤੰਦਰੁਸਤ ਹੋ ਗਈ ?

## ਜਦ ਮੈਂ ਆਪਣੀ ਕੰਡ ਪਿੱਛੇ ਖਲੋਤੇ ਵਿਅਕਤੀ ਨੂੰ ਭੁੱਲ ਜਾਂਦਾ ਹਾਂ

ਮੈਨੂੰ ਉਸ ਸਿੱਖ ਦੇ ਦਰਸ਼ਨ ਹੋਏ ਜੋ ਪ੍ਰਭੂ ਦਾ ਨਾਮ ਜਪਦਾ ਸੀ। ਉਹ ਆਪਣੇ ਮਹਾਨ ਗੁਰੂ ਦਾ ਦੇਵ-ਦੂਤ ਸੀ ਜੋ ਸਦਾ ਚੜ੍ਹਦੀਕਲਾ ਵਿਚ ਵਿਚਰਦਾ ਸੀ। ਉਹ ਮੈਨੂੰ ਪ੍ਰੇਮ ਕਰਦਾ ਸੀ, ਉਸ ਨੇ ਮੈਨੂੰ ਪ੍ਰਸ਼ਾਦਾ ਤੇ ਜਲ ਛਕਾਇਆ। ਉਸ ਨੇ ਮੇਰੇ ਵੱਲ ਮਿੱਤਰਤਾ ਦਾ ਹੱਥ ਵਧਾਇਆ। ਇਥੋਂ ਤੱਕ ਕਿ ਮੇਰੀ ਨੀਂਦ ਵਿਚ ਵੀ ਉਹ ਮੇਰੇ ਸੁਪਨਿਆਂ ਵਿਚ ਆਉਂਦਾ ਰਿਹਾ। ਉਸ ਨੇ ਮੈਨੂੰ ਕਈ ਅਜਿਹਿਆਂ ਖ਼ਤਰਿਆਂ ਤੋਂ ਬਚਾ ਲਿਆ ਜਿਨ੍ਹਾਂ ਨੇ ਮੈਨੂੰ ਮਿਧ ਸੁਟਣਾ ਸੀ। ਉਸ ਨੇ ਮੇਰੀ ਸਹਾਇਤਾ ਕੀਤੀ। ਮੈਨੂੰ ਉਸ ਨੇ ਉਸ ਸਮੇਂ ਆਪਣੇ ਕੋਲੋਂ ਬਸਤਰ ਦਿੱਤੇ ਜਦੋਂ ਮੈਂ ਠੰਡ ਵਿਚ ਨੰਗੇ ਬਦਨ ਠੁਰ ਠੁਰ ਕਰ ਰਿਹਾ ਸਾਂ। ਆਪਣੇ ਨੈਣਾਂ ਦੀ ਮਸਤਾਨੀ ਤੱਕਣੀ ਨਾਲ ਉਸ ਨੇ ਮੇਰਾ ਮਨ ਮੋਹ ਲਿਆ ਅਤੇ ਆਪਣੀਆਂ ਮੁਸਕਾਨਾਂ ਵੰਡ ਕੇ ਮੈਨੂੰ ਅਨੰਤਾਂ ਦੀ ਸੋਝੀ ਕਰਵਾ ਦਿੱਤੀ। ਪਰ ਉਸ ਦਾ ਸਭ ਤੋਂ ਅਚੰਭਾ ਕਰ ਦੇਣ ਵਾਲਾ ਅਸਰ ਮੇਰੇ ਉਤੇ ਇਹ ਹੋਇਆ ਕਿ ਉਸ ਦੀ ਹੋਂਦ ਤੇ ਮੌਨ ਸ਼ਾਂਤੀ ਨੇ ਮੇਰੇ ਹਿਰਦੇ ਵਿਚ ਉਸ ਗੁਰੂ ਲਈ ਪ੍ਰੇਮ ਜਗਾ ਦਿੱਤਾ, ਜਿਸ ਦੇ ਮੈਂ ਕਦੀ ਦਰਸ਼ਨ ਨਹੀਂ ਸਨ ਕੀਤੇ। ਮੈਂ ਜੋ ਗਿੱਟੇ ਗਿੱਟੇ ਪਾਣੀਆਂ ਵਿਚ ਖਲੋਤਾ ਸਾਂ, ਇਕਦਮ ਉਸ ਨਾਲ ਅਭਿਮਾਨ ਵਿਚ ਆ ਕੇ ਇਹ ਸੋਚਣ ਲੱਗਾ ਕਿ ਕਿਵੇਂ ਮੇਰੇ ਹਿਰਦੇ ਵਿਚ ਗੁਰੂ ਲਈ ਤੀਬਰ ਪ੍ਰੇਮ ਉਤਪੰਨ ਹੋ ਗਿਆ ਹੈ। ਜਦੋਂ ਮੈਂ ਉਸ ਵੱਲੋਂ ਪਿੱਠ ਮੋੜੀ ਤਾਂ ਫਿਰ ਮੈਂ ਉਸੇ ਤਰ੍ਹਾਂ ਬੰਜਰ ਤੇ ਰੇਤੜਾ ਹਾਰ ਹੀ ਹੋ ਗਿਆ ਸਾਂ। ਇਹ ਰੇਤ ਮੇਰੇ ਅੰਦਰ ਬਲਣ ਲੱਗੀ ਤੇ ਮੇਰੇ ਦਿਲ ਵਿਚ ਨਰਕ ਦੇ ਭਾਂਬੜ ਉਠਣ ਲੱਗੇ। ਮੇਰੇ ਇਸ ਘੋਰ ਕਸ਼ਟ ਦੇ ਸਮੇਂ ਉਹ ਫਿਰ ਆ ਬਹੁੜਿਆ। ਉਸ ਨੇ ਮੇਰੇ ਅੰਦਰ ਮਿਹਰ ਦਾ ਮੀਂਹ ਵਰ੍ਹਾਇਆ ਤੇ ਮੇਰੇ ਹਿਰਦੇ ਨੂੰ ਠੰਡਾ ਠਾਰ ਕਰ ਦਿੱਤਾ। ਅਫਸੋਸ ! ਮੈਨੂੰ ਇਸ ਗੱਲ ਦਾ ਪਤਾ ਨਹੀਂ ਸੀ ਕਿ ਮੇਰੇ ਅੰਦਰ ਇਹ ਪਰਿਵਰਤਨ ਲਿਆਉਣ ਵਾਲਾ 'ਮੈਂ' ਨਹੀਂ 'ਉਹ' ਸੀ।

ਉਸ ਨੇ ਮੇਰੇ ਦਿਲ ਦੇ ਰੇਗਿਸਤਾਨ ਨੂੰ ਗੁਲਾਬਾਂ ਦੇ ਬਾਗ਼ ਵਿਚ ਬਦਲ ਦਿੱਤਾ ਸੀ। ਅਜਿਹੇ ਗੁਰਸਿਖ ਦੇ ਦਰਸ਼ਨ ਕਰਕੇ ਮੇਰਾ ਦਿਲ ਪ੍ਰਭੂ ਪ੍ਰੀਤਮ ਦੇ

ਪ੍ਰੇਮ ਨਾਲ ਭਰ ਜਾਂਦਾ ਹੈ। ਉਸ ਗੁਰਸਿੱਖ ਦਾ ਹਿਰਦਾ ਆਪਣੇ ਗੁਰੂ ਦੀ ਸੁੰਦਰਤਾ ਦੀ ਪੂਰਨਤਾ ਦੇ ਅਨੁਭਵ ਨਾਲ ਭਰਪੂਰ ਹੁੰਦਾ ਹੈ।

ਸੱਚੀ ਸੁੰਦਰਤਾ ਤੁਹਾਡੇ ਮਨ ਨੂੰ ਆਪਣੇ ਵੱਲ ਆਕ੍ਰਸ਼ਿਤ ਨਹੀਂ ਕਰਦੀ, ਸਗੋਂ ਇਸ ਸੁੰਦਰਤਾ ਦੇ ਕਰਤਾ ਦੀ ਯਾਦ ਕਰਵਾ ਦਿੰਦੀ ਹੈ।

## ਗੁਰਸਿੱਖ ਕਿਸ ਤਰ੍ਹਾਂ ਮਨ ਨੂੰ ਮੋਹ ਲੈਂਦਾ ਹੈ

ਗੁਰਸਿੱਖ ਦੀ ਆਪਣੀ ਸਿੱਧ ਪੱਧਰੀ ਦਖ ਬਾਹਰੀ ਰੇਖ-ਭੇਖ ਸਰਬ ਸਾਧਾਰਨ ਵਾਂਗ ਹੁੰਦੇ ਹਨ। ਗੁਰੂ ਦੇ ਬਖ਼ਸ਼ੇ ਕੇਸਾਂ ਦੇ ਤਾਜ ਨੂੰ ਉਸ ਦੀ ਦਸਤਾਰ ਢਕ ਰਹੀ ਹੁੰਦੀ ਹੈ ਤੇ ਉਸ ਦੇ ਮੁਖੜੇ 'ਤੇ ਗੁਰੂ ਵਰਗੇ ਦਾੜ੍ਹੇ ਦਾ ਪ੍ਰਕਾਸ਼ ਹੁੰਦਾ ਹੈ। ਇਕ ਤਰ੍ਹਾਂ ਨਾਲ ਉਹ ਆਪਣੇ ਵਿਚ ਗੁਰੂ ਦੀ ਸੂਰਤ ਨੂੰ ਹੀ ਸਮਾਈ ਬੈਠਾ ਹੁੰਦਾ ਹੈ। ਜਦੋਂ ਉਹ ਕਿਤੇ ਦੂਰ ਦੇ ਗੁਆਂਢੀ ਦੇ ਘਰ ਪੁਜਦਾ ਹੈ ਤਾਂ ਉਹ ਵਿਅਕਤੀ ਦੂਜਿਆਂ ਵਿਚ ਵੀ ਜੀਵਨ ਤੇ ਪ੍ਰੇਮ ਦੇ ਰਹੱਸ ਨੂੰ ਜਗਾ ਦਿੰਦਾ ਹੈ। ਇਹ, ਜਿਹਾ ਕਿ ਅੱਜ ਕੱਲ੍ਹ ਤਾਂ ਆਮ ਰਿਵਾਜ ਹੈ ਇਕ ਮੋਨਾ ਹਿੰਦੂ ਸੱਜਣ ਸੀ।

ਇਕ ਅਚੰਭਾ ਘਟਦਾ ਹੈ। ਉਸ ਮੋਨੇ ਹਿੰਦੂ ਸੱਜਣ ਨੂੰ ਜੋ ਆਧੁਨਿਕ ਸਭਿਅਤਾ ਦਾ ਪ੍ਰਤੀਕ ਜਾਪਦਾ ਸੀ, ਨੂੰ ਦਾੜ੍ਹੀ ਮੁੰਨਣ ਦੇ ਸਮਾਨ ਨੂੰ ਦੇਖ ਕੇ ਇੰਜ ਆਭਾਸ ਹੋਇਆ ਕਿ ਉਸ ਦੇ ਨੈਣਾਂ ਵਿਚ ਹੰਝੂ ਆ ਗਏ ਅਤੇ ਕਹਿਣ ਲੱਗਾ :

"ਇਹ ਕੇਵਲ ਵਾਲ ਹੀ ਨਹੀਂ ਹਨ, ਸਗੋਂ ਮੇਰੀ ਆਤਮਾ ਅੰਦਰ ਉਸ ਗੁਰਸਿੱਖ ਦਾ ਪ੍ਰਵੇਸ਼ ਹੋ ਗਿਆ ਹੈ ਅਤੇ ਉਸ ਨੇ ਮੇਰੇ ਹਿਰਦੇ ਅੰਦਰ ਨਿਵਾਸ ਆ ਬਣਾਇਆ ਹੈ। ਮੈਂ ਹੁਣ ਉਹ ਪਹਿਲਾਂ ਵਰਗਾ ਨਹੀਂ ਰਿਹਾ। ਮੈਂ ਪਹਿਲਾਂ ਨਾਲੋਂ ਬਹੁਤ ਬਦਲ ਗਿਆ ਹਾਂ। ਮੇਰੇ ਮਨ ਵਿਚ ਇਹ ਤੀਬਰ ਇੱਛਾ ਜਾਗ ਪਈ ਹੈ ਕਿ ਮੈਂ ਵੀ ਉਸ ਗੁਰਸਿੱਖ ਵਾਂਗ ਆਪਣੇ ਸਿੱਧੇ ਸਾਦੇ ਕੁਦਰਤੀ ਸਰੂਪ ਵਿਚ ਹੀ ਵਿਚਰਾਂ। ਮੇਰੇ ਦਿਲ ਵਿਚ ਇਹ ਭਾਵਨਾ ਪ੍ਰਬਲ ਹੋ ਗਈ ਹੈ ਕਿ ਮੈਂ ਨਾਈ ਤੇ ਦਰਜ਼ੀ ਦੀ ਸਭਿਅਤਾ ਨੂੰ ਸਦਾ ਲਈ ਮੱਥਾ ਟੇਕਾਂ। ਵੇਖੋ ! ਉਸ ਦੇ ਕੇਸ ਮੇਰੇ ਸਿਰ ਉਪਰ ਵਧ ਰਹੇ ਹਨ। ਕਿੰਨਾਂ ਅਚੰਭਾ ਹੈ ਕਿ ਮੈਂ/ ਉਸ ਦੇ ਸਰੂਪ ਵਿਚ ਗੁੰਮ ਗਿਆ ਹਾਂ। ਮੈਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ, ਪਰ ਇਹ ਮੇਰੇ ਕੇਸਾਂ ਦਾ ਉਗਣਾ ਇਕ ਤਰ੍ਹਾਂ ਦਾ ਪੱਕਾ ਨਿਹਚਾ ਤੇ ਭਰੋਸਾ ਹੈ ਜਿਸ ਦਾ ਸੰਬੰਧ ਮੇਰੇ ਅੰਦਰਲੇ ਨਾਲ ਹੈ। ਭਾਵੇਂ ਮੈਨੂੰ ਇਹ ਪਤਾ ਹੈ ਕਿ ਵੇਖਣ ਵਿਚ ਮੇਰੇ ਇਹ ਕੇਸ ਇੰਜ ਜਾਪਦੇ ਹਨ ਜਿਵੇਂ ਪਰਬਤ ਦੀ ਚੋਟੀ ਉਤੇ ਘਾਹ ਉਗਿਆ ਹੋਵੇ। ਹੋਰ ਇਹ ਹਨ ਵੀ ਕੀ ? ਪਰ ਮੈਂ ਵੀ ਆਪਣੇ ਇਸ ਸਰੂਪ ਵਿਚ ਹੋਰ ਕੀ ਹਾਂ ? ਕੇਵਲ ਮਿੱਟੀ ਦਾ ਪੁਤਲਾ ਜਿਸ ਵਿਚ ਕਿਸੇ ਦਾ ਖ਼ੂਨ ਰਲਿਆ ਹੋਇਆ ਹੈ।"

## ਸਿਮਰਨ ਦੀ ਸਹਿਜ ਸ਼ਾਂਤੀ

ਪਤੰਗਾ ਦੀਪਕ ਦੀ ਪਿਆਰੀ ਜੋਤ ਉਤੇ ਸੜ ਮਰਦਾ ਹੈ। ਇਸਤਰੀ ਆਪਣੇ ਦਿਲ ਦੇ ਚੁਣੇ ਮਹਿਰਮ ਲਈ ਸਦਾ ਲਈ ਮਰ ਮਿਟਦੀ ਹੈ। ਵਿਦਵਾਨ ਤੇ ਕਵੀ ਭਾਈ ਨੰਦ ਲਾਲ ਜੀ ਗੁਰੂ ਗੋਬਿੰਦ ਸਿੰਘ ਦੇ ਦਰਸ਼ਨ ਲਈ ਅਨੰਦਪੁਰ ਪੁਜਦੇ ਹਨ। ਗੁਰੂ ਦੇ ਦਰਸ਼ਨ ਦੀ ਇਕੋ ਝਲਕ ਮਾਤਰ ਉਸ ਲਈ ਕਾਫੀ ਸੀ। ਮਧੂ-ਮੱਖੀ ਪ੍ਰੇਮ ਵਿਚ ਦੀਵਾਨੀ ਹੋ ਚਿੱਟੇ-ਕੰਵਲ ਦੀ ਡੂੰਘੀ ਗੋਦ ਵਿਚ ਜਾ ਸਮਾਈ। ਕਹਿੰਦੇ ਹਨ ਕਿ ਭਾਈ ਨੰਦ ਲਾਲ ਜੀ ਫਿਰ ਅਨੰਦਪੁਰ ਵਿਖੇ ਗੁਰੂ ਦੀ ਹਜ਼ੂਰੀ ਤੋਂ ਕਦੇ ਦੂਰ ਨਹੀਂ ਗਏ।

ਸਿਮਰਨ ਤਾਂ ਉਸ ਲਈ ਪ੍ਰੇਮ ਵਿਚ ਇਕ ਤਰ੍ਹਾਂ ਦੀ ਮੌਤ ਹੈ। ਪਰ ਇਹ ਪ੍ਰੇਮ-ਰੱਤੜੀ ਮੌਤ ਕਿਸੇ ਨੂੰ ਕਦੋਂ ਨਸੀਬ ਹੁੰਦੀ ਹੈ ? ਪ੍ਰਭੂ ਪ੍ਰੀਤਮ ਦੀ ਪਰਮ ਸੁੰਦਰਤਾ ਉਸ ਦੀ ਆਤਮਾ ਉਤੇ ਬਿਜਲੀ ਦੇ ਚਮਕਾਰੇ ਹਾਰ ਆ ਕੂੰਦਦੀ ਹੈ। ਅਜਿਹੇ ਸਮੇਂ ਤਾਂ ਮਨੁੱਖੀ ਸਰੀਰ ਪ੍ਰਮਾਤਮਾ ਦਾ ਵਾਹਨ ਮਾਤਰ ਹੀ ਬਣ ਜਾਂਦਾ ਹੈ।

ਸਾਰੇ ਏਸ਼ੀਆ ਵਿਚ ਇਕ ਵਾਰ ਬੁੱਧ ਜੀ ਦਾ ਮਹਾਂ ਸੰਗੀਤ ਜਾਗ ਉਠਿਆ। ਸਭ ਨੇ ਬੁੱਧ ਵਰਗਾ ਗਰੀਬੀ ਦਾ ਪਿਤੰਬਰੀ ਬਾਣਾ ਧਾਰਨ ਕਰ ਲਿਆ। ਸਭ ਬੁੱਧ ਸਮਾਨ ਨੰਗੇ ਪੈਰੀਂ ਚੱਲਣ ਲੱਗੇ। ਸਭ ਦੇ ਨੈਣ ਆਪਣੇ ਸੁਆਮੀ ਸਮਾਨ ਨਿਰਵਾਣ ਦੇ ਅਕਹਿ ਅਨੰਦ ਵਿਚ ਅਰਧ-ਮੁੰਦੇ ਸਨ। ਇਸ ਪ੍ਰਕਾਰ ਬੁੱਧ-ਭਿਖੂ ਦਾ ਇਹ ਪੀਲਾ ਬਾਣਾ ਉਸ ਕਰੁਣਾ ਤੇ ਪ੍ਰੇਮ ਦੀ ਮੂਰਤੀ ਭਗਵਾਨ ਬੁੱਧ ਦਾ ਬਚੇ-ਖੁਚੇ ਚਿੰਨ੍ਹ ਮਾਤਰ ਹੀ ਹੈ।

ਸਾਨੂੰ ਪੰਜਾਬੀਆਂ ਨੂੰ ਵੀ ਇਕ ਵਾਰ ਗੁਰੂ ਦਾ ਬਾਣਾ ਧਾਰਨ ਕਰਨ ਲਈ ਵੰਗਾਰ ਪਈ। ਅਸੀਂ ਵੀ ਗੁਰੂ ਸਮਾਨ ਦਸਤਾਰਾਂ ਸਜਾਣੀਆਂ ਸ਼ੁਰੂ ਕਰ ਦਿੱਤੀਆਂ। ਉਸ ਸਮਾਨ ਹੀ ਲੰਮੇ ਕੇਸ ਰੱਖਣੇ ਸ਼ੁਰੂ ਕਰ ਦਿੱਤੇ। ਉਸ ਦੇ ਮਨਪਸੰਦ ਰੰਗਾਂ ਨੂੰ ਪਹਿਨਣਾ ਸ਼ੁਰੂ ਕਰ ਦਿੱਤਾ। ਹਾਲੀਂ ਵੀ ਜੋ ਜੋਤ ਉਸ ਨੇ ਸਾਡੀ ਆਤਮਾ ਵਿਚ ਜਗਾਈ ਹੈ, ਸਾਡੇ ਅੰਦਰ ਵਿਦਮਾਨ ਹੈ। ਜਦੋਂ ਇਕ ਜੋਤ ਦੂਜੀ ਨੂੰ ਜਗਾਉਂਦੀ ਹੈ ਤਾਂ ਉਸੇ ਦਾ ਪ੍ਰਤੀਬਿੰਬ ਹੀ ਉਤਪੰਨ ਹੋ ਜਾਂਦਾ ਹੈ।

ਅਸੀਂ ਆਪਣੇ ਚਿਹਰੇ ਮੁਹਰੇ ਵਿਚ ਗੁਰੂ ਦਾ ਸਰੂਪ ਤੇ ਉਸ ਦੀ ਸੂਰਤ ਤੇ ਉਸ ਦੀ ਸੀਰਤ ਨੂੰ ਲਈ ਬੈਠੇ ਹਾਂ। ਜਦ ਮੈਂ ਇਹ ਸੋਚਦਾ ਹਾਂ, ਕਿ ਮੈਂ ਕੌਣ ਹਾਂ ? ਤਾਂ ਮੇਰਾ ਅੰਦਰਲਾ ਕਹਿ ਉਠਦਾ ਹੈ ਕਿ ਮੈਂ ਗੁਰੂ ਦਾ ਹਾਂ।

# ਮਹਾਂ-ਪ੍ਰੇਮ
(ਪੰਜ ਘੋੜ ਸਵਾਰਾਂ ਦੀ ਯਾਦ ਵਿਚ)

## ਜਦ ਮਨੁੱਖ ਅਰੂਪ ਪ੍ਰਭੂ ਦੀ ਆਵਾਜ਼ ਨੂੰ ਸੁਣਦਾ ਹੈ

ਇਸ ਮਹਾਨ ਪ੍ਰੇਮ ਖਿੱਚ ਦਾ ਨਿਸ਼ਾਨਾ ਕੀ ਹੈ ? ਨਿਰਸੰਦੇਹ ਇਹ ਗਿਆਨ ਦੀ ਪ੍ਰਾਪਤੀ ਤੋਂ ਕੋਈ ਵੱਖਰੀ ਵਸਤੂ ਹੈ। ਗਿਆਨ ਕੋਲ ਉਹ ਪੰਖ ਨਹੀਂ ਹਨ ਜਿਨ੍ਹਾਂ ਦੁਆਰਾ ਉਹ ਉਹਨਾਂ ਅਤਿ-ਉਚੀਆਂ ਉਚਾਈਆਂ ਤੱਕ ਪੁੱਜ ਸਕੇ ਜਿਥੇ ਚੰਦਰ-ਪੰਛੀ ਆਪਣੀ ਤੀਬਰ ਇੱਛਾ ਦੁਆਰਾ ਚੰਦਰਮਾ ਤੱਕ ਪੁੱਜ ਕੇ ਉਸ ਨੂੰ ਆਪਣੇ ਖੰਭਾਂ ਹੇਠਾਂ ਢਕ ਲੈਂਦਾ ਹੈ।

ਜੁਗ ਬੀਤ ਗਏ ਹਨ। ਵਿਦਵਾਨਾਂ ਦੀਆਂ ਰਚੀਆਂ ਪੁਸਤਕਾਂ ਨੂੰ ਕੀੜਿਆਂ ਤੇ ਸਿਉਂਕ ਨੇ ਖਾ ਲਿਆ ਹੈ, ਪਰ ਕੋਇਲ ਦੇ ਗੀਤ ਦੀ ਦਰਦ-ਭਿੰਨੀ ਕੂਕ ਕਦੀ ਮਾਂਦੀ ਨਹੀਂ ਪਈ। ਇਹ ਹਾਲੀ ਵੀ ਹੁਨਾਲੇ ਦੇ ਦਿਲ ਨੂੰ ਵਿੰਨ੍ਹ ਜਾਂਦੀ ਹੈ।

ਬੁਲਬੁਲ ਤੇ ਗੁਲਾਬ ਹਾਲੀਂ ਵੀ ਉਸ ਪ੍ਰੇਮ ਬਿਰਹਾ ਵਿਚ ਕੂਕਦੇ ਹਨ, ਜਿਸ ਦਾ ਅਨੰਦ ਸਦੀਵੀ ਹੈ।

ਇਸਤਰੀ ਇਹ ਸੋਚਦੀ ਹੈ ਕਿ ਪ੍ਰੇਮ ਦੁਆਰਾ ਉਹ ਨਵੀਂ ਸਿਰਜਣਾ ਕਰ ਰਹੀ ਹੈ ਅਤੇ ਵਾਰ ਵਾਰ ਆਪਣੇ ਪ੍ਰੀਤਮ ਦੀ ਉਸ ਨੁਹਾਰ ਨੂੰ ਚਿਤਵਦੀ ਹੈ, ਜਿਸ ਨੂੰ ਉਹ ਇਤਨਾ ਤੀਬਰ ਪ੍ਰੇਮ ਕਰਦੀ ਹੈ, ਪਰ ਉਸ ਦੇ ਦਿਲ ਵਿਚ ਨਿਰਛਲਤਾ ਪਈ ਪਲਦੀ ਹੈ। ਜੋ ਉਸ ਨੂੰ ਦੁੱਧ ਅੰਮ੍ਰਿਤ ਦੇਣ ਵਾਲਾ ਜੀਵਨ ਬਖ਼ਸ਼ਦੀ ਹੈ, ਪਰ ਇਸ ਬਾਰੇ ਉਹ ਆਪ ਅਗਿਆਤ ਹੁੰਦੀ ਹੈ।

ਪ੍ਰੇਮ-ਰੱਤੜਾ ਜਿਉੜਾ ਇਸ ਅਰੂਪ ਦੀ ਆਵਾਜ਼ ਨੂੰ ਸੁਣਦਾ ਹੈ। ਉਸ ਦਾ ਪਿੱਛਾ ਕਰਦਾ ਹੈ, ਉਹ ਉਸ ਪਵਿੱਤਰ ਧਾਮ 'ਤੇ ਪੁੱਜ ਜਾਂਦਾ ਹੈ, ਜਿਥੇ ਚੰਨ ਤੇ ਸੂਰਜ ਉਸ ਨੂੰ ਝੁਕ ਝੁਕ ਸਲਾਮ ਕਰਦੇ ਹਨ ਅਤੇ ਸਭ ਆ ਕੇ ਉਸ ਦੇ ਚਰਨ ਚੁੰਮਦੇ ਹਨ। ਉਸ ਅੰਦਰ ਸਾਰੀ ਸ੍ਰਿਸ਼ਟੀ ਆ ਜੁੜਦੀ ਹੈ, ਕਿਉਂਜੋ ਹੁਣ ਉਹ ਮਹਾਂ-ਮੰਦਰ ਬਣ ਚੁੱਕਾ ਹੈ ਜਿਥੇ ਦੇਵਤੇ ਵੀ ਆ ਕੇ ਪੂਜਾ ਕਰਦੇ ਹਨ। ਤਾਰੇ ਆ ਕੇ ਧੂਪ ਬਾਲਦੇ ਹਨ। ਸਾਰੇ ਉਸ ਵਿਚੋਂ ਮੁਸਲਮਾਨਾਂ ਦੀ ਈਦ ਦੇ ਚੰਨ ਸਮਾਨ ਪ੍ਰਭੂ ਦੇ ਦਰਸ਼ਨ ਕਰਦੇ ਹਨ।

ਜਦੋਂ ਅਜਿਹਾ ਧਰਮ ਇਕ ਸ਼ਕਤੀ ਬਣ ਜਾਂਦਾ ਹੈ ਤਾਂ ਉਹ ਇਕ ਫੁਰਨੇ ਮਾਤਰ ਨਾਲ ਪਰਬਤ ਦੀਆਂ ਪਸਲੀਆਂ ਤੋੜ ਸਕਦਾ ਹੈ। ਆਪਣੇ ਦੁੱਧ-ਚਿੱਟੇ ਲਿਲੀ ਵਰਗੇ ਕੋਮਲ ਹੱਥਾਂ ਵਿਚ ਮਸਲ ਕੇ ਉਹ ਨਫਰਤ ਉਤੇ ਉਸਰੀਆਂ ਸਲਤਨਤਾਂ ਨੂੰ ਭਸਮ ਕਰ ਸਕਦਾ ਹੈ। ਉਸ ਦੀਆਂ ਪ੍ਰਾਰਥਨਾਵਾਂ ਵਿਚ

ਮਹਾਂਦੀਪਾਂ ਤੇ ਕੌਮਾਂ ਦੇ ਜੀਵਨ ਤੇ ਮੌਤ ਦਾ ਰਹੱਸ ਛਿਪਿਆ ਹੁੰਦਾ ਹੈ।

## ਪ੍ਰਭੂ ਦੀ ਚਮਕਦੀ ਕਿਰਪਾਨ

ਇਕ ਗਰੀਬੜਾ ਵਿਅਕਤੀ ਜਿਸ ਦੇ ਲੀੜੇ ਪਾਟੇ ਹੋਏ ਸਨ, ਜੋ ਕਠੋਰ ਮੌਸਮ ਵਿਚ ਉਸ ਦੀ ਰੱਖਿਆ ਨਹੀਂ ਸਨ ਕਰ ਸਕਦੇ। ਉਸ ਦੀ ਚਮੜੀ ਤਰੇੜੀ ਹੋਈ ਸੀ, ਪਰ ਉਸ ਦੇ ਨੈਣਾਂ ਵਿਚ ਤਾਰਿਆਂ ਵਾਲੀ ਲਿਸ਼ਕ ਸੀ। ਇਕ ਵਾਰ ਉਹ ਇਕ ਅਭਿਮਾਨੀ ਧਨਾਢ ਕੋਲ ਭੀਖ ਮੰਗਣ ਲਈ ਗਿਆ। ਮੰਗਣਾ ਬੁਰੀ ਚੀਜ਼ ਹੈ, ਪਰ ਉਸ ਨੂੰ ਮੰਗਣ ਵਿਚ ਸੁਆਦ ਆਉਂਦਾ ਸੀ। ਅਮੀਰ ਆਦਮੀ ਨੇ ਉਸ ਫ਼ਕੀਰ ਨੂੰ ਅਣਗੌਲਿਆ ਕਰ ਛੱਡਿਆ ਅਤੇ ਉਸ ਵੱਲ ਕੋਈ ਧਿਆਨ ਨਾ ਦਿੱਤਾ। ਤਾਰੇ ਵਰਗੇ ਨੈਣਾਂ ਵਾਲਾ ਇਹ ਮਨੁੱਖ ਉਸ ਦੇ ਦੁਆਰੇ ਉਤੇ ਭੀਖ ਮੰਗਣ ਲਈ ਪੁਕਾਰਦਾ ਰਿਹਾ। ਉਸ ਅਮੀਰ ਸੌਦਾਗਰ ਨੇ ਅਚਾਨਕ ਦੇਖਿਆ ਕਿ ਉਸ ਬੇਪ੍ਰਵਾਹ ਤੇ ਪਾਟੇ ਕੱਪੜਿਆਂ ਵਾਲੇ ਅੱਖਾਂ ਵਿਚ ਸੁਪਨੇ ਲਈ ਬੈਠੇ ਵਿਅਕਤੀ ਦੇ ਪਿੱਛੇ ਇਕ ਹੋਰ ਲੰਮੇ ਕੇਸਾਂ ਵਾਲਾ ਪੁਰਸ਼ ਖੜ੍ਹਾ ਹੈ ਅਤੇ ਉਸ ਦੇ ਇਸ ਆਤਮਾ ਜਾਏ ਪੁੱਤਰ ਵੱਲ ਸੌਦਾਗਰ ਦੇ ਧਿਆਨ ਨਾ ਦੇਣ ਉਤੇ ਅਤੇ ਉਸ ਦੀ ਹੇਠੀ ਕਰਨ ਉਤੇ ਉਹ ਗੁੱਸੇ ਵਿਚ ਹੈ। ਉਸ ਅਦ੍ਰਿਸ਼ਟ ਪੁਰਖ ਦੇ ਹੱਥਾਂ ਵਿਚ ਇਸ ਅਭਿਮਾਨੀ ਸੌਦਾਗਰ ਦਾ ਸਾਰਾ ਸ਼ਹਿਰ ਭੈਅਭੀਤ ਹੋਇਆ ਕੰਬ ਰਿਹਾ ਸੀ, ਜਿਸ ਨੂੰ ਉਹ ਰੱਖਿਅਕ ਪੁਰਸ਼ ਰਸਾਤਲ ਵੱਲ ਸੁੱਟਣ ਲਈ ਤਿਆਰ ਸੀ। ਇਹ ਵੇਖ ਕੇ ਕਿ ਉਚੀਆਂ ਸਿਖਰਾਂ ਦੀ ਦੰਦੀ ਉਤੇ ਉਸ ਦੀ ਹੋਣੀ ਡਾਵਾਂ ਡੋਲ ਹੈ, ਉਹ ਅਭਿਮਾਨੀ ਸੌਦਾਗਰ ਡਰ ਵਿਚ ਕੰਬਣ ਲੱਗਾ। ਇਹ ਤਾਰੇ ਵਰਗੇ ਨੈਣਾਂ ਵਾਲਾ ਵਿਅਕਤੀ ਇਕੱਲਾ ਨਹੀਂ ਸੀ। ਦ੍ਰਿਸ਼ਟਾਂਤ ਰੂਪ ਵਿਚ ਕਹਿਣਾ ਹੋਵੇ ਤਾਂ ਬਾਦਸ਼ਾਹ ਆਪਣੇ ਸੇਵਕਾਂ ਦੀ ਹੇਠੀ ਹੁੰਦੀ ਵੇਖ ਕੇ ਲੜਾਈ ਕਰਨ ਲਈ ਵੀ ਤਿਆਰ ਹੋ ਜਾਂਦਾ ਹੈ। ਅਜਿਹੀ ਸਥਿਤੀ ਵਿਚ ਪ੍ਰਭੂ ਵੀ ਅ-ਸਹਿਣਸ਼ੀਲ ਹੋ ਜਾਂਦਾ ਹੈ ਤੇ ਆਪਣੀ ਲਿਸ਼ਕਦੀ ਤਲਵਾਰ ਸੂਤ ਲੈਂਦਾ ਹੈ।

## ਸੰਤ ਜਨਾਂ ਦਾ ਨਿਰਮਲ ਗੀਤ

ਸੰਤ ਜਨਾਂ ਦਾ ਨਾਮ ਰੱਤਾ ਜੀਵਨ ਦਿਨ ਰਾਤ ਪ੍ਰਭੂ ਦਾ ਗੁਣ ਗਾਇਨ ਕਰਦਾ ਹੈ। ਕਬੀਰ ਜੀ ਕਹਿੰਦੇ ਹਨ :

"ਸੰਤ ਜਨਾਂ ਦੇ ਨਿਰਮਲ ਗੀਤ ਨਾਲ ਤਨ ਰੂਪੀ ਮੰਦਰ ਪਵਿੱਤਰ ਹੋ ਜਾਂਦਾ ਹੈ।"

"ਨਹੀਂ ਨਹੀਂ, ਸਾਰਾ ਦੇਸ ਹੀ ਇਸ ਦੂਧੀਆ ਚਾਨਣ ਦੇ ਪ੍ਰਕਾਸ਼ ਵਿਚ ਧੋਤਾ ਜਾਂਦਾ ਹੈ।"

## ਸੰਤ ਪੁਰਸ਼ ਦਾ ਰਹੱਸ

ਪ੍ਰਸ਼ਨ :

ਸ੍ਰੀ ਮਾਨ ਜੀ,
ਤੁਸੀਂ ਕਿਹੜੀ ਅਮੋਲਕ
ਵੱਥ ਦੇ ਹੋ ਸੁਆਮੀ ?
ਤੁਹਾਡੇ ਨੈਣਾਂ ਵਿਚ ਉਹ ਮਸਤੀ,
ਜੋ ਆਕਾਸ਼ ਦੇ ਮਧੂ ਪਿਆਲੇ
ਵਿਚ ਚਮਕ ਰਹੀ ਹੈ।
ਤੁਹਾਡੇ ਮੁਖੜੇ ਉਤੇ
ਸੂਹੇ ਗੁਲਾਬਾਂ ਵਾਲਾ ਖੇੜਾ
ਚਮਕ ਰਿਹਾ ਹੈ।
ਜਿਸ ਦੀ ਭਿੰਨੀ ਮਹਿਕ
ਇਸ ਧਰਤੀ ਨੂੰ
ਕਦੇ ਵੀ ਨਹੀਂ ਹੋਈ ਨਸੀਬ।

ਸੰਤ ਪੁਰਸ਼ ਦਾ ਉਤਰ

ਸੱਜਣਾ !
ਮੈਂ ਤਾਂ ਆਪਣਾ
ਲਿਖ ਨਾ ਸਕਦਾ ਨਾਂਵਾਂ
ਮੈਂ ਤਾਂ ਅਨਪੜ੍ਹ ਹਲਵਾਹਕ ਪੰਜਾਬੀ
ਮੈਂ ਤਾਂ ਗੁਰੂ ਦਾ ਸਿੱਖ ਨਿਮਾਣਾ
ਜੋ ਤੇਰੇ ਪ੍ਰਸ਼ਨ ਦੀ ਸਾਰ
ਨਾ ਜਾਣਾ !
ਮੈਂ ਤਾਂ ਇਕ ਨਿਮਾਣਾ ਸਿੱਖ ਗੁਰੂ ਦਾ
ਪਰ ਵੇਖੀਂ ਮੇਰੇ ਅਗਿਆਨ
ਤੇ ਨਿਮਰਤਾ ਨੂੰ ਤੱਕ ਕੇ
ਰਹੀਂ ਨਾ ਵਿਚ ਕਿਸੇ ਭੁਲੇਖੇ !
ਜਦ ਵੀ ਮੈਂ ਗੁੱਸੇ ਆ ਕੇ
ਹੋਵਾਂ ਕਹਿਰਵਾਨ
ਤਾਂ ਜ਼ੁਲਮੀਂ ਸਲਤਨਤਾਂ ਦੀਆਂ ਬੰਸਾਂ
ਕਰਦਾ ਇਵੇਂ ਨਾਸ
ਜਿਵੇਂ ਹੱਥ ਵਿਚ ਫੜ
ਕਾਗ਼ਜ਼ ਦਾ ਟੁਕੜਾ
ਰੱਦੀ ਸਮਝ ਕੇ ਦੇਵਾਂ ਪਾੜ।
ਇੰਜ ਜਬਰ-ਜ਼ੁਲਮ ਦਾ ਕਰਕੇ ਅੰਤ
ਤੋਰਾਂ ਇਕ ਹੋਰ ਨਵਾਂ ਰਾਜਬੰਸ

ਜਿਸ ਦੇ ਰਾਜ ਵਿਚ ਮਨੁੱਖਤਾ
ਲਵੇ ਸੁਖ ਦਾ ਸਾਹ
ਹਰ ਮਨੁੱਖ ਦੇ ਬੱਚੇ ਨੂੰ
ਮਿਲੇ ਦਿਆ, ਪ੍ਰੇਮ ਤੇ ਨਿਆਂ।
ਮੇਰੇ ਇਕ ਹੌਕੇ ਦੇ ਅੰਦਰ
ਵਸਦੇ ਮੇਘ ਅਨੇਕ
ਜਿਹੜੇ ਮਿਹਰ ਦੀ ਵਰਖਾ ਕਰਕੇ
ਧੋ ਦਿੰਦੇ ਧਰਤ ਦੀ ਕਾਇਆ
ਮੇਟਣ ਸਭ ਕਲੇਸ਼ !
ਮੇਰੇ ਨੈਣਾਂ ਦੇ ਹੰਝੂਆਂ ਤੋਂ
ਵਹਿੰਦੀਆਂ ਸਿੰਧੂ-ਧਾਰਾਂ
ਜੋ ਮਨੁੱਖਤਾ ਦੀਆਂ ਸਹੰਸਰ ਪੁਸ਼ਤਾਂ ਉੱਤੇ
ਕਰਕੇ ਬਖ਼ਸ਼ਿਸ਼,
ਸੀਤਲਤਾ ਦੀਆਂ ਵੰਡਣ ਫੁਹਾਰਾਂ।

ਸੱਜਣਾ !
ਮੈਂ ਤਾਂ ਆਪਣਾ
ਲਿਖ ਨਾ ਸਕਦਾ ਨਾਂਵਾਂ
ਮੈਂ ਤਾਂ ਅਨਪੜ੍ਹ ਹਲਵਾਹਕ ਪੰਜਾਬੀ,
ਮੈਂ ਤਾਂ ਗੁਰੂ ਦਾ ਸਿੱਖ ਨਿਮਾਣਾ
ਤੇਰੇ ਇਸ ਗੂੜ੍ਹ ਪ੍ਰਸ਼ਨ ਦੀ
ਸਾਰ ਕੀ ਜਾਣਾਂ ?
ਪਰ ਸੱਜਣਾ ਡਰ ਨਾ ਮੈਥੋਂ,
ਮੈਂ ਤਾਂ ਇਤਨੇ ਕੋਮਲ ਹਿਰਦੇ ਵਾਲਾ
ਜਿਤਨਾ ਮਾਂ ਆਪਣੇ ਬੱਚੇ ਨੂੰ
ਕਰਦੀ ਪਿਆਰ,
ਕਰਦੀ ਆਪਣੇ ਸੁਤ ਦੇ
ਕਈ ਅਪਰਾਧ ਮੁਆਫ਼,
ਮੈਂ ਤਾਂ ਹਾਂ ਇਤਨਾ ਗੁਣਕਾਰੀ
ਜਿਤਨਾ ਹੁੰਦਾ ਨਿਰਮਲ ਜਲ
ਕਰੇ ਜੋ ਮੈਲੇ ਬਦਨਾਂ ਤਾਈਂ ਸਾਫ਼।
ਮੇਰੇ ਹਿਰਦੇ ਅੰਦਰ ਵਸਦਾ
ਪ੍ਰੇਮ ਦਾ ਉਹ ਮਹਾਂ-ਪਵਿੱਤਰ ਸੋਮਾ
ਜਿਸ ਦਾ ਸੂਰਜ ਦੇ ਵਿਚ ਨਿਵਾਸ

ਤੇ ਮੈਂ ਤੁਹਾਨੂੰ ਕਰਦਾ ਹਾਂ
ਇੰਜ ਪਿਆਰ
ਜਿਵੇਂ
ਸੂਰਜ ਧਰਤ ਦੇ ਸਾਰੇ ਫੁੱਲਾਂ ਨੂੰ
ਵੰਡ ਕੇ ਆਪਣਾ ਪ੍ਰੇਮ
ਹੋਵੇ ਬਲਿਹਾਰ।
ਪਰ ਸੱਜਣਾ !
ਹੈ ਨਹੀਂ
ਤੁਹਾਡੇ ਕੋਲ ਉਹ ਅੱਖ
ਸਕੇ ਜੋ ਮੇਰੇ ਇਸ ਦੁੱਧ-ਧੋਤੇ
ਚਿੱਟੇ ਪ੍ਰੇਮ ਨੂੰ ਲੱਖ

ਸੱਜਣਾ !
ਮੈਂ ਤਾਂ ਆਪਣਾ
ਲਿਖ ਨਾ ਸਕਦਾ ਨਾਂਵਾਂ
ਮੈਂ ਤਾਂ ਅਨਪੜ੍ਹ ਹਲਵਾਹਕ ਪੰਜਾਬੀ,
ਮੈਂ ਤਾਂ ਗੁਰੂ ਦਾ ਸਿੱਖ ਨਿਮਾਣਾ
ਤੇਰੇ ਇਸ ਗੂੜ੍ਹ ਪ੍ਰਸ਼ਨ ਦੀ
ਸਾਰ ਕੀ ਜਾਣ ?
ਸੱਜਣਾ !
ਮੇਰੀ ਨਹੀਂ ਹੈ ਕੋਈ ਭਾਸ਼ਾ
ਨਾ ਹੀ ਗਗਨ,
ਨਾ ਹੀ ਤਾਰੇ;
ਕੋਈ ਬੋਲੀ ਬੋਲ ਨੇ ਸਕਦੇ
ਕਿਸੇ ਪ੍ਰਸ਼ਨ ਦਾ ਉਤਰ
ਦੇ ਨਾ ਸਕਦੇ,
ਪਰ ਆ !
ਮੇਰੇ ਮੀਤ ਪਿਆਰੇ,
ਤੈਨੂੰ ਮੈਂ ਦਿਖਾਵਾਂ
ਜੋ ਕੁਝ ਮੇਰੇ ਅੰਦਰ ਲੁਕਿਆ,
ਇਸ ਕਾਲ ਦੇ ਪਰਦੇ ਪਿੱਛੇ
(ਜਿਸ ਨੂੰ ਕਿਹਾ ਗੁਰਾਂ ਨੇ ਕੂੜ ਦੀ ਪਾਲ)
ਤੂੰ ਤੇ ਮੈਂ ਹਾਂ ਇਕੋ ਜਾਤ।
ਕੀ ਕਦੀ ਤੁਸੀਂ ਹੈ

ਆਪਣੇ ਆਪ ਨੂੰ ਜਾਤਾ
ਕਰਕੇ ਆਤਮ-ਪਛਾਣ ?
ਆ ਤੈਨੂੰ ਮੈਂ ਵਿਖਾਵਾਂ ਕਿ
ਤੂੰ ਵਸੇਂ ਮੇਰੇ ਨੈਣਾਂ ਅੰਦਰ
ਦਿਲ ਮੇਰੇ ਵਿਚ ਵੀ ਤੇਰਾ ਵਾਸਾ।

ਪਰ ਮੇਰੇ ਮੀਤ ਪਿਆਰੇ !
ਡਰ ਨਾ ਮੈਥੋਂ,
ਆ !
ਮੈਂ ਤੇਰੀਆਂ ਥੱਕੀਆਂ ਜੰਘਾਂ ਤਾਈਂ
ਮੁੱਠੀ ਚਾਪੀ ਕਰਕੇ ਦੇਵਾਂ ਆਰਾਮ
ਤੇ ਆਪਣੇ ਨੈਣਾਂ ਵਿਚਲੀ
ਠੰਡੀ ਛਾਂ ਦੇ ਨਾਲ
ਤੇਰੇ ਜੁੱਸੇ ਤਾਈਂ
ਕਰ ਦਿਆਂ ਠੰਡਾ ਠਾਰ।
ਆ !
ਮੈਂ ਤੇਰੇ ਕੇਸਾਂ ਵਿਚ ਕੰਘੀ ਵਾਹਵਾਂ
ਤੇ ਊਹਨਾਂ ਤਾਈਂ ਸ਼ਿੰਗਾਰਾਂ
ਕਰਕੇ ਸਿੱਧੇ ਪੱਧਰੇ
ਤੇ ਤੇਰੀ ਅੰਤਰ-ਆਤਮਾ ਤਾਈਂ
ਸੁਖ ਪੁਚਾਵਾਂ।

ਸੱਜਣਾ !
ਮੈਂ ਤਾਂ ਆਪਣਾ
ਲਿਖ ਨਾ ਸਕਦਾ ਨਾਂਵਾਂ,
ਮੈਂ ਤਾਂ ਅਨਪੜ੍ਹ ਹਲਵਾਹਕ ਪੰਜਾਬੀ,
ਮੈਂ ਗੁਰੂ ਦਾ ਸਿੱਖ ਨਿਮਾਣਾ,
ਤੇਰੇ ਇਸ ਗੂੜ੍ਹ ਪ੍ਰਸ਼ਨ ਦੀ
ਸਾਰ ਕੀ ਜਾਣਾ ?

ਸੱਜਣਾ !
ਮੇਰੀ ਨਹੀਂ ਹੈ ਕੋਈ ਭਾਸ਼ਾ
ਨਾ ਨਦੀਆਂ, ਨਾ ਬੱਦਲ,
ਨਾ ਹੀ ਪਰਬਤਾਂ ਸੰਦੇ

ਵਣ ਤੇ ਜੰਗਲ,
ਕੋਈ ਬੋਲੀ ਬੋਲ ਨੇ ਸਕਦੇ
ਤੇਰੇ ਗੂੜ੍ਹ ਪ੍ਰਸ਼ਨ ਦਾ
ਦੇ ਨਾ ਸਕਦੇ ਉਤਰ।
ਪਰ ਮੇਰੇ ਮੀਤ ਪਿਆਰੇ !
ਆ, ਮੈਂ ਤੈਨੂੰ ਆਪਣੇ ਅੰਦਰ ਦੇ
ਉਸ ਚਸ਼ਮੇਂ ਤਾਈਂ ਵਿਖਾਵਾਂ
ਜੋ ਮੇਰੇ ਹਿਰਦੇ ਅੰਦਰੋਂ
ਵਹਿ ਤੁਰਿਆ ਹੈ
ਤੇ ਲੈ ਜਾਵਾਂ ਮੈਂ ਤੈਨੂੰ ਉਥੇ
ਜਿਥੇ ਸ਼ਾਂਤ ਇਕਾਂਤ ਵਿਚ
ਅਤਿ ਪਿਆਰੇ ਸਾਵੇ ਪੱਤਰ
ਮੌਲ ਰਹੇ ਨੇਂ
ਤੇ ਕਰ ਰਹੇ ਨੇ
ਚਿੱਟੀਆਂ ਰਿਸ਼ਮਾਂ ਨਾਲ ਸੰਵਾਦ।
ਆ !
ਮੇਰੇ ਮੀਤ ਪਿਆਰੇ
ਆ, ਮੈਂ ਤੈਨੂੰ ਆਪਣੇ ਦਿਲ ਦੀ ਗੁਫ਼ਾ ਦੇ
ਦਰਸ਼ਨ ਕਰਾਵਾਂ
ਜਿਸ ਤਾਈਂ ਨਿਹਾਰ ਤੂੰ
ਮੋਨ ਸ਼ਾਂਤੀ ਵਿਚ ਗੁਆਚਾ
ਵਾਹੁ ਵਾਹੁ ਕੂਕ ਉਠੇਂਗਾ
ਹੋਵੇਂਗਾ ਬਲਿਹਾਰ !
ਇਸ ਗੁਫ਼ਾ ਦੇ ਅੰਦਰ
ਤਾਰਿਆਂ ਜੜਿਆ
ਸਗਲ ਗਗਨ ਹੈ ਜੁੜਿਆ
ਜਿਥੇ ਪ੍ਰਭੂ ਸੱਚੇ ਦਾ ਹੈ ਵਾਸਾ
ਕੰਮੀਂ ਰੁੱਝੇ ਕਿਰਤੀਆਂ ਕਾਮਿਆਂ ਅੰਦਰ
ਪਰ ਜਿਸ ਨੂੰ ਸਾਡੀ ਨਾਸ਼ਵੰਤ ਇਹ ਅੱਖ
ਵੇਖ ਨਾ ਸਕਦੀ
ਨਾ ਹੀ ਉਹ ਜਾਣ ਨੇ ਸਕਦੇ
ਜੋ ਉਸ ਦੇ ਚਰਨ-ਕੰਵਲਾਂ ਸੰਗ
ਲਿਪਟ ਰਹੇ ਨੇ।

ਸੱਜਣਾ !
ਮੈਂ ਤਾਂ ਆਪਣਾ
ਲਿਖ ਨਾ ਸਕਦਾ ਨਾਂਵਾਂ,
ਮੈਂ ਤਾਂ ਅਨਪੜ੍ਹ ਹਲਵਾਹਕ ਪੰਜਾਬੀ,
ਮੈਂ ਤਾਂ ਗੁਰੂ ਦਾ ਸਿੱਖ ਨਿਮਾਣਾ,
ਮੈਂ ਤੇਰੇ ਇਸ ਗੂੜ੍ਹ ਪ੍ਰਸ਼ਨ ਦੀ
ਸਾਰ ਕੀ ਜਾਣਾਂ ?

ਉਹ ਆਏ ਸੰਨ ਆਰਾ ਫੜ ਕੇ
ਜਿਨ੍ਹਾਂ ਇਕ ਗੁਰਸਿੱਖ ਨੂੰ
ਲੱਕੜੀ ਦੇ ਸ਼ਹਿਤੀਰ ਵਾਂਗ
ਚੀਰ ਕੇ ਆਰੇ ਨਾਲ
ਕੀਤਾ ਸੀ ਦੋਫਾੜ।
ਪਰ ਗੁਰੂ ਦਾ ਸਿੱਖ
'ਵਾਹੁ ਵਾਹੁ' ਦੀ ਨਾਮ ਧੁਨੀ
ਰਿਹਾ ਉਚਰਦਾ ਵਿਚ ਮਧੁਰ-ਸੰਗੀਤ।
ਜਦ ਉਹ ਉਸ ਨੂੰ ਆਰੇ ਨਾਲ
ਚੀਰ ਰਹੇ ਸਨ;
ਨਿਰਾ ਮਨੁੱਖ ਤਾਂ ਕੋਈ
ਐਸੀ ਅਸਹਿ ਪੀੜ ਨੂੰ ਜਰ ਕੇ
ਇਸ ਅਕਹਿ ਕਸ਼ਟ ਨੂੰ ਸਹਿ ਕੇ
ਐਸੀ ਔਖੀ ਘੜੀ ਦੇ ਅੰਦਰ
ਕਿਵੇਂ ਇਤਨੀ ਮਿੱਠੀ ਨਾਮ-ਧੁਨੀ ਦੇ
ਮਧੁਰ-ਸੰਗੀਤ ਨੂੰ
ਹੈ ਸਕਦਾ ਉਚਾਰ।
ਜਦ ਉਹ ਆਰੇ ਨਾਲ ਚੀਰ ਕੇ
ਉਸ ਨੂੰ ਕਰ ਰਹੇ ਹੋਣ ਦੋਫਾੜ।
ਇਹ ਤਾਂ ਹੋ ਨਹੀਂ ਸਕਦਾ
ਕੋਈ ਨਿਰਾ ਮਨੁੱਖ !

ਨਿਰਾ ਮਨੁੱਖ ਮਰ ਚੁੱਕਾ ਸੀ,
ਉਸ ਦੀ ਮ੍ਰਿਤਕ ਦੇਹ ਨੂੰ
ਦੇਵਤਿਆਂ ਨੇ ਆਪਣੀ ਗੋਦੀ ਵਿਚ
ਸੀ ਪਾਇਆ

ਤੇ ਗਗਨ ਮੰਡਲ ਦੇ ਵਾਸੀਆਂ
ਉਸ ਦੀ 'ਵਾਹਿਗੁਰੂ ਵਾਹਿਗੁਰੂ' ਦੀ
ਨਾਮ-ਧੁਨੀ ਦੇ ਮਹਾਂ-ਸੰਗੀਤ ਨੂੰ
ਵਿਚ ਬਿਬਾਣ ਸਜਾਇਆ
ਤੇ ਇਸੇ 'ਵਾਹੁ ਵਾਹੁ' ਦੀ
ਨਾਮ-ਧੁਨੀ ਦਾ
ਕਰਨ ਲੱਗੇ ਸੀ ਜਾਪ।
ਜਦ ਉਹ ਉਸ ਗੁਰਸਿੱਖ ਦੀ
ਦੇਹ ਨੂੰ ਚੀਰ ਰਹੇ ਸਨ
ਆਰੇ ਨਾਲ
ਵਾਂਗ ਸ਼ਹਿਤੀਰੀ ਚੀਰ ਚੀਰ ਕੇ
ਕਰਦੇ ਸਨ ਦੋਫਾੜ
ਤਾਂ ਉਹ ਗੁਰਸਿੱਖ
'ਵਾਹੁ ਵਾਹੁ' ਦੀ ਮਧੁਰ-ਧੁਨੀ ਨੂੰ
ਰਿਹਾ ਸੀ ਉਚਾਰ।
ਕੇਵਲ ਕੋਈ ਨਿਰੀ ਮਨੁੱਖ ਦੀ ਜਾਤ
ਸਹਿ ਨਹੀਂ ਸਕਦੀ
ਅਜਿਹੇ ਅਸਹਿ ਕਸ਼ਟ ਨੂੰ।
ਇਕ ਵਾਰ ਜਦ ਡਾਕੂਆਂ ਆ ਕੇ
ਕੀਤੀ ਸੀ ਲੁੱਟ-ਮਾਰ
ਤੇ ਗੁਰਸਿੱਖ ਦਾ ਲੁੱਟ ਲਿਆ ਸੀ
ਸਾਰਾ ਧਨ ਤੇ ਮਾਲ।
ਲੁੱਟਣ ਪਿੱਛੋਂ ਪੁੱਟ ਕੇ ਡੂੰਘਾ ਟੋਆ
ਉਸ ਨੂੰ
ਉਸ ਵਿਚ ਦਿੱਤਾ ਸੀ ਖਲਿਆਰ,
ਗੋਡੇ ਗੋਡੇ ਮਿੱਟੀ ਸੁੱਟ ਕੇ ਦਬਿਆ
ਤੇ ਇੰਜ ਕਰਕੇ ਲੁੱਟ ਦਾ ਮਾਲ
ਲੈ ਕੇ ਸਨ ਨੱਠੇ
ਤਾਂ ਵੀ ਉਹ ਗੁਰਸਿੱਖ
'ਵਾਹੁ ਵਾਹੁ' ਦੀ ਨਾਮ-ਧੁਨੀ
ਰਿਹਾ ਉਚਰਦਾ
ਤੇ ਇੰਜ ਆਖੇ,
''ਮਿੱਤਰੋ !
ਜਦ ਤੱਕ ਮੇਰੀ ਰਸਨਾ

'ਵਾਹੁ ਵਾਹੁ' ਦੀ ਨਾਮ-ਧੁਨੀ ਨੂੰ ਜਪ ਕੇ
ਗੁਰੂ ਦਾ ਕਰ ਰਹੀ ਹੋਵੇ ਸਿਮਰਨ
ਤਾਂ ਇਸ 'ਸੁਖਮਨੀ' ਵਿਚੋਂ
ਮਿਲ ਜਾਂਦੀ ਹੈ
ਮਨ ਦੀ ਅਥਾਹ ਸ਼ਾਂਤੀ।''

ਸੱਜਣਾ !
ਮੈਂ ਲਿਆ ਪ੍ਰਣ
ਪ੍ਰਭੂ ਖ਼ਾਤਰ ਜੀਣ ਥੀਣ ਦਾ,
ਮੈਂ ਲਿਆ ਹੈ ਪ੍ਰਣ
ਉਸ ਪ੍ਰਭੂ-ਪ੍ਰੀਤਮ ਦੀ ਖ਼ਾਤਰ ਮਰਨ ਦਾ,
ਪਰ ਪ੍ਰਭੂ-ਪ੍ਰੀਤਮ ਦੇ
ਮਹਾਂ-ਸੰਗੀਤ ਦੀਆਂ ਇਹ ਹਨ
ਮੇਰੀਆਂ ਉਧੜ ਗੁਧੜ ਧੁਨੀਆਂ,
ਜਿਨ੍ਹਾਂ ਦੇ ਮਨੋਰਥਾਂ ਦੀ,
ਪੂਰਤੀ ਬਾਰੇ,
ਮੈਂ ਕੁਝ ਵੀ ਨਾ ਜਾਣਾ
ਮੈਂ ਉਹੋ ਕੁਝ ਹਾਂ ਕਰਦਾ
ਜੋ ਕੁਝ ਉਹ ਮੈਥੋਂ ਆਣ ਕਰਾਵੇ,
ਮੇਰੇ ਅੰਦਰ ਵਸ ਕੇ
ਜਿੱਦਾਂ ਕਰੇ ਆਦੇਸ਼
ਉਸੇ ਤਰ੍ਹਾਂ ਹੀ
ਮੈਂ ਪਿਆ ਕਾਰ ਕਮਾਵਾਂ।
ਜਿਧਰ ਮੈਨੂੰ ਘੱਲੇ
ਉਧਰ ਹੀ ਮੈਂ ਤੁਰਿਆ ਜਾਵਾਂ।
ਜਦ ਉਹ ਮੈਨੂੰ ਸੱਦਾ ਘੱਲੇ
ਤਾਂ ਮੈਂ ਤੋੜਾਂ ਸਾਰੇ ਬੰਧਨ
ਮੋਹ, ਮਮਤਾ ਤੇ ਹਉਮੈ ਵਾਲੇ
ਜਿਵੇਂ ਕਰਾਵੇ ਤੇ ਰਹਾਵੇ
ਤਿਵੇਂ ਹੀ ਮੈਂ ਕਰਦਾ
ਤੇ ਰਹਿੰਦਾ ਉਸ ਦੀ ਵਿਚ ਰਜ਼ਾ।

ਮੈਂ ਪ੍ਰਭੂ-ਪ੍ਰੀਤਮ ਦੀ ਖ਼ਾਤਰ
ਪ੍ਰੇਮ ਦੇ ਨੇਮ ਦਾ ਪ੍ਰਣ ਲਿਆ ਹੈ

ਤੇ ਸੇਜਲ ਨੈਣਾਂ ਨਾਲ
ਸੜਕ ਕਿਨਾਰੇ ਬੈਠਾ
ਕਰ ਰਿਹਾ ਹਾਂ ਮੈਂ
ਪ੍ਰਭੂ-ਪ੍ਰੀਤਮ ਦੀ ਉਡੀਕ।
ਪਰ ਜਦ ਉਹ ਮੈਨੂੰ
ਮੇਰਾ ਪ੍ਰੀਤਮ ਪਿਆਰਾ
ਆ ਕੇ ਦਰਸ਼ਨ ਦਿੰਦਾ,
ਤਾਂ ਮੈਂ ਭੁੱਲ ਭੁਲਾ ਕੇ
ਸਾਰੇ ਰਸਮਾਂਚਾਰ, ਸਿਸ਼ਟਾਚਾਰ
ਪ੍ਰੇਮ ਵਿਚ ਬਉਰਾ ਹੋ ਜਾਂਦਾ
ਜਿਵੇਂ ਹੋਵੇ ਕੋਈ ਮਸਤਾਨਾ
ਤੇ ਪ੍ਰੇਮ ਦੀਵਾਨਾ।

## ਅਲੱਖ ਨੂੰ ਲੱਖ ਸਕਣ ਵਾਲਾ ਬ੍ਰਹਮ-ਗਿਆਨੀ

ਅਕਾਲੀ ਸਿੰਘ ਮਿੱਟੀ ਪੁੱਟ ਕੇ ਸੜਕ ਬਣਾ ਰਿਹਾ ਸੀ। ਮੁੜ੍ਹਕੋ ਮੁੜ੍ਹਕੀ ਹੋਇਆ ਉਹ ਰੋੜੀ ਕੁੱਟ ਰਿਹਾ ਸੀ ਅਤੇ ਇਕੱਲਾ ਹੀ ਉਹ ਸੜਕ ਬਣਾ ਰਿਹਾ ਸੀ। ਉਸ ਬ੍ਰਹਮ ਗਿਆਨੀ ਨੂੰ ਸਖ਼ਤ ਮਿਹਨਤ ਕਰਦਾ ਵੇਖ ਕੇ ਉਸ ਦੇ ਹੀ ਇਕ ਸਰਧਾਲੂ ਸੱਜਣ ਨੇ ਉਸ ਤੋਂ ਪੁੱਛਿਆ :

''ਮਹਾਰਾਜ ਜੀ, ਤੁਹਾਡੇ ਨੈਣ ਤਾਂ ਗੁਰੂ ਦੇ ਬਾਜ਼ ਹਨ ਤੇ ਤੁਹਾਡੇ ਹਿਰਦੇ ਵਿਚ ਪ੍ਰਭੂ ਦਾ ਹਰਿਮੰਦਰ ਹੈ। ਫਿਰ ਵੀ ਤੁਸੀਂ ਇੰਨੀ ਸਖ਼ਤ ਮਿਹਨਤ ਕਰਕੇ ਕਿਉਂ ਇਹ ਸੜਕ ਬਣਾ ਰਹੇ ਹੋ ਅਤੇ ਅਕਾਰਥ ਹੀ ਆਪਣੇ ਸਰੀਰ ਨੂੰ ਥਕਾ ਰਹੇ ਹੋ ? ਤੁਹਾਡੇ ਕੋਲ ਸਭ ਸਾਧਨ ਮੌਜੂਦ ਹਨ, ਤੁਹਾਡਾ ਗੁਜ਼ਾਰਾ ਚੰਗਾ ਚੱਲ ਰਿਹਾ ਹੈ, ਤੁਹਾਡੇ ਵਰਗੇ ਮਹਾਂ-ਪੁਰਖਾਂ ਨੂੰ ਤਾਂ ਹੱਥੀਂ ਕੋਈ ਕੰਮ ਨਹੀਂ ਕਰਨਾ ਚਾਹੀਦਾ, ਤੁਹਾਨੂੰ ਕੰਮ ਕਰਨ ਦੀ ਕੀ ਲੋੜ ਹੈ ? ਤੁਹਾਡੇ ਕੋਲ ਸਭ ਕੁਝ ਹੈ, ਤੁਸੀਂ ਕਿਸੇ ਦਾ ਕਰਜ਼ਾ ਨਹੀਂ ਦੇਣਾ। ਫਿਰ ਮਹਾਰਾਜ ਜੀ ! ਤੁਸੀਂ ਕਿਉਂ ਇਹ ਮੁਸ਼ੱਕਤ ਕਰਕੇ ਸੜਕ ਬਣਾ ਰਹੇ ਹੋ ?''

ਉਸ ਬ੍ਰਹਮ ਗਿਆਨੀ ਨੇ ਉਤਰ ਦਿੱਤਾ, ''ਜਦੋਂ ਮੇਰੇ ਕਰਨ ਜੋਗਾ ਹੋਰ ਕੋਈ ਕੰਮ ਨਹੀਂ ਤਾਂ ਮੈਂ ਇਹ ਸੜਕ ਬਣਾਉਣ ਲੱਗ ਪਿਆ ਹਾਂ। ਇਹ ਕੰਮ ਕਰਨ ਨਾਲ ਮੈਨੂੰ ਅਨੰਦ ਮਿਲਦਾ ਹੈ।''

''ਸੱਜਣ ਜੀ ! ਮੈਂ ਉਹ ਕੰਮ ਕਰਦਾ ਹਾਂ ਜਿਸ ਨੂੰ ਕਰਨ ਲਈ ਗੁਰੂ ਵੱਲੋਂ ਮੈਨੂੰ ਹੁਕਮ ਮਿਲਦਾ ਹੈ।''

## ਰੋਗੀ ਦਾ ਅਰੋਗ ਹੋਣਾ

ਇਕ ਵਾਰ ਉਹ ਬਹੁਤ ਬਿਮਾਰ ਹੋ ਗਿਆ ਤੇ ਉਸ ਦੀ ਹਾਲਤ

ਵਿਗੜਦੀ ਹੀ ਗਈ। ਪਰ ਕੁਝ ਦਿਨਾਂ ਪਿੱਛੋਂ ਉਹ ਅਚਾਨਕ ਨੌ-ਬਰ-ਨੌ ਹੋ ਗਿਆ। ਉਹ ਕਹਿਣ ਲੱਗਾ, "ਕੋਈ ਬਿਮਾਰ ਸੀ—ਪ੍ਰਭੂ ਨੇ ਉਸ ਨੂੰ ਬਚਾ ਲਿਆ ਹੈ।" ਕੁਝ ਦਿਨਾਂ ਪਿੱਛੋਂ ਇਕ ਸੁਆਣੀ ਆਈ। ਉਹਨਾਂ ਦਿਨਾਂ ਵਿਚ ਹੀ ਉਹ ਇਸਤਰੀ ਉਸੇ ਰੋਗ ਦਾ ਹੀ ਸ਼ਿਕਾਰ ਰਹੀ ਸੀ। ਫੇਰ ਉਸ ਨੇ ਆਪਣੀ ਸਾਰੀ ਵਿਥਿਆ ਦੱਸੀ ਕਿ ਕਿਵੇਂ ਇਕ ਕਰਾਮਾਤ ਹੋਈ ਤੇ ਉਹ ਉਸ ਦਿਨ ਬਿਲਕੁਲ ਤੰਦਰੁਸਤ ਹੋ ਗਈ। ਹਾਲਾਂ ਕਿ ਉਸ ਦੇ ਡਾਕਟਰਾਂ ਨੇ ਉਸ ਬਾਰੇ ਸਾਰੀ ਆਸ ਲਾਹ ਛੱਡੀ ਸੀ। ਡਾਕਟਰਾਂ ਨੇ ਉਸ ਦਾ ਇਲਾਜ ਕਰਨਾ ਵੀ ਬੰਦ ਕਰ ਦਿੱਤਾ ਸੀ।

ਉਸ ਸੁਆਣੀ ਨੂੰ ਇਸ ਗੱਲ ਦਾ ਕੋਈ ਪਤਾ ਨਹੀਂ ਸੀ ਕਿ ਕਿਵੇਂ ਸੰਤ ਮਹਾਂ-ਪੁਰਸ਼ ਨੇ ਉਸ ਦੀ ਖ਼ਾਤਰ ਕਸ਼ਟ ਝੱਲਿਆ ਸੀ।

## ਉਦਾਸੀ—ਆਤਮਾ ਦੇ ਖ਼ਾਲੀਪਣ ਦੀ ਨਿਸ਼ਾਨੀ ਹੈ

ਜਦੋਂ ਮੈਂ 'ਵਾਹੁ ਵਾਹੁ' ਦੀਂ ਨਾਮ ਧੁਨੀ ਦੇ ਸੰਗੀਤ ਤੋਂ ਵੰਚਿਤ ਹੋ ਕੇ ਡਿਗ ਪੈਂਦਾ ਹਾਂ ਤਾਂ ਅਜਿਹੇ ਸਮੇਂ ਕੀ ਕਰਨਾ ਚਾਹੀਦਾ ਹੈ ? ਉਸ ਸਮੇਂ ਮੈਂ ਕੀ ਕਰਾਂ ਜਦੋਂ ਉਦਾਸੀ ਆ ਕੇ ਮੇਰੇ ਦਿਲ ਵਿਚ ਵਿਸ-ਭਰੀ ਨਸ਼ਤਰ ਨੂੰ ਚੋਭ ਦਿੰਦੀ ਹੈ ?

ਮੇਰੀ ਇਹ ਵਿਥਿਆ ਸੁਣ ਕੇ ਸੰਤ-ਪੁਰਸ਼ ਨੇ ਮੈਨੂੰ ਫਰਮਾਇਆ, "ਅਜਿਹੇ ਸਮੇਂ ਉਠ ਕੇ ਠੰਡੇ ਪਾਣੀ ਵਿਚ ਇਸ਼ਨਾਨ ਕਰੋ ਤੇ ਵਿਆਕੁਲਤਾ ਵਿਚ ਇੰਜ ਨੱਠ ਭੱਜ ਕਰੋ ਜਿਵੇਂ ਤੁਹਾਡੇ ਸਾਰੇ ਘਰ ਨੂੰ ਅੱਗ ਲੱਗੀ ਹੋਵੇ।"

"ਇਸ ਸਮੇਂ ਗੁਰੂ ਨਾਨਕ ਦੀ ਮਹਾਨ ਬਾਣੀ 'ਜਪੁਜੀ' ਦਾ ਗਾਇਨ ਕਰੋ, ਭਾਵੇਂ ਰੱਟਣ ਵਾਂਗ ਹੀ। ਉਤਨਾ ਚਿਰ ਇਸ ਬਾਣੀ ਦਾ ਪਾਠ ਕਰਦੇ ਜਾਉ ਜਿਤਨਾ ਚਿਰ ਤੱਕ ਤੁਹਾਨੂੰ ਇਸ ਦੇ ਸੰਗੀਤ ਵਿਚੋਂ ਸਹਿਜ-ਸ਼ਾਂਤੀ ਦਾ ਨਾਦ ਨਾ ਸੁਣਾਈ ਦੇਵੇ। ਅਜਿਹੇ ਸਮੇਂ 'ਬੈਕੁੰਠ-ਧਾਮ' ਦੇ 'ਆਤਮ-ਮੰਡਲ' ਵਿਚੋਂ ਤੁਹਾਡੇ ਰੱਖਿਅਕ ਵੱਲੋਂ ਸੁਨਹਿਰੀ ਪੌੜੀ ਹੇਠਾਂ ਲਮਕਾਈ ਜਾਂਦੀ ਹੈ।"

"ਜਿਉਂ ਜਿਉਂ ਤੁਸੀਂ 'ਜਪੁਜੀ' ਦੀਆਂ ਸੰਗੀਤਕ ਧੁਨਾਂ ਨੂੰ ਅੰਤਰ ਧਿਆਨ ਹੋ ਕੇ ਸਰਵਣ ਕਰੋਗੇ, ਤਿਉਂ ਤਿਉਂ ਤੁਹਾਡੀ ਧਿਆਨੀ ਦ੍ਰਿਸ਼ਟੀ ਵਿਚ ਇਹ ਨਜ਼ਰੀਂ ਪਵੇਗੀ। ਫਿਰ ਤੁਸੀਂ ਉਸ ਪੌੜੀ ਦੇ ਮੋਤੀਆਂ ਜੜੇ ਡੰਡਿਆਂ ਉਤੇ ਸਹਿਜੇ ਸਹਿਜੇ ਚੜ੍ਹੋ ਜੋ ਤੁਹਾਡੇ ਲਈ ਹੀ ਲਮਕਾਈ ਗਈ ਹੈ। ਇਸ ਦੇ ਡੰਡਿਆਂ ਉਤੇ ਚੜ੍ਹਦਿਆਂ ਹੋਇਆਂ ਇਸ ਮਹਾਂ ਬਾਣੀ ਦੇ ਸੰਗੀਤ ਦਾ ਇਸ ਤਰ੍ਹਾਂ ਗਾਇਨ ਕਰੋ ਜਿਵੇਂ ਕੋਈ ਬਾਲ ਆਪਣੀ ਨਾ-ਲਕੋਈ ਜਾਣ ਵਾਲੀ ਖ਼ੁਸ਼ੀ ਨੂੰ ਪ੍ਰਗਟਾਉਂਦਾ ਹੈ।

ਹਾਂ ਉਹਨਾਂ ਖ਼ਤਰਨਾਕ ਉਚਾਈਆਂ ਵਿਚ ਵੀ ਆਕਾਸ਼ ਦੇ ਮੱਧ ਵਿਚ ਮੈਂ ਤੁਹਾਨੂੰ ਤੁਹਾਡੇ ਅਦ੍ਰਿਸ਼ਟ ਰੱਖਿਅਕ ਕੋਲ ਲੈ ਜਾਵਾਂਗਾ। ਜਦੋਂ ਤੁਸੀਂ ਅਨੰਤ ਵਿਚ ਲੀਨ ਆਪਣੀ ਗੂੜ੍ਹੀ ਨੀਂਦ ਤੋਂ ਜਾਗੋਗੇ ਤਾਂ ਤੁਹਾਨੂੰ ਆਪਣੇ ਅੰਦਰ ਬੈਕੁੰਠ-ਧਾਮ ਦਾ ਸ਼ਾਂਤੀ-ਵਰਧਕ ਸੰਗੀਤ ਸੁਣਾਈ ਦੇਵੇਗਾ। ਕਿਸੇ ਦੂਜੇ ਨੂੰ ਇਸ ਦੀ ਖ਼ਬਰ

ਤੱਕ ਨਹੀਂ ਹੋਵੇਗੀ। ਕੇਵਲ ਤੁਸੀਂ ਹੀ ਆਪਣੀ ਧਿਆਨੀ ਕਲਪਨਾ ਵਿਚ ਇਸ ਨੂੰ ਸੁਣ ਸਕੋਗੇ। ਇਸ ਅਦੁੱਤੀ ਅਨੁਭਵ ਬਾਰੇ ਤੁਹਾਨੂੰ ਕਿਸੇ ਨਾਲ ਗੱਲ ਕਰਨ ਦੀ ਲੋੜ ਨਹੀਂ ਕਿਉਂਜੋ ਪੜ੍ਹੇ ਲਿਖੇ ਅਖੌਤੀ ਵਿਦਵਾਨ ਇਸ ਬਾਰੇ ਤੁਹਾਡੇ ਨਾਲ ਅਕਾਰਥ ਵਾਦ ਵਿਵਾਦ ਕਰਨਗੇ ਅਤੇ ਤੁਹਾਡੇ ਇਸ ਅਨੁਭਵ ਨੂੰ ਤੁਹਾਡੇ ਮਨ ਦਾ ਵਹਿਮ ਜਾਂ ਨਿਪਟ ਸੁਪਨਾ ਕਹਿਣਗੇ। ਇਹ ਗੱਲ ਰਹੱਸ-ਭਰੀ ਹੈ ਜੋ ਮੈਂ ਤੁਹਾਡੇ ਨਾਲ ਸਾਂਝੀ ਕੀਤੀ ਹੈ ਜਾਂ ਇਸ ਦਾ ਤੁਹਾਨੂੰ ਪਤਾ ਹੈ ਜਾਂ ਮੈਨੂੰ। ਇਸ ਨੂੰ ਹੋਰ ਕਿਸੇ ਨੂੰ ਨਹੀਂ ਦੱਸਣਾ ਚਾਹੀਦਾ ਕਿਉਂਜੋ ਅਜਿਹਾ ਕਰਨ ਨਾਲ ਇਹ ਧਿਆਨੀ ਦ੍ਰਿਸ਼ ਲੋਪ ਹੋ ਜਾਂਦਾ ਹੈ। ਇਸ ਭੇਦ ਨੂੰ ਪਰਦੇ ਅੰਦਰ ਹੀ ਛੁਪਿਆ ਰਹਿਣ ਦੇਣਾ ਚਾਹੀਦਾ ਹੈ।''

ਇਹ ਤਾਂ ਨਿੱਤ ਦੀ ਕਿਰਿਆ ਹੈ। ਨਿੱਤ ਦੀ ਨਾਗਨੀ ਮਾਇਆ ਦੇ ਫੁੰਕਾਰਿਆਂ ਹੱਥੋਂ ਹੁੰਦੀ ਮੌਤ ਤੇ ਇਸ ਪਿੱਛੋਂ ਨਿੱਤ ਵਾਪਰਦੀ 'ਮੋਇਆਂ ਦੀ ਜਾਗ' ਹੈ। ਇਸ ਆਤਮਿਕ ਵਰਤਾਰੇ ਦਾ ਰਹੱਸ ਸਾਡੇ ਜੀਵਨ ਵਿਚ ਨਿੱਤ ਵਾਪਰਦਾ ਹੈ।

## ਆਤਮਾ ਦਾ ਜਗਤ

ਮੈਨੂੰ ਇਹ ਨਹੀਂ ਪਤਾ ਕਿ ਇਸ ਬਾਰੇ ਵਿਦਵਾਨ ਕੀ ਕਹਿੰਦੇ ਹਨ ? ਪਰ ਮੇਰਾ ਮੁਰਸ਼ਦ ਜੋ ਇਕ ਭੋਲਾ ਭਾਲਾ ਤੇ ਨਿਰਛਲ ਬੰਦਾ ਸੀ, ਇੰਜ ਕਹਿੰਦਾ ਸੀ :

''ਆਤਮਾ ਦਾ ਵੀ ਇਕ ਆਪਣਾ ਜਗਤ ਹੈ। ਕੁਝ ਤਾਂ ਧਰਤੀ ਵਿਚ ਸਿੱਕੇ ਦੇ ਭਾਰ ਦੀ ਤਰ੍ਹਾਂ ਦੱਬੇ ਹੋਏ ਹਨ, ਕੁਝ ਵਿਚਾਰਾਂ ਦੀ ਕੈਦ ਦੇ ਬੰਦੀ ਹਨ, ਉਹ ਉਡ ਸਕਣ ਲਈ ਅਤਿ ਭਾਰੇ ਹਨ, ਕੁਝ ਹੋਰ ਆਪਣੇ ਹੀ ਹਿੰਸਕ ਕਰਮਾਂ ਦੀਆਂ ਜ਼ੰਜੀਰਾਂ ਵਿਚ ਜਕੜੇ ਹੋਏ ਹਨ, ਪਰ ਅਜਿਹੇ ਬਹੁਤ ਥੋੜ੍ਹੇ ਹਨ ਜੋ ਵਾਹਿਗੁਰੂ ਦਾ ਨਾਮ ਜਪ ਕੇ ਸਰੀਰ ਰੂਪੀ ਪਿੰਜਰੇ ਵਿਚੋਂ ਬਾਹਰ ਆ ਕੇ ਪੰਛੀਆਂ ਵਰਗੀ ਉਚੀ ਉਡਾਰੀ ਲਾ ਸਕਦੇ ਹਨ।''

''ਸਾਡਾ ਹਰ ਸੁਆਸ ਸਾਨੂੰ ਅਵਸਰ ਬਖ਼ਸ਼ਦਾ ਹੈ ਕਿ ਅਸੀਂ 'ਵਾਹਿਗੁਰੂ' ਦਾ ਨਾਮ ਸਿਮਰਨ ਕਰਕੇ ਪਦਾਰਥਕ ਜਗਤ ਦੇ ਬੰਧਨਾਂ ਤੋਂ ਮੁਕਤ ਹੋਈਏ। ਅਸੀਂ ਆਪਣੇ ਸੁਆਸਾਂ ਨੂੰ ਵਿਅਰਥ ਗੁਆਉਂਦੇ ਹਾਂ। ਇਹਨਾਂ ਨੂੰ ਚਿੱਕੜ ਵਿਚ ਡੋਲ੍ਹ ਦਿੰਦੇ ਹਾਂ। ਸਾਡੇ ਸੁਆਸਾਂ ਵਿਚੋਂ ਦੁਰਗੰਧ ਆਉਂਦੀ ਹੈ। ਸਾਡੇ ਸਰੀਰ ਵਿਚ ਸਾਡਾ ਮਨ ਗਫਲਤ (ਬੇਸਮਝੀ) ਦਾ ਸ਼ਿਕਾਰ ਹੈ। ਅਸੀਂ ਮਾਇਆ ਦੀ ਮ੍ਰਿਗ-ਤ੍ਰਿਸ਼ਨਾ ਪਿੱਛੇ ਨਠਦੇ ਫਿਰਦੇ ਹਾਂ ਤੇ ਸਾਨੂੰ ਬੇਧਿਆਨੀ ਦਾ ਸੱਪ ਸਦਾ ਡੰਗਦਾ ਰਹਿੰਦਾ ਹੈ। ਸਾਡੀ ਸਾਰੀ ਹੋਂਦ ਵਿਚੋਂ ਹੀ ਸੜਿਆਂਦ ਉਠਦੀ ਹੈ। ਸਾਡੇ ਸਹਾਇਕ ਵੀ ਸਾਥੋਂ ਦੂਰ ਨੱਸ ਜਾਂਦੇ ਹਨ। ਅਸੀਂ ਉਚੀ ਉਚੀ ਕੂਕਦੇ ਤੇ ਹੰਝੂ ਕੇਰਦੇ ਹਾਂ, ਪਰ ਨਿਰਾ ਇਹਨਾਂ ਹੰਝੂਆਂ ਨੂੰ ਡੋਲ੍ਹਣ ਦਾ ਕੀ ਲਾਭ ? ਪ੍ਰਭੂ ਦੀ ਆਤਮਾ ਵਿਚ ਸੁਆਸ ਲੈਣਾ ਬੜਾ ਬਿਖਮ ਕਾਰਜ ਹੈ। ਕੀ ਲਗਾਤਾਰ ਅਭਿਆਸ

ਤੇ ਮਿਹਨਤ ਬਿਨਾਂ ਅਸੀਂ ਅਜਿਹੇ ਉਚ ਭਾਗਾਂ ਵਾਲੀ ਅਵਸਥਾ ਤੱਕ ਪੁੱਜ ਸਕਦੇ ਹਾਂ ?''

''ਜਿਗਿਆਸੂਓ ! ਸਖ਼ਤ ਮਿਹਨਤ ਕਰੋ, ਜਿਵੇਂ ਬੱਚੇ ਆਪਣੇ ਸਕੂਲ ਦਾ ਸਬਕ ਯਾਦ ਕਰਦੇ ਹਨ। ਵਾਰ ਵਾਰ ਉਹ ਵਰਣਮਾਲਾ ਦੇ ਅੱਖਰਾਂ ਤੇ ਮੁਹਾਰਨੀ ਨੂੰ ਰਟਦੇ ਹਨ। ਜਦੋਂ ਉਹ ਇਸ ਤਰ੍ਹਾਂ ਆਪਣੇ ਸਬਕ ਨੂੰ ਰਟ ਰਹੇ ਹੁੰਦੇ ਹਨ ਤਾਂ ਕਈ ਵਾਰ ਉਹਨਾਂ ਦੀ ਇਹ ਸਮਝ ਵੀ ਨਹੀਂ ਪੈਂਦੀ ਕਿ ਉਹਨਾਂ ਸ਼ਬਦਾਂ ਦੇ ਕੀ ਅਰਥ ਹਨ, ਜਿਨ੍ਹਾਂ ਨੂੰ ਕਿ ਉਹ ਵਾਰ ਵਾਰ ਦੁਹਰਾ ਰਹੇ ਹੁੰਦੇ ਹਨ।''

ਇਕ ਸੰਸਾਰੀ ਮਨੁੱਖ ਨੇ ਇਕ ਰੱਬੀ ਜਿਊੜੇ ਨੂੰ ਪ੍ਰਸ਼ਾਦ ਛਕਣ ਲਈ ਬੇਨਤੀ ਕੀਤੀ। ਪਰ ਉਹ ਰੱਬੀ ਬੰਦਾ ਪ੍ਰਸ਼ਾਦ ਛਕਣ ਨਾ ਗਿਆ। ਸ਼ਾਇਦ ਉਹ ਉਸ ਸਮੇਂ ਇਸ ਨਿਉਤੇ ਨੂੰ ਯਾਦ ਰੱਖਣ ਦੀ ਥਾਂ 'ਆਤਮ-ਮੰਡਲ' ਦੇ ਵਿਚ ਲਿਵਲੀਨ ਹੋ ਧਿਆਨ ਮਗਨ ਬੈਠਾ ਸੀ। ਉਸ ਨੂੰ ਧਰਤੀ ਉਪਰਲੇ ਆਪਣੇ ਇਸ ਰੁਝੇਵੇਂ ਬਾਰੇ ਯਾਦ ਵੀ ਨਹੀਂ ਸੀ ਰਿਹਾ।

ਦੂਜੇ ਦਿਨ ਜਿਸ ਵਿਅਕਤੀ ਨੇ ਪ੍ਰਸ਼ਾਦ ਛਕਣ ਦਾ ਨਿਉਤਾ ਦਿੱਤਾ ਸੀ, ਇਸ ਗੱਲ ਦਾ ਉਸ ਪੁਰਸ਼ ਕੋਲ ਗਿਲਾ ਕਰਨ ਲੱਗਾ ਕਿ ਉਹ ਸੱਦਾ ਪ੍ਰਵਾਨ ਕਰਕੇ ਵੀ ਉਸ ਦਾ ਪ੍ਰਸ਼ਾਦ ਛਕਣ ਲਈ ਨਹੀਂ ਸੀ ਆਇਆ। ਉਸ ਨੇ ਕਿਹਾ, ''ਮਹਾਰਾਜ ਜੀ ! ਤੁਸੀਂ ਮੇਰਾ ਨਿਉਤਾ ਪ੍ਰਵਾਨ ਕਰ ਲਿਆ ਸੀ, ਪਰ ਤੁਸਾਂ ਦਰਸ਼ਨ ਕਿਉਂ ਨਾ ਦਿੱਤੇ ?''

ਉਸ ਰੱਬੀ ਜਿਉੜੇ ਨੇ ਉਤਰ ਦਿੱਤਾ, ''ਹੈਂ ! ਮੈਂ ਹਾਂ ਕੀਤੀ ਸੀ ?''

''ਹਾਂ, ਹਾਂ ਤਾਂ ਕੀਤੀ ਸੀ।''

''ਹੈਂ ? ਪਰ ਮੈਂ ਨਾਂਹ ਨਹੀਂ ਸੀ ਆਖੀ ? ਮੈਂ ਨਹੀਂ ਆ ਸਕਿਆ ਹੋਵਾਂਗਾ।'' ਅਤੇ ਬਿਨਾਂ ਕਿਸੇ ਲੰਮੀ ਗੱਲ ਬਾਤ ਦੇ ਉਹ ਰੱਬ ਦਾ ਬੰਦਾ ਉਥੋਂ ਚਲਦਾ ਬਣਿਆ।

## ਸਿੱਖ ਨਿੱਜੀ ਸੰਪਤੀ ਇਕੱਤਰ ਨਹੀਂ ਕਰਦਾ

ਅੰਮ੍ਰਿਤਸਰ ਦੇ ਸੰਤ-ਪੁਰਸ਼ ਭਾਈ ਸਵਾਇਆ ਸਿੰਘ ਦੀ ਧਰਮਸ਼ਾਲਾ ਵਿਚ ਤੂੜੀ ਦੀਆਂ ਪੰਡਾਂ ਨੂੰ ਗਊਆਂ ਤੇ ਮੱਝਾਂ ਦੇ ਵੱਗ ਨੇ ਆ ਕੇ ਖਾਣਾ ਸ਼ੁਰੂ ਕਰ ਦਿੱਤਾ। ਚਾਰੇ ਦਾ ਨੁਕਸਾਨ ਹੁੰਦਾ ਵੇਖ ਕੇ ਡੇਰੇ ਦਾ ਸੇਵਕ ਡਾਂਗ ਲੈ ਕੇ ਉਹਨਾਂ ਨੂੰ ਮੋੜਨ ਚਲਾ ਗਿਆ। ਜਦ ਸੰਤ ਜੀ ਨੇ ਉਸ ਨੂੰ ਵੇਖਿਆ ਤਾਂ ਇੰਜ ਬਚਨ ਕੀਤਾ, ''ਉਏ ਰੱਬ ਦੇ ਬੰਦਿਆ ! ਤੂੰ ਕੌਣ ਹੁੰਦਾ ਹੈਂ ਇਹਨਾਂ ਅਬੋਲ ਜਾਨਵਰਾਂ ਨੂੰ ਮਾਰ ਕੇ ਭਜਾਉਣ ਵਾਲਾ ਜੋ ਗੁਰੂ ਘਰ ਵਿਚ ਕੁਝ ਖਾਣ ਲਈ ਆਏ ਹਨ ? ਜਾ ਦੌੜ ਜਾ, ਇਥੇ ਜਿਸ ਇਮਾਰਤ ਉਤੇ ਗੁਰੂ ਦਾ 'ਅਮਰ ਨਿਸ਼ਾਨ' ਝੂਲਦਾ ਹੈ, ਤੇਰੇ ਵਰਗੇ ਮੇਰ-ਤੇਰ ਸੋਚਣ ਵਾਲੇ ਬੰਦਿਆਂ ਲਈ ਕੋਈ ਥਾਂ ਨਹੀਂ।''

## ਪ੍ਰਭੂ-ਚੇਤਨਾ ਵਾਲੇ ਸੰਤ-ਪੁਰਸ਼ ਦਾ ਆਤਮ-ਚਿੰਤਨ

ਸਿਮਰਨ ਵਾਲੇ ਬੰਦੇ ਜਿਗਿਆਸੂਆਂ ਦਾ ਧਿਆਨ ਰਖਦੇ ਹਨ ਤੇ ਪ੍ਰਭੂ ਦੀ ਭਾਲ ਕਰਨ ਵਾਲੇ ਦੀ ਸਹਾਇਤਾ ਕਰਦੇ ਹਨ।

ਇਕ ਸ਼ਰਧਾਲੂ ਬਿਮਾਰ ਹੋ ਗਿਆ ਤੇ ਸੰਤ ਸਵਾਇਆ ਸਿੰਘ ਅਚਾਨਕ ਹੀ ਆਪਣੇ ਆਪ ਉਥੇ ਪੁੱਜ ਗਏ ਤੇ ਉਸ ਕੋਲ ਜਾ ਕੇ ਬੈਠ ਗਏ। ਕੁਝ ਚਿਰ ਉਹ ਉਸ ਕੋਲ ਮੌਨ ਬੈਠੇ ਰਹੇ ਤੇ ਫਿਰ ਚਲੇ ਗਏ। ਇਸ ਸਿੱਖ ਜਿਗਿਆਸੂ ਨੂੰ ਇੰਜ ਪ੍ਰਤੀਤ ਹੋਇਆ ਜਿਵੇਂ ਸੰਤ ਜੀ ਦੇ ਆਉਣ ਉਤੇ ਉਸ ਦੇ ਮਨ ਵਿਚ ਕੋਈ ਨਵਾਂ ਪ੍ਰਕਾਸ਼ ਹੋ ਗਿਆ ਹੈ। ਉਸ ਅੰਦਰ ਸਿਮਰਨ ਦੀ ਨਾਮ-ਧੁਨੀ ਨਵੀਂ ਤਾਲ-ਗਤੀ ਵਿਚ ਗੂੰਜਣ ਲੱਗੀ ਤੇ ਉਸ ਨੂੰ ਇੰਜ ਅਨੁਭਵ ਹੋਇਆ ਜਿਵੇਂ ਉਸ ਦੇ ਮਨ ਅੰਦਰ ਸੌ ਦੀਪਕ ਜਗ ਪਏ ਹੋਣ।

## ਸੱਚੇ ਵਿਵਹਾਰ ਵਿਚ ਮਹਿਕੇ ਪਿਆਰ

ਕੋਈ ਸਿੱਖ ਸੰਤ ਜਾ ਰਿਹਾ ਸੀ। ਇਕ ਮੈਲਾ-ਕੁਚੈਲਾ ਜਿਹਾ ਬੰਦਾ ਉਸ ਕੋਲ ਆਇਆ ਤੇ ਉਸ ਨੇ ਰੁੱਤ ਦਾ ਸਭ ਤੋਂ ਪੱਕਿਆ ਤੇ ਰਸਿਆ ਸੰਗਤਰਾ ਸੰਤ ਜੀ ਦੀ ਭੇਟ ਕੀਤਾ। ਸੰਤ ਜੀ ਨੇ ਉਹ ਭੇਟ ਪ੍ਰਵਾਨ ਕਰ ਲਈ ਤੇ ਬੜੇ ਪ੍ਰਸੰਨ ਹੋਏ। ਉਸ ਨੂੰ ਆਸ਼ੀਰਵਾਦ ਦਿੱਤੀ ਤੇ ਤੁਰਦੇ ਬਣੇ।

ਦੂਜੇ ਦਿਨ ਇਕ ਭੱਦਰ-ਪੁਰਸ਼ ਨੇ ਆ ਕੇ ਉਹਨਾਂ ਦੀ ਸੇਵਾ ਵਿਚ ਬਦਾਮ ਭੇਟ ਕੀਤੇ। ਸੰਤ ਜੀ ਦਾ ਮਨ ਬੜਾ ਦੁਖੀ ਹੋਇਆ ਤੇ ਉਹਨਾਂ ਨੂੰ ਇੰਜ ਲੱਗਾ ਜਿਵੇਂ ਉਸ ਭੱਦਰ-ਪੁਰਸ਼ ਵੱਲੋਂ ਭੇਟ ਕੀਤੇ ਗਏ ਬਦਾਮ ਉਹਨਾਂ ਲਈ ਜ਼ਹਿਰ ਦਾ ਪਿਆਲਾ ਹੋਣ। ਸੰਤ ਜੀ ਨੇ ਉਹਨਾਂ ਨੂੰ ਬਾਰੀ ਵਿਚੋਂ ਬਾਹਰ ਸੁੱਟ ਦਿੱਤਾ। ਇਸ ਭੱਦਰ-ਪੁਰਸ਼ ਦੇ ਆਉਣ 'ਤੇ ਸੰਤ ਜੀ ਬੜੇ ਦੁਖੀ ਹੁੰਦੇ ਤੇ ਸਾਰੀ ਸਾਰੀ ਰਾਤ ਬੇਚੈਨ ਰਹਿੰਦੇ। ਆਪਣੇ ਸਿਮਰਨ ਦੇ ਅਭਿਆਸ ਵਿਚ ਵੀ ਉਹਨਾਂ ਦਾ ਮਨ ਨਾ ਲਗਦਾ ਤੇ ਉਹਨਾਂ ਨੂੰ ਆਪਣੇ ਮਨ ਨੂੰ ਟਿਕਾਉ ਵਿਚ ਲਿਆਉਣ ਲਈ ਸਖ਼ਤ ਮਿਹਨਤ ਤੇ ਸਾਵਧਾਨੀ ਵਰਤਣੀ ਪੈਂਦੀ—ਤਾਂ ਹੀ ਜਾ ਕੇ ਉਹਨਾਂ ਦਾ ਚਿੱਤ, ਨਾਮ ਸਿਮਰਨ ਦੇ ਉਸ ਮਹਾਂ-ਸੰਗੀਤ ਦੀ ਧੁਨੀ ਨੂੰ ਪਕੜ ਸਕਦਾ, ਜੋ ਉਹਨਾਂ ਦਾ ਨਿੱਤ ਦਾ ਸਹਿਜ-ਕਰਮ ਹੁੰਦਾ ਸੀ।

ਨਾਮ ਸਿਮਰਨ ਸਮੇਂ ਗੁਰੂ ਦਾ ਸ਼ਬਦ ਉਹਨਾਂ ਦੀ ਨਾੜ ਨਾੜ ਵਿਚ ਚਾਂਦੀ ਦੇ ਬੋਰਾਂ ਸਮਾਨ ਟੁਣਕ ਉਠਦਾ ਸੀ। ਇਹ ਨਾਮ-ਧੁਨੀ ਸੌਣ ਸਮੇਂ ਵੀ ਗੂੰਜਦੀ ਰਹਿੰਦੀ ਤੇ ਜਦੋਂ ਉਹ ਜਾਗਦੇ ਤਾਂ ਉਹ ਸਾਕਾਰ ਗੀਤ ਦਾ ਰੂਪ ਹੁੰਦੇ। ਅਗਲੀ ਭਲਕ ਜਦੋਂ ਸੰਗਤ ਉਹਨਾਂ ਦੇ ਦੁਆਰੇ ਉਤੇ ਜੁੜੀ ਤਾਂ ਉਹਨਾਂ ਬਚਨ ਕੀਤਾ, "ਸੰਸਾਰ ਦੇ ਇਹ ਭਲੇ ਲੋਕ ਮੇਰੇ ਕੋਲ ਕਿਉਂ ਆਉਂਦੇ ਹਨ ਤੇ ਆ ਕੇ ਰੱਬੀ ਗੁਲਾਬਾਂ ਨੂੰ ਜਿਚ ਕਰਦੇ ਨੇ ? ਉਹ ਰੱਥ ਤੇ ਬੱਘੀਆਂ ਪੀੜ ਕੇ ਲੰਘਦੇ ਨੇ ਅਤੇ ਉਹਨਾਂ ਦੇ ਪਹੀਆਂ ਹੇਠੋਂ ਸੜਕ ਦੀ ਧੂੜ ਉਡ ਉਡ ਕੇ

ਇਹਨਾਂ ਗੁਲਾਬਾਂ ਦੀ ਸੁੰਦਰਤਾ ਨੂੰ ਢਕ ਲੈਂਦੀ ਹੈ। ਇਹਨਾਂ ਦੀ ਮੋਤੀਆਂ ਵਰਗੀ ਆਭਾ ਨੂੰ ਕਰੂਪ ਕਰ ਦਿੰਦੀ ਹੈ।''

''ਇਹ ਲੋਕ ਕਿਉਂ ਬਦਾਮਾਂ ਦੀ ਭੇਟਾ ਲਿਆਉਂਦੇ ਹਨ ? ਮੇਰੇ ਲਈ ਤਾਂ ਰੁੱਖੇ-ਮਿੱਸੇ ਦੋ ਪ੍ਰਸ਼ਾਦੇ ਤੇ ਪਾਣੀ ਦਾ ਛੰਨਾ ਹੀ ਕਾਫੀ ਹੈ। ਇਹਨਾਂ ਲੋਕਾਂ ਨੂੰ ਮੇਰੇ 'ਤੇ ਤਰਸ ਕਰਨਾ ਚਾਹੀਦਾ ਹੈ ਅਤੇ ਆਪਣੇ ਸਿਸ਼ਟਾਚਾਰ ਦੀਆਂ ਮਿਹਰਬਾਨੀਆਂ ਦੁਆਰਾ ਮੇਰੀ ਆਤਮਾ ਨੂੰ ਮਾਰਨ ਦਾ ਯਤਨ ਨਹੀਂ ਕਰਨਾ ਚਾਹੀਦਾ। ਇਕ ਦਿਨ ਪਹਿਲਾਂ ਮੈਨੂੰ ਇਕ ਮੈਲੇ ਕੁਚੈਲੇ ਬੰਦੇ ਨੇ ਪ੍ਰੇਮ ਵਿਚ ਆ ਕੇ ਇਕ ਪੱਕਾ ਸੰਗਤਰਾ ਭੇਟ ਕੀਤਾ ਸੀ। ਉਸ ਦੀ ਭੇਟਾ ਪ੍ਰਵਾਨ ਕਰਕੇ ਮੈਨੂੰ ਬਾਲਾਂ ਵਰਗੀ ਖ਼ੁਸ਼ੀ ਪ੍ਰਾਪਤ ਹੋਈ ਸੀ, ਪਰ ਇਹਨਾਂ ਬਦਾਮਾਂ ਨੇ ਤਾਂ ਮੇਰੇ ਮਨ ਉਤੇ ਚੋਟ ਮਾਰੀ ਹੈ।''

## ਜੀਵਨ ਬਹੁਤ ਸ਼ਾਨਦਾਰ ਹੈ

ਇਹ ਮਾਰਗ ਬੜਾ ਲੰਮਾ ਹੈ। ਇਸ ਦਾ ਕੋਈ ਅੰਤ ਨਹੀਂ ਹੈ। ਨਿਸ਼ਾਨਾ ਬਹੁਤ ਦੁਰਾਡਾ ਹੈ ਅਤੇ ਇਹ ਹੋਰ ਅੱਗੇ ਤੁਰਿਆ ਜਾਂਦਾ ਹੈ।

ਜਿਵੇਂ ਇਕ ਬੱਚੇ ਨੂੰ ਸੰਸਾਰਕ ਗਿਆਨ ਪ੍ਰਾਪਤ ਕਰਨ ਲਈ ਸਖ਼ਤ ਮਿਹਨਤ ਕਰਨੀ ਪੈਂਦੀ ਹੈ ਤਿਵੇਂ ਹੀ ਤੁਹਾਨੂੰ ਬ੍ਰਹਮ-ਗਿਆਨ ਦੀ ਪ੍ਰਾਪਤੀ ਲਈ ਵੀ ਸਖ਼ਤ ਮਿਹਨਤ ਕਰਨੀ ਪਵੇਗੀ। ਜੀਵਨ ਦਾ ਹਰ ਸੁਆਸ ਮੋਤੀ ਮਾਣਕਾਂ ਦੇ ਭਰੇ ਹੋਏ ਬਟੂਏ ਦੀ ਨਿਆਈਂ ਹੈ। ਮਨੁੱਖ ਨੇ ਤਾਂ ਜੀਵਨ ਦੇ ਇਸ ਬਟੂਏ ਦੀਆਂ ਡੋਰਾਂ ਢਿੱਲੀਆਂ ਕਰਕੇ ਇਸ ਵਿਚਲੇ ਕੀਮਤੀ ਮਾਲ ਨੂੰ ਤੱਕਿਆ ਵੀ ਨਹੀਂ ਹੈ।

## ਸੰਜੋਗ-ਅਨੰਦ

ਇਕ ਰਾਤ ਇਕ ਸਿੱਖ ਯੋਗੀ ਕਿਸੇ ਦੇ ਘਰ ਦੀ ਉਤਲੀ ਛੱਤ ਉਤੇ ਲੇਟਿਆ ਹੋਇਆ ਸੀ। ਉਹ ਪ੍ਰਭੂ ਦੀ ਯਾਦ ਵਿਚ ਮਗਨ ਸੀ। ਇਕਦਮ ਨਿੱਕੀ ਨਿੱਕੀ ਕਣੀ ਦਾ ਮੀਂਹ ਪੈਣ ਲੱਗ ਪਿਆ। ਘਰ ਵਾਲੇ ਨੇ ਆ ਕੇ ਸੰਤਾਂ ਕੋਲ ਬੇਨਤੀ ਕੀਤੀ, ''ਮਹਾਰਾਜ ਜੀ ! ਮੀਂਹ ਪੈਣ ਲੱਗ ਪਿਆ ਹੈ। ਕਮਰੇ ਅੰਦਰ ਚਲੋ।''

ਉਸ ਨੂੰ ਕੋਈ ਉਤਰ ਨਾ ਮਿਲਿਆ। ਯੋਗੀ ਦਾ ਸਾਰਾ ਵਿਛੌਣਾ ਪਾਣੀ ਨਾਲ ਭਿੱਜ ਗਿਆ ਤੇ ਮੀਂਹ ਦੇ ਪਾਣੀ ਵਿਚ ਉਹਨਾਂ ਦੀ ਕਮਰ ਵੀ ਭਿੱਜ ਗਈ। ਇਹ ਵੇਖ ਕੇ ਘਰ ਵਾਲਾ ਫੇਰ ਆਇਆ ਤੇ ਬੇਨਤੀ ਕਰਨ ਲੱਗਾ, ''ਮਹਾਰਾਜ ਜੀ ! ਮੀਂਹ ਜ਼ੋਰ ਜ਼ੋਰ ਦੀ ਵਰ੍ਹਨ ਲੱਗ ਪਿਆ ਹੈ, ਤੁਸੀਂ ਅੰਦਰ ਆ ਜਾਉ।''

ਯੋਗੀ ਜੀ ਉਠ ਖਲੋਤੇ ਤੇ ਉਸ ਦੇ ਘਰ 'ਚੋਂ ਇਹ ਕਹਿੰਦੇ ਹੋਏ ਬਾਹਰ

ਚਲੇ ਗਏ, "ਮੈਂ ਸਮਝਿਆ ਸੀ, ਤੂੰ ਇਕ ਸਤਿ-ਸੰਗੀ ਹੋਵੇਂਗਾ। ਜੋ ਸਤਿ-ਸੰਗ ਦੀ ਸੰਜੋਗੀ ਅਵਸਥਾ ਦੇ ਰਹੱਸ ਤੋਂ ਜਾਣੂ ਹੈਂ। ਮੈਂ ਮੁੜ ਕੇ ਤੇਰੇ ਘਰ ਨਹੀਂ ਆਵਾਂਗਾ। ਤੂੰ ਤਾਂ ਮੈਨੂੰ ਅਕਾਲ-ਪੁਰਖ ਦੀ ਪ੍ਰੇਮ ਗਲਵੱਕੜੀ ਤੋਂ ਵੱਖ ਕਰ ਦਿੱਤਾ ਹੈ ਤੇ ਸੰਜੋਗੀ ਅਵਸਥਾ ਦਾ ਸਾਰਾ ਅਨੰਦ ਜਾਂਦਾ ਰਿਹਾ ਹੈ।"

## ਆਤਮਿਕ ਸ਼ਕਤੀ ਹੀ ਜੀਵਨ ਦੀ ਮਾਰਗ ਦਰਸ਼ਕ

ਆਤਮ-ਸਤਾ ਵਿਚ ਜੀਵਨ-ਸ਼ਕਤੀ ਵਿਦਮਾਨ ਹੈ। ਇਸ ਆਤਮਿਕ-ਸਤਾ (ਅਧਿਆਤਮਿਕਤਾ) ਵਿਚ ਹੀ ਪ੍ਰਭੂ ਦੀ ਸ਼ਕਤੀ ਮੌਜੂਦ ਹੈ। ਸਗਲ ਪਦਾਰਥ ਇਸ ਸ਼ਕਤੀ ਦੇ ਹੁਕਮ ਅਧੀਨ ਹਨ। ਇਹ ਅਧਿਆਤਮਿਕ ਸਤਾ ਪ੍ਰਭੂ ਦੀ ਸਰਵੁੱਚ ਸ਼ਕ੍ਤੀ ਹੈ ਜਿਸ ਨੂੰ ਉਹ ਬੇਪ੍ਰਵਾਹੀ ਵਿਚ ਬਖ਼ਸ਼ ਰਿਹਾ ਹੈ। ਇਸ ਨੂੰ ਵੰਡਣ ਸਮੇਂ ਉਹ ਕਈਆਂ ਨੂੰ ਮਨੋ ਵਿਸਾਰ ਦਿੰਦਾ ਹੈ ਤੇ ਦੂਜਿਆਂ ਨੂੰ ਇਸ ਦੇ ਅਖੁੱਟ ਭੰਡਾਰ ਬਖ਼ਸ਼ ਦਿੰਦਾ ਹੈ। ਇਹ ਤਾਂ ਉਸ ਪ੍ਰਭੂ-ਪ੍ਰੀਤਮ ਦਾ ਉਚਤਮ ਮਨੋਵੇਗ ਹੈ, ਜੋ ਰੱਬੀ ਪ੍ਰੇਮ ਦੇ ਚਲੂਲੇ ਰੰਗ ਵਿਚ ਬਾਲਾਂ ਤੇ ਇਸਤਰੀਆਂ ਦੀਆਂ ਗੱਲ੍ਹਾਂ ਉਤੇ ਸੂਹੇ ਗੁਲਾਬਾਂ ਦੀ ਟਹਿਕ ਉਤਪੰਨ ਕਰ ਦਿੰਦਾ ਹੈ। ਇਹ ਇਤਨੀ ਮਿੱਠੀ ਤੇ ਨਿੱਕੀ ਵੱਥ ਹੁੰਦੀ ਹੈ ਜਿਵੇਂ ਨੰਨ੍ਹੇ ਬਾਲ ਦੀ ਮੰਦ-ਮੰਦ ਮੁਸਕਾਨ ਹੋਵੇ, ਇਹ ਮਾਂ ਦੇ ਆਪਣੇ ਬੱਚੇ ਪ੍ਰਤੀ ਵਾਤਸਲ-ਪ੍ਰੇਮ ਦੇ ਧਿਆਨ ਸਮਾਨ ਤੀਖਣ ਹੁੰਦੀ ਹੈ। ਇਸ ਦੇ ਨੇਮ ਵੀ ਨਿਆਰੇ ਹਨ ਤੇ ਚੋਣ ਵੀ ਪ੍ਰਭੂ ਦੀ ਰਜ਼ਾ ਅਨੁਸਾਰ ਹੀ ਹੁੰਦੀ ਹੈ। ਇਸ ਬਾਰੇ ਉਹ ਸਾਵਧਾਨ ਤੇ ਈਰਖਾਲੂ ਵੀ ਹੋ ਜਾਂਦਾ ਹੈ। ਜਦੋਂ ਕਿ ਉਹ ਇਸ ਦੇ ਸੁਪਾਤਰਾਂ ਦੀ ਚੋਣ ਕਰਦਾ ਹੈ ਤੇ ਉਹਨਾਂ ਦੀ ਰੱਖਿਆ ਕਰਦਾ ਹੈ। ਆਪਣੀ ਸਾਜੀ ਹੋਈ ਸ੍ਰਿਸ਼ਟੀ ਵਿਚ ਪ੍ਰਭੂ ਨੇ ਰਹੱਸਮਈ ਵਖਰੇਵੇਂ ਰੱਖ ਦਿੱਤੇ ਹਨ। ਕਈਆਂ ਨੂੰ ਤਾਂ ਪ੍ਰਭੂ ਆਪਣੇ ਤੋਂ ਪਰੇ ਕਰ ਦਿੰਦਾ ਹੈ ਤੇ ਦੂਜਿਆਂ ਨੂੰ ਆਪਣੇ ਨੇੜੇ ਲੈ ਆਉਂਦਾ ਹੈ। ਪ੍ਰਭੂ ਦੀ ਇਸ ਚੋਣ ਦੀ ਇਹ ਰੂਪ-ਰੇਖਾ ਛਿਣ-ਛਿਣ ਬਦਲਦੀ ਵੀ ਰਹਿੰਦੀ ਹੈ।

## ਜੀਵਨ ਰੱਤ ਦੁਆਰਾ ਹੀ ਆਤਮਾ ਦੀ ਸਫ਼ਾਈ ਕਰਨੀ ਪੈਂਦੀ ਹੈ

ਇਕ ਸਿੱਖ ਭਗਤ ਜੀ ਨੇ ਬਚਨ ਕੀਤਾ, "ਮੇਰੇ ਕੋਲ ਝੁੰਡ ਬੰਨ੍ਹ ਕੇ ਨਾ ਆਉ, ਸਗੋਂ ਇਕ ਇਕ ਕਰਕੇ ਆਉ। ਅਜਿਹੇ ਸਮੇਂ ਮੈਂ ਬੜਾ ਦੁਰਬਲ ਜਿਹਾ ਅਨੁਭਵ ਕਰਦਾ ਹਾਂ ਤੇ ਮੈਨੂੰ ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਮੇਰੀ ਸਾਰੀ ਸ਼ਕਤੀ ਹੀ ਜਾਂਦੀ ਰਹੀ ਹੈ।

## ਬ੍ਰਹਮ-ਗਿਆਨ ਦੀ ਪ੍ਰਾਪਤੀ ਲਈ ਬੀਰ-ਭਾਵੀ ਬਣੋ

ਸੰਜਮ ਧਾਰਨ ਕਰਨ ਤੋਂ ਨਾ ਡਰੋ। ਸੰਜਮ ਧਾਰਨ ਕਰਨ ਨਾਲ ਤੁਹਾਡੇ ਅੰਦਰ ਸੁਤੰਤਰਤਾ ਦੀ ਪੂਰਨਤਾ ਆਉਂਦੀ ਹੈ। ਜਿਥੇ ਸੰਜਮ ਨਹੀਂ ਹੁੰਦਾ, ਉਥੇ

ਕੁਝ ਵੀ ਪ੍ਰਾਪਤ ਨਹੀਂ ਹੋ ਸਕਦਾ।

ਜਿਗਿਆਸੂਓ ! ਜਾਗੋ ਅਤੇ ਪੂਰਾ ਧਿਆਨ ਲਗਾ ਕੇ ਆਪਣੀ ਜੀਵ-ਆਤਮਾ ਨੂੰ ਗਫ਼ਲਤ ਦੀ ਨੀਂਦ ਤੋਂ ਜਗਾਉ। ਬੀਰ ਯੋਧਿਆਂ ਸਮਾਨ ਹਉਮੈ ਦੇ ਕਿਲ੍ਹੇ ਉਤੇ ਵਾਰ ਵਾਰ ਹੱਲੇ ਕਰੋ ਅਤੇ ਇਸ ਨੂੰ ਸਰ ਕਰਨ ਦਾ ਯਤਨ ਕਰੋ। ਤੁਸੀਂ ਇਸ ਵਿਚ ਸਫਲ ਹੋ ਜਾਉਗੇ ਤੇ ਤੁਹਾਨੂੰ ਆਤਮਿਕ ਸੁਤੰਤਰਤਾ ਪ੍ਰਾਪਤ ਹੋ ਜਾਵੇਗੀ।

ਗੁਰੂ ਜੀ ਦਾ ਫੁਰਮਾਨ ਹੈ, ''ਮਨੁ ਜੀਤੈ ਜਗੁ ਜੀਤੈ'' ਅਰਥਾਤ ਜਿਸ ਨੇ ਆਪਣੇ ਮਨ ਨੂੰ ਜਿੱਤ ਲਿਆ, ਉਸ ਨੇ ਸੰਸਾਰ ਉਤੇ ਵੀ ਜਿੱਤ ਪ੍ਰਾਪਤ ਕਰ ਲਈ।

## ਸਦਾਚਾਰੀ ਜੀਵਨ ਦੀਆਂ ਸਿਖਰਾਂ ਉਤੇ ਪਹੁੰਚਣ ਲਈ ਸਿਮਰਨ ਦੀ ਪੌੜੀ

ਮਾਇਆ ਦੇ ਪਾਰੇ ਹਾਰ ਕੰਬਦੇ ਸੁਪਨਿਆਂ ਵਿਚ ਪ੍ਰਭੂ ਦੀ ਖਿੰਡਰੀ ਹੋਈ ਸੁੰਦਰਤਾ ਦੇ ਝਲਕਾਰਿਆਂ ਤੱਕ ਪਹੁੰਚਣ ਲਈ ਸਖ਼ਤ ਮਿਹਨਤ ਦੀ ਲੋੜ ਹੈ। 'ਵਾਹਿਗੁਰੂ ਵਾਹਿਗੁਰੂ' ਦੀ ਸਨਾਤਨ ਨਾਮ ਧੁਨੀ ਦਾ ਗੁਣ-ਗਾਇਨ ਜਾਂ ਸਿਮਰਨ ਤੁਹਾਨੂੰ ਉਸ ਮੰਜ਼ਿਲ ਉਤੇ ਲੈ ਜਾਂਦਾ ਹੈ ਜਿਸ ਥਾਂ ਫ਼ਰਿਸ਼ਤੇ ਆਪਣੇ ਦੇਵ-ਪੰਖਾਂ ਨੂੰ ਪਸਾਰ ਕੇ ਤੁਹਾਡੇ ਉਪਰ ਰਹਿਮਤ ਦਾ ਛਤਰ ਤਾਣ ਦਿੰਦੇ ਹਨ। ਉਥੇ ਕਿਸੇ ਤਰ੍ਹਾਂ ਦੀ ਦੂਈ-ਦਵੈਤ ਦੀ ਤੱਤੀ ਵਾਉ ਤੁਹਾਨੂੰ ਪੁਹ ਨਹੀਂ ਸਕਦੀ।

ਸਿਮਰਨ ਤਾਂ ਅਦ੍ਰਿਸ਼ਟ ਦੇਵ-ਗਣਾਂ ਦਾ ਸੰਗੀ-ਸਾਥੀ ਬਣਾ ਦਿੰਦਾ ਹੈ। ਦੇਵਤੇ ਵੀ ਤੁਹਾਡੀ ਰਸਨਾ ਤੋਂ ਪ੍ਰਭੂ-ਨਾਮ ਨੂੰ ਸੁਣ ਕੇ ਪ੍ਰਸੰਨ ਹੁੰਦੇ ਹਨ। ਸਿਮਰਨ ਪ੍ਰਭੂ-ਪ੍ਰੀਤਮ ਦੇ ਦਰਸ਼ਨ ਦੀ ਸ਼ਾਨ ਨੂੰ ਨਿਹਾਰਨਾ ਹੈ, ਜਿਸ ਰਾਹੀਂ ਅਸੀਂ ਉਸ ਨੂੰ ਪਰਸਦੇ ਹਾਂ, ਚਖ਼ਦੇ ਹਾਂ ਅਤੇ ਉਸ ਦੀਆਂ ਅੰਮ੍ਰਿਤ ਘੁੱਟਾਂ ਨੂੰ ਪੀਂਦੇ ਹਾਂ। ਨਾਮ ਸਿਮਰਨ ਸਾਡੀ ਕਾਇਆ-ਕਲਪ ਕਰਕੇ ਸਾਨੂੰ ਬਣਾ ਦਿੰਦਾ ਹੈ—ਇਕ ਰੱਬੀ ਗੀਤ, ਰੱਬੀ ਪ੍ਰਾਰਥਨਾ, ਰੱਬੀ ਜੋਤ ਤੇ ਰੱਬੀ-ਪ੍ਰਕਾਸ਼ ਦੀ ਤਲਵਾਰ ਦੀ ਤਿੱਖੀ ਧਾਰ।

# ਅਦ੍ਰਿਸ਼ਟ-ਮੰਡਲ
(ਗੋਇਟੇ ਦੀ ਯਾਦ ਵਿਚ)

## ਕਵੀ ਤੇ ਅਦ੍ਰਿਸ਼ਟ-ਮੰਡਲ

### ਕਵੀ-ਜਨ ਆਪਣੀ ਨਿਮਨ ਚੇਤਨਾ ਦੁਆਰਾ ਅਦ੍ਰਿਸ਼ਟ-ਮੰਡਲ ਦੇ ਪ੍ਰਭਾਵਾਂ ਨੂੰ ਗ੍ਰਹਿਣ ਕਰਦੇ ਹਨ

ਮੇਰੇ ਇਕ ਮਿੱਤਰ ਨੇ ਸਿਮਰਨ ਦੇ ਪੁੰਜ ਵਿਅਕਤੀ ਦਾ ਧਿਆਨ ਇਸ ਬੰਨੇ ਦਿਵਾਇਆ ਅਤੇ ਇਸ ਸੰਬੰਧ ਵਿਚ 'ਫਾਊਸਟ' ਤੇ 'ਗੋਟਲਿਚ' ਵੱਲ ਸੰਕੇਤ ਕੀਤਾ। 'ਫਾਊਸਟ' ਨੂੰ ਪੜ੍ਹ ਕੇ ਉਸ ਨਾਮ-ਰੱਤੇ ਵਿਅਕਤੀ ਨੇ ਉਸ ਦੀ ਇਕ ਪਾਤਰ ਮਾਰਗਰੇਟ ਦਾ ਹਵਾਲਾ ਦਿੱਤਾ ਜੋ ਆਪਣੇ ਪਰਛਾਵੇਂ-ਹਾਰ ਪਿੱਛਾ ਕਰਦੇ ਸਾਥੀ 'ਫਾਊਸਟ' ਨੂੰ ਨਫ਼ਰਤ ਕਰਦੀ ਹੈ। ਉਹ ਉਸ ਨੂੰ ਤੱਕ ਕੇ ਬਹੁਤ ਦੁਖੀ ਹੁੰਦੀ ਹੈ। ਭਾਵੇਂ ਜਦੋਂ ਉਹ 'ਫਾਊਸਟ' ਨੂੰ ਦੇਖਦੀ ਹੈ ਤਾਂ ਉਸ ਦੀ ਆਤਮਾ ਚਮਕ ਉਠਦੀ ਹੈ ਤੇ ਉਹ ਇਸ ਗੱਲ ਦਾ ਗਿਲਾ ਕਰਦੀ ਹੈ ਕਿ 'ਫਾਊਸਟ' ਉਸ ਕੋਲ ਇਕੱਲਿਆਂ ਕਿਉਂ ਨਹੀਂ ਆਉਂਦਾ। ਉਸ ਸੋਝੀਵਾਨ ਵਿਅਕਤੀ ਨੇ ਮੇਰੇ ਮਿੱਤਰ ਨੂੰ ਦੱਸਿਆ ਕਿ ਤੁਹਾਡਾ ਗੋਇਟੇ ਉਸ ਅਦ੍ਰਿਸ਼ਟ-ਮੰਡਲ ਦੀ ਯਥਾਰਥਕ ਹੋਂਦ ਬਾਰੇ ਤਾਂ ਜਾਣਦਾ ਹੈ ਜਿਸ ਦਾ ਦੁਆਰ ਮ੍ਰਿਤੂ ਪਿੱਛੋਂ ਖੁਲ੍ਹਦਾ ਹੈ, ਪਰ ਉਹ ਇਸ ਵਿਚਲੇ ਵਿਅਕਤੀਗਤ ਚਿੰਨ੍ਹਾਂ ਦੀ ਪਛਾਣ ਨਹੀਂ ਕਰ ਸਕਿਆ ਜਿਸ ਦੇ ਪ੍ਰਭਾਵ ਵਾਰ ਵਾਰ ਉਸ ਚੇਤੰਨਤਾ ਵਿਚ ਉਤਪੰਨ ਹੁੰਦੇ ਹਨ। ਇਹ ਇਸੇ ਤਰ੍ਹਾਂ ਦੀ ਗੱਲ ਹੈ ਜਿਵੇਂ ਅਸੀਂ ਜੀਵਨ ਵਿਚ ਕਿਸੇ ਇਕੋ ਸ਼ਕਲ-ਸੂਰਤ ਵਾਲੇ ਆਦਮੀ ਨੂੰ ਵਾਰ ਵਾਰ ਮਿਲੀਏ ਤੇ ਉਸ ਦੇ ਨਿਸ਼ਚਿਤ ਸੁਭਾ ਤੋਂ ਜਾਣੂੰ ਹੋਈਏ। ਜਿਹੜੇ ਲੋਕ ਜਿਸ ਵਿਅਕਤੀਗਤ ਵਿਲੱਖਣਤਾ ਦੀ ਪਛਾਣ ਕਰ ਸਕਦੇ ਹੋਣ; ਉਹ ਦੱਸ ਸਕਦੇ ਹਨ ਕਿ ਇਹ ਵਿਅਕਤੀਗਤ ਵਿਲੱਖਣਤਾ ਸ੍ਰਿਸ਼ਟੀ ਦੇ ਪਸਾਰੇ ਵਿਚ ਕਿਸ ਤਰ੍ਹਾਂ ਪਸਰੀ ਹੋਈ ਹੈ ਤੇ ਇਸ ਦੀ ਪਛਾਣ ਕਿਸ ਤਰ੍ਹਾਂ ਕੀਤੀ ਜਾ ਸਕਦੀ ਹੈ। ਜਿਵੇਂ ਕੋਈ ਪ੍ਰਬੀਨ ਸੰਗੀਤਕਾਰ ਪ੍ਰਕ੍ਰਿਤੀ ਵਿਚਲੀਆਂ ਆਵਾਜ਼ਾਂ ਤੇ ਨਾਦਾਂ ਨੂੰ ਸੁਣ ਕੇ ਵਿਭਿੰਨ ਸੰਗੀਤ ਦੀਆਂ ਸੁਰਾਂ ਦੀ ਪਛਾਣ ਕਰ ਸਕਦਾ ਹੈ ਤੇ ਇਕ ਨੂੰ ਦੂਜੀ ਤੋਂ ਨਿਖੇੜ ਸਕਦਾ ਹੈ। ਇਹ ਵਿਅਕਤੀ ਐਸੀ ਆਤਮਿਕ ਪਾਰਦਰਸ਼ਤਾ ਦੀ ਅਵਸਥਾ ਤੱਕ ਉਠ ਸਕਦਾ ਹੈ ਜਿਥੇ ਉਹ ਉਪਰ-ਯਥਾਰਥ ਦੇ ਬਿੰਬਾਂ ਪ੍ਰਤੀਬਿੰਬਾਂ ਨੂੰ ਤੱਕ ਸਕਦਾ ਹੈ, ਉਸ ਉਪਰਲੇ ਮੰਡਲ ਵਿਚੋਂ ਨਿੱਤ ਪ੍ਰਭਾਵ ਗ੍ਰਹਿਣ ਕਰਦਾ ਹੈ। ਸਿਮਰਨ ਵਾਲੇ ਸੰਤ ਮਹਾਂ-ਪੁਰਸ਼ ਉਹਨਾਂ ਵੱਖ ਵੱਖ ਹਸਤੀਆਂ ਨੂੰ ਜਾਣਦੇ ਤੇ ਪਛਾਣਦੇ ਹੁੰਦੇ ਹਨ ਤੇ

ਜੋ ਅਰੂਪ ਮੰਡਲ ਵਿਚੋਂ ਆਉਂਦੀਆਂ ਹਨ। ਜਦੋਂ ਕੋਈ ਅਜਿਹਾ ਮਹਾਂ-ਪੁਰਸ਼ ਇਹ ਗੱਲ ਕਹਿੰਦਾ ਹੈ ਕਿ ਉਸ ਨੂੰ ਉਹਨਾਂ ਹਸਤੀਆਂ ਦੇ ਦਰਸ਼ਨ ਹੁੰਦੇ ਹਨ, ਜਿਨ੍ਹਾਂ ਨੂੰ ਅਸੀਂ ਚਿਰ ਕਾਲ ਤੋਂ ਮਰ ਚੁੱਕੇ ਸਮਝਦੇ ਹਾਂ ਤਾਂ ਇਹ ਕੇਵਲ ਉਸ ਦੇ ਮਨ ਦਾ ਭੁਲੇਖਾ ਮਾਤਰ ਜਾਂ ਵਹਿਮ ਨਹੀਂ ਹੁੰਦਾ, ਸਗੋਂ ਉਹ ਉਹਨਾਂ ਹਸਤੀਆਂ ਨੂੰ ਇੰਜ ਹੀ ਮਿਲ ਰਿਹਾ ਹੁੰਦਾ ਹੈ ਜਿਵੇਂ ਉਹ ਸੰਸਾਰ ਵਿਚ ਜਿਉਂਦੇ ਜਾਗਦੇ ਵਿਅਕਤੀ ਹੋਣ। ਕਵੀ ਗੋਇਟੇ ਦੇ ਉਹ ਅਨਿਸ਼ਚਿਤ ਤੇ ਨਿਰਾਕਾਰੀ ਪ੍ਰਭਾਵ ਨਿਸ਼ਚਿਤ ਰੂਪ, ਰੰਗ ਤੇ ਆਕਾਰ ਨੂੰ ਧਾਰਨ ਕਰ ਲੈਂਦੇ ਹਨ ਅਤੇ ਇਸ ਤਰ੍ਹਾਂ ਸੰਤ-ਜਨ ਆਪਣੇ ਉਹਨਾਂ ਮਿੱਤਰਾਂ ਨੂੰ ਪਛਾਣ ਲੈਂਦੇ ਹਨ ਜੋ ਹੁਣ ਸ਼ੁਧ ਵਿਚਾਰ, ਸ਼ੁਧ ਭਾਵ ਅਤੇ ਸ਼ੁਧ ਕਾਮਨਾ ਦੇ ਸਮਾਨ ਆਪਣੇ ਸੂਖ਼ਮ ਸਰੀਰਾਂ ਵਿਚ ਇਸਥਿਤ ਹਨ। ਮੈਨੂੰ 'ਫਾਊਸਟ' ਦਾ ਇਹ ਦ੍ਰਿਸ਼ਟੀਕੋਣ ਬਹੁਤ ਪਸੰਦ ਹੈ। ਇਹ ਬੜਾ ਵਾਸਤਵਿਕ ਤੇ ਸੱਚਾ ਹੈ। ਇਥੇ ਮੈਂ ਅਦ੍ਰਿਸ਼ਟ-ਮੰਡਲ ਦੇ ਦ੍ਰਿਸ਼ਟੇਤਾ ਨੂੰ ਪ੍ਰਤੱਖ ਰੂਪ ਵਿਚ ਵੇਖਦਾ ਹਾਂ।

## ਸਿੱਖ ਪ੍ਰਭੂ ਦੇ ਸੰਸਾਰ ਨੂੰ ਸਾਕਾਰ ਕਰ ਰਿਹਾ ਹੈ

ਸਾਰੇ ਦਸ ਗੁਰੂ ਜੋਤੀ ਜੋਤ ਸਮਾ ਚੁੱਕੇ ਹਨ। ਕੀ ਇਹਨਾਂ ਦੇ ਮੁੜ ਦਰਸ਼ਨ ਨਹੀਂ ਹੋ ਸਕਦੇ ? ਉਹ ਕਿਥੇ ਹਨ ? ਜੇ ਮੇਰੇ ਵਰਗਾ ਨਵਾਂ ਬਣਿਆ ਸਿੱਖ ਇਸ ਪ੍ਰਸ਼ਨ ਨੂੰ ਕਿਸੇ ਪੂਰਨ ਸ਼ਰਧਾਲੂ ਸਿੱਖ ਤੋਂ ਪੁੱਛੇ ਤਾਂ ਉਹ ਆਪਣੇ ਨੈਣ ਮੁੰਦ ਲਵੇਗਾ। ਉਸ ਦੇ ਚਿਹਰੇ ਉਤੇ ਨੂਰ ਵਰ੍ਹਨ ਲੱਗ ਪਵੇਗਾ ਅਤੇ ਇਕ ਪਰਮਾਨੰਦ ਦੀ ਅਵਸਥਾ ਵਿਚ ਉਸ ਦੇ ਨੈਣਾਂ ਵਿਚੋਂ ਹੰਝੂ ਵਹਿ ਤੁਰਨਗੇ ਤੇ ਉਹ ਪੁੱਛਣ ਵਾਲੇ ਨਵੇਂ ਸਿੱਖ ਦੇ ਨੈਣ ਵੀ ਮੁੰਦੇ ਜਾਣਗੇ ਤੇ ਇਸ ਸੰਤ ਮਹਾਂ-ਪੁਰਸ਼ ਦੀ ਕਰਾਮਾਤੀ ਸ਼ਕਤੀ ਦੁਆਰਾ ਉਹ ਅੱਖ-ਪਲਕਾਰੇ ਵਿਚ ਦਸ ਗੁਰੂ ਸਾਹਿਬਾਨ ਦੇ ਦਰਸ਼ਨ ਕਰ ਲਵੇਗਾ। ਇਸ ਤਰ੍ਹਾਂ ਉਹ ਮਹਾਂ-ਪੁਰਸ਼ ਆਪਣੀ ਕਰਾਮਾਤੀ ਸ਼ਕਤੀ ਦੁਆਰਾ ਇਹ ਦ੍ਰਿਸ਼ ਉਸ ਦੇ ਸਾਹਮਣੇ ਪ੍ਰਤੱਖ ਕਰ ਦੇਵੇਗਾ। ਅਜਿਹੀ ਅੰਤਰ-ਦ੍ਰਿਸ਼ਟੀ ਸਾਨੂੰ ਪੁਰਾਤਨ ਕਾਲ ਤੋਂ ਚਲੇ ਆਉਂਦੇ ਅਜਿਹੇ ਵਿਚਾਰਾਂ ਦੇ ਯਥਾਰਥ ਸਿੱਧ ਹੋਣ ਦਾ ਕਾਇਲ ਕਰਵਾ ਦੇਵੇਗੀ।

## ਨਿਹਚੇ ਤੋਂ ਬਿਨਾਂ ਧਰਮ ਇਕ ਪਾਟਾ ਢੋਲ

ਜਿੰਨਾਂ ਚਿਰ ਤੱਕ ਸਿੱਖੀ ਦੇ ਮਾਰਗ 'ਤੇ ਚਲਦਿਆਂ ਕਿਸੇ ਜਿਗਿਆਸੂ ਨੂੰ ਇਹ ਵਿਸ਼ਵਾਸ ਨਹੀਂ ਆਉਂਦਾ ਕਿ ਇਸ ਮਾਰਗ ਉਤੇ ਕਈ ਦ੍ਰਿਸ਼ਟ ਅਤੇ ਅਦ੍ਰਿਸ਼ਟ ਸਾਡੇ ਸਹਾਇਕ ਆ ਕੇ ਸਾਡਾ ਮਾਰਗ ਦਰਸ਼ਨ ਕਰਦੇ ਹਨ ਅਤੇ ਉਹਨਾਂ ਦੇ ਹਜ਼ੂਰੀ ਦਰਸ਼ਨਾਂ ਵਿਚ ਉਹ ਉਸ ਬੈਕੁੰਠ-ਧਾਮ ਦੇ ਪਰਮਾਨੰਦ ਦੀ ਸ਼ਾਨ ਨੂੰ ਨਹੀਂ ਨਿਹਾਰਦਾ, ਉਨਾਂ ਚਿਰ ਤੱਕ ਧਰਮ ਦੇ ਖੇਤਰ ਵਿਚ ਕੁਝ ਲੱਭ ਸਕਣਾ ਨਿਰਮੂਲ ਹੈ। ਮੁਕਤ-ਗਾਮੀ ਆਤਮਾਵਾਂ ਦੀ ਹੋਂਦ ਤੋਂ ਬਿਨਾਂ ਧਰਮ ਇਕ ਪਾਟੇ ਢੋਲ ਦੀ ਨਿਆਈਂ ਰਹਿ ਜਾਂਦਾ ਹੈ। ਜਿੰਨਾਂ ਚਿਰ ਤੱਕ ਸਾਡੇ ਮਨ ਤੇ ਤਨ

ਤਰਾ-ਮੰਡਲ ਦੀ ਪਵਿੱਤਰਤਾ ਨਾਲ ਪੂਰੀ ਤਰ੍ਹਾਂ ਰਚ ਮਿਚ ਨਹੀਂ ਜਾਂਦੇ, ਉਨਾਂ ਦੇਰ ਤੱਕ ਅਸੀਂ ਕੇਵਲ ਆਪਣੇ ਸਵੈ-ਅਭਿਮਾਨ ਦੇ ਪਰਛਾਵੇਂ ਮਾਤਰ ਹੀ ਹਾਂ ਤੇ ਮਾਇਆ ਦੀ ਚਿੱਕੜ-ਧੂੜ ਵਿਚ ਸੜਿਆਂਦ ਮਾਰ ਰਿਹਾ ਹੈ।

ਸਜੀਰਬੀ ਜੋ ਹੰਗਰੀ ਦਾ ਨਿਹਚਾਧਾਰੀ ਮਹਾਨ ਪੁਰਸ਼ ਸੀ, ਦਾ ਕਥਨ ਹੈ :

''ਮੌਤ ਤਾਂ ਆਤਮਾ ਦਾ ਖੇਤਰ ਹੈ ਨਾ ਕਿ ਸਰੀਰ ਦਾ। ਤੁਸੀਂ ਉਥੇ ਆਤਮਾ ਨੂੰ ਵੇਖ ਸਕਦੇ ਹੋ, ਭਾਵੇਂ ਤੁਸੀਂ ਉਸ ਨੂੰ ਇਥੇ ਨਹੀਂ ਵੇਖ ਸਕਦੇ। ਇਹ ਇਸੇ ਤਰ੍ਹਾਂ ਹੀ ਹੈ ਜਿਵੇਂ ਤੁਸੀਂ ਸਰੀਰ ਨੂੰ ਇਥੇ ਦੇਖ ਸਕਦੇ ਹੋ, ਪਰ ਉਥੇ ਤੁਸੀਂ ਸਰੀਰ ਨੂੰ ਨਹੀਂ ਦੇਖ ਸਕਦੇ। ਫਿਰ ਵੀ ਤੁਸੀਂ ਉਥੇ ਸਰੀਰਾਂ ਨੂੰ ਵੇਖ ਸਕਦੇ ਹੋ, ਜਿਵੇਂ ਇਥੇ ਤੁਸੀਂ ਆਤਮਾ ਦੀ ਕੌਮ ਨੂੰ ਵੇਖਦੇ ਹੋ। ਇਸ ਪ੍ਰਕਾਰ ਪਰਲੋਕ ਵਿਚ ਜੋ ਸਾਨੂੰ ਨਜ਼ਰੀਂ ਨਹੀਂ ਪੈਂਦਾ, ਜੀਵਨ ਦੀ ਲਗਾਤਾਰਤਾ ਬਣੀ ਰਹਿੰਦੀ ਹੈ।''

''ਮੌਤ ਉਹ ਦਰਵਾਜ਼ਾ ਹੈ ਜਿਸ ਵਿਚੋਂ ਸਭ ਨੂੰ ਲੰਘਣਾ ਪੈਂਦਾ ਹੈ। ਇਸ ਦਰਵਾਜ਼ੇ ਤੋਂ ਪਰੇ ਇਕ ਵਿਸ਼ਾਲ ਵਿਹੜਾ ਤੇ ਅਗਿਆਤ ਭੂਮੀ ਹੈ। ਅਣਜਾਣੇ ਚਿਹਰਿਆਂ ਨੂੰ ਵੇਖ ਕੇ ਅਸੀਂ ਉਸੇ ਤਰ੍ਹਾਂ ਡਰ ਜਾਂਦੇ ਹਾਂ ਜਿਵੇਂ ਛੋਟੇ ਬੱਚੇ ਆਪਣੇ ਮਾਪਿਆਂ ਦੇ ਉਹਨਾਂ ਅਣਜਾਣੇ ਮਿੱਤਰਾਂ ਨੂੰ ਵੇਖ ਕੇ ਡਰ ਜਾਂਦੇ ਹਨ ਜੋ ਉਹਨਾਂ ਲਈ ਮਿਠਿਆਈ ਲੈ ਕੇ ਆਉਂਦੇ ਹਨ।''

''ਉਥੇ ਕਿਹੋ ਜਿਹਾ ਜੀਵਨ ਹੋਵੇਗਾ ? ਉਹੋ ਜਿਹਾ ਹੀ ਹੋਵੇਗਾ, ਜਿਹੋ ਜਿਹਾ ਕਿ ਤੁਸੀਂ ਇਸ ਲੋਕ ਵਿਚ ਆਪਣੇ ਕੀਤੇ ਕਰਮਾਂ ਦੇ ਫਲਾਂ ਦੇ ਆਧਾਰ 'ਤੇ ਅਧਿਕਾਰੀ ਹੋਵੋਗੇ। ਪਰ ਉਥੇ ਬਹੁਤਿਆਂ ਨਾਲ ਬੁਰਾ ਵਰਤਾਓ ਹੋਵੇਗਾ। ਉਹਨਾਂ ਨਾਲ ਖ਼ਤਰਨਾਕ ਗੱਲਾਂ ਵਾਪਰ ਸਕਦੀਆਂ ਹਨ।''

''ਉਹਨਾਂ ਲਈ ਜਿਨ੍ਹਾਂ ਦੀ ਮੌਤ ਹੋ ਚੁੱਕੀ ਹੈ ਤੇ ਉਹਨਾਂ ਨੂੰ ਕਿਸੇ ਨੇ ਸਰਾਪ ਨਹੀਂ ਦਿੱਤਾ, ਉਹ ਜੀਵਨ ਇਕ ਮਿਲੇ ਖ਼ਜ਼ਾਨੇ ਵਾਂਗ ਹੈ ਅਤੇ ਜਿਹੜੇ ਲੋਕ ਅਜਿਹੇ ਜੀਵਨ ਨੂੰ ਪ੍ਰੇਮ ਦੀ ਦ੍ਰਿਸ਼ਟੀ ਤੋਂ ਵੇਖਦੇ ਹਨ, ਉਹਨਾਂ ਲਈ ਉਥੇ ਬਹੁਤ ਸਾਰੀਆਂ ਬਰਕਤਾਂ ਮੌਜੂਦ ਹਨ। ਇਸ ਲਈ ਜਿਹੜੇ ਮੌਤ ਦੀ ਭੂਮੀ ਨੂੰ ਪ੍ਰੇਮ ਨਾਲ ਤੱਕਦੇ ਹਨ, ਉਹਨਾਂ ਲਈ ਉਥੇ ਬਹੁਤ ਸਾਰੀਆਂ ਰਹਿਮਤਾਂ ਹਨ, ਪਰ ਜਿਹੜੇ ਲੋਕ ਮੌਤ ਤੋਂ ਪਰੇ ਦੇ ਜੀਵਨ ਨੂੰ ਇਕ ਸਰਾਪ ਮੰਨਦੇ ਹਨ, ਉਹਨਾਂ ਲਈ ਉਥੇ ਬੜੇ ਬਿਖਮ ਦੁੱਖ ਤੇ ਕਸ਼ਟ ਹਨ।''

''ਜੋ ਆਪਣੀ ਆਤਮਾ ਕਰਕੇ ਸ਼ੁਧ ਹੈ, ਉਸ ਦੀ ਦ੍ਰਿਸ਼ਟੀ ਵੀ ਸਪਸ਼ਟ ਹੈ ਤੇ ਉਹ ਮੌਤ ਨੂੰ ਮੁਸਕਰਾਉਂਦਿਆਂ ਹੀ ਪ੍ਰਵਾਨ ਕਰਦਾ ਹੈ।''

''ਜਿਸ ਤਰ੍ਹਾਂ ਤੁਸੀਂ ਇਸ ਸੰਸਾਰ ਵਿਚ ਕਿਸੇ ਮਾਰਗ ਉਤੇ ਚੱਲ ਕੇ ਆਏ ਹੋ, ਇਸੇ ਤਰ੍ਹਾਂ ਇਥੋਂ ਵੀ ਤੁਸੀਂ ਵਿਦਾ ਹੋਣ ਸਮੇਂ ਕਿਸੇ ਮਾਰਗ ਰਾਹੀਂ ਹੀ ਅੱਗੇ ਜਾਉਂਗੇ।''

''ਇਸ ਸੰਸਾਰ ਵਿਚ ਤੁਸੀਂ ਆਪਣੀ ਮਰਜ਼ੀ ਨਾਲ ਨਹੀਂ ਆਏ, ਫਿਰ ਤੁਸੀਂ ਆਪਣੀ ਅਗਲੀ ਹੋਂਦ ਤੇ ਹੋਣੀ ਬਾਰੇ ਕਿਉਂ ਇਤਨੇ ਚਿੰਤਾਤੁਰ ਹੋ ?''

"ਤੁਸੀਂ ਭਵਿੱਖ ਬਾਰੇ ਕਿਉਂ ਚਿੰਤਾ ਕਰਦੇ ਹੋ ਜਦੋਂ ਕਿ ਤੁਸੀਂ ਭੂਤ ਬਾਰੇ ਕੋਈ ਚਿੰਤਾ ਨਹੀਂ ਕਰਦੇ ਅਤੇ ਤੁਹਾਨੂੰ ਵਰਤਮਾਨ ਬਾਰੇ ਵੀ ਕਿੰਨੀ ਕੁ ਚਿੰਤਾ ਹੈ ?"

ਇਹ ਹਨ ਉਸ ਨਿਹਚੇ ਵਾਲੇ ਪੁਰਸ਼ ਦੇ ਵਿਚਾਰ; ਬਿਨਾਂ ਕਿਸੇ ਤਰਕ-ਵਿਤਰਕ ਦੇ ਇਹ ਸਾਨੂੰ ਕਾਇਲ ਕਰਦੇ ਹਨ। ਮੇਰੇ 'ਫਾਊਸਟ' ਤੇ 'ਗੋਟਲਿਚ' ਦੀ ਤੁਲਨਾ ਵਿਚ ਇਹ ਆਤਮਿਕ ਮੰਡਲ ਦੀ ਵਧੇਰੇ ਸਪਸ਼ਟ ਝਾਕੀ ਪੇਸ਼ ਕਰਦੇ ਹਨ। ਮੇਰੀ ਇਸ ਗਾਥਾ-ਕਾਵਿ ਵਿਚ ਸਮੰਤ-ਬਾਦਸ਼ਾਹ ਕਿਉਂ ਤੇ ਕਿਵੇਂ ਭਿਅੰਕਰ ਰੂਪ ਵਿਚ ਆਪਣੀ ਸੁਰੱਖਿਆ ਲਈ ਤਰਲੋਮੱਛੀ ਹੋ ਰਿਹਾ ਹੈ। ਗੁਰੂ ਸਾਹਿਬ ਇਹਨਾਂ ਉਜਲ ਨਾਵਾਂ ਨੂੰ ਮਿੱਤਰ ਬਣਾਉਣ ਲਈ ਸਿਮਰਨ ਉਤੇ ਜ਼ੋਰ ਦਿੰਦੇ ਹਨ, ਜਿਸ ਦੁਆਰਾ ਇਹ ਸਾਰੇ ਨਿਰਮਲ ਨਾਮ ਤੇ ਰੂਪ ਸਾਡੇ ਕੋਲ ਆ ਕੇ ਸਾਡੇ ਮਿੱਤਰ ਬਣ ਜਾਂਦੇ ਹਨ। ਜਿਵੇਂ ਉਸ ਓਪਰੇ ਮੰਡਲ ਵਿਚ ਸੱਜਣ-ਮਿੱਤਰਾਂ ਦੀ ਲੋੜ ਪੈਂਦੀ ਹੈ, ਤਿਵੇਂ ਹੀ ਇਸ ਸੰਸਾਰ ਵਿਚ ਵੀ ਸਾਨੂੰ ਆਪਣੇ ਸੱਜਣ-ਮਿੱਤਰ ਤੇ ਸਹਾਇਕ ਲੋੜੀਂਦੇ ਹਨ। ਤੁਹਾਨੂੰ ਇਹਨਾਂ ਪਵਿੱਤਰ ਆਤਮਾਵਾਂ ਤੇ ਰੂਹਾਂ ਦੀ ਤੁਲਨਾ ਵਿਚ ਇਸ ਸੰਸਾਰ ਵਿਚੋਂ ਹੀ ਆਪਣੇ ਆਤਮਿਕ ਮਿੱਤਰਾਂ ਤੇ ਸਹਾਇਕਾਂ ਦੀ ਚੋਣ ਕਰਨੀ ਚਾਹੀਦੀ ਹੈ, ਜੋ ਸਾਡੇ ਇਸ ਸੰਸਾਰ ਵਿਚ ਵੀ ਜੀਵਤ ਰੂਪ ਵਿਚ ਵਿਚਰ ਰਹੇ ਹਨ, ਇੰਜ ਗੁਰੂ ਜੀ ਦਾ ਆਦੇਸ਼ ਹੈ। ਇਹ ਉਹ ਵਿਅਕਤੀ ਹਨ ਜੋ ਪਵਿੱਤਰ ਅਗਨੀ ਦੀ ਤਰ੍ਹਾਂ ਬਲ ਰਹੇ ਹਨ। ਸਾਡੀ ਖ਼ਾਤਰ ਉਹ ਲੋਕ-ਪਰਲੋਕ ਦੋਹਾਂ ਥਾਵਾਂ 'ਤੇ ਹੀ ਸਾਡੇ ਲਈ ਕਸ਼ਟ ਝਲਦੇ ਹਨ।

ਪ੍ਰਾਚੀਨ ਈਸਾਈਆਂ ਦਾ ਇਹ ਸੁਅੱਪਣ ਸੀ ਕਿ ਸਾਡੇ ਸੰਸਾਰ ਤੋਂ ਪਰੇ ਫ਼ਰਿਸ਼ਤੇ ਅਰਥਾਤ ਦੇਵ-ਆਤਮਾਵਾਂ ਰਹਿੰਦੀਆਂ ਹਨ ਜੋ ਅਦ੍ਰਿਸ਼ਟ ਸੰਸਾਰ ਵਿਚ ਵਿਚਰ ਕੇ ਸਾਡੀ ਸਹਾਇਤਾ ਕਰਦੀਆਂ ਹਨ। ਇਹ ਉਹਨਾਂ ਈਸਾਈ ਲੋਕਾਂ ਦਾ ਅਦਭੁੱਤ ਵਿਚਾਰ ਸੀ। ਫ਼ਰਿਸ਼ਤਿਆਂ ਤੇ ਦੇਵ-ਆਤਮਾਵਾਂ ਦੇ ਬਾਹਰੋਂ ਅਰਥਾਤ ਦੇਵ-ਮੰਡਲ ਦੀ ਸਹਾਇਤਾ ਤੋਂ ਬਿਨਾਂ ਹੀ ਦਾਂਤੇ ਤੇ ਕਬੀਰ ਵਰਗੇ ਮਹਾਂ-ਪੁਰਖਾਂ ਨੇ ਬਹੁਤ ਸਾਰੇ ਜਿਗਿਆਸੂਆਂ ਉਪਰ ਪ੍ਰਭਾਵ ਪਾਇਆ। ਇਸ ਦੇਵ ਮੰਡਲ ਦੇ ਮਹਾਂ-ਪੁਰਖਾਂ ਦੇ ਅਦਿੱਖ ਸਹਾਇਕ ਹੋਣ ਦੇ ਅਨੁਭਵ ਤੋਂ ਬਿਨਾਂ ਆਪਣੇ ਆਪ ਨੂੰ ਸਿੱਖ ਜਾਂ ਭਗਤ ਅਖਵਾਉਣਾ ਠੀਕ ਨਹੀਂ ਹੈ।

## ਸਭ ਸਿੱਖ ਦਸ ਗੁਰੂ ਸਾਹਿਬਾਨ ਦੇ ਦ੍ਰਿਸ਼ਟੀਪਾਤਰ

ਬੁੱਧ, ਈਸਾ ਤੇ ਮੁਹੰਮਦ ਸਾਹਿਬ ਦੀ ਤਰ੍ਹਾਂ ਜਿਨ੍ਹਾਂ ਪੁਰਾਤਨ ਸਿੱਖਾਂ ਨੇ ਗੁਰੂ ਸਾਹਿਬ ਦੇ ਦਰਸ਼ਨ ਕਰਕੇ ਸਿੱਖ ਮੱਤ ਨੂੰ ਧਾਰਨ ਕੀਤਾ, ਉਹਨਾਂ ਵਿਚ ਸ਼ਰਧਾਵਾਨ ਸਿੱਖਾਂ ਵਾਲੀ ਪਹਿਲੀ ਕਣੀ ਮੌਜੂਦ ਸੀ। ਭਰੋਸੇ ਦੀ ਇਸ ਪਹਿਲੀ ਜੋਤ ਨੂੰ ਆਪਣੇ ਅੰਦਰ ਸਦਾ ਸੁਰੱਖਿਅਤ ਰੱਖਣਾ ਪੈਂਦਾ ਹੈ ਤੇ ਦੇਵ ਹਸਤੀਆਂ ਦੀ ਸਦੀਵਤਾ ਵਿਚ ਸਾਡੇ ਅੰਦਰ ਕੰਜ-ਕੁਆਰੀਆਂ ਵਾਲਾ ਪਵਿੱਤਰ ਭਰੋਸਾ ਉਤਪੰਨ ਹੋਣਾ ਚਾਹੀਦਾ ਹੈ। ਇਹ ਸਾਨੂੰ ਆਤਮਿਕ-ਪ੍ਰਸੰਨਤਾ ਦੁਆਰਾ ਗ੍ਰਹਿਣ

ਕਰਨਾ ਚਾਹੀਦਾ ਹੈ ਤਾਂ ਜੋ ਅਸੀਂ ਸੂਰਜ ਦੇ ਸਨਮੁਖ ਵੀ ਉਚਾ ਉਡ ਸਕੀਏ। ਇਹ ਭਰੋਸੇ ਦਾ ਰਾਈ ਦਾ ਦਾਣਾ ਹੀ ਹੁੰਦਾ ਹੈ ਜੋ ਪਹਾੜਾਂ ਨੂੰ ਹਿਲਾ ਦੇਂਦਾ ਹੈ।

## ਪਰਲੋਕ ਦੀਆਂ ਦੇਵ-ਆਤਮਾਵਾਂ ਦਾ ਦ੍ਰਿਸ਼ਟੀਕੋਣ

ਓ ਸੰਸਾਰ ਦੇ ਇਸਤਰੀ ਪੁਰਸ਼ੋ ! ਮੈਂ ਭਾਵੇਂ ਤੁਹਾਡੇ ਵਿਚੋਂ ਨਹੀਂ, ਪਰ ਤੁਹਾਡੇ ਵਿਚ ਹਾਂ। ਮੈਂ ਤੁਹਾਡੇ ਕਾਰਜਾਂ ਵਿਚ ਵਿਘਨ ਪਾਉਣ ਨਹੀਂ ਆਇਆ। ਤੁਸੀਂ ਆਪਸ ਵਿਚ ਪ੍ਰੇਮ ਨਾਲ ਰਹੋ। ਮੈਂ ਇਸਤਰੀ ਨੂੰ ਪੁਰਸ਼ ਨਾਲੋਂ ਤੇ ਪੁਰਸ਼ ਨੂੰ ਇਸਤਰੀ ਨਾਲੋਂ ਵੱਖ ਨਹੀਂ ਕਰਦਾ, ਨਾ ਹੀ ਮੈਂ ਕਿਸੇ ਨੂੰ ਆਪਣੀ ਖ਼ਾਤਰ ਤੁਹਾਡੇ ਨਾਲੋਂ ਵੱਖਰਾ ਕਰਨਾ ਚਾਹੁੰਦਾ ਹਾਂ, ਕਿਉਂਜੋ ਅਜਿਹਾ ਕਰਨ ਨਾਲ ਤੁਸੀਂ ਇਕ ਦੂਜੇ ਨਾਲ ਸਾੜਾ ਕਰਨ ਲੱਗ ਪੈਂਦੇ ਹੋ।

ਮੈਂ ਤਾਂ ਇਹ ਚਾਹੁੰਦਾ ਹਾਂ ਕਿ ਤੁਸੀਂ ਵਿਸ਼ਾਲ ਹਿਰਦਾ ਰੱਖੋ, ਤੁਹਾਡਾ ਮਨ ਅਨੰਤ ਹੋ ਜਾਵੇ, ਤੁਸੀਂ ਇਕ ਦੂਜੇ ਨਾਲ ਸਰੀਰਕ ਤੌਰ 'ਤੇ ਚਿੰਬੜੇ ਨਾ ਰਹੋ, ਸਗੋਂ ਆਤਮਿਕ ਤੌਰ 'ਤੇ ਇਕ ਦੂਜੇ ਨਾਲ ਸਾਂਝ ਪਾਉ।

ਮੈਂ ਤੁਹਾਨੂੰ ਸੱਚ ਆਖਦਾ ਹਾਂ ਕਿ ਮੇਰੇ ਤੋਂ ਵੱਧ ਤੁਹਾਨੂੰ ਹੋਰ ਕੋਈ ਪਿਆਰ ਨਹੀਂ ਕਰ ਸਕਦਾ ਕਿਉਂਜੋ ਤੁਸੀਂ ਸਰੀਰੀ ਤਾਂ ਸਰੀਰਾਂ ਨੂੰ ਪਿਆਰ ਕਰਦੇ ਹੋ ਅਤੇ ਮੈਂ ਆਤਮ-ਰੂਪ ਅਸਰੀਰੀ ਆਤਮਾ ਨੂੰ ਪਿਆਰ ਕਰਦਾ ਹਾਂ।

ਜਦੋਂ ਮੈਂ ਤੁਹਾਨੂੰ ਮਿਲਦਾ ਹਾਂ ਤਾਂ ਮੈਂ ਆਪਣੀ ਆਤਮਾ ਨੂੰ ਤੁਹਾਡੇ ਨੇੜੇ ਲੈ ਆਉਂਦਾ ਹਾਂ ਅਤੇ ਤੁਹਾਨੂੰ ਉਹ ਸਦੀਵੀ ਮਿੱਤਰਤਾ ਪ੍ਰਦਾਨ ਕਰਦਾ ਹਾਂ ਜੋ ਕੇਵਲ ਵਕਤੀ ਖ਼ੁਸ਼ੀ ਨਹੀਂ ਦਿੰਦੀ, ਨਾ ਹੀ ਸਾਡੀ ਮਨੋ-ਦਸ਼ਾ ਦੇ ਬਦਲਣ ਨਾਲ ਜਾਂ ਸਾਡੇ ਅੱਖੋਂ ਉਹਲੇ ਹੋਣ ਨਾਲ ਮਾਂਦੀ ਪੈਂਦੀ ਹੈ। ਜਦੋਂ ਤੁਸੀਂ ਦਿਸਦੇ ਰੂਪ ਵਿਚ ਆਪਣੇ ਸਰੀਰਾਂ ਨੂੰ ਮੈਥੋਂ ਪਰੇ ਲੈ ਜਾਂਦੇ ਹੋ ਤਾਂ ਵੀ ਤੁਹਾਡੀ ਆਤਮਾ ਮੇਰੇ ਵਿਚ ਹੁੰਦੀ ਹੈ ਤੇ ਮੇਰੀ ਸਾਰੀ ਦੀ ਸਾਰੀ ਆਤਮਾ ਤੁਹਾਡੀ ਆਤਮਾ ਦੇ ਅੰਗ ਸੰਗ ਹੁੰਦੀ ਹੈ।

ਜਦੋਂ ਮੈਂ ਤੁਹਾਨੂੰ ਮਿਲਦਾ ਹਾਂ ਤਾਂ ਮੈਂ ਤੁਹਾਡੇ ਨਾਲ ਅਤਿ ਦਾ ਪ੍ਰੇਮ ਕਰਦਾ ਹਾਂ। ਉਸ ਸਮੇਂ ਮੈਨੂੰ ਇੰਜ ਮਹਿਸੂਸ ਹੁੰਦਾ ਹੈ ਜਿਵੇਂ ਤੁਹਾਡੇ ਤੋਂ ਵਿਛੜ ਕੇ ਮੈਂ ਇਕ ਪਲ ਵੀ ਜਿਉ ਨਹੀਂ ਸਕਾਂਗਾ। ਇਸ ਤਰ੍ਹਾਂ ਇਕ ਅਮੋੜ ਵੇਗ ਵਿਚ ਤੁਹਾਡੀ ਆਤਮਾ ਮੈਨੂੰ ਆਪਣੇ ਵੱਲ ਆਕਰਸ਼ਿਤ ਕਰ ਲੈਂਦੀ ਹੈ ਤੇ ਤੁਹਾਨੂੰ ਇਸ ਗੱਲ ਦਾ ਗਿਆਨ ਨਹੀਂ ਹੁੰਦਾ ਕਿ ਮੈਂ ਤੁਹਾਨੂੰ ਕਿੰਨਾਂ ਪਿਆਰ ਕਰਦਾ ਹਾਂ। ਇਸ ਸਮੇਂ ਤੁਸੀਂ ਕਿਸੇ ਹੋਰ ਨੂੰ ਇਸੇ ਤੀਬਰਤਾ ਨਾਲ ਪ੍ਰੇਮ ਕਰ ਰਹੇ ਹੁੰਦੇ ਹੋ। ਤਦੋਂ ਮੈਂ ਤੁਹਾਡੇ ਚਮਕਦੇ ਮੁਖੜਿਆਂ ਨੂੰ ਨਿਹਾਰ ਕੇ ਆਪਣੀ ਹੀ ਚਮਕ ਨੂੰ ਨਾਲ ਲੈ ਕੇ ਤੁਹਾਡੇ ਕੋਲੋਂ ਚਲਾ ਜਾਂਦਾ ਹਾਂ। ਮੈਂ ਤਾਂ ਤੁਹਾਡਾ ਗੁਪਤ ਪ੍ਰੇਮੀ ਹਾਂ।

ਪਰ ਮੈਨੂੰ ਇਸ ਗੱਲ ਦਾ ਵੀ ਗਿਆਨ ਹੈ ਕਿ ਤੁਸੀਂ ਮੇਰੇ ਵਰਗੇ ਤੀਖਣ

ਰੂਪ ਦੇ ਦੀਵਾਨੇ ਮਨੋਵੇਗ ਨੂੰ ਬਰਦਾਸ਼ਤ ਨਹੀਂ ਕਰ ਸਕੋਗੇ।

ਤੁਸੀਂ ਨਗਨਤਾ ਵਿਚ ਇਸ ਆਤਮਾ ਦੀ ਪ੍ਰੇਮ ਦੀ ਤਲਵਾਰ ਦੀ ਚਮਕ ਨੂੰ ਝੱਲ ਨਹੀਂ ਸਕੋਗੇ। ਤੁਹਾਡੇ ਲਈ ਇਸ ਨੂੰ ਮਖ਼ਮਲ ਦੇ ਬਣੇ ਮਿਆਨਾਂ ਵਿਚ ਰੱਖਣਾ ਪਵੇਗਾ ਕਿਉਂਜੋ ਇਸ ਦਾ ਲਿਸ਼ਕਾਰਾ ਤੁਹਾਡੇ ਨੈਣਾਂ ਨੂੰ ਚੁੰਧਿਆ ਦੇਵੇਗਾ।

ਜਦੋਂ ਮੈਂ ਤੁਹਾਨੂੰ ਆਪਣਾ ਸੰਪੂਰਨ ਪ੍ਰੇਮ ਬਖ਼ਸ਼ਦਾ ਹਾਂ ਤਾਂ ਤੁਸੀਂ ਥੱਕ ਜਾਂਦੇ ਹੋ। ਤੁਸੀਂ ਮੈਥੋਂ ਇਕ ਅਜਿਹੀ ਵਿੱਥ ਰੱਖਣਾ ਲੋਚਦੇ ਹੋ ਜਿਸ ਵਿਚ ਇਹ ਪ੍ਰੇਮ ਵੇਗ ਕਿਸੇ ਸੂਖ਼ਮ ਰੂਪ ਵਿਚ ਸੁਰੱਖਿਅਤ ਰੱਖਿਆ ਜਾ ਸਕਦਾ ਹੈ। ਤੁਸੀਂ ਮੈਨੂੰ ਜਿਤਨਾ ਚਾਹੁੰਦੇ ਹੋ, ਉਤਨਾ ਹੀ ਮੈਂ ਮੋੜਵੇਂ ਰੂਪ ਵਿਚ ਤੁਹਾਨੂੰ ਚਾਹੁੰਦਾ ਹਾਂ।

ਤੁਸੀਂ ਆਪਣੇ ਆਪ ਨੂੰ ਪਿਆਰ ਕਰਦੇ ਹੋ, ਪਰ ਜਦੋਂ ਮੈਂ ਆਪਣੇ ਆਪ ਨੂੰ ਪਿਆਰ ਕਰਦਾ ਹਾਂ ਤਾਂ ਉਹ ਝੱਲ-ਮਸਤਾਨੀ ਦਸ਼ਾ ਹੁੰਦੀ ਹੈ, ਜਿਨ੍ਹਾਂ ਨੂੰ ਮੈਂ ਸੱਚੇ ਦਿਲੋਂ ਪਿਆਰ ਕਰਦਾ ਹਾਂ, ਉਹਨਾਂ ਨਾਲ ਮੈਂ ਰਸਮੀ ਸਿਸ਼ਟਾਚਾਰ ਦਾ ਵਿਵਹਾਰ ਨਹੀਂ ਰਖਦਾ। ਉਸ ਸਮੇਂ ਮੈਂ ਆਪਣੇ ਸਾਰੇ ਆਪੇ ਨੂੰ ਤੁਹਾਡੇ ਵਿਚ ਘੋਲ ਦੇਣਾ ਚਾਹੁੰਦਾ ਹਾਂ।

ਪਰ ਤੁਸੀਂ ਮੇਰੀ ਇਸ ਅਮੋੜ ਖ਼ੁਸ਼ੀ ਨੂੰ ਬਰਦਾਸ਼ਤ ਨਹੀਂ ਕਰ ਸਕਦੇ। ਮੇਰੇ ਨਿਰਾਲੇ ਪ੍ਰੇਮ ਦੇ ਲਾਡਾਂ ਨੂੰ ਤੇ ਵੇਗ ਨੂੰ ਤੁਸੀਂ ਸਹਿਣ ਨਹੀਂ ਕਰ ਸਕਦੇ ਤੇ ਨਾ ਹੀ ਤੁਸੀਂ ਮੇਰੇ ਅਨੰਤ ਅਨੰਦ ਦੀ ਚਮਕ ਦੇ ਲਿਸ਼ਕਾਰੇ ਨੂੰ ਦੇਖ ਸਕੋਗੇ, ਨਾ ਹੀ ਤੁਹਾਡੇ ਕੋਲ ਕੋਈ ਅਜਿਹਾ ਪੈਮਾਨਾ ਹੈ ਜੋ ਮੇਰੀ ਸ਼ੁਧਤਾ, ਜੋ ਅਨੰਤਾਂ ਤੱਕ ਪਸਰੀ ਹੋਈ ਹੈ, ਦੀ ਗਤ-ਮਿਤ ਨੂੰ ਜਾਣ ਸਕੇ, ਪਰ ਇਹ ਤੁਹਾਡੇ ਮਨ ਤੇ ਤੰਤੂਆਂ ਨੂੰ ਜ਼ਰੂਰ ਹਿਲਾ ਦਿੰਦਾ ਹੈ। ਕੋਈ ਵੀ ਮੇਰੀ ਨੰਗੀ ਆਤਮਾ ਨਾਲ ਪ੍ਰੇਮ ਨਹੀਂ ਕਰ ਸਕਦਾ। ਪਰ ਜਦੋਂ ਮੈਂ ਉਹਨਾਂ ਰੰਗ-ਬਰੰਗੇ ਬਸਤਰਾਂ ਨੂੰ ਧਾਰਨ ਕਰ ਲੈਂਦਾ ਹਾਂ, ਜੋ ਤੁਹਾਨੂੰ ਮਨਮੋਹਣੇ ਲਗਦੇ ਹਨ ਤਾਂ ਤੁਸੀਂ ਮੇਰੀ ਆਤਮਾ ਦੇ ਸੰਗੀਤ ਦੇ ਅਨੰਦ ਨੂੰ ਮਾਣ ਸਕਦੇ ਹੋ।

ਇਕ ਕਵੀ ਦੇ ਰੂਪ ਵਿਚ ਤਾਂ ਤੁਸੀਂ ਕਹਿ ਦਿੰਦੇ ਹੋ ਕਿ ਪ੍ਰੇਮ ਵਿਚ ਤੁਸੀਂ ਆਪਣੇ ਆਪ ਨੂੰ ਮੇਰੇ ਤੋਂ ਕੁਰਬਾਨ ਕਰ ਦਿਓਗੇ, ਪਰ ਤੁਸੀਂ ਕਦੇ ਵੀ ਮੈਨੂੰ ਉਸ ਤਰ੍ਹਾਂ ਪ੍ਰੇਮ ਨਹੀਂ ਕੀਤਾ ਜਿਵੇਂ ਤੁਸੀਂ ਆਪਣੇ ਆਪੇ ਨੂੰ ਕਰਦੇ ਹੋ। ਜੇ ਮੈਂ ਤੁਹਾਡੇ ਨਾਲ ਉਹੋ ਜਿਹਾ ਵਿਵਹਾਰ ਕਰਾਂ ਜਿਹੋ ਜਿਹਾ ਤੁਸੀਂ ਆਪਣੇ ਆਪੇ ਨਾਲ ਕਰਦੇ ਹੋ ਤਾਂ ਤੁਸੀਂ ਛੇਤੀ ਹੀ ਅੱਕ-ਥੱਕ ਜਾਉਗੇ। ਪਰ ਜਦੋਂ ਮੈਂ ਪੂਰੀ ਤਰ੍ਹਾਂ ਤੁਹਾਡੇ ਉਤੇ ਨਿਰਭਰ ਕਰਨ ਲੱਗ ਪੈਂਦਾ ਹਾਂ ਤਾਂ ਤੁਸੀਂ ਮੈਨੂੰ ਆਪਣੇ ਦਿਲ ਦੇ ਤਖ਼ਤ ਤੋਂ ਪਰਾਂ ਸੁੱਟ ਦਿੰਦੇ ਹੋ। ਮੇਰੇ ਤੋਂ ਤਾਂ ਤੁਸੀਂ ਅੱਕ-ਥੱਕ ਜਾਂਦੇ ਹੋ, ਪਰ ਮੈਨੂੰ ਇਸ ਗੱਲ ਦੀ ਹੈਰਾਨੀ ਹੁੰਦੀ ਹੈ ਕਿ ਤੁਸੀਂ ਕਦੀ ਵੀ ਆਪਣੇ ਆਪ ਤੋਂ ਨਹੀਂ ਅਕਦੇ। ਮੇਰੇ ਵਿਚ ਵਿਆਪਕ ਪ੍ਰਮਾਤਮਾ ਮੈਨੂੰ ਮੇਰੀ ਆਤਮਾ ਤੋਂ ਵੀ ਵਧੇਰੇ ਪਿਆਰ ਕਰਦਾ ਹੈ ਤੇ ਜਦੋਂ ਤੁਸੀਂ ਮੈਨੂੰ ਪਿਆਰ ਕਰਦੇ ਹੋ ਤਾਂ ਤੁਸੀਂ ਪ੍ਰਭੂ-ਪ੍ਰੀਤਮ ਨੂੰ ਪਿਆਰ ਕਰਦੇ ਹੋ। ਤੁਸੀਂ ਪ੍ਰਮਾਤਮਾ ਨੂੰ ਪਿਆਰ ਕਰਦੇ ਹੋ—ਜੋ ਤੁਹਾਨੂੰ ਵੀ

ਪੇਆਰ ਕਰਦਾ ਹੈ। ਉਹ ਇਸ ਦੇ ਸਮਰਥ ਹੈ।

ਇਸ ਲਈ ਮੈਂ ਤੁਹਾਡੇ ਸਰੀਰਾਂ ਵਿਚ ਚਮਕ ਰਹੀ ਮ੍ਰਿਗ-ਜਲੀ ਦੀ ਭਾਲ ਨੂੰ ਤਿਆਗ ਦਿੱਤਾ ਹੈ। ਮੈਨੂੰ ਇਹ ਭਰਮਾ ਲੈਂਦੀ ਹੈ, ਮੈਨੂੰ ਇਹ ਆਪਣੇ ਆਪੇ ਤੋਂ ਬਾਹਰ ਲੈ ਜਾਂਦੀ ਹੈ ਅਤੇ ਫਿਰ ਮੈਨੂੰ ਮੇਰੀ ਆਪਣੀ ਤ੍ਰਿਖਾ ਕਾਰਨ ਹੀ ਮਾਰ ਦਿੰਦੀ ਹੈ। ਇਹ ਸਰੀਰ ਤਾਂ ਦੂਜਿਆਂ ਦੇ ਹੀ ਰਹਿੰਦੇ ਹਨ ਭਾਵੇਂ ਜਦੋਂ ਪਹਿਲੀ ਵਾਰ ਪ੍ਰੇਮ ਵਿਚ ਅੱਖੀਆਂ ਮਿਲਦੀਆਂ ਹਨ ਤਾਂ ਇਹ ਮੇਰਾ-ਪ੍ਰਣ ਬੜਾ ਪਿਆਰਾ ਤੇ ਮਿੱਠੜਾ ਲਗਦਾ ਹੈ। ਪਿਆਰ ਦੀ ਪ੍ਰਥਮ ਮਿਲਣੀ ਸਮੇਂ ਅਸੀਂ ਇਕ ਦੂਜੇ ਦਾ ਇੰਜ ਸੁਆਗਤ ਕਰਦੇ ਹਾਂ ਜਿਵੇਂ ਮੈਂ ਤੇ ਤੁਸੀਂ ਇਕੋ ਜਾਨ ਹੋਈਏ।

ਫਿਰ ਵੀ ਮੈਂ ਇਸ ਮ੍ਰਿਗ-ਜਲੀ ਦਾ ਵੇਗਵਾਨ ਰੂਪ ਵਿਚ ਪਿੱਛਾ ਕਰਦਾ ਰਹਿੰਦਾ ਹਾਂ ਕਿਉਂਜੋ ਇਸ ਦੀ ਸੁੰਦਰਤਾ ਤੇ ਚਮਕ ਤੋਂ ਬਿਨਾਂ ਮੇਰੇ ਦਿਲ ਦਾ ਦੀਪ ਛੇਤੀ ਹੀ ਆਪਣੇ ਆਪ ਬੁਝ ਜਾਵੇਗਾ।

ਪਰ ਡਰੋ ਨਹੀਂ, ਮੈਂ ਤੁਹਾਨੂੰ ਹੋਰ ਤੰਗ ਨਹੀਂ ਕਰਾਂਗਾ ਕਿਉਂਜੋ ਮੈਨੂੰ ਇਸ ਗੱਲ ਦੀ ਸਮਝ ਹੈ ਕਿ ਤੁਸੀਂ ਆਪਣੇ ਮਨ ਤੇ ਸਰੀਰ ਦੇ ਉਛਾੜਾਂ ਵਿਚ ਲਿਪਟੇ ਬਹੁਤ ਬੇਵਸ ਹੋ।

ਮੈਂ ਤਾਂ ਤੁਹਾਡੇ ਵਿਚਕਾਰ ਆਏ ਇਕ ਨਵੇਂ ਪ੍ਰਾਹੁਣੇ ਦੀ ਤਰ੍ਹਾਂ ਹਾਂ। ਤੁਹਾਡੇ ਘਰ ਦਾ ਇਕ ਬਾਹੀ ਵਾਲਾ ਕਮਰਾ ਮੇਰੇ ਲਈ ਕਾਫੀ ਹੈ ਤੇ ਉਹ ਵੀ ਕੇਵਲ ਉਨਾਂ ਚਿਰ ਲਈ ਜਿੰਨਾਂ ਚਿਰ ਤੱਕ ਤੁਸੀਂ ਇਕ ਮੇਜ਼ਬਾਨੀ ਵਾਲੀ ਉਦਾਰਤਾ ਨੂੰ ਦਰਸਾ ਸਕਦੇ ਹੋ। ਜਦੋਂ ਤੁਸੀਂ ਮੈਨੂੰ ਅਣਸੁਖਾਵਾਂ ਸਮਝੋਗੇ ਤਾਂ ਮੈਂ ਚਲਾ ਜਾਵਾਂਗਾ।

ਮੇਰੇ ਲਈ ਹੁਣ ਇਹ ਤੁਹਾਡੀ ਦੁਨੀਆਂ, ਤੁਹਾਡਾ ਇਕ ਨਿੱਕ ਸੁੱਕ ਤੇ ਕੂੜਾ-ਕਰਕਟ ਚਿਰ-ਸਥਾਈ ਨਿਵਾਸ ਦੀ ਥਾਂ ਨਹੀਂ ਹੋ ਸਕਦਾ ਕਿਉਂਜੋ ਤੁਸੀਂ ਆਪਣੀ ਇਸ ਦੁਨੀਆਂ ਨੂੰ ਮੱਖੀਆਂ ਦਾ ਛੱਤਾ ਬਣਾ ਦਿੱਤਾ ਹੈ ਜਿਸ ਦੀ ਇਕ ਮੋਰੀ ਵਿਚ ਕੇਵਲ ਇਕੋ ਮੱਖੀ ਦੇ ਰਹਿਣ ਦੀ ਥਾਂ ਹੈ। ਨਿੱਕੀਆਂ ਨਿੱਕੀਆਂ ਮੋਰੀਆਂ ਵਿਚ ਕੇਵਲ ਇਕ ਮੱਖੀ ਹੀ ਸਮਾ ਸਕਦੀ ਹੈ ਜਾਂ ਵੱਧ ਤੋਂ ਵੱਧ ਦੋ।

ਜਦੋਂ ਮੈਂ ਆਪਣੇ ਆਪ ਤੁਹਾਡੇ ਵਿਚ ਪੱਕੀ ਤਰ੍ਹਾਂ ਰਹਿਣ ਬਾਰੇ ਸੋਚਦਾ ਹਾਂ ਤਾਂ ਮੇਰੀਆਂ ਭਾਵਨਾਵਾਂ ਦੀ ਤੀਖਣਤਾ ਖੰਜਰ ਵਾਂਗ ਮੇਰੇ ਦਿਲ ਵਿਚ ਖੁਭ ਜਾਂਦੀ ਹੈ। ਤੁਹਾਨੂੰ ਤਾਂ ਪਹਿਲਾਂ ਹੀ ਤੁਹਾਡੇ ਵਡੇਰੇ ਨਿੱਜੀ ਹਿਤਾਂ ਨੇ ਬੁਰੀ ਤਰ੍ਹਾਂ ਅੰਨ੍ਹਾ ਕਰ ਛੱਡਿਆ ਹੋਇਆ ਹੈ।

ਮੌਤ ਉਹ ਸ਼ਾਨਦਾਰ ਘੋੜਾ ਹੈ ਜਿਸ ਉਤੇ ਸਵਾਰ ਹੋ ਕੇ ਮੈਂ ਤੁਹਾਥੋਂ ਉਦੋਂ ਦੂਰ ਚਲਾ ਜਾਵਾਂਗਾ ਜਦੋਂ ਤੁਸੀਂ ਮੈਥੋਂ ਅੱਕ-ਥੱਕ ਜਾਵੋਗੇ।

ਮੈਂ ਇਹ ਜਾਣਦਾ ਹਾਂ ਕਿ ਇਕ ਸਮਾਂ ਅਜਿਹਾ ਵੀ ਆ ਜਾਂਦਾ ਹੈ ਜਦੋਂ ਮੇਰੀ ਸੰਗਤ ਨੂੰ ਤੁਸੀਂ ਸਵੀਕਾਰ ਨਹੀਂ ਕਰ ਸਕਦੇ। ਭਾਵੇਂ ਮੈਂ ਉਸ ਸਮੇਂ ਵੀ ਤੁਹਾਡੇ ਕੋਲ ਹੀ ਰਹਿਣਾ ਚਾਹੁੰਦਾ ਹਾਂ, ਪਰ ਤੁਸੀਂ ਮੈਨੂੰ ਆਪਣੇ ਦਿਲ ਤੇ ਮਨ ਦੇ ਝਰੋਖਿਆਂ ਰਾਹੀਂ ਬਾਹਰ ਕੱਢ ਦਿੰਦੇ ਹੋ, ਪਰ ਮੈਨੂੰ ਇਸ ਗੱਲ ਦਾ ਵੀ

ਗਿਆਨ ਹੈ ਕਿ ਤੁਹਾਡੇ ਪਵਿੱਤਰ ਇਰਾਦਿਆਂ ਦੇ ਬਾਵਜੂਦ ਤੁਸੀਂ ਇਥੇ ਮੇਰੇ ਤੋਂ ਬਿਨਾਂ ਚੰਗੇਰਾ ਜੀਵਨ ਨਹੀਂ ਗੁਜ਼ਾਰ ਸਕਦੇ। ਤੁਹਾਨੂੰ ਤੁਹਾਡੇ ਸੁਆਰਥ ਦੇ ਅੰਧਕਾਰ ਨੇ ਜ਼ੰਜੀਰਾਂ ਵਿਚ ਜਕੜਿਆ ਹੋਇਆ ਹੈ ਜਿਸ ਕਾਰਨ ਤੁਹਾਡੀ ਆਤਮਾ ਪੀੜਤ ਤੇ ਦੁਖੀ ਹੈ।

ਇਸ ਕਾਰਨ ਧਰਤੀ ਦੇ ਲੋਕੋ ! ਮੈਂ ਤੁਹਾਡੇ ਵੱਲੋਂ ਪਿੱਠ ਮੋੜ ਲੈਂਦਾ ਹਾਂ ਤੇ ਤੁਹਾਨੂੰ ਸਮੂਹਾਂ ਵਿਚੋਂ ਇਕ ਜਾਣ ਕੇ ਉਹਨਾਂ ਦਾ ਸਾਹਮਣਾ ਕਰਨ ਲਈ ਛੱਡ ਜਾਂਦਾ ਹਾਂ। ਤੁਹਾਡੇ ਸਮੂਹਾਂ ਵਿਚੋਂ ਜਾ ਕੇ ਮੈਂ ਉਹਨਾਂ ਅਨੰਤਾਂ ਨਾਲ ਇਕਸੁਰ ਹੋਏ ਵਿਅਕਤੀਆਂ ਨਾਲ ਭਾਈਚਾਰਾ ਜਾ ਪਾਉਂਦਾ ਹਾਂ। ਅਜਿਹੇ ਸਮੇਂ ਮੈਂ ਆਪਣੇ ਆਪ ਨੂੰ ਤੁਹਾਡਾ ਅਤਿਥੀ ਨਹੀਂ ਸਮਝਦਾ, ਸਗੋਂ ਮੈਂ ਆਪਣੇ ਪ੍ਰਭੂ ਦੀ ਸ਼ਰਨ ਵਿੱਚ ਜਾ ਬਿਰਾਜਦਾ ਹਾਂ। ਕਈ ਐਸੇ ਵਿਅਕਤੀ ਹਨ ਜੋ ਮੈਨੂੰ ਨਫ਼ਰਤ ਕਰਦੇ ਹਨ, ਜੋ ਮੈਨੂੰ ਆਪਣੇ ਦਰਾਂ ਤੋਂ ਬਾਹਰ ਕੱਢ ਦਿੰਦੇ ਹਨ, ਪਰ ਦੂਜੇ ਅਜਿਹੇ ਸੱਜਣ ਹੁੰਦੇ ਹਨ ਜੋ ਮੈਨੂੰ ਬਸੰਤ ਰੁੱਤ ਦੇ ਖੇੜੇ ਸਮਾਨ ਖ਼ੁਸ਼ੀ ਖ਼ੁਸ਼ੀ 'ਜੀ ਆਇਆਂ' ਆਖਦੇ ਹਨ। ਇਹ ਵਰਤਾਰਾ ਵੇਖ ਕੇ ਮੈਂ ਹੈਰਾਨ ਹੋ ਜਾਂਦਾ ਹਾਂ ਕਿ ਤੁਹਾਡੇ ਵਿਚੋਂ ਕੁਝ ਤਾਂ ਆਪਣੀ ਨਿਗੂਣੀ ਹਉਮੈ ਦੇ ਸੁਆਰਥ ਵਿਚ ਗ੍ਰਸੇ ਹੋਏ ਹੁੰਦੇ ਹਨ ਤੇ ਕੁਝ ਅਜਿਹੇ ਹੁੰਦੇ ਹਨ, ਜਿਨ੍ਹਾਂ ਦੀ ਆਤਮਾ ਅਨੰਤ ਰੂਪ ਹੋ ਜਾਂਦੀ ਹੈ ਤੇ ਉਹ ਪ੍ਰਭੂ ਸਮਾਨ ਹੀ ਹੋ ਜਾਂਦੇ ਹਨ ਤੇ ਮੈਂ ਇਹਨਾਂ ਸਹੰਸਰ ਮਨੋ ਦਿਸ਼ਾਵਾਂ ਵਿਚ ਗ੍ਰਸਤ ਵਿਅਕਤੀਆਂ ਸਮੂਹਾਂ ਨੂੰ ਕਲਾਧਾਰੀ ਅਨੰਤ ਦੇ ਵਾਹਨ ਮਾਤਰ ਮੰਨਦਾ ਹਾਂ ਜੋ ਕਿ ਪ੍ਰਭੂ ਦੀ ਦਇਆ ਦੇ ਪਾਤਰ ਹੁੰਦੇ ਹਨ।

ਮੇਰੇ ਲਈ ਤਾਂ ਇਹ ਦੋਵੇਂ ਗੱਲਾਂ ਇਕ ਸਮਾਨ ਹਨ, ਭਾਵੇਂ ਮੈਂ ਸੜਕ ਕੰਢੇ ਪੱਥਰ ਰੱਖ ਇਕ ਕਿਨਾਰੇ ਸੌਂ ਜਾਵਾਂ ਜਾਂ ਅਤਿ-ਸੁੰਦਰੀਆਂ ਵੱਲੋਂ ਦਿੱਤੇ ਐਸ਼ਵਰਜ਼ ਭਰਪੂਰ ਫ਼ਰਦਾਰ ਨਰਮ ਗਦੇਲਿਆਂ 'ਤੇ ਪਿਆ ਹੋਵਾਂ। ਮੈਂ ਤਾਂ ਸਦਾ ਆਪਣੇ ਪ੍ਰਭੂ-ਪ੍ਰੀਤਮ ਦਾ ਸਿਮਰਨ ਕਰਦਾ ਹਾਂ ਤੇ ਉਸ ਦੇ ਸ਼ੁਕਰਾਨੇ ਵਿਚ ਵਿਚਰਦਾ ਹਾਂ। ਕੇਵਲ ਪ੍ਰਭੂ-ਪ੍ਰੀਤਮ ਦੀ ਕਿਰਪਾ ਦ੍ਰਿਸ਼ਟੀ ਹੀ ਕਾਫੀ ਹੈ ਕਿਉਂਜੋ ਕੋਈ ਵੀ ਮਨੁੱਖੀ ਸਹਾਇਤਾ ਸਦੀਵੀ ਨਹੀਂ ਹੋ ਸਕਦੀ।

ਤੁਹਾਡੇ ਨਫ਼ਰਤ ਤੇ ਪਿਆਰ ਦੋਹਾਂ ਵਿਚ ਹੀ ਮੈਂ ਇਕ ਸਮਾਨ ਮੁਸਕਰਾਉਂਦਾ ਰਹਿੰਦਾ ਹਾਂ ਕਿਉਂਜੋ ਮੇਰੇ ਲਈ ਤਾਂ ਇਹ ਦੋਵੇਂ ਹੀ ਪ੍ਰਭੂ-ਪ੍ਰੀਤਮ ਦੇ ਮਿੱਠੜੇ ਬੋਲਾਂ ਦੀਆਂ ਵੱਖ ਵੱਖ ਧੁਨੀਆਂ ਹਨ।

ਉਸ ਪ੍ਰਭੂ-ਪ੍ਰੀਤਮ ਦੇ ਲੱਖਾਂ ਦਿਲ ਹਨ ਜੋ ਮੈਨੂੰ ਪਿਆਰ ਕਰਦੇ ਹਨ ਤੇ ਲੱਖਾਂ ਹੀ ਹੱਥ ਹਨ ਜੋ ਮੈਨੂੰ ਆਪਣੀਆਂ ਸੁਗਾਤਾਂ ਭੇਟ ਕਰਦੇ ਹਨ।

ਪ੍ਰਭੂ-ਪ੍ਰੀਤਮ ਆਪਣੀਆਂ ਲੱਖਾਂ ਬਾਹਾਂ ਮੈਨੂੰ ਦੁੱਖਾਂ-ਕਸ਼ਟਾਂ ਤੋਂ ਬਚਾਉਣ ਲਈ ਪਸਾਰ ਦਿੰਦਾ ਹੈ।

ਇਸ ਵਾਰ ਉਹ ਮੇਰੀ ਤੁਹਾਡੇ ਰਾਹੀਂ ਰੱਖਿਆ ਕਰ ਸਕਦਾ ਹੈ, ਪਰ ਕਿਸੇ ਹੋਰ ਸਮੇਂ ਕੋਈ ਅਜਿਹਾ ਅਣਜਾਣਿਆਂ ਵਿਅਕਤੀ ਮੇਰੇ ਉਤੇ ਆਪਣੇ ਪ੍ਰੇਮ ਦੀ ਬਹੁਲਤਾ ਇਸ ਤਰ੍ਹਾਂ ਨਿਛਾਵਰ ਕਰ ਦਿੰਦਾ ਹੈ ਕਿ ਉਸ ਨੂੰ ਵੇਖ ਕੇ ਤੁਸੀਂ

ਸ਼ਰਮਸਾਰ ਹੋ ਜਾਂਦੇ ਹੋ।

ਮੈਂ ਨਾ ਕਿਸੀ ਨਾਮ ਤੇ ਨਾ ਕਿਸੀ ਚਿਹਰੇ ਨੂੰ ਪਛਾਣ ਸਕਦਾ ਹਾਂ। ਮੇਰੇ ਲਈ ਤਾਂ ਸਭ ਵਿਚ ਉਹ ਪ੍ਰਭੂ-ਪ੍ਰੀਤਮ ਮੁਸਕਰਾ ਕੇ ਇਸ਼ਨਾਨ ਕਰਵਾ ਰਿਹਾ ਹੁੰਦਾ ਹੈ ਤੇ ਉਹਨਾਂ ਦੇ ਮਿੱਠੜੇ ਬੋਲਾਂ ਰਾਹੀਂ ਮੇਰੀ ਆਤਮਾ ਦਾ ਸ਼ਿੰਗਾਰ ਕਰਦਾ ਰਹਿੰਦਾ ਹੈ।

ਜਦੋਂ ਸੰਸਾਰ ਮੈਨੂੰ ਨਫ਼ਰਤ ਕਰਨ ਲੱਗ ਪੈਂਦਾ ਹੈ ਤਾਂ ਮੈਂ ਉਸ ਪ੍ਰਭੂ-ਪ੍ਰੀਤਮ ਦੇ ਦੁਆਲੇ ਇਸ ਤਰ੍ਹਾਂ ਲਿਪਟ ਜਾਂਦਾ ਹਾਂ ਜਿਵੇਂ ਡਰ, ਚਿੰਤਾ ਤੇ ਤੌਖਲਿਆਂ ਵਿਚ ਫਾਥੀ ਹੋਈ ਇਸਤਰੀ ਆਪਣੇ ਪ੍ਰੇਮੀ ਦੁਆਲੇ ਵੇਲ ਵਾਂਗ ਲਿਪਟ ਜਾਂਦੀ ਹੈ।

ਮੇਰੇ ਲਈ ਤਾਂ ਪ੍ਰਭੂ-ਪ੍ਰੀਤਮ ਜੀਉ ! ਤੁਹਾਡਾ ਪ੍ਰੇਮ; ਮਾਤਾ, ਭੈਣ, ਪਤਨੀ ਤੇ ਬੱਚਿਆਂ ਦੇ ਪ੍ਰੇਮ ਤੋਂ ਵੀ ਵਧੇਰੇ ਮਿੱਠੜਾ ਹੈ। ਹੇ ਪ੍ਰੀਤ ਦੇ ਸੁਆਮੀ ਪ੍ਰਭੂ ਜੀ ! ਇਹਨਾਂ ਵਿਅਕਤੀਆਂ ਵਿਚ ਵਿਚਰਦਾ ਹੋਇਆ ਮੈਂ ਇੰਜ ਮਹਿਸੂਸ ਕਰਦਾ ਹਾਂ ਜਿਵੇਂ ਮੈਂ ਤੁਹਾਡਾ ਪ੍ਰਾਹੁਣਾ ਹੋਵਾਂ। ਵਿਸ਼ੇਸ਼ ਕਰਕੇ ਉਸ ਸਮੇਂ ਜਦੋਂ ਉਹ ਪ੍ਰੇਮ ਵਿਚ ਰੁਝ ਕੇ ਕੇਵਲ ਮੇਰੀ ਟਹਿਲ ਸੇਵਾ ਵਿਚ ਹੀ ਮਗਨ ਹੁੰਦੇ ਹਨ। ਮੈਨੂੰ ਇਸ ਦਾ ਬੋਧ ਹੈ ਕਿ ਅਜਿਹੇ ਸਮੇਂ ਤੁਹਾਡੀ ਪ੍ਰੇਰਨਾ ਦੁਆਰਾ ਹੀ ਉਹਨਾਂ ਦੇ ਦਿਲਾਂ ਵਿਚ ਇਹ ਪ੍ਰੇਮ ਉਛਲ ਉਛਲ ਪੈਂਦਾ ਹੈ।

ਜਦੋਂ ਮੈਂ ਆਪਣੇ ਸਭ ਤੋਂ ਪਿਆਰੇ ਮਿੱਤਰਾਂ ਦੇ ਪ੍ਰੇਮ ਤੇ ਉਦਾਰਤਾ ਦੀ ਬਹੁਲਤਾ ਵਿਚ ਮੋਹਿਆ ਹੋਇਆ ਉਹਨਾਂ ਉਤੇ ਹੀ ਕੇਂਦਰਿਤ ਹੋ ਗਿਆ ਤਾਂ ਮੈਨੂੰ ਸਦਾ ਇੰਜ ਪ੍ਰਤੀਤ ਹੋਇਆ ਜਿਵੇਂ ਮੈਂ ਤੁਹਾਨੂੰ ਭੁਲਾ ਕੇ ਮਾਇਆ ਦੇ ਕਿਸੇ ਭੁਲਾਵੇ ਵਿਚ ਘਿਰ ਗਿਆ ਹਾਂ। ਪਰ ਫਿਰ ਇਸ ਮਿੱਤਰਤਾ ਵਿਚ ਨਿੱਕੀਆਂ-ਨਿਗੂਣੀਆਂ ਗੱਲਾਂ ਕਾਰਨ ਕੁੜੱਤਣ ਆ ਗਈ। ਅਜਿਹੇ ਸਮੇਂ ਨਿੱਕੇ ਰੇਤ ਦੇ ਕਿਣਕੇ ਵੀ ਵੱਡੇ ਪਹਾੜ ਬਣ ਜਾਂਦੇ ਹਨ ਤੇ ਸਾਡੇ ਪਿਆਰੇ ਹਿਰਦੇ ਵੀ ਭਾਰ ਥੱਲੇ ਦੱਬੇ ਜਾਂਦੇ ਹਨ, ਪਰ ਜਦੋਂ ਮੈਂ ਵਾਪਸ ਪਰਤ ਕੇ ਇਸ ਸਾਰੇ ਉਤੇ ਪੁਨਰ ਝਾਤ ਪਾਉਂਦਾ ਹਾਂ ਤਾਂ ਇੰਜ ਜਾਪਦਾ ਹੈ ਜਿਵੇਂ ਉਹ ਵੱਡੇ ਵੱਡੇ ਕਾਰਨ ਕੇਵਲ ਧੂੰਏਂ ਤੇ ਕਾਲਖ ਮਾਤਰ ਹੀ ਸਨ। ਇਸ ਉਚ ਅਵਸਥਾ ਤੋਂ ਡਿਗਣ ਦਾ ਕਾਰਨ ਉਹਨਾਂ ਗਲੇ ਸੜੇ ਫਲਾਂ ਦੇ ਡਿਗਣ ਸਮਾਨ ਸੀ, ਜਿਨ੍ਹਾਂ ਨੂੰ ਅੰਦਰੋਂ ਕੀੜਿਆਂ ਨੇ ਖਾ ਲਿਆ ਹੋਵੇ।

ਤੁਲਸੀਦਾਸ ਜੀ ਦੇ ਕਥਨ ਅਨੁਸਾਰ, "ਜਿਹੜੇ ਆਪਣੇ ਮਿੱਤਰਾਂ ਦੀ ਚੰਗਿਆਈ ਦੇ ਨਿੱਕੇ ਕਿਣਕਿਆਂ ਨੂੰ ਪਹਾੜ ਜਿੱਡਾ ਸਮਝਦੇ ਹਨ ਤੇ ਆਪਣੇ ਪਹਾੜ ਜਿੱਡੇ ਪ੍ਰੇਮ ਨੂੰ ਛੋਟੀਆਂ ਵਸਤਾਂ ਮੰਨਦੇ ਹਨ, ਉਹੋ ਹੀ ਸੱਚੀ ਮਿੱਤਰਤਾ ਦੀ ਥਾਹ ਪਾ ਸਕਦੇ ਹਨ।"

ਪ੍ਰਭੂ ਜੀ ! ਜਦੋਂ ਤੁਸੀਂ ਆ ਕੇ ਮੇਰੇ ਵਿਚ ਪ੍ਰਵੇਸ਼ ਕਰਦੇ ਹੋ ਤੇ ਆਪਣੀ ਬੇਪ੍ਰਵਾਹੀ ਵਿਚ ਮੈਨੂੰ ਆਪਣੀ ਬਹੁਲਤਾ ਨਾਲ ਭਰਪੂਰ ਕਰ ਦਿੰਦੇ ਹੋ ਤਾਂ ਮੈਂ ਚਕ੍ਰਿਤ ਰਹਿ ਜਾਂਦਾ ਹਾਂ ਕਿ ਕਿਵੇਂ ਮੈਂ ਕਿਸੇ ਨੂੰ ਗ਼ਲਤ ਸਮਝ ਸਕਦਾ ਹਾਂ। ਇਥੋਂ ਤੱਕ ਕਿ ਇਸ ਸੰਸਾਰ ਦੇ ਅੰਧਕਾਰਮਈ ਅਗਿਆਨ ਵਿਚ ਇਸ ਤੋਂ ਵੀ

ਵੱਧ ਇਸ ਦੇ ਅੰਧਕਾਰਮਈ ਅਮਲਾਂ ਵਿਚ ਸਭ ਕੁਝ ਭਰਮ ਜਾਪਦਾ ਹੈ ਤੇ ਸ਼ਤਰੂ ਵੀ ਮਿੱਤਰ ਜਾਪਦੇ ਹਨ। ਇਸ ਸਮੇਂ ਮੈਂ ਆਪਣੀ ਸੁਆਰਥੀ ਹਉਮੈ ਦੇ ਖੋਲ ਵਿਚੋਂ ਬਾਹਰ ਆ ਜਾਂਦਾ ਹਾਂ ਤੇ ਇਸ ਬਹੁਰੰਗੀ ਸ੍ਰਿਸ਼ਟੀ ਤੇ ਬਹੁਰੰਗੇ ਚਿਹਰਿਆਂ ਦੇ ਦਰੱਪਣ ਵਿਚੋਂ ਤੁਹਾਡਾ ਰੂਪ ਹੀ ਨਿਹਾਰਦਾ ਹਾਂ ਤੇ ਮੈਨੂੰ ਇੰਜ ਜਾਪਦਾ ਹੈ ਜਿਵੇਂ ਇਹਨਾਂ ਵਿਚੋਂ ਕਿਸੇ ਵੀ ਸੁੰਦਰ ਚਿਹਰੇ ਤੇ ਪ੍ਰੇਮ ਨੂੰ ਮੇਰੀ ਸੇਵਾ ਦੀ ਲੋੜ ਨਹੀਂ ਹੈ। ਪ੍ਰਭੂ ਜੀ ! ਤੁਹਾਡੀ ਸ਼ਾਨ ਕੂਕਰ ਦੇ ਨੱਚਣ ਟੱਪਣ ਤੇ ਆਪਣੇ ਕਤੂਰੇ ਦੇ ਚੁੰਮਣ ਚੱਟਣ ਤੇ ਲਾਡ ਲਡਾਉਣ ਤੇ ਲੇਲੇ ਦੇ 'ਮੈਂ ਮੈਂ' ਕਰਨ ਵਿਚ ਵੇਖੀ ਜਾ ਸਕਦੀ ਹੈ। 'ਵਾਹੁ ਵਾਹੁ' ਘੋੜਿਆਂ ਤੇ ਗਧਿਆਂ ਦੇ ਵਛੇਰੇ ਤੇ ਬੱਚੇ ਅਤੇ ਨਿੱਕੇ ਰੰਗ ਬਰੰਗੇ ਗਾਲ੍ਹੜਾਂ ਦੇ ਨਿੱਕੇ ਨਿੱਕੇ ਬੱਚੇ ਕਿਤਨੇ ਸੁੰਦਰ ਹਨ ਅਤੇ ਫਿਰ ਆਦਮ ਦੇ ਬੱਚਿਆਂ ਦਾ ਤਾਂ ਕਹਿਣਾ ਹੀ ਕੀ ਹੈ ?

ਮੇਰੇ ਪ੍ਰੀਤਮ, ਮੈਂ ਮੁੜ ਮੁੜ ਦੂਰ ਜਾਂਦਾ ਹਾਂ। ਤੁਸੀਂ ਮੈਨੂੰ ਕਹਿੰਦੇ ਹੋ ਇਕ ਦਿਨ ਲਈ ਮੇਰੇ ਕੋਲ ਹੋਰ ਰੁਕ ਜਾ, ਪਰ ਮੈਂ ਫਿਰ ਵੀ ਆਪਣੇ ਸੂਰਜ ਵੱਲੋਂ ਮੁੱਖ ਮੋੜ ਕੇ ਚਲਾ ਜਾਂਦਾ ਹਾਂ ਅਤੇ ਆਪਣੇ ਅੱਗੇ ਉਡ ਰਹੇ ਟਟਹਿਣਿਆਂ ਦੇ ਛੋਟੇ ਛੋਟੇ ਦੀਵਿਆਂ ਨਾਲ ਖੇਡਣ ਲੱਗ ਪੈਂਦਾ ਹਾਂ।

ਪਰ ਜਿਥੇ ਵੀ ਮੈਂ ਜਾਂਦਾ ਹਾਂ, ਤੁਹਾਡੇ ਮਿਹਰ ਭਰੇ ਹੱਥ ਮੇਰੀ ਪਿੱਠ ਉਤੇ ਮੈਨੂੰ ਥਾਪੜ ਰਹੇ ਹੁੰਦੇ ਹਨ ਤੇ ਮੇਰਾ ਹਿਰਦਾ ਅਨੰਦ ਨਾਲ ਭਰਪੂਰ ਹੁੰਦਾ ਹੈ। ਭਾਵੇਂ ਮੈਂ ਕਿੰਨਾਂ ਹੀ ਯਤਨ ਕਿਉਂ ਨਾ ਕਰਾਂ, ਮੈਂ ਤੁਹਾਡੇ ਦਰ ਤੋਂ ਦੂਰ ਨਹੀਂ ਜਾ ਸਕਦਾ, ਨਾ ਹੀ ਤੁਹਾਡੇ ਵੱਲ ਪਿੱਠ ਕਰ ਸਕਦਾ ਹਾਂ। ਮੇਰੇ ਪਾਤਸ਼ਾਹ ! ਹੋਰ ਮੈਂ ਕਰ ਵੀ ਕੀ ਸਕਦਾ ਹਾਂ ? ਇਹ ਸਾਰਾ ਬ੍ਰਹਿਮੰਡ ਹੀ ਆਪ ਜੀ ਦਾ ਉਸੀ ਤਰ੍ਹਾਂ ਦਾ ਨਿਵਾਸ ਸਥਾਨ ਹੈ ਜਿਸ ਤਰ੍ਹਾਂ ਕਿ ਆਪ ਦੀ ਉਹ ਛੋਟੀ ਜਿਹੀ ਝੌਂਪੜੀ ਜਿਸ ਵਿਚ ਤੁਸੀਂ ਨਿਵਾਸ ਰਖਦੇ ਹੋ।.

ਜਦੋਂ ਮੈਂ ਲੋਕਾਂ ਨੂੰ ਰਸਮੀ ਤੌਰ 'ਤੇ ਅਰਦਾਸ ਜਾਂ ਪ੍ਰਾਰਥਨਾ ਵਿਚ ਜੁੜੇ ਹੋਏ ਵੇਖਦਾ ਹਾਂ ਜੋ ਉਸ ਸਮੇਂ ਤੁਹਾਡੇ ਨਾਲ ਗਿਣੇ ਮਿਥੇ ਤੇ ਸਿਸ਼ਟਾਚਾਰ ਰੱਤੇ ਸ਼ਬਦਾਂ ਦੁਆਰਾ ਸੰਬੋਧਿਤ ਹੁੰਦੇ ਹਨ ਤਾਂ ਮੈਨੂੰ ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਮੈਂ ਉਹਨਾਂ ਦੇ ਪਿੱਛੇ ਪਿੱਛੇ ਦੂਰ ਆਪਣੀ ਲੰਗੜੀ ਚਾਲੇ ਜਾ ਰਿਹਾ ਹੋਵਾਂ। ਮੈਂ ਤਾਂ ਇਸ ਤਰ੍ਹਾਂ ਦੇ ਮਾਂਜੇ ਸੁਆਰੇ ਸ਼ਬਦਾਂ ਵਿਚ ਇਸ ਤਰ੍ਹਾਂ ਦੀ ਸੁੰਦਰ ਸਰੂਪ ਵਾਲੀ ਅਰਦਾਸ ਨਹੀਂ ਕਰ ਸਕਦਾ, ਪਰ ਹੇ ਪ੍ਰਭੂ-ਪ੍ਰੀਤਮ ! ਕੀ ਉਹਨਾਂ ਨੇ ਤੁਹਾਡੇ ਦਰਸ਼ਨ ਕਰ ਲਏ ਹਨ, ਪਰ ਕੀ ਉਹ ਇਹ ਨਹੀਂ ਜਾਣਦੇ ਕਿ ਮਨੁੱਖ ਦੇ ਸਰੀਰ ਵਿਚ ਅਸੰਖ ਜੀਭਾਂ ਲੱਗੀਆਂ ਹੋਈਆਂ ਹਨ ਤੇ ਜਦੋਂ ਇਹ ਸਾਰੀਆਂ ਖੁਲ੍ਹ ਕੇ ਇਕ ਰਸ ਤੁਹਾਡੇ ਪ੍ਰੇਮ ਅਨੰਦ ਦਾ ਗਾਇਨ ਕਰਦੀਆਂ ਹਨ ਤਾਂ ਇਸ ਧਰਤ ਤੇ ਆਕਾਸ਼ ਉਤੇ ਕਿਹੜਾ ਸ਼ਬਦ ਕਹਿਣ ਨੂੰ ਰਹਿ ਜਾਂਦਾ ਹੈ।

ਇਸੇ ਤਰ੍ਹਾਂ ਮੈਂ ਉਸੇ ਦੀ ਮਲਕੀਅਤ ਬਣ ਜਾਂਦਾ ਹਾਂ ਜੋ ਮੈਨੂੰ ਕਿਸੇ ਛਿਣ ਆਪਣਾ ਬਣਾ ਲੈਂਦਾ ਹੈ। ਇਸ ਲਈ ਹੋਰ ਕਿਸੇ ਦੇ ਖਾਤੇ ਵਿਚ ਮੇਰੀ ਕੋਈ ਜਮ੍ਹਾਂ ਰਾਸ ਨਹੀਂ ਰਹਿੰਦੀ ਤੇ ਮੇਰੀ ਇਹ ਜਮ੍ਹਾਂ ਪੂੰਜੀ ਪ੍ਰਭੂ ਦੇ ਖਾਤੇ ਵਿਚ ਹੀ

ਵਧਦੀ ਜਾਂਦੀ ਹੈ। ਮੈਂ ਕਿਸੇ ਦੇ ਵੀ ਬੰਧਨ ਵਿਚ ਨਹੀਂ ਬਝਦਾ ਕਿਉਂਜੋ ਕਿਸੇ ਨੂੰ ਵੀ ਕੋਈ ਪਤਾ ਨਹੀਂ ਕਿ ਮੈਂ ਦੂਜੇ ਪਲ ਕਿਸ ਦਾ ਹੋਵਾਂਗਾ ? ਇਸ ਪ੍ਰਕਾਰ ਮੈਂ ਕਹਿ ਸਕਦਾ ਹਾਂ ਕਿ ਮੈਂ ਤਾ ਅਕਰਮਕ ਰੂਪ ਦਾ ਵਿਸ਼ਵ-ਵਿਆਪੀ ਬਣ ਗਿਆ ਹਾਂ। ਮੈਂ ਅਕਰਮਕ ਰੂਪ ਵਿਚ ਸਾਰੇ ਬ੍ਰਹਿਮੰਡ ਨੂੰ ਪਿਆਰ ਕਰਦਾ ਹਾਂ ਕਿਉਂਜੋ ਆਪਣੇ ਪ੍ਰਭੂ-ਪ੍ਰੀਤਮ ਦੇ ਧਿਆਨੀ ਪ੍ਰੇਮ ਦੀ ਮਹਿਕ ਮੈਂ ਸਾਰੇ ਵਿਸ਼ਵ ਵਿਚ ਫੈਲਾ ਰਿਹਾ ਹਾਂ। ਅੱਖ ਪਲਕਾਰੇ ਲਈ ਵੀ ਮਾਣੇ ਪਿਆਰ ਦੀ ਯਾਦ ਸਦੀਆਂ ਪਿੱਛੋਂ ਵੀ ਮੇਰੇ ਤਨ ਨੂੰ ਸੁਗੰਧਿਤ ਕਰ ਦਿੰਦੀ ਹੈ ਤੇ ਮੇਰੇ ਸਰੀਰ ਵਿਚੋਂ ਉਹੋ ਪ੍ਰੇਮ ਵਹਿ ਤੁਰਦਾ ਹੈ ਜਿਸ ਦੀ ਅੰਮ੍ਰਿਤ ਵਰਖਾ ਉਹਨਾਂ ਨੇ ਮੇਰੇ ਉਤੇ ਕੀਤੀ ਸੀ।

ਸਮਾਜ ਮੇਰੇ ਲਈ ਇਸ ਤਰ੍ਹਾਂ ਹੈ ਜਿਵੇਂ ਕੰਵਲ ਲਈ ਪਾਣੀ ਦਾ ਛੰਭ। ਮੈਂ ਤਾਂ ਆਪਣੇ ਹੀ ਖੇੜੇ ਦੀ ਸੁੰਦਰਤਾ ਵਿਚ ਮਗਨ ਰਹਿੰਦਾ ਹਾਂ ਅਤੇ ਮੈਂ ਇਸ ਬੇਪ੍ਰਵਾਹੀ ਵਿਚ ਇਹ ਵੀ ਭੁੱਲ ਜਾਂਦਾ ਹਾਂ ਕਿ ਪ੍ਰਭੂ ਨੇ ਕਿਵੇਂ ਮੇਰੇ ਲਈ ਖਾਦ ਖ਼ੁਰਾਕ ਦੇ ਅਨੰਤ ਪ੍ਰਬੰਧ ਕੀਤੇ ਹੋਏ ਹਨ। ਮੈਂ ਭਾਵੇਂ ਤੁੱਛ ਜਿਹੀ ਵਸਤੂ ਹਾਂ, ਪਰ ਮੈਂ ਵਿਸਮਾਦ ਵਿਚ ਅਚੰਭਤ ਤੇ ਅਬੋਲ ਹੋ ਜਾਂਦਾ ਹਾਂ ਕਿ ਕਿਵੇਂ ਇਕ ਵਿਅਕਤੀ ਦੀ ਚੰਚਲ ਸੁੰਦਰਤਾ ਦੀ ਨਾਜ਼-ਬਰਦਾਰੀ ਲਈ ਬ੍ਰਹਿਮੰਡ ਦੀਆਂ ਕਿੰਨੀਆਂ ਗੁਪਤ ਸ਼ਕਤੀਆਂ ਗਤੀਸ਼ੀਲ ਹਨ।

ਮੈਂ ਮਨੁੱਖ ਤੇ ਉਸ ਦੇ ਆਲੇ-ਦੁਆਲੇ ਦੇ ਸੰਸਾਰ ਤੋਂ ਬਿਨਾਂ ਸਾਹ ਨਹੀਂ ਲੈ ਸਕਦਾ। ਫਿਰ ਵੀ ਮੈਂ ਇੰਜ ਮਹਿਸੂਸ ਕਰਦਾ ਹਾਂ ਜਿਵੇਂ ਕਿ ਇਹ ਸਮਾਜ ਮੇਰੀ ਮਨਮੋਹਣੀ ਸੁੰਦਰਤਾ ਨੂੰ ਸੁਨਿਸ਼ਚਿਤ ਕਰਨ ਲਈ ਹੀ ਹੈ। ਇਹ ਅਜਿਹਾ ਨਹੀਂ ਕਰਦਾ ਤਾਂ ਮੈਂ ਇਸ ਦਾ ਤਿਆਗ ਕਰ ਦਿੰਦਾ ਹਾਂ ਅਤੇ ਉਥੇ ਚਲਾ ਜਾਂਦਾ ਹਾਂ, ਜਿਥੇ ਕੁਦਰਤ ਮੈਨੂੰ ਇਹੀ ਸੇਵਾ ਪ੍ਰਦਾਨ ਕਰ ਸਕਦੀ ਹੈ। ਉਹ ਸਮਝਦੇ ਹਨ ਕਿ ਅਜਿਹਾ ਮੈਂ ਆਪਣੇ ਕਿਸੇ ਅਭਿਮਾਨ ਕਾਰਨ ਕਰਦਾ ਹਾਂ, ਪਰ ਅਜਿਹਾ ਨਹੀਂ ਹੈ। ਮੈਂ ਤਾਂ ਇਹਨਾਂ ਦੀ ਥਾਂ ਵਣਾਂ ਨੂੰ ਦੁਲਾਰ ਸਕਦਾ ਹਾਂ ਅਤੇ ਉਥੋਂ ਦੇ ਜੰਗਲੀ ਫੁੱਲਾਂ ਉਤੇ ਆਪਣਾ ਪ੍ਰੇਮ ਡੋਲ੍ਹ ਸਕਦਾ ਹਾਂ।

ਪਰ ਮਨੁੱਖੀ ਸਮਾਜ ਇਹ ਨਹੀਂ ਤੱਕਦਾ ਕਿ ਜੇ ਸਮਾਜ ਦਾ ਦੈਂਤ ਹੀ ਇਸ ਦੇ ਵਿਅਕਤੀਆਂ ਨੂੰ ਨਿਘਾਰ ਜਾਵੇਗਾ ਤਾਂ ਉਸ ਦਾ ਕੀ ਬਣੇਗਾ ? ਇਹ ਤਾਂ ਇਸੇ ਤਰ੍ਹਾਂ ਦੀ ਗੱਲ ਹੈ, ਜਿਵੇਂ ਸੱਪਣੀ ਆਪਣੇ ਬੱਚੇ ਖਾ ਜਾਂਦੀ ਹੈ। ਸਮਾਜ ਦੀ ਇਸ ਮਾਨਸ ਖਾਣੀ ਪ੍ਰਵਿਰਤੀ ਦੇ ਕਾਰਨ ਮੈਂ ਇਸ ਤੋਂ ਪਿੱਛੇ ਹਟ ਕੇ ਆਪਣੇ ਵਿਚ ਹੀ ਮਗਨ ਹੋ ਜਾਂਦਾ ਹਾਂ ਤੇ ਆਪਣਾ ਚਿਹਰਾ ਢਕ ਲੈਂਦਾ ਹਾਂ। ਕਿਸੇ ਨੂੰ ਵੀ ਮਿਲਣ ਤੋਂ ਇਨਕਾਰ ਕਰ ਦਿੰਦਾ ਹਾਂ, ਪਰ ਜਦੋਂ ਵੇਖਦਾ ਹਾਂ ਕਿ ਮਨੁੱਖੀ ਸਮਾਜ ਵਿਚ ਜੀਵਨ, ਮੌਤ ਤੇ ਇਥੋਂ ਤੱਕ ਕਿ ਮੌਤ ਤੋਂ ਪਰੇ ਵੀ ਇਕ ਤਰ੍ਹਾਂ ਦੀ ਸਾਂਝੀਵਾਲਤਾ ਦੀ ਭਾਵਨਾ ਮੁੜ ਪੈਦਾ ਹੋ ਗਈ ਹੈ ਤਾਂ ਮੈਂ ਆਪਣੇ ਚਿਹਰੇ ਤੋਂ ਘੁੰਡ ਪਰੇ ਹਟਾ ਦਿੰਦਾ ਹਾਂ।

ਮਨੁੱਖਾਂ ਦੇ ਹਜੂਮ ਉਹਨਾਂ ਬੁੱਢੀਆਂ ਸ਼ਹਿਜ਼ਾਦੀਆਂ ਦੀ ਨਿਆਈਂ ਹਨ,

ਜਿਨ੍ਹਾਂ ਦੇ ਆਲੇ ਦੁਆਲੇ ਦਾ ਵਾਤਾਵਰਣ ਵੀ ਅਜਿਹਾ ਹੀ ਹੁੰਦਾ ਹੈ। ਕੇਵਲ ਭਾੜੇ ਦੇ ਟੱਟੂ, ਭੰਡ ਨਕਲੀਏ ਤੇ ਕੰਚਨੀਆਂ ਹੀ ਉਹਨਾਂ ਦੇ ਇਸ਼ਾਰੇ 'ਤੇ ਨੱਚ ਸਕਦੀਆਂ ਹਨ, ਪਰ ਇਸ ਦਰਬਾਰ ਵਿਚ ਦਾਂਤੇ ਵਰਗੇ ਉਦਾਤ ਕਵੀ ਲਈ ਕੋਈ ਥਾਂ ਨਹੀਂ ਹੁੰਦੀ ਕਿਉਂਜੋ ਦੂਜਿਆਂ ਵਾਂਗ ਹਰੇਕ ਨੂੰ ਉਹ ਖ਼ੁਸ਼ ਨਹੀਂ ਕਰ ਸਕਦੇ। ਇਕ ਸੱਚਾ ਸੁੱਚਾ ਆਦਮੀ ਇੰਨੀ ਨੀਵੀਂ ਪੱਧਰ ਤੱਕ ਡਿਗ ਨਹੀਂ ਸਕਦਾ। ਇਸੇ ਤਰ੍ਹਾਂ ਨਾਮ ਰੱਤੇ ਸੰਤ-ਜਨ ਮਨੁੱਖਾਂ ਦੀਆਂ ਭੀੜਾਂ ਤੋਂ ਦੂਰ ਰਹਿੰਦੇ ਹਨ ਤੇ ਮੁਕਤਗਾਮੀ ਆਤਮਾਵਾਂ ਦੀ ਸੰਗਤ ਮਾਣਦੇ ਹੋਏ ਆਪਣੀ ਦੂਰਗਾਮੀ ਅੰਤਰ-ਦ੍ਰਿਸ਼ਟੀ ਵਿਚ ਅਨੰਦ-ਵਿਭੋਰ ਰਹਿੰਦੇ ਹਨ। ਆਪਣੇ ਜੀਵਨ ਦੀ ਖ਼ਾਤਰ ਉਹ ਮਨੁੱਖਾਂ ਦੀਆਂ ਭੀੜਾਂ ਤੋਂ ਦੂਰ ਚਲੇ ਜਾਂਦੇ ਹਨ ਤੇ ਕੋਈ ਵੀ ਇਸ ਨੂੰ ਸਮਝ ਨਹੀਂ ਸਕਦਾ ਕਿ ਕਿਉਂ ਉਹ ਉਪਰਾਮਤਾ ਨੂੰ ਧਾਰਨ ਕਰਦੇ ਹਨ ?

''ਖੰਡ ਖੰਡ ਹੋਏ ਮਨੁੱਖਾਂ ਅਰਥਾਤ ਸਾਕਤਾਂ ਦੀ ਸੰਗਤ ਕਰਨ ਨਾਲੋਂ ਤਾਂ ਇਹ ਚੰਗਾ ਹੈ ਕਿ ਆਦਮੀ ਦਰਿਆ ਵਿਚ ਛਾਲ ਮਾਰ ਦੇਵੇ।''

## ਆਪਾ ਭਾਵ ਦਾ ਮੇਟਣਾ

ਹੁਣ ਮੈਨੂੰ ਮਨੁੱਖ ਜਾਤੀ ਦੀ ਸਕਰਮਕ ਸੇਵਾ ਕਰਨ ਤੋਂ ਰੋਕ ਲਿਆ ਗਿਆ ਹੈ। ਜਦੋਂ ਤੱਕ ਮੈਂ ਪ੍ਰਭੂ-ਪ੍ਰੀਤਮ ਦੇ ਦਰਸ਼ਨ ਨਹੀਂ ਸਨ ਕੀਤੇ ਤਾਂ ਮੈਂ ਜਵਾਲਾ ਮੁਖੀਆਂ ਦੀ ਤਰ੍ਹਾਂ ਮਾਨਵ ਜੀਵਨ, ਕਿਰਤ, ਪ੍ਰੇਮ ਅਤੇ ਇਥੋਂ ਤੱਕ ਕਿ ਮਨ ਅਤੇ ਆਤਮਾ ਨੂੰ ਵੀ ਹਥਿਆ ਲੈਂਦਾ ਸਾਂ ਅਤੇ ਇੰਜ ਮੈਂ ਇਹ ਮਹਿਸੂਸ ਕਰਨ ਲੱਗ ਪੈਂਦਾ ਸਾਂ ਕਿ ਮੈਂ ਆਪਣੇ ਸਾਥੀ ਮਨੁੱਖਾਂ ਤੋਂ ਵਡੇਰਾ ਤੇ ਚੰਗੇਰਾ ਸਾਂ ਜਿਸ ਕਾਰਨ ਮੇਰੇ ਅੰਦਰ ਅਭਿਮਾਨ ਆ ਜਾਂਦਾ ਸੀ, ਪਰ ਹੁਣ ਮੇਰਾ ਇਹ ਵਿਸ਼ਵਾਸ ਹੋ ਗਿਆ ਹੈ ਕਿ ਮੈਨੂੰ ਆਪਣੇ ਹਿਰਦੇ ਵਿਚ ਡੂੰਘਾ ਉਤਰ ਕੇ ਆਪਣੀ ਆਤਮਾ ਦੇ ਸਾਗਰ ਵਿਚ ਡੂੰਘੀ ਚੁੱਭੀ ਲਾਉਣੀ ਚਾਹੀਦੀ ਹੈ। ਹੁਣ ਜੇ ਪ੍ਰਭੂ ਮੈਨੂੰ ਮੂਧਾ ਪਿਆ ਛੱਡ ਜਾਂਦਾ ਹੈ ਤਾਂ ਮੈਂ ਉਸੇ ਤਰ੍ਹਾਂ ਲੇਟਿਆ ਰਹਿੰਦਾ ਹਾਂ। ਮੈਂ ਉਦੋਂ ਹੀ ਉਠਦਾ ਹਾਂ ਜਦੋਂ ਉਹ ਮੈਨੂੰ ਉਠਾਉਂਦਾ ਹੈ। ਮੈਂ ਤਾਂ ਉਸ ਦੀ ਸ਼ਮਸ਼ੀਰ ਵੀ ਹਾਂ ਤੇ ਬੰਸਰੀ ਵੀ।

## ਮੀਰਾ ਬਾਈ ਦਾ ਸੱਪ ਦੀ ਵਿਹੁ ਨੂੰ ਮਿਟਾ ਦੇਣਾ

''ਜਦੋਂ ਮੈਂ ਉਸ ਦੀ ਕਿਰਪਾ ਦੀ ਪਾਤਰ ਬਣਦੀ ਹਾਂ ਤਾਂ ਸੱਪ ਦਾ ਜ਼ਹਿਰ ਵੀ ਮੇਰੇ ਉਤੇ ਕੋਈ ਅਸਰ ਨਹੀਂ ਕਰਦਾ। ਮੇਰੇ ਲਈ ਸੱਪ ਦੇ ਡੰਗ ਵਿਚ ਕੋਈ ਜ਼ਹਿਰ ਨਹੀਂ ਹੈ, ਨਾ ਹੀ ਮੈਨੂੰ ਮਸਤ ਹਾਥੀ ਦਾ ਕਰੋਧ ਡਰਾ ਸਕਦਾ ਹੈ। ਮੈਂ ਤਾਂ ਉਸ ਪ੍ਰਭੂ-ਪ੍ਰੀਤਮ ਦੀ ਪ੍ਰੇਮਿਕਾ ਹਾਂ ਤੇ ਸ਼ੇਰ ਮੇਰੇ ਪੈਰ ਚਟਦੇ ਹਨ। ਮੇਰੇ ਪ੍ਰਭੂ-ਪ੍ਰੀਤਮ ਦੀ ਪਾਤਸ਼ਾਹਤ ਜੰਗਲੀ ਜਾਨਵਰਾਂ ਦੇ ਦਿਲਾਂ ਤੱਕ ਪਸਰੀ ਹੋਈ ਹੈ।''

''ਰਾਣਾ ਨੇ ਜਿਹੜਾ ਸੱਪ ਮੈਨੂੰ ਡੰਗਣ ਲਈ ਭੇਜਿਆ ਹੈ, ਉਹ ਤਾਂ

ਮੇਰੇ ਪ੍ਰਭੂ-ਪ੍ਰੀਤਮ (ਗਿਰਧਰ) ਦਾ ਸੰਦੇਸ਼ਾ ਲੈ ਕੇ ਆਇਆ ਹੈ।''

(ਮੀਰਾ ਬਾਈ)

## ਬੀਰਤਾ ਤੇ ਸ਼ਾਂਤੀ ਦਾ ਸੰਯੁਕਤ ਧਰਮ

ਪ੍ਰਭੂ ਦਾ ਨਾਮ ਤਾਂ ਉਹ ਲੋਰੀ ਹੈ ਜੋ ਫ਼ਰਿਸ਼ਤੇ ਮੇਰੇ ਕੰਨਾਂ ਵਿਚ ਗਾ ਰਹੇ ਹਨ ਤੇ ਮੇਰੇ ਹੋਠ ਜਿਸ ਨੂੰ ਉਚਾਰ ਰਹੇ ਹਨ। ਮੈਂ ਦਿਨ ਵੇਲੇ ਗੂੜ੍ਹੀ ਨੀਂਦ ਵਿਚ ਸੁੱਤਾ ਹੁੰਦਾ ਹਾਂ, ਭਾਵੇਂ ਮੇਰਾ ਸਰੀਰ ਇਸ ਵੇਲੇ ਵੀ ਕ੍ਰਿਆਸ਼ੀਲ ਹੁੰਦਾ ਹੈ ਅਤੇ ਸਾਰੀ ਰਾਤ ਇਹ ਇੰਜ ਨਿੱਸਲ ਪਿਆ ਰਹਿੰਦਾ ਹੈ ਜਿਵੇਂ ਇਹ ਕੋਈ ਮੁਰਦਾ ਹੋਵੇ। ਭਾਵੇਂ ਮੈਂ ਅਸੰਖ ਰੂਪਾਂ ਵਿਚ ਵਿਚਰਦਾ ਹਾਂ, ਪਰ ਮੈਨੂੰ ਹਾਲੀਂ ਇਸ ਦਾ ਬੋਧ ਨਹੀਂ ਹੈ। ਮੇਰਾ ਧਰਮ ਅਖੁੱਟ ਸ਼ਾਂਤੀ ਹੈ ਜਿਸ ਵਿਚ ਜੀਵਨ ਦੀ ਚੰਗਿਆੜੀ ਮਘ ਰਹੀ ਹੈ। ਇਹ ਮ੍ਰਿਤਕਾਂ ਵਾਲੀ ਸ਼ਾਂਤੀ ਨਹੀਂ ਹੈ। ਇਹ ਤਾਂ ਉਹ ਪਰਮ ਸ਼ਾਂਤੀ ਹੈ ਜੋ ਬੁੱਧ ਦੇ ਸੰਗੀਤ ਵਿਚ ਵੀ ਵਿਦਮਾਨ ਹੈ।

## ਧਾਰਮਿਕ ਭਾਵਨਾ ਦਾ ਨਿਮਨ-ਚੇਤਨ ਮਨ ਵਿਚ ਉਗਣਾ

ਮੈਂ ਇੰਜ ਪ੍ਰਤੀਤ ਕਰਦਾ ਹਾਂ ਕਿ ਜਦੋਂ ਮੈਂ ਕਿਸੇ ਵਿਸ਼ੇਸ਼ ਪ੍ਰਕਾਰ ਦੀ ਪ੍ਰਾਰਥਨਾ ਵਿਚ ਜਾਂ ਪਰਮਾਨੰਦ ਦੀ ਪ੍ਰਾਪਤੀ ਵਿਚ ਕਿਸੇ ਵਿਸ਼ੇਸ਼ ਮੁਦਰਾ ਵਿਚ ਆਸਣ ਜਮਾਉਂਦਾ ਹਾਂ ਤਾਂ ਮੈਂ ਪ੍ਰਮਾਤਮਾ ਦੀ ਹੋਂਦ ਵੱਲੋਂ ਇਨਕਾਰੀ ਹੋ ਜਾਂਦਾ ਹਾਂ ਤੇ ਇਸ ਤਰ੍ਹਾਂ ਮੇਰੇ ਮਨ ਦੀ ਸ਼ਾਂਤੀ ਭੰਗ ਹੋ ਜਾਂਦੀ ਹੈ।

ਜੇ ਮੈਂ ਸਵਰਗਧਾਮ ਵਿਚ ਜਾਣਾ ਚਾਹਾਂ ਤਾਂ ਮੈਂ ਸਰੀਰਕ ਰੂਪ ਵਿਚ ਉਥੇ ਜਾ ਸਕਦਾ ਹਾਂ। ਸੰਸਾਰਕ ਸਾਧਨਾਂ ਰਾਹੀਂ ਸਵਰਗਧਾਮ ਦੀ ਪ੍ਰਾਪਤੀ ਨਹੀਂ ਹੋ ਸਕਦੀ। ਸਾਡੇ ਆਪਣੇ ਭੱਠਿਆਂ ਵਿਚ ਪਕਾਈਆਂ ਗਈਆਂ ਇੱਟਾਂ ਨਾਲ ਹਿਮਾਲਾ ਦੀਆਂ ਬਰਫ ਢਕੀਆਂ ਚੋਟੀਆਂ ਨੂੰ ਉਸਾਰ ਸਕਣਾ ਇਕ ਵਿਅਰਥ ਯਤਨ ਹੀ ਹੋ ਸਕਦਾ ਹੈ।

ਮੇਰੇ ਨਾਮ ਰੂਪੀ ਧਰਮ ਵਿਚ ਕਿਸੇ ਚਿੰਤਾ ਜਾਂ ਤੌਖਲੇ ਲਈ ਥਾਂ ਨਹੀਂ ਹੈ। ਆਤਮਾ ਨਿਸ਼ਚਿੰਤ ਤੇ ਪੂਰਨ ਵਿਸ਼ਰਾਮ ਤੇ ਜੀਵਨ ਦੀ ਭਖਦੀ ਚੰਗਿਆੜੀ ਦਾ ਪਰਮਾਨੰਦ ਇਸ ਦੀਆਂ ਵਿਸ਼ੇਸ਼ਤਾਵਾਂ ਹਨ। ਮੇਰਾ ਧਰਮ ਉਸ ਸ਼ਾਨਦਾਰ ਛਿਣ ਦੀ ਪ੍ਰਾਪਤੀ ਹੈ, ਜਿਸ ਵਿਚ ਸਭ ਤ੍ਰਿਸ਼ਨਾਵਾਂ ਮਿਟ ਜਾਂਦੀਆਂ ਹਨ ਤੇ ਸਭ ਮਨੋਕਾਮਨਾਵਾਂ ਦੀ ਪੂਰਤੀ ਹੋ ਜਾਂਦੀ ਹੈ। ਇਹ ਤਾਂ ਪ੍ਰੇਮ ਦਾ ਸਦੀਵੀ ਸੰਜੋਗ ਹੈ।

ਮੇਰੇ ਮਨੋਭਾਵਾਂ ਦੀ ਤਾਜ਼ਗੀ ਇਕ ਪਵਿੱਤਰ ਕੁਆਰੀ ਕੰਨਿਆਂ ਦੀ ਨਿਆਈਂ ਹੈ। ਮੈਂ ਪੁਨੀਤ ਉਤਸ਼ਾਹ ਵਿਚ ਇੰਜ ਤੱਕਦਾ ਹਾਂ ਜਿਵੇਂ ਸੰਸਾਰ ਦੇ ਸਾਰੇ ਮੰਦਰਾਂ ਦੇ ਘੜਿਆਲ ਵੱਜ ਰਹੇ ਹੋਣ।

## ਆਚਰਣਕ ਬਲ ਤੇ ਮਨ ਦੀ ਸ਼ੁਧੀ

ਸਾਨੂੰ ਆਪਣੇ ਆਚਰਣ ਨੂੰ ਚੰਗੇਰਾ ਬਣਾਉਣਾ ਚਾਹੀਦਾ ਹੈ। ਮਨ ਨੂੰ ਸ਼ੁਧ ਤੇ ਸਾਫ਼ ਕਰਨਾ ਚਾਹੀਦਾ ਹੈ ਤੇ ਇਸ ਨੂੰ ਰੋਗੀ ਮਨੋਭਾਵਾਂ ਵਿਚ ਤਬਾਹ ਹੋਣ ਤੋਂ ਬਚਾਉਣਾ ਚਾਹੀਦਾ ਹੈ।

ਇਕ ਦਿਨ ਕੋਈ ਸੰਤ-ਪੁਰਸ਼ ਇਕੱਲਾ ਹੀ ਜਾ ਰਿਹਾ ਸੀ ਤਾਂ ਕਿਸੇ ਨੇ ਉਸ ਨਾਲ ਮਖੌਲ ਕਰਕੇ ਛੇੜ ਕੀਤੀ। ਉਹ ਇਸ ਨਾਲ ਇੰਨਾਂ ਦੁਖੀ ਹੋਇਆ ਕਿ ਉਸ ਨੇ ਉਸ ਬੰਦੇ ਨੂੰ ਕਾਫੀ ਬੁਰਾ ਭਲਾ ਕਿਹਾ। ਇਹ ਵੇਖ ਕੋਈ ਉਹਨਾਂ ਦਾ ਪੋਥੀਆਂ ਦਾ ਪੜ੍ਹਾਕੂ ਸ਼ਰਧਾਲੂ ਕਹਿਣ ਲੱਗਾ, ''ਮਹਾਰਾਜ ਜੀ ! ਧਰਮ ਗਰੰਥਾਂ ਵਿਚ ਤਾਂ ਇਹ ਗੱਲ ਅੰਕਿਤ ਹੈ ਕਿ ਕਰੋਧ ਸੰਤ-ਪੁਰਸ਼ਾਂ ਦਾ ਸੁਭਾ ਨਹੀਂ ਹੈ।''

ਪਰ ਸੰਤ ਜੀ ਨੇ ਉਤਰ ਦਿੱਤਾ, ''ਜੇ ਧਰਮ ਪੋਥੀਆਂ ਵਿਚ ਇੰਜ ਲਿਖਿਆ ਹੋਇਆ ਹੈ ਤਾਂ ਤੈਨੂੰ ਆਪਣੀ ਅੰਦਰਲੀ ਅੱਗ ਨੂੰ ਹੋਰ ਘੁੱਟ ਕੇ ਰੱਖਣਾ ਚਾਹੀਦਾ ਹੈ। ਮੇਰਾ ਤਾਂ ਭਰੋਸਾ ਧਰਮ ਪੋਥੀਆਂ ਨਾਲੋਂ ਆਪਣੇ ਆਪ ਉਤੇ ਵਧੇਰੇ ਹੈ।''

''ਮੇਰਾ ਤਾਂ ਇਹ ਖ਼ਿਆਲ ਨਹੀਂ ਕਿ ਮੇਰੇ ਕਿਸੇ ਮਾਨਵੀ ਗੁਣ ਨੂੰ ਧਰਮ ਦੁਆਰਾ ਇਤਨਾ ਨਿਪੁੰਸਕ ਤੇ ਨਕਾਰਾ ਕੀਤਾ ਜਾ ਸਕਦਾ ਹੈ ਕਿ ਆਪਣੇ ਕਰੋਧ ਨੂੰ ਸ਼ਾਂਤ ਕਰਨ ਲਈ ਮੈਂ ਆਪਣਾ ਸਰਵ-ਉਚ ਅਧਿਕਾਰ ਹੀ ਗਵਾ ਬੈਠਾਂ। ਇਸੇ ਤਰ੍ਹਾਂ ਦੂਜੇ ਮਨੋਵੇਗਾਂ ਬਾਰੇ ਵੀ ਜੋ ਮੇਰੇ ਅੰਦਰ ਵਿਆਪਕ ਹਨ, ਇਹੋ ਕੁਝ ਹੀ ਕਿਹਾ ਜਾ ਸਕਦਾ ਹੈ। ਭਾਵੇਂ ਉਹ ਮੇਰੇ ਪਸ਼ੂਆਂ ਵਾਲੇ ਸੁਭਾ ਦੇ ਗੁਣ ਹੋਣ ਜਾਂ ਮਾਨਵੀ ਸੁਭਾ ਦੇ ਜਾਂ ਸੰਤਾਂ ਵਾਲੇ ਸੁਭਾ ਦੇ।''

ਮੇਰੇ ਮਨ ਦੀ ਸ਼ਾਂਤੀ ਤਾਂ ਉਸ ਗੁਲਾਬ ਦੀ ਤਰ੍ਹਾਂ ਹੈ ਜੋ ਕੰਡਿਆਂ ਵਿਚ ਵੀ ਖਿੜਦਾ ਹੈ। ਕਈ ਵਾਰ ਮੈਂ ਇਸ ਦੇ ਕੰਡਿਆਂ ਵਿਚ ਹੋਣ ਬਾਰੇ ਸੋਚਦਾ ਹਾਂ ਤੇ ਕਈ ਵਾਰ ਇਸ ਦੇ ਮਨਮੋਹਣੇ ਹੋਣ ਬਾਰੇ।

## ਤਿਆਗ
### (ਉਮਰ ਖ਼ਿਆਮ ਦੀ ਯਾਦ ਵਿਚ)

## ਪ੍ਰੇਮ ਦਾ ਦੈਵੀ ਪਕੇਰਾਪਣ ਹੀ ਤਿਆਗ ਹੈ

ਤਦੋਂ ਤਿਆਗ ਇਕ ਰੋਗ ਬਣ ਜਾਂਦਾ ਹੈ ਜਦੋਂ ਅਸੀਂ ਆਪਣੇ ਮਨ ਵਿਚ ਇਹ ਧਾਰਨਾ ਰਖਦੇ ਹੋਏ ਇਰਾਦਾ ਬਣਾ ਲੈਂਦੇ ਹਾਂ ਕਿ ਚੇਤਨਾ ਦੀਆਂ ਉਹਨਾਂ ਤੰਦਾਂ ਨੂੰ ਤੋੜ ਦਿੱਤਾ ਜਾਵੇ ਜੋ ਸਾਨੂੰ ਅਤਿ ਦੇ ਭਾਵਕ ਰੂਪ ਵਿਚ ਜੀਵਨ ਦੇ ਨਿੱਕੇ ਨਿੱਕੇ ਕੰਡਿਆਂ ਨਾਲ ਚੰਬੇੜੀ ਰਖਦੀਆਂ ਹਨ। ਜੇ ਅਸੀਂ ਇਸ ਤਰ੍ਹਾਂ ਜੀਵਨ ਤੋਂ ਤੋੜ-ਵਿਛੋੜਾ ਕਰਦੇ ਹਾਂ ਤਾਂ ਇਹ ਜੀਵਨ ਦਾ ਇਸ ਪ੍ਰਕਾਰ ਦਾ ਹੀ ਖਿੰਡਾਰਾ ਹੋ ਸਕਦਾ ਹੈ, ਜਿਸ ਤਰ੍ਹਾਂ ਕਿ ਅਸੀਂ ਸਖ਼ਤ ਚਟਾਨਾਂ ਨਾਲ ਆਪਣਾ ਮੱਥਾ ਭੰਨ ਰਹੇ ਹੋਈਏ। ਵੇਖੋ ! ਇਕ ਗੱਭਰੂ ਤੇ ਇਕ ਮੁਟਿਆਰ ਕਿਵੇਂ ਪ੍ਰੇਮ ਸੰਬੰਧ ਜੋੜ ਰਹੇ ਹਨ। ਉਹਨਾਂ ਦਾ ਪ੍ਰੇਮ ਰਾਹ ਜਾਂਦੇ ਹੀ ਇਕ ਸੜਕ ਦੇ ਕੰਢੇ ਬ੍ਰਿਛ ਥੱਲੇ ਹੋ ਜਾਂਦਾ ਹੈ। ਉਹ ਮੁਟਿਆਰ ਆਪਣਾ ਸਭ ਕੁਝ ਛੱਡ ਕੇ ਉਸ ਗੱਭਰੂ ਨਾਲ ਚਲੀ ਜਾਂਦੀ ਹੈ। ਉਸ ਉਤੇ ਭਰੋਸਾ ਕਰਕੇ ਸਭ ਕੁਝ ਦਾ ਤਿਆਗ ਕਰ ਦਿੰਦੀ ਹੈ। ਆਪਣੀ ਇਸ ਤਿਆਗ ਭਾਵਨਾ ਦੇ ਫਲਸਰੂਪ ਉਹ ਜੀਵਨ ਦੀ ਇਕ ਇਕਾਂਤ ਨੁੱਕਰ ਵਿਚ ਜਾ ਕੇ ਆਪਣੇ ਆਪ ਨੂੰ ਜੀਵਨ ਦੇ ਜੋਸ਼ ਤੇ ਉਤਸ਼ਾਹ ਨਾਲ ਭਰਪੂਰ ਕਰ ਲੈਂਦੇ ਹਨ। ਉਹਨਾਂ ਦੇ ਮਨ ਵਿਚ ਇਹ ਖ਼ਿਆਲ ਕਦੀ ਨਹੀਂ ਆਉਂਦਾ ਕਿ ਉਹਨਾਂ ਨੇ ਇਕ ਦੂਜੇ ਲਈ ਕੋਈ ਕੁਰਬਾਨੀ ਜਾਂ ਤਿਆਗ ਕੀਤਾ ਹੈ। ਇਹ ਕਿੰਨੀ ਵੱਡੀ ਕਰਾਮਾਤ ਹੈ ਕਿ ਇਸਤਰੀ ਮਰਦ ਉਤੇ ਭਰੋਸਾ ਕਰਦੀ ਹੈ ਤੇ ਮਰਦ ਇਸਤਰੀ ਉਤੇ ਭਰੋਸਾ ਕਰਦਾ ਹੈ। ਇਕ ਦੂਜੇ ਨਾਲ ਭਾਵਕ ਵੇਗ ਵਿਚ ਜੁੜ ਕੇ ਉਹ ਜੀਵਨ ਤੇ ਪ੍ਰੇਮ ਦੇ ਮਾਰਗ ਉਤੇ ਚੱਲ ਪੈਂਦੇ ਹਨ। ਆਪਣੀਆਂ ਆਤਮਾਵਾਂ ਦੇ ਪ੍ਰਗੀਤਾਂ ਨੂੰ ਇਹਨਾਂ ਮਧੁਰ ਗੁੰਜਾਰਾਂ ਵਿਚ ਇਕ ਦੂਜੇ ਨਾਲ ਸਾਂਝਾ ਕਰਦੇ ਹਨ।

ਇਹ ਹੈ ਅਸਲ ਵਿਚ ਤਿਆਗ। ਸੰਸਾਰ ਦੇ ਕਾਰ-ਵਿਹਾਰ ਦੇ ਤਿਆਗ ਬਾਰੇ ਕਦੀ ਨਾ ਸੋਚੋ, ਨਾ ਹੀ ਕਦੀ ਇਹ ਸੋਚੋ ਕਿ ਤੁਸੀਂ ਆਪਣੀ ਪਤਨੀ ਤੇ ਬੱਚਿਆਂ ਨੂੰ ਛੱਡ ਕੇ ਕਿਤੇ ਚਲੇ ਜਾਣਾ ਹੈ ਕਿਉਂਜੋ ਸ਼ਾਇਦ ਤੁਹਾਨੂੰ ਇਹ ਗਿਆਨ ਹੀ ਨਹੀਂ ਹੈ ਕਿ ਬ੍ਰਿਛ ਦੇ ਜੀਵਨ ਕਾਲ ਵਿਚ ਇਹ ਫਲ ਹੀ ਹੁੰਦੇ ਹਨ ਜੋ ਉਹਨਾਂ ਦੇ ਪਿੱਛੋਂ ਜਿਉਂਦੇ ਰਹਿੰਦੇ ਹਨ। ਸਾਡੇ ਅੰਤਰੀਵ ਜੀਵਨ ਦੇ ਵਿਕਾਸ ਲਈ ਸਾਡੀ ਚੇਤੰਨਤਾ ਦੀਆਂ ਇਹ ਖਿੱਚਾਂ ਉਹ ਧਿਰਾਂ ਹਨ ਜੋ ਸਾਡੇ ਜੀਵਨ ਨੂੰ ਖੜ੍ਹਾ ਰੱਖਣ ਲਈ ਆਧਾਰ ਬਣਦੀਆਂ ਹਨ, ਪਰ ਜੇ ਤੁਹਾਡਾ ਅੰਤਰੀਵ ਜੀਵਨ ਪਹਿਲਾਂ ਹੀ ਝਉਂ ਚੁੱਕਾ ਹੈ ਤੇ ਇਸ ਦਾ ਵਿਕਾਸ ਰੁਕ ਚੁੱਕਾ ਹੈ ਤਾਂ ਇਹ ਮਾਨਸਿਕ ਖਿੱਚਾਂ ਸੱਚ ਮੁੱਚ ਹੀ ਬੰਧਨ ਹਨ। ਦੂਜੇ ਸ਼ਬਦਾਂ ਵਿਚ

ਤਿਆਗ ਅੰਤਰੀਵ ਮਨੁੱਖਤਵ ਦੇ ਪਕੇਰੇ ਹੋਣ ਦਾ ਚਿੰਨ੍ਹ ਹੈ। 'ਮਨੁੱਖ ਦਾ ਪੁੱਤਰ' ਹੀ ਪਕੇਰਾ ਰੂਪ ਧਾਰਨ ਕਰਕੇ ਪ੍ਰਭੂ ਦਾ ਪੁੱਤਰ ਬਣ ਜਾਂਦਾ ਹੈ ਤੇ ਆਕਾਸ਼ ਵਿਚ ਉਸ ਦੀ ਲਾੜੀ ਉਸ ਦੀ ਉਡੀਕ ਕਰ ਰਹੀ ਹੁੰਦੀ ਹੈ।

ਅਜਿਹੇ ਤਿਆਗ ਨਾਲ ਤਾਂ ਦੇਵ ਲੋਕ ਦੀ ਅਮੀਰੀ ਤੇ ਸ਼ਾਨ ਵਿਚ ਵੀ ਵਾਧਾ ਹੁੰਦਾ ਹੈ। ਇਸ ਨਵੇਂ ਸੰਜੋਗ ਦੇ ਪ੍ਰਭਾਵ ਥੱਲੇ ਪ੍ਰਭੂ ਦੀ ਆਪਣੀ ਸ਼ਾਨ ਵੀ ਹੋਰ ਦੂਣ-ਸਵਾਈ ਹੋ ਉਠਦੀ ਹੈ ਤੇ ਇਸ ਦੀ ਜਗਮਗਾਹਟ ਵਿਚ ਵਾਧਾ ਹੁੰਦਾ ਹੈ।

## ਸੰਜੋਗ-ਅਨੰਦ ਅਬੋਲ ਹੁੰਦਾ ਹੈ

ਮੈਂ ਹੈਰਾਨ ਹੁੰਦਾ ਹਾਂ ਕਿ ਕਿਉਂ ਲੋਕ ਪ੍ਰਭੂ ਨੂੰ ਬੁਲਾਉਣ ਖ਼ਾਤਰ ਇੰਨਾਂ ਸ਼ੋਰ ਪਾਉਂਦੇ ਹਨ ? ਉਹਨਾਂ ਦੇ ਵਜਾਏ ਢੋਲ-ਢਮੱਕੇ ਇੰਜ ਜਾਪਦੇ ਹਨ, ਜਿਵੇਂ ਟੀਨ ਦੇ ਡੱਬੇ ਵਿਚ ਰੋੜ ਖੜਕ ਰਹੇ ਹੋਣ। ਮੈਂ ਜੀਵਨ ਵਿਚੋਂ ਹੀ ਇਕ ਹੋਰ ਉਦਾਹਰਣ ਦਿੰਦਾ ਹਾਂ।

ਇਕ ਇਸਤਰੀ ਦਾ ਪ੍ਰੇਮੀ ਸਭ ਦਰਵਾਜ਼ੇ ਬੰਦ ਕਰ ਦਿੰਦਾ ਹੈ, ਸਾਰੀਆਂ ਬੱਤੀਆਂ ਬੁਝਾ ਦਿੰਦਾ ਹੈ, ਪਰਦੇ ਤਾਣ ਦਿੰਦਾ ਹੈ ਤੇ ਫਿਰ ਜਾ ਕੇ ਆਪਣੀ ਪ੍ਰੇਮਿਕਾ ਨੂੰ ਮਿਲਦਾ ਹੈ। ਉਹ ਇਸ ਅਨੂਠੀ ਖ਼ੁਸ਼ੀ ਬਾਰੇ ਸਚੇਤ ਹੁੰਦਾ ਹੈ ਕਿ ਇਸ ਨੂੰ ਕੋਈ ਹੋਰ ਚੁਰਾ ਨਾ ਖੜੇ। ਇਹ ਉਚੀ ਉਚੀ ਸ਼ਬਦ ਪੜ੍ਹਨ ਵਾਲੇ ਮੁੱਲਾਂ ਦੀ ਬਾਂਗ ਦੀ ਨਿਆਈਂ ਜੀਵਨ ਭਰ ਉਚੀ ਸੁਰ ਵਿਚ ਗਾਉਂਦੇ ਰਹਿੰਦੇ ਹਨ। ਸੱਚ ਮੁੱਚ ! ਅਜਿਹੇ ਲੋਕਾਂ ਨੇ ਪ੍ਰਮਾਤਮਾ ਦੇ ਭੇਦ ਨੂੰ ਜਾਤਾ ਹੀ ਨਹੀਂ ਹੈ। ਜੇ ਇਸਤਰੀ ਦੀ ਸੰਗਤ ਦੀ ਮਧੁਰਤਾ ਮਰਦ ਨੂੰ ਆਪਣੀ ਆਤਮਾ ਦੇ ਇਕਾਂਤ ਵਿਚ ਜਾਣ ਲਈ ਮਜਬੂਰ ਕਰਦੀ ਹੈ ਤਾਂ ਪ੍ਰਭੂ-ਪ੍ਰੀਤਮ ਦੀ ਸੰਗਤ ਤਾਂ ਇਸ ਤੋਂ ਵੀ ਵਧੇਰੇ ਤੀਖਣ ਤੇ ਕਤਲ ਕਰਨ ਵਾਲੀ ਹੈ। ਇਸ ਨੂੰ ਤਾਂ ਹੋਰ ਵੀ ਸ਼ਾਂਤੀ ਤੇ ਇਕਾਂਤ ਦੀ ਲੋੜ ਹੈ।

ਸਿਮਰਨ ਦੇ ਅਭਿਆਸ ਵਿਚ ਮੋਨ ਰਹਿਣ ਦਾ ਗੁਣ ਅਥਵਾ ਅਬੋਲ ਉਚਾਰਣ ਸਿਮਰਨ ਵਿਚ ਲੀਨ ਸੰਤ-ਜਨਾਂ ਦਾ ਸੁਭਾ ਹੁੰਦਾ ਹੈ। ਐਮਰਸਨ ਦੇ ਸ਼ਬਦਾਂ ਵਿਚ, ਬ੍ਰਹਿਮੰਡ ਉਹਨਾਂ ਨੂੰ ਉਹ ਚੰਗਿਆੜੀ ਬਖ਼ਸ਼ਦਾ ਹੈ, ਜੋ ਪ੍ਰਭੂ-ਪ੍ਰੀਤਮ ਦੇ ਪ੍ਰੇਮ ਵਿਚ ਚਮਕਦੀ ਹੈ। ਜੋ ਉਹਨਾਂ ਦੇ ਕਾਲੇ ਨੈਣਾਂ ਦੀ ਸ਼ਾਂਤ ਡੂੰਘਾਈ ਤੋਂ ਪਰੇ ਦੂਰ ਦੂਰ ਤੱਕ ਚਮਕਾਂ ਮਾਰਦੀ ਹੈ। ਉਹਨਾਂ ਲਈ ਸਰੀਰਕ ਸੁੰਦਰਤਾ ਤੁੱਛ ਵਸਤੂ ਹੁੰਦੀ ਹੈ, ਪਰ ਕਦੀ ਕਦੀ ਇਹ ਸਭ ਕੁਝ ਅਥਵਾ ਬਹੁਤ ਮਹੱਤਵਪੂਰਨ ਵੀ ਹੋ ਸਕਦੀ ਹੈ ਕਿਉਂਜੋ ਇਹ ਉਹਨਾਂ ਨੂੰ ਉਹ ਲਿਸ਼ਕਾਰਾ ਬਖ਼ਸ਼ਦੀ ਹੈ ਜੋ ਇਕ ਛਿਣ ਲਈ ਉਹਨਾਂ ਦੇ ਹਿਰਦੇ-ਫੁੱਲ ਨੂੰ ਇੰਜ ਰੌਸ਼ਨ ਕਰ ਦਿੰਦਾ ਹੈ ਕਿ ਉਹ ਗੁਲਾਬ ਦੇ ਨਵੇਂ ਫੁੱਲ ਵਾਂਗ ਟਹਿਕ ਉਠਦਾ ਹੈ। ਜਦੋਂ ਉਹਨਾਂ ਦੇ ਨੈਣਾਂ ਵਿਚ ਇਹ ਬਿਜਲੀ ਦਾ ਲਿਸ਼ਕਾਰਾ ਵਜਦਾ ਹੈ ਤਾਂ ਉਹ ਨੈਣ ਮੁੰਦ ਕੇ ਆਪਣੀ ਹੀ ਸੁੰਦਰਤਾ ਦੀਆਂ ਡੂੰਘਾਣਾਂ ਵਿਚ ਜਾ ਉਤਰਦੇ ਹਨ।

ਆਪਣੇ ਹਿਰਦੇ ਦੇ ਗੁਪਤ ਅੰਮ੍ਰਿਤ ਕੁੰਡ ਵਿਚ ਜਦੋਂ ਉਹ ਜਾ ਕੇ ਟੁੱਭੀਆਂ ਲਾਉਂਦੇ ਹਨ ਤਾਂ ਅੰਮ੍ਰਿਤ ਜਲ ਦੇ ਛਲਕਣ ਦੀ ਆਵਾਜ਼ ਤਾਂ ਸੁਣਾਈ ਦਿੰਦੀ ਹੈ ਕਿਉਂਜੋ ਆਪਣੇ ਪਿਆਰੇ ਸੰਸਾਰ ਸਰੀਰਕ ਰੂਪੀ ਕੱਪੜਿਆਂ ਨੂੰ ਉਹ ਇਸ ਅੰਮ੍ਰਿਤ ਕੁੰਡ ਦੇ ਖ਼ੁਸ਼ਕ ਕੰਢਿਆਂ ਉਤੇ ਹੀ ਛੱਡ ਜਾਂਦੇ ਹਨ ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਉਸ ਸਮੇਂ ਉਹ ਆਤਮਾ ਦਾ ਸ਼ੁਧ ਸਰੂਪ ਹੁੰਦੇ ਹਨ। ਇਹਨਾਂ ਹਿਰਦੇ-ਕੰਵਲ ਦੇ ਫੁੱਲਾਂ ਉਤੇ ਰੱਬੀ ਜੋਤ ਚਮਕਦੀ ਹੈ, ਪਰ ਇਹ ਫੁੱਲ ਨਹੀਂ ਹੁੰਦੇ ਤੇ ਭਗਤੀ ਰੱਤੇ ਨੈਣਾਂ ਵਿਚ ਇਸ ਦੇ ਲਿਸ਼ਕਾਰੇ ਜਗਮਗ ਕਰਕੇ ਜਗਦੇ ਬੁਝਦੇ ਰਹਿੰਦੇ ਹਨ।

ਸੰਤ-ਜਨ ਤਾਂ ਉਸ ਦੁਧੀਆ ਕੰਵਲ ਸਮਾਨ ਹਨ, ਜੋ ਸਾਗਰ ਦੇ ਨੀਲੇ ਪਾਣੀਆਂ ਵਿਚ ਤੁਰਦੇ ਰਹਿੰਦੇ ਹਨ ਅਤੇ ਆਲੇ ਦੁਆਲੇ ਦੀ ਭਰਪੂਰਤਾ ਤੋਂ ਅਭਿੱਜ ਰਹਿੰਦੇ ਹਨ। ਸ੍ਰੀ ਰਾਗ ਵਿਚ ਗੁਰੂ ਨਾਨਕ ਸਾਹਿਬ ਇਸ ਤਰ੍ਹਾਂ ਕਥਨ ਕਰਦੇ ਹਨ :

"ਪ੍ਰਭੂ ਜੀ ! ਮੈਂ ਰਾਜ ਨਹੀਂ ਚਾਹੁੰਦਾ, ਮੁਕਤ ਨਹੀਂ ਚਾਹੁੰਦਾ, ਨਾ ਹੀ ਮੈਂ ਯੋਗੀਆਂ ਵਾਲੀ ਰਿਧੀ-ਸਿਧੀ ਦੀ ਕਰਾਮਾਤੀ ਸ਼ਕਤੀ ਦਾ ਜਾਚਕ ਹਾਂ। ਮੈਨੂੰ ਇਹੋ ਜਿਹੀ ਕੂੜੀ ਵਡਿਆਈ ਦੀ ਚਾਹ ਨਹੀਂ ਹੈ।" ਅਤੇ ਆਪ ਇਕ ਥਾਂ ਹੋਰ ਫ਼ੁਰਮਾਉਂਦੇ ਹਨ :

"ਮੇਰੇ ਪ੍ਰੀਤਮ ! ਮੇਰੀ ਆਤਮਾ ਤਾਂ ਭੌਂਰੇ ਸਮਾਨ ਤੇਰੇ ਚਰਨ ਕੰਵਲਾਂ ਦੀ ਮਕਰੰਧ ਲਈ ਤ੍ਰਿਖਾਵੰਤ ਹੈ। ਪ੍ਰਭੂ ਜੀ ! ਮੈਂ ਤਾਂ ਤੁਹਾਡੇ ਅੰਕ ਹੀ ਸਮਾਉਣਾ ਲੋਚਦਾ ਹਾਂ ਤਾਂ ਜੋ ਤੁਹਾਡੇ ਪ੍ਰੇਮ ਵਿਚ ਮੈਂ ਮਸਤ ਹੋ ਸੁੱਤਾ ਰਹਾਂ।"

## ਪ੍ਰਭ-ਪ੍ਰੀਤਮ ਦਾ ਨਦਰਿ-ਕਰਮ

ਪ੍ਰਭੂ ਜੀ ! ਤੁਹਾਡੇ ਪ੍ਰੇਮ ਨੇ ਮੈਨੂੰ ਗਿਆਨ ਦੀ ਉਚ ਪ੍ਰਤਿਭਾ ਬਖ਼ਸ਼ ਦਿੱਤੀ ਹੈ। ਮੈਂ ਤਾਂ ਇਸ ਦੇ ਯੋਗ ਨਹੀਂ ਸਾਂ। ਪ੍ਰਭੂ ਜੀ, ਤੁਸੀਂ ਮੈਨੂੰ ਵਿਸ਼ਵ-ਵਿਆਪੀ ਸ਼ੁਭ ਕਰਮਾਂ ਦੀ ਅਖੁੱਟ ਰਾਸ-ਪੂੰਜੀ ਨਾਲ ਮਾਲਾਮਾਲ ਕਰ ਦਿੱਤਾ ਹੈ, ਜੋ ਮੇਰੇ ਨਿਰਬਲ ਤੇ ਕਮਜ਼ੋਰ ਅੰਗਾਂ ਦੀ ਸ਼ਕਤੀ ਤੇ ਸਮਰਥਾ ਤੋਂ ਦੂਰ ਦੀ ਗੱਲ ਸੀ। ਤੁਹਾਡੀ ਕਿਰਪਾ-ਦ੍ਰਿਸ਼ਟੀ ਸਦਕਾ ਮੈਂ ਹੁਣ ਉਹਨਾਂ ਲੋਕਾ ਵਿਚ ਜਾ ਖਲੋਤਾ ਹਾਂ ਜੋ ਤੁਹਾਡੇ ਪ੍ਰਸਾਦਿ-ਕਰਮ ਦੀ ਸਿਫ਼ਤ-ਸਲਾਹ ਕਰ ਰਹੇ ਹਨ ਜੋ ਨਿਥਾਵੇਂ ਭਿਖਾਰੀਆਂ ਨੂੰ ਵੀ ਸਾਹਿਬਜ਼ਾਦਿਆਂ ਵਾਲੀ ਕਰਤਾਰੀ ਪ੍ਰਤਿਭਾ ਦਾ ਪਰਮਾਨੰਦ ਬਖ਼ਸ਼ ਦਿੰਦਾ ਹੈ ਤੇ ਮੈਂ ਆਪਣੇ ਵਿਚਾਰਾਂ ਦੀ ਕੂੰਜ-ਪੰਖਾਂ ਦੀ ਸ਼ਕਤੀ ਵਾਲੀ ਉਚ ਉਡਾਰੀ ਨਾਲ ਤੁਹਾਡੀ ਕਰਾਮਾਤੀ ਸ਼ਕਤੀਆਂ ਦੇ ਵਡਾਣੇ ਕੌਤਕਾਂ ਨੂੰ ਵੇਖ ਕੇ ਅਚੰਭਤ ਹੋ ਰਿਹਾ ਹਾਂ, ਮੇਰੀ ਸੋਚ-ਸ਼ਕਤੀ ਜਵਾਬ ਦੇ ਚੁੱਕੀ ਹੈ। ਮੈਂ ਇਹ ਵੇਖ ਕੇ ਹੈਰਾਨ ਹੋ ਰਿਹਾ ਹਾਂ ਕਿ ਕਿਵੇਂ ਤੁਹਾਡੀ ਮਿਹਰ ਦੀ ਇਕ ਨਜ਼ਰ ਮੁਰਦਿਆਂ ਨੂੰ ਜੀਵਾਲ ਦਿੰਦੀ ਹੈ।

## ਦੈਵੀ ਮਸਤੀ

ਪ੍ਰਭੂ ਜੀ ! ਤੁਸੀਂ ਮੇਰੇ ਕੋਲ ਪੁੱਜ ਕੇ ਮੈਨੂੰ ਆਪਣੀ ਪ੍ਰੇਮ ਛੁਹ ਬਖ਼ਸ਼ੀ ਹੈ ਅਤੇ ਇੰਜ ਫਰਮਾਇਆ ਹੈ "ਇਹ ਮੈਂ ਹੀ ਹਾਂ। ਉਦੋਂ ਦਾ ਮੈਂ ਇਕ ਅਨੂਠੇ ਸਵੈਮਾਣ ਵਿਚ ਮਸਤਾਨਾ ਹੋ ਗਿਆ ਹਾਂ ਜੋ ਹਾਲੀਂ ਵੀ ਮੈਨੂੰ ਉਹ ਕੁਝ ਸਮਝਦੇ ਹਨ ਜੋ ਮੈਂ ਕਦੀ ਹੁੰਦਾ ਸਾਂ, ਪਰ ਜਦੋਂ ਮੈਂ ਆਪਣੇ ਵੱਲ ਤੱਕਦਾ ਹਾਂ ਤਾਂ ਹੈਰਾਨ ਹੁੰਦਾ ਹਾਂ ਕਿ ਕਿਵੇਂ ਮੇਰਾ 'ਪੁਰਾਣਾ ਮੈਂ' ਰਾਈ ਦਾਣੇ ਦੇ ਅੰਕੁਰ ਦੇ ਉਗਣ ਨਾਲ 'ਨਵੇਂ ਮੈਂ' ਵਿਚ ਮੌਲ ਉਠਿਆ ਹੈ ਤੇ ਇਹ ਕੇਂਦਰ-ਬਿੰਦੂ ਸਹਿਜੇ ਸਹਿਜੇ ਲੋਪ ਹੋ ਕੇ ਤੁਹਾਡੇ ਸਰੂਪ ਵਿਚ ਪ੍ਰਗਟ ਹੋ ਰਿਹਾ ਹੈ। ਇਹ ਕੁਝ ਇਸ ਤਰ੍ਹਾਂ ਦਾ ਵਿਕਾਸ-ਕ੍ਰਮ ਹੈ ਜਿਵੇਂ ਇਕ ਕੰਜ-ਕੰਵਾਰੀ ਦਾ ਆਪਾ ਮਾਤਾ ਦੇ ਆਪੇ ਵਿਚ ਜਾ ਵਟਦਾ ਹੈ।

## ਸਿਮਰਨ ਦੇ ਬੀਜ ਦਾ ਪਵਿੱਤਰ ਗਰਭਾਦਾਨ

ਹੁਣ ਮੈਨੂੰ ਇਸ ਗੱਲ ਦੀ ਥੋੜ੍ਹੀ ਜਿਹੀ ਸਮਝ ਪਈ ਹੈ ਕਿ ਗੁਰੂ ਸਾਹਿਬ ਦਾ ਨਾਮ ਸਿਮਰਨ ਤੋਂ ਕੀ ਭਾਵ ਸੀ ? ਬਾਈਬਲ ਦੀ ਇਕ ਕਥਾ ਅਨੁਸਾਰ ਇਹ ਤਾਂ ਇਕ ਪ੍ਰਕਾਰ ਦਾ ਪਵਿੱਤਰ ਗਰਭਾਦਾਨ ਦਾ ਵਰਤਾਰਾ ਹੁੰਦਾ ਹੈ ਜਿਸ ਤਰ੍ਹਾਂ 'ਮਾਨਵ ਦਾ ਪੁੱਤਰ ਇਸਤਰੀ ਦੇ ਗਰਭ ਵਿਚੋਂ ਜਨਮ ਲੈਂਦਾ ਹੈ, ਤਿਵੇਂ ਹੀ ਰੱਬ ਦਾ ਪੁੱਤਰ ਆਤਮਾ ਦੁਆਰਾ ਜਨਮ ਧਾਰਨ ਕਰਦਾ ਹੈ।' ਜਿੰਨਾਂ ਚਿਰ ਤੱਕ ਪ੍ਰਭੂ ਆਪ ਕਿਸੇ ਮਨੁੱਖ ਨੂੰ ਪ੍ਰੇਮ ਨਹੀਂ ਕਰਦਾ ਤੇ ਉਹ ਉਸ ਪ੍ਰੇਮ ਵਿਚੋਂ (ਆਤਮਿਕ ਰੂਪ ਵਿਚ) ਜਨਮ ਨਹੀਂ ਲੈਂਦਾ, ਉਨਾਂ ਚਿਰ ਤੱਕ ਸਾਨੂੰ ਸਿਮਰਨ ਦੀ ਸੋਝੀ ਨਹੀਂ ਆ ਸਕਦੀ, ਉਦੋਂ ਤੱਕ ਤਾਂ ਆਤਮਿਕ ਜੀਵਨ ਦਾ ਆਰੰਭ ਹੀ ਨਹੀਂ ਹੁੰਦਾ।

ਗੁਰੂ ਸਾਹਿਬ ਜੀ ਫੁਰਮਾਉਂਦੇ ਹਨ, "ਇਸ ਨਾਮ ਦੇ ਰਹੱਸ ਬਾਰੇ ਸੁਹਾਗਣ ਤੋਂ ਜਾ ਕੇ ਪੁੱਛੋ ਕਿ ਕਿਵੇਂ ਤੂੰ ਆਪਣੇ ਪ੍ਰੀਤਮ ਦੇ ਪ੍ਰੇਮ ਨੂੰ ਪਾਇਆ ਹੈ ? ਉਸ ਦਾ ਇਹ ਉਤਰ ਸੀ, ਆਪਣੇ ਆਪ ਨੂੰ ਤਨੋ ਮਨੋ ਪ੍ਰਭੂ ਪ੍ਰੀਤਮ ਦੇ ਪੂਰਨ ਤੌਰ 'ਤੇ ਅਰਪਣ ਕਰਕੇ। ਹੁਣ ਉਸ ਨੂੰ ਇਹ ਬੋਧ ਹੋਇਆ ਹੈ ਕਿ ਉਹ ਆਪਣੇ ਪ੍ਰਭੂ-ਪ੍ਰੀਤਮ ਦੇ ਸੁੰਦਰ ਸਰੂਪ ਨੂੰ ਸਦਾ ਯਾਦ ਕਰਦੀ ਰਹੇ ਤੇ ਆਪਣੇ ਨਵ-ਜਾਏ ਪੁੱਤਰ ਵਿਚੋਂ ਉਸ ਦੇ ਸੁੰਦਰ ਸਰੂਪ ਨੂੰ ਨਿਹਾਰੇ।"

ਵੇਦਾਂ ਵਿਚ ਵੀ ਜਦੋਂ ਮਾਨਵਤਾ ਆਪਣੇ ਬਾਲ ਕਾਲ ਵਿਚ ਸੀ, ਇਸੇ ਪ੍ਰਕਾਰ ਦੇ ਦੈਵੀ ਸਮਰਪਣ ਬਾਰੇ ਉਲੇਖ ਕੀਤਾ ਗਿਆ ਹੈ, "ਭਗਵਾਨ ! ਤੁਸੀਂ ਆਉ, ਮੈਂ ਤੁਹਾਡੀ ਉਸੀ ਤਰ੍ਹਾਂ ਉਡੀਕ ਕਰ ਰਹੀ ਹਾਂ ਜਿਸ ਤਰ੍ਹਾਂ ਇਕ ਇਸਤਰੀ ਲੇਟ ਕੇ ਆਪਣੇ ਪ੍ਰੀਤਮ ਦੀ ਉਡੀਕ ਕਰਦੀ ਹੈ। ਭਗਵਾਨ ! ਮੈਨੂੰ ਗਰਭਾਦਾਨ ਬਖ਼ਸ਼ੋ, ਮੈਨੂੰ ਇਸ ਦੈਵੀ-ਅੰਮ੍ਰਿਤ ਨੂੰ ਗ੍ਰਹਿਣ ਕਰ ਲੈਣ ਦਿਉ। ਭਗਵਾਨ ਆਉ, ਮੈਂ ਤੁਹਾਡੀ ਉਸੀ ਤਰ੍ਹਾਂ ਉਡੀਕ ਕਰ ਰਹੀ ਹਾਂ ਜਿਵੇਂ ਇਕ ਇਸਤਰੀ ਪ੍ਰੇਮ ਅਨੁਮਾਦ ਵਿਚ ਆਪਣੇ ਪੁਰਖ ਦੀ ਉਡੀਕ ਕਰਦੀ ਹੈ।

## ਭਲਾ ਕਰਨ ਦੀ ਸੋਝੀ
### (ਹਿਮ ਖੰਡ ਦੇ ਨਿਵਾਸੀਆਂ ਦੀ ਯਾਦ ਵਿਚ)

ਮੈਨੂੰ ਇਸ ਗੱਲ ਦੀ ਸੋਝੀ ਨਹੀਂ ਕਿ ਭਲਾ ਕਰਨ ਤੋਂ ਕੀ ਭਾਵ ਲਿਆ ਜਾਂਦਾ ਹੈ। ਮੈਂ ਤਾਂ ਭਲਾਈ ਦੀ ਕਿਰਿਆ ਤੋਂ ਵੀ ਅਣਜਾਣ ਹਾਂ।

ਮੈਨੂੰ ਇਕ ਸਿੱਖ ਭੈਣ ਨੇ ਦੱਸਿਆ ਕਿ "ਮੈਨੂੰ ਇਕ ਵਾਰ ਆਪਣੇ ਮਨ ਨੂੰ ਸ਼ੁਧ ਕਰਨ ਲਈ ਪੰਜ ਘੰਟੇ ਲਗਾਤਾਰ ਗੁਰੂ ਦੀ ਬਾਣੀ ਦਾ ਪਾਠ ਕਰਨਾ ਪੇਆ। ਗੁਰਬਾਣੀ ਦੇ ਸ਼ਬਦਾਂ ਦਾ ਹਰ ਅੱਖਰ ਮੇਰੇ ਲਈ ਚਮਕਦੇ ਹੀਰੇ ਸਮਾਨ ਸੀ ਜਿਸ ਨੇ ਮੇਰੀ ਆਤਮਾ ਨੂੰ ਸੰਵਾਰ ਦਿੱਤਾ। ਕਿੰਨੀ ਹੈਰਾਨੀ ਦੀ ਗੱਲ ਸੀ ਕਿ ਪ੍ਰਭੂ ਦੇ ਨਦਰਿ-ਕਰਮ ਦੀਆਂ ਉਹਨਾਂ ਉਚਾਈਆਂ ਤੋਂ ਮੇਰੀ ਇਸ ਮਾਨਸਿਕ ਕੁੜੱਤਣ ਵਿਚ ਮੈਨੂੰ ਇਹ ਸ਼ਬਦ ਰੂਪੀ ਹੀਰੇ ਪੰਨੇ ਤੇ ਪੱਥਰ-ਗੀਟੇ ਹੀ ਜਾਪਦੇ ਰਨ। ਇਸ ਸਮੇਂ ਦੌਰਾਨ ਮੈਨੂੰ ਇੰਜ ਲੱਗਿਆ ਜਿਵੇਂ ਮੈਂ ਪੱਥਰ-ਗੀਟਿਆਂ ਨੂੰ ਅਕਾਰਥ ਹੀ ਚੱਟ ਰਹੀ ਹੋਵਾਂ। ਇਹ ਸਭ ਕੁਝ ਵਿਅਰਥ ਜਿਹਾ ਪ੍ਰਤੀਤ ਹੋ ਰੇਹਾ ਸੀ। ਇਹ ਸਭ ਇਸ ਕਾਰਨ ਹੋਇਆ ਸੀ ਕਿਉਂਜੋ ਪ੍ਰਮਾਤਮਾ ਦੀ ਹੋਂਦ ਤੋਂ ਮੁਨਕਰ ਬੰਦਿਆਂ ਨੇ ਮੇਰੇ ਮਨ ਨੂੰ ਗੰਦ ਤੇ ਚਿੱਕੜ ਨਾਲ ਭਰ ਦਿੱਤਾ ਸੀ। ਮੈਂ ਆਪਣੇ ਮਨ ਤੇ ਇਸ ਗੰਦ ਨੂੰ ਸਾਫ਼ ਕਰਨਾ ਚਾਹੁੰਦੀ ਸਾਂ। ਵੀਰ ਜੀ ! ਹੁਣ ਤੁਸੀਂ ਮੈਨੂੰ ਇਸ ਆਪਣੇ ਪਰਦੇ ਅੰਦਰੋਂ ਬਾਹਰ ਆਉਣ ਲਈ ਨਾ ਕਹਿਣਾ ਮੈਂ ਕਿਸੇ ਨੂੰ ਮਿਲਣਾ ਨਹੀਂ ਚਾਹੁੰਦੀ, ਨਹੀਂ ਤਾਂ ਮੈਨੂੰ ਇਕ ਵਾਰ ਫਿਰ ਪ੍ਰਾਸਚਿਤ ਦੇ ਸੰਤਾਪ ਵਿਚੋਂ ਲੰਘਣਾ ਪਵੇਗਾ। ਮੇਰਾ ਇਕੱਲਾ ਰਹਿਣਾ ਹੀ ਠੀਕ ਹੈ। ਮੇਰਾ ਸੈਆਂ ਪਰਦਿਆਂ ਵਿਚ ਢਕਿਆ ਰਹਿਣਾ ਹੀ ਚੰਗਾ ਹੈ, ਪਰ ਦੂਜੇ ਬੰਨੇ ਤਾਂ ਮੈਨੂੰ ਆਪਣੇ ਪ੍ਰਭੂ-ਪ੍ਰੀਤਮ ਦੀਆਂ ਪ੍ਰੇਮ-ਪਾਤੀਆਂ ਤੋਂ ਵੰਚਿਤ ਰਹਿ ਕੇ ਪੀੜਾ ਨੂੰ ਜਰਨਾ ਪੈਂਦਾ ਹੈ। ਉਸ ਦੇ ਸ਼ਬਦ ਜੋ ਸ਼ੁਧ ਪ੍ਰੇਮ ਦਾ ਰੂਪ ਹਨ ਕਿ ਮੇਰੇ ਲਈ ਨਿਰਜਿੰਦ ਹੋ ਜਾਂਦੇ ਹਨ। ਫਿਰ ਇਹ ਕਹਿਣ ਲੱਗ ਪੈਂਦੇ ਹਨ ਕਿ ਮੇਰੇ ਵਿਚ ਅਭਿਮਾਨ ਆ ਗਿਆ ਹੈ। ਮੈਂ ਇਸਤਰੀ-ਪੁਰਸ਼ਾਂ ਨੂੰ ਨਫ਼ਰਤ ਕਰ ਲੱਗ ਪਈ ਹਾਂ। ਪਰ ਵੀਰ ਜੀ ! ਤੁਸੀਂ ਹੀ ਮੈਨੂੰ ਦੱਸੋ, ਮੈਂ ਉਦੋਂ ਕੀ ਕਰਾਂ ਜਦੋਂ ਉਹ ਮੈਨੂੰ ਆ ਕੇ ਮਿਲਦੇ ਹਨ ਅਤੇ ਜਾਣੇ ਜਾਂ ਅਣਜਾਣੇ ਅਚੇਤ ਜਾਂ ਸਚੇਤ ਰੂਪ ਵਿਚ ਮੇਰੀਆਂ ਸ਼ੁਧ ਭਾਵਨਾਵਾਂ ਨੂੰ ਲੁੱਟ ਲਿਜਾਂਦੇ ਹਨ, ਜੋ ਮੇਰੇ ਲਈ ਮੇਰੀ ਸਭ ਤੋਂ ਸੁੰਦਰ ਵਸਤੂ ਹੈ। ਇਹੋ ਹੀ ਮੇਰੀ ਪਵਿੱਤਰਤਾ ਹੈ, ਮੇਰੀ ਇੱਜ਼ਤ ਤੇ ਪੱਤ ਹੈ। ਭਾਵੇਂ ਉਹਨਾਂ ਨੂੰ ਪਤਾ ਵੀ ਨਾ ਹੋਵੇ ਕਿ ਉਹਨਾਂ ਨੇ ਮੈਨੂੰ ਲੁੱਟ ਖੜਿਆ ਹੈ ਤੇ ਇਹ ਵੀ ਠੀਕ ਹੈ ਕਿ ਮੈਂ ਇਸ ਬਾਰੇ ਖੁਲ੍ਹ ਕੇ ਵਿਆਖਿਆ ਵੀ ਨਹੀਂ ਕਰ ਸਕਦੀ। ਪਰ ਵੀਰ ਜੀ ! ਇਹ ਸੱਚ ਮੰਨੋ ਕਿ ਉਹਨਾਂ ਨੂੰ ਮਿਲਣ ਪਿੱਛੋਂ ਮੈਨੂੰ

ਸੀਤਾ ਜੀ ਦੇ ਵਾਂਗ ਅਗਨੀ ਪ੍ਰੀਖਿਆ ਵਿਚੋਂ ਵੀ ਗੁਜ਼ਰਨਾ ਪੈਂਦਾ ਹੈ।''

''ਜਿਨ੍ਹਾਂ ਨੇ ਇਹਨਾਂ ਓਪਰੇ ਬੰਦਿਆਂ ਨੂੰ ਮਿਲਣਾ ਹੈ, ਪਏ ਮਿਲਦੇ ਰਹਿਣ। ਮੈਨੂੰ ਤਾਂ ਉਹਨਾਂ ਨੂੰ ਮਿਲਣ ਦੀ ਕੋਈ ਲੋੜ ਨਹੀਂ ਹੈ। ਨਾ ਹੀ ਉਹ ਮੈਥੋਂ ਕੁਝ ਲੱਭ ਸਕਦੇ ਹਨ। ਮੇਰੀ ਆਤਮਾ ਤਾਂ ਆਪਣੇ ਪਰਦਿਆਂ ਹੇਠ ਹੀ ਉਡਦੀ ਰਹਿੰਦੀ ਹੈ। ਵੀਰ ਜੀ ! ਜੇ ਮੈਂ ਇੰਜ ਦੂਜਿਆਂ ਦਾ ਭਲਾ ਕਰਨ ਲੱਗ ਪਵਾਂ ਤਾਂ ਇਸ ਲਈ ਮੈਨੂੰ ਸਖ਼ਤ ਮਿਹਨਤ ਕਰਨੀ ਪੈਂਦੀ ਹੈ ਤੇ ਘਣਾ ਕਸ਼ਟ ਝੱਲਣਾ ਪੈਂਦਾ ਹੈ। ਮੈਂ ਤਾਂ ਅਜਿਹਾ ਕੁਝ ਨਹੀਂ ਕਰ ਸਕਦੀ। ਮੇਰੀ ਅੰਦਰਲੀ ਪ੍ਰੇਮ ਦੀ ਅਵਸਥਾ ਦੀ ਦਸ਼ਾ ਕੁਝ ਇਹੋ ਜਿਹੀ ਬਣ ਗਈ ਹੈ ਜਿਸ ਨੇ ਮੈਨੂੰ ਇਸ ਤਰ੍ਹਾਂ ਬਣਨ ਲਈ ਮਜਬੂਰ ਕਰ ਦਿੱਤਾ ਹੈ।''

ਇਕ ਹੋਰ ਸਿੱਖ ਸੁਆਣੀ ਨੇ ਜੋ ਕਿ ਉਚ-ਆਤਮਾ ਦੀ ਸੁਆਮੀ ਸੀ, ਆਪਣੇ ਗੁਆਂਢੀਆਂ ਨੂੰ ਆਪਣੇ ਤਪਦੇ ਤੰਦੂਰ ਉਤੇ ਕਦੀ ਆ ਕੇ ਰੋਟੀਆਂ ਨਹੀਂ ਸਨ ਪਕਾਉਣ ਦਿੱਤੀਆਂ। ਇਸ ਦੀ ਬਜਾਏ ਉਹ ਉਹਨਾਂ ਦੇ ਗੁੰਨ੍ਹੇ ਹੋਏ ਆਟੇ ਦੀ ਪਰਾਂਤ ਲੈ ਲੈਂਦੀ ਤੇ ਆਪ ਉਹਨਾਂ ਨੂੰ ਤੰਦੂਰ ਵਿਚ ਰੋਟੀਆਂ ਲਾਹ ਕੇ ਦੇ ਦਿੰਦੀ। ਇੰਜ ਉਸ ਨੂੰ ਦੂਜਿਆਂ ਦੀਆਂ ਰੋਟੀਆਂ ਪਕਾਉਣ ਵਿਚ ਵਾਧੂ ਮਿਹਨਤ ਕਰਨੀ ਪੈਂਦੀ ਅਤੇ ਦੂਜਿਆਂ ਲਈ ਆਪਣਾ ਮੁੜ੍ਹਕਾ ਡੋਲ੍ਹਣਾ ਪੈਂਦਾ। ਉਹ ਦੂਜਿਆਂ ਨੂੰ ਆਪਣੇ ਤੰਦੂਰ ਤੋਂ ਰੋਟੀਆਂ ਪਕਾ ਕੇ ਤਾਂ ਦੇ ਦਿੰਦੀ, ਪਰ ਉਹਨਾਂ ਨੂੰ ਆਪਣੀ ਰੱਖਿਆ ਲਈ ਪਾਈ ਕਾਰ ਤੋਂ ਅੰਦਰ ਨਾ ਆਉਣ ਦਿੰਦੀ। ਇਹ ਸੁਆਣੀ ਇਕ ਉਚ-ਦੈਵੀ ਆਤਮਾ ਸੀ। ਸੱਚ ਮੁੱਚ ਆਤਮਿਕ ਪ੍ਰਤਿਭਾ ਦੀ ਮਾਲਕ ਸੀ, ਪਰ ਉਸ ਕਦੀ ਲੋਕਾਂ ਨੂੰ ਆਪਣੇ ਨਾਲ ਗੱਲ-ਕੱਥ ਕਰਨ ਤੋਂ ਕਦੀ ਨਹੀਂ ਸੀ ਰੋਕਿਆ। ਉਹ ਰਹੱਸਮਈ ਢੰਗ ਨਾਲ ਗੱਲਾਂ ਕਰਦੀ ਤੇ ਨਿੱਕੇ ਨਿੱਕੇ ਵਾਕ ਬੋਲਦੀ। ਇਕ ਵਾਰ ਜਦੋਂ ਕਿਸੇ ਓਪਰੇ ਬੰਦੇ ਨੇ ਉਸ ਤੋਂ ਆ ਕੇ ਪੁੱਛਿਆ, ''ਭੈਣ ਜੀ ! ਤੁਸੀਂ ਆਪ ਕਸ਼ਟ ਝੱਲ ਕੇ ਉਹਨਾਂ ਨੂੰ ਰੋਟੀਆਂ ਪਕਾ ਕੇ ਦਿੰਦੇ ਹੋ, ਤੁਸੀਂ ਉਹਨਾਂ ਨੂੰ ਹੀ ਆਪਣੇ ਤੰਦੂਰ ਤੇ ਆ ਕੇ ਰੋਟੀਆਂ ਕਿਉਂ ਨਹੀਂ ਪਕਾਉਣ ਦਿੰਦੇ ?'' ਤਾਂ ਉਸ ਸੁਆਣੀ ਨੇ ਕੋਮਲ ਭਾਵਾਂ ਵਿਚ ਉਤਰ ਦਿੱਤਾ, ''ਵੀਰ ਜੀ ! ਉਹ ਅੰਦਰ ਆ ਕੇ ਮੇਰੇ ਤੰਦੂਰ ਨੂੰ ਫ਼ਜ਼ੂਲ ਦੀਆਂ ਗੱਪਾਂ ਨਾਲ ਭਰ ਦਿੰਦੇ ਹਨ।''

ਜਦੋਂ ਆਰੰਭਕ ਕਾਲ ਦੇ ਇਸਾਈ ਆਪਣੀ ਸਵੈ-ਰੱਖਿਆ ਲਈ ਤੁਰੇ ਜਾਂਦੇ ਹਵਾ ਵਿਚ ਸੂਲੀ ਦਾ ਚਿੰਨ੍ਹ ਆਪਣੇ ਹੱਥਾਂ ਨਾਲ ਹੀ ਬਣਾ ਲੈਂਦੇ ਸਨ, ਉਹ ਉਹਨਾਂ ਦੇ ਪ੍ਰਭਾ-ਮੰਡਲ ਵਿਚ ਦਾਖ਼ਲ ਹੋ ਕੇ ਇਸ ਨੂੰ ਭ੍ਰਸ਼ਟ ਕਰਨ ਵਾਲੇ ਦੂਜੇ ਲੋਕਾਂ ਦੇ ਭੂਤਾਂ ਤੋਂ ਭਲੀ ਪ੍ਰਕਾਰ ਜਾਣੂੰ ਸਨ।

ਇਥੋਂ ਤੱਕ ਕਿ ਕੋਈ ਚਿੱਤਰਕਾਰ ਵੀ ਆਪਣੀ ਤੂਲਕਾ ਨੂੰ ਕਿਸੇ ਦੂਜੇ ਦੇ ਹੱਥ ਵਿਚ ਦੇਣ ਲਈ ਤਿਆਰ ਨਹੀਂ ਹੁੰਦਾ। ਇਸੇ ਤਰ੍ਹਾਂ ਇਕ ਲੇਖਕ ਆਪਣੀ ਕਲਮ ਨੂੰ ਸਾਂਭ ਸਾਂਭ ਰਖਦਾ ਹੈ। ਐਮਰਸਨ ਤਾਂ ਇਥੋਂ ਤੱਕ ਕਹਿੰਦਾ ਹੈ ਕਿ ਉਸ ਦੇ ਕਮਰੇ ਵਿਚ ਕੋਈ ਓਪਰੇ ਬੰਦੇ ਆ ਜਾਣ ਤਾਂ ਇਕ ਸੱਚਾ ਕਲਾਕਾਰ

ਉਹਨਾਂ ਤੋਂ ਤੰਗ ਆ ਜਾਂਦਾ ਹੈ। ਉਹ ਨਹੀਂ ਚਾਹੁੰਦਾ ਕਿ ਮਾਯੂਸ ਤੇ ਨਿਰਾਸ਼ ਲੋਕ, ਜਿਨ੍ਹਾਂ ਦੇ ਮਨ ਰੌਲ-ਘਚੋਲੇ ਦੇ ਗੰਦ-ਗੁਦੜ ਨਾਲ ਭਰੇ ਹੋਏ ਹਨ, ਉਸ ਦੇ ਮਨ-ਕੁੰਜ ਅਰਥਾਤ ਕਮਰੇ ਦੇ ਸਵੱਛ ਵਾਤਾਵਰਣ ਨੂੰ ਆ ਕੇ ਗੰਧਾਲ ਦੇਣ।

ਇਹ ਗੱਲ ਭਾਵੇਂ ਦੁਬਾਜਰਿਆਂ ਵਾਲੀ ਜਾਪਦੀ ਹੈ। ਆਮ ਲੋਕ ਇਸ ਨੂੰ ਕੁਲੀਨ-ਤੰਤਰੀ ਪ੍ਰਵਿਰਤੀ ਹੀ ਕਹਿਣਗੇ, ਪਰ ਜਿਹੜੇ ਲੋਕ ਆਪਣੇ ਅੰਦਰਲੇ ਆਤਮਿਕ ਵਾਤਾਵਰਣ ਅਤੇ ਨੈਤਿਕ ਰੁਚੀ ਨੂੰ ਸੁਰੱਖਿਅਤ ਰੱਖਣ ਲਈ ਸਖ਼ਤ ਮਿਹਨਤ ਕਰਦੇ ਹਨ, ਉਹ ਲੋਕਾਂ ਦੀ ਇਸ ਜਨਵਾਦੀ ਹਮਦਰਦੀ ਵਿਚ ਆਪਣੀ ਸੁਨਿਸ਼ਚਿਤ ਕਾਰ-ਖੇਤਰ ਜੋ ਉਹਨਾਂ ਨੇ ਸਖ਼ਤ ਮਿਹਨਤ ਨਾਲ ਉਸਾਰੀ ਹੁੰਦੀ ਹੈ, ਨੂੰ ਦੂਸ਼ਿਤ ਨਹੀਂ ਹੋਣ ਦਿੰਦੇ। ਇਹ ਇਸ ਤਰ੍ਹਾਂ ਦੀ ਗੱਲ ਹੈ ਜਿਵੇਂ ਕਿ ਪ੍ਰਭੂ ਯਸ਼ੂ ਨੇ ਕਦੀ ਫ਼ੁਰਮਾਇਆ ਸੀ ਕਿ, ''ਇਹ ਤਾਂ ਸੂਰਾਂ ਅੱਗੇ ਮੋਤੀ ਪਰੋਸਣ ਵਾਲੀ ਗੱਲ ਹੈ।''

ਗੁਰੂ ਦੇ ਸਿੱਖ ਨੂੰ ਇਸ ਗੱਲ ਦਾ ਗਿਆਨ ਹੈ ਕਿ ਗੁਰੂ ਦੀ ਕਿਰਪਾ ਦੁਆਰਾ ਉਸ ਨੂੰ ਇਹ ਭਰੋਸੇ ਦੀ ਰਾਸ ਪ੍ਰਾਪਤ ਹੋਈ ਹੈ। ਇਹ ਤਾਂ ਗੁਰੂ ਜੀ ਦਾ ਉਸ ਨੂੰ ਰਿਣ ਹੈ ਜੋ ਉਸ ਨੂੰ ਉਸ ਨਿਹਚੇ ਦੇ ਗੁਣ ਦੀ ਸੁਰੱਖਿਆ ਤੇ ਪਾਲਣਾ ਕਰਨ ਹਿਤ ਬਖ਼ਸ਼ਿਆ ਗਿਆ ਹੈ। ਜਦੋਂ ਕੋਈ ਮਨੁੱਖ ਆਤਮਿਕ ਤੌਰ 'ਤੇ ਪਰਿਪੂਰਨ ਹੋ ਜਾਂਦਾ ਹੈ ਤਾਂ ਇਹ ਪੂਰਨਤਾ ਦੀ ਮਹਿਕ ਉਸ ਦੇ ਆਲੇ-ਦੁਆਲੇ ਪਸਰ ਜਾਂਦੀ ਹੈ। ਜੋ ਸ੍ਰਿਸ਼ਟੀ ਦੇ ਸਭ ਜੀਆਂ ਲਈ ਗੁਣਕਾਰੀ ਹੈ। ਉਸ ਸਮੇਂ ਹੀ ਉਸ ਗੁਰਸਿੱਖ ਨੂੰ ਬਾਹਰਲੇ ਸੰਸਾਰ ਵਿਚ ਧਰਮ ਪ੍ਰਚਾਰ ਕਰਨ ਹਿਤ ਭੇਜਿਆ ਜਾਂਦਾ ਹੈ ਤਾਂ ਜੋ ਉਹ ਆਪਣੀ ਆਤਮਿਕ ਸੁੰਦਰਤਾ ਦੀ ਮਹਿਕ ਤੇ ਸ਼ਾਨ ਨੂੰ ਆਲੇ-ਦੁਆਲੇ ਪਸਾਰ ਸਕੇ। ਉਹ ਗੁਰਸਿੱਖ ਵੀ ਗੁਰੂ ਦੀ ਹੀ ਕਾਰ ਕਮਾਉਂਦਾ ਹੈ ਤੇ ਆਪ ਤਾਂ ਉਹ ਕੇਵਲ ਇਕ ਮਾਧਿਅਮ ਹੀ ਹੁੰਦਾ ਹੈ, ਜਿਵੇਂ ਗੁਰੂ ਉਸ ਨੂੰ ਨਿਰਦੇਸ਼ ਦਿੰਦਾ ਹੈ, ਤਿਵੇਂ ਉਹ ਕਾਰਿੰਦੇ-ਹਾਰ ਇਸ ਪਵਿੱਤਰ ਕਾਰਜ ਨੂੰ ਨਿਭਾਉਂਦਾ ਹੈ। ਉਹ ਜਾਣਦਾ ਹੈ ਕਿ ਇਹ ਸਭ ਕੀਮਤੀ ਮਾਲ ਉਸ ਦਾ ਆਪਣਾ ਨਹੀਂ ਹੈ। ਉਹ ਤਾਂ ਆਪਣੀਆਂ ਭਾਵਨਾਵਾਂ, ਵਿਚਾਰਾਂ ਤੇ ਅਮਲਾਂ ਦੁਆਰਾ ਇਸ ਦੀ ਭਿੰਨੀ ਮਹਿਕ ਨੂੰ ਦੂਜਿਆਂ ਤੱਕ ਵੰਡਣ ਦਾ ਇਕ ਸਰੀਰਕ ਮਾਧਿਅਮ ਮਾਤਰ ਹੀ ਹੈ। ਉਹ ਗੁਰਸਿੱਖ ਵੀ ਚੰਗੀ ਤਰ੍ਹਾਂ ਅਨੁਭਵ ਕਰਦਾ ਹੈ ਕਿ ਗੁਰੂ ਜੀ ਦੀ ਬਖ਼ਸ਼ੀ ਇਹ ਰਾਸ ਪੂੰਜੀ ਫ਼ਜ਼ੂਲ ਖ਼ਰਚੀ ਅਤੇ ਵਿਅਰਥ ਰੋੜ੍ਹਨ ਲਈ ਨਹੀਂ ਹੈ। ਉਹ ਇਸ ਗੱਲ ਨੂੰ ਭਲੀ ਪ੍ਰਕਾਰ ਸਮਝਦਾ ਹੈ ਕਿ ਗੁਰੂ ਜੀ ਦੀਆਂ ਬਖ਼ਸ਼ੀਆਂ ਹੋਈਆਂ ਇਹ ਦਾਤਾਂ ਕਿਸੇ ਤਰ੍ਹਾਂ ਵੀ ਉਸ ਦਾ ਆਪਣਾ ਮਾਲ ਨਹੀਂ ਹੈ। ਇਸ ਨੂੰ ਕੇਵਲ ਇਸ ਦੇ ਯੋਗ ਅਧਿਕਾਰੀਆਂ ਵਿਚ ਵੰਡਣਾ ਚਾਹੀਦਾ ਹੈ, ਪਰ ਇਸੇ ਉਚ ਨਿਮਰਤਾ ਦੇ ਗੁਣ ਨੂੰ ਲੋਕ ਵੀ ਕਈ ਵਾਰ ਗ਼ਲਤ ਸਮਝ ਬੈਠਦੇ ਹਨ ਤੇ ਇਸ ਨੂੰ ਅਮੀਰਜ਼ਾਦਿਆਂ ਵਾਲ਼ਾ ਅਭਿਮਾਨ ਤੇ ਨਿਪਟ ਤਾਮਸ ਪ੍ਰਵਿਰਤੀ ਦਾ ਗਿਆਨ ਮੰਨਣ ਲੱਗ ਪੈਂਦੇ ਹਨ।

ਕਈ ਵਾਰ ਤਾਂ ਗੁਰੂ ਦੇ ਸਿੱਖ ਨੂੰ ਇੰਜ ਜਾਪਦਾ ਹੈ ਜਿਵੇਂ ਉਹ ਕਿਸੇ

ਚਿੱਕੜ-ਗ੍ਰਸਤ ਵਿਅਕਤੀ ਨੂੰ ਮਿੱਲ ਕੇ ਆਪ ਵੀ ਚਿੱਕੜ ਨਾਲ ਭਰ ਗਿਆ ਹੈ। ਕਿਸੇ ਨੇ ਆ ਕੇ ਉਸ ਦੇ ਹਿਰਦੇ ਦੇ ਨਿਰਮਲ ਜਲ-ਪ੍ਰਵਾਹ ਵਿਚ ਚਿੱਕੜ ਦੀ ਟੋਕਰੀ ਆ ਸੁੱਟੀ ਹੈ ਤੇ ਉਸ ਗੰਧਲੇ ਜਲ ਨੂੰ ਮੁੜ ਸਾਫ਼ ਕਰਨ ਲਈ ਉਹਨਾਂ ਨੂੰ ਤੁਰੰਤ ਇਸ ਦੀ ਸਫ਼ਾਈ ਕਰਨ ਦਾ ਕਾਰਜ ਕਰਨਾ ਪੈਂਦਾ ਹੈ। ਇਹ ਤਾਂ ਗੁਰੂ ਦੀ ਚੇਤਨਾ ਦੁਆਰਾ ਸਿੱਖ ਦੀ ਚੇਤੰਨਤਾ ਨੂੰ ਆਪਣੀ ਬਖ਼ਸ਼ਿਸ਼ ਦੁਆਰਾ ਮੁੜ ਇਸ਼ਨਾਨ ਕਰਾਉਣ ਤੇ ਸਵੱਛ ਕਰਨ ਦੀ ਪ੍ਰਕਿਰਿਆ ਹੁੰਦੀ ਹੈ। ਉਸ ਸਮੇਂ ਮਨੁੱਖ ਤਾਂ ਉਸ ਚਸ਼ਮੇਂ ਦੀ ਨਿਆਈਂ ਹੈ, ਜਿਸ ਵਿਚ ਪਿੱਛੋਂ ਜਲ ਦਾ ਪ੍ਰਵਾਹ ਉਛਾਲਾ ਮਾਰ ਕੇ ਉਸ ਦੇ ਜਲ-ਪ੍ਰਵਾਹ ਨੂੰ ਪਾਰਦਰਸ਼ੀ ਬਣਾ ਦਿੰਦਾ ਹੈ। ਇਹ ਅੰਤਰੀਵ ਜੀਵਨ ਆਪਣੇ ਤੀਖਣ ਸਰੂਪ ਵਿਚ ਸੁਹਜਮਈ ਹੁੰਦਾ ਹੈ ਅਤੇ ਕਲਾਤਮਕ ਤੇ ਨੈਤਿਕ ਅਰਥਾਂ ਵਿਚ ਇਸ ਦੀਆਂ ਲੋੜਾਂ ਸਭ ਕੁਲੀਨ-ਪੁਰਸ਼ਾਂ ਵਾਲੀਆਂ ਹੁੰਦੀਆਂ ਹਨ। ਫਿਰ ਵੀ ਉਹ ਨਾਲੋ ਨਾਲ ਗੁਰੂ ਦੇ ਪੂਰਨ ਤੌਰ 'ਤੇ ਸਮਰਪਤ ਤੇ ਹੁਕਮ ਵਿਚ ਹੁੰਦਾ ਹੈ।

ਸਿਮਰਨ ਵਾਲੇ ਪੁਰਸ਼ ਦੇ ਅੰਦਰ ਬੜਾ ਸੂਖ਼ਮ ਜਿਹਾ ਧਰਮ-ਕੰਡਾ ਹੁੰਦਾ ਹੈ, ਜਿਸ ਦੇ ਛਾਬੇ ਵਾਲ ਭਰ ਦੇ ਵਾਧੂ ਵਜ਼ਨ ਨਾਲ ਡੋਲ ਜਾਂਦੇ ਹਨ। ਮਨੁੱਖ ਤੇ ਉਹਨਾਂ ਦੇ ਵਿਚਾਰ, ਘਟਨਾਵਾਂ ਤੇ ਉਹਨਾਂ ਦੇ ਪ੍ਰਤੀਕਰਮ, ਆਉਣ ਵਾਲੀਆਂ ਘਟਨਾਵਾਂ ਦੇ ਪਰਛਾਵੇਂ, ਪੁਸਤਕਾਂ, ਇਮਾਰਤਾਂ ਸਭ ਨੂੰ ਆਪਣੇ ਧਰਮ-ਕੰਡੇ 'ਤੇ ਤੋਲਦਾ ਹੈ। ਉਹਨਾਂ ਦਾ ਮੁੱਲ ਪਾਉਂਦਾ ਹੈ। ਜਿਹੜੇ ਵੀ ਮਨੁੱਖ ਤੇ ਘਟਨਾਵਾਂ ਉਸ ਦੇ ਸਨਮੁਖ ਵਾਪਰਦੇ ਹਨ, ਉਹਨਾਂ ਦੇ ਭਲੇ ਬੁਰੇ ਪਰਛਾਵਿਆਂ ਨੂੰ ਵੀ ਆਪਣੇ ਅੰਦਰ ਹਾੜ ਲੈਂਦਾ ਹੈ। ''ਰੱਬ ਹੈ ਆਕਾਸ਼ ਵਿਚ ਤੇ ਜਗ ਹਸ ਖੇਲਦਾ'' ਪਰਾਭੌਤਿਕ ਰੂਪ ਦਾ ਸਾਧਾਰਨੀਕਰਨ ਤਾਂ ਹੋ ਸਕਦਾ ਹੈ, ਪਰ ਸਿਮਰਨ ਵਾਲੇ ਸੰਤ-ਪੁਰਸ਼ ਦੀ ਧਾਰਨਾ ਇਸ ਤਰ੍ਹਾਂ ਹੁੰਦੀ ਹੈ, ''ਪ੍ਰਭੂ ਮੇਰੇ ਅੰਦਰ ਹੈ ਤਾਂ ਜਗਤ ਲਈ ਵੀ ਸਭ ਅੱਛਾ ਹੈ।'' ਇਕੋ ਸਮੇਂ ਝੁਲ ਰਹੀ ਪਵਨ ਦੇ ਦੋ ਬੁੱਲ੍ਹੇ ਉਸ ਲਈ ਵੱਖ ਵੱਖ ਅਰਥ ਰਖਦੇ ਹਨ। ਇਕ ਉਸ ਨੂੰ ਅਸਹਿ ਕਸ਼ਟ ਦਿੰਦਾ ਹੈ, ਦੂਜਾ ਅਕਹਿ ਅਨੰਦ। ਉਸ ਉਤੇ ਹੋਇਆ ਥੋੜ੍ਹਾ ਜਿਹਾ ਹਿੰਸਾ ਦਾ ਵਾਰ ਉਸ ਨੂੰ ਭਲਾ ਪ੍ਰਤੀਤ ਹੁੰਦਾ ਹੈ ਅਤੇ ਦੋ ਜਹਾਨਾਂ ਦੀ ਪਾਤਸ਼ਾਹੀ ਦੀ ਦਾਤ ਉਸ ਨੂੰ ਸਰਾਪ ਵਾਂਗ ਲਗਦੀ ਹੈ। ਜਿਸ ਤਰ੍ਹਾਂ ਪ੍ਰਤਿਭਾਸ਼ੀਲ ਪੁਰਸ਼ ਬਾਰੇ ਅਸੀਂ ਉਪਰ ਕਥਨ ਕੀਤਾ ਹੈ, ਉਹ 'ਸਰਵ ਕਾ ਗਿਆਤਾ' ਹੁੰਦਾ ਹੈ। ਉਸ ਦੀ ਇਕ ਤੱਕਣੀ ਵਿਚ ਕਈ ਰੂਹਾਨੀ ਮੰਡਲ ਚੱਕਰ ਲਾਉਂਦੇ ਹਨ ਅਤੇ ਉਹ ਆਪਣੀ ਆਤਮਾ ਦੀ ਨਿਰੰਕੁਸ਼ ਸੁਤੰਤਰਤਾ ਉਤੇ ਰਸ਼ਕ ਕਰਦਾ ਹੈ।

ਅਸੀਂ ਜੋ ਬਹੁਤ ਹੇਠਾਂ ਖੜ੍ਹੇ ਹਾਂ, ਅਜਿਹੇ ਦੇਵ-ਪੁਰਸ਼ ਦੇ ਝੱਲ-ਮਸਤਾਨੇ, ਸਵੈ-ਵਿਰੋਧਾਂ ਅਤੇ ਉਸ ਦੇ ਅਨੰਤ ਮਨੋਭਾਵਾਂ ਤੇ ਮਨੋਦਿਸ਼ਾਵਾਂ ਦਾ ਥਾਹ ਨਹੀਂ ਪਾ ਸਕਦੇ। ਕਈ ਵਾਰ ਤਾਂ ਉਹ ਮਰ ਚੁੱਕੇ ਲੋਕਾਂ ਨਾਲ ਗੱਲਾਂ ਕਰ ਰਿਹਾ ਹੁੰਦਾ ਹੈ। ਸਾਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ ਅਤੇ ਅਸੀਂ ਉਸ ਕੋਲੋਂ ਲੰਘ ਜਾਂਦੇ ਹਾਂ। ਉਸ ਨੂੰ ਅਸੰਤੁਲਿਤ ਵੇਖ ਕੇ ਸਮਝ ਲੈਂਦੇ ਹਾਂ। ਕਿਸੇ ਹੋਰ

ਸਮੇਂ ਉਹ ਉਹਨਾਂ ਵਿਅਕਤੀਆਂ ਬਾਰੇ ਚਿਤਵਨ ਕਰ ਰਿਹਾ ਹੁੰਦਾ ਹੈ ਜਿਨ੍ਹਾਂ ਨੇ ਹਾਲੀ ਜਨਮ ਧਾਰਨਾ ਹੈ। ਤਾਂ ਵੀ ਅਸੀਂ ਉਸ ਨੂੰ ਲੱਖ ਨਹੀਂ ਸਕਦੇ। ਜਦੋਂ ਉਹ ਪਰਬਤ ਜਿਡੇ ਉਚੇ ਪ੍ਰਾਚੀਨ ਪ੍ਰਬੰਧ ਸਿਰ ਫੋੜਨ ਲਈ ਤੇ ਉਸ ਦੀ ਥਾਂ ਨਵੇਂ ਨੂੰ ਸਥਾਪਤ ਕਰਨ ਲਈ ਉਸ ਦੀਆਂ ਚੋਟੀਆਂ ਨੂੰ ਆਪਣੇ ਪੈਰਾਂ ਹੇਠ ਮਧੋਲਦਾ ਹੈ ਤਾਂ ਵੀ ਅਸੀਂ ਉਸ ਦੇ ਰਹੱਸ ਨੂੰ ਜਾਣ ਨਹੀਂ ਸਕਦੇ। ਉਸ ਨੂੰ ਵੀ ਅਸੀਂ ਇਸ ਤਰ੍ਹਾਂ ਸਮਝ ਲੈਂਦੇ ਹਾਂ ਜਿਵੇਂ ਉਹ ਵੀ ਦੂਜੇ ਯੋਧੇ ਨਾਇਕਾਂ ਸਮਾਨ ਆਪਣੀ ਤਲਵਾਰ ਸੂਤ ਕੇ ਸੰਸਾਰ ਦੇ ਜੰਗੀ ਅਖਾੜੇ ਵਿਚ ਉਤਰ ਆਇਆ ਹੈ। ਅਸੀਂ ਉਸ ਦੀ ਸ਼ਕਤੀ ਤੇ ਕਮਜ਼ੋਰੀ ਦੋਹਾਂ ਨੂੰ ਗ਼ਲਤ ਸਮਝ ਬੈਠਦੇ ਹਾਂ ਕਿਉਂਜੋ ਉਸ ਦੀ ਹੋਂਦ ਵਿਚ ਵੀ ਸਾਡੇ ਵਰਗੇ ਸਾਰੇ ਔਗੁਣ ਮੌਜੂਦ ਹੁੰਦੇ ਹਨ, ਹਾਲਾਂ ਕਿ ਉਸ ਨੂੰ ਅਕਾਲ ਪੁਰਖ ਵੱਲੋਂ ਸਾਡੇ ਸੰਸਾਰ ਅੰਦਰ ਤੇ ਸਾਡੇ ਵਿਚ ਵਿਚਰ ਕੇ ਕੁਝ ਨਿਸ਼ਚਿਤ ਕੀਤੇ ਗਏ ਕਾਰਜ ਸਿਰੇ ਚਾੜ੍ਹਨ ਲਈ ਭੇਜਿਆ ਜਾਂਦਾ ਹੈ। ਅਸੀਂ ਉਸ ਨੂੰ ਬੰਦੀ ਬਣਾ ਲੈਂਦੇ ਹਾਂ, ਉਸ ਨੂੰ ਤਸੀਹੇ ਦਿੰਦੇ ਹਾਂ ਅਤੇ ਆਪਣੇ ਪ੍ਰੇਮ ਤੇ ਨਫ਼ਰਤ ਦੋਹਾਂ ਰਾਹੀਂ ਉਸ ਨੂੰ ਸੂਲੀ ਉਤੇ ਚੜ੍ਹਨ ਲਈ ਮਜਬੂਰ ਕਰਦੇ ਹਾਂ ਕਿਉਂਜੋ ਅਸੀਂ ਉਸ ਦੇ ਭੇਦ ਨੂੰ ਨਹੀਂ ਪਾ ਸਕਦੇ। ਉਸ ਦੇ ਵਿਚਾਰ ਇਨੇ ਸਿਧੇ ਸਾਦੇ ਤੇ ਨਿਆਰੇ ਹੁੰਦੇ ਹਨ ਕਿ ਜਿੰਨਾਂ ਚਿਰ ਤੱਕ ਇਹਨਾਂ ਨੂੰ ਭਾਸ਼ਾ ਦਾ ਜਾਮਾ ਨਾ ਪੁਆਇਆ ਜਾਵੇ, ਅਸੀਂ ਉਸ ਦਾ ਅਨੁਸਰਣ ਨਹੀਂ ਕਰ ਸਕਦੇ। ਇਸ ਲਈ ਉਹ ਸਾਡੀ ਖ਼ਾਤਰ ਆਪਣੇ ਆਪ ਨੂੰ ਕਤਲ ਕਰਵਾ ਲੈਂਦਾ ਹੈ ਤਾਂ ਜੋ ਉਸ ਦੇ ਵਿਚਾਰ ਇਸ ਧਰਤੀ ਵਿਚ ਜੜ੍ਹਾਂ ਫ਼ੜ ਸਕਣ ਕਿਉਂਜੋ ਇਹਨਾਂ ਵਿਚ ਪ੍ਰਭੂ ਪਿਤਾ ਦੀ ਰੱਖਿਆ ਕਰਨ ਵਾਲੀ ਮਹਾਨ ਕਿਰਪਾਲੂ ਦ੍ਰਿਸ਼ਟੀ ਵਿਦਮਾਨ ਹੁੰਦੀ ਹੈ। ਮਨੁੱਖ ਨੂੰ ਉਸ ਦੇ ਆਪਣੇ ਹੀ ਪਰਮ ਸ਼ਤਰੂ 'ਹਉਮੈ' ਦੇ ਵਾਰਾਂ ਤੋਂ ਬਚਾਉਣਾ ਹੁੰਦਾ ਹੈ। ਗੁਰਬਾਣੀ ਵਿਚ ਫ਼ੁਰਮਾਨ ਹੈ :

"ਹਉਮੈ ਦੀਰਘੁ ਰੋਗੁ ਹੈ
ਦਾਰੂ ਭੀ ਇਸੁ ਮਾਹਿ।।"

ਹਉਮੈ ਦੇ ਦੀਰਘ ਰੋਗ ਵਿਚ ਇਸ ਦੀ ਔਸ਼ਧੀ ਵੀ ਲੁਕੀ ਪਈ ਹੈ।

## ਗੁਰੂ ਗੋਬਿੰਦ ਸਿੰਘ ਦਾ ਖ਼ਾਲਸਾ
### (ਰਾਗ ਰਤਨ ਪਰਿਵਾਰ ਪਰੀਆ ਦੀ ਯਾਦ ਵਿਚ)

### ਦੀਵਾਲੀ ਦਾ ਉਤਸਵ

ਸਭ ਯੁਗਾਂ ਵਿਚ ਮਨੁੱਖੀ ਸਮੂਹ-ਸਿਮਰਨ ਦੇ ਪੁੰਜ ਮਹਾਂ-ਪੁਰਸ਼ਾਂ ਦੇ ਦੁਆਲੇ ਜੁੜਦੇ ਰਹੇ ਹਨ। ਇਹਨਾਂ ਮਿਕਨਾਤੀਸੀ (ਚੁੰਬਕੀ) ਨਿੱਜੀ ਪ੍ਰਭਾਵ ਥੱਲੇ ਜੋ ਕਿ ਧੁਰੋਂ ਵਿਰੋਸਾਈ ਦੈਵੀ-ਪ੍ਰੇਰਨਾ ਹੁੰਦੀ ਹੈ, ਇਹ ਕਾਰਜ ਚਲਦਾ ਹੈ। ਇਹ ਕਾਰਜ ਉਚੇ ਮੰਡਲਾਂ ਦੀਆਂ ਸ਼ਕਤੀਸ਼ਾਲੀ ਆਤਮਾਵਾਂ ਦੁਆਰਾ ਹੁੰਦਾ ਹੈ ਜੋ ਆਪਣੇ ਨਿੱਕੇ ਆਪੇ ਨੂੰ ਹੇਠਾਂ ਧਰਤ ਉਤੇ ਸੁੱਟ ਦਿੰਦੀਆਂ ਹਨ ਅਤੇ ਉਹ ਅਜਿਹੇ ਜਗਦੇ ਦੀਪਕਾਂ ਹਾਰ ਮਨੁੱਖੀ ਹਿਰਦਿਆਂ ਵਿਚ ਵੀ ਆ ਨਿਵਾਸ ਬਣਾਉਂਦੀਆਂ ਹਨ। ਇਸ ਪ੍ਰਕਾਰ ਜਦੋਂ ਸਿੱਖਾਂ ਜਾਂ ਮੁਰੀਦਾਂ ਦੀ ਕੋਈ ਸੰਗਤ ਜੁੜਦੀ ਹੈ ਤਾਂ ਉਹ ਇਕ ਤਰ੍ਹਾਂ ਦੀਪਾਵਲੀ ਦਾ ਉਤਸਵ ਹੀ ਹੁੰਦਾ ਹੈ। ਮਹਾਤਮਾ ਬੁੱਧ ਨੇ ਸੰਘ ਦਾ ਨਿਰਮਾਣ ਕੀਤਾ ਤੇ ਪੰਜਾਬ ਵਿਚ ਸਿੱਖ ਗੁਰੂ ਸਾਹਿਬਾਨ ਨੇ ਸੰਗਤ ਦੀ ਪ੍ਰਥਾ ਤੋਰੀ।

### ਪੁੱਤਰ ਅਤੇ ਪਿਤਾ

ਸੰਗਤ ਤਾਂ ਨਿਰੋਲ ਪ੍ਰੇਰਨਾਯੁਕਤ ਰੰਗ ਰੱਤੜੇ ਇਸਤਰੀ ਪੁਰਸ਼ਾਂ ਦਾ ਸਮੂਹ ਹੁੰਦੀ ਹੈ। ਜੋ ਉਸ ਸੁਹਾਗਵਤੀ ਇਸਤਰੀ ਸਮਾਨ ਹੁੰਦੇ ਹਨ, ਜਿਹੜੇ ਆਪਣੇ ਪ੍ਰੀਤਮ ਅਰਥਾਤ ਗੁਰੂ ਦੇ ਵਿਅਕਤੀਤਵ ਖ਼ਾਤਰ ਆਪਣਾ ਤਨ ਮਨ ਗੁਰੂ ਅੱਗੇ ਸੌਂਪ ਦਿੰਦੇ ਹਨ। ਸੰਗਤ ਦੇ ਘਟਕ ਵਿਚ ਗੁਰੂ ਦੀ ਸ਼ਕਤੀ ਮੌਜੂਦ ਹੁੰਦੀ ਹੈ। ਇਕ ਵਾਰ ਕਿਸੇ ਪੰਜਾਬੀ ਫਰੀਸੀ ਪੰਥ ਦੇ ਅਨੁਯਾਈ ਨੇ ਇਕ ਭਗਤੀ ਰੱਤੇ ਪੁਰਸ਼ ਤੋਂ ਆ ਕੇ ਇਹ ਪੁੱਛ ਕੀਤੀ ਕਿ ਕੀ ਉਹ ਇਤਨੇ ਨਾਮਵਰ ਹਨ ਕਿ ਉਹਨਾਂ ਵਿਚ ਗੁਰੂ ਦੀ ਅਜਿਹੀ ਸ਼ਕਤੀ ਆ ਗਈ ਹੋਵੇ ਤੇ ਉਹ ਗੁਰੂ ਸਮਾਨ ਲੋਕਾਂ ਦੇ ਹਿਰਦਿਆਂ ਵਿਚ ਨਾਮ ਦੇ ਬੀਜ ਬੀਜ ਸਕਣ ? ਗੁਰੂ ਦੇ ਸਿੱਖ ਨੇ ਸ਼ਾਂਤ-ਚਿੱਤ ਰੂਪ ਵਿਚ ਇੰਜ ਉਤਰ ਦਿੱਤਾ, "ਮੇਰੀ ਕੌਣ ਇੰਜ ਅਕਾਰਨ ਨਿੰਦਾ ਕਰ ਸਕਦਾ ਹੈ ? ਇਹ ਤਾਂ ਕੋਈ ਵੀ ਨਹੀਂ ਜਾਣ ਸਕਦਾ ਕਿ ਮੇਰੇ ਤੇ ਗੁਰੂ ਵਿਚ ਕੀ ਸੰਬੰਧ ਹਨ। ਉਹ ਮੇਰੇ ਲਈ ਕੌਣ ਹੈ ਤੇ ਮੈਂ ਉਸ ਲਈ ਕੀ ਹਾਂ ? ਪਰ ਗੁਰੂ ਦੇ ਹਰ ਸਿੱਖ ਵਿਚ ਆਪਣੇ ਅਕਾਲ-ਪੁਰਖ ਪਿਤਾ ਦੀ ਸੱਤਾ ਵਿਦਮਾਨ ਹੁੰਦੀ ਹੈ। ਇਸ ਤਰ੍ਹਾਂ ਉਹ ਪਿਤਾ ਵਾਲਾ ਕਰਤੱਵ ਵੀ ਨਿਭਾ ਸਕਦਾ ਹੈ। ਇੰਜ ਉਹ ਮੁਰਦਾ ਮਨੁੱਖਤਾ ਵਿਚ ਜੀਵਨ ਦਾ ਬੀਜ ਬੀਜ ਕੇ ਉਸ ਵਿਚ ਨਵੀਆਂ ਸੰਭਾਵਨਾਵਾਂ ਨੂੰ ਉਜਾਗਰ ਕਰ ਸਕਣ ਦੀ ਸਮਰਥਾ ਰਖਦਾ ਹੈ। ਨਿਰਸੰਦੇਹ, ਉਹ ਕਹਿ ਸਕਦਾ ਹੈ ਕਿ ਮੈਂ ਉਸ ਦਾ ਪੁੱਤਰ ਹਾਂ ਅਤੇ ਪਿਤਾ ਹੋਣ

ਦੇ ਗੁਣ ਵੀ ਰਖਦਾ ਹਾਂ।

## ਖ਼ਾਲਸਾ ਗੁਰੂ ਦਾ ਆਤਮਿਕ ਸਰੂਪ

ਸਿੱਖ ਸੰਗਤ ਸ਼ਕਤੀਵਰ ਮਨੁੱਖਾਂ ਦਾ ਸਮੂਹ ਹੁੰਦਾ ਹੈ। ਘੱਟੋ ਘੱਟ ਇਤਿਹਾਸ ਦੇ ਇਕ ਯੁਗ ਵਿਚ ਇਹ ਅਜਿਹਾ ਹੀ ਹੋਇਆ ਹੈ। ਅਜਿਹੀ ਸੰਗਤ ਦਸ ਗੁਰੂ ਸਾਹਿਬਾਨ ਦੇ ਤਖ਼ਤ ਦੁਆਲੇ ਜੁੜੀ ਸੀ। ਇਸ ਵਿਚ ਵਿਅਕਤੀ ਆ ਆ ਕੇ ਗੁਰੂ ਦੇ ਅਨੰਤ ਵਿਅਕਤੀਤਵ ਵਿਚ ਆਪਣੇ ਆਪ ਨੂੰ ਅਭੇਦ ਕਰ ਲੈਂਦੇ ਰਹੇ। ਗੁਰੂ ਦੇ ਸਹੰਸਰ ਚਿਹਰਿਆਂ, ਸਹੰਸਰ ਹੱਥਾਂ ਦਾ ਹੀ ਇਹ ਸੰਗਤ ਪ੍ਰਤੀਬਿੰਬ ਸੀ। ਇਸ ਨੂੰ ਸਾਧ ਸੰਗਤ ਦੀ ਅਰਥਾਤ ਪਵਿੱਤਰ ਇਕੱਤਰਤਾ ਦੀ ਸੰਗਿਆ ਦਿੱਤੀ ਗਈ। ਅਜਿਹੀ ਅਦੁੱਤੀ ਸਾਧ ਸੰਗਤ ਨੂੰ ਜਿਸ ਵਿਚ ਪੂਰਨ ਮਨੁੱਖ ਆ ਕੇ ਜੁੜਦੇ ਸਨ ਤੇ ਜਿਹੜੇ ਪਿਆਰ-ਰੱਤੇ ਚਮਕਦੀ ਪ੍ਰਤਿਭਾ ਵਾਲੇ ਵਿਅਕਤੀਆਂ ਦਾ ਤਾਰਾ-ਮੰਡਲ ਸੀ। ਦਸਮ ਗੁਰੂ ਜੀ ਨੇ ਆਪ ਬੜੀ ਨਿਮਰਤਾ ਸਹਿਤ ਸ਼ਰਧਾਂਜਲੀ ਭੇਟ ਕੀਤੀ ਹੈ। ਦਸਮੇਸ਼ ਗੁਰੂ ਜੀ ਆਪਣੇ ਪਿਆਰੇ ਖ਼ਾਲਸਾ ਦੀ ਉਪਮਾ ਇਹਨਾਂ ਸ਼ਬਦਾਂ ਦੁਆਰਾ ਕਰਦੇ ਹਨ :

> "ਇਨਹੀ ਕੀ ਕਿਰਪਾ ਸੇ ਸਜੇ ਹਮ ਹੈਂ
> ਨਹੀਂ ਮੋ ਸੋ ਗਰੀਬ ਕਰੋਰ ਪਰੇ।।"

ਇਸ ਪ੍ਰਕਾਰ ਜਿਨ੍ਹਾਂ ਦੀ ਉਪਮਾ ਗੁਰੂ ਗੋਬਿੰਦ ਸਿੰਘ ਜੀ ਇਤਨੇ ਪ੍ਰੇਮ ਵਿਚ ਘੋਲ-ਘੁਮਾਈ ਹੋਈਆਂ ਉਚ ਭਾਵਨਾਵਾਂ ਦੁਆਰਾ ਕਰਦੇ ਹਨ, ਕੇਵਲ ਅਜਿਹੇ ਵਿਅਕਤੀਆਂ ਦਾ ਜੋੜ ਮੇਲ ਹੀ ਸਿੱਖ ਸੰਗਤ ਜਾਂ ਖ਼ਾਲਸਾ ਅਖਵਾ ਸਕਦੇ ਹਨ। ਇਹ ਖ਼ਾਲਸਾ ਤਾਂ ਗੁਰੂ ਗੋਬਿੰਦ ਸਿੰਘ ਦਾ ਸਮੂਹ ਹੈ ਕਿਉਂਜੋ ਹਰ ਸਿੱਖ ਦਾ ਸਰੀਰ ਗੁਰੂ ਦੀ ਆਤਮਾ ਦਾ ਵਾਹਨ ਹੈ। ਗੁਰੂ ਗੋਬਿੰਦ ਸਿੰਘ ਦੇ ਇਸ ਆਦਰਸ਼ਕ ਜਨ-ਸਮੂਹ ਦੀ ਸ਼ਾਨ ਤੇ ਆਤਮਿਕ ਆਭਾ ਗੁਰੂ ਨਾਨਕ ਦੇਵ ਜੀ ਦੇ ਸੁਪਨਿਆਂ ਦੀ ਸਿਰਜਣਾ ਸੀ ਜਿਸ ਨੂੰ ਸੁੰਦਰ ਰੂਪ ਗੁਰੂ ਗੋਬਿੰਦ ਸਿੰਘ ਜੀ ਨੇ 'ਖ਼ਾਲਸਾ' ਨੂੰ ਸਾਜ ਕੇ ਦਿੱਤਾ। ਇਹ ਖ਼ਾਲਸਾ ਸੱਚ ਦੀ ਸਦਾਚਾਰਕ ਬਾਦਸ਼ਾਹਤ ਦੀ ਸਥਾਪਨਾ ਸੀ ਜਿਸ ਦਾ ਬੂਟਾ ਸ੍ਰੀ ਅਨੰਦਪੁਰ ਸਾਹਿਬ ਦੇ ਬਾਗ਼ ਵਿਚ ਲਗਾਇਆ ਗਿਆ। ਸੁਤੰਤਰਤਾ ਦੇ ਇਸ ਮਹਾਂ-ਵਣ ਵਿਚ ਖ਼ਾਲਸਾ ਦੇ ਰੂਪ ਵਿਚ ਦੇਵਤੇ ਤੇ ਫ਼ਰਿਸ਼ਤੇ ਆਪ ਆ ਕੇ ਵਿਚਰਦੇ ਸਨ। ਇਹ ਉਹ ਖ਼ਾਲਸਾ ਸੀ ਜੋ ਗੁਰੂ ਗੋਬਿੰਦ ਸਿੰਘ ਦੇ ਚੋਣਵੇਂ ਤੇ ਸਜੀਲੇ ਸਹੰਸਰ ਰੂਪਾਂ ਵਿਚ ਪ੍ਰਗਟ ਹੋਇਆ ਸੀ।

## ਖ਼ਾਲਸਾ ਮਾਤ ਲੋਕ ਦੀ ਥਾਂ ਦੇਵ ਮੰਡਲ ਦਾ ਵਾਸੀ

ਇਸ ਖ਼ਾਲਸਾ ਨੂੰ ਹੁਣ ਵੀ ਭਰੋਸੇ ਵਾਲੇ ਨੈਣ ਆਪਣੀ ਧਿਆਨੀ-ਦ੍ਰਿਸ਼ਟੀ ਦੁਆਰਾ ਵੇਖ ਸਕਦੇ ਹਨ। ਜਿਨ੍ਹਾਂ ਜਿਗਿਆਸੂਆਂ ਦੇ ਮਨ ਵਿਚ ਇਸ ਖ਼ਾਲਸਾ

ਸਮੂਹ ਨੂੰ ਅਤੇ ਦਸਮ ਗੁਰੂ ਦੇ ਹਜ਼ਾਰਾਂ ਚਿਹਰਿਆਂ ਦੇ ਦਰਸ਼ਨ ਕਰਨ ਦੀ ਅਭਿਲਾਸ਼ਾ ਹੁੰਦੀ ਹੈ, ਉਹਨਾਂ ਲਈ ਹਾਲੀ ਵੀ ਦੇਵ ਮੰਡਲ ਆਪਣੇ ਪਰਦਿਆਂ ਨੂੰ ਹਟਾ ਦਿੰਦਾ ਹੈ ਅਤੇ ਇੰਜ ਉਹ ਖ਼ਾਲਸਾ ਰੂਪ ਦੀ ਸਾਧ ਸੰਗਤ ਦੇ ਦਰਸ਼ਨ ਕਰ ਸਕਦੇ ਹਨ।

ਮੈਨੂੰ ਇਹ ਗੱਲ ਨਾ ਆਖੋ ਕਿ ਖ਼ਾਲਸਾ ਦੇ ਦਰਸ਼ਨ ਉਹਨਾਂ ਲੋਕਾਂ ਦੀ ਇਕੱਤਰਤਾ ਵਿਚੋਂ ਹੋ ਸਕਦੇ ਹਨ, ਜਿਨ੍ਹਾਂ ਦੇ ਮਨਾਂ ਨੂੰ ਸਵਾਰਥ ਤੇ ਮੋਹ ਦੇ ਮਾਇਆ ਜਾਲ ਨੇ ਇਕ ਝੂਠੇ ਆਤਮ ਛਲਾਵੇ ਹਾਰ ਮੋਹਿਆ ਹੋਇਆ ਹੈ ਅਤੇ ਉਹ ਕਿਸੇ ਆਤਮ ਭੁਲਾਵੇ ਵਿਚ ਆਪਣੇ ਆਪ ਨੂੰ ਸਾਧ ਸੰਗਤ ਜਾਂ ਖ਼ਾਲਸਾ ਸਮਝ ਬੈਠਦੇ ਹਨ। ਇਸ ਤਰ੍ਹਾਂ ਦੇ ਥੋੜ੍ਹੇ ਪਾਣੀਆਂ ਵਿਚੋਂ ਮੋਤੀ ਮਾਣਕ ਨਹੀਂ ਲੱਭੇ ਜਾ ਸਕਦੇ।

## ਨਾਮ ਦੀ ਜੋਤ

ਗੁਰੂ ਗੋਬਿੰਦ ਸਿੰਘ ਜੀ ਖ਼ਾਲਸਾ ਬਾਰੇ ਫਿਰ ਇੰਜ ਕਥਨ ਕਰਦੇ ਹਨ, ''ਜਿਸ ਦੇ ਹਿਰਦੇ ਵਿਚ ਨਾਮ ਰੂਪੀ ਜੋਤ ਦਿਨ ਰਾਤ ਨਿਰੰਤਰ ਜਗਦੀ ਹੈ, ਉਸੇ ਨੂੰ ਹੀ ਖ਼ਾਲਸੇ ਦਾ ਸ਼ੁਧ ਰੂਪ ਸਮਝਣਾ ਚਾਹੀਦਾ ਹੈ।''

ਅਜਿਹੇ ਵਿਅਕਤੀ ਵਿਚ ਲੱਖਾਂ ਦਾ ਬਲ ਹੁੰਦਾ ਹੈ। ਅਜਿਹੇ ਵਿਅਕਤੀ ਵਿਚ ਲੱਖਾਂ ਵਿਅਕਤੀ ਵਿਆਪਕ ਹੁੰਦੇ ਹਨ।

## ਆਤਮਿਕ ਉਥਾਨ

ਇਹ ਕੋਈ ਕੂੜ ਕਲਪਨਾ ਨਹੀਂ ਹੈ, ਸਗੋਂ ਇਕ ਤਰ੍ਹਾਂ ਦੇ ਗੰਭੀਰ ਯਥਾਰਥ ਦਾ ਪ੍ਰਮਾਣ ਹੈ ਕਿ ਇਕ ਅਕਾਲੀ ਸਿੰਘ ਦਾ ਗਣਿਤ-ਵਿਗਿਆਨ ਅੰਕਾਂ ਨਾਲ ਸ਼ੁਰੂ ਨਹੀਂ ਹੁੰਦਾ, ਉਸ ਦਾ 'ਮੈਂ' ਸਮੂਹ ਦਾ ਪ੍ਰਤੀਕ ਹੁੰਦਾ ਹੈ। ਉਸ ਦਾ ਇਕ (1) ਵੀ 1,25,000 (ਸਵਾ ਲੱਖ) ਦੇ ਬਰਾਬਰ ਹੁੰਦਾ ਹੈ। ਇਹ ਸੰਖਿਆ ਉਸ ਦੇ ਅੰਤਰੀਵ ਆਤਮਿਕ ਬਲ ਦੇ ਮਹੱਤਵ ਨੂੰ ਦਰਸਾਉਂਦੀ ਹੈ ਕਿ ਕਿਵੇਂ ਉਸ ਦੀ ਉਚਤਾ, ਉਸ ਦੀ ਸ਼ਕਤੀ, ਦੈਵੀ ਸੱਤਾ ਨਾਲ ਭਰਪੂਰ ਹੁੰਦੀ ਹੈ। ਸਾਰੀ ਕੌਮ ਉਸ ਦੇ ਇਕ ਸ਼ਬਦ ਵਿਚ ਦਿੱਤੇ ਆਦੇਸ਼ ਉਤੇ ਮਾਰਚ ਕਰਨ ਲੱਗ ਪੈਂਦੀ ਹੈ।

ਦਰਿਆ ਸਿੰਧ ਦੇ ਕੰਢੇ ਜਿਥੇ ਪਠਾਣਾਂ ਦੇ ਸਮੂਹਾਂ ਵਿਰੁੱਧ ਅਕਾਲੀ ਫੂਲਾ ਸਿੰਘ ਨੂੰ ਰਣ-ਖੇਤਰ ਵਿਚ ਲੜਨ ਦਾ ਨਿਰਦੇਸ਼ ਕੀਤਾ ਗਿਆ ਸੀ, ਨੇ ਅਚੰਭਾ ਕਰਨ ਵਾਲੇ ਸ਼ਕਤੀ ਬਲ ਦਾ ਪ੍ਰਦਰਸ਼ਨ ਕੀਤਾ। ਭਜਦੇ ਹੋਏ ਪਠਾਣਾਂ ਨੇ ਇਹ ਵੇਖਿਆਂ ਕਿ ਸੈਂਕੜੇ ਅਕਾਲੀ ਫੂਲਾ ਸਿੰਘ ਦੇ ਰੂਪ ਆਕਾਸ਼ ਤੋਂ ਹੇਠਾਂ ਉਤਰ ਰਹੇ ਹਨ। ਇਕ ਇਕ ਪਠਾਣ ਨੂੰ ਇੰਜ ਲੱਗਿਆ ਜਿਵੇਂ ਦਰਜਨਾਂ ਫੂਲਾ ਸਿੰਘ ਗਰਮਜੋਸ਼ੀ ਨਾਲ ਉਸ ਦਾ ਪਿੱਛਾ ਕਰ ਰਹੇ ਹਨ। ਉਹਨਾਂ ਨੂੰ ਦਰਜਨਾਂ ਨੰਗੀਆਂ

ਕਿਰਪਾਨਾਂ ਆਪਣੇ ਅੱਗੇ ਤੇ ਚਾਰ ਚੁਫੇਰੇ ਹੀ ਚਮਕਦੀਆਂ ਦਿਖਾਈ ਦਿੱਤੀਆਂ। ਹਾਲਾਂ ਕਿ ਅਕਾਲੀ ਫੂਲਾ ਸਿੰਘ ਇਕੱਲਾ ਖਲੋਤਾ ਇਸ ਵਹੀਰ ਦਾ ਟਾਕਰਾ ਕਰ ਰਿਹਾ ਸੀ। ਇਹ ਹੈ 'ਖ਼ਾਲਸਾ' ਦੀ ਸ਼ਕਤੀ ਦਾ ਆਤਮਿਕ ਦ੍ਰਿਸ਼ ਜੋ ਉਸ ਸਮੇਂ ਪ੍ਰਚੰਡ ਅਗਨੀ ਦੇ ਪ੍ਰਕਾਸ਼ ਵਿਚ ਜਗਮਗਾ ਉਠਦਾ ਹੈ। ਇਹ 'ਖ਼ਾਲਸਾ' ਆਪਣੇ ਹਿਰਦੇ ਦੇ ਭਿੱਤ ਖੋਲ੍ਹ ਦਿੰਦਾ ਹੈ।

ਸਿਮਰਨ ਰੱਤੇ ਸੰਤ-ਪੁਰਸ਼ਾਂ ਦੇ ਧਿਆਨ ਵਿਚ ਹਰ ਵਿਅਕਤੀ ਸਮਾਜ ਦਾ ਰੂਪ ਧਾਰਨ ਕਰ ਲੈਂਦਾ ਹੈ। ਉਸ ਕੋਲ ਕਿਸੇ ਚੀਜ਼ ਦੀ ਥੁੜ੍ਹ ਨਹੀਂ ਹੈ। ਗੁਰੂ ਆਪਣੇ ਪ੍ਰੇਮ ਦੇ ਖ਼ਜ਼ਾਨੇ ਵਿਚੋਂ ਉਸ ਨੂੰ ਸਭੋ ਕੁਝ ਬਖ਼ਸ਼ ਦਿੰਦਾ ਹੈ। ਮੇਰੀ ਧਿਆਨੀ-ਦ੍ਰਿਸ਼ਟੀ ਵਿਚ ਤਾਂ ਸਭ ਵਿਚ ਮੈਨੂੰ ਇਕੋ ਪ੍ਰਮਾਤਮਾ ਹੀ ਵਿਆਪਕ ਦਿਖਾਈ ਦੇ ਰਿਹਾ ਹੈ ਤੇ ਮੈਂ ਦੂਜਿਆਂ ਦੀ ਸੇਵਾ ਕਰਕੇ ਆਪਣੇ ਆਪ ਦੀ ਹੀ ਟਹਿਲ ਕਮਾ ਰਿਹਾ ਹੁੰਦਾ ਹਾਂ।

## ਸੁਪਨੇ ਵਿਚ ਧਰੀਆਂ ਨੀਹਾਂ

ਜੀਵਨ ਦੀਆਂ ਬਾਹਰਮੁਖੀ ਪ੍ਰਸਥਿਤੀਆਂ ਕਦੀ ਵੀ ਇਕ ਸਮਾਨ ਨਹੀਂ ਹੁੰਦੀਆਂ, ਪਰ ਮਨੁੱਖ ਦਾ ਹਿਰਦਾ ਗੁਰੂ ਦੀ ਚੇਤਨਾ ਤੇ ਪ੍ਰੇਰਨਾ ਦੀ ਭਰਪੂਰਤਾ ਸਦਕਾ ਦਾਤਾਂ ਨੂੰ ਵੰਡਣ ਤੇ ਦੋਸ਼ਾਂ ਦੇ ਖਿਮਾਂ ਕਰਨ ਵਿਚ ਅਸੀਮ ਹੋ ਜਾਂਦਾ ਹੈ ਅਤੇ ਆਤਮਾ ਦੇ ਇਸ ਪ੍ਰਸਪਰ ਵਟਾਂਦਰੇ ਅਤੇ ਰੂਪਾਂਤਰਣ ਕਾਰਨ ਤੇ ਮਨੁੱਖੀ ਸੁਭਾ ਦੀ ਮਿੱਠਤ ਉਤੇ ਆਧਾਰਿਤ ਭਾਵਨਾਵਾਂ ਉਤੇ ਹੀ ਖ਼ਾਲਸਾ ਸਮਾਜ ਦੇ ਤਾਣੇ ਬਾਣੇ ਦੀ ਸਿਰਜਣਾ ਹੁੰਦੀ ਹੈ। ਹਰ ਘਰ ਵਿਚ ਇਕ ਦੂਜੇ ਦੀ ਟਹਿਲ ਸੇਵਾ ਕਰਨ ਦੀ ਪ੍ਰਵਿਰਤੀ ਇਕ ਫ਼ਰਜ਼ ਦੀ ਥਾਂ ਅਨੰਦ ਦੇਣ ਵਾਲਾ ਕਾਰਜ ਹੋ ਨਿਬੜਦੀ ਹੈ। ਉਸ ਦੀ ਸਰੀਰਕ ਹੋਂਦ ਤਾਂ ਪ੍ਰੇਮ ਵਿਚ ਸੇਵਾ ਕਰਨ ਲਈ ਹੀ ਬਣੀ ਹੈ ਜਿਸ ਨੂੰ ਇਸ ਸੇਵਾ ਬਦਲੇ ਧਰਤ ਤੇ ਆਕਾਸ਼ ਵਿਚ ਕਿਸੇ ਫਲ ਦੀ ਪ੍ਰਾਪਤੀ ਦੀ ਅਭਿਲਾਸ਼ਾ ਨਹੀਂ ਹੁੰਦੀ, ਸਗੋਂ ਉਹ ਤਾਂ ਇਹ ਜਾਣਦਾ ਹੈ ਕਿ ਸਾਧ ਸੰਗਤ ਵਿਚ ਜਾ ਕੇ ਸੇਵਾ ਕਰਨ ਨਾਲ ਉਸ ਦਾ ਜੀਵਨ ਸੰਪੂਰਨ ਹੁੰਦਾ ਹੈ। ਇਸ ਤਰ੍ਹਾਂ ਦਾ ਸਿੱਖੀ ਜੀਵਨ ਤਾਂ ਵਿਸ਼ਵ-ਵਿਆਪੀ ਸੁਭਾ ਵਾਲਾ ਹੀ ਹੁੰਦਾ ਹੈ ਕਿਉਂਜੋ ਇਸ ਵਿਚ ਤਾਂ ਉਹ ਦਿਲ ਧੜਕਦਾ ਹੈ ਜਿਸ ਵਿਚ ਸੱਚੇ ਪ੍ਰੇਮ ਤੇ ਪ੍ਰਭੂ ਦੀ ਆਤਮਾ ਦੀ ਧੜਕਣ ਵਿਦਮਾਨ ਹੁੰਦੀ ਹੈ, ਪਰ ਅਜਿਹਾ ਵਿਅਕਤੀ ਕੋਈ ਵਿਰਲਾ ਹੀ ਹੁੰਦਾ ਹੈ ਕਿਉਂਜੋ ਸਚਿਆਰਾ ਮਨੁੱਖ ਵੀ ਇਸ ਜਗਤ ਵਿਚ ਟਾਵਾਂ ਟਾਵਾਂ ਹੀ ਲਭਦਾ ਹੈ। ਇਕ ਦਰਸ਼ਨਵੇਤਾ ਨੇ ਸੱਚ ਹੀ ਆਖਿਆ ਹੈ, "ਮੈਂ ਰੱਬ ਨੂੰ ਤਾਂ ਹਰ ਥਾਂ ਵੇਖਦਾ ਹਾਂ, ਪਰ ਮੈਨੂੰ ਮਨੁੱਖ ਕਿਧਰੇ ਵਿਖਾਈ ਨਹੀਂ ਦਿੰਦਾ।"

ਭਾਈ ਤਾਰੂ ਸਿੰਘ ਦੀ ਸ਼ਹੀਦੀ ਦੇ ਸਾਕੇ ਨੂੰ ਸਾਡੇ ਸਾਹਮਣੇ ਖ਼ੂਨੀ ਅੱਖਰਾਂ ਵਿਚ ਪੇਸ਼ ਕੀਤਾ ਜਾਂਦਾ ਹੈ, ਪਰ ਹਾਲੀਂ ਉਸ ਦੇ ਅੰਤਰੀਵ ਜੀਵਨ ਬਾਰੇ ਵਰਤਮਾਨ ਕਾਲ ਦੇ ਸਿੱਖਾਂ ਨੂੰ ਦੱਸਣਾ ਬਾਕੀ ਹੈ। ਆਪ ਦਾ ਜੀਵਨ ਭਗਤੀ ਤੇ ਸ਼ਰਧਾ ਦੀ ਦੂਧੀਆ ਨਦੀ ਦਾ ਪ੍ਰਵਾਹ ਸੀ। ਆਪ ਦੀ ਸ਼ਹੀਦੀ ਨਾਲੋਂ ਵੀ

ਆਪ ਦਾ ਜੀਵਨ ਵਧੇਰੇ ਸਚਿਆਰਾ ਤੇ ਉਚਾ ਸੀ, ਆਪਣੇ ਪਿੰਡ ਦੇ ਕੋਠੇ ਵਿਚ ਰਹਿ ਕੇ ਆਪ ਨਾਮ ਦੀ ਗੰਗਾ ਵਿਚ ਸਦਾ ਇਸ਼ਨਾਨ ਕਰਦੇ ਸਨ, ਖੇਤੀਬਾੜੀ ਕਰਕੇ,ਹਲ ਵਾਹ ਕੇ ਅਨਾਜ ਪੈਦਾ ਕਰਨਾ ਉਹਨਾਂ ਦਾ ਕਿੱਤਾ ਸੀ, ਪਰ ਬਾਹਰਲਾ ਸੰਸਾਰ ਉਹਨਾਂ ਦੀ ਆਤਮਿਕ ਵਡਿਆਈ ਤੋਂ ਜਾਣੂੰ ਨਹੀਂ ਸੀ। ਸਾਧਾਰਨ ਹਲ-ਵਾਹਕ ਦੇ ਰੂਪ ਵਿਚ ਉਹਨਾਂ ਦਾ ਬਾਹਰੀ ਜੀਵਨ ਭਾਵੇਂ ਬੜਾ ਸਿੱਧਾ-ਸਾਦਾ ਸੀ, ਪਰ ਉਹਨਾਂ ਦੇ ਭਗਤੀ ਭਾਵ ਵਿਚ ਬਹੁਤ ਵੱਡਾ ਆਤਮਿਕ ਬਲ ਸੀ। ਭਾਈ ਤਾਰੂ ਸਿੰਘ ਆਦਰਸ਼ਕ ਖ਼ਾਲਸਾ ਦਾ ਸੱਚਾ ਸਰੂਪ ਸਨ ਜੋ ਸਦਾ ਨਾਮ ਪ੍ਰਤੀ ਸਮਰਪਤ ਸਨ ਅਤੇ ਜਿਸ ਦੀ ਆਤਮਾ ਵਿਚ 'ਏਕ ਤੋਂ ਅਨੇਕ' ਅਤੇ 'ਅਨੇਕ ਤੋਂ ਏਕ' ਹੋਣ ਦੀ ਪ੍ਰਕਿਰਿਆ ਜਾਰੀ ਰਹਿੰਦੀ ਸੀ। ਇਸ ਨਿਰਮਾਣ ਸਿੱਖ ਦੇ ਹਿਰਦੇ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਨਿਵਾਸ ਸੀ ਜੋ ਕਿ ਇਕ ਵੱਡੀ ਕਰਾਮਾਤ ਸੀ।

ਆਪ ਦੀ ਭੈਣ ਵੀ ਘੱਟ ਨਹੀਂ ਸੀ। ਉਹ ਇਕ ਭਰੋਸੇ ਵਾਲੀ ਇਸਤਰੀ ਸੀ। ਜੋ ਰੋਜ਼ ਗੁਰੂ ਜੀ ਦੇ ਆਕਾਸ਼ੀ ਸੱਚ-ਖੰਡ ਦੇ ਦਰਸ਼ਨ ਕਰਨ ਜਾਂਦੀ ਸੀ ਅਤੇ ਉਥੋਂ ਦੇ ਗੁਰੂ ਦੇ ਚਰਨਾਂ ਦੇ ਪ੍ਰਕਾਸ਼ ਵਿਚ ਸਦਾ ਇਸ਼ਨਾਨ ਕਰਦੀ ਸੀ। ਇਹਨਾਂ ਦੋਵਾਂ ਭੈਣ-ਭਰਾਵਾਂ ਨੂੰ ਸੇਵਾ ਕਰਕੇ ਨਿਰਵਾਣ ਵਰਗਾ ਅਨੰਦ ਪ੍ਰਾਪਤ ਹੁੰਦਾ ਸੀ। ਅਜਿਹੇ ਵਿਅਕਤੀਆਂ ਦਾ ਸੇਵਾ ਭਾਵ ਆਪ ਮੁਹਾਰੇ ਹੀ ਸਹਿਜ-ਸੁਭਾ ਪ੍ਰੇਮ ਵੰਡਦਾ ਰਹਿੰਦਾ ਹੈ। ਇਹ ਇਸੇ ਤਰ੍ਹਾਂ ਆਪ ਮੁਹਾਰਾ ਦਿੱਤਾ ਗਿਆ ਦਾਨ ਹੁੰਦਾ ਹੈ ਜਿਵੇਂ ਫੁੱਲ ਆਪਣੀ ਮਹਿਕ ਵੰਡਦੇ ਹਨ। ਇਹ ਤਾਂ ਪ੍ਰਭੂ ਦੇ ਪ੍ਰੇਮ ਵਿਚ ਰੰਗ-ਰੱਤੜੇ ਕੁਦਰਤੀ ਉਤਸ਼ਾਹ ਤੇ ਪ੍ਰੇਰਨਾ ਦਾ ਸਾਕਾਰ ਸਰੂਪ ਹੁੰਦਾ ਹੈ ਅਤੇ ਇਸ ਦੀ ਪ੍ਰਕ੍ਰਿਤੀ ਉਸੇ ਤਰ੍ਹਾਂ ਹੁੰਦੀ ਹੈ, ਜਿਵੇਂ ਜਲ ਠੰਡ ਪਾਉਂਦਾ ਹੈ ਅਤੇ ਤਾਜ਼ਗੀ ਬਖ਼ਸ਼ਦਾ ਹੈ, ਜਿਸ ਤਰ੍ਹਾਂ ਪਵਨ ਝੁਲਦੀ ਹੈ ਅਤੇ ਬੱਦਲ ਮੀਂਹ ਵਰਸਾਉਂਦੇ ਹਨ ਤਿਵੇਂ ਹੀ ਸਿੱਖ ਆਪਣੇ ਗੁਰੂ ਦੀ ਭਗਤੀ ਵਿਚ ਜੁੜ ਕੇ ਸਾਰੀ ਸ੍ਰਿਸ਼ਟੀ ਲਈ ਦਇਆ ਦੇ ਪੁੰਜ ਬਣ ਜਾਂਦੇ ਹਨ ਅਤੇ ਪ੍ਰਭੂ ਦੇ ਅੰਗੂਰੀ ਬਾਗ਼ ਲਈ ਸਦਾ ਸਮਰਪਤ ਰਹਿੰਦੇ ਹਨ। ਭਾਈ ਤਾਰੂ ਸਿੰਘ ਦੇ ਨਿੱਕੇ ਜਿਹੇ ਕੋਠੇ ਵਿਚ ਇਕ ਵਾਰੀ ਸੰਤ-ਜਨਾਂ ਦਾ ਸਮੂਹ ਜੁੜਿਆ ਜੋ ਉਥੇ ਦੇ ਦੈਵੀ ਵਾਯੂ-ਮੰਡਲ ਦੀ ਸੁਗੰਧੀ ਨੂੰ ਆਪਣੇ ਸਾਹਾਂ ਵਿਚ ਰਚਾਉਣ ਆਏ ਸਨ। ਉਹਨਾਂ ਨੇ ਭਾਈ ਤਾਰੂ ਸਿੰਘ ਦੇ ਭੇਟ ਕੀਤੇ ਗਏ ਸੁੱਕੇ ਪ੍ਰਸ਼ਾਦਿਆਂ ਦੀ ਹਰੇਕ ਗਰਾਹੀ ਵਿਚੋਂ ਨਾਮ-ਅੰਮ੍ਰਿਤ ਦੇ ਰਸ ਨੂੰ ਚੱਖਿਆ। ਜਦੋਂ ਕਿਸੇ ਸਿੱਖ ਦਾ ਹਿਰਦਾ ਦਰਿਆ ਦੇ ਰੂਪ ਵਿਚ ਠਾਠਾਂ ਮਾਰਦਾ ਹੋਇਆ ਵਹਿ ਤੁਰਦਾ ਹੈ ਤਾਂ ਉਹ ਕੰਢਿਆਂ ਤੋਂ ਉਛਲ ਕੇ ਆਲੇ ਦੁਆਲੇ ਹੀ ਰੱਕੜ ਤੇ ਸੜਦੀ ਹੋਈ ਧਰਤੀ ਨੂੰ ਸਿੰਜ ਕੇ ਉਪਜਾਊ ਬਣਾ ਦਿੰਦਾ ਹੈ।

## ਪ੍ਰੇਮ ਰੱਤੀ ਸੇਵਾ ਦਾ ਅਨੰਤ ਭੰਡਾਰ

ਪ੍ਰਭੂ-ਪ੍ਰੀਤਮ ਦੇ ਨਾਮ ਉਤੇ ਕੀਤੀ ਗਈ ਸੇਵਾ ਵਿਚ ਅਨੰਤ ਦੀ ਬਹੁਲਤਾ

ਦਾ ਭੰਡਾਰ ਹੁੰਦਾ ਹੈ। ਇਸ ਦੇ ਵਿਚ ਹੀ ਪ੍ਰਚੱਲਿਤ ਕੁੜਾਵੇ ਧਰਮਾਂ ਤੇ ਸਮਾਜਕ ਪੱਧਤੀਆਂ ਦੀ ਦਾਸਤਾ ਤੋਂ ਇਸਤਰੀ ਪੁਰਸ਼ਾਂ ਨੂੰ ਮੁਕਤੀ ਮਿਲ ਜਾਂਦੀ ਹੈ ਤੇ ਉਹਨਾਂ ਵਿਚ ਸਮਾਨਤਾ ਸਥਾਪਤ ਹੋ ਜਾਂਦੀਹੈ। ਜੇਤੂ ਤੇ ਹਾਰੇ ਹੋਏ ਆਪਣੀ ਦੁਸ਼ਮਣੀ ਨੂੰ ਭੁਲਾ ਦਿੰਦੇ ਹਨ ਅਤੇ ਸੁਤੰਤਰਤਾ ਪ੍ਰਾਪਤੀ ਦੇ ਉਦੇਸ਼ ਨੂੰ ਮੁੱਖ ਰੱਖ ਕੇ ਦੇਵ ਮੰਡਲ ਦੇ ਫ਼ਰਿਸ਼ਤਿਆਂ ਸਮਾਨ ਆਪ ਸੁਤੰਤਰ ਹੋ ਕੇ ਦੂਜਿਆਂ ਨੂੰ ਵੀ ਸੁਤੰਤਰ ਕਰਦੇ ਹਨ ਤੇ ਉਹ ਦੋਵੇਂ ਉਸ ਅਨੰਤ ਵਿਚ ਆਉਂਦੇ ਤੇ ਇਕ ਦੂਜੇ ਨੂੰ ਮਿਲਦੇ ਹਨ। ਇਹ ਸ਼ਾਂਤੀ ਸਾਰੀਆਂ ਸਰੀਰਕ ਤ੍ਰਿਸ਼ਨਾਵਾਂ ਨੂੰ ਮੇਟ ਦਿੰਦੀ ਹੈ ਤੇ ਦਵੈਖ-ਭਾਵ ਦੇ ਸਰੋਤਾਂ ਨੂੰ ਸਦਾ ਲਈ ਬੰਦ ਕਰ ਦਿੰਦੀ ਹੈ। ਇਹ ਉਸੇ ਤਰ੍ਹਾਂ ਦਾ ਇਕ ਉਚੇਰਾ ਵਰਤਾਰਾ ਹੁੰਦਾ ਹੈ, ਜਿਵੇਂ ਨਿੰਦਰਾ ਦੀ ਅਵਸਥਾ ਵਿਚ ਦਵੈਖ ਭਾਵਨਾ ਦਾ ਆਭਾਵ ਹੋ ਜਾਂਦਾ ਹੈ। ਗੁਰੂ ਦੀ ਸੰਗਤ ਵਿਚ ਆ ਕੇ ਰਾਜੇ ਮਹਾਰਾਜੇ ਜੂਠੇ ਭਾਂਡੇ ਮਾਂਜਦੇ ਹਨ ਅਤੇ ਉਹਨਾਂ ਸੰਤ-ਜਨਾਂ ਦੇ ਜੋੜੇ ਝਾੜਦੇ ਹਨ ਜੋ ਸਮਾਜ ਦੀਆਂ ਨਜ਼ਰਾਂ ਵਿਚ ਨੀਵੀਂ ਜਾਤੀ ਦੇ ਹੁੰਦੇ ਹਨ। ਗੁਰੂ ਦੀ ਕਿਰਪਾਨ ਦੀ ਤਿੱਖੀ ਨੋਕ ਜਦੋਂ ਸੀਨੇ ਵਿਚ ਵਜਦੀ ਹੈ ਤਾਂ ਉਸ ਦੇ ਅਕਹਿ ਅਨੰਦ ਵਿਚ ਜਾਤ ਪਾਤ, ਊਚ ਨੀਚ ਦੇ ਸਭ ਭੇਦ ਭਾਵਾਂ ਦਾ ਨਿਖੇਧ ਹੋ ਜਾਂਦਾ ਹੈ ਅਤੇ ਨਿੱਕੀ 'ਮੈਂ' ਦੇ ਹਉਮੈ ਦਾ ਪੂਰਨ ਤੌਰ 'ਤੇ ਨਿਵਾਰਨ ਹੋ ਜਾਂਦਾ ਹੈ। ਇਸ ਸੇਵਾਭਾਵ ਤੇ ਸਮਰਪਣ ਕਾਰਨ ਸਮਾਜ ਦੇ ਸਭ ਪੁਰਾਣੇ ਵਿਤਕਰੇ ਲੋਪ ਹੋ ਜਾਂਦੇ ਹਨ ਤੇ ਆਤਮ ਸਮਰਪਣ ਦੇ ਇਸ ਨਵੇਂ ਦ੍ਰਿਸ਼ਟੀਕੋਣ ਦੁਆਰਾ ਇਹ ਇਕ ਬਿਲਕੁਲ ਵੱਖਰਾ ਨਵਾਂ ਰੂਪ ਧਾਰਨ ਕਰ ਲੈਂਦੇ ਹਨ। ਗੁਰੂ ਜੀ ਦੀ ਇਸ ਨਵ-ਨਿਰਮਾਣ ਦੀ ਯੋਜਨਾ ਵਿਚ ਹਿਰਦੇ ਦਾ ਪਰਿਵਰਤਨ ਹੋ ਜਾਂਦਾ ਹੈ ਅਤੇ ਇਹ ਕੇਵਲ ਬਾਹਰੀ ਦ੍ਰਿਸ਼ਟਮਾਨ, ਤਬਦੀਲੀ ਹੀ ਨਹੀਂ ਹੁੰਦੀ ਕਿਉਂਜੋ ਜਿਥੇ ਵੀ ਕੋਈ ਵਿਅਕਤੀ ਜਾਂਦਾ ਹੈ, ਉਸ ਦੀ ਹਉਮੈ ਉਸ ਦੇ ਨਾਲ ਹੀ ਰਹਿੰਦੀ ਹੈ। ਇਸ ਹਉਮੈ ਨੂੰ ਅਨੰਤ ਵਿਚ ਡੁਬੋ ਦਿਉ ਅਤੇ ਇਸ ਨੂੰ ਅਨੰਤ ਦੀ ਆਤਮ ਅਨੁਭੂਤੀ ਵਿਚ ਧੋ ਮਾਂਜ ਕੇ ਸਾਫ਼ ਕਰ ਦਿਉ।

## ਅਨੇਕ ਵਿਚ ਏਕ

ਸਿੱਖ ਨੂੰ ਖ਼ਾਲਸਾ ਦੇ ਰੂਪ ਵਿਚ ਗੁਰੂ ਬਿਰਾਜਮਾਨ ਦਿਖਾਈ ਦਿੰਦਾ ਹੈ। ਇਕ ਵਾਰ ਇੰਜ ਹੋਇਆ ਕਿ ਮੈਂ ਨਾਮ ਸਿਮਰਨ ਵਿਚ ਰੱਤੇ ਸੰਤ-ਜਨਾਂ ਦੀ ਸੰਗਤ ਵਿਚ ਬੈਠਾ ਸਾਂ ਤੇ ਅਸੀਂ ਉਹ ਅਕਹਿ ਅਨੰਦ ਵਿਚ ਖੀਵੇ ਅਬੋਲ ਬੈਠੇ ਸਾਂ ਤੇ ਇਸ ਤਰ੍ਹਾਂ ਦੀ ਖ਼ੁਸ਼ੀ ਵਿਚ ਝੂਮ ਰਹੇ ਸਾਂ ਜਿਵੇਂ ਖ਼ੁਸ਼ਬੂਦਾਰ ਫੁੱਲ-ਬੂਟੇ ਸਵੇਰ ਵੇਲੇ ਹਵਾ ਵਿਚ ਹਿੱਲ ਰਹੇ ਹੋਣ। ਮੈਨੂੰ ਇਸ ਪਵਿੱਤਰ ਸੰਗਤ ਵਿਚ ਇਕ ਝਲਕਾਰਾ ਜਿਹਾ ਦਿਖਾਈ ਦਿੱਤਾ ਤੇ ਮੈਂ ਕੀ ਵੇਖਦਾ ਹਾਂ ਕਿ ਇਕ ਨਵੇਂ ਬਣੇ ਸਿੱਖ ਵਿਚ ਗੁਰੂ ਆਪ ਸੁਭਾਇਮਾਨ ਹੈ। ਹੁਣ ਮੈਨੂੰ ਇਸ ਗੱਲ ਦਾ ਸਪਸ਼ਟ ਬੋਧ ਹੋ ਗਿਆ ਹੈ ਕਿ ਅਨੇਕ ਵਿਚ ਏਕ ਕਿਵੇਂ ਵਿਆਪਕ ਹੁੰਦਾ ਹੈ।

ਖ਼ਾਲਸਾ ਰੂਪ ਵਿਚ ਸਾਰੇ ਭਾਈ ਸਾਹਿਬਾਨ ਆਪਣੇ ਆਪਣੇ ਸਰੀਰਕ ਚਿੰਨ੍ਹਾਂ ਕਰਕੇ ਪਿਆਰੇ ਨਹੀਂ ਹੁੰਦੇ, ਕਿਉਂਜੋ ਸਭ ਸਰੀਰ ਤਾਂ ਮਿੱਟੀ ਦੇ ਭਾਂਡੇ ਹਨ, ਸਗੋਂ ਇਸ ਕਰਕੇ ਪਿਆਰੇ ਹੁੰਦੇ ਹਨ ਕਿਉਂਜੋ ਉਹਨਾਂ ਦੀ ਹੋਂਦ ਵਿਚ ਗੁਰੂ ਦੀ ਆਤਮਾ ਵਿਆਪਕ ਹੁੰਦੀ ਹੈ। ਇਕ ਛਿਣ ਲਈ ਜਦੋਂ ਗੁਰੂ ਆਪਣੇ ਸਿੱਖ ਦੇ ਹਿਰਦੇ ਦੇ ਮਹਿਲ ਵਿਚ ਆ ਕੇ ਨਿਵਾਸ ਕਰਦਾ ਹੈ ਤਾਂ ਇਹਨਾਂ ਸਭ ਦੀ ਸ਼ਾਨਦਾਰ ਖ਼ਾਲਸਾ ਦੇ ਰੂਪ ਵਿਚ ਕਾਇਆ-ਕਲਪ ਹੋ ਜਾਂਦੀ ਹੈ।

## ਸਿੱਖ ਇਸਤਰੀਆਂ

ਪੂਰਬ ਅਤੇ ਪੱਛਮ ਦੀ ਇਸਤਰੀ ਜਾਤੀ ਕਦੀ ਵੀ ਇਸ ਤਰ੍ਹਾਂ ਦੀ ਸੁਤੰਤਰ ਨਹੀਂ ਸੀ ਹੋਈ ਜਿਸ ਤਰ੍ਹਾਂ ਦੀ ਉਹ 'ਸੁੰਦਰੀ' ਵਰਗੀ ਇਸਤਰੀ ਦੇ ਰੂਪ ਵਿਚ ਪ੍ਰਗਟ ਹੋਈ। ਉਹ ਖ਼ਾਲਸੇ ਦੀ ਨਰਸ-ਭੈਣ ਸੀ ਜਿਸ ਨੇ ਆਪਣੇ ਸਿੰਘ ਭਰਾਵਾਂ ਦੀ ਉਸ ਸਮੇਂ ਸੇਵਾ ਕੀਤੀ ਜਦੋਂ ਉਹ ਮੁਗ਼ਲ ਸਾਮਰਾਜ ਦੇ ਵਿਰੁੱਧ ਸੰਘਰਸ਼ ਕਰ ਰਹੇ ਸਨ। ਸੁੰਦਰੀ ਨੇ ਆਪ ਨਰਸ-ਭੈਣ ਦੇ ਇਸ ਕਿੱਤੇ ਨੂੰ ਚੁਣਿਆਂ ਅਤੇ ਆਪਣਾ ਸਾਰਾ ਸੁਤੰਤਰ ਜੀਵਨ ਇਸ ਸੇਵਾ ਵਿਚ ਅਰਪਣ ਕਰ ਦਿੱਤਾ। ਇਹ ਨਰਸ-ਭੈਣ ਖ਼ਾਲਸਾ ਤੇ ਉਸ ਦੇ ਸ਼ਤਰੂਆਂ ਦੀ ਇਕ ਸਮਾਨ ਸੇਵਾ ਕਰਦੀ ਰਹੀ।

ਸਿੱਖ ਇਸਤਰੀ ਖ਼ਾਲਸਾ ਰੂਪ ਵਿਚ ਆਪਣੇ ਭਰਾਵਾਂ ਵਾਂਗ ਹੀ ਬਹਾਦਰ ਹੈ। ਜਦੋਂ ਭਾਈ ਤਾਰੂ ਸਿੰਘ ਦੀ ਭੈਣ ਸਿਰ ਉਤੇ ਖ਼ਾਲਸੇ ਲਈ ਪ੍ਰਸ਼ਾਦਿਆਂ ਦਾ ਟੋਕਰਾ ਚੁੱਕ ਕੇ ਜੰਗਲ ਵਿਚੋਂ ਲੰਘ ਰਹੀ ਸੀ ਤਾਂ ਇਕ ਮੁਸਲਮਾਨ ਗੁੰਡਿਆਂ ਦੇ ਟੋਲੇ ਨੇ ਉਸ 'ਤੇ ਹੱਲਾ ਬੋਲ ਦਿੱਤਾ। ਉਸ ਨੇ ਉਹਨਾਂ ਨੂੰ ਤਾੜਿਆ, ਪਰ ਉਹਨਾਂ ਦੇ ਕੰਨ ਉਤੇ ਜੂੰ ਨਾ ਸਰਕੀ। ਜਦੋਂ ਉਹਨਾਂ ਨੇ ਉਸ ਉਤੇ ਹੱਲਾ ਬੋਲਿਆ ਤਾਂ ਉਸ ਨੇ ਬਿਜਲੀ ਦੀ ਫੁਰਤੀ ਨਾਲ ਆਪਣੇ ਗਾਤਰੇ ਵਿਚੋਂ ਕਿਰਪਾਨ ਸੂਤ ਲਈ ਅਤੇ ਇਹ ਭੈਣ ਖ਼ਾਲਸਾ ਦੀ ਇੱਜ਼ਤ ਤੇ ਪੱਤ ਦੀ ਰਾਖੀ ਕਰਦੀ ਰਹੀ। ਜਦੋਂ ਉਹ ਆਪ ਜ਼ਖ਼ਮੀ ਹੋ ਕੇ ਆਪਣੇ ਹੀ ਖ਼ੂਨ ਵਿਚ ਲਥ-ਪੱਥ ਹੋ ਕੇ ਡਿਗ ਗਈ ਤਾਂ ਉਸ ਦਾ ਇਕ ਸ਼ਤਰੂ ਵੀ ਜ਼ਖ਼ਮੀ ਹੋ ਕੇ ਡਿੱਗ ਪਿਆ ਸੀ। ਅਚਾਨਕ ਉਥੇ ਖ਼ਾਲਸਾ ਵੀ ਆ ਪਹੁੰਚਿਆ ਤੇ ਸਿੰਘਾਂ ਨੇ ਦੇਖਿਆ ਕਿ ਇਥੇ ਕੀ ਭਾਣਾ ਵਰਤਿਆ ਹੈ, ਜਦੋਂ ਜਲ ਦਾ ਕਟੋਰਾ ਲਿਆਂ ਕੇ ਆਪਣੀ ਆਖ਼ਰੀ ਸੁਆਸਾਂ 'ਤੇ ਪੁੱਜੀ ਉਸ ਬੀਬੀ ਨੂੰ ਪੀਣ ਵਾਸਤੇ ਦਿੱਤਾ ਗਿਆ ਤਾਂ ਉਸ ਨੇ ਆਪ ਉਸ ਜਲ ਨੂੰ ਛਕਣ ਦੀ ਥਾਂ ਇਹ ਕਿਹਾ ਕਿ ਇਸ ਜ਼ਖ਼ਮੀ ਹੋਏ ਮੁਸਲਮ ਵੈਰੀ ਨੂੰ ਪਿਲਾ ਦਿਉ ਜਿਸ ਨੇ ਕੁਝ ਪਲ ਹੀ ਪਹਿਲਾਂ ਉਸ 'ਤੇ ਹੱਲਾ ਬੋਲਿਆ ਸੀ।

## ਲੋਕਤੰਤਰ ਦੀ ਭਾਵਨਾ

ਲੋਕਤੰਤਰ ਜੋ ਕਿ ਆਧੁਨਿਕ ਸਭਿਅਤਾ ਦਾ ਸੁਪਨਾ ਹੈ, ਏਸ਼ੀਆ ਦੇ ਇਸ

ਭਾਗ ਵਿਚ ਆਪਣੇ ਆਧੁਨਿਕ ਸਰੂਪ ਵਿਚ ਹੀ ਸਥਾਪਤ ਹੋ ਗਿਆ ਸੀ। ਇਸ ਦਾ ਆਧਾਰ ਗੁਰੂ ਸਾਹਿਬ ਜੀ ਜਗਾਈ ਹੋਈ ਆਤਮਿਕ ਬਰਾਬਰੀ ਦੀ ਭਾਵਨਾ ਸੀ, ਪਰ ਖ਼ਾਲਸਾ ਨੇ ਆਧੁਨਿਕ ਕਾਲ ਦੀਆਂ ਸੋਵੀਅਤਾਂ ਵਾਲੇ ਲੋਕਤੰਤਰ ਦੇ ਉਹਨਾਂ ਦੋਸ਼ਾਂ ਨੂੰ ਨਹੀਂ ਅਪਣਾਇਆ ਜਿਸ ਵਿਚ ਜੋਰਾ-ਜਬਰੀ ਬਰਾਬਰੀ ਲਿਆਈ ਜਾਂਦੀ ਹੈ। ਖ਼ਾਲਸਾ ਨੇ ਤਾਂ ਲੋਕਤੰਤਰ ਨੂੰ ਆਪਣਾ ਨਿੱਤ ਦਾ ਵਿਵਹਾਰ ਬਣਾ ਲਿਆ ਸੀ, ਜਿਸ ਦਾ ਆਧਾਰ ਗੁਰੂ ਜੀ ਦਾ ਇਹ ਆਤਮਿਕ ਗਿਆਨ ਸੀ ਕਿ ਸਭ ਮਨੁੱਖ ਬਰਾਬਰ ਹਨ। ਇਥੇ ਲੋਕਤੰਤਰ ਨੂੰ ਇਕ ਸਮਾਜਕ ਪ੍ਰਬੰਧ ਦੇ ਰੂਪ ਵਿਚ ਨਹੀਂ ਕਲਪਿਤ ਕੀਤਾ ਗਿਆ, ਸਗੋਂ ਇਸ ਦਾ ਆਧਾਰ ਇਕ ਸੱਚੀ ਅੰਤਰੀਵ ਭਾਵਨਾ ਸੀ। ਲੋਕਤੰਤਰ ਤਾਂ ਉਹ ਨੈਤਿਕ ਭਾਵਨਾ ਹੈ ਜੋ ਆਤਮਿਕ ਤੌਰ 'ਤੇ ਜਾਗੇ ਵਿਅਕਤੀਆਂ ਵਿਚ ਸੁਤੇਸਿਧ ਹੀ ਇਕ ਅੰਤਰੀਵ ਮਾਨਵੀ ਗੁਣ ਦੀ ਨਿਆਈਂ ਪ੍ਰਗਟ ਹੋ ਜਾਂਦੀ ਹੈ।

ਇਕ ਨਿਮਾਣਾ ਰੋੜੀ ਕੁੱਟਣ ਵਾਲਾ ਮਜ਼ਦੂਰ ਵੀ ਇਸ ਆਤਮਿਕ ਭਾਈਚਾਰੇ ਦੇ ਅਨੰਦ ਨੂੰ ਸਮਾਨ ਰੂਪ ਵਿਚ ਮਾਣਨ ਦਾ ਸਾਂਝੀਵਾਲ ਹੁੰਦਾ ਹੈ। ਇਕ ਸਾਧਾਰਨ ਮਜ਼ਦੂਰ ਬਾਦਸ਼ਾਹ ਨਾਲੋਂ ਵੀ ਵਧੇਰੇ ਆਪਣੇ ਆਪ ਨੂੰ ਅਮੀਰ ਸਮਝਦਾ ਹੈ ਤੇ ਰਾਜੇ ਮਹਾਰਾਜੇ ਆਪਣੇ ਆਪ ਨੂੰ ਇਹਨਾਂ ਕਿਰਤੀਆਂ ਤੋਂ ਨੀਵੇਂ ਸਮਝਦੇ ਹਨ—ਇਹੋ ਹੀ ਹੈ ਲੋਕਤੰਤਰ ਦੀ ਆਤਮਾ। ਉਹਨਾਂ ਦਾ ਆਪਣਾ ਨਿੱਜੀ ਆਪਾ ਇੰਜ ਅਨੁਭਵ ਕਰਦਾ ਹੈ ਜਿਵੇਂ ਉਹ ਗੁਰੂ ਦਾ ਆਪਾ ਹੋਵੇ ਤੇ ਇਸ ਤਰ੍ਹਾਂ ਉਹ ਸਾਰਿਆਂ ਵਿਚ ਹੀ ਗੁਰੂ ਦੇ ਆਪੇ ਨੂੰ ਵਿਆਪਕ ਪ੍ਰਤੀਤ ਕਰਦਾ ਹੈ। ਮਹਾਨ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸਾਂਝੀਵਾਲਤਾ ਵਾਲੇ ਭਾਈਚਾਰੇ ਨੂੰ 'ਖ਼ਾਲਸਾ' ਦੀ ਸੰਗਿਆ ਦਿੱਤੀ ਹੈ। ਇਸ ਨੂੰ ਆਪਣਾ ਪੁੱਤਰ ਕਹਿ ਕੇ ਨਿਵਾਜਿਆ ਤੇ ਇਸ ਬਾਲ ਨੂੰ ਮਾਤਾ ਸਾਹਿਬ ਦੇਵਾਂ ਦੀ ਝੋਲੀ ਪਾ ਦਿੱਤਾ। ਇਸ ਪ੍ਰੇਮ ਦੀ ਕ੍ਰਿਆ ਦੁਆਰਾ ਖ਼ਾਲਸਾ ਦਾ ਸਰੀਰਕ ਰੂਪ ਵਿਚ ਜਨਮ ਤਾਂ ਇਕ ਬਾਹਰਮੁਖੀ ਸੰਜੋਗੀ ਘਟਨਾ ਹੀ ਸੀ, ਇਸ ਦਾ ਬਹੁਤਾ ਮਹੱਤਵ ਨਹੀਂ ਸੀ। ਪਰ ਵਾਸਤਵ ਵਿਚ ਖ਼ਾਲਸੇ ਦੇ ਨਵ-ਜਨਮ ਵਿਚ ਉਹ ਨੈਤਿਕ ਭਾਵਨਾ ਪ੍ਰਮੁੱਖ ਸੀ, ਜਿਸ ਵਿਚ ਖ਼ਾਲਸਾ ਨੂੰ ਇਕ ਵਿਅਕਤੀ ਦੇ ਰੂਪ ਵਿਚ ਗੁਰੂ ਗੋਬਿੰਦ ਸਿੰਘ ਦੀ ਸੰਤਾਨ ਮੰਨਿਆ ਜਾਂਦਾ ਹੈ।

ਜੀਵਨ ਦੀਆਂ ਬਾਹਰਮੁਖੀ ਪ੍ਰਸਿਥਤੀਆਂ ਦਾ ਪਰਿਵਰਤਨ ਭਾਵੇਂ ਕਿਸੇ ਰਾਜਨੀਤਕ ਇਨਕਲਾਬ ਦੇ ਰੂਪ ਵਿਚ ਹੋਂਦ ਵਿਚ ਆ ਕੇ ਭੂਮੀ, ਸੰਪਤੀ ਤੇ ਕਿਰਤ ਦੀ ਸਾਵੀਂ ਵੰਡ ਕਿਉਂ ਨਾ ਕਰ ਦੇਵੇ, ਉਹ ਮਨੁੱਖ ਦੇ ਕੁਦਰਤੀ ਸੁਭਾ ਨੂੰ ਤਾਂ ਨਹੀਂ ਬਦਲ ਸਕਦਾ। ਜਿੰਨਾਂ ਚਿਰ ਤੱਕ ਇਹ ਪਰਿਵਰਤਨ ਅੰਤਰੀਵ ਰੂਪ ਵਿਚ ਦਿਲਾਂ ਵਿਚ ਨਹੀਂ ਆਉਂਦਾ, ਇਹ ਜਵਾਲਾਮੁਖੀ ਸਦਾ ਫਟਦੇ ਰਹਿਣਗੇ ਤੇ ਆਪਣੇ ਅੰਦਰੋਂ ਮੁੜ ਮੁੜ ਲਾਵਾ ਉਗਲਦੇ ਰਹਿਣਗੇ। ਬਾਹਰੀ ਪ੍ਰਸਥਿਤੀਆਂ ਨੂੰ ਸਾਵਾਂ ਪੱਧਰਾ ਤੇ ਬਰਾਬਰ ਬਰਾਬਰ ਕਰਨ ਦੇ ਸਾਡੇ ਸਭ ਯਤਨ ਵਿਅਰਥ ਸਿੱਧ ਹੋਣਗੇ। ਗੁਰੂ ਜੀ ਨੇ ਇਸ ਪਰਿਵਰਤਨ ਦੀ ਪ੍ਰਕ੍ਰਿਤੀ ਨੂੰ ਵੇਖ ਲਿਆ ਸੀ

ਅਤੇ ਇਸੇ ਲਈ ਬਾਹਰਲੀ ਦਿਸਦੀ ਸੱਤਾ ਦੀਆਂ ਪ੍ਰਸਥਿਤੀਆਂ ਨੂੰ ਅਛੂਹ ਛੱਡ ਕੇ ਮਨੁੱਖੀ ਅਮਲਾਂ ਦੇ ਅੰਤਰੀਵ ਸੋਮਿਆਂ ਦੀ ਕਾਇਆ-ਕਲਪ ਕਰ ਦਿੱਤੀ ਸੀ। ਇਹਨਾਂ ਦੀ ਧਾਰਾ ਨੂੰ ਬਦਲ ਦਿੱਤਾ ਸੀ, ਨਵਾਂ ਰੁਖ ਦੇ ਦਿੱਤਾ ਸੀ।

## ਸਹੰਸਰ ਨਦੀਆਂ ਦਾ ਸੰਗਮ

ਖ਼ਾਲਸਾ ਤਾਂ ਉਹਨਾਂ ਸਹੰਸਰ ਨਦੀਆਂ ਦਾ ਸੰਗਮ ਹੈ, ਜਿਸ ਵਿਚ ਨਾਮ ਰੂਪੀ ਅੰਮ੍ਰਿਤ ਜਲ ਦੀਆਂ ਅਨੇਕ ਜਲ-ਧਾਰਾਵਾਂ ਆ ਕੇ ਮਿਲਦੀਆਂ ਹਨ। ਇਥੇ ਤਾਂ ਪਾਪ-ਰਹਿਤ ਨਿਰਮਲ ਜਲਧਾਰਾ ਵਿਚ ਇਸ਼ਨਾਨ ਕਰਨ ਲਈ ਪ੍ਰਯਾਗ ਰਾਜ ਦਾ ਤੀਰਥ ਰਚ ਦਿੱਤਾ ਗਿਆ ਹੈ। ਖ਼ਾਲਸਾ ਰੂਪ ਵਿਚ ਖੰਡੇ ਦਾ ਅੰਮ੍ਰਿਤ ਜਾਂ ਪਾਹੁਲ ਦਾ ਅੰਮ੍ਰਿਤ ਸੰਸਕਾਰ ਗੁਰੂ ਜੀ ਦੇ ਆਪਣੇ ਚੋਣਵੇਂ ਪੰਜਾਂ ਪਿਆਰਿਆਂ ਨੂੰ ਬਖ਼ਸ਼ੀ ਗਈ ਉਹ ਆਤਮਿਕ ਸੱਤਾ ਹੈ ਜੋ ਉਹ ਸਿੱਖ ਦੇ ਮਾਰਗ ਉਤੇ ਬੀਰਤਾ ਤੇ ਬਲ ਸਹਿਤ ਚੱਲਣ ਲਈ ਨਵੇਂ ਸਿੱਖਾਂ ਵਿਚ ਸੰਚਾਰ ਕਰਦੇ ਹਨ।

ਪਰ ਜਦੋਂ ਇਹ ਆਤਮਿਕ ਜੀਵਨ ਤੋਂ ਵਿਹੂਣੇ ਮਨੁੱਖਾਂ ਦੁਆਰਾ ਕੀਤੀ ਜਾਣ ਵਾਲੀ ਬਾਹਰੀ ਰਸਮ ਜਿਹੀ ਬਣ ਜਾਂਦੀ ਹੈ ਤਾਂ ਬੜੀ ਸ਼ੋਕਮਈ ਸਥਿਤੀ ਹੋ ਨਿਬੜਦੀ ਹੈ।

## ਅਕਾਲੀ ਸਿੰਘ ਦਾ ਗੀਤ
(ਸੂਰਜ ਅੱਗੇ ਤੁਰ ਰਹੇ ਕਿਰਪਾਨ-ਧਾਰੀ ਦੀ ਯਾਦ ਵਿਚ)

ਮੈਂ ਹਰਿਮੰਦਰ ਦਾ ਵਾਸੀ,
ਗੁਰੂ ਪੰਥ ਦੇ ਰਾਹੀਆ—ਮੇਰੇ ਵੀਰਾ ! ਮੇਰੇ ਭਰਾਵਾ !!
ਮੈਨੂੰ ਆਪਣਾ ਮਸਤਕ ਚਰਨਾਂ ਉਤੇ ਧਰਨ ਦਿਓ
ਤਾਂ ਜੋ ਇਹਨਾਂ ਨੂੰ ਛੂਹ ਕੇ
ਮੈਂ ਤੁਹਾਡੇ ਰਾਹਾਂ ਦੀ ਚਰਨ-ਧੂੜ ਨੂੰ ਪਰਸਾਂ !
ਮੇਰੇ ਵੀਰਾ ! ਮੇਰੇ ਭਰਾਵਾ !!
ਸਾਡੇ ਸਭ ਦੇ ਸਿਰ 'ਤੇ ਹੈ
ਰੱਬ ਸੱਚੇ ਦਾ ਛਤਰ
ਉਹ ਹੈ ਸਾਡਾ ਸਭ ਦਾ ਸਾਈਂ
ਮੇਰੇ ਵੀਰਾ ! ਮੇਰੇ ਭਰਾਵਾ !!
ਜੇ ਤੈਨੂੰ ਹੈ ਤ੍ਰੇਹ ਸਤਾਇਆ,
ਮੈਂ ਹੁਣੇ ਜਾਂਦਾ ਹਾਂ ਖੂਹ ਦੇ ਉਤੇ
ਸੁੱਟ ਕੇ ਵਿਚ ਡੋਲ,
ਲੰਮੀ ਲੱਜ ਦੇ ਨਾਲ
ਹੁਣੇ ਲਿਆਉਂਦਾ ਹਾਂ
ਤੁਹਾਡੇ ਛਕਣ ਲਈ ਸੀਤਲ ਜਲ,
ਆਪਣੇ ਤਨੋ ਮਨੋ ਸੱਚੇ ਦਿਲ ਨਾਲ
ਤੁਹਾਡੀ ਟਹਿਲ ਕਮਾ ਕੇ
ਭਰ ਦੇਵਾਂਗਾ ਤੁਹਾਡਾ ਸਾਰਾ ਆਪਾ,
ਆਪਣੇ ਦਿਲ ਦੇ ਨਿੱਘੇ ਪ੍ਰੇਮ ਦੀ
ਮਿੱਠਤ ਨਾਲ।
ਇਹ ਠੰਡਾ ਮਿੱਠਾ ਜਲ ਛਕ ਕੇ
ਤੁਸੀਂ ਇਸ ਰਾਹ ਦੇ
ਬ੍ਰਿਛ ਦੀ ਠੰਡੀ ਛਾਵੇਂ
ਕਰ ਲਉ ਆਰਾਮ,
ਮੈਂ ਤੁਹਾਡੀਆਂ ਥੱਕੀਆਂ ਜੰਘਾਂ ਦੀ
ਮੁੱਠੀ ਚਾਪੀ ਕਰਕੇ
ਤੁਹਾਡੀ ਸੁਖਾਵੀਂ ਨੀਂਦ ਦੀ ਖ਼ਾਤਰ
ਆਪਣੇ ਦਿਲ ਦਾ ਪ੍ਰੇਮ

ਤੁਹਾਡੀ ਭੇਟਾ ਕਰ ਦਿਆਂਗਾ।
ਮੇਰੇ ਵੀਰਾ ! ਮੇਰੇ ਭਰਾਵਾ !!
ਸਾਡੇ ਸਭ ਦੇ ਸਿਰ 'ਤੇ ਹੈ
ਰੱਬ ਸੱਚੇ ਦਾ ਛਤਰ,
ਉਹੀ ਹੀ ਹੈ ਸਾਡਾ ਸਭ ਦਾ ਸਾਈਂ।

ਮੇਰੇ ਵੀਰਾ ! ਮੇਰੇ ਭਰਾਵਾ !!
ਜੇ ਤੁਹਾਨੂੰ ਭੁੱਖ ਨੇ ਹੈ ਬਹੁਤ ਸਤਾਇਆ
ਤਾਂ ਮੈਂ ਹੁਣੇ ਜਾ ਕੇ ਚੱਕੀ ਉਤੇ
ਆਟਾ ਪੀਹ ਕੇ, ਗੁੰਨ ਪਕਾ ਕੇ
ਤੁਹਾਡੇ ਲਈ ਪ੍ਰਸ਼ਾਦੇ ਹਾਂ ਲੈ ਕੇ ਆਉਂਦਾ।
ਮੇਰੇ ਵੀਰਾ ! ਮੇਰੇ ਭਰਾਵਾ !!
ਗੁਰੂ ਨੇ ਸਾਨੂੰ ਬਹੁਤ ਬਖ਼ਸ਼ਿਆ
ਭਰ ਦਿੱਤੇ ਭੰਡਾਰ,
ਸਾਡੇ ਸਭ ਦੇ ਸਿਰ 'ਤੇ ਹੈ
ਰੱਬ ਸੱਚੇ ਦਾ ਛਤਰ,
ਉਹੋ ਹੀ ਹੈ ਸਾਡੇ ਸਭ ਦਾ ਸਾਈਂ।
ਮੇਰੇ ਵੀਰਾ ! ਮੇਰੇ ਭਰਾਵਾ !!
ਜੇ ਤੇਰੇ ਤਨ ਤੇ ਨਹੀਂ ਕੱਪੜਾ,
ਮੇਰੀ ਮਾਤਾ, ਮੇਰੀਆਂ ਭੈਣਾਂ
ਤੇ ਮੇਰੇ ਘਰ ਦੀ ਸੁਆਣੀ ਨੇ
ਘਰ ਦੀ ਕੱਤੀ ਤੁੰਬੀ ਕਪਾਹ ਦਾ
ਬਹੁਤ ਮਹੀਨ ਸੂਤ ਸੀ ਕੱਤਿਆ,
ਦਿਲ ਦੇ ਪ੍ਰੇਮ ਨਾਲ ਉਹਨਾਂ ਨੇ
ਬਹੁਤ ਬਰੀਕ ਖੱਦਰ ਸੀ ਬੁਣਿਆ,
ਜਿਸ ਦੇ ਸੀਤੇ ਕੱਪੜੇ
ਪਹਿਣ ਕੇ ਤੁਹਾਨੂੰ ਹੋਵੇਗੀ
ਖ਼ੁਸ਼ੀ ਅਪਾਰ।
ਵੀਰ ਜੀ !
ਇਹ ਤੁਹਾਡੇ ਪਹਿਨਣ ਲਈ ਹੀ ਹਨ
ਗਏ ਬਣਾਏ।
ਮੇਰੇ ਵੀਰਾ ! ਮੇਰੇ ਭਰਾਵਾ !!
ਗੁਰੂ ਦਾ ਦਿੱਤਾ ਬਹੁਤ ਕੁਝ ਹੈ,
ਭਰ ਦਿੱਤੇ ਭੰਡਾਰ,

ਸਾਡੇ ਸਭ ਦੇ ਸਿਰ 'ਤੇ ਹੈ
ਰੱਬ ਸੱਚੇ ਦਾ ਛਤਰ,
ਉਹੋ ਹੀ ਹੈ ਸਾਡੇ ਸਭ ਦਾ ਸਾਈਂ।

ਮੇਰੇ ਵੀਰਾ ! ਮੇਰੇ ਭਰਾਵਾ !!
ਗੁਰੂ ਦੇ ਸਿੱਖਾਂ ਇਸਤਰੀ-ਪੁਰਸ਼ਾਂ
ਦੇ ਹੱਥ ਤੇ ਉਂਗਲਾਂ
ਕਿਰਤ ਕਰਨ ਲਈ ਹਨ ਬਣੀਆਂ
ਦਿਨ ਰਾਤ ਰਹੀਏ ਅਸੀਂ ਕਰਦੇ
ਗੁਰੂ ਨਮਿਤ ਸੱਚੀ ਘਾਲ,
ਕਿਰਤ ਕਰਨਾ ਸਾਡਾ ਵਿਵਹਾਰ,
ਨਿਰੰਤਰ ਅਸੀਂ ਕਰਦੇ ਰਹੀਏ,
ਸੱਚੀ ਸੁੱਚੀ ਕਾਰ,
ਇੰਜ ਅਸੀਂ ਦੌਲਤ ਕਰੀਏ ਪੈਦਾ
ਇਹ ਸਾਡੀ ਕਿਰਤ ਦੀ
ਹੈ ਘਾਲ ਕਮਾਈ
ਅਸੀਂ ਗੁਰੂ ਪ੍ਰੇਮ ਦੇ ਵਿਚ
ਰੰਗ ਕੇ ਗੁਰੂ ਖ਼ਾਲਸੇ ਲਈ ਹੈ ਕੀਤੀ,
ਇਹ ਦੌਲਤ ਸਾਨੂੰ ਗਈ ਬਖ਼ਸ਼ੀ।
ਮੇਰੇ ਵੀਰਾ ! ਮੇਰੇ ਭਰਾਵਾ !!
ਗੁਰੂ ਦਾ ਦਿੱਤਾ ਬਹੁਤ ਕੁਝ ਹੈ
ਭਰ ਦਿੱਤੇ ਭੰਡਾਰ,
ਸਾਡੇ ਸਭ ਦੇ ਸਿਰ 'ਤੇ ਹੈ,
ਰੱਬ ਸੱਚੇ ਦਾ ਛਤਰ,
ਉਹੋ ਹੀ ਹੈ ਸਾਡੇ ਸਭ ਦਾ ਸਾਈਂ।
ਮੇਰੇ ਵੀਰਾ ! ਮੇਰੇ ਭਰਾਵਾ !!
ਮੈਂ ਤੇ ਮਾਨਵ ਦੇਸ਼ ਦਾ ਬੰਦਾ,
ਜੋ ਮਾਨਵ ਦੇ ਹਿਰਦੇ ਤੋਂ ਜਨਮਿਆਂ,
ਇਹੋ ਹੀ ਹੈ ਮੇਰਾ ਵਤਨ,
ਮੇਰੇ ਵੀਰਾ ! ਮੇਰੇ ਭਰਾਵਾ !!
ਗੁਰੂ ਪੰਥ ਦੇ ਰਾਹੀਆ,
ਆ ਮੈਂ ਵੀ ਹਾਂ
ਹਰਿਮੰਦਰ ਦੇ ਮਾਰਗ ਦਾ ਰਾਹੀ,
ਮੈਨੂੰ ਤਾਂ ਤੂੰ ਇੱਦਾਂ ਜਾਪੇਂ

ਜਿਵੇਂ ਤੂੰ ਹੋਵੇਂ ਹਰਿਮੰਦਰ
ਗੁਰੂ ਦੇ ਸੱਚੇ ਸਿੱਖ ਸਰੂਪ ਵਿਚ,
ਤੇਰੇ ਅੰਦਰ ਹਰਿਮੰਦਰ ਦੇ
ਸੋਨ-ਸੁਨਹਿਰੀ ਗੁੰਬਦ
ਦੇਣ ਦਿਖਾਈ !
ਜਿਨ੍ਹਾਂ ਅੰਦਰ ਗੁਰੂ ਸ਼ਬਦ ਦੀ
ਧੁਨੀ ਦੇਵੇ ਸੁਣਾਈ !
ਮੇਰੇ ਵੀਰਾ ! ਮੇਰੇ ਭਰਾਵਾ !!
ਤੂੰ ਕੌਣ ਹੈਂ ?
ਮੈਨੂੰ ਤਾਂ ਤੂੰ ਜਾਪੇਂ ਆਪਣਾ
ਇਕੋ ਅੰਮੜੀ ਜਾਇਆ,
ਜੁਗਾਂ ਜੁਗਾਂ ਦਾ ਵਿਛੜਿਆ ਹੋਇਆ,
ਅੱਜ ਗੁਰੂ ਸੱਚੇ ਨੇ ਮੈਨੂੰ ਆਪ ਮਿਲਾਇਆ,
ਮੇਰੇ ਵੀਰਾ ! ਮੇਰੇ ਭਰਾਵਾ !!
ਆ ਜਾ ਮੇਰੇ ਕੋਲ।

ਇਸ ਸੰਸਾਰ ਦੇ ਸੁਪਨਿਆਂ ਅੰਦਰ
ਨਾ ਤੂੰ ਜਾਵੀਂ ਬੱਝਾ
ਵਿਚ ਜ਼ੰਜੀਰਾਂ ਦੇ ਬੰਧਨਾਂ ਵਿਚ
ਦੂਰ ਪਰੇ ਹਰਿਮੰਦਰ ਦਿਸਦਾ
ਜਿਸ ਦੇ ਗਿਰਦੇ ਨੀਲੇ ਨਿਰਮਲ ਜਲ ਦਾ
ਹੈ ਸਰੋਵਰ ਭਰਿਆ
ਜਿਸ ਦੀਆਂ ਲਹਿਰਾਂ ਅੰਮ੍ਰਿਤ ਵੇਲੇ ਦੇ
ਚਾਨਣ ਵਿਚ ਝਿਲਮਿਲ ਝਿਲਮਿਲ ਕਰਦੀਆਂ
ਦੇਣ ਦਿਖਾਈ।
ਗੁਰੂ ਦੇ ਸ਼ਬਦ-ਸੰਗੀਤ ਦੀਆਂ ਧੁਨਾਂ
ਇਸ ਅੰਮ੍ਰਿਤ ਜਲ 'ਤੇ
ਲਹਿਰ ਰਹੀਆਂ ਨੇ,
ਗੂੰਜ ਜਿਨ੍ਹਾਂ ਦੀ ਮੇਰੇ ਅੰਦਰ ਦੇਵੇ ਸੁਣਾਈ,
ਮੇਰੇ ਵੀਰਾ ! ਮੇਰੇ ਭਰਾਵਾ !!
ਆ ਮੇਰੇ ਸੰਗ ਰਲ ਜਾ,
ਮੈਂ ਵੀ ਹਾਂ ਉਸ ਹਰਿਮੰਦਰ ਦੇ
ਮਾਰਗ ਦਾ ਰਾਹੀ।

ਮੇਰੇ ਵੀਰਾ ! ਮੇਰੇ ਭਰਾਵਾ !!
ਤੇਰੇ ਨੈਣਾਂ ਵਿਚ ਅੰਮ੍ਰਿਤ ਸਰੋਵਰ ਦਾ
ਝਲਕਾਰਾ ਲਿਸ਼ਕੇ,
ਤੂੰ ਤਾਂ ਸਤਿਸੰਗ ਦਾ ਮਧੁਰ ਸੰਗੀਤ,
ਗੁਰੂ ਸ਼ਬਦ ਦੀ ਅਨਹਦ-ਧੁਨੀ
ਤੇਰੇ ਮੁਖੜੇ 'ਤੇ ਪਈ ਦਮਕੇ।
ਮੇਰੇ ਵੀਰਾ ! ਮੇਰੇ ਭਰਾਵਾ !!
ਆਪਣੇ ਕਦਮਾਂ ਨੂੰ ਕਰ ਦੇਵੀਂ ਥੋੜ੍ਹਾ ਧੀਮਾ
ਤਾਂ ਜੋ ਪਕੜ ਲਵਾਂ
ਮੈਂ ਬਾਂਹ ਤੁਹਾਡੀ,
ਕੁਝ ਸਮੇਂ ਲਈ ਬਣ ਜਾਵਾਂ
ਮੈਂ ਵੀ ਤੁਹਾਡਾ ਸਤਿਸੰਗੀ ਤੇ ਹਮਰਾਹੀ,
ਗੁਰੂ ਮਾਰਗ ਦੇ ਅਨੋਖੇ ਰਾਹੀਆ,
ਵਚਿੱਤਰ ਮੇਰੇ ਵੀਰ ਭਰਾਵਾ,
ਅੱਛਾ ! ਹੁਣ ਅਲਵਿਦਾ !
ਸਤਿ ਸ੍ਰੀ ਅਕਾਲ !
ਪਰ ਜਦ ਤੂੰ ਰੰਗ-ਚਲੂਲੇ
ਦੇ ਵਿਚ ਰੱਤੜਾ ਗੁਰੂ ਪ੍ਰੇਮ ਵਿਚ
ਲਾਲ ਫੁੱਲਾਂ ਨੂੰ ਇਕੱਤਰ ਕਰਦਾ
ਥੱਕ ਜਾਵੇਂਗਾ
ਤਾਂ ਕਰ ਲਈਂ ਮੈਨੂੰ ਯਾਦ;
ਮੈਂ ਵੀ ਅਨੰਦਪੁਰੀ ਦਾ ਹਾਂ ਵਾਸੀ,
ਮੇਰਾ ਨਾਮ ਹੈ ਗੁਰੂ ਗੋਬਿੰਦ ਸਿੰਘ
ਹੋਰ ਸਭ ਨਾਮ ਭਰਮ ਭੁਲੇਖੇ
ਹਨ ਰੀਤੀਗਤ ਬੰਧਨ,
ਇਕ ਛਲਾਵੇ ਹਾਰ ਕੁੜਾਵੇ।
ਇਸੇ ਇਕੋ ਨਾਮ ਵਿਚ ਜੀਵਨ ਦਾ
ਰਹੱਸ ਹੈ ਭਰਿਆ,
ਭੇਦ ਹੈ ਲੁਕਿਆ,
ਮੇਰੇ ਨੈਣਾਂ ਵਿਚ ਇਹੋ ਇਕ ਨਾਮ
ਚਮਕ ਰਿਹਾ ਹੈ ਤਾਰੇ ਹਾਰ।
ਇਸ ਤਾਰੇ ਦੀ ਚਮਕ ਨੂੰ ਨਿਹਾਰ ਮੈਂ
ਇਸ ਦਾ ਪਿੱਛਾ ਕਰਦਾ
ਤੁਰਿਆ ਹਾਂ ਜਾਂਦਾ।

ਆਪਣੇਂ ਦਿਲ ਦੇ ਨਿੱਘੇ
ਭਾਵਾਂ ਵਿਚ ਰੱਤਾ
ਹਰਿਮੰਦਰ ਦੇ ਮਾਰਗ ਉਤੇ
ਇੰਜ ਜੀਵਨ ਦਾ ਪੰਧ
ਹੋ ਜਾਂਦਾ ਹੈ ਸਦ-ਉਜਿਆਰਾ
ਤੇ ਸਚਿਆਰਾ।
ਮੇਰੇ ਵੀਰਾ ! ਮੇਰੇ ਭਰਾਵਾ !!
ਮੈਂ ਤਾਂ ਤੇਗ ਦੀ ਤਿੱਖੀ ਧਾਰ ਦੀ
ਚਮਕ ਦਾ ਜਾਇਆ,
ਜੋ ਹੈ ਮੇਘਾਂ ਦਾ ਲਿਸ਼ਕਾਰਾ
ਤੇ ਮੇਰੇ ਬੋਲਾਂ ਦੇ ਵਿਚੋਂ
ਬੱਦਲਾਂ ਦੀ ਗਰਜ਼ ਦੇਵੇ ਸੁਣਾਈ
ਇਹ ਉਸੇ ਦਾ ਹੀ ਹੈ ਇਕ ਚਮਤਕਾਰ
ਮੇਰੇ ਵੀਰਾ ! ਮੇਰੇ ਭਰਾਵਾ !!
ਅੰਧਕਾਰ ਨਾਲ ਮੈਂ ਨਾ ਕਰਾਂ
ਕਦੀ ਸਮਝੌਤਾ,
ਮੇਰੀ ਬਿਜਲੀ ਦੀ ਤਲਵਾਰ,
ਅੰਧਕਾਰ ਦੇ ਹਨੇਰੇ ਦਾ
ਨਿੱਤ ਢਿੱਡ ਪਈ ਪਾੜੇ,
ਇਸ ਤਲਵਾਰ ਦਾ ਲਿਸ਼ਕਾਰਾ
ਹੈ ਭਿਅੰਕਰ;
ਇਸ ਦੀ ਚਮਕ ਹੈ
ਅੱਖੀਆਂ ਨੂੰ ਚੁੰਧਿਆਉਂਦੀ,
ਖੱਬੇ ਸੱਜੇ ਪਿੱਛੇ ਅੱਗੇ,
ਇਹ ਹਨੇਰਾ ਚੀਰਦੀ ਰਹਿੰਦੀ,
ਕਰਦੀ ਉਸ ਦਾ ਨਾਸ਼।
ਮੇਰੇ ਵੀਰਾ ! ਮੇਰੇ ਭਰਾਵਾ !!
ਅਸੀਂ ਅਖੋਤੀ ਇਸਪਾਤ ਦੇ
ਨਹੀਂ ਹਾਂ ਜਾਏ,
ਇਹ ਜੋ ਤੇਗ ਅਸਾਡੀ ਦੀ ਹੈ
ਧਾਰ ਤੇ ਇਸ ਦਾ ਚਮਕਾਰ,
ਆਤਮਾ ਦੇ ਰੰਗਾਂ ਨਾਲ ਹੈ
ਇਕਸੁਰ ਹੋਇਆ
ਤੇ ਇਸ ਤੇਗ ਦਾ

ਜੋ ਦਿਸੇ ਲਿਸ਼ਕਾਰ,
ਇਹ ਤਾਂ ਅਗਿਆਤ ਮੰਡਲਾਂ ਦੇ
ਮਹਾਂ ਨੂਰ ਦਾ ਹੈ ਪ੍ਰਕਾਸ਼।

ਜਦ ਇਹ ਜੀਵਨ-ਦਾਤੀ ਤੇਗ
ਬਿਜਲੀ ਦੇ ਬੇਚੈਨ ਲਿਸ਼ਕਾਰਿਆਂ ਉਪਰ
ਵਾਰ ਹੈ ਕਰਦੀ,
ਤਦ ਕੇਵਲ ਨਿੱਕੇ ਪੰਛੀ ਹਨ ਕੰਬ ਜਾਂਦੇ
ਤੇ ਛੁਪ ਜਾਂਦੇ ਨੇ ਜਾ ਕੇ
ਆਪਣੇ ਆਪਣੇ ਆਲ੍ਹਣਿਆਂ ਅੰਦਰ,
ਪਰ ਮੇਰੇ ਵੀਰਾ ! ਮੇਰੇ ਭਰਾਵਾ !!
ਮੈਂ ਤੈਨੂੰ ਸੱਚ ਆਖਾਂ;
ਤੇਗ ਦੇ ਇਹਨਾਂ ਵਾਰਾਂ ਅੰਦਰ
ਹੈ ਚਮਕਦਾ ਉਹ ਮਹਾਂ ਨੂਰ
ਜੋ ਪ੍ਰਭੂ ਦੇ ਆਪਣੇ ਧਨੁਖ ਦੇ ਅੰਦਰ
ਜਗਮਗ ਕਰਦਾ ਚਮਕ ਰਿਹਾ ਹੈ।
ਮੇਰੇ ਵੀਰਾ ! ਮੇਰੇ ਭਰਾਵਾ !!
ਸਿੱਖ ਯੁਵਕ ਨੂੰ ਸਿੰਘ ਸਜਾਉ,
ਉਸ ਦੇ ਗਲ ਵਿਚ ਗਾਤਰਾ ਪਾਉ
ਤੇ ਗੁਰੂ ਦੇ ਖੰਡੇ ਦੀ ਧਾਰ ਦੀ
ਪਾਹੁਲ ਦਾ ਅੰਮ੍ਰਿਤ
ਉਸ ਤਾਈਂ ਛਕਾਉ
ਤਾਂ ਹੋਵੇਗਾ ਇਹ ਚਮਤਕਾਰ
ਕਿ ਅੰਮ੍ਰਿਤਧਾਰੀ ਯੁਵਕ ਦੀ ਆਤਮਾ ਵਿਚ
ਬਿਜਲੀ ਦੇ ਲਿਸ਼ਕਾਰੇ ਦੀ
ਤਿੱਖੀ ਨੋਕ ਦਾ ਹੋਵੇਗਾ ਚਮਕਾਰ,
ਵਿਸ਼ਵ ਅਖਾੜੇ ਵਿਚ ਉਹ ਖੜੇਗਾ
ਆਪਣੇ ਸ਼ਸਤਰ ਸੂਤ
ਕਰੂ ਟਾਕਰਾ ਸੂਰਜ ਦੇ ਸ਼ਸਤਰਾਂ ਨਾਲ।
ਮੇਰੇ ਵੀਰਾ ! ਮੇਰੇ ਭਰਾਵਾ !!
ਅੰਧਕਾਰਾਂ ਦੇ ਭੂਤਾਂ ਉਤੇ
ਜਦੋਂ ਅਸੀਂ ਤੇਗਾਂ ਦਾ ਮੀਂਹ ਵਰ੍ਹਾਈਏ,
ਸ਼ਮਸ਼ੀਰਾਂ ਦੇ ਜੌਹਰ ਵਿਖਾਈਏ,
ਤਦੋਂ ਉਹਨਾਂ ਨੂੰ ਮਾਰ ਭਜਾਈਏ,

ਵਾਂਗ ਤੂਫ਼ਾਨ ਅਸੀਂ ਛਾ ਜਾਈਏ।
ਮੇਰੇ ਵੀਰਾ ! ਮੇਰੇ ਭਰਾਵਾ !!
ਯਾਦ ਹੋਵੇਗਾ ਤੈਨੂੰ ਜਦੋਂ
ਉੱਤਰ ਦਿਸ਼ਾ 'ਚੋਂ ਆਏ ਸਨ ਧਾੜਵੀ
ਜੋੜ ਕੇ ਲਸ਼ਕਰ
ਤੇ ਵਾਪਸ ਪਰਤਣ ਵੇਲੇ
ਬਣਾ ਕੇ ਬੰਦੀ ਸਾਡੇ
ਪੰਜਾਬੀ ਹਿੰਦੂ ਭਰਾਵਾਂ ਦੀਆਂ
ਪਤਨੀਆਂ, ਭੈਣਾਂ ਤੇ ਧੀਆਂ
ਲਿਜਾ ਰਹੇ ਸਨ ਕਾਬਲ ਵੱਲ ਨੂੰ
ਇਹਨਾਂ ਪੰਛੀ ਹਾਰ ਨਾਰਾਂ ਦੇ
ਨਰਮ ਹੱਥਾਂ ਨੂੰ ਰੱਸੀਆਂ ਬੰਨ੍ਹ ਕੇ
ਤਾਂ ਝਨਾਂ ਕਿਨਾਰੇ ਬਦਕਾਰਾਂ ਨੂੰ
ਸੋਧਣ ਦੇ ਲਈ ਸ਼ਿਕਾਰੀ
ਪੰਛੀਆਂ ਦੇ ਖ਼ੂਨੀ ਪੰਜਿਆਂ 'ਚੋਂ
ਇਹਨਾਂ ਮਾਸੂਮ ਨਾਰੀ ਪੰਛੀਆਂ ਦੀ
ਮੁਕਤੀ ਦੇ ਲਈ ਝੁੱਲੀਆਂ ਸਨ,
ਸਾਡੀਆਂ ਤਲਵਾਰਾਂ ਝੱਖੜ ਬਣ ਕੇ
ਲਿਆ ਛੁਡਾ ਸੀ
ਸੈਆਂ ਅਬਲਾ ਨਾਰਾਂ ਤਾਈਂ
ਜੋ ਆਪਣੇ ਸਾਥੀਆਂ ਕੋਲੋਂ
ਵਿਛੜ ਗਈਆਂ ਸਨ।
ਇਹਨਾਂ ਜ਼ਾਲਮਾਂ ਦੇ ਕਾਰਿਆਂ ਕਾਰਨ
ਮੁੜ ਆ ਮਿਲੀਆਂ ਸਨ ਉਹ
ਆਪਣੇ ਵੀਰਾਂ, ਮਾਪਿਆਂ ਤੇ ਸਹੋਦਰਾਂ ਤਾਈਂ
ਜਿਵੇਂ ਵਿਛੜੇ ਪੰਛੀ ਮਿਲਦੇ
ਮੁੜ ਆਪਣੇ ਸਾਥੀਆਂ ਤਾਈਂ
ਵਿਚ ਇਤਿਹਾਸ ਅੱਜ ਵੀ ਚਮਕੇ
ਕਾਰਨਾਮਾ ਇਹ ਸਾਡਾ
ਤੇਗ ਦੀ ਸ਼ਕਤੀ ਵਾਲਾ।

ਮੇਰੇ ਵੀਰਾ ! ਮੇਰੇ ਭਰਾਵਾ !!
ਇਹ ਜੀਵਨ ਤਾਂ ਹੈ ਯੁਧ ਭੂਮੀ
ਤੇ ਜਦ ਵੀ ਮੈਂ ਬੀਰਤਾ ਵਾਲੇ

ਗੀਤਾਂ ਨੂੰ ਗਾਵਾਂ
ਤਾਂ ਆ ਜਾਂਦਾ ਹੈ
ਮੈਨੂੰ ਇਕ ਹੁਲਾਰਾ
ਬੀਰਤਾ ਵਾਲਾ ਆਪ ਮੁਹਾਰਾ
ਤੇ ਮੈਂ ਬਣ ਜਾਂਦਾ ਹਾਂ
ਜੋਧਾ ਵੀਰ ਕਰਾਰਾ
ਤੇ ਜਦ ਮੈਂ ਜੂਝਾਂ ਵਿਚ ਮੈਦਾਨ
ਸੂਤਾਂ ਮੈਂ ਕਿਰਪਾਨ,
ਮੇਰੀ ਨੂਰੀ ਸ਼ਕਤੀ ਅੱਗੇ
ਕਾਲੇ ਭੂਤ ਅੰਧਕਾਰਾਂ ਵਾਲੇ
ਛਾਈਂ ਮਾਈਂ ਹੋ ਜਾਣ।
ਮੇਰੇ ਵੀਰਾ ! ਮੇਰੇ ਭਰਾਵਾ !!
ਜਦ ਤੱਕ ਮਨੁੱਖ ਦੇ ਅੰਦਰ
ਹੈਂਸਿਆਰਾ ਖ਼ੂਨੀ ਚੀਤਾ
ਤੇ ਬਘਿਆੜ ਹੈ ਲੁਕਿਆ;
ਮੈਂ ਨਾ ਉਸ ਨੂੰ ਕਦੀ ਵਿਸਾਰਾਂ
ਆਪਣੇ ਮਨ ਤੋਂ,
ਇਸੇ ਖ਼ਾਤਰ ਮੈਂ ਆਪਣੀ ਤੇਗ
ਕਦੀ ਮਿਆਨ ਨਾ ਪਾਵਾਂ
ਤੇ ਆਪਣੇ ਧਨੁਖ ਦੇ ਚਿੱਲੇ ਤਾਈਂ
ਕਦੀ ਨਾ ਢਿੱਲਾ ਕਰਦਾ।

ਮੇਰੇ ਵੀਰਾ ! ਮੇਰੇ ਭਰਾਵਾ !!
ਰੱਬ ਤਾਂ ਇਕ ਨੰਨ੍ਹਾ ਨਿੱਕਾ ਬੱਚਾ,
ਜਿਸ ਦੀ ਉਹਨਾਂ ਚੀਤਿਆਂ ਤੇ
ਬਘਿਆੜਾਂ ਕੋਲੋਂ ਰੱਖਿਆ
ਕਰਨੀ ਚਾਹੀਏ
ਜੋ ਮਾਨਵ ਦੇ ਭੇਸ ਦੇ ਅੰਦਰ
ਹਨ ਬਘਿਆੜ।
ਇਸੇ ਲਈ ਜਦ ਮੈਂ ਯੁਧ ਖੇਤਰ 'ਚ ਹੋਵਾਂ
ਤਾਂ ਕਦੀ ਨਾ ਸੌਂਦਾ
ਨਾ ਉਲਝਾਂ ਮੈਂ ਸੁਪਨਿਆਂ ਦੇ
ਵਿਚ ਸੰਸਾਰ।
ਮੇਰੇ ਵੀਰਾ ! ਮੇਰੇ ਭਰਾਵਾ !!

ਤਿਆਗਾਂ ਜਦ ਵੀ ਮੈਂ
ਆਪਣੇ ਪ੍ਰਾਣ
ਤਦ ਵੀ
ਮੈਂ ਇਸ ਨਿੱਕੇ ਬੱਚੇ ਰੱਬ ਦੀ
ਰੱਖਿਆ ਹੀ ਕਰਦਾ
ਆਪਣਾ ਧਰਮ ਪਛਾਣ।
ਮੇਰੇ ਵੀਰਾ ! ਮੇਰੇ ਭਰਾਵਾ !!
ਸਾਡੇ ਸਭ ਦੇ ਸਿਰ 'ਤੇ ਹੈ
ਰੱਬ ਸੱਚੇ ਦਾ ਛਤਰ;
ਉਹ ਹੀ ਹੈ ਸਾਡੇ ਸਭ ਦਾ ਸਾਈਂ।

# ਲਹੂ ਮਾਸ ਦਾ ਪ੍ਰੀਤੀ-ਭੋਜ

(ਆਕਾਸ਼ ਵਿਚ ਮੋਤੀ ਬੀਜਣ ਵਾਲਿਆਂ ਦੀ ਯਾਦ ਵਿਚ)

## ਮੌਤ ਲਾੜੀ ਨੂੰ ਵਰ੍ਹਨਾ

ਜੇ ਸਿੱਖ ਦੇ ਵਿਅਕਤੀਤਵ ਦੇ ਵਿਕਾਸ ਲਈ ਅੰਤਰੀਵ ਸ਼ਾਂਤੀ ਅਰਥਾਤ ਸਹਿਜ ਲੋੜੀਂਦਾ ਹੈ ਤਾਂ ਵਧਣ ਫੁੱਲਣ ਲਈ ਬਹੁਤ ਭਾਰੀ ਕੁਰਬਾਨੀ ਅਤੇ ਸੰਤ-ਜਨਾਂ ਦੇ ਖ਼ੂਨ ਦੇ ਡੁੱਲ੍ਹਣ ਦੀ ਲੋੜ ਹੈ ਜਿਸ ਦੇ ਕਰੁਣਾਮਈ ਪ੍ਰਭਾਵ ਇਕ ਨਵੀਂ ਪ੍ਰੇਰਨਾ ਜਗਾਉਂਦੇ ਹਨ। ਪਹਿਲਾਂ ਦੇ ਇਤਿਹਾਸ ਵਿਚ ਇਹੋ ਕੁਝ ਘਟਿਆ ਹੈ ਤੇ ਆਗਾਮੀ ਇਤਿਹਾਸ ਵਿਚ ਵੀ ਇਹੋ ਕੁਝ ਹੀ ਵਾਪਰੇਗਾ। ਇਹਨਾਂ ਲਹੂ ਭਿੱਜੀਆਂ ਦਾਬਾਂ ਦੀਆਂ ਟਹਿਣੀਆਂ ਇਕ ਦਿਨ ਜ਼ਰੂਰ ਸੂਹੇ ਫੁੱਲਾਂ ਦੇ ਖੇੜੇ ਵਿਚ ਮੌਲਣਗੀਆਂ। ਸਾਹਮਣੇ ਖੜ੍ਹੀ ਮੌਤ ਨੂੰ 'ਖ਼ਾਲਸਾ' ਆਪਣੀ ਪ੍ਰੇਮਿਕਾ ਨੂੰ ਜਾਂ ਲਾੜੀ ਨੂੰ ਵਰ੍ਹਨ ਸਮਾਨ ਸਮਝਦਾ ਹੈ। ਖ਼ਾਲਸਾ ਦੀ ਮੌਤ ਤਾਂ ਉਹਨਾਂ ਲਹਿਰਾਂ ਦੀਆਂ ਕਾਂਗਾਂ ਸਮਾਨ ਹੁੰਦੀ ਹੈ, ਜੋ ਆਪਣੀ ਹੋਂਦ ਨੂੰ ਖ਼ਤਮ ਕਰਕੇ ਅਜਿਹੀਆਂ ਲੱਖਾਂ ਲਹਿਰਾਂ ਨੂੰ ਉਤਪੰਨ ਕਰ ਦਿੰਦੀਆਂ ਹਨ। ਇਸ ਲਈ ਖ਼ਾਲਸਾ ਦੇ ਜੀਵਨ ਸੁਆਸ ਨੂੰ ਦ੍ਰਿਸ਼ਟਮਾਨ ਮੌਤ ਵਿਚ ਸਮਾਪਤ ਕਰਨ ਦਾ ਭਾਵ ਨਵੇਂ ਸਦੀਵੀ ਜੀਵਨ ਨੂੰ ਪ੍ਰਾਪਤ ਕਰਨਾ ਹੁੰਦਾ ਹੈ।

'ਖ਼ਾਲਸਾ' ਦੇ ਆਦਰਸ਼ ਵਿਚ ਮੌਤ ਨੂੰ ਵੇਗਵਾਨ ਪ੍ਰੇਮ ਦੇ ਰੂਪ ਵਿਚ ਕਿਸੇ ਉਚੇਰੇ ਜੀਵਨ ਦੀ ਪ੍ਰਾਪਤੀ ਲਈ ਖਿੜੇ ਮੱਥੇ ਪ੍ਰਵਾਨ ਕਰਨਾ ਪੁਰਾਤਨ ਜਾਪਾਨ ਦੇ ਯੋਧਾ ਨਾਇਕਾਂ ਦੀ ਆਚਾਰ-ਸੰਘਤਾ ਬੋਸ਼ੀਦੋਂ ਸਮਾਨ ਸੀ ਜੋ ਯਾਮੂਟੋ ਦੀ ਮਿਹਰ ਦੇ ਪਾਤਰ ਬਣਨਾ ਚਾਹੁੰਦੇ ਸਨ। ਇਹ ਸਰੀਰਕ ਜੀਵਨ ਤਾਂ ਉਸ ਪਤੰਗੇ ਦੀ ਮੌਤ ਸਮਾਨ ਸੀ ਜੋ ਸ਼ਮ੍ਹਾ ਉਤੇ ਆਪਣੇ ਖੰਭ ਫੜਫੜਾਉਂਦਾ ਰਹਿੰਦਾ ਹੈ। ਬੀਰ ਯੋਧੇ ਲਈ ਮੌਤ ਲਾੜੀ ਨੂੰ ਵਰ੍ਹਨ ਦੇ ਸਮਾਨ ਸੀ।

## ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਆਪਣੇ ਆਪ ਨੂੰ 'ਛੀਂਹ' ਤੇ 'ਵਗ' ਦੇ ਵਿਚਕਾਰ ਖੜ੍ਹਾ ਕਰ ਦਿੱਤਾ

ਕਸ਼ਮੀਰ ਦੇ ਬ੍ਰਾਹਮਣਾਂ ਨੇ ਆ ਕੇ ਗੁਰੂ ਜੀ ਅੱਗੇ ਬੇਨਤੀ ਕੀਤੀ ਕਿ ਉਹਨਾਂ ਦੀ ਮੁਗ਼ਲ ਬਘਿਆੜਾਂ ਹੱਥੋਂ ਰੱਖਿਆ ਕੀਤੀ ਜਾਵੇ। ਗੁਰੂ ਤੇਗ਼ ਬਹਾਦਰ ਸਾਹਿਬ ਦਿੱਲੀ ਪੁੱਜੇ ਤੇ ਉਹਨਾਂ ਦੀ ਖ਼ਾਤਰ ਮੌਤ ਨੂੰ ਪ੍ਰਵਾਨ ਕੀਤਾ। ਗੁਰੂ ਜੀ ਦੇ ਬਲੀਦਾਨ ਨਾਲ ਉਹਨਾਂ ਦੀ ਰੱਖਿਆ ਹੋਈ। ਗੁਰੂ ਗੋਬਿੰਦ ਸਿੰਘ ਜੀ ਨੇ ਚਮਕੌਰ ਦੀ ਗੜ੍ਹੀ ਵਿਖੇ ਆਪ ਆਪਣੇ ਸਪੁੱਤਰ ਅਜੀਤ ਸਿੰਘ ਜੀ ਦੇ ਗਾਤਰੇ ਵਿਚ ਕਿਰਪਾਨ ਪਾਈ। ਉਸ ਨੂੰ ਹਰੇ ਰੰਗ ਦੀ ਮਖ਼ਮਲੀ ਪੁਸ਼ਾਕ ਪਹਿਨਾਈ ਤੇ

ਆਪਣੇ ਹੱਥੀਂ ਉਸ ਉਤੇ ਸਿੱਖੀ ਦਸਤਾਰ ਸਜਾਈ ਅਤੇ ਉਸ ਨੂੰ ਮੁਗ਼ਲਾਂ ਦੀ ਵਹੀਰ ਨਾਲ ਯੁਧ ਕਰਨ ਲਈ ਬਾਹਰ ਭੇਜਿਆ। ਖ਼ਾਲਸਾ ਦਾ ਇਹ 'ਸਾਹਿਬਜ਼ਾਦਾ' ਆਪਣੇ ਦੂਜੇ ਭਰਾਵਾਂ ਸਮਾਨ ਲੜਦਾ ਹੋਇਆ ਜੂਝ ਮਰਿਆ ਤਾਂ ਜੋ ਉਹ ਗੁਰੂ ਜੀ ਦੇ ਬਖ਼ਸ਼ੇ ਹੋਏ ਨਵੇਂ ਆਤਮਿਕ ਜੀਵਨ ਨੂੰ ਪ੍ਰਾਪਤ ਕਰ ਸਕੇ। ਫਿਰ ਆਪਣੇ ਪਿਤਾ ਅੱਗੇ ਅਜੀਤ ਸਿੰਘ ਦੇ ਛੋਟੇ ਭਾਈ ਜੁਝਾਰ ਸਿੰਘ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਉਹ ਵੀ ਆਪਣੇ ਵੱਡੇ ਭਾਈ ਸਮਾਨ ਇਸ ਸ਼ਾਨਦਾਰ ਮੌਤ ਨੂੰ ਵਰ੍ਹਨਾ ਚਾਹੁੰਦਾ ਹੈ।

ਗੁਰੂ ਜੀ ਨੇ ਫੁਰਮਾਇਆ, "ਪੁੱਤਰ, ਤੂੰ ਹਾਲੀਂ ਬਹੁਤ ਛੋਟਾ ਹੈਂ, ਥੋੜ੍ਹੀ ਹੋਰ ਉਡੀਕ ਕਰ।"

ਜੁਝਾਰ ਸਿੰਘ ਨੇ ਮੁੜ ਦੁਹਰਾਇਆ, "ਮੈਂ ਵੀ ਉਸੇ ਮਾਤਾ ਦਾ ਦੁੱਧ ਚੁੰਘਿਆ ਹੈ। ਇਸ ਲਈ ਆਪਣੇ ਵੀਰ ਸਮਾਨ ਇਸ ਮੌਤ ਦੁਆਰਾ ਪ੍ਰਭੂ-ਪ੍ਰੀਤਮ ਦੀ ਰਹਿਮਤ ਪ੍ਰਾਪਤ ਕਰਨਾ ਚਾਹੁੰਦਾ ਹਾਂ। ਇਸ ਵਿਚ ਉਮਰ ਦਾ ਧਿਆਨ ਨਹੀਂ ਰੱਖਣਾ ਚਾਹੀਦਾ।"

ਗੁਰੂ ਜੀ ਨੇ ਆਪਣੇ ਪੁੱਤਰ ਨੂੰ ਆਪਣੀ ਜੱਫੀ ਵਿਚ ਘੁੱਟ ਲਿਆ, ਉਸ ਦਾ ਮੱਥ ਚੁੰਮਿਆ, ਉਸ ਦੇ ਮੁਖੜੇ ਨੂੰ ਆਪਣੀ ਜਲਾਲੀ ਸ਼ਾਨ ਵਿਚ ਨੁਹਾ ਦਿੱਤਾ। ਉਸ ਨੂੰ ਗੁਰੂ ਦੇ ਯੋਧਿਆਂ ਵਾਲੀ ਪੁਸ਼ਾਕ ਪੁਆਈ ਤੇ ਇਕ ਛੋਟੀ ਜਿਹੀ ਕਿਰਪਾਨ ਉਸ ਦੇ ਗਾਤਰੇ ਵਿਚ ਪਾ ਦਿੱਤੀ। ਜੁਝਾਰ ਸਿੰਘ ਘੋੜੇ ਉਤੇ ਅਸਵਾਰ ਹੋ ਕੇ ਉਥੇ ਪੁੱਜਾ ਜਿਥੇ ਉਸ ਦਾ ਵੀਰ ਲੇਟਿਆ ਹੋਇਆ ਸੀ, ਪਰ ਥੋੜ੍ਹਾ ਚਿਰ ਯੁਧ ਕਰਨ ਪਿੱਛੋਂ ਜਦੋਂ ਉਸ ਨੂੰ ਪਿਆਸ ਨੇ ਸਤਾਇਆ ਤਾਂ ਉਹ ਆਪਣੇ ਘੋੜੇ ਨੂੰ ਮੋੜ ਕੇ ਵਾਪਸ ਲੈ ਆਇਆ ਤੇ ਆਪਣੇ ਪਿਤਾ ਕੋਲ ਆ ਕੇ ਪਾਣੀ ਦੀ ਮੰਗ ਕੀਤੀ।

ਗੁਰੂ ਜੀ ਨੇ ਉਤਰ ਦਿੱਤਾ, "ਪੁੱਤਰ, ਤੇਰਾ ਪਾਣੀ ਦਾ ਕਟੋਰਾ ਪਰਲੋਕ ਵਿਚ ਪਹੁੰਚ ਗਿਆ ਹੈ ਤੇ ਉਥੇ ਤੇਰਾ ਵੀਰ ਇਸ ਨੂੰ ਫੜ ਕੇ ਤੇਰੇ ਆਉਣ ਦੀ ਉਡੀਕ ਕਰ ਰਿਹਾ ਹੈ।" ਜੁਝਾਰ ਸਿੰਘ ਵਾਪਸ ਵੈਰੀ ਦਲ ਵਿਚ ਜਾ ਵੜਿਆ ਤੇ ਉਸ ਦਾ ਸਰੀਰ ਵੀ ਯੁਧ ਖੇਤਰ 'ਚ ਪੁਰਜ਼ਾ ਪੁਰਜ਼ਾ ਹੋ ਗਿਆ, ਪਰ ਉਸ ਦੀ ਆਤਮਾ ਦੇਵ ਮੰਡਲ ਵੱਲ ਉਡਾਰੀ ਮਾਰ ਗਈ ਜਿਥੇ ਖ਼ਾਲਸਾ ਦੇ ਦੋਵੇਂ ਸਾਹਿਬਜ਼ਾਦੇ ਇਕ ਦੂਜੇ ਦਾ ਹੱਥ ਫੜੀ 'ਵਾਹਿਗੁਰੂ-ਵਾਹਿਗੁਰੂ' ਦੀ ਨਾਮ ਧੁਨੀ ਉਚਾਰਦੇ ਹੋਏ ਸਦੀਵੀ ਪ੍ਰਕਾਸ਼-ਮੰਡਲ ਵਿਚ ਪ੍ਰਵੇਸ਼ ਕਰ ਗਏ।

## ਰੀਤਾਂ ਦੀ ਮੌਤ ਤੇ ਸਦੀਵੀ ਜੀਵਨ ਦੀ ਪ੍ਰਾਪਤੀ

ਗੁਰੂ ਜੀ ਦੇ ਰੀਤ ਸਮਾਨ ਦੋ ਹੋਰ ਸਾਹਿਬਜ਼ਾਦਿਆਂ ਜ਼ੋਰਾਵਰ ਸਿੰਘ ਤੇ ਫਤਹਿ ਸਿੰਘ ਨੇ ਸਰਹਿੰਦ ਵਿਖੇ ਮੁਗ਼ਲ ਹਾਕਮਾਂ ਹੱਥੋਂ ਅਸਹਿ ਕਸ਼ਟ ਸਹੇ ਅਤੇ ਉਹ ਕੰਧ ਦੀਆਂ ਇੱਟਾਂ ਵਿਚ ਚਿਣਵਾਏ ਗਏ। ਉਹ ਵੀ 'ਵਾਹਿਗੁਰੂ ਵਾਹਿਗੁਰੂ' ਦੀ ਨਾਮ ਧੁਨੀ ਦਾ ਉਚਾਰਨ ਕਰਦੇ ਹੋਏ ਪਰਲੋਕ ਸਿਧਾਰ ਗਏ।

ਇਹ ਚਾਰੇ ਸਾਹਿਬਜ਼ਾਦੇ ਸਦੀਵੀ ਜੀਵਨ ਪ੍ਰਾਪਤ ਕਰ ਗਏ ਹਨ ਅਤੇ ਹਰ ਰੋਜ਼ ਸਵੇਰੇ ਤੇ ਸ਼ਾਮ ਲੱਖਾਂ ਲੋਕ ਇਹਨਾਂ ਨੂੰ ਅਰਦਾਸ ਵਿਚ ਜੁੜ ਕੇ ਆਪਣੀ ਸ਼ਰਧਾਂਜਲੀ ਅਰਪਣ ਕਰਦੇ ਹਨ।

## ਮਨੁੱਖੀ ਜੀਵਨ ਖ਼ਾਤਰ ਪ੍ਰਭੂ ਪਿਤਾ ਆਪ ਮੌਤ ਨੂੰ ਪਰਵਾਨ ਕਰਦਾ ਹੈ

ਜਿਵੇਂ ਕਿ ਸਾਡੀ ਤੁਛ ਬੁੱਧੀ ਵਾਲੇ ਬੁੱਧੀਜੀਵੀ ਇਹਨਾਂ ਯੋਧਿਆਂ ਦੀਆਂ ਮੌਤਾਂ ਨੂੰ ਬਲੀਦਾਨ ਜਾਂ ਸ਼ਹੀਦੀ ਆਦਿ ਦੀ ਸੰਗਿਆ ਦਿੰਦੇ ਹਨ। ਇਹ ਇਹਨਾਂ ਲਈ ਬਹੁਤ ਛੋਟੀ ਗੱਲ ਹੈ। ਅਸਲ ਵਿਚ ਉਹ ਇਸ ਦੇ ਰਹੱਸ (ਵਾਸਤਵਿਕਤਾ) ਨੂੰ ਨਹੀਂ ਪਛਾਣਦੇ ਅਤੇ ਇਸ ਮਹਾਨ ਦੈਵੀ ਆਤਮਿਕ ਜੀਵਨ ਦੇ ਇਸ ਲਹੂ ਡੋਲ੍ਹ ਕੇ ਕੀਤੇ ਗਏ ਪਰਿਵਰਤਨ ਦੇ ਮਹਾਨ ਸੱਚ ਨੂੰ ਇਸ ਤਰ੍ਹਾਂ ਦੇ ਨਿਗੂਣੇ ਨਾਂਵਾਂ ਨਾਲ ਯਾਦ ਕਰਦੇ ਹਨ। ਅਜਿਹੇ ਸਾਕਿਆਂ ਵਿਚ ਪਰਮਾਤਮਾ ਉਹਨਾਂ ਮਨੁੱਖਾਂ ਵਿਚ ਆਪਣਾ ਆਪ ਡੋਲ੍ਹਦਾ ਹੈ ਤਾਂ ਜੋ ਸੁਤੰਤਰਤਾ ਦੀ ਉਸ ਜੋਤੀ ਨੂੰ ਪ੍ਰਾਪਤ ਕੀਤਾ ਜਾ ਸਕੇ ਜਿਸ ਦੀ ਖ਼ਾਤਰ ਕਈ ਵਾਰ ਹਜ਼ਾਰਾਂ ਚੰਗਿਆੜੀਆਂ ਨੂੰ ਬੁਝਾਉਣਾ ਪੈਂਦਾ ਹੈ। ਇਹ ਤਾਂ ਮਨੁੱਖੀ ਆਤਮਾ ਨੂੰ ਜੀਵਤ ਰੱਖਣ ਲਈ ਇਕ ਬ੍ਰਹਿਮੰਡ ਵਿਆਪੀ ਵਰਤਾਰਾ ਹੁੰਦਾ ਹੈ। ਇਸ ਤੋਂ ਬਿਨਾਂ ਆਤਮਿਕ ਜੀਵਨ ਦੀ ਪ੍ਰਾਪਤੀ ਲਈ ਹੋਰ ਕੋਈ ਵੀ ਮਾਰਗ ਨਹੀਂ ਹੈ।

ਇਹ ਤਾਂ ਗੁਰੂ ਦੀ ਆਤਮਾ ਦਾ ਖ਼ਾਲਸਾ ਦੇ ਅੰਤਰਗਤ ਪ੍ਰਵਾਹਿਤ ਹੋਣਾ ਸੀ। ਇਹ ਉਸ ਪ੍ਰੇਮ ਦੇ ਅਨੰਤ ਸਾਗਰ ਦਾ ਕਾਂਗ ਉਛਾਲਾ ਹੁੰਦਾ ਹੈ, ਜਿਸ ਦਾ ਧਿਆਨ ਪ੍ਰਮਾਤਮਾ ਆਪ ਰਖਦਾ ਹੈ।

ਮਨੁੱਖੀ ਆਤਮਾ ਦਾ ਸੁਤੰਤਰਤਾ ਵਿਚ ਇਕਦਮ ਜਾਗਰੂਪ ਹੋ ਜਾਣਾ ਅਤੇ ਉਹਨਾਂ ਦਲਿਤ ਵਰਗਾਂ ਵਿਚ ਇਸ ਦੀ ਚੇਤੰਨਤਾ ਦਾ ਆ ਜਾਣਾ ਜੋ ਸਦੀਆਂ ਤੋਂ ਗ਼ੁਲਾਮੀ ਵਾਲਾ ਜੀਵਨ ਗੁਜ਼ਾਰ ਰਹੇ ਸਨ, ਸਮੁੱਚੇ ਪੰਜਾਬ ਵਿਚ ਇਕ ਨਵੀਂ ਆਤਮਿਕ ਜਾਗ੍ਰਤੀ ਹੀ ਸੀ ਜਿਸ ਵਿਚ ਸਦੀਆਂ ਤੋਂ ਗ਼ੁਲਾਮ ਇਹਨਾਂ ਲੋਕਾਂ ਨੂੰ ਬੰਧਨ ਮੁਕਤ ਕਰਨ ਲਈ 'ਪ੍ਰਭੂ ਦੇ ਪੁੱਤਰ' ਦਾ ਆਤਮ ਬਲੀਦਾਨ ਬੜਾ ਜ਼ਰੂਰੀ ਸੀ।

ਇਹ ਉਹ ਸੁਤੰਤਰਤਾ ਸੀ ਜੋ ਗੁਰੂ ਜੀ ਦੇ ਜੀਵਨ ਅਤੇ ਲਹੂ ਨਾਲ ਪ੍ਰਾਪਤ ਕੀਤੀ ਗਈ ਸੀ। ਹਾਲੀਂ ਵੀ ਇਸ ਸੁਤੰਤਰਤਾ ਦਾ ਸਰੋਤ ਉਸ ਦੇ ਨਾਮ ਸਿਮਰਨ ਤੇ ਯਾਦ ਵਿਚ ਵਿਦਮਾਨ ਹੈ।

## ਖੰਡੇ-ਧਾਰ ਪਾਹੁਲ

(ਸਾਗਰ ਮੰਥਨ ਕਰਨ ਵਾਲੇ ਨੀਲ ਧਾਰੀਆਂ ਦੀ ਯਾਦ ਵਿਚ)

### ਸੂਹਾ ਰੰਗ

'ਖ਼ਾਲਸਾ' ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਆਤਮਾ ਵਾਲੇ ਲਾਲ ਸੂਹੇ ਰੰਗ ਵਿਚ ਰੰਗ ਦਿੱਤਾ ਸੀ। ਆਪ ਵਿਚ ਇਕ ਸੱਚੇ ਕਲਾਕਾਰ ਵਾਲੀ ਸਚੇਤ ਭਾਵਨਾ ਸੀ। ਫਲਸਰੂਪ, ਆਪ ਨੂੰ ਇਸ ਨਵੇਂ ਵਿਚਾਰ-ਸੰਕਲਪ ਨੂੰ ਜਨਮ ਦੇਣ ਲਈ ਲੰਮੀ ਯਾਤਰਾ ਕਰਨੀ ਪਈ। ਉਹਨਾਂ ਨੇ ਆਪਣੇ ਸਿੱਖਾਂ ਨੂੰ ਇਹ ਆਦੇਸ਼ ਦਿੱਤਾ ਕਿ ਉਹ ਅਕਾਲ-ਪੁਰਖ ਨੂੰ ਨੰਗੀ ਕਿਰਪਾਨ ਨਾਲ ਨਮਸਕਾਰ ਕਰਨ। ਬੜੀ ਸਾਵਧਾਨੀ ਨਾਲ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸੂਰਮਤਾਈ ਦੇ ਉਸ ਬੀਜ ਦੀ ਰੱਖਿਆ ਕੀਤੀ ਜੋ ਆਪ ਨੇ ਖ਼ਾਲਸਾ ਦੀ ਆਤਮਾ ਦੇ ਖੇਤ ਵਿਚ ਬੀਜਿਆ ਸੀ।

### ਤੇਗ਼ ਨੂੰ ਨਮਸਕਾਰ

ਉਹਨਾਂ ਦੀ ਖ਼ਾਤਰ ਗੁਰੂ ਜੀ ਨੇ ਤੇਗ਼ ਜਾਂ ਖੜਗ, ਸਫਾਜੰਗ, ਤੀਰ ਆਦਿ ਸ਼ਸਤਰਾਂ ਨੂੰ ਨਮਸਕਾਰ ਕਰਕੇ ਇਕ ਅਜਿਹਾ ਮੱਤ ਪ੍ਰਚੱਲਿਤ ਕੀਤਾ, ਜਿਸ ਵਿਚ ਸ਼ਸਤਰ ਦੈਵੀ-ਪੂਜਾ ਦੇ ਚਿੰਨ੍ਹ ਬਣ ਗਏ। ਆਪ ਜੀ ਨੇ ਆਪਣੇ ਲਗਾਏ ਬਾਗ਼ ਦੇ ਦੁਆਲੇ ਪਹਿਰੇਦਾਰ ਬਿਠਾ ਦਿੱਤਾ ਤਾਂ ਜੋ ਜੰਗਲੀ ਜਾਨਵਰ ਆ ਕੇ ਉਹਨਾਂ ਦੇ ਲਗਾਏ ਬੂਟਿਆਂ ਨੂੰ ਨਸ਼ਟ ਨਾ ਕਰ ਦੇਣ ਅਤੇ ਉਹਨਾਂ ਨੂੰ ਕਿਤੇ ਜੜ੍ਹੋਂ ਹੀ ਨਾ ਪੁੱਟ ਦੇਣ। ਮੰਦਰਾਂ ਵਿਚ ਵਹਿਮਾਂ-ਭਰਮਾਂ ਦੀ ਉੱਲੀ ਲੱਗੇ ਦੇਵੀ-ਦੇਵਤਿਆਂ ਦੇ ਬੁੱਤਾਂ ਦੀ ਥਾਂ ਉਹਨਾਂ ਨੇ ਲੋਕਾਂ ਨੂੰ ਕਲਪਨਾ ਦੁਆਰਾ ਉਹਨਾਂ ਦੇ ਮਨ ਮੰਦਰਾਂ ਵਿਚ ਚਮਕਦੇ ਸ਼ਸਤਰਾਂ ਦੀ ਪੂਜਾ ਕਰਨ ਲਈ ਸਥਾਪਤ ਕਰਕੇ 'ਜੈ ਤੇਗੰਗ-ਜੈ ਤੇਗੰਗ' ਦੀ ਜੈਕਾਰ ਪ੍ਰਚੱਲਿਤ ਕੀਤੀ। ਖ਼ਾਲਸਾ ਇਕ ਅਦੁੱਤੀ ਜਨ-ਸਮੂਹ ਸੀ, ਜਿਨ੍ਹਾਂ ਨੂੰ 'ਸ਼ਸਤਰ-ਧਰਮ' ਪ੍ਰਦਾਨ ਕੀਤਾ ਗਿਆ ਸੀ ਤਾਂ ਜੋ ਉਹ ਗ਼ੁਲਾਮਾਂ ਨੂੰ ਆਜ਼ਾਦ ਕਰ ਸਕਣ ਅਤੇ ਸੰਤਾਂ ਦੀ ਰੱਖਿਆ ਕਰ ਸਕਣ।

### ਕਾਲ-ਕਿਰਪਾਨ

ਮਨੁੱਖੀ ਸਰੀਰ ਵਿਚ ਸਥਾਪਤ ਕੀਤੇ ਗਏ ਖ਼ਾਲਸਾ ਦੇ ਆਦਰਸ਼ ਲਈ ਗੁਰੂ ਜੀ ਨੇ ਕਾਲ-ਕਿਰਪਾਨ ਦੀ ਅਰਾਧਨਾ ਕੀਤੀ ਜੋ ਸਮੇਂ ਅਤੇ ਮ੍ਰਿਤੂ ਦੋਹਾਂ ਦੀ ਪ੍ਰਤੀਕ ਹੈ। ਪੰਜਾਬ ਦੇ ਹਰ ਗ਼ੁਲਾਮ ਦੇ ਹੱਥ ਵਿਚ ਉਹਨਾਂ ਨੇ ਤੇਗ਼ ਫੜਾ

ਦਿੱਤੀ ਤਾ ਜੋ ਉਹ ਸੁਤੰਤਰ ਹੋ ਸਕਣ। ਆਪ ਖੰਡੇ-ਧਾਰ ਦੀ ਪਾਹੁਲ ਦੇ 'ਅੰਮ੍ਰਿਤ' ਘੁੱਟ ਦੇ ਚਖਣ ਨਾਲ ਮਨੁੱਖ ਨੂੰ ਸੁਤੰਤਰ ਕਰ ਦਿੱਤਾ ਕਿਉਂਜੋ ਇਸ 'ਅੰਮ੍ਰਿਤ' ਵਿਚ ਨਾਮ ਸਿਮਰਨ ਦੀ ਸ਼ਬਦ-ਅਗਨੀ ਪ੍ਰਜਵਲਿਤ ਸੀ। ਇਹ ਸੀ ਗੁਰੂ ਗੋਬਿੰਦ ਦੀ ਕਲਾ-ਧਾਰੀ ਸ਼ਕਤੀ।

ਖ਼ਾਲਸਾ ਆਪਣੇ ਸਮੂਹਕ ਰੂਪ ਵਿਚ ਲੱਖਾਂ ਤੇਗ਼ਾਂ ਦਾ ਸ਼ਾਨਦਾਰ ਲਿਸ਼ਕਾਰਾ ਹੈ ਜਿਸ ਨੂੰ ਵੇਖ ਕੇ ਭੈਅ-ਭੀਤ ਹੋ ਜਾਣਾ ਕੁਦਰਤੀ ਹੈ। ਕੋਈ ਵੀ ਖ਼ਾਲਸਾ ਦੇ ਕੋਪ ਨੂੰ ਜਗਾਉਣ ਦੀ ਹਿੰਮਤ ਨਹੀਂ ਕਰ ਸਕਦਾ। ਪਰ ਖ਼ਾਲਸਾ ਦੇ ਹਿਰਦੇ ਵਿਚ ਹਰੀ ਨਾਮ ਦਾ ਚਸ਼ਮਾ ਵਹਿ ਰਿਹਾ ਹੈ। ਕਿਸੇ ਸਿੱਖ ਦੇ ਹਿਰਦੇ ਨੂੰ ਚੀਰ ਕੇ ਵੇਖੋ ਕਿ ਕਿਵੇਂ ਉਸ ਦੀਆਂ ਡੂੰਘਾਈਆਂ ਵਿਚ ਪ੍ਰਭੂ-ਪ੍ਰੀਤਮ ਦੀ ਸਿਕ ਵਿਚ ਦਰਦ-ਭਿੰਨੀ ਘੁੱਗੀ 'ਕੂ-ਕੂ' ਕਰਕੇ ਹਰੀ ਨਾਮ ਨੂੰ ਉਚਾਰ ਰਹੀ ਹੈ। ਜੇ ਉਸ ਦੇ ਹਿਰਦੇ ਵਿਚੋਂ ਪ੍ਰਭੂ-ਪ੍ਰੀਤਮ ਦੀ ਨਾਮ ਧੁਨੀ ਸੁਣਾਈ ਨਹੀਂ ਦਿੰਦੀ ਤਾਂ ਉਹ ਕੇਵਲ ਬਾਲਣ ਦੀ ਲੱਕੜੀ ਸਮਾਨ ਹੈ। ਖ਼ਾਲਸਾ ਤਾਂ ਗੰਗਾ ਦੇ ਨਿਰਮਲ ਜਲ ਸਮਾਨ ਮਿੱਠਾ ਤੇ ਮਨ ਨੂੰ ਤਾਜ਼ਗੀ ਬਖ਼ਸ਼ਣ ਵਾਲਾ ਹੈ। ਉਸ ਦੀ ਹੋਂਦ ਅਮਰ-ਪਦ ਪ੍ਰਦਾਨ ਕਰਨ ਵਾਲੀ ਹੈ। ਇਸ ਮਨਸਾ ਤ੍ਰਿਸ਼ਨਾ ਦੀ ਤਪਦੀ ਅਗਨੀ ਵਾਲੇ ਇੰਦਰੀਗਤ ਭੁਲਾਵੇ ਵਾਲੇ ਮਾਰੂਥਲ ਵਿਚ ਖ਼ਾਲਸਾ ਇਕ ਵਰਦਾਨ ਹੈ।

## ਬ੍ਰਹਿਮੰਡ ਤਾਂ ਪ੍ਰਭੂ ਦਾ ਦੈਵੀ ਸਰੀਰ ਹੈ

ਜੀਵਨ ਦੇ ਇਸ ਸੰਗਰਾਮ ਵਿਚ ਆਪਣੇ ਨਿੱਕੇ ਆਪੇ ਦੇ ਵਿਸਥਾਰ ਲਈ ਖ਼ਾਲਸਾ ਕਦੀ ਵੀ ਕੋਈ ਸੁਆਰਥੀ ਹਿਤ ਨਹੀਂ ਰਖਦਾ ਕਿਉਂਜੋ ਗੁਰੂ ਦੀ ਕਿਰਪਾ ਦੁਆਰਾ ਉਸ ਦੀ 'ਮੈਂ' ਪਹਿਲਾਂ ਹੀ ਮਨੁੱਖਤਾ ਦੀ ਵਿਸ਼ਾਲ 'ਮੈਂ' ਵਿਚ ਬਦਲ ਚੁੱਕੀ ਹੁੰਦੀ ਹੈ। ਉਹ ਤਾਂ ਆਪ ਹੀ ਪ੍ਰਭੂ ਸਰੂਪ ਹੈ। ਗੁਰੂ ਗੋਬਿੰਦ ਸਿੰਘ ਦੇ ਖ਼ਾਲਸਾ ਤੋਂ ਕਿਸੇ ਨੂੰ ਡਰਨ ਦੀ ਕੋਈ ਲੋੜ ਨਹੀਂ ਕਿਉਂਜੋ ਉਹ ਕਦੀ ਵੀ ਭੌਤਿਕ ਪਦਾਰਥਾਂ ਦੀਆਂ ਹੱਡੀਆਂ ਨਹੀਂ ਚੂਸਦਾ। ਖ਼ਾਲਸਾ ਦੇ ਨੈਣ ਤਾਂ ਸਦਾ ਅਕਾਸ਼ ਵੱਲ ਜੁੜੇ ਰਹਿੰਦੇ ਹਨ। ਇਹ ਨੈਣ ਗੁਰੂ ਦੀ ਕਿਰਪਾ ਦੁਆਰਾ ਦਿਭ-ਦ੍ਰਿਸ਼ਟੀ ਨੂੰ ਪ੍ਰਾਪਤ ਕਰ ਲੈਂਦੇ ਹਨ ਅਤੇ ਫਿਰ ਜਦੋਂ ਖੁਲ੍ਹਦੇ ਹਨ ਤਾਂ ਇਹ ਸੰਸਾਰ ਹਰੀ ਦੇ ਰੂਪ ਅਰਥਾਤ ਪ੍ਰਭੂ ਦੇ ਦੈਵੀ ਸਰੂਪ ਵਿਚ ਦਿਖਾਈ ਦੇਣ ਲੱਗ ਪੈਂਦਾ ਹੈ ਤੇ ਇਸ ਵਿਚੋਂ ਕੇਵਲ ਹਰੀ ਦਾ ਰੂਪ ਹੀ ਨਜ਼ਰੀਂ ਪੈਣ ਲੱਗ ਪੈਂਦਾ ਹੈ।

## ਖ਼ਾਲਸਾ ਡਿਗੇ ਢੱਠਿਆਂ ਨੂੰ ਰਾਜ-ਪਦ ਬਖ਼ਸ਼ਦਾ ਹੈ

ਇਕ ਵਾਰ ਪੰਜਾਬ ਦੇ ਕਿਸੇ ਘਣੇ ਜੰਗਲ ਵਿਚ ਖ਼ਾਲਸਾ ਦੀਵਾਨ ਸਜਾ ਕੇ ਬੈਠਾ ਸੀ ਅਤੇ ਗੁਰੂ ਦੇ ਸ਼ਬਦਾਂ ਦਾ ਉਚਾਰਣ ਕਰ ਰਿਹਾ ਸੀ। ਇਹ ਉਸ ਮਾਨਵ-ਸਮੂਹ ਦਾ ਦੀਵਾਨ ਸੀ ਜਿਸ ਦੀ ਸ਼ਾਹੀ ਆਤਮਾ ਸੀ। ਸ਼ਹਿਨਸ਼ਾਹ

ਨਾਦਰ ਸ਼ਾਹ ਜੋ ਮਹਾਨ ਵਿਜੇਤਾ ਵੀ ਸੀ, ਦਾ ਇਕ ਕਾਰ-ਗੁਜ਼ਾਰ ਨਾਦਰ ਸ਼ਾਹ ਵੱਲੋਂ ਕਿਸੇ ਸਹਾਇਤਾ ਦੇ ਕੀਤੇ ਕੰਮ ਦੇ ਇਵਜ਼ਾਨੇ ਵਜੋਂ ਸ਼ਾਹੀ ਖ਼ਿਲਤ ਖ਼ਾਲਸਾ ਨੂੰ ਭੇਟ ਕਰਨ ਆਇਆ, ਪਰ ਇਸ ਸ਼ਾਹੀ ਸਨਮਾਨ ਨੂੰ ਪ੍ਰਾਪਤ ਕਰਨ ਲਈ ਖ਼ਾਲਸਾ ਵਿਚੋਂ ਕੋਈ ਵੀ ਵਿਅਕਤੀ ਤਿਆਰ ਨਹੀਂ ਸੀ। ਖ਼ਾਲਸਾ ਤਾਂ ਪ੍ਰਭੂ-ਪ੍ਰੀਤਮ ਦੇ ਚਰਨ ਕਮਲਾਂ ਦੀ ਮੌਜ ਵਿਚ ਅਨੰਦ-ਮਗਨ ਬਿਰਾਜਮਾਨ ਸੀ। ਸਿੱਖਾਂ ਦੀ ਇਸ ਬੇਪਰਵਾਹੀ ਵਾਲੇ ਵਤੀਰੇ ਨੂੰ ਵੇਖ ਕੇ ਬਾਦਸ਼ਾਹ ਸਲਾਮਤ ਦਾ ਦੂਤ ਆਪਣੀ ਹੇਠੀ ਮਹਿਸੂਸ ਕਰਨ ਲੱਗਾ, ਬੜਾ ਹੈਰਾਨ ਵੀ ਹੋਇਆ ਅਤੇ ਆਪਣੇ ਆਪ ਨੂੰ ਕਸੂਤੀ ਸਥਿਤੀ 'ਚ ਫਸਿਆ ਵੇਖ ਪ੍ਰੇਸ਼ਾਨ ਹੋਣ ਲੱਗਾ। ਉਸ ਸਮੇਂ ਖ਼ਾਲਸਾ ਤਾਂ ਕਿਸੇ ਸੰਸਾਰੀ ਬਾਦਸ਼ਾਹਤ ਦੀ ਤੁਲਨਾ ਵਿਚ ਉਚੇਰੀ ਰੱਬੀ ਬਾਦਸ਼ਾਹਤ ਨਾਲ ਜੁੜਿਆ ਹੋਇਆ ਸੀ। ਛੇਕੜ ਇਕ ਸਿੰਘ ਨੇ ਬਚਨ ਕੀਤਾ, ''ਖ਼ਾਲਸਾ ਜੀ ! ਜਿਹੜੀ ਖ਼ਿਲਤ ਨਾਦਰ ਸ਼ਾਹ ਨੇ ਭੇਜੀ ਹੈ, ਉਹ ਕਿਸ ਵਿਅਕਤੀ ਨੂੰ ਪ੍ਰਦਾਨ ਕੀਤੀ ਜਾਵੇ।''

ਜੁੜੀ ਸਾਧ ਸੰਗਤ ਵਿਚੋਂ ਕਿਸੇ ਨੇ ਵੀ ਗੱਲ ਨਾ ਗੌਲੀ। ਫਿਰ ਇਕ ਸਿੰਘ ਨੇ ਉਤਰ ਵਿਚ ਕਿਹਾ, ''ਇਹ ਖ਼ਿਲਤ ਉਸ ਸਿੰਘ ਨੂੰ ਬਖ਼ਸ਼ ਦਿਉ ਜੋ ਸਾਧ ਸੰਗਤ ਦੇ ਜੋੜਿਆਂ ਦੀ ਸੇਵਾ ਕਰ ਰਿਹਾ ਹੈ।'' ਫਿਰ ਉਸ ਸੇਵਾਦਾਰ ਨੂੰ ਇਹ ਖ਼ਿਲਤ ਬਖ਼ਸ਼ ਦਿੱਤੀ ਗਈ। ਨਾਦਰ ਸ਼ਾਹ ਦਾ ਕਾਰਿੰਦਾ ਬੜਾ ਹੈਰਾਨ ਜਿਹਾ ਹੋਇਆ ਤੇ ਨਿਮੋਝੂਣਾ ਹੋਇਆ ਉਥੋਂ ਆ ਗਿਆ। ਉਸ ਨੇ ਆ ਕੇ ਸ਼ਹਿਨਸ਼ਾਹ ਨੂੰ ਜੋ ਕੁਝ ਉਥੇ ਬੀਤਿਆ ਸੀ, ਦਾ ਵੇਰਵਾ ਦੇ ਦਿੱਤਾ। ਤੀਖਣ ਬੁੱਧੀ ਵਾਲੇ ਨਾਦਰ ਸ਼ਾਹ ਨੇ ਸਾਰੀ ਗੱਲ ਧਿਆਨ ਨਾਲ ਸੁਣ ਕੇ ਕਿਹਾ, ''ਇਸ ਕੌਮ ਦੇ ਦਿਲ ਵਿਚੋਂ ਸੁਤੰਤਰਤਾ ਦੀ ਸੁਗੰਧੀ ਆਉਂਦੀ ਹੈ।''

ਮਹਾਰਾਜਾ ਰਣਜੀਤ ਸਿੰਘ ਨੇ ਵੀ ਇਹ ਗੱਲ ਜਾਣ ਲਈ ਸੀ ਕਿ ਸਿੱਖ ਮਹਾਰਾਜਾ ਵਾਲੀ ਉਸ ਦੀ ਬਾਦਸ਼ਾਹੀ ਗੁਰੂ ਦੀ ਬਖ਼ਸ਼ੀ ਹੋਈ ਕਾਰ-ਗੁਜ਼ਾਰੀ ਹੈ। ਉਸ ਨੇ ਆਪਣੇ ਆਪ ਨੂੰ ਕਦੇ ਵੀ 'ਮੈਂ' ਕਰਕੇ ਸੰਬੋਧਨ ਨਹੀਂ ਸੀ ਕੀਤਾ। ਜਦੋਂ ਵੀ ਕੋਈ ਮੁਕੱਦਮਾ ਉਹਨਾਂ ਕੋਲ ਸੁਣਵਾਈ ਲਈ ਆਉਂਦਾ ਤਾਂ ਉਹ ਸਦਾ ਇਹ ਕਹਿੰਦੇ, ''ਇਸ ਮੁਕੱਦਮੇ ਨੂੰ ਹਜ਼ੂਰੀ ਵਿਚ ਪੇਸ਼ ਕਰੋ ਅਰਥਾਤ ਦੈਵੀ ਹਜ਼ੂਰੀ ਵਿਚ; ਜਿਸ ਦਾ ਕਿ ਉਹ ਆਪਣੇ ਆਪ ਨੂੰ ਇਕ ਅਧੀਨ ਕਾਰਿੰਦਾ ਹੀ ਸਮਝਦੇ ਸਨ।

ਇਕ ਵਾਰ ਖ਼ਾਲਸਾ ਨੇ ਦਿੱਲੀ ਦੇ ਤਖ਼ਤ ਉਤੇ ਕਬਜ਼ਾ ਕਰ ਲਿਆ। ਜਦੋਂ ਮੁਗ਼ਲ ਸ਼ਹਿਨਸ਼ਾਹ ਨੇ ਈਨ ਮੰਨ ਲਈ ਤੇ ਖ਼ਾਲਸਾ ਦੇ ਸਾਹਮਣੇ ਪੇਸ਼ ਹੋਇਆ ਤਾਂ ਖ਼ਾਲਸਾ ਦੇ ਆਗੂ ਸ.ਜੱਸਾ ਸਿੰਘ ਨੇ ਕਿਹਾ, ''ਵੇਖੋ ! ਖ਼ਾਲਸਾ ਨੂੰ ਮਾਇਆ ਨਾਲ ਕੋਈ ਮੋਹ ਨਹੀਂ ਹੈ, ਸਾਨੂੰ ਤਖ਼ਤਾਂ-ਤਾਜਾਂ ਨਾਲ ਕੀ ਲਗਾਓ। ਸੋ, ਆਪ ਨੇ ਹਕੂਮਤ ਦੀ ਵਾਗਡੋਰ ਮੁੜ ਮੁਗ਼ਲ ਬਾਦਸ਼ਾਹ ਨੂੰ ਸੌਂਪ ਦਿੱਤੀ।

ਉਚੀ ਉਠੀ ਚੇਤੰਨਤਾ ਦਾ ਇਹ ਇਕੋ ਕਾਰਨਾਮਾ ਮੁਕਤਗਾਮੀ ਆਤਮਾਵਾਂ ਦੀ ਸੁਤੰਤਰ ਚੋਣ ਦੀ ਜਿਉਂਦੀ ਜਾਗਦੀ ਮਿਸਾਲ ਹੈ।

ਜਦੋਂ ਤਿੱਲੇਦਾਰ ਕਢਾਈ ਵਾਲੀ ਹੀਰਿਆਂ ਜੜੀ ਸੁਨਹਿਰੀ ਚਾਨਣੀ ਮਹਾਰਾਜਾ ਰਣਜੀਤ ਸਿੰਘ ਦੀ ਹਜ਼ੂਰੀ ਵਿਚ ਲਿਆ ਕੇ ਤਾਣੀ ਗਈ ਤਾਂ ਆਪ ਨੇ ਪ੍ਰੇਮ ਦੇ ਰੰਗ ਵਿਚ ਆ ਕੇ ਬਚਨ ਕੀਤਾ, "ਨਹੀਂ ! ਮੈਂ ਕੋਈ ਰਾਜਾ ਨਹੀਂ ਹਾਂ। ਮੈਂ ਤਾਂ ਗੁਰੂ ਦਾ ਦਾਸ ਹਾਂ।" ਇਸ ਸੁਨਹਿਰੀ ਚਾਨਣੀ ਨੂੰ ਸੱਚੇ ਪਾਤਸ਼ਾਹ ਗੁਰੂ ਦੀ ਹਜ਼ੂਰੀ ਵਿਚ ਹਰਿਮੰਦਰ ਸਾਹਿਬ ਵਿਖੇ ਭੇਜ ਦਿੱਤਾ ਗਿਆ।

ਖ਼ਾਲਸਾ ਦਾ ਮਨ ਰੱਬੀ ਬਾਦਸ਼ਾਹਤ ਦੀ ਅੰਤਰੀਵ ਪ੍ਰਭੁਸਤਾ ਦਾ ਸੁਆਮੀ ਹੁੰਦਾ ਹੈ। ਉਸ ਦਾ ਦਿਲ ਤਾਂ ਵਿਜੇ ਦੀ ਭਾਵਨਾ ਵਿਚ ਧੜਕਦਾ ਹੈ, ਪਰ ਉਸ ਦਾ ਮਨ 'ਸਤਿ ਸ੍ਰੀ ਅਕਾਲ' ਅਰਥਾਤ ਅਕਾਲ-ਪੁਰਖ ਦੀ ਸਰਵਉਚਤਾ ਦੇ ਰੰਗ ਵਿਚ ਰੰਗਿਆ ਹੁੰਦਾ ਹੈ। ਸੁਤੰਤਰਤਾ ਦੇ ਸ਼ਾਹ-ਬਾਜ਼ ਦੀਆਂ ਅੱਖਾਂ ਸਮਾਨ ਖ਼ਾਲਸਾ ਸਦਾ ਅਨੰਤ ਆਕਾਸ਼ ਵੱਲ ਤੱਕਦਾ ਹੈ ਅਤੇ ਉਹ ਜੀਵਨ ਦੇ ਖੁੱਲ੍ਹੇ ਮੈਦਾਨਾਂ ਵਿਚ ਉਚੀਆਂ ਉਡਾਰੀਆਂ ਲਾਉਂਦਾ ਹੈ। ਪਦਾਰਥਵਾਦੀ ਜਗਤ ਦੇ ਰੌਲੇ-ਗੌਲੇ ਲਈ ਉਸ ਕੋਲ ਵਿਹਲ ਹੀ ਨਹੀਂ ਹੈ ! ਜਿਸ ਨੂੰ ਦੁਨੀਆਂ ਬਹੁਮੁੱਲਾ ਸਮਝਦੀ ਹੈ, ਉਸ ਦੇ ਹੱਥ ਉਸ ਨੂੰ ਪਰੇ ਵਗਾਹ ਮਾਰਦੇ ਹਨ, ਕਿਉਂਜੋ ਉਹ ਤਾਂ ਅਕਾਲ-ਪੁਰਖ ਦੇ ਚਰਨਾਂ ਵਿਚ ਆਪਣੇ ਮਨ ਨੂੰ ਮਾਰ ਕੇ ਵਿਚਰ ਰਿਹਾ ਹੁੰਦਾ ਹੈ।

## ਆਤਮਾ ਦੀ ਜੀਵਤ ਪਰਮ-ਸ਼ਾਂਤੀ

ਹਿਮਾਲਾ ਦੀਆਂ ਪੁਰਾਣੀਆਂ ਗੁਫ਼ਾਵਾਂ ਵਿਚੋਂ ਯੋਗ ਸਮਾਧੀ ਬਾਹਰ ਮੈਦਾਨਾਂ ਵਿਚ ਆ ਗਈ। ਉਹ ਮਿੱਟੀ ਚਿੱਕੜ ਨਾਲ ਲਿਬੜੇ ਖ਼ਾਲਸਾ ਦੇ ਅੰਗਾਂ ਵਿਚ ਆ ਸਮਾਈ ਜੋ ਕਿ ਖੇਤਾਂ ਵਿਚ ਹਲ ਵਾਹ ਰਹੇ ਸਨ ਜਾਂ ਤਰਖਾਣੇ ਕੰਮ ਦੀ ਕਿਰਤ ਵਿਚ ਲੀਨ ਲੱਕੜੀਆਂ ਚੀਰ ਰਹੇ ਸਨ।

ਫ਼ੌਜੀ ਮੁਹਿੰਮਾਂ ਵਿਚ ਮੈਨੂੰ ਘੋੜੇ ਦੀ ਕਾਠੀ ਉਤੇ ਹੀ ਸੌਣ ਦਾ ਹੁਕਮ ਹੈ ਅਤੇ ਘੋੜੇ ਦੀ ਇਹੀ ਕਾਠੀ ਮੇਰੇ ਲਈ ਧਿਆਨ ਧਰਨ ਲਈ ਗੁਫ਼ਾ ਹੈ। ਘੁੱਗੀ-ਹਾਰ 'ਕੂ-ਕੂ' ਕਰਕੇ ਪ੍ਰਭੂ ਦਾ ਨਾਮ ਜਪਣਾ ਹੀ ਮੇਰੇ ਲਈ ਹਲ ਵਾਹੁਣਾ ਹੈ।

ਮੇਰਾ ਆਪਣੀ ਪਤਨੀ ਤੇ ਬੱਚਿਆਂ ਦਾ ਪ੍ਰੇਮ ਉਸ ਕੰਵਲ ਸਮਾਨ ਹੈ ਜੋ ਭਾਨਾਂ ਦੇ ਭਾਨ ਦੀ ਪ੍ਰੇਮ-ਛੁਹ ਲਈ ਜਲ ਦੇ ਛੰਭ ਵਿਚ ਲਹਿਰ ਰਿਹਾ ਹੁੰਦਾ ਹੈ।

## ਮਨੁੱਖ ਦੀ ਪੂਜਾ

ਖ਼ਾਲਸਾ ਮਨੁੱਖ ਦੀ ਪੂਜਾ ਕਰਦਾ ਹੈ। ਇਹ ਕਿਸੇ ਧਨ-ਦੌਲਤ, ਉਚ ਪਦਵੀ ਦੀ ਮਾਣ ਪ੍ਰਤਿਸ਼ਠਤਾ ਨੂੰ ਪਰਵਾਨ ਨਹੀਂ ਕਰਦਾ। ਉਸ ਲਈ ਰਾਜੇ ਮਹਾਰਾਜੇ ਸ਼ਾਨਦਾਰ ਕਿਰਤੀ ਹਨ ਤੇ ਕਿਰਤੀ ਸ਼ਾਨਦਾਰ ਰਾਜੇ ਹਨ।

ਨਿਰਵਾਣ ਦੇ ਮਹਾਂ ਅਨੰਦ ਵਿਚ ਮਾਇਆ ਅਗਨੀ ਦੀ ਤ੍ਰਿਸ਼ਨਾ ਸਦੀਵੀ

ਤੌਰ 'ਤੇ ਬੁਝ ਜਾਂਦੀ ਹੈ। ਇਹ ਪਰਮਾਨੰਦ ਸਭ ਨੂੰ ਬਰਾਬਰ ਬਰਾਬਰ ਹਿੱਸੇ ਆਉਂਦਾ ਹੈ ਤੇ ਆਤਮਾ ਦੀ ਇਸ ਪਰਮ ਸੁੰਦਰਤਾ ਦੇ ਐਸ਼ਵਰਜ਼ ਦਾ ਤਿਆਗ ਕਰਕੇ ਸਾਡੇ ਵਿਚੋਂ ਕਿਸੇ ਕੋਲ ਵਿਹਲ ਹੀ ਨਹੀਂ ਹੈ ਕਿ ਅਸੀਂ ਦੁਨੀਆਂਦਾਰੀ ਵਾਲੇ ਵਿਤਕਰਿਆਂ ਨੂੰ ਗੌਲਦੇ ਰਹੀਏ। ਇਸ ਦੇ ਵਿਪਰੀਤ ਅੰਦਰੋਂ ਖੋਖਲੇ ਸੰਸਾਰੀ ਮਨੁੱਖ ਵਧਾ ਚੜ੍ਹਾ ਕੇ ਗੱਲ-ਕੱਥ ਕਰਦੇ ਹਨ ਤੇ ਮਾਇਆ ਦੇ ਇਹਨਾਂ ਅੰਤਰਮੁਖੀ ਪਰਛਾਵਿਆਂ ਦੇ ਪਿੱਛੇ ਨੱਠ ਕੇ ਆਪਣੇ ਆਪਣੇ ਨਿੱਜੀ ਅਧਿਕਾਰ ਇਹਨਾਂ ਉਤੇ ਜਮਾਉਂਦੇ ਤੇ ਆਪਣੇ ਨਿੱਜੀ ਹਿੱਤਾਂ ਦੀ ਪ੍ਰਾਪਤੀ ਲਈ ਲੜਾਈ ਝਗੜੇ ਵੀ ਸਹੇੜਦੇ ਹਨ।

## ਨਿੱਤ ਦੀ ਰੋਟੀ ਲਈ ਕਮਾਈ ਹੀ ਸਾਡੀ ਪੂਜਾ

ਭਗਤ ਧੰਨਾ ਜੀ ਦੇ ਮੱਤ ਅਨੁਸਾਰ ਅਸੀਂ ਆਪਣੀ ਨਿੱਤ ਦੀ ਰੋਟੀ ਦੀ ਕਮਾਈ ਲਈ ਕਿਰਤ ਵੀ ਕਰਦੇ ਹਾਂ ਤੇ ਰੱਬ ਦੀ ਪੂਜਾ ਵੀ। ਇਸ ਨਾਲ ਸਾਡੀਆਂ ਸਰੀਰਕ ਲੋੜਾਂ ਦੀ ਪੂਰਤੀ ਹੁੰਦੀ ਹੈ ਜਿਸ ਨਾਲ ਸਾਨੂੰ ਆਤਮਿਕ ਸ਼ਾਂਤੀ ਵੀ ਮਿਲਦੀ ਹੈ। ਧਨਾਸਰੀ ਰਾਗ ਵਿਚ ਧੰਨਾ ਭਗਤ ਨੇ ਇਕ ਸ਼ਬਦ ਇਸ ਪ੍ਰਥਾਇ ਹੀ ਰਚਿਆ ਹੈ। ਆਪਣਾ ਸੰਤੁਲਨ ਕਾਇਮ ਰੱਖਣ ਲਈ ਸਾਨੂੰ ਦੋਹਾਂ ਖੰਭਾਂ ਨਾਲ ਉਡਣਾ ਪੈਂਦਾ ਹੈ। ਮਾਨਵਤਾ ਨੂੰ ਨਾ ਤਾਂ ਨਿਰਜਿੰਦ ਕੀਤਾ ਜਾਂਦਾ ਹੈ, ਨਾ ਹੀ ਇਸ ਨੂੰ ਮਾਰ ਦਿੱਤਾ ਜਾਂਦਾ ਹੈ, ਸਗੋਂ ਇਸ ਨੂੰ ਤਾਂ ਹੋਰ ਤੀਖਣ ਤੇ ਦੈਵੀ ਰੂਪ ਦੇ ਦਿੱਤਾ ਜਾਂਦਾ ਹੈ। ਪਰਮਾਤਮਾ ਤਾਂ ਹੇਠਾਂ ਆ ਜਾਂਦਾ ਹੈ ਤੇ ਮਨੁੱਖ ਉਤਾਂਹ ਉਠਦਾ ਹੈ ਅਤੇ ਦੋਵੇਂ ਇਕ ਉਚੇਰੇ ਬਿੰਦੂ 'ਤੇ ਆ ਕੇ ਇਕ ਦੂਜੇ ਨਾਲ ਅਭੇਦ ਹੋ ਜਾਂਦੇ ਹਨ।

ਭਗਤ ਧੰਨਾ ਪਰਮਾਤਮਾ ਤੋਂ ਇਹ ਦਾਨ ਮੰਗਦਾ ਹੈ :

"ਮੈਨੂੰ ਦੋ ਵਕਤ ਦੇ ਗੁਜ਼ਾਰਨ ਲਈ ਆਟਾ ਤੇ ਦਾਲ ਬਖ਼ਸ਼ੋ। ਥੋੜ੍ਹਾ ਜਿਹਾ ਘਿਉ ਤੇ ਲੂਣ ਵੀ ਦਿਉ। ਇਕ ਲਵੇਰੀ ਗਊ ਦੁੱਧ ਪੀਣ ਲਈ ਤੇ ਚੰਗੀ ਘੋੜੀ ਸਵਾਰੀ ਕਰਨ ਲਈ ਦਿਉ। ਇਕ ਸੁਸ਼ੀਲ ਪਤਨੀ ਵੀ ਬਖ਼ਸ਼ੋ ਜੋ ਮੈਨੂੰ ਪ੍ਰੇਮ ਕਰੇ ਤੇ ਮੇਰੀ ਟਹਿਲ-ਸੇਵਾ ਵੀ। ਤੁਹਾਡੇ ਧੰਨੇ ਭਗਤ ਦੀ ਤਾਂ ਇਹੋ ਹੀ ਲੋੜ ਹੈ ਜੋ ਪ੍ਰਭੂ-ਪ੍ਰੀਤਮ ਉਹ ਤੁਹਾਡੇ ਕੋਲੋਂ ਮੰਗਦਾ ਹੈ।"

"ਤੇਰਾ ਭਗਤ ਕੋਈ ਲਾਲਚੀ ਬੰਦਾ ਨਹੀਂ ਹੈ। ਮੇਰੀ ਆਤਮਿਕ ਸ਼ਾਂਤੀ ਨੂੰ ਬਣਾਈ ਰੱਖਣ ਲਈ ਇੰਨਾਂ ਕੁਝ ਤਾਂ ਜ਼ਰੂਰੀ ਹੀ ਹੈ। ਪ੍ਰਭੂ ਜੀ ! ਇਤਨਾਂ ਕੁ ਦਾਨ ਤਾਂ ਤੁਹਾਨੂੰ ਦੇਣਾ ਹੀ ਸ਼ੋਭਦਾ ਹੈ ਤਾਂ ਹੀ ਮੈਂ ਤੁਹਾਡੇ ਨਾਮ ਦੇ ਪਰਮਾਨੰਦ ਨੂੰ ਮਾਣ ਸਕਦਾ ਹਾਂ। ਪ੍ਰਭੂ ਜੀ ! ਜੇ ਤੁਸੀਂ ਆਪਣੇ ਸੇਵਕ ਨੂੰ ਇਹ ਦਾਨ ਨਹੀਂ ਦਿਉਂਗੇ ਤਾਂ ਉਹ ਭੁੱਖਾ ਰਹਿ ਕੇ ਤਾਂ ਤੁਹਾਡੀ ਭਗਤੀ ਨਹੀਂ ਕਰ ਸਕਦਾ। ਜਿੰਨਾਂ ਚਿਰ ਤੱਕ ਮੇਰੀਆਂ ਸੰਸਾਰਕ ਲੋੜਾਂ ਦੀ ਪੂਰਤੀ ਨਹੀਂ ਹੁੰਦੀ, ਮੇਰੇ ਲਈ ਤੇਰੇ ਨਾਮ ਦੀ ਮਾਲਾ ਫੇਰਨੀ ਵੀ ਔਖੀ ਗੱਲ ਬਣ ਜਾਂਦੀ ਹੈ।"

# ਗੁਰੂ ਜੀ ਦੇ ਤੀਰ

(ਸ਼ਾਹ ਹੁਸੈਨ ਦੀ ਯਾਦ ਵਿਚ)

## ਜਾਂ-ਅਨੰਦ ਦੀ ਵੇਦਨਾ

ਨੀਂਦ ਜਦ ਆ ਜਾਵੇ
ਮਖ਼ਮਲ ਦੇ ਵਿਛਾਉਣੇ ਨਾ ਚਾਹਵੇ,
ਨਹੀਂ ਪ੍ਰੇਮ ਦੀ ਕੋਈ ਵੀ ਜਾਤੀ
ਸੱਚਾ ਧਰਮ ਪ੍ਰੇਮ ਵਾਲਾ
ਅਣਿਆਲੇ ਤੀਰਾਂ ਨਾਲ
ਵਿੰਨ੍ਹ ਦਿੰਦਾ ਅੰਦਰੋਂ ਛਾਤੀ
ਤਦ ਕਿਵੇਂ ਬਚੇ ਜਗਿਆਸੂ
ਤੀਖਣ ਇਹ ਪ੍ਰੇਮ ਦੀ ਪੀੜਾ
ਜਿਸ ਦਾ ਅਨੰਦ-ਅਕਹਿ
ਉਹ ਹਸ ਹਸ ਲੈਂਦਾ ਸਹਿ
ਇਹੋ ਪ੍ਰੇਮ ਦਾ ਨੇਮ
ਹੈ ਜਿਸ ਵਿਚ ਕੁਸ਼ਲ ਤੇ ਖੇਮ।
ਪਰਮ ਸੁੰਦਰਤਾ ਰੱਬੀ
ਹੈ ਜਿਸ ਦੀ ਚਮਕ ਅਨੋਖੀ
ਜਦ ਆਪਣਾ ਰੰਗ ਵਿਖਾਵੇ
ਦਿਲ ਪੰਛੀ ਫੜ-ਫੜਾਵੇ,
ਹੋ ਬਿਸਮਿਲ ਕੂਕੇ ਤੜਪੇ
ਜਿਵੇਂ ਤੀਰ ਸ਼ਿਕਾਰੀ ਲੱਗੇ।
ਇਹ ਮਹਾਂ ਅਨੰਦ ਦੀ ਪੀੜਾ
ਤਦ ਬਣੇ ਉਸ ਦੀ ਅਰਦਾਸ
ਹੈ ਇਹ ਕੋਈ ਰੱਬੀ ਦਾਤ।
ਉਹ ਵੇਖੇ ਨੂਰ ਜਮਾਲੀ
ਸੁੰਦਰਤਾ ਸ਼ਾਨਾਂ ਵਾਲੀ
ਜੋ ਹਰ ਥਾਂ ਦਿਸੇ ਪਸਰੀ
ਪਰ ਵੇਖੇ ਕੋਈ ਅੱਖ ਵੱਖਰੀ
ਨਹੀਂ ਗੋਚਰ ਦੀ ਇਹ ਖੇਡ
ਹੈ ਅਗਮ-ਅਗੋਚਰ ਭੇਦ।

ਸੁਪਨੇ ਵਿਚ ਤੁਸੀਂ ਮਿਲੇ ਅਸਾਨੂੰ
ਅਸੀਂ ਧਾਹ ਗਲਵੱਕੜੀ ਪਾਈ,
ਨਿਰਾ ਨੂਰ ਤੁਸੀਂ ਹੱਥ ਨਾ ਆਏ
ਸਾਡੀ ਕੰਬਦੀ ਰਹੀ ਕਲਾਈ।
ਫਿਰ ਲੜ ਫੜਨੇ ਨੂੰ ਉਠ ਦੌੜੇ,
ਪਰ ਲੜ ਉਹ ਬਿਜਲੀ ਲਹਿਰਾ
ਬਿਜਲੀ ਕੂੰਦ ਗਈ ਥੱਰਾਂਦੀ
ਹੁਣ ਚਕਾ-ਚੂੰਧ ਹੈ ਛਾਈ।

(ਭਾਈ ਵੀਰ ਸਿੰਘ

ਨੈਣਾਂ 'ਚੋਂ ਤੀਰ ਚਲਾ ਕੇ
ਉਸ ਮੈਨੂੰ ਹੈ ਵਿੰਨ੍ਹ ਸੁਟਿਆ
ਹੈ ਦਿਲ ਵਿਚ ਜਾ ਕੇ ਖੁਭਿਆ
ਜਿਸ ਨੇ ਹੈ ਘਾਇਲ ਕੀਤਾ
ਮੁਰਦਾ ਮੁਰੀਦ ਬਣਾ ਦਿੱਤਾ।
ਮੈਂ ਭਾਲਿਆ ਸਭ ਸੰਸਾਰ
ਇਸ ਰੋਗ ਅਵੱਲੜੇ ਵਾਲਾ
ਨਾ ਦਿਸੇ ਕੋਈ ਉਪਚਾਰ

(ਭਾਈ ਨੰਦ ਲਾਲ

## ਸੁਤੰਤਰਤਾ ਇਕ ਆਤਮਿਕ ਅਨੁਭੂਤੀ

ਪਰਮ ਤੀਖਣਤਾ ਦਾ ਇਹ ਧਾਰਮਿਕ ਅਨੁਭਵ ਆਪਣੇ ਆਤਮ-ਮੁਖੀ ਰੂ ਵਿਚ ਉਤਨਾਂ ਹੀ ਸੁਤੰਤਰ ਹੈ ਜਿਤਨਾਂ ਕਿ ਇਹ ਸਰੀਰਕ ਭਾਵਨਾ ਦੇ ਰੂਪ ਵਿ ਸੀਮਤ ਹੈ। ਇਸ ਦੀ ਇਹ ਸੰਜਮ-ਸੀਮਾ ਕੋਈ ਬਾਹਰੀ ਸ਼ਕਤੀ ਨਿਰਧਾਰਤ ਨ ਕਰਦੀ, ਸਗੋਂ ਇਹ ਸੁਤੇ-ਸਿਧ ਸਹਿਜ ਰੂਪ ਵਿਚ ਆਪ ਮੁਹਾਰੇ ਹੀ ਉਤਪੰਨ ਜਾਂਦੀ ਹੈ। ਜਦੋਂ ਵੀ ਪੂਰਨ ਸੁੰਦਰਤਾ ਦਾ ਬਿਜਲੀ ਝਲਕਾਰਾ ਮਨੁੱਖ ਦੇ ਹਿਰ ਉਤੇ ਆ ਕੇ ਪੈਂਦਾ ਹੈ ਤਾਂ ਇਸ ਦਾ ਅਸਰ ਬਿਜਲੀ ਦੇ ਲਿਸ਼ਕਾਰੇ ਵਰਗਾ ਹੁੰ ਹੈ। ਇਹ ਅੰਤਰ-ਦ੍ਰਿਸ਼ਟੀ ਮਨੁੱਖੀ ਚੇਤੰਨਤਾ ਨੂੰ ਉਸ ਦੇ ਸਰੀਰਕ ਪੱਧਰ ਤੋਂ ਉ ਕੇ ਉਚ ਮੰਡਲਾਂ ਵਿਚ ਲੈ ਜਾਂਦੀ ਹੈ। ਜਿਥੇ ਜਾ ਕੇ ਉਸ ਦਾ ਮਹਾਂ ਅਨੰਦ ਮੌਨ-ਮੰਡਲਾਂ ਵਿਚ ਪ੍ਰਵੇਸ਼ ਹੁੰਦਾ ਹੈ। ਇਸ ਪਰਮਾਨੰਦ ਦੇ ਉਚੇ ਮੰਡਲਾਂ ਹੇਠਾਂ ਡਿਗਣ ਨਾਲ ਬਿਰਹਾ ਦੀ ਵਿਜੋਗ-ਪੀੜਾ ਆ ਘੇਰਦੀ ਹੈ। ਇਸ ਪ੍ਰਕ ਉਸ ਮਹਾਂ ਸੁੰਦਰਤਾ ਦੇ ਜਿਗਿਆਸੂ ਦੇ ਅੰਦਰਵਾਰ ਉਤਾਰ-ਚੜ੍ਹਾ ਆਉਂਦੇ ਰਹਿ ਹਨ। ਉਸ ਨੂੰ ਇਸ ਸੱਚੀ ਧਾਰਮਿਕ ਭਾਵਨਾਂ ਦੇ ਦੁਖ ਸੁਖ, ਹਰਖ-ਸੋਗ, ਪੀ ਤੇ ਅਨੰਦ ਦੋਵੇਂ ਹੀ ਸ਼ਾਨਦਾਰ ਲਗਦੇ ਹਨ। ਇਸ ਤਰ੍ਹਾਂ ਇਹ ਹੋਰ ਉਚੇਰੀ ਪ੍ਰਾਪਤੀ ਲਈ ਪ੍ਰਸਪਰ ਰੂਪ ਵਿਚ ਇਕ ਦੂਜੇ ਉਤੇ ਪ੍ਰਭਾਵ ਪਾਉ

ਰਹਿੰਦੇ ਹਨ :

## ਸਿੱਖ ਹਲਵਾਹਕ ਦਾ ਗੀਤ

ਇਕ ਸਿੱਖ ਜਿਗਿਆਸੂ
ਸਿੱਧਾ ਸਾਦਾ ਹਲ-ਵਾਹ
ਪੰਜਾਬ ਦਾ ਜੱਟ ਕਿਰਸਾਨ
ਪਿਆ ਉਚਾਰੇ ਵਿਚ ਮਸਤੀ ਦੇ
ਵਾਹਿਗੁਰੂ ਦਾ ਹਰਿ-ਨਾਮ।
ਉਸ ਨੂੰ ਇਸ ਅਨੰਦ ਵਿਚ
ਲੀਨ ਵੇਖ ਕੇ ਕੁਝ ਜੀਵ ਸੰਸਾਰੀ
ਆ ਕੇ ਉਸ ਨੂੰ ਪੁੱਛਣ ਲੱਗੇ,
''ਦੱਸੋ ਬਾਬਾ ਜੀ !
ਕਿਉਂ ਵਾਰ ਵਾਰ ਤੁਸੀਂ ਰੱਟ ਰਹੇ ਹੋ
ਇਕੋ ਹੀ ਹਰੀ ਨਾਮ !
ਸਾਨੂੰ ਤਾਂ ਇੰਜ ਜਾਪੇ
ਹੈ ਇਹ ਸਭ ਕੁਝ
ਨਿਰਾਰਥ ਤੇ ਖ਼ਾਮ !''
ਸੰਤ-ਪੁਰਸ਼ ਦਾ ਉਤਰ :
''ਮਿੱਤਰੋ !
ਮੈਂ ਨਹੀਂ ਹਾਂ ਰਾਜ਼ੀ
ਮੇਰੇ ਤਨ ਵਿਚ ਚੀਸਾਂ ਉਠਣ
ਭਖ਼ਦਾ ਇੰਜ ਇਹ ਜਾਵੇ
ਰੋਮ ਰੋਮ ਵਿਚ ਸੂਈਆਂ ਚੁਭਣ,
ਮੇਰੀ ਪੀੜ ਅਕਹਿ
ਪਵਨ ਵੀ ਮੈਨੂੰ ਆ ਕੇ ਲੂੰਹਦੀ,
ਮੈਂ ਹਾਂ ਇਕ ਬੀਮਾਰ
ਨਰਕੀ ਇਸ ਮਹਾਂ ਅਗਨੀ ਦਾ
ਦਿਸੇ ਨਾ ਕੋਈ ਦਾਰੂ,
ਪਰ ਮੇਰੇ ਮਿੱਤਰੋ !
ਬਿਨਾਂ ਨਾਮ ਅਉਖਧ
ਜਿਸ ਨੂੰ ਤੁਸੀਂ ਸਮਝ ਰਹੇ ਹੋ
ਪੱਥਰ ਗੀਟਿਆਂ ਦੀ ਇਕ ਖੇਡ
ਵਾਹਿਗੁਰੂ ਵਾਹਿਗੁਰੂ ਨਾਮ ਜ਼ਪਣ ਤੋਂ ਬਿਨਾਂ

ਇਸ ਕਸ਼ਟ ਦਾ ਨਹੀਂ ਹੈ
ਕੋਈ ਹੋਰ ਉਪਚਾਰ।
ਭਾਵੇਂ ਜਾਪੇ ਇਦਾਂ
ਸਿਲ-ਅਲੂਣੀ ਚੱਟਣ,
ਪਰ ਵਾਹਿਗੁਰੂ ਦਾ
ਜਪਦਾ ਜਦ ਮੈਂ ਨਾਮ,
ਤਦ ਮੈਨੂੰ ਇੰਜ ਹੋਵੇ ਪ੍ਰਤੀਤ
ਜਿਵੇਂ ਹਿਮ-ਗੰਗਾ ਦੇ ਸੀਤਲ-ਜਲ ਵਿਚ
ਕਰਦਾ ਮੈਂ ਇਸ਼ਨਾਨ।

## ਖ਼ਾਲਸਾ ਸ਼ਿਲਪਕਾਰ ਵੀ ਹੈ

ਖ਼ਾਲਸਾ ਸਮੂਹ ਮੁੱਖ ਰੂਪ ਵਿਚ ਸਾਧ ਸੰਗਤ ਹੀ ਹੁੰਦਾ ਹੈ। ਇਸ ਦਾ ਕਰਤਾ ਆਪਣੇ ਵਿਚ ਸੰਮਿਲਿਤ ਵਿਅਕਤੀਆਂ ਨੂੰ ਹਿਮ-ਗੰਗਾ ਦੀ ਜਲਧਾਰਾ ਦੇ ਪਵਿੱਤਰ ਇਸ਼ਨਾਨ ਦਾ ਅਨੰਦ ਪ੍ਰਦਾਨ ਕਰਦਾ ਹੈ ਤੇ ਉਸੇ ਤਰ੍ਹਾਂ ਦੀ ਤੀਬਰ ਭਗਤੀ-ਭਾਵਨਾ ਨੂੰ, ਜਿਸ ਦਾ ਕਿ ਉਪਰ ਇਕ ਹਲਵਾਹਕ ਸੰਤ-ਪੁਰਸ਼ ਦੇ ਰੂਪ ਵਿਚ ਵਰਣਨ ਕੀਤਾ ਗਿਆ ਹੈ, ਨੂੰ ਸਭ ਨਾਲ ਸਾਂਝਾ ਕਰਕੇ ਪ੍ਰਭੂ ਦੇ ਨਾਮ ਸਿਮਰਨ ਦੇ ਅਮਲ ਵਿਚ ਸੁਹਜ-ਅਨੰਦ ਦੀ ਭਾਵਨਾ ਨੂੰ ਜਾਗਰੂਪ ਕਰਨਾ ਹੈ। ਇਸ ਚੁੱਪ ਤੇ ਸ਼ਾਂਤ ਸਰੂਪ ਦੇ ਸ਼ਾਂਤ-ਚਿਤ ਵਾਤਾਵਰਣ ਵਿਚ ਹੀ ਆਤਮਾ ਦੀਆਂ ਡੂੰਘਾਣਾਂ ਵਿਚ ਸ਼ਕਤੀ ਦਾ ਸੰਚਾਲਨ ਕੀਤਾ ਜਾਂਦਾ ਹੈ। ਅਜਿਹਾ ਅਮਲ ਮਹਾਨ ਲੋਕਾਂ ਦੇ ਜੀਵਨ ਪ੍ਰਵਾਹ ਵਿਚ ਹੀ ਘਟਦਾ ਹੈ।

## ਖ਼ਾਲਸਾ ਤਾਂ ਕਿਸੇ ਬ੍ਰਿਛ ਦੇ ਫੁੱਲਾਂ ਦੇ ਖੇੜੇ ਵਿਚ ਮੌਲ ਉਠਣ ਸਮਾਨ ਹੈ

ਇਕ ਵਿਅਕਤੀ ਦੇ ਰੂਪ ਵਿਚ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਸਰੀਰਕ ਰੂਪ ਦਾ ਸੰਘਰਸ਼ ਉਸ ਸਮੇਂ ਮੁੱਕ ਜਾਂਦਾ ਹੈ ਜਦੋਂ ਆਤਮਾ ਦੇ ਸਿਰਜਣਾਤਮਿਕ ਪ੍ਰੇਮ ਦੀ ਤੀਬਰਤਾ ਵਿਚ ਅਸੀਂ ਪ੍ਰਭੂ ਦੇ ਸੰਤ-ਪੁਰਸ਼ਾਂ ਅਥਵਾ ਸਾਧ ਸੰਗਤ ਦੀ ਸੇਵਾ ਵਿਚ ਲੱਗ ਜਾਂਦੇ ਹਾਂ। ਇਹ ਇਸ ਤਰ੍ਹਾਂ ਦੀ ਹਾਲਤ ਹੁੰਦੀ ਹੈ ਜਦੋਂ ਕੋਈ ਵਿਅਕਤੀ ਆਪਣੀ ਉਸ ਪ੍ਰੇਮਿਕਾ ਦੀ ਡੂੰਘੀ ਪ੍ਰੀਤ ਵਿਚ ਆਪਣੇ ਨਿੱਜੀ ਹਿਤਾਂ ਜਾਂ ਸੁਆਰਥ ਨੂੰ ਭੁਲਾ ਦਿੰਦਾ ਹੈ। ਉਸ ਦੀ ਆਪਣੇ ਲਈ ਕੀਤੀ ਗਈ ਨਿਰੋਲ ਘਾਲ ਅਕਾਰਥ ਹੋ ਜਾਂਦੀ ਹੈ, ਕਿਉਂਜੋ ਉਹ ਆਪਣੇ ਆਪ ਨੂੰ ਆਪਣੀ ਪ੍ਰੇਮਿਕਾ ਤੋਂ ਵੱਖਰਾ ਕਰਕੇ ਸੋਚ ਹੀ ਨਹੀਂ ਸਕਦਾ। ਇਕ ਭਾਈਚਾਰੇ ਦੇ ਰੂਪ ਵਿਚ ਖ਼ਾਲਸਾ ਨੂੰ ਵੀ ਆਪਣੇ ਵਿਅਕਤੀਆਂ ਲਈ ਸੰਘਰਸ਼ ਕਰਨਾ ਪੈਂਦਾ ਹੈ। ਭਾਵੇਂ ਇਹ ਯੁਧ ਦਾ ਸਮਾਂ ਹੋਵੇ ਜਾਂ ਅਮਨ ਦਾ, ਇਸ ਭਾਈਚਾਰੇ ਦੀ

## ਅੰਤਰੀਵ ਜੀਵਨ ਸ਼ਕਤੀ

ਅਜਿਹੇ ਆਦਰਸ਼ਵਾਦੀ ਪ੍ਰੇਰਨਾ-ਯੁਕਤ 'ਖ਼ਾਲਸਾ' ਵਰਗੇ ਭਾਈਚਾਰੇ ਵਿਚ ਸਮਾਜਕ ਸਦਾਚਾਰ ਦਾ ਸਰੂਪ ਅਜਿਹੇ ਪਸ਼ੂ ਬਿਰਤੀ ਪ੍ਰਧਾਨ ਸਮਾਜ ਵਰਗਾ ਬੇ-ਲਚਕ ਤੇ ਲੋਹੇ ਜਾਂ ਪੱਥਰ ਦੀ ਤਖ਼ਤੀ ਉਤੇ ਉਕਰੀ ਆਚਾਰ-ਸੰਘਤਾ ਵਰਗਾ ਨਹੀਂ ਹੁੰਦਾ ਜੋ ਕਿ ਟਾਕੀਆਂ ਜੋੜ ਜੋੜ ਕੇ ਗੰਢਿਆ-ਤਰੁਪਿਆ ਹੁੰਦਾ ਹੈ ਕਿਉਂਜੋ ਅਜਿਹੇ ਭਾਈਚਾਰਿਆਂ ਵਿਚ ਹਾਲੀਂ ਭਾਈਚਾਰਕ ਕਾਰਜਾਂ ਦੀ ਸੂਝ-ਬੂਝ ਉਤਪੰਨ ਹੀ ਨਹੀਂ ਹੋਈ ਹੁੰਦੀ। ਅਸੀਂ ਤਾਂ ਆਪਣੀ ਅੰਤਰੀਵ ਜੀਵਨ-ਸ਼ਕਤੀ ਦੇ ਪ੍ਰਵਾਹ ਉਤੇ ਇਹਨਾਂ ਕਾਰਜਾਂ ਨੂੰ ਛੱਡ ਦਿੰਦੇ ਹਾਂ। ਸਾਨੂੰ ਪੂਰਾ ਪੂਰਾ ਗਿਆਨ ਹੈ ਤੇ ਇਸ ਉਤੇ ਭਰੋਸਾ ਕੀਤਾ ਜਾ ਸਕਦਾ ਹੈ। ਜਦੋਂ ਅਸੀਂ ਪ੍ਰਭੂ ਦੇ ਲਗਾਤਾਰ ਸਿਮਰਨ ਦੁਆਰਾ ਆਪਣੇ ਜੀਵਨ ਤੇ ਇਸ ਦੇ ਕਾਰ-ਵਿਹਾਰ ਇਥੋਂ ਤੱਕ ਕਿ ਆਪਣੇ ਆਪ ਨੂੰ ਵੀ ਪ੍ਰਮਾਤਮਾ ਉਤੇ ਛੱਡ ਦਿੰਦੇ ਹਾਂ ਤਾਂ ਕੋਈ ਚੀਜ਼ ਵੀ ਗਲਤ ਨਹੀਂ ਹੋ ਸਕਦੀ।

## ਪ੍ਰੇਮ ਕਰਨ ਵਾਲਾ ਹੀ ਜਿਉਂਦਾ ਹੈ

ਪ੍ਰੇਮ ਤੇ ਦਇਆ ਦੀ ਸ਼ਕਤੀ ਜੇ ਅੰਤਹਿਕਰਣ ਵਿਚ ਇਸ ਤਰ੍ਹਾਂ ਸੰਚਿਤ ਕਰ ਲਈ ਜਾਵੇ ਕਿ ਇਹ ਬੋਧ ਹੋ ਜਾਵੇ ਕਿ ਸ਼ੁਭ ਅਮਲਾਂ ਦੁਆਰਾ ਕਿਵੇਂ ਸਰਬੱਤ ਦਾ ਭਲਾ ਲੋਚਣਾ ਹੈ ਤਾਂ ਇਹ ਸੁਤੇ-ਸਿਧ ਹੀ ਸਾਰੇ ਕਾਰਜ ਕਰਦੀ ਜਾਂਦੀ ਹੈ। ਸਿਮਰਨ ਦੁਆਰਾ ਜੋ ਨਿਰਸੁਆਰਥ ਦੀ ਭਾਵਨਾ ਉਤਪੰਨ ਹੁੰਦੀ ਹੈ, ਉਸ ਨੂੰ ਕੇਵਲ ਚੰਗੇ ਮੰਦੇ ਨਾਮ ਭਰਮਾ ਤੇ ਡਰਾ ਨਹੀਂ ਸਕਦੇ। ਲੋੜ ਪੈਣ 'ਤੇ ਅਸੀਂ ਯੁਧ ਖੇਤਰ ਵਿਚ ਵੀ ਜਾਂਦੇ ਹਾਂ, ਪਰ ਉਥੇ ਵੀ ਸਾਡਾ ਕਰਤੱਵ ਕੁਝ ਇਸ ਤਰ੍ਹਾਂ ਦਾ ਹੁੰਦਾ ਹੈ, ਜਿਵੇਂ ਕੋਈ ਪਹਿਲਵਾਨ ਅਖਾੜੇ ਵਿਚ ਜਾ ਕੇ ਆਪਣੀਆਂ ਛਾਕਾਂ ਉਤੇ ਹੱਥ ਰੱਖ, ਛਾਤੀ ਤਾਣ ਕੇ ਆਪਣੇ ਬਲ ਦਾ ਪ੍ਰਦਰਸ਼ਨ ਕਰਦਾ ਹੈ। ਇਹ ਤਾਂ ਸਰੀਰਕ-ਬਹੁਲਤਾ ਦਾ ਇਕ ਪ੍ਰਵਾਹ ਹੁੰਦਾ ਹੈ ਜੋ ਆਪਣੇ ਕੰਢੇ ਤੋੜ ਕੇ ਆਪਣੇ ਆਪ ਨੂੰ ਪੁਨਰ-ਜੀਵਤ ਕਰਦਾ ਹੈ। ਅਸੀਂ ਉਸ ਯੁਧ ਤੋਂ ਘਿਰਣਾ ਕਰਦੇ ਹਾਂ ਜੋ ਸਾਡੇ ਵਿਅਕਤੀਤਵ ਦੀ ਸ਼ਰਵਉਚ ਸੱਤਾ ਦਾ ਕਤਲ ਕਰਦਾ ਹੈ, ਪਰ ਇਸ ਦੇ ਵਿਪਰੀਤ ਕੁਝ ਅਜਿਹੇ ਲੋਕ ਵੀ ਹਨ ਜੋ ਯੁਧ ਨੂੰ ਜੀਵਨ ਸ਼ਕਤੀ ਦੀ ਸੁਰੱਖਿਆ ਲਈ ਆਵੱਸ਼ਕ ਮੰਨਦੇ ਹਨ। ਸਾਡੇ ਲਈ ਸਭ ਕੁਝ ਇਸ ਉਚੇਰੀ ਜੀਵਨ ਸ਼ਕਤੀ ਦੇ ਪ੍ਰਵਾਹ ਅਨੁਸਾਰ ਠੀਕ ਦਿਸ਼ਾ ਵੱਲ ਨੂੰ ਹੀ ਚਲਦਾ

[illegible] ਹਨ, ਭਾਵੇਂ ਉਹ ਸਿਖ ਹਣ, ਮੁਸਲਮਾਨ ਹਣ ਜਾ ਅਗਨੀ ਪੂਜ। ਗੁਰੂ ਗੋਬਿੰਦ ਸਿੰਘ ਜੀ ਫੁਰਮਾਉਂਦੇ ਹਨ ਕਿ 'ਵਾਸਤਵ ਵਿਚ ਉਹੋ ਹੀ ਜਿਉਂਦਾ ਹੈ, ਜੋ ਪ੍ਰੇਮ ਕਰਦਾ ਹੈ।'

## ਸੰਤ ਪੁਰਸ਼ਾਂ ਦੇ ਬਚਨ ਉਹ ਤੀਰ ਹੁੰਦੇ ਹਨ ਜੋ ਹਿਰਦੇ ਨੂੰ ਵਿੰਨ੍ਹ ਸੁਟਦੇ ਹਨ

ਇਥੋਂ ਤੱਕ ਕਿ ਸਾਦ-ਮੁਰਾਦੇ ਸਿਮਰਨ-ਰੱਤੇ ਜਿਉੜੇ ਦੇ ਸਿਧੇ ਸਾਦੇ ਸ਼ਬਦ ਵੀ ਜਿਗਿਆਸੂਆਂ ਦੀ ਆਤਮਾ ਨੂੰ ਟੁੰਬ ਜਾਂਦੇ ਹਨ ਤੇ ਉਹਨਾਂ ਦਾ ਪ੍ਰਭਾਵ ਉਹਨਾਂ ਤੀਰਾਂ ਵਰਗਾ ਹੁੰਦਾ ਹੈ ਜੋ ਕਿਸੇ ਸ਼ਕਤੀਵਰ ਕਮਾਨ ਵਿਚੋਂ ਚਲਾਏ ਜਾਂਦੇ ਹਨ। ਇਹਨਾਂ ਨਾਲ ਬੰਦਾ ਘਾਇਲ ਹੋ ਜਾਂਦਾ ਹੈ ਤੇ ਉਹ ਕੁਝ ਪੁੱਛਣ ਪੁਛਾਉਣ ਜੋਗਾ ਨਹੀਂ ਰਹਿੰਦਾ। ਇਹ ਗੱਲ ਕੋਈ ਇਕ ਦੋ ਸਾਲ ਲਈ ਨਹੀਂ ਵਾਪਰਦੀ, ਸਗੋਂ ਸਦਾ ਲਈ ਨਿਭਦੀ ਹੈ। ਕੁਝ ਹੋਰ ਨਾ ਪੁੱਛੋ, ਬੱਸ ਨਵਾਂ ਜੀਵਨ ਆਰੰਭ ਕਰੋ। ਇਤਨਾਂ ਕੁਝ ਹੀ ਕਾਫੀ ਹੈ। ਹੁਣ ਤੁਸੀਂ ਉਸ ਪ੍ਰਭੂ ਦੇ ਹੋ ਚੁੱਕੇ ਹੋ। ਉਹ ਤੁਹਾਡਾ ਹੋ ਚੁੱਕਾ ਹੈ। ਤੁਸੀਂ ਉਸ ਉਤੇ ਇਸ ਤਰ੍ਹਾਂ ਭਰੋਸਾ ਰੱਖੋ ਜਿਵੇਂ ਕਿ ਇਸਤਰੀ ਮਰਦ 'ਤੇ ਭਰੋਸਾ ਰਖਦੀ ਹੈ ਜਿਸ ਦੀ ਕਿ ਉਹ ਹੋ ਚੁੱਕੀ ਹੁੰਦੀ ਹੈ।

ਇਹ ਤਾਂ ਸਿਮਰਨ ਦਾ ਅਮਲੀ ਜੀਵਨ ਹੁੰਦਾ ਹੈ ਜੋ ਮਗਨ ਵਿਅਕਤੀਆਂ ਨੂੰ ਸਦਾ ਉਤਸ਼ਾਹਿਤ ਰੱਖਦਾ ਹੈ। ਉਹ ਉਹਨਾਂ ਬੁੱਧੀਜੀਵੀਆਂ ਦੇ ਕੋਲੋਂ ਪਾਸਾ ਵੱਟ ਕੇ ਲੰਘ ਜਾਂਦੇ ਹਨ ਜੋ ਅਸਲੀ ਮਹੱਤਵ ਤੋਂ ਅਭਿੱਜ ਰਹਿ ਕੇ ਸ਼ਬਦਾਂ ਦੇ ਬਾਣ ਚਲਾਉਂਦੇ ਰਹਿੰਦੇ ਹਨ।

## ਆਤਮਿਕ ਜੀਵਨ ਦੀ ਅਨੰਤ ਵੰਨ-ਸੁਵੰਨਤਾ

ਜੀਵਨ ਦਾ ਜੋ ਕੁਝ ਸਾਕਾਰ ਦਿਖਾਈ ਦਿੰਦਾ ਹੈ, ਇਹ ਉਸ ਤੋਂ ਬਹੁਤ ਕੁਝ ਵਧੇਰੇ ਹੁੰਦਾ ਹੈ। ਮਨੁੱਖ ਦਾ ਆਪਣੇ ਆਪੇ ਨੂੰ ਇਕਾਗਰ-ਚਿਤ ਹੋ ਮਹਾਨ ਗੁਰੂ ਨਾਲ ਜੋੜ ਲੈਣਾ ਸਿਮਰਨ ਦੁਆਰਾ ਉਸ ਸ਼ਾਂਤੀ ਤੇ ਸ਼ਕਤੀ ਦਾ ਬਣਦਾ ਜੋੜ ਹੁੰਦਾ ਹੈ ਜਿਸ ਨੂੰ ਕਿ ਅਸੀਂ ਸਿਮਰਨ ਦਾ ਫਲ ਕਹਿ ਸਕਦੇ ਹਾਂ, ਪਰ ਫਿਰ ਵੀ ਇਸ ਪਰਮਾਨੰਦ ਦਾ ਅੰਦਰਲੀ ਗਿਰੀ ਜਾਂ ਕੇਂਦਰ ਬਿੰਦੂ ਸਿਮਰਨ ਹੀ ਹੁੰਦਾ ਹੈ। ਇਸ ਲਈ ਜਦੋਂ ਤੁਸੀਂ ਕਿਸੇ ਇਕੋ ਸੱਚ ਉਤੇ ਆਪਣੇ ਆਪ ਨੂੰ ਕੇਂਦਰਿਤ ਕਰਦੇ ਹੋ ਤੇ ਇਸ ਉਤੇ ਪੂਰਨ ਅਭਿਆਸ ਨਾਲ ਜੁੜਦੇ ਹੋ ਤਾਂ ਇਸ ਸੱਚ ਤੋਂ ਬਹੁਤ ਕੁਝ ਪਰੇ ਦਾ ਵੀ ਤੁਹਾਨੂੰ ਬੋਧ ਹੋ ਜਾਂਦਾ ਹੈ। ਸਿਮਰਨ ਦਾ

ੀ ਤ੍ਰੈਗੁਣ-ਅਤੀਤ ਪਰਮ-ਚੇਤੰਨਤਾ ਹੈ ਜਿਸ ਨੂੰ ਕਿਸੇ ਪ੍ਰਤੀਕਾਂ ਜਾਂ ਚਿੰਨ੍ਹਾਂ ਵਿਚ ਹੀਂ ਬੰਨ੍ਹਿਆ ਜਾ ਸਕਦਾ, ਪਰ ਦੂਜੇ ਅਰਥਾਂ ਵਿਚ ਇਕ ਅਜਿਹਾ ਅਰਧ-ਸੱਚ ਦਾ ਹੈ ਜਿਸ ਨੂੰ ਵਹਿਮ ਭਰਮ ਅਤੇ ਜਜ਼ਬਿਆਂ ਦੇ ਧਾਗਿਆਂ ਨਾਲ ਬੰਨ੍ਹਿਆ ਾਂਦਾ ਹੈ। ਇਕ ਰੂਪ ਵਿਚ ਤਾਂ ਇਹ ਸੰਪੂਰਨ ਪਸ਼ੂ ਜੀਵਨ ਵਾਲਾ ਪੱਧਰ ਹੋ ਕਦਾ ਹੈ ਤੇ ਦੂਜੇ ਅਰਥਾਂ ਵਿਚ ਪੂਰਨ ਨਿਰਵਾਣ ਦਾ। ਕਿਸੇ ਸਮੇਂ ਇਹ ਦਾਲ ਟੀ ਦੇ ਕਰਮ ਨਾਲ ਜੁੜਿਆ ਹੁੰਦਾ ਹੈ ਤੇ ਦੂਜੇ ਸਮੇਂ ਮੌਤ ਵਰਗੀ ਭੁੱਖਮਰੀ ਾਲ। ਤੁਸੀਂ ਇਸ ਆਵੇਸ਼-ਗਤ ਪ੍ਰੇਰਨਾ (ਅੰਬਰੀ ਕਾਂਗ) ਨੂੰ ਕਿਸੇ ਇਕ ਰੂਪ ਾਂ ਮਨੋਦਸ਼ਾ ਨਾਲ ਨਹੀਂ ਜੋੜ ਸਕਦੇ। ਇਸ ਲਈ ਇਸ ਸੰਬੰਧੀ ਤੁਹਾਡਾ ਸਾਰਾ ਲਸਫ਼ਾ ਤੇ ਦਰਸ਼ਨ ਦੂਰੋਂ ਹੀ ਪਰਬਤ ਸਿਖਰਾਂ ਦੇ ਮਨੋਹਰ ਦ੍ਰਿਸ਼ ਨੂੰ ਵੇਖਣ ਮਾਨ ਹੈ। ਕਦੀ ਤੁਸੀਂ ਉਹਨਾਂ ਨੂੰ ਸੂਰਜ ਦੀ ਸੁਨਹਿਰੀ ਧੁੱਪ ਵਿਚ ਤੱਕਦੇ ਹੋ, ਦੀ ਗਾੜ੍ਹੀ ਧੁੰਦ ਵਿਚ। ਰੰਗਾਂ ਰੂਪਾਂ ਦੀ ਇਹ ਅਨੰਤ ਰੂਪ ਦੀ ਵੰਨ-ਸੁਵੰਨਤਾ ੀ ਤੁਹਾਡੇ ਸਮਿਤ-ਸ਼ਾਬਦਿਕ ਵਰਣਨ ਵਿਚ ਸਾਕਾਰ ਹੁੰਦੀ ਹੈ। ਇਸ ਦੇ ਵੰਨ-ਵੰਨੇ ਰੰਗਾਂ ਨੂੰ ਨਾ ਤਾਂ ਤੁਹਾਡੇ ਸੁਰਾਂਗਲੇ ਚਿੱਤਰ ਹੀ ਪੂਰੀ ਤਰ੍ਹਾਂ ਸਾਕਾਰ ਕਰ ਕਦੇ ਹਨ ਤੇ ਨਾ ਹੀ ਤੁਹਾਡੀ ਕਵਿਤਾ। ਭਾਵੇਂ ਉਹ ਕਿੰਨੇ ਵੀ ਸੰਗੀਤਮਈ ਾਲਾਂ ਤੇ ਅਲੰਕਾਰਾਂ ਵਿਚ ਸੰਗਠਿਤ ਕਿਉਂ ਨਾ ਹੋਵੇ। ਜੋ ਕੁਝ ਵੀ ਸਾਨੂੰ ਆਤਮਾ ਵਿਚ ਡੂੰਘੇ ਅਨੁਭਵ ਦੇ ਰੂਪ ਵਿਚ ਪ੍ਰਾਪਤ ਹੁੰਦਾ ਹੈ, ਉਹ ਸਾਡੇ ਸ਼ਬਦਾਂ ; ਹੰਝੂਆਂ ਤੋਂ ਵਧੇਰੇ ਡੂੰਘੇਰਾ ਤੇ ਗਹਿਰ-ਗੰਭੀਰ ਹੁੰਦਾ ਹੈ। ਜਦੋਂ ਅਸੀਂ ਕਿਸੇ ੇਸ ਵਸਤੂ ਦਾ ਪੂਰਾ ਪੂਰਾ ਵਰਣਨ ਨਹੀਂ ਕਰ ਸਕਦੇ ਜਿਸ ਨੂੰ ਕਿ ਅਸੀਂ ਚੰਗੀ ਰ੍ਹਾਂ ਵੇਖਦੇ ਭਾਖਦੇ ਹਾਂ ਤਾਂ ਫਿਰ ਆਤਮਾ ਦੀਆਂ ਦਸ਼ਾਵਾਂ ਤੇ ਵਰਤਾਰਿਆਂ ਬਾਰੇ ੀਕ ਵੇਰਵੇ ਦੇ ਕੇ ਕਥਨ ਕਰ ਸਕਣਾ ਕਿਵੇਂ ਸੰਭਵ ਹੋ ਸਕਦਾ ਹੈ ? ਇਸ ੇ ਤਾਂ ਅੰਸ਼ਕ ਝਲਕਾਰੇ ਹੀ ਕਥਨ ਕੀਤੇ ਜਾ ਸਕਦੇ ਹਨ ਕਿਉਂਜੋ ਇਹ ਸਭ ੁਝ ਅੰਬਰੀ ਕਾਂਗ ਅਧੀਨ ਹੀ ਵਾਪਰ ਰਿਹਾ ਹੁੰਦਾ ਹੈ। ਸਿਮਰਨ ਤਾਂ ਪ੍ਰੇਮ ਦੀ ਰਨਾ ਦੇ ਪ੍ਰਕਾਸ਼ ਵਿਚ ਮਨੁੱਖ ਦਾ ਜਗਮਗਾ ਉਠਣਾ ਹੈ।

ਅਬੋਲ ਭਾਸ਼ਾ

ਅਬੋਲ ਰਹਿ ਕੇ ਵਿਚਰਨ ਦਾ ਯਤਨ ਕਰੋ। ਨਾਮ ਰੱਤਾ ਜੀਵਨ ਹੀ ਆਪਣੇ ਆਪ ਵਿਚ ਸਭ ਤੋਂ ਵੱਡੀ ਅਭੀਵਿਅਕਤੀ ਹੈ। ਹੁਣ ਤੇ ਹੋਂਦ ਦਾ ਅਹਿਸਾਸ ਦਾ ਸਾਰ ਜਾਂ ਆਧਾਰ ਨਹੀਂ ਹੈ (ਉਸ ਦਾ ਹੋ ਰਹਿਣਾ ਹੀ ਭਰੋਸੇ ਦਾ ਸਾਰ ਨਹੀਂ ਹੈ)।

ਦੂਰ ਪਰੇ ਉਹ ਧਨੁੱਖਧਾਰੀ ਬੈਠਾ ਹੈ। ਉਧਰ ਤੱਕੋ ! ਕੀ ਉਸ ਦੇ ਤੀਰ ਨੇ ਤੁਹਾਨੂੰ ਵਿੰਨ੍ਹ ਸੁਟਿਆ ਹੈ ?

## ਬੁੱਧ ਦਾ ਸੁੰਦਰ ਸਰੂਪ

ਬੁੱਧ ਜੀ ਦੇ ਜੀਵਨ ਦਾ ਸੱਚ ਉਹਨਾਂ ਦੇ ਸੁੰਦਰ ਸਰੂਪ ਤੋਂ ਹੀ ਪ੍ਰਗ ਹੋ ਜਾਂਦਾ ਹੈ।

ਬੋਧੀਸਤਵ ਤੇ ਬੁੱਧ ਦੀਆਂ ਪੱਥਰ-ਮੂਰਤੀਆਂ ਦੇ ਕਲਾਧਾਮ ਵਿਚ ਪ੍ਰਵੇ ਕਰਕੇ ਇਸ ਤਰ੍ਹਾਂ ਦਾ ਮਹਾਂ-ਅਨੰਦ ਅਨੁਭਵ ਹੁੰਦਾ ਹੈ ਜਿਵੇਂ ਇਹਨਾਂ ਪੱਥਰ ਬੁੱਤਾਂ ਵਿਚ ਸ਼ਾਂਤੀ ਧੜਕ ਰਹੀ ਹੋਵੇ। ਇਥੇ ਬੈਠ ਕੇ ਇਹਨਾਂ ਮੂਰਤੀਆਂ ਤੱਕਦਿਆਂ ਸਾਡੇ ਮਨਾਂ ਉਤੇ ਵਿਸਮਾਦ ਦਾ ਰੰਗ ਛਾ ਜਾਂਦਾ ਹੈ ਅਤੇ ਅਸੀਂ ਇ ਅਜਿਹੇ ਦੈਵੀ-ਸਮੂਹ ਦੇ ਮਹਾਂ-ਮੰਡਲ ਨਾਲ ਜੁੜ ਜਾਂਦੇ ਹਾਂ ਜਿਥੇ ਅਖੁੱਟ ਸ਼ਾਂ ਦਾ ਪਹਿਰਾ ਹੈ। ਇਹ ਮਨੋਦਸ਼ਾ ਭਾਵੇਂ ਥੋੜ੍ਹੇ ਚਿਰ ਲਈ ਹੀ ਰਹੇ, ਇਥੇ ਅ ਕੇ ਇਸ ਪਰਮ ਸ਼ਾਂਤੀ ਦਾ ਆਭਾਸ ਜ਼ਰੂਰ ਹੋ ਜਾਂਦਾ ਹੈ। ਇਸ ਅਦਭੁੱਤ ਬੁੱ ਸੰਗਮ ਵਿਚ ਬੁੱਧ ਆਪ ਹੀ ਧਿਆਨ ਦੇ ਕੇਂਦਰ ਹਨ ਅਤੇ ਇਥੇ ਸਦੀਵੀ ਪਰਮ ਸ਼ਾਂਤੀ ਤੇ ਦੈਵੀ ਦਇਆ ਭਾਵਨਾ ਦਾ ਪ੍ਰਸਾਰ ਨਿੱਤ ਹੁੰਦਾ ਰਹਿੰਦਾ ਹੈ। ਇ ਕਲਾ ਦੇ ਸਿਖਰ ਦੇ ਮਹੱਤਵ ਦਾ ਬੋਧ ਹੁੰਦਾ ਹੈ।

ਸ਼ਾਂਤੀ ਦਾ ਇਹ ਛੋਟਾ ਜਿਹਾ ਛਿਣ ਬੁੱਧ ਤੇ ਉਸ ਦੇ ਅਨਿਨ ਭਗ ਦੇ ਜੀਵਨ ਦੀ ਘਾਲ ਦਾ ਫਲ ਹੈ। ਵਾਸਤਵ ਵਿਚ ਇਹੋ ਹੀ ਬੁੱਧ ਦਾ ਸੰਪੂਰ ਜੀਵਨ ਹੈ।

ਬੁੱਧ ਦੇ ਇਸ ਪ੍ਰਭੂ ਸਮਾਨ ਪ੍ਰਕਾਸ਼ਮਾਨ ਮੁਖੜੇ ਦੀ ਛਵੀ ਤੋਂ ਬਿਨਾਂ ਬੋਧ ਸਾਹਿਤ ਦਾ ਹਾਥੀ ਦੇ ਲੱਦ ਦਾ ਭਾਰ ਵੀ ਅਰਥਹੀਣ ਹੈ। ਬੋਧੀ-ਸਤਵਾਂ ਦ ਜੀਵਨ-ਗਾਥਾ ਦਾ ਸੰਪੂਰਨ ਸੰਗ੍ਰਹਿ ਜੋ ਭਾਵੇਂ ਕਿੰਨੀਆਂ ਵੀ ਉਚ ਨੈਤਿਕ ਸਿਖਿਆਵਾਂ ਨਾਲ ਭਰਪੂਰ ਹੈ, ਇਸ ਸੁੰਦਰ ਮੁਖੜੇ ਦੀ ਸ਼ਾਨ ਤੋਂ ਬਿਨਾਂ ਅਪੂਰ ਰਹਿੰਦਾ ਹੈ।

ਬੁੱਧ ਜੀ ਦੀ ਸੱਚੀ ਜੀਵਨ-ਗਾਥਾ ਤਾਂ ਉਹ ਆਪ ਹੀ ਹਨ।

## ਪ੍ਰੇਮ ਦੇ ਅਨੇਕ ਰੰਗ, ਪਰ ਇਕੋ ਅਪ੍ਰਵਰਤਨਸ਼ੀਲ ਚਿਹਰਾ

ਸੰਤ ਮਹਾਂ-ਪੁਰਸ਼ਾਂ ਦੇ ਸਾਧਕਾਂ ਦਾ ਜੀਵਨ ਇਕ ਅਜਿਹੇ ਇਸਤਰੀ ਜ ਪੁਰਸ਼ ਦੀ ਅਪ੍ਰਵਰਤਨਸ਼ੀਲ ਜੀਵਨ-ਕਥਾ ਹੁੰਦੀ ਹੈ ਜਿਸ ਦਾ ਕਿ ਗੁਰੂ ਨਾ ਅਗਾਧ ਪ੍ਰੇਮ ਹੁੰਦਾ ਹੈ। ਉਹਨਾਂ ਦੇ ਬਚਨ ਹੀ 'ਬਾਣੀ' ਦੇ ਸ਼ਬਦ ਅਤੇ ਉਹਨ ਦੇ ਕਰਮ 'ਪੂਜਾ' ਹੁੰਦੇ ਹਨ। ਉਹਨਾਂ ਦਾ ਧਰਮ ਤੇ ਕਲਾ ਪ੍ਰੇਮ ਕਰਨਾ, ਨਾ

[illegible] ਗੁਰੂ ਅਰਜਨ ਦੇਵ ਜੀ ਗਉੜੀ ਸੁਖਮਨੀ ਦੇ ਨੌਵੇਂ ਸਲੋਕ ਵਿਚ ਫੁਰਮਾਉਂਦੇ ਹਨ :

ਉਰਿ ਧਾਰੈ ਜੋ ਅੰਤਰਿ ਨਾਮੁ।
ਸਰਬ ਮੈ ਪੇਖੈ ਭਗਵਾਨੁ।
ਨਿਮਖ ਨਿਮਖ ਠਾਕੁਰ ਨਮਸਕਾਰੈ।
ਨਾਨਕ ਓਹ ਅਪਰਸੁ ਸਗਲ ਨਿਸਤਾਰੈ।

ਅਜਿਹੇ ਸੰਤ-ਪੁਰਸ਼ ਆਪਣੇ ਗੁਰੂ ਦੀ ਰਜ਼ਾ ਵਿਚ ਰਹਿੰਦੇ ਹਨ ਅਤੇ ਉਸ ਦੀ ਰਜ਼ਾ ਦੀ ਪੂਰਤੀ ਲਈ ਇਹਨਾਂ ਵਿਅਕਤੀਆਂ ਦੇ ਹੱਥ ਪੈਰ ਸਾਧਨ ਮਾਤਰ ਹੀ ਹੁੰਦੇ ਹਨ। ਉਹ ਆਤਮਾ ਦੀ ਸ਼ਾਂਤੀ ਸੰਚਿਤ ਕਰਨ ਲਈ ਉਸੇ ਤਰ੍ਹਾਂ ਮਿਹਨਤ ਕਰਦੇ ਹਨ ਜਿਵੇਂ ਕਿ ਉਹ ਮਨੁੱਖਤਾ ਲਈ ਲੰਗਰ-ਪਾਣੀ ਦਾ ਪ੍ਰਬੰਧ ਕਰਨ ਲਈ ਕਿਰਤ ਕਰਦੇ ਹਨ। ਕਲਾ ਅਤੇ ਕਿਰਤ ਦੋਵੇਂ ਹੀ ਆਪਣੀ ਆਤਮਾ ਨੂੰ ਇਕਾਗਰ-ਚਿਤ ਕਰਨ ਲਈ ਉਸ ਪ੍ਰਭੂ-ਪ੍ਰੀਤਮ ਦੀ ਖ਼ਾਤਰ ਕੀਤੇ ਜਾਂਦੇ ਹਨ, ਜੋ ਪਰਮ-ਸੁੰਦਰ ਹੈ। ਮੇਰੇ ਆਪਣੇ ਜੀਵਨ ਲਈ ਤਾਂ ਕੇਵਲ ਸਿਮਰਨ ਦੀ ਕਲਾ ਹੀ ਕਾਫੀ ਹੈ ਅਤੇ ਬਾਕੀ ਸਭ ਕਲਾਵਾਂ ਮੇਰੀ ਆਤਮਾ ਦੇ ਵਿਭਿੰਨ ਰੂਪ ਦੇ ਅੰਦਰ ਪ੍ਰਗਟਾਉ ਹੀ ਹਨ।

## ਮਨੁੱਖ ਦਾ ਆਪ ਮੁਹਾਰਾ ਖੇੜਾ

ਮਨ ਦੀ ਇਕਾਗਰਤਾ ਤਾਂ ਇਕ ਤਰ੍ਹਾਂ ਦਾ ਸਰੀਰਕ ਅਭਿਆਸ ਹੈ, ਪਰ ਆਤਮਾ ਦੀ ਇਕਾਗਰਤਾ ਸਦਾ ਆਪ ਮੁਹਾਰੇ ਹੋਂਦ ਵਿਚ ਆਉਂਦੀ ਹੈ। ਇਹ ਸੁਨਹਿਰੀ ਧੁੱਪ ਦੇ ਖੇੜੇ ਵਿਚ ਪ੍ਰਗਟ ਹੁੰਦੀ ਹੈ।

## ਗੁਰੂ ਨਾਨਕ ਦੀ ਮੂਰਤ

ਇਹਨਾਂ ਦਸਾਂ ਹਸਤੀਆਂ ਦੇ ਪਵਿੱਤਰ ਨਾਮ ਸਾਡੀ ਯਾਦ ਵਿਚ ਇਕ ਨਿੱਜੀ ਪ੍ਰੇਮ ਦੇ ਭਾਵਕ ਪ੍ਰਵਾਹ ਵਿਚ ਸਦਾ ਸਜੀਵ ਹਨ। ਇਹੀ ਸਾਡੇ ਜਨਮ-ਦਾਤੇ ਤੇ ਸਾਡੇ ਪਾਲਣਹਾਰ ਹਨ। ਹਰ ਸਿੱਖ ਘਰ ਵਿਚ ਮਨੁੱਖ ਦੀ ਸੂਰਤ ਵਿਚ ਗੁਰੂ ਨਾਨਕ ਦਾ ਸਰੂਪ ਹੀ ਦਿਖਾਈ ਦੇਣਾ ਚਾਹੀਦਾ ਹੈ।

## ਪ੍ਰੇਮ-ਗੀਤ ਸਾਡਾ ਸਮੁੱਚਾ ਸਭਿਆਚਾਰ

''ਧੰਨ ਗੁਰੂ ਨਾਨਕ ! ਧੰਨ ਗੁਰੂ ਨਾਨਕ !'' ਇਹ ਹੈ ਉਹ ਉਚੀ

ਦੀ ਹਦ ਵਾਹ ਪਈ ਲਗ ਉਤਪਨ ਹੁੰਦਾ ਹੈ ਤਾਂ ਅਸੀਂ ਕਬੀਰ ਜੀ ਵਾਂਗ ਕੂਕ ਉਠਦੇ ਹਾਂ ਜਿਨ੍ਹਾਂ ਦਾ ਕਥਨ ਹੈ :

"ਕਬੀਰ ਤੂੰ ਦੋ ਅੱਖਰਾਂ ਦੇ ਨਾਮ ਰਾਮ-ਰਾਮ ਦਾ ਜਾਪ ਕਰਦਾ ਰਹੋ, ਜੇ ਤੇਰਾ ਉਹ ਸਾਈਂ ਹੋਵੇਗਾ ਤਾਂ ਉਹ ਆਪੇ ਹੀ ਤੈਨੂੰ ਰੱਖ ਲਵੇਗਾ।"

ਕਬੀਰ ਅੱਖਰ ਦੋਹੇ ਭਾਖੁ।
ਹੋਇਗਾ ਖਸਮੁ ਤਾਂ ਲਏਗਾ ਰਾਖੁ।।

ਅਸੀਂ ਦਸ ਮਹਾਨ ਗੁਰੂ ਸਾਹਿਬਾਨ ਨੂੰ ਪੁਕਾਰਦੇ ਰਹਿੰਦੇ ਹਾਂ ਜਿਨ੍ਹਾਂ ਨੇ ਇਥੇ ਆ ਕੇ ਸਾਨੂੰ ਪ੍ਰੇਮ ਕੀਤਾ, ਸਾਡੀ ਸੇਵਾ ਕੀਤੀ, ਸਾਡੀ ਰੱਖਿਆ ਕੀਤੀ ਅਤੇ ਸਾਨੂੰ ਸੁਤੰਤਰ ਮਨੁੱਖ ਬਣਾ ਦਿੱਤਾ।

## ਜਾਗਤ ਜੋਤ

ਸਿਮਰਨ ਦੀ ਲਗਾਤਾਰਤਾ ਵਿਚ ਸਿਧਾ ਸਾਦਾ ਜੀਵਨ ਬਿਤਾਉਣ ਤੋਂ ਬਿਨਾਂ ਤੀਬਰ ਪ੍ਰੇਮ ਦੀ ਦਿਲੀ ਧੜਕਣ ਤੋਂ ਪ੍ਰਾਪਤ ਹੋਈ ਸਹਿਜ ਸ਼ਾਂਤੀ ਜੋ ਸਭ ਦਾ ਭਲਾ ਲੋਚਦੀ ਹੈ ਤੇ ਵਿਵਹਾਰ ਦੀ ਉਹ ਮਿੱਠਤ ਜੋ ਸਭ ਵਿਚ ਇਕੋ ਪ੍ਰਭੂ ਨੂੰ ਰਮਿਆ ਹੋਇਆ ਵੇਖਦੀ ਹੈ, ਸਿੱਖੀ ਜੀਵਨ ਦੇ ਪ੍ਰਮੁੱਖ ਅੰਗ ਹਨ। ਇਸ ਅਸਾਧਾਰਣ ਰੂਪ ਦੀ ਪਰਮ ਸ਼ਾਂਤੀ ਵਿਚ ਇਕ ਸਾਧਾਰਨ ਸਿੱਖ ਦੇ ਨੈਣਾਂ ਵਿਚ ਅੰਤਰ-ਦ੍ਰਿਸ਼ਟੀ ਦਾ ਉਹ ਰਹੱਸਵਾਦੀ ਪ੍ਰਕਾਸ਼ ਹੁੰਦਾ ਹੈ ਜੋ ਸਰਵ-ਗਿਆਤਾ ਹੈ। ਇਕ ਸਿੱਖ ਦੇ ਜੀਵਨ ਵਿਚ ਕੋਈ ਵੀ ਅਜਿਹੀ ਘਟਨਾ ਨਹੀਂ ਹੁੰਦੀ ਜੋ ਉਸ ਦੇ ਵਜੂਦ ਤੋਂ ਬਾਹਰਵਾਰ ਵਾਪਰਦੀ ਹੈ।

## ਸਿੱਖ ਇਕ ਅੰਤਰ-ਦ੍ਰਿਸ਼ਟੀ

ਜਿਥੇ ਵੀ ਕੋਈ ਸਿੱਖ ਵਸਦਾ ਹੈ, ਉਥੇ ਉਹ ਉਸ ਛਾਂ-ਦਾਰ ਬ੍ਰਿਛ ਦੀ ਨਿਆਈਂ ਹੁੰਦਾ ਹੈ ਜਿਸ ਦੇ ਹੇਠ ਧੁੱਪ ਦੇ ਸਤਾਏ ਤੇ ਤ੍ਰਿਹਾਏ ਰਾਹੀ-ਮੁਸਾਫਰ, ਭਾਵੇਂ ਉਹ ਕਿਸੇ ਵੀ ਜਾਤੀ ਦੇ ਹੋਣ, ਆ ਕੇ ਵਿਸ਼ਰਾਮ ਕਰਦੇ ਹਨ ਤੇ ਸੁਖ ਅਨੰਦ ਮਾਣਦੇ ਹਨ। ਫਿਰ ਉਠ ਕੇ ਜਦੋਂ ਉਹ ਮੁਸਾਫਰ ਉਥੋਂ ਜਾਣ ਲਗਦਾ ਹੈ ਤਾਂ ਉਸ ਨੂੰ ਅਸੀਸਾਂ ਦਿੰਦਾ ਹੈ। ਆਪਣੇ ਧਿਆਨ ਵਿਚ ਮਗਨ ਉਸ ਮੁਸਾਫਰ ਨੂੰ ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਉਹ ਸਿੱਖ ਵੀ ਉਸ ਨਾਲ ਆ ਰਿਹਾ ਉਸ ਨੂੰ ਆਸ਼ੀਰਵਾਦ ਦਿੰਦਾ ਹੋਇਆ ਉਸ ਨੂੰ ਜੀਅ ਦਾਨ ਕਰ ਰਿਹਾ ਹੋਵੇ। ਇਸ ਤਰ੍ਹਾਂ ਉਸ ਨੂੰ ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਮੌਤ ਤੋਂ ਪਰੇ ਦੇ ਸੜਦੇ ਬਲਦੇ ਮਾਰੂਥਲ ਵਿਚ ਵੀ ਉਹ ਸਿੱਖ ਉਸ ਉਤੇ ਠੰਡੀ ਛਾਂ ਕਰ ਰਿਹਾ ਹੋਵੇ। ਤਦੋਂ

## ਖ਼ਾਲਸਾ ਅਦ੍ਰਿਸ਼ਟ ਸਹਾਇਕ

(ਖ਼ਾਲਸਾ ਇਕ ਅਜਿਹਾ ਅਦ੍ਰਿਸ਼ਟ ਸਹਾਇਕ ਹੈ ਜੋ ਲੋਕ ਨਾਲੋਂ ਪਰਲੋਕ ਵਿਚ ਵਧੇਰੇ ਸਹਾਈ ਹੁੰਦਾ ਹੈ।)

ਇਸ ਜਗਤ ਵਿਚ ਸਿੱਖ ਵੀ ਬਹੁਤ ਥੋੜ੍ਹੇ ਹਨ ਅਤੇ ਖ਼ਾਲਸਾ ਤਾਂ ਕੋਈ ਟਾਵਾਂ-ਟਾਵਾਂ ਹੀ ਹੈ। ਸਿੱਖ ਤੇ ਖ਼ਾਲਸਾ-ਮੰਡਲ ਦੋਵੇਂ ਹੀ ਆਤਮਿਕ ਪ੍ਰੇਰਨਾ ਦੇ ਸੋਮੇ ਹਨ। ਦੋਵੇਂ ਹੀ ਰੱਬੀ ਮਿਹਰ ਦੇ ਵਾਹਨ ਹਨ ਅਤੇ ਦੋਵੇਂ ਹੀ ਦੈਵੀ ਪ੍ਰਕਾਸ਼ ਨਾਲ ਭਰਪੂਰ ਹਨ, ਜੋ ਕਦੀ ਕਦੀ ਮਨੁੱਖਤਾ ਵਿਚ ਵਿਚਰ ਕੇ ਆਪਣੀ ਝਲਕ ਦਰਸਾਉਂਦੇ ਹਨ। ਇਹ ਪੂਰਨ ਮਨੁੱਖਤਾ ਦਾ ਦੈਵੀ ਸਰੂਪ ਹੁੰਦਾ ਹੈ। ਜਿਹੜੇ ਵੀ ਦੇਵਤੇ ਗੁਰੂ ਜੀ ਦੇ ਸੰਪਰਕ ਵਿਚ ਆਏ, ਉਹਨਾਂ ਦਾ ਇਹ ਇਹੋ ਹੀ ਇਕ ਸੁਪਨ-ਆਦਰਸ਼ ਸੀ ਕਿ ਮਨੁੱਖ ਵਿਚ ਵਿਅਕਤੀਗਤ ਤੇ ਸਮੂਹਕ ਦੋਹਾਂ ਰੂਪਾਂ ਵਿਚ ਅਜਿਹੀ ਪੂਰਨਤਾ ਆ ਜਾਵੇ। ਇਸ ਆਦਰਸ਼ਕ ਜੀਵਨ ਯਾਤਰਾ ਵਿਚ ਜਿਹੜੇ ਦੇਵਤੇ ਸੰਸਾਰ ਵਿਚ ਸਹਾਇਕ ਦਾ ਕਰਤੱਵ ਨਿਭਾਉਣ ਲਈ ਗੁਰੂ ਜੀ ਨੇ ਆਪਣੇ ਨਾਲ ਜੋੜੇ, ਉਹੋ ਹੀ ਖ਼ਾਲਸਾ ਬਣੇ।

ਸਤਿ ਸ੍ਰੀ ਅਕਾਲ।।
ਵਾਹਿਗੁਰੂ ਜੀ ਕਾ ਖ਼ਾਲਸਾ
ਵਾਹਿਗੁਰੂ ਜੀ ਦੀ ਫਤਹਿ।।

(ਖ਼ਾਲਸਾ ਗੁਰੂ ਦਾ ਹੈ। ਇਸ ਦੀ ਸਾਰੀ ਸ਼ਾਨ ਗੁਰੂ ਜੀ ਦੀ ਬਖ਼ਸ਼ੀ ਹੋਈ ਹੈ ਅਤੇ ਗੁਰੂ ਜੀ ਦੀ ਸਾਰੀ ਸ਼ਾਨ ਉਸ ਦਾ ਖ਼ਾਲਸਾ ਹੈ।)

ਆ !
ਜਦਕਿ ਸਾਗਰ
ਉਛਾਲੇ ਵਿਚ ਹੈ,
ਇਸ ਦੀਆਂ ਗੁਸੈਲੀਆਂ ਲਹਿਰਾਂ ਵਿਚ
ਨਿੱਕੀ ਚਿੱਟੀ ਕਿਸ਼ਤੀ
ਸੁਰੱਖਿਅਤ ਤਰ ਰਹੀ ਹੈ
ਅਤੇ ਇਸ ਵਿਚ,
ਮਨੁੱਖ ਝੋਲੇ ਪਿਆ ਖਾਂਦਾ ਹੈ
ਜਿਵੇਂ ਨਿੱਕੇ ਪੰਘੂੜੇ ਵਿਚ,
ਅਗਿਆਤ ਬਾਂਹਾਂ-ਖਤਰਿਆਂ ਵਿਚ ਵੀ
ਜਿਸ ਦੀਆਂ ਰੱਖਿਅਕ !
ਹੋਰ ਕਿਸੇ ਲਈ ਭਾਵੇਂ
ਉਹ ਕੁਝ ਵੀ ਹੋਵੇ
ਮੇਰੇ ਲਈ ਤਾਂ
ਉਹ ਇਸ ਖ਼ਤਰੇ-ਭਰੀ ਖ਼ੁਸ਼ੀ ਵਿਚ
ਮੇਰਾ ਰੱਖਣਹਾਰ ਹੈ।
ਮੌਤ ਦੇ ਜਬਾੜ੍ਹਿਆਂ ਵਿਚ
ਮੇਰਾ ਰੱਖਿਅਕ ਸ਼ਹਿਨਸ਼ਾਹ !

ਆ !
ਜਦਕਿ ਮਨੁੱਖ ਅੰਦਰ
ਲਹੂ ਦੀ ਵਹਿਣ-ਗਤੀ
ਅੰਤਿਮ ਹੱਦ ਤੱਕ
ਧੀਮੀ ਪੈ ਗਈ ਹੈ
ਜਿਵੇਂ ਸਿਆਲ ਵਿਚ ਸੁੰਗੜ ਚੁੱਕੀ
ਨਦੀ ਦੀ ਧਾਰ
ਅਤੇ ਇਕ ਨਿੱਕਾ ਥੱਕਿਆ ਦਿਲ
ਇਹਦੇ ਖ਼ੁਸ਼ਕ ਬੁੱਲ੍ਹਾਂ ਦੇ ਕੰਢਿਆਂ 'ਤੇ
ਉਡੀਕ ਕਰਦਾ ਹੈ
ਡੁੱਬਣ ਦੀ ਆਪਣੇ ਆਪ ਵਿਚ

ਉਦਾਸ ਛਿਣ ਵਿਚ
ਬੱਤੀ, ਤੇਲ
ਅਤੇ ਉਸ ਜਗਮਗਾਂਦੀ ਚੰਗਿਆੜੀ ਦਾ
ਦੇਵਣਹਾਰ ਹੈ।

ਆ !
ਜਦ ਕਿ ਪਾਰਸਾਵਾਂ ਦਾ
ਸਾਰਾ ਸੰਸਾਰ
ਇਕ ਪਾਪੀ ਨੂੰ
ਪੱਥਰ ਮਾਰ ਕੇ ਮਾਰਨ ਲਈ
ਆ ਜੁੜਿਆ ਹੈ;
ਆ !
ਜਦ ਉਹਨਾਂ ਨੇ ਉਸ ਦੇ
ਹੱਥ ਤੇ ਪੈਰ ਬੰਨ੍ਹ ਦਿੱਤੇ ਹਨ
ਅਤੇ ਮਜ਼ਲੂਮ
ਆਪਣੀਆਂ ਅੱਖਾਂ ਉਤਾਂਹ ਚੁੱਕੀ
ਤੇਰੇ ਵੱਲ ਤੱਕ ਰਿਹਾ ਹੈ,
ਹੋਰ ਕਿਸੇ ਲਈ
ਭਾਵੇਂ ਉਹ ਕੁਝ ਵੀ ਹੋਵੇ,
ਮੇਰੇ ਲਈ ਤਾਂ ਉਹ
ਮੌਤ ਦੀ ਉਸ ਬਿਖਮ ਘੜੀ ਵਿਚ
ਮੇਰੀ ਲੱਜਾ ਅਤੇ ਬੇਹਯਾਈ ਦਾ
ਕੱਜਣਹਾਰ ਹੈ,
ਰੱਜ ਕੇ ਮੇਰੇ ਔਗੁਣਾਂ ਨੂੰ
ਪਿਆਰਨ ਵਾਲਾ।

ਆ !
ਜਦਕਿ ਇਕ ਅਬਲਾ ਦੇ ਨੈਣ

ਭਾਵੇਂ ਉਹ ਕੁਝ ਵ੍ਹੀ ਹੋਵੇ,
ਮੇਰੇ ਲਈ ਤਾਂ ਉਹ
ਇਕ ਨਿਆਸਰੀ ਤੀਵੀਂ ਦਾ
ਪਤੀ ਹੈ !

ਆ !
ਜਦਕਿ ਮੇਰੀਆਂ ਆਪਣੀਆਂ
ਤ੍ਰਿਸ਼ਨਾਵਾਂ ਦੇ ਘਣੇ ਦੁੱਖ
ਮੇਰੇ ਵਸੋਂ ਬ਼ਾਹਰੇ ਹੋ ਗਏ ਹਨ,
ਜਦਕਿ ਮੇਰਾ
ਅੰਦਰਲਾ ਵਹਿਸ਼ੀ ਮੂੰਹ ਖੋਲ੍ਹ
ਮੇਰੇ ਉਪਰ ਲਪਕ ਪਿਆ ਹੈ
ਅਤੇ ਆਪਣੇ ਸ਼ਿਕਾਰ ਦੇ
ਤਨ ਵਿਚ ਪੰਜੇ ਖੋਭ
ਨਿੱਠ ਕੇ ਬੈਠ ਗਿਆ ਹੈ,
ਆਪਣੇ ਆਪ ਨੂੰ ਨਿਘਾਰਨ ਲਈ;
ਹੋਰ ਕਿਸੇ ਲਈ
ਭਾਵੇਂ ਉਹ ਕੁਝ ਵੀ ਹੋਵੇ
ਮੇਰੇ ਲਈ ਤਾਂ
ਉਹ ਇਕ ਸ਼ਿਕਾਰੀ ਹੈ
ਜਿਸ ਦੇ ਸੋਨੇ ਦੀਆਂ ਅਣੀਆਂ ਵਾਲੇ ਤੀਰ
ਪ੍ਰਭੂ ਖ਼ਾਤਰ
ਉਸ ਜਾਨਵਰ ਨੂੰ
ਪਾੜ ਜਾਂਦੇ ਹਨ,
ਇਕ ਮਾਰੂ ਜ਼ਖ਼ਮ ਕਰਕੇ;
ਮੈਂ ਉਸ ਜੰਗਲੀ ਹੈਵਾਨ ਤੋਂ
ਮਨੁੱਖ ਬਣ ਜਿਉ ਉਠਿਆ ਹਾਂ
ਜਿਹੜਾ ਕੁਝ ਪਲ ਪਹਿਲਾਂ,

ਗਰਜ ਤੇ ਦਹਾੜ ਕੇ
ਦਮ ਤੋੜ ਗਿਆ ਹੈ !

ਆ !
ਜਦਕਿ ਸਹਿਸ ਕਿਸਾਨਾਂ,
ਇਸਤਰੀ, ਪੁਰਸ਼ਾਂ ਅਤੇ ਬੱਚਿਆਂ
ਦੀਆਂ ਕੋਟ ਅੱਖਾਂ
ਆਕਾਸ਼ ਵੱਲ ਵਰਖਾ ਦੀ
ਸਿਕ ਵਿਚ ਲੱਗੀਆਂ ਹੋਈਆਂ ਹਨ
ਅਤੇ ਇਕ ਛੋਟਾ ਹੰਝੂ
ਉਹਨਾਂ ਦੀਆਂ ਅੱਖਾਂ ਵਿਚ
ਉਤਰਦਾ ਤੇ ਸੁਕਦਾ ਹੈ
ਜਦਕਿ ਇਕ ਊਦਾ ਬੱਦਲ
ਹੱਥ ਦੇ ਆਕਾਰ ਦੇ ਪਸਾਰ ਦਾ,
ਆਕਾਸ਼ ਵਿਚ ਦਿਸ ਪਿਆ ਹੈ,
ਨੇਤਰ ਫੋਰ ਵਿਚ ਜਿਸ ਨੇ
ਮਹਾਂਦੀਪਾਂ ਦੇ ਕੱਪੜੇ
ਗੜੁੱਚ ਕਰ ਦਿੱਤੇ ਹਨ
ਅਤੇ ਧਰਤੀ ਦਾ ਲੋਥੜਾ
ਜਲਾਂ ਵਿਚ ਡੁੱਬ ਗਿਆ ਹੈ;
ਹੋਰ ਕਿਸੇ ਲਈ
ਭਾਵੇਂ ਉਹ ਕੁਝ ਵੀ ਹੋਵੇ,
ਮੈਂ ਨਿਰਧਨ ਕਿਸਾਨ
ਲਈ ਤਾਂ,
ਉਹ ਮੇਘਲਿਆਂ ਨੂੰ ਭੇਜਣ ਵਾਲਾ ਹੈ
ਜਿਹੜਾ ਆਪਣਾ ਪ੍ਰੇਮ ਮਿਹਰ-ਭਰੀ
ਭਰਪੂਰਤਾ ਵਿਚ ਵਰ੍ਹਾਉਂਦਾ ਹੈ !

ਆ !
ਜਦਕਿ ਲੱਖਾਂ ਚਿਹਰੇ,
ਜਵਾਨੀ ਵਿਚ ਚਮਕ ਰਹੇ ਹਨ
ਅਤੇ ਰੱਬੀ ਸਤਿਸੰਗ ਵਿਚ
ਜੋਤੀ ਬਣ
ਹੇਠਾਂ ਧਰਤੀ ਦੇ ਚਿਹਰੇ ਨੂੰ

ਰੁਸ਼ਨਾ ਰਹੇ ਹਨ,
ਲੱਖਾਂ ਮੰਡਲ ਪਸਰ ਕੇ
ਜੋਤੀ ਚੱਕਰਾਂ ਦਾ ਰੂਪ ਧਾਰ
ਗਗਨ ਵਿਚ ਚਾਨਣ ਦਾ
ਹੜ੍ਹ ਬਣ ਵਹਿ ਤੁਰੇ ਹਨ;
ਹੋਰ ਕਿਸੇ ਲਈ
ਭਾਵੇਂ ਉਹ ਕੁਝ ਵੀ ਹੋਵੇ
ਮੇਰੇ ਲਈ ਤਾਂ
ਉਹ ਅਦ੍ਰਿਸ਼ਟ ਪ੍ਰਭੂ ਹੈ;
ਜਿਹੜਾ ਬਿਜਲੀ ਦੀ ਇਕ ਲਿਸ਼ਕਾਰ ਵਾਂਗ
ਜੀਵਨ ਦੀਆਂ ਅਸੰਖ ਤੱਕਣੀਆਂ
ਤੇ ਅਸੰਖ ਮੁਸਕਣੀਆਂ ਦਾ ਰੂਪ ਧਾਰ
ਲੰਘ ਜਾਂਦਾ ਹੈ
ਤੇ ਕਹਿੰਦਾ ਹੈ :
''ਕੀ ਹਾਲੇ ਵੀ ਤੂੰ ਮੈਨੂੰ ਨਹੀਂ ਤੱਕਿਆ !
ਇਹ ਮੈਂ ਹੀ ਹਾਂ !''
ਮੈਨੂੰ ਉਸ ਦੀ
ਪਰਿਭਾਸ਼ਾ ਦੱਸਣ ਲਈ
ਨਾ ਕਹੋ,
ਮੈਨੂੰ ਉਸ ਦੀ
ਮਹਿਮਾ ਦੱਸਣ ਲਈ
ਨਾ ਆਖੋ,
ਮੈਥੋਂ ਉਸ ਦਾ ਨਾਮ ਨਾ ਪੁੱਛੋ,
ਮੈਂ ਉਸ ਦੀ ਤਬਲੀਗ਼ ਕਰਨ ਤੋਂ
ਅਸਮਰਥ ਹਾਂ
ਅਤੇ ਆਖੋ ਕਿ
ਮੈਂ ਉਸ ਨੂੰ ਨਾ ਲੁਕਾਵਾਂ !
ਜਿਸ ਦੀ ਚਰਨ ਛੁਹ ਨੇ
ਮੈਨੂੰ ਆਜ਼ਾਦ ਕੀਤਾ ਹੈ
ਮੈਨੂੰ ਸਵੈ-ਵਿਸ਼ ਵਿਚ ਘੁਲੇ
ਨੀਚ ਕੀਟ ਦਾਸ ਨੂੰ
ਉਸ ਆਪਣੀ ਕੰਵਲ ਸੁਗੰਧੀ ਵਿਚ
ਲੀਨ ਕਰ ਲਿਆ ਹੈ !
ਹੋਰ ਕਿਸੇ ਲਈ

ਭਾਵੇਂ ਉਹ ਕੁਝ ਵੀ ਹੋਵੇ
ਮੇਰੇ ਲਈ ਤਾਂ
ਉਹ ਇਕ ਸਿਰਜਣਹਾਰ ਹੈ,
ਜਿਸ ਨੇ ਆਪਣੇ ਆਪ ਨੂੰ
ਆਪਣੇ ਗੀਤ ਵਿਚ ਢਾਲ ਲਿਆ ਹੈ,
ਜੋ ਭਾਵੇਂ ਕਿਤੇ ਵੀ
ਬਿਰਾਜਮਾਨ ਨਹੀਂ;
ਫਿਰ ਵੀ ਉਹ ਆਪਣੇ ਨੈਣਾਂ ਤੋਂ
ਆਕਾਸ਼ ਵਿਚ ਤਾਰਿਆਂ ਦਾ ਮੀਂਹ
ਵਰ੍ਹਾ ਰਿਹਾ ਹੈ !

ਮਹਾਂ-ਪੁਰਸ਼ਾਂ ਨੂੰ
ਉਸ ਦਾ ਨਾਮ ਧਰਨ ਦਿਉ,
ਵਿਦਵਾਨਾਂ ਨੂੰ
ਉਸ ਦੀ ਖੋਜ ਕਰਨ ਦਿਉ,
ਪੰਡਤਾਂ ਨੂੰ
ਕਰਨ ਦਿਉ ਉਸ ਉਤੇ ਚਰਚਾ
ਸ਼ਹੀਦਾਂ ਨੂੰ
ਉਸ ਦਾ ਜੱਸ ਗਾਉਣ ਦਿਉ,
ਪਿਆਰਿਆਂ ਨੂੰ
ਉਸ ਨੂੰ ਬੁਲਾਉਣ ਦਿਉ,
ਕੁਮਾਰੀਆਂ ਨੂੰ
ਉਸ ਦੇ ਗਲ ਹਾਰ ਪਾਉਣ ਦਿਉ
ਅਤੇ ਸੁਆਗਤ ਦੇ ਗੀਤ
ਗਾਉਣ ਦਿਉ,
ਸੰਤਾਂ ਨੂੰ
ਉਸ ਨੂੰ ਪੂਜਣ ਦਿਉ,
ਭਗਤਾਂ ਨੂੰ
ਉਸ ਦੇ ਸੁਹਣੇ ਬਾਣੇ ਦੀਆਂ
ਕਲੀਆਂ ਚੁੰਮਣ
ਅਤੇ ਚਰਨਾਂ ਦੀ ਧੂੜੀ
ਮੱਥੇ ਲਾਉਣ ਦਿਉ,
ਬਾਲਕਾਂ ਨੂੰ
ਉਸ ਦੇ ਗਿਰਦ ਜੁੜਨ ਦਿਉ,

ਹੋਰ ਭਾਵੇਂ ਕਿਸੇ ਲਈ
ਉਹ ਕੁਝ ਵੀ ਹੋਵੇ
ਮੇਰੇ ਲਈ ਤਾਂ
ਉਹ ਗੁੱਝਾ ਮਿੱਤਰ ਹੈ,
ਜਿਹੜਾ ਮੇਰੀ ਘੋਰ ਨਿਰਾਸ਼ਾ ਵਿਚ
ਬਿਨਾਂ ਵੇਖੇ ਮੇਰੇ ਕੋਲ
ਆ ਪੁਜਦਾ ਹੈ,
ਆਪਣੇ ਸ਼ਾਹੀ ਬਾਣੇ ਦੀ
ਕੰਨੀ ਨਾਲ ਮੇਰੀਆਂ ਗੱਲ੍ਹਾਂ ਤੋਂ
ਮੋਨ ਹੰਝੂ ਪੂੰਝਣ ਲਈ
ਅਤੇ ਮੈਨੂੰ ਕਹਿੰਦਾ ਹੈ
ਜਦੋਂ ਮੈਂ ਆਪਣੇ ਹੰਝੂਆਂ ਦੇ
ਬੜੇ ਗੱਚ ਵਿਚ,
ਉਸ ਨੂੰ ਸੁਣ ਵੀ ਨਹੀਂ ਸਕਦਾ,
''ਆ ਵੇਖ, ਮੈਂ ਤੇਰੇ ਕੋਲ ਹਾਂ,
ਮੇਰਾ ਸਭੋ ਕੁਝ
ਜਦੋਂ ਹੋਰ ਕੋਈ ਵੀ ਕੋਲ ਨਹੀਂ,
ਤੇਰਾ ਹੈ !
ਓ ਉਦਾਸ ਪਾਪੀ !
ਮੈਂ ਤੇਰੇ ਲਈ ਹਾਂ
ਅਤੇ ਕਿਸੇ ਹੋਰ ਦਾ ਨਹੀਂ।''

ਕਹਿਣ ਦਿਉ ਇਕ ਇਸਤਰੀ ਨੂੰ
ਕਿ ਉਹ ਉਸ ਨੂੰ ਪ੍ਰੇਮ ਕਰੇ !
ਕਹਿਣ ਦਿਉ ਇਕ ਗਾਇਕ ਨੂੰ,
ਉਸੇ ਲਈ ਉਹ ਗਾਇਨ ਕਰੇ;
ਆਖ ਲਏ ਨਿਰਤਕ ਵੀ ਇਹ ਗੱਲ;
ਉਸੇ ਲਈ ਉਹ ਨਾਚ ਨੱਚੇ;
ਹਠੀ, ਤਿਆਗੀ ਵੀ ਆਖ ਲਏ,
ਉਸੇ ਖ਼ਾਤਰ ਉਹ ਪੀੜ ਜਰੇ,
ਪਰਮ ਅਨੰਦ ਵਿਚ ਰੱਤਾ ਯੋਗੀ
ਉਸੇ ਲਈ ਹੀ ਧਿਆਨ ਧਰੇ;
ਕਹਿਣ ਦਿਉ ਇਕ ਨੇਕ ਬੰਦੇ ਨੂੰ;
ਹੁਕਮ ਤੇਰਾ ਅਸੀਂ ਮੰਨਦੇ ਹਾਂ;

ਹੋਰ ਭਾਵੇਂ ਕਿਸੇ ਲਈ
ਉਹ ਕੁਝ ਵੀ ਹੋਵੇ;
ਅਤੇ ਕੋਈ ਹੋਰ
ਉਸ ਦਾ ਭਾਵੇਂ ਕੁਝ ਹੋਰ ਲੱਗੇ,
ਮੈਂ ਕੀ ਹੋ ਸਕਦਾ ਹਾਂ ?
ਮੈਂ, ਸਭ ਚੰਗਿਆਈਆਂ
ਗੁਣਾਂ ਜਾਂ ਚਾਨਣ ਤੋਂ ਕੋਰਾ;
ਮੈਂ, ਸਭ ਸੰਗੀਤ
ਨ੍ਰਿਤ, ਕਲਾ ਤੇ ਵਿਚਾਰ ਤੋਂ ਸੱਖਣਾ;
ਮੈਂ ਨੇਕੀ, ਚੁੱਪ ਤੇ ਗ਼ਰੀਬੀ ਦੀਆਂ
ਸਭ ਪ੍ਰਤਿਗਿਆਵਾਂ ਤੋਂ ਖ਼ਾਲੀ;
ਮੈਂ ਇੰਦਰੀਆਂ ਦੇ ਸੁਖ ਦੀਆਂ
ਗਲੀਆਂ ਸਾਫ਼ ਕਰਨ ਵਾਲਾ ਭੰਗੀ;
ਮੈਂ ਕੰਬਦੀ ਸੁੰਦਰਤਾ ਦੇ ਝਾਉਲਿਆਂ ਦਾ
ਬੇਤੁਕਾ ਪਿੱਛਾ ਕਰਨ ਵਾਲਾ,
ਜਿਹੜੇ ਉਹਨਾਂ ਤਿਤਲੀਆਂ ਦੇ ਝਿਲਮਿਲਾਂਦੇ
ਖੰਭਾਂ ਦੇ ਰੰਗਾਂ ਵਿਚ ਉਡਦੇ ਫਿਰਦੇ;
ਜੋ ਜੀਵਨ-ਮਾਇਆ ਦੇ
ਖਿੜੇ ਫੁੱਲਾਂ ਵਿਚ ਫੜਫੜਾਉਂਦੀਆਂ,
ਮੈਂ ਉਸ ਨੂੰ ਕੀ ਕਹਿ ਸਕਦਾ ਹਾਂ ?
ਮੈਂ ਕੀ ਹੋ ਸਕਦਾ ਹਾਂ ?
ਮੈਂ ਭੋਗਾਂ ਦੇ ਚਸਕਿਆਂ ਵਿਚ
ਚਿਰੰਕਾਲ ਤੋਂ ਫਾਥਾ
ਆਪਣੀ ਪਿੱਠ 'ਤੇ
ਸਦਾ ਰਹਿਣ ਵਾਲੀ ਮ੍ਰਿਗ ਤ੍ਰਿਸ਼ਨਾ ਦਾ ਭਾਰ ਚੁੱਕੀ
ਸ਼ਰਮ ਵਿਚ ਸਿਰ ਨਿਹੁੜਾਈ
ਆਪਣੇ ਨੰਗੇ ਜਿਸਮ ਦੀ
ਇਕ ਨੁਕਰ ਵਿਚ ਸ਼ਰਮ-ਸਾਰ ਖੜੋਤਾ
ਆਪਣੇ ਦਾਗ਼ਾਂ ਤੇ ਕਲੰਕਾਂ ਸਣੇ
ਸਭ ਤੋਂ ਪਰੇ ਇਕਲਵੰਜੇ;
ਪਰ ਵੇਖੋ ?
ਉਹ ਪ੍ਰਭੂ ਪ੍ਰੀਤਮ
ਮੇਰੇ ਕੋਲ ਵੀ ਆ ਜਾਂਦਾ,
ਜਦੋਂ ਸੂਰਜ ਛਿਪਦਾ

ਅਤੇ ਸੰਤ-ਜਨ ਉਸ ਕੋਲੋਂ
ਖ਼ੁਸ਼ੀਆਂ ਲੈ ਲੈਂਦੇ,
ਜਦੋਂ ਉਹ ਆਉਂਦਾ,
ਮੈਂ ਉਚੀ ਉਚੀ ਚੀਖ਼ ਉਠਦਾ,
ਉਹ ਮੈਨੂੰ ਢਾਰਸ ਦੇਂਦਾ,
ਤੇ ਕਹਿੰਦਾ :
''ਕੀ ਮੈਂ ਤੇਰੇ ਕੋਲੋਂ
ਬਹੁਤ ਦਿਨ ਵਿਛੜਿਆ ਰਿਹਾ ਹਾਂ ?''

ਲੋਕ ਮੰਦਰਾਂ ਤੇ ਦਿਹੁਰਿਆਂ ਵਿਚ
ਉਸ ਦੇ ਗਿਰਦੇ ਜਾ ਕੇ ਜੁੜਦੇ,
ਉਹਨਾਂ ਤੋਂ ਅੱਕ ਥੱਕ
ਆਪਣੀ ਸਾਰੀ ਵਿਹਲ ਵਿਚ
ਉਹ ਮੇਰੇ ਕੋਲ
ਜ਼ਮੀਨ ਉਤੇ ਭੁੰਜੇ ਆ ਬਹਿੰਦਾ,
ਮੇਰੇ ਨਿਤਾਣੇ ਕੋਲ
ਜਿਸ ਨੇ ਆਪਣੇ ਮਨ ਦੀ
ਸਾਰੀ ਪਾਤਸ਼ਾਹੀ
ਜਵਾਨੀ, ਗੁਲਾਬੀ ਬੁੱਲ੍ਹੀਆਂ ਤੇ
ਮਦ ਪਾਣ ਦੀਆਂ ਤੁੱਛ ਖਿੱਚਾਂ ਵਿਚ
ਉਜਾੜ ਦਿੱਤੀ,
ਮੇਰੇ ਕੋਲ ਬਹਿੰਦਾ
ਉਸ ਜਵਾਰੀਏ ਕੋਲ
ਜਿਸ ਨੇ ਆਪਣਾ ਸਭ ਕੁਝ ਦਾਅ 'ਤੇ ਤਾਂ ਲਾਇਆ
ਪਰ ਕੁਝ ਹਾਸਲ ਨਾ ਕੀਤਾ;
ਮੇਰੇ ਕੋਲ ਉਦੋਂ ਬਹਿੰਦਾ
ਜਦ ਮੈਂ ਆਪਣੇ ਮੂੰਹ ਨੂੰ
ਆਪਣੇ ਹੱਥਾਂ ਦੀਆਂ ਤਲੀਆਂ ਨਾਲ
ਢਕ ਲੈਂਦਾ,
ਕੀਤੇ ਕਰਮਾਂ ਦੀ ਸ਼ਰਮਿੰਦਗੀ ਵਿਚ
ਅਤੇ ਹੈਰਾਨ ਹੋ ਸੋਚਦਾ
ਕਿ ਕੀ ਉਹ ਹੁਣ ਵੀ
ਮੇਰੇ ਕੋਲ ਆਵੇਗਾ
ਅਤੇ ਆਖੇਗਾ :

"ਚਿੰਤਾ ਨਾ ਕਰ;
ਮੈਂ ਜੋ ਤੇਰਾ ਹਾਂ !"
ਮੇਰੇ ਮਿੱਤਰੋ !
ਮੈਂ ਉਸ ਬਾਰੇ ਤੁਹਾਨੂੰ
ਕੀ ਆਖ ਸਕਦਾ ਹਾਂ ?
ਉਸ ਬਾਰੇ ਜੋ ਨੱਕ ਉਤੇ ਤਾਂ
ਤਿਊੜੀ ਪਾ ਕੇ ਲੰਘ ਜਾਂਦਾ ਹੈ,
ਪਰ ਚੋਰ ਤੇ ਜਵਾਰੀਏ ਨੂੰ
ਆਪਣੇ ਹੱਥਾਂ ਵਿਚ ਲੈ ਕੇ
ਉਹਨਾਂ ਨਾਲ ਕੜਿੰਗੜੀਆਂ ਪਾਈ
ਤੁਰਿਆ ਜਾਂਦਾ ਹੈ
ਆਪਣੇ ਸਦੀਵੀ ਜੀਵਨ ਸਾਥ ਵਿਚ !

ਮੇਰੇ ਮਿੱਤਰੋ !
ਮੈਂ,
ਉਸ ਬਾਰੇ ਤੁਹਾਨੂੰ ਕੀ ਆਖ ਸਕਦਾ ਹਾਂ
ਉਸ ਬਾਰੇ
ਜੋ ਪੂਜਾ ਕਰਨ ਆਏ
ਸੰਸਾਰੀ ਰਾਜਿਆਂ ਤੇ ਰਾਣੀਆਂ ਨੂੰ
ਇਕ ਤੱਕਣੀ ਨਾਲ ਨਿਹਾਰਨ ਤੋਂ ਵੀ
ਸੰਕੋਚ ਕਰਦਾ ਹੈ;
ਪਰ ਰਾਤ ਵੇਲੇ ਨਦੀ ਕਿਨਾਰੇ
ਇਕੱਲੀ ਨਿਮਾਣੀ ਕੁੜੀ ਨੂੰ
ਆਪਣੀ ਬਾਂਹ ਦੇ ਸਹਾਰੇ
ਲੱਕੋਂ ਪਕੜ ਉਠਾ ਲੈ ਜਾਂਦਾ ਹੈ
ਅਤੇ ਤਾਰਿਆਂ ਨੂੰ
ਉਸ ਦੇ ਕੇਸਾਂ ਵਿਚ ਜੜ ਕੇ
ਪੂਰੇ ਭਰੋਸੇ ਵਿਚ
ਉਸ ਨਾਲ ਕਈ ਨਿੱਕੀਆਂ ਮਿੱਠੀਆਂ
ਗੱਲਾਂ ਕਰਕੇ
ਪ੍ਰਸੰਨ ਹੁੰਦਾ ਹੈ।
ਮੇਰੇ ਮਿੱਤਰੋ !
ਮੈਂ ਉਸ ਬਾਰੇ ਤੁਹਾਨੂੰ
ਕੀ ਆਖ ਸਕਦਾ ਹਾਂ;

ਉਸ ਬਾਰੇ
ਜਿਹੜਾ ਵਿਧਵਾ ਦੀਆਂ,
ਅੰਦਰ ਧਸੀਆਂ ਗੱਲ੍ਹਾਂ ਵਿਚਲੇ
ਅੱਥਰੂ ਚੁੰਮ ਲੈਂਦਾ ਹੈ;
ਅਤੇ ਇਕ ਯਤੀਮ ਮਨੁੱਖ ਦੇ ਦਿਲ ਨੂੰ
ਮਾਤ-ਪਿਆਰ ਨਾਲ ਭਰ ਦੇਂਦਾ ਹੈ;
ਜਿਹੜਾ ਪਾਪ ਦੇ ਦਾਗ਼ਾਂ ਨਾਲ
ਭਰੀ ਚਮੜੀ ਵਾਲੇ ਵਿਚਾਰ ਨੂੰ
ਕੰਵਾਰੀ ਜੋਤੀ ਨਾਲ
ਮੁੜ ਨਵਨੀਤ ਕਰ ਦੇਂਦਾ ਹੈ
ਅਤੇ ਆਪਣੀ ਕਿਰਪਾਨ ਦੀ
ਬਿਜਲੀ ਚਮਕ ਨਾਲ
ਆਤਮਾ ਦੇ ਜ਼ਖ਼ਮਾਂ ਨੂੰ
ਰਾਜ਼ੀ ਕਰ ਦੇਂਦਾ ਹੈ,
ਰੱਬ ਵਰਗੇ ਲਾਲ ਖ਼ੂਨ ਵਿਚ
ਉਹ ਜ਼ਿੰਦਗੀ ਦਾ ਸ੍ਵੈਮਾਣ
ਮੁੜ ਭਰ ਦੇਂਦਾ ਹੈ
ਅਤੇ ਉਸ ਆਪਣੇ ਨਵੇਂ ਸਾਜੇ
ਮਨੁੱਖ ਨੂੰ ਵੇਖ ਕੇ
ਪਿਆਰ ਕਰਦਾ ਹੈ,
ਜਿਹੜਾ ਆਪਣੇ ਸਿਰ ਨੂੰ
ਉਸ ਦੇ ਸਨਮੁੱਖ ਉਚਾ ਕਰਕੇ
ਖੜ੍ਹਾ ਹੁੰਦਾ ਹੈ।
ਆਪਣੇ ਨੈਣਾਂ ਦੀ ਇਕ ਤੱਕਣੀ ਨਾਲ
ਉਹ ਸਾਰੇ ਬੰਧਨਾਂ ਦੇ ਸੰਗਲਾਂ ਨੂੰ
ਤੋੜ ਦੇਂਦਾ ਹੈ
ਅਤੇ ਇਹ ਆਖਣ ਵਿਚ
ਖ਼ੁਸ਼ੀ ਮਹਿਸੂਸ ਕਰਦਾ ਹੈ
ਕਿ, ''ਮੈਂ ਨਹੀਂ,
ਮੈਂ ਨਹੀਂ
ਇਹ ਸਭ ਕੁਝ ਅਦ੍ਰਿਸ਼ਟਮਾਨ
ਅਕਾਲ ਪੁਰਖ ਨੇ ਕੀਤਾ ਹੈ।''

ਔਹ ! ਆਉਂਦਾ ਹੈ, ਉਹ ਪਰਮ ਪੁਰਖ

ਜਿਹੜਾ ਰੂਹਾਂ ਦੀਆਂ ਬੰਦ ਕਲੀਆਂ ਨੂੰ
ਖਿੜਾ ਦੇਂਦਾ ਹੈ
ਅਤੇ ਸਮੇਂ ਦੇ ਲੰਬੂਤਰੇ ਸਿਆਣੇ ਮੂੰਹ ਦਾ
ਮਖ਼ੌਲ ਉਡਾਉਂਦਾ ਹੈ !
ਅਤੇ ਇਕ ਮੁਸਕਣੀ ਨਾਲ
ਉਹਨਾਂ ਮਨੁੱਖੀ ਮਨਾਂ ਦੀਆਂ
ਸਭ ਗੁੰਝਲਾਂ ਸੁਲਝਾ ਦੇਂਦਾ ਹੈ
ਜਿਹੜੇ ਹੁਣ ਤੀਕ, ਚਿਰਕਾਲ ਤੋਂ
ਆਤਮ-ਛਲਾਵੇ ਦੀਆਂ ਚੱਟਾਨਾਂ 'ਚ
ਮੁਹਰਬੰਦ ਪਏ ਸਨ
ਅਤੇ ਬੁੱਢਿਆਂ ਵਿਚ ਵੀ
ਛੁਹਰਾ-ਹਾਰ
ਟਪੂਸੀਆਂ ਤੇ ਢੁਡੰਗੇ ਮਾਰਨ ਦੀ
ਸ਼ਕਤੀ ਭਰਦਾ ਹੈ।
ਆਪਣੀ ਹੋਂਦ ਦੇ ਕਰਾਮਾਤੀ ਘੇਰੇ ਵਿਚ ਬੱਧੀ
ਉਹ ਸਮੂਹ ਮਨੁੱਖੀ ਭੀੜ ਨੂੰ
ਪੀਂਘ ਦੇ ਹੁਲਾਰੇ ਹਾਰ
ਝੂਟੇ ਦੇਂਦਾ ਹੈ
ਅਤੇ ਉਹਨਾਂ ਨੂੰ ਆਪਣੇ ਨਾਲ
ਨਚਾਉਂਦਾ ਹੈ।
ਉਸ ਰੰਗਾ ਬਰੰਗੇ ਮਨੁੱਖੀ ਹਜੂਮ ਦੀਆਂ
ਜੀਵਨ, ਪ੍ਰੇਮ ਤੇ ਮੌਤ ਵਰਗੀਆਂ
ਨਿੱਕੀਆਂ ਨਿੱਕੀਆਂ ਸਮੱਸਤ ਗੁੰਝਲਾਂ ਨੂੰ
ਮਨੋਂ ਵਿਸਾਰ ਦੇਂਦਾ ਹੈ।
ਔਹ ! ਨੱਚ ਰਿਹਾ ਹੈ ਉਹ ਆਪ
ਜੋ ਧਿਆਨੀ ਦੇ ਧਿਆਨ ਦਾ ਕੇਂਦਰ ਸੀ,
ਜਿਗਿਆਸੂ ਦੀ ਭਾਲ ਦਾ ਮੁੱਖ ਪਾਤਰ ਸੀ
ਜਿਸ ਨੂੰ ਰਚਨਾਕਾਰ
ਸ਼ਬਦਾਂ, ਵਿਚਾਰਾਂ, ਅਮਲਾਂ ਤੇ ਕਲਾ ਰਾਹੀਂ
ਮੂਰਤੀਮਾਨ ਕਰਨ ਦੇ ਯਤਨ ਕਰਦਾ ਸੀ !
ਉਹ, ਔਹ !
ਸਾਖਿਆਤ ਖੜ੍ਹਾ ਹੈ (ਆਪਣੇ ਸਰਗੁਣ ਸਰੂਪ ਵਿਚ)
ਸਦਾ ਅਰੂਪ, ਅਰੰਗ ਤੇ ਅਗੰਧ !

ਜੀਵਨ-ਰਉਂ ਹਾਲੀ ਵੀ ਚਰਾਂਦਾਂ
ਤੇ ਘਾਹਾਂ ਵਿਚ ਧੜਕਦੀ ਹੈ
ਸੰਝ ਨੇ ਆਪਣਾ ਪੱਲਾ
ਓੜ੍ਹ ਲਿਆ ਹੈ,
ਸਰਘੀ ਨੇ ਘੁੰਡ ਚੁੱਕ ਦਿੱਤਾ ਹੈ !
ਘਰ ਦੀ ਗਹਿਲ ਪਿਆਰ ਵਿਚ ਬੱਧੀ
ਖੂਹੀਉਂ ਪਾਣੀ ਭਰਨ
ਆਟਾ ਚੱਕੀ ਪੀਹਣ,
ਤੇ ਹੋਰ ਕਾਰ ਵਿਹਾਰ ਦੇ ਆਹਰ ਵਿਚ
ਜੁਟਣ ਲਈ ਜਾਗ ਪਈ ਹੈ,
ਕਿਸਾਨ ਹਲ ਤੇ ਜੋਗ ਲਈ
ਬੁੱਢ-ਪੁਰਾਤਨ ਧਰਤੀ ਨੂੰ
ਜੋਤਰਾ ਲਾਉਣ ਜਾਂਦਾ ਹੈ
ਤਾਂ ਜੋ ਬੀਜ ਤੇ ਲੂਣ ਕੇ
ਉਹ ਰੱਬੀ ਘਰ ਨੂੰ
ਭਰਪੂਰ ਕਰ ਸਕੇ,
ਰਾਜ ਉਸਾਰੀ ਲਾਉਂਦਾ ਹੈ,
ਤਰਖਾਣ ਲੱਕੜੀ ਚੀਰ ਕੇ
ਸਾਮਾਨ ਤਿਆਰ ਕਰਦਾ ਹੈ,
ਸੁੰਦਰ ਕੰਜ-ਕੰਵਾਰੀਆਂ
ਚਿੱਟ ਪਵਿੱਤਰ ਤੰਦਾਂ ਨੂੰ ਕੱਤਦੀਆਂ
ਗਾਉਂਦੀਆਂ ਹਨ,
ਪਰ ਜੀਵਨ ਦੇ ਸਭ ਨੈਣ,
ਮਧੂ-ਮੱਖੀਆਂ ਦੀ ਨਿਆਈਂ,
ਉਸ ਪ੍ਰੀਤਮ ਦੇ ਨੈਣਾਂ ਨਾਲ
ਬੱਝ ਗਏ ਹਨ
ਜੋ ਇਹਨਾਂ ਸਭ ਜੀਵਾਂ ਦੀ
ਬੰਦ ਖ਼ਲਾਸੀ ਲਈ ਲੜਿਆ ਸੀ
ਅਤੇ ਉਸ ਦੇ ਪਿੱਛੇ ਜੀਵਨ ਦੀਆਂ
ਅਨੇਕ ਅਦ੍ਰਿਸ਼ਟ ਗਤੀਆਂ
ਅਕਾਲੀ ਤਾਲ ਚਾਪਾਂ ਵਿਚ ਬੱਝੀਆਂ
ਉਸ ਦੀ ਉਸ ਰਜ਼ਾ ਦੀ ਉਡੀਕ ਕਰ ਰਹੀਆਂ ਹਨ,
ਜੋ ਉਹਨਾਂ ਨੂੰ ਜ਼ਿੰਦਗੀ ਤੇ ਪ੍ਰੇਮ ਲਈ
ਜੂਝ ਮਰਨ ਦਾ ਆਦੇਸ਼ ਦੇਂਦਾ ਹੈ।

ਕਿਸੇ ਨੂੰ ਉਸ ਦਾ ਭੇਦ
ਪ੍ਰਗਟ ਕਰਨ ਲਈ ਨਾ ਕਹੋ,
ਉਹ ਜਿਹੜਾ ਕਿ ਸਭ ਦਾ
ਗੁੱਝਾ ਮਿੱਤਰ ਹੈ;
ਕਿਸੇ ਨੂੰ
ਪਰਦਾ ਚੁੱਕਣ ਲਈ ਨਾ ਆਖੋ,
ਕਿਉਂਜੋ ਉਹ ਦੁਖੀਆ ਇਸਤਰੀ ਸੰਗ
ਇਕੋ ਸੇਜ 'ਤੇ ਸੁੱਤਾ ਪਿਆ ਹੈ;
ਇਸ ਸਮੇਂ ਕੋਈ ਉਚਾ ਨਾ ਬੋਲੇ,
ਕਿਉਂਜੋ ਉਹ
ਆਪਣੀ ਉਂਗਲ ਨੂੰ ਮਲਕੜੇ ਬੁੱਲ੍ਹਾਂ 'ਤੇ ਰੱਖ
ਸੁੱਤੇ ਪਏ ਬੱਚੇ ਦਾ
ਮੂੰਹ ਚੁੰਮਣ ਆਇਆ ਹੈ;
ਇਸ ਸਮੇਂ ਕੋਈ ਬੱਤੀ ਜਗਾਉਣ ਦੀ
ਗੁਸਤਾਖ਼ੀ ਨਾ ਕਰੇ,
ਕਿਉਂਜੋ ਪਿਰ ਧਨ ਨੂੰ
ਅੰਕ ਸਮਾਈ ਪਿਆ ਹੈ;
ਕੋਈ ਵੀ ਉਸ ਦੀ ਪ੍ਰਾਪਤੀ ਦਾ
ਐਲਾਨ ਨਾ ਕਰੇ
ਕਿਉਂਜੋ ਉਹ ਕਿਸੇ ਥਾਂ ਵੀ
ਲੱਭਿਆ ਨਹੀਂ ਜਾ ਸਕੇਗਾ।
ਪਾਤਸ਼ਾਹ ! ਪਾਤਸ਼ਾਹਾਂ ਦਾ ਪਾਤਸ਼ਾਹ !
ਸਦਾ ਸਲਾਮਤ-ਨਿਰੰਕਾਰੀ ਦਾਤਾਰ !
ਪ੍ਰਾਣ-ਦਾਤਾ, ਪ੍ਰੇਮ-ਦਾਤਾ, ਰਿਜ਼ਕ-ਦਾਤਾ !
ਮਹਾਂ ਕਵੀ, ਸ਼ਬਦਾਂ ਦਾ ਦਾਤਾ,
ਸਿਰਜਣਹਾਰ, ਚਾਨਣ-ਦਾਤਾ
ਜਿਸ ਦਾ ਅਨਾਦੀ ਹਿਰਦਾ
ਲੁਕਾਈ ਦੀ ਖ਼ੁਸ਼ੀ ਨਾਲ ਧੜਕਦਾ
ਜੋ ਉਹਨਾਂ ਦੀ
ਭਾਲ ਵਿਚ ਜਾਂਦਾ,
ਉਹਨਾਂ ਲਈ ਪ੍ਰਸ਼ਾਦੇ ਤੇ ਠੰਡੀ ਲੱਸੀ ਦੇ
ਘੁੱਟ ਮੰਗਦਾ,
ਲੋਕਾਂ ਦੀਆਂ ਅਕਾਂਖਿਆਵਾਂ ਨੂੰ
ਇਕੱਤਰ ਕਰ ਅਕਾਲ-ਪੁਰਖ ਦੇ ਹਜ਼ੂਰ,

ਪ੍ਰੇਮ ਦੀ ਤੁੱਛ ਭੇਟਾ
ਅਰਪਣ ਕਰਦਾ।
ਸੁੱਤ ਆਪਣੇ ਪ੍ਰਭੂ-ਪਿਤਾ ਦੀ
ਘਟ ਘਟ ਵਿਚ ਵਿਆਪਕ
ਪਰਮ-ਸੁੰਦਰਤਾ ਨੂੰ ਉਘਾੜਦੀ
ਨਿਰਗੁਣ ਦਾ ਸਰਗੁਣ ਰੂਪ
ਨਿੱਜ ਦਾ ਅਨਿੱਜ ਸਰੂਪ
ਬਾਣੀ ਦਾ ਰਚਨਹਾਰ
ਜਿਸ ਦੀ ਕਰਾਮਾਤ ਆਪਣੇ ਵਰਗੇ
ਕੋਟ ਚਿਹਰਿਆਂ ਤੇ ਚਮਕਦੀ
ਅਤੇ ਹਰ ਹਿਰਦੇ ਵਿਚ ਸਮਾਈ ਬੈਠੀ,
ਪ੍ਰਭੂ ਦੇ ਧਿਆਨ ਦੀ ਪੂਰਨਤਾ
ਸ਼ਾਨ ਵਾਲਾ
ਜਲਾਲ ਪੂਰਨ,
ਰਤਨਾਂ-ਜੜਿਆ,
ਆਤਮ-ਨਸ਼ੇ ਵਿਚ ਮਖ਼ਮੂਰ,
ਉਜਲ-ਦੀਦਾਰ ਮਹਾਂ-ਚਿੰਤਕ, ਮੁਨੀ
ਆਪਣੇ ਸਬਜ਼ੇ ਘੋੜੇ ਉਤੇ
ਸਵਾਰ
ਸੰਸਾਰ ਲਈ ਅਮਨਾਂ ਦਾ ਪਾਤਸ਼ਾਹ,
ਅਤਿ ਮਿੱਠਾ ! ਅਤਿ ਮਿੱਠਾ !
ਸਭ ਤੋਂ ਮਿੱਠਾ !
ਗੁਰੂ ਗੋਬਿੰਦ ਸਿੰਘ !

## ਮੁਕਤੀ ਦਾਤਾ ਗੁਰੂ ਗੋਬਿੰਦ ਸਿੰਘ
### (ਅਨੰਦਪੁਰ ਦੇ ਸੁਆਮੀ ਦੀ ਯਾਦ ਵਿਚ)

ਮੈਂ ਮਰ ਰਿਹਾ ਹਾਂ,
ਮੈਨੂੰ ਉਸ ਸ਼ਹਿਰ ਲੈ ਚੱਲੋ
ਜਿਥੇ ਉਸ ਦਾ ਨਿਵਾਸ ਹੈ,
ਮੈਨੂੰ ਉਸ ਦੀ ਚਰਨ-ਛੋਹੀ ਧੂੜੀ ਵਿਚ
ਲਿਟਾ ਦਿਉ ਤੇ ਉਥੇ ਹੀ ਰਹਿਣ ਦਿਉ,
ਉਸ ਦੀ ਚਰਨ-ਧੂੜੀ ਨਾਲ
ਮੈਨੂੰ ਲਿਪ ਦਿਉ,
ਮੈਂ ਰਾਜ਼ੀ ਹਾਂ।
ਮੇਰੇ ਦਿਲ ਦੀ ਧੜਕਣ ਮੈਨੂੰ ਪੁਰਾਣਾ ਗੀਤ
ਮੁੜ ਗਾਉਂਦੀ ਸੁਣਾਈ ਦੇਂਦੀ ਹੈ।
ਮੇਰੇ ਨੈਣ ਨਵੇਂ ਸੰਸਾਰ ਨੂੰ
ਨਿਹਾਰਨ ਲਈ ਮੁੜ ਖੁਲ੍ਹ ਪਏ ਹਨ,
ਮੇਰਾ ਜਿਸਮ ਉਸ ਧੂੜੀ ਵਿਚ ਨਹਾ ਕੇ,
ਅਪੂਰਵ ਰੂਪ ਦੀ ਪਵਿੱਤਰਤਾ ਨਾਲ
ਧੋਤਾ ਗਿਆ ਹੈ;
ਤੇ ਇਸ ਦੇ ਰੋਮ ਰੋਮ 'ਚੋਂ
ਗੰਗਾ ਦਾ ਸੰਗੀਤਮਈ ਅੰਮ੍ਰਿਤ-ਜਲ
ਵਹਿ ਤੁਰਿਆ ਹੈ।

ਉਹ ਮੇਰੇ ਕੋਲੋਂ ਲੰਘਦਾ ਹੈ,
ਮੇਰੇ ਵੱਲ ਤੱਕਦਾ ਤੇ ਮੁਸਕਰਾਉਂਦਾ ਹੈ
ਅਤੇ ਮੇਰੇ ਨਾਭੀ ਦੇ ਕੰਵਲ
ਮੇਰੇ ਹਿਰਦੇ ਦੇ ਸਹਸ
ਪੱਤਿਆਂ ਵਾਲੇ ਸੁਨਹਿਰੀ ਕੰਵਲ
ਜੋ ਨੀਵੀਂ ਪਾਈ ਖੜ੍ਹੇ ਸਨ,
ਮੇਰੇ ਸਿਰ ਦਾ ਉਰਧ-ਕੰਵਲ
ਸਭ ਆਪਣੇ ਸੂਰਜ ਤੋਂ ਰੌਸ਼ਨੀ ਪਾ
ਜਗਮਗਾ ਉਠੇ ਹਨ
ਤੇ ਫਿਰ ਆਪਣੇ ਸੰਪੂਰਨ ਖੇੜੇ ਦੀ

ਸ਼ਾਨ ਵਿਚ ਖਲੋ ਗਏ ਹਨ।
ਉਸ ਵੱਲੋਂ ਆਉਣ ਵਾਲੇ ਪ੍ਰਕਾਸ਼ ਦੀ
ਨਿਰੋਲ-ਕੋਮਲ ਛੂਹ
ਵਿਚ ਸੰਪੂਰਨਤਾ ਹੈ।
ਆਪਣੀ ਕੋਮਲ ਡੰਡੀ ਉਤੇ
ਹਵਾ ਵਿਚ ਖਿੜੇ ਸਹੰਸਰ ਕੰਵਲਾਂ ਸੰਗ
ਮੈਂ ਝੂਮ ਰਿਹਾ ਹਾਂ
ਅਤੇ ਮੇਰੇ ਸੰਗ ਨੀਲੇ ਪਾਣੀਆਂ ਵਿਚ
ਮੇਰਾ ਪਰਛਾਵਾਂ ਲਹਿਰ ਰਿਹਾ ਹੈ।

ਮੈਂ ਉਸ ਤਰ੍ਹਾਂ ਝੂਮਦਾ ਹਾਂ
ਜਿਵੇਂ ਇਕ ਸੁੰਦਰ ਰਾਜ ਕੁਮਾਰੀ
ਆਪਣੇ ਜੋਬਨ ਦੀ ਮਸਤੀ ਵਿਚ
ਝੂਮਦੀ ਹੈ।
ਮੈਂ ਖੁੱਲ੍ਹੇ ਆਕਾਸ਼ ਵਿਚ
ਕਲਾ ਪਰਵੀਨ ਹੱਥਾਂ ਨਾਲ ਛਿੜੀਆਂ
ਸੰਗੀਤਕ ਤਰਬਾਂ ਵਾਂਗ ਕੰਬਦਾ ਹਾਂ !
ਮੈਂ ਉਸ ਦੇ ਦਰ 'ਤੇ ਆਏ
ਹਵਾ ਦੇ ਬੁੱਲ੍ਹੇ ਨਾਲ ਹਿਲਦੇ
ਚਿਨਾਰ ਦੇ ਪੱਤੇਹਾਰ
ਕੰਬਦਾ ਹਾਂ !

ਮੇਰੇ ਨਾਲ ਤੁਲਨਾ ਕਰਨ ਸਮੇਂ
ਪਵਿੱਤਰਤਾ ਵੀ ਅਪਵਿੱਤਰਤਾ ਹੋ
ਨਿਬੜਦੀ ਹੈ।
ਅੱਛਾ ਅਲਵਿਦਾ !
ਮੈਂ ਖੁਸ਼ ਹਾਂ,
ਮੈਂ ਇਸ ਨੂੰ ਉਸ ਵਿਚੋਂ ਲੱਭ ਲਿਆ ਹੈ।
ਅਲਵਿਦਾ !
ਹੁਣ ਚੰਨ ਮੇਰੇ ਮਸਤਕ 'ਤੇ
ਦਮਕ ਰਿਹਾ ਹੈ।
ਜੀਵਨ ਦੀ ਚੰਗਿਆੜੀ
ਕਿੰਨੀ ਸੀਤਲ ਹੈ !
ਆਹ !

ਸਭ ਨੂੰ ਆਪਣੀ ਲਪੇਟ ਵਿਚ ਲੈ ਲੈਣ ਵਾਲੀ
ਅਲੌਕ੍ਰਿਕ ਅਗਨੀ !
''ਮੇਰਾ ਸੰਜੋਗ ਜੁੜ ਚੁੱਕਾ ਹੈ,
ਮੈਂ ਉਸ ਨਾਲ ਵਰੀ ਗਈ ਹਾਂ,
ਮੈਨੂੰ ਪ੍ਰੀਤਮ ਨੇ ਅੰਦਰ ਬੁਲਾ ਲਿਆ ਹੈ,
ਹੁਣ ਮੇਰੇ ਕੋਲ ਸ਼ੁਭ ਕਰਮਾਂ ਲਈ ਵੀ
ਵਿਹਲ ਕਿਥੇ ਹੈ ?''
ਮੈਂ ਚੁੱਪ ਹਾਂ,
ਆਪਣੀ ਹੀ ਵੇਦਨਾ ਨਾਲ ਭਰਪੂਰ
ਅੱਖਾਂ ਖੋਲ੍ਹ ਦੂਜਿਆਂ ਨੂੰ ਤੱਕਣ ਲਈ,
ਮੇਰੇ ਕੋਲ ਕੋਈ ਸਮਾਂ ਹੀ ਨਹੀਂ ?''

''ਮੇਰੇ ਵਿਚ,
ਸਭ ਸੰਸਾਰ ਦੀ ਮੁਕਤੀ ਹੈ,
ਮੇਰੇ ਵੱਲ ਤੱਕੋ,
ਤੁਹਾਨੂੰ ਜਨਮ ਮਰਨ ਦੇ ਗੇੜ ਤੋਂ
ਮੁਕਤੀ ਮਿਲੇਗੀ।''

## ਆਤਮ-ਚਿੰਤਨ
(ਭਰਥਰੀ ਹਰੀ ਦੀ ਯਾਦ ਵਿਚ)

ਤੁਸਾਂ ਮੈਨੂੰ ਉਦੋਂ ਫੜਿਆ;
ਜਦ ਬਿਰਧ ਵਰੇਸ ਦੇ ਛਿਣ,
ਮੇਰੇ ਤੇ ਆ ਛਾਏ।
ਤੁਹਾਨੂੰ,
ਇਹ ਗੱਲ
ਭਾਵੇਂ ਬੜੀ ਵਚਿੱਤਰ ਜਾਪੇ,
ਪਰ
ਮੈਂ ਹੁਣ ਹੋਇਆ;
ਜੀਵਨ ਦੇ ਇਹਨਾਂ ਛਿਣਾਂ ਦੀ;
ਸੰਗਤ ਵਿਚ ਰਹਿਣ ਦਾ ਆਦੀ।
ਜੋ ਆਉਂਦੇ ਜਾਂਦੇ,
ਮੈਨੂੰ ਛੂੰਹਦੇ,
ਕਈ ਮੈਨੂੰ ਜਗਾਉਂਦੇ
ਤੇ ਫਿਰ ਸੁਲਾਉਂਦੇ
ਕਦੇ ਮੇਰੇ ਸੰਗ ਖੇਡਦੇ,
ਫਿਰ ਮੈਨੂੰ ਛੱਡ ਜਾਂਦੇ।
ਸਮੂਹ ਜੀਵਨ ਦੇ ਚੱਕਰ,
ਨਹੀਂ।
ਕਈ ਜੂਨਾਂ ਦੇ ਇਕੋ ਵਿਚ,
ਇਕੋ ਜੂਨ ਦੇ ਕਈਆਂ ਵਿਚ
ਇਹਨਾਂ ਛਿਣਾਂ ਵਿਚ;
ਮੇਰੇ ਅੰਦਰ ਸੰਪੂਰਨ।

ਲੋਕ ਕਹਿੰਦੇ
ਉਚ ਬੁੱਢੀਆਂ ਪੈੜਾਂ,
ਆਪਣੇ ਪਿੱਛੇ ਛੱਡ ਜਾਂਦੇ,
ਪਰ ਮੈਂ ਵੇਖਦਾ;
ਪੁਰਾਣੇ ਤੇ ਨਵੇਂ

ਪਿਛਲੇ ਤੇ ਅਗਲੇ;
ਪਈਏ ਦੀਆਂ ਤਾਰਾਂ ਵਾਂਗ
ਸਭ ਨਿਰੰਤਰ,
ਮੇਰੇ ਵੱਲ ਪਰਤਦੇ।

ਜੋ ਕੁਝ ਵੀ ਸੀ;
ਹੈ ਤੇ ਹੋਵੇਗਾ,
ਮੇਰੇ ਨਾਲ ਤੁਰਦਾ;
ਮੇਰੇ ਭਵਿਖਤ-ਪੰਧ
ਮੇਰੇ ਸਿਰਾਂ 'ਤੇ
ਕੁੰਡਲ ਮਾਰੀ ਬੈਠਾ,
ਜਾ ਮਿਲਦਾ ਉਸ ਸਿਰੇ ਨੂੰ,
ਖੜ੍ਹਾ ਜੋ ਮੇਰੇ ਪੈਰਾਂ ਥੱਲੇ।

ਯਾਤਰੀ ਦਾ ਪੰਧ;
ਇਕ ਸ਼ਾਨਦਾਰ ਪ੍ਰਭਾ-ਮੰਡਲ ਬਣ
ਸਿਰ ਤੋਂ ਪੈਰਾਂ ਤੱਕ;
ਮੇਰੇ ਦੁਆਲੇ;
ਚੱਕਰ ਲਾਉਂਦਾ।
ਮੈਂ ਆਪਣੇ ਗੀਤ ਦੇ ਦਾਇਰੇ ਵਿਚ,
ਸਮਾਇਆ ਰਹਿੰਦਾ।

ਕਈ ਵਾਰ ਬਾਲਪਣ ਮੈਨੂੰ
ਆ ਘੇਰਦਾ,
ਤੇ ਮੈਨੂੰ ਇੰਜ ਮਹਿਸੂਸ ਹੁੰਦਾ
ਕਿ ਮੈਂ ਆਪਣੀ;
ਬਤਾਲੀ ਸਾਲ ਦੀ ਉਮਰ ਵਿਚ ਵੀ
ਇਕ ਨੰਨ੍ਹਾ ਬੱਚਾ,
ਆਪਣੀ ਮਾਂ ਦੀ ਗੋਦੀ ਵਿਚ ਲੇਟਿਆ
ਜਿਸ ਨੇ ਆਪਣੀ ਸ਼ਾਲ ਨਾਲ;
ਮੈਨੂੰ ਕੱਜਿਆ
ਮੈਂ ਆਪਣੇ ਨਿੱਕੇ ਨਿੱਕੇ ਚਿੱਟੇ ਹੱਥਾਂ ਨਾਲ;
ਉਸ ਦੀ ਛਾਤੀ ਫੜੀ
ਜੀਵਨ ਸੋਮਿਆਂ ਨੂੰ;

ਮੂੰਹ ਵਿਚ ਪਾਈ;
ਅਬਿਨਾਸ਼ੀ ਸਰੋਤ 'ਚੋਂ
ਪਿਆਰ ਦਾ ਅੰਮ੍ਰਿਤ ਪੀਂਦਾ।

ਇਉਂ ਮੈਂ ਧਰਤੀ ਤੇ ਅੰਬਰ ਦੇ
ਸੁਪਨਿਆਂ ਵਿਚ ਘੰਟਿਆਂ ਬੱਧੀ,
ਲੇਟਿਆ ਰਹਿੰਦਾ,
ਸਾਰੀ ਜ਼ਿੰਦਗੀ ਨੂੰ
ਲੱਭ ਲੈਂਦਾ
ਤੇ ਉਸ ਵਿਚ ਸਮਾ ਜਾਂਦਾ।

ਫਿਰ ਮੇਰਾ ਲੜਕਪਣ
ਮੈਨੂੰ ਆ ਫੜਦਾ।
ਬੱਚਿਆਂ ਵਾਲੀਆਂ,
ਅੱਲੜ੍ਹ ਮੂਰਖਤਾਵਾਂ ਵਿਚ ਵੀ,
ਮੈਂ ਖ਼ੁਸ਼ੀ ਨਾਲ ਖਿੜ ਉਠਦਾ
ਜਿਵੇਂ ਇਕ ਵਾਰ ਇਸ ਨੂੰ
ਮੁੜ ਸਦਾ ਲਈ ਮਾਣਨਾ ਹੋਵੇ।
ਇਥੇ ਮੈਨੂੰ ਖ਼ੁਸ਼ੀ ਦੀ
ਉਹ ਪੱਕੀ ਫਸਲ ਮਿਲਦੀ
ਜਿਸ ਨੂੰ ਗਿਆਨ ਦੀਆਂ ਅੱਖਾਂ
ਘੱਟ ਹੀ ਸਾਂਭਦੀਆਂ।
ਪੋਸਤ-ਫੁੱਲਾਂ
ਬੁਲਬੁਲਿਆਂ,
ਪੱਥਰ ਗੀਟਿਆਂ ਨੂੰ;
'ਕੱਠਾ ਕਰਦਾ,
ਚੀਖ਼ਾਂ ਮਾਰਦਾ,
ਖ਼ੁਸ਼ੀਆਂ ਨਾਲ ਲੱਦਿਆ,
ਸ਼ਰਾਰਤਾਂ ਨਾਲ ਫੁੱਟ ਫੁੱਟ ਪੈਂਦਾ
ਆਪਣੇ ਹੱਥੀਂ;
ਹਰ ਵਸਤ ਨਾਲ ਭਰਪੂਰ,
ਮੈਂ ਇਸ ਸੰਸਾਰ ਨੂੰ ਜਿੱਤ ਲੈਂਦਾ
ਜਵਾਨੀ ਮੇਰਾ ਪਿੱਛਾ ਕਰਦੀ।
ਜਿਉਂ ਜਿਉਂ ਮੈਂ

ਇਸ ਤੋਂ ਦੂਰ ਹੁੰਦਾ,
ਖੁਸ਼ੀ ਦੀ ਹੋਂਦ ਲਈ ਬੇਕਰਾਰ;
ਨਿਰੰਤਰ ਤੜਪਣੀ
ਇਕ ਛਿਣ ਵਿਚ
ਮੇਰੀਆਂ ਸਦੀਆਂ ਨੂੰ
ਲਾਲ, ਪੱਕੇ ਹੋਏ;
ਰਸ-ਭਰਪੂਰ ਫਲ ਵਾਂਗ;
ਬਣਾ ਦਿੰਦੀ।

ਮੈਂ ਜਵਾਨੀ ਦੇ
ਇਸ ਤੇਜ਼ ਉਡ ਰਹੇ ਛਿਣ ਨੂੰ
ਪੱਤਝੜ ਦੀ ਰੁੱਤੇ;
ਹਰੇ ਪੱਤਿਆਂ ਦੇ ਝੁੰਡਾਂ ਵਿਚ
ਅੱਧ-ਕੱਜੇ
ਸੋਨ-ਰੰਗੇ
ਲਟਕਦੇ ਸੰਗਤਰਿਆਂ ਦੇ ਬ੍ਰਿਛ ਵਾਂਗ
ਜੋ ਆਪਣੀ ਸੁੰਦਰਤਾ ਦੇ ਭਾਰ ਨਾਲ
ਟਹਿਣੀਆਂ ਨੂੰ ਝੁਕਾ ਲੈਂਦਾ;
ਪਿਆਰ ਕਰਦਾ।

ਗੁਲਾਬੀ ਬੁੱਲ੍ਹੀਆਂ ਵਾਲੀ ਜਵਾਨੀ,
ਅਮੀਰ, ਗ਼ਰੀਬ ਦੋਹਾਂ ਲਈ,
ਪ੍ਰਭੂ ਆਗਮਨ ਸਮਾਨ।
ਪਰ ਮੈਂ ਪ੍ਰਭੂ ਨੂੰ,
ਉਦੋਂ ਨਿਰੋਲ ਆਪਣਾ ਸਮਝਦਾ;
ਜਦ ਉਹ ਮੈਨੂੰ ਆਪਣੀ ਬਖ਼ਸ਼ਿਸ਼ ਨਾਲ;
ਭਰਪੂਰ ਕਰ ਦਿੰਦਾ।

ਮੇਰੀ ਬਿਰਧ-ਵਲੇਸ ਦੇ ਛਿਣ,
ਧਾਰੀਦਾਰ ਝੁਰੜਾਏ
ਦਾਨੇ ਤੇ ਹਿਸਾਬੀ
ਨਿਚੋੜੇ ਨਿੰਬੂ-ਹਾਰ
ਸੁਗੰਧੀ ਜਿਨ੍ਹਾਂ ਦੀ ਵੱਖਰੀ।
ਪਰ

ਵਿਹੂਣੇ ਇਹ ਉਸ ਰਸ ਤੋਂ
ਜਿਸ ਨਾਲ
ਮੇਰੀ ਦੈਵੀ ਕਿਸ਼ੋਰ ਅਵਸਥਾ
ਨੱਕੋ ਨੱਕ ਭਰਪੂਰ ਰਹਿੰਦੀ।

ਇਹਨਾਂ ਅਸੰਖ ਰੰਗ ਬਰੰਗੇ ਛਿਣਾਂ
ਆਕਾਰਾਂ ਪ੍ਰਕਾਰਾਂ ਦਾ ਅਜਿਹਾ ਮਾਰਗ,
ਜਲ, ਪੌਣਾਂ
ਦੇਸ਼ਾਂ ਤੇ ਜਾਤੀਆਂ ਦੇ ਗਾਉਂਦੇ;
ਤੀਰਥ-ਯਾਤਰੀਆਂ ਦੇ
ਪੰਧ ਸਮਾਨ,
ਮੈਨੂੰ ਉਹਨਾਂ ਦੇ ਪੈਰਾਂ ਦਾ ਖੜਾਕ
ਸੁਣਾਈ ਦਿੰਦਾ।

ਤੁਸਾਂ ਮੈਨੂੰ
ਆਕਾਸ਼ ਦੇ ਛਤਰ ਥੱਲੇ
ਖੁੱਲ੍ਹੀ ਪਵਨ ਵਿਚ
ਕੁਝ ਕਹਿਣ ਲਈ ਸੱਦਾ ਦੇ
ਬੜਾ ਚੰਗਾ ਕੀਤਾ।
ਮੈਨੂੰ ਤਾਂ
ਘੱਟ ਹੀ ਪਤਾ ਰਹਿੰਦਾ
ਕਿ ਮੈਂ ਕਿਥੇ ਖੜ੍ਹਾ ?
ਆਪਣੇ ਸਿਰ ਦੇ ਗੁੰਬਦ ਵਿਚ
ਜਾਂ ਅੰਬਰ ਦੇ ਗੁੰਬਦ ਹੇਠ ?

ਮੈਂ ਬਾਹਰ ਅਨੰਤ ਵਿਚ
ਉਡ ਜਾਂਦਾ।
ਕੀ ਹੋਇਆ
ਜੇ ਮੇਰੇ ਮਿੱਟੀ-ਗੱਡੇ ਪੈਰ
ਮੈਨੂੰ ਧਰਤੀ ਨਾਲ ਜਕੜੀ ਬੈਠੇ।

ਮੈਂ ਨਹੀਂ ਕਹਿ ਸਕਦਾ
ਮੇਰਾ ਆਪਾ ਕਿਹੜਾ ?
ਇਹ ਸਰੀਰ

ਜਾਂ
ਉਹ ਅਸਰੀਰੀ ਅਨੰਤ;
ਮੈਨੂੰ ਤਾਂ ਇੰਜ ਲਗਦਾ
ਜਿਵੇਂ ਇਹ ਦੋਵੇਂ ਹੀ ਮੇਰੇ ਆਲ੍ਹਣੇ।

ਜਦ ਮੈਂ ਲੜਕਪਣ 'ਚੋਂ ਨਿਕਲਿਆ,
ਮੇਰੀ ਆਤਮਾ ਆਪਣੇ ਆਪ ਨੂੰ
ਜਾਣਨ ਲਈ ਵਿਆਕੁਲ।
ਆਖ਼ਰ ਗਿਆਨ ਪ੍ਰਾਪਤੀ ਦੀ
ਸਾਡੀ ਇੱਛਾ ਇਸ ਤੋਂ ਬਿਨਾਂ;
ਹੋਰ ਹੈ ਵੀ ਕੀ ?
ਛੁੱਟ ਇਸ ਤੋਂ ਹਨੇਰੇ ਵਿਚ
ਲਗਾਤਾਰ ਟੋਹ ਟੋਹ ਕੇ,
ਅਸੀਂ ਲੱਭ ਲਈਏ,
ਉਹ ਚਾਨਣ;
ਜੋ ਸਾਡੇ ਅੰਦਰ ਛੁਪਿਆ।
ਸਭ ਸਾਥੀ ਮਨੁੱਖਾਂ ਵਾਂਗ
ਕੋਈ ਥਾਂ ਬਾਕੀ ਨਾ ਰਿਹਾ।
ਨਾਮ, ਤਿਥੀਆਂ, ਯੋਜਨਾਵਾਂ, ਗੋਂਦਾਂ
ਵਿਚਾਰ ਤੇ ਸੋਚਾਂ
ਮੇਰੇ ਮਨ ਵਿਚ
ਮਨੁੱਖਾਂ ਦੀਆਂ ਭੀੜਾਂ ਵਾਂਗ
ਏਧਰ ਉਧਰ ਬੇਥਵੀਆਂ।
ਨੱਸੀਆਂ ਫਿਰਦੀਆਂ।

ਪਰ ਕੋਈ ਵੀ ਕਦਮ
ਸਦਾ ਗ਼ਲਤ ਨਹੀਂ
ਕੋਈ ਵੀ ਪਾਪ,
ਆਪਣੇ ਪੁਨੀਤ ਮਨੋਰਥ ਤੋਂ ਬਿਨਾਂ ਨਹੀਂ
ਕੋਈ ਵੀ ਨਿਸ਼ਾਨਾ ਚੁਕਦਾ ਨਹੀਂ
ਆਤਮਾ;
ਆਪਣੇ ਨਿਸ਼ਚਿਤ ਟੀਚੇ ਵੱਲ ਜਾ ਰਹੀ।
ਅਜਿਹੀ ਵਿਦਿਆ ਵੀ
ਇਕ ਆਤਮ-ਪੰਧ

ਜਿਸ ਨੇ ਹਾਲੀ ਸ਼ੁਧ ਗਿਆਨ ਦਾ ਰੂਪ
ਨਹੀਂ ਸੀ ਧਾਰਿਆ।

ਇਹ ਤਾਂ
ਇਕ ਭੁੱਖ ਮਿਟਾਉਣ ਦੀ ਇੱਛਾ,
ਜਿਹੜੀ ਆਪਣੀ ਨਵਿਰਤੀ ਲਈ
ਰੋਟੀ ਲੋੜਦੀ
ਭੁੱਖ ਦੀ ਨਵਿਰਤੀ
ਤਾਂ ਹੋ ਗਈ;
ਪਰ ਕਿਹਾ ਜਾ ਸਕਦਾ ਕਿ
ਇਹ ਇਕ
ਉਧੜ ਗੁਧੜ ਪਦਾਰਥ।
ਜਿਸ ਨੂੰ ਉਨਾਂ ਚਿਰ
ਆਪਣਾ ਨਹੀਂ ਸੀ ਕਿਹਾ ਜਾ ਸਕਦਾ,
ਜਿੰਨਾਂ ਚਿਰ ਤੱਕ ਉਹ
ਆਪਣੀ ਹੋਂਦ ਮਿਟਾ ਕੇ
ਮੇਰੇ ਖ਼ੂਨ ਤੇ ਹੱਡੀਆਂ ਦਾ
ਭਾਗ ਨਾ ਬਣ ਜਾਂਦਾ।

ਹਰ ਮਨੁੱਖ ਦੇ ਜੀਵਨ ਵਿਚ
ਇਕ ਸਮਾਂ ਆਉਂਦਾ
ਜਦ ਭਾਰੇ ਪੁਸਤਕਾਲਿਆਂ ਨੂੰ
ਦਰਵਾਜਿਉਂ ਬਾਹਰ
ਸੁਟਣਾ ਪੈਂਦਾ
ਤਾਂ ਜੋ
ਚਮਕਦਾਰ ਧੁੱਪ ਦੇ
ਅੰਦਰ ਆਉਣ ਲਈ
ਲੋੜੀਂਦੀ ਥਾਂ ਬਣਾਈ ਜਾ ਸਕੇ।
ਪੁਸਤਕਾਂ ਤੇ ਇਹਨਾਂ ਦੇ
ਕਿਤਾਬੀ ਗਿਆਨ-ਭੰਡਾਰ ਨੂੰ
ਬਾਹਰ ਸੁਟਣਾ ਪੈਂਦਾ;
ਕਿਉਂਜੋ ਇਹਨਾਂ ਨੇ ਹੁਣ ਤੱਕ
ਸਾਡੇ ਅੰਦਰੋਂ ਜੀਵਨ ਦੀਆਂ
ਕਰੂੰਬਲਾਂ ਦੇ ਖੁਲ੍ਹੇ ਪੁੰਗਾਰੇ ਵਿਚ

ਰੋਕ ਪਾਈ ਰੱਖੀ।

ਸਾਨੂੰ ਆਪਣੇ ਅੰਦਰਲੇ ਨੂੰ
ਦੇਸ਼ ਤੇ ਕਾਲ
ਦੋਹਾਂ ਤੋਂ
ਸੁਰਖ਼ਰੂ ਕਰਨਾ ਪੈਂਦਾ
ਤਾਂ ਜੋ
ਆਪਣੇ ਅੰਦਰ ਅਨੰਤ ਦੀ
ਵਿਸ਼ਾਲਤਾ ਨੂੰ ਸਮੋਇਆ ਜਾ ਸਕੇ।
ਗਿਆਨ ਜੀਵਨ ਨਾਲ ਹਮਦਰਦੀ
ਇਸ ਦੀ ਸੁੰਦਰਤਾ ਦਾ ਅਨੰਦ
ਇਸ ਦੇ ਰੰਗਾਂ ਦੀ ਅਮੀਰੀ;
ਇਸ ਦੀਆਂ ਮਹਾਨ
ਪ੍ਰੇਰਨਾਵਾਂ ਦੀ ਸ਼ਕਤੀ।

ਆਖ਼ਰ ਦਮ ਲੈ;
ਵਿਦਿਆ ਤੇ ਵਿਚਾਰ ਦੇ
ਬੰਧਨਾਂ ਤੋਂ ਮੁਕਤ ਹੋ
ਹੁਣ ਮੇਰੇ ਅੰਦਰ ਵਿਚਾਰ
ਆਪਣੀ ਸਿਮਰਨ ਸ਼ਕਤੀ ਦੇ ਖ਼ਾਨਿਆਂ
ਵਿਚੋਂ ਨਹੀਂ ਉਗਮਦੇ।
ਉਹ ਅਨੰਤ ਭੂਮੀ ਵਿਚੋਂ ਫੁਟਦੇ,
ਉਵੇਂ ਹੀ
ਜਿਵੇਂ ਤੁਸੀਂ ਪਰੇ ਉਹਨਾਂ ਬ੍ਰਿਛਾਂ ਨੂੰ
ਉਪਰ ਆਉਂਦੇ ਵੇਖਦੇ।

ਪੁਰਾਣੇ ਸਮੇਂ ਵਾਂਗ,
ਇਹ ਹੁਣ ਉਸ ਤਰ੍ਹਾਂ ਨਹੀਂ ਆਉਂਦੇ
ਜਿਵੇਂ ਇਹ ਏਥੇ
ਸੰਗੀਨ ਦੀ ਨੋਕ 'ਤੇ
ਇਕ ਦੂਜੇ ਨਾਲ ਤਰਕ ਦੀ
ਅਨੁਮਾਨ ਸੰਗਲੀ ਵਿਚ
ਜਕੜੇ ਆਉਂਦੇ।
ਪਰ ਹੁਣ ਇਹ

ਆਪਣੇ ਆਪ ਆ ਜਾਂਦੇ
ਜਿਵੇਂ ਅੰਤਰੀਵ ਯਥਾਰਥ ਦੀਆਂ ਵਸਤਾਂ
ਆਪਣੇ ਹੀ ਨੇਮਾਂ ਨਾਲ ਵਿਕਸਤ ਹੋ
ਇਹ ਆਪਣੇ ਆਪੇ ਕੋਲ ਆ ਖਲੋਂਦੇ।
ਇਹ ਵੀ ਅਚੰਭਾ ?
ਇਹ ਵਿਚਾਰ ਕਿਵੇਂ ਪ੍ਰਸਪਰ ਜੁੜੇ ਰਹਿੰਦੇ ?
ਸ਼ਾਇਦ ਇਹ ਗ਼ਾਲਿਬ ਹੀ ਸੀ
ਜਿਸ ਨੇ ਇਕ ਦਿਨ ਲੇਟਿਆਂ ਹੋਇਆਂ
ਖਿਲਰਿਆਂ ਤਾਰਿਆਂ ਨੂੰ ਤੱਕ ਕੇ
ਆਖਿਆ :
''ਗਗਨ ਵਿਚ ਤਾਰਿਆਂ ਦੀ
ਪਸਰੀ ਇਹ ਲੀਲ੍ਹਾ
ਕਿਸੇ ਦਾਨਸ਼ਵਰ ਦੀ ਸੋਚੀ ਕ੍ਰਿਤ
ਨਹੀਂ ਹੋ ਸਕਦੀ।''

ਉਰਦੂ ਕਵੀਆਂ ਨੇ
ਜੀਵਨ ਦੀ ਇਸ ਸਜੀਵ ਤਰੰਗ ਨੂੰ
ਪਛਾਣ ਕੇ ਹੀ :
ਗ਼ਜ਼ਲ ਦੇ ਇਕ ਸ਼ਿਅਰ ਦੇ ਅਰਥ ਨੂੰ
ਇਕ ਦੂਜੇ ਤੋਂ ਭਿੰਨ ਰੱਖਿਆ।
ਹਾਫ਼ਿਜ਼ ਆਪਣੇ ਸ਼ਿਅਰਾਂ ਨੂੰ
ਦੁਰਅਫ਼ਸ਼ਾਨੀ
ਅਰਥਾਤ ਮੋਤੀਆਂ ਦੀ ਛਹਿਬਰ ਕਹਿੰਦਾ।

ਕੁਦਰਤੀ ਵਸਤਾਂ
ਜੋ ਅਸੀਂ ਵੇਖਦੇ
ਪੁਲਾੜ ਵਿਚ ਆਪਣੀ ਆਪਣੀ ਨਿੱਜਤਾ ਨੂੰ
ਕਾਇਮ ਰੱਖੀ;
ਇਕ ਦੂਜੇ ਤੋਂ ਅੱਡ ਅੱਡ ਖੜੀਆਂ।

ਮੇਰੇ ਵਿਚਾਰ
ਤਰਕ-ਮੂਲਕ ਨਿਯਮਾਂ ਦੀ
ਪਾਲਣਾ ਨਹੀਂ ਕਰਦੇ।
ਘੰਟਿਆਂ ਬੱਧੀ

ਮੈਂ ਊਸ਼ਾ ਤੇ ਨਿਸ਼ਾ ਸਾਹਵੇਂ ਬੈਠ
ਨਵੇਂ ਆਉਂਦੇ ਖੇੜਿਆਂ ਦੇ ਆਗਮਨ ਨੂੰ ਤੱਕਦਾ।
ਜਦ ਉਹ ਖਿੜਦੇ;
ਖਿੜਦਾ
ਜਦ ਉਹ ਬੰਦ ਹੁੰਦੇ;
ਬੰਦ ਹੋ ਜਾਂਦਾ।
ਇਸ ਤਰ੍ਹਾਂ ਦੇ ਕਿਸੇ ਇਕ ਵਿਹਾਰ ਸੰਗ
ਖਲੋ ਸਕਣਾ
ਅਨੰਦ ਦੀ ਉਹ ਘਟਨਾ;
ਜੋ ਮੇਰੇ ਅੰਦਰ ਹੀ;
ਵਾਪਰ ਸਕਦੀ,
ਬਾਹਰ ਨਹੀਂ।
ਮੇਰਾ ਵਿਚਾਰ
ਆਪਣੀ ਹੀ ਰੁੱਤ,
ਥਾਂ ਤੇ ਜਲਵਾਯੂ ਦੀ ਚੋਣ
ਕਰ ਲੈਂਦਾ।
ਹੁਨਾਲ ਇਕ ਤਰ੍ਹਾਂ ਦੇ
ਸਿਆਲ ਦੂਜੀ ਤਰ੍ਹਾਂ ਦੇ
ਵਿਚਾਰਾਂ ਨੂੰ ਜਨਮ ਦਿੰਦਾ।

ਇੰਜ ਸਭ ਵਸਤਾਂ;
ਬ੍ਰਿਛਾਂ-ਹਾਰ ਉਗਮ ਕੇ,
ਮੇਰੇ ਅੰਦਰ;
ਇਸ ਤਰ੍ਹਾਂ ਤੁਰਦੀਆਂ ਫਿਰਦੀਆਂ;
ਜਿਵੇਂ ਧਰਤੀ ਦੀ ਹਿੱਕ 'ਤੇ
ਜਾਨਵਰ
ਤੇ ਪ੍ਰਭੂ ਦੀ ਮਿਹਰ ਦੀ ਪ੍ਰੇਰਨਾ ਲਈ
ਤਾਂਘਦੀਆਂ ਰਹਿੰਦੀਆਂ।

ਆਪਣੇ ਅੰਦਰ ਮੈਂ
ਉਸ ਆਵਾਜ਼ ਦੀ ਉਡੀਕ ਕਰਦਾ
ਜਿਹੜੀ ਸਦਾ ਇਥੇ ਹੀ,
ਆਪਣੇ ਮਧੁਰ ਸੰਗੀਤ ਦੀ
ਬੇ-ਖ਼ੁਦੀ ਵਿਚ

ਸੁਣਾਈ ਦਿੰਦੀ।

ਮੈਂ ਵਧੇਰਾ ਸਮਾਂ
ਉਸ ਨੀਲੇ ਖੁਲ੍ਹੇ ਆਕਾਸ਼ ਨਾਲ
ਭਰਪੂਰ ਰਹਿੰਦਾ,
ਜਿਹੜਾ ਪ੍ਰੀਤ ਦੇ ਕਾਮਨ-ਹਾਰ
ਮੇਰੇ ਅੰਦਰ ਤੇ ਬਾਹਰ
ਛਾਇਆ ਰਹਿੰਦਾ।
ਇਹੋ ਕਾਰਨ !
ਜਿਵੇਂ ਮੈਂ ਤੁਹਾਨੂੰ ਦੱਸਿਆ,
ਮੈਂ ਇਸ ਝਾਉਲੇ ਹੇਠਾਂ
ਏਨਾਂ ਦਬ ਜਾਂਦਾ
ਕਿ ਬਹੁਤ ਵਾਰ ਮੈਨੂੰ ਪਤਾ ਨਹੀਂ ਰਹਿੰਦਾ
ਕਿ ਇਹ ਨੀਲਾ ਆਕਾਸ਼
ਮੇਰਾ ਸਿਰ !
ਜਾਂ ਮੇਰਾ ਸਿਰ
ਨੀਲਾ ਆਕਾਸ਼ !

ਮੈਂ ਸੋਚਾਂ ਦੇ
ਪ੍ਰਚੱਲਤ ਅਮਲਾਂ ਨੂੰ,
ਵਰਤੋਂ ਵਿਚ ਨਹੀਂ ਲਿਆਉਂਦਾ
ਜਿਵੇਂ ਕਿ ਸਾਂ ਕਦੀ ਪਹਿਲਾਂ ਲਿਆਉਂਦਾ।
ਮੈਂ ਤਾਂ ਆਪਣੇ ਆਪ ਨੂੰ,
ਖ਼ਾਲੀ ਕਰ ਦੇਣ ਦੇ;
ਸਦਗੁਣਾਂ ਉਤੇ ਹੀ,
ਅਮਲ ਕਰਦਾ;
ਆਪਣੀਆਂ ਅੱਖਾਂ
ਤਟ-ਰਹਿਤ ਆਕਾਸ਼ ਦੇ ਸਿਰੇ ਵੱਲ
ਪਸਾਰ ਦਿੰਦਾ।
ਵਗਦੀ ਨਦੀ ਦੇ ਕੰਢੇ ਬੈਠ
ਵਗਦੇ ਤਲ 'ਤੇ;
ਲਹਿਰਾਂ ਦੀ ਖੇਡ ਤੱਕਦਾ
ਤੇ ਆਪਣੇ ਬਿਸਤਰ 'ਤੇ ਲੇਟ,

ਤਾਰਿਆਂ ਨਾਲ ਛੂਪਣ-ਛੂਹਤ ਖੇਡਦਾ।
ਉਦੋਂ ਮੈਂ ਸੋਚ ਹੀ ਕੀ ਸਕਦਾ
ਜਦੋਂ ਜੀਵਨ ਦੀ ਖੁਸ਼ੀ;
ਅਚਨਚੇਤ ਮੈਨੂੰ ਆ ਘੇਰਦੀ।

ਕੇਵਲ ਮੇਰੀ ਜਵਾਨੀ ਦੇ
ਸੂਹੇ ਪੱਕੇ ਛਿਣ;
ਮੈਨੂੰ ਸ਼ਕਤੀ ਦੇਂਦੇ
ਤੇ ਮੈਂ ਭਾਵਾਵੇਸ਼ ਵਿਚ
ਥਰਥਰਾ ਉਠਦਾ।

ਸਾਵਣ ਮਾਹ ਦੇ ਸੁਰਮਈ,
ਸੰਦਲੀ ਬੱਦਲ ਲੰਘਦੇ ਮੇਰੇ ਅੰਦਰ
ਆਪਣੀਆਂ ਮਧੁਰ-ਤਰਲ ਧੁਨਾਂ ਛੇੜਦੇ,
ਬਿਜਲੀ ਚਮਕਦੀ ਤੇ ਗਰਜ ਉਠਦੀ
ਮੇਰੇ ਅੰਦਰ ਗੁਲਾਬਾਂ ਦਾ ਮੀਂਹ ਵਰ੍ਹਦਾ।

ਜਦੋਂ ਇਹ ਰੁੱਤ ਗੁਜ਼ਰ ਜਾਂਦੀ,
ਮੈਂ ਉਦੋਂ ਵੀ ਅਹਿੱਲ
ਖੜ੍ਹਾ ਰਹਿੰਦਾ
ਤਾਂ ਜੋ ਉਸੇ ਤਰ੍ਹਾਂ
ਇਸ ਖ਼ੁਸ਼ੀ ਦੇ ਹੁਲਾਰੇ ਨੂੰ
ਮਾਣ ਸਕਾਂ।

ਮੈਂ ਫਿਰ ਬਾਹਰ ਜਾਂਦਾ
ਬਿਜਲੀ ਦੀ ਛਿਣ-ਭੰਗਰਤਾ ਨੂੰ
ਵਹਿਸ਼ੀਆਂ-ਹਾਰ ਘੁੱਟ ਕੇ ਫੜ ਲੈਂਦਾ
ਤਾਂ ਜੋ ਸੁਹੱਪਣ ਦੀ ਅਨੰਤਤਾ ਨੂੰ
ਆਪਣੇ ਕਲਾਵੇ ਵਿਚ ਘੁੱਟ ਸਕਾਂ।
ਮੈਂ ਤਾਰੇ ਨਿਘਾਰ ਜਾਂਦਾ,
ਨਿਰੋਲ ਪੁਲਾੜ ਨੂੰ ਖਾ ਜਾਂਦਾ
ਸਮੱਸਤ ਕਾਲਾਂ ਨੂੰ
ਆਪਣੇ ਅੰਦਰ 'ਕੱਠਾ ਕਰ ਲੈਂਦਾ।
ਮੈਂ

ਪੌਣ, ਪਾਣੀ ਤੇ ਅਗਨੀ ਨੂੰ
ਪਹਿਣਨ ਲਈ ਉਠਦਾ।
ਮੈਂ ਹਰ ਰਸਤੇ 'ਚੋਂ
ਬਾਹਰ ਨੱਠ ਉਠਦਾ
ਤਾਂ ਜੋ ਉਹਨਾਂ ਦੇ ਦਿਲਾਂ ਦੇ ਧੁਰ ਅੰਦਰ,
ਆਪਣੇ ਆਪ ਨੂੰ ਬੈਠਿਆਂ ਲੱਭ ਸਕਾਂ।

ਮੈਂ ਮੁੜ ਮੁੜ ਆਪਣੇ ਆਪ ਨੂੰ
ਪ੍ਰੀਤ ਦੇ ਬੰਧਨਾਂ ਤੋਂ ਮੁਕਤ ਕਰਦਾ,
ਪਰ ਆਪਣੇ ਆਪ ਨੂੰ ਸਦਾ
ਉਸ ਦੀਆਂ ਬਾਹਾਂ ਵਿਚ ਘੁੱਟਿਆ ਵੇਖਦਾ,
ਜੋ ਕਿਸੇ ਮਹਾਂ ਅਨੰਦ ਵਿਚ;
ਮੇਰੇ ਦੁਆਲੇ ਪੀਢੀਆਂ ਹੋ ਜਾਂਦੀਆਂ।

ਆਹ !
ਮਨੋਵੇਗਾਂ ਦਾ ਝਾਉਲਾ
ਮੈਨੂੰ ਆ ਘੇਰਦਾ।
ਹਰ ਚੀਜ਼ ਦੀ ਘੁਟਣੀ ਵਿਚ
ਮੈਂ ਗੁਆਚ ਜਾਂਦਾ,
ਮੈਂ ਆਪਣਾ ਆਪ ਭੁੱਲ ਜਾਂਦਾ
ਮੈਂ ਪਿਘਲ ਜਾਂਦਾ ਮੈਂ ਪਿਘਲ ਜਾਂਦਾ;
ਜਿਵੇਂ ਸਾਗਰ ਵਿਚ ਬਰਫ਼ ਦਾ ਗੁਹੜਾ।

ਮੈਂ ਡਿਗ ਡਿਗ ਪੈਂਦਾ–ਮੈਂ ਡਿਗ ਡਿਗ ਪੈਂਦਾ,
ਜਿਵੇਂ ਵਹਿੰਦੇ ਪਾਣੀ 'ਤੇ ਚੰਨ ਦੀਆਂ ਰਿਸ਼ਮਾਂ

ਕੀ ਸਭ ਹੈ ਮੈਂ ਵਿਚ
ਜਾਂ ਮੈਂ ਸਭ ਵਿਚ ?
ਮੈਂ ਆਪਣੇ ਪਰਛਾਵੇਂ ਤੋਂ
ਬਾਹਰ ਉਠਦਾ
ਤੇ ਸਭ ਚਾਨਣ
ਮੇਰੀ ਛੁਹਲੀ ਘੁਟਣੀ ਵਿਚ ਆ ਸਮਾਂਦਾ।
ਮੇਰੀ ਅਸਲੀ ਵਿਦਿਆ,
ਸਾਰੀ ਮਾਨਸਿਕ ਸਾਮੱਗਰੀ ਦੇ

ਲੈਅ ਹੋ ਜਾਣ ਨਾਲ ਆਰੰਭ ਹੁੰਦੀ।

ਮੈਂ ਆਤਮ ਗਿਆਨ ਦਾ ਪਹਿਲਾ ਅੱਖਰ,
ਸਾਰੀ ਸਿੱਖੀ ਵਿੱਦਿਆ ਨੂੰ
ਅਣਸਿੱਖ ਕੇ ਸਿੱਖਿਆ।

ਆਤਮ ਤਿਆਗ 'ਚੋਂ
ਮੈਨੂੰ ਉਹ ਪ੍ਰਭੂ ਮਿਲਿਆ,
ਜਿਸ ਨੂੰ ਅਨੰਤ ਪਿਆਰ ਦਾ ਸੰਗੀਤ
ਪ੍ਰਿਯਤਮ, ਮਧੁਰਤਮ ਤੇ ਸੁੰਦਰਮ
ਕਹਿ ਕੇ ਪਿਆਰਦਾ।

ਕੀ ਮੈਂ ਕਿਹਾ ਸੀ !
ਕਿ ਮੈਂ ਉਸ ਨੂੰ ਲੱਭ ਲਿਆ ?
ਸੱਚ ਤਾਂ ਇਹ
ਕਿ ਉਸ ਨੂੰ ਸਦਾ ਭਾਲੀ ਦਾ
ਸਦਾ ਸਿਮਰਨ ਦੁਆਰਾ
ਉਸ ਦਾ ਨਵਾਂ ਨਾਮ ਧਰੀ ਦਾ
ਤੇ ਉਸ ਦਾ ਗਾਇਨ ਕਰੀ ਦਾ।

ਵਾਹ ! ਵਾਹ !!
ਸਦਾ ਤੇਰੀ ਜੈ ਜੈ ਕਾਰ।
ਇਹੀ ਸਦੈਵ ਆਦਿ,
ਇਹੀ ਸਦੈਵ ਅੰਤ
ਚਮਕਦੇ ਚਿਹਰੇ ਵਾਲੀ;
ਅਤਿ ਕੋਮਲ ਵਿਹਲ;
ਮੇਰੀ ਉਹ ਸਦੀਵੀ ਸਖੀ
ਜਿਵੇਂ ਗਿਆਨ, ਪ੍ਰੇਮ ਤੇ ਸੇਵਾ-ਭਾਵ,
ਉਸ ਖ਼ੁਸ਼ੀ ਦਾ ਰੂਪ ਧਾਰਦੇ
ਜੋ ਮੈਂ ਆਪ ਹੀ ਰਚਦਾ ਤੇ ਨਿਹਾਰਦਾ,
ਪਰ ਉਸ ਦਾ ਉਪਦੇਸ਼ ਕਰਨ ਸਮੇਂ
ਮੈਂ ਮਰ ਜਾਂਦਾ।

ਕੱਖਾਂ ਦੀ ਨਿੱਕੀ ਝੁੱਗੀ ਵਿਚ

ਮੈਂ ਇਕੱਲਾ ਰਹਿੰਦਾ,
ਕੱਖਾਂ ਦੇ ਵਿਛੌਣੇ 'ਤੇ ਲੇਟਦਾਂ।
ਜਦ ਸਾਰਾ ਨਗਰ
ਧੂੜ-ਵਲ੍ਹੇਟੀ ਨੀਂਦ ਵਿਚ ਊਂਘਦਾ,
ਮੈਂ ਆਪਣੇ ਆਪ ਨੂੰ;
ਉਚਾ ਉਠਦਾ ਪ੍ਰਤੀਤ ਕਰਦਾ
ਤੇ ਮੇਰੇ ਨਾਲ ਹੀ
ਮੇਰੀ ਝੁੱਗੀ ਤੇ ਵਿਛੌਣਾ ਉਠ ਖਲੋਂਦੇ।
ਮੈਨੂੰ ਇੰਜ ਲਗਦਾ
ਮੇਰਾ ਘਰ, ਅਗਨ-ਖੰਭਾਂ ਉਤੇ ਸਵਾਰ ਹੋ,
ਤਾਰੇ-ਹਾਰ
ਬਾਦਸ਼ਾਹੀ ਮਹਿਲਾਂ 'ਤੇ
ਸਭ ਤ੍ਰਿਸ਼ਨਾਵਾਂ ਦੀ ਖ਼ੁਆਰੀ ਤੋਂ
ਉਚਾ ਉਠਦਾ।

ਏਥੇ ਫ਼ਲਸਫ਼ਾ
ਨਿਰੋਲ ਕਵਿਤਾ ਬਣ ਜਾਂਦਾ।
ਕੀ ਅਸਾਂ ਗੋਇਟੇ ਨੂੰ
ਇੰਜ ਕਹਿੰਦਿਆਂ ਨਹੀਂ ਸੁਣਿਆ :
''ਆਓ !
ਮੈਂ ਤੁਹਾਨੂੰ ਦੱਸਾਂ
ਕਿ ਮਨੁੱਖ ਦਾ ਸਰਵੁੱਚ ਕਰਤੱਵ ਕੀ ?
ਕਿਸੇ ਜਗਤ ਦੀ ਹੋਂਦ ਨਹੀਂ ਸੀ
ਇਹ ਸਭ ਮੇਰੀ ਰਚਨਾ।
ਇਹ ਮੈਂ ਹੀ ਸਾਂ,
ਜਿਸ ਨੇ ਸੂਰਜ ਨੂੰ
ਸਾਗਰ 'ਚੋਂ ਉਪਰ ਲਿਆਂਦਾ।
ਚੰਦਰਮਾ ਨੇ ਆਪਣਾ ਪਰਿਵਰਤਨਸ਼ੀਲ ਮਾਰਗ
ਮੇਰੇ ਸੰਗ ਹੀ ਆਰੰਭ ਕੀਤਾ।''

ਮਨੁੱਖ ਦੀ ਵਾਸਤਵਿਕ ਕੁਸ਼ਲਤਾ,
ਇਸੇ ਦਿਸ਼ਾ ਵਿਚ ਲੁਕੀ ਪਈ;
ਉਹ ਲੋਕ ਮਹਾਨ
ਜਿਹੜੇ ਉਸ ਵਿਹਲ ਦੀ;

ਸਰਵੁੱਚ ਅਮੀਰੀ ਵਿਚ ਵਿਚਰਦੇ।
ਜਿਹੜੀ ਸਿਰਜਣਾ ਦੇ ਦੈਵੀ ਅਨੰਦ ਨਾਲ
ਤਰੰਗਤ ਹੁੰਦੀ।
ਬਹੁਤ ਸਾਰੇ ਉਚ-ਵਿਦਵਾਨਾਂ ਦੀਆਂ ਖੋਪਰੀਆਂ
ਗੁੰਝਲਦਾਰ ਵਿਚਾਰ ਦੀ ਪੀੜਾ ਨਾਲ
ਦੁਖਦੀਆਂ ਰਹਿੰਦੀਆਂ।

ਪਰ ਇਸ ਦੇ ਟਾਕਰੇ
ਮੈਂ ਅਨਪੜ੍ਹ ਕਿਸਾਨ ਕੁੜੀਆਂ ਨੂੰ;
ਸ਼ਹਿਜ਼ਾਦੀਆਂ ਹਾਰ
ਆਤਮ ਪਛਾਣ ਦੀ
ਦੈਵੀ ਅਨੁਭਵੀ ਸ਼ਾਨ ਵਿਚ
ਫਿਰਦੀਆਂ ਤੱਕਿਆ।
ਮੈਂ ਉਹਨਾਂ ਨੂੰ ਆਪਣੀ ਅੱਖੀਂ
ਖ਼ੁਸ਼ੀ ਦੇ ਮਧੁਰ ਗੀਤਾਂ ਵਿਚ
ਪੰਛੀਆਂ-ਹਾਰ ਥਰਥਰਾਂਦੇ ਦੇਖਿਆ।
ਉਹਨਾਂ ਦਾ ਸਾਰਾ ਬਦਨ
ਪਵਨ ਤੇ ਚਾਨਣ ਦੀ ਨਿੱਕੀ ਛੂਹ ਨਾਲ
ਕੰਬਦਾ।
ਪ੍ਰੇਮ ਦੇ ਰੰਗ ਵਿਚ ਰੰਗੇ
ਮਰਦਾਂ ਤੇ ਤੀਵੀਆਂ ਦੀਆਂ ਧੜਕਣਾਂ
ਰਾਧਾ ਤੇ ਕ੍ਰਿਸ਼ਨ ਦੇ ਗੀਤ ਅਲਾਪਦੀਆਂ,
ਅਨੰਤ ਸੁਹੱਪਣ ਦੇ
ਕੋਮਲ ਰੂਪ ਨੂੰ ਸਹਿਜੇ ਵੰਡਦੀਆਂ,
ਇੰਜ ਲਗਦੀਆਂ
ਜਿਵੇਂ ਲਹਿੰਦਾ ਸੂਰਜ
ਆਪਣੇ ਖ਼ੂਨ ਤੋਂ ਬਣੇ,
ਸੂਹੇ ਗਗਨ-ਛੰਭ ਵਿਚ
ਖ਼ੁਸ਼ੀ ਖ਼ੁਸ਼ੀ ਡੁੱਬ ਜਾਂਦਾ।

ਅਨੰਤ
ਅਸੰਖ ਰੂਪ ਧਾਰ
ਉਹਨਾਂ ਵਿਚ ਸਮਾ
ਅਨੰਤ ਵੱਲ ਨੂੰ ਹੀ ਚਲਦਾ।

ਪ੍ਰੇਮ ਦਾ ਆਤਮ ਸਵਰੂਪ
ਸੁਹੱਪਣ ਦੇ ਨਾਨਾਵੇਸ ਬਣਾ,
ਆਪਣੇ ਰੂਪ ਦੀਆਂ
ਕੰਬਦੀਆਂ ਲਹਿਰਾਂ ਦੀ
ਖ਼ੁਸ਼ੀ ਨਾਲ ਨਚਦਾ
ਤੇ ਆਪਣੇ ਹੀ ਸਰੂਪ ਵਿਚ
ਜਾ ਸਮਾਉਂਦਾ।

ਸੁਹੱਪਣ,
ਪ੍ਰਭੂ ਦੇ ਆਪਣੇ ਹੱਥੀਂ ਸਿਰਜੇ
ਆਤਮਾ ਅਨੰਦ ਦਾ ਸਰਵੁੱਚ ਰੂਪ
ਜੋ ਸਾਡੀ ਰੂਹ ਦੇ ਮੰਦਰ ਵਿਚ
ਇਸ਼ਟ-ਦੇਵ ਦੇ ਰੂਪ ਵਿਚ ਸੁਭਾਇਮਾਨ
ਜਿਸ ਦੇ ਬਿੰਬ ਦਾ ਵੱਡਾ ਵਿਸਥਾਰ,
ਜਲਾਂ, ਥਲਾਂ ਤੇ ਅੰਬਰਾਂ 'ਤੇ ਤਰਦਾ।
ਆਪਣੀ ਆਤਮਾ ਦੇ ਮੰਦਰ
ਅਸੀਂ ਜੀਵਨ ਦੀ ਰਮਜ਼ ਲੁਕਾਈ ਬੈਠੇ
ਨਿਰਮਲ ਸੁੰਦਰਤਾ,
ਅਤਿ ਉਚੀ ਮਸਤੀ ਨਾਲ ਮਖ਼ਮੂਰ ਪ੍ਰੀਤੀ
ਜੋ ਸਭ ਰੂਪਾਂ ਤੇ ਰੇਖਾਵਾਂ ਤੋਂ ਉਚੇਰੀ
ਸਰਵ ਸਮਰਥ ਸ਼ਕਤੀ।

ਸੁੰਦਰਤਾ ਦਾ ਪ੍ਰੇਮ
ਇਰਾਨ ਦਾ ਹਾਫ਼ਿਜ਼
ਮਸਤੀ ਵਿਚ ਕੂਕਦਾ
''ਪੂਰਨ ਜਮਾਲ ਤੇਰਾ,
ਮੇਰੀ ਪ੍ਰੀਤ ਤੋਂ ਉਚੇਰਾ।
ਮੇਰੀ ਪ੍ਰੀਤ ਹੈ ਅਧੂਰੀ;
ਵਾਹ ਵਾਹ ਕਮਾਲ ਤੇਰਾ।
ਤੇਰਾ ਨੂਰਾਨੀ ਚਿਹਰਾ,
ਰੂਪ ਰੰਗ ਤੋਂ ਨਿਆਰਾ।
ਰੇਖ-ਭੇਖ ਤੋਂ ਉਚੇਰਾ,
ਹੈ ਅਨੰਤ ਰੂਪ ਆਤਮ ਪਿਆਰਾ।''

ਇਹ ਸੌਂਦਰਯਮਈ ਆਤਮ-ਸਰੂਪ ਹੀ
ਸਭ ਵਸਤਾਂ ਨੂੰ
ਸੁੰਦਰਤਾ ਪ੍ਰਦਾਨ ਕਰਦਾ।

ਛੋਟੀ 'ਮੈਂ' ਤੇ ਮੇਰੀ ਹੋਂਦ ਦੀਆਂ
ਸਭ ਮਿੱਠੀਆਂ ਖਿੱਚਾਂ,
ਆਪਣਾ ਕਾਮਨਹਾਰ ਮੰਤਰ;
ਆਪਣੇ ਵਿਰਲੇ ਆਪੇ ਦੇ
ਪ੍ਰਤੀਬਿੰਬ ਤੋਂ ਹੀ ਪ੍ਰਾਪਤ ਕਰਦੀਆਂ।

ਆਪਣੇ ਮਿੱਟੀ ਦੇ ਝੌਂਪੜੇ ਦੀਆਂ ਕੱਚੀਆਂ ਕੰਧਾਂ,
ਇਕ ਗਲੀ ਦੇ ਮੰਗਤੇ ਨੂੰ
ਹਿਮਾਲਾ ਦੀਆਂ ਬਰਫ਼ਾਨੀ ਚੋਟੀਆਂ ਨਾਲੋਂ
ਵਧੇਰੇ ਸ਼ਾਨਦਾਰ ਲਗਦੀਆਂ।
ਹਰੇ ਬਾਂਸ ਦੀ ਟਹਿਣੀ ਦੀ
ਇਕ ਥੋਥੀ ਪੋਰੀ,
ਕ੍ਰਿਸ਼ਨ ਜੀ ਦੇ ਹੋਂਠਾਂ ਦੀ ਛੁਹ ਪਾ;
ਪਸ਼ੂ ਪੰਛੀ ਤੇ ਮਾਨਵ ਜਗਤ ਲਈ
ਇਕ ਜਾਗਦਾ ਗੀਤ ਬਣ ਜਾਂਦੀ।
ਉਹ ਪੋਰੀ ਕਿਸਾਨ ਦੇ ਹੱਥ ਵਿਚ
ਚਰਾਂਦਾਂ ਵੱਲ
ਗੁੰਗੇ ਡੰਗਰਾਂ ਨੂੰ ਹੱਕਣ ਲਈ
ਇਕ ਪ੍ਰਾਣੀ ਦਾ ਰੂਪ ਬਣ ਜਾਂਦੀ।

''ਉਹ ਦਿਨ ਕਦੋਂ ਚੜ੍ਹੇਗਾ ?
ਮੇਰੇ ਅਨੰਤ
ਕਿ ਮੈਂ ਇਕ ਬਾਦਸ਼ਾਹ
ਤੇਰੀ ਸੁੰਦਰਤਾ ਦੇ
ਪਰਮ-ਅਨੰਦ ਦਾ
ਵਰਦਾਨ ਪਾ
ਤੇਰੇ ਵਿਚ
ਧਿਆਨ ਮਗਨ ਬੈਠਾ
ਵਗ ਰਹੀ ਗੰਗਾ ਵਿਚ
ਧੋਤੇ ਸੈਲ ਆਸਣ 'ਤੇ

ਚਿਰ ਤੋਂ ਮੌਨ
ਤੇ ਮੇਰਾ ਸਗਲਾ ਆਪਾ,
ਅਨੰਦ ਵਿਚ ਮਖ਼ਮੂਰ
ਹੰਝੂ ਡਿਗਦੇ
ਮਾਲਾ ਦਾ ਮਣਕਾ ਹੋ
ਮੇਰੀਆਂ ਮੁੰਦੀਆਂ ਅੱਖਾਂ 'ਚੋਂ।
ਮੈਂ ਤੇਰੇ ਪਿਆਰ ਵਿਚ
ਇਨਾਂ ਨਿਰਜੀਵ
ਕਿ ਮੇਰੇ ਦੋਹਾਂ ਮੋਢਿਆਂ 'ਤੇ
ਚਿੜੀਆਂ ਬੈਠ
ਪੀਣ ਮੇਰੀਆਂ ਅੱਖਾਂ ਦੇ
ਅਨੰਦ ਅੱਥਰੂ !
ਇਹ ਸੋਚ
ਕਿ ਇਹ ਗੰਗਾ ਦੀਆਂ ਮੋਤੀ-ਬੂੰਦਾਂ,
ਮੇਰੇ ਅੱਥਰੂ ਪੀਂਦੀਆਂ,
ਇਸ ਤਰ੍ਹਾਂ ਤੱਕਣ ਇਕ ਦੂਜੀ ਵੱਲ,
ਇਕ ਸੰਤੋਸ਼ ਭਰੀ ਤੱਕਣੀ
ਤੇ ਸਮਝ ਮੈਨੂੰ
ਇਕ ਪਥਰੀਲੀ ਚੱਟਾਨ
ਆਪਣੇ ਸਿੰਗ,
ਨੰਗੀ ਪਿੱਠ 'ਤੇ ਰਗੜਨ
ਆ-ਜੰਗਲੀ ਹਿਰਨ।''

ਹਰਿ ਚਰਣ ਕਵਲ ਮਕਰੰਦ ਲੋਭਿਤ
ਮਨੋ ਅਨਦਿਨੁ ਮੋਹਿ ਆਹੀ ਪਿਆਸਾ
ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ
ਹੋਇ ਜਾ ਤੇ ਤੇਰੈ ਨਾਇ ਵਾਸਾ।
(ਗੁਰੂ ਗਰੰਥ ਸਾਹਿਬ, ਧਨਾਸਰੀ ਮਹਲਾ 1)

# ਭਾਗ ਦੂਜਾ

# ਆਤਮਾ ਦਾ ਸੰਗੀਤ

# ਆਰੰਭਕ ਵਿਚਾਰ

## I

ਗੁਰੂ ਨਾਨਕ ਦੇਵ ਜੀ ਦੇ ਸਰੂਪ ਵਿਚ ਧਾਰਮਿਕ, ਸਮਾਜਕ ਤੇ ਰਾਜਨੀਤਕ ਕ੍ਰਾਂਤੀ ਹੋਂਦ ਵਿਚ ਆਈ। ਸੰਨ 1469 ਤੋਂ ਲੈ ਕੇ 1708 ਤੱਕ ਦੇ ਸਾਲਾਂ ਵਿਚ ਪੰਜਾਬ ਵਿਚ ਦਸ ਗੁਰੂ ਸਾਹਿਬਾਨ ਨੇ ਅਦੁੱਤੀ ਜੋਤ ਜਗਾ ਦਿੱਤੀ ਅਤੇ ਗੁਰ ਸਾਹਿਬਾਨ ਦੇ ਜੀਵਨ ਦੁਆਰਾ ਸੰਸਾਰ ਨੇ ਆਦਰਸ਼ਕ ਮਨੁੱਖਾਂ ਦੇ ਸਾਖਿਆਤ ਦਰਸ਼ਨ ਕੀਤੇ।

ਸਦੀਆਂ ਤੱਕ ਭਾਰਤ ਦੀ ਕੌਮੀ ਆਤਮਾ ਉਤੇ ਉਪਨਿਸ਼ਦਾਂ ਤੇ ਹੋਰ ਭਾਰਤੀ ਦਰਸ਼ਨ-ਪਧਤੀਆਂ ਦਾ ਪ੍ਰਭਾਵ ਰਿਹਾ। ਇਹ ਸਭ ਮੱਤ ਮਤਾਂਤਰ ਅਰੂਪ ਯਥਾਰਥ ਅਰਥਾਤ ਨਿਰਗੁਣ ਪਾਰਬ੍ਰਹਮ ਵਿਚ ਵਿਸ਼ਵਾਸ ਰਖਦੇ ਸਨ, ਪਰ ਜਨ ਸਾਧਾਰਨ ਅਨੇਕ ਭਾਂਤ ਦੇ ਵਹਿਮਾਂ ਭਰਮਾਂ ਦਾ ਸ਼ਿਕਾਰ ਸੀ ਤੇ ਹਜ਼ਾਰਾਂ ਅਣ-ਯਥਾਰਥ ਦੇਵੀ ਦੇਵਤਿਆਂ ਉਤੇ ਟੇਕ ਰੱਖ ਕੇ ਉਹਨਾਂ ਦੀ ਪੂਜਾ ਕਰਦਾ ਸੀ। ਇਹ ਪਰਾ-ਭੌਤਿਕ ਜਾਂ ਨਿਰਗੁਣ ਪਾਰਬ੍ਰਹਮ ਕਿਉਂਜੋ ਮਨੁੱਖੀ ਇੰਦਰੀਆਂ ਲਈ ਅਨੁਭਵ ਤੋਂ ਪਰੇ ਦੀ ਗੱਲ ਸੀ ਤੇ ਮਨੁੱਖੀ ਮਨ ਲਈ ਅਗਮ ਅਗੋਚਰ ਸੀ ਇਸ ਲਈ ਉਹ ਸ਼ਾਸਤਰਾਰਥ ਦਾ ਵਿਸ਼ਾ ਅਤੇ ਸਿਧਾਂਤਕ ਸੰਕਲਪ ਹੀ ਬਣਿਆ ਰਿਹਾ। ਲੋਕਾਂ ਨੂੰ ਜਿਉਂਦੇ ਰਹਿਣ ਲਈ ਕਈ ਪ੍ਰਕਾਰ ਦੇ ਦੇਵੀ ਦੇਵਤਿਆਂ ਨੂੰ ਥਾਪਣਾ ਪਿਆ ਤੇ ਅਨਜਾਣੇ ਹੀ ਲੋਕ ਇਹਨਾਂ ਅਣ-ਯਥਾਰਥਕ ਦੇਵੀ ਦੇਵਤਿਆਂ ਦੇ ਭਰਮ-ਅਗਿਆਨ ਦਾ ਸ਼ਿਕਾਰ ਹੋ ਗਏ ਤੇ ਉਹਨਾਂ ਦੇ ਧਾਰਮਿਕ ਤੇ ਰਾਜਨੀਤਕ ਪ੍ਰਭੂਆਂ ਦੇ ਗ਼ੁਲਾਮ ਬਣ ਗਏ।

ਗੁਰੂ ਨਾਨਕ ਦੇਵ ਜੀ ਸਰਵੁੱਚ ਪੁਰਖ ਨੂੰ ਧਿਆਉਂਦੇ ਹਨ ਜੋ ਉਹਨਾਂ ਦੀ ਬਾਣੀ 'ਜਪੁਜੀ' ਦੀ ਪਹਿਲੀ ਪੰਕਤੀ ਵਿਚ ਸੰਪੂਰਨ ਦੈਵੀ ਸਰੂਪ ਨੂੰ ਧਾਰਨ ਕਰ ਗਿਆ ਹੈ। ਇਹ ਗੱਲ ਬੜੀ ਵਿਸ਼ੇਸ਼ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਕਿਸੇ ਸੰਕਲਪਗਤ ਪਰਮਾਤਮਾ ਨੂੰ ਨਹੀਂ ਧਿਆਇਆ, ਸਗੋਂ ਆਪ ਨੇ ਬ੍ਰਹਿਮੰਡ ਦੀ ਪਰਮ-ਆਤਮਾ ਨੂੰ ਅਰਾਧਿਆ ਹੈ। ਜੋ ਪੁਰਖ ਵੀ ਹੈ, ਗੁਰੂ ਵੀ ਅਤੇ ਨਿੱਜ ਸਰੂਪ ਰੱਖਣ ਵਾਲਾ ਪ੍ਰਭੂ ਵੀ। ਜੋ ਸ਼ਬਦ ਸਰੂਪ ਅਰਥਾਤ ਸਤਿਨਾਮ ਦਾ ਧਾਰਨੀ ਵੀ ਹੈ, ਕਰਤਾਰੀ ਗੁਣ ਰੱਖਣ ਵਾਲਾ ਕਰਤਾ-ਪੁਰਖ, ਨਿਰਭਉ ਤੇ ਨਿਰਵੈਰ ਹੈ, ਜੋ ਅਕਾਲ ਮੂਰਤ ਅਰਥਾਤ ਸਦੀਵੀ ਹੈ ਅਤੇ ਜੋ ਆਤਮਾ ਤੋਂ ਪ੍ਰਗਟ ਹੋਇਆ ਹੈ। ਜਿਸ ਕੋਲ ਆਤਮਾ ਦੇ ਸੱਚੇ ਜੀਵਨ ਦੀਆਂ ਚੰਗਿਆੜੀਆਂ ਨੂੰ ਦੂਜਿਆਂ ਵਿਚ ਸਿੰਚਾਰ ਕਰਨ ਦੀ ਸ਼ਕਤੀ ਵਿਦਮਾਨ ਹੈ। ਗੁਰੂ ਨਾਨਕ ਦੇਵ ਜੀ ਨੂੰ ਉਹਨਾਂ ਦੇ ਜੀਵਨ ਕਾਲ ਵਿਚ ਸਮਝਿਆ ਨਹੀਂ ਸੀ ਜਾ ਸਕਿਆ ਕਿਉਂਜੋ ਸਾਰਾ ਦੇਸ਼ ਧਾਰਮਿਕ ਅਗਿਆਨ ਤੇ ਵਹਿਮਾਂ-ਭਰਮਾਂ ਦੇ ਡੂੰਘੇ ਟੋਏ ਵਿਚ ਖੁਭਿਆ ਹੋਇਆ

ਜੀ। ਇਸ ਉਦੇਸ਼ ਲਈ ਕਿ ਜਗਤ ਵਿਚ ਸਤਿਨਾਮ ਦਾ ਪ੍ਰਕਾਸ਼ ਹੋ ਸਕੇ। ਆਪ ਨੇ ਆਪਣੇ ਸਿੱਖ ਅੰਗਦ ਨੂੰ ਨਮਸਕਾਰ ਕੀਤੀ ਤੇ ਉਹਨਾਂ ਨੂੰ ਗੁਰੂ ਥਾਪਿਆ। ਫਿਰ ਸਭ ਨੂੰ ਇਸ ਗੱਲ ਦਾ ਗਿਆਨ ਹੋ ਗਿਆ ਤੇ ਸਭ ਗੁਰੂ ਅੰਗਦ ਦੇਵ ਜੀ ਨੂੰ ਗੁਰੂ ਰੂਪ ਵਿਚ ਪੂਜਣ ਲੱਗੇ। ਇਸ ਤਰ੍ਹਾਂ ਗੁਰੂ ਅੰਗਦ ਦੇਵ ਜੀ ਨੇ ਆਪਣੇ ਹਿਰਦੇ ਅੰਦਰ ਉਸ ਪਵਿੱਤਰ ਸ਼ਬਦ ਨੂੰ ਵਸਾ ਲਿਆ ਜਿਸ ਦਾ ਉਲੇਖ ਗੁਰੂ ਨਾਨਕ ਦੇਵ ਜੀ ਆਪਣੀ ਰਚਨਾ 'ਜਪੁਜੀ' ਦੀ ਪਹਿਲੀ ਪੰਕਤੀ ਵਿਚ ਕਰਦੇ ਹਨ।

ਗੁਰੂ ਜੋ ਉਚਤਮ ਮਨੁੱਖੀ ਵਿਅਕਤੀਤਵ ਦਾ ਧਾਰਨੀ ਹੈ, ਪ੍ਰਤੀ ਸ਼ਰਧਾ ਤੇ ਸਮਰਪਣ ਦੀ ਭਾਵਨਾ ਅਤੇ ਨਾਮ ਦੀ ਹੋਂਦ ਗੁਰੂ ਨਾਨਕ ਦੇਵ ਜੀ ਦੇ ਅਧਿਆਤਮਿਕ ਦਰਸ਼ਨ ਦੇ ਪ੍ਰਾਣ ਹਨ ਜਿਨ੍ਹਾਂ ਦੁਆਰਾ ਗੁਰੂ ਜੀ ਨੇ ਸਿੱਖੀ ਦੀ ਆਤਮਿਕ ਪ੍ਰੇਰਨਾ ਨੂੰ ਜੀਵਨ-ਦਾਨੀ ਬਣਾ ਦਿੱਤਾ ਹੈ। ਭਾਈ ਗੁਰਦਾਸ ਜੀ ਨੇ ਇਸ ਪ੍ਰਥਾਇ ਠੀਕ ਹੀ ਕਥਨ ਕੀਤਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਭਾਰਤ ਤੇ ਸੰਸਾਰ ਵਿਚ ਸੱਚੀ ਅਧਿਆਤਮਿਕਤਾ ਉਦੈ ਹੋਈ। ਗੁਰੂ ਨਾਨਕ ਦੇਵ ਜੀ ਦੁਆਰਾ ਲਿਆਂਦੀ ਗਈ ਇਸ ਧਾਰਮਿਕ ਕ੍ਰਾਂਤੀ ਦਾ ਆਰੰਭ ਬੜਾ ਸਿੱਧਾ-ਸਾਦਾ ਸੀ। ਪਰ ਇਸ ਨੂੰ ਪੂਰੀ ਤਰ੍ਹਾਂ ਨਹੀਂ ਜਾਣਿਆ ਜਾ ਸਕੇਗਾ ਕਿਉਂਜੋ ਮਨੁੱਖ ਜਾਤੀ ਨੇ ਆਪਣੀ ਪੂਰਨਤਾ ਦੀ ਵਿਕਾਸ ਯਾਤਰਾ ਵੱਲ ਹਾਲੀ ਕਾਫੀ ਲੰਮੇ ਪੰਧ ਨੂੰ ਮੁਕਾਉਣਾ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੇ ਦੁਆਰਾ ਸਥਾਪਤ ਸਿੱਖ ਸੰਗਤ ਨੂੰ ਪੰਥ ਜਾਂ ਮਾਰਗ ਦੀ ਹੀ ਸੰਗਿਆ ਦਿੱਤੀ ਹੈ ਅਤੇ ਇਸ ਨੂੰ ਕਿਸੇ ਫਿਰਕੇ ਨਾਲ ਨਹੀਂ ਜੋੜਿਆ। ਪੂਰਨਤਾ ਤੱਕ ਪੁੱਜਣ ਲਈ ਸਾਰੀ ਮਨੁੱਖ ਜਾਤੀ ਲਈ ਇਹ ਗਾਡੀ-ਰਾਹ ਹੈ।

ਧਾਰਮਿਕ ਸੰਸਾਰ ਵਿਚ ਇਸ ਕ੍ਰਾਂਤੀ ਦਾ ਪ੍ਰਗਟਾਉ ਇਸ ਦੇ ਸਮਰੂਪ ਸਮਾਜਕ ਜੀਵਨ ਵਿਚ ਵੀ ਆਈ ਕ੍ਰਾਂਤੀ ਦੇ ਰੂਪ ਵਿਚ ਸਾਕਾਰ ਹੋਇਆ। ਫਲਸਰੂਪ ਸਮਾਜ ਦੀ ਨਵੀਂ ਘਾੜਤ ਘੜੀ ਗਈ। ਇਸ ਨਵੀਂ ਬਣਤਰ ਵਿਚ ਵਿਅਕਤੀ ਨੂੰ ਇਤਨੀ ਖ਼ੁਸ਼ੀ ਪ੍ਰਾਪਤ ਹੋਈ ਕਿ ਉਸ ਨੇ ਸਵੈ-ਇੱਛਾ ਅਨੁਸਾਰ ਹੀ ਆਪਣੀ ਹਉਮੈ-ਕੇਂਦਰਿਤ ਵਿਅਕਤੀਤਵ ਦਾ ਤਿਆਗ ਕਰ ਦਿੱਤਾ। ਉਸ ਨੂੰ ਨਵੇਂ ਵਿਅਕਤੀਗਤ ਅਨੁਭਵ ਨਾਲ ਇਤਨਾ ਅਨੰਦ ਪ੍ਰਾਪਤ ਹੋਇਆ ਕਿ ਉਸ ਨੇ ਪ੍ਰੇਮ ਦੁਆਰਾ ਆਪਣੇ ਸੁਆਰਥ ਨੂੰ ਨਿਰਸੁਆਰਥ ਰੂਪ ਵਿਚ ਧੋ ਲਿਆ।

ਹਰ ਸਿੱਖ ਨੇ ਆਪਣੇ ਗੁਰੂ ਅੱਗੇ ਨਮਸਕਾਰ ਕੀਤੀ। ਇਹ ਇਕ ਤਰ੍ਹਾਂ ਦਾ ਸੰਪੂਰਨ ਤੇ ਬਿਨਾਂ ਸ਼ਰਤ ਆਤਮ-ਸਮਰਪਣ ਸੀ। ਇਸ ਨਵੇਂ ਸਮਾਜਕ ਜੀਵਨ ਦਾ ਭੇਦ ਵਿਚਾਰਾਂ, ਅਸੂਲਾਂ ਤੇ ਆਪ ਹੁਦਰੇਪਣ ਦਾ ਪੂਰਨ ਤਿਆਗ ਸੀ। ਵਿਅਕਤੀਵਾਦ ਤੇ ਸਮਾਜਵਾਦ ਦੇ ਇਸ ਅਨੁਭਵ ਨੇ ਜਾਤ ਪਾਤ ਨੂੰ ਖ਼ਤਮ ਕਰ ਦਿੱਤਾ। ਮਨੁੱਖ ਨੂੰ ਮਨੁੱਖ ਤੋਂ ਵੱਖਰਿਆਂ ਕਰਨ ਵਾਲੀਆਂ ਭੂਗੋਲਿਕ ਹੱਦਾਂ ਵੀ ਮਿਟਾ ਦਿੱਤੀਆਂ ਗਈਆਂ। ਸਾਰੇ ਜੀਵ ਇਕੋ ਪ੍ਰੇਮ ਦੇ ਬੰਧਨ ਵਿਚ ਬੱਝ ਗਏ, ਇਕੋ ਮਨੁੱਖਤਾ ਦਾ ਰੂਪ ਧਾਰਨ ਕਰ ਗਏ।

ਕੋਈ ਵੀ ਮਨੁੱਖ ਜਾਂ ਸਮਾਜ ਜੋ ਆਪਣੀ ਮੁਰਦਾ ਹੋਂਦ ਤੋਂ ਉਠ ਕੇ ਆਤਮਿਕ ਤੌਰ 'ਤੇ ਨਵਾਂ ਜੀਵਨ ਪ੍ਰਾਪਤ ਕਰਕੇ ਉਠਦਾ ਹੈ, ਅਨਿਆਂ ਵਾਲੇ ਨੇਮਾਂ ਜਾਂ ਕਾਨੂੰਨਾਂ ਦੀ ਰਾਜਨੀਤਕ ਗ਼ੁਲਾਮੀ ਜਾਂ ਸਮਾਜਕ ਪ੍ਰਾਧੀਨਤਾ ਨੂੰ ਬਰਦਾਸ਼ਤ ਨਹੀਂ ਕਰ ਸਕਦਾ। ਸਭ ਪ੍ਰਕਾਰ ਦੇ ਸਮਾਜਕ ਅਨਿਆਂ ਵਿਰੁੱਧ ਸੰਗਰਾਮ ਕਰਨਾ, ਸਭ ਪ੍ਰਕਾਰ ਦੇ ਜ਼ੁਲਮਾਂ ਵਿਰੁੱਧ ਡਟ ਜਾਣਾ, ਗ਼ਰੀਬਾਂ ਉਤੇ ਲਾਏ ਗਏ ਨਾਜਾਇਜ਼ ਕਰਾਂ ਦਾ ਵਿਰੋਧ ਕਰਨਾ ਤੇ ਮਨੁੱਖ ਹੱਥੋਂ ਮਨੁੱਖ ਦੇ ਸੋਸ਼ਣ ਤੇ ਗ਼ੁਲਾਮੀ ਨੂੰ ਅਸਵੀਕਾਰ ਕਰਨ ਦੀ ਰਾਜਨੀਤੀ ਹੀ ਗੁਰੂ ਸਾਹਿਬਾਨ ਦੇ ਰਾਜਨੀਤਕ ਆਦਰਸ਼ ਸਨ। ਸੁਤੰਤਰਤਾ ਦੀ ਅਣਹੋਂਦ ਵਿਚ ਕਿਤੇ ਵੀ ਕੋਈ ਸੱਚਾ ਧਰਮ ਜਾਂ ਕਲਾ ਪ੍ਰਫੁੱਲਤ ਨਹੀਂ ਹੋ ਸਕਦੀ। ਜੇ ਸੁਤੰਤਰਤਾ ਦਾ ਵਿਨਾਸ ਹੋ ਜਾਂਦਾ ਹੈ ਤਾਂ ਮਨੁੱਖੀ ਪ੍ਰੇਮ ਵੀ ਭ੍ਰਸ਼ਟ ਹੋ ਜਾਂਦਾ ਹੈ।

ਸੱਚੇ-ਸੁੱਚੇ ਸਭਿਆਚਾਰ ਤੇ ਸੰਸਕ੍ਰਿਤੀ ਦਾ ਤਾਂ ਸੁਤੰਤਰਤਾ ਪ੍ਰਾਣ ਹੈ। ਗੁਰੂ ਜੀ ਨੇ ਜਿਹੜੇ ਸਿੱਖ ਸਮਾਜ ਦਾ ਨਿਰਮਾਣ ਕੀਤਾ, ਉਹ ਆਜ਼ਾਦੀ ਲਈ ਲੜਿਆ। ਇਸ ਵਿਚ ਉਹਨਾਂ ਦੀ ਭਾਵੇਂ ਹਾਰ ਹੋਈ। ਅਜਿਹੇ ਸੰਗਰਾਮਾਂ ਵਿਚ ਫਿਰ ਵੀ ਕਦੀ ਹਾਰ ਹੋ ਸਕਦੀ ਹੈ। ਸੁਤੰਤਰਤਾ ਪ੍ਰਾਪਤੀ ਦੇ ਸਭ ਸੰਗਰਾਮ ਆਮ ਤੌਰ 'ਤੇ ਹਾਰ ਵਿਚ ਹੀ ਅੰਤ ਹੁੰਦੇ ਹਨ, ਪਰ ਆਜ਼ਾਦੀ ਦੀ ਪ੍ਰਾਪਤੀ ਲਈ ਸੰਗਰਾਮ ਕਰਨਾ ਉਸ ਆਤਮਿਕ ਜਾਗ੍ਰਿਤੀ ਦਾ ਚਿੰਨ੍ਹ ਸੀ ਜਿਸ ਦੀ ਜੋਤ ਗੁਰੂ ਜੀ ਨੇ ਉਹਨਾਂ ਦੇ ਅੰਦਰ ਜਗਾ ਦਿੱਤੀ ਸੀ।

ਲੋਕਾਂ ਦੇ ਨਿੱਤ ਦੇ ਜੀਵਨ ਵਿਚ ਸਜੀਵ ਪ੍ਰੇਰਨਾ ਉਛਾਲੇ ਮਾਰਨ ਲੱਗੀ। ਗੁਰੂ ਜੀ ਦੀ ਪਰਮ ਸ਼ਖ਼ਸੀਅਤ ਤੋਂ ਸਭ ਅਮੀਰ ਗ਼ਰੀਬ ਇਕ ਸਮਾਨ ਉਤਸ਼ਾਹਿਤ ਹੋਏ। ਦੈਵੀ ਭਾਵਨਾ ਨਾਲ ਮਨੁੱਖੀ ਹਿਰਦਿਆਂ ਵਿਚ ਨਵੀਂ ਜੋਤ ਜਗ ਪਈ ਤੇ ਹਰ ਇਸਤਰੀ ਪੁਰਸ਼ ਵਿਚ ਸੁਤੰਤਰਤਾ ਦੀ ਨਵੀਂ ਭਾਵਨਾ ਅੰਗੜਾਈ ਲੈਣ ਲੱਗੀ। ਇਹ ਗੱਲ ਬੜੀ ਵਿਸ਼ੇਸ਼ ਸੀ ਕਿ ਗੁਰੂ ਜੀ ਦਾ ਦ੍ਰਿਸ਼ਟੀਕੋਣ ਆਧੁਨਿਕ ਸੀ। ਧਾਰਮਿਕਤਾ ਦੇ ਘਸੇ-ਪਿਟੇ ਤੇ ਪੁਰਾਣੇ ਰੂਪਾਂ ਦਾ ਉਹ ਤ੍ਰਿਸਕਾਰ ਕਰਦੇ ਸਨ। ਹਰ ਪ੍ਰਕਾਰ ਦੀ ਧਾਰਮਿਕ ਕੱਟੜਤਾ ਤੇ ਬਾਹਰੀ ਕਰਮ ਕਾਂਡ ਤੇ ਬੁੱਢੀਆਂ ਹੋ ਚੁੱਕੀਆਂ ਧਾਰਮਿਕ ਮਾਨਤਾਵਾਂ ਦੇ ਪਰਪੰਚ ਤੇ ਦੰਭ ਉਹਨਾਂ ਨੂੰ ਪ੍ਰਵਾਨ ਨਹੀਂ ਸਨ। ਆਪ ਸਿੱਧੇ-ਸਾਦੇ ਸਹਿਜ ਪ੍ਰਵਾਹ ਵਾਲੇ ਉਸ ਜੀਵਨ ਨੂੰ ਪਸੰਦ ਕਰਦੇ ਸਨ, ਜਿਸ ਵਿਚ ਹਮਦਰਦੀ ਦੇ ਭਾਵ ਵਿਦਮਾਨ ਹੋਣ ਤੇ ਜਿਹੜਾ ਸ੍ਰਿਸ਼ਟੀ ਦੇ ਰਹੱਸ ਨੂੰ ਵੀ ਪਛਾਣ ਸਕੇ। ਪ੍ਰਭੂ-ਪ੍ਰੀਤਮ ਸੁੰਦਰ ਹੈ। ਸੁੰਦਰਤਾ ਸੱਚ ਹੈ। ਵਿਸ਼ੇਸ਼ ਕਰਕੇ ਉਸ ਸਮੇਂ ਜਦੋਂ ਦੈਵੀ ਆਤਮਾ ਸਰਗੁਣ ਸਰੂਪ ਵਿਚ ਸਾਕਾਰ ਹੁੰਦੀ ਹੈ। ਗੁਰੂ ਸਾਹਿਬਾਨ ਦੀ ਬਾਣੀ ਦਾ ਇਹੋ ਹੀ ਮੁੱਖ ਵਿਸ਼ਾ ਹੈ।

ਗੁਰੂ ਸਾਹਿਬਾਨ ਦਾ ਆਦਰਸ਼ਵਾਦ ਵਿਸ਼ਾਲ ਆਧਾਰਾਂ ਵਾਲਾ ਹੈ। ਇਹ ਕਰਤਾ ਪੁਰਖ ਦੇ ਕਰਾਮਾਤੀ ਯਥਾਰਥਵਾਦ ਉਤੇ ਆਧਾਰਿਤ ਹੈ। ਗੁਰੂ ਸਾਹਿਬਾਨ ਦੀ ਖ਼ੁਸ਼ੀ ਜੀਵਨ ਦੇ ਦਰਦ ਵਿਚੋਂ ਉਪਜੀ ਅਨੰਤ ਪੀੜਾ ਦਾ ਖੇੜਾ ਹੈ। ਪ੍ਰਭੂ ਦੀ ਆਤਮਾ ਵਿਚ ਸ਼ੁਧ ਤੇ ਸਹਿਜ ਰੂਪ ਵਿਚ ਵਿਚਰਨਾ ਉਹਨਾਂ ਦਾ ਧਰਮ ਹੈ।

ਹ ਤਾਂ ਧੁੱਪ ਤੇ ਚੰਨ-ਚਾਨਣੀ ਦੀ ਵਿਸ਼ਾਲਤਾ ਵਿਚ ਪੂਰਨ ਰੂਪ ਵਿਚ ਖਿੜੇ ਲ ਦੇ ਜੀਵਨ ਸਮਾਨ ਹੈ। ਜੋ ਚੰਗਿਆੜੀ ਦੀਆਂ ਸਭ ਪੀੜਾਂ ਤੋਂ ਉਚਾ ਉਠ ਾਂਦਾ ਹੈ। ਗੁਰੂ-ਅਵਤਾਰ ਉਹ ਸਰਗੁਣ ਪ੍ਰਭੂ ਹੈ ਜਿਸ ਦੇ ਗਿਰਦੇ ਮਨੁੱਖਤਾ ਕ ਜਨਮ ਤੋਂ ਦੂਜੇ ਜਨਮ ਤੱਕ ਤੇ ਇਕ ਰਹੱਸ ਤੋਂ ਦੂਜੇ ਰਹੱਸ ਤੱਕ ਪਰਕਰਮਾ ਰਦੀ ਰਹਿੰਦੀ ਹੈ। ਇਸ ਲਈ ਗੁਰੂ ਸਾਹਿਬਾਨ ਦੇ ਜੀਵਨ ਤੇ ਉਹਨਾਂ ਦੀ ਧੀਮਤਾ ਦਾ ਅਧਿਐਨ ਮਨੁੱਖੀ ਸੋਚ ਦੇ ਜਿਗਿਆਸੂਆਂ ਤੇ ਉਹਨਾਂ ਮੌਲਿਕ ਚਨਾਕਾਰਾਂ ਲਈ ਜ਼ਰੂਰੀ ਹੈ, ਜੋ ਮਨੁੱਖ ਵਿਚੋਂ ਪ੍ਰਭੂ ਨੂੰ ਢੂੰਡਣ ਦੇ ਰਹੱਸ ਨੂੰ ਾਣਨਾ ਚਾਹੁੰਦੇ ਹਨ।

ਸਾਧਾਰਨ ਅਸਿਖਿਅਤ ਕਿਰਤੀ ਸਮਾਨ ਅਗਲੇ ਪੰਨਿਆਂ ਵਿਚ ਮੈਂ ਗੁਰੂ ੇ ਦਰ ਵੱਲ ਜਾਣ ਦੇ ਮਾਰਗ ਨੂੰ ਤਰਾਸ਼ਣ ਦਾ ਯਤਨ ਕੀਤਾ ਹੈ ਜਿਸ ਤਰ੍ਹਾਂ ਹ ਪੰਨੇ ਵੱਖ ਵੱਖ ਸਮਿਆਂ ਉਤੇ ਲਿਖੇ ਗਏ ਹਨ, ਇਹਨਾਂ ਵਿਚ ਇਹ ਭਾਵਨਾ ਸੀ ਕਿ ਵੱਖ ਵੱਖ ਪ੍ਰਕਰਨਾਂ ਤੇ ਪ੍ਰਸੰਗਾਂ ਵਿਚ ਕੁਝ ਗੱਲਾਂ ਦੁਹਰਾਈਆਂ ਈਆਂ ਹੋਣ ਫਿਰ ਵੀ ਮੇਰਾ ਵਿਸ਼ਵਾਸ ਹੈ ਕਿ ਗੁਰੂ ਜੀ ਦੇ ਆਦਰਸ਼ ਇਹਨਾਂ ਨਿਆਂ ਵਿਚ ਬੱਦਲਾਂ ਦੀਆਂ ਘਣੀਆਂ ਘਟਾਵਾਂ ਵਿਚੋਂ ਵੀ ਕਿਸੇ ਆਸ ਤੇ ਦ੍ਰਿਸ਼ ੇ ਰੂਪ ਵਿਚ ਝਲਕਦੇ ਦਿਖਾਈ ਦੇਣਗੇ।

II

ਸਿੱਖੀ ਆਤਮਾ ਦਾ ਸੱਚਾ ਇਤਿਹਾਸ ਤਾਂ ਰੱਬੀ ਬਾਣੀ ਤੇ ਉਸ ਦੀ ਆਖਿਆ ਵਿਚ ਅੰਕਤ ਹੈ ਜੋ ਸਾਡੇ ਲਈ ਹੁਣ ਤੱਕ ਮੋਹਰ-ਬੰਦ ਕਿਤਾਬ ਹੈ। ਰੂ ਪ੍ਰਤੀ ਲੋਕਾਂ ਦਾ ਪਵਿੱਤਰ ਪ੍ਰੇਮ ਤਾਂ ਉਹਨਾਂ ਦੇ ਸੀਨਿਆਂ ਵਿਚ ਹੀ ਦਬਿਆ ਆ ਹੈ ਅਤੇ ਇਸ ਨੂੰ ਕੇਵਲ ਇਕ ਪਵਿੱਤਰ ਮਨੋਵੇਗ ਜਾਂ ਭਾਵਨਾ ਦੇ ਰੂਪ ਚ ਹੀ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਵਿਚ ਪ੍ਰਗਟਾਇਆ ਗਿਆ ਹੈ। ਇਹ ਹ ਅਦ੍ਰਿਸ਼ਟ ਵਿਸ਼ਵਾਸ ਹੈ ਜੋ ਗੂੜ੍ਹੀ ਛਾਂ ਵਿਚ ਪਲਦਾ ਹੈ। ਲੋਕਾਂ ਲਈ ਗੁਰੂ ਾ ਨਿੱਜ ਸਰੂਪ ਹੀ ਸਭ ਤੋਂ ਵੱਡਾ ਨਿਹਚਾ ਤੇ ਸਚਾਈ ਹੈ। ਮੈਂ ਤਾਂ ਗੁਰੂ ਜੀ ਪਿਆਰ ਕਰਦਾ ਹਾਂ। ਮੈਂ ਗੁਰੂ ਦੀ ਖ਼ਾਤਰ ਹੀ ਜਿਉਂਦਾ ਹਾਂ। ਇਹ ਮੈਥੋਂ ਉਂ ਪੁੱਛਦੇ ਹੋ ਕਿ ਮੈਂ ਗੁਰੂ ਨੂੰ ਕਿਉਂ ਪ੍ਰੇਮ ਕਰਦਾ ਹਾਂ ? ਗੁਰੂ ਮੈਨੂੰ ਪ੍ਰੇਮ ਰਦਾ ਹੈ। ਬੱਸ, ਮੇਰੇ ਲਈ ਤਾਂ ਇਹੋ ਸਭ ਕੁਝ ਹੈ। ਕੇਵਲ ਇਤਨਾਂ ਹੀ ਾਡਾ ਇਤਿਹਾਸ ਹੈ।

ਗੁਰੂ ਜੀ ਨੂੰ ਕਿਵੇਂ ਪੰਘੂੜੇ ਵਿਚ ਪਾ ਕੇ ਝੁਲਾਇਆ ਗਿਆ, ਬਾਲ ਪ੍ਰੀਤਮ ਵੇਂ ਬੋਲਦੇ ਸਨ ਤੇ ਕਿਸ਼ੋਰ ਅਵਸਥਾ ਵਿਚ ਕਿਵੇਂ ਗੱਲ-ਕੱਥ ਕਰਦੇ ਸਨ। ਉਹ ਚਪਨ ਵਿਚ ਕਿਹੜੀਆਂ ਖੇਡਾਂ ਖੇਡਦੇ ਸਨ। ਯੁਵਾ ਅਵਸਥਾ ਵਿਚ ਉਹਨਾਂ ਦੀ ਵੀ ਕਿਹੋ ਜਿਹੀ ਸੀ। ਜਦੋਂ ਧਰਤੀ ਉਤੇ ਬੈਠ ਕੇ ਉਹ ਬਚਨ-ਬਿਲਾਸ ਕਰਦੇ ਨ ਤਾਂ ਕਿਵੇਂ ਦਿਖਾਈ ਦਿੰਦੇ ਸਨ। ਕਿਹੜੇ ਸ਼ਬਦ ਆਪ ਦੇ ਮੁਖਾਰਬਿੰਦ ਤੋਂ ਕਲੇ ਤੇ ਆਪ ਨੇ ਪੁੱਛੇ ਗਏ ਪ੍ਰਸ਼ਨਾਂ ਦਾ ਕੀ ਉਤਰ ਦਿੱਤਾ ? ਕਿਵੇਂ ਆਪ ੀ ਮਿਹਰ ਭਰੀ ਨਿਗਾਹ ਨੇ ਲੋਕਾਂ ਦੇ ਸੰਸਿਆਂ ਨੂੰ ਦੂਰ ਕੀਤਾ ? ਕਿਸ ਤਰ੍ਹਾਂ

ਆਪ ਨੇ ਲੋਕਾਂ ਵਿਚ ਭਰੋਸੇ ਦੀ ਪ੍ਰੇਰਨਾ ਨੂੰ ਉਤਪੰਨ ਕੀਤਾ ਤੇ ਕਿਵੇਂ ਦੂਜਿਆਂ ਵਿਚ ਬੀਰਤਾ ਦਾ ਸਿੰਚਾਰ ਕੀਤਾ ? ਅਜਿਹੇ ਹੀ ਸਨ ਗੁਰੂ ਜੀ ਦੇ ਜੀਵਨ ਸਮਾਚਾਰਾਂ ਦੇ ਕੁਝ ਨਿੱਕੇ-ਮੋਟੇ ਵੇਰਵੇ ਜੋ ਸਾਡੇ ਲਈ ਭਾਈ ਸੰਤੋਖ ਸਿੰਘ ਤੇ ਭਾਈ ਵੀਰ ਸਿੰਘ ਵਰਗੇ ਕਵੀਆਂ ਨੇ ਗੁਲਦਸਤੇ ਦੇ ਰੂਪ ਵਿਚ ਵੱਖ ਵੱਖ ਫੁੱਲਾਂ ਦੀ ਚੋਣ ਕਰਕੇ ਗੁੰਦੇ ਹਨ। ਬੱਸ, ਇਹੋ ਹੀ ਹੈ ਸਾਡਾ ਗੁਰੂ-ਇਤਿਹਾਸ। ਇਸ ਇਤਿਹਾਸ ਦੇ ਵਾਰ ਵਾਰ ਦੁਹਰਾਉਣ ਨੂੰ ਸੁਣ ਕੇ ਅਸੀਂ ਕਦੇ ਨਹੀਂ ਅਕਦੇ। ਇਸ ਇਤਿਹਾਸ ਨੂੰ ਸਰਵਣ ਕਰਕੇ ਅਸੀਂ ਕਦੀ ਹਸ ਪੈਂਦੇ ਹਾਂ, ਕਦੇ ਰੋ ਪੈਂਦੇ ਹਾਂ ਤੇ ਕਈ ਵਾਰ ਗੁਰੂ ਜੀ ਦੇ ਦਰਸ਼ਨ ਕਰਨ ਲਈ ਵਿਆਕੁਲ ਹੋ ਜਾਂਦੇ ਹਾਂ। ਕੁਝ ਇਹੋ ਜਿਹਾ ਹੀ ਸਾਡਾ ਇਤਿਹਾਸ ਹੈ ਜਿਸ ਨੂੰ ਜਦੋਂ ਅਸੀਂ ਪੜ੍ਹਦੇ ਜਾਂ ਸੁਣਦੇ ਹਾਂ ਤਾਂ ਸਾਡੀ ਆਤਮਾ ਅੰਦਰ ਇਕ ਤਰ੍ਹਾਂ ਦੀਆਂ ਚੰਗਿਆੜੀਆਂ ਚਮਕ ਉਠਦੀਆਂ ਹਨ। ਸੇਜਲ ਨੈਣਾਂ ਦੇ ਹੰਝੂਆਂ ਦੀ ਝੜੀ ਵਿਚ ਅਸੀਂ ਆਪਣੇ ਗੁਰੂ ਦੇ ਦਰਸ਼ਨ ਕਰਦੇ ਹਾਂ। ਗੁਰਦੁਆਰਿਆਂ ਦੇ ਕੱਚੇ ਕੋਠਿਆਂ ਵਿਚ ਅਮਰ ਰਹਿਣ ਵਾਲੀਆਂ ਯਾਦਾਂ ਲੁਕੀਆਂ ਪਈਆਂ ਹਨ। ਇਸ ਨਾਸ਼ਵੰਤ ਸਮੱਗਰੀ ਵਿਚ ਅਵਿਨਾਸ਼ੀ ਰੂਹਾਂ ਯਾਤਰੂ ਰੂਪ ਵਿਚ ਚਮਕ ਰਹੀਆਂ ਹਨ। ਅਸੀਂ ਉਹਨਾਂ ਨੂੰ ਆਪਣੀ ਆਤਮਾ ਰਾਹੀਂ ਨਿਹਾਰਦੇ ਹਾਂ।

ਹਾਲੀ ਬਹੁਤ ਕੁਝ ਬੀਜ ਰੂਪ ਵਿਚ ਹੈ ਅਤੇ ਬਹੁਤ ਕੁਝ ਅੰਕੁਰ ਫੁਟਣ ਦੀ ਹਾਲਤ ਵਿਚ ਹੈ। ਇਹ ਸਭ ਕੁਝ ਗੁਰੂ ਜੀ ਦੀ ਬਖ਼ਸ਼ਿਸ਼ ਵਿਚ ਹੈ ਜਿਨ੍ਹਾਂ ਨੇ ਸਾਨੂੰ ਸੁਤੰਤਰਤਾ ਨੂੰ ਪ੍ਰੇਮ ਕਰਨ ਦੀ ਸਿਖਿਆ ਸਾਡੇ ਹਿਰਦਿਆਂ ਅੰਦਰ ਇਸ ਤਰ੍ਹਾਂ ਅੰਕਿਤ ਕਰ ਦਿੱਤੀ ਹੈ ਕਿ ਆਤਮਿਕ ਗ਼ੁਲਾਮੀ ਨਾਲੋਂ ਮਰ ਜਾਣਾ ਅਤੇ ਆਪਣਾ ਅੰਤ ਕਰ ਲੈਣਾ ਵਧੇਰੇ ਚੰਗਾ ਹੈ। ਗੁਰੂ ਜੀ ਨੇ ਸਾਡੇ ਹਿਰਦਿਆਂ ਅੰਦਰ ਜਿਹੜੀ ਪ੍ਰੇਮ ਦੀ ਜੋਤ ਜਗਾਈ ਹੈ, ਉਸ ਦੇ ਬੁਝਣ ਨਾਲੋਂ ਸਰਬ-ਨਾਸ਼ ਵਧੇਰੇ ਚੰਗਾ ਹੈ। ਸਿੱਖਾਂ ਦੀ ਆਤਮਾ ਵਿਚ ਸੁਤੰਤਰਤਾ ਦੀ ਪ੍ਰਾਪਤੀ ਲਈ ਜਗਦੀ ਇਹ ਜੋਤ ਜੋ ਸਦਾ ਸੁਤੰਤਰਤਾ ਨੂੰ ਪ੍ਰੇਮ ਕਰਦੀ ਹੈ, ਬੜੀ ਜੋਖੋਂ ਭਰੀ ਹੈ। ਇਹ ਸਦਾ ਅਨਿਆਂ ਕਰਨ ਵਾਲੇ ਰਾਜੇ-ਮਹਾਰਾਜਿਆਂ ਤੇ ਨਿਰੰਕੁਸ਼ ਹਾਕਮਾਂ ਵਿਰੁੱਧ ਸੰਘਰਸ਼ ਕਰਦੀ ਰਹੀ ਹੈ ਤੇ ਸਦਾ ਲਈ ਇਹਨਾਂ ਵਿਰੁੱਧ ਸੰਗਰਾਮ ਕਰਦੀ ਰਹੇਗੀ।

## III

ਜੇ ਤੁਸੀਂ ਸਿੱਖ ਬਾਰੇ ਕੁਝ ਜਾਣਨਾ ਚਾਹੁੰਦੇ ਹੋ ਤਾਂ ਉਸ ਨੂੰ ਪ੍ਰੇਮ ਕਰੋ। ਘਾਹ ਦੇ ਪੂਲੇ ਹੇਠਾਂ ਚੰਗਿਆੜੀ ਮਘ ਰਹੀ ਹੈ। ਇਹ ਉਹੋ ਜਿਹਾ ਹੀ ਪ੍ਰਕਾਸ਼ ਹੈ ਜਿਹੋ ਜਿਹਾ ਪੈਗੰਬਰ ਮੂਸਾ ਨੇ ਸਿਨਾਈ (ਤੂਰ) ਪਹਾੜ ਉਤੇ ਤੱਕਿਆ ਸੀ। ਰਾਜਨੀਤੀ ਦੇ ਵੱਡੇ ਢੇਰ ਥੱਲੇ ਹਾਲੀ ਵੀ ਸਿੱਖੀ ਦੀ ਆਤਮਾ ਜਗਮਗਾ ਰਹੀ ਹੈ। ਸਿੱਖ ਦੇ ਕੇਸ ਉਸ ਨੂੰ ਦੂਜਿਆਂ ਨਾਲੋਂ ਨਿਖੇੜਦੇ ਹਨ ਅਤੇ ਇਹ ਉਸ ਵਿਚਲੇ ਅਦੁੱਤੀ ਪ੍ਰੇਮ ਦੇ ਪ੍ਰਤੀਕ ਹਨ। ਬ੍ਰਾਹਮਣਵਾਦੀ ਭਾਰਤ ਵਿਚ ਇਹ ਆਤਮਾ ਬਿਲਕੁਲ ਹੀ ਮਰ ਜਾਂਦੀ ਜੇਕਰ ਇਸ ਬਾਹਰੋਂ ਗੁੱਦੜ ਦਿਸਣ ਵਾਲੇ

ਸਿੱਖਾਂ ਨੇ ਇਹਨਾਂ ਕੇਸਾਂ ਨੂੰ ਸੁਰਖਿਅਤ ਨਾ ਰੱਖਿਆ ਹੁੰਦਾ। ਬ੍ਰਾਹਮਣਵਾਦੀ ਭਾਰਤ ਵਿਚ ਹਾਲੀ ਵੀ ਜਿਨ੍ਹਾਂ ਅੰਦਰ ਜੀਵਨ ਦੀ ਧੜਕਣ ਤੇ ਚੰਗਿਆੜੀ ਮੌਜੂਦ ਹੈ, ਉਹ ਆਪਣੇ ਆਪ ਨੂੰ ਦੂਜਿਆਂ ਤੋਂ ਨਿਖੇੜ ਕੇ ਰਖਦੇ ਹਨ ਅਤੇ ਅਜਿਹੇ ਕੁਦਰਤੀ ਸਰੂਪ ਨੂੰ ਹੀ ਸੁਰਖਿਅਤ ਰੱਖ ਰਹੇ ਹਨ।

"ਓ ਵੱਛ (ਹੇ ਬੱਚਾ) ਇਹ ਮੱਤ ਬੜਾ ਅਗਾਧ ਅਤੇ ਪ੍ਰਗੂੜ੍ਹ ਹੈ ਜਿਸ ਨੂੰ ਸਮਝਣਾ ਬੜਾ ਕਠਿਨ ਹੈ। ਇਹ ਅਤਿ ਉਤਮ ਹੈ ਜੋ ਤਰਕ ਰਾਹੀਂ ਨਹੀਂ ਸਮਝਿਆ ਜਾ ਸਕਦਾ। ਇਹ ਬੜਾ ਸੂਖ਼ਮ ਹੈ ਅਤੇ ਕੇਵਲ ਦਾਨੇ ਪੁਰਖ ਹੀ ਏਸ ਨੂੰ ਜਾਣ ਸਕਦੇ ਹਨ। ਤੁਸੀਂ ਜਿਹੜੇ ਕਿਸੇ ਹੋਰ ਫਿਰਕੇ ਨਾਲ ਸੰਬੰਧ ਰਖਦੇ ਹੋ, ਵੱਖਰੇ ਨਿਹਚੇ ਦੇ ਧਾਰਨੀ ਹੋ, ਕਿਸੇ ਹੋਰ ਦਰਸ਼ਨ ਤੋਂ ਪ੍ਰੇਰਨਾ ਲੈਂਦੇ ਹੋ, ਵੱਖਰੇ ਸੰਜਮ ਜਾਂ ਅਨੁਸ਼ਾਸ਼ਨ ਦੇ ਧਾਰਨੀ ਹੋ ਅਤੇ ਹੋਰ ਕਿਸੇ ਗੁਰੂ ਦੇ ਚਰਨਾਂ ਵਿਚ ਬੈਠਦੇ ਹੋ। ਉਹਨਾਂ ਲਈ ਇਹ ਕਠਿਨ ਸਿਧਾਂਤ ਹੈ।"

ਇਹ ਬੜੀ ਖ਼ੁਸ਼ੀ ਦੀ ਗੱਲ ਹੈ ਕਿ ਸਿੱਖ ਇਤਿਹਾਸ ਉਸ ਢੰਗ ਨਾਲ ਨਹੀਂ ਲਿਖਿਆ ਗਿਆ ਜਿਸ ਨੂੰ ਆਧੁਨਿਕ ਇਤਿਹਾਸਕਾਰ ਪਸੰਦ ਕਰਦੇ ਹਨ। ਇਹ ਸਭ ਕਹਾਣੀ ਉਹਨਾਂ ਆਤਮਿਕ ਤੌਰ 'ਤੇ ਜਾਗਦੇ ਮਹਾਂ-ਪੁਰਸ਼ਾਂ ਦੇ ਹਿਰਦਿਆਂ ਦੁਆਰਾ ਪ੍ਰਗਟਾਈ ਜਾਂਦੀ ਹੈ। ਡਾ.ਕੁਮਾਰਾ-ਸਵਾਮੀ ਦਾ ਕਥਨ ਹੈ ਕਿ ਪੂਰਬ ਵਿਚ ਇਤਿਹਾਸ ਨੂੰ ਕਲਾ ਦੇ ਰੂਪ ਵਿਚ ਜਾਣਿਆਂ ਜਾਂਦਾ ਹੈ ਨਾ ਕਿ ਵਿਗਿਆਨ ਜਾਂ ਸ਼ਾਸਤਰ ਦੇ ਰੂਪ ਵਿਚ। ਇਸ ਗੱਲ ਦੀ ਆਸ ਕਰਨਾ ਅਸੰਭਵ ਹੈ ਕਿ ਸਿੱਖ ਇਤਿਹਾਸ ਜੋ ਵਧੇਰੇ ਕਰਕੇ ਨਿੱਜੀ, ਕਾਵਿਮਈ ਅਤੇ ਭਾਵ-ਭਰਪੂਰ ਹੈ—ਨੂੰ ਆਧੁਨਿਕ ਇਤਿਹਾਸਕਾਰਾਂ ਦੀ ਆਲੋਚਨਾਤਮਿਕ ਸ਼ੈਲੀ ਵਿਚ ਲਿਖਿਆ ਜਾ ਸਕਦਾ ਹੈ। ਅਜਿਹਾ ਕਰਨ ਨਾਲ ਇਹ ਆਪਣੇ ਵਿਚ ਅੰਕਿਤ ਜੀਵਨ ਕੀਮਤਾਂ ਤੋਂ ਵਿਹੂਣਾ ਹੋ ਜਾਵੇਗਾ। ਸਿੱਖ ਗੁਰੂ ਸਾਹਿਬਾਨ ਨੇ ਕੇਵਲ ਆਪਣੀ ਬਾਣੀ ਹੀ ਰਚੀ ਹੈ। ਕਿਤੇ ਵੀ ਸਵੈ-ਜੀਵਨੀ ਨੂੰ ਲਿਖਣ ਦਾ ਯਤਨ ਨਹੀਂ ਕੀਤਾ।

ਜਿਸ ਤਰ੍ਹਾਂ ਸੱਚੇ ਲੋਕਤੰਤਰ ਦਾ ਇਤਿਹਾਸ ਕਵੀ ਵਾਲਟ ਵਿਟਮੈਨ ਦੀ ਰਚਨਾ 'ਘਾਹ ਦੀਆਂ ਪੱਤੀਆਂ' ਵਿਚ ਲਿਖਿਆ ਗਿਆ ਹੈ, ਉਸੇ ਤਰ੍ਹਾਂ ਸਿੱਖ ਇਤਿਹਾਸ ਵੀ ਗੁਰੂ ਦੇ ਪ੍ਰੇਮ ਵਿਚ ਰਚੇ ਗਏ ਆਪ-ਮੁਹਾਰੇ ਗੀਤਾਂ-ਪ੍ਰਗੀਤਾਂ ਤੇ ਕਾਵਿ ਵਿਚ ਅੰਕਿਤ ਹੈ ਜੋ ਭਰਪੂਰ ਮਾਤਰਾ ਵਿਚ ਪ੍ਰਾਪਤ ਹੈ। ਇਹ ਭਵਿੱਖ ਵਿਚ ਵੀ ਇਸੇ ਤਰ੍ਹਾਂ ਹੀ ਰਚਿਆ ਜਾਂਦਾ ਰਹੇਗਾ। ਸਿੱਖ ਇਤਿਹਾਸ ਸਦਾ ਬਿਨਾਂ ਕਾਂਟ-ਛਾਂਟ, ਸਿੱਧੇ-ਸਾਦੇ, ਆਪਣੇ ਕੁਦਰਤੀ ਰੂਪ ਵਿਚ ਕਵੀ-ਜਨਾਂ, ਸਾਧਾਰਨ ਕਿਰਤੀਆਂ ਤੇ ਸ਼ਿਲਪੀਆਂ ਅਤੇ ਗਾਇਕਾਂ ਦੀਆਂ ਸ਼ਬਦ-ਚੰਗਿਆੜੀਆਂ ਦੁਆਰਾ ਰਚਿਆ ਜਾਵੇਗਾ। ਦਸ ਗੁਰੂ ਸਾਹਿਬਾਨ ਦੇ ਨਾਮ ਸਾਡੇ ਅੰਦਰ ਪ੍ਰੇਮ ਤੇ ਜੀਵਨ ਲਈ ਉਤਸ਼ਾਹ ਜਗਾਉਂਦੇ ਹਨ ਅਤੇ ਉਹਨਾਂ ਦੇ ਕੋਮਲ-ਭਾਵੀ ਪ੍ਰੇਮ ਵਿਚ ਮਸਤ ਹੋ ਅਸੀਂ ਗੁਰੂ ਦੀ ਉਪਮਾ ਵਿਚ ਗੀਤ ਗਾਉਂਦੇ ਹਾਂ। ਪ੍ਰਭੂ ਦੇ ਹੁਕਮ ਦੁਆਰਾ ਅਸੀਂ ਇਸ ਸੰਸਾਰ ਵਿਚ ਆਏ ਹਾਂ ਤੇ ਪ੍ਰਭੂ ਆਪ ਹੀ ਸਾਨੂੰ ਇਸ ਸੰਸਾਰ ਤੋਂ

ਲੈ ਜਾਵੇਗਾ। ਦੁੱਖ ਸੁੱਖ ਤਾਂ ਪ੍ਰਭੂ ਦੀਆਂ ਦਾਤਾਂ ਹਨ। ਇਹ ਤਾਂ ਉਸ ਪ੍ਰਭੂ-ਪ੍ਰੀਤਮ ਦੇ ਪ੍ਰੇਮ ਦਾ ਪ੍ਰਗਟਾਓ ਹਨ। ਪ੍ਰਭੂ ਦੇ ਸ਼ੁਕਰਾਨੇ ਵਿਚ ਅਸੀਂ ਆਪਣਾ ਜੀਵਨ ਬਤੀਤ ਕਰਦੇ ਹਾਂ। ਜਦੋਂ ਪ੍ਰਭੂ ਦਾ ਸੱਦਾ ਆਉਂਦਾ ਹੈ ਤਾਂ ਅਸੀਂ ਆਪਣੇ ਸੁਆਸ ਤਿਆਗ ਦਿੰਦੇ ਹਾਂ। ਜੋ ਪ੍ਰਭੂ ਦਾ ਭਾਣਾ ਹੈ, ਉਹੋ ਹੀ ਸਭ ਤੋਂ ਚੰਗਾ ਹੈ। ਇਹ ਹਨ ਸਾਡੀਆਂ ਜੀਵਨ ਕੀਮਤਾਂ ਦੇ ਮਾਣਦੰਡ। ਗੁਰੂ ਦੇ ਹੁਕਮ ਵਿਚ ਚੱਲਣਾ ਹੀ ਸਦਾਚਾਰ ਤੇ ਨੈਤਿਕ ਕਰਮ ਹੈ। ਪ੍ਰਭੂ ਸੁੰਦਰ ਹੈ, ਉਹ ਸੱਚਾ ਹੈ ਅਤੇ ਉਹ ਸਾਡੀ ਆਤਮਾ ਵਿਚ ਨਵੇਂ ਸੁਪਨ-ਆਦਰਸ਼ਾਂ ਨੂੰ ਜਗਾਉਣ ਵਾਲਾ ਹੈ। ਜਿਵੇਂ ਕਿ ਗੁਰੂ ਜੀ ਨੇ ਸਾਨੂੰ ਦੱਸਿਆ ਹੈ, ਅਸੀਂ ਪ੍ਰਭੂ-ਪ੍ਰੀਤਮ ਨੂੰ ਯਾਦ ਕਰਕੇ ਜਿਉਂਦੇ ਹਾਂ, ਹਲ ਵਾਹੁੰਦੇ ਹਾਂ, ਕਿਰਤ ਕਰਦੇ ਹਾਂ, ਖ਼ੂਨ ਪਸੀਨਾ ਇਕ ਕਰਦੇ ਹਾਂ—ਇਹੋ ਹੀ ਸਾਡੇ ਲਈ ਭੌਤਿਕ ਸਤਾ ਤੋਂ ਉਪਰ ਉਠ ਕੇ ਆਤਮਿਕ ਜੀਵਨ ਨੂੰ ਪ੍ਰਾਪਤ ਕਰਨ ਦਾ ਵਿਧੀ-ਵਿਧਾਨ ਹੈ। ਇਹੀ ਉਸ ਦੀ ਰਜ਼ਾ ਹੈ—ਇਹੀ ਉਸ ਦੀ ਖ਼ੁਸ਼ੀ ਹੈ। ਨਿਸ਼ਚੇ ਹੀ ਪ੍ਰਭੂ-ਪ੍ਰੀਤਮ ਸਾਡਾ ਨਿੱਜੀ ਅਰਥਾਤ ਸਰਗੁਣ ਪ੍ਰਭੂ-ਪ੍ਰੀਤਮ ਹੈ। ਅਸਲ ਵਿਚ ਇਹੋ ਹੀ ਹੈ ਸਿੱਖ ਇਤਿਹਾਸ, ਬਾਣੀ ਜਾਂ ਕਵਿਤਾ ਤੇ ਜੀਵਨ ਦਾ ਮੰਤਵ ਤੇ ਉਦੇਸ਼। ਇਸ ਪ੍ਰਕਾਰ ਗੁਰੂ ਜੀ ਨੇ ਸਾਨੂੰ ਨਿਰੋਲ ਮਨੁੱਖ ਦੀ ਪੂਜਾ ਤੋਂ ਬਚਾ ਲਿਆ ਹੈ ਕਿਉਂਜੋ ਗੁਰੂ ਜੀ ਦੀ ਦ੍ਰਿਸ਼ਟੀ ਤਾਂ ਅਨੰਤ ਹੈ ਅਤੇ ਉਸ ਦਾ ਸੰਬੰਧ ਜਿਉਂਦੀਆਂ ਜਾਗਦੀਆਂ ਉਹਨਾਂ ਦੇਵ-ਆਤਮਾਵਾਂ ਨਾਲ ਹੈ ਜੋ ਅਧਿਆਤਮਿਕ ਮੰਡਲ ਵਿਚ ਵਿਚਰ ਰਹੀਆਂ ਹਨ। ਇਸ ਸੱਚੇ ਅਨੁਸ਼ਾਸ਼ਨ ਤੇ ਸੰਜਮ ਦੀ ਪਰਮਾਨੰਦੀ ਚੇਤਨਾ ਵਿਚ 'ਸ਼ੂਨਯ' ਦੀ ਕੋਈ ਥਾਂ ਨਹੀਂ ਹੈ। ਇਹ ਤਾਂ ਦੇਵ-ਆਤਮਾਵਾਂ ਨਾਲ ਭਰਪੂਰ ਮੰਡਲ ਹੈ।

ਸਿੱਖ ਇਤਿਹਾਸਕਾਰਾਂ ਦੀ ਇਹ ਨਵੀਂ ਮੰਗ ਕਿ ਗੁਰੂ ਇਤਿਹਾਸ ਨੂੰ ਅਨਿੱਜੀ ਤੇ ਨੀਰਸ ਗੱਦਮਈ ਰੂਪ ਵਿਚ ਪੇਸ਼ ਕਰਨਾ ਚਾਹੀਦਾ ਹੈ, ਕਿੰਨੀ ਨਿਗੂਣੀ ਤੇ ਨਿਕੰਮੀ ਹੈ। ਇਸ ਦੀ ਤੁਲਨਾ ਵਿਚ ਭਾਈ ਸੰਤੋਖ ਸਿੰਘ ਵਰਗੇ ਇਤਿਹਾਸਕਾਰ ਕਵੀਆਂ ਨੇ ਸਿੱਖ ਇਤਿਹਾਸ ਨੂੰ ਕਾਵਿਮਈ ਤੇ ਨਿੱਜੀ ਰੂਪ ਵਿਚ ਇਸ ਤਰ੍ਹਾਂ ਸਜੀਵ ਕਰ ਦਿੱਤਾ ਹੈ ਕਿ ਇਹ ਹਰ ਹਿਰਦੇ ਤੇ ਹਰ ਘਰ ਵਿਚ ਡੂੰਘੀ ਤਰ੍ਹਾਂ ਵਸਿਆ ਹੋਇਆ ਹੈ। ਇਹਨਾਂ ਨਵੇਂ ਇਤਿਹਾਸਕਾਰਾਂ ਦੀ ਮੰਗ ਤਾਂ ਇਸ ਤਰ੍ਹਾਂ ਦੀ ਪ੍ਰਤੀਤ ਹੁੰਦੀ ਹੈ ਜਿਵੇਂ ਆਤਮਾ ਨੂੰ ਛੱਡ ਕੇ ਪਰਛਾਵਿਆਂ ਨੂੰ ਫੜਨ ਦਾ ਯਤਨ ਕੀਤਾ ਜਾਵੇ। ਇਸੇ ਕਾਰਨ ਕੁਝ ਵਾਦ-ਵਿਵਾਦ ਗ੍ਰਸਤ ਇਤਿਹਾਸਕਾਰਾਂ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਗੁਰੂ ਨਾਨਕ ਮੱਕੇ ਤੇ ਬਗ਼ਦਾਦ ਨਹੀਂ ਗਏ। ਕੁਝ ਮੁਸਲਿਮ ਇਤਿਹਾਸਕਾਰ ਵੀ ਆਪਣੇ ਇਤਿਹਾਸ ਦੀ ਪ੍ਰਮਾਣਿਕਤਾ ਦੀ ਸ਼ਾਨ ਨੂੰ ਸਿੱਧ ਕਰਦਿਆਂ ਹੋਇਆਂ ਉਪਰੋਕਤ ਗੱਲ ਕਹਿ ਕੇ ਨਵਾਂ ਝਮੇਲਾ ਖੜ੍ਹਾ ਕਰ ਰਹੇ ਹਨ ਤੇ ਲੋਕਾਂ ਦਾ ਧਿਆਨ ਦੂਜੇ ਬੰਨੇ ਖਿੱਚ ਰਹੇ ਹਨ, ਪਰ ਸਾਡੇ ਲਈ ਤਾਂ ਇਹ ਗੱਲ ਸਾਡੀ ਆਤਮਾ ਦਾ ਇਕ ਮੁੱਖ ਤਰਕ ਬਣ ਗਿਆ ਹੈ। ਸਾਡੇ ਸਿੱਖਾਂ ਲਈ ਤਾਂ ਇਹ ਸਾਡੀ ਆਤਮਾ ਦਾ ਇਕ ਪਰਮ ਤੱਤ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਬਗ਼ਦਾਦ ਦੇ ਸ਼ਾਹ ਬਹਿਲੋਲ ਨੂੰ ਆਪਣਾ

ਸਿੱਖ ਬਣਾਇਆ ਸੀ। ਸਾਨੂੰ ਇਹ ਵੀ ਗਿਆਨ ਹੈ ਕਿ ਗੁਰੂ ਨਾਨਕ ਦੇਵ ਜੀ ਮੱਕੇ ਗਏ ਸਨ ਤੇ ਉਥੋਂ ਦੇ ਮੁਸਲਿਮ ਪੈਰੋਕਾਰਾਂ ਨੂੰ ਉਹਨਾਂ ਨੇ ਇਹ ਦੱਸਿਆ ਸੀ ਕਿ ਮੱਕਾ ਜਿਸ ਨੂੰ ਤੁਸੀਂ ਰੱਬ ਦਾ ਘਰ ਦਸਦੇ ਹੋ—ਹਰ ਥਾਂ ਮੌਜੂਦ ਹੈ। ਜੇ ਕੋਈ ਮੁਸਲਮਾਨ ਲੇਖਕ ਇਸ ਗੱਲ ਨੂੰ ਨਹੀਂ ਮੰਨਦਾ ਤਾਂ ਉਸ ਨੂੰ ਆਪਣੇ ਪੂਰਵ ਸੰਸਕਾਰਾਂ ਉਤੇ ਅਭਿਮਾਨ ਕਰਨ ਦਿਉ, ਪਰ ਇਕ ਨਿਹਚਾਵਾਨ ਸਿੱਖ ਲਈ ਇਸ ਸੰਬੰਧ ਵਿਚ ਕਿਸੇ ਹੋਰ ਪ੍ਰਮਾਣ ਦੀ ਲੋੜ ਨਹੀਂ ਹੈ। ਬੌਧਿਕ ਵਿਸ਼ਲੇਸ਼ਣ ਕਦੇ ਵੀ ਠੀਕ ਨਹੀਂ ਹੁੰਦਾ। ਆਤਮਾ ਦਾ ਪ੍ਰਤੱਖਣ ਕਦੀ ਗ਼ਲਤ ਨਹੀਂ ਹੋ ਸਕਦਾ।

ਅਨਿੱਜੀ ਘਟਨਾਵਾਂ ਜਾਂ ਵਿਕੋਲਿਤਰੇ ਤੱਥ ਜਿਨ੍ਹਾਂ ਨੂੰ ਸਾਡੇ ਇਹ ਅਨੋਖੇ ਇਤਿਹਾਸਕਾਰ ਬੜੇ ਕੀਮਤੀ ਸਮਝਦੇ ਹਨ, ਵਾਸਤਵ ਵਿਚ ਯਤੀਮ ਤੇ ਵਿਚਾਰੇ ਹਨ। ਜੇ ਇਤਿਹਾਸਕਾਰ ਇਹਨਾਂ ਨੂੰ ਆਪਣੀ ਉਤਸੁਕ ਭਾਵਨਾ ਦੇ ਕਾਰਨ ਨਾ ਸਾਂਭ ਲੈਂਦੇ ਤਾਂ ਇਹਨਾਂ ਨੇ ਆਪਣੀ ਮੌਤੇ ਆਪ ਹੀ ਮਰ ਜਾਣਾ ਸੀ, ਪਰ ਇਹ ਇਤਿਹਾਸਕਾਰ ਆਪ ਵੀ ਉਤਨੇ ਹੀ ਕੰਗਲੇ ਤੇ ਥੋਥੇ ਹੁੰਦੇ ਹਨ ਜਿਤਨੇ ਕਿ ਇਹਨਾਂ ਦੇ ਇਕੱਤਰ ਕੀਤੇ ਗਏ ਤੱਥ ਜੋ ਵਧੇਰੇ ਠੀਕ ਹੁੰਦੇ ਹੋਏ ਵੀ ਠੀਕ ਨਹੀਂ ਹੁੰਦੇ, ਪਰ ਸਾਡੇ ਇਤਿਹਾਸਕਾਰਾਂ ਦੀਆਂ ਰਚੀਆਂ ਹੋਈਆਂ ਸਾਖੀਆਂ ਵਧੇਰੇ ਉਤਸ਼ਾਹ ਦੇਣ ਵਾਲੀਆਂ ਹਨ। ਅਸਲ ਵਿਚ ਜੋ ਕੁਝ ਵੀ ਅਸੀਂ ਇਤਿਹਾਸ ਬਾਰੇ ਉਹਨਾਂ ਰਾਜੇ ਮਹਾਰਾਜਿਆਂ ਤੇ ਹੋਰ ਇਤਿਹਾਸਕ ਪਾਤਰਾਂ ਬਾਰੇ ਤੇ ਥਾਵਾਂ ਦੇ ਵੇਰਵੇ ਜਾਣਦੇ ਹਾਂ, ਕੀ ਉਹ ਸੱਚੀ-ਮੁੱਚੀ ਦੇ ਤੱਥ ਹੁੰਦੇ ਹਨ ਜਾਂ ਰਾਜਿਆਂ ਮਹਾਰਾਜਿਆਂ ਤੇ ਘਟਨਾਵਾਂ ਦੇ ਖ਼ਾਲੀ ਨਾਮ ਹੀ ਹੁੰਦੇ ਹਨ ਜਿਨ੍ਹਾਂ ਦੇ ਬਾਹਰਲੇ ਰੂਪ ਬਾਰੇ ਤਾਂ ਸਾਨੂੰ ਕੁਝ ਪਤਾ ਹੁੰਦਾ ਹੈ, ਪਰ ਉਹਨਾਂ ਦੇ ਅੰਦਰ ਕੀ ਹੁੰਦਾ ਹੈ, ਇਸ ਬਾਰੇ ਸਾਡੇ ਇਤਿਹਾਸਕਾਰ ਕੁਝ ਨਹੀਂ ਦਸਦੇ। ਸਮੇਂ ਦੇ ਬੀਤਣ ਨਾਲ ਇਹਨਾਂ ਬਾਰੇ ਅਸੀਂ ਕਈ ਗ਼ਲਤ ਪ੍ਰਕਾਰ ਦੀਆਂ ਧਾਰਨਾਵਾਂ ਬਣਾ ਲੈਂਦੇ ਹਾਂ। ਅਸਲ ਵਿਚ ਜੇ ਅਸੀਂ ਉਹਨਾਂ ਵਿਅਕਤੀਆਂ ਦੇ ਕੋਲ ਬੈਠੇ ਵੀ ਰਹੀਏ ਅਤੇ ਉਹਨਾਂ ਨਾਲ ਕੁਝ ਸਮਾਂ ਵਿਚਰੇ ਵੀ ਹੋਈਏ ਤਾਂ ਵੀ ਉਹਨਾਂ ਦੇ ਅੰਦਰ ਕੀ ਕੁਝ ਹੈ—ਬਾਰੇ ਅਸੀਂ ਕੁਝ ਨਹੀਂ ਜਾਣ ਸਕਦੇ। ਪਰ ਆਤਮਾ ਵਿਚ ਘਟਦੇ ਵਰਤਾਰਿਆਂ ਬਾਰੇ ਤਾਂ ਸਾਡੀ ਪਹੁੰਚ ਹੋਰ ਵੀ ਕਠਿਨ ਹੁੰਦੀ ਹੈ। ਵਾਸਤਵ ਵਿਚ ਇਹ ਆਤਮਿਕ ਚੇਤੰਨਤਾ ਹੀ ਮਹਾਨ ਮਨੁੱਖਾਂ ਦੀ ਸਿਰਜਣ ਜਾਂ ਜਣਨੀ ਹੁੰਦੀ ਹੈ।

ਉਹ ਇਤਿਹਾਸਕ ਆਲੋਚਨਾ ਜੋ ਅੱਖਰ ਅੱਖਰ ਤੇ ਠੀਕ ਠੀਕ ਸੱਚ ਹੋਣ ਨੂੰ ਆਪਣਾ ਨਿਸ਼ਾਨਾ ਥਾਪਦੀ ਹੈ, ਉਸ ਝੱਖੜ ਦੇ ਵਾਂਗ ਸਵਾਰ ਹੋ ਕੇ ਆਉਂਦੀ ਹੈ ਜੋ ਬੜੇ ਬੁੱਢ-ਪੁਰਾਣੇ ਤੇ ਭੱਦੇ ਤੱਥ ਦੇ ਰੂਪ ਵਿਚ ਉਘੜ ਕੇ ਸਾਹਮਣੇ ਆਉਂਦਾ ਹੈ। ਇਤਿਹਾਸਕਾਰ ਪੁਰਾਤਨ ਕਾਲ ਦੀ ਸਰਬ-ਸਾਧਾਰਨ ਮਨੁੱਖਤਾ ਬਾਰੇ ਕੁਝ ਸਾਧਾਰਨੀਕਰਨ ਦੇ ਰੂਪ ਵਿਚ ਬਿਆਨ ਕਰਨ ਵਿਚ ਤਾਂ ਸਫ਼ਲ ਹੋ ਸਕਦਾ ਹੈ ਕਿਉਂਜੋ ਹਰ ਕਾਲ ਵਿਚ ਸਰਬ-ਸਾਧਾਰਨ ਮਨੁੱਖਤਾ ਦਾ ਸੁਭਾ ਇਕ ਸਮਾਨ

ਹੀ ਹੁੰਦਾ ਹੈ। ਕਥਾਵਾਂ ਸੱਚਾ ਇਤਿਹਾਸ ਹੁੰਦੀਆਂ ਹਨ। ਮਨੁੱਖ ਸਦਾ ਇਕ ਸਮਾਨ ਹੀ ਹੁੰਦੇ ਹਨ। ਹਰ ਕਾਲ ਆਪਣੇ ਸਮੇਂ ਘਟੀਆਂ ਘਟਨਾਵਾਂ ਤੋਂ ਪਿੱਛੋਂ ਹੀ ਸਿਆਣਾ ਬਣਦਾ ਹੈ। ਉਹਨਾਂ ਦੇ ਵਾਪਰਨ ਤੋਂ ਪਹਿਲਾਂ ਉਹ ਅਜਿਹਾ ਸਿਆਣਾ ਘੱਟ ਹੀ ਹੁੰਦਾ ਹੈ। ਇਤਿਹਾਸ ਤਾਂ ਸਮਾਂ ਪਾ ਕੇ ਹੀ ਸਹਿਜੇ ਸਹਿਜੇ ਨਿਹਚੇ ਤੇ ਵਿਸ਼ਵਾਸ ਵਾਲੀਆਂ ਆਤਮਾਵਾਂ ਦੁਆਰਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ। ਠੁੱਕ ਨਾਲ ਲਿਖੇ ਗਏ ਪੰਨੇ ਤੇ ਇਹਨਾਂ ਉਤੇ ਅੰਕਿਤ ਪੱਗਾ-ਟਿੱਪਣੀਆਂ ਲੋਕ-ਆਤਮਾ ਨੂੰ ਸ਼ਾਂਤ ਤੇ ਤ੍ਰਿਪਤ ਨਹੀਂ ਕਰ ਸਕਦੀਆਂ।

## IV

'ਖ਼ਾਲਸਾ' ਭਵਿੱਖ ਦੇ ਮਨੁੱਖ ਦਾ ਆਦਰਸ਼ਕ ਰਾਜ ਹੈ। ਇਹ ਤਾਂ ਹਰ ਮਨੁੱਖ ਲਈ ਦੇਵ ਲੋਕ ਦੀ ਪਾਤਸ਼ਾਹਤ ਦਾ ਨਿਰੰਕੁਸ ਰਾਜਤੰਤਰ ਹੈ। ਇਹ ਇਕ ਪੂਰਨ ਲੋਕੰਤਰ ਹੈ ਜੋ ਇਸ ਧਰਤ ਉਤੇ ਕਿਰਤੀਆਂ ਦੀ ਪਾਤਸ਼ਾਹਤ ਸਮਾਨ ਹਰ ਇਕ ਲਈ ਰੋਟੀ-ਕੱਪੜੇ ਦੀ ਬਰਾਬਰ ਵੰਡ ਕਰਦਾ ਹੈ। ਇਹ ਤਾਂ ਜੀਵਨ ਦੀ ਭੌਤਿਕ ਸੱਤਾ ਉਤੇ ਮਨੋਭਾਵਾਂ ਦਾ ਉਹ ਲੋਕਤੰਤਰ ਹੈ ਜਿਥੇ ਮਨੁੱਖ ਦੀਆਂ ਬਹੁਤ ਸਾਰੀਆਂ ਮੁਸੀਬਤਾਂ ਇਕ ਮਨੁੱਖ ਦੀ ਦੂਜੇ ਪ੍ਰਤੀ ਈਰਖਾ, ਦਵੈਖ ਤੇ ਕਠੋਰਤਾ ਦੇ ਕਾਰਨ ਹਨ, ਪਰ ਆਤਮਾ ਦੇ ਭਾਈਚਾਰੇ ਵਿਚ ਭਾਵਨਾਵਾਂ ਦੀ ਤੀਖਣਤਾ ਸਾਰੇ ਵਿਤਕਰਿਆਂ ਨੂੰ ਸਾੜ ਸੁਟਦੀ ਹੈ।

ਆਤਮਾ ਦੇ ਮੰਡਲ ਵਿਚ ਹਰ ਇਕ ਗੁਰੂ ਜੀਂ ਦੀਆਂ ਖ਼ੁਸ਼ੀਆਂ ਤੇ ਮੁਸ਼ਕਲਾਂ ਤੇ ਦੁੱਖਾਂ ਸੁੱਖਾਂ ਦਾ ਆਪਣੇ ਹੀ ਮਾਨਦੰਡਾਂ ਅਨੁਸਾਰ ਸਾਂਝੀਵਾਲ ਹੁੰਦਾ ਹੈ। ਇਹ ਤਾਂ ਹਰ ਪ੍ਰਤਿਭਾ ਵਿਚਲੇ ਸੱਚੇ ਕੁਲੀਨ-ਤੰਤਰ ਦਾ ਮਾਨਦੰਡ ਹੋ ਸਕੇਗਾ, ਪਰ ਗੁਰੂ ਜੀ ਦੀ ਇਸ ਪ੍ਰੇਮ ਦੀ ਬਾਦਸ਼ਾਹਤ ਵਿਚ ਕਿਸੇ ਨੂੰ ਵੀ ਰੋਟੀ ਕੱਪੜੇ ਦੀਆਂ ਮੁਢਲੀਆਂ ਲੋੜਾਂ ਤੋਂ ਵਿਹੂਣਾ ਨਹੀਂ ਹੋਣਾ ਪਵੇਗਾ। ਜੇ ਗੁਰੂ ਜੀ ਦਾ ਆਦਰਸ਼ ਸਵਰਾਜ ਸਥਾਪਤ ਹੋ ਗਿਆ ਜਾਂ ਇਸ ਆਦਰਸ਼ ਤੱਕ ਪਹੁੰਚਣ ਲਈ ਕਿਸੇ ਮਨੁੱਖ ਸਮੂਹ ਵੱਲੋਂ ਯਤਨ ਕੀਤੇ ਗਏ ਤਾਂ ਨਾ ਕੋਈ ਭੁੱਖ ਦੇ ਹੱਥੋਂ ਮਰੇਗਾ ਤੇ ਨਾ ਹੀ ਕੋਈ ਤਨੋ ਨੰਗਾ ਫਿਰੇਗਾ। ਪਰ ਇਸ ਰਾਜ ਵਿਚ ਨਾ ਤਾਂ ਮੌਤ ਨੂੰ ਰੋਕਿਆ ਜਾ ਸਕਦਾ ਹੈ ਤੇ ਨਾ ਹੀ ਮਨੁੱਖ ਵਿਚਲੀਆਂ ਅੰਤਰੀਵ ਭਿੰਨਤਾਵਾਂ ਨੂੰ ਖ਼ਤਮ ਕੀਤਾ ਜਾ ਸਕਦਾ ਹੈ। ਮਨੁੱਖ ਆਪ ਹੀ ਭੌਤਿਕ ਮੁਸੀਬਤਾਂ ਤੇ ਕਸ਼ਟਾਂ ਤੋਂ ਬਚ ਸਕੇਗਾ। ਭਾਵੇਂ ਪਰਬਤ ਉਚੇ ਹੋਣ, ਫੁੱਲ ਛੋਟੇ ਅਤੇ ਘਾਹ ਨੀਵੇਂ ਥਾਂ ਉਗਿਆ ਹੋਵੇ, ਇਹਨਾਂ ਸਭ ਨੂੰ ਪ੍ਰਭੂ ਦੀ ਸੁੰਦਰਤਾ ਦੁਆਰਾ ਕੱਜਣ ਮਿਲੇਗਾ ਅਤੇ ਉਸ ਦੇ ਭਰਪੂਰ ਭੰਡਾਰੇ ਵਿਚੋਂ ਆਹਾਰ ਪ੍ਰਾਪਤ ਹੋਵੇਗਾ। ਪਰ ਆਦਰਸ਼ ਰੂਪ ਦੇ ਖ਼ਾਲਸਾ ਭਾਈਚਾਰੇ ਨੂੰ ਪ੍ਰਮਾਣਿਤ ਕਰਨ ਲਈ ਗੁਰੂ ਜੀ ਉਤੇ ਵਿਸ਼ਵਾਸ ਕਰਨ ਵਾਲੇ ਮਨੁੱਖ-ਸਮੂਹ ਨੂੰ ਹਾਲੀ ਬਹੁਤ ਸਾਰੇ ਯਤਨ ਕਰਨੇ ਪੈਣਗੇ, ਪਰ ਆਧੁਨਿਕ ਸੰਸਾਰ ਤਾਂ ਗੁਰੂ ਜੀ ਦੇ ਖ਼ਾਲਸਾ ਰਾਜ ਦੇ ਆਦਰਸ਼ਾਂ ਦੀਆਂ ਭਿੰਨ ਭਿੰਨ ਵਿਆਖਿਆਵਾਂ ਕਰਕੇ ਇਸ ਨੂੰ ਵਰਤਮਾਨ ਕਾਲ ਵਿਚ ਵਿਆਪਕ ਸਮਾਜਕ ਘੜਮਸ ਜਾਂ ਘਮਸਾਨ ਚੌਦੇ ਉਤੇ ਉਸਾਰਨਾ ਚਾਹੁੰਦਾ ਹੈ।

ਪਰ ਇਹ ਗੱਲ ਤੁਰੰਤ ਆਖੀ ਜਾ ਸਕਦੀ ਹੈ ਕਿ 'ਖ਼ਾਲਸਾ ਰਾਜ' ਛੋਟੇ ਮਨੁੱਖਾਂ ਦੇ ਮੱਤ ਅਧਿਕਾਰਾਂ ਦੁਆਰਾ ਸਥਾਪਤ ਕੋਈ ਅਜਿਹਾ ਗਣਰਾਜ ਨਹੀਂ ਹੈ ਜਿਸ ਵਿਚ ਮਤਦਾਤਾਵਾਂ ਨੂੰ ਵੱਖ ਵੱਖ ਢੰਗਾਂ ਦੁਆਰਾ ਪ੍ਰਭਾਵਤ ਕਰਕੇ ਮੱਤ ਪ੍ਰਾਪਤ ਕੀਤੇ ਜਾ ਸਕਣ। ਇਹ ਖ਼ਾਲਸਾ ਤੰਤਰ ਸੋਵੀਅਤਾਂ ਨਾਲੋਂ ਵੀ ਭਿੰਨ ਹੈ ਜੋ ਰਾਜਨੀਤਕ ਵਾਤਾਵਰਣ ਤੇ ਕਾਨੂੰਨ ਨੂੰ ਬਦਲਣਾ ਚਾਹੁੰਦੇ ਹਨ ਤਾਂ ਜੋ ਬਰਾਬਰੀ ਦੀ ਵੰਡ ਦਾ ਦੇਵ-ਮੰਡਲ ਦਾ ਵਰਤਾਰਾ ਧਰਤੀ ਉਤੇ ਲਿਆਂਦਾ ਜਾ ਸਕੇ। ਪਰ ਅਜਿਹਾ ਉਹ ਕਰ ਨਹੀਂ ਸਕਣਗੇ। ਜਿੰਨਾਂ ਚਿਰ ਤੱਕ ਮਨੁੱਖ ਵਿਚਲੀ ਪਸ਼ੂ-ਪ੍ਰਵਿਰਤੀ ਨੂੰ ਮਨੁੱਖੀ ਪ੍ਰੇਮ ਤੇ ਹਮਦਰਦੀ ਵਿਚ ਬਦਲਿਆ ਨਹੀਂ ਜਾ ਸਕਦਾ, ਉਨਾਂ ਚਿਰ ਤੱਕ ਸੱਚਾ ਸਮਾਜਵਾਦ ਸਥਾਪਤ ਨਹੀਂ ਕੀਤਾ ਜਾ ਸਕਦਾ। ਗੁਰੂ ਖ਼ਾਲਸਾ-ਤੰਤਰ ਅਥਵਾ ਰਾਜ ਮਨੁੱਖਤਾ ਵਿਚਲੀ ਤਾਤਵਿਕ ਭਲਿਆਈ ਉਤੇ ਆਧਾਰਤ ਹੈ ਜੋ ਕਰਤਾਰ ਦੀ ਵਚਿੱਤਰਤਾ ਦੇ ਭੇਦ ਦਾ ਸਾਂਝੀਵਾਲ ਬਣਨਾ ਲੋਚਦਾ ਹੈ ਅਤੇ ਉਸ ਦੀ ਸ੍ਰਿਸ਼ਟੀ ਵਿਚ ਵਿਦਮਾਨ ਸੁੰਦਰ ਜੀਵਾਂ ਤੇ ਵਸਤੂਆਂ ਨੂੰ ਪ੍ਰੇਮ ਕਰਨ ਲਈ ਤਾਂਘਦਾ ਹੈ। ਇਸ ਪ੍ਰਕਾਰ ਗੁਰੂ ਜੀ ਤਾਂ ਮਨੁੱਖ ਨੂੰ ਆਪਣੀ ਆਤਮਾ ਦੀ ਬਾਦਸ਼ਾਹਤ ਵਿਚ ਦਾਖ਼ਲ ਕਰਕੇ ਹਰ ਵਿਅਕਤੀ ਨੂੰ ਆਪਣੇ ਭਰਪੂਰ ਭੰਡਾਰੇ ਵਿਚੋਂ ਖ਼ੁਸ਼ੀਆਂ ਪ੍ਰਦਾਨ ਕਰਦੇ ਹਨ ਤੇ ਆਪਣੀ ਪ੍ਰੇਮ ਦੀ ਸੁੰਦਰਤਾ ਦਾ ਭਾਈਵਾਲ ਬਣਾਉਂਦੇ ਹਨ। ਇਸ ਤਰ੍ਹਾਂ ਮਨੁੱਖ ਦੀਆਂ ਸੁਆਰਥੀ ਰੁਚੀਆਂ ਆਪਣੇ ਆਪ ਹੀ ਆਪਣੀ ਮੌਤੇ ਮਰ ਜਾਂਦੀਆਂ ਹਨ। ਉਚੇਰਾ ਜੀਵਨ ਜਿਉਣ ਲਈ ਮਿਲੀ ਪ੍ਰੇਰਨਾ ਨੀਵੇਂ ਜੀਵਨ ਨੂੰ ਪਰੇ ਦੂਰ ਧੱਕ ਦਿੰਦੀ ਹੈ। "ਹਰ ਇਕ ਨੂੰ ਆਪਣੀ ਯੋਗਤਾ ਅਨੁਸਾਰ ਹਿੱਸਾ ਮਿਲੇ ਅਤੇ ਉਸ ਦੀ ਸਮਰਥਾ ਅਨੁਸਾਰ ਪ੍ਰਭੂ ਦੀ ਸੁੰਦਰਤਾ ਨੂੰ ਮਾਣਨ ਦਾ ਭਾਗੀ ਬਣਾਇਆ ਜਾਵੇ।" ਇਸ ਪ੍ਰਕਾਰ ਉਹ ਖ਼ੁਸ਼ੀ ਭਰਿਆ ਤੇ ਸੰਤੁਸ਼ਟ ਜੀਵਨ ਜੀਅ ਸਕੇ। ਕਿਸੇ ਹੋਰ ਦੇ ਮਾਮਲਿਆਂ ਵਿਚ ਦਖ਼ਲ ਨਾ ਦੇਵੇ ਤੇ ਨਾ ਹੀ ਕਿਸੇ ਦੂਜੇ ਦੇ ਹਿੱਸੇ ਨੂੰ ਹੜੱਪ ਕਰੇ। ਇਹ ਨਾ ਮੁੱਕਣ ਵਾਲਾ ਤਿਆਗ ਜੋ ਇਸ ਨਵੇਂ ਅਨੁਭਵ ਦੀ ਪ੍ਰਾਪਤੀ ਉਪਰੰਤ ਖ਼ੁਸ਼ੀ ਖ਼ੁਸ਼ੀ ਕੀਤਾ ਗਿਆ ਹੈ, ਗੁਰੂ ਦੀ ਨਾਮ ਰੂਪੀ ਸੰਸਕ੍ਰਿਤੀ ਦੀ ਨਿਸ਼ਾਨੀ ਹੈ। ਗੁਰੂ ਜੀ ਨੇ ਮਨੁੱਖ ਵਿਚ ਨਵੀਂ ਪ੍ਰੇਰਨਾ ਜਗਾ ਦਿੱਤੀ ਹੈ ਅਤੇ ਉਸ ਨਵੀਂ ਜੀਵਨ ਚੰਗਿਆੜੀ ਸਦਕਾ ਮਨੁੱਖ ਅੰਦਰ ਸੁਆਰਥੀ ਅਤੇ ਦੂਈ-ਦਵੈਤ ਦੀ ਭਾਵਨਾ ਦਾ ਅੰਤ ਹੋ ਜਾਂਦਾ ਹੈ। ਖ਼ੁਸ਼ੀ ਤੇ ਅਨੰਦ ਦੇ ਇਸ ਮਹਿਕ ਭਿੰਨੇ ਵਾਤਾਵਰਣ ਵਿਚ ਦੂਈ-ਦਵੈਤ ਤੇ ਸੁਆਰਥੀ ਭਾਵਾਂ ਵਰਗੇ ਕੁਹਜੇ ਤੇ ਕਰੂਪ ਪਰਛਾਵੇਂ ਜਿਉਂਦੇ ਨਹੀਂ ਰਹਿ ਸਕਦੇ।

ਮਨੁੱਖ ਦੀ 'ਮੈਂ' ਹੁਣ 'ਮੈਂ' ਨਹੀਂ ਰਹਿ ਜਾਂਦੀ, ਸਗੋਂ ਨਾਮ ਦੁਆਰਾ ਨਵੇਂ ਅਨੰਦ ਪ੍ਰਾਪਤ ਕਰਕੇ ਇਸ ਨੂੰ ਆਤਮਿਕ ਅਨੰਦ ਮਿਲ ਜਾਂਦਾ ਹੈ। ਇਸ ਸੱਚੇ ਮਨੁੱਖੀ ਸਮਾਜ ਵਿਚ ਕੋਈ ਵੀ ਮਨੁੱਖ ਉਸ ਦੈਵੀ ਜੀਵਨ ਚਿੰਗਿਆੜੀ ਤੋਂ ਵਿਹੂਣਾ ਨਹੀਂ ਰਹਿੰਦਾ ਜੋ ਸੁਆਰਥ ਨੂੰ ਖੂੰਜੇ ਲਾ ਦਿੰਦੀ ਹੈ। ਉਹ ਪ੍ਰਭੂ-ਪ੍ਰੀਤਮ ਤੋਂ ਮਿਲੇ ਸਦਗੁਣਾਂ ਨੂੰ ਆਪਣੇ ਅੰਦਰ ਅੰਕਿਤ ਕਰਕੇ ਤਿਆਗ ਤੇ ਸਹਿਜ

ਅਨੰਦ ਵਿਚ ਵਿਚਰਦਾ ਹੋਇਆ ਪ੍ਰਭੂ-ਪ੍ਰੀਤਮ ਦੀ ਸੁੰਦਰਤਾ ਨੂੰ ਨਿਹਾਰਦਾ ਹੈ। ਇਸ ਸੰਸਾਰ ਵਿਚ ਮਨੁੱਖ ਨੂੰ ਸੱਚੇ ਅਰਥਾਂ ਦੇ ਲੋਕਤੰਤਰ ਨੂੰ ਮਾਣਨ ਲਈ ਅੰਤਰ-ਵਰਤੀ ਹੋਣਾ ਪਵੇਗਾ ਅਤੇ ਆਤਮਿਕ ਤੌਰ 'ਤੇ ਦੈਵੀ ਕੁਲੀਨ-ਤੰਤਰ ਨੂੰ ਅਪਨਾਉਣਾ ਪਵੇਗਾ। ਗੁਰੂ ਨਾਨਕ ਦੀ ਆਤਮਿਕ ਚੇਤੰਨਤਾ ਦੀ ਗੂੜ੍ਹੀ ਛਾਂ ਵਿਚ ਹੀ ਸੱਚੇ ਲੋਕਤੰਤਰ ਦਾ ਵਾਸ ਹੈ।

ਇਸ ਤਰ੍ਹਾਂ ਨਾਲ ਉਚਿਆਇਆ ਗਿਆ ਚਰਿਤਰ ਹੀ ਸਿੱਖ ਇਤਿਹਾਸ ਦਾ ਸੱਚਾ ਮਾਨਵੀ ਸਰੂਪ ਹੁੰਦਾ ਹੈ। ਭਾਈ ਵੀਰ ਸਿੰਘ ਨੇ ਇਸ ਤਰ੍ਹਾਂ ਇਸ ਜੀਵਤ ਇਤਿਹਾਸ ਤੇ ਗੁਰਸਿੱਖਾਂ ਦੇ ਨਿੱਜੀ ਇਤਿਹਾਸ ਨੂੰ ਪ੍ਰੇਰਨਾ ਜਗਾਊ ਨਵੀਂ ਸ਼ੈਲੀ ਵਿਚ ਲਿਖਣ ਦੀ ਰੀਤ ਤੋਰੀ ਹੈ। ਇਸ ਲਿਖਣ ਸ਼ੈਲੀ ਦੀ ਰੂਪ ਰੇਖਾ ਕੀ ਹੈ ? ਸ਼ਮ੍ਹਾ ਬਲ ਰਹੀ ਹੈ, ਇਸ ਦੇ ਚਾਰ ਚੁਫੇਰੇ ਪਰਵਾਨੇ ਆ ਜੁੜਦੇ ਹਨ। ਇਸ ਸ਼ਰਧਾ ਭਗਤੀ ਦੀ ਮਹਾਨਤਾ ਨੂੰ ਚੰਨ ਤੇ ਸੂਰਜ ਵੀ ਪ੍ਰਣਾਮ ਕਰਦੇ ਹਨ ਤੇ ਉਹ ਵੀ ਦੀਪਕ-ਹਾਰ ਇਥੇ ਆਉਂਦੇ ਹਨ।

V

ਗੁਰੂ ਗਰੰਥ ਸਾਹਿਬ ਗੁਰੂ ਸਾਹਿਬਾਨ ਦੀ ਆਤਮਾ ਦਾ ਪ੍ਰਮਾਣਿਕ ਵਿਵਰਣ ਹੈ। ਇਹ ਬੜੇ ਸ਼ੋਕ ਦੀ ਗੱਲ ਹੈ ਕਿ ਕੁਝ ਵਧੇਰੇ ਜੋਸ਼ੀਲੇ ਸਿੱਖ ਤੇ ਕੱਚ-ਘਰੜ ਵਿਦਵਾਨ ਜਿਨ੍ਹਾਂ ਦੇ ਵਿਚਾਰਾਂ ਨੂੰ ਵਰਤਮਾਨ ਯੁਗ ਨੇ ਵਿਕ੍ਰਿਤ ਕਰ ਦਿੱਤਾ ਹੈ। ਗੁਰੂ ਗਰੰਥ ਸਾਹਿਬ ਦੇ ਵਿਸ਼ੇ ਵਸਤੂ ਤੇ ਬਾਣੀ ਦੇ ਅਰਥਾਂ ਦੀ ਆਪ-ਹੁਦਰੀ ਵਿਆਖਿਆ ਕਰ ਰਹੇ ਹਨ ਅਤੇ ਇਸ ਤਰ੍ਹਾਂ ਗੁਰਬਾਣੀ ਨੂੰ ਆਪਣੇ ਹੀ ਅਰਥ ਦੇਣਾ ਚਾਹੁੰਦੇ ਹਨ, ਪਰ ਸੰਸਾਰ ਵਿਚ ਗੁਰੂ ਗਰੰਥ ਸਾਹਿਬ ਦਾ ਪ੍ਰਮਾਣਿਕ ਸ਼ਬਦ ਤੇ ਉਸ ਦੇ ਅਰਥ ਇਸ ਤਰ੍ਹਾਂ ਕਦੇ ਵੀ ਗੁਆਚ ਨਹੀਂ ਸਕਣਗੇ। ਜਿਸ ਤਰ੍ਹਾਂ ਅੰਜੀਲ ਦੇ ਵੱਖ ਵੱਖ ਭਾਸ਼ਾਵਾਂ ਵਿਚ ਅਨੁਵਾਦ ਕੀਤੇ ਗਏ ਹਨ, ਤਿਵੇਂ ਹੀ ਗੁਰੂ ਗਰੰਥ ਸਾਹਿਬ ਦੀ ਬਾਣੀ ਵੱਖ ਵੱਖ ਦੇਸ਼ਾਂ ਦੇ ਕਵੀ-ਜਨ ਆਪਣੀਆਂ ਵੱਖ ਵੱਖ ਭਾਸ਼ਾਵਾਂ ਵਿਚ ਆਪਣੀ ਆਤਮਾ ਦੁਆਰਾ ਇਸ ਦੇ ਅਨੇਕ ਅਨੁਵਾਦ ਕਰਨਗੇ। ਕੇਵਲ ਜੀਵਨ ਹੀ ਜੀਵਨ ਦਾ ਅਨੁਵਾਦ ਕਰ ਸਕਦਾ ਹੈ।

ਪ੍ਰਭੂ-ਪ੍ਰੀਤਮ ਦੇ ਨਾਮ ਦੇ ਬਾਰੰਬਾਰ ਦੁਹਰਾਉਣ ਦਾ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਵਿਧੀ-ਵਿਧਾਨ ਤੋਂ ਛੁਟ ਹੋਰ ਕੋਈ ਵੀ ਢੰਗ ਨਹੀਂ ਹੈ। ਪ੍ਰਭੂ-ਪ੍ਰੀਤਮ ਦੇ ਨਾਮ ਦਾ ਬਾਰੰਬਾਰ ਦੁਹਰਾਉ ਉਹਨਾਂ ਲਈ ਬੇਰਸੀ ਤੇ ਅਕੇਵੇਂ ਦਾ ਕਾਰਨ ਹੋ ਸਕਦਾ ਹੈ ਜਿਨ੍ਹਾਂ ਦੇ ਹਿਰਦਿਆਂ ਵਿਚ ਪ੍ਰਭੂ-ਪ੍ਰੀਤਮ ਦੇ ਪ੍ਰੇਮ ਲਈ ਤਾਂਘ ਤੇ ਵਿਛੋੜੇ ਦੀ ਪੀੜਾ ਨਹੀਂ ਹੈ। ਅਜਿਹੀ ਪ੍ਰੇਮ ਦੀ ਤਾਂਘ ਤੇ ਵਿਛੋੜੇ ਦੀ ਤੀਬਰ ਪੀੜ ਕੁਝ ਇਸ ਤਰ੍ਹਾਂ ਦੀ ਡੂੰਘੀ ਹੁੰਦੀ ਹੈ, ਜੋ ਰੋਗੀਆਂ ਨੂੰ ਅਰੋਗ ਕਰ ਦਿੰਦੀ ਹੈ। ਅਜਿਹੇ ਵਿਅਕਤੀਆਂ ਦੀ ਕਿਸੇ ਫ਼ਲਸਫ਼ੇ ਜਾਂ ਦਰਸ਼ਨ ਵਿਦਿਆ ਦੁਆਰਾ ਤ੍ਰਿਪਤੀ ਨਹੀਂ ਹੁੰਦੀ। ਉਹਨਾਂ ਨੂੰ ਤਾਂ ਉਦੋਂ ਹੀ ਸ਼ਾਂਤੀ ਪ੍ਰਾਪਤ ਹੁੰਦੀ ਹੈ ਜਦੋਂ ਉਹ ਪੰਛੀਆਂ ਦੇ ਦਰਦ ਭਿੰਨੇ ਬੋਲਾਂ ਵਾਂਗ ਨਾਮ ਦਾ ਉਚਾਰਨ ਕਰਦੇ ਹਨ।

ਸੱਚ ਹੈ ਕਿ ਜਦੋਂ ਅਸੀਂ ਪ੍ਰੇਮ ਦੀ ਪੀੜਾ ਦਾ ਸ਼ਿਕਾਰ ਹੁੰਦੇ ਹਾਂ ਤਾਂ ਆਪਣੇ ਪਿਆਰੇ ਦਾ ਇਕ ਵਾਰ ਲਿਆ ਨਾਮ ਹੀ ਸਾਡੇ ਲਈ ਕਾਰਗਰ ਤੇ ਸੁਖਦਾਈ ਹੋ ਨਿਬੜਦਾ ਹੈ। ਕੇਵਲ ਉਹ ਵਿਅਕਤੀ ਹੀ ਜਿਸ ਨੂੰ ਪ੍ਰੇਮ ਦਾ ਘਾਉ ਲੱਗਾ ਹੁੰਦਾ ਹੈ, ਗੁਰੂ ਗਰੰਥ ਸਾਹਿਬ ਦੇ ਪ੍ਰੇਮ-ਪ੍ਰਗੀਤਾਂ ਦੇ ਦੁਹਰਾਓ ਦੀ ਮਹੱਤਤਾ ਨੂੰ ਸਮਝ ਸਕਦਾ ਹੈ। ਇਸ ਲਈ ਜਦੋਂ ਵੀ ਕਿਸੇ ਆਧੁਨਿਕ ਵਿਅਕਤੀ ਨੂੰ ਗੁਰੂ ਗਰੰਥ ਸਾਹਿਬ ਵਿਚੋਂ ਪ੍ਰੇਮ ਦੇ ਰੋਗ ਦੀ ਔਸ਼ਧੀ ਦੀ ਲੋੜ ਪਵੇ ਤਾਂ ਉਸ ਨੂੰ ਨਾਮ-ਅੰਮ੍ਰਿਤ ਤੇ ਇਸ ਦੀ ਅਸਰਦਾਰ ਤਾਸੀਰ ਦਾ ਅਨੁਭਵ ਹੋ ਜਾਵੇਗਾ। ਸੰਸਾਰ ਦੇ ਕਿਸੇ ਵੀ ਹੋਰ ਗਰੰਥ ਵਿਚੋਂ ਇਸ ਤਰ੍ਹਾਂ ਦਾ ਇਕਮਾਤਰ ਸੁਝਾਉ ਜਾਂ ਨੁਸਖਾ ਪ੍ਰਾਪਤ ਨਹੀਂ ਹੋ ਸਕਦਾ। ਇਥੇ ਸਭ ਕੁਝ ਪ੍ਰੇਮ ਵਿਚ ਰੰਗਿਆ ਹੋਇਆ ਹੈ ਅਤੇ ਸੰਸਾਰ ਦੇ ਸਾਰੇ ਪ੍ਰੇਮ-ਪ੍ਰਗੀਤਾਂ ਵਿਚ ਪ੍ਰਭੂ-ਪ੍ਰੀਤਮ ਪ੍ਰਤੀ ਉਸੇ ਪ੍ਰਕਾਰ ਦੇ ਮਨੋਭਾਵਾਂ ਦੀ ਗੂੰਜਾਰ ਹੈ ਜਿਸ ਤਰ੍ਹਾਂ ਦੀ ਗੁਰੂ ਗਰੰਥ ਸਾਹਿਬ ਦੀ ਬਾਣੀ ਵਿਚ ਅੰਕਿਤ ਹੈ। ਸਾਰੇ ਸੰਸਾਰ ਦੇ ਇਹ ਮਹਾਨ ਗੀਤ ਖ਼ਾਲਸਾ ਦੀ ਆਤਮਾ ਦੇ ਸੱਚੇ ਇਤਿਹਾਸ ਨੂੰ ਆਧੁਨਿਕ ਮਨੁੱਖ ਲਈ ਸਾਕਾਰ ਕਰਦੇ ਹਨ। ਇਸ ਤਰ੍ਹਾਂ ਗੁਰੂ ਜੀ ਦੇ ਸੰਦੇਸ਼ ਨੂੰ ਸਭ ਲੋਕ ਜਾਣ ਜਾਣਗੇ ਅਤੇ ਇਹ ਸਰਬ ਵਿਆਪਕ ਰੂਪ ਧਾਰਨ ਕਰ ਜਾਵੇਗਾ। ਕੂੜ ਦੇ ਅੰਧਕਾਰ ਨੂੰ ਸੱਚ ਬਿਜਲੀ ਦੇ ਚਮਕਾਰੇ ਵਾਂਗ ਸਰ ਕਰ ਲੈਂਦਾ ਹੈ। ਹਨੇਰੇ ਨੂੰ ਦੂਰ ਕਰਨ ਲਈ ਚਾਨਣ ਨੂੰ ਕੋਈ ਸਮਾਂ ਨਹੀਂ ਲਗਦਾ। ਜਦੋਂ ਮਨੁੱਖ ਦੇ ਅੰਦਰ ਇਸ ਸੋਝੀ ਦਾ ਪ੍ਰਕਾਸ਼ ਹੋ ਗਿਆ ਤਾਂ ਸਭ ਨੂੰ ਗਿਆਨ ਹੋ ਜਾਵੇਗਾ ਕਿ ਗੁਰੂ ਸਾਹਿਬਾਨ ਸੱਚੇ ਪੈਗੰਬਰ-ਕਵੀ ਅਤੇ ਪੱਥ-ਪ੍ਰਦਰਸ਼ਕ ਮਿੱਤਰ ਹਨ। ਜੀਵਨ ਹੀ ਜੀਵਨ-ਦਾਨੀ ਹੈ। ਉਹ ਮਨੁੱਖ ਜਾਤੀ ਦੇ ਉਥਾਨ ਲਈ ਇਕ ਅਜਿਹੇ ਬ੍ਰਹਿਮੰਡ ਵਿਆਪੀ ਵਰਤਾਰੇ ਦਾ ਵਰਣਨ ਕਰਦੇ ਹਨ ਜੋ ਵਿਅਕਤੀ ਤੇ ਸਮੱਸ਼ਟੀ ਦੋਹਾਂ ਦੇ ਕਲਿਆਣ ਦਾ ਸਾਧਨ ਹੋ ਸਕਦਾ ਹੈ। ਇਹੋ ਕਾਰਨ ਹੈ ਕਿ ਗੁਰੂ ਜੀ ਨੇ ਕਿਸੇ ਨਾਮ-ਧਰੀਕ ਜਾਂ ਅਖੌਤੀ ਧਰਮ ਦਾ ਐਲਾਨ ਨਹੀਂ ਕੀਤਾ, ਸਗੋਂ ਸਮੱਸਤ ਹੋਂਦ ਦੀ ਦੈਵੀ ਆਤਮਾ ਦੇ ਜੀਵਨ ਦਾ ਮਾਰਗ ਸੁਝਾਇਆ ਹੈ।

ਆਪਣੇ ਤੱਤ ਰੂਪ ਵਿਚ ਸਭ ਵਸਤਾਂ ਤੇ ਸਭ ਜੀਵਨ ਆਤਮਿਕ ਪ੍ਰਕਿਰਤੀ ਵਾਲੇ ਹਨ। ਗੁਰੂ ਜੀ ਦਾ ਧਰਮ ਵਿਅਕਤੀ ਤੇ ਸਮੱਸ਼ਟੀ ਦੋਹਾਂ ਲਈ ਆਤਮਾ ਦੀ ਪ੍ਰਗੀਤਕ ਅਵਸਥਾ ਹੀ ਹੈ। ਇਸ ਦੀ ਪ੍ਰੇਰਨਾ ਗੁਰੂ-ਪ੍ਰਮੇਸ਼ਵਰ ਦੇ ਦਰਸ਼ਨ ਕਰਨ ਨਾਲ ਜਾਗ ਉਠਦੀ ਹੈ ਅਤੇ ਗੁਰੂ ਜੀ ਰਾਹੀਂ ਹੀ ਇਸ ਦਾ ਪ੍ਰਗਟਾਉ ਹੁੰਦਾ ਹੈ ਅਤੇ ਉਹਨਾਂ ਦੁਆਰਾ ਹੀ ਇਸ ਦਾ ਅਨੁਭਵ ਹੁੰਦਾ ਹੈ। ਹਿਰਦੇ ਪਰਿਵਰਤਨਾਂ ਰਾਹੀਂ ਹੀ ਮਨੁੱਖ ਤੇ ਸਮਾਜ ਦਾ ਪੁਨਰ-ਨਿਰਮਾਣ ਹੁੰਦਾ ਹੈ। ਉਹ ਬੜੇ ਸ੍ਰੇਸ਼ਟ ਪੁਰਸ਼ ਹਨ ਜੋ ਦੂਜਿਆਂ ਦੀ ਭਲਾਈ ਲਈ ਨਾ ਮੁੱਕਣ ਵਾਲੇ ਕਾਰਜ ਨਿਰੰਤਰ ਕਰਦੇ ਰਹਿੰਦੇ ਹਨ ਤੇ ਆਪ ਇਸ ਬਾਰੇ ਕਦੇ ਵੀ ਸੁਚੇਤ ਨਹੀਂ ਹੁੰਦੇ ਕਿ ਉਹ ਦੂਜਿਆਂ ਲਈ ਕੋਈ ਕੁਰਬਾਨੀ ਕਰ ਰਹੇ ਹਨ। ਵਰਤਮਾਨ ਸਮਾਜ ਵਿਚ ਉਹ ਕਿਸੇ ਕੋਲੋਂ ਲੈਣ ਦੀ ਥਾਂ ਖ਼ੁਸ਼ੀ ਖ਼ੁਸ਼ੀ ਤੇ ਆਪ ਮੁਹਾਰੇ ਹੀ ਉਹ

ਤ੍ਰੈਗੁਣਾਂ-ਅਤੀਤ ਉਚੇਰੀ ਅਵਸਥਾ ਦੇ ਧਾਰਣੀ ਹੁੰਦੇ ਅਤੇ ਉਹਨਾਂ ਦੀ ਹਾਲਤ ਵਹਿ ਰਹੀ ਨਦੀ ਦੇ ਪ੍ਰਵਾਹ ਸਮਾਨ ਹੁੰਦੀ ਹੈ।

ਉਹ ਸਿਰਜਣਾ ਨੂੰ ਪ੍ਰੇਮ ਕਰਦੇ ਹਨ ਕਿਉਂਜੋ ਗੁਰੂ ਜੀ ਨੇ ਉਹਨਾਂ ਦੇ ਹਿਰਦਿਆਂ ਨੂੰ ਇਸ ਤਰ੍ਹਾਂ ਬਦਲ ਦਿੱਤਾ ਹੈ ਕਿ ਉਹ ਇਸ ਦੇ ਰਚਨਹਾਰ ਨੂੰ ਪ੍ਰੇਮ ਕਰਦੇ ਹਨ। ਉਹ ਸਾਰੀ ਕੁਦਰਤ ਨੂੰ ਪ੍ਰਮਾਤਮਾ ਦੁਆਰਾ ਰਚੀ ਗਈ ਇਕ ਕਵਿਤਾ ਮੰਨਦੇ ਹਨ। ਉਹ ਅਜਿਹੇ ਕਵੀ ਹੁੰਦੇ ਹਨ ਜੋ ਸੂਰਜ ਤੇ ਚੰਨ ਦੀ ਸੁੰਦਰਤਾ ਨੂੰ ਡੀਕਾਂ ਲਾ ਲਾ ਪੀਂਦੇ ਹਨ। ਧਰਤੀ, ਵਣ, ਮਾਰੂਥਲ ਆਦਿ ਨੂੰ ਨਿਹਾਰ ਕੇ ਉਹ ਇਤਨੇ ਸੰਤੁਸ਼ਟ ਹੋ ਜਾਂਦੇ ਹਨ ਕਿ ਮੋੜਵੇਂ ਰੂਪ ਵਿਚ ਉਹ ਸਾਰੀ ਕੁਦਰਤ ਨੂੰ ਆਪਣੇ ਜੀਵਨ ਤੇ ਇਸ ਦੇ ਗੀਤ ਨਾਲ ਭਰਪੂਰ ਕਰ ਦਿੰਦੇ ਹਨ। ਇਸ ਤਰ੍ਹਾਂ ਉਹ ਸਾਰੇ ਲੋਕਾਂ ਦੀ ਆਤਮਾ ਨੂੰ ਉਪਜਾਊ ਬਣਾ ਦਿੰਦੇ ਹਨ ਅਤੇ ਇਸ ਨਿਮਾਣੀ ਧਰਤ ਨੂੰ ਕੰਜ-ਕੰਵਾਰੀ ਸੁੰਦਰਤਾ ਦੀ ਮਾਣ-ਮੱਤੀ ਖ਼ੁਸ਼ੀ ਦੇ ਖੇੜੇ ਨਾਲ ਭਰ ਦਿੰਦੇ ਹਨ। ਉਹ ਤੀਬਰ ਸੰਵੇਦਨਸ਼ੀਲ ਰੂਪ ਵਿਚ ਸੰਗੀਤਕ ਥਰਥਰਾਹਟ ਨਾਲ ਨਾ ਦੱਬੀ ਜਾਣ ਵਾਲੀ ਖ਼ੁਸ਼ੀ ਵਿਚ ਲਰਜ਼ ਰਹੇ ਹੁੰਦੇ ਹਨ ਅਤੇ ਉਹਨਾਂ ਦੇ ਅਸਤਿਤਵ ਵਿਚ ਸੁੰਦਰਤਾ ਦਾ ਅਹਿਸਾਸ ਧੜਕ ਰਿਹਾ ਹੁੰਦਾ ਹੈ। ਗੁਰੂ ਸਾਹਿਬਾਨ ਆਪਣੀ ਆਤਮਾ ਦੀ ਚੇਤੰਨਤਾ ਦੀਆਂ ਡੂੰਘਾਈਆਂ ਵਿਚ ਮਾਂਦੇ ਨਾ ਪੈਣ ਵਾਲੇ ਅਨੰਦ ਦੁਆਰਾ ਰਚਨਾ ਦਾ ਦੈਵੀ ਸਿੰਚਾਰ ਉਸ ਪ੍ਰਕਾਰ ਕਰ ਦਿੰਦੇ ਹਨ ਜਿਸ ਤਰ੍ਹਾਂ ਇਕ ਫੁੱਲ ਨੂੰ ਸੂਰਜੀ ਰਿਸ਼ਮਾਂ ਦਾ ਆਭਾਸ ਹੁੰਦਾ ਹੈ। ਅਜਿਹੇ ਥਰਹਰੀ ਪ੍ਰਸਾਰ ਵਿਚ ਹਰ ਤਰ੍ਹਾਂ ਦੇ ਅੰਤਰ ਲੋਪ ਹੋ ਜਾਂਦੇ ਹਨ। ਇਸੇ ਲਈ ਗੁਰੂ ਸਾਹਿਬਾਨ ਦੀ ਬਾਣੀ (ਕਵਿਤਾ) ਅਤੇ ਸੰਗੀਤ ਦਾ ਅਨੁਵਾਦ ਕਰਨ ਲਈ ਕਵੀ ਦੀ ਆਤਮਾ ਹੀ ਲੋੜੀਂਦੀ ਹੈ। ਇਹਨਾਂ ਪੈਗੰਬਰਾਂ ਦੀ ਕਵਿਤਾ ਦਾ ਅਨੁਵਾਦ ਨਿਰਜਿੰਦ ਸ਼ਬਦਾਂ ਰਾਹੀਂ ਨਹੀਂ ਕੀਤਾ ਜਾ ਸਕਦਾ। ਵਿਦਵਾਨ ਲੋਕ ਅਕਾਰਥ ਹੀ ਆਕਾਸ਼ ਵਿਚਲੀ ਸਤਰੰਗੀ ਪੀਂਘ ਨੂੰ ਆਪਣੇ ਹੱਥਾਂ ਵਿਚ ਫੜਨ ਦਾ ਯਤਨ ਕਰਦੇ ਹਨ। ਗੁਰੂ ਜੀ ਤਾਂ ਆਪਣੇ ਆਪ ਨੂੰ ਆਤਮਾ ਦੀ ਨਿਰਛਲ ਸੁੰਦਰਤਾ ਰਾਹੀਂ ਅਭੀਵਿਅਕਤ ਕਰਦੇ ਹਨ। ਗੁਰੂ ਸਾਹਿਬਾਨ ਨੂੰ ਵਿਦਵਾਨ ਲੋਕ ਜੋ ਵਿਸ਼ਲੇਸ਼ਣ ਦੀ ਵਿਧੀ ਦਾ ਪ੍ਰਯੋਗ ਕਰਦੇ ਹਨ—ਸਦਾ ਗ਼ਲਤ ਸਮਝਣਗੇ।

ਗੁਰੂ ਗਰੰਥ ਸਾਹਿਬ ਤਾਂ ਸਿੱਖੀ ਦੀ ਆਤਮਾ ਦਾ ਇਤਿਹਾਸ ਹੈ ਅਤੇ ਇਸ ਦਾ ਅਨੁਵਾਦ ਕੇਵਲ ਮਨੁੱਖੀ ਸਮਾਜ ਦੀ ਪੁਨਰ ਸਿਰਜਣਾ ਕਰਨ ਵਾਲੇ ਉਹਨਾਂ ਮਹਾਨ ਵਿਅਕਤੀਆਂ ਦੁਆਰਾ ਹੀ ਹੋ ਸਕਦਾ ਹੈ ਜੋ 'ਖ਼ਾਲਸਾ' ਵਰਗੇ ਆਦੇਸ਼ ਵਿਅਕਤੀਤਵ ਦੇ ਜਿਉਂਦੇ ਜਾਗਦੇ ਪ੍ਰਮਾਣ ਹਨ। ਅਜਿਹੇ ਆਦਰਸ਼ਕ ਜਨ-ਸਮੂਹ ਅਰਥਾਤ 'ਖ਼ਾਲਸਾ' ਦੇ ਮੰਡਲ ਵਿਚ ਕੇਵਲ ਪ੍ਰੇਮ ਦਾ ਹੀ ਬੋਲਬਾਲਾ ਹੋਵੇਗਾ ਅਤੇ ਇਸ ਵਿਚ ਨਫ਼ਰਤ ਦੀ ਕੋਈ ਥਾਂ ਨਹੀਂ ਹੋ ਸਕੇਗੀ। ਅਜਿਹਾ ਸਮਾਜ ਮਨੁੱਖੀ ਪ੍ਰੇਮ ਦੇ ਸਰਵੁੱਚ ਸਰੂਪ ਦੁਆਰਾ ਸਥਾਪਤ ਹੋ ਸਕਦਾ ਹੈ। ਇਸ ਨੂੰ ਸਿਰਜਣ ਵਾਲੇ ਪ੍ਰਭੂ ਸਮਾਨ ਉਹਨਾਂ ਦੇਵ-ਪੁਰਸ਼ਾਂ ਤੋਂ ਪ੍ਰੇਰਨਾ ਲੈਂਦੇ ਹਨ ਜਿਨ੍ਹਾਂ ਦਾ ਵਿਅਕਤੀਤਵ ਪ੍ਰੇਮ, ਦਇਆ ਤੇ ਕਰੁਣਾ ਦਾ ਪ੍ਰਤੀਕ ਹੁੰਦਾ ਹੈ। ਅਜਿਹੇ

ਮਹਾਨ ਵਿਅਕਤੀ ਅਦ੍ਰਿਸ਼ਟ ਮੰਡਲ ਵਿਚ ਵਿਚਰ ਰਹੀਆਂ ਆਤਮਾਵਾਂ ਦੇ ਪ੍ਰਤੀਬਿੰਬ ਹੁੰਦੇ ਹਨ। ਪ੍ਰਭੂ ਦੇ ਨਾਮ ਉਤੇ ਆਪਣੇ ਨਿੱਜ ਸੁਆਰਥ ਦਾ ਪੂਰਨ ਤਿਆਗ ਮਨੁੱਖ ਦੇ ਨਿੱਜੀ ਸੁਆਰਥ ਦੀ ਮੈਲ ਨੂੰ ਗੁਰੂ ਦੇ ਸਰਵੁੱਚ ਪ੍ਰੇਮ ਦੁਆਰਾ ਧੋ ਕੇ ਸਾਫ਼ ਕਰ ਦਿੰਦਾ ਹੈ, ਪਰ ਇਹ ਸਿੱਖੀ ਅਰਥਾਤ ਮਹਾਨਤਮ ਮਨੁੱਖਤਾ ਦਾ ਅਤਿ ਦਾ ਬਿਖ਼ਮ ਮਾਰਗ ਹੈ। ਗੁਰੂ ਦੇ ਸ਼ਬਦ ਤੇ ਖ਼ਾਲਸਾ ਦੇ ਆਦਰਸ਼ ਜੋ ਕਿ ਸਰਬ ਸੱਤਾ ਸੰਪੰਨ ਸਮਾਜ ਦੇ ਪ੍ਰਤੀਕ ਹਨ, ਤੋਂ ਬਿਨਾਂ ਗੁਰੂ ਨਾਨਕ ਦੇ ਹਿਰਦੇ ਤੱਕ ਪਹੁੰਚਣ ਲਈ ਹੋਰ ਕੋਈ ਵੀ ਕੁੰਜੀ ਨਹੀਂ ਹੈ, ਨਾ ਹੀ ਇਹਨਾਂ ਤੋਂ ਬਿਨਾਂ ਗੁਰੂ ਨਾਨਕ ਦੇ ਮੁਕਤੀਦਾਤਾ ਸ਼ਬਦ ਰੂਪੀ ਗੀਤਾਂ ਜਾਂ ਪ੍ਰਗੀਤਾਂ ਤੱਕ ਪਹੁੰਚਿਆ ਜਾ ਸਕਦਾ ਹੈ। ਇਸ ਦੀ ਵਿਆਖਿਆ ਮਨੁੱਖੀ ਆਤਮਾ ਦੁਆਰਾ ਹੋ ਸਕਦੀ ਹੈ ਨਾ ਕਿ ਇਸ ਅਰਥ-ਬੋਧ ਕਰਾਉਣ ਵਾਲੇ ਸ਼ਾਬਦਿਕ ਸੰਗੀਤ ਤੋਂ ਜੋ ਸਾਡੇ ਕੇਵਲ ਪੰਜ-ਭੌਤਿਕ ਜੀਵਨ ਦੀ ਸਿਰਜਣਾ ਹੁੰਦੇ ਹਨ। ਅਜਿਹੀ ਪ੍ਰਮਾਣਿਕ ਵਿਆਖਿਆ ਦੀ ਤੁਲਨਾ ਵਿਚ ਬੌਧਿਕ ਵਿਆਖਿਆ ਤਾਂ ਕੇਵਲ ਤੂੜੀ-ਤੰਦ ਸਮਾਨ ਹੀ ਹੋ ਸਕਦੀ ਹੈ ਜੋ ਬਾਹਰਮੁਖੀ ਛਿਲੜ ਤੱਕ ਹੀ ਸੀਮਤ ਹੁੰਦੀ ਹੈ ਤੇ ਇਸ ਦੀ ਅੰਦਰਲੀ ਗਿਰੀ ਤੱਕ ਨਹੀਂ ਪੁਜਦੀ। ਇਸ ਦੁਆਰਾ ਆਤਮਾ ਸ਼ੁਭ ਕਰਮ ਕਰਨ ਲਈ ਜਾਗ ਉਠਦੀ ਹੈ। ਗੁਰੂ ਸਾਹਿਬਾਨ ਨੇ ਬ੍ਰਾਹਮਣਵਾਦੀ ਸੰਸਕਾਰਾਂ ਤੇ ਪ੍ਰਚੱਲਿਤ ਵਹਿਮਾਂ-ਭਰਮਾਂ ਦੇ ਗੜ੍ਹ ਨੂੰ ਆਪਣੀ ਬਾਣੀ ਦੁਆਰਾ ਹੀ ਸਰ ਕੀਤਾ ਸੀ। ਅਜਿਹਾ ਹੀ ਸਾਨੂੰ ਗੁਰੂ ਗਰੰਥ ਸਾਹਿਬ ਦੀ ਬਾਣੀ, ਗੁਰੂ ਗੋਬਿੰਦ ਸਿੰਘ ਜੀ ਰਚਿਤ ਸਵੱਈਆਂ ਅਤੇ ਭਾਈ ਗੁਰਦਾਸ ਦੇ ਕਬਿਤ, ਵਾਰਾਂ ਨੂੰ ਵਾਚ ਦੇ ਗਿਆਤ ਹੁੰਦਾ ਹੈ। ਮਨੁੱਖੀ ਆਤਮਾ ਦੀ ਸੁਤੰਤਰਤਾ ਹੀ ਗੁਰੂ ਸਾਹਿਬ ਦੇ ਮਨੋਭਾਵਾਂ ਦਾ ਸਾਰ ਤੱਤ ਹੈ। ਗੁਰੂ ਸਾਹਿਬਾਨ ਤਾਂ ਮਨੁੱਖ ਨੂੰ ਪੂਰਨ ਰੂਪ ਵਿਚ ਸੁਤੰਤਰ ਵੇਖਣਾ ਚਾਹੁੰਦੇ ਹਨ, ਪਰ ਇਸ ਵਿਚ ਵੀ ਸਰੀਰਕ ਸੰਜਮ ਦਾ ਧਾਰਨੀ ਹੋਣਾ ਜ਼ਰੂਰੀ ਹੈ। ਅਨੰਤ ਅਰਥਾਤ ਲਾ-ਮਕਾਨ ਨਾਲ ਸੰਬੰਧਤ ਗੁਰਬਾਣੀ ਦੇ ਸ਼ਬਦਾਂ ਨੂੰ ਵੀ ਅੱਖਰੀ ਸ਼ਬਦਾਂ ਤੇ ਸੰਗੀਤ ਦੀਆਂ ਧੁਨਾਂ ਦੇ ਸੰਜਮ ਨੂੰ ਧਾਰਨ ਕਰਨਾ ਪੈਂਦਾ ਹੈ। ਇਹ ਉਸੇ ਤਰ੍ਹਾਂ ਦੀ ਗੱਲ ਹੈ ਜਿਵੇਂ ਅਨੰਤ ਦੀ ਸੁੰਦਰਤਾ ਬਾਲਾਂ ਦੇ ਮੁਖੜਿਆਂ ਤੇ ਫੁੱਲਾਂ ਦੀਆਂ ਮੁਸਕਾਨਾਂ ਵਿਚ ਵਿਆਪਕ ਹੁੰਦੀ ਹੈ। ਗੁਰੂ ਜੀ ਦੀ ਬਾਣੀ ਅਰਥਾਤ ਗੀਤਾਂ ਦਾ ਵੀ ਇਹੋ ਹੀ ਮਹੱਤਵ ਹੈ।

*ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚੋਂ ਪ੍ਰਾਰਥਨਾ ਦੇ ਵਿਸ਼ੇ ਨਾਲ ਸੰਬੰਧਤ ਹੇਠ ਲਿਖੇ ਸ਼ਬਦ ਦਾ ਲਗਭਗ ਅੱਖਰੀ ਅਨੁਵਾਦ ਸ੍ਰੀ ਮੈਕਾਲਿਫ਼ ਨੇ ਕੀਤਾ ਹੈ। ਇਸ ਤੋਂ ਪ੍ਰਗਟ ਹੁੰਦਾ ਹੈ ਕਿ ਕਿਵੇਂ ਗੁਰੂ ਨਾਨਕ ਦੇਵ ਜੀ ਲਈ ਪ੍ਰਾਰਥਨਾ ਪ੍ਰਭੂ-ਪ੍ਰੀਤਮ ਲਈ ਸਦੀਵੀ ਪ੍ਰੇਮ-ਪ੍ਰਗੀਤ ਦਾ ਰੂਪ ਧਾਰਨ ਕਰ ਗਈ ਸੀ। ਇਸ ਵਿਚ ਨਾਮ ਦੇ ਅਸਤਿਤਵ ਤੇ ਅਦ੍ਰਿਸ਼ਟ ਮਨੁੱਖੀ ਆਤਮਾਵਾਂ ਦੇ ਕੁਝ ਪੱਖਾਂ ਵੱਲ ਵੀ ਸੰਕੇਤ ਕੀਤੇ ਗਏ ਹਨ। ਗੁਰੂ ਨਾਨਕ ਦੇਵ ਜੀ ਦੈਵੀ ਪ੍ਰੇਰਨਾ

---

*ਇਥੇ ਜਿਹੜੀ ਬਾਣੀ ਦਿੱਤੀ ਜਾ ਰਹੀ ਹੈ, ਉਸ ਦਾ ਕੁਝ ਭਾਗ ਬਾਰਾਂਮਾਂਹ ਤੁਖਾਰੀ ਵਿਚ ਅੰਕਿਤ ਹੈ ਤੇ ਕੁਝ ਭਾਗ ਹੋਰ ਬਾਣੀਆਂ ਵਿਚੋਂ ਦਿੱਤਾ ਗਿਆ ਹੈ।

ਨੂੰ ਸਰਵੁੱਚ ਕਾਵਿ ਦਾ ਜਾਮਾ ਪਹਿਨਾ ਕੇ ਉਚਤਮ ਧਰਮ ਦੀ ਬਾਣੀ ਬਣਾ ਦਿੰਦੇ ਹਨ। ਕੇਵਲ ਦੈਵੀ ਸੁਭਾ ਵਾਲਾ ਕਵੀ ਹੀ ਗੁਰੂ ਦੀਂ ਆਤਮਾ ਤੇ ਗੁਰੂ ਪ੍ਰਤੀ ਨਿਰਮਾਣ ਸਿੱਖ ਤੇ ਸਮਰਪਣ ਦੀ ਭਾਵਨਾ ਦਾ ਠੀਕ ਠੀਕ ਮੁਲਾਂਕਣ ਕਰ ਸਕਦਾ ਹੈ, ਹੋਰ ਕੋਈ ਵੀ ਅਜਿਹਾ ਨਹੀਂ ਕਰ ਸਕਦਾ।

ਚਾਤ੍ਰਿਕ ਪ੍ਰਿਉ ਪ੍ਰਿਉ ਕੂਕ ਰਿਹਾ ਹੈ
ਕੋਇਲ ਵੀ ਆਪਣੇ ਗੀਤ ਅਲਾਪ ਰਹੀ ਹੈ,
ਧਨ ਆਪਣੇ ਪਿਰ ਦੇ ਅੰਕ ਸਮਾਈ
ਰੰਗ ਰਲੀਆਂ ਮਾਣ ਰਹੀ ਹੈ।
ਪ੍ਰਭੂ-ਪ੍ਰੀਤਮ ਨੇ ਆਪ ਤ੍ਰੁਠੱ ਕੇ
ਧਨ ਨੂੰ ਪ੍ਰੇਮ ਕੀਤਾ ਹੈ।
ਮੇਰਾ ਸਭ ਕੁਝ ਤੁਹਾਡਾ ਹੈ
ਤੁਸੀਂ ਮੇਰੇ ਪ੍ਰਭੂ-ਪ੍ਰੀਤਮ ਹੋ
ਰਾਤ ਦਿਨ ਮੈਂ ਤੁਹਾਡੇ ਦੁਆਰਾ
ਖ਼ੁਸ਼ੀਆਂ ਮਾਣ ਰਹੀ ਹਾਂ।
ਨਾਨਕ; ਚਾਤ੍ਰਿਕ ਪ੍ਰਿਉ ਪ੍ਰਿਉ
ਕੂਕ ਰਿਹਾ ਹੈ,
ਕੋਇਲ ਆਪਣੇ ਮਿੱਠੇ ਗੀਤ
ਅਲਾਪ ਰਹੀ ਹੈ।

ਮੇਰੇ ਪ੍ਰੀਤਮ !
ਇਕ ਛਿਣ ਵੀ ਮੈਂ ਤੁਹਾਨੂੰ
ਕਿਉਂ ਵਿਸਾਰਾਂ
ਮੇਰਾ ਸਭ ਕੁਝ ਤੁਹਾਡੇ ਅਰਪਣ ਹੈ
ਤੁਹਾਡਾ ਜਸ ਗਾ ਮੈਂ ਜਿਉਂਦੀ ਹਾਂ
ਤੁਹਾਡੇ ਬਿਨਾਂ ਹੋਰ ਕੋਈ ਵੀ ਮੇਰਾ ਨਹੀਂ ਹੈ।
ਪ੍ਰਭੂ ਤੋਂ ਬਿਨਾਂ ਮੈਂ ਰਹਿ ਨਹੀਂ ਸਕਦੀ
ਮੈਂ ਤੇਰੇ ਚਰਨਾਂ ਦਾ ਆਸਰਾ
ਢੂੰਡ ਲਿਆ ਹੈ
ਤੇ ਮੇਰਾ ਤਨ ਪਵਿੱਤਰ ਹੋ ਗਿਆ ਹੈ।
ਅੰਮ੍ਰਿਤ ਦੀ ਵਰਖਾ ਹੋ ਰਹੀ ਹੈ
ਇਸ ਦੀਆਂ ਬੂੰਦਾਂ ਸੁਖਦਾਈ ਹਨ।
ਪ੍ਰਭੂ ਆਪ ਮੇਰੇ ਤਨ ਦੇ
ਮਨ-ਮੰਦਰ ਵਿਚ

ਆਪਣੀ ਇੱਛਾ ਅਨੁਸਾਰ
ਆ ਪ੍ਰਵੇਸ਼ ਕਰਦਾ ਹੈ।
ਧਨ ਜਾਗ ਪਈ ਹੈ
ਤੇ ਪ੍ਰਭੂ-ਪ੍ਰੀਤਮ ਦਾ ਜੱਸ
ਗਾਇਨ ਕਰਦੀ ਹੋਈ ਹਰੀ ਨਾਮ ਨੂੰ
ਬਾਰੰਬਾਰ ਅਰਾਧ ਰਹੀ ਹੈ।

ਘਣੇ ਬੱਦਲ ਘਿਰ ਆਏ ਹਨ,
ਆਕਾਸ਼ ਤੋਂ ਖ਼ੁਸ਼ੀ ਭਰੀ
ਮੀਂਹ ਦੀ ਛਹਿਬਰ ਲਥ ਪਈ ਹੈ,
ਮੇਰੇ ਤਨ ਮਨ ਨੂੰ ਪਿਆਰ ਨੇ
ਸੁਖ ਪੁਚਾਇਆ ਹੈ।
ਬਸੰਤ ਬਹਾਰ ਸੁਹਾਵਣੀ ਹੈ,
'ਭਵੰਤਾ ਭੌਰ' ਮਨ ਨੂੰ ਚੰਗਾ ਲਗਦਾ ਹੈ।
ਬਾਰ ਦੇ ਵਣ ਖੇੜੇ ਵਿਚ ਹਨ।
ਮੇਰੇ ਪ੍ਰੀਤਮ; ਘਰ ਆ ਜਾਉ,
ਜਦੋਂ ਪ੍ਰੀਤਮ ਘਰ ਨਹੀਂ ਆਉਂਦਾ
ਤਾਂ ਪਤਨੀ ਨੂੰ ਕਿਵੇਂ ਸੁੱਖ ਮਿਲ ਸਕਦਾ ਹੈ ?
ਬਿਰਹਾ ਦੀ ਪੀੜ ਨਾਲ
ਉਸ ਦਾ ਤਨ ਛਿਜ ਰਿਹਾ ਹੈ।
ਅੰਬ ਉਤੇ ਕੋਇਲ ਬੈਠੀ
ਮਿੱਠੜੇ ਗੀਤ ਅਲਾਪ ਰਹੀ ਹੈ,
ਪਰ ਮੈਂ ਤਨ ਦੀ ਪੀੜਾ ਨੂੰ
ਜ਼ਰ ਰਹੀ ਹਾਂ ?
'ਭਵੰਤਾ ਭੌਰ' ਡਾਲੀ ਡਾਲੀ
ਫੁੱਲਾਂ ਉਤੇ ਗੇੜੇ ਕੱਟ ਰਿਹਾ ਹੈ।
ਮੈਂ ਕਿਵੇਂ ਜਿਉਂਦੀ ਰਹਾਂਗੀ,
ਮੇਰੀਏ ਮਾਏ ! ਮੈਂ ਮਰਦੀ ਜਾ ਰਹੀ ਹਾਂ।

ਸਾਵਣ ਦੀ ਰੁੱਤੇ,
ਮੇਰੇ ਮਨ ! ਤੂੰ ਖ਼ੁਸ਼ੀ ਮਨਾ,
ਇਹ ਮੇਘਲਿਆਂ ਤੇ ਵਰਖਾ ਦੀ ਰੁੱਤ ਹੈ।
ਮੈਂ ਤਨੋਂ ਮਨੋਂ ਆਪਣੇ
ਕੰਤ ਨੂੰ ਪ੍ਰੇਮ ਕਰਦੀ ਹਾਂ,

ਪਰ ਮੇਰਾ ਪ੍ਰੀਤਮ ਪ੍ਰਦੇਸ਼ ਗਿਆ ਹੋਇਆ ਹੈ।
ਕੰਤ ਘਰ ਨਹੀਂ ਪਰਤ ਰਿਹਾ,
ਬਿਰਹਾ ਦੀ ਪੀੜ ਕਾਰਨ
ਮੈਂ ਮਰਦੀ ਜਾ ਰਹੀ ਹਾਂ।
ਬਿਜਲੀ ਦਾ ਲਿਸ਼ਕਾਰਾ
ਮੈਨੂੰ ਡਰਾ ਰਿਹਾ ਹੈ।,
ਮੈਂ ਸੇਜ ਉਤੇ ਇਕੱਲੀ ਲੇਟੀ
ਗ਼ਮਾਂ ਦੇ ਭਾਰ ਥੱਲੇ
ਦੱਬੀ ਗਈ ਹਾਂ।
ਮੇਰੀਏ ਮਾਏ ! ਇਹ ਵੇਦਨਾ ਤਾਂ
ਮੌਤ ਨਾਲੋਂ ਵੀ ਭੈੜੀ ਹੈ।
ਪ੍ਰਭੂ-ਪ੍ਰੀਤਮ ਤੋਂ ਬਿਨਾਂ
ਨਾ ਨੀਂਦ ਆਉਂਦੀ ਹੈ
ਨਾ ਭੁੱਖ ਲਗਦੀ ਹੈ,
ਸੋਹਣੇ ਬਸਤਰ ਵੀ ਤਨ ਨੂੰ
ਸੁਖਾਵੇਂ ਨਹੀਂ ਲਗਦੇ।
ਛੰਭ ਤੇ ਜੂਹਾਂ ਜਲਥਲ ਹੋ ਗਈਆਂ ਹਨ
ਵਰਖਾ ਦੀ ਰੁੱਤ ਹੈ
ਖ਼ੁਸ਼ੀਆਂ ਮਨਾਉਣ ਦਾ ਸਮਾਂ।
ਸਾਰੀ ਸਾਰੀ ਰਾਤ ਮੀਂਹ ਵਰ੍ਹਦਾ ਹੈ,
ਪਰ ਕੰਤ ਪਿਆਰੇ ਤੋਂ ਬਿਨਾਂ
ਭਰ ਜੁਆਨ ਪਤਨੀ ਨੂੰ ਨੀਂਦ ਕਿਵੇਂ
ਆ ਸਕਦੀ ਹੈ ?
ਦਾਦਰ, ਮੋਰ ਬੋਲ ਰਹੇ ਹਨ
ਚਾਤ੍ਰਿਕ ਪ੍ਰਿਉ ਪ੍ਰਿਉ ਚਵ ਰਿਹਾ ਹੈ।
ਸੱਪ ਬਾਹਰ ਆ ਕੇ
ਡਸ ਰਹੇ ਹਨ,
ਮੱਛਰ ਡੰਗ ਮਾਰਦੇ ਹਨ,
ਛੱਪੜਾਂ ਵਿਚ ਜਲ ਕੰਢਿਆਂ ਤੱਕ
ਭਰ ਗਿਆ ਹੈ,
ਪ੍ਰਭੂ ਤੋਂ ਬਿਨਾਂ ਜਿੰਦੜੀ ਨੂੰ
ਕਿਵੇਂ ਚੈਨ ਆ ਸਕਦਾ ਹੈ ?
ਨਾਨਕ ! ਮੈਂ ਆਪਣੇ ਗੁਰੂ ਤੋਂ
ਪੁੱਛ ਵੇਖਾਂਗੀ :

ਕਿ ਜਿਥੇ ਵੀ ਮੇਰਾ ਸੁਆਮੀ ਹੋਵੇਗਾ
ਉਥੇ ਹੀ ਮੈਂ ਚਲੀ ਜਾਵਾਂਗੀ।
ਪ੍ਰੀਤਮ ! ਪਤਨੀ ਤੇਰੇ ਵਿਛੋੜੇ ਵਿਚ
ਵਿਆਕੁਲ ਹੋ ਰਹੀ ਹੈ,
ਮਰਦੀ ਜਾ ਰਹੀ ਹੈ।

ਸਰਕੜੇ ਤੇ ਕਾਹੀ ਫੁੱਲਣ ਉਤੇ ਹਨ,
ਗਰਮੀ ਦੀ ਰੁੱਤ ਦਾ
ਅੰਤ ਹੋ ਗਿਆ ਹੈ,
ਸਰਦੀ ਦੀ ਰੁੱਤ ਨੇੜੇ ਆ ਰਹੀ ਹੈ।
ਇਸ ਸਭ ਕੁਝ ਨੂੰ ਵੇਖ ਕੇ
ਮੇਰਾ ਮਨ ਬੇਚੈਨ ਹੋ ਰਿਹਾ ਹੈ,
ਸਭ ਪਾਸੇ ਬ੍ਰਿਛ ਹਰੇ ਭਰੇ ਤੇ
ਰੱਸ ਕੱਸ ਨਾਲ ਭਰਪੂਰ ਹਨ,
ਸਹਿਜੇ ਸਹਿਜੇ ਪੱਕਣ 'ਤੇ ਆ ਗਏ ਹਨ।
ਦੈਵੀ ਗਿਆਨ ਦਾ ਜਗਿਆ ਦੀਪ
ਸਹਿਜ ਰੰਗ ਵਿਚ ਬਲ ਰਿਹਾ ਹੈ।
ਇਸ ਦੀਪਕ ਵਿਚ
ਪ੍ਰੇਮ ਦੀ ਬੱਤੀ ਬਲ ਰਹੀ ਹੈ।
ਧਨ-ਪਿਰ ਦਾ ਸੰਜੋਗੀ ਮੇਲ
ਹੋ ਗਿਆ ਹੈ।
ਪ੍ਰਭੂ-ਪ੍ਰੀਤਮ !
ਹੁਣ ਆ ਕੇ ਮਿਲੋ
ਤੇ ਤੁਸੀਂ ਆਪਣੇ
ਗਿਆਨ ਬੋਧ ਦੇ ਦਰ ਖੋਲ੍ਹ ਦਿਉ।
ਇਸ ਬਿਨਾਂ ਇਕ ਘੜੀ ਵੀ
ਛੇ ਮਹੀਨਿਆਂ ਦੇ ਸਮਾਨ ਹੈ।
ਭੱਟਾਂ ਕਵੀਆਂ ਦੇ ਗੀਤ, ਕਵਿਤਾ ਤੇ ਛੰਦ
ਮੈਂ ਸੁਣ ਲਏ ਹਨ,
ਪਰ ਇਹ ਗ਼ਮ ਤਾਂ ਪ੍ਰਭੂ ਦੇ ਨਾਮ ਦੁਆਰਾ ਹੀ
ਦੂਰ ਹੁੰਦਾ ਹੈ।

ਤੁਖਾਰ ਪੈ ਰਹੀ ਹੈ,
ਵਣਾਂ ਤੇ ਘਾਹਾਂ ਵਿਚੋਂ ਨਮੀਂ

ਸੁਕਦੀ ਜਾ ਰਹੀ ਹੈ।
ਪ੍ਰੀਤਮ !
ਤੁਸੀਂ ਹੁਣ
ਆਉਂਦੇ ਕਿਉਂ ਨਹੀਂ ਹੋ ?
ਤੁਹਾਡਾ ਵਾਸਾ ਤਾਂ
ਮੇਰੇ ਤਨ, ਮਨ ਤੇ ਰਸਨਾ ਉਤੇ ਹੈ।
ਪ੍ਰਭੂ ਦੀ ਜੋਤ ਤਾਂ
ਜਾਨਵਰਾਂ ਦੇ ਹਿਰਦਿਆਂ ਵਿਚ ਵੀ
ਵਿਆਪਕ ਹੈ।
ਧਨ ਉਸ ਸਮੇਂ ਪੁਨੀਤ ਹੋ ਜਾਂਦੀ ਹੈ
ਜਦੋਂ ਉਸ ਨੂੰ ਆਪਣੇ ਅੰਦਰਲੇ
ਆਤਮ-ਤੀਰਥ ਦੀ ਯਾਤਰਾ-ਧਾਮ ਦਾ
ਗਿਆਨ ਬੋਧ ਹੋ ਜਾਂਦਾ ਹੈ।
ਮੇਰੇ ਆਪਣੇ ਮਿੱਤਰ (ਪ੍ਰਭੂ-ਪ੍ਰੀਤਮ) ਨਾਲ
ਮੇਲ ਸਹਿਜ ਰੂਪ ਵਿਚ
ਹੋ ਗਿਆ ਹੈ
ਤੇ ਮੈਂ ਪ੍ਰੀਤਮ ਦੇ ਗੁਣਾਂ ਦਾ
ਸ਼ਿੰਗਾਰ ਕਰਕੇ
ਉਸ ਦੇ ਅੰਕ ਜਾ ਸਮਾਈ ਹਾਂ।
ਹੇ ਸੁੰਦਰ ਪ੍ਰਭੂ-ਪ੍ਰੀਤਮ !
ਮੇਰੀ ਬੇਨਤੀ ਨੂੰ ਸੁਣੋ,
ਤੁਹਾਡੇ ਗੁਣਾਂ ਦਾ ਮੈਂ
ਸ਼ਿੰਗਾਰ ਕਰ ਲਿਆ ਹੈ।
ਜੇ ਤੁਹਾਨੂੰ ਭਾਵੇ ਤਾਂ
ਮੈਂ ਤੁਹਾਡੇ ਸਰੋਵਰ ਵਿਚ
ਇਸ਼ਨਾਨ ਕਰਾਂਗੀ।
ਇਥੇ ਗੰਗਾ, ਜਮੁਨਾ ਤੇ ਸਰਸਵਤੀ
ਤਿੰਨੇ ਨਦੀਆਂ ਦੀ ਤ੍ਰਿਵੈਣੀ ਹੈ
ਇਹ ਤਾਂ ਪ੍ਰਯਾਗ ਦਾ ਤੀਰਥ ਰਾਜ ਹੈ।
ਪ੍ਰਭੂ ਦੇ ਨਾਮ ਵਿਚ ਹੀ
ਸੱਤ ਸਮੁੰਦਰ
ਦਾਨ, ਦਇਆ ਤੇ ਸਗਲ ਪੁੰਨ
ਆ ਸਮਾਉਂਦੇ ਹਨ।

ਮੈਂ ਪ੍ਰਭੂ ਨੂੰ ਪਛਾਣ ਲਿਆ ਹੈ,
ਹਰ ਯੁਗ ਵਿਚ ਉਹੋ ਹੀ
ਸਾਡਾ ਪ੍ਰਭੂ-ਪ੍ਰੀਤਮ ਹੈ।
ਮੈਂ ਬੜੇ ਚਾਅ ਨਾਲ
ਉਸ ਦੇ ਨਾਮ ਨੂੰ ਅਰਾਧਦੀ ਹਾਂ,
ਮੈਂ ਅਠਾਹਠ ਤੀਰਥਾਂ ਦਾ
ਇਸ਼ਨਾਨ ਕਰ ਲਿਆ ਹੈ।
ਸੁਆਮੀ ਦਇਆ ਕਰਕੇ
ਮੇਰੇ ਨਿੱਜ ਮਹਿਲ ਵਿਚ
ਆ ਜਾਉ।
ਮੈਂ ਵੰਨ-ਸੁਵੰਨੀਆਂ ਪੁਸ਼ਾਕਾਂ ਪਾਈਆਂ
ਤੇ ਸ਼ਿੰਗਾਰ ਕੀਤੇ ਹਨ,
ਪਰ ਪ੍ਰੀਤਮ ! ਤੇਰੇ ਬਿਨਾਂ
ਮੇਰਾ ਬੈਕੁੰਠ ਵਿਚ ਵਾਸਾ
ਨਹੀਂ ਹੋ ਸਕੇਗਾ।
ਮੈਂ ਹਾਰ-ਸ਼ਿੰਗਾਰ ਤੇ ਮੋਤੀ-ਪੰਨੇ,
ਪਹਿਨ ਲਏ ਹਨ,
ਇਤਰ ਫੁਲੇਲ ਲਾ ਰੇਸ਼ਮੀ ਪੁਸ਼ਾਕਾਂ
ਪਾ ਲਈਆਂ ਹਨ।
ਹੇ ਨਾਨਕ ! ਗੁਰੂ ਨੇ ਮੈਨੂੰ
ਪ੍ਰਭੂ-ਪ੍ਰੀਤਮ ਨਾਲ ਮੇਲ ਦਿੱਤਾ ਹੈ;
ਮੈਨੂੰ ਮੇਰਾ ਕੰਤ
ਮਿਲ ਗਿਆ ਹੈ।
ਉਸ ਨੂੰ ਮੈਂ ਭਾਅ ਗਈ ਹਾਂ
ਉਸ ਨੇ ਮੇਰਾ ਆਪ ਸ਼ਿੰਗਾਰ ਕੀਤਾ ਹੈ।
ਮੇਰਾ ਉਸ ਨਾਲ ਸੰਜੋਗ ਹੋ ਗਿਆ ਹੈ,
ਮੈਂ ਬੜੀ ਪ੍ਰਸੰਨ ਹਾਂ।
ਜਦੋਂ ਮੇਰੇ ਪ੍ਰੀਤਮ ਨੇ ਮੈਨੂੰ
ਰਾਵਿਆ ਹੈ ਤਾਂ ਮੇਰੇ ਨਿੱਜ ਮਹਿਲ ਦੀ
ਸੇਜਾ ਵੀ ਸੁੰਦਰ ਹੋ ਗਈ ਹੈ।
ਪਵਿੱਤਰ ਪ੍ਰਭੂ ਨੇ ਸਾਡੇ ਮਸਤਕ ਉਪਰ
ਚੰਗੇ ਭਾਗ ਅੰਕਿਤ ਕਰ ਦਿਤੇ ਹਨ।
ਹੇ ਨਾਨਕ ! ਹੁਣ ਪ੍ਰਭੂ-ਪ੍ਰੀਤਮ
ਦਿਨ ਰੈਣ ਮੇਰੇ ਸੰਗ

ਰਮ ਰਿਹਾ ਹੈ,
ਮੈਨੂੰ ਆਪਣਾ ਪ੍ਰਭੂ-ਪਤੀ
ਪ੍ਰਾਪਤ ਹੋ ਗਿਆ ਹੈ।

ਮੈਂ ਉਸ ਦੀ ਪਤਨੀ ਹਾਂ
ਸੂਰਜ ਦਿਨ ਵੇਲੇ ਚੱਲ ਰਿਹਾ ਹੈ
ਚੰਦਰਮਾ ਰਾਤ ਸਮੇਂ ਚਲਦਾ ਹੈ
ਸਹੰਸਰ ਤਾਰੇ ਘੁੰਮ ਰਹੇ ਹਨ,
ਪਰ ਕੇਵਲ ਪ੍ਰਭੂ-ਪ੍ਰੀਤਮ ਵਿਚ ਹੀ
ਸਾਡਾ ਸਥਾਈ ਨਿਵਾਸ ਹੈ।
ਨਾਨਕ, ਇਹ ਕਥਨ ਕਰ ਰਿਹਾ ਹੈ
ਧਨ, ਜੋਬਨ ਤੇ ਫੁੱਲ
ਚਾਰ ਦਿਨਾਂ ਦੇ ਪ੍ਰਾਹੁਣੇ ਹਨ।
ਇਹ ਸਭ ਬਿਨਸਣ ਹਾਰ ਹਨ;
ਜਲ ਕੰਵਲ ਦੇ ਪੱਤਿਆਂ ਹਾਰ
ਇਹਨਾਂ ਸਭ ਨੇ ਝੜ ਪੈਣਾ ਹੈ।
ਇਸ ਲਈ ਪਿਆਰੀ !
ਤਰੁਨ-ਅਵਸਥਾ ਵਿਚ ਹੀ
ਤੂੰ ਪ੍ਰਭੂ ਦੇ ਪ੍ਰੇਮ ਰੰਗ ਨੂੰ ਮਾਣ।
ਤੇਰੇ ਦਿਨ ਥੋੜ੍ਹੇ ਰਹਿ ਗਏ ਹਨ,
ਸਰੀਰ ਢਲ ਚਲਿਆ ਹੈ
ਤੇ ਚੋਲਾ ਬਿਰਧ ਹੋ ਗਿਆ ਹੈ;
ਸਖੀਆਂ ਸਹੇਲੀਆਂ
ਸ਼ਮਸ਼ਾਨ ਵਿਚ ਜਾ ਸਮਾਈਆਂ ਹਨ;
ਮੈਨੂੰ ਵੀ ਉਥੇ ਜਾਣਾ ਪੈਣਾ ਹੈ,
ਇਸ ਲਈ ਮੈਂ ਨਿਮਾਣੀ
ਉਭੇ ਸਾਹੀਂ ਰੋ ਰਹੀ ਹਾਂ।
ਸੁੰਦਰ ਸਖੀਏ ! ਤੂੰ ਇਸ ਸੁਨੇਹੇ ਨੂੰ
ਧਿਆਨ ਨਾਲ ਕਿਉਂ ਨਹੀਂ ਸੁਣਿਆਂ ?
ਤੈਨੂੰ ਹਰ ਹਾਲਤ ਵਿਚ
ਸਹੁਰੇ ਜਾਣਾ ਪੈਣਾ ਹੈ,
ਪੇਕੇ ਘਰ ਤੂੰ ਸਦਾ ਨਹੀਂ ਰਹਿ ਸਕਦੀ।
ਨਾਨਕ ! ਜਿਹੜੀ ਇਸਤਰੀ
ਪੇਕੇ ਘਰ ਸੁੱਤੀ ਰਹਿੰਦੀ ਹੈ,
ਉਹ ਅਚਿੰਤੇ ਹੀ ਲੁੱਟੀ ਜਾਂਦੀ ਹੈ !

ਗੁਰੂ ਅਰਜਨ ਦੇਵ ਜੀ ਦੇ ਚੋਵੇਲੇ ਵਿਚ ਜੋ ਮੂਸਨ ਨੂੰ ਸੰਬੋਧਤ ਤੇ ਗੁਰੂ ਗ੍ਰੰਥ ਸਾਹਿਬ ਵਿਚ ਪੰਨਾ 1364 ਉਤੇ ਅੰਕਿਤ ਹੈ, ਵਿਚ ਪ੍ਰੇਮ ਦੇ ਨੇਮ ਦੇ ਸਾਰ ਤ ਦਾ ਵਰਣਨ ਕੀਤਾ ਗਿਆ ਹੈ।

ਜਪੁ, ਤਪੁ, ਸੰਜਮ, ਹਰਖ, ਸੋਖ
ਮਾਨ, ਮਹਤ, ਗਰਬ, ਮੂਸਨ, ਨਿਮਖ
ਇਕ ਪ੍ਰੇਮ ਪਰ
ਵਾਰ ਵਾਰ ਦਿਉਂ ਸਰਬ।

| | | |
|---|---|---|
| ਜਪੁ | = | ਰਾਮ-ਰਾਮ ਦਾ ਵਾਰ ਵਾਰ ਰਸਮੀ ਰਟਣ |
| ਤਪੁ | = | ਪ੍ਰਾਸ਼ਚਿਤ ਤੇ ਤਿਆਗ |
| ਸੰਜਮ | = | ਸੰਜਮ, ਸਾਧਨਾ ਤੇ ਲਿਵ |
| ਹਰਖ | = | ਸਭ ਪ੍ਰਕਾਰ ਦੀਆਂ ਖ਼ੁਸ਼ੀਆਂ |
| ਸੋਖ | = | ਅਨੰਦ |
| ਮਾਨ | = | ਵੱਖ ਵੱਖ ਪਦਵੀਆਂ ਦੇ ਅਭਿਮਾਨ |
| ਮਹਤ | = | ਵਡਿਆਈ ਤੇ ਰਿਧੀਆਂ-ਸਿਧੀਆਂ ਤੇ ਬੁੱਧੀ ਦੇ ਚਮਤਕਾਰਾਂ ਦਾ ਅਹੰਕਾਰ |
| ਗਰਬ | = | ਸੁੰਦਰਤਾ, ਧਨ ਤੇ ਸ੍ਰੇਸ਼ਠ ਬੁੱਧੀ ਰੱਖਣ ਦਾ ਅਭਿਮਾਨ ਆਦਿ। |

ਹੇ ਮੂਸਨ ! ਸਭ ਪ੍ਰੇਮ ਦੇ ਇਕ ਛਿਣ ਤੋਂ ਵਾਰ ਦੇਣੇ ਚਾਹੀਦੇ ਹਨ।

ਦਸਮ ਗੁਰੂ ਸ੍ਰੀ ਗੋਬਿੰਦ ਸਿੰਘ ਜੀ ਦਾ ਫ਼ੁਰਮਾਨ ਹੈ :

''ਸਾਚੁ ਕਹੌ ਸੁਨ ਲੇਹੁ ਸਭੈ
ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ।।''

ਅਰਥਾਤ ਮੈਂ ਸਭ ਅੱਗੇ ਇਹ ਸਚਾਈ ਪ੍ਰਗਟ ਕਰ ਰਿਹਾ ਹਾਂ ਕਿ ਜਹੜੇ ਪ੍ਰੇਮ ਕਰਦੇ ਹਨ, ਉਹਨਾਂ ਨੂੰ ਹੀ ਪ੍ਰਭੂ-ਪ੍ਰੀਤਮ ਪ੍ਰਾਪਤ ਹੁੰਦਾ ਹੈ। ਹੋਰ ਕਸੇ ਨੂੰ ਨਹੀਂ, ਹੋਰ ਕਿਸੇ ਨੂੰ ਨਹੀਂ।

ਫਿਰ ਆਪ ਆਪਣੇ ਪਿਆਰੇ ਤੇ ਵਿਦਵਾਨ ਮੁਰੀਦ ਭਾਈ ਨੰਦ ਲਾਲ ਜੀ ਾਲ ਗੱਲ-ਕੱਥ ਵਿਚ ਫ਼ੁਰਮਾਉਂਦੇ ਹਨ :

''ਖਲਕੁ ਖਾਲਿਕੁ ਕੀ ਜਾਨ ਕੈ
ਖਲਕੁ ਦੁਖਾਵਹਿ ਨਾਹਿ।
ਖਲਕੁ ਦੁਖਾਵਹਿ ਨੰਦ ਲਾਲ ਜੀ
ਖਾਲਕੁ ਕੁਪਾਵਹਿ ਤਾਹਿਂ।।''

ਅਰਥਾਤ ਤੁਸੀਂ ਜਾਣ ਲਉ ਕਿ ਖਲਕ ਪ੍ਰਭੂ ਦੀ ਸਾਜੀ ਹੋਈ ਹੈ। ਕਿਸੇ

ਨੂੰ ਦੁੱਖ ਨਾ ਦਿਉ। ਜੇ ਪ੍ਰਭੂ ਦੀ ਖਲਕ ਨੂੰ ਦੁੱਖ ਪੁਜਦਾ ਹੈ ਤਾਂ ਪ੍ਰਭੂ ਦਾ ਹਿਰਦਾ ਵੀ ਦੁਖੀ ਹੁੰਦਾ ਹੈ।

ਹੇਠ ਲਿਖੇ ਕਥਨ ਵਿਚ ਉਹਨਾਂ ਦਾ ਲੋਕਾਂ ਪ੍ਰਤੀ ਦਰਸਾਇਆ ਗਿਆ ਪ੍ਰੇਮ ਤਾਂ ਨੈਣ ਸੇਜਲ ਕਰ ਦਿੰਦਾ ਹੈ।

"ਮੈਂ ਤਾਂ ਕੇਵਲ ਇਹਨਾਂ ਦਾ ਹੀ ਥਾਪਿਆ ਹੋਇਆ ਹਾਂ। ਇਹਨਾਂ ਕਰਕੇ ਹੀ ਮੈਂ ਇਹ ਸਭ ਕੁਝ ਪ੍ਰਾਪਤ ਕਰ ਸਕਿਆ ਹਾਂ। ਇਹਨਾਂ ਦੈਵੀ ਪੁਰਸ਼ਾਂ ਦੇ ਸਹਿਯੋਗ ਤੋਂ ਬਿਨਾਂ ਮੇਰੇ ਵਰਗੇ ਕਈ ਰੁਲਦੇ ਫਿਰਦੇ ਹਨ।"

## VI

ਖ਼ਾਲਸਾ-ਤੰਤਰ ਦੇ ਸੰਵਿਧਾਨ ਵਿਚ ਗੁਰੂ ਗੋਬਿੰਦ ਸਿੰਘ ਦੀ ਪ੍ਰਤਿਭਾ ਦਾ ਸਰਵੋਤਮ ਮਹਾਨਤਾ ਵਾਲਾ ਉਹ ਕਰਮ ਸੀ ਜਿਸ ਦੁਆਰਾ ਆਪ ਨੇ ਉਸ ਦੈਵੀ ਪ੍ਰਭੂ-ਸੱਤਾ ਨੂੰ ਜੋ ਗੁਰੂ ਰੂਪ ਵਿਚ ਆਪ ਜੀ ਵਿਚ ਵਿਦਮਾਨ ਸੀ, ਦੈਵੀ ਪ੍ਰੇਰਨਾ ਵਿਚ ਜਾਗਰੂਪ ਖ਼ਾਲਸਾ ਨੂੰ ਹਸਤਾਂਤ੍ਰਿਤ ਕੀਤਾ। ਜਦੋਂ ਆਪ ਲੋਕਾਂ ਬਾਰੇ ਕਥਨ ਕਰਦੇ ਹਨ ਤਾਂ ਆਪ ਦਾ ਭਾਵ ਉਹਨਾਂ ਲੋਕਾਂ ਤੋਂ ਹੁੰਦਾ ਹੈ ਜਿਨ੍ਹਾਂ ਦਾ ਵਿਅਕਤੀਤਵ ਨਿਰਸੁਆਰਥ ਰੂਪ ਵਿਚ ਪ੍ਰਵਰਤਿਤ ਹੋ ਕੇ ਦੈਵੀ ਸਰੂਪ ਧਾਰਨ ਕਰ ਚੁੱਕਾ ਹੁੰਦਾ ਹੈ। ਜਿਸ ਤਰ੍ਹਾਂ ਇਕ ਰਸਾਇਣ ਵਿਗਿਆਨੀ ਪ੍ਰਕਿਰਤੀ ਵਿਚੋਂ ਪ੍ਰਾਪਤ ਹੁੰਦੇ ਸ਼ੁਧ ਤੱਤਾਂ ਦੀ ਗੱਲ ਕਰਦਾ ਹੈ, ਉਸੇ ਤਰ੍ਹਾਂ ਗੁਰੂ ਜੀ ਵੀ ਉਹਨਾਂ ਲੋਕਾਂ ਬਾਰੇ ਕਥਨ ਕਰਦੇ ਹਨ ਜਿਨ੍ਹਾਂ ਦੀ ਆਤਮਾ ਅੰਦਰ ਪਾਰਬ੍ਰਹਮ ਦੀ ਜੋਤ ਦਾ ਨਿਵਾਸ ਹੁੰਦਾ ਹੈ ਤੇ ਜਿਨ੍ਹਾਂ ਵਿਚ ਪਸ਼ੂਤਵ ਦੀਆਂ ਦ੍ਰਿਸ਼ਟੀਹੀਣ ਮੂਲ ਪ੍ਰਵਿਰਤੀਆਂ ਦਾ ਅਭਾਵ ਹੁੰਦਾ ਹੈ। ਇਸੇ ਇਕੋ ਕਰਮ ਵਿਚ ਹੀ ਸਾਡਾ ਇਤਿਹਾਸ ਲੁਕਿਆ ਪਿਆ ਹੈ। ਇਸੇ ਵਿਚ ਹੀ ਮਨੁੱਖੀ ਪ੍ਰਗਤੀ ਦੇ ਭਵਿੱਖ ਦਾ ਇਤਿਹਾਸ ਵਿਦਮਾਨ ਹੈ। ਚਮਕੌਰ ਸਾਹਿਬ ਵਿਖੇ ਜਦੋਂ ਸਭ ਕੁਝ ਹੱਥੋਂ ਜਾਂਦਾ ਦਿਸਿਆ ਤਾਂ ਆਪ ਨੇ ਆਪਣੇ ਪੰਜ ਸਿੱਖਾਂ ਨੂੰ ਗੁਰੂ ਦਾ ਪ੍ਰਤੀਨਿਧ ਥਾਪ ਦਿੱਤਾ ਤੇ ਗੁਰੂ-ਤਵ ਦਾ ਨਿਸ਼ਾਨ ਸੌਂਪ ਕੇ ਉਹਨਾਂ ਨੂੰ ਨਮਸਕਾਰ ਕੀਤੀ। ਇਸ ਪ੍ਰਕਾਰ ਖ਼ਾਲਸਾ-ਤੰਤਰ ਦਾ ਸੰਵਿਧਾਨ ਉਹਨਾਂ ਦੈਵੀ ਪ੍ਰੇਰਨਾ ਵਿਚ ਜਾਗਰੂਪ ਲੋਕਾਂ ਦੇ ਹਿਰਦਿਆਂ 'ਤੇ ਲਿਖਿਆ ਗਿਆ ਸੀ ਨਾ ਕਿ ਕਿਸੇ ਕਾਨੂੰਨ ਦੀ ਪੁਸਤਕ ਵਿਚ ਦਰਜ ਕੀਤਾ ਗਿਆ ਸੀ। ਗੁਰੂ ਗੋਬਿੰਦ ਸਿੰਘ ਕੁਝ ਸਮਾਂ ਪਹਿਲਾਂ ਇਸੇ ਸਥਾਨ ਉਤੇ, ਜਿਥੇ ਉਹਨਾਂ ਦੇ ਦੋ ਸਾਹਿਬਜ਼ਾਦਿਆਂ ਨੇ ਸ਼ਹਾਦਤ ਦਾ ਸ਼ਾਨਦਾਰ ਜਾਮ ਪੀਤਾ ਸੀ, ਲੜਦੇ ਹੋਏ ਜੂਝ ਸਕਦੇ ਸਨ, ਪਰ ਆਪ ਜੀ ਨੂੰ ਪੰਜਾਂ ਸਿੰਘਾਂ ਜਿਨ੍ਹਾਂ ਨੂੰ ਕਿ ਆਪ ਨੇ ਸੱਤਾ ਸੌਂਪ ਦਿੱਤੀ ਸੀ, ਦਾ ਆਦੇਸ਼ ਸੀ ਕਿ ਆਪ ਉਸ ਸਥਾਨ ਤੋਂ ਚਲੇ ਜਾਉ ਅਤੇ ਖ਼ਾਲਸਾ ਦੀ ਸੁਰੱਖਿਆ ਲਈ ਉਹ ਕੁਝ ਕਰੋ ਜੋ ਨਿੱਜੀ ਰੂਪ ਵਿਚ ਗੁਰੂ ਗੋਬਿੰਦ ਸਿੰਘ ਹੀ ਕਰ ਸਕਦੇ ਸਨ। ਇਸ ਲਈ ਆਪ ਉਹਨਾਂ ਦੀ ਇਸ ਇੱਛਾ ਅੱਗੇ ਸਿਰ ਝੁਕਾ ਕੇ ਯੁਧ ਖੇਤਰ ਤੋਂ ਪ੍ਰਸਥਾਨ ਕਰ ਗਏ। ਇਸੇ ਹੁਕਮ ਨੂੰ ਮੰਨਦੇ ਹੋਏ ਆਪ ਨੇ ਲੜ ਕੇ ਸ਼ਹੀਦ ਹੋਣ ਦੀ ਥਾਂ ਜਿਉਂਦੇ ਰਹਿਣ ਨੂੰ ਪ੍ਰਵਾਨ ਕੀਤਾ। ਹਾਲਾਂ ਕਿ ਇਸ ਸਮੇਂ ਆਪ ਦੇ ਮਨ ਉਪਰ ਕਈ ਤਰ੍ਹਾਂ

ਦੀਆਂ ਪੀੜ੍ਹਾਂ ਦਾ ਬੋਝ ਸੀ। ਆਪ ਦੇ ਸਾਹਮਣੇ ਹੀ ਦੋ ਸਪੁੱਤਰ ਤੇ ਹੋਰ ਸਿੱਖ ਸ਼ਹੀਦ ਹੋ ਚੁੱਕੇ ਸਨ। ਅੱਗੇ ਮੁਸ਼ਕਲਾਂ ਦਾ ਸਾਹਮਣਾ ਸੀ। ਫਿਰ ਵੀ ਆਪ ਨੇ ਉਹਨਾਂ ਦੇ ਆਦੇਸ਼ ਅਨੁਸਾਰ ਜਿਉਂਦੇ ਰਹਿਣ ਨੂੰ ਪ੍ਰਵਾਨ ਕੀਤਾ ਤਾਂ ਜੋ ਉਹ ਖ਼ਾਲਸੇ ਲਈ ਉਹ ਕੁਝ ਕਰ ਸਕਣ ਜੋ ਆਪ ਹੀ ਕਰ ਸਕਦੇ ਸਨ। ਇਹ ਸੀ ਪ੍ਰਭੂ-ਆਤਮਾ ਦਾ ਮਨੁੱਖ ਲਈ ਕੀਤਾ ਗਿਆ ਸਰਵੁੱਚ ਬਲੀਦਾਨ। ਆਪ ਜੀ ਦੇ ਹੀ ਜਿਗਰ ਦੇ ਖ਼ੂਨ ਵਿਚੋਂ ਵਚਿਤਰ ਹੋਣੀਆਂ ਵਾਲੇ 'ਖ਼ਾਲਸਾ' ਦਾ ਜਨਮ ਹੋਇਆ ਸੀ।

ਆਪਣੀ ਪੁਸਤਕ 'ਹਿੰਦੂ ਪੌਲਿਟੀ' ਵਿਚ ਕੇ.ਪੀ.ਜੈਸਵਾਲ ਇਸ ਬਾਰੇ ਸੰਕੇਤ ਕਰਦਾ ਹੈ, ਪਰ ਉਹ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਸਮਾਚਾਰਾਂ ਤੋਂ ਪੂਰੀ ਤਰ੍ਹਾਂ ਜਾਣੂੰ ਨਹੀਂ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਮਨ ਵਿਚ ਹਿੰਦੂ ਪੌਲਿਟੀ ਜਾਂ ਹਿੰਦੂ ਰਾਜਨੀਤੀ-ਤੰਤਰ ਦੇ ਪੁਨਰ ਉਥਾਨ ਦਾ ਕੋਈ ਸੰਕਲਪ ਨਹੀਂ ਸੀ। ਇਸ ਬਾਰੇ ਕੇ.ਪੀ.ਜੈਸਵਾਲ ਦਾ ਮੱਤ ਠੀਕ ਨਹੀਂ ਹੈ, ਪਰ ਆਪ ਜੀ ਦੇ ਮਨ ਵਿਚ ਪ੍ਰਭੂ ਸਤਾ ਜਾਂ ਪਾਤਸ਼ਾਹੀ ਦੇ ਲੋਕਾਂ ਨੂੰ ਹਸਤਾਤਰਨ ਦੇ ਵਿਚਾਰ ਦੀ ਝਲਕ ਅਵੱਸ਼ ਮਿਲਦੀ ਹੈ। ਪਰ ਇਹ ਪਾਤਸ਼ਾਹੀ ਦਾ ਸੰਕਲਪ ਮੁਗਲਾਂ ਦੀ ਪਾਤਸ਼ਾਹੀ ਵਰਗਾ ਨਹੀਂ ਸੀ, ਸਗੋਂ ਇਹ ਤਾਂ ਕਾਰਲਾਇਲ ਦੇ ਕਲਾਧਾਰੀ ਪਾਤਸ਼ਾਹ (Hero King) ਦੇ ਸੰਕਲਪ ਨਾਲ ਕੋਈ ਮਿਲਦੀ ਜੁਲਦੀ ਗੱਲ ਸੀ ਜੋ ਗੁਰੂ ਜੀ ਦੇ ਮਨ ਵਿਚ ਕਾਰਲਾਇਲ ਤੋਂ ਸਦੀਆਂ ਪਹਿਲੇ ਉਤਪੰਨ ਹੋਈ ਸੀ। ਕਾਰਲਾਇਲ ਦੀ ਇਸ ਧਾਰਨਾ ਨੂੰ ਪੇਸ਼ ਕਰਨ ਤੋਂ ਪਹਿਲਾਂ ਹੀ ਗੁਰੂ ਜੀ ਨੂੰ 'ਸੱਚਾ ਪਾਤਸ਼ਾਹ' ਕਹਿ ਕੇ ਸੰਬੋਧਿਤ ਕੀਤਾ ਜਾਂਦਾ ਸੀ। ਗੁਰੂ ਗੋਬਿੰਦ ਸਿੰਘ ਜੀ ਦਾ ਨੀਤੀ-ਤੰਤਰ ਪ੍ਰਮਾਤਮਾ ਦੀ ਆਤਮਿਕ ਪਾਤਸ਼ਾਹੀ ਨੂੰ ਜਨ-ਸਮੂਹ ਅਥਵਾ ਸਮੂਹ ਲੋਕਾਂ ਨੂੰ ਹਸਤਾਂਤਰਿਤ ਕਰਨ ਦਾ ਉਲੇਖ ਕਰਦਾ ਹੈ। ਖ਼ਾਲਸਾ-ਤੰਤਰ ਵਿਚ ਉਹਨਾਂ ਲੋਕਾਂ ਨੂੰ ਸਰਵੁੱਚਤਾ ਪ੍ਰਦਾਨ ਕੀਤੀ ਗਈ ਹੈ, ਜਿਹੜੇ ਮਨੁੱਖਤਾ ਦੀ ਭਲਾਈ ਤੋਂ ਸਹਿਜ ਰੂਪ ਵਿਚ ਹੀ ਪ੍ਰੇਰਿਤ ਹੁੰਦੇ ਹਨ, ਜਿਹੜੇ ਪ੍ਰਭੂ ਦੀ ਰੱਬਤਾ ਤੋਂ ਸੁਤੇਸਿਧ ਹੀ ਪ੍ਰਭਾਵਿਤ ਹੁੰਦੇ ਹਨ ਅਤੇ ਜੋ ਗੁਰੂ ਜੀ ਦੀ ਰਹੱਸਮਈ ਹਸਤੀ ਨੂੰ ਸਭ ਲੋਕਾਂ ਵਿਚ ਵਿਆਪਕ ਵੇਖਦੇ ਹਨ। ਅਜਿਹਾ ਜਨ-ਸਮੂਹ ਜੋ ਮਨੁੱਖ ਦੇ ਪ੍ਰੇਮ ਦੁਆਰਾ ਹੋਂਦ ਵਿਚ ਆਏ 'ਕਾਨੂੰਨ ਅਤੇ ਨਿਆਂ' ਦਾ ਸਦੀਵੀ ਤੌਰ 'ਤੇ ਸਾਖਿਆਤ ਰੂਪ ਵਿਚ ਪ੍ਰਭੂ ਦਾ ਨਿੱਜ ਸਰੂਪ ਮੰਨਿਆ ਜਾਂਦਾ ਹੈ। ਖ਼ਾਲਸਾ ਰਾਜ ਵਿਚ ਆਪਣੇ ਕੁਦਰਤੀ ਰੂਪ ਵਿਚ ਮਨੁੱਖ ਦੀ ਭਲਾਈ ਹੀ ਸਰਵੁੱਚ ਕਾਨੂੰਨ ਹੈ। ਨਾਦੇੜ ਵਿਖੇ ਇਸ ਸੰਸਾਰ ਤੋਂ ਵਿਛੜਨ ਲੱਗਿਆਂ ਗੁਰੂ ਗੋਬਿੰਦ ਸਿੰਘ ਜੀ ਨੇ ਹੇਠ ਲਿਖੇ ਬਚਨ ਕਹੇ ਸਨ, ਜਿਨ੍ਹਾਂ ਦਾ ਲੇਖਕਾਂ ਨੇ ਠੁਲ੍ਹਾ ਜਿਹਾ ਵਰਣਨ ਕੀਤਾ ਹੈ।

ਇਸ ਲਈ ਤੁਸੀਂ ਸਦਾ ਪ੍ਰਸੰਨ ਰਹੋ
ਕਦੀ ਮਾਤਮ ਨਾ ਕਰੋ,
ਪ੍ਰਭੂ ਹਰ ਥਾਂ ਇਕ ਸਮਾਨ

ਵਿਆਪਕ ਹੈ।
ਨਾ ਉਹ ਬ੍ਰਿਧ ਹੈ
ਨਾ ਜੁਆਨ।
ਉਹ ਜਨਮ ਮਰਨ ਦੇ
ਗੇੜ ਵਿਚ ਨਹੀਂ ਆਉਂਦਾ
ਉਹ ਪੀੜਾ ਤੇ ਗਰੀਬੀ
ਨਹੀਂ ਵੰਡਦਾ।
ਇਹ ਜਾਣ ਲਵੋ
ਗੁਰੂ ਵੀ ਪ੍ਰਭੂ ਦੇ ਹੁਕਮਾਂ ਦੀ
ਪਾਲਣਾ ਕਰਦਾ ਹੈ।
ਜਿਹੜੇ ਲੋਕ
ਜਿਨ੍ਹਾਂ ਨੂੰ ਭਾਵੇਂ
ਪ੍ਰਭੂ ਨੇ ਹੀ ਸਿਰਜਿਆ ਹੈ
ਤਨ ਦੇ ਅਭਿਮਾਨ ਵਿਚ
ਗ਼ਲਤਾਨ ਹਨ
ਉਹ ਸਦਾ ਦੁਖੀ ਰਹਿੰਦੇ ਹਨ
ਤੇ ਰਾਤ ਦਿਨ ਉਹ
ਮੋਹ ਅਤੇ ਘਿਰਣਾ ਦੇ ਗੇੜ ਵਿਚ
ਫਸੇ ਰਹਿੰਦੇ ਹਨ,
ਸਦਾ ਘੋਰ ਪਾਪਾਂ ਵਿਚ
ਗ੍ਰਸੇ ਜਾਂਦੇ ਹਨ,
ਇਕ ਦੂਜੇ ਦੀ ਦੁਸ਼ਮਣੀ ਹੀ
ਉਹਨਾਂ ਦੀ ਤਬਾਹੀ ਦਾ
ਕਾਰਨ ਬਣਦੀ ਹੈ
ਤੇ ਅੰਤ ਨਰਕ ਦੇ ਭਾਗੀ ਹੁੰਦੇ ਹਨ।
ਫਿਰ ਵੀ ਪ੍ਰਭੂ ਦੇ ਸਿਰਜੇ
ਅਜਿਹੇ ਲੋਕਾਂ ਦੇ ਕਲਿਆਣ ਲਈ
ਗੁਰੂ ਜਨਮ ਧਾਰਦਾ ਹੈ,
ਗੁਰੂ ਸਤਿਨਾਮ ਦਾ ਉਪਦੇਸ਼ ਦਿੰਦਾ ਹੈ।
ਉਹ ਸੁਭਾਗੇ ਹਨ
ਜਿਨ੍ਹਾਂ ਨੇ ਗੁਰੂ ਦੇ ਉਪੇਸ਼ਾਂ ਨੂੰ
ਧਾਰਨ ਕੀਤਾ ਹੈ।
ਨਾਮ ਧਨ ਨੂੰ ਇਕੱਤਰ ਕੀਤਾ ਹੈ।
ਇਸ ਰਾਹੀਂ ਉਹ ਆਪ

ਭਵ-ਸਾਗਰ ਤੋਂ ਪਾਰ ਉਤਰਦੇ ਹਨ
ਤੇ ਦੂਜਿਆਂ ਨੂੰ ਵੀ
ਭਵ-ਸਾਗਰ ਤੋਂ ਪਾਰ ਉਤਾਰਦੇ ਹਨ।
ਜਿਵੇਂ ਲੰਮੀ ਔੜ ਪਿੱਛੋਂ
ਮੀਂਹ ਵਰ੍ਹਦਾ ਹੈ
ਤੇ ਹਰ ਥਾਂ ਜਲਥਲ ਹੋ ਜਾਂਦਾ ਹੈ,
ਇਸੇ ਤਰ੍ਹਾਂ ਗੁਰੂ ਮਨੁੱਖਤਾ ਨੂੰ
ਦੁੱਖਾਂ ਵਿਚ ਫਾਥੇ ਖ਼ੁਸ਼ੀ ਲਈ
ਵਿਆਕੁਲ ਹੁੰਦੇ ਵੇਖ ਕੇ
ਉਹਨਾਂ ਦੀ ਅਗਵਾਈ ਲਈ
ਉਪਦੇਸ਼ ਦਿੰਦਾ ਹੈ
ਤੇ ਇਸ ਦੁਆਰਾ
ਦੁੱਖਾਂ ਤੇ ਕਸ਼ਟਾਂ ਦੀ
ਨਿਵਿਰਤੀ ਕਰਦਾ ਹੈ।
ਜਿਵੇਂ ਮੀਂਹ ਦਾ ਪਾਣੀ
ਧਰਤੀ ਵਿਚ ਸਮਾ ਜਾਂਦਾ ਹੈ,
ਤਿਵੇਂ ਹੀ ਗੁਰੂ ਦੇ ਸ਼ਬਦ
ਸਿੱਖਾਂ ਦੇ ਹਿਰਦਿਆਂ ਵਿਚ
ਸਦਾ ਲਈ ਜਾ ਸਮਾਉਂਦੇ ਹਨ।
ਜਿਹੜੇ ਸਿੱਖ ਸੱਚੇ ਗੁਰੂ ਨੂੰ
ਪ੍ਰੇਮ ਕਰਦੇ ਹਨ,
ਉਹਨਾਂ ਨੂੰ ਗੁਰੂ ਵੀ
ਮੋੜਵੇਂ ਰੂਪ ਵਿਚ
ਪ੍ਰੇਮ ਕਰਦਾ ਹੈ।
ਖ਼ਾਲਸਾ !
ਤੁਸੀਂ ਸੱਚੇ ਨਾਮ ਨੂੰ
ਯਾਦ ਰੱਖਣਾ।
ਗੁਰੂ ਨੇ ਤੁਹਾਨੂੰ ਸ਼ਸਤਰਬਧ
ਕਰ ਦਿੱਤਾ ਹੈ,
ਤਾਂ ਜੋ ਤੁਸੀਂ ਧਰਤ ਦੀ ਪਾਤਸ਼ਾਹੀ
ਪ੍ਰਾਪਤ ਕਰ ਸਕੋ।
ਜਿਹੜੇ ਯੁਧ ਵਿਚ ਸ਼ਹੀਦ ਹੁੰਦੇ ਹਨ,
ਉਹ 'ਅਨੰਦਪੁਰੀ' ਵਿਚ
ਜਾ ਨਿਵਾਸ ਲੈਂਦੇ ਹਨ।

ਮੈਂ ਤੁਹਾਨੂੰ ਅਬਿਨਾਸ਼ੀ
ਅਕਾਲ-ਪੁਰਖ ਦੇ ਲੜ ਲਾਇਆ ਹੈ,
ਤੁਹਾਨੂੰ ਉਸ ਨੂੰ ਸੌਂਪ ਦਿੱਤਾ ਹੈ।
ਗੁਰੂ ਗਰੰਥ ਸਾਹਿਬ ਦਾ ਪਾਠ ਕਰੋ,
ਇਸ ਦੀ ਬਾਣੀ ਨੂੰ ਸਰਵਣ ਕਰੋ,
ਤੁਹਾਡੇ ਮਨਾਂ ਨੂੰ ਸ਼ਾਂਤੀ ਮਿਲੇਗੀ
ਤੇ ਨਿਸਚੇ ਹੀ ਤੁਸੀਂ
ਗੁਰੂ ਜੀ ਦੇ ਸਚਖੰਡ ਵਿਚ
ਨਿਵਾਸ ਪ੍ਰਾਪਤ ਕਰ ਸਕੋਗੇ।
ਜਿਹੜੇ ਗੁਰੂ ਦੇ ਸਤਿਨਾਮੁ
ਦਾ ਸਿਮਰਨ ਕਰਦੇ ਹਨ,
ਉਹ ਸਦਾ ਜੀਵਨ ਵਿਚ
ਲਾਹਾ ਖਟਦੇ ਹਨ
ਅਤੇ ਮਰਨ ਉਪਰੰਤ
ਗੁਰੂ ਦੇ ਸਦੀਵੀ ਅਨੰਦ ਵਾਲੇ
ਮਹਿਲ, ਸਚਖੰਡ ਵਿਚ
ਜਾ ਪੁਜਦੇ ਹਨ।
ਮੈਂ ਤੁਹਾਨੂੰ ਅਬਿਨਾਸ਼ੀ ਪ੍ਰਭੂ ਨੂੰ
ਸੌਂਪ ਦਿੱਤਾ ਹੈ
ਸਦਾ ਪ੍ਰਭੂ ਦੀ ਸੁਰੱਖਿਆ ਵਿਚ ਰਹੋ
ਅਤੇ ਅਕਾਲ ਪੁਰਖ ਤੋਂ ਬਿਨਾਂ
ਕਿਸੇ ਉਤੇ ਟੇਕ ਨਾ ਰੱਖੋ।
ਜਿਥੇ ਵੀ ਗੁਰੂ ਨੂੰ ਮੰਨਣ ਵਾਲੇ
ਪੰਜ ਸਿੱਖ ਹਾਜ਼ਰ ਹੁੰਦੇ ਹਨ,
ਉਥੇ 'ਮੈਂ' ਉਹਨਾਂ ਵਿਚ ਮੌਜੂਦ ਹੁੰਦਾ ਹਾਂ
ਜਿਹੜਾ ਵੀ ਉਹਨਾਂ ਸਿੱਖਾਂ ਦੀ
ਸੇਵਾ ਕਰਦਾ ਹੈ,
ਉਸ ਦੀਆਂ ਸਭ ਮਨੋਕਾਮਨਾਵਾਂ
ਪੂਰੀਆਂ ਹੁੰਦੀਆਂ ਹਨ।
ਗੁਰੂ ਨਾਨਕ ਦੇ ਸਮੇਂ ਤੋਂ
ਹੁਣ ਤੱਕ ਦੇ ਗੁਰੂ ਇਤਿਹਾਸ ਨੂੰ
ਪੜ੍ਹਨਾ ਤੇ ਵਾਚਣਾ।
ਅੱਗੇ ਤੋਂ ਗੁਰੂ 'ਖ਼ਾਲਸਾ' ਹੋਵੇਗਾ
ਤੇ 'ਖ਼ਾਲਸਾ' ਗੁਰੂ ਹੋਵੇਗਾ।

ਮੈਂ ਆਪਣੀ ਮਨ ਤੇ ਤਨ ਦੀ
ਆਤਮ-ਸੱਤਾ
'ਗੁਰੂ ਗਰੰਥ ਸਾਹਿਬ' ਤੇ
'ਖ਼ਾਲਸਾ' ਵਿਚ ਭਰ ਦਿੱਤੀ ਹੈ।

ਫਿਰ ਆਪ ਜੀ ਨੇ ਆਪਣਾ ਕਮਰ-ਕੱਸਾ ਉਤਾਰ ਦਿੱਤਾ। ਕਮਾਨ ਨੂੰ ਆਪਣੇ ਮੋਢਿਆਂ 'ਤੇ ਸਜਾਇਆ ਤੇ ਤੁਪਕ ਨੂੰ ਆਪਣੇ ਹੱਥਾਂ ਵਿਚ ਪਕੜ ਲਿਆ। ਗੁਰੂ ਗਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਤੇ ਉਸ ਦੇ ਸਨਮੁਖ ਨਰੇਲ ਰੱਖ ਕੇ ਹਜ਼ੂਰੀ ਵਿਚ ਮੱਥਾ ਟੇਕਿਆ। ਇਸ ਉਪਰੰਤ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਹਿ' ਬੁਲਾਈ। ਫਿਰ ਪਵਿੱਤਰ ਗਰੰਥ ਦੇ ਆਲੇ-ਦੁਆਲੇ ਪ੍ਰਕਰਮਾ ਕਰਕੇ ਇਹ ਫੁਰਮਾਨ ਕੀਤਾ :

ਪਿਆਰੇ ਖ਼ਾਲਸਾ ਜੀ !
ਜੋ ਮੈਨੂੰ ਲੱਭਣਾ ਚਾਹੁਣ
ਗੁਰੂ ਗਰੰਥ ਸਾਹਿਬ ਵਿਚੋਂ ਲੱਭ ਲੈਣ।
ਇਹ ਗੁਰੂ ਗਰੰਥ ਗੁਰੂ ਦਾ
ਪ੍ਰਗਟ ਦੇਹ ਸਰੂਪ ਹੈ।
ਜੋ ਮੈਨੂੰ ਮਿਲਣਾ ਲੋਚਦੇ ਹਨ,
ਉਹ ਗੁਰੂ ਗਰੰਥ ਸਾਹਿਬ ਦੇ
ਸ਼ਬਦਾਂ ਦੀ ਖੋਜ ਕਰਕੇ
ਅਜਿਹਾ ਕਰ ਸਕਦੇ ਹਨ।
ਮੇਰੀ ਅੰਤਿਮ ਇੱਛਾ ਇਹ ਹੈ
ਕਿ ਗੁਰੂ ਦੇ ਲੰਗਰ ਨੂੰ
ਸਦਾ ਜਾਰੀ ਰੱਖਿਆ ਜਾਵੇ
ਤੇ ਇਸ ਨੂੰ ਚਲਾਉਣ ਲਈ
ਭੇਟਾ ਪਰਵਾਨ ਕੀਤੀ ਜਾਵੇ।

ਪੰਜਾਬ ਵਿਚ ਗੁਰੂ ਸਾਹਿਬ ਦੇ ਸਿੱਖ ਮਹਾਰਾਜਾ ਰਣਜੀਤ ਸਿੰਘ ਜੀ ਨੇ ਇਸ ਸੰਦੇਸ਼ ਨੂੰ ਜੇ ਪੰਜਾਬ ਦੇ ਨਾਲ ਕੋਈ ਬੰਦਰਗਾਹ ਲਗਦੀ ਹੁੰਦੀ ਤਾਂ ਦੂਰ ਦੂਰ ਤੱਕ ਪਹੁੰਚਾ ਦੇਣਾ ਸੀ, ਪਰ ਫਿਰ ਵੀ ਉਹ ਇਹ ਕੁਝ ਕਰ ਸਕਿਆ। ਉਹ ਆਪਣੀ ਪਰਜਾ ਨੂੰ ਜਿੰਨਾਂ ਪ੍ਰੇਮ ਕਰਦਾ ਸੀ, ਉਨਾਂ ਕਦੀ ਵੀ ਕਿਸੇ ਹੋਰ ਬਾਦਸ਼ਾਹ ਨੇ ਨਹੀਂ ਕੀਤਾ ਹੋਵੇਗਾ। ਉਹ ਆਪ ਸਦਾ ਆਪਣੇ ਆਪ ਨੂੰ ਗੁਰੂ ਦਾ ਸੇਵਕ ਮੰਨਦਾ ਸੀ। ਉਸ ਨੂੰ ਇਹ ਪੱਕਾ ਨਿਹਚਾ ਸੀ ਕਿ ਗੁਰੂ ਨੇ ਹੀ ਉਸ ਨੂੰ ਇਹਨਾਂ ਲੋਕਾਂ ਅਰਥਾਤ ਪਰਜਾ ਦੀ ਸੌਂਪਣਾ ਕੀਤੀ ਹੈ। ਉਹ ਲੋਕਾਂ ਦਾ ਸੇਵਕ ਤੇ ਗੁਰੂ ਦਾ ਹੱਥੀਂ-ਬੱਧਾ ਦਾਸ ਸੀ। ਪਰ ਲਾਹੌਰ ਦਰਬਾਰ ਦੇ ਛਤਰ ਨੂੰ ਗ਼ੱਦਾਰਾਂ ਅਤੇ ਸਾਜ਼ਸ਼ੀਆਂ ਨੇ ਢਹਿ ਢੇਰੀ ਕਰ ਦਿੱਤਾ।

ਮਹਾਰਾਜਾ ਰਣਜੀਤ ਸਿੰਘ, ਗੁਰੂ ਵੱਲੋਂ ਸੰਗਤ ਨੂੰ ਪ੍ਰਭੂ ਸਤਾ ਸੌਂਪੀ ਗਈ ਦੇ ਸੰਕਲਪ ਨੂੰ ਪਰਵਾਨ ਕਰਦਾ ਸੀ ਅਤੇ 'ਗੁਰਮਤੇ' ਦੇ ਆਦੇਸ਼ ਦੀ ਪਾਲਣਾ ਕਰਦਾ ਸੀ। 'ਗੁਰਮਤਾ' ਸੰਗਤ ਦੀ ਸੰਵਿਧਾਨਕ ਸੰਸਥਾ ਸੀ। ਸਾਰੇ ਉਸ ਦੇ ਆਦੇਸ਼ਾਂ ਦੀ ਪਾਲਣਾ ਕਰਦੇ ਸਨ। ਖ਼ਾਲਸਾ ਮਿਸਲਾਂ ਦੇ ਸਾਰੇ ਮੁਖੀ ਇਕੱਤਰ ਹੋ ਕੇ ਗੁਰਮਤਾ ਕਰਦੇ ਅਤੇ ਸਭ ਉਸ ਦੇ ਹੁਕਮ ਨੂੰ ਸਿਰ ਮੱਥੇ ਪਰਵਾਨ ਕਰਦੇ। ਗੁਰਮਤਾ ਕਾਹਲ ਵਿਚ ਜਾਂ ਅਨਿਯਮਿਤ ਢੰਗ ਨਾਲ ਬੁਲਾਈ ਗਈ ਇਕੱਤਰਤਾ ਦਾ ਕੋਈ ਸਾਧਾਰਨ ਜਿਹਾ ਮਤਾ ਨਹੀਂ ਸੀ ਹੁੰਦਾ। ਗੁਰਮਤਾ ਤਾਂ ਉਹਨਾਂ ਗੁਰੂ ਵਿਰੋਸਾਈਆਂ ਰਿਸ਼ੀ ਆਤਮਾਵਾਂ ਦਾ ਆਦੇਸ਼ ਹੁੰਦਾ ਸੀ ਜੋ ਆਪਣੀ ਆਤਮਾ ਵਿਚ ਗੁਰੂ ਦੀ ਇੱਛਾ ਦਾ ਅਨੁਭਵ ਰਖਦੇ ਸਨ। ਆਖ਼ਰੀ ਗੁਰਮਤਾ ਸੈਦੋ ਦੀ ਜੰਗ ਤੋਂ ਥੋੜ੍ਹਾ ਚਿਰ ਪਹਿਲੋਂ ਕੀਤਾ ਗਿਆ ਸੀ। ਇਹ ਉਹ ਜੰਗ ਸੀ ਜਿਸ ਵਿਚ ਅਕਾਲੀ ਫੂਲਾ ਸਿੰਘ ਜੀ ਸ਼ਹੀਦੀ ਪਾ ਗਏ ਸਨ। ਮਹਾਰਾਜਾ ਰਣਜੀਤ ਸਿੰਘ ਹਾਲੀਂ ਅੱਗੇ ਚੜ੍ਹਾਈ ਨਹੀਂ ਸੀ ਕਰਨੀ ਚਾਹੁੰਦਾ ਤੇ ਉਸ ਨੇ ਹਾਲੀਂ ਅਜਿਹਾ ਕੋਈ ਹੁਕਮ ਵੀ ਜਾਰੀ ਨਹੀਂ ਸੀ ਕੀਤਾ, ਪਰ ਜਦੋਂ ਖ਼ਾਲਸਾ ਤੇ ਸੰਗਤ ਨੇ ਅਜਿਹਾ ਕਰਨਾ ਚਾਹਿਆ ਤਾਂ ਮਹਾਰਾਜੇ ਨੇ ਉਸ ਹੁਕਮ ਦੀ ਪਾਲਣਾ ਕੀਤੀ। ਇਹ ਕਿਸੇ ਬਾਦਸ਼ਾਹ ਵੱਲੋਂ ਪਰਜਾ ਦੇ ਹੁਕਮ ਦੀ ਅਜਿਹੀ ਪਾਲਣਾ ਦੀ ਇਕ ਉਦਾਹਰਨ ਹੈ ਜੋ ਗੁਰੂ ਜੀ ਵੱਲੋਂ ਸੰਸਾਰ ਦੇ ਸਾਹਮਣੇ ਇਕ ਆਦਰਸ਼ਕ ਰਾਜ ਦੇ ਸੰਬੰਧ ਵਿਚ ਪੇਸ਼ ਕੀਤੀ ਗਈ ਸੀ। ਖ਼ਾਲਸਾ ਤਾਂ ਸੱਚੇ ਦੈਵੀ ਪ੍ਰਤੀਨਿਧਤਾ ਵਾਲਾ ਰਾਜਤੰਤਰ ਸੀ ਜਿਸ ਵਿਚ ਸਮੂਹ ਲੋਕਾਂ ਦੀ ਆਤਮਾ ਇਕ ਪੁਰਖ ਵਿਚ ਸਮਿਲਤ ਸੀ। ਗੁਰੂ ਗੋਬਿੰਦ ਸਿੰਘ ਨਾ ਤਾਂ ਸੀਜ਼ਰ ਸਨ ਨਾ ਔਰੰਗਜ਼ੇਬ। ਉਹ ਤਾਂ ਲੋਕਾਂ ਦੇ ਸੱਚੇ ਪਾਤਸ਼ਾਹ ਤੇ ਲੋਕਾਂ ਦੇ ਸਾਥੀ ਸਨ। ਸੱਚੇ ਅਰਥਾਂ ਵਿਚ ਗੁਰੂ ਗੋਬਿੰਦ ਸਿੰਘ ਦੇ ਇਸ ਲੋਕਤੰਤਰ ਵਿਚ ਨਿਰਜਿੰਦ ਵੋਟਾਂ ਜੋ ਲੋਕਾਂ ਵਿਚ ਪ੍ਰਚਾਰ ਕਰਕੇ ਜਾਂ ਉਹਨਾਂ ਨੂੰ ਡਰਾ ਧਮਕਾ ਕੇ ਜ਼ਬਰਦਸਤੀ ਲਈਆਂ ਜਾਂਦੀਆਂ ਹਨ, ਲਈ ਕੋਈ ਥਾਂ ਨਹੀਂ ਸੀ। ਲੋਕਤੰਤਰ ਤਾਂ ਖ਼ਾਲਸਾ ਦੇ ਸੀਨੇ ਵਿਚਲੀ ਭਾਵਨਾ ਸੀ ਜੋ ਲੋਕਾਂ ਨਾਲ ਪੂਰਨ ਤੌਰ 'ਤੇ ਇਕਸੁਰਤਾ ਰਖਦੀ ਸੀ। ਲੋਕ ਹੀ ਸਮਾਜ ਤੇ ਸਰਕਾਰ ਦਾ ਪ੍ਰੇਮ ਤੇ ਕਾਨੂੰਨ ਦੁਆਰਾ ਨਿਰਮਾਣ ਕਰਦੇ ਹਨ ਤੇ ਸੱਚ ਤੇ ਨਿਆਂ ਦੁਆਰਾ ਇਸ ਨੂੰ ਚਲਾਉਂਦੇ ਹਨ। ਇਹ ਇਕ ਕਿਸਮ ਦਾ ਲੋਕਾਂ ਦੀ ਦ੍ਰਿਸ਼ਟੀਹੀਣ ਭੀੜ ਦੁਆਰਾ ਵੋਟਾਂ ਉਤੇ ਆਧਾਰਿਤ ਅਨਿੱਜੀ ਕਾਨੂੰਨ ਦਾ ਰਾਜ ਨਹੀਂ ਹੈ ਜੋ ਕਿ ਮਨੁੱਖੀ ਹਮਦਰਦੀ ਤੋਂ ਵਿਹੂਣਾ ਹੁੰਦਾ ਹੈ। ਖ਼ਾਲਸਾ ਰਾਜ ਤਾਂ ਆਦਰਸ਼ਕ ਰਾਜਤੰਤਰ ਹੈ। ਸਿੱਖ ਤਾਂ ਮਰ ਸਕਦੇ ਹਨ, ਪਰ ਇਹ ਰਾਜ ਨਹੀਂ ਮਰਦਾ। ਇਹ ਅਮਰ ਹੈ।

ਗੁਰੂ ਗੋਬਿੰਦ ਸਿੰਘ ਜੀ ਰਾਜਨੀਤੀ ਨੂੰ ਵਿਭਿੰਨ ਦੋਖੀ ਤੱਤਾਂ ਨੇ ਪ੍ਰਫੁੱਲਿਤ ਨਾ ਹੋਣ ਦਿੱਤਾ। ਜਥੇਬੰਦੀ ਦੇ ਸੰਗਠਨ ਵਿਚ ਸਿੱਖ ਜਿਸ ਤਰ੍ਹਾਂ ਆਪਣੇ ਜਥੇਦਾਰ ਅਰਥਾਤ ਨੇਤਾ ਦਾ ਹੁਕਮ ਮੰਨਦੇ ਹਨ ਭਾਵੇਂ ਉਹ ਵਿਅਕਤੀ ਕਿੰਨਾਂ ਵੀ ਸਿਧਾ ਸਾਦਾ ਤੇ ਅਨਪੜ੍ਹ ਕਿਉਂ ਨਾ ਹੋਵੇ। ਇਹ ਭਾਵਨਾ ਉਹਨਾਂ ਦੇ ਖ਼ੂਨ

ਵਿਚ ਗੁਰੂ ਜੀ ਵੱਲੋਂ ਹੀ ਭਰ ਦਿੱਤੀ ਗਈ ਸੀ। ਭਾਵੇਂ ਪੁਰਾਣੇ ਸਮਿਆਂ ਵਿਚ ਜਿਸ ਦਾ ਚਿਤਰਨ ਭਾਈ ਵੀਰ ਸਿੰਘ ਨੇ ਆਪਣੀ ਉਤਮ ਪੁਸਤਕ 'ਸੁੰਦਰੀ' ਵਿਚ ਕੀਤਾ ਹੈ ਜਾਂ ਵਰਤਮਾਨ ਸਮੇਂ ਦੀ ਅਕਾਲੀ ਲਹਿਰ ਦਾ ਹੋਵੇ ਜਿਸ ਵਿਚ ਇਸ ਲਹਿਰ ਦੇ ਖੋਖਲੇ ਹੋਣ ਦੇ ਬਾਵਜੂਦ ਜੋ ਭਾਵਨਾ ਪ੍ਰਗਟ ਹੋਈ ਹੈ, ਅਸਲ ਵਿਚ ਇਹ ਗੁਰੂ ਸਾਹਿਬਾਨ ਦੇ ਸਮੇਂ ਤੋਂ ਹੀ ਨਿਰੰਤਰ ਚਲੀ ਆ ਰਹੀ ਹੈ। ਨਿਰਸੰਦੇਹ ਸਿੱਖਾਂ ਦਾ ਇਹ ਰਾਜਤੰਤਰ ਮੁਗ਼ਲਾਂ ਦੀ ਪਾਤਸ਼ਾਹੀ ਸਮਾਨ ਨਹੀਂ, ਸਗੋਂ ਇਹ ਤਾਂ ਕਿਸੇ ਭਵਿੱਖ ਵਿਚ ਆਉਣ ਵਾਲੇ ਸਮਾਜ ਤੇ ਰਾਜ ਦਾ ਪ੍ਰਤੀਬਿੰਬ ਹੁੰਦਾ ਹੈ। ਰਾਜ ਦੀ ਇਹ ਸੰਪੂਰਨ ਪਰਪੱਕਤਾ ਭਵਿੱਖ ਦੇ ਕਿਸੇ ਅਗਾਮੀ ਕਾਲ ਵਿਚ ਹੀ ਆਪਣੇ ਸ਼ੁਧ ਸਰੂਪ ਨੂੰ ਨਿਖ਼ਾਰ ਸਕੇਗੀ। ਇਹ ਬ੍ਰਾਹਮਣਵਾਦੀ ਰਾਜਨੀਤੀ ਦੇ ਜਾਤ ਪਾਤ ਦੇ ਆਦਰਸ਼ਾਂ ਦੀ ਪੁਨਰ-ਸੁਰਜੀਤੀ ਵੀ ਨਹੀਂ ਹੈ, ਜਿਸ ਨੇ ਕਿ ਹਿੰਦੂ ਸਮਾਜ ਨੂੰ ਤਬਾਹ ਕਰ ਦਿੱਤਾ ਸੀ।

## VII

ਇੰਜ ਪ੍ਰਤੀਤ ਹੁੰਦਾ ਹੈ ਕਿ ਵਿਰੋਧੀ ਵਾਤਾਵਰਣ ਕਰਕੇ ਅਤੇ ਹਿੰਦੂ ਸਮਾਜ ਕੇ ਕਦੀ ਕਦਾਈਂ ਕੀਤੇ ਜਾਂਦੇ ਸੁਚੇਤ ਯਤਨਾਂ ਸਦਕਾ ਅੱਜ ਸਿੱਖ ਵੀ ਹਿੰਦੂ ਸਮਾਜ ਨਾਲੋਂ ਆਪਣਾ ਨਾਤਾ ਤੋੜਨ ਵੱਲ ਵਧ ਰਹੇ ਹਨ। ਸਿੱਖ ਭਾਵੇਂ ਇਸ ਗੱਲ ਤੋਂ ਇਨਕਾਰ ਕਰਨ ਜਾਂ ਨਾ ਹਿੰਦੂ ਤਾਂ ਪਹਿਲਾਂ ਹੀ ਸਿੱਖਾਂ ਤੋਂ ਮੂੰਹ ਮੋੜ ਚੁੱਕੇ ਹਨ। ਹਿੰਦੂਆਂ ਦੀ ਮਹਾਨ ਸੰਸਕ੍ਰਿਤੀ ਦੇ ਅੰਤਰੀਵ ਪ੍ਰਭਾਵਾਂ ਦਾ ਸਿੱਖ ਸੰਸਕ੍ਰਿਤੀ ਉਤੇ ਜੋ ਪ੍ਰਭਾਵ ਪਿਆ ਹੈ, ਇਸ ਤੋਂ ਕਦਾਚਿਤ ਇਨਕਾਰ ਨਹੀਂ ਕੀਤਾ ਜਾ ਸਕਦਾ। ਇਹ ਤਾਂ ਆਪਣੇ ਮਾਪਿਆਂ ਵੱਲੋਂ ਮੁਨਕਰ ਹੋਣ ਵਾਲੀ ਗੱਲ ਹੋਵੇਗੀ। ਅਜਿਹਾ ਇਨਕਾਰ ਸਿੱਖਾਂ ਦੀ ਪ੍ਰਤਿਸ਼ਠਤਾ ਵਿਚ ਕੋਈ ਵਾਧਾ ਨਹੀਂ ਕਰਦਾ। ਜੋ ਕੁਝ ਵੀ ਉਚੇਰਾ ਤੇ ਉਤਮ ਹੈ, ਉਹ ਸਿੱਖੀ ਦੀ ਆਤਮਾ ਵਿਚ ਪ੍ਰਤੀਬਿੰਬਤ ਹੁੰਦਾ ਹੈ। ਇਸ ਸੰਬੰਧ ਵਿਚ ਇਹ ਵੀ ਕਿਹਾ ਜਾ ਸਕਦਾ ਹੈ ਕਿ ਨਾ ਕੇਵਲ ਹਿੰਦੂ ਸੰਸਕ੍ਰਿਤੀ ਹੀ, ਸਗੋਂ ਸੰਸਾਰ ਦੇ ਹੋਰ ਸਮਾਜਾਂ ਦੀ ਉਚੇ ਆਦਰਸ਼ਾਂ ਦੀ ਝਲਕ ਵੀ ਸਿੱਖ ਮੱਤ ਵਿਚ ਦੇਖੀ ਜਾ ਸਕਦੀ ਹੈ।

ਮੂਲ ਰੂਪ ਵਿਚ ਸਿੱਖ ਮੱਤ ਦੈਵੀ ਮਨੁੱਖਤਾ ਦੀ ਉਹ ਸੰਸਕ੍ਰਿਤੀ ਹੈ ਜਿਸ ਦਾ ਪ੍ਰਮੁੱਖ ਨੇਮ ਏਕਤਾ ਉਤੇ ਆਧਾਰਿਤ ਹੈ। ਏਕਤਾ ਦਾ ਅਨੁਭਵ ਮਨੋਭਾਵਾਂ ਤੇ ਕਰਮਾਂ ਦੁਆਰਾ ਹੋਣਾ ਚਾਹੀਦਾ ਹੈ ਨਾ ਕਿ ਕੇਵਲ ਚਿੰਤਨ ਤੇ ਸ਼ੁਭ ਉਦੇਸ਼ ਤੇ ਮਨੋਰਥਾਂ ਦੁਆਰਾ। ਏਕਤਾ ਦੇ ਨਿਰਜਿੰਦ ਸੰਕਲਪ ਦੇ ਟਾਕਰੇ ਵਿਚ ਵਿਭਿੰਨ ਸ਼ਕਲਾਂ ਸੂਰਤਾਂ ਤੇ ਰੂਪਾਂ ਵਿਚ ਦੈਵੀ ਅਨੇਕਤਾ ਦੀ ਭਾਵਨਾ ਵਿਚ ਵਾਸਤਵ ਵਿਚ ਏਕਤਾ ਦਾ ਸੂਤਰ ਹੀ ਵਧੇਰੇ ਪ੍ਰਬਲ ਹੈ। ਸਿੱਖ ਆਪਣੀ ਚੇਤੰਨਤਾ ਵਿਚ ਵਧੇਰੇ ਅਧਿਆਤਮਵਾਦੀ ਹੈ, ਪਰਾਭੌਤਿਕ-ਵਾਦੀ ਨਹੀਂ।

ਵੇਦਾਂਤ ਦੇ ਮਨੋਹਰ ਦਰਸ਼ਨ ਵਿਚ ਮਾਇਆ ਦੇ ਸਿਧਾਂਤ ਨੂੰ ਪਹਿਲ ਦਿੱਤੀ ਗਈ ਹੈ। ਇਸ ਲਈ ਇਹ ਸਿਧਾਂਤ ਸਮੁੱਚੇ ਭਾਰਤੀ ਮਨ ਉਤੇ ਛਾਇਆ ਹੋਇਆ ਹੈ। ਕੋਈ ਸਿੱਖ ਵੀ ਜੇ ਉਹ ਅਜਿਹਾ ਚਾਹੁੰਦਾ ਵੀ ਹੋਵੇ ਤਾਂ ਉਹ

ਵੇਦਾਂਤ ਦਰਸ਼ਨ ਦੇ ਇਸ ਮਾਇਆ ਦੇ ਸਿਧਾਂਤ ਤੋਂ ਅ-ਪ੍ਰਭਾਵਿਤ ਨਹੀਂ ਰਹਿ ਸਕਦਾ। ਇਸ ਸਿਧਾਂਤ ਦਾ ਵਰਣਨ 'ਯੋਗ ਵਸ਼ਿਸ਼ਟ' ਦੇ ਸਾਰੇ ਤਾਣੇ ਬਾਣੇ ਵਿਚ ਵਿਆਪਕ ਹੈ। ਭਾਰਤ ਦੇ ਸਾਰੇ ਧਰਮਾਂ ਦੇ ਪਿਛੋਕੜ ਵਿਚ ਵੇਦਾਂਤ ਹੀ ਕਰਮਸ਼ੀਲ ਦਰਸ਼ਨ ਰਿਹਾ। ਸਾਰੇ ਗਤੀਸ਼ੀਲ ਭਾਰਤੀ ਚਿੰਤਕਾਂ ਨੂੰ ਇਸ ਤੋਂ ਬਿਨਾਂ ਕੋਈ ਵੀ ਹੋਰ ਦਰਸ਼ਨ ਸੰਤੁਸ਼ਟ ਨਹੀਂ ਸੀ ਕਰਦਾ। ਸਭ ਭਾਰਤੀ ਧਰਮਾਂ ਤੇ ਸਾਹਿਤ ਦੀ ਇਹੀ ਮੁੱਖ ਧਾਰਨਾ ਰਹੀ ਹੈ ਕਿ ਇਹ ਬਾਹਰਮੁਖੀ ਸੰਸਾਰ ਮਿਥਿਆ ਜਾਂ ਮਾਇਆ ਹੈ। ਸਾਡਾ ਭਾਰਤੀ ਆਦਰਸ਼ਵਾਦ ਇਸ ਸਿਧਾਂਤ ਤੋਂ ਬਿਨਾਂ ਪੇਤਲਾ ਜਿਹਾ ਰਹਿ ਜਾਂਦਾ ਹੈ। ਵੇਦਾਂਤ ਦੇ ਅਦ੍ਵੈਤਵਾਦ ਤੋਂ ਬਿਨਾਂ ਸਾਡਾ ਧਰਮ ਅਤਿਆਧੁਨਿਕ ਰੂਪ ਧਾਰਨ ਕਰ ਜਾਂਦਾ ਹੈ। ਇਹ ਕੇਵਲ ਊਣਾ, ਗਲਾਧੜ ਤੇ ਬੇਰਸ ਜਿਹਾ ਹੀ ਰਹਿ ਜਾਵੇਗਾ। ਇਸ ਵਿਚ ਕੋਈ ਸੰਦੇਹ ਨਹੀਂ ਹੈ ਕਿ ਸਾਡੇ ਧਰਮ, ਸੰਸਕ੍ਰਿਤ ਸਾਹਿਤ ਦੀ ਜਾਣਕਾਰੀ ਤੇ ਇਸ ਦੇ ਬੌਧਿਕ ਪਿਛੋਕੜ ਤੋਂ ਬਿਨਾਂ ਸਖਣੇ ਹੀ ਰਹਿ ਜਾਣਗੇ।

ਇਸਲਾਮ ਦੇ ਵਿਪਰੀਤ ਭਾਰਤ ਵਿਚ ਸਿੱਖ ਮੱਤ ਵਿਦੇਸ਼ੀ ਜਾਂ ਓਪਰਾ ਨਹੀਂ ਹੈ। ਇਸਲਾਮ ਧਰਮ ਇਸ ਦੇਸ਼ ਦੀ ਸੰਸਕ੍ਰਿਤੀ ਤੋਂ ਅਭਿੱਜ ਤੇ ਓਪਰਾ ਹੈ ਜੋ ਕਈ ਸਦੀਆਂ ਵਿਚ ਇਸ ਦੇਸ਼ ਵਿਚ ਵਿਕਸਤ ਹੋਈ ਅਤੇ ਜਿਸ ਦਾ ਕਿ ਸ਼ਾਨਦਾਰ ਵਿਰਸਾ ਹੈ। ਭਾਰਤ ਵਿਚ ਮੁਸਲਿਮ ਵਿਚਾਰਧਾਰਾ ਉਤੇ ਸੰਸਕ੍ਰਿਤ ਦੀ ਥਾਂ ਅਰਬੀ ਅਤੇ ਭਾਰਤ ਦੀ ਥਾਂ ਅਰਬ ਦਾ ਰੰਗ ਵਧੇਰੇ ਚੜ੍ਹਿਆ ਹੋਇਆ ਹੈ। ਭਾਰਤ ਦੇ ਮੁਸਲਮਾਨ ਭਾਈਚਾਰੇ ਦਾ ਇਹ ਸਭ ਤੋਂ ਨਿਰਾਸ਼ਾਜਨਕ ਪੱਖ ਹੈ। ਉਹਨਾਂ ਮੁਸਲਮਾਨਾਂ ਲਈ ਜਿਨ੍ਹਾਂ ਨੇ ਇਸਲਾਮ ਦੇ ਪ੍ਰਭਾਵ ਥੱਲੇ ਧਰਮ-ਬਦਲੀ ਕਰ ਲਈ ਸੀ, ਇਹ ਗੱਲ ਹੋਰ ਵੀ ਚਿੰਤਾਜਨਕ ਹੈ। ਉਹਨਾਂ ਦੇ ਤਾਂ ਨਾਮ ਵੀ ਅਰਬਾਂ ਵਰਗੇ ਰੱਖੇ ਜਾਂਦੇ ਹਨ। ਹਾਲਾਂ ਕਿ ਸਾਡੇ ਦੇਸ਼ ਵਿਚ ਸੰਸਕ੍ਰਿਤ ਦੀ ਪਰੰਪਰਾ ਮੌਜੂਦ ਹੈ। ਉਹ ਤਾਂ ਆਪਣੀ ਮਾਤ-ਭਾਸ਼ਾ ਤੇ ਸਥਾਨਕ ਉਪ-ਭਾਸ਼ਾਵਾਂ ਨੂੰ ਵੀ ਬਦਲ ਦੇਣਾ ਚਾਹੁੰਦੇ ਹਨ ਅਤੇ ਭਾਰਤ ਤੋਂ ਬਾਹਰਲੇ ਇਸਲਾਮੀ ਜਗਤ ਦਾ ਭਾਗ ਬਣਨਾ ਚਾਹੁੰਦੇ ਹਨ। ਇਹ ਤਾਂ ਮਨੁੱਖੀ ਭਾਵਨਾਵਾਂ ਵਿਰੁੱਧ ਘੋਰ ਪਾਪ ਹੈ। ਮੁਸਲਮਾਨਾਂ ਲਈ ਭਾਵੇਂ ਇਹ ਗੱਲ ਚੰਗੀ ਹੋਵੇ, ਪਰ ਸਿੱਖਾਂ ਲਈ ਤਾਂ ਅਜਿਹਾ ਕਰ ਸਕਣਾ ਆਤਮਘਾਤ ਦੇ ਤੁਲ ਹੋਵੇਗਾ। ਸਿੱਖ ਕਿਸੇ ਤਰ੍ਹਾਂ ਵੀ ਭਾਰਤ ਲਈ ਓਪਰਾ ਨਹੀਂ ਹੈ। ਉਹ ਤਾਂ ਭਾਰਤ ਵਿਚ ਹੀ ਜਨਮਿਆ ਹੈ। ਭਾਰਤੀ ਸੰਸਕ੍ਰਿਤੀ ਦੇ ਸ਼ਾਨਦਾਰ ਵਿਰਸੇ ਦਾ ਉਹ ਸਵਾਮੀ ਹੈ। ਮੀਰਾਂ ਤੇ ਪ੍ਰਹਿਲਾਦ ਤੋਂ ਬਿਨਾਂ ਉਹ ਕਿਵੇਂ ਜਿਉਂਦਾ ਰਹਿ ਸਕਦਾ ਹੈ ? ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਨੂੰ ਸੰਸਕ੍ਰਿਤ ਪੜ੍ਹਨ ਲਈ ਬਨਾਰਸ ਭੇਜਿਆ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਕ੍ਰਿਸ਼ਨ ਲੀਲ੍ਹਾ (ਕ੍ਰਿਸ਼ਨ ਅਵਤਾਰ) ਦਾ ਆਪ ਅਨੁਵਾਦ ਕੀਤਾ ਹੈ। ਹਿੰਦੂ ਸੰਸਕ੍ਰਿਤੀ ਦਾ ਸਾਰਾ ਸ਼ਾਨਦਾਰ ਤੇ ਉਜਲ ਵਿਰਸਾ ਜੋ ਕਿ ਨੇਕੀ ਤੇ ਸ਼ੁਭ ਗੁਣਾਂ ਦਾ ਲਖਾਇਕ ਹੈ, ਸਿੱਖਾਂ ਨੂੰ ਵੀ ਪ੍ਰੇਰਿਤ ਤੇ ਉਤਸ਼ਾਹਤ ਕਰਦਾ ਹੈ। ਇਹ ਇਸੇ ਤਰ੍ਹਾਂ ਦੀ ਗੱਲ ਹੈ ਜਿਵੇਂ ਅਸੀਂ ਆਪਣੇ ਪਿਤਰਾਂ ਤੇ

ਪ ਦਾਦਿਆਂ ਦੇ ਖੂਨ ਨੂੰ ਆਪਣੀਆਂ ਨਾੜੀਆਂ ਵਿਚ ਚਲਦਾ ਅਨੁਭਵ ਕਰ ਉਤਸ਼ਾਹਤ ਹੁੰਦੇ ਹਾਂ। ਸਿੱਖਾਂ ਦੀ ਧਾਰਮਿਕ ਪੂਜਾ ਅਰਚਾ ਹਿੰਦੂ ਪਰੰਪਰਾ ਦੇ ਪ ਸਰੂਪ ਦਾ ਭਾਗ ਹੈ। ਸਿੱਖਾਂ ਦਾ ਚਿਹਰਾ ਮੋਹਰਾ ਤੇ ਚਾਲ ਢਾਲ ਹਿੰਦੂਆਂ ਰਗੀ ਹੈ, ਪਰ ਅਸੀਂ ਬ੍ਰਾਹਮਣਵਾਦ ਤੇ ਉਹਨਾਂ ਦੀ ਸਮਾਜਕ ਨਾ-ਬਰਾਬਰੀ ਾਲ ਮੱਤਭੇਦ ਰਖਦੇ ਹਾਂ। ਅਸੀਂ ਬ੍ਰਾਹਮਣਵਾਦ ਦੀ ਤੁਲਨਾ ਵਿਚ ਬੁੱਧ ਮੱਤ ਦੇ ਧੇਰੇ ਨੇੜੇ ਹਾਂ ਅਰਥਾਤ ਦਾਰਸ਼ਨਿਕ ਨਾਲੋਂ ਵਧੇਰੇ ਕਲਾਤਮਿਕ ਹਾਂ। ਭਗਵਾਨ ਧ ਦੀ ਸਰਵ ਸਾਧਾਰਨ ਮਾਨਵਤਾ ਸਾਡੇ ਲਈ ਅਧਿਆਤਮਿਕ ਲਕਸ਼ ਹੈ। ਤਿਹਾਸਕ ਤੌਰ 'ਤੇ ਭਗਵਾਨ ਬੁੱਧ ਪਹਿਲੇ ਵਿਅਕਤੀ ਸਨ ਜਿਨ੍ਹਾਂ ਨੇ ਸਮਾਜ ਜਨ-ਸਮੂਹ ਦੀ ਸ਼ੁਭ ਕਰਮਾਂ ਦੇ ਅਸ਼ਟਾਂਗ ਮਾਰਗ ਨੂੰ ਨਿਰਧਾਰਿਤ ਕੀਤਾ। ਤ ਬੁੱਧ ਦੇ ਸ਼ੁਧ ਬੁੱਧ ਮੱਤ ਨੂੰ ਬ੍ਰਾਹਮਣਵਾਦੀ ਸੂਖ਼ਮ ਵਿਚਾਰਾਂ ਤੇ ਸੰਸਕਾਰਾਂ ਵਿਕਰਿਤ ਕਰ ਦਿੱਤਾ। ਬੁੱਧ ਮੱਤ ਦਾ ਮਹਾਯਾਨ ਸਰੂਪ ਵਾਸਤਵ ਵਿਚ ਾਹਮਣਵਾਦ ਦਾ ਹੀ ਭੇਖ ਹੈ।

ਅੱਜ ਤੋਂ 300 ਸਾਲ ਪਹਿਲਾਂ ਭਾਈ ਗੁਰਦਾਸ ਬ੍ਰਾਹਮਣਾਂ ਦੇ ਇਸ਼ਟ ਵ ਸ਼ਿਵ ਜਾਂ ਜੋਗੀ (ਆਦਿ ਨਾਥ) ਨੂੰ 'ਤਾਮਸੀ' ਦਸਦੇ ਹਨ ਅਤੇ ਭਾਈ ਰਦਾਸ ਦੇ ਮੱਤ ਅਨੁਸਾਰ ਸਾਰੇ ਹਿੰਦੂ ਅਵਤਾਰ ਅਹੰ ਦਾ ਹੀ ਵੱਡ-ਆਕਾਰ ਨ। ਇਹ ਗੱਲ ਸਿੱਧ ਕਰਦੀ ਹੈ ਕਿ ਕਿਸ ਤਰ੍ਹਾਂ ਸਿੱਖ ਮੱਤ ਬ੍ਰਾਹਮਣਵਾਦ ਾਲ ਮੱਤਭੇਦ ਰਖਦਾ ਹੈ ਤੇ ਮਹਾਯਾਨ ਤੋਂ ਪੂਰਬਲੇ ਬੁੱਧ ਮੱਤ ਨਾਲ ਡੂੰਘੀ ਸਾਂਝ ਖਦਾ ਹੈ। ਸਾਡੀ ਮਾਤ-ਭੂਮੀ ਭਾਰਤ ਹੈ, ਸਾਡੀ ਭਾਸ਼ਾ ਦਾ ਸੰਸਕ੍ਰਿਤ ਤੋਂ ਨਿਕਾਸ ਇਆ ਹੈ। ਸਾਡਾ ਦ੍ਰਿਸ਼ਟੀਕੋਣ ਵਧੇਰੇ ਆਧੁਨਿਕ ਹੈ, ਪਰ ਅਸੀਂ ਪ੍ਰਹਿਲਾਦ ਤੇ ਸ਼ਨ ਜੀ ਜਿੰਨੇ ਵੀ ਪ੍ਰਾਚੀਨ ਹਾਂ।

ਸਾਡੇ ਇਤਿਹਾਸ ਦੇ ਪਿਛਲੇ 500 ਵਰ੍ਹੇ ਪ੍ਰਚੰਡ ਰੂਪ ਵਿਚ ਕਰਮਸ਼ੀਲ ਰਹੇ ਨ। ਫਲਸਰੂਪ ਅਸੀਂ ਭਾਰਤ ਦੇ ਅਧੋਗਤੀ ਵਾਲੇ ਭੂਤਕਾਲ ਤੋਂ ਬਾਹਰ ਆ ਏ ਹਾਂ। ਭਾਰਤ ਦੀ ਰਾਜਨੀਤਕ ਅਖੰਡਤਾ ਨੂੰ ਸਥਿਰ ਰੱਖਣ ਲਈ ਇਹ ਗੱਲ ਹਿਲੀ ਸ਼ਰਾਰਤਪੂਰਨ ਹੈ ਕਿ ਅਸੀਂ ਹਿੰਦੂ ਸਮਾਜ ਵਿਚੋਂ ਨਹੀਂ ਹਾਂ। ਦੂਜੇ ਬੰਨੇ ਹ ਗੱਲ ਵੀ ਸ਼ਰਾਰਤਪੂਰਨ ਹੈ ਕਿ ਮੁਸਲਮਾਨਾਂ ਨਾਲ ਸਾਡਾ ਕੋਈ ਸੰਬੰਧ ਹੀਂ ਹੈ। ਹਿੰਦੂਆਂ ਨਾਲ ਕੇਵਲ ਉਹਨਾਂ ਨੁਕਤਿਆਂ ਉਤੇ ਮੱਤਭੇਦਾਂ ਨੂੰ ਵਧਾ ੜ੍ਹਾ ਕੇ ਕਹਿਣਾ ਜੋ ਕਿ ਮੂਲ ਰੂਪ ਦੇ ਨਹੀਂ ਹਨ, ਵੀ ਸ਼ਰਾਰਤ ਭਰੀ ਗੱਲ । ਗੁਰੂ ਗੋਬਿੰਦ ਸਿੰਘ ਜੀ ਨੇ ਭਾਰਤ ਦੀ ਆਜ਼ਾਦੀ ਲਈ ਜਿਹੜੇ ਹਿੰਦੂ ਮਾਜ ਨੂੰ ਆਪਣੇ ਝੰਡੇ ਥੱਲੇ ਸੰਗਠਿਤ ਕਰ ਲਿਆ ਸੀ, ਉਹਨਾਂ ਦਾ ਹਿੰਦੂਆਂ ਆਪ ਹੀ ਤਿਆਗ ਕਰ ਦਿੱਤਾ ਹੈ। ਅਜਿਹਾ ਕਰਨਾ ਉਹਨਾਂ ਲਈ ਇਕ ਰ੍ਹਾਂ ਦੀ ਆਤਮਘਾਤੀ ਗੱਲ ਹੀ ਹੋ ਸਕਦੀ ਹੈ। ਗੁਰੂ ਸਾਹਿਬਾਨ ਨੇ ਤਾਂ ਹਿੰਦੂ ਮਾਜ ਨੂੰ ਮਾਨਸਿਕ, ਆਤਮਿਕ ਤੇ ਰਾਜਨੀਤਕ ਸੁਤੰਤਰਤਾ ਦਾ ਰਾਹ ਦਰਸਾਇਆ । ਹਿੰਦੂ ਸਮਾਜ ਨੇ ਇਕ ਪ੍ਰਕਾਰ ਦੇ ਝੂਠੇ ਸਵੈ-ਅਭਿਮਾਨ ਦੇ ਕਾਰਨ ਆਪਣੇ ਾਪ ਨੂੰ ਉਸ ਪੁਨਰ-ਉਥਾਨ ਦੀ ਲਹਿਰ ਨਾਲੋਂ ਵੱਖ ਕਰ ਲਿਆ ਜੋ ਕਿ ਸਿੱਖ

ਗੁਰੂ ਸਾਹਿਬਾਨ ਨੇ ਲਿਆਂਦੀ ਹੈ। ਹਿੰਦੂਆਂ ਲਈ ਵੀ ਸੁਤੰਤਰਤਾ ਦੀ ਪ੍ਰਾਪਤੀ ਦਾ ਮਾਰਗ ਗੁਰੂ ਸਾਹਿਬਾਨ ਵਾਲਾ ਹੀ ਹੋ ਸਕਦਾ ਹੈ। ਜਿੰਨਾਂ ਚਿਰ ਤੱਕ ਉਹ ਗੁਰੂ ਗਰੰਥ ਸਾਹਿਬ ਨੂੰ ਨਵੀਂ ਗੀਤਾ ਦੇ ਰੂਪ ਵਿਚ ਸਵੀਕਾਰ ਨਹੀਂ ਕਰਦੇ, ਪ੍ਰਾਚੀਨ ਧਰਮ ਗਰੰਥ ਰਾਮਾਇਣ ਤੇ ਮਹਾਂ ਭਾਰਤ ਦੀਆਂ ਕਥਾਵਾਂ 30 ਕਰੋੜ ਲੋਕਾਂ ਵਿਚ ਨਵਾਂ ਉਤਸ਼ਾਹ ਤੇ ਪ੍ਰੇਰਨਾ ਨਹੀਂ ਜਗਾ ਸਕਦੀਆਂ। ਇਹਨਾਂ ਦੀ ਸੂਤਰ-ਬੱਧ, ਪਰਾਭੌਤਿਕ ਤੇ ਧਰਮ-ਸ਼ਾਸਤਰੀ ਗਿਆਨ ਦੇ ਭਾਰ ਨੇ ਕਮਰ ਤੋੜ ਦਿੱਤੀ ਹੋਈ ਹੈ। ਇਹਨਾਂ ਦੇ ਪੱਲੇ ਪਰਾਭੌਤਿਕ ਮਾਨਸਿਕਤਾ ਦੇ ਫਲਸਰੂਪ ਰਾਜਨੀਤਕ ਗ਼ੁਲਾਮੀ ਆ ਪਈ ਹੈ।

ਆਧੁਨਿਕ ਇਸਲਾਮੀ ਭਾਈਚਾਰਾ ਭਾਵੇਂ ਉਹ ਗ਼ੈਰ ਇਸਲਾਮੀ ਫਿਰਕਿਆਂ ਲਈ ਕਿੰਨਾਂ ਵੀ ਆਕਰਮਣਕਾਰੀ ਕਿਉਂ ਨਾ ਹੋਵੇ, ਆਪਣੇ ਵਿਚ ਵਿਸ਼ੇਸ਼ ਰੂਪ ਦੀ ਇਕਸਾਰਤਾ ਲਈ ਬੈਠਾ ਹੈ। ਇਸ ਕਾਰਨ ਉਹ ਪੂਰਬ ਦੇ ਬਹੁਤ ਸਾਰੇ ਲੋਕਾਂ ਨਾਲੋਂ ਵਧੇਰੇ ਸੂਤਰਬੱਧ ਢੰਗ ਨਾਲ ਪਦਾਰਥਕ ਉਨਤੀ ਕਰ ਸਕਦੇ ਹਨ। ਬਾਕੀ ਲੋਕ ਤਾਂ ਇਸ ਤਰ੍ਹਾਂ ਇਕ ਦੂਜੇ ਤੋਂ ਨਿਖੜੇ ਤੇ ਬੁਰੀ ਤਰ੍ਹਾਂ ਆਪਸ ਵਿਚ ਵੰਡੇ ਹੋਏ ਹਨ। ਧਾਰਮਿਕ ਵਹਿਮਾਂ ਭਰਮਾਂ ਤੇ ਧਰਮ-ਸ਼ਾਸਤਰੀ ਅਣਯਥਾਰਥ ਜਾਂ ਉਹਨਾਂ ਵਿਚ ਇਸ ਤਰ੍ਹਾਂ ਸੂਤਰਬੱਧ ਤੇ ਸੁਚੇਤ ਰੂਪ ਵਿਚ ਪ੍ਰਚਾਰ ਕੀਤਾ ਗਿਆ ਹੈ ਕਿ ਉਹ ਉਸ ਨੂੰ ਜੀਵਨ ਯਥਾਰਥ ਮੰਨ ਰਹੇ ਹਨ। ਆਧੁਨਿਕ ਕਾਲ ਦੇ ਮਾਨਵੀ ਮਸਲਿਆਂ ਦੇ ਪ੍ਰਕਰਨ ਵਿਚ ਨਵਾਂ ਸੰਤੁਲਨ ਲਿਆਉਣ ਲਈ ਜ਼ਰੂਰੀ ਹੈ ਕਿ ਘੜੀ ਦਾ ਪੈਂਡੂਲਮ ਹੁਣ ਦੂਜੇ ਬੰਨੇ ਲਿਆਂਦਾ ਜਾਵੇ। ਜਿਵੇਂ ਮੈਂ ਪਹਿਲਾਂ ਸੰਕੇਤ ਕੀਤਾ ਹੈ ਕਿ ਜੇ ਹਿੰਦੂ ਸਮਾਜ ਨੇ ਆਧੁਨਿਕ ਸੰਸਾਰ ਦੇ ਨਵ-ਨਿਰਮਾਣ ਵਿਚ ਕੁਝ ਯੋਗਦਾਨ ਕਰਨਾ ਹੈ ਤਾਂ ਉਸ ਨੂੰ ਗੁਰੂ ਗਰੰਥ ਸਾਹਿਬ ਨੂੰ ਨਵੇਂ ਵੇਦ, ਨਵੀਂ ਗੀਤਾ ਤੇ ਨਵੇਂ ਉਪਨਿਸ਼ਦਾਂ ਦੇ ਰੂਪ ਵਿਚ ਪ੍ਰਵਾਨ ਕਰਨਾ ਹੋਵੇਗਾ। ਮਨੁੱਖੀ ਸਮਾਜ ਦੀ ਪ੍ਰਗਤੀ ਦੀ ਯੋਜਨਾ ਵਿਚ ਅਧਿਆਤਮਿਕਤਾ ਦਾ ਭੌਤਿਕ ਵਿਗਿਆਨ ਮੌਜੂਦ ਹੈ। ਇਸ ਗੱਲ ਨੂੰ ਸਾਡੇ ਹਿੰਦੂ ਸਮਾਜ ਨੇ ਅੱਖੋਂ ਪਰੋਖੇ ਕਰ ਦਿੱਤਾ ਹੈ। ਪਰ ਪੱਛਮੀ ਜਾਤੀਆਂ ਵਿਚ ਇਸ ਦਾ ਅਨੁਭਵ ਕੀਤਾ ਜਾ ਰਿਹਾ ਹੈ। ਆਪਣੇ ਵਿਸ਼ਾਲ ਤੇ ਵਿਆਪਕ ਦ੍ਰਿਸ਼ਟੀਕੋਣ ਕਾਰਨ 'ਖ਼ਾਲਸਾ' ਨੂੰ ਸੰਸਾਰਕ ਤੇ ਅਧਿਆਤਮਿਕ ਪ੍ਰਭੂ-ਸਤਾ ਪ੍ਰਾਪਤ ਹੋਵੇਗੀ ਅਤੇ ਅੱਗੋਂ ਜਾਂ ਪਿੱਛੋਂ ਸਭ ਇਸ ਨੂੰ ਪ੍ਰਵਾਨ ਕਰਨਗੇ। ਕੇਵਲ ਉਹਨਾਂ ਦੀ ਹੀ ਸੁਰੱਖਿਆ ਹੋਵੇਗੀ ਜੋ ਇਸ ਦੇ ਝੰਡੇ ਥੱਲੇ ਆ ਜੁੜਨਗੇ। ਹਿੰਦੂ ਸਮਾਜ ਨੇ ਹੁਣ ਤੱਕ ਗੁਰੂ ਸਾਹਿਬਾਨ ਦੀ ਇਸ ਸਿਰਜਣਾ ਅਰਥਾਤ 'ਖ਼ਾਲਸਾ' ਨੂੰ ਪੂਰੀ ਤਰ੍ਹਾਂ ਸਮਝਿਆ ਤੇ ਅਨੁਭਵ ਕੀਤਾ। ਭਾਰਤ ਦੇ ਮਹਾਨ ਹਿੰਦੂ ਚਿੰਤਕ ਤਿਲਕ, ਅਰਵਿੰਦੂ ਤੇ ਟੈਗੋਰ ਗੀਤਾ ਉਪਨਿਸ਼ਦਾਂ ਦੀ ਨਵੀਂ ਵਿਆਖਿਆ ਕਰ ਰਹੇ ਹਨ ਤਾਂ ਜੋ ਪੱਛਮ ਦੇ ਆਧੁਨਿਕ ਦਰਸ਼ਨ ਤੇ ਵਿਗਿਆਨਕ ਨਿਸ਼ਕਰਸ਼ਾਂ ਦੇ ਨਾਲ ਸਾਵਾਂ ਬਰ ਮੇਚਿਆ ਜਾ ਸਕੇ, ਪਰ ਉਹ ਇਸ ਗੱਲ ਨੂੰ ਨਹੀਂ ਦੇਖ ਰਹੇ ਕਿ ਅੱਜ ਤੋਂ 500 ਸਾਲ ਪਹਿਲਾਂ ਇਸ ਅਭਾਗੇ ਦੇਸ਼ ਵਿਚ ਉਹਨਾਂ ਦੇ ਹੀ ਦੇਸ਼ਵਾਸੀਆਂ ਅਰਥਾਤ ਸਿੱਖ

ਗੁਰੂ ਸਾਹਿਬਾਨ ਨੇ ਸਮਾਜ ਵਿਚ ਇਸ ਆਧੁਨਿਕ ਵਿਚਾਰਧਾਰਾ ਦਾ ਸਿੰਚਾਰ ਖ਼ਾਲਸਾ' ਦੀ ਸਿਰਜਣਾ ਕਰਕੇ ਕਰ ਦਿੱਤਾ ਸੀ। ਗੁਰੂ ਸਾਹਿਬਾਨ ਨੇ ਆਪਣੇ ਜੀਵਨ ਦੁਆਰਾ ਇਸ ਸਨਾਤਨ ਦੇਸ਼ ਵਿਚ ਇਕ ਨਵੇਂ ਦੇਸ਼ ਤੇ ਨਵੀਂ ਮਾਨਵ ਜਾਤੀ ਦੀ ਸਿਰਜਣਾ ਕੀਤੀ। ਉਹਨਾਂ ਨੇ ਇਕ ਅਜਿਹਾ ਧਰਮ ਸਥਾਪਤ ਕੀਤਾ ਜਿਸ ਦਾ ਮਨੁੱਖ ਵਿਚ ਵਿਸ਼ਵਾਸ ਸੀ ਅਤੇ ਜਿਸ ਵਿਚ ਅਧਿਆਤਮਿਕ ਉਨਤੀ ਲਈ ਪ੍ਰੇਰਨਾ ਮੌਜੂਦ ਸੀ। ਗੁਰੂ ਸਾਹਿਬ ਦੀ ਸਿਰਜੀ ਹੋਈ ਇਕ ਅਜਿਹੀ ਬੀਰਭਾਵੀ ਜਾਤੀ ਦਾ ਜਨਮ ਹੋਇਆ ਜਿਸ ਨੇ ਨਵ-ਆਬਾਦਕਾਰੀ ਨੂੰ ਜ਼ਿੰਦਗੀ ਦੇ ਹਰ ਮੋੜ 'ਤੇ ਅਪਣਾ ਲਿਆ ਤੇ ਖੇਤੀਬਾੜੀ ਅਤੇ ਹੋਰ ਖੇਤਰਾਂ ਵਿਚ ਮੱਲਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਪੁਰਾਤਨ ਸਭ ਧਰਮ ਗਰੰਥਾਂ ਦੀ ਤੁਲਨਾ ਵਿਚ ਗੁਰੂ ਗਰੰਥ ਸਾਹਿਬ ਹੀ ਇਕ ਅਜਿਹਾ ਧਰਮ ਗਰੰਥ ਹੈ ਜਿਸ ਨੂੰ ਆਧੁਨਿਕ ਯੁਗ ਤੇ ਵਿਚਾਰਧਾਰਾ ਨਾਲ ਸਾਵਾਂ ਉਤਰਨ ਲਈ ਕਿਸੇ ਭੰਨ ਤੋੜ ਜਾਂ ਤਰਮੀਮ ਦੀ ਲੋੜ ਨਹੀਂ ਹੈ। ਇਸ ਵਿਚ ਪ੍ਰਾਚੀਨ ਧਰਮ ਗਰੰਥਾਂ ਦੇ ਦਰਸ਼ਨ ਨੂੰ ਇਕ ਸਜੀਵ ਸਮੂਹ ਦੇ ਰੂਪ ਵਿਚ ਆਪਣੇ ਅੰਤਰਗਤ ਸਮੋ ਲਿਆ ਗਿਆ ਹੈ। ਸਿੱਖੀ ਜੀਵਨ ਦੇ ਆਦਰਸ਼ਾਂ ਵਿਚ ਇਸਤਰੀ ਤੇ ਪੁਰਸ਼ ਦੇ ਕੁਦਰਤੀ ਸਰੂਪ ਨੂੰ ਪ੍ਰਮਾਣਿਤ ਕੀਤਾ ਗਿਆ ਹੈ।

ਹਿੰਦੂ ਗੁਰੂ ਗੋਬਿੰਦ ਸਿੰਘ ਜੀ ਨੂੰ ਸਮਝਣ ਵਿਚ ਅਸਫਲ ਰਹੇ, ਪਰ ਗੁਰੂ ਗੋਬਿੰਦ ਸਿੰਘ ਜੀ ਨੇ ਉਹਨਾਂ ਦਾ ਤਿਆਗ ਨਹੀਂ ਕੀਤਾ। ਉਹ ਗੁਰੂ ਗੋਬਿੰਦ ਸਿੰਘ ਜੀ ਨੂੰ ਸਮਝ ਨਹੀਂ ਸਕੇ, ਪਰ ਗੁਰੂ ਗੋਬਿੰਦ ਸਿੰਘ ਜੀ ਨੇ ਉਹਨਾਂ ਨੂੰ ਸਮਝ ਲਿਆ ਹੋਇਆ ਸੀ। ਉਹ ਤਾਂ ਗੁਰੂ ਜੀ ਬਾਰੇ ਉਦਾਸੀਨਤਾ ਤੇ ਦੁਪਰਿਆਰਤਾ ਰਖਦੇ ਸਨ ਤੇ ਇਥੋਂ ਤੱਕ ਕਿ ਉਹਨਾਂ ਦੇ ਵਿਰੁੱਧ ਵੀ ਹੋ ਗਏ ਸਨ। ਇਹ ਬੜਾ ਜ਼ਰੂਰੀ ਹੈ ਕਿ ਸਿੱਖ ਸੰਸਕ੍ਰਿਤੀ ਦੇ ਮੂਲ ਸੁਭਾ ਦੀਆਂ ਅਦੁੱਤੀ ਵਿਸ਼ੇਸ਼ਤਾਵਾਂ ਤੋਂ ਜਾਣੂੰ ਕਰਵਾਇਆ ਜਾਵੇ। ਇਸ ਦੀ ਪ੍ਰਗਤੀ ਲਈ ਇਸ ਤਰ੍ਹਾਂ ਦੀ ਨਿਆਰੀ ਵਿਆਖਿਆ ਬੜੀ ਲੋੜੀਂਦੀ ਹੈ।

## VIII

ਗੁਰੂ ਸਾਹਿਬਾਨ ਨੇ ਜਿਹੜੀ ਸੰਸਕ੍ਰਿਤੀ ਦੀ ਸਿਰਜਣਾ ਕੀਤੀ, ਜੇ ਇਕ ਸ਼ਬਦ ਵਿਚ ਕਹਿਣਾ ਹੋਵੇ ਤਾਂ ਉਹ 'ਸਰਬ ਮਨ ਦੀ ਦੈਵੀ ਸੰਸਕ੍ਰਿਤੀ' ਹੈ। ਗੁਰੂ ਜੀ ਸਮਾਨ ਸਿੱਖ ਵੀ ਧੁੱਪ, ਹਵਾ ਤੇ ਪਾਣੀ ਸਮਾਨ ਸਭ ਲਈ ਹੈ। ਉਹ ਤਾਂ ਸੰਸਕ੍ਰਿਤੀ ਤੇ ਸਿਸ਼ਟਾਚਾਰ ਦਾ ਸਾਖਿਆਤ ਸਰੂਪ ਹੈ, ਪ੍ਰੇਮ ਦਾ ਅਵਤਾਰ ਹੈ ਤੇ ਮਨੁੱਖਤਾ ਦੀ ਮਿੱਠੜੀ ਭਿੰਨੀ ਉਹ ਮਹਿਕ ਹੈ ਜੋ ਮੁਰਦਾ ਆਤਮਾਵਾਂ ਨੂੰ ਸੁਰਜੀਤ ਕਰ ਦਿੰਦੀ ਹੈ। ਸੰਸਾਰ ਵਿਚ ਮਨੁੱਖ ਵੀ ਬਹੁਤ ਥੋੜ੍ਹੇ ਹਨ, ਪਰ ਸਿੱਖ ਤਾਂ ਵਿਰਲੇ ਵਿਰਲੇ ਹੀ ਹਨ।

ਸਾਰਾ ਭੂਤਕਾਲ ਤੇ ਭਾਰਤ ਦਾ ਸਮੁੱਚਾ ਭੂਤਕਾਲ ਆਪਣੀ ਅਧਿਆਤਮਿਕ ਸੰਸਕ੍ਰਿਤੀ ਸਹਿਤ ਗੁਰੂ ਸਾਹਿਬਾਨ ਦੇ ਮਨ ਵਿਚ ਜੀਵਤ ਸੀ, ਪਰ ਗੁਰੂ ਜੀ ਦੇ ਵਿਸ਼ਾਲ ਵਿਅਕਤੀਤਵ ਦੇ ਪ੍ਰਤੀਬਿੰਬ ਹੀ ਮੈਨੂੰ ਭਵਿੱਖ ਵਿਚ ਚਮਕਦੇ ਦਿਖਾਈ

ਦਿੰਦੇ ਹਨ। ਇਸ ਪਲ ਜਾਂ ਵਰਤਮਾਨ ਛਿਣ ਵਿਚ ਇਹੀ ਮੇਰੇ ਲਈ ਵਧੇਰੇ ਖਿੱਚ ਰਖਦੇ ਹਨ ਅਤੇ ਮੇਰੀ ਰੁਚੀ ਇਸ ਉਤੇ ਹੀ ਕੇਂਦਰਿਤ ਹੈ। ਵਾਲਟ-ਵਿਟਮੈਨ ਆਪਣੇ ਲੋਕਤੰਤਰੀ ਗੀਤਾਂ ਵਿਚ ਲਗਭਗ ਗੁਰੂ ਸਾਹਿਬਾਨ ਦੇ ਮਹਾਨ ਵਿਚਾਰਾਂ ਦਾ ਹੀ ਗਾਇਨ ਕਰਦਾ ਹੈ। ਸਰ ਓਲੀਵਰ ਲਾਜ ਤੇ ਬਰਟਰੈਂਡ ਰਸਲ ਵਰਗੇ ਚਿੰਤਕਾਂ ਦੇ ਵਿਚਾਰ ਤੇ ਅਨੁਭਵ ਕਿਵੇਂ ਗੁਰੂ ਸਾਹਿਬਾਨ ਦੇ ਭਵਿੱਖ ਵਾਚਕ ਦ੍ਰਿਸ਼ਟੀਕੋਣ ਨਾਲ ਮੇਲ ਖਾਂਦੇ ਹਨ, ਇਹ ਵੇਖ ਕੇ ਮੇਰਾ ਹਿਰਦਾ ਦ੍ਰਵ ਜਾਂਦਾ ਹੈ ਕਿ ਕਿਵੇਂ ਗੁਰੂ ਗਰੰਥ ਸਾਹਿਬ ਦੀ ਬਾਣੀ ਵਿਚ ਭਵਿੱਖ ਵਾਚਕ ਦ੍ਰਿਸ਼ਟੀਕੋਣ ਵਿਦਮਾਨ ਹੈ। ਇਸ ਪੁਸਤਕ ਦਾ ਉਦੇਸ਼ ਇਸ ਗੱਲ ਦਾ ਪ੍ਰਗਟਾਵਾ ਕਰਨਾ ਨਹੀਂ ਹੈ ਕਿ ਭਾਰਤ ਦੀ ਹਿੰਦੂ ਸੰਸਕ੍ਰਿਤੀ ਵਿਚ ਕੀ ਕੁਝ ਮਹਾਨ ਹੈ। ਇਸ ਬਾਰੇ ਤਾਂ ਪਹਿਲਾਂ ਹੀ ਬੜਾ ਕੁਝ ਦੱਸਿਆ ਜਾ ਚੁੱਕਾ ਹੈ। ਸੰਸਾਰ ਇਸ ਤੋਂ ਭਲੀ ਪ੍ਰਕਾਰ ਜਾਣੂੰ ਹੈ। ਇਸ ਪੁਸਤਕ ਦਾ ਉਦੇਸ਼ ਵਿਸ਼ੇਸ਼ ਰੂਪ ਵਿਚ ਇਹ ਦੱਸਣਾ ਹੈ ਕਿ ਸਿੱਖ ਸੰਸਕ੍ਰਿਤੀ ਦੀਆਂ ਮੂਲ ਧਾਰਨਾਵਾਂ ਕੀ ਹਨ ਅਤੇ ਇਸ ਦੀਆਂ ਕਿਹੜੀਆਂ ਕਿਹੜੀਆਂ ਵਿਲੱਖਣ ਵਿਸ਼ੇਸ਼ਤਾਵਾਂ ਹਨ। ਮੈਂ ਬ੍ਰਾਹਮਣਵਾਦ, ਸਿੱਖ ਮੱਤ ਤੇ ਬੁੱਧ ਮੱਤ ਬਾਰੇ ਉਲੇਖ ਕਰ ਚੁੱਕਾ ਹਾਂ ਅਤੇ ਇਹਨਾਂ ਦੀ ਪ੍ਰਸਪਰ ਤੁਲਨਾ ਵੀ ਕਰ ਚੁੱਕਾ ਹਾਂ ਜੋ ਕਿ ਮੇਰੀ ਆਤਮਾ ਦੇ ਨਿੱਜ ਅਨੁਭਵ ਉਤੇ ਆਧਾਰਿਤ ਹੈ। ਮੇਰਾ ਵਿਸ਼ਵਾਸ ਹੈ ਕਿ ਇਤਿਹਾਸ ਆਪ ਆ ਕੇ ਮੈਨੂੰ ਸੋਝੀ ਕਰਾਉਂਦਾ ਹੈ, ਮੇਰੇ ਕੰਨਾਂ ਵਿਚ ਕੁਝ ਕਹਿੰਦਾ ਹੈ। ਇਸ ਨੂੰ ਮੇਰੇ ਤੋਂ ਬਿਨਾਂ ਹੋਰ ਕੋਈ ਨਹੀਂ ਸੁਣ ਸਕਦਾ। ਮੈਂ ਪਿਛਲੇ ਯੁਗਾਂ ਵਿਚ ਵੀ ਵਿਚਰਿਆ ਹਾਂ ਅਤੇ ਇਸ ਸਭ ਕੁਝ ਬਾਰੇ ਮੇਰੀ ਆਪਣੀ ਵਿਅਕਤੀਗਤ ਚੇਤਨਾ ਵੀ ਸਜੀਵ ਹੈ। ਇਹ ਸਭ ਕੁਝ ਮੇਰੀ ਵਰਤਮਾਨ 'ਮੈਂ' ਨੂੰ ਮਨੁੱਖ ਦੇ ਭੂਤਕਾਲੀਨ ਸਮੁੱਚੇ ਅਨੁਭਵ ਦਾ ਇਕ ਵਾਹਨ ਮਾਤਰ ਹੀ ਬਣਾ ਰਿਹਾ ਹੈ। ਇਸ ਲਈ ਇਹ ਸੰਵਾਦ ਨਿਰੋਲ ਸ਼ਾਸਤਰਾਰਥ ਨਹੀਂ, ਸਗੋਂ ਮੇਰੀ ਆਤਮਾ ਦੇ ਖ਼ੂਨ ਨਾਲ ਸਿੰਜੇ ਗਏ ਚਿੰਤਨ ਦਾ ਮੰਥਨ ਹੈ। ਇਹ ਤਾਂ ਮੇਰੀ ਆਤਮਾ ਦਾ ਅਨੁਭਵ ਹੈ ਜੋ ਭਾਵੇਂ ਗ਼ਲਤ ਹੋਵੇ ਭਾਵੇਂ ਠੀਕ, ਪਰ ਇਸ ਦਾ ਆਪਣਾ ਹੀ ਅਧਿਕਾਰ ਅਤੇ ਵਿਲੱਖਣਤਾ ਹੈ।

## IX

ਜੇ ਮੈਂ ਇਸ ਦਰਸ਼ਨ ਨੂੰ ਨਿਖੇੜ ਕੇ ਦੱਸਣਾ ਹੋਵੇ ਤਾਂ ਜੋ ਇਸ ਦਾ ਕੁਝ ਹੋਰ ਮੰਥਨ ਹੋ ਸਕੇ ਤਾਂ ਗੁਰੂ ਸਾਹਿਬ ਨੇ ਇਹ ਨਿਖੇੜ ਇਸ ਤਰ੍ਹਾਂ ਕਰ ਦਿੱਤਾ ਹੈ ਕਿ ਅਸੀਮ ਆਤਮ-ਸਤਾ ਭੌਤਿਕ ਸਸੀਮ ਵਿਚ ਯਥਾਰਥ ਰੂਪ ਵਿਚ ਵਿਆਪਕ ਹੈ। ਇਸੇ ਭੌਤਿਕ ਸਸੀਮ ਦੇ ਕੇਂਦਰ-ਬਿੰਦੂ ਵਿਚ ਅਸੀਮ ਦ੍ਰਿਸ਼ਟਮਾਨ ਹੈ। ਇਸ ਸਸੀਮ ਕੇਂਦਰ ਤੋਂ ਹੀ ਅਸੀਮ ਦੇ ਪ੍ਰਕਾਸ਼ ਦਾ ਪ੍ਰਸਾਰ ਹੁੰਦਾ ਹੈ। ਇਸ ਦ੍ਰਿਸ਼ਟੀਕੋਣ ਦੇ ਆਧਾਰ 'ਤੇ ਅਸੀਂ ਇਹ ਕਹਿ ਸਕਦੇ ਹਾਂ ਕਿ ਕੋਈ ਵੀ ਆਤਮਿਕ ਜੀਵਨ ਜਿਸ ਦਾ ਆਧਾਰ ਇਸ ਮਿਕਨਾਤੀਸੀ ਭੌਤਿਕ ਸਸੀਮ ਵਿਚ ਨਹੀਂ ਹੈ, ਜੋ ਕਿ ਪ੍ਰਭੂ ਚੇਤੰਨਤਾ ਦਾ ਪ੍ਰਸਾਰ ਕੇਂਦਰ ਹੈ—ਇਕ ਪ੍ਰਕਾਰ ਦੀ ਮਿਥ ਤੇ ਛਲਾਵਾ ਹੀ ਹੈ। 'ਪ੍ਰਭੂ ਦਾ ਸੰਕਲਪ' ਜਾਂ 'ਸੰਕਲਪਿਤ ਪ੍ਰਭੂ' ਉਹਨਾਂ ਸਭ

ਲਈ ਇਕ ਮਿਥ ਹੀ ਰਹੇਗਾ ਜਿਨ੍ਹਾਂ ਨੇ ਗੁਰੂ ਦੇ ਮੁਖਾਰ-ਬਿੰਦ ਤੋਂ ਉਸ ਦੇ ਨਾਮ ਨੂੰ ਸਰਵਣ ਨਹੀਂ ਕੀਤਾ। ਇਹੋ ਹੀ ਗੁਰੂ ਨਾਨਕ ਦੇ ਦਰਸ਼ਨ ਦਾ ਵਿਸ਼ਾ ਹੈ। ਏਹਨਾਂ ਪ੍ਰਸਥਿਤੀਆਂ ਵਿਚ ਸਭ ਵਿਵਹਾਰਕ ਉਦੇਸ਼ਾਂ ਲਈ ਗੁਰੂ ਹੀ ਪ੍ਰਭੂ ਹੈ। ਅਨੰਤ ਬਾਰੇ ਠੀਕ ਜਾਂ ਗ਼ਲਤ ਪ੍ਰਕਾਰ ਦੀ ਚਰਚਾ ਤੇ ਵਾਦ-ਵਿਵਾਦ ਪ੍ਰਮਾਤਮਾ ਦੇ ਸੰਬੰਧ ਵਿਚ ਕੇਵਲ ਮਾਨਸਿਕ ਅਮੂਰਤ ਚਿੰਤਨ ਜਾਂ ਸੰਕਲਪ ਮਾਤਰ ਹੀ ਹਨ ਅਤੇ ਇਹ ਵਸਤੂਆਂ ਦੇ ਯਥਾਰਥ ਜਾਂ ਪ੍ਰਮਾਤਮਾ ਦੇ ਸੰਬੰਧ ਵਿਚ ਨਿਰਜਿੰਦ ਤੇ ਅਮੂਰਤ ਸੰਕਲਪ ਹੀ ਹਨ। ਆਤਮਾ ਦੀਆਂ ਭਿੰਨ ਭਿੰਨ ਅਧਿਆਤਮਿਕ ਅਵਸਥਾਵਾਂ ਬਾਰੇ ਸੱਚ ਤੇ ਯਥਾਰਥ ਉਤੇ ਆਧਾਰਿਤ ਗਿਆਨ ਤੇ ਅਨੁਭਵ ਏਹਨਾਂ ਅਮੂਰਤ ਸੰਕਲਪਾਂ ਨਾਲ ਮੇਲ ਨਹੀਂ ਖਾਂਦੇ। ਭਾਵੇਂ ਇਹ ਵਰਣਨ ਵੀ ਅੰਸ਼ਕ ਤੇ ਸਾਪੇਖਕ ਹੁੰਦੇ ਹਨ। ਬੁੱਧੀਵੇਤਾ ਮਨੁੱਖ ਜਿਸ ਤਰ੍ਹਾਂ ਪਰਮ ਤੱਤ ਦਾ ਅਸੀਮੀਕਰਨ ਤੇ ਅਨਿੱਜੀਕਰਨ ਕਰਦੇ ਹਨ, ਉਹ ਸਿਧਾਂਤਕ ਦਰਸ਼ਨ ਤਾਂ ਹੋ ਸਕਦਾ ਹੈ, ਪਰ ਇਹ ਜੀਵਨ ਦੀ ਸਜਿੰਦ ਕਲਾ ਨਹੀਂ ਹੋ ਸਕਦਾ। ਇਸ ਦੇ ਵੇਪਰੀਤ ਅਸੀਮ ਦਾ ਸਸੀਮੀਕਰਨ ਅਰਥਾਤ ਪ੍ਰਮਾਤਮਾ ਨੂੰ ਗੁਰੂ ਦੇ ਰੂਪ ਵਿਚੋਂ ਨਿਹਾਰਨਾ ਵਿਸ਼ੇਸ਼ ਰੂਪ ਨੂੰ ਗੁਣਾਂਤੀਤ ਸੁੰਦਰਤਾ ਦੇ ਰੂਪ ਵਿਚ ਨਿਰੂਪਤ ਕਰਨਾ ਹੈ, ਕਿਉਂਜੋ ਸੁੰਦਰਤਾ ਰੂਪਾਂ ਦੁਆਰਾ ਹੀ ਪ੍ਰਗਟ ਹੁੰਦੀ ਹੈ ਅਤੇ ਫਿਰ ਮਨੁੱਖੀ ਭਾਵਨਾਵਾਂ ਦੀ ਤਰਲਤਾ ਦੀ ਸ਼ਾਨ ਵਿਚੋਂ ਅਸੀਂ ਇਸ ਸਸੀਮ ਦਾ ਅਸੀਮੀਕਰਨ ਕਰ ਸਕਦੇ ਹਾਂ ਅਰਥਾਤ ਗੁਰੂ ਨੂੰ ਪਾਰਬ੍ਰਹਮ ਵਜੋਂ ਜਾਣ ਸਕਦੇ ਹਾਂ ਜੋ ਰੂਪ ਦਾ ਗੁਣਾਂਤੀਤ ਸਰੂਪ ਹੈ ਕਿਉਂਕਿ ਮਨੁੱਖ ਦੀ ਅੰਤਰੀਵ ਸੰਸਕ੍ਰਿਤੀ ਦਾ ਇਹੋ ਹੀ ਕਲਾਮਈ ਸਰੂਪ ਹੁੰਦਾ ਹੈ। ਇਸ ਨੁਕਤੇ ਵਿਚ ਹੀ ਬ੍ਰਾਮਣਵਾਦੀ ਤੇ ਸਿੱਖ ਮੱਤ ਦਾ ਅੰਤਰ ਲੁਕਿਆ ਹੋਇਆ ਹੈ। ਸਿੱਖ ਮੱਤ ਬੁੱਧ ਮੱਤ ਦੀ ਨਿਆਈਂ ਕਲਾਤਮਿਕ, ਅਧਿਆਤਮਿਕ ਅਤੇ ਨਿੱਜੀ ਹੈ ਅਤੇ ਦੂਜੇ ਬੰਨੇ ਬ੍ਰਾਹਮਣ ਮੱਤ ਪਰਾਭੌਤਿਕ, ਨਿਰੋਲ ਮਾਨਸਿਕ ਅਤੇ ਅਨਿੱਜੀ ਹੈ। ਇਕ ਦ੍ਰਿਸ਼ਟਮਾਨ ਤੋਂ ਆਪਣਾ ਆਰੰਭ ਕਰਦਾ ਹੈ ਅਤੇ ਇਸ ਨੂੰ ਅੱਗੇ ਵਿਸਥਾਰ ਦਿੰਦਾ ਹੈ। ਦੂਜਾ ਅਦ੍ਰਿਸ਼ਟ ਤੋਂ ਆਰੰਭ ਕਰਕੇ ਮਾਨਸਿਕ ਕਲਪਨਾ ਦੁਆਰਾ ਹੀ ਇਸ ਦੀ ਵਿਆਖਿਆ ਕਰਦਾ ਹੈ। ਜੀਵਨ ਤਾਂ ਰੂਪ ਦੁਆਰਾ ਹੀ ਕਾਇਮ ਹੈ। ਰੂਪ ਸਦੀਵੀ ਯਥਾਰਥ ਹੁੰਦੇ ਹਨ। ਰੂਪ ਵਿਚ ਹੀ ਸੁੰਦਰਤਾ ਵਿਦਮਾਨ ਹੈ ਅਤੇ ਗੁਰੂ ਜੀ ਨੇ 'ਓਮ' ਦੇ ਰੂਪ ਦੀ ਹੀ ਅਰਾਧਨਾ ਕੀਤੀ ਹੈ। ਗੁਰੂ ਜੀ ਦਾ 'ਓਮ' ਸ਼ਬਦ ਦਾ ਸਜੀਵ ਸਰੂਪ ਹੈ। ਇਸ ਵਿਚ ਸਰਬ ਸ੍ਰਿਸ਼ਟੀ ਆ ਜਾਂਦੀ ਹੈ ਜੋ ਕਿ ਆਤਮਾ ਦਾ ਭੇਖ ਜਾਂ ਪਹਿਨਣ ਹੈ। ਇਸ ਸੁੰਦਰਤਾ ਦੀ ਆਤਮਾ ਗੁਰੂ ਹੈ। ਸਿੱਖ ਲਈ ਇਹ 'ਓਮ' ਤਾਂ ਗੁਰੂ ਨਾਨਕ ਆਪ ਹੀ ਹਨ। ਗੁਰੂ ਨਾਨਕ ਦੇਵ ਜੀ ਨੇ ਇਸਲਾਮ ਦੀ ਪਰੰਪਰਾ ਨੂੰ ਮੁਸਲਮਾਨਾਂ ਲਈ ਸੁਰਜੀਤ ਕੀਤਾ ਅਤੇ ਹਿੰਦੂ ਪਰੰਪਰਾ ਨੂੰ ਹਿੰਦੂਆਂ ਲਈ ਪੁਨਰ-ਸਥਾਪਤ ਕੀਤਾ। ਤੁਹਾਡੇ ਅਨੁਭਵ ਵਿਚ ਜੋ ਵੀ ਕੋਈ ਨਿੱਜੀ ਪ੍ਰਭੂ-ਪ੍ਰੀਤਮ ਦਾ ਸਰੂਪ ਆਉਂਦਾ ਹੈ, ਉਸ ਨੂੰ ਲੱਭ ਲਵੋ।

ਗੁਰੂ ਸਾਹਿਬ ਆਪਣੇ ਸ਼ਰਧਾ ਭਰਪੂਰ ਨਾਮ ਅਭਿਆਸ ਦੁਆਰਾ ਜੀਵਨ

ਦੇ ਸਭ ਦਾਰਸ਼ਨਿਕ ਵਰਗਾਂ ਦੀ ਪੂਰਤੀ ਕਰ ਜਾਂਦੇ ਹਨ। ਪਰ ਇਹ ਪੂਰਨ ਰੂਪ ਵਿਚ ਕਿਸੇ ਹੋਰ ਦਾਰਸ਼ਨਿਕ ਮੱਤ ਨਾਲ ਮੇਲ ਨਹੀਂ ਖਾਂਦੇ। ਗੁਰੂ ਦਾ ਸ਼ਬਦ ਦਾ ਰਹੱਸ ਸਭ ਦੇਸ਼ਾਂ ਤੇ ਕਾਲਾਂ ਵਿਚ ਵਿਆਪਕ ਹੈ। ਹਰ ਦਾਰਸ਼ਨਿਕ ਮੱਤ ਬਾਰੇ ਗੁਰੂ ਜੀ ਦੀ ਪਹੁੰਚ ਵਿਸ਼ੇਸ਼ ਪ੍ਰਕਾਰ ਦੀ ਹੈ ਕਿ ਜਿਹੜਾ ਵੀ ਕੋਈ ਮੱਤ ਯਥਾਰਥ ਦੇ ਬੋਧ ਲਈ ਸੁਹਿਰਦ ਯਤਨ ਕਰਦਾ ਹੈ, ਉਹ ਉਥੋਂ ਤੱਕ ਠੀਕ ਹੈ, ਪਰ ਇਸ ਤੋਂ ਅੱਗੇ ਅਤੇ ਪਰੇ ਮਨੁੱਖੀ ਮਨ ਦੇ ਦਿਸਹੱਦਿਆਂ ਦੀ ਵਖਰਤਾ ਵਿਚ ਸਭ ਕੁਝ ਗੁਆਚ ਜਾਂਦਾ ਹੈ। ਮਨੁੱਖੀ ਵਿਚਾਰਧਾਰਾ ਦੀ ਕੋਈ ਵੀ ਪੱਧਤੀ ਜਾਂ ਪ੍ਰਬੰਧ ਅਸੀਮ ਦੀ ਸਿੱਧੀ ਰੇਖਾ ਉਪਰ ਨਹੀਂ ਚੱਲ ਸਕਦਾ। ਹਰ ਪੱਧਤੀ ਦਾ ਆਪਣਾ ਹੀ ਇਕ ਟੇਢ ਜਾਂ ਵਕਰ ਹੋਵੇਗਾ ਜਿਸ ਤੋਂ ਪਰੇ ਉਹ ਅੱਗੇ ਨਹੀਂ ਜਾ ਸਕੇਗਾ। ਇਸ ਲਈ ਗੁਰੂ ਜੀ ਸਭ ਮੱਤਾਂ ਦੀ ਪੂਰਤੀ ਕਰ ਜਾਂਦੇ ਹਨ ਅਤੇ ਉਹਨਾਂ ਦਾ ਮੱਤ ਇਤਨਾਂ ਸਰਵ-ਵਿਆਪਕ ਹੈ ਕਿ ਉਹ ਕਿਸੇ ਵੀ ਇਕ ਵਰਗ ਨਾਲ ਆਪਣੇ ਆਪ ਨੂੰ ਜੋੜਨਾ ਨਹੀਂ ਚਾਹੁੰਦਾ। ਨਾ ਹੀ ਕਿਸੇ ਵਿਸ਼ੇਸ਼ ਵਰਗੀਕਰਨ ਵਿਚ ਆਉਂਦਾ ਹੈ। ਫਿਰ ਵੀ ਇਹ ਗੁਰਮਤਿ ਸਭ ਦੇਸ਼ਾਂ ਤੇ ਸਭ ਕਾਲਾਂ ਅਥਵਾ ਸਭ ਚਿੰਤਨ ਧਾਰਾਵਾਂ ਵਿਚ ਆਪਣੇ ਹੀ ਵਿਸ਼ੇਸ਼ ਪ੍ਰਕਾਸ਼ ਵਿਚ ਲੱਸ ਰਿਹਾ ਹੈ। ਕੋਈ ਇਹ ਨਹੀਂ ਕਹਿ ਸਕਦਾ ਕਿ ਗੁਰੂ ਜੀ ਇਹ ਗੱਲ ਕਹਿੰਦੇ ਹਨ ਤੇ ਇਹ ਗੱਲ ਨਹੀਂ ਕਹਿੰਦੇ। ਗੁਰੂ ਜੀ ਦੀ ਆਵਾਜ਼ ਤਾਂ ਪ੍ਰਕ੍ਰਿਤੀ ਤੇ ਪ੍ਰਭੂ ਸਮਾਨ ਹੈ। ਉਹਨਾਂ ਦੇ ਸ਼ਬਦਾਂ ਦੀ ਵਿਆਖਿਆ ਸਹੰਸਰ ਰੂਪਾਂ ਵਿਚ ਕੀਤੀ ਜਾ ਸਕਦੀ ਹੈ। ਇਹ ਵਿਆਖਿਆ ਵੇਦਾਂ ਵਿਚ ਹੈ ਤੇ ਵੇਦਾਂ ਵਿਚ ਨਹੀਂ ਵੀ ਹੈ। ਇਹ ਖਟ-ਸ਼ਾਸਤਰਾਂ ਵਿਚ ਹੈ ਵੀ ਤੇ ਨਹੀਂ ਵੀ। ਇਹ ਕੁਰਾਨ, ਅੰਜੀਲ ਤੇ ਜੈਂਡ ਅਵੇਸਤਾ ਵਿਚ ਵੀ ਹੈ ਤੇ ਨਹੀਂ ਵੀ, ਫਿਰ ਉਹ ਕੀ ਹੈ ? ਇਹ ਗੱਲ ਪ੍ਰਭੂ ਦੇ ਜਿਗਿਆਸੂ ਦੇ ਨਿੱਜੀ ਅਨੁਭਵ ਉਤੇ ਛੱਡ ਦਿੱਤੀ ਗਈ ਹੈ ਕਿ ਉਸ ਨੂੰ ਪ੍ਰਭੂ ਦਾ ਕਿਸ ਪ੍ਰਕਾਰ ਦਾ ਅਨੁਭਵ ਹੁੰਦਾ ਹੈ। ਹਰ ਕੋਈ ਗੁਰੂ ਨੂੰ ਆਪਣੀ ਸਮਰੱਥਾ ਅਨੁਸਾਰ ਨਿੱਜੀ ਅਨੁਭਵ ਦੁਆਰਾ ਜਾਣ ਸਕਦਾ ਹੈ। ਗੁਰੂ ਜੀ ਪ੍ਰਭੂ ਦੇ ਸਾਰੇ ਜਿਗਿਆਸੂਆਂ ਨੂੰ ਅਪਣਾਉਂਦੇ ਹਨ ਪਰ ਇਸ ਸੰਬੰਧ ਵਿਚ ਉਹ ਯਤਨਸ਼ੀਲ ਜਾਂ ਕਰਮਸ਼ੀਲ ਜਿਗਿਆਸੂਆਂ ਨੂੰ ਚਾਹੁੰਦੇ ਹਨ ਨਾ ਕਿ ਜ਼ਬਾਨੀ ਜਮ੍ਹਾਂ ਖਰਚ ਕਰਨ ਵਾਲੇ ਗਾਲੜੀਆਂ ਨੂੰ। ਗੁਰੂ ਜੀ ਇਕ ਸ਼ਿਲਪੀ ਤੇ ਕਲਾਕਾਰ ਨੂੰ ਵਧੇਰੇ ਅਪਣਾਉਂਦੇ ਹਨ ਨਾ ਕਿ ਇਕ ਪਰਾਭੌਤਿਕ ਸਿਧਾਂਤਕਾਰ ਨੂੰ।

ਪੰਜਾਬ ਦੇ ਕਵੀ ਭਾਈ ਵੀਰ ਸਿੰਘ ਨੇ ਜੋ ਇਕ ਰਹੱਸਵਾਦੀ ਤੇ ਆਧੁਨਿਕ ਸਿੱਖ ਸੇਵਕ ਦਾ ਸਰੂਪ ਹਨ, ਨੇ ਮੈਨੂੰ ਇਕ ਵਾਰ ਇਹ ਦੱਸਿਆ ਸੀ, "ਗੁਰੂ ਜੀ ਦੇ ਮੱਤ ਬਾਰੇ ਕਿਸੇ ਇਕ ਦ੍ਰਿਸ਼ਟੀਕੋਣ ਦਾ ਨਿਰਮਾਣ ਕਰ ਲੈਣਾ ਬੜਾ ਕਠਿਨ ਹੈ, ਪਰ ਜੇ ਸਾਰੇ ਦ੍ਰਿਸ਼ਟੀਕੋਣਾਂ ਨੂੰ ਜੋੜ ਲਿਆ ਜਾਵੇ ਤਾਂ ਇਹ ਸਾਰੇ ਮਿਲ ਕੇ ਉਸ ਦੇ ਸੰਪੂਰਨ ਮਨ ਦੀ ਦਸ਼ਾ ਤੱਕ ਪਹੁੰਚ ਸਕਦੇ ਹਨ। ਫਿਰ ਵੀ ਇਹਨਾਂ ਦੇ ਵੱਖ ਵੱਖ ਭਾਗਾਂ ਤੇ ਸਮੂਹ ਦਾ ਤਿਆਗ ਕਰਨਾ ਹੋਵੇਗਾ। ਕੋਈ ਵੀ ਇਕ ਦ੍ਰਿਸ਼ਟੀਕੋਣ ਪੂਰਾ ਨਹੀਂ ਉਤਰ ਸਕਦਾ। ਉਹ ਤਾਂ ਸਾਡੇ ਸਾਰੇ

ਦ੍ਰਿਸ਼ਟੀਕੋਣਾਂ ਤੋਂ ਵਡੇਰੇ ਹਨ। ਕਈ ਵਾਰ ਮੈਂ ਗੁਰੂ ਜੀ ਦੇ ਪ੍ਰਭੂ ਬਾਰੇ ਦੱਸੇ ਹੋਏ ਇਕ ਸਰੂਪ ਨੂੰ ਸਨਮੁਖ ਰਖਦਾ ਹਾਂ ਫਿਰ ਵੀ ਇੰਜ ਪ੍ਰਤੀਤ ਹੁੰਦਾ ਹੈ ਕਿ ਇਹ ਹੀ ਇਕ ਖ਼ਾਸ ਨੁਕਤੇ ਤੱਕ ਸਾਨੂੰ ਅਪਣਾਉਂਦਾ ਹੈ, ਉਸ ਤੋਂ ਅੱਗੇ ਨਹੀਂ। ਪ੍ਰਮਾਤਮਾ ਤਾਂ ਸਥੂਲ ਧਾਤ ਤੋਂ ਕੀਤੇ ਗਏ ਨੈਤਿਕ ਉਦਾਤੀਕਰਨ ਦਾ ਸਰੂਪ ਹੈ ਅਤੇ ਇਸ ਸਥੂਲ ਧਾਤ ਵਿਚੋਂ ਉਤਪੰਨ ਹੋਈ ਇਸ ਨੈਤਿਕ ਭਾਵਨਾ ਦੇ ਜੋੜ ਵਿਚ ਹੀ ਨਿਰੰਤਰ ਵਾਧਾ ਹੁੰਦਾ ਰਹਿੰਦਾ ਹੈ, ਪਰ ਇਸ ਦਾ ਆਪਣਾ ਪ੍ਰਕਾਸ਼ ਤੇ ਚਮਕ ਏਨੀ ਸੰਪੂਰਨ ਹੈ ਕਿ ਇਸ ਵਿਚ ਕੋਈ ਵਾਧਾ ਨਹੀਂ ਕੀਤਾ ਜਾ ਸਕਦਾ। ਜੋ ਕੁਝ ਵੀ ਉਸ ਦਾ ਸਰੂਪ ਹੈ, ਉਹ ਪੂਰਨ ਹੈ। ਸੰਪੂਰਨ ਆਤਮਾ 'ਤੇ ਜਦੋਂ ਕੋਈ ਜੇਸ ਤੱਕ ਪੁੱਜਣ ਦਾ ਯਤਨ ਕਰਦਾ ਹੈ ਤਾਂ ਉਸ ਦੇ ਸਰੂਪ ਵਿਚ ਹੋਰ ਵਾਧਾ ਹੁੰਦਾ ਰਹਿੰਦਾ ਹੈ। ਇਹੋ ਹੀ ਪ੍ਰਮਾਤਮਾ ਹੈ। ਸਭ ਤੋਂ ਮਹੱਤਵਪੂਰਨ ਗੱਲ ਤਾਂ ਏਹੋ ਹੀ ਹੈ ਕਿ ਮਨੁੱਖ ਵਿਚ ਪ੍ਰਭੂ ਦੇ ਗੁਣ ਉਤਪੰਨ ਹੋਣ। ਗੁਰੂ ਨਾਨਕ ਦੇਵ ਜੀ ਦਾ ਪ੍ਰਭੂ-ਪ੍ਰੀਤਮ ਤਾਂ ਹਜ਼ਰਤ ਮੁਹੰਮਦ ਦੇ ਅੱਲਾ ਸਮਾਨ ਨਿੱਜੀ ਹੈ ਅਤੇ ਹਿੰਦੂਆਂ ਦੇ ਅਨੰਤ ਪਾਰਬ੍ਰਹਮ ਦੇ ਸਮਾਨ ਵੀ ਹੈ ਅਤੇ ਇਸਾਈ ਮੱਤ ਦੇ ਪ੍ਰਭੂ ਨੂੰ ਪਿਤਾ ਦੇ ਮੰਨਣ ਦੇ ਸੰਕਲਪ ਸਮਾਨ ਵੀ ਹੈ। ਗੁਰੂ ਜੀ ਦੇ ਦੱਸੇ ਹੋਏ ਸਿਮਰਨ ਦੇ ਸੰਕਲਪ ਵਿਚ ਜੋ ਕੁਝ ਵੀ ਸੁੰਦਰ ਤੇ ਸ਼ੁਭ ਹੈ, ਨੂੰ ਚਿਤਵਨ ਦੀ ਪ੍ਰੇਰਨਾਸ਼ੀਲ ਵਿਧੀ ਦਾ ਵਿਧਾਨ ਹੈ। ਸਿਮਰਨ ਦੁਆਰਾ ਮਨੁੱਖ ਵਿਚ ਗੁਲਾਬ ਵਰਗੀ ਭਿੰਨੀ ਮਹਿਕ ਨਿਰੰਤਰ ਆਉਂਦੀ ਰਹਿੰਦੀ ਹੈ ਤੇ ਪ੍ਰਭੂ ਦੇ ਵਿਰੋਸਾਏ ਸਰੀਰ ਸ਼ੁਧ ਆਤਮਾ ਦਾ ਸਰੂਪ ਹੀ ਹੋ ਜਾਂਦੇ ਹਨ। ਸਰੀਰਕ ਭੋਗ ਜੀਵਨ ਨੂੰ ਹੋਰ ਵਿਅਰਥ ਗਵਾ ਦਿੰਦੇ ਹਨ। ਜਿਨ੍ਹਾਂ ਦੀ ਜਵਾਨੀ ਦੀ ਅਵਸਥਾ ਵੀ ਸਿਮਰਨ ਤੋਂ ਵਿਹੂਣੀ ਲੰਘੀ ਹੁੰਦੀ ਹੈ ਉਹ ਤਾਂ ਇਸ ਹੱਡ-ਚੰਮ ਦੇ ਸਰੀਰ ਦੇ ਹੋਰ ਸਿਥਲ ਤੇ ਨਕਾਰਾ ਹੋਣ ਦੀ ਪ੍ਰਕ੍ਰਿਆ ਨੂੰ ਹੀ ਹੰਢਾ ਰਹੇ ਹੁੰਦੇ ਹਨ। ਹਰ ਪ੍ਰਾਣੀ ਦੀ ਜਵਾਨੀ ਤਾਂ ਪ੍ਰਭੂ ਵਰਗੀ ਹੀ ਕੋਈ ਵਸਤੂ ਹੁੰਦੀ ਹੈ। ਕਿੰਨਾਂ ਵਚਿਤਰ ਹੈ ਇਹ ਸਭ ਕੁਝ ! ਸੁੰਦਰਤਾ ਦਾ ਸਮੂਹ ਸੰਸਾਰ ਸਿੱਖ ਨੂੰ ਆਤਮਿਕ ਹੁਲਾਰਾ ਬਖ਼ਸ਼ਦਾ ਹੈ। ਗੁਰੂ ਵਿਰੋਸਾਏ ਅਰਥਾਤ ਗੁਰੂ ਜੀ ਦੀ ਛੁਹ ਪ੍ਰਾਪਤ ਕਰ ਚੁੱਕੇ ਹਿਰਦੇ ਵਿਚ ਸੁੰਦਰਤਾ ਉਤੇ ਸਰੀਰਕ ਰੂਪ ਵਿਚ ਕਬਜ਼ਾ ਕਰਨ ਦੀ ਪ੍ਰਵਿਰਤੀ ਕਦਾਚਿਤ ਨਹੀਂ ਜਾਗ ਸਕਦੀ। ਸੁੰਦਰਤਾ ਤਾਂ ਆਤਮਾ ਦਾ ਯਥਾਰਥ ਹੈ। ਸੁੰਦਰਤਾ ਦਾ ਆਭਾਸ ਤਾਂ ਤਨ ਤੇ ਮਨ ਤੋਂ ਪਰੇ ਦੀ ਗੱਲ ਹੈ ਤੇ ਇਸ ਤੋਂ ਉਪਰ ਦੀ ਗੱਲ ਹੈ, ਫਿਰ ਵੀ ਇਸ ਦਾ ਆਭਾਸ ਇਹਨਾਂ ਲਈ ਹੀ ਹੁੰਦਾ ਹੈ। ਸਿੱਖ ਦੀ ਚੇਤੰਨਤਾ ਉਪਰ ਗੁਰੂ ਦੇ ਦੇਵਤਿਆਂ ਦਾ ਪਹਿਰਾ ਹੁੰਦਾ ਹੈ। ਉਹ ਉਸ ਨੂੰ ਸਹਾਰਾ ਦਿੰਦੇ ਹਨ ਤੇ ਉਸ ਨੂੰ ਇਕ ਅਜਿਹੇ ਪੱਧਰ ਉਤੇ ਸੁਰੱਖਿਅਤ ਰਖਦੇ ਹਨ ਕਿ ਉਸ ਦੀ ਹਾਲਤ ਨਾ ਤਾਂ ਮੰਗਤੇ ਵਾਲੀ ਹੀ ਹੋ ਜਾਵੇ ਤੇ ਨਾ ਇਕ ਝੂਠੇ ਦੰਭੀ ਵਾਲੀ। ਆਤਮਾ ਦੀ ਇਸ ਨਿਰਪੇਖ ਬਹੁਰੂਪਤਾ ਵਿਚ ਸਿੱਖ ਦੀ ਆਤਮਾ ਸਦਾ ਅੰਤਰਮੁਖੀ ਅਵਸਥਾ ਵਿਚ ਵਿਚਰਦੀ ਹੈ। ਇੰਜ ਪ੍ਰਤੀਤ ਹੁੰਦਾ ਹੈ ਕਿ ਸਿੱਖ ਦੀ ਆਤਮਾ ਵਿਚ ਸ਼ਕਤੀਸ਼ਾਲੀ ਸਪਰਿੰਗ ਰੱਖੇ ਗਏ ਹਨ ਜੋ ਬੜੇ ਅਪਰੰਪਰਪਾਰ ਤੇ ਲਚਕੀਲੇ

ਹਨ। ਸਿੱਖ ਦੁੱਖਾਂ ਤੇ ਕਸ਼ਟਾਂ ਦੇ ਭਾਰ ਥੱਲੇ ਦਬਿਆ ਹੋਇਆ ਆਪਣੀ ਸਲੀਬ ਆਪਣੀ ਪਿੱਠ ਉਤੇ ਚੁਕੀ ਫਿਰਦਾ ਹੈ ਤੇ ਕਈ ਵਾਰ ਤਾਂ ਇੰਜ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਇਹ ਬੋਝ ਉਸ ਦੀ ਕਮਰ ਤੋੜ ਦੇਵੇਗਾ, ਪਰ ਫਿਰ ਇਕਦਮ ਇਹ ਸਪਰਿੰਗ ਆਪਣਾ ਕਾਰਜ ਕਰਕੇ ਉਹਨਾਂ ਦੁਖਾਂ ਤੇ ਕਸ਼ਟਾਂ ਦੇ ਭਾਰ ਨੂੰ ਇੰਜ ਦੂਰ ਕਰ ਦਿੰਦੇ ਹਨ, ਜਿਵੇਂ ਸ਼ਾਹਬਾਜ਼ ਦੇ ਖੰਭ ਹਿਲਾਉਣ ਨਾਲ ਤ੍ਰੇਲ-ਮਣੀਆਂ ਹੇਠਾਂ ਝੜ ਜਾਂਦੀਆਂ ਹਨ। ਇਸ ਪ੍ਰਭੂ ਚੇਤੰਨਤਾ ਵਿਚ ਵਿਚਰਨ ਲਈ ਵਿਧੀ ਪ੍ਰਭੂ ਦੇ ਨਾਮ ਨੂੰ ਸਿਮਰਨ ਦੀ ਹੀ ਹੈ। ਇਸ ਆਤਮਿਕ ਉਥਾਨ ਨੂੰ ਸੁਰੱਖਿਅਤ ਤੇ ਸਥਿਰ ਰੱਖਣਾ ਹੀ ਸਿੱਖ ਦੇ ਵਿਅਕਤੀਤਵ ਦੀ ਅੰਤਰੀਵ ਪ੍ਰਕ੍ਰਿਆ ਹੁੰਦੀ ਹੈ। ਇਹ ਦੈਵੀ ਪ੍ਰੇਰਨਾ ਪ੍ਰਤੀ ਇਤਨਾਂ ਸੰਵੇਦਨਸ਼ੀਲ ਹੁੰਦਾ ਹੈ ਜਿਵੇਂ ਕਿ ਲਾਜਵੰਤੀ ਦੀਆਂ ਪੱਤੀਆਂ ਮਨੁੱਖੀ ਛੁਹ ਪ੍ਰਤੀ ਸੰਵੇਦਨਸ਼ੀਲ ਹੁੰਦੀਆਂ ਹਨ, ਸਗੋਂ ਉਹਨਾਂ ਤੋਂ ਵੀ ਵਧੇਰੇ। ਪਰਉਪਕਾਰਵਾਦ ਜਾਂ ਦੂਜੇ ਮਨੁੱਖਾਂ ਤੇ ਜੀਵਾਂ ਦੀ ਭਲਾਈ ਜਾਂ ਲੋੜਵੰਦਾਂ ਦੀ ਸੇਵਾ ਦੇ ਗੁਣ ਸਿੱਖ ਵਿਚ ਆਪਣੇ ਕੁਦਰਤੀ ਰੂਪ ਵਿਚ ਹੀ ਇਸ ਤਰ੍ਹਾਂ ਵਿਦਮਾਨ ਹੁੰਦੇ ਹਨ, ਜਿਸ ਤਰ੍ਹਾਂ ਬ੍ਰਿਛਾਂ ਦੇ ਨਾਲ ਪਰਛਾਵੇਂ। ਉਸ ਨੂੰ ਕਦੇ ਇਹ ਆਭਾਸ ਨਹੀਂ ਹੋਇਆ ਕਿ ਉਹ ਕੋਈ ਅਜਿਹੀ ਭਲਾਈ ਕਰ ਰਿਹਾ ਹੈ, ਫਿਰ ਵੀ ਉਹ ਇਹ ਸਭ ਕੁਝ ਜੋ ਸ਼ੁਭ ਹੁੰਦਾ ਹੈ, ਕਰੀ ਜਾਂਦਾ ਹੈ। ਉਹ ਸਭ ਤੋਂ ਪਹਿਲਾਂ ਆਪਣੇ ਆਪ ਤੇ ਦੂਜਿਆਂ ਲਈ ਮਨੁੱਖ ਹੁੰਦਾ ਹੈ, ਫਿਰ ਉਹ ਪ੍ਰਭੂ ਹੁੰਦਾ ਹੈ। ਨਿਰੋਲ ਆਪਣੇ ਲਈ ਆਪਣੇ ਅੰਤਹਿਕਰਣ ਵਿਚ ਤੇ ਫਿਰ ਆਪਣੇ ਪ੍ਰਭੂ ਲਈ। ਉਹ ਇਹ ਅਨੁਭਵ ਕਰਦਾ ਹੈ ਕਿ ਉਸ ਦੀ ਮੁਕਤੀ ਇਸ ਪ੍ਰਭੂ ਚੇਤੰਨਤਾ ਦੇ ਪਰਪੱਕ ਹੋਣ ਵਿਚ ਤੇ ਗੁਰੂ ਦੇ ਪ੍ਰੇਮ ਵਿਚ ਹੈ। ਉਸ ਨੂੰ ਇਹ ਵੀ ਆਭਾਸ ਹੁੰਦਾ ਹੈ ਕਿ ਉਸ ਦੇ ਸਰੀਰ ਦੀ ਪ੍ਰਫੁੱਲਤਾ ਉਸ ਦੀ ਉਸ ਮਨੁੱਖੀ ਕਿਰਤ ਦੁਆਰਾ ਹੋ ਸਕਦੀ ਹੈ ਜਿਸ ਨੂੰ ਕਿ ਆਧੁਨਿਕ ਯੁਗ ਦੇ ਬੁੱਧੀਵੇਤਾ 'ਮਾਨਵਵਾਦੀ ਸੇਵਾ' ਦੀ ਸੰਗਿਆ ਦਿੰਦੇ ਹਨ। ਪਰ ਇਸ ਸਮੇਂ ਉਹ ਸਦਾ ਨਾਮ ਦੀ ਹੋਂਦ ਵਿਚ ਇਤਨਾਂ ਭਰਪੂਰ ਹੁੰਦਾ ਹੈ ਕਿ ਉਸ ਦਾ ਆਪਣੇ ਕੀਤੇ ਜਾ ਰਹੇ ਕਾਰਜਾਂ ਵੱਲ ਕੋਈ ਧਿਆਨ ਹੀ ਨਹੀਂ ਹੁੰਦਾ। ਇਹ ਇਸ ਤਰ੍ਹਾਂ ਸਿਰੇ ਚੜ੍ਹਦੇ ਜਾਂਦੇ ਹਨ ਜਿਵੇਂ ਉਸ ਦੇ ਅੰਦਰੋਂ ਕੋਈ ਮਹਿਕ ਆ ਰਹੀ ਹੋਵੇ। ਜਿਸ ਤਰ੍ਹਾਂ ਗੁਲਾਬ ਵਿਚੋਂ ਮਹਿਕ ਦਾ ਉਤਪੰਨ ਹੋਣਾ ਉਸ ਫੁੱਲ ਦਾ ਗੁਣ ਹੈ, ਇਸੇ ਤਰ੍ਹਾਂ ਭਲਿਆਈ ਸਿੱਖ ਦਾ ਕੁਦਰਤੀ ਗੁਣ ਹੁੰਦਾ ਹੈ।

X

ਕੁਝ ਵਸ਼ਿਸ਼ਟ ਆਧੁਨਿਕ ਹਿੰਦੂ ਲੇਖਕ ਗੀਤਾ ਤੇ ਉਪਨਿਸ਼ਦਾਂ ਦੀ ਆਧੁਨਿਕ ਢੰਗ ਦੀ ਵਿਆਖਿਆ ਕਰ ਰਹੇ ਹਨ, ਪਰ ਅਜਿਹੇ ਯਤਨ ਉਹਨਾਂ ਪਰੰਪਰਾਗਤ ਵਿਸ਼ਵਾਸਾਂ ਦੇ ਵਿਪਰੀਤ ਹਨ ਜੋ ਇਹਨਾਂ ਮਹਾਨ ਗਰੰਥਾਂ ਦੁਆਲੇ ਅਤੀਤ ਤੋਂ ਜੁੜੇ ਆ ਰਹੇ ਹਨ। ਭਾਵੇਂ ਇਹਨਾਂ ਧਰਮ ਗਰੰਥਾਂ ਦੀ ਆਧੁਨਿਕ ਢੰਗ ਨਾਲ ਵਿਆਖਿਆ ਕਰਨੀ ਬੜੀ ਸੌਖੀ ਹੈ, ਫਿਰ ਵੀ ਇਹ ਉਸ ਤਰ੍ਹਾਂ ਦੀ ਕਰਮਸ਼ੀਲਤਾ ਨੂੰ ਨਹੀਂ ਜਗਾ ਸਕੀ ਜੋ ਇਹਨਾਂ ਧਰਮ ਗਰੰਥਾਂ ਦੇ ਨਾਲ ਜੁੜੀ

ਹੋਈ ਹੈ। ਭੂਤਕਾਲ ਵਿਚ ਨਾ ਤਾਂ ਗੀਤਾ ਦੀ ਅਜਿਹੀ ਵਿਆਖਿਆ ਕੀਤੀ ਗਈ ਹੈ ਕਿ ਉਹ ਕਿਸੇ ਕਰਮ ਨੂੰ ਜਗਾ ਸਕੇ, ਨਾ ਹੀ ਉਪਨਿਸ਼ਦਾਂ ਦੀ ਅਜਿਹੀ ਵਿਆਖਿਆ ਕੀਤੀ ਗਈ ਹੈ ਕਿ ਉਸ ਵਿਚੋਂ ਮਨੁੱਖ ਨੂੰ ਪ੍ਰੇਮ ਕਰਨ ਦੀ ਪ੍ਰੇਰਨਾ ਮਿਲ ਸਕੇ। ਮਹਾਂ-ਪੁਰਸ਼ਾਂ ਦੁਆਰਾ ਵਿਅਕਤੀ ਦੀ ਕਾਇਆਂ-ਕਲਪ ਕਰ ਸਕਣ ਦੇ ਹੋਰ ਉਦਾਹਰਣ ਬਹੁਤ ਘੱਟ ਮਿਲਦੇ ਹਨ, ਪਰ ਸਿੱਖ ਇਤਿਹਾਸ ਵਿਚ ਅਜਿਹੇ ਉਦਾਹਰਣ ਮੌਜੂਦ ਹਨ। ਉਪਨਿਸ਼ਦ ਤਾਂ ਮਾਨਸਿਕ ਜਲੌ ਤੇ ਸੱਚੇ ਅਰਥਾਂ ਵਿਚ ਸ਼ਾਨਦਾਰ ਹੋਣ ਦੇ ਪੱਖ ਤੋਂ ਅਦੁੱਤੀ ਹਨ, ਪਰ ਬੁੱਧ ਮੱਤ ਤੇ ਹੁਣ ਭਾਰਤ ਦੇ ਸਿੱਖ ਮੱਤ ਤੋਂ ਬਿਨਾਂ ਭਾਗਵਤ ਗੀਤਾ ਤੇ ਉਪਨਿਸ਼ਦਾਂ ਦੀ ਵਿਆਖਿਆ ਨਹੀਂ ਕੀਤੀ ਜਾ ਸਕਦੀ। ਇਸੇ ਤਰ੍ਹਾਂ ਪੱਛਮ ਦੀ ਆਧੁਨਿਕ ਭਾਵਨਾ ਜੋ ਸਜੀਵ ਤੇ ਕਰਮਸ਼ੀਲ ਹੈ ਅਤੇ ਜਿਹੜੀ ਪ੍ਰਯੋਗਾਤਮਿਕ ਵਿਧੀ ਦੁਆਰਾ ਇਹ ਵਿਆਖਿਆ ਕਰਦੀ ਹੈ—ਇਹਨਾਂ ਧਰਮ ਗਰੰਥਾਂ ਦੇ ਚਿੰਤਨ ਨੂੰ ਸਮਝਣ ਲਈ ਹੋਰ ਵੀ ਸਹਾਈ ਹੁੰਦੀ ਹੈ। ਪੱਛਮੀ ਵਿਦਵਾਨਾਂ ਦੀ ਇਸੇ ਵਿਧੀ ਨੂੰ ਮੈਂ 'ਅਧਿਆਤਮਿਕਤਾ ਦਾ ਭੌਤਿਕ ਵਿਗਿਆਨ' ਆਖਿਆ ਹੈ। ਦੂਜੇ ਬੰਨੇ ਗੁਰੂ ਸਾਹਿਬਾਨ ਦੀ ਬਾਣੀ ਦੇ ਡੂੰਘੇ ਅਧਿਐਨ ਉਪਰੰਤ ਮੈਂ ਇਹ ਜਾਣ ਲਿਆ ਹੈ ਤੇ ਮੈਂ ਇਸ ਸੰਬੰਧ ਵਿਚ ਪੂਰੇ ਤ੍ਰਾਣ ਨਾਲ ਕਹਿ ਸਕਦਾ ਹਾਂ ਕਿ ਸਿੱਖ ਚਿੰਤਨ, ਗੁਰਬਾਣੀ ਤੇ ਸਿੱਖੀ ਜੀਵਨ ਵਿਚ ਬਹੁਤ ਸਾਰੀਆਂ ਕ੍ਰਾਂਤੀਕਾਰੀ ਪ੍ਰਵਿਰਤੀਆਂ ਮੌਜੂਦ ਹਨ। ਇਸ ਉਦੇਸ਼ ਲਈ ਕਿਸੇ ਵੀ ਗਰੰਥ ਦੇ ਪਾਠ ਨੂੰ ਉਥਲ-ਪੁਥਲ ਕਰਨ ਦੀ ਲੋੜ ਨਹੀਂ ਹੈ। ਇਹ ਗੱਲ ਬੜੀ ਖ਼ੇਦਜਨਕ ਤੇ ਦੁਖਦਾਈ ਹੈ ਕਿ ਜਿਸ ਪ੍ਰਤੀਕੂਲ ਵਾਤਾਵਰਣ ਵਿਚ ਸਿੱਖ ਮੱਤ ਦਾ ਜਨਮ ਹੋਇਆ ਤੇ ਜਿਸ ਤਰ੍ਹਾਂ ਦੇ ਜਾਤੀਗਤ ਵਿਰੋਧਾਂ ਦਾ ਇਸ ਨੂੰ ਸਾਹਮਣਾ ਕਰਨਾ ਪਿਆ, ਉਸ ਨੂੰ ਅੱਖੋਂ ਪਰੋਖੇ ਕਰਕੇ ਸਿੱਖ ਵਿਚਾਰਧਾਰਾ ਨੂੰ ਸਹੀ ਅਰਥਾਂ ਵਿਚ ਸਮਝਣ ਤੇ ਪੇਸ਼ ਕਰਨ ਦਾ ਯਤਨ ਹੀ ਨਹੀਂ ਕੀਤਾ ਗਿਆ। ਸਿੱਖਾਂ ਦਾ ਵਿਸ਼ਵਾਸ ਉਸ ਅਦੁੱਤੀ ਮਾਨਵੀ ਸੰਸਕ੍ਰਿਤੀ ਵਿਚ ਹੈ ਜਿਸ ਨੇ ਹਾਲੀ ਸਾਖਿਆਤ ਹੋਣਾ ਹੈ। ਸਿੱਖ ਮੱਤ ਦੇ ਭੂਤ ਤੇ ਭਵਿੱਖ ਦੋਵੇਂ ਵਧੇਰੇ ਉਜਲ ਹਨ, ਪਰ ਹਿੰਦੂ ਮੱਤ ਵਿਚ ਸਦਾ ਭੂਤ ਉਤੇ ਹੀ ਵਧੇਰੇ ਬਲ ਦਿੱਤਾ ਗਿਆ ਹੈ।

## XI

ਭੂਤਕਾਲ ਦੀਆਂ ਸਭ ਸਭਿਆਤਾਵਾਂ ਭਾਵੇਂ ਉਹ ਪੂਰਬ ਦੀਆਂ ਹੋਣ ਜਾਂ ਪੱਛਮ ਦੀਆਂ, ਪਹਿਲਾਂ-ਪਹਿਲ ਵਣ-ਸੰਸਕ੍ਰਿਤੀਆਂ ਸਨ। ਪਿੱਛੋਂ ਉਹ ਨਗਰ-ਸੰਸਕ੍ਰਿਤੀਆਂ ਦਾ ਰੂਪ ਧਾਰਨ ਕਰ ਗਈਆਂ। ਰਾਵਿੰਦਰ ਨਾਥ ਟੈਗੋਰ ਉਸ ਸਮੇਂ ਸਮੁੱਚੇ ਤੌਰ 'ਤੇ ਹੀ ਅਪ੍ਰਸੰਗਕ ਪ੍ਰਤੀਕ ਹੁੰਦਾ ਹੈ ਜਦੋਂ ਉਹ ਹਿੰਦੂ ਸਭਿਅਤਾ ਨੂੰ ਵਣਾਂ ਵਿਚ ਜਨਮੀ ਤੇ ਪਲੀ ਆਖ ਕੇ ਦੂਜਿਆਂ ਨਾਲੋਂ ਨਿਖੇੜ ਕੇ ਵਿਸ਼ੇਸ਼ ਮੰਨਦਾ ਹੈ। ਆਰੀਆਂ ਦੀ ਨਗਰ ਸਭਿਅਤਾ ਦੇ ਦਬਾਏ ਹੋਏ ਕੁਝ ਸਾਂਸਕ੍ਰਿਤਕ ਤੌਰ 'ਤੇ ਸੁਲਝੇ ਹੋਏ ਵਿਅਕਤੀ ਜੋ ਉਹਨਾਂ ਦੀਆਂ ਜਿੱਤਾਂ ਤੇ ਲੁੱਟ-ਮਾਰ ਤੋਂ ਦੁਖੀ ਸਨ—ਉਪਰਾਮ ਹੋ ਕੇ ਸ਼ਹਿਰਾਂ ਨੂੰ ਤਿਆਗ ਕੇ ਵਣਾਂ ਵਿਚ ਚਲੇ

ਗਏ, ਪਰ ਪ੍ਰਾਚੀਨ ਆਰੀਆ ਵਰਤ ਦੀ ਨਗਰ-ਸਭਿਅਤਾ ਜ਼ੋਰ ਪਕੜ ਰਹੀ ਸੀ, ਉਹ ਉਸ ਵਿਚ ਕੋਈ ਸੁਧਾਰ ਨਾ ਲਿਆ ਸਕੇ। ਮਨੁੱਖ ਨਾ ਤਾਂ ਉਸ ਸਮੇਂ ਪੈਦਾ ਹੋਇਆ ਸੀ ਤੇ ਨਾ ਹੀ ਹਾਲੀ ਜਨਮਿਆ ਹੈ। ਉਸ ਸਮੇਂ ਵੀ ਤੇ ਹੁਣ ਵੀ ਉਹ ਆਪਣੀ ਕਰਨੀ ਤੇ ਕਰਤੂਤ ਵਜੋਂ ਡੰਗਰ ਹੀ ਹੈ। ਆਰੀਆ ਉਹਨਾਂ ਲੋਕਾਂ ਨੂੰ ਘਿਰਣਾ ਦੀ ਦ੍ਰਿਸ਼ਟੀ ਤੋਂ ਵੇਖਦੇ ਸਨ, ਜਿਨ੍ਹਾਂ ਉਤੇ ਉਹਨਾਂ ਨੇ ਜਿੱਤ ਪ੍ਰਾਪਤ ਕੀਤੀ ਸੀ। ਇਹ ਉਸੇ ਤਰ੍ਹਾਂ ਦੀ ਗੱਲ ਹੈ ਜਿਵੇਂ ਅੱਜ ਦੀਆਂ ਗੋਰੀਆਂ ਜਾਤੀਆਂ ਕਾਲੇ ਲੋਕਾਂ ਨੂੰ ਨਫ਼ਰਤ ਕਰਦੀਆਂ ਤੇ ਉਹਨਾਂ ਨੂੰ ਅਸਭਿਆ ਕਹਿ ਕੇ ਭੰਡਦੀਆਂ ਹਨ। ਕਾਲੀਦਾਸ ਆਪਣੇ ਨਾਟਕ 'ਸ਼ਕੁੰਤਲਾ' ਵਿਚ ਉਸ ਸਮੇਂ ਦੇ ਸਮਾਜਕ ਵਾਤਾਵਰਣ ਦਾ ਗਿਆਨ ਭਰਪੂਰ ਚਿੱਤਰ ਪੇਸ਼ ਕਰਦਾ ਹੈ। ਇਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਰਾਜਾ ਦੁਸ਼ਿਅੰਤ ਉਸ ਸਮੇਂ ਦੀ ਨਗਰ ਸਭਿਅਤਾ ਦੀ ਹੀ ਪ੍ਰਤੀਨਿਧਤਾ ਕਰਦਾ ਹੈ ਜੋ ਵਰਤਮਾਨ ਕਾਲ ਦੀ ਪੱਛਮੀ ਸਭਿਅਤਾ ਨਾਲ ਮਿਲਦੀ ਜੁਲਦੀ ਹੈ ਜਿਸ ਨੂੰ ਟੈਗੋਰ ਤੇ ਗਾਂਧੀ ਗੁੱਝੇ ਢੰਗ ਨਾਲ ਨਿੰਦਦੇ ਹਨ। ਕਨਵ ਤੇ ਕਸ਼ਯਪ ਪਵਿੱਤਰ ਤਿਆਗੀ ਹੋਣ ਸਦਕਾ ਚੰਗੇ ਚੰਗੇ ਕਹਿ ਕੇ ਸਤਿਕਾਰੇ ਜਾਂਦੇ ਸਨ। ਐਨ ਉਸੇ ਤਰ੍ਹਾਂ ਜਿਵੇਂ ਅੱਜ ਅਸੀਂ ਗਾਂਧੀ ਜੀ ਨੂੰ 'ਮਹਾਤਮਾ' ਕਹਿ ਕੇ ਸਤਿਕਾਰਦੇ ਹਾਂ, ਪਰ ਉਹਨਾਂ ਦੇ ਪੱਗ-ਚਿੰਨ੍ਹਾਂ 'ਤੇ ਚੱਲਣ ਨੂੰ ਤਿਆਰ ਨਹੀਂ ਹਾਂ। ਰਾਜ ਦਰਬਾਰਾਂ ਵਿਚ ਇਹਨਾਂ ਆਸ਼ਰਮਾਂ ਦਾ ਕੋਈ ਪ੍ਰਭਾਵ ਨਹੀਂ ਸੀ। ਕੇਵਲ ਸਿਸ਼ਟਾਚਾਰ ਦੇ ਨਾਤੇ ਇਹਨਾਂ ਆਸ਼ਰਮ ਵਾਸੀਆਂ ਦਾ ਰਸਮੀ ਜਿਹਾ ਸਤਿਕਾਰ ਕੀਤਾ ਜਾਂਦਾ ਸੀ। ਕਨਵ ਦੇ ਛੋਟੇ ਬਾਲ ਸੰਨਿਆਸੀਆਂ ਨੂੰ ਦੁਸ਼ਿਅੰਤ ਕਿਵੇਂ ਆਪਣੇ ਰਾਜ ਦਰਬਾਰ ਤੋਂ ਬਾਹਰ ਕੱਢ ਦਿੰਦਾ ਹੈ ? ਉਰਵਸ਼ੀ ਵਿਚ ਕਾਲੀਦਾਸ ਆਖਦਾ ਹੈ, ''ਅਜਿਹੀ ਅਦਭੁੱਤ ਸੁੰਦਰੀ ਦਾ ਧਰਮ ਗਰੰਥ ਘੋਖਣ ਵਾਲਾ ਵੈਰਾਗੀ ਕਿਵੇਂ ਪਿਤਾ ਹੋ ਸਕਦਾ ਹੈ ?'' ਆਰੀਆ ਸਭਿਅਤਾ ਦੇ ਨਗਰਾਂ ਉੜੇ ਇਸ ਆਸ਼ਰਮ ਦੀ ਸੰਸਕ੍ਰਿਤੀ ਦਾ ਕੋਈ ਵੀ ਵਿਸ਼ੇਸ਼ ਪ੍ਰਭਾਵ ਨਹੀਂ ਸੀ, ਪਰ ਜੰਗਲੀ ਜਾਨਵਰਾਂ, ਵੇਲਾਂ ਬੂਟਿਆਂ ਤੇ ਨਦੀ-ਨਾਲਿਆਂ ਦਾ ਕੁਦਰਤੀ ਪ੍ਰੇਮ ਅਤੇ ਸਾਂਝ ਜੋ ਇਕ ਪ੍ਰਕਾਰ ਦੀ ਕਾਵਿਮਈ ਸੰਵੇਦਨਸ਼ੀਲਤਾ ਦੀ ਸੂਚਕ ਸੀ ਤੇ ਜਿਸਦਾ ਵਰਣਨ ਸ਼ਕੁੰਤਲਾ ਵਿਚ ਆਉਂਦਾ ਹੈ, ਵੀ ਇਹਨਾਂ ਆਸ਼ਰਮਾਂ ਵਿਚੋਂ ਸਹਿਜੇ ਸਹਿਜੇ ਲੋਪ ਹੋ ਰਹੀ ਸੀ। ਕੁਦਰਤ ਦਾ ਪ੍ਰੇਮ ਤੇ ਇਸ ਬਾਰੇ ਸਾਧਾਰਨ ਗਿਆਨ ਦੀ ਪਰੰਪਰਾ ਲੋਪ ਹੁੰਦੀ ਜਾ ਰਹੀ ਸੀ। ਇਸ ਦੀ ਥਾਂ ਕੁਦਰਤ ਬਾਰੇ ਵਹਿਮਾਂ ਭਰਮਾਂ ਉਤੇ ਆਧਾਰਿਤ ਫਿਲੜ ਤੇ ਗੁਦੜ-ਗਿਆਨ ਹੀ ਬਾਕੀ ਰਹਿ ਗਿਆ ਸੀ। ਕੁਦਰਤ ਬਾਰੇ ਅਜਿਹੀ ਚੇਤੰਨਤਾ ਵਰਤਮਾਨ ਕਾਲ ਵਿਚ ਵੀ ਸਾਡੇ ਜਨ ਸਮੂਹ ਵਿਚ ਪਾਈ ਜਾਂਦੀ ਹੈ ਜੋ ਸਾਨੂੰ ਆਦਿ-ਕਾਲੀਨ ਸਥੂਲ-ਬੁੱਧ ਮਨੁੱਖਤਾ ਦੀ ਯਾਦ ਕਰਵਾ ਦਿੰਦੀ ਹੈ। ਵਰਤਮਾਨ ਕਾਲ ਵਿਚ ਹਿੰਦੂ ਸੋਚ ਵਿਚੋਂ ਤਾਂ ਕੁਦਰਤ ਦਾ ਪ੍ਰੇਮ ਗੁਆਚ ਚੁੱਕਾ ਹੀ ਪ੍ਰਤੀਤ ਹੁੰਦਾ ਹੈ। ਹਿੰਦੂ ਚੇਤੰਨਤਾ ਕੁਦਰਤ ਦੇ ਸੰਗੀਤ ਨੂੰ ਸੁਣਨ ਤੋਂ ਅਸਮਰੱਥ ਹੈ। ਸੂਹੇ ਗੁਲਾਬ ਦੀ ਲਾਲ-ਭਾਅ ਉਹਨਾਂ ਦੇ ਦਿਲਾਂ ਵਿਚ ਕੋਈ ਧੜਕਣ ਪੈਦਾ

ਨਹੀਂ ਕਰਦੀ। ਸਾਧਾਰਨ ਹਿੰਦੁਸਤਾਨੀ ਲਈ ਇਹ ਗੱਲ ਬੜੀ ਹਾਸੋਹੀਣੀ ਹੈ ਕਿ ਅਸੀਂ ਆਪਣੇ ਲੋਕ ਸਮੂਹ ਵਿਚ ਕੁਦਰਤ ਦੇ ਪ੍ਰੇਮ ਨਾਲੋਂ ਵੰਚਿਤ ਹੋ ਕੇ ਇਕ ਸੱਚੀ ਸੰਸਕ੍ਰਿਤੀ ਨਾਲੋਂ ਟੁੱਟ ਚੁੱਕੇ ਹਾਂ। ਆਧੁਨਿਕ ਅਮਰੀਕਾ ਤੇ ਯੂਰਪ ਨੂੰ ਆਪਣੇ ਭੂਤ ਕਾਲ ਦੇ ਸ਼ਾਨਦਾਰ ਹੋਣ ਬਾਰੇ ਧੱਕੋਜ਼ੋਰੀ ਕਹਿਣਾ ਤੇ ਉਹਨਾਂ ਦੀ ਇਸ ਗੱਲੋਂ ਨਿੰਦਾ ਕਰਨਾ ਵੀ ਬੇਤੁਕਾ ਹੀ ਹੈ। ਹਾਲਾਂ ਕਿ ਪ੍ਰਾਚੀਨ ਕਾਲ ਵਿਚ ਵੀ ਸਾਡੇ ਦੇਸ਼ ਵਿਚ ਲੱਖਾਂ ਵਿਚੋਂ ਕੋਈ ਹੀ ਉਸ ਸੁਨਹਿਰੀ ਕਾਲ ਵਿਚ ਸੁੰਦਰਤਾ ਦੀ ਸੰਸਕ੍ਰਿਤੀ ਤੋਂ ਪੂਰੀ ਤਰ੍ਹਾਂ ਜਾਣੂੰ ਹੁੰਦਾ ਸੀ। ਭਾਰਤ ਵਿਚ ਲੋਕ ਸਮੂਹ ਆਪਣੇ ਮਹਾਂ-ਪੁਰਸ਼ਾਂ ਦੀ ਛੂਹ ਤੋਂ ਅਭਿਜ ਤੇ ਦੂਰ ਵਿਥ 'ਤੇ ਹੀ ਰਹਿੰਦੇ ਸਨ। ਜਿਵੇਂ ਕਿ ਭਾਰਤ ਦੇ ਮੈਦਾਨ ਉਚੀਆਂ ਉਚੀਆਂ ਹਿਮ ਸਿਖ਼ਰਾਂ 'ਕੰਚਨਜੰਗਾ' ਤੇ 'ਗੌਰੀ ਸ਼ੰਕਰ' ਤੋਂ ਅੱਜ ਵੀ ਦੂਰੀ ਉਤੇ ਇਸਥਿਤ ਹਨ। ਸਾਰੇ ਏਸ਼ੀਆ ਵਿਚੋਂ ਜਾਪਾਨ ਤੇ ਈਰਾਨ ਦੇ ਲੋਕ ਹੀ ਵਰਤਮਾਨ ਸਮੇਂ ਗੁਲਾਬਾਂ, ਚੰਦਰਮਾ, ਪਰਬਤਾਂ ਤੇ ਨਦੀਆਂ ਦੇ ਪ੍ਰੇਮ ਦੇ ਅਧਿਆਤਮਿਕ ਪ੍ਰਕਾਸ਼ ਦੇ ਗਿਆਤਾ ਹਨ। ਬਾਕੀ ਦਾ ਏਸ਼ੀਆ ਤਾਂ ਮਾਨਸਿਕ ਗੰਦ, ਸੁਆਰਥ ਦੀ ਧੂੜ ਤੇ ਗ਼ਰੀਬੀ ਦੇ ਚਿੱਕੜ ਨਾਲ ਭਰਿਆ ਪਿਆ ਹੈ। ਚੀਨ ਵੀ ਇਹਨਾਂ ਅਰਥਾਂ ਵਿਚ ਚਾਨਣ ਨੂੰ ਲੱਭ ਸਕਣ ਵਿਚ ਅਸਮਰੱਥ ਦੇਸ਼ ਹੈ। ਭਾਰਤ ਵੀ ਆਪਣੇ ਭੂਤਕਾਲ ਦੇ ਅਭਿਮਾਨ ਵਿਚ ਮੁਰਦਾ ਹੋ ਚੁੱਕਾ ਹੈ ਤੇ ਪੱਛਮ ਦੇ ਪੂਰਬੀ ਵਿਦਵਾਨਾਂ ਤੋਂ ਆਪਣੇ ਬਾਰੇ ਮਿੱਠੀਆਂ ਲੋਰੀਆਂ ਸੁਣਨਾ ਲੋਚਦਾ ਹੈ। ਜਾਪਾਨ ਹੀ ਚੜ੍ਹਦੇ ਸੂਰਜ ਦੀ ਨਿਆਈਂ ਹੈ, ਪਰ ਓਕਾਕੁਰਾ ਦੇ ਬਲਵਾਨ ਵਿਸ਼ਵਾਸ ਦੇ ਹੋਣ ਉਪਰੰਤ ਵੀ ਹਾਲੀ ਸੰਸਾਰ ਨੇ ਇਸ ਦੇ ਪ੍ਰਕਾਸ਼ ਨੂੰ ਵੇਖਣਾ ਹੈ। ਇਹ ਵੀ ਹਾਲੀ ਪੱਕੀ ਗੱਲ ਨਹੀਂ ਹੈ ਕਿ ਜਾਪਾਨ ਪੱਛਮ ਦੀ ਉਜੱਡ ਸਭਿਅਤਾ ਦੇ ਹੱਲੇ ਦਾ ਟਾਕਰਾ ਕਰ ਸਕੇਗਾ ਜਾਂ ਨਹੀਂ ? ਫਿਰ ਵੀ ਜਾਪਾਨ ਅਧਿਆਤਮਿਕਤਾ ਦੇ ਭੌਤਿਕ ਵਿਗਿਆਨ ਦਾ ਸ਼ਕਤੀਵਰ ਤੇ ਡੂੰਘਾ ਬੋਧ ਰਖਦਾ ਹੈ। ਜਾਪਾਨ ਦੀ ਆਤਮਾ ਦੇ ਸਮਾਜਕ ਜੀਵਨ ਵਿਚ ਹਾਲੀ ਵੀ ਬੁੱਧ ਮੱਤ ਵਾਲੀ ਮਾਨਵ ਪੂਜਾ ਦੀ ਮਹਿਕ ਮੌਜੂਦ ਹੈ। ਏਸ਼ੀਆ ਤੇ ਸੁੰਦਰਤਾ ਦੇ ਸਾਰੇ ਪ੍ਰੇਮੀ ਇਹ ਅਰਦਾਸ ਹੀ ਕਰ ਸਕਦੇ ਹਨ ਕਿ ਅੰਤਰੀਵ ਮਨੁੱਖ ਦੇ ਸੱਚੇ-ਸੁੱਚੇ ਧਾਰਮਿਕ ਵਿਰਸੇ ਬਾਰੇ ਉਹ ਸਚਿਆਰਾ ਰਹਿ ਕੇ ਇਸ ਨੂੰ ਸੰਭਾਲੀ ਰੱਖੇ। ਜਾਪਾਨ ਵਿਚ ਤਾਂ ਹਰ ਜੰਮਦਾ ਬੱਚਾ ਚੈਰੀ ਤੇ ਕੰਵਲ ਦੀ ਸੰਤਾਨ ਹੁੰਦਾ ਹੈ। ਹਰ ਗੀਸ਼ਾ ਕੰਨਿਆਂ ਕੁਦਰਤ ਦੀ ਸਰਵੁਚ ਸੁੰਦਰਤਾ ਦੀ ਮੂਰਤੀ ਹੁੰਦੀ ਹੈ, ਹਰ ਇਸਤਰੀ ਪੁਰਸ਼ ਦੇ ਹੱਥ ਕਲਾ ਤੇ ਪੂਜਾ ਦੇ ਪ੍ਰਗਟਾ ਲਈ ਸੁਸਿਖਿਅਤ ਹੁੰਦੇ ਹਨ, ਇਥੇ ਹਰ ਕੋਈ ਅਚੇਤ ਰੂਪ ਵਿਚ ਹੀ ਇਸ਼ਟ-ਦੇਵ ਬਾਰੇ ਸੁਚੇਤ ਹੁੰਦਾ ਹੈ, ਇਥੇ ਸਾਰਾ ਸਮਾਜ ਹੀ ਇਨਾਂ ਪਵਿੱਤਰ ਹੈ ਕਿ ਹਰ ਪਾਪ ਵੀ ਪੁੰਨ ਬਣ ਜਾਂਦਾ ਹੈ। ਜਾਪਾਨ ਤੋਂ ਬਿਨਾਂ ਸਾਰਾ ਏਸ਼ੀਆ ਹੀ ਰੋਗੀ ਹੈ। ਹਿੰਦੁਸਤਾਨ ਦੀ ਹਾਲਤ ਤਾਂ ਸਭ ਤੋਂ ਨਿਖਿੱਧ ਹੈ ਕਿਉਂਜੋ ਇਥੇ ਅਧੋਗਤੀ ਨੂੰ ਪੁਜ ਚੁੱਕੇ ਬ੍ਰਾਹਮਣਵਾਦ ਦੀ ਵਿਦਵਤਾ ਦਾ ਫੋਕਾ ਅਭਿਮਾਨ ਹੀ ਬਾਕੀ ਰਹਿ ਗਿਆ ਹੈ।

ਮਨੁੱਖ ਵਿਚਲੇ ਪਸ਼ੂ ਉਤੇ ਕਾਬੂ ਨਹੀਂ ਪਾਇਆ ਜਾ ਸਕਿਆ। ਉਸ ਨੂੰ

ਕਾਲੀਦਾਸ ਤੇ ਟੈਗੋਰ ਦੇ ਸੰਸ਼ਲੇਸ਼ਣਾਤਮਕ, ਕ੍ਰਿਤਰਮ ਅਤੇ ਨਾਟਕੀ ਸੂਖ਼ਮਤਾਵਾਂ ਅਧੀਨ ਨਹੀਂ ਕਰ ਸਕੀਆਂ ਅਤੇ ਇਹ ਪਸ਼ੂ ਭਾਵੇਂ ਪੂਰਬ ਦਾ ਹੋਵੇ ਜਾਂ ਪੱਛਮ ਦਾ, ਇਕੋ ਜਿਹਾ ਹੀ ਹੈ। ਦੂਜੇ ਬੰਨੇ, ਅੰਤਰੀਵ ਮਨੁੱਖ ਤੇ ਉਸ ਵਿਚਲਾ ਪ੍ਰਭੂ ਸਿਧੇ-ਸਾਦੇ, ਸੰਤ-ਜਨਾਂ ਨੂੰ ਪ੍ਰਣਾਮ ਕਰਦਾ ਹੈ ਅਤੇ ਜਿਥੋਂ ਤੱਕ ਹੋ ਸਕੇ, ਇਹ ਪ੍ਰੇਮ ਦੀ ਪੁਸ਼ਾਕ ਦੇ ਉਜਲੇਪਣ ਨੂੰ ਪਹਿਨ ਕੇ ਪ੍ਰਸੰਨ ਹੁੰਦਾ ਹੈ। ਅੰਤਰੀਵ ਮਨੁੱਖ ਦੀ ਸ਼ਕਲ ਸੂਰਤ ਤੇ ਚਿਹਨ ਚੱਕਰ ਸਾਰੇ ਸੰਸਾਰ ਵਿਚ ਇਕੋ ਜਿਹਾ ਹੀ ਹੈ। ਆਤਮਾ ਵੀ ਸੂਰਜ ਹਾਰ ਸਭ ਨੈਣ ਨਕਸ਼ਾਂ ਅਤੇ ਸਭ ਰੰਗਾਂ ਤੇ ਜਾਤੀਆਂ ਉਤੇ ਇਕ ਸਮਾਨ ਚਮਕਦੀ ਹੈ।

ਪੂਰਬ ਦੀ ਪੱਛਮ ਉਤੇ ਕੋਈ ਉਚਤਾ ਨਹੀਂ ਹੈ, ਨਾ ਹੀ ਪੱਛਮ ਦੀ ਪੂਰਬ ਉਤੇ ਕੋਈ ਸ੍ਰੇਸ਼ਠਤਾ ਹੈ, ਪਰ ਮਨੁੱਖੀ ਇਤਿਹਾਸ ਦੇ ਕੁਝ ਵਿਸ਼ੇਸ਼ ਯੁਗਾਂ ਵਿਚ ਪੂਰਬੀ ਮਾਨਸਿਕਤਾ ਦੇ ਕੁਝ ਵਿਸ਼ੇਸ਼ ਪੱਖ ਜ਼ਰੂਰ ਵਿਕਸਤ ਹੋ ਗਏ ਸਨ। ਜੇ 'ਸ਼ਕੁੰਤਲਾ' ਪੂਰਬੀ ਮਨ ਦੀ ਦੇਣ ਹੈ ਤਾਂ 'ਫਾਊਸਟ' ਪੱਛਮੀ ਮਨ ਦੀ ਸਿਰਜਣਾ ਹੈ। ਮੈਂ ਇਹ ਸਪਸ਼ਟ ਤੌਰ 'ਤੇ ਕਹਿਣਾ ਚਾਹੁੰਦਾ ਹਾਂ ਕਿ ਕਿਸੇ ਵੀ ਪੂਰਬ ਦੇ ਵਿਅਕਤੀ ਨੇ 'ਸ਼ਕੁੰਤਲਾ' ਦੀ ਉਸ ਤਰ੍ਹਾਂ ਪ੍ਰਸ਼ੰਸਾ ਨਹੀਂ ਕੀਤੀ ਜਿਸ ਤਰ੍ਹਾਂ ਪੱਛਮ ਦੇ ਗੋਇਟੇ ਨੇ ਇਸ ਰਚਨਾ ਦੀ ਉਪਮਾ ਕੀਤੀ ਹੈ। ਮੋਤੀ ਮਾਣਕ ਤਾਂ ਅਮੋਲਕ ਤੇ ਕੀਮਤੀ ਹੁੰਦੇ ਹੀ ਹਨ, ਪਰ ਉਹ ਜੌਹਰੀ ਵਧੇਰੇ ਅਮੋਲਕ ਹੁੰਦਾ ਹੈ ਜੋ ਉਸ ਦੇ ਮੁੱਲ ਨੂੰ ਜਾਣ ਸਕਦਾ ਹੈ। 'ਸ਼ਕੁੰਤਲਾ' ਵਾਲੀ ਆਤਮਾ ਵਰਡਜ਼ਵਰਥ ਦੀ ਕੁਦਰਤ ਪ੍ਰਤੀ ਮੂਕ ਲਗਨ ਤੇ ਸਾਂਝ ਵਿਚ ਵਿਦਮਾਨ ਹੈ। ਵਾਲਟ ਵਿਟਮੈਨ ਦੀ ਵਿਸ਼ਾਲ ਮਾਨਵਤਾ ਪੂਰਬ ਤੇ ਪੱਛਮ ਵਿਚ ਕੋਈ ਵਿਤਕਰਾ ਨਹੀਂ ਕਰਦੀ। ਉਹ ਤਾਂ ਆਪਣੀਆਂ ਬਾਹਾਂ ਵਿਚ ਸੂਰਜ ਤੇ ਚੰਦਰਮਾ, ਭਾਰਤ ਤੇ ਨਾਰਵੇ ਸਭ ਨੂੰ ਘੁੱਟ ਲੈਂਦਾ ਹੈ। ਭਾਵੇਂ ਵਿਟਮੈਨ ਵਿਚ ਪ੍ਰਾਚੀਨ ਰੂਪ ਦੀ ਦੈਵੀ ਰੰਗਣ ਨਹੀਂ ਹੈ, ਪਰ ਉਸ ਵਿਚ ਮਨੁੱਖਤਾ ਦੀ ਉਹ ਆਵਾਜ਼ ਹੈ ਜੋ ਪ੍ਰਭੂ ਦੀ ਸੁੰਦਰਤਾ ਨੂੰ ਮਨੁੱਖ ਤੇ ਪ੍ਰਕ੍ਰਿਤੀ ਵਿਚ ਵੇਖ ਕੇ ਨਿਹਾਲ ਤੇ ਮਸਤ ਹੋ ਜਾਂਦੀ ਹੈ। ਇਹ ਨਸ਼ਾ ਇਕ ਅਜਿਹੇ ਆਧੁਨਿਕ ਯੁਗ ਦੇ ਕਵੀ ਦਾ ਹੈ ਜੋ ਪੂਰਬ ਦੀ ਜਜ਼ਬਾਤੀ ਸੁਰ ਨਾਲ ਮੇਲ ਖਾਂਦਾ ਹੈ ਤੇ ਮਨੁੱਖੀ ਹਮਦਰਦੀ ਵਿਚ ਪੂਰਬੀ ਤੇ ਪੱਛਮੀ ਦੋਹਾਂ ਲਈ ਹੀ ਆਦਿਮ ਮਨੁੱਖ ਵਾਲਾ ਮੋਹ ਰਖਦਾ ਹੈ। ਹੋਰ ਸਭ ਕਵੀ ਉਸ ਦੇ ਸਾਹਮਣੇ ਬੌਣੇ ਪ੍ਰਤੀਤ ਹੁੰਦੇ ਹਨ ਜੋ ਵਸਤੂ ਤੇ ਤਾਲ ਦਾ ਖ਼ੁਰਦਬੀਨੀ ਅੰਤਰ-ਨਿਖੇੜ ਕਰਦੇ ਹਨ, ਪਰ ਵਿਟਮੈਨ ਕੋਲ ਤਾਂ ਉਹ ਦੂਰਬੀਨ ਹੈ ਜੋ ਆਕਾਸ਼ਾਂ ਤੇ ਸਦੀਆਂ ਤੋਂ ਆਰ ਪਾਰ ਹੋ ਜਾਂਦੀ ਹੈ। ਉਸ ਦੀਆਂ ਕਵਿਤਾਵਾਂ ਦਾ ਤਾਲ ਤਾਂ ਇਸਤਰੀ ਪੁਰਸ਼ਾਂ ਦੇ ਨੈਣਾਂ ਵਿਚ ਹੈ, ਸਾਗਰ ਦੀਆਂ ਲਹਿਰਾਂ ਵਿਚ ਹੈ, ਮਹਾਂਦੀਪਾਂ ਦੀਆਂ ਬਾਹਾਂ ਵਿਚ ਹੈ ਅਤੇ ਸੂਰਜਾਂ ਅਤੇ ਤਾਰਿਆਂ ਵਿਚ ਹੈ। ਇਹ ਮਨੁੱਖ ਵੇਸ਼ਵਾਵਾਂ ਦਾ ਭਰੋਸਾ ਜਿੱਤਣ ਵਾਲਾ ਹੈ, ਯੁਧ ਖੇਤਰ ਵਿਚ ਜ਼ਖ਼ਮੀਆਂ ਦੀ ਮਰਹਮ-ਪੱਟੀ ਕਰਨ ਵਾਲਾ ਹੈ, ਚੰਨ ਤੇ ਤਾਰਿਆਂ ਨੂੰ ਡੂੰਘੀ ਤਾਂਘ ਨਾਲ ਨਿਹਾਰਨ ਵਾਲਾ ਹੈ, ਪੂਰਬ ਤੇ ਪੱਛਮ, ਗੋਰੇ ਅਤੇ ਕਾਲੇ ਦੇ ਸਭ ਭਿੰਨ-ਭੇਦਾਂ ਤੋਂ ਉਚੇਰਾ ਹੈ। ਇਹ

ਕਿੰਨੀ ਮੂਰਖਤਾ ਵਾਲੀ ਗੱਲ ਹੋਵੇਗੀ ਕਿ ਅਸੀਂ ਵਿਟਮੈਨ ਵਰਗੇ ਵਿਅਕਤੀ ਦੇ ਸਾਹਮਣੇ ਪੂਰਬ ਦੀ ਸ੍ਰੇਸ਼ਠਤਾ ਦੀ ਡੀਂਗ ਮਾਰੀਏ। ਪੂਰਬ ਦੇ ਉਹ ਕਿੰਨੇ ਲੋਕ ਹਨ ਜੋ ਸੱਚੇ ਅਰਥਾਂ ਵਿਚ ਪੂਰਬੀ ਹਨ ਅਤੇ ਅਜਿਹੇ ਤਾਂ ਬਹੁਤ ਹੀ ਘੱਟ ਹਨ ਜੋ ਨਿਰੋਲ ਪੂਰਬ ਦੇ ਹੋਣ ਦੀ ਥਾਂ ਪੂਰਬ ਤੇ ਪੱਛਮ ਦੋਹਾਂ ਦੇ ਹੀ ਹੋਣ ? ਇਸੇ ਤਰ੍ਹਾਂ ਪੱਛਮ ਦੇ ਉਹ ਕਿੰਨੇ ਕੁ ਲੋਕ ਹਨ ਜੋ ਸੱਚੇ ਅਰਥਾਂ ਵਿਚ ਪੱਛਮੀ ਹਨ ਤੇ ਪੂਰਬੀ ਨਹੀਂ ? ਜਾਨਵਰਾਂ ਵੱਲੋਂ ਧਿਆਨ ਮੋੜ ਕੇ ਆਉ, ਇਥੇ ਕੇਵਲ ਮਨੁੱਖਾਂ ਦੀ ਹੀ ਗੱਲ ਕਰੀਏ।

## XII

ਸੱਚੇ ਗਿਆਨ ਵਿਚ ਨਾ ਤਾਂ ਮਨੁੱਖ ਤੇ ਮਨੁੱਖ ਵਿਚਕਾਰ ਕੋਈ ਭੇਦ ਹੈ ਤੇ ਨਾ ਹੀ ਪ੍ਰਮਾਤਮਾ ਪ੍ਰਮਾਤਮਾ ਵਿਚ। ਅੱਲਾਹ ਤੇ ਰਾਮ ਇਕੋ ਹੀ ਹਨ। ਇਸ ਸ੍ਰਿਸ਼ਟੀ ਦੀ ਮਹਾਨ ਆਤਮਾ ਦੇ ਇਹ ਨਾਮ ਵੱਖ ਵੱਖ ਸਮੂਰਤ ਪ੍ਰਤੀਕ ਹੀ ਹਨ ਜੋ ਆਤਮਾ ਦੇ ਅਕਥਨੀ ਤੇ ਅਵਰਣਨੀ ਅਨੁਭਵ ਨੂੰ ਸਾਕਾਰ ਕਰਦੇ ਹਨ। ਪ੍ਰੇਮ, ਹਮਦਰਦੀ, ਖ਼ੁਸ਼ੀ ਤੇ ਗਿਆਨ ਦੇ ਇਹ ਅਨੁਭਵ ਵਿਸ਼ਵ-ਵਿਆਪੀ ਹੀ ਹੋ ਸਕਦੇ ਹਨ ਨਾ ਕਿ ਕਿਸੇ ਇਕ ਸੰਕੁਚਿਤ ਖੇਤਰ ਦੇ। ਇਹਨਾਂ ਦਾ ਮੌਲਿਕ ਅਨੁਭਵ ਤਾਂ ਕੁਝ ਪ੍ਰਤਿਭਾਵਾਨ ਤੇ ਵਿਰੋਸਾਏ ਵਿਅਕਤੀਆਂ ਨੂੰ ਹੀ ਹੁੰਦਾ ਹੈ। ਉਹਨਾਂ ਦੇ ਹੋਰ ਅਨੁਯਾਈ ਤਾਂ ਉਹਨਾਂ ਦੀ ਠੰਡੀ ਛਾਂ ਮਾਣਨ ਵਾਲੇ ਹੀ ਹੁੰਦੇ ਹਨ, ਪਰ ਬਹੁਤਿਆਂ ਲਈ ਇਹ ਗੱਲ ਵਹਿਮ ਭਰਮ ਵਾਲੀ ਹੀ ਪ੍ਰਤੀਤ ਹੁੰਦੀ ਹੈ। ਪੂਰਬੀ ਕਲਾ ਤੇ ਪੱਛਮੀ ਕਲਾ ਵਾਲੀ ਕੋਈ ਗੱਲ ਨਹੀਂ ਹੈ, ਨਾ ਹੀ ਪੂਰਬੀ ਕਵਿਤਾ ਤੇ ਪੱਛਮੀ ਕਵਿਤਾ ਦਾ ਕੋਈ ਭੇਦ ਹੈ। ਇਹ ਇਸੇ ਤਰ੍ਹਾਂ ਹੀ ਹੈ ਜਿਵੇਂ ਕੋਈ ਪੂਰਬੀ ਰਸਾਇਣ ਵਿਗਿਆਨ ਤੇ ਕੋਈ ਪੱਛਮੀ ਰਸਾਇਣ ਵਿਗਿਆਨ ਨਹੀਂ ਹੋ ਸਕਦੇ। ਇਹੋ ਗੱਲ ਹੀ ਅਸੀਂ ਦਸ ਗੁਰੂ ਸਾਹਿਬਾਨ ਦੇ ਜੀਵਨ ਸਮਾਚਾਰਾਂ ਵਿਚੋਂ ਜਾਣ ਸਕਦੇ ਹਾਂ। ਵਿਦਿਆਰਥੀਆਂ ਨੂੰ ਇਸ ਗੱਲ ਦਾ ਭਲੀ ਪ੍ਰਕਾਰ ਗਿਆਨ ਹੈ ਕਿ ਪੂਰਬ ਦੇ ਸਮਾਨ ਪੱਛਮ ਵਿਚ ਵੀ ਪ੍ਰਾਚੀਨ ਸਾਹਿਤ ਹੋਂਦ ਵਿਚ ਆ ਗਿਆ ਸੀ। ਇਹਨਾਂ ਵਿਚ ਕੋਈ ਵੰਡੀ ਨਹੀਂ ਪਾਈ ਜਾ ਸਕਦੀ, ਕਿਉਂਜੋ ਇਸ ਵਿਚਾਰਧਾਰਾ ਦਾ ਮੁੱਲ ਤਾਂ ਅੰਤਿਮ ਤੇ ਵਿਸ਼ਵ-ਵਿਆਪੀ ਹੈ। ਇਸ ਲਈ ਇਹ ਕਹਿਣਾ ਠੀਕ ਨਹੀਂ ਹੋਵੇਗਾ ਕਿ ਇਹ ਵਧੇਰੇ ਪੂਰਬੀ ਹੈ ਜਾਂ ਵਧੇਰੇ ਪੱਛਮੀ। ਪੂਰਬ ਤਾਂ ਪੱਛਮ ਤੋਂ ਇਸ ਕਾਰਨ ਹੀ ਅੱਗੇ ਹੈ ਕਿਉਂਜੋ ਇਥੇ ਲੋਕਾਂ ਨੇ ਵਧੇਰੇ ਪੂਰਨ ਤੇ ਵਿਆਪਕ ਰੂਪ ਵਿਚ ਇਹਨਾਂ ਤੱਥਾਂ ਨੂੰ ਸਵੀਕਾਰ ਕੀਤਾ ਹੈ। ਇਹ ਸ਼ਾਇਦ ਵਾਤਾਵਰਣ ਦੇ ਪ੍ਰਭਾਵ ਕਾਰਨ ਹੈ। ਅਨੰਦ ਕੁਮਾਰ ਸੁਆਮੀ ਆਪਣੀ ਪੁਸਤਕ 'ਬੁੱਧ ਤੇ ਬੁੱਧ ਮੱਤ ਦੇ ਧਰਮ ਗਰੰਥ' ਵਿਚ ਜਾਪਾਨੀ ਕਵੀਆਂ ਮੁਤਸੁੰਧਾ ਤੈਲੋਕੂ ਦੇ ਹਵਾਲੇ ਦਿੰਦਾ ਹੈ ਅਤੇ ਉਹਨਾਂ ਦੀ ਤੁਲਨਾ 'ਹੈਨਰੀ ਕਿੰਗ' ਨਾਲ ਕਰਦਾ ਹੈ।

*ਇਸ਼ਕ ਪੇਚੇ 'ਤੇ ਆਈ ਬਹਾਰ

---

*Morning Glory (ਮਾਰਨਿੰਗ ਗਲੋਰੀ)

ਦੋ ਘੜੀਆਂ ਦੀ ਇਹ ਗੁਲਜ਼ਾਰ,
ਫਿਰ ਵੀ ਭੋਰਾ ਵੱਖ ਨਹੀਂ ਹੈ
ਉਸ ਚੀਲ ਦੇ ਬ੍ਰਿਛ ਕੋਲੋਂ
ਜੋ ਹੈ ਕਿਤਨਾ ਵੱਡ ਆਕਾਰ,
ਰਹਿਣਾ ਜਿਸ ਨੇ ਬਰਸ ਹਜ਼ਾਰ।
ਪਿਆਰੇ ਫੁੱਲ ! ਲੋਚਾਂ ਮੈਂ ਵੀ
ਬਾਂਕਪਣ ਤੇਰਾ
ਤੇ ਨਿਮਰਤਾ ਤੇਰੇ ਹਾਰ।
ਆਵੇਂ ਤੂੰ ਧਰਤ ਤੋਂ ਬਾਹਰ
ਲਾਵੇਂ ਆਪਣਾ ਸੁਹਜ ਬਾਜ਼ਾਰ।
ਫਿਰ ਵੀ ਰਹਿੰਦਾ ਨਿਰ-ਅਭਿਮਾਨ
ਜਾਣੈਂ ਆਪਣਾ ਜਨਮ ਸਥਾਨ,
ਇਹ ਤੇਰੀ ਕੱਢੀ ਪੁਸ਼ਾਕ
ਆਖ਼ਰ ਖੇਡ ਸਾਰੀ ਹੈ ਖ਼ਾਕ।

—ਹੈਨਰੀ ਕਿੰਗ—'ਫੁੱਲਾਂ ਬਾਰੇ ਚਿੰਤਨ'

ਅਨੰਦ ਕੁਮਾਰ ਸੁਆਮੀ ਅਧਿਆਤਮਿਕ ਪ੍ਰੇਰਨਾ ਦੇ ਸੰਬੰਧ ਵਿਚ ਪੂਰਬ ਤੇ ਪੱਛਮ ਦੀ ਅਭੇਦਤਾ ਬਾਰੇ ਵਧੇਰੇ ਸਪਸ਼ਟਤਾ ਨਾਲ ਲਿਖਦਾ ਹੈ। ਉਹ ਵਾਲਟ ਵਿਟਮੈਨ ਦੀ ਤੁਲਨਾ ਬੁੱਧ ਮੱਤ ਦੇ ਕਵੀਆਂ ਨਾਲ ਕਰਦਾ ਹੈ। ਸੱਚੀਂ-ਮੁੱਚੀਂ ਇਹ ਵੇਖ ਕੇ ਬੜੀ ਪ੍ਰਸੰਨਤਾ ਹੁੰਦੀ ਹੈ ਕਿ ਪੂਰਬ ਅਤੇ ਪੱਛਮ ਦੀ ਆਤਮਾ ਇਕ ਹੀ ਹੈ। ਮਨੁੱਖ ਤਾਂ ਵਿਸ਼ੇਸ਼ ਰੂਪ ਵਿਚ ਹੈ ਹੀ ਦੈਵੀ।

ਵਾਲਟ ਵਿਟਮੈਨ ਤੇ ਹੋਰ ਮੁਰੀਦ-ਕਵੀ ਆਪਣੇ ਆਪ ਵਿਚ ਹੀ ਬੁੱਧ, ਈਸਾ ਤੇ ਗੁਰੂ ਨਾਨਕ ਦੇ ਜੀਵਨ ਦਾ ਵਰਨਿਤ ਸਰੂਪ ਹਨ। ਵਾਲਟ ਵਿਟਮੈਨ ਵਰਗੇ ਇਹ ਮਨੁੱਖ ਆਪਣੇ ਵਰਗੇ ਮਨੁੱਖਾਂ ਦੀ ਸਿਰਜਣਾ ਨਹੀਂ ਕਰਦੇ। ਉਹ ਤਾਂ ਮਸਤੀ ਵਿਚ ਖਿੜ ਉਠਦੇ ਹਨ ਤੇ ਉਸ ਸਭ ਨੂੰ ਪ੍ਰੇਮ ਕਰਦੇ ਹਨ ਜਿਸ ਨੂੰ ਕਿ ਉਹ ਦੇਖਦੇ ਪਰਸਦੇ ਹਨ ਤੇ ਆਪਣੇ ਸਾਥੀ ਜੀਵਨ ਪਾਂਧੀਆਂ ਨੂੰ ਕੁਝ ਚਿਰ ਲਈ ਉਤੇਜਿਤ ਕਰਕੇ ਉਹਨਾਂ ਨੂੰ ਹੋਰ ਉਤਸ਼ਾਹ ਦਿੰਦੇ ਹਨ। ਉਹ ਤਾਂ ਕੇਵਲ ਮੁਰੀਦ ਹੀ ਹਨ, ਗੁਰੂ ਨਹੀਂ। ਉਹਨਾਂ ਲਈ ਤਾਂ ਉਹਨਾਂ ਪਲਾਂ ਵਿਚ ਸਭ ਕੁਝ ਸੁੰਦਰ ਹੁੰਦਾ ਹੈ ਜੋ ਦੈਵੀ-ਪ੍ਰੇਰਨਾ ਵਿਚ ਰੰਗੇ ਹੁੰਦੇ ਹਨ। ਜਿਹੜੇ ਵੀ ਉਹਨਾਂ ਨੂੰ ਇਸ ਮਸਤੀ ਦੀ ਹਾਲਤ ਵਿਚ ਵੇਖਦੇ ਹਨ, ਉਹ ਉਹਨਾਂ ਦੀ ਆਤਮਾ ਨੂੰ ਭਰਪੂਰਤਾ ਵਿਚ ਨਿਹਾਰਦੇ ਹਨ। ਪ੍ਰਗਤੀਸ਼ੀਲ ਹੋਣਾ ਆਤਮਿਕ ਜੀਵਨ ਦੀ ਵਿਸ਼ੇਸ਼ਤਾ ਹੈ। ਇਸ ਸੰਬੰਧ ਵਿਚ ਜਾਪਾਨ ਦੇ ਲੋਕ-ਸਮੂਹ ਵਿਚ ਵੱਡਾ ਕਾਂਗ-ਉਛਾਲਾ ਵੇਖਿਆ ਜਾ ਸਕਦਾ ਹੈ। ਮੈਂ ਇਸ ਨੂੰ ਅਧਿਆਤਮਿਕ ਉਤਸ਼ਾਹ

ਦੀ ਸੰਗਿਆ ਦਿੰਦਾ ਹਾਂ ਜੋ ਉਸ ਦੇਸ਼ ਦੇ ਮੇਜੀ ਯੁਗ (Meiji Era) ਵਿਚ ਆਏ ਪਰਿਵਰਤਨਾਂ ਤੋਂ ਪ੍ਰਗਟ ਹੁੰਦਾ ਹੈ। ਹਿੰਦੁਸਤਾਨ ਤੇ ਚੀਨ ਦੀ ਮਾਨਸਿਕ ਖੜੋਤ ਤਾਂ ਅੱਗੇ ਤੁਰਦੀ ਹੀ ਨਹੀਂ ਹੈ। ਫਿਰ ਵੀ ਚੀਨ ਨੇ ਨਿਰੰਤਰ ਪ੍ਰਿਸ਼ਰਮ ਦੁਆਰਾ ਹਿੰਦੂਆਂ ਦੀ ਤੁਲਨਾ ਵਿਚ ਵਧੇਰੇ ਗਤੀਸ਼ੀਲਤਾ ਦਰਸਾਈ ਹੈ ਤੇ ਉਹ ਹਿੰਦੂਆਂ ਦੇ ਟਾਕਰੇ ਵਿਚ ਆਪਣੇ ਵਿਚਾਰਾਂ ਤੇ ਮਾਨਸਿਕ ਬਣਤਰ ਦੇ ਕਾਰਨ ਆਤਮਿਕ ਕਰਮ ਕਰਨ ਦੇ ਵਧੇਰੇ ਸਮਰੱਥ ਹਨ, ਪਰ ਹਿੰਦੂ, ਜੇ ਉਹ ਆਪਣੇ ਪੁਰਾਤਨ ਰਹੁ-ਰੀਤ ਦੀ ਜਿੱਲਣ ਵਿਚੋਂ ਬਾਹਰ ਨਹੀਂ ਆਉਣਗੇ ਤਾਂ ਨਸ਼ਟ ਹੋ ਜਾਣਗੇ। ਜਿਹੜੀ ਬੁੱਧੀ ਕੇਵਲ ਸੋਚਦੀ ਹੀ ਸੋਚਦੀ ਹੈ ਤੇ ਖੜੋਤ ਵਿਚ ਰਹਿੰਦੀ ਹੈ ਤੇ ਆਪਣੀ ਉਪਜ ਨੂੰ ਜੀਵਨ ਦੇ ਯਥਾਰਥ ਉਤੇ ਨਹੀਂ ਪਰਖਦੀ, ਉਹ ਤਾਂ ਕੇਵਲ ਅਜਾਇਬ-ਘਰ ਦੀ ਪ੍ਰਦਰਸ਼ਨੀ ਦੀ ਹੀ ਇਕ ਅਦਭੁਤ ਵਸਤੂ ਹੁੰਦੀ ਹੈ। ਭਾਵੇਂ ਉਹ ਕਦੀ ਕਦੀ ਰੌਚਕ ਤੇ ਵਚਿਤਰ ਵੀ ਲਗਦੀ ਹੈ।

ਅਧਿਆਤਮਿਕਤਾ ਦਾ ਸਿੱਖ ਵਿਚਾਰ-ਸੰਕਲਪ ਜਿਵੇਂ ਕਿ ਗੁਰੂ ਸਾਹਿਬਾਨ ਨੇ ਇਸ ਧਰਤੀ ਦੇ ਪੱਖ ਦੁਆਰਾ ਕਲਪਿਤ ਕੀਤਾ ਹੈ—ਜੀਵਨ ਦੇ ਗਤੀਸ਼ੀਲ ਪੱਖ ਨਾਲ ਵਧੇਰੇ ਮੇਲ ਖਾਂਦਾ ਹੈ। ਇਸ ਦਾ ਸਰੂਪ ਅਸੀਂ ਮਨੁੱਖ ਦੀ ਪ੍ਰਗਤੀਸ਼ੀਲ ਯਾਤਰਾ ਜਾਂ ਵਿਕਾਸ ਵਿਚ ਵੇਖ ਸਕਦੇ ਹਾਂ। ਇਹ ਬੜੀ ਵਿਸ਼ੇਸ਼ ਗੱਲ ਸੀ ਕਿ ਗੁਰੂਆਂ ਤੇ ਸਿੱਖਾਂ ਦੋਹਾਂ ਨੇ ਹੀ ਪ੍ਰਭੂ ਤੇ ਸੱਚ ਵੱਲ ਵਧ ਰਹੀ ਮਨੁੱਖਤਾ ਦੀ ਇਸ ਸ਼ੋਭਾ ਯਾਤਰਾ ਨੂੰ ਪ੍ਰੇਮ ਨਾਲ ਨਿਵਾਜਿਆ ਤੇ ਇਸ ਦਾ ਗੁਣ ਗਾਇਨ ਕੀਤਾ। ਇਹ ਮਨੁੱਖੀ ਵਿਕਾਸ ਯਾਤਰਾ ਵਾਰ ਵਾਰ ਉਹਨਾਂ ਨੂੰ ਦ੍ਰਿਸ਼ਟੀਗੋਚਰ ਹੋਈ ਅਤੇ ਇਸ ਯਾਤਰਾ ਬਾਰੇ ਇੰਨਾਂ ਕੁਝ ਦੁਹਰਾਇਆ ਗਿਆ ਕਿ ਜਨ-ਸਮੂਹ ਦੀ ਇਸ ਵਿਕਾਸ ਯਾਤਰਾ ਦੀ ਧੁਨੀ ਗੁਰੂ ਸਾਹਿਬਾਨ ਦੇ ਬਹੁਤ ਸਾਰੇ ਸ਼ਬਦਾਂ ਵਿਚ ਸਾਫ਼ ਸਾਫ਼ ਸੁਣਾਈ ਦਿੰਦੀ ਹੈ। ਗੁਰੂ ਸਾਹਿਬ ਤਾਂ ਉਨਤੀ ਦੇ ਚਾਹਵਾਨ ਸਨ। ਉਹ ਇਤਿਹਾਸ ਵਿਚ ਲੋਕਾਂ ਦੇ ਅੱਗੇ ਵਧਣ ਨੂੰ ਦਿਲੋਂ ਪ੍ਰੇਮ ਕਰਦੇ ਸਨ। ਸਿੱਖ ਮੱਤ ਅਨੁਸਾਰ ਤਾਂ ਖੜੋਤ ਜਾਤੀਆਂ ਦੀ ਨਿੱਜੀ ਸੜਿਆਂਦ ਦਾ ਹੀ ਜ਼ਹਿਰ ਹੁੰਦਾ ਹੈ।

ਆਤਮਾ, ਬੁੱਧੀ ਅਤੇ ਇੱਛਾ ਸ਼ਕਤੀ ਤੋਂ ਵਧੇਰੇ ਦੀ ਕੋਈ ਵਸਤੂ ਹੈ। ਗੁਰੂ ਸਾਹਿਬ ਸ੍ਰਿਸ਼ਟੀ ਦੀ ਸੁੰਦਰਤਾ ਦੇ ਵਿਸਮਾਦ ਦੁਆਰਾ ਜਦੋਂ ਇਸ ਦੇ ਰਚਨਹਾਰ ਕਲਾਕਾਰ (ਕਰਤਾਰ) ਦਾ ਧਿਆਨ ਧਰਦੇ ਹਨ ਤਾਂ ਬੁੱਧੀ ਨੂੰ ਅੰਤਰ-ਦ੍ਰਿਸ਼ਟੀ ਨਾਲ ਇਕਸੁਰ ਕਰ ਦਿੰਦੇ ਹਨ, ਪਰ ਫਿਰ ਆਪ ਹੀ ਉਹ ਇਸ ਨੂੰ ਨਿਖੇੜ ਕੇ, ਪਰ ਨਾਲ ਹੀ ਇਕ ਸੂਖ਼ਮ ਧਾਗੇ ਦੁਆਰਾ ਇਸ ਉਦਾਤ ਸਰੂਪ ਨੂੰ ਅੰਤਰ-ਦ੍ਰਿਸ਼ਟੀ ਨਾਲ ਜੋੜ ਦਿੰਦੇ ਹਨ। ਇਸ ਤਰ੍ਹਾਂ ਗੁਰੂ ਸਾਹਿਬ ਇਸ ਬੁੱਧੀ ਨੂੰ ਤੀਖਣ ਕਰਕੇ ਸਹੰਸਰ ਕਿਨਾਰਿਆਂ ਵਾਲੇ ਸੰਦ ਵਿਚ ਬਦਲ ਦਿੰਦੇ ਹਨ। ਜਿਸ ਨਾਲ ਇਹ ਵਧੇਰੇ ਸ਼ਕਤੀਸ਼ਾਲੀ ਰੂਪ ਵਿਚ ਬਿਨਾਂ ਕਿਸੇ ਸੂਰਤ ਦੇ ਜੀਵਨ ਦੇ ਬਾਹਰਮੁਖੀ ਖੱਖ ਉਤੇ ਕਾਰਗਰ ਸਿੱਧ ਹੋ ਸਕਦਾ ਹੈ। ਇਸ ਪ੍ਰਕਾਰ ਸਿੱਖ ਬਾਹਰਮੁਖੀ ਸੰਸਾਰ ਤੇ ਸੰਸਾਰਕ ਗਿਆਨ ਦੁਆਰਾ ਸਸੀਮ ਦੇ ਪ੍ਰਭਾਵ ਥੱਲੇ

ਵਿਚਰਦਾ ਹੋਇਆ ਵੀ ਅਸੀਮ ਅਰਥਾਤ ਗੁਰੂ ਨਾਲ ਜੋੜ ਦਿੰਦਾ ਹੈ। ਇਸ ਤਰ੍ਹਾਂ ਉਹ ਇੰਜ ਅਨੁਭਵ ਕਰਦਾ ਹੈ ਕਿ ਇਸ ਦ੍ਰਿਸ਼ਟਮਾਨ ਤੇ ਅਦ੍ਰਿਸ਼ਟ ਦੇ ਸੰਬੰਧ ਦੀ ਅਣਹੋਂਦ ਵਿਚ ਜਿਸ ਵਿਚ ਸਜੀਵ ਤੇ ਪ੍ਰਗੀਤਕ ਰੂਪ ਦੀ ਨਿਰੰਤਰਤਾ ਨਹੀਂ ਹੁੰਦੀ, ਮਨੁੱਖ ਦੀ ਬੁੱਧੀ ਅਥਵਾ ਬੌਧਿਕ ਸ਼ਕਤੀ ਉਸ ਬ੍ਰਿਛ ਦੀ ਟਾਹਣੀ ਸਮਾਨ ਹੁੰਦੀ ਹੈ, ਜਿਸ ਨੂੰ ਬ੍ਰਿਛ ਨਾਲੋਂ ਤੋੜ ਜਾਂ ਵੱਖ ਕਰ ਲਿਆ ਜਾਂਦਾ ਹੈ।

ਭਾਰਤ ਦਾ ਭੂਤਕਾਲ ਇਤਨਾਂ ਪ੍ਰਾਚੀਨ ਤੇ ਮਹਾਨ ਹੈ ਤੇ ਇਹ ਮੱਧ-ਏਸ਼ੀਆ ਦੀਆਂ ਮਾਨਵ ਜਾਤੀਆਂ ਤੇ ਕੁਝ ਹੱਦ ਤੱਕ ਏਸ਼ੀਆ ਤੋਂ ਵੀ ਪੂਰਵ ਦੀਆਂ ਮਾਨਵ ਜਾਤੀਆਂ ਨਾਲ ਜਟਿਲ ਰੂਪ ਵਿਚ ਓਤ ਪ੍ਰੋਤ ਹੈ। ਫਲਸਰੂਪ ਇਹ ਕਿਹਾ ਜਾ ਸਕਦਾ ਹੈ ਕਿ ਇਹ ਸੰਬੰਧ ਭੂਗੋਲਿਕ ਤੇ ਇਤਿਹਾਸਕ ਤੌਰ 'ਤੇ ਸਮੁੱਚੀ ਮਨੁੱਖ ਜਾਤੀ ਨਾਲ ਜੁੜੇ ਹੋਏ ਹਨ। ਇਥੋਂ ਤੱਕ ਕਿ ਬੁੱਧ ਮੱਤ ਤੇ ਸਿੱਖ ਮੱਤ ਜੋ ਦੋ ਮਹਾਨ ਵਿਸ਼ਵ-ਵਿਆਪੀ ਲਹਿਰਾਂ ਹਨ ਤੇ ਜਿਨ੍ਹਾਂ ਦਾ ਆਰੰਭ ਭਾਵੇਂ ਬੜੇ ਨਿਰਮਾਣ ਰੂਪ ਵਿਚ ਹੋਇਆ, ਪਰ ਇਹ ਦੋਵੇਂ ਮਨੁੱਖੀ ਪ੍ਰੇਮ ਤੇ ਲੋਕਤੰਤਰ ਵੱਲ ਉਨਤੀ ਕਰਨ ਵੱਲ ਵਧਣ ਵਾਲੀਆਂ ਤੇ ਨਵੇਂ ਮਨੁੱਖੀ ਉਤਸ਼ਾਹ ਨੂੰ ਜਗਾਉਣ ਵਾਲੀਆਂ ਦੋ ਮੌਲਿਕ ਤੇ ਗਤੀਸ਼ੀਲ ਸੁਭਾ ਵਾਲੀਆਂ ਲਹਿਰਾਂ ਸਨ। ਪਰ ਇਹ ਵੀ ਥੋਥੇ ਬੁੱਧੀਵਾਦ ਅਰਥਾਤ ਬ੍ਰਾਹਮਣਵਾਦ ਦੇ ਸੰਕਲਪਗਤ ਗੋਬੀ ਦੇ ਮਾਰੂਥਲ ਵਿਚ ਖੁਸ਼ਕ ਹੋ ਜਾਣ ਵਾਲੀਆਂ ਬਣ ਗਈਆਂ ਹਨ। ਇਹਨਾਂ ਦੀ ਜੀਅ ਦਾਨ ਦੇਣ ਵਾਲੀ ਸਮਰੱਥਾ ਜੋ ਰੇਡੀਅਮ ਸਮਾਨ ਪ੍ਰਕਾਸ਼ ਸਰੂਪ ਵਾਲੀ ਸੀ, ਨੂੰ ਡੁੱਬ ਜਾਣ ਵਾਲੀ ਬੋਝਲ ਜਿਸਤ ਬਣਾ ਦਿੱਤਾ ਗਿਆ ਹੈ।

ਭੂਤਕਾਲ ਤੇ ਵਰਤਮਾਨ ਸਮੇਂ ਵਿਦਵਾਨ ਹਿੰਦੂਆਂ ਦਾ ਬੁੱਧ ਮੱਤ ਤੇ ਇਥੋਂ ਤੱਕ ਕਿ ਗੁਰੂ ਸਾਹਿਬਾਨ ਬਾਰੇ ਦ੍ਰਿਸ਼ਟੀਕੋਣ ਮੈਨੂੰ ਇਕ ਸਿੱਖ ਅਤੇ ਹਿੰਦੂ ਸਮਾਜ ਵਿਚ ਜਨਮੇ ਵਿਅਕਤੀ ਹੋਣ ਦੇ ਨਾਤੇ ਡੂੰਘਾ ਘਾਓ ਲਾਉਣ ਵਾਲਾ ਹੈ। ਮੇਰਾ ਵਿਸ਼ਵਾਸ ਹੈ ਕਿ ਇਹ ਤੇ ਇਹਨਾਂ ਦੇ ਪੂਰਵਜ ਆਪਣੇ ਭੌਤਿਕ ਅਭਿਮਾਨ ਸਦਕਾ ਕੇਵਲ ਆਪਣੇ ਕਲਪਿਤ ਅਨੁਮਾਨਾਂ ਦੁਆਰਾ ਕੁਝ ਮਾਨਸਿਕ ਅਣਯਥਾਰਥ ਨੂੰ ਹੀ ਸੱਚ ਸਮਝ ਕੇ ਚਿੰਬੜੇ ਰਹੇ ਹਨ। ਇਸੇ ਕਾਰਨ ਭੂਤਕਾਲ ਵਿਚ ਬੁੱਧ ਮੱਤ ਭਾਰਤ ਵਿਚ ਵਧੇਰੇ ਪ੍ਰਫੁੱਲਿਤ ਨਾ ਹੋ ਸਕਿਆ। ਇਹ ਉਹੋ ਮਹਾਨ ਬੁੱਧ ਮੱਤ ਸੀ ਜੋ ਦੇਸ਼ ਦੀਆਂ ਹੱਦਾਂ ਤੋਂ ਬਾਹਰ ਫੈਲਿਆ ਤੇ ਜਿਸ ਨੇ ਜਾਪਾਨ, ਬਰਮਾ ਤੇ ਇਥੋਂ ਤੱਕ ਕਿ ਚੀਨ ਦੇ ਜਨ-ਸਮੂਹ ਵਿਚ ਨਵੀਂ ਜਾਗ ਲਾਈ। ਇਸੇ ਤਰ੍ਹਾਂ ਗੁਰੂ ਸਾਹਿਬਾਨ ਦੁਆਰਾ ਸੰਚਾਲਤ ਧਰਮ ਵੀ ਇਸ ਜੜ੍ਹਤਾ ਨੂੰ ਤੋੜ ਸਕਦਾ ਹੈ ਅਤੇ ਉਹ ਜਾਗ ਲਾ ਸਕਦਾ ਹੈ ਜੋ ਮਨੁੱਖ ਦੇ ਵਿਕਾਸ ਵਿਚ ਸਹਾਈ ਹੋ ਸਕਦੀ ਹੈ, ਪਰ ਉਕਤ ਦ੍ਰਿਸ਼ਟੀਕੋਣ ਇਸ ਵਿਚ ਵੀ ਰੋਕ ਪਾਊ ਸਿਧ ਹੋ ਰਿਹਾ ਹੈ।

ਅਸੀਂ ਸਿੱਖ ਜੌਨ੍ਹ ਮਿਡਲਟਨ ਮਰੇ ਦੀ ਉਸ ਯੋਜਨਾ 'ਐਡਲਫੀ' (ਜੁਲਾਈ, 1926) ਦੀ ਪ੍ਰਸ਼ੰਸਾ ਕਰ ਸਕਦੇ ਹਾਂ ਜੋ ਮਨੁੱਖੀ ਸੰਸਕ੍ਰਿਤੀ ਦੀ ਪੁਨਰ ਸੁਰਜੀਤੀ ਲਈ ਉਲੀਕੀ ਗਈ ਹੈ। ਇਸ ਵਿਚ ਅੰਤਰ ਕੇਵਲ ਇਤਨਾਂ ਹੈ ਕਿ ਹੇਠਲੇ ਤਲ ਨੂੰ ਗਤੀਸ਼ੀਲ ਕਰਨ ਲਈ ਉਪਰਲੇ ਤਲ ਨੂੰ ਜਾਗ ਜਾਂ ਪ੍ਰੇਰਨਾ ਦਾ

ਕਤਰਾ ਹੋਣਾ ਚਾਹੀਦਾ ਹੈ। ਮਿਸਟਰ ਮਰੇ ਨੇ ਇਸ ਨੂੰ ਬਹੁਤ ਚੰਗੀ ਤਰ੍ਹਾਂ ਪੇਸ਼ ਕੀਤਾ ਹੈ। ਇਹ ਦ੍ਰਿਸ਼ਟੀਕੋਣ ਉਸ ਰੁਮਾਂਸਵਾਦੀ ਤੋਂ ਭਿੰਨ ਤੇ ਵਿਪਰੀਤ ਹੈ ਜੋ ਅਜੋਕੇ ਸਮੇਂ ਬੜਾ ਪ੍ਰਚੱਲਿਤ ਹੋ ਰਿਹਾ ਹੈ। ਸਾਡਾ ਮੱਤ ਇਹ ਹੈ ਕਿ ਸੱਚੇ ਬੁੱਧੀਵਾਦ ਨੂੰ ਸਭ ਤੋਂ ਪਹਿਲਾਂ ਬੁੱਧੀ ਦੀ ਉਚਿਤ ਭੂਮਿਕਾ ਜਾਂ ਕਰਤੱਵ ਨੂੰ ਸਪਸ਼ਟ ਭਾਂਤ ਸੰਕਲਪਗਤ ਰੂਪ ਵਿਚ ਸੁਨਿਸਚਿਤ ਕਰਨਾ ਚਾਹੀਦਾ ਹੈ। ਬੁੱਧੀ ਤਾਂ ਜੀਵਨ ਦੀ ਸੇਵਕਾ ਹੈ, ਸੁਆਮੀ ਨਹੀਂ। ਇਹ ਸਾਨੂੰ ਇਹ ਨੁਸਖਾ ਨਹੀਂ ਦੇ ਸਕਦੀ ਕਿ ਇਹ ਚੀਜ਼ ਕਰਨ ਯੋਗ ਹੈ ਜਾਂ ਨਹੀਂ। ਇਸ ਦਾ ਕਰਤੱਵ ਤਾਂ ਗਿਆਨ ਪ੍ਰਾਪਤੀ ਦੇ ਮਾਰਗ ਵਿਚ ਵਫ਼ਾਦਾਰ ਅੰਗਪਾਲ ਦਾ ਹੋਣਾ ਚਾਹੀਦਾ ਹੈ। ਇਹ ਜੋ ਕੁਝ ਯਥਾਰਥ ਹੈ, ਉਸ ਨੂੰ ਨਿਸਚਿਤ ਨਹੀਂ ਕਰ ਸਕਦੀ। ਯਥਾਰਥ ਤਾਂ ਤੁਰੰਤ ਹਾਜ਼ਰ ਹੁੰਦਾ ਹੈ। ਬੁੱਧੀ ਦਾ ਤਾਂ ਉਸ ਸਮੇਂ ਹੀ ਸਿਆਣਪ ਭਰਪੂਰ ਪ੍ਰਯੋਗ ਹੋ ਸਕਦਾ ਹੈ ਜਦੋਂ ਇਹ ਯਥਾਰਥ ਦੀ ਪੁਸ਼ਟੀ ਕਰਨ ਲਈ ਉਸ ਦਾ ਪਿੱਛਾ ਕਰਦੀ ਹੈ। ਬੁੱਧੀ ਦਾ ਕਰਤੱਵ ਤਾਂ ਢਲਣਸ਼ੀਲਤਾ ਵਿਚ ਹੈ ਜਿਸ ਦਾ ਵਿਸ਼ੇਸ਼ ਗੁਣ ਹੁਕਮ ਮੰਨਣ ਵਿਚ ਹੈ ਨਾ ਕਿ ਹੁਕਮ ਚਲਾ ਕੇ ਐਲਾਨ ਕਰਨ ਵਿਚ।

ਸਾਡੀ ਸੰਸਕ੍ਰਿਤੀ ਨੂੰ ਤਾਂ ਨਦੀ ਦੀ ਨਿਆਈਂ ਹੋਣਾ ਚਾਹੀਦਾ ਹੈ, ਜਿਸ ਨੂੰ ਮਹਾਨ ਆਤਮਾ ਨੇ ਸੁਤੰਤਰ ਕਰ ਦਿੱਤਾ ਹੁੰਦਾ ਹੈ। ਜਦੋਂ ਵਿਸ਼ਵ-ਵਿਆਪੀ ਪ੍ਰਗਤੀ ਵਿਚ ਰੋਕਾਂ ਪਾਈਆਂ ਜਾਂਦੀਆਂ ਹਨ ਤਾਂ ਨਦੀ ਦਾ ਪਾਣੀ ਸਹਿਜੇ ਸਹਿਜੇ ਇਕੱਤਰ ਹੋ ਕੇ ਵੱਡੀ ਸ਼ਕਤੀ ਧਾਰਨ ਕਰ ਲੈਂਦਾ ਹੈ ਅਤੇ ਕੰਢੇ ਤੇ ਰੋਕਾਂ ਤੋੜ ਕੇ ਫਿਰ ਵਹਿਣਾ ਸ਼ੁਰੂ ਕਰ ਦਿੰਦਾ ਹੈ। ਇਸੇ ਤਰ੍ਹਾਂ ਹੀ ਪਿਆਰ ਦੇ ਤਰਲ ਪਦਾਰਥ ਨਾਲ ਭਰਪੂਰ ਵਿਅਕਤੀਤਵ ਬਲ ਪ੍ਰਾਪਤ ਕਰ ਲੈਂਦਾ ਹੈ। ਇਕਾਗਰਚਿਤਤਾ ਜਾਂ ਧਿਆਨ-ਯੁਕਤ ਸਮਾਧੀ ਜਿਸ ਦੀ ਸਿਖਿਆ ਯੋਗ ਦੁਆਰਾ ਦਿੱਤੀ ਜਾਂਦੀ ਹੈ, ਸਾਡੇ ਲਈ ਤਾਂ ਰੇਖਾ-ਗਣਿਤ ਵਰਗੇ ਬੌਧਿਕ ਯਤਨ ਹੀ ਹਨ। ਸਾਡਾ ਪ੍ਰਯੋਜਨ ਤਾਂ ਉਸ ਵਿਸ਼ਵ-ਵਿਆਪੀ ਇਕਾਗਰਚਿਤਤਾ ਜਾਂ ਧਿਆਨ ਦੀ ਪ੍ਰਾਪਤੀ ਹੈ ਜੋ ਸਾਡੇ ਆਲੇ ਦੁਆਲੇ ਦੇ ਚੌਗਿਰਦੇ ਵਿਚੋਂ ਹੀ ਜਨਮ ਲੈਂਦੀ ਹੈ ਤੇ ਉਸ ਉਤੇ ਹੀ ਕੇਂਦਰਿਤ ਹੁੰਦੀ ਹੈ। ਅਸੀਂ ਤਾਂ ਕੇਵਲ ਪ੍ਰਵਾਹਿਤ ਹੀ ਹੁੰਦੇ ਹਾਂ। ਜੀਵਨ ਨੂੰ ਸਾਡੇ ਦੁਆਰਾ ਨਿਰਮਲ ਨਦੀ ਦੇ ਰੂਪ ਵਿਚ ਪ੍ਰਵਾਹਿਤ ਹੋਣਾ ਚਾਹੀਦਾ ਹੈ। ਸੁੰਦਰ ਜਾਂ ਚਤਰ ਗੱਲਬਾਤ ਉਦੋਂ ਤੱਕ ਅਰਥਹੀਣ ਹੀ ਰਹਿ ਜਾਂਦੀ ਹੈ ਜਦੋਂ ਤੱਕ ਕਿ ਉਸ ਦੇ ਪਿਛੋਕੜ ਵਿਚ ਦੇਵ ਮੰਡਲ ਆਪ ਨਾ ਹੋਵੇ।

ਸਾਡੇ ਯੁਗ ਦੇ ਆਧੁਨਿਕ ਹਿੰਦੂ ਚਿੰਤਕ ਜਾਂ ਬੁੱਧੀਵੇਤਾ ਕੇਵਲ ਆਪਣੇ ਬੌਧਿਕ ਕੇਂਦਰਾਂ ਉਤੇ ਹੀ ਉਤੇਜਿਤ ਹੁੰਦੇ ਹਨ ਤੇ ਉਹਨਾਂ ਕੇਂਦਰਾਂ ਉਤੇ ਉਹ ਦੂਜਿਆਂ ਨੂੰ ਉਤੇਜਿਤ ਕਰਦੇ ਹਨ। ਉਹ ਤਾਂ ਭਾਸ਼ਣ ਕਰਦੇ ਤੇ ਦੂਜਿਆਂ ਨੂੰ ਭੰਡਦੇ ਹਨ। ਉਤੇਜਨਾ ਉਤੇਜਨਾ ਨੂੰ ਹੀ ਜਨਮ ਦਿੰਦੀ ਹੈ ਤੇ ਉਹ ਸੰਘਣੀ ਧੁੰਦ ਵਿਚ ਜਾ ਮੁਕਦੀ ਹੈ। ਇਹ ਸਾਰਾ ਕੁਝ ਥੋੜ੍ਹੇ ਸਮੇਂ ਦੀ ਹੀ ਗੱਲ ਹੁੰਦੀ ਹੈ ਜੋ ਡੂੰਘਾਈ ਵਿਚ ਨਹੀਂ ਜਾਂਦੀ। ਆਧੁਨਿਕ ਯੁਗ ਦੇ ਮਹਾਨ ਬੁੱਧੀਵੇਤਾ ਆਕਾਸ਼

ਵਿਚ ਉਡਦੀਆਂ ਗੁੱਡੀਆਂ ਦੀ ਨਿਆਈਂ ਹਨ, ਜੋ ਉਸ ਸਮੇਂ ਬਹੁਤ ਸੁੰਦਰ ਲਗਦੀਆਂ ਹਨ ਜਦੋਂ ਉਹ ਹਵਾ ਵਿਚ ਫੜਫੜਾ ਰਹੀਆਂ ਹੁੰਦੀਆਂ ਹਨ ਪਰ ਇਹ ਸੁੰਦਰ ਹੋਣਾ ਹੀ ਕਾਫੀ ਨਹੀਂ ਹੈ। ਨਾ ਤਾਂ ਇਹ ਸਜੀਵ ਹੁੰਦਾ ਹੈ ਤੇ ਨਾ ਹੀ ਅੱਗੇ ਜੀਅ-ਦਾਨ ਦੇਣ ਵਾਲਾ। ਉਹ ਤਾਂ ਪਰਾਭੌਤਿਕਵਾਦੀ ਹਨ, ਜੋ ਆਪਣੇ ਅਦਭੁੱਤ ਤਰਕਸ਼ਾਸਤਰ ਦੁਆਰਾ ਸੱਚ ਨੂੰ ਸਰ ਕਰਨਾ ਚਾਹੁੰਦੇ ਹਨ।

ਇਸ ਦੇ ਵਿਪਰੀਤ ਗੁਰੂ ਜੀ ਦਾ ਫੁਰਮਾਨ ਹੈ ਕਿ ਜੀਵਨ ਨੂੰ ਕਹੀ ਤੇ ਹੱਲ ਦੁਆਰਾ ਜਿਤਿਆ ਜਾਂਦਾ ਹੈ। ਉਹ ਵੀ ਉਦੋਂ ਜਦੋਂ ਅਸੀਂ ਉਪਰ ਪ੍ਰਭੂ ਵੱਲ ਤੱਕਦੇ ਤੇ ਉਸ ਉਪਰ ਭਰੋਸਾ ਰਖਦੇ ਹੋਈਏ।

ਜਿਨ੍ਹਾਂ ਨੇ ਇਤਿਹਾਸ ਵਿਚੋਂ ਸਿੱਖੀ ਦੀ ਆਤਮਾ ਦੇ ਦਰਸ਼ਨ ਨਹੀਂ ਕੀਤੇ ਅਤੇ ਵਰਤਮਾਨ ਸਮੇਂ ਦੀ ਅਕਾਲੀ ਲਹਿਰ ਵਿਚ ਸਿੱਖ ਜਨ-ਸਮੂਹ ਦੀ ਆਤਮਾ ਦੀ ਸੂਖ਼ਮਤਾ ਨੂੰ ਨਹੀਂ ਤੱਕਿਆ, ਉਹ ਵਾਲਟ ਵਿਟਮੈਨ ਦੀਆਂ ਨਿਮਨ ਲਿਖਤ ਕਾਵਿ-ਪੰਕਤੀਆਂ ਵਿਚੋਂ ਇਸ ਆਤਮਾ ਨੂੰ ਨਿਹਾਰ ਸਕਦੇ ਹਨ।

ਕੀ ਇਹ ਆਧੁਨਿਕ ਕਵੀ ਇਹਨਾਂ ਭਾਵ-ਪੂਰਤ ਕਾਵਿ ਟੁਕੜੀਆਂ ਵਿਚ ਗੁਰੂ ਖ਼ਾਲਸੇ ਦੀ ਆਤਮਾ ਦਾ ਗੁਣ-ਗਾਇਨ ਨਹੀਂ ਕਰ ਰਿਹਾ ?

ਉਹ ਜੀਵਨ ਜੋ ਹੋਵੇ ਭਾਵਾਂ ਦੇ
ਵੇਗ ਨਾਲ ਭਰਪੂਰ
ਜਿਸ ਵਿਚ ਸ਼ਕਤੀ ਦੀ ਧੜਕਣ
ਜੋ ਦੈਵੀ ਨੇਮ ਅਧੀਨ
ਸੁਤੰਤਰ ਕਰਮ ਕਰਨ ਲਈ
ਰਹਿੰਦੀ ਤਤਪਰ ਤੇ ਸਦ-ਪ੍ਰਸੰਨ।
ਮੈਂ ਤਾਂ ਉਸੇ ਆਧੁਨਿਕ ਮਨੁੱਖ ਦੇ
ਗੀਤ ਪਿਆ ਗਾਵਾਂ !
ਸਾਥੀਓ ! ਇਹ ਨਹੀਂ ਹੈ
ਕੋਈ ਪੁਸਤਕ;
ਜਿਹੜਾ ਵੀ ਇਸ ਨੂੰ ਛੂਹੇਗਾ
ਉਸ ਨੂੰ ਮਨੁੱਖ ਦੀ ਛੁਹ ਹੋਊ ਪ੍ਰਾਪਤ।
ਇਹ ਤੁਸੀਂ ਮੈਨੂੰ ਹੋ ਫੜਦੇ,
ਮੈਂ ਹਾਂ ਤੁਹਾਨੂੰ ਫੜ ਕੇ
ਆਪਣੀਆਂ ਬਾਹਾਂ ਦੇ ਵਿਚ ਘੁਟਦਾ।
ਇਹਨਾਂ ਪੰਨਿਆਂ ਤੋਂ ਨਿਕਲ ਕੇ
ਮੈਂ ਤੁਹਾਡੀਆਂ ਬਾਹਾਂ ਦੇ ਵਿਚ
ਹਾਂ ਜਾ ਸਮਾਉਂਦਾ।

(ਗੁਰੂ ਗੋਬਿੰਦ ਸਿੰਘ ਜੀ ਨੇ ਵੀ ਆਪਣੇ ਨਿੱਜ ਸਰੂਪ ਨੂੰ ਆਪਣੇ ਸਿੱਖਾਂ

ਨੂੰ ਸ਼ਬਦ ਵਿਚੋਂ ਖੋਜ ਲੈਣ ਲਈ ਕਿਹਾ ਸੀ ਅਤੇ ਗੁਰੂ ਗਰੰਥ ਸਾਹਿਬ ਨੂੰ ਗੁਰੂ ਦੀ ਪ੍ਰਗਟ ਦੇਹ ਆਖ ਕੇ ਸੰਬੋਧਿਤ ਕੀਤਾ ਸੀ।)

ਹੇਠ ਲਿਖੀਆਂ ਕਾਵਿ-ਪੰਕਤੀਆਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸੇ ਦਾ ਚਿਤਰਨ ਹੀ ਕੀਤਾ ਗਿਆ ਪ੍ਰਤੀਤ ਹੁੰਦਾ ਹੈ।

ਕਰਦਾ ਹਾਂ ਮੈਂ ਐਲਾਨ
ਕਿ ਕੁਦਰਤੀ ਮਨੁੱਖ ਜਾਗੇ,
ਕਰਦਾ ਹਾਂ ਮੈਂ ਐਲਾਨ
ਕਿ ਨਿਆਂ ਦੀ ਜਿੱਤ ਹੋਵੇ,
ਕਰਦਾ ਹਾਂ ਮੈਂ ਐਲਾਨ
ਕਿ ਉਹ ਸੁਤੰਤਰਤਾ ਉਭਰੇ
ਆਜ਼ਾਦੀ ਅਤੇ ਸਮਾਨਤਾ ਦੀ
ਜੋ ਹੋਵੇ ਜ਼ਾਮਨ,
ਕਰੇ ਨਾ ਕਦੀ ਸਮਝੌਤਾ।
ਇਸ ਪੱਖ ਤੋਂ
ਕਰਦਾ ਹਾਂ ਮੈਂ ਐਲਾਨ
ਨਿਰਛਲ ਨਿਰਪੱਖਤਾ ਦਾ;
ਇਸ ਤਰ੍ਹਾਂ ਦਾ ਸਵੈਮਾਣ
ਹੁੰਦਾ ਸਦਾ ਨਿਆਂਕਾਰੀ।
ਕਰਦਾ ਹਾਂ ਮੈਂ ਐਲਾਨ
ਉਸ ਜੀਵਨ ਦਾ
ਹੋਵੇ ਜੋ ਭਰਪੂਰ
ਧੜੱਲੇਦਾਰ, ਆਤਮ-ਰੱਤਾ,
ਬੀਰਭਾਵੀ ਤੇ ਦਲੇਰ।
ਕਰਦਾ ਹਾਂ ਮੈਂ ਐਲਾਨ
ਉਸ ਜੀਵਨ ਦਾ
ਕਰਦਾ ਹਾਂ ਮੈਂ ਐਲਾਨ
ਉਸ ਜੀਵਨ ਦਾ
ਜੋ ਹੋਵੇ ਸਚਿਆਰਾ,
ਖ਼ੁਸ਼ੀਆਂ ਭਰਿਆ
ਤੇ ਜਿਸ ਵਿਚ ਹੋਵੇ
ਇਹਨਾਂ ਗੁਣਾਂ ਦੀ ਪੂਰਤੀ
ਤੇ ਇਹ ਸੱਚੇ ਅਰਥਾਂ ਵਿਚ
ਹੋਣ ਸਾਕਾਰ।

ਕਰਦਾ ਹਾਂ ਮੈਂ ਐਲਾਨ
ਉਹਨਾਂ ਅਸੰਖ ਯੁਵਕਾਂ ਦਾ
ਹੋਵਣਗੇ ਜੋ ਸੁੰਦਰ,
ਮਿੱਠ-ਬੋਲੇ ਤੇ ਮਹਾਨ।
ਕਰਦਾ ਹਾਂ ਮੈਂ ਐਲਾਨ
ਉਸ ਜਾਤੀ ਦਾ
ਜਿਸ ਵਿਚ ਅਭਿਮਾਨ-ਮੱਤੇ ਬਿਰਧ ਵੀ
ਹੋਵਣ ਸ਼ਾਨਦਾਰ,
ਹੋਵੇ ਜੋ ਜਾਤੀ ਅਨੁਭਵੀਆਂ
ਤੇ ਜੇਤੂਆਂ ਵਾਲੀ,
ਹੋਵੇ ਜੋ ਜਾਤੀ ਧਰਤੀ ਦੇ ਮੋਹ ਵਾਲੀ
ਸੰਗਰਾਮ ਕਰਨ ਲਈ
ਰਹੇ ਜੋ ਤਤਪਰ;
ਜਿੱਤਾਂ ਜਿਤਦੀ ਅੱਗੇ ਵਧਦੀ,
ਹੋਵੇ ਜੋ ਜਾਤੀ ਕਿਸੇ ਦੇ
ਕਾਨੂੰਨ ਵਿਚ ਨਾ ਬੱਧੀ,
ਸਗੋਂ ਆਪਣੇ ਹੀ
ਘੜੇ ਕਾਨੂੰਨ ਨੂੰ ਪਾਲਣ ਵਾਲੀ,
ਜਾਤੀ ਜੋ ਹੋਵੇ ਵੇਗਵਾਨ
ਵਾਂਗ ਤੁਫ਼ਾਨ।

(ਇਸ ਦੀ ਉਸ ਸਮੇਂ ਤੁਲਨਾ ਕਰੋ ਜਦੋਂ ਗੁਰੂ ਗੋਬਿੰਦ ਸਿੰਘ ਜੀ ਦੇ ਰਣਜੀਤ ਨਗਾਰੇ ਦੀ ਘਣਘੋਰ ਦੂਰ ਦੂਰ ਤੱਕ ਸੁਣਾਈ ਦਿੰਦੀ ਸੀ।)

ਇੰਜ ਪ੍ਰਤੀਤ ਹੁੰਦਾ ਹੈ ਕਿ ਕਵੀ ਗੁਰੂ ਜੀ ਦਾ ਗੀਤ ਹੀ ਗਾ ਰਿਹਾ ਹੈ।

ਸ਼ਾਂਤੀ ਸਮੇਂ ਮੈਂ ਗਾਵਾਂ
ਅਮਨ ਦੇ ਗੀਤ,
ਪਰ ਹੁਣ ਤਾਂ ਮੈਂ
ਯੁਧ ਦਾ ਬਿਗਲ ਵਜਾ
ਨਗਾਰੇ ਉਤੇ ਚੋਟ ਲਗਾਵਾਂ,
ਜਿਥੇ ਬਲਵਾਨ ਸਰੀਰ ਦੀ
ਪੈਂਦੀ ਹੈ ਲੋੜ।
ਅਰੋਗਤਾ ਹੀ ਜਿਥੇ
ਵਿਸ਼ਵ ਨਾਲ ਹੈ

ਤੁਹਾਡੀ ਸਾਂਝ ਨੂੰ ਪਾਉਂਦੀ।
ਇਥੇ ਮਹਾਂ-ਪੁਰਖਾਂ ਨੂੰ ਹੈ
ਸਿਰਜਣ ਦੀ ਲੋੜ,
ਬਾਕੀ ਸਭ ਕੁਝ ਆਪਣੇ ਆਪ
ਪਿੱਛੇ ਲੱਗ ਤੁਰਦਾ।

ਹੇਠ ਲਿਖੇ ਸ਼ਬਦਾਂ ਵਿਚ ਆਸਾ ਦੀ ਵਾਰ ਦੇ ਸਮੂਹਕ ਸ਼ਬਦ ਕੀਰਤਨ ਦੀ ਧੁਨੀ ਗੂੰਜ ਰਹੀ ਹੈ।

ਜਿਥੇ ਸੰਗਤ ਖੁੱਲ੍ਹੇ ਮੂੰਹਾਂ ਨਾਲ ਮਧੁਰ ਸੰਗੀਤ ਦਾ ਅਲਾਪ ਕਰ ਰਹੀ ਹੈ :

"ਕੁਦਰਤ ਜਾਤੀ ਜਿਨਸੀ ਰੰਗੀਂ
ਕੁਦਰਤ ਸਰਬ ਆਕਾਰ।"

ਉਪਰੋਕਤ ਪ੍ਰਕਰਨ ਵਿਚ ਹੀ ਕਬੀਰ ਜੀ ਦੇ ਪ੍ਰਭਾਤੀ ਰਾਗ ਦੇ ਇਹ ਸ਼ਬਦ ਅੰਕਿਤ ਹਨ :

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ
ਏਕ ਨੂਰ ਤੇ ਸਭ ਜਗੁ ਉਪਜਿਆ ਕਉਨ ਭਲੇ ਕੋ ਮੰਦੇ

ਮਹਾਰਾਜਾ ਰਣਜੀਤ ਸਿੰਘ ਦੇ ਸਿੱਕਿਆਂ ਉਤੇ ਹੇਠ ਲਿਖੇ ਸ਼ਬਦ ਅੰਕਿਤ ਸਨ :

'ਅਕਾਲ ਸਹਾਇ, ਦੇਗ ਤੇਗ ਫਤਹਿ, ਨੁਸਰਤ ਬੇਦਰੰਗ ਯਾਫ਼ਤ ਅਜ਼ ਨਾਨਕ ਗੋਬਿੰਦ ਸਿੰਘ।'

## XIII

ਸੱਚੇ ਸਿੱਖੀ ਮਾਰਗ ਨਾਲ ਤੁਲਨਾ ਕੀਤਿਆਂ ਵਾਲਟ ਵਿਟਮੈਨ ਦੇ ਗੀਤਾਂ ਦਾ ਗਾਇਨ ਅਤੇ ਇਸ ਦਾ ਪ੍ਰਗੀਤਕ ਪਾਸਾਰ ਵੀ ਜੀਵਨ ਦੀ ਅਸੀਮਤਾ ਜਾਂ ਅਨੰਤਤਾ ਤੱਕ ਪੁੱਜ ਜਾਂਦਾ ਹੈ। ਉਹ ਜੀਵਨ ਦੇ ਸਸੀਮ ਵਿਚੋਂ ਅਸੀਮ ਨੂੰ ਭਾਲ ਕੇ ਉਸ ਵਿਚ ਪਿਘਲ ਜਾਂਦਾ ਹੈ। ਅਜਿਹੇ ਸਮੇਂ ਉਸ ਦੀ ਰਸਨਾ ਸੁਆਦ ਨਾਲ ਭਰ ਜਾਂਦੀ ਹੈ, ਉਸ ਦੇ ਨੈਣ ਬੁੱਧ ਮੱਤ ਦੇ ਨਿਰਵਾਣ ਦੇ ਰੰਗਾਂ ਦੀਆਂ ਖ਼ੁਸ਼ੀ ਤਰੰਗਾਂ ਵਿਚ ਚਮਕ ਉਠਦੇ ਹਨ, ਉਸ ਦੀ ਆਤਮਾ ਸਦੀਵਤਾ ਦੀ ਲੰਮੀ ਨਦਰਿ ਵਿਚ ਦਮਕ ਰਹੀ ਹੁੰਦੀ ਹੈ ਅਤੇ ਉਸ ਦਾ ਸਮੁੱਚਾ ਆਪਾ ਕੰਵਲ ਫੁੱਲ ਉਤੇ ਡਲ੍ਹਕਦੀ ਤ੍ਰੇਲ-ਮਣੀ ਦੀ ਤਰ੍ਹਾਂ ਰੱਬੀ ਜੋਤ ਨੂੰ ਪ੍ਰਕਾਸ਼ਮਾਨ ਕਰ ਰਿਹਾ ਹੁੰਦਾ ਹੈ। ਵਾਲਟ ਵਿਟਮੈਨ ਦੇ ਟਾਕਰੇ ਉਤੇ ਟੈਨੀਸਨ, ਸ਼ੈਕਸਪੀਅਰ, ਮਿਲਟਨ, ਯੀਟਸ ਅਤੇ ਟੈਗੋਰ ਸ਼ੀਸ਼ੇ ਦੇ ਡੱਬਿਆਂ ਵਿਚ ਰੱਖੇ ਮੋਮ ਦੇ ਖਿਡੌਣੇ ਪ੍ਰਤੀਤ ਹੁੰਦੇ ਹਨ। ਉਪਰੋਕਤ ਸਭ ਕਵੀ ਅਤੇ ਇਹਨਾਂ ਦੇ ਨਾਲ ਹੋਰ ਮਿਲਦੇ ਜੁਲਦੇ ਸਾਰੇ ਬੁੱਧੀ ਦੇ ਕਵੀ ਹੁੰਦੇ ਹਨ ਨਾ ਕਿ ਆਤਮਾ ਦੇ। ਇਹ ਬੌਧਿਕ ਰੀਤੀਆਂ ਦੇ ਤਾਣੇ -ਬਾਣੇ ਵਿਚ ਡੂੰਘੇ ਖੁਭੇ ਹੁੰਦੇ ਹਨ, ਪਰ ਵਿਟਮੈਨ ਸਾਗਰਾਂ ਸਮਾਨ ਖੁੱਲ੍ਹਾ ਲੇਟਿਆ ਹੋਇਆ ਹੁੰਦਾ ਹੈ ਤੇ ਪਰਬਤਾਂ ਵਾਂਗ ਉਚਾ ਹੁੰਦਾ ਹੈ। ਉਹ ਦਰਿਆਵਾਂ ਵਾਂਗ

ਵਹਿੰਦਾ ਹੈ। ਵਾਲਟ ਵਿਟਮੈਨ ਵਰਗੇ ਕਵੀਆਂ ਦਾ ਕਾਵਿਮਈ ਕੌਸ਼ਲ ਹੀ ਗੁਰੂ ਸਾਹਿਬਾਨ ਦੀ ਅਕੱਥ ਕਥਾ ਦੇ ਵਰਣਨ ਦਾ ਯੋਗ ਭਾਂਤ ਬੋਧ ਪ੍ਰਾਪਤ ਕਰ ਸਕਦਾ ਹੈ। ਗੁਰੂ ਸਾਹਿਬਾਨ ਦਾ ਅਕੱਥ ਕੁਝ ਇਸ ਤਰ੍ਹਾਂ ਹੈ ਜਿਸ ਤਰ੍ਹਾਂ ਕਿ ਵਿਟਮੈਨ ਸ਼ਬਦਾਂ ਦੁਆਰਾ ਵੱਡੇ ਵੱਡੇ ਮਹੱਲ ਰਚ ਲੈਂਦਾ ਹੈ ਅਤੇ ਆਪਣੀ ਕਾਵਿ-ਪੁਸਤਕ ਦੇ ਪੰਨਿਆਂ ਉਤੇ ਨਿਊਯਾਰਕ ਤੇ ਬੋਸਟਨ ਵਰਗੇ ਵੱਡੇ ਵੱਡੇ ਮਹਾਂ-ਨਗਰਾਂ ਦੀ ਸਿਰਜਣਾ ਕਰ ਲੈਂਦਾ ਹੈ। ਉਹ ਤਾਂ ਵੱਡੇ ਵੱਡੇ ਮਹਾਂਦੀਪਾਂ ਨੂੰ ਆਪਣੇ ਸ਼ਬਦਾਂ ਦੁਆਰਾ ਆਪ ਹੀ ਸਿਰਜ ਕੇ ਉਹਨਾਂ ਦੇ ਵਿਲੱਖਣ ਨਾਂ ਧਰ ਦਿੰਦਾ ਹੈ। ਇਸ ਪ੍ਰਕਾਰ ਵਾਲਟ ਵਿਟਮੈਨ ਹੀ ਇਕ ਮਾਤਰ ਕਵੀ ਹੈ ਜਿਸ ਦੀ ਰਚਨਾ ਵਿਚ ਗੁਰੂ ਦਾ ਉਹ ਸੰਗੀਤ ਗੂੰਜਦਾ ਹੈ ਜੋ ਮਨੁੱਖ ਦੇ ਪ੍ਰੇਮ ਨਾਲ ਭਰਪੂਰ ਹੈ। ਪਦਾਰਥ ਦੀ ਅਮਿਤਤਾ ਦਾ ਇਸ ਤਰ੍ਹਾਂ ਦਾ ਸੰਗਠਨ ਕਰ ਦਿੱਤਾ ਜਾਂਦਾ ਹੈ ਕਿ ਉਸ ਦੀ ਸ਼ਕਤੀ ਮਹਾਨ ਅਧਿਆਤਮਿਕ ਸ਼ਕਤੀ ਦੇ ਪ੍ਰਤੀਕ ਹੋਣ ਵੱਲ ਸੰਕੇਤ ਕਰਦੀ ਹੈ। ਹਿਮਾਲਾ ਪਰਬਤ ਦੀ ਅਮਿਤਤਾ ਵੀ ਦੈਵੀ ਸ਼ਾਨ ਨੂੰ ਦਰਸਾਉਣ ਵਾਲੀ ਹੈ। ਜਦੋਂ ਪਦਾਰਥ ਨੂੰ ਵੀ ਕਿਸੇ ਇਕੋ ਥਾਂ ਵੱਡੇ ਵੱਡੇ ਢੇਰਾਂ ਦੇ ਰੂਪ ਵਿਚ ਸੰਗ੍ਰਹਿਤ ਕਰ ਦਿੱਤਾ ਜਾਂਦਾ ਹੈ ਤਾਂ ਇਹ ਆਪਣੀ ਅਮਿਤਤਾ ਸਦਕੇ ਹੀ ਆਤਮਾ ਦਾ ਰੂਪ ਧਾਰਨ ਕਰ ਜਾਂਦਾ ਹੈ। ਵਿਟਮੈਨ ਦਾ ਸ਼ਬਦਾਂ ਦੇ ਢੇਰਾਂ ਨੂੰ ਉਸਾਰਨਾ ਤੇ ਉਸ ਦਾ ਨਾਵਾਂ ਥਾਵਾਂ ਦੇ ਵੱਡੇ ਸੂਚੀਕਰਨ ਦਾ ਕਾਵਿਕ ਨਿਰਮਾਣ ਉਸ ਨੂੰ ਅੰਤਰੀਵ ਖ਼ੁਸ਼ੀ ਪ੍ਰਦਾਨ ਕਰਦਾ ਹੈ। ਵਿਟਮੈਨ ਵਿਚਲੀ ਪੁਨਰ ਆਵਿਰਤੀ ਜਾਂ ਦੁਹਰਾਓ ਅਚੇਤ ਰੂਪ ਦਾ ਹੈ, ਪਰ ਇਹ ਆਪ ਮੁਹਾਰਾ ਹੈ ਅਤੇ ਖ਼ਾਲਸਾ ਦੀ ਆਤਮਾ ਦੇ ਪ੍ਰੇਰਨਾ ਯੁਕਤ ਵਰਣਨ ਸਮਾਨ ਹੈ।

ਲੋਕਤੰਤਰ ਬਾਰੇ ਉਸ ਦੀ ਲੰਮੀ ਨਦਰਿ ਤੋਂ ਵੇਖਿਆਂ ਉਸ ਦੇ ਨਿਮਨ ਲਿਖਤ ਵਰਣਨ ਵਿਚੋਂ ਇਹ ਪ੍ਰਗਟ ਹੁੰਦਾ ਹੈ ਕਿ ਉਹ ਲੋਕਤੰਤਰ ਦੇ ਬਾਹਰੀ ਪੱਖ ਨੂੰ ਨਿਹਾਰ ਕੇ ਕਿੰਨਾਂ ਉਦਾਸ ਹੈ। ਕਿਉਂਜੋ ਇਸ ਵਿਚ ਕੋਈ ਡੂੰਘਾਈ ਜਾਂ ਗਹਿਰ-ਗੰਭੀਰਤਾ ਨਹੀਂ ਹੈ। ਇਸ ਸਾਰੀ ਆਧੁਨਿਕਤਾ ਦੇ ਵੱਡ-ਆਕਾਰੀ ਬਾਹਰਮੁਖੀ ਪਾਸਾਰ ਵਿਚ ਉਸ ਦਾ ਵਿਚਾਰ ਹੈ ਕਿ ਕੋਈ ਵੀ ਆਤਮਾ ਵਿਦਮਾਨ ਨਹੀਂ ਹੈ। ਇਸ ਲਈ ਉਹ ਆਪਣੇ ਲੋਕਾਂ ਦੇ ਸਨਮੁਖ ਆਪਣੇ ਗੀਤਾਂ ਵਿਚ ਆਪਣੇ ਆਦਰਸ਼ਕ ਲੋਕਤੰਤਰ ਦੇ ਸੁਪਨਿਆਂ ਨੂੰ ਸਾਕਾਰ ਕਰ ਰਿਹਾ ਹੈ। ਇਸੇ ਪ੍ਰਕਰਨ ਵਿਚ ਮੈਂ ਇਹ ਸੋਚਣ ਤੋਂ ਰਹਿ ਨਹੀਂ ਸਕਦਾ ਕਿ ਪੰਜਾਬ ਵਿਚ ਗੁਰੂ ਸਾਹਿਬਾਨ ਦੇ ਸਮੇਂ ਇਕ ਵਾਰ ਧਰਤ ਤੇ ਆਕਾਸ਼ ਵਿਚ ਤਣਿਆ ਹੋਇਆ ਪਰਦਾ ਪਰੇ ਹੋ ਗਿਆ ਸੀ ਅਤੇ ਗੁਰੂ ਸਾਹਿਬਾਨ ਦੇ ਸਮੇਂ ਅਜਿਹੇ ਰਾਜ ਤੇ ਸਮਾਜ ਦੀ ਸਿਰਜਣਾ ਹੋਈ ਸੀ ਜਿਸ ਬਾਰੇ ਕਿ ਵਿਟਮੈਨ ਹੇਠ ਲਿਖੇ ਪੰਨਿਆਂ ਵਿਚ ਵਰਣਨ ਕਰ ਰਿਹਾ ਹੈ :

"ਕਾਫ਼ੀ ਸਮੇਂ ਦੀ ਗ਼ੈਰ ਹਾਜ਼ਰੀ ਪਿੱਛੋਂ ਸਤੰਬਰ, 1870 ਨੂੰ ਮੈਂ ਫਿਰ ਕੁਝ ਹਫਤਿਆਂ ਦੀ ਛੁੱਟੀ 'ਤੇ ਨਿਊਯਾਰਕ ਸ਼ਹਿਰ ਤੇ ਬਰੁਕਲਿਨ ਵਿਚ ਆਇਆ ਹਾਂ। ਸ਼ਾਨਦਾਰ ਦ੍ਰਿਸ਼ਾਵਲੀ, ਸਾਗਰਾਂ ਦੀ ਖੁੱਲ੍ਹ, ਇਹਨਾਂ ਮਹਾਂਨਗਰਾਂ ਦੀ ਭੀੜ

ਭਾੜ, ਅਪੂਰਵ ਰੂਪ ਦੀਆਂ ਪ੍ਰਸਥਿਤੀਆਂ, ਨਦੀਆਂ ਤੇ ਖਾੜੀਆਂ, ਚਮਕਦੀਆਂ ਸਾਗਰ ਤਰੰਗਾਂ, ਕੀਮਤੀ ਤੇ ਉਚੀਆਂ ਇਮਾਰਤਾਂ ਤੇ ਇਹਨਾਂ ਦੇ ਲੋਹੇ ਤੇ ਸੰਗਮਰਮਰ ਦੇ ਮੱਥੇ ਜਿਨ੍ਹਾਂ ਵਿਚ ਡਿਜ਼ਾਇਨ ਦੀ ਮੌਲਿਕ ਸ਼ਾਨ ਦ੍ਰਿਸ਼ਟਮਾਨ ਹੈ, ਜਿਨ੍ਹਾਂ ਦੇ ਰੰਗ ਬੜੇ ਮਨੋਹਰ ਹਨ, ਜਿਨ੍ਹਾਂ ਵਿਚ ਚਿੱਟੇ ਤੇ ਨੀਲੇ ਪ੍ਰਮੁੱਖ ਹਨ, ਜਿਨ੍ਹਾਂ ਉਤੇ ਝੰਡੇ ਝੂਲ ਰਹੇ ਹਨ, ਸ਼ੋਰ ਵਾਲੀਆਂ ਗਲੀਆਂ, ਖੁਲ੍ਹੀਆਂ ਚੌੜੀਆਂ ਸੜਕਾਂ ਤੇ ਇਹਨਾਂ ਦੀਆਂ ਸੰਗੀਤਕ ਧੁਨੀਆਂ ਜੋ ਰਾਤ੍ਰੀ ਸਮੇਂ ਵੀ ਇਕ ਦੂਜੇ ਨਾਲ ਰਲਗਡ ਕਦੇ ਨਹੀਂ ਹੁੰਦੀਆਂ। ਮੁਲਾਜ਼ਮਾਂ ਦੇ ਘਰ, ਭਰੀਆਂ ਭਕੁੰਨੀਆਂ ਦੁਕਾਨਾਂ, ਮਾਲ ਗੁਦਾਮ, ਵੱਡਾ ਸੈਂਟਰਲ ਵਪਾਰਕ ਤੇ ਬਰੁਕਲਿਨ ਦਾ ਪਰਬਤੀ ਪਾਰਕ ਤੇ ਉਸ ਦੀਆਂ ਝਾਲਾਂ, ਵੱਖ ਵੱਖ ਟੋਲਿਆਂ ਵਿਚ ਲੋਕਾਂ ਦੀਆਂ ਮੰਡਲੀਆਂ ਦਾ ਜੁੜਨਾ, ਉਹਨਾਂ ਦੀ ਗੱਲਬਾਤ, ਵਣਜ-ਵਪਾਰ, ਇਕਲਵਾਜੇ ਸਥਾਨਾਂ ਉਤੇ ਸ਼ਾਮ ਦੇ ਮਨ ਪਰਚਾਵੇ ਇਹ ਸਭ ਕੁਝ ਮੇਰੇ ਅੰਦਰਲੀ ਸ਼ਕਤੀ ਦੀ ਭਾਵਨਾ ਨੂੰ ਸੰਤੁਸ਼ਟ ਕਰਦੇ ਹਨ। ਇਹਨਾਂ ਦੀ ਭਰਪੂਰਤਾ, ਗਤੀ ਆਦਿ ਨੂੰ ਵੇਖ ਕੇ ਭੁੱਖ ਮਿਟਦੀ ਹੈ ਅਤੇ ਆਪਣੀ ਸੁਹਜਵਾਦੀ ਚੇਤਨਾ ਦੁਆਰਾ ਇਕ ਤਰ੍ਹਾਂ ਦੀ ਨਿਰੰਤਰ ਵਡੱਤਣ ਤੇ ਸੰਪੂਰਨ ਪੂਰਤੀ ਦਾ ਆਭਾਸ ਹੁੰਦਾ ਹੈ। ਹਮੇਸ਼ਾ ਜਦੋਂ ਮੈਂ ਉਤਰ ਤੇ ਪੂਰਬ ਦੀਆਂ ਨਦੀਆਂ ਵਿਚ ਕਿਸ਼ਤੀਆਂ ਰਾਹੀਂ ਆਰ ਪਾਰ ਜਾਂਦਾ ਹਾਂ, ਉਹਨਾਂ ਸ਼ਿਕਾਰਿਆਂ ਦੁਆਰਾ ਜਿਥੇ ਚਾਲਕ ਵੀ ਨਾਲ ਹੁੰਦੇ ਹਨ ਜਾਂ ਜਦੋਂ 'ਵਾਲ ਸਟਰੀਟ' ਜਾਂ 'ਗੋਲਡ ਐਕਸਚੇਂਜ' ਪੁੱਜ ਕੇ ਮੈਨੂੰ ਅਨੁਭਵ ਹੁੰਦਾ ਹੈ ਕਿ ਕੇਵਲ ਕੁਦਰਤ ਹੀ ਆਪਣੇ ਖੇਤਰਾਂ ਦੀਆਂ ਖੁੱਲ੍ਹੀਆਂ ਹਵਾਵਾਂ, ਝੂਲਦੇ ਝੱਖੜਾਂ, ਰਾਤ ਦਿਨ ਦੇ ਨਜ਼ਾਰਿਆਂ, ਪਰਬਤਾਂ, ਵਣਾਂ ਅਤੇ ਸਾਗਰਾਂ ਕਰਕੇ ਹੀ ਮਹਾਨ ਤੇ ਸੁਤੰਤਰ ਨਹੀਂ ਹੈ, ਸਗੋਂ ਇਸ ਤਰ੍ਹਾਂ ਦਾ ਜਲੌ ਬਨਾਉਟੀ ਵਸਤੂਆਂ ਵਿਚ ਵੀ ਸੰਭਵ ਹੈ। ਇਸ ਕੰਮੀਂ ਰੁਝੀ ਬਹੁਭਾਂਤੀ ਮਨੁੱਖਤਾ ਦੇ ਕੰਮ ਦੀ ਭਰਪੂਰਤਾ ਵੀ ਬੜੀ ਮਹਾਨ ਹੈ। ਇਹਨਾਂ ਸੁੰਦਰ ਗਲੀਆਂ, ਵਸਤੂਆਂ, ਦੁਕਾਨਾਂ, ਘਰਾਂ, ਇਹਨਾਂ ਉਤੇਜਿਤ ਜੋਸ਼ੀਲੀਆਂ ਮਨੁੱਖਾਂ ਦੀਆਂ ਭੀੜਾਂ, ਇਹਨਾਂ ਦੇ ਗੁੰਝਲਦਾਰ ਵਣਜ-ਵਪਾਰ ਦੀ ਸ਼ਾਨ ਅਤੇ ਇਸ ਸ਼ਕਤੀਵਰ ਬਹੁ ਤਾਣੇ ਪੇਟੇ ਵਾਲੀ ਧਨ ਸੰਪਤੀ ਦਾ ਇਹ ਸਾਰਾ ਆਡੰਬਰ ਅਤੇ ਉਦਯੋਗ ਆਦਿ ਸਭ ਇਥੇ ਆ ਜੁੜੇ ਹਨ।''

''ਪਰ ਇਸ ਸਭ ਕੁਝ ਦਾ ਸਮੁੱਚਾ ਪ੍ਰਭਾਵ ਬੁਰੀ ਤਰ੍ਹਾਂ ਤਿਆਗਣ ਯੋਗ ਹੈ। ਇਹ ਤਾਂ ਉਸ ਅਨੂਠੀ ਚਮਕ ਵੱਲੋਂ ਅੱਖਾਂ ਮੁੰਦ ਲੈਣ ਵਾਲੀ ਗੱਲ ਹੈ, ਇਹੋ ਹੀ ਤਾਂ ਸਭ ਤੋਂ ਵਧੇਰੇ ਮਹੱਤਵਪੂਰਨ ਗੱਲ ਹੈ। ਇਹਨਾਂ ਲੋਕਾਂ ਦੇ ਵਿਅਕਤੀਤਵ ਨੂੰ ਬਾਰੀਕਬੀਨੀ ਨਾਲ ਜਦੋਂ ਅਸੀਂ ਘੋਖਦੇ ਹਾਂ ਤਾਂ ਇਕ ਵੱਡਾ ਪ੍ਰਸ਼ਨ ਚਿੰਨ੍ਹ ਲੱਗ ਜਾਂਦਾ ਹੈ। ਅਸੀਂ ਇਹ ਪੁੱਛਣ ਲਈ ਮਜਬੂਰ ਹੋ ਜਾਂਦੇ ਹਾਂ ਕਿ ਕੀ ਇਹ ਮਨੁੱਖ ਮਨੁੱਖ ਅਖਵਾਉਣ ਦੇ ਯੋਗ ਹਨ ? ਕੀ ਇਹ ਸਭ ਖਿਡਾਰੀ ਤੇ ਰਿਸ਼ਟ ਪੁਸ਼ਟ ਇਸਤਰੀ ਪੁਰਸ਼ ਐਸ਼ਵਰਜ਼ ਵਿਚ ਗ਼ਲਤਾਨ ਹਨ ? ਕੀ ਇਥੋਂ ਦੀ ਪ੍ਰਚੱਲਿਤ ਜੀਵਨ ਜੁਗਤ ਕਿਸੇ ਸੁੰਦਰ ਰਹੁਰੀਤ ਜਾਂ ਸ੍ਰਿਸ਼ਟਾਚਾਰ ਦੀ ਪ੍ਰਤੀਨਿਧਤਾ ਕਰਦੀ ਹੈ ? ਕੀ ਇਹਨਾਂ ਦੀ ਕਲਾ ਸੁਤੰਤਰਤਾ ਮਾਣ ਰਹੇ ਰੱਜੇ ਪੁੱਜੇ ਲੋਕਾਂ ਦੇ ਬਰਾਬਰ

ਤੁਲਣ ਵਾਲੀ ਹੈ ? ਕੀ ਇਹ ਨੈਤਿਕ ਤੇ ਧਾਰਮਿਕ ਭਾਵਨਾ ਵਾਲੀ ਮਹਾਨ ਸਭਿਅਤਾ ਹੈ ਜੋ ਕਿ ਵੱਡੀ ਪਦਾਰਥਕ ਸਭਿਅਤਾ ਦਾ ਇਕੋ ਇਕ ਨਿਆਏ ਉਚਿਤ ਚਿੰਨ੍ਹ ਹੋਣਾ ਚਾਹੀਦਾ ਹੈ ?''

''ਇਹ ਮੰਨਣਾ ਪੈਂਦਾ ਹੈ ਕਿ ਇਕ ਪਾਰਦਰਸ਼ੀ ਨੈਣਾਂ ਲਈ ਜੋ ਕਿ ਨੈਤਿਕਤਾ ਦੀ ਖ਼ੁਰਦਬੀਨ ਵਿਚੋਂ ਇਹ ਸਭ ਕੁਝ ਨੂੰ ਤੱਕਦਾ ਹੈ, ਨੂੰ ਇਹ ਸਭ ਕੁਝ ਖ਼ੁਸ਼ਕ, ਚਪਟਾ ਸਹਾਰਾ ਦਾ ਮਾਰੂਥਲ ਹੀ ਜਾਪਦਾ ਹੈ। ਇਹ ਮਹਾਂਨਗਰ ਨਿਗੁਣੀ, ਕੋਝੀ ਕਰੂਪਤਾ ਨਾਲ ਭਰੇ ਪਏ ਹਨ, ਇਥੇ ਭੂਤ ਮੰਡਰਾ ਰਹੇ ਹਨ। ਮੰਨਣਾ ਪੈਂਦਾ ਹੈ ਕਿ ਇਥੇ ਹਰ ਥਾਂ ਦੁਕਾਨਾਂ, ਗਲੀਆਂ, ਗਿਰਜਾ-ਘਰਾਂ, ਨਾਟ-ਭਵਨਾਂ, ਨ੍ਰਿਤ-ਘਰਾਂ ਵਿਚ ਚਪਲਤਾ, ਉਜੱਡ-ਪੁਣਾ, ਕਮੀਨੀ ਤੇ ਸ਼ੋਧਿਆਂ ਵਾਲੀ ਚਲਾਕੀ ਅਤੇ ਨਾਸਤਿਕਤਾ ਪ੍ਰਧਾਨ ਹੈ। ਹਰ ਥਾਂ ਨੌਜੁਆਨ ਹੱਡ-ਹਰਾਮ, ਨਿਰਲੱਜ, ਮੂੜ, ਸਮੇਂ ਤੋਂ ਪਹਿਲਾਂ ਹੋਏ ਪਕਰੌੜ, ਵਿਕ੍ਰਿਤ, ਵਿਸ਼ਈ, ਇਸਤਰੀ ਤੇ ਪੁਰਸ਼ਾਂ ਦਾ ਰੋਗੀ ਤੇ ਅਭ੍ਰਿਸ਼ਟ ਰੂਪ, ਲਿਪਿਆ ਪੋਚਿਆ, ਰੰਗ੍ਰਿਆ-ਸ਼ਿੰਗਾਰਿਆ, ਜਿਨ੍ਹਾਂ ਦੇ ਰੰਗ ਫਿੱਕੇ ਤੇ ਮਿਟੈਲੇ, ਘਰ ਘਰਾਣੇ ਤੋਂ ਰਹਿਤ ਗੰਦੇ ਖ਼ੂਨ ਵਾਲੇ ਹਨ, ਚੰਗੀ ਮਾਂ ਬਣਨ ਦੇ ਗੁਣ ਜਾਂ ਤਾਂ ਮਰ ਚੁੱਕੇ ਹਨ ਜਾਂ ਮਰ ਰਹੇ ਹਨ, ਇਹਨਾਂ ਵਿਚ ਸੁੰਦਰਤਾ ਬਾਰੇ ਘਟੀਆ ਵਿਚਾਰ ਆ ਗਏ ਹਨ, ਜਿਨ੍ਹਾਂ ਦੀ ਰੀਤੀ-ਮਰਿਆਦਾ ਦੀਆਂ ਕੜੀਆਂ ਸਿਸ਼ਟਾਚਾਰ ਤੋਂ ਬਿਲਕੁਲ ਅਭਿੱਜ ਹਨ। ਸ਼ਾਇਦ ਇਹ ਸੰਸਾਰ ਵਿਚ ਸਭ ਤੋਂ ਕਮੀਨੇ ਲੋਕ ਹਨ।''

ਵਾਲਟ ਵਿਟਮੈਨ ਵਰਤਮਾਨ ਕਾਲ ਦੇ ਲੋਕਤੰਤਰ ਰਾਜ ਦੀ ਅਵਸਥਾ ਦਾ ਬਿਆਨ ਕਰਦਾ ਹੈ। ਜਿਹੜੇ ਵਿਅਕਤੀ ਗੁਰੂ ਖ਼ਾਲਸੇ ਦੇ ਇਸਤਰੀ ਪੁਰਸ਼ਾਂ ਦੇ ਆਚਰਨਕ ਗੁਣਾਂ ਤੋਂ ਭਲੀ ਪ੍ਰਕਾਰ ਜਾਣੂੰ ਹਨ, ਉਹ ਇਸ ਅਮਰੀਕਨ ਕਵੀ ਦੀ ਸ਼ਾਨਦਾਰ ਪ੍ਰਸ਼ਨਾਵਲੀ ਦਾ ਉਤਰ ਜੋ ਉਸ ਨੇ ਆਧੁਨਿਕ ਯੁਗ ਦੇ ਵੋਟਾਂ ਵਾਲੇ ਲੋਕਤੰਤਰਕ ਰਾਜ ਬਾਰੇ ਕੀਤੀ ਹੈ, ਦੇ ਸਕਦੇ ਹਨ। ਜਾਣਕਾਰ ਲੋਕ ਜਾਣਦੇ ਹਨ ਕਿ ਗੁਰੂ ਗੋਬਿੰਦ ਸਿੰਘ ਦੇ ਖ਼ਾਲਸਾ ਨੇ ਉਚ ਕੋਟੀ ਦੇ ਮਨੁੱਖ ਤੇ ਉਚੇ ਆਚਰਣ ਵਾਲੇ ਬਜ਼ੁਰਗ ਪੈਦਾ ਕੀਤੇ ਹਨ ਅਤੇ ਹਾਲੀ ਵੀ ਅਜਿਹੇ ਮਾਨਵੀ ਆਚਰਣ ਦੇ ਨਿਰਮਾਣ ਕਰਨ ਦੀ ਸਮਰਥਾ ਗੁਰੂ ਗੋਬਿੰਦ ਸਿੰਘ ਦੇ ਖ਼ਾਲਸਈ ਆਦਰਸ਼ਾਂ ਵਿਚ ਮੌਜੂਦ ਹੈ। ਇਸ ਦੇ ਅਨੇਕ ਪ੍ਰਮਾਣ ਮਿਲ ਸਕਦੇ ਹਨ।

ਗੁਰੂ ਗੋਬਿੰਦ ਸਿੰਘ ਦੇ ਖ਼ਾਲਸਾ ਵਿਚ ਉਹਨਾਂ ਉਚ ਕੋਟੀ ਦੇ ਮਨੁੱਖਾਂ ਦੇ ਗੁਣ ਮੌਜੂਦ ਹਨ ਜਿਨ੍ਹਾਂ ਦੀ ਮੰਗ ਅਮਰੀਕਨ ਕਵੀ ਵਾਲਟ ਵਿਟਮੈਨ ਲੋਕਤੰਤਰਕ ਰਾਜ ਤੋਂ ਕਰ ਰਿਹਾ ਹੈ। ਇਹ ਬੜੀ ਦੁੱਖ ਦੀ ਗੱਲ ਹੈ ਕਿ ਭਾਰਤੀ ਲੋਕ ਗੁਰੂ ਖ਼ਾਲਸੇ ਦੀ ਭਾਵਨਾ ਦਾ ਸੁਆਗਤ ਨਹੀਂ ਕਰ ਸਕੇ ਅਤੇ ਉਹਨਾਂ ਨੇ ਇਹਨਾਂ ਆਦਰਸ਼ਾਂ ਨੂੰ ਪ੍ਰਚਾਰਨ ਦਾ ਯਤਨ ਹੀ ਨਹੀਂ ਕੀਤਾ। ਕਿਸੇ ਵੀ ਹਿੰਦੂ ਚਿੰਤਕ ਨੇ ਗੁਰੂ ਸਾਹਿਬ ਦੇ ਉਸ ਕਲਾਧਾਰੀ ਰਹੱਸ ਨੂੰ ਜਾਣਨ ਦਾ ਯਤਨ ਨਹੀਂ ਕੀਤਾ ਕਿ ਗੁਰੂ ਜੀ ਦੀ ਪ੍ਰਤਿਭਾ ਕੋਲ ਮਨੁੱਖ ਦੀ ਇਹ ਨਵ-ਸਿਰਜਣਾ ਤੇ ਮਾਨਵਤਾ ਨੂੰ ਸੁਤੰਤਰਤਾ ਪ੍ਰਦਾਨ ਕਰਨ ਦੀ ਕਰਮਸ਼ੀਲ ਜੁਗਤ

ਮੌਜੂਦ ਸੀ। ਤਿਲਕ ਵਰਗੇ ਰਾਜਨੀਤਕ ਵਿਅਕਤੀਆਂ ਦਾ ਬਹੁਤਾ ਧਿਆਨ ਵੀ ਇਹ ਗੱਲ ਖੋਜਣ ਵੱਲ ਲੱਗਾ ਹੋਇਆ ਹੈ ਕਿ ਆਰੀਆ ਜਾਤੀ ਦਾ ਮੁਢਲਾ ਨਿਵਾਸ ਉਤਰੀ ਧਰੁਵ ਵਿਚ ਸੀ ਜਾਂ ਫਿਰ ਭਾਗਵਤ ਗੀਤਾ ਬਾਰੇ ਵਿਦਵਤਾ ਪੂਰਵਕ ਟੀਕਾ ਲਿਖਣ ਉਤੇ ਲੱਗਾ ਰਿਹਾ। ਵਾਲਟ ਵਿਟਮੈਨ ਜਿਥੇ ਆਪਣੇ ਦੇਸ਼ ਦੀ ਪਦਾਰਥਕ ਉਨਤੀ ਦੀ ਸ਼ਾਨ ਉਤੇ ਆਪਣੇ ਮਾਣਮੱਤੇ ਪ੍ਰੇਮ ਨੂੰ ਪ੍ਰਗਟਾਉਂਦਾ ਹੈ, ਉਥੇ ਉਹ ਇਸ ਦੀ ਸ਼ਾਨ ਨੂੰ ਚਾਰ ਚੰਨ ਲਾਉਣ ਵਾਲੇ ਇਸਤਰੀ ਪੁਰਸ਼ਾਂ ਦੀ ਨਿਰਾਰਥਕਤਾ ਤੇ ਝੂਠੇ ਅਭਿਮਾਨ ਉਤੇ ਕੋਪਵਾਨ ਤੇ ਦੁਖੀ ਹੈ। ਉਹ ਅਮਰੀਕਨ ਲੋਕਤੰਤਰ ਦੀ ਰਾਜਨੀਤੀ ਦੇ ਫਲਾਂ ਤੇ ਪ੍ਰਾਪਤੀਆਂ ਦੀ ਅਸਫਲਤਾ ਨੂੰ ਸਵੀਕਾਰ ਕਰਦਾ ਹੋਇਆ ਭਾਵੇਂ ਅਮਰੀਕਨ ਇਤਿਹਾਸ ਦੇ ਸ਼ਾਨਦਾਰ ਅਧਿਆਏ ਨੂੰ ਪੇਸ਼ ਕਰ ਰਿਹਾ ਹੈ, ਪਰ ਮਹਾਨ ਮਨੁੱਖੀ ਵਿਅਕਤੀਤਵ ਦੇ ਵਿਕਾਸ ਦੀ ਦ੍ਰਿਸ਼ਟੀ ਤੋਂ ਬੜਾ ਹੀਣਾ ਤੇ ਸੋਕੇ ਦਾ ਮਾਰਿਆ ਹੋਇਆ ਹੈ। ਇਸ ਦੇ ਵਿਪਰੀਤ ਗੁਰੂ ਸਾਹਿਬਾਨ ਖ਼ਾਲਸਾ ਲੋਕਤੰਤਰ ਵਿਚ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਅਤੇ ਇਸ ਨੂੰ ਸ਼੍ਰੋਮਣੀ ਮੰਨਦੇ ਹਨ ਕਿ ਖ਼ਾਲਸਾ ਲੋਕਤੰਤਰ ਵਿਚ ਠੀਕ ਪ੍ਰਕਾਰ ਦੇ ਉਹਨਾਂ ਇਸਤਰੀ ਪੁਰਸ਼ਾਂ ਦੀ ਸਿਰਜਣਾ ਹੋ ਸਕੇਗੀ ਜਿਨ੍ਹਾਂ ਵਿਚ ਅੱਗੋਂ ਲਈ ਇਹ ਸਿਰਜਣਾ ਤੇ ਕਰਮਸ਼ੀਲਤਾ ਦੀ ਭਾਵਨਾ ਗਤੀਮਾਨ ਰਹਿ ਸਕੇ ਗੀ। ਵਰਤਮਾਨ ਕਾਲ ਦੇ ਸਿੱਖਾਂ ਨੂੰ ਵਾਲਟ ਵਿਟਮੈਨ ਦੇ ਇਹਨਾਂ ਪ੍ਰਸ਼ਨਾਂ ਦਾ ਉਤਰ ਹੀ ਦੇਣਾ ਬਣਦਾ ਹੈ। ਗੁਰੂ ਜੀ ਨੇ ਤਾਂ ਇਹਨਾਂ ਦਾ ਉਤਰ ਦੇ ਹੀ ਛੱਡਿਆ ਹੈ।

ਭਾਵੇਂ ਗੁਰੂ ਜੀ ਰਾਜਨੀਤੀ ਦਾ ਤਿਆਗ ਨਹੀਂ ਕਰਦੇ, ਪਰ ਉਹਨਾਂ ਦਾ ਸਾਰਾ ਬਲ ਇਕ ਕਲਾਧਾਰੀ ਨਾਇਕ ਵਾਂਗ ਇਸ ਨੁਕਤੇ ਉਤੇ ਵਧੇਰੇ ਕੇਂਦਰਤ ਸੀ ਕਿ ਮਨੁੱਖ ਨੂੰ ਸੁਤੰਤਰਤਾ ਪ੍ਰਦਾਨ ਕਰਕੇ ਉਸ ਨੂੰ ਬੀਰ ਨਾਇਕ ਕਿਵੇਂ ਬਣਾਇਆ ਜਾਵੇ। ਨਿਸ਼ਚੇ ਹੀ ਜੇ ਸਿੱਖ ਵੀ ਅੰਗਰੇਜ਼ਾਂ ਵਾਂਗ ਵੋਟਾਂ ਦੀ ਰਾਜਨੀਤੀ ਦੀ ਸਤੱਈ ਸਾਰਹੀਣਤਾ ਤੇ ਨਿਰਾਰਥਿਕਤਾ ਨਾਲ ਆਪਣੇ ਆਪ ਨੂੰ ਜੋੜਨਗੇ ਤਾਂ ਉਹ ਗੁਰੂ ਦੇ ਮਾਰਗ ਤੋਂ ਭਟਕ ਰਹੇ ਹੋਣਗੇ ਅਤੇ ਇਕ ਤਰ੍ਹਾਂ ਨਾਲ ਗੁਰੂ ਦੇ ਆਦਰਸ਼ਾਂ ਨਾਲ ਗੱਦਾਰੀ ਕਰ ਰਹੇ ਹੋਣਗੇ। ਸਾਰੀ ਸੁਤੰਤਰਤਾ ਤਾਂ ਖ਼ਾਲਸਾ ਦੀ ਅਧਿਆਤਮਿਕ ਪਰੰਪਰਾ ਵਿਚ ਵਿਦਮਾਨ ਹੈ। ਜੇ ਖ਼ਾਲਸਾ ਦੀ ਆਤਮਿਕ ਭਾਵਨਾ ਨਿਸਫਲ ਹੋ ਜਾਂਦੀ ਹੈ ਤਾਂ ਸੁਤੰਤਰਤਾ ਹੀ ਢਹਿ ਢੇਰੀ ਹੋ ਜਾਵੇਗੀ। ਖ਼ਾਲਸਾ ਤਾਂ ਉਸ ਗੁਰੂ ਦੀ ਸੰਤਾਨ ਹੈ ਜੋ ਹਰ ਥਾਂ ਦੈਵੀ ਸੱਤਾ ਨੂੰ ਆਪਣੇ ਨਾਲ ਲਿਆਉਂਦਾ ਹੈ। ਜਿਸ ਦਾ ਮਨੋਇਛਤ ਸੁਤੰਤਰਤਾ ਅੰਤਰੀਵ ਅੰਗ ਜਾਂ ਸੁਭਾ ਹੈ।

ਗੁਰੂ ਜੀ ਦੇ ਕੇਸਾਂ ਨੂੰ ਸੁਰੱਖਿਅਤ ਰੱਖਣ ਦੇ ਹੁਕਮ ਵਿਚ ਬਹੁਤ ਡੂੰਘੀ ਸਚਾਈ ਲੁਕੀ ਹੋਈ ਹੈ। ਇਸ ਆਦੇਸ਼ ਵਿਚ ਉਹਨਾਂ ਨੇ ਮਨੁੱਖ ਨੂੰ ਡੂੰਘੇ ਗੁਣਾਂ ਦੀ ਸੋਝੀ ਕਰਵਾਈ ਹੈ। ਅਜਿਹਾ ਕਰਕੇ ਉਹਨਾਂ ਨੇ ਇਸਤਰੀ ਪੁਰਸ਼ਾਂ ਨੂੰ ਫੋਕੀ ਸ਼ੁਕੀਨੀ ਤੇ ਬਸਤਰਾਂ ਦੀ ਫੈਸ਼ਨ ਅਨੁਸਾਰ ਕਾਂਟ-ਛਾਂਟ ਅਤੇ ਚੋਣ ਅਰਥਾਤ ਨਾਈਆਂ ਤੇ ਦਰਜ਼ੀਆਂ ਦੀ ਬਨਾਉਟੀ ਸਭਿਅਤਾ ਤੋਂ ਮੁਕਤ ਕਰ ਦਿੱਤਾ ਹੈ।

ਅੱਜ ਦੇ ਆਧੁਨਿਕ ਮਨੁੱਖ ਨੂੰ ਕੇਸ ਫਾਲਤੂ ਜਾਪਦੇ ਹਨ, ਪਰ ਗੁਰੂ ਗੋਬਿੰਦ ਸਿੰਘ ਜੀ ਨੂੰ ਕੇਸ ਪੁਰਾਤਨ ਮਨੁੱਖ ਦੀ ਸਵੱਛਤਾ ਤੇ ਉਚਤਾ ਨੂੰ ਸਥਿਰ ਅਤੇ ਵਿਕਸਿਤ ਰੱਖਣ ਲਈ ਜ਼ਰੂਰੀ ਪ੍ਰਤੀਤ ਹੁੰਦੇ ਹਨ। ਕੇਸ ਧਾਰਮਿਕ ਤੇ ਨੈਤਿਕ ਸਭਿਅਤਾ ਨੂੰ ਲਿਆਉਣ ਲਈ ਗੁਣਕਾਰੀ ਤੇ ਉਪਯੋਗੀ ਹਨ। ਆਪ ਜੀ ਨੇ ਮਨੁੱਖ ਲਈ ਇਕ ਅਜਿਹੀ ਸ਼ਕਲ ਸੂਰਤ ਦੀ ਚੋਣ ਕੀਤੀ ਜਿਸ ਵਿਚ ਵਣ, ਨਦੀਆਂ ਅਤੇ ਆਕਾਸ਼ ਮੌਜੂਦ ਹਨ। ਇਹ ਤਾਂ ਇਕ ਪ੍ਰਕਾਰ ਦਾ ਮਨੁੱਖ ਨੂੰ ਰੱਬੀ ਬਸਤਰ ਪਹਿਨਾ ਦੇਣ ਸਮਾਨ ਸੀ। ਇਹ ਸਰੂਪ ਮਨੁੱਖ ਦੇ ਨਗਨ ਹੱਡ ਚੰਮ ਦੀ ਬਣਤਰ ਵਿਚ ਮਿਠਾਸ ਭਰਦਾ ਹੈ। ਇਹ ਮਨੁੱਖੀ ਜੀਵਨ ਨੂੰ ਦੈਵੀ ਰੰਗਾਂ ਵਿਚ ਰੰਗ ਦਿੰਦਾ ਹੈ।

ਘੱਟੋ ਘੱਟ ਬ੍ਰਾਹਮਣਵਾਦ ਦੇ ਨਿਰਜਿੰਦ ਸਮੂਹ ਨਾਲੋਂ ਆਪਣੇ ਸਜਿੰਦ ਲੋਕਾਂ ਨੂੰ ਨਿਖੇੜ ਕੇ ਤੇ ਮਨੁੱਖ ਨੂੰ ਪ੍ਰਭੂ ਸੁਤੰਤਰਤਾ ਅਤੇ ਜੀਵਨ ਦੀਆਂ ਖ਼ੁਸ਼ੀਆਂ ਦੀ ਯਾਤਰਾ ਲਈ ਨਵੇਂ ਸਿਰਿਉਂ ਤਿਆਰ ਕਰਨਾ ਭਾਰਤ ਵਿਚ ਬੜਾ ਜ਼ਰੂਰੀ ਹੋ ਗਿਆ ਸੀ। ਇਕ ਸੱਜਣ ਇਹ ਦਲੀਲ ਦੇ ਰਿਹਾ ਸੀ ਕਿ ਜੇ ਲੋਕਾਂ ਨੂੰ ਵਾਲਾਂ ਉਤੇ ਉਸਤਰੇ ਤੇ ਕੈਂਚੀ ਵਰਤਣ ਦੀ ਖੁੱਲ੍ਹ ਦੇ ਦਿੱਤੀ ਜਾਵੇ ਤਾਂ ਸਾਰਾ ਭਾਰਤ ਸਿੱਖ ਬਣ ਸਕਦਾ ਹੈ, ਪਰ ਇਹ ਕਿੰਨੀ ਬੇਵਕੂਫ਼ਾਂ ਵਾਲੀ ਗੱਲ ਹੋਵੇਗੀ ਕਿ ਸਾਰੇ ਇੱਜੜ ਦੀ ਖ਼ਾਤਰ ਅਸੂਲਾਂ ਦੀ ਬਲੀ ਦੇ ਦਿੱਤੀ ਜਾਵੇ। ਜੇ ਗੁਰੂ ਜੀ ਕੋਲ ਦੁਖਿਆਰੇ ਮਨੁੱਖ ਲਈ ਕੋਈ ਇਲਾਜ ਹੈ ਤਾਂ ਹਰ ਕਿਸੇ ਨੂੰ ਖੁਲ੍ਹ ਹੈ ਕਿ ਇਹ ਇਸ ਭੰਡਾਰ ਵਿਚੋਂ ਹਿੱਸਾ ਵੰਡਾ ਸਕੇ। ਚੰਦਰਮਾ ਚਮਕਦਾ ਹੈ ਤਾਂ ਕਵੀ ਉਸ ਨੂੰ ਵੇਖ ਕੇ ਖ਼ੁਸ਼ ਹੁੰਦਾ ਹੈ, ਪਰ ਇਹ ਕਿੰਨੀ ਮੂਰਖਾਂ ਵਾਲੀ ਗੱਲ ਹੋਵੇਗੀ ਕਿ ਕੇਵਲ ਚੰਨ ਦੇ ਸੁੰਦਰ ਮੁਖੜੇ ਬਾਰੇ ਪ੍ਰਚਾਰ ਕਰਕੇ ਹੀ ਅਸੀਂ ਕਵੀ ਬਣਾਉਣ ਲੱਗ ਪਈਏ। ਇਸੇ ਤਰ੍ਹਾਂ ਕੇਸਾਂ ਬਾਰੇ ਇਸ ਤਰ੍ਹਾਂ ਦਾ ਪ੍ਰਚਾਰ ਕਰਨਾ ਵੀ ਹੋਰ ਵੀ ਵਧੇਰੇ ਮੂਰਖਤਾ ਭਰਪੂਰ ਹੋਵੇਗਾ। ਸਾਨੂੰ ਤਾਂ ਆਪਣੇ ਸਰੂਪ ਵਿਚ ਹੀ ਪ੍ਰਚਾਰ ਕਰਨਾ ਪਵੇਗਾ। ਇਹ ਸਰੂਪ ਸੱਚ-ਮੁੱਚ ਹੀ ਸ੍ਰੇਸ਼ਠ ਹੈ। ਜੇ ਉਹਨਾਂ ਦੇ ਤਰਕ ਅਨੁਸਾਰ ਕੇਸ ਨਿਰਾ ਘਾਹ ਹਨ ਤਾਂ ਹੱਡੀਆਂ ਵੀ ਤਾਂ ਚੂਨਾ ਹੀ ਹਨ। ਘੋਨ ਮੋਨ ਹਿੰਦੂ ਜਦੋਂ ਇਹ ਕਹਿੰਦਾ ਹੈ ਕਿ ਗੁਰੂ ਸਾਹਿਬਾਨ ਸਾਡੀ ਜਾਤੀ ਵਿਚੋਂ ਸਨ ਤਾਂ ਉਹ ਨਿਸ਼ਚੇ ਹੀ ਗੁਰੂ ਜੀ ਦੇ ਸਾਰੇ ਕੀਤੇ ਕੰਮਾਂ ਨੂੰ ਪਰੇ ਸੁਟ ਰਿਹਾ ਹੁੰਦਾ ਹੈ। ਉਹਨਾਂ ਦੇ ਦਲਿੱਦਰ ਮਾਰੇ ਮੱਤ ਅਨੁਸਾਰ ਗੁਰੂ ਜੀ ਦੀ ਸੋਚ ਵਿਚ ਕੁਝ ਵੀ ਨਵਾਂ ਨਹੀਂ ਹੈ। ਪਰ ਨੀਵੀਆਂ ਜਾਤੀਆਂ ਦੇ ਲੋਕਾਂ, ਝਾੜੂ ਬਰਦਾਰਾਂ, ਕਿਰਤੀਆਂ, ਤਰਖਾਣਾਂ, ਰਾਜਾਂ ਅਤੇ ਹਲਵਾਹਕਾਂ ਨੇ ਗੁਰੂ ਜੀ ਦੀ ਹਰ ਚੀਜ਼ ਵਿਚੋਂ ਨਵੇਂਪਣ ਨੂੰ ਲੱਭ ਲਿਆ ਅਤੇ ਉਹਨਾਂ ਨੂੰ ਮਾਨਵਤਾ ਦੀ ਨਵੀਂ ਵਡੱਤਣ ਦਾ ਅਹਿਸਾਸ ਹੋਇਆ। ਉਹਨਾਂ ਨੇ ਗੁਰੂ ਜੀ ਦੀ ਵਿਚਾਰਧਾਰਾ ਵਿਚੋਂ ਸੁਤੰਤਰਤਾ ਨੂੰ ਢੂੰਡ ਲਿਆ ਅਤੇ ਉਹ ਆਪਣੇ ਸਵੈਮਾਣ ਵਿਚ ਜਾਗ ਉਠੇ। ਗੁਰੂ ਜੀ ਦੀ ਛੁਹ ਪਾ ਕੇ ਉਹ ਮਹਾਨ, ਭਲੇ ਅਤੇ ਜ਼ਿੰਦਾ ਹੋ ਗਏ। ਉਹਨਾਂ ਨੇ ਲੱਭ ਲਿਆ ਕਿ ਗੁਰੂ ਤਾਂ ਇਹੋ ਜਿਹਾ ਮੁਕਤੀਦਾਤਾ ਹੈ ਜੋ ਕਸਾਈ ਦੇ ਛੁਰੇ ਨੂੰ ਵੀ ਸੋਨੇ

ਵਿਚ ਬਦਲ ਸਕਦਾ ਹੈ। ਉਹਨਾਂ ਨੂੰ ਗਿਆਨ ਹੋ ਗਿਆ ਸੀ ਕਿ ਗੁਰੂ ਜੀ ਲਈ ਨਿੱਜੀ ਪ੍ਰੇਮ ਤੇ ਸਮਰਪਣ ਦੀ ਭਾਵਨਾ ਨੂੰ ਸੁਰੱਖਿਅਤ ਰੱਖਣ ਦਾ ਭਾਵ ਹੈ ਕਿ ਉਹਨਾਂ ਨੂੰ ਉਸੇ ਤਰ੍ਹਾਂ ਕੇਸਾਧਾਰੀ ਹੋਣਾ ਚਾਹੀਦਾ ਹੈ ਜਿਵੇਂ ਬ੍ਰਿਛ ਨੂੰ ਆਪਣੇ ਪੱਤੇ ਸੁਰੱਖਿਅਤ ਰੱਖਣੇ ਚਾਹੀਦੇ ਹਨ। ਨਿਸ਼ਚੇ ਹੀ ਗੁਰੂ ਗੋਬਿੰਦ ਸਿੰਘ ਜੀ ਦੇ ਕੇਸਾਂ ਬਾਰੇ ਇਹਨਾਂ ਵਿਚਾਰਾਂ ਦੇ ਅਭਾਵ ਵਿਚ ਅੱਜ ਨਾ ਤਾਂ ਸਿੱਖਾਂ ਵਿਚ ਉਹ ਸੰਗੀਤ ਹੁੰਦਾ ਹੈ ਤੇ ਨਾ ਇਹ ਨਵਾਂ ਜੀਵਨ। ਇਥੋਂ ਤੱਕ ਕਿ ਮੁਰਦਾ ਜਨ-ਸਮੂਹ ਲਈ ਗੁਰੂ ਗਰੰਥ ਸਾਹਿਬ ਵੀ ਨਿਰਜਿੰਦ ਪ੍ਰਾਣ ਬਣ ਜਾਂਦਾ ਹੈ। ਸਿੱਖਾਂ ਨੂੰ ਕੇਸਾਂ ਤੋਂ ਵੰਚਿਤ ਕਰਨ ਨਾਲ ਉਹਨਾਂ ਨੂੰ ਉਸ ਸ਼ਕਤੀਸ਼ਾਲੀ ਪ੍ਰੇਰਨਾ ਤੋਂ ਤੋੜ ਦੇਣ ਦੇ ਤੁਲ ਹੋਣਾ ਸੀ ਜੋ ਹੁਣ ਤੱਕ ਸਾਰੀ ਹਿੰਦੂ ਜਨਤਾ ਲਈ ਵੀ ਸ਼ਕਤੀ ਦੇ ਬਲ ਦਾ ਸੋਮਾ ਰਿਹਾ ਹੈ। ਸਿੱਖਾਂ ਦੇ ਇਸ ਸਰੂਪ ਦੇ ਲੋਪ ਹੋ ਜਾਣ ਨਾਲ ਹਿੰਦੂ ਵੀ ਇਸ ਸ਼ਕਤੀ ਤੇ ਪ੍ਰੇਰਨਾ ਦੀ ਰਾਸ਼ਟਰੀ ਸੰਪਤੀ ਤੋਂ ਸੱਖਣੇ ਹੋ ਜਾਣਗੇ।

ਜੇ ਗੁਰੂ ਗੋਬਿੰਦ ਸਿੰਘ ਦੇ ਸਿੱਖ ਕੇਵਲ ਰਾਜਨੀਤਕ ਸ਼ਕਤੀ ਨੂੰ ਪ੍ਰਾਪਤ ਕਰਨਾ ਚਾਹੁੰਦੇ ਹਨ, ਜਿਸ ਦਾ ਵਰਣਨ ਕਿ ਵਾਲਟ ਵਿਟਮੈਨ ਨੇ ਅਮਰੀਕਨਾਂ ਦੇ ਸੰਬੰਧ ਵਿਚ ਕੀਤਾ ਹੈ ਤਾਂ ਉਹ ਜੋ ਜੀਅ ਚਾਹੁੰਦਾ ਹੈ, ਭਾਵੇਂ ਕਰ ਲੈਣ, ਪਰ ਉਹ ਗੁਰੂ ਦੇ ਸਿੱਖ ਬਣੇ ਨਹੀਂ ਰਹਿ ਸਕਦੇ। ਪੰਜਾਬ ਦੇ ਸਹਿਜਧਾਰੀ ਸਿੱਖ ਅੱਜ ਕਿਥੇ ਹਨ, ਜਿਨ੍ਹਾਂ ਨੇ ਕਿ ਇਹ ਪ੍ਰਤਿਗਿਆ ਕੀਤੀ ਸੀ ਕਿ ਉਹ ਗੁਰੂ ਦੇ ਹੋ ਜਾਣਗੇ ? ਉਹਨਾਂ ਨੂੰ ਆਰੀਆ ਸਮਾਜ ਲਹਿਰ ਤੇ ਸ਼ਿਵਲਿੰਗ ਦੀ ਪੂਜਾ ਕਰਨ ਵਾਲੇ ਫਿਰਕਿਆਂ ਨੇ ਨਿਘਾਰ ਲਿਆ ਹੈ। ਪਿਛਲੇ ਕੁਝ ਸਮੇਂ ਤੋਂ ਗੁਰਬਾਣੀ ਦੀ ਕੱਚੀ ਬਾਣੀ ਦੇ ਰੂਪ ਵਿਚ ਕੁਝ ਹੋਰ ਪਵਿੱਤਰ ਸਿੱਖ ਸਾਹਿਤ ਦੀ ਨਕਲ ਵਿਚ ਕੁਝ ਰਚਨਾ ਕੀਤੀ ਜਾਣ ਲੱਗ ਪਈ ਹੈ। ਅਜਿਹੇ ਅਨੁਕਰਣ ਕਿਸੇ ਦਾ ਕੋਈ ਭਲਾ ਨਹੀਂ ਕਰ ਸਕਦੇ। ਸਿੱਖਾਂ ਦਾ ਗੁਰੂ ਸਾਹਿਬਾਨ ਦੀਆਂ ਰਚਨਾਵਾਂ ਦੇ ਅਰਥਾਂ, ਮਹੱਤਤਾ, ਸ਼ਕਤੀ ਅਤੇ ਆਤਮਿਕ ਪ੍ਰਭਾਵਾਂ ਉਤੇ ਕੋਈ ਵੀ ਏਕਾਧਿਕਾਰ ਨਹੀਂ ਹੈ ਅਤੇ ਜੇ ਗੁਰੂ ਸਾਹਿਬਾਨ ਹਿੰਦੂਆਂ ਦੇ ਹਨ ਤਾਂ ਇਹਨਾਂ ਘਟੀਆ ਅਨੁਕਰਨਾਂ ਦਾ ਤਮਾਸ਼ਾ ਕਿਉਂ ਰਚਿਆ ਜਾ ਰਿਹਾ ਹੈ ? ਇਹਨਾਂ ਗੱਲਾਂ ਦਾ ਪੰਜਾਬ ਦੇ ਹਿੰਦੂਆਂ ਨੂੰ ਉਤਰ ਦੇਣਾ ਹੋਵੇਗਾ। ਉਹ ਗੁਰੂ ਗਰੰਥ ਸਾਹਿਬ ਦੀ ਤੁਲਨਾ ਵਿਚ ਭਾਗਵਤ ਗੀਤਾ ਤੇ ਪੁਰਾਤਨ ਵੇਦਾਂ ਵਿਚੋਂ ਵਧੇਰੇ ਕੁਝ ਲਭਦੇ ਹਨ। ਆਪਣੀ ਮਾਤ ਭਾਸ਼ਾ ਨਾਲੋਂ ਹਿੰਦੀ ਨੂੰ ਵਧੇਰੇ ਪ੍ਰੇਮ ਕਰਦੇ ਹਨ। ਉਹ ਗੁਰੂਆਂ ਦੇ ਟਾਕਰੇ ਉਤੇ ਆਪਣੇ ਆਪ ਨੂੰ ਵੇਦਾਂ ਦੇ ਰਿਸ਼ੀਆਂ ਨਾਲ ਵਧੇਰੇ ਜੋੜਦੇ ਹਨ। ਸਿੱਖਾਂ ਲਈ ਸਿਰ ਦੇ ਕੇਸ ਸਦਾ ਪ੍ਰੇਰਨਾ ਦਾ ਸਰੋਤ ਰਹੇ ਹਨ। ਪੰਜਾਬ ਦੀਆਂ ਹੋਰ ਜਾਤੀਆਂ ਵਿਚ ਵੀ ਕੇਸਾਂ ਦਾ ਸਤਿਕਾਰ ਸੀ। ਗੁਰੂ ਗੋਬਿੰਦ ਸਿੰਘ ਵੱਲੋਂ ਅਪਣਾਏ ਗਏ ਇਹਨਾਂ ਸਾਧਨਾਂ ਦਾ ਨਿਰਪੇਖ ਰੂਪ ਵਿਚ ਕੀ ਮੁੱਲ ਤੇ ਮਹੱਤਵ ਸੀ ? ਪਰ ਇਸ ਦੇਸ਼ ਦੀਆਂ ਸਥਾਨਕ ਪ੍ਰਸਥਿਤੀਆਂ ਅਨੁਸਾਰ ਇਹਨਾਂ ਦੀ ਸਾਪੇਖਕ ਮਹੱਤਤਾ ਸਥਾਪਤ ਹੋ ਗਈ ਸੀ। ਇਸ ਲਈ ਜਿਹੜੇ ਲੋਕ ਕੇਸਾਧਾਰੀ ਸਨ, ਉਹਨਾਂ ਦਾ ਇਕ ਵਿਅਕਤੀਗਤ ਇਤਿਹਾਸ ਹੋਂਦ ਵਿਚ

ਆ ਗਿਆ ਅਤੇ ਇਕ ਪ੍ਰੇਰਨਾ ਜਗਾਊ ਪਰੰਪਰਾ ਸਥਾਪਤ ਹੋ ਗਈ, ਜਿਸ ਨੇ ਉਹਨਾਂ ਦੇ ਆਚਰਣ ਵਿਚ ਫੌਲਾਦੀ ਸ਼ਕਤੀ ਭਰ ਦਿੱਤੀ। ਜਿਹੜੇ ਵੀ ਗੁਰੂ ਗੋਬਿੰਦ ਸਿੰਘ ਜੀ ਨਾਲ ਹਮਦਰਦੀ ਤੇ ਸਨੇਹ ਰਖਦੇ ਹਨ, ਘੱਟੋ ਘੱਟ ਉਹਨਾਂ ਲਈ ਪ੍ਰੇਰਨਾ ਦੀ ਇਕ ਸੱਚੀ ਚਿਣਗ ਜ਼ਰੂਰ ਮਘ ਰਹੀ ਹੈ। ਇਹ ਕੇਸ ਤਾਂ ਉਹਨਾਂ ਲੋਕਾਂ ਵੱਲੋਂ ਇਕ ਤਰ੍ਹਾਂ ਦਾ ਮੋਨ ਰੂਪ ਦਾ ਸ਼ੁਕਰਾਨਾ ਹੈ, ਜਿਨ੍ਹਾਂ ਦਾ ਅਤੀਤ ਗੁਰੂ ਗੋਬਿੰਦ ਸਿੰਘ ਜੀ ਦੇ ਨਿੱਜੀ ਪ੍ਰੇਮ ਨਾਲ ਜੁੜਿਆ ਹੋਇਆ ਹੈ। ਗੁਰੂ ਜੀ ਨੇ ਉਹਨਾਂ ਦੇ ਨਾਲ ਰਲ ਕੇ ਸੰਘਰਸ਼ ਕੀਤਾ। ਉਹਨਾਂ ਨੂੰ ਪੁਰਖਤਵ ਤੇ ਇਸਤਰੀਤਵ ਦੇ ਗੁਣ ਬਖ਼ਸ਼ੇ ਅਤੇ ਅਪਮਾਨਜਨਕ ਦਾਸਤਾ ਤੋਂ ਬਚਾਉਣ ਲਈ ਆਪਣਾ ਸਭ ਕੁਝ ਉਹਨਾਂ ਉਤੇ ਵਾਰ ਦਿੱਤਾ।

ਇਹ ਗੱਲ ਬੜੀ ਮਹੱਤਵਪੂਰਨ ਹੈ ਕਿ ਕਿਸੇ ਵੀ ਗੁਰੂ ਸਾਹਿਬ ਨੇ ਵਾਰਤਕ ਦੀ ਇਕ ਪੰਕਤੀ ਵੀ ਨਹੀਂ ਲਿਖੀ। ਜੋ ਬਚਨ ਉਹਨਾਂ ਨੇ ਕੀਤੇ, ਉਹ ਕਵਿਤਾ ਤੇ ਸੰਗੀਤ ਸਨ। ਉਹਨਾਂ ਨੂੰ ਸੰਪੂਰਨ ਜੀਵਨ ਨਿਰੰਤਰ ਰੂਪ ਵਿਚ ਗਾਏ ਗਏ ਦਸ ਗੀਤ ਹਨ। ਜਿਹੜੇ ਲੋਕ ਉਹਨਾਂ ਨੇ ਸਿਰਜੇ ਉਹ ਕਵਿਤਾਵਾਂ ਹਨ, ਉਹਨਾਂ ਦੀ ਅੰਤਰੀਵ ਦਸ਼ਾ ਜੋ ਉਹਨਾਂ ਦੇ ਵਿਅਕਤੀਤਵ ਦੀ ਅਮਿਤਤਾ ਦਾ ਝਲਕਾਰਾ ਪੇਸ਼ ਕਰਦੀ ਹੈ, ਇਕ ਪ੍ਰਕਾਰ ਦਾ ਮਹਾਂਕਾਵਿਕ ਵਰਣਨ ਹੈ। ਗੁਰੂ ਜੀ ਨੇ ਤਾਂ ਸ਼ਬਦਾਂ ਦੀ ਤੁਲਨਾ ਵਿਚ ਜਿਹੜੇ ਚਰਿਤਰ ਦਾ ਨਿਰਮਾਣ ਕੀਤਾ, ਉਹੋ ਹੀ ਉਹਨਾਂ ਦੀ ਸਹੀ ਜਾਂ ਹਸਤਾਖ਼ਰ ਹਨ। ਉਪਨਿਸ਼ਦਾਂ ਦੀ ਮਾਨਸਿਕਤਾ ਨੇ ਉਸ ਪ੍ਰਤਿਭਾ ਨੂੰ ਜਨਮ ਦਿੱਤਾ ਜੋ ਅੱਖਾਂ ਮੁੰਦ ਕੇ ਰਖਦੀ ਹੈ, ਕੰਦਰਾਂ ਵਿਚ ਧਿਆਨ-ਮਗਨ ਬੈਠੀ ਰਹਿੰਦੀ ਹੈ ਅਤੇ ਅਮੂਰਤ ਰੂਪ ਵਿਚ ਯਥਾਰਥ ਦੇ ਸਰੂਪ ਦਾ ਚਿੰਤਨ ਕਰਦੀ ਰਹਿੰਦੀ ਹੈ। ਪਰ ਗੁਰੂ ਸਾਹਿਬਾਨ ਦੀ ਅਧਿਆਤਮਿਕ ਦ੍ਰਿਸ਼ਟੀ ਲੁਹਾਰ ਨੂੰ ਲੋਹਾ ਕੁਟਦੇ, ਤਰਖਾਣ ਨੂੰ ਕਿੱਲੇ ਘੜਦੇ, ਕਿਰਸਾਨ ਨੂੰ ਕਣਕ ਤੇ ਮੱਕੀ ਬੀਜਦੇ ਅਤੇ ਵਢਦੇ ਨਿਹਾਰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਉਸ ਜੈਨ ਮੁਨੀ ਨੂੰ ਦਰਸ਼ਨ ਦੇਣ ਤੋਂ ਨਾਂਹ ਕਰ ਦਿੱਤੀ ਸੀ ਜਿਸ ਨੇ ਆਪਣੇ ਮੱਠ ਵਿਚ ਰਹਿੰਦੀ ਇਕ ਭਿਖਸ਼ਣੀ ਕੰਨਿਆਂ ਨੂੰ ਅੱਖਾਂ ਤੋਂ ਅੰਨ੍ਹਾ ਕਰ ਦੇਣ ਦੀ ਸਜ਼ਾ ਦਿੱਤੀ ਸੀ। ਉਸ ਉਤੇ ਇਹ ਦੋਸ਼ ਲਾਇਆ ਗਿਆ ਸੀ ਕਿ ਉਸ ਨੇ ਇਸੇ ਆਸ਼ਰਮ ਦੇ ਇਕ ਭੀਖੂ ਯੁਵਕ ਨਾਲ ਚੋਰੀ ਗੱਲ-ਕੱਥ ਕੀਤੀ ਸੀ। ਇਸ ਮੁਨੀਸ਼ਵਰ ਨੇ ਉਸ ਨੌਜੁਆਨ ਨੂੰ ਵੀ ਆਯੂ-ਪਰਯੰਤ ਪ੍ਰਾਸ਼ਚਿਤ ਕਰਦੇ ਰਹਿਣ ਦੀ ਸਜ਼ਾ ਵੀ ਦਿੱਤੀ ਸੀ। ਜਦੋਂ ਉਸ ਨੇਤਰਹੀਣ ਕੰਨਿਆਂ ਤੇ ਉਸ ਨੌਜੁਆਨ ਭਿਖਸ਼ੂ ਨੂੰ ਗੁਰੂ ਜੀ ਦੀ ਹਜ਼ੂਰੀ ਵਿਚ ਪੇਸ਼ ਕੀਤਾ ਗਿਆ ਤਾਂ ਆਪ ਨੇ ਉਹਨਾਂ ਨੂੰ ਅਸੀਸ ਦਿੱਤੀ ਅਤੇ ਉਹਨਾਂ ਦਾ ਪਾਲਣ ਪੋਸ਼ਣ ਕੀਤਾ, ਉਹਨਾਂ ਦਾ ਵਿਆਹ ਰਚਾਇਆ। ਫਿਰ ਜੈਨ ਮਹਾਤਮਾ ਨੂੰ ਵੀ ਖਿਮਾਂ ਦਾਨ ਕੀਤਾ। ਇਸ ਦੰਪਤੀ ਨੂੰ ਸਿੱਖ ਇਤਿਹਾਸ ਵਿਚ ਦੋ ਹੰਸਾਂ ਦੇ ਰੂਪ ਵਿਚ ਯਾਦ ਕੀਤਾ ਜਾਂਦਾ ਹੈ। ਗੁਰੂ ਜੀ ਤਾਂ ਇਹਨਾਂ ਲੋਕਾਂ ਨੂੰ ਉਹਨਾਂ ਦੇ ਕੁਦਰਤੀ ਰੂਪ ਵਿਚ ਮੌਲਦਾ ਵੇਖ ਕੇ ਅਤਿ-ਪ੍ਰਸੰਨ ਹੁੰਦੇ ਹਨ।

ਗੁਰੂ ਜੀ ਦੇ ਇਸ ਵੱਡੇ ਦਰਬਾਰ ਵਿਚ ਅਮਰੀਕਨ ਕਵੀ ਵਾਲਟ ਵਿਟਮੈਨ ਵੀ ਆ ਹਾਜ਼ਰ ਹੋਇਆ ਹੈ। ਆਪਣੇ ਚਿੱਟੇ ਕੇਸਾਂ ਤੇ ਖੁਲ੍ਹੀ ਦਾੜ੍ਹੀ ਦੇ ਸਰੂਪ ਵਿਚ ਇੰਜ ਜਾਪਦਾ ਹੈ ਜਿਵੇਂ ਉਹ ਗੁਰੂ ਦੇ ਸਿੱਖ ਦੇ ਰੂਪ ਵਿਚ ਅਮਰੀਕਨ ਲੋਕਾਂ ਦੇ ਸਨਮੁਖ ਗੁਰੂ ਜੀ ਦੀ ਰਚਨਾ ਦਾ ਹੀ ਗਾਇਨ ਕਰ ਰਿਹਾ ਹੋਵੇ। ਆਪਣੇ ਇਕ ਚਿੱਤਰ ਵਿਚ ਉਹ ਗੁਰੂ ਜੀ ਦੇ ਕੇਸਾਧਾਰੀ ਸਰੂਪ ਵਿਚ ਇਕ ਬਿਰਧ ਪੁਰਸ਼ ਦੇ ਰੂਪ ਵਿਚ ਬਿਰਾਜਮਾਨ ਹੈ। ਮੇਰਾ ਇਹ ਨਿਹਚਾ ਹੈ ਕਿ ਉਹ ਗੁਰੂ ਜੀ ਦਾ ਇਕ ਸਿੱਖ ਹੀ ਹੈ ਜਿਸ ਨੇ ਇਸ ਲਈ ਅਮਰੀਕਾ ਵਿਚ ਦੁਬਾਰਾ ਜਨਮ ਧਾਰਿਆ ਹੈ ਤਾਂ ਜੋ ਉਹ ਅਮਰੀਕਨਾਂ ਦੇ ਆਧੁਨਿਕ ਮਨ ਵਿਚ ਖ਼ਾਲਸਾ ਦੇ ਆਦਰਸ਼ਾਂ ਦਾ ਬੀਜ ਬੀਜ ਸਕੇ। ਵਾਸਤਵ ਵਿਚ ਗੁਰੂ ਜੀ ਨੇ ਮਨੁੱਖਤਾ ਨੂੰ ਖ਼ਾਲਸਾ ਸਮੂਹ ਦੇ ਰੂਪ ਵਿਚ ਢਾਲਿਆ ਸੀ। ਗੁਰੂ ਆਤਮਾ ਦਾ ਵਾਲਟ ਵਿਟਮੈਨ ਪੱਛਮੀ ਧਰਮਦੂਤ ਹੈ। ਹੋਰ ਬਹੁਤ ਸਾਰੇ ਅਜਿਹੇ ਵਿਅਕਤੀ ਉਠਣਗੇ ਤੇ ਗੁਰੂ ਹਿਰਦੇ ਵਿਚ ਬਹੁਤ ਸਾਰੇ ਸੱਜਣ ਰਲ ਕੇ ਗੁਰੂ ਗਰੰਥ ਸਾਹਿਬ ਦੀ ਬਾਣੀ ਦਾ ਗਾਇਨ ਕਰਨਗੇ। ਆਧੁਨਿਕ ਸੰਸਾਰ ਆਪਣੀ ਜੰਮਣ ਅਵਸਥਾ ਵਿਚ ਹੈ। ਨਵੀਨ ਬੇਚੈਨੀ ਵਿਸ਼ਵ-ਵਿਆਪੀ ਵਰਤਾਰਾ ਹੈ। ਹਿੰਦੂਆਂ ਤੇ ਯਹੂਦੀਆਂ ਦਾ ਦੂਰ ਦਾ ਅਤੀਤ ਉਹਨਾਂ ਦੀ ਜਿਗਿਆਸਾ ਦਾ ਉਤਰ ਨਹੀਂ ਹੋ ਸਕਦਾ। ਗੁਰੂ ਜੀ ਦਾ ਖ਼ਾਲਸਾਈ ਆਦਰਸ਼ ਉਸ ਡੂੰਘੀ ਸ਼ਾਂਤੀ ਦੇ ਭਰਪੂਰ ਚਸ਼ਮੇ ਦੇ ਰੂਪ ਵਿਚ ਮੌਜੂਦ ਹੈ, ਜਿਸ ਦੀ ਕਿ ਆਧੁਨਿਕ ਸੰਸਾਰ ਨੂੰ ਭਾਲ ਹੈ।

# ਆਤਮਾ ਦਾ ਸੰਗੀਤ

## I

ਇਸ ਪੁਸਤਕ ਦੇ ਅਗਲੇ ਪੰਨਿਆਂ ਵਿਚ ਮੈਂ ਮਹਾਨ ਗੁਰੂ ਸਾਹਿਬਾਨ ਦੀ ਜੀਅ-ਦਾਨ ਬਖ਼ਸ਼ਣ ਵਾਲੀ ਬਾਣੀ ਦੀ ਉਸ ਤਾਲਗਤੀ ਦੇ ਅਨੁਭਵ ਨੂੰ ਕਾਨੀਬੰਧ ਕਰਨ ਦਾ ਯਤਨ ਕਰ ਰਿਹਾ ਹਾਂ। ਜਿਸ ਦਾ ਨਿਮ੍ਹਾ ਜਿਹਾ ਆਭਾਸ ਮੈਨੂੰ ਆਪਣੇ ਜੀਵਨ ਕਾਲ ਵਿਚ ਹੋਇਆ ਹੈ। ਜਿਥੋਂ ਤੱਕ ਇਸ ਦੀ ਪ੍ਰਮਾਣਿਕਤਾ ਦਾ ਸੰਬੰਧ ਹੈ, ਇਸ ਨੂੰ ਮੈਂ ਮਾਂ ਦੇ ਦੁੱਧ ਨਾਲ ਹੀ ਗ੍ਰਹਿਣ ਕਰਨਾ ਸ਼ੁਰੂ ਕਰ ਦਿੱਤਾ ਸੀ। ਜੋ ਕੁਝ ਵੀ ਆਪਣੇ ਜੀਵਨ ਦੇ ਬੀਤੇ 45 ਸਾਲਾਂ ਵਿਚ ਮੇਰੀ ਨਿਮਨ ਚੇਤਨਾ ਨੇ ਇਸ ਬਾਰੇ ਸੰਚਿਤ ਕੀਤਾ ਸੀ, ਉਹ ਬੜੀ ਤੇਜ਼ ਗਤੀ ਨਾਲ ਪਿਛਲੇ ਦੋ-ਤਿੰਨ ਦਿਨਾਂ ਵਿਚ ਮੇਰੇ ਮਨ ਦੀ ਚਰਖ਼ੀ ਉਤੇ ਘੁੰਮਦਾ ਰਿਹਾ ਹੈ। ਇਹ ਰਚਨਾ ਇਕ ਤਰ੍ਹਾਂ ਨਾਲ ਪੰਛੀਆਂ ਦੇ ਆਲ੍ਹਣੇ ਵਿਚ ਅੰਡੇ ਦੇ ਖੋਲ ਵਿਚੋਂ ਸੁਤੇ ਸਿਧ ਬਾਹਰ ਨਿਕਲਣ ਵਾਲੀ ਪ੍ਰਕ੍ਰਿਆ ਹੈ। ਮੈਨੂੰ ਇੰਜ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਗੁਰੂ ਸਾਹਿਬਾਨ ਦੀ ਰਚਨਾ ਦੇ ਉਸ ਛੋਟੇ ਜਿਹੇ ਭਾਗ ਦਾ ਇਹ ਸੰਖੇਪ ਅਨੁਵਾਦ ਹੋਵੇ, ਜਿਸ ਨੇ ਕਿ ਮੈਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ ਹੈ। ਇਹ ਸਭ ਕੁਝ ਗੁਰੂ ਜੀ ਦੇ ਬਾਗ਼ ਦੇ ਫੁੱਲ ਹਨ। ਮੈਂ ਤਾਂ ਕੇਵਲ ਉਹਨਾਂ ਵਿਚੋਂ ਕੁਝ ਇਕ ਨੂੰ ਹੀ ਚੁਣ ਕੇ ਰਾਂਗਲੇ ਗੁਲਦਸਤੇ ਵਿਚ ਧਰ ਦਿੱਤਾ ਹੈ।

ਮੈਨੂੰ ਗਿਆਨ ਹੈ ਕਿ ਮੈਂ ਆਤਮਾ ਦੇ ਸੰਗੀਤ ਦੀ ਸੁੰਦਰਤਾ ਦੇ ਉਹਨਾਂ ਪੱਖਾਂ ਬਾਰੇ ਲਿਖਣ ਲੱਗਾ ਹਾਂ, ਜੋ ਅਵਰਣਨੀਯ ਹੈ। ਫਿਰ ਵੀ ਮੈਂ ਉਸ ਕਵਿਤਾ ਨੂੰ ਵਾਰਤਕ ਵਿਚ ਅੰਕਿਤ ਕਰਨ ਦਾ ਸਾਹਸ ਕੀਤਾ ਹੈ, ਜਿਸ ਦਾ ਬੋਧ ਕੇਵਲ ਗਾਇਨ ਦੁਆਰਾ ਹੀ ਹੋ ਸਕਦਾ ਹੈ, ਉਹ ਵੀ ਤਦੋਂ ਜਦੋਂ ਫਰਿਸ਼ਤੇ ਮਨੁੱਖ ਦੀ ਆਤਮਾ ਵਿਚ ਆਪ ਆ ਕੇ ਇਸ ਦਾ ਗਾਇਨ ਕਰ ਰਹੇ ਹੋਣ ਜਾਂ ਜਦੋਂ ਕੋਈ ਵਿਅਕਤੀ ਇਸ ਦੀ ਆਤਮਾ ਵਿਚ ਭਿੱਜ ਕੇ ਇਸ ਨੂੰ ਗਾ ਰਿਹਾ ਹੋਵੇ।

ਗੁਰੂ ਨਾਨਕ ਆਪ ਇਸ ਅੰਬਰੀ ਕਾਂਗ ਦੇ ਆਵੇਸ਼ਗਤ ਸੰਗੀਤ ਤੋਂ ਰਹਿ ਨਹੀਂ ਸਨ ਸਕਦੇ ਤੇ ਸਦਾ ਇਹ ਕਹਿੰਦੇ ਹੁੰਦੇ ਸਨ ਕਿ 'ਦੇਵ ਲੋਕ ਵਿਚੋਂ ਬਾਣੀ ਦੇ ਸੰਗੀਤ ਦਾ ਅਵਤਰਨ ਹੋ ਰਿਹਾ ਹੈ।' ਫਿਰ ਜਦੋਂ ਕੋਈ ਉਹਨਾਂ ਨੂੰ ਅਕਾਲ ਪੁਰਖ ਬਾਰੇ ਪੁਛਦਾ ਤਾਂ ਆਪ ਬਚਨ ਕਰਦੇ ਕਿ ਪ੍ਰਮਾਤਮਾ ਦਾ ਆਹਾਰ ਸੰਗੀਤ ਹੈ ਤੇ ਵੰਨ-ਸੁਵੰਨੇ ਰੰਗ ਉਸ ਦੇ ਬਸਤਰ ਹਨ।

ਉਹਨਾਂ ਦੀ ਬਾਣੀ ਦੇ ਸ਼ਬਦ ਉਹਨਾਂ ਦੇ ਆਪਣੇ ਹੋਠਾਂ ਤੋਂ ਹੀ ਸੁਣੇ ਜਾ ਸਕਦੇ ਸਨ ਜਾਂ ਫਿਰ ਉਹਨਾਂ ਦੇ ਭਗਤਾਂ ਦੇ ਮੁਖਾਰਬਿੰਦ ਤੋਂ। ਭਾਈ ਲਹਿਣਾ ਜੀ ਨੇ ਦਰਿਆ ਕੰਢੇ ਕਿਸੇ ਸ਼ਰਧਾਲੂ ਦੇ ਕੰਠ ਤੋਂ ਗੁਰੂ ਨਾਨਕ ਦੇ ਨਾਮ ਨੂੰ ਧੰਨ ਗੁਰੂ ਨਾਨਕ ਧੰਨ ਗੁਰੂ ਨਾਨਕ ਗਾਉਂਦਿਆਂ ਸੁਣਿਆ ਤੇ ਉਸ ਦੀ ਆਤਮਾ

ਵਿਚ ਭਾਵਾਂ ਦਾ ਅਜਿਹਾ ਝੱਖੜ ਝੁਲਿਆ ਕਿ ਤਦੋਂ ਤੋਂ ਹੀ ਉਹਨਾਂ ਨੂੰ ਇਸ ਨਾਮ ਨਾਲ ਇਨਾਂ ਪ੍ਰੇਮ ਜਾਗ ਪਿਆ ਕਿ ਇਸ ਵਿਚ ਉਹ ਇਤਨਾਂ ਗੁਆਚ ਗਏ ਕਿ ਨਾਮ ਨੂੰ ਪ੍ਰਾਪਤ ਕਰਕੇ ਅਤੇ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਕੇ ਹੀ ਉਹਨਾਂ ਦੀ ਤ੍ਰਿਪਤੀ ਹੋਈ।

ਉਹਨਾਂ ਦੇ ਸ਼ਬਦ ਪਾਪੀਆਂ ਤੇ ਸੰਤਾਂ ਦੇ ਸਨਮੁਖ ਇਕ ਸਮਾਨ ਗਾਏ ਜਾਂਦੇ ਸਨ। ਇਹ ਕਹਿਣਾ ਸ਼ੋਕ ਵਾਲੀ ਗੱਲ ਹੋਵੇਗੀ ਕਿ ਇਸ ਬਾਣੀ ਦਾ ਅਰੋਗਤਾ ਬਖ਼ਸ਼ਣ ਵਾਲਾ ਪ੍ਰਭਾਵ, ਜਿਹਾ ਕਿ ਸਨਾਤਨੀ ਬ੍ਰਾਹਮਣਾਂ ਦਾ ਵਿਚਾਰ ਸੀ, ਕੇਵਲ ਸੰਤ-ਜਨਾਂ ਨੂੰ ਹੀ ਹੁੰਦਾ ਹੈ। ਇਹ ਬਾਣੀ ਇਕ ਪਾਪੀ ਇਸਤਰੀ ਦੀ ਵੀ ਉਸੇ ਤਰ੍ਹਾਂ ਗੁੱਝੀ ਮਿੱਤਰ ਹੈ ਜਿਸ ਤਰ੍ਹਾਂ ਕਿ ਇਕ ਪਾਕ ਦਾਮਨ ਇਸਤਰੀ ਦੀ। ਸਾਰੇ ਇਸਤਰੀ ਪੁਰਸ਼ਾਂ ਨੂੰ ਜੋ ਦੁੱਖ ਦਰਦਾਂ ਨਾਲ ਭਰਪੂਰ ਅਤੇ ਇਸ ਸੰਸਾਰ ਵਿਚ ਸੰਘਰਸ਼ ਕਰ ਰਹੇ ਹਨ, ਸੁੱਖ ਆਰਾਮ ਦੀ ਲੋੜ ਹੈ। ਗੁਰੂ ਦਾ ਸ਼ਬਦ ਉਹਨਾਂ ਸਭ ਦੀ ਆਤਮਾ ਲਈ ਡੂੰਘੀ ਸ਼ਾਂਤੀ ਬਖ਼ਸ਼ਣ ਵਾਲਾ ਹੈ। ਇਹ ਸੱਖਣਿਆਂ ਨੂੰ ਭਰਪੂਰ ਕਰਦਾ ਹੈ, ਸ਼ੁਧ ਅਨੰਦ ਸਰੂਪ ਹੈ ਅਤੇ ਅਨੰਦ ਪ੍ਰਦਾਨ ਕਰਨ ਦਾ ਸਰੋਤ ਹੈ।

ਗੁਰੂ ਸਾਹਿਬ ਲਈ ਤਾਰੇ ਪ੍ਰਭੂ ਦੀ ਆਰਤੀ ਉਤਾਰਨ ਲਈ ਹੱਥਾਂ ਵਿਚ ਫੜੇ ਗਗਨ ਰੂਪੀ ਥਾਲ ਵਿਚ ਪਏ ਮੋਤੀ ਹਨ ਅਤੇ ਸੂਰਜ ਤੇ ਚੰਨ ਇਸ ਵਿਚ ਬਾਲੇ ਗਏ ਦੀਪਕ। ਇਸ ਤਰ੍ਹਾਂ ਗੁਰੂ ਨਾਨਕ ਆਕਾਸ਼ ਰੂਪੀ ਛਤਰ ਵਾਲੇ ਮੰਦਰ ਵਿਚ ਖੜ੍ਹੇ ਹਨ। ਇਹ ਸਭ ਪ੍ਰਭੂ-ਪ੍ਰੀਤਮ ਦਾ ਸ਼ਾਨਦਾਰ ਮਹਿਲ ਹੈ। ਪਵਨ ਤੇ ਪਾਣੀ ਉਸ ਮਹਾਨ ਪ੍ਰਭੂ ਦੀ ਉਪਮਾ ਗਾਇਨ ਕਰ ਰਹੇ ਹਨ। ਗੁਰੂ ਜੀ ਲਈ ਤਾਂ ਵਣ ਦੇ ਪੱਤੇ ਆਤਮਾ ਦਾ ਅਨਹਦ ਨਾਦ ਹਨ। ਇਹਨਾਂ ਵਿਚ ਸਬਾਈ ਅਨੰਦ ਵਿਦਮਾਨ ਹੈ। ਸਾਰਾ ਆਕਾਸ਼ ਸੁੰਦਰ ਚਾਂਦੀ ਰੰਗੇ ਪੈਰਾਂ ਵਾਲੀਆਂ ਨ੍ਰਿਤਕੀਆਂ ਰਾਗ ਰਤਨ ਪਰਵਾਰ ਪਰੀਆ ਨਾਲ ਭਰਿਆ ਪਿਆ ਹੈ ਅਤੇ ਇਸ ਸਭ ਕੁਝ ਦੀਆਂ ਪਰਮ-ਡੂੰਘਾਈਆਂ ਵਿਚ ਅਦ੍ਰਿਸ਼ਟ ਸੰਗੀਤ ਦਾ ਪ੍ਰਵਾਹ ਚੱਲ ਰਿਹਾ ਹੈ। ਉਹ ਅਣਸੁਣੇ ਨੂੰ ਸੁਣ ਰਿਹਾ ਹੈ। ਪ੍ਰਕਾਸ਼, ਮਨ, ਧਰਤੀ, ਸਾਗਰ, ਚਟਾਨਾਂ ਸਭ ਉਸ ਨੂੰ ਅਨੰਦ ਵਿਭੋਰ ਕਰਦੀਆਂ ਹਨ। ਉਸ ਦਾ ਮਨੋਵੇਗ ਬਹੁਮੁੱਲਾ, ਡੂੰਘਾ ਤੇ ਅਨੰਤ ਹੈ। ਉਸ ਲਈ ਕੁਝ ਵੀ ਕਾਫੀ ਨਹੀਂ ਹੈ। ਉਸ ਦੇ ਮਨੋਵੇਗ ਵਿਚ ਜੀਵਨ ਅਤੇ ਮੌਤ ਦੋਵੇਂ ਇਕ ਦੂਜੇ ਨਾਲ ਇਕ-ਜਾਨ ਹੋ ਜਾਂਦੇ ਹਨ। ਸਭ ਪ੍ਰਕਾਰ ਦੇ ਦੂਈ-ਦਵੈਤ ਦੇ ਅੰਤਰ ਉਸ ਦੀ ਸ਼ਾਨ ਵਿਚ ਲੋਪ ਹੋ ਜਾਂਦੇ ਹਨ। ਜਿਵੇਂ ਸਾਗਰ ਵਿਚ ਲਹਿਰ ਅਭੇਦ ਹੋ ਜਾਂਦੀ ਹੈ। ਆਪਣੇ ਅਨੰਤ ਵਿਸਮਾਦ ਵਿਚ ਉਹ ਮੌਨ ਹੈ। ਉਸ ਦੀ ਖ਼ੁਸ਼ੀ ਅਬੋਲ ਹੈ ਜੋ ਪ੍ਰਭੂ-ਪ੍ਰੀਤਮ ਦੇ ਵਿਯੋਗ ਦੀ ਅਨੰਤ ਪੀੜਾ ਵਿਚੋਂ ਉਤਪੰਨ ਹੁੰਦੀ ਹੈ।

ਇਹ ਹੈ ਗੁਰੂ, ਪਰਮ ਜੋਤੀ ਸਰੂਪ, ਪੂਰਨ ਬ੍ਰਹਮ ਅਵਤਾਰ, ਉਪਮਾ ਰਹਿਤ ਅਤੇ ਅਦੁੱਤੀ। ਮਹਾਨ ਸਿੱਖ ਕਵੀ ਭਾਈ ਸੰਤੋਖ ਸਿੰਘ ਗੁਰੂ ਦੀ ਉਪਮਾ ਵਿਚ ਭਾਵਾਵੇਸ਼ ਵਿਚ ਰੱਤਾ ਮੋਤੀਆਂ ਦੀ ਲੜੀ ਪਰੋਂਦਾ ਹੋਇਆ ਬ੍ਰਜ ਕਵਿਤਾ

ਦੀ ਸਾਰੀ ਸ਼ਬਦਾਵਲੀ ਨੂੰ ਮੁਕਾ ਬੈਠਦਾ ਹੈ। ਫਿਰ ਗੁਰੂ ਲਈ ਇਕ ਅਸਹਾਈ ਬਾਲ ਹਾਰ ਕੂਕ ਪੁਕਾਰ ਕਰਦਾ ਹੈ। ਉਸ ਲਈ ਉਹ ਸ੍ਰਿਸ਼ਟੀ ਦੇ ਸਭ ਨਾਥਾਂ ਦਾ ਨਾਥ ਹੈ।

ਗੁਰੂ ਨਾਨਕ ਸਾਡੇ ਲਈ ਪਿਤਾ ਬਣ ਕੇ ਆਏ। ਉਹਨਾਂ ਨੇ ਸਾਨੂੰ ਪਿਤਾ ਵਾਲਾ ਉਹ ਮਿੱਠਾ ਤੇ ਸਿਧਾ-ਸਾਦਾ ਪਿਆਰ ਦਿੱਤਾ ਜੋ ਸਾਨੂੰ ਕਿਸੇ ਹੋਰ ਤੋਂ ਨਹੀਂ ਮਿਲਿਆ ਸੀ। ਉਹ ਸਾਡੇ ਵਿਚ ਇਸ ਤਰ੍ਹਾਂ ਆ ਕੇ ਬੈਠ ਜਾਂਦੇ ਹਨ ਜਿਵੇਂ ਕਿ ਇਕ ਅਧਿਆਪਕ ਸਕੂਲ ਦੇ ਬੱਚਿਆਂ ਵਿਚ ਆ ਕੇ ਬੈਠ ਜਾਂਦਾ ਹੈ। ਆਪ ਇਸ ਵਿਸ਼ਵ ਦੇ ਸਾਰੇ ਰਹੱਸ ਤੇ ਪ੍ਰਭੂ-ਪ੍ਰੀਤਮ ਦੇ ਸਾਰੇ ਪ੍ਰੇਮ ਨੂੰ ਸਾਡੇ ਅੰਦਰੇ ਘੋਲ ਦਿੰਦੇ ਹਨ। ਆਪ ਡਾਕੂਆਂ ਤੇ ਠੱਗਾਂ ਨੂੰ ਵੇਖ ਕੇ ਮੁਸਕਰਾ ਪੈਂਦੇ ਹਨ ਅਤੇ ਉਹ ਸਦੀਵੀ ਸੱਚ ਅੱਗੇ ਸਿਰ ਝੁਕਾ ਦਿੰਦੇ ਹਨ। ਆਪ ਦੀ ਛੁਹ ਮਾਤਰ ਨਾਲ ਪਾਪੀਆਂ ਦੀ ਆਤਮਾ ਜਾਗ ਪੈਂਦੀ ਹੈ ਤੇ ਉਹ ਆਪਣੇ ਅੰਦਰ ਪ੍ਰਮਾਤਮਾ ਦੀ ਹੋਂਦ ਨੂੰ ਅਨੁਭਵ ਕਰਨ ਲੱਗ ਪੈਂਦੇ ਹਨ।

ਗੁਰੂ ਜੀ ਸਾਡੇ ਅੰਦਰ ਮਾਨਵਤਾ ਤੇ ਰੱਬਤਾ ਦੀ ਭਾਵਨਾ ਨੂੰ ਜਗਾ ਕੇ ਸਾਨੂੰ ਸਿਖਿਆ ਦਿੰਦੇ ਹਨ। ਸਾਡੀ ਨਿੱਕੀ ਮਿੱਠੜੀ ਮਾਨਵਤਾ ਨੂੰ ਆਪ ਵੱਡੀ ਰੱਬਤਾ ਵਿਚ ਬਦਲ ਦਿੰਦੇ ਹਨ। ਇਵੇਂ ਹੀ ਆਸਾ ਦੀ ਵਾਰ ਦੀਆਂ ਆਰੰਭਕ ਪੰਕਤੀਆਂ ਵਿਚ ਫੁਰਮਾਇਆ ਗਿਆ ਹੈ। ਗੁਰੂ ਜੀ ਲਈ ਤਾਂ ਇਸਤਰੀ ਤੇ ਪੁਰਸ਼ ਨਾਲ ਪ੍ਰੇਮ ਹੀ ਸਭ ਤੋਂ ਵੱਡੀ ਪ੍ਰੀਤ ਦਾ ਚਿੰਨ੍ਹ ਸੀ। ਉਹ ਉਸ ਸਮੇਂ ਸਭ ਤੋਂ ਵੱਧ ਪ੍ਰਸੰਨ ਹੁੰਦੇ ਹਨ ਜਦੋਂ ਸਾਡੇ ਅੰਦਰ ਸੁੰਦਰ ਪ੍ਰਭੂ-ਪ੍ਰੀਤਮ ਲਈ ਦੀਵਾਨਾ ਕਰ ਦੇਣ ਵਾਲੀ ਪ੍ਰੇਮ ਭਾਵਨਾ ਦਾ ਕਾਂਗ ਉਛਾਲਾ ਆਉਂਦਾ ਹੈ। ਅਜਿਹੇ ਝਲ-ਮਸਤਾਨੇ ਪ੍ਰੇਮ ਵਿਚ ਅਸੀਂ ਮਨੁੱਖ, ਪਰਬਤੀ ਚੱਟਾਨਾਂ ਤੇ ਨਦੀਆਂ ਨੂੰ ਇਕ ਸਮਾਨ ਪ੍ਰੇਮ ਕਰਨ ਲੱਗ ਪੈਂਦੇ ਹਾਂ। ਇਥੋਂ ਤੱਕ ਕਿ ਪ੍ਰੇਮ ਵਿਚ ਮੌਤ ਵੀ ਸਾਨੂੰ ਪਿਆਰੀ ਲੱਗਣ ਲੱਗ ਪੈਂਦੀ ਹੈ। ਦੂਜਿਆਂ ਨੂੰ ਪ੍ਰੇਮ ਕਰਨ ਦਾ ਨਾਮ ਹੀ ਆਤਮ-ਬਲੀਦਾਨ ਹੈ। ਇਹ ਤਾਂ ਨਾ ਮੁੱਕਣ ਵਾਲੀ ਅਨੰਤ ਖ਼ੁਸ਼ੀ ਅੱਗੇ ਆਪਣੇ ਆਪ ਨੂੰ ਸਮਰਪਣ ਕਰਨਾ ਹੁੰਦਾ ਹੈ। ਇਹ ਆਤਮ ਬਲੀਦਾਨ ਕਰਨ ਵਾਲੇ ਜੀਵਨ ਦਾ ਅਨੁਭਵ ਉਸ ਮਹਾਨ ਸਮੇਂ ਤੇ ਹਰ ਛਿਣ ਉਸ ਨਦੀ ਸਮਾਨ ਪ੍ਰਵਾਹਿਤ ਹੁੰਦਾ ਹੈ ਜੋ ਕਦੇ ਵੀ ਸੁਕਦੀ ਨਹੀਂ। ਇਕ ਜਿਗਿਆਸੂ ਲਈ ਤਾਂ ਇਹ ਜੀਵਨ ਨਿਰੰਤਰ ਤੇ ਸਦੈਵ ਸਹਿਜ ਅਨੰਦ ਵਿਚ ਰੱਤਾ ਰਹਿਣ ਵਾਲਾ ਹੁੰਦਾ ਹੈ। ਇਹ ਜੀਵਨ ਤਾਂ ਸਦਾ ਆਤਮ ਨਸ਼ੇ ਵਿਚ ਮਖ਼ਮੂਰ ਹੁੰਦਾ ਹੈ। ਇਸ ਨੂੰ ਕਿਸੇ ਵੀ ਬਾਹਰੀ ਸ਼ਰਾਬ ਦੇ ਪਿਆਲਿਆਂ ਦੀ ਲੋੜ ਨਹੀਂ ਹੁੰਦੀ।

ਅਜੋਕੇ ਸਮੇਂ ਦੇ ਅੰਦਰ ਹੱਡ ਮਾਸ, ਸ਼ਰਾਬ ਦੇ ਐਸ਼ਵਰਜ਼ ਤੇ ਭੋਗ ਵਿਲਾਸ ਦੀ ਰੁਚੀ ਪ੍ਰਧਾਨ ਹੈ। ਮਨੁੱਖ ਨੂੰ ਉਚਾ ਲਿਜਾਣ ਵਾਲੀਆਂ ਪ੍ਰਵਿਰਤੀਆਂ ਵੱਲੋਂ ਬੇਧਿਆਨ ਹੋ ਕੇ ਨਿਰੰਤਰ ਐਸ਼ਵਰਜ਼ ਦੀਆਂ ਨਾ ਮੁੱਕਣ ਵਾਲੀਆਂ ਤ੍ਰਿਸ਼ਨਾਵਾਂ ਤੇ ਵਾਸ਼ਨਾਵਾਂ ਦੀ ਰੁਚੀ ਪ੍ਰਧਾਨ ਹੈ ਅਤੇ ਮਨੁੱਖ ਅਨੰਤ ਨਾਲ ਜੁੜਨ ਤੇ ਡੂੰਘੀਆਂ ਅੰਤਰੀਵ ਭਾਵਨਾਵਾਂ ਦੀ ਤੁਲਨਾ ਵਿਚ ਕੇਵਲ ਸਰੀਰਕ ਚੇਤਨਾ

ਨਾਲ ਹੀ ਚਿੰਬੜਿਆ ਹੋਇਆ ਹੈ, ਜਿਸ ਕਾਰਨ ਉਹ ਅਜਿਹੀ ਦ੍ਰਿਸ਼ਟੀ ਤੱਕ ਪੁੱਜਣ ਦੇ ਵੀ ਅਸਮਰੱਥ ਹੈ ਜੋ ਇਸਤਰੀ ਤੇ ਪੁਰਸ਼ ਦੇ ਸਰੀਰਕ ਸੰਬੰਧ ਤੇ ਸੰਜੋਗ ਨੂੰ ਪਵਿੱਤਰ ਤੋਂ ਪਵਿੱਤਰ ਭਾਵਨਾ ਵਿਚ ਬਦਲ ਸਕੇ। ਇਹ ਪ੍ਰਵਿਰਤੀ ਪੁਰਾਤਨ ਯੁਗ ਵਿਚ ਇਕ ਪ੍ਰਕਾਰ ਦਾ ਧਰਮ, ਨੇਮ, ਪ੍ਰਾਰਥਨਾ ਤੇ ਅਰਦਾਸ ਹੀ ਸੀ ਜੋ ਇਕ ਤਰ੍ਹਾਂ ਨਾਲ ਮਧੁਰ ਗੀਤ ਸਮਾਨ ਸੀ। ਮੈਂ ਹਾਲੀ ਵੀ ਆਸ ਰਖਦਾ ਹਾਂ ਕਿ ਇਹ ਛੋਟੀਆਂ ਛੋਟੀਆਂ ਚਿੰਗਿਆੜੀਆਂ ਇਸ ਜਲਣਸ਼ੀਲ ਸਮੱਗਰੀ ਉਤੇ ਡਿਗ ਕੇ ਇਸ ਨੂੰ ਭਾਂਬੜਾਂ ਵਿਚ ਬਦਲ ਦੇਣਗੀਆਂ ਜਿਸ ਨਾਲ ਇਸ ਸੰਸਾਰ ਦੇ ਨੈਣ ਆਪਣੇ ਅੰਦਰ ਵੱਲ ਤੱਕਣ ਲਈ ਮਜਬੂਰ ਹੋ ਜਾਣਗੇ ਤਾਂ ਜੋ ਅਸੀਂ ਇਸਤਰੀ ਅਤੇ ਪੁਰਸ਼ ਦੇ ਸੰਜੋਗ ਦੀ ਉਸ ਦੈਵੀ ਅਵਸਥਾ ਤੱਕ ਪੁੱਜ ਸਕੀਏ ਜਿਸ ਵਿਚ ਦੋਵੇਂ ਪ੍ਰਸਪਰ ਰੂਪ ਵਿਚ ਇਕ ਦੂਜੇ ਦੇ ਸਾਹਮਣੇ ਆਪਣੇ ਆਪ ਨੂੰ ਸਮਰਪਤ ਕਰ ਦਿੰਦੇ ਹਨ। ਇਹ ਪ੍ਰੇਮ ਤੇ ਸਮਰਪਣ ਦੀ ਭਾਵਨਾ ਮਨੁੱਖ ਨੂੰ ਉਸ ਦੀ ਨਿਰਸੁਆਰਥ ਭਲਿਆਈ ਤੱਕ ਲੈ ਜਾਂਦੀ ਹੈ, ਜਿਸ ਵਿਚ ਉਹ ਆਪਣੇ ਲਈ ਸੂਲੀ ਨੂੰ ਉਠਾ ਕੇ ਵੀ ਦੂਜਿਆਂ ਲਈ ਪਰਉਪਕਾਰੀ ਸਿਧ ਹੁੰਦਾ ਹੈ। ਸ਼ਾਇਦ ਇਸ ਨਾਲ ਅਸੀਂ ਹੁਣ ਵੀ ਇਹ ਅਨੁਭਵ ਕਰ ਸਕੀਏ ਕਿ ਇਹ ਸੰਸਾਰ ਕਿਸੇ ਉਚੇਰੇ ਲੋਕ ਦੇ ਟਿਮਟਿਮਾਂਦੇ ਪਰਛਾਵੇਂ ਮਾਤਰ ਹੈ ਜਿਥੇ ਪ੍ਰੇਮ, ਸ਼ਾਂਤੀ ਤੇ ਸੰਜੋਗੀ ਅਵਸਥਾ ਦਾ ਸੰਗੀਤ ਹੀ ਵਿਆਪਕ ਹੈ। ਪ੍ਰਭੂ-ਪ੍ਰੀਤਮ ਦੇ ਮਿਲਾਪ ਪਿੱਛੋਂ ਪ੍ਰਾਪਤ ਅਨੰਦ ਹੀ ਸੱਚਾ ਧਰਮ ਹੈ ਜਿਸ ਦੀ ਵਿਸ਼ੇਸ਼ਤਾ ਪ੍ਰਭੂ-ਪ੍ਰੀਤਮ ਦੇ ਦਰਸ਼ਨ ਦੀ ਆਤਮ ਪ੍ਰਤੀਤੀ ਦਾ ਅਨੁਭਵ ਹੁੰਦਾ ਹੈ।

ਪ੍ਰਮਾਤਮਾ ਦੇ ਪ੍ਰੇਮ ਵਿਚ ਰੰਗੀਜ ਕੇ ਪੂਰਨਤਾ ਆਪਣੇ ਆਪ ਆ ਜਾਂਦੀ ਹੈ। ਇਹ ਪ੍ਰੇਮ ਸਦਾ ਆਪ ਮੁਹਾਰੇ ਤੇ ਸੁਤੇ ਸਿਧ ਹੀ ਉਤਪੰਨ ਹੁੰਦਾ ਹੈ। ਭਿੰਨ ਭਿੰਨ ਧਾਰਮਿਕ ਸੰਜਮਾਂ ਨੂੰ ਧਾਰਨ ਕਰਕੇ ਪ੍ਰੇਮ ਨੂੰ ਉਤਪੰਨ ਕਰਨ ਦੇ ਵੱਖ ਵੱਖ ਯਤਨ ਵਿਅਰਥ ਸਿਧ ਹੁੰਦੇ ਹਨ। ਇਹਨਾਂ ਸਾਧਨਾਂ ਨੇ ਮਨੁੱਖ ਨੂੰ ਸਦਾ ਭੁੱਲ-ਭੁਲਾਈਆਂ ਵਿਚ ਹੀ ਪਾਇਆ ਹੈ ਅਤੇ ਉਸ ਨੂੰ ਸੱਖਣੇਪਣ ਅਤੇ ਆਤਮਿਕ ਦੁਰਬਲਤਾ ਵੱਲ ਹੀ ਖੜਿਆ ਹੈ। ਪ੍ਰੇਮ ਹੀ ਆਤਮਾ ਦਾ ਵਿਸ਼ੇਸ਼ ਕਰਤੱਵ ਜਾਂ ਸੁਭਾ ਹੈ। ਇਹੋ ਹੀ ਆਤਮਾ ਹੈ।

ਗੁਰੂ ਦੇ ਸ਼ਬਦ ਪ੍ਰਮਾਤਮਾ ਦੀ ਸ੍ਰਿਸ਼ਟੀ ਸਮਾਨ ਹਰ ਮਨੁੱਖ ਦੇ ਆਪਣੇ ਆਤਮਿਕ ਵਿਕਾਸ ਦੀ ਸਥਿਤੀ ਅਨੁਸਾਰ ਅਨੇਕ ਵਿਆਖਿਆਵਾਂ ਦੇ ਧਾਰਨੀ ਹੋ ਸਕਦੇ ਹਨ। ਮੈਂ ਤਾਂ ਸ਼ਬਦ ਦੀ ਉਹੋ ਹੀ ਵਿਆਖਿਆ ਕਰ ਸਕਦਾ ਹਾਂ ਜਿਸ ਦੀ ਪ੍ਰਤੀਤੀ ਮੈਂ ਆਪਣੀ ਆਤਮਾ ਦੇ ਅੰਦਰ ਕਰਦਾ ਹਾਂ। ਸ਼ਬਦ ਦਾ ਸੰਦੇਸ਼ ਤਾਂ ਸਿਧਾ ਸਾਦਾ ਸੱਚ ਹੁੰਦਾ ਹੈ। ਜੋ ਪ੍ਰੇਮ ਕਰਨਾ ਅਤੇ ਜਿਉਣਾ ਸਿਖਾਉਂਦਾ ਹੈ। ਸਭ ਤੋਂ ਪਹਿਲਾਂ ਤਾਂ ਇਹ ਮਨੁੱਖ ਨੂੰ ਸਿਧਾ ਸ਼ੁਦਾ, ਚੰਗਾ ਜੀਵਨ ਜਿਉਣ ਲਈ ਪ੍ਰੇਰਦਾ ਹੈ। ਅੰਦਰਲੀ ਪਸ਼ੂ ਬਿਰਤੀ ਨੂੰ ਸਾਫ ਤੇ ਸ਼ੁਧ ਕਰਕੇ ਅੰਤਰੀਵ ਤੌਰ 'ਤੇ ਪ੍ਰਮਾਤਮਾ ਨਾਲ ਜੁੜਨ ਦੀ ਸੋਝੀ ਕਰਾਉਂਦਾ ਹੈ। ਜਿਵੇਂ ਖੇਤਾਂ ਦੀਆਂ ਫਸਲਾਂ, ਹਵਾ, ਧੁੱਪ ਅਤੇ ਵਰਖਾ ਦੀ ਉਡੀਕ ਕਰਦੀਆਂ ਹਨ ਤਿਵੇਂ ਹੀ ਰੱਬੀ ਪ੍ਰੇਰਨਾ ਦੇ

ਪ੍ਰਵੇਸ਼ ਲਈ ਸਾਨੂੰ ਆਪਣੀ ਆਤਮਾ ਦੇ ਸਾਰੇ ਭਿਤ ਖੋਲ੍ਹ ਕੇ ਉਡੀਕ ਕਰਨੀ ਚਾਹੀਦੀ ਹੈ ਅਤੇ ਧਰਤੀ ਸਮਾਨ ਨਿਰਭੈ ਅਤੇ ਤੀਖਣ ਭਾਵਨਾ ਵਾਲਾ ਜੀਵਨ ਜਿਉਣਾ ਚਾਹੀਦਾ ਹੈ। ਅਜਿਹੀ ਮਸਤੀ ਜਾਂ ਨਸ਼ਾ ਹੀ ਸੱਚੀ ਜ਼ਿੰਦਗੀ ਹੈ। ਸਾਨੂੰ ਮਸਤੀ ਵਿਚ ਖੀਵਾ ਰੱਖਣ ਲਈ ਮਨੁੱਖ ਅਤੇ ਕੁਦਰਤ ਦੀ ਸੁੰਦਰਤਾ ਹੀ ਕਾਫੀ ਹੈ। ਜਦੋਂ ਕਿਸੇ ਸੁੰਦਰ ਵਸਤੂ ਦੇ ਅਨੰਦ ਵਿਚ ਲੀਨ ਹੋ ਕੇ ਅਸੀਂ ਆਪਣੇ ਸੁਆਰਥੀ ਭਾਵ ਦਾ ਤਿਆਗ ਕਰ ਦਿੰਦੇ ਹਾਂ ਤਾਂ ਇਹੋ ਹੀ ਮਨੁੱਖ ਤੇ ਪ੍ਰਭੂ ਦੀ ਸਭ ਤੋਂ ਵੱਡੀ ਸੇਵਾ ਹੁੰਦੀ ਹੈ। ਗਿਆਨ ਦੇ ਵੱਡੇ ਵੱਡੇ ਭੰਡਾਰਾਂ ਦਾ ਭਾਰ ਚੁੱਕ ਸਕਣਾ ਕਈ ਵਾਰ ਸ਼ਾਡੀ ਸਮਰਥਾ ਤੋਂ ਬਾਹਰ ਹੋ ਜਾਂਦਾ ਹੈ, ਪਰ ਮਨੁੱਖ ਦੀ ਆਪਣੀ ਹੋਂਦ ਦਾ ਸਿਧਾ ਸਾਦਾ ਅਨੰਦ ਉਸ ਨੂੰ ਕਦੇ ਵੀ ਥੱਕਣ ਟੁੱਟਣ ਨਹੀਂ ਦਿੰਦਾ।

ਮਨੁੱਖ ਦਾ ਸਰੀਰ ਤਾਂ ਪ੍ਰਭੂ-ਪ੍ਰੀਤਮ ਦਾ ਮੰਦਰ ਹੈ। ਜਦੋਂ ਅਸੀਂ ਕਿਸੇ ਮਨੁੱਖ ਨੂੰ ਪਰਸਦੇ ਹਾਂ ਤਾਂ ਸੱਚੀ ਮੁੱਚੀ ਅਸੀਂ ਦੇਵ-ਲੋਕ ਦੀ ਛੂਹ ਪ੍ਰਾਪਤ ਕਰ ਰਹੇ ਹੁੰਦੇ ਹਾਂ। ਗੁਰੂ ਜੀ ਵੀ ਇਹੋ ਫੁਰਮਾਨ ਕਰਦੇ ਹਨ ਕਿ ਮਨੁੱਖਾ ਜੀਵਨ ਦੁਰਲਭ ਹੈ। ਸੱਚ ਮੁੱਚ ਹੀ ਇਹ ਦੁਰਲਭ ਤੇ ਅਮੋਲਕ ਹੈ।

ਸਾਰੀ ਸ੍ਰਿਸ਼ਟੀ ਇਸ ਮਨੁੱਖਾ ਜੀਵਨ ਦੀ ਉਡੀਕ ਵਿਚ ਸਾਹੋ ਸਾਹੀ ਹੋਈ ਖੜੋਤੀ ਰਹਿੰਦੀ ਹੈ। ਕੁਦਰਤ ਵੀ ਮਨੁੱਖ ਦੀ ਇਸ ਯਾਤਰਾ ਵਿਚ ਹਮਜੋਲੀ ਹੈ ਤੇ ਗੁਰੂ ਹੀ ਇਸ ਵਿਚ ਰਖਿਅਕ ਹੈ।

ਇਸ ਧਰਤੀ ਉਪਰ ਪ੍ਰੇਮ ਵੀ ਈਰਖਾ ਦਾ ਧਾਰਨੀ ਹੈ। ਇਸੇ ਤਰ੍ਹਾਂ ਪ੍ਰਮਾਤਮਾ ਦਾ ਪ੍ਰੇਮ ਵੀ ਸਦਾ ਆਤਮਿਕ ਜੀਵਨ ਦੇ ਬੀਜਾਂ ਦੀ ਰੱਖਿਆ ਕਰਨ ਲਈ ਸਦਾ ਉਤਸੁਕਤਾ ਨਾਲ ਤਤਪਰ ਰਹਿੰਦਾ ਹੈ। ਸ੍ਰਿਸ਼ਟੀ ਦੇ ਚਿਹਰੇ ਉਤੇ ਪ੍ਰਮਾਤਮਾ ਦਾ ਨਾਮ ਅੰਕਿਤ ਹੈ। ਗੁਰੂ ਜੀ ਕਹਿੰਦੇ ਹਨ, ਉਸ ਦੇ ਨਾਮ ਦਾ ਜਾਪ ਕਰਦੇ ਹੋਏ ਜੀਉ। ਸਿਮਰਨ ਹੀ ਪ੍ਰੇਮ ਦੀ ਸੱਚੀ ਪਵਿੱਤਰਤਾ ਹੈ ਅਤੇ ਜਿਨ੍ਹਾਂ ਪ੍ਰਾਣੀਆਂ ਨੂੰ ਅਸੀਂ ਪ੍ਰੇਮ ਕਰਦੇ ਹਾਂ, ਅਸੀਂ ਉਹਨਾਂ ਦੇ ਨਾਮ ਨਾਲ ਜੁੜਨ ਤੋਂ ਬਿਨਾਂ ਰਹਿ ਹੀ ਨਹੀਂ ਸਕਦੇ।

ਅਦ੍ਰਿਸ਼ਟ ਮੰਡਲ ਤੇ ਦ੍ਰਿਸ਼ਟਮਾਨ ਸੰਸਾਰ ਵਿਚ ਏਕਤਾ ਤੇ ਇਕਸੁਰਤਾ ਹੈ। ਗੁਰੂ ਜੀ ਫੁਰਮਾਉਂਦੇ ਹਨ ਕਿ ਇਸ ਦ੍ਰਿਸ਼ਟਮਾਨ ਸੰਸਾਰ ਤੋਂ ਉਪਰ ਵੀ ਕਈ ਉਚੇਰੇ ਮੰਡਲ ਹਨ। ਜਿਥੇ ਪ੍ਰੇਮ ਦੀ ਨਿੱਤ ਵਰਖਾ ਹੁੰਦੀ ਹੈ, ਉਥੇ ਹੀ ਪ੍ਰਭੂ-ਪ੍ਰੀਤਮ ਦਾ ਸੱਚਾ ਪ੍ਰੇਮ ਵਿਆਪਕ ਹੁੰਦਾ ਹੈ।

ਉਸ ਦੀ ਹੋਂਦ ਦਾ ਅਹਿਸਾਸ ਸਾਨੂੰ ਗੁਰੂ ਦੁਆਰਾ ਤੇ ਗੁਰੂ ਦੇ ਸਰੂਪ ਰਾਹੀਂ ਹੁੰਦਾ ਹੈ। ਗੁਰੂ ਤੋਂ ਬਿਨਾਂ ਸਭ ਅੰਧਕਾਰ ਹੈ। ਪ੍ਰੇਮ ਨੂੰ ਉਸ ਕੇਂਦਰ ਦੀ ਲੋੜ ਹੈ ਜਿਸ ਦੁਆਲੇ ਉਹ ਨਿੱਤ ਚੱਕਰ ਕਟਦਾ ਰਹਿੰਦਾ ਹੈ। ਜਿਵੇਂ ਕਿ ਊਰਜਾ ਨੂੰ ਵੀ ਕਿਸੇ ਕੇਂਦਰ-ਬਿੰਦੂ ਦੀ ਲੋੜ ਹੈ ਭਾਵੇਂ ਉਹ ਉਸ ਦੇ ਘਣਾਤਮਿਕ ਤੇ ਰਿਣਾਤਮਿਕ ਸੰਤੁਲਨ ਦੇ ਵਿਚਕਾਰ ਦਾ ਕੋਈ ਕਲਪਿਤ ਬਿੰਦੂ ਹੀ ਕਿਉਂ ਨਾ ਹੋਵੇ। ਇਸ ਕੇਂਦਰ ਬਿੰਦੂ ਤੋਂ ਬਿਨਾਂ ਜੀਵਨ ਹੋ ਹੀ ਨਹੀਂ ਸਕਦਾ। ਨਿੱਕੀਆਂ

ਵੱਡੀਆਂ ਚੀਜ਼ਾਂ-ਵਸਤਾਂ ਬਾਰੇ ਨਿਰੀਆਂ ਗੱਲਾਂ ਕਰਦੇ ਰਹਿਣਾ ਹੀ ਜੀਵਨ ਨਹੀਂ ਹੁੰਦਾ। ਇਸੇ ਤਰ੍ਹਾਂ ਭਿੰਨ ਭਿੰਨ ਵਸਤੂਆਂ ਦੀ ਕਲਪਨਾ ਕਰਦੇ ਰਹਿਣ ਵਿਚ ਹੀ ਜੀਵਨ ਦੀ ਹੋਂਦ ਨਹੀਂ ਹੈ। ਸੋਚਣਾ ਵੀ ਇਕ ਵਾਸ਼ਪ ਕਿਰਿਆ ਹੈ। ਜੀਵਨ ਦੀ ਅਸਲੀ ਲੋੜ ਤਾਂ ਉਚੇਰੇ ਛਿਣਾਂ ਵਿਚ ਉਪਜੇ ਵਿਚਾਰਾਂ ਅਨੁਸਾਰ ਜੀਵਨ ਨੂੰ ਢਾਲਣ ਦੀ ਹੈ।

ਆਤਮਿਕ ਮੰਡਲ ਤਾਂ ਕੇਵਲ ਉਸ ਵਿਅਕਤੀ ਲਈ ਹੀ ਪ੍ਰਕਾਸ਼ਮਾਨ ਹੁੰਦੇ ਹਨ, ਜਿਸ ਦੇ ਨੈਣ ਗੁਰੂ ਦੀ ਸੂਰਤ ਨੂੰ ਨਿਹਾਰਦੇ ਹਨ। ਗੁਰੂ ਦੇ ਰੂਪ ਵਿਚ ਸਭ ਅਬਿਨਾਸ਼ੀ ਆਤਮਾਵਾਂ ਸਿੱਖ ਨੂੰ ਆ ਕੇ ਮਿਲਦੀਆਂ ਹਨ। ਗੁਰੂ ਦੇ ਸਰੂਪ ਵਿਚ ਅਨੇਕ ਬ੍ਰਹਿਮੰਡਾਂ ਦੇ ਜੀਵਨ ਸਰੋਤ ਵਿਦਮਾਨ ਹਨ। ਗੁਰੂ ਲਈ ਜਿਉਣਾ ਹੀ ਅਸਲੀ ਜੀਵਨ ਹੈ। ਆਪਣੇ ਲਈ ਜਿਉਣਾ ਤਾਂ ਸਰੀਰ ਦੇ ਜਲਨ ਸਮਾਨ ਹੈ।

ਸ੍ਰਿਸ਼ਟੀ ਦੀ ਇਸ ਸੁੰਦਰ ਅਨੇਕਤਾ ਵਿਚ ਜੇ ਤੁਸੀਂ ਪ੍ਰਭੂ-ਪ੍ਰੀਤਮ ਦੇ ਮਹਾਂ-ਪ੍ਰੇਮ ਦਾ ਅਨੁਭਵ ਨਹੀਂ ਕੀਤਾ ਤਾਂ ਸਰਬ ਵਿਚ ਵਿਆਪਕ ਏਕਤਾ ਦੇ ਵਿਚਾਰ ਬਿਲਕੁਲ ਫੋਕਟ ਹਨ। ਪ੍ਰਭੂ ਦੇ ਇਸ ਬ੍ਰਹਿਮੰਡ ਵਿਚ ਕਿਸੇ ਹੋਰ ਨੂੰ ਤੱਕਣਾ ਪਾਪ ਹੈ।

ਜੇ ਤੁਹਾਡੇ ਨੈਣ ਉਸ ਪ੍ਰਭੂ ਦੇ ਰੰਗ ਵਿਚ ਰੱਤੇ ਹਨ, ਜੇ ਤੁਹਾਡਾ ਹਿਰਦਾ ਪ੍ਰਭੂ ਦੀ ਮਿਹਰ ਨਾਲ ਭਰਪੂਰ ਹੈ ਤਾਂ ਮੇਰ ਤੇਰ ਦੀਆਂ ਸਭ ਗੱਲਾਂ ਵਿਅਰਥ ਹਨ। ਜਦੋਂ ਪਰਦਾ ਪਰੇ ਹਟ ਜਾਂਦਾ ਹੈ ਤਾਂ ਫਿਰ ਨਾ 'ਮੈਂ' ਰਹਿ ਜਾਂਦਾ ਹੈ, ਨਾ 'ਤੂੰ' ਅਤੇ 'ਨਾ ਏਕ ਨਾ ਅਨੇਕ।'

ਇਸ ਲਈ ਇਹ ਨਾ ਆਖੋ ਕਿ ਪ੍ਰਭੂ 'ਏਕ' ਹੈ ਜਾਂ 'ਅਨੇਕ।' ਜੇ ਤੁਸੀਂ ਸੱਚੀ ਮੁੱਚੀ ਉਸ ਪ੍ਰਭੂ-ਪ੍ਰੀਤਮ ਦਾ ਦਰਸ਼ਨ ਕਰ ਲਿਆ ਹੈ ਤਾਂ ਕੇਵਲ ਆਪਣੇ ਅੰਦਰ ਵੱਲ ਤੱਕੋ। ਜੇ ਤੁਸੀਂ ਉਸ ਦੇ ਪੱਲੇ ਦੀ ਛੁਹ ਮਾਤਰ ਪ੍ਰਾਪਤ ਕਰ ਲਈ ਹੈ ਅਤੇ ਤੁਸੀਂ ਸੱਚੀ ਮੁੱਚੀ ਉਸ ਵੱਲੋਂ ਵਿਰੋਸਾਏ ਅਨੁਭਵ ਨੂੰ ਪ੍ਰਾਪਤ ਕਰ ਲਿਆ ਹੈ ਤਾਂ ਇਹ ਕਾਫੀ ਹੈ ਕਿ ਤੁਸੀਂ ਪ੍ਰਭੂ-ਪ੍ਰੀਤਮ ਦੁਆਰਾ ਵਿਰੋਸਾਏ ਗਏ ਹੋ।

ਜੋ ਬੁੱਧ ਅਤੇ ਈਸਾ ਨੇ ਸੋਚਿਆ ਉਹ ਤੁਸੀਂ ਸੋਚ ਤੇ ਚਿਤਵ ਤਾਂ ਸਕਦੇ ਹੋ, ਪਰ ਬੁੱਧ ਤੇ ਈਸਾ ਕੀ ਸਨ ? ਅਜਿਹਾ ਹੋਣ ਲਈ ਕਲਪ (ਜੁਗ) ਲੋੜੀਂਦੇ ਹਨ। ਅਜਿਹਾ ਹੋਣ ਲਈ ਤੁਹਾਨੂੰ ਕਈ ਕਲਪਾ (ਜੁਗਾਂ) ਦਾ ਸਮਾਂ ਲੱਗ ਸਕਦਾ ਹੈ, ਪਰ ਫਿਰ ਵੀ ਸ਼ਾਇਦ ਤੁਸੀਂ ਕੁਝ ਨਹੀਂ ਬਣ ਸਕੋਗੇ।

ਆਪਣੇ ਆਪ ਨੂੰ ਲਾਲਸਾ, ਕਰੋਧ, ਲੋਭ ਅਤੇ ਸਭ ਨਿਰਣੇ ਕਰ ਸਕਣ ਦੀ ਸਮਰਥਾ ਅਥਵਾ ਹੰਕਾਰ ਤੋਂ ਮੁਕਤ ਕਰੋ। ਹਰ ਉਚਿਤ ਸਾਧਨ ਜੋ ਤੁਸੀਂ ਵਰਤ ਸਕਦੇ ਹੋ, ਦੀ ਵਰਤੋਂ ਕਰਕੇ ਆਪਣੇ ਆਪ ਨੂੰ ਮੁਕਤ ਕਰੋ। ਜੇ ਤੁਹਾਡਾ ਮੁਖ ਪ੍ਰਮਾਤਮਾ ਵੱਲ ਹੈ ਤੇ ਤੁਹਾਡੀ ਦਿਸ਼ਾ ਠੀਕ ਹੈ ਤਾਂ ਅੰਧੇਰੇ ਮਾਰਗ ਵਿਚ ਬੁਰਾ ਤੇ ਭਲਾ ਤੁਹਾਨੂੰ ਪੋਹ ਨਹੀਂ ਸਕਦੇ। ਤੁਹਾਡੀ ਨਿੱਕੀ ਹਉਮੈ ਦੇ ਤਾਪ ਸੰਤਾਪ ਤੁਹਾਨੂੰ ਉਤੇਜਿਤ ਰਖਦੇ ਹਨ। ਇਹੋ ਤੁਹਾਡੇ ਅੰਦਰ ਦਾ ਨਰਕ ਹੈ।

ਮਨੁੱਖ ਜੋ ਵਿਅਕਤੀ ਰੂਪ ਵਿਚ ਵਿਚਰਨਾ ਲੋਚਦਾ ਹੈ। ਕੌੜਾ, ਕੁਸੈਲਾ ਤੇ ਵਿਹੁ ਭਰਿਆ ਹੋ ਜਾਂਦਾ ਹੈ। ਪ੍ਰਭੂ ਦੇ ਬੰਦਿਆਂ ਦੀ ਸੰਗਤ ਦੀ ਭਾਲ ਕਰੋ, ਜੋ ਤੁਹਾਡੇ ਰੋਗੀ ਆਪੇ ਨੂੰ ਅਰੋਗ ਕਰ ਦੇਣਗੇ। ਇਸ ਸਤਿਸੰਗਤ ਦੀ ਅਨੰਦ-ਮਗਨ ਹਜ਼ੂਰੀ ਵਿਚ ਜਾ ਕੇ ਤੁਹਾਡੇ ਵਿਅਕਤੀਤਵ ਦੀ ਹੋਂਦ ਦਾ ਨਿਪਟ ਭਰਮ ਤੇ ਅਹਿਸਾਸ ਦਾ ਜ਼ਹਿਰ ਆਪਣੇ ਆਪ ਨਸ਼ਟ ਹੋ ਜਾਵੇਗਾ।

ਸਿੱਖੀ ਜੀਵਨ ਦਾ ਇਹ ਦ੍ਰਿਸ਼ਟਾਂਤ ਕਿ ਗੁਰੂ ਇਕ ਵੱਡੇ ਹੱਟ ਦਾ ਸੁਆਮੀ ਹੈ, ਸਿੱਖ ਜੀਵਨ ਦਾ ਪ੍ਰਤੀਕ ਮਾਤਰ ਹੈ। ਇਹ ਦਾਤਾਰ ਵਾਲਾ ਜੀਵਨ ਹੈ। ਇਹ ਤਾਂ ਉਸ ਦੇ ਦੁਆਰੇ ਉਤੇ ਉਡੀਕ ਕਰਨ ਵਾਲੀ ਗੱਲ ਹੈ, ਜਿਵੇਂ ਕਿ ਗੁਰੂ ਜੀ ਆਪ ਵੀ ਉਡੀਕ ਕਰਦੇ ਰਹਿੰਦੇ ਹਨ ਅਤੇ ਫਿਰ ਭੰਡਾਰੇ ਵਿਚੋਂ ਤੋਲ ਤੋਲ ਕੇ ਦਾਤਾਂ ਵੰਡਦੇ ਹਨ। ਇਸ ਗੱਲ ਦਾ ਅਹਿਸਾਸ ਤੱਕ ਨਹੀਂ ਕਰਦੇ ਕਿ ਉਹ ਦਾਤਾਂ ਵੰਡ ਰਹੇ ਹਨ। ਇਹ ਮਹਾਂ-ਅਨੰਦ ਹੀ ਪਕੇਰੇ ਤੇ ਰਸਿਕ ਜੀਵਨ ਦਾ ਪ੍ਰਮਾਣ ਹੈ।

ਸਿੱਖ ਵੀ ਗੁਰੂ ਸਾਹਿਬ ਦੀ ਨਿਆਈਂ ਮਹਾਂ-ਅਨੰਦ ਵਿਚ ਆ ਕੇ ਆਪ ਮੁਹਾਰੇ ਇਹ ਕਹਿਣ ਲੱਗ ਪੈਂਦਾ ਹੈ 'ਤੇਰਾ-ਤੇਰਾ-ਤੇਰਾ' (ਤੂੰ ਹੀ-ਤੂੰ ਹੀ-ਤੂੰ ਹੀ)।

ਭੰਡਾਰੇ ਨੂੰ ਤੋਲਣ ਅਤੇ ਵੰਡਣ ਸਮੇਂ ਗੁਰੂ ਨਾਨਕ ਦੇਵ ਜੀ ਆਪੇ ਤੇ ਸੰਸਾਰ ਦੋਵੇਂ ਭੁਲ ਜਾਂਦੇ ਹਨ। ਸਭ ਕੁਝ 'ਤੇਰਾ-ਤੇਰਾ-ਤੇਰਾ' (ਤੂੰ ਹੀ-ਤੂੰ ਹੀ-ਤੂੰ ਹੀ) ਦੇ ਮਹਾਂ ਗਾਇਨ ਵਿਚ ਗੁੰਮ ਹੋ ਜਾਂਦਾ ਹੈ।

'ਮੈਂ' ਦੀ ਭਾਵਨਾ 'ਤੂੰ ਹੀ-ਤੂੰ ਹੀ' ਵਿਚ ਅਭੇਦ ਹੋ ਜਾਂਦੀ ਹੈ। ਸਭ 'ਤੇਰਾ-ਤੇਰਾ-ਤੇਰਾ' ਹੀ ਹੋ ਨਿਬੜਦਾ ਹੈ। ਇਹ ਹੈ ਗੁਰੂ ਜੀ ਦੀ ਤੀਬਰ ਗਤੀਸ਼ੀਲ ਰੱਬਤਾ।

ਔਹ ! ਪਰੇ ਵੇਖੋ, ਗੁਰੂ ਜੀ ਦਾ ਸਰੂਪ ! ਮੁਕਤੀ ਦਾਤਾ ਗੁਰੂ ਗੋਬਿੰਦ ਸਿੰਘ ਘੋੜੇ 'ਤੇ ਸਵਾਰ ਹਨ, ਹੱਥ ਵਿਚ ਕਿਰਪਾਨ ਹੈ ਅਤੇ ਜਿਸ ਤਰ੍ਹਾਂ ਉਹ ਆਪਣੇ ਜੀਵਨ ਵਿਚ ਮਹਾਂ-ਅਨੰਦ ਵਿਚ ਵਿਚਰੇ ਤਿਵੇਂ ਹੀ ਆਪ ਪਰਮ-ਅਨੰਦ ਦੀ ਅਵਸਥਾ ਵਿਚ ਜੋਤੀ-ਜੋਤ ਸਮਾ ਰਹੇ ਹਨ। ਗੁਰੂ ਰੂਪ 10ਵੇਂ ਜਾਮੇ ਵਿਚ ਆਪਣੇ ਕੇਵਲ ਪ੍ਰਭੂ-ਪ੍ਰੀਤਮ ਦੇ ਭੰਡਾਰੇ ਨੂੰ ਹੀ ਨਹੀਂ ਵੰਡਿਆ ਸਗੋਂ ਆਪਣੇ ਸਮੱਸਤ ਜੀਵਨ ਨੂੰ ਅਤੇ ਜੀਵਨ ਵਿਚ ਜੋ ਕੁਝ ਸਭ ਤੋਂ ਪਿਆਰਾ ਹੋ ਸਕਦਾ ਹੈ, ਸਭ ਵੰਡ ਦਿੱਤਾ। ਇਹ ਵੀ ਉਸੇ ਤਰ੍ਹਾਂ ਦਾ ਇਕ ਦਾਤਾਰ ਕਰਮ ਸੀ ਜਿਸ ਨੂੰ ਪਹਿਲੇ ਗੁਰੂ ਜੀ ਨੇ ਆਰੰਭ ਕੀਤਾ ਸੀ।

ਸਿੱਖ ਤਾਂ ਗੁਰੂ ਅਤੇ ਵਾਹਿਗੁਰੂ ਦੀ ਖ਼ਾਤਰ ਲੜਨ ਲਈ ਬਣਿਆ ਹੈ।

ਉਹ ਇਸ ਪਾਵਨ ਆਦਰਸ਼ ਦੀ ਪੂਰਤੀ ਲਈ ਸਦਾ ਤਤਪਰ ਰਹਿੰਦਾ ਹੈ। ਭਾਵੇਂ ਆਪਣੇ ਨਿੱਤ ਦੇ ਸਾਧਾਰਨ ਜੀਵਨ ਵਿਚ ਉਹ ਉਪਰੋਕਤ ਉਦੇਸ਼ ਲਈ ਪ੍ਰਗੀਤਕ ਰੂਪ ਵਿਚ ਸਵੈ-ਤਿਆਗ ਕਰੇ ਜਾਂ ਬੀਰ ਭਾਵੀ ਚੜ੍ਹਦੀਕਲਾ ਵਿਚ ਗੁਰੂ ਲਈ ਯੁਧ ਕਰਦਾ ਹੋਇਆ ਆਤਮ ਬਲੀਦਾਨ ਕਰ ਦੇਵੇ। ਇਹਨਾਂ ਦੋਹਾਂ ਹਾਲਤਾਂ ਵਿਚ ਅਰਥਾਤ ਅਮਨ ਤੇ ਯੁਧ ਦੇ ਸਮੇਂ ਉਹ 'ਤੇਰਾ-ਤੇਰਾ-ਤੇਰਾ'

ਅਰਥਾਤ 'ਮੈਂ ਤੇਰਾ ਹਾਂ-ਮੈਂ ਤੇਰਾ ਹਾਂ' ਦਾ ਗਾਇਨ ਕਰਦਾ ਰਹਿੰਦਾ ਹੈ। ਉਹ ਤਾਂ ਗੁਰੂ ਵਿਚ ਲਿਵਲੀਨ ਹੁੰਦਾ ਹੈ। ਜਦੋਂ ਕੋਈ ਅਜਿਹੇ ਅਨੰਤ ਪ੍ਰੇਮ ਦੀ ਪਰਮ ਸੁੰਦਰਤਾ ਨਾਲ ਅਭੇਦ ਹੋ ਜਾਂਦਾ ਹੈ ਤਾਂ ਸਾਰੇ ਕਰਮ ਹੀ ਆਤਮ ਬਲੀਦਾਨ ਹੁੰਦੇ ਹਨ ਅਰਥਾਤ ਉਹ ਅਕਾਲ-ਪੁਰਖ ਦੀ ਹਜ਼ੂਰੀ ਵਿਚ ਆਪਣੇ ਆਪ ਨੂੰ ਭੇਟ ਕਰ ਦਿੰਦਾ ਹੈ। ਇਹ ਤਾਂ ਸਰਵੁਚ ਪ੍ਰਭੂ ਲਈ ਕੀਤਾ ਗਿਆ ਨਿਰੰਤਰ ਤੇ ਸੰਪੂਰਨ ਬਲੀਦਾਨ ਹੁੰਦਾ ਹੈ। ਅਜਿਹੇ ਕਰਮ ਪਾਵਨ ਪੁਨੀਤ ਹੁੰਦੇ ਹਨ।

ਗੁਰੂ ਨਾਨਕ ਦੇਵ ਜੀ ਦੇ 'ਤੇਰਾ-ਤੇਰਾ' 'ਹੇ ਪ੍ਰਭੂ ! ਜੀ ਮੈਂ ਤੇਰਾ ਹਾਂ' ਦੇ ਮਹਾਂ ਸੰਗੀਤ ਭੰਡਾਰੇ ਨੂੰ ਤੋਲਣਾ ਤੇ ਵੰਡਣਾ ਜਾਂ ਯੁਧ ਵਿਚ ਜੂਝਣਾ ਤੇ ਮਰਨਾ ਇਕ ਸਮਾਨ ਹੈ।

ਸਿੱਖ ਦਾ ਕੋਈ ਕਰਮ ਵੀ ਨਿੱਜੀ ਸੁਆਰਥ ਦੀ ਪੂਰਤੀ ਲਈ ਨਹੀਂ ਕੀਤਾ ਜਾਂਦਾ ਕਿਉਂਜੋ ਸਿੱਖ ਤਾਂ ਗੁਰੂ ਦੇ ਮਹਾਂ ਸੰਗੀਤ ਦਾ ਵਾਹਨ ਹੁੰਦਾ ਹੈ। ਅਗਿਆਤ ਹੀ ਉਹ ਗੁਰੂ ਜੀ ਦੇ 'ਤੇਰਾ-ਤੇਰਾ' ਦੇ ਮਹਾਂ ਸੰਗੀਤ ਵਿਚ ਰੱਤਾ ਰਹਿੰਦਾ ਹੈ।

ਭੌਤਿਕ ਸਤਾ ਤੋਂ ਉਪਰ ਉਠਣ ਲਈ ਇਕੋ ਇਕ ਰਾਹ ਸਰੀਰਕ ਰੂਪ ਦੀ ਦਸਾਂ ਨਹੁੰਆਂ ਦੀ ਕੀਤੀ ਗਈ ਕਿਰਤ ਹੀ ਹੋ ਸਕਦਾ ਹੈ। ਮਨੁੱਖੀ ਅੰਗਾਂ ਦੁਆਰਾ ਕੀਤੀ ਗਈ ਕਿਰਤ ਹੀ ਸੱਚਾ ਗਿਆਨ ਹੋ ਸਕਦਾ ਹੈ। ਇਸ ਗਿਆਨ ਦੀ ਪ੍ਰਾਪਤੀ ਕਿਰਤ ਦੁਆਰਾ ਹੁੰਦੀ ਹੈ। ਕਿਰਤ ਹੀ ਪੂਜਾ ਹੈ। ਸਰੀਰਕ ਸਤਾ ਤੋਂ ਉਪਰ ਉਠਣ ਤੋਂ ਭਾਵ ਆਰਾਮ, ਨਿਦਰਾ, ਮਸਤੀ ਅਧਿਆਤਮਿਕ ਅਨੰਤਤਾ ਦੇ ਪਰਮ-ਅਨੰਦ ਦੀ ਅਵਸਥਾ ਤੱਕ ਪੁਜਣਾ ਹੈ। ਇਸ ਦੀ ਪ੍ਰਾਪਤੀ ਕੇਵਲ ਲਗਾਤਾਰ ਕੀਤੇ ਗਏ ਪ੍ਰੀਸ਼ਰਮ ਦੁਆਰਾ ਹੀ ਹੋ ਸਕਦੀ ਹੈ। ਇਸੇ ਉਦੇਸ਼ ਦੀ ਪੂਰਤੀ ਲਈ ਪਸ਼ੂ, ਪੰਛੀ, ਮਨੁੱਖ, ਬਨਸਪਤੀ ਆਦਿ ਸਭ ਕਿਰਤ ਦੀ ਘਾਲ ਵਿਚ ਲੱਗੇ ਰਹਿੰਦੇ ਹਨ।

ਗੁਰੂ ਜੀ ਹਰ ਕਿਸਮ ਦੀ ਕਿਰਤ ਦੀ ਪ੍ਰਸ਼ੰਸਾ ਕਰਦੇ ਹਨ। ਆਪ ਸੁਸਤੀ ਤੇ ਆਲਸ ਨੂੰ ਨਿੰਦਦੇ ਹਨ। ਸਰੀਰ ਦਾ ਆਲਸ ਵੀ ਹੋ ਸਕਦਾ ਹੈ ਅਤੇ ਮਾਨਸਿਕ ਰੂਪ ਦਾ ਆਲਸ ਵੀ ਹੋ ਸਕਦਾ ਹੈ ਜੋ ਕੇਵਲ ਸੰਕਲਪਾਂ-ਵਿਕਲਪਾਂ ਦੀ ਖੇਡ ਤੱਕ ਹੀ ਸੀਮਤ ਰਹਿੰਦਾ ਹੈ। ਇਹ ਦੋਵੇਂ ਹੀ ਸ਼ੁਧ ਰੂਪ ਦੇ ਸੱਚੇ ਅਧਿਆਤਮਿਕ ਕਰਮ ਨਹੀਂ ਹਨ। ਕੰਮ ਦੁਆਰਾ ਸੇਵਾ ਕਰਨਾ ਹੀ ਸਰਵੁਚ ਵਿਚਾਰ ਹੈ। ਇਹ ਵਿਚਾਰ ਦਾ ਨਿੱਜੀਕਰਨ ਹੁੰਦਾ ਹੈ। ਨਿਰਾ ਵਿਚਾਰ ਕਰਨਾ ਅਨਿਜੀ ਰੂਪ ਦੀ ਪ੍ਰਕ੍ਰਿਆ ਹੈ। ਕੇਵਲ ਕਿਰਤ ਹੀ ਮਨੁੱਖ ਤੇ ਪ੍ਰਭੂ ਦੋਹਾਂ ਦੀ ਸੇਵਾ ਹੈ। ਕਿਰਤ ਵਿਚ ਕੇਵਲ ਕਿਰਤ ਹੀ ਸੱਚਾ ਗਿਆਨ ਹੈ। ਜਿਹੜਾ ਅਨੰਦ ਸਾਨੂੰ ਕਿਰਤ ਵਿਚੋਂ ਪ੍ਰਾਪਤ ਨਹੀਂ ਹੁੰਦਾ, ਉਹ ਨਿਰਾ ਭਰਮ ਹੈ। ਕਿਰਤ ਦੁਆਰਾ ਮੁੜ੍ਹਕਾ ਡੋਲ੍ਹਣਾ ਹੀ ਸੱਚੀ ਪ੍ਰਾਰਥਨਾ ਹੈ। ਨਿਰਾ ਘੰਟੀਆਂ ਖੜਕਾਉਣਾ ਤੇ ਮਾਲਾ ਫੇਰਨਾ ਅੰਤਰੀਵ ਸੱਚ ਦਾ ਮਖੌਲ ਉਡਾਉਣਾ ਹੈ।

ਸੁੰਦਰਤਾ ਦਾ ਪ੍ਰਤੱਖਣ ਅਤੇ ਇਸ ਵੱਲ ਅਰੋਕ ਭਾਵਕ ਵੇਗ ਵਿਚ ਆਪ

ਮੁਹਾਰੇ ਆਕਰਸ਼ਿਤ ਹੋ ਜਾਣਾ ਹੀ ਸੁੰਦਰਤਾ ਦੇ ਅਨੁਭਵ ਨੂੰ ਪ੍ਰਾਪਤ ਕਰਨਾ ਹੈ। ਇਹ ਸੁੰਦਰਤਾ ਦਾ ਅਨੁਭਵ ਉਤਨਾ ਬੌਧਿਕ ਅਤੇ ਨੈਤਿਕ ਨਹੀਂ ਹੁੰਦਾ ਜਿਤਨਾ ਕਿ ਆਤਮਿਕ ਅਨੁਭਵ ਨੂੰ ਜਗਾਉਣ ਵਾਲਾ ਹੁੰਦਾ ਹੈ। ਇਹ ਸੁੰਦਰਤਾ ਦਾ ਅਨੁਭਵ ਹੀ ਸੱਚ ਤੇ ਗਿਆਨ ਹੈ।

ਸੁੰਦਰਤਾ ਤਾਂ ਆਤਮ ਬਲੀਦਾਨ ਦਾ ਹੀ ਸੰਗੀਤ ਹੈ। ਇਹੋ ਹੀ ਮਨੁੱਖੀ ਸਰੀਰ ਵਿਚ ਪ੍ਰਫੁਲਿਤ ਹੁੰਦਾ ਹੈ। ਇਹ ਇਕ ਤਰ੍ਹਾਂ ਦਾ ਅਜਿਹਾ ਵਿਸਮਾਦੀ ਅਨੁਭਵ ਹੁੰਦਾ ਹੈ, ਜਦੋਂ ਮਨੁੱਖ ਦੀ ਰੱਤ ਤੇ ਹੱਡੀਆਂ ਆਪਣੇ ਇਸ਼ਟ ਨਾਲ ਇਕਸੁਰ ਹੋ ਕੇ ਅਥਵਾ ਉਸ ਵਿਚ ਲੀਨ ਹੋ ਕੇ 'ਤੇਰਾ-ਤੇਰਾ' ਅਰਥਾਤ 'ਮੈਂ ਤੇਰਾ ਹਾਂ'—'ਮੈਂ ਤੇਰਾ ਹਾਂ' ਦਾ ਗੀਤ ਗਾਉਂਦੀਆਂ ਹਨ।

ਗੁਰੂ ਜੀ ਦੇ 'ਤੇਰਾ ਤੇਰਾ' ਦੇ ਬੋਲ ਤਾਂ ਅਨੰਤ ਦੀ ਸੰਗੀਤਕ ਧੁਨੀ ਹਨ। ਇਹ ਤਾਂ ਖ਼ੁਸ਼ੀ ਖ਼ੁਸ਼ੀ ਕੀਤੇ ਗਏ ਸਮਰਪਣ ਦੀ ਕੂਕ ਹੈ। ਇਹ ਆਪ ਮੁਹਾਰਾ ਤੇ ਭਰਪੂਰ ਰੂਪ ਦਾ ਆਤਮ ਬਲੀਦਾਨ ਹੀ ਤਾਂ ਆਤਮਿਕ ਜੀਵਨ ਹੁੰਦਾ ਹੈ। ਇਹ ਤਾਂ ਉਸ ਪ੍ਰਭੂ-ਪ੍ਰੀਤਮ ਦੀ ਖ਼ਾਤਰ ਪ੍ਰਗਟਾਇਆ ਗਿਆ ਪ੍ਰੇਮ ਭਾਵ ਹੈ। ਇਹ ਜੀਵਨ ਨੂੰ 'ਸ਼ਬਦ' ਤੇ 'ਨਾਮ' ਦੁਆਰਾ ਮਿੱਠੜਾ ਬਣਾ ਦਿੰਦਾ ਹੈ। ਗੁਰੂ ਜੀ ਇਸ ਨੂੰ ਅਰੋਕ, ਆਪ ਮੁਹਾਰੇ, ਅਣਸਿਖੇ ਅਤੇ ਅਣਸਿਧਾਏ, ਸਿਧੇ-ਸਾਦੇ ਸੁੰਦਰਤਾ ਦੇ ਉਸ ਪ੍ਰੇਮ ਦੀ ਸੰਗਿਆ ਦਿੰਦੇ ਹਨ ਜੋ ਉਸ ਪ੍ਰਭੂ-ਪ੍ਰੀਤਮ ਦੇ ਨਾਮ ਨੂੰ ਜਪਣ ਦੁਆਰਾ ਦ੍ਰਿਸ਼ਟੀਗੋਚਰ ਹੁੰਦੀ ਹੈ। ਇਹ ਸੁੰਦਰਤਾ ਤਾਂ ਉਸ ਪ੍ਰਭੂ-ਪ੍ਰੀਤਮ ਦੇ ਨਾਮ ਵਿਚ ਹੀ ਮੌਜੂਦ ਹੈ।

ਅੰਤਰਮੁਖੀ ਜਾਂ ਆਤਮਗਤ ਰੂਪ ਵਿਚ ਆਪਣੇ ਅੰਦਰ ਜਿਹੜਾ ਅਨੰਦ ਅਤੇ ਸੰਵੇਦਨਾ ਅਸੀਂ ਅਨੁਭਵ ਕਰਦੇ ਹਾਂ, ਉਹ ਹੀ ਸੱਚਾ ਗਿਆਨ ਹੁੰਦਾ ਹੈ। ਸੱਚੀ ਸੁਤੰਤਰਤਾ ਤੇ ਸੱਚਾ ਪ੍ਰੇਮ ਇਕੋ ਹੀ ਗੱਲ ਹੈ। ਇਹ ਤਾਂ ਉਸ ਪ੍ਰਭੂ-ਪ੍ਰੀਤਮ ਦਾ ਸਿਮਰਨ ਜਾਂ ਯਾਦ ਹੁੰਦੀ ਹੈ। ਇਹ ਤਾਂ ਪ੍ਰੇਰਨਾ ਭਰਪੂਰ ਆਵੇਸ਼ਗਤ ਉਚੇਰਾ ਆਤਮਿਕ ਅਨੁਭਵ ਹੁੰਦਾ ਹੈ, ਜਿਸ ਨੂੰ ਗੁਰੂ ਜੀ 'ਚਉਥਾ-ਪਦ' ਆਖਦੇ ਹਨ। ਇਹ ਉਹਨਾਂ ਵਿਅਕਤੀਆਂ ਨੂੰ ਹੀ ਪ੍ਰਾਪਤ ਹੁੰਦਾ ਹੈ, ਜੋ ਉਚੇਰਾ ਉਠ ਕੇ ਅਦ੍ਰਿਸ਼ਟ ਰੂਹਾਨੀ ਸੰਸਾਰ ਨਾਲ ਸਾਂਝ ਪਾ ਲੈਂਦੇ ਹਨ। ਇਸ ਜਗਤ ਤੋਂ ਪਰੇ ਵੀ ਅਣਗਿਣਤ ਲੋਕ ਹਨ, ਅਨੰਤ ਆਤਮਾਵਾਂ ਤੇ ਪਵਿੱਤਰ ਆਤਮਾਵਾਂ (Ghosts) ਮੌਜੂਦ ਹਨ, ਫਿਰ ਸੰਤ ਪੁਰਸ਼, ਸਿਧਸਾਧ, ਮਨੁੱਖਾਂ ਦੇ ਰੱਖਿਅਕ ਹਨ। ਇਸੇ ਤਰ੍ਹਾਂ ਬਹੁਤ ਸਾਰੇ ਦੇਵਤੇ ਅਤੇ ਫਰਿਸ਼ਤੇ ਹਨ, ਜਿਵੇਂ ਕਿ ਸਾਡੇ ਲੋਕ ਵਿਚ ਮਨੁੱਖਾਂ, ਜਾਨਵਰਾਂ ਤੇ ਬ੍ਰਿਛਾਂ ਦੀਆਂ ਅਨੇਕ ਜਾਤੀਆਂ ਤੇ ਨਸਲਾਂ ਹਨ। ਉਸ ਲੋਕ ਦੀਆਂ ਆਤਮਾਵਾਂ ਨਾਲ ਸਾਂਝ ਪਾਉਣ ਲਈ ਗੁਰੂ ਨਾਨਕ ਨੂੰ ਯਾਦ ਕਰਨਾ ਪਵੇਗਾ ਅਤੇ ਸਾਨੂੰ ਗੁਰੂ ਨਾਨਕ ਜੀ ਦੇ ਦੱਸੇ ਮਾਰਗ ਅਨੁਸਾਰ ਨਾਮ ਸਿਮਰਨ ਦਾ ਅਭਿਆਸ ਕਰਨਾ ਹੋਵੇਗਾ। ਇਹ ਗੁਰੂ ਜੀ ਦਾ ਵਿਅਕਤੀਤਵ ਹੀ ਹੁੰਦਾ ਹੈ ਜੋ ਸਾਨੂੰ ਨੀਵੇਂ ਅਦ੍ਰਿਸ਼ਟ ਮੰਡਲਾਂ ਦੇ ਦੁੱਖਾਂ ਕਸ਼ਟਾਂ ਤੋਂ ਬਚਾਉਂਦਾ ਹੈ ਅਤੇ ਪਰਾ-ਮੰਡਲਾਂ ਦੇ ਅਧਿਆਰੇ ਥਾਵਾਂ ਦੀ ਇਕੱਲ ਵਿਚ ਸਾਡੀ ਰੱਖਿਆ ਕਰਦਾ

ਹੈ।

ਗੁਰੂ ਜੀ ਦਾ ਕਥਨ ਹੈ, ''ਇਹਨਾਂ ਪਰਾ-ਮੰਡਲਾਂ ਵਿਚ ਜਿਥੇ ਪ੍ਰਾਣੀ ਦੇ ਸਿਰ ਉਪਰ ਅਤਿ ਦੀ ਤਪਸ਼ ਅਤੇ ਕਹਿਰਾਂ ਦੀ ਗਰਮੀ ਹੁੰਦੀ ਹੈ, ਜੋ ਮਹਾਂ ਭਿਆਨਕ ਦੁੱਖ ਤੇ ਕਸ਼ਟ ਦੇਣ ਵਾਲੀ ਹੈ, ਉਥੇ 'ਨਾਮ' ਪ੍ਰਾਣੀ ਦੇ ਸਿਰ ਉਪਰ ਠੰਡੀ ਛਾਂ ਕਰ ਦਿੰਦਾ ਹੈ। 'ਨਾਮ' ਹੀ ਮ੍ਰਿਤੂ ਤੋਂ ਪਰੇ ਦੇ ਮਾਰਗ ਵਿਚ ਮਨੁੱਖ ਦਾ ਸਹਾਈ ਹੁੰਦਾ ਹੈ। ਸੋ, ਨਾਮ ਹੀ ਸਰਵੁਚ ਆਤਮਿਕ ਸੰਸਕ੍ਰਿਤੀ ਤੇ ਸਿਸ਼ਟਾਚਾਰ ਹੈ। ਨਾਮ ਹੀ ਸਰਵੁਚ ਪ੍ਰੇਮ ਹੈ। ਪਰਲੋਕ ਦੇ ਉਚਤਮ ਅਧਿਆਤਮਿਕ ਮੰਡਲਾਂ ਵਿਚ ਪ੍ਰਭੂ ਦੇ ਪਿਆਰਿਆਂ ਦਾ ਨਿਵਾਸ ਹੈ, ਜੋ ਨਿਰੰਤਰ ਪ੍ਰਭੂ-ਪ੍ਰੀਤਮ ਦਾ ਨਾਮ ਜਪ ਰਹੇ ਹਨ। ਇਹ ਭਗਤ ਜੋਧ ਮਹਾਂਬਲ ਸੂਰ ਹੁੰਦੇ ਹਨ ਤੇ ਉਹ ਆਪਣੀ ਆਤਮਿਕ ਸ਼ਕਤੀ ਦੁਆਰਾ ਜਿਸ ਦਾ ਉਹਨਾਂ ਕੋਲ ਅਖੁੱਟ ਭੰਡਾਰ ਮੌਜੂਦ ਹੁੰਦਾ ਹੈ, ਮਨੁੱਖਾਂ ਦੀ ਰੱਖਿਆ ਕਰਦੇ ਹਨ। ਉਹਨਾਂ ਦੀ ਸ਼ਕਤੀ ਮਹਾਂ-ਸਾਗਰਾਂ ਤੋਂ ਵੀ ਵਧੇਰੇ ਹੈ ਤੇ ਉਹ ਕਿਰਪਾਲੂ, ਦਿਆਲੂ, ਕਰੁਣਾ ਭਰਪੂਰ ਅਤੇ ਸਹਿਣਸ਼ੀਲ ਸਦਾਚਾਰੀ ਹੁੰਦੇ ਹਨ। ਭਾਵੇਂ ਆਖਰੀ ਰੂਪ ਵਿਚ ਨਾਮ ਅੱਖਰਾਂ ਦਾ ਜੋੜ ਮਾਤਰ ਅਥਵਾ ਸ਼ਬਦ ਹੈ, ਪਰ ਇਹ ਸਾਡਾ ਸਭ ਦਾ ਆਧਾਰ ਹੈ। ਇਸੇ ਨਾਮ ਦੇ ਆਸਰੇ ਹੀ ਅਸੀਂ ਇਸ ਲੋਕ ਤੇ ਪਰਲੋਕ ਵਿਚ ਜਿਉਂਦੇ ਹਾਂ। ਦੋਹਾਂ ਲੋਕਾਂ ਵਿਚ ਹੀ ਸਾਡਾ ਜੀਵਨ ਤੇ ਸਾਡਾ ਇਤਿਹਾਸ ਇਹਨਾਂ ਵਿਭਿੰਨ ਨਾਮਾਂ ਦੁਆਰਾ ਹੀ ਮਿੱਠੜਾ ਹੋ ਗਿਆ ਹੈ।

ਸਰੀਰਕ ਮਿਲਾਪ ਜਾਂ ਸੰਜੋਗ ਤਾਂ ਕੁਝ ਛਿਣਾਂ ਵਿਚ ਹੀ ਸਮਾਪਤ ਹੋ ਜਾਂਦਾ ਹੈ। ਪਰ ਇਸ ਦੀ ਮਿੱਠੜੀ ਯਾਦ ਦੇਸ਼ ਤੇ ਕਾਲ ਤੋਂ ਪਰੇ ਤੱਕ ਕਾਇਮ ਰਹਿੰਦੀ ਹੈ। ਸਿਮਰਨ ਹੀ ਸੱਚਾ ਪ੍ਰੇਮ ਹੈ ਤੇ ਜਦੋਂ ਅਸੀਂ ਪ੍ਰਭੂ-ਪ੍ਰੀਤਮ ਨੂੰ ਯਾਦ ਕਰਦੇ ਹਾਂ, ਉਹ ਆਪਣੇ ਆਪ ਨੂੰ ਸਾਡੇ ਅੰਦਰ ਘੋਲ ਦਿੰਦਾ ਹੈ। ਜਿਵੇਂ ਇਸ ਲੋਕ ਵਿਚ ਹੁੰਦਾ ਹੈ ਤਿਵੇਂ ਹੀ ਪਰਲੋਕ ਵਿਚ ਵਾਪਰਦਾ ਹੈ। ਪ੍ਰਭੂ ਤਾਂ ਅਨੰਦ-ਸਰੂਪ ਹੈ ਅਤੇ ਉਸ ਦੇ ਸੰਜੋਗ ਨਾਲ ਆਪ ਮੁਹਾਰੇ ਹੀ ਸਾਡੀ ਆਤਮਾ ਦਾ ਉਥਾਨ ਹੋ ਜਾਂਦਾ ਹੈ। ਇਸ ਅਵਸਥਾ ਨੂੰ ਜਿਸ ਨੂੰ ਗੁਰੂ ਜੀ ਵਡਿਆਈ ਦਸਦੇ ਹਨ, ਆਤਮਿਕ ਅਵਸਥਾ ਹੀ ਹੁੰਦੀ ਹੈ। ਇਹ ਨਾ ਤਾਂ ਕਿਸੇ ਸਰੀਰਕ ਅਵਸਥਾ ਦੇ ਆਕਾਰ ਪ੍ਰਕਾਰ ਦੀ ਹੁੰਦੀ ਹੈ ਤੇ ਨਾ ਹੀ ਮਾਨਸਿਕ ਪੱਧਰ ਦੀ ਕੋਈ ਦੇਣ। ਨਾ ਹੀ ਇਸ ਦਾ ਸੰਬੰਧ ਕਿਸੇ ਸੰਸਾਰਕ ਸਿਆਣਪ ਨਾਲ ਤੇ ਨਾ ਹੀ ਜੀਵਨ ਦੇ ਕਿਸੇ ਅਨੁਭਵ ਨਾਲ ਹੁੰਦਾ ਹੈ। ਇਹ ਕਿਸੇ ਕੁਲੀਨ ਸੁਹਜਾਤਮਕ ਕਲਾ ਜਾਂ ਸੂਖ਼ਮਭਾਵੀ ਸੌਂਦਰਯਬੋਧ ਵੀ ਨਹੀਂ ਹੈ। ਨਾ ਕਿਸੇ ਅਜਿਹੀ ਰੋਗੀ ਕਲਾ ਦਾ ਅਨੁਭਵ ਹੁੰਦਾ ਹੈ ਜੋ ਸਰੀਰਕ ਹੱਦਾਂ ਪਾਰ ਨਹੀਂ ਕਰ ਸਕਦਾ। ਨਾ ਹੀ ਇਹ ਨਪੋਲੀਅਨ ਤੇ ਸਿਕੰਦਰ ਵਰਗੇ ਜਰਨੈਲਾਂ ਦੇ ਸੈਨਿਕ ਕੌਸ਼ਲ ਦਾ ਹੀ ਕੋਈ ਚਮਤਕਾਰ ਹੁੰਦਾ ਹੈ। ਨਾ ਹੀ ਕਿਸੇ ਮਰ ਚੁੱਕੀਆਂ ਰੂਹਾਂ ਜਾਂ ਭੂਤਾਂ-ਪ੍ਰੇਤਾਂ ਨੂੰ ਵਸ ਕਰਨ ਦੀ ਕੋਈ ਜਾਦੂ ਖੇਡ ਹੁੰਦੀ ਹੈ। ਜੋ ਕਿ ਇਕ ਨੀਵੇਂ ਪੱਧਰ ਦੀ ਗੱਲ ਹੈ। ਜਾਦੂ ਭਰੀਆਂ ਕਰਾਮਾਤਾਂ ਰਿਧੀਆਂ ਸਿਧੀਆਂ ਦੀ ਪ੍ਰਾਪਤੀ ਤੇ ਦੂਜਿਆਂ ਨੂੰ

ਵਸ ਕਰ ਲੈਣ ਦੀ ਕਲਾ ਬਹੁਤ ਨੀਵੇਂ ਪੱਧਰ ਦੀਆਂ ਗੱਲਾਂ ਹਨ।

ਇਹ ਮਹਾਨਤਾ ਜਾਂ ਵਡਿਆਈ ਵਾਲਾ ਪਦ ਜੋ ਗੁਰੂ ਜੀ ਦੀ ਧਿਆਨੀ ਦ੍ਰਿਸ਼ਟੀ ਤੋਂ ਉਤਪੰਨ ਹੋਇਆ ਸੰਕਲਪ ਹੈ, ਇਕ ਤਰ੍ਹਾਂ ਨਾਲ ਮਨੁੱਖਤਾ ਦੀ ਪੂਰਨਤਾ ਹੈ। ਇਹ ਤਾਂ ਹਰ ਪ੍ਰਕਾਰ ਦੀ ਮਨਸ਼ਾ ਤ੍ਰਿਸ਼ਨਾ ਤੋਂ ਮੁਕਤ ਹੋਣ ਦੀ ਦਸ਼ਾ ਹੈ ਅਤੇ ਸਭ ਪ੍ਰਕਾਰ ਦੇ ਨੀਰਸ ਹਉਮੈ ਦੇ ਪਸਾਰੇ ਤੋਂ ਸੁਤੰਤਰ ਹੋ ਜਾਣ ਦੀ ਪ੍ਰਕ੍ਰਿਆ ਹੈ। ਇਹ ਤਾਂ ਸ਼ੁਧ ਗੀਤ, ਸ਼ੁਧ ਅਨੰਦ, ਸ਼ੁਧ ਚੰਗਿਆੜੀ ਦੀ ਮਹਾਨਤਾ ਹੈ, ਜੋ ਪ੍ਰਭੂ-ਪ੍ਰੀਤਮ ਦੀ ਯਾਦ ਵਿਚ ਵਾਹੁ-ਵਾਹੁ ਦੇ ਗੀਤ ਦਾ ਅਲਾਪ ਹੈ। ਗੁਰੂ ਜੀ ਸ਼ੁਭ, ਸ਼ੁਧ ਤੇ ਸੁੰਦਰ ਅਰਥਾਤ (ਸਤਅੰ ਸ਼ਿਵਅੰ ਸੁਦਰੰ) ਦੇ ਗੀਤ ਦਾ ਗਾਇਨ ਕਰਦੇ ਹਨ। ਇਹ ਪ੍ਰੇਮ ਵਿਚ ਰੰਗੀਜ਼ ਕੇ 'ਤੇਰਾ-ਤੇਰਾ' ਅਰਥਾਤ 'ਮੈਂ ਤੇਰਾ ਹਾਂ-ਮੈਂ ਤੇਰਾ ਹਾਂ' ਦਾ ਮਹਾਨ ਗਾਇਨ ਹੈ।''

ਗੁਰੂ ਜੀ ਦੇ ਹਿਰਦੇ ਵਿਚੋਂ ਉਸ ਮਨੁੱਖ ਲਈ ਪ੍ਰੇਮ ਦੀਆਂ ਅਨੇਕ ਤਰੰਗਾਂ ਝੁਣਕਾਰ ਬਣ ਕੇ ਗੂੰਜ ਉਠਦੀਆਂ ਹਨ, ਜੋ ਆਪਣੀ ਹਉਮੈ ਤੋਂ ਉਚਾ ਉਠ ਖਲੋਤਾ ਹੈ ਅਤੇ ਜਿਸ ਨੇ ਪ੍ਰਭੂ-ਪ੍ਰੀਤਮ ਦੀ ਸ਼ਾਨ ਨੂੰ ਨਿਹਾਰ ਲਿਆ ਹੈ। ਇਹ ਉਹ ਮਨੁੱਖ ਹੁੰਦਾ ਹੈ ਜੋ ਜੀਵਨ ਦੇ ਹਰ ਮੋੜ ਉਤੇ ਉਸ ਆਤਮਿਕ ਅਨੰਦ ਦੀ ਭਾਵਨਾ ਨਾਲ ਭਰਪੂਰ ਹੋ ਕੇ ਇਹ ਕਹਿ ਉਠਦਾ ਹੈ, 'ਤੇਰੀ ਰਜ਼ਾ ਪੂਰੀ ਹੋਵੇ' ਇਹ ਹੈ ਨੈਤਿਕ ਪੂਰਨਤਾ। ਇਹ ਤਾਂ ਮਨੁੱਖ ਦੇ ਪਰਮ-ਪਵਿੱਤਰ ਸਰੂਪ ਵਿਚ ਸੁਆਰਥ-ਹੀਣਤਾ ਵਾਲੀ ਦਸ਼ਾ ਹੈ। ਇਹ ਤਾਂ ਖ਼ੂਨ ਨਾਲ ਲਥ-ਪਥ ਪੰਜਿਆਂ ਤੇ ਦੰਦਾਂ ਦੀ ਪਸ਼ੂਤਵ ਦੀ ਪ੍ਰਕ੍ਰਿਤੀ ਦੇ ਵਿਪਰੀਤ ਸ਼ਾਨਦਾਰ ਆਤਮਿਕ ਜਿੱਤ ਦੀ ਭਾਵਨਾ ਹੈ।

ਗੁਰੂ ਜੀ ਤਾਂ ਮਨੁੱਖ ਤੇ ਜੀਵ-ਜੰਤੂ ਸਭ ਨੂੰ ਪ੍ਰੇਮ ਕਰਦੇ ਹਨ। ਆਪ ਲਈ ਤਾਂ ਇਹ ਦੋਵੇਂ ਪ੍ਰਮਾਤਮਾ ਦੇ ਸਾਕਾਰ ਸਰੂਪ ਹਨ ਅਤੇ ਆਪ ਨੂੰ ਇਹਨਾਂ ਨਾਲ ਅਥਾਹ ਪ੍ਰੇਮ ਤੇ ਹਮਦਰਦੀ ਹੈ। ਆਪ ਇਸ ਸਾਰੇ ਜਨ-ਸਮੂਹ ਦੁਆਰਾ ਸੱਚ ਦੇ ਕਰਮਾਂ ਨੂੰ ਨਿਭਾਉਂਦੇ ਹਨ।

ਜਦੋਂ ਅਸੀਂ ਹਜ਼ਾਰਾਂ ਨਰ ਨਾਰੀ ਰਲ ਕੇ ਤੀਜੀ ਪਾਤਸ਼ਾਹੀ ਦੇ 'ਅਨੰਦ ਸਾਹਿਬ' ਦਾ ਗਾਇਨ ਕਰਦੇ ਹਾਂ ਤਾਂ ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਸਾਰੇ ਰਲ ਕੇ ਸੁਹਾਗ ਗੀਤ ਗਾ ਰਹੇ ਹੋਣ।

ਗੁਰੂ ਜੀ ਉਸ ਧਰਤੀ ਤੇ ਬਾਦਸ਼ਾਹਤ ਦੀ ਗੱਲ ਕਰਦੇ ਹਨ ਜਿਥੇ ਪ੍ਰੇਮ ਦਾ ਇਕ ਛਤਰ ਰਾਜ ਹੈ, ਜਿਥੇ ਫਰਿਸ਼ਤੇ ਪਵਿੱਤਰ ਗੀਤ ਗਾਉਣ ਲਈ ਜੁੜਦੇ ਹਨ, ਜਿਥੇ ਸੁੰਦਰਤਾ ਹੀ ਸਰਵ-ਸੰਗੀਤ, ਸਰਬ ਸੱਚ ਤੇ ਸਰਬਾਂਗੀ ਜੀਵਨ ਹੈ, ਜਿਥੇ ਆਤਮਿਕ ਅਨੰਦ ਹੀ ਸੱਚੀ ਸੇਵਾ ਹੈ। ਇਹ ਇਕ ਇਸ ਤਰ੍ਹਾਂ ਦਾ ਵਿਸਮਾਦੀ ਅਨੰਦ ਹੈ, ਜਿਵੇਂ ਅਸੀਂ ਮਦਿਰਾ ਦੇ ਜਾਮ ਪੀਤੇ ਹੋਣ, ਇਹ ਇਕ ਤਰ੍ਹਾਂ ਦਾ ਉਹ ਪ੍ਰੇਮ ਹੁਲਾਰਾ ਹੁੰਦਾ ਹੈ, ਜਿਸ ਦਾ ਆਭਾਸ ਕਿਸੇ ਕੰਜ-ਕੁਵਾਰੀ ਸੁੰਦਰੀ ਨੂੰ ਪਹਿਲੀ ਪ੍ਰੀਤ ਮਿਲਣੀ ਦੇ ਸਮੇਂ ਹੁੰਦਾ ਹੈ, ਜਿਸ ਦੀ ਜਵਾਨੀ ਆਪਣੇ ਗੁਲਾਬੀ ਖੇੜੇ ਵਿਚ ਖਿੜਨ ਲਗਦੀ ਹੈ। ਅਜਿਹੇ ਦੇਸ਼ ਵਿਚ ਨਾ ਕੋਈ ਦਮਨ

ਚੱਕਰ ਹੈ, ਨਾ ਕੋਈ ਮਜਬੂਰੀ ਜਿਥੇ ਹਰ ਕੋਈ ਅਸੀਮ ਬਾਦਸ਼ਾਹਤ ਦਾ ਸੁਆਮੀ ਹੈ। ਇਸ ਰਾਜ ਦੀ ਪ੍ਰਭੂਸਤਾ ਸਦਾ ਸਦੀਵੀ ਤੇ ਅਟੱਲ ਹੈ।

ਗੁਰੂ ਨਾਨਕ ਜੀ ਸਾਡੇ ਇਸ ਅਰਸ਼ੀ ਬਾਦਸ਼ਾਹ ਦੇ ਪਾਤਸ਼ਾਹ ਹਨ ਅਤੇ ਉਹਨਾਂ ਤੱਕ ਅਸੀਂ ਕੇਵਲ ਪ੍ਰੇਮ ਦੁਆਰਾ ਹੀ ਪੁਜ ਸਕਦੇ ਹਾਂ। ਗੁਰੂ ਜੀ ਫੁਰਮਾਉਂਦੇ ਹਨ ਕਿ 'ਇਸ ਅਰਸ਼ੀ ਬਾਦਸ਼ਾਹਤ ਤੱਕ ਪੁੱਜਣ ਦਾ ਕੇਵਲ ਇਕੋ ਇਕ ਰਾਹ ਨਾਮ ਦਾ ਹੈ।' ਨਾਮ ਉਸ ਹਉਮੈ ਦੇ ਬੰਧਨਾਂ ਨੂੰ ਕੱਟਣ ਵਾਲਾ ਹੈ, ਜਿਹੜੇ ਸਾਡੀ ਆਤਮਾ ਨੂੰ ਇਕੱਲੇਪਣ ਦਾ ਬੰਦੀ ਬਣਾ ਰਖਦੇ ਹਨ। ਨਾਮ ਸਾਨੂੰ ਬੰਧਨ-ਮੁਕਤ ਕਰ ਦਿੰਦਾ ਹੈ। ਇਸ ਦੇ ਇਕਾਂਤ ਵਾਸ ਵਿਚ ਵੀ ਸਮਾਜਕ ਜੀਵਨ ਦਾ ਆਭਾਸ ਹੁੰਦਾ ਹੈ ਅਤੇ ਇਸ ਦੇ ਸਮਾਜਕ ਅਨੁਭਵ ਵਿਚ ਧੜਕਦੀ ਇਕਾਂਤ ਦਾ ਅਨੁਭਵ ਹੁੰਦਾ ਹੈ। ਸੁਤੰਤਰਤਾ ਅਰਥਾਤ ਮੁਕਤੀ ਹੋਰ ਕਿਤੇ ਵੀ ਨਹੀਂ ਹੈ, ਇਹ ਤਾਂ ਕੇਵਲ ਉਸ ਮਹਾਂ-ਮੰਡਲ ਵਿਚ ਹੈ ਜਿਥੇ ਦੈਵੀ ਸਤਿਸੰਗ ਜੁੜਦਾ ਹੈ ਅਤੇ ਨਾਮ ਸਿਮਰਨ ਦਾ ਰੱਬੀ ਕੌਤਕ ਵਾਪਰਦਾ ਹੈ। ਸਾਡੇ ਸਭ ਯਤਨ ਇਸ ਆਤਮਿਕ ਮਿਲਾਪ ਲਈ ਹੀ ਕੀਤੇ ਜਾਂਦੇ ਹਨ। ਨਾਮ ਹੀ ਮਿਲਾਪ ਅਥਵਾ ਸੰਜੋਗ ਹੈ।

ਨਾਮ ਹੀ ਹੈ, ਜਿਸ ਦੁਆਰਾ ਸਾਡਾ ਇਹ ਹੱਡ-ਮਾਸ ਦਾ ਸਰੀਰ ਮਨ ਅਤੇ ਚੇਤੰਨਤਾ ਵਿਚ ਪਰਿਵਰਤਿਤ ਹੋ ਜਾਂਦਾ ਹੈ। ਸਾਡੇ ਹੱਡ ਤੇ ਮਾਸ ਸੁੰਨ ਦਾ ਰੂਪ ਧਾਰ ਪ੍ਰਮਾਤਮਾ ਦੀ ਸਰੀਰਕ ਛੂਹ ਦੇ ਅਨੰਦ ਨੂੰ ਮਾਣਦੇ ਹਨ ਅਤੇ ਸਾਡਾ ਸਰੀਰ ਆਤਮਾ ਵਿਚ ਰੂਪਾਂਤ੍ਰਿਤ ਹੋ ਕੇ 'ਸ਼ੁਧ ਆਤਮਾ' (ਪ੍ਰਮਾਤਮਾ) ਦੇ ਅੰਕ ਜਾ ਸਮਾਉਂਦਾ ਹੈ।

ਨਾਮ ਤਾਂ ਆਤਮਾ ਦਾ ਉਹ ਵਰਤਾਰਾ ਹੈ ਜੋ ਇਕ ਪ੍ਰਤੀਕਰਮ ਵਜੋਂ ਹੋਂਦ ਵਿਚ ਆਉਂਦਾ ਹੈ ਕਿ ਗੁਰੂ ਤੇ ਸਿੱਖ ਦੇ ਵਿਚਕਾਰ ਅੰਤਰੀਵ ਪ੍ਰਸਥਿਤੀਆਂ ਵਿਚ ਘਟਦਾ ਹੈ। ਗੁਰੂ ਨਾਨਕ ਦੇਵ ਜੀ ਇਸ ਪ੍ਰਤੀਕਰਮ ਨੂੰ ਗੁਰੂ ਪ੍ਰਸਾਦਿ ਦੀ ਸੰਗਿਆ ਦਿੰਦੇ ਹਨ। ਇਹ ਪ੍ਰਤੀਕਰਮ ਮਨੁੱਖ ਦੀ ਮਾਨਸਿਕਤਾ ਨੂੰ ਮਨੁੱਖਤਵ ਵਿਚ ਬਦਲ ਦਿੰਦਾ ਹੈ। ਜਿਵੇਂ ਕਿ ਪਾਰਸ ਦੀ ਛੂਹ ਮਾਤਰ ਕਾਇਆ ਕਲਪ ਕਰ ਦਿੰਦੀ ਹੈ। ਇਸ ਅੰਤਰੀਵ ਪ੍ਰਕਾਸ਼ ਦੀ ਅਣਹੋਂਦ ਵਿਚ ਸਭ ਗੁਣ ਅਤੇ ਚੰਗਿਆਈਆਂ ਕੇਵਲ ਸਰੀਰਕ ਜਾਂ ਭੌਤਿਕ ਰੂਪ ਦੇ ਯਥਾਰਥ ਹੀ ਹੁੰਦੇ ਹਨ। ਇਸੇ ਤਰ੍ਹਾਂ ਸਾਰੇ ਅਵਗੁਣ ਵੀ। ਪਰ ਗੁਰ ਪ੍ਰਸਾਦਿ ਦੇ ਆਤਮਿਕ ਪ੍ਰਤੀਕਰਮ ਉਪਰੰਤ ਇਹਨਾਂ ਸਭ ਦਾ ਪ੍ਰਮਾਣੀਕਰਨ ਅਤੇ ਪੁਨਰ-ਮੁਲਾਂਕਣ ਹੋ ਜਾਂਦਾ ਹੈ। ਗੁਰੂ ਜੀ ਤਾਂ ਮਨੁੱਖਤਾ ਨੂੰ ਆਤਮਿਕ ਦਿਸ਼ਾ ਪ੍ਰਦਾਨ ਕਰਦੇ ਹਨ। ਜਦੋਂ ਮਨੁੱਖਤਾ ਦਾ ਰੁਖ ਪ੍ਰਭੂ ਵੱਲ ਕਰ ਦਿੱਤਾ ਜਾਂਦਾ ਹੈ ਤਦੋਂ ਪ੍ਰਭੂ-ਮੁਖੀ ਹੋ ਕੇ ਉਸ ਦਾ ਨਿਰਵਿਘਨ ਵਿਕਾਸ ਹੁੰਦਾ ਰਹਿੰਦਾ ਹੈ। ਧਾਰਮਿਕਤਾ ਸੰਸਾਰ ਲਈ ਸਰਾਪ ਬਣੀ ਰਹੀ ਹੈ ਅਤੇ ਮਨੁੱਖ ਦੇ ਮਨ ਲਈ ਇਹ ਸਭ ਤੋਂ ਭੈੜਾ ਬੰਧਨ ਹੁੰਦੀ ਹੈ। ਗੁਰੂ ਜੀ ਤਾਂ ਆਪਣੇ ਸਿੱਖਾਂ ਨੂੰ ਖੇਤੀ ਕਰਨ, ਜੰਗਲ ਕੱਟਣ, ਸ਼ਹਿਰਾਂ ਦਾ ਨਿਰਮਾਣ ਕਰਨ, ਵਣਜ-ਵਪਾਰ ਦੇ ਨਵੇਂ ਕੇਂਦਰ ਖੋਲ੍ਹਣ ਆਦਿ ਵੱਲ ਰੁਚਿਤ ਕਰ ਦਿੰਦੇ

ਹਨ ਅਤੇ ਇਸ ਤਰ੍ਹਾਂ ਨਿਰਦਿਸ਼ਟ ਸਭ ਪ੍ਰਕਾਰ ਦੇ ਕਾਰ-ਵਿਹਾਰਾਂ ਨੂੰ ਆਪ ਧਾਰਮਿਕ ਦਸਦੇ ਹਨ। ਗੁਰੂ ਜੀ ਇਸ ਗੱਲ ਉਤੇ ਜ਼ੋਰ ਦਿੰਦੇ ਹਨ ਕਿ ਧਰਤੀ ਅਤੇ ਸਾਗਰ ਉਤੇ ਰੁਝੇ ਕਿਰਤੀਆਂ ਕਾਮਿਆਂ ਨੂੰ ਪੁਰੋਹਤਾਂ ਅਥਵਾ ਪੁਜਾਰੀਆਂ ਸਮਾਨ ਪਵਿੱਤਰ ਆਚਰਣ ਵਾਲੇ ਹੋਣਾ ਚਾਹੀਦਾ ਹੈ। ਇਹਨਾਂ ਨੂੰ ਪ੍ਰਭੂ ਦੀ ਸੁੰਦਰਤਾ ਅਰਥਾਤ ਪ੍ਰੇਮ ਦਾ ਗਿਆਨ-ਬੋਧ ਹੋਣਾ ਚਾਹੀਦਾ ਹੈ। ਧਰਮ ਤਾਂ ਸਭ ਤੋਂ ਵੱਡੀ ਸੁੰਦਰਤਾ ਹੈ। ਗੁਰੂ ਜੀ ਇਹ ਆਦੇਸ਼ ਨਹੀਂ ਦਿੰਦੇ ਕਿ ਇਹ ਕੰਮ ਕਰੋ, ਇਹ ਨਾ ਕਰੋ। ਆਪ ਤਾਂ ਤੁਹਾਡੇ ਨੈਣਾਂ ਨੂੰ ਉਪਰ ਪ੍ਰਭੂ ਦੀ ਸੁੰਦਰਤਾ ਵੱਲ ਉਠਾ ਕੇ ਤੱਕਣ ਲਾ ਦਿੰਦੇ ਹਨ ਅਤੇ ਕਹਿੰਦੇ ਹਨ, "ਮੇਰੇ ਨੰਨ੍ਹੇ ਫੁੱਲ ! ਤੇ ਸਦਾ ਪ੍ਰਫੁਲਤ ਰਹੋ। ਮੈਂ ਆਪ ਤੇਰੀਆਂ ਰਗਾਂ ਤੇ ਨਸਾਂ ਵਿਚ ਗੇੜੇ ਲਾ ਰਿਹਾ ਹਾਂ। ਮੈਂ ਤੇਰੀ ਆਤਮਾ ਵਿਚ ਕਰਮਸ਼ੀਲ ਹਾਂ। ਤੁਸੀਂ ਉਹੋ ਕੁਝ ਬਣ ਜਾਉਗੇ ਜਿਹਾ ਕਿ ਤੁਹਾਡੀ ਧਿਆਨੀ ਦ੍ਰਿਸ਼ਟੀ ਬਣ ਜਾਵੇਗੀ। ਮੈਂ ਤੁਹਾਨੂੰ ਮਨੁੱਖ ਬਣਾ ਦੇਵਾਂਗਾ। ਮੈਂ ਤੁਹਾਨੂੰ ਦੇਵਤਾ ਬਣਾਉਣ ਦਾ ਨਿਸ਼ਚਾ ਕੀਤਾ ਹੋਇਆ ਹੈ।" ਇਹ ਵਿਰੋਸਾਇਆ ਮਨੁੱਖ, ਪ੍ਰਵਰਤਿਤ ਮਨੁੱਖ ਅਤੇ ਪ੍ਰਭੂ ਮੁਖੀ (ਗੁਰਮੁਖ) ਬਣ ਚੁੱਕਾ ਮਨੁੱਖ ਨਾਮ ਦਾ ਸਾਖਿਆਤ ਸਰੂਪ ਹੁੰਦਾ ਹੈ।

ਚੇਤੇ ਰੱਖੋ ! ਕਿ ਤੁਸੀਂ ਪ੍ਰਭੂ-ਪ੍ਰੀਤਮ ਦੇ ਹੋ। ਇਸ ਗੱਲ ਦਾ ਨਿਸ਼ਚਾ ਰੱਖੋ ਕਿ ਪ੍ਰਭੂ-ਪ੍ਰੀਤਮ ਹੈ ਅਤੇ ਉਹ ਖੇਤਾਂ ਵਿਚ ਦਰਿਆ ਕੰਢੇ ਤੇ ਤੁਹਾਡੇ ਵਿਛੌਣਿਆਂ ਉਤੇ ਹਰ ਸਮੇਂ ਤੁਹਾਡੇ ਅੰਗ ਸੰਗ ਖੜ੍ਹਾ ਹੈ। ਜਦੋਂ ਤੁਸੀਂ ਉਦਾਸ ਹੁੰਦੇ ਹੋ ਅਤੇ ਤੁਹਾਡਾ ਚਿਤ ਟਿਕਾਣੇ ਨਹੀਂ ਹੁੰਦਾ ਤਾਂ ਪ੍ਰਮਾਤਮਾ ਤੁਹਾਡੀ ਧੀਰ ਬੰਨ੍ਹਾਉਂਦਾ ਹੈ, ਤੁਹਾਨੂੰ ਸੁਖ ਚੈਨ ਬਖ਼ਸ਼ਦਾ ਹੈ, ਆਪਣੀ ਦਸਾਂ ਨਹੁੰਆਂ ਦੀ ਖ਼ੂਨ ਪਸੀਨੇ ਦੀ ਕਮਾਈ ਕਰਕੇ ਗੁਜ਼ਰਾਨ ਕਰੋ। ਖੱਟੀ ਕਮਾਈ ਕਰੋ ਅਤੇ ਫਿਰ ਵੰਡ ਕੇ ਛਕੋ। ਇਕ ਚੰਗੇ ਪੁਰਸ਼ ਦਾ ਇਹੋ ਹੀ ਜੀਵਨ ਕਰਮ ਹੁੰਦਾ ਹੈ।

ਆਪਣੇ ਆਪ ਨੂੰ ਮਨੁੱਖ ਬਣਾਉ ਤੇ ਆਪਣੇ ਦਿਲ ਵਿਚ ਸਭ ਲਈ ਦਇਆ ਨੂੰ ਵਸਾਉ। ਤੁਹਾਡੇ ਅੰਦਰ ਦੇ ਮਨੁੱਖੀ ਦਰਦ ਦਾ ਕੋਈ ਵੀ ਹੱਦ ਬੰਨਾ ਨਹੀਂ ਹੋਣਾ ਚਾਹੀਦਾ। ਜਿੰਨਾਂ ਤੁਹਾਡੇ ਅੰਦਰ ਦੂਜਿਆਂ ਲਈ ਦਰਦ, ਕਰੁਣਾ ਭਾਵ ਹੋਵੇਗਾ, ਉਤਨੇ ਹੀ ਤੁਸੀਂ ਪ੍ਰਭੂ-ਪ੍ਰੀਤਮ ਦੇ ਹੋ ਸਕੋਗੇ। ਤੁਹਾਡੇ ਧਰਮ ਦਾ ਨੇਮ ਦਇਆ ਹੀ ਹੋਣੀ ਚਾਹੀਦੀ ਹੈ। ਪ੍ਰਭੂ-ਪ੍ਰੀਤਮ ਤਾਂ ਤੁਹਾਡੇ ਜੀਵਨ ਦੇ ਨੇਮ ਨੂੰ ਪ੍ਰੇਮ ਕਰਦਾ ਹੈ।

ਇਸਤਰੀ ਪੁਰਸ਼ੋ ! ਤੁਸੀਂ ਸਭ ਰਲ ਮਿਲ ਕੇ ਖੇਤਾਂ ਵਿਚ ਕੰਮ ਕਰੋ। ਕਣਕ ਅਤੇ ਦਾਣੇ ਉਗਾਉ, ਭੋਜਨ (ਖਾਣਾ) ਦਿਉ ਅਤੇ ਜਦੋਂ ਕੋਈ ਮਨੁੱਖ ਤੁਹਾਡੇ ਦੁਆਰੇ ਆਉਂਦਾ ਹੈ ਤਾਂ ਉਸ ਨੂੰ ਸੁਖ ਆਰਾਮ ਦਿਉ।

ਇਹੋ ਹੀ ਤਾਂ ਹੈ ਗੁਰੂ ਜੀ ਦੀ ਸਭ ਤੋਂ ਪ੍ਰਮੁੱਖ ਤੇ ਭਰਪੂਰ ਮਹਿਕ। ਕਰਤਾ ਪੁਰਖ ਦਾ ਜਸ ਗਾਉ। ਇਹੋ ਹੀ ਤੁਹਾਡਾ ਕਿੱਤਾ ਅਰਥਾਤ ਰਹਿਰਾਸ ਹੋਣੀ ਚਾਹੀਦੀ ਹੈ। ਜੀਵਨ ਦੇ ਮਹਾਂ ਮਾਰਗ ਉਤੇ ਖੜ੍ਹ ਕੇ ਗੁਰੂ ਦੇ ਲੰਗਰ ਤੇ ਬਾਣੀ ਨੂੰ ਦੋਹੀਂ ਹੱਥੀਂ ਵੰਡੋ। ਜੋੜਨ ਦੀ ਖੇਚਲ ਨਾ ਕਰੋ। ਗੁਰੂ ਉਪਰ ਭਰੋਸਾ

ਖੋ। ਬਿਪਤਾ ਸਮੇਂ ਉਸ ਨੂੰ ਯਾਦ ਕਰੋ, ਜੋ ਸੈਲ-ਪੱਥਰ ਦੀਆਂ ਤਰੇੜਾਂ ਵਿਚ ੀ ਕੀੜੇ ਮਕੌੜਿਆਂ ਨੂੰ ਵੀ ਰਿਜ਼ਕ ਪਹੁੰਚਾਉਂਦਾ ਹੈ।

ਤੁਹਾਡਾ ਹਿੱਸਾ ਤੁਹਾਨੂੰ ਬਖ਼ਸ਼ ਦਿੱਤਾ ਗਿਆ ਹੈ। ਚਿਤ ਵਿਚ ਕੋਈ ਖਲਾ ਨਾ ਰੱਖੋ। ਆਪਣੇ ਨਿਜ ਲਈ ਚਿੰਤਾਤੁਰ ਨਾ ਹੋਵੋ। ਤੁਹਾਡੀ ਸੰਭਾਲ ਗੁਰੂ ਆਪ ਕਰਦਾ ਹੈ। ਆਪਣੇ ਆਪ ਨੂੰ ਅਜਿਹਾ ਬਣਾਉ ਕਿ ਸੁਆਰਥ ਤੁਹਾਨੂੰ ਹ ਨਾ ਸਕੇ ਅਰਥਾਤ ਹਉਮੈ (ਮੈਂ-ਮਮਤਾ) ਦਾ ਤਿਆਗ ਕਰੋ। ਗੁਰੂ ਜੀ ਦਾ ਥਨ ਹੈ, ''ਮੁਸ਼ਕਿਲ ਸਮੇਂ ਅਤੇ ਲੋੜ ਸਮੇਂ ਮੈਨੂੰ ਬੁਲਾਉ, ਮੈਂ ਤੁਹਾਡੇ ਅੰਗ ਸੰਗ ਵਾਂਗਾ। ਅਜਿਹੇ ਸੰਕਟ ਸਮੇਂ ਤੁਹਾਡੀ ਸਹਾਇਤਾ ਉਹਨਾਂ ਮੰਡਲਾਂ ਵੱਲੋਂ ਹੋਵੇਗੀ ਕਿ ਤੁਹਾਡੀ ਆਸ ਤੇ ਕਿਆਸ ਤੋਂ ਬਾਹਰੇ ਸਨ। ਮੌਤ, ਭੁੱਖ ਤੇ ਨੰਗੇਪਣ ਨੂੰ ਮਾਨ ਰੂਪ ਵਿਚ ਖਿੜੇ ਮੱਥੇ ਝੱਲੋ ਕਿਉਂਜੋ ਜਦੋਂ ਤੁਸੀਂ ਗੁਰੂ ਦੇ ਦਰਸ਼ਨ ਕਰ ਏ ਹਨ ਤਾਂ ਤੁਸੀਂ ਸੱਚ ਨੂੰ ਪ੍ਰਤੱਖ ਰੂਪ ਵਿਚ ਜਾਣ ਲਿਆ ਹੈ ਅਤੇ ਜਿਹੜੇ ਕਾਂ ਨੇ ਜੀਵਨ ਦੇ ਸੱਚ ਨੂੰ ਪਛਾਣ ਲਿਆ ਹੈ, ਉਹਨਾਂ ਦਾ ਜੀਵਨ ਆਧਾਰ ਰਥਾਤ ਰੋਟੀ ਭੋਜਨ ਵੱਖਰੀ ਭਾਂਤ ਦਾ ਹੁੰਦਾ ਹੈ।''

ਤੁਸੀਂ ਜਾਣਦੇ ਹੀ ਹੋ ਕਿ ਕਿਵੇਂ ਇਸ ਸੰਸਾਰ ਦੇ ਲੋਕ ਆਪਣੇ ਸੁਖ ਾਰਾਮ ਦੀ ਖ਼ਾਤਰ ਦੂਜਿਆਂ ਨੂੰ ਦੁਖ ਪਹੁੰਚਾਉਂਦੇ ਹਨ। ਭੌਤਿਕ ਜੀਵਨ ਦੀ ਹੋ ਹੀ ਜੜ੍ਹਤਾ ਹੈ ਅਤੇ ਜਦੋਂ ਤੁਸੀਂ ਆਪ ਦੁਖ ਝਲਦੇ ਹੋ ਤੇ ਹੋਰ ਕਿਸੇ ਨੂੰ ਖ ਜਾਂ ਕਸ਼ਟ ਦੇਣ ਤੋਂ ਸੰਕੋਚ ਕਰਦੇ ਹੋ ਤਾਂ ਸਾਰੀ ਸ੍ਰਿਸ਼ਟੀ ਤੁਹਾਡੇ ਅਜਿਹੇ ਵਵਹਾਰ ਉਤੇ ਖ਼ੁਸ਼ੀ ਪ੍ਰਗਟਾਉਂਦੀ ਹੈ। ਪਵਿੱਤਰ ਅਥਵਾ ਮਹਾਂ-ਪੁਰਸ਼ਾਂ ਦੇ ਕਸ਼ਟ ਲਣ ਦੇ ਅਰਥ ਛੋਟਾ ਨਿਹਚਾ ਰਖਣ ਵਾਲੀ ਲੁਕਾਈ ਤੋਂ ਬਿਲਕੁਲ ਵਖਰੇ ਹੁੰਦੇ ਨ। ਪਵਿੱਤਰ ਆਤਮਾਵਾਂ ਤਾਂ ਇਸ ਲਈ ਕਸ਼ਟ ਝਲਦੀਆਂ ਹਨ ਕਿਉਂਜੋ ਹਨਾਂ ਨੂੰ ਅਜਿਹਾ ਹੀ ਪ੍ਰਮਾਤਮਾ ਵੱਲੋਂ ਆਦੇਸ਼ ਹੁੰਦਾ ਹੈ।

ਜਿਉਂਦੇ ਸੰਤ ਪੁਰਸ਼ਾਂ ਲਈ ਤਾਂ ਉਦਾਸੀ ਜੀਵਨ ਰਾਸ ਹੁੰਦੀ ਹੈ। ਉਹਨਾਂ ਂ ਗਿਆਨ ਹੁੰਦਾ ਹੈ ਕਿ 'ਜਨ' (ਸਤ) ਅਤੇ 'ਪਾਰਬ੍ਰਹਮ' ਵਿਚ ਕੋਈ ਭੇਦ ਹੀਂ ਹੈ। ਇਹ ਇਸੇ ਤਰ੍ਹਾਂ ਦੀ ਗੱਲ ਹੁੰਦੀ ਹੈ, ਜਿਵੇਂ ਸਾਗਰ ਤੇ ਉਸ ਦੀ ਰੰਗ ਵਿਚ ਕੋਈ ਅੰਤਰ ਨਹੀਂ ਹੈ। ਉਹ ਤਾਂ ਜੀਵਨ ਦੀਆਂ ਘਟਨਾਵਾਂ ਦੀ ੜੀ ਵਿਚ ਦੈਵੀ ਕੜੀ ਦੀ ਨਿਆਈਂ ਹੁੰਦੇ ਹਨ, ਜਿਨ੍ਹਾਂ ਦਾ ਜੀਵਨ ਆਦਿ ਅਤੇ ਤ ਅਦ੍ਰਿਸ਼ਟ ਹੁੰਦਾ ਹੈ। ਇਸ ਲਈ ਗੁਰੂ ਉਤੇ ਭਰੋਸਾ ਰੱਖ ਕੇ ਆਪਣਾ ੀਵਨ ਬਤੀਤ ਕਰੋ।

ਪ੍ਰਭੂ ਦੇ ਲੋਕ ਅਜਿਹੀ ਜੀਵਨਧਾਰਾ ਨੂੰ ਪ੍ਰਭੂ-ਪ੍ਰੀਤਮ ਦੀ ਰਜ਼ਾ ਦਸਦੇ ਹਨ ਰ ਇਹ ਕੋਈ ਤਿਆਗ ਵਾਲੀ ਗੱਲ ਨਹੀਂ ਹੈ। ਇਹ ਤਾਂ ਪ੍ਰੇਮ ਦੀ ਉਹ ੀਵਨ ਜੁਗਤੀ ਹੈ, ਜਿਸਦਾ ਆਧਾਰ ਭਰੋਸਾ ਹੈ ਅਤੇ ਜੋ ਕਦੇ ਵੀ ਸ਼ੰਕਾ ਨਹੀਂ ਰਦੀ। ਤੁਸੀਂ ਤਾਂ ਉਸ ਪ੍ਰਭੂ-ਪ੍ਰੀਤਮ ਦੀ ਖ਼ਾਤਰ ਜਿਉਂਦੇ ਹੋ। ਉਸ ਲਈ ਮਰਪਤ ਹੋ ਅਤੇ ਤੁਹਾਨੂੰ ਇਸ ਵਿਚੋਂ ਅਨੰਦ ਪ੍ਰਾਪਤ ਹੁੰਦਾ ਹੈ। ਜੋ ਵੀ ਤੁਹਾਡੇ ਾਲ ਬੀਤਦਾ ਘਟਦਾ ਹੈ, ਉਹ ਸਭ ਕੁਝ ਪ੍ਰਭੂ-ਪ੍ਰੀਤਮ ਦੀ ਹੁਕਮ ਰਜ਼ਾ ਵਿਚ

ਹੁੰਦਾ ਹੈ। ਤੁਸੀਂ ਤਾਂ ਉਸ ਦੀ ਰਜ਼ਾ ਦਾ ਹੀ ਪਾਲਣ ਕਰਦੇ ਹੋ। ਉਸ ਅਨੁਸਾਰ ਹੀ ਜੀਵਨ ਜਿਉਂਦੇ ਹੋ।

ਪ੍ਰੇਮੀਆਂ ਦੀ ਤਾਂ ਸਦਾ ਹੀ ਇਹ ਵੱਡੀ ਇੱਛਾ ਹੁੰਦੀ ਹੈ ਕਿ ਉਹ ਆਪਣੇ ਪ੍ਰੀਤਮ ਦੇ ਨੇੜੇ ਰਹਿਣ ਅਤੇ ਉਸ ਦੀ ਖ਼ੁਸ਼ੀ ਨੂੰ ਹੀ ਆਪਣਾ ਜੀਵਨ ਬਣਾ ਲੈਣ।

ਕਰਤਾਰ ਦੀ ਸ਼ਾਨ ਨੂੰ ਸਦਾ ਨਿਹਾਰੋ। ਸਭ ਕੁਝ ਜੋ ਵਾਪਰਦਾ ਹੈ, ਸਭ ਅੱਛਾ ਹੈ। ਸਭ ਕੁਝ ਠੀਕ ਹੋਵੇਗਾ। ਗੁਰੂ ਤਾਂ ਆਪ ਹੀ ਪ੍ਰਮਾਤਮਾ ਦਾ ਸ਼ਾਖ਼ਸਾਤ ਸਰੂਪ ਹੈ।

ਗੁਰੂ ਜੀ ਲਈ ਤੁਹਾਡੀ ਤੀਬਰ ਪ੍ਰੇਮ ਭਾਵਨਾ ਦੀ ਅਨੰਦਮਈ ਤੇ ਸੁਖਦਾਈ ਅਵਸਥਾ ਦੀ ਪ੍ਰੇਰਨਾ ਸਦਾ ਬਣੀ ਰਹੇ ਤਾਂ ਜੋ ਇਹ ਉਸ ਪ੍ਰਭੂ-ਪ੍ਰੀਤਮ ਦੇ ਪ੍ਰੇਮ ਵਿਚ ਵਿਚਰਨ ਤੇ ਉਸ ਦੀ ਸੁੰਦਰਤਾ ਦੀ ਸ਼ਾਨ ਨੂੰ ਤੱਕ ਤੇ ਮਾਣ ਸਕਣ ਤੇ ਅੰਤਰੀਵ ਪਰਮਾਨੰਦ ਦਾ ਕਾਰਨ ਬਣ ਸਕੇ। ਸਾਰੀਆਂ ਬਾਹਰਮੁਖੀ ਪ੍ਰਸਥਿਤੀਆਂ ਵਿਚ ਪ੍ਰਭੂ-ਪ੍ਰੀਤਮ ਦੀ ਸੁੰਦਰਤਾ ਦੇ ਅੰਮ੍ਰਿਤ ਰਸ ਨੂੰ ਪੀ ਸਕਣ ਵਿਚ ਹੀ ਪ੍ਰੇਮ ਦੇ ਭਾਵ ਸਮਲਿਤ ਹਨ।

ਸਾਰੀਆਂ ਬਾਹਰਮੁਖੀ ਪ੍ਰਸਥਿਤੀਆਂ ਛਿਣ-ਭੰਗਰ ਅਥਵਾ ਬੀਤ ਜਾਣ ਵਾਲੀਆਂ ਹਨ, ਪਰ ਪ੍ਰੇਮ ਸਦੀਵੀ ਰੂਪ ਵਿਚ ਜਿਉਂਦਾ ਰਹਿੰਦਾ ਹੈ। ਇਸੇ ਲਈ ਪ੍ਰਭੂ-ਪ੍ਰੀਤਮ ਦਾ ਤੁਹਾਡੇ ਅੰਦਰਲਾ ਪ੍ਰੇਮ ਵੀ ਸਦੀਵੀ ਹੈ।

ਜੀਵਨ ਦੇ ਪ੍ਰਵਾਹ ਅਥਵਾ ਚੱਲ ਰਹੇ ਘਟਨਾ ਚੱਕਰ ਵਿਚ ਤੁਹਾਨੂੰ ਪ੍ਰਭੂ-ਪ੍ਰੀਤਮ ਦੀ ਇਸ ਤਰ੍ਹਾਂ ਉਡੀਕ ਕਰਨੀ ਚਾਹੀਦੀ ਹੈ ਜਿਵੇਂ ਇਕ ਪਤਨੀ ਆਪਣੇ ਉਸ ਪਤੀ ਦੀ ਉਸੇ ਤਰ੍ਹਾਂ ਉਡੀਕ ਕਰਦੀ ਹੈ ਜੋ ਕਿਸੇ ਸਫ਼ਰ ਉਤੇ ਗਿਆ ਹੈ। ਉਸੇ ਇਸਤਰੀ ਦੀ ਨਿਆਈਂ ਤੁਹਾਡੇ ਅੰਦਰ ਵੀ ਪ੍ਰੇਮ ਦੀ ਪੀੜਾ ਤੇ ਅਨੰਦ ਦੀ ਭਾਵਨਾ ਜਾਗਦੀ ਰਹਿਣੀ ਚਾਹੀਦੀ ਹੈ। ਪਰ ਬਾਹਰੋਂ ਤੁਹਾਡਾ ਚਿਤ ਟਿਕਾਉ ਤੇ ਕਾਬੂ ਵਿਚ ਰਹਿਣਾ ਚਾਹੀਦਾ ਹੈ ਅਤੇ ਵਿਵਹਾਰ ਵਿਚ ਵੀ ਸੰਜਮ ਤੇ ਸ਼ੀਲਤਾ ਹੋਣੀ ਚਾਹੀਦੀ ਹੈ। ਅਜਿਹਾ ਹੁੰਦਿਆਂ ਵੀ ਤੁਹਾਡੇ ਅੰਦਰ ਪ੍ਰੀਤਮ ਦੇ ਮਿਲਾਪ ਲਈ ਤੀਬਰ ਇੱਛਾ ਦੀ ਧੜਕਣ ਕਾਇਮ ਰਹਿਣੀ ਚਾਹੀਦੀ ਹੈ।

ਆਪਣੇ ਪ੍ਰਭੂ-ਪ੍ਰੀਤਮ ਦੇ ਪ੍ਰੇਮ ਵਿਚ ਉਸ ਇਸਤਰੀ ਦੀ ਨਿਆਈਂ ਤੁਹਾਡੇ ਹੋਂਠ ਮੌਨ ਰਹਿਣੇ ਚਾਹੀਦੇ ਹਨ ਤੇ ਨੈਣਾਂ ਵਿਚ ਮਿਲਾਪ ਦੀ ਤਾਂਘ ਦੀ ਜੋਤ ਤਾਰੇ ਹਾਰ ਚਮਕਦੀ ਰਹਿਣੀ ਚਾਹੀਦੀ ਹੈ।

ਜਦੋਂ ਤੁਸੀਂ ਗੁਰੂ ਜੀ ਦੇ ਦਰਸ਼ਨ ਕਰ ਲੈਂਦੇ ਹੋ ਤਾਂ ਕੁਦਰਤ ਸਮਾਨ ਤੁਹਾਡੇ ਮਨੋਭਾਵ ਸ਼ਾਂਤ ਰਹਿਣੇ ਚਾਹੀਦੇ ਹਨ। ਤੁਹਾਡੀ ਇਸ ਸ਼ਾਂਤੀ ਵਿਚੋਂ ਤੁਹਾਡੇ ਅੰਦਰ ਪ੍ਰੇਮ ਰੋਮ ਰੋਮ ਵਿਚੋਂ ਪ੍ਰਗਟ ਹੋਣਾ ਚਾਹੀਦਾ ਹੈ। ਇਸੇ ਪ੍ਰੇਮ ਦੇ ਰੰਗ ਵਿਚ ਤੁਸੀਂ ਕਿਰਤ ਕਰੋ। ਉਸੇ ਪ੍ਰਭੂ-ਪ੍ਰੀਤਮ ਨਮਿਤ ਕੀਤੀ ਗਈ ਕਿਰਤ ਤੋਂ ਬਿਨਾਂ ਹੋਰ ਸਭ ਧੰਦੇ ਸਰਾਪ ਹਨ।

ਇਸ ਸ਼ਕਤੀਸ਼ਾਲੀ ਤੇ ਰਚਨਾਤਮਿਕ ਅਨੰਦ ਦੇ ਭਾਵ ਛੁਪੇ ਰਹਿਣੇ

ਾਹੀਦੇ ਹਨ। ਇਸ ਦੀ ਵਾਸਤਵਿਕ ਪ੍ਰਕ੍ਰਿਤੀ ਅਨੁਸਾਰ ਇਹਨਾਂ ਨੂੰ ਛੁਪਾ ਕੇ ਖਣਾ ਹੀ ਉਚਿਤ ਹੈ। ਸਾਧਾਰਨ ਲੋਕ ਵੀ ਤਾਂ ਛਿਣ ਭੰਗਰ ਖ਼ੁਸ਼ੀ ਨੂੰ ਦੂਜਿਆਂ ਲੋਂ ਲੁਕਾ ਕੇ ਰਖਦੇ ਹਨ। ਆਪਣੀ ਆਤਮਾ ਦੇ ਇਸ ਪਰਮਾਨੰਦ ਨੂੰ ਛੁਪਾ ਰੱਖੋ ਕਿਉਂਜੋ ਆਤਮਾ ਦਾ ਇਹ ਸੰਗੀਤ ਵਰਣਨ, ਵਿਆਖਿਆ ਤੇ ਖੋਲ੍ਹ ਕੇ ਸਣ ਅਥਵਾ ਪ੍ਰਗਟ ਕਰਨ ਨਾਲ ਵਿਚਲਿਤ ਹੋ ਜਾਂਦਾ ਹੈ ਅਤੇ ਇਸ ਪ੍ਰਤੀ ਗਟਾਈ ਗਈ ਵਾਫਰ ਉਤਸੁਕਤਾ ਵੀ ਇਸ ਆਤਮਾ ਦੇ ਸੰਗੀਤ ਨੂੰ ਭੰਗ ਕਰ ਏਂਦੀ ਹੈ।

II

ਆਪਣੇ ਪ੍ਰੇਮ ਦੀ ਚਰਚਾ ਕਰੋ, ਇਸੇ ਤਰ੍ਹਾਂ ਧਰਮ ਰੂਪੀ ਸਰਵੂਚ ਪ੍ਰੇਮ ਲਿ-ਕੱਥ ਅਤੇ ਚਰਚਾ ਕਰਨ ਨਾਲ ਨਸ਼ਟ ਹੋ ਜਾਂਦਾ ਹੈ।

ਕੇਵਲ ਉਹਨਾਂ ਚੀਜ਼ਾਂ, ਵਸਤਾਂ ਬਾਰੇ ਹੀ ਮੂੰਹ ਖੋਲ੍ਹੋ, ਜਿਨ੍ਹਾਂ ਬਾਰੇ ਚਰਚਾ ਰਨ ਨਾਲ ਉਹਨਾਂ ਦੀ ਗੁੱਥੀ ਸੁਲਝਾਈ ਜਾ ਸਕਦੀ ਹੈ। ਬੁੱਧੀਮਤਾ ਅਤੇ ੜਵੇਕ ਨਾਲ ਸੰਬੰਧਤ ਮਸਲਿਆਂ ਬਾਰੇ ਚਰਚਾ ਕਰਨ ਨਾਲ ਖ਼ੁਸ਼ੀ ਅਤੇ ਅਨੰਦ ਮਾਣੋ ਤੇ ਇਸੇ ਤਰ੍ਹਾਂ ਉਹਨਾਂ ਵਿਸ਼ਿਆਂ ਉਤੇ ਵੀ ਖੁਲ੍ਹ ਕੇ ਚਰਚਾ ਕਰੋ, ਜਿਨ੍ਹਾਂ ਆਰਾ ਤੁਸੀਂ ਇਕ ਦੂਜੇ ਨੂੰ ਸਮਝਣ ਦੇ ਯੋਗ ਹੁੰਦੇ ਹੋ।

ਉਹਨਾਂ ਵਿਸ਼ਿਆਂ ਬਾਰੇ ਸ਼ਾਬਦਿਕ ਚਰਚਾ ਕਰਨ ਅਤੇ ਵਾਫਰ ਜ਼ੋਰ ਾਉਣ ਦਾ ਕੀ ਲਾਭ, ਜਿਨ੍ਹਾਂ ਦੇ ਨਾ ਤਾਂ ਕੋਈ ਅਰਥ ਦੱਸ ਸਕਦਾ ਹੈ, ਨਾ ਈ ਉਤਰ ਹੀ ਦੇ ਸਕਦਾ ਹੈ ?

ਅਕੱਥ ਬਾਰੇ ਉਹਨਾਂ ਲੋਕਾਂ ਕੋਲ ਕਥਨ ਕਰਨ ਦਾ ਕੀ ਲਾਭ ਜਿਨ੍ਹਾਂ ਕੋਲ ਕਹਿ ਨੂੰ ਸੁਣਨ ਲਈ ਨਾ ਤਾਂ ਕੰਨ ਹਨ, ਨਾ ਹੀ ਅਦ੍ਰਿਸ਼ਟ ਨੂੰ ਵੇਖਣ ਯੋਗ ਣ ਹਨ, ਨਾ ਹੀ ਉਹਨਾਂ ਕੋਲ ਨੇਤਰਹੀਣ ਮਾਤਾ ਵਾਲੀ ਉਹ ਭਾਵਨਾ ਹੈ, ਜਸ ਨਾਲ ਉਹ ਆਪਣੇ ਬੱਚੇ ਦੀ ਹੋਂਦ ਨੂੰ ਮਹਿਸੂਸ ਕਰ ਸਕਦੀ ਹੈ ਤੇ ਅਲੱਖ ਵੀ ਲੱਖ ਸਕਦੀ ਹੈ ?

ਨਾ ਹੀ ਜੌਹਰੀਆਂ ਦੀ ਪਛਾਣ ਵਾਲਾ ਸਰਾਫ਼ਾ ਬਾਜ਼ਾਰ ਹੈ। ਜਦੋਂ ਕੋਈ ਾਰਖੂ ਜੌਹਰੀ ਤੁਹਾਡੇ ਹੱਟ ਉਤੇ ਆ ਜਾਵੇ ਤਾਂ ਆਪਣੇ ਉਸ ਖ਼ਜਾਨੇ ਦੇ ਸਾਰੇ ਰ ਖੋਲ੍ਹ ਦਿਓ ਅਤੇ ਆਪਣੇ ਉਹਨਾਂ ਮੋਤੀ ਮਾਣਕਾਂ ਦਾ ਵਿਖਾਲਾ ਪਾ ਦਿਉ ਜਨ੍ਹਾਂ ਦੀ ਅੰਦਰਲੀ ਚਮਕ ਦਮਕ ਆਪ ਮੁਹਾਰੇ ਹੀ ਜਗਮਗ ਕਰਕੇ ਪ੍ਰਗਟ ਰਹੀ ਹੈ।

ਜਦੋਂ ਤੁਸੀਂ ਗੱਲ-ਕੱਥ ਕਰਦੇ ਹੋ ਤਾਂ ਸਾਵਧਾਨ ਰਹੋ। ਤੁਹਾਡੇ ਅੰਦਰ ਉਹ ਕਤੀ ਹੈ ਜੋ ਸਾਰੇ ਅ-ਯਥਾਰਥ ਨੂੰ ਯਥਾਰਥ ਬਣਾ ਸਕਦੀ ਹੈ। ਫਿਰ ਪਿੱਛੋਂ ਹ ਅ-ਯਥਾਰਥ ਯਥਾਰਥ ਦਾ ਰੂਪ ਧਾਰਨ ਕਰ ਜਾਂਦਾ ਹੈ ਅਤੇ ਤੁਸੀਂ ਇਹਨਾਂ ਟੀਆਂ ਅਥਵਾ ਤੁਛ ਵਸਤਾਂ ਸਦਕਾ ਆਪਣੇ ਮਨ ਦੇ ਭਰਮਾਂ ਕਾਰਨ ਅਤੇ ਰਾਰਥਕ ਗੱਲਬਾਤ ਸਦਕਾ ਆਤਮਾ ਦੇ ਯਥਾਰਥ ਨਾਲੋਂ ਟੁੱਟ ਜਾਂਦੇ ਹੋ। ਇਸ ਕਾਰ ਤੁਸੀਂ ਆਪਣੇ ਪ੍ਰਭੂ-ਪ੍ਰੀਤਮ ਤੋਂ ਵੀ ਵਿਛੜ ਜਾਂਦੇ ਹੋ। ਸੋ, ਚੁੱਪ ਸਾਧ ਲਉ,

ਮੌਨ ਹੋ ਜਾਉ, ਗੁਰੂ ਜੀ ਕਹਿੰਦੇ ਹਨ, ਅਜਿਹੇ ਸਮੇਂ ਨਾਮ ਜਪੋ। ਉਸ ਮਹਾਂ ਅਨੰਦ ਨੂੰ ਪ੍ਰਾਪਤ ਕਰਨ ਲਈ ਮੈਨੂੰ ਇੰਜ ਬੁਲਾਉ ਜਿਸ ਤਰ੍ਹਾਂ ਬੱਚਾ ਮਾਂ ਨੂੰ ਬੁਲਾਉਂਦਾ ਹੈ। ਖਸਮ (ਪ੍ਰਭੂ) ਹੀ ਗਿਆਨ ਦਾ ਭੰਡਾਰ ਹੈ।

ਤੁਹਾਡੀ ਆਤਮਾ ਨੂੰ ਜਿਸ ਦੀ ਲੋੜ ਹੈ, ਉਹ ਵਸਤੂ ਨਦਰਿ ਕਰਮ ਦੁਆਰਾ ਹੀ ਪ੍ਰਾਪਤ ਹੁੰਦੀ ਹੈ। ਤੁਹਾਡੀ ਜੀਵਨ ਦੀ ਹਰ ਲੋੜੀਂਦੀ ਵਸਤੂ ਸੁੰਦਰਤਾ, ਗਿਆਨ ਜੋ ਪ੍ਰਭੂ-ਪ੍ਰੀਤਮ ਦੇ ਕੋਲ ਹੈ, ਸਭ ਅਜਿਹੀ ਬਖ਼ਸ਼ਿਸ਼ ਦੁਆਰਾ ਹੀ ਮਿਲਦਾ ਹੈ। ਇਸ ਲਈ ਇਹਨਾਂ ਵਸਤਾਂ ਦੀ ਪ੍ਰਾਪਤੀ ਲਈ ਤੁਸੀਂ ਉਪਰ ਵੱਲ ਨੂੰ ਤੱਕੋ ਅਤੇ ਆਪ ਅਕਰਮਕ ਹੋ ਜਾਉ, ਪੂਰੀ ਤਰ੍ਹਾਂ ਅਕਰਮਕ।

ਜੇ ਤੁਸੀਂ ਹਉਮੈ ਦੀ ਦੀਵਾਰ ਨੂੰ ਨਹੀਂ ਤੋੜਦੇ ਤਾਂ ਤੁਹਾਡੇ ਲਈ ਕੋਈ ਸਹਾਇਤਾ ਨਹੀਂ ਹੈ। ਇਸ ਲਈ ਆਪਣੇ ਨਿਜ ਨੂੰ ਆਪਣੇ ਗਿਆਨ ਦੇ ਅਭਿਮਾਨ ਦੁਆਰਾ ਪ੍ਰਭੂ ਦੀ ਬਖ਼ਸ਼ਿਸ਼ ਪ੍ਰਤੀ ਬੰਦ ਨਾ ਕਰੋ। ਇਸ ਤਰ੍ਹਾਂ ਤੁਹਾਡੀ ਆਤਮਾ ਦੇ ਪ੍ਰਮਾਤਮਾ ਪ੍ਰਤੀ ਸਭ ਦਰ ਬੰਦ ਕਰ ਲੈਣ ਨਾਲ ਗੁਣ ਵੀ ਔਗੁਣਾਂ ਵਿਚ ਬਦਲ ਜਾਂਦੇ ਹਨ।

ਮੇਰਾ ਧਰਮ ਤਾਂ ਉਸ ਦੇ ਨਾਮ ਸਿਮਰਨ ਦਾ ਹੈ ਅਤੇ ਇਸ ਦਾ ਮਹੱਤਵ ਕੇਵਲ ਉਹੋ ਹੀ ਜਾਣਦੇ ਹਨ, ਜਿਨ੍ਹਾਂ ਨੇ ਖਸਮ ਪ੍ਰਭੂ ਦੇ ਪਿਰਮ-ਪਿਆਲੇ ਨੂੰ ਚੱਖਿਆ ਹੈ।

ਮੇਰਾ ਧਰਮ ਤਾਂ ਪ੍ਰੇਮ ਹੈ ਤੇ ਇਹ ਪ੍ਰੇਮ ਵੀ ਆਤਮਾ ਦੀ ਵਸਤੂ ਹੈ। ਇਹ ਪ੍ਰਭੂ-ਪ੍ਰੀਤਮ ਦੇ ਹਿਰਦੇ ਵਿਚੋਂ ਨਿਕਲੀ ਸ਼ਬਦ-ਧੁਨੀ ਦਾ ਪ੍ਰਕਾਸ਼ ਹੈ। ਜੋ ਪ੍ਰਭੂ-ਪ੍ਰੀਤਮ ਦੇ ਪਿਰਮ-ਪਿਆਲੇ ਦੀ ਮਸਤੀ ਹੈ। ਪ੍ਰਭੂ ਦੇ ਪ੍ਰੇਮ ਦੀ ਇਹ ਦਸ਼ਾ ਅਭੈ-ਪਦ ਵਾਲੀ ਹੈ ਤੇ ਸਰੀਰਕ ਰੂਪ ਵਿਚ ਅਮਰਤਾ ਬਖ਼ਸ਼ਣ ਵਾਲੀ ਹੈ।

ਇਹ ਮਦਿਰਾ ਪ੍ਰਭੂ ਦੀ ਪ੍ਰੇਰਨਾ ਸਦਕਾ ਹੈ ਤੇ ਇਸ ਦਾ ਸੁਆਦ ਉਹੋ ਹੀ ਦੱਸ ਸਕਦੇ ਹਨ, ਜਿਨ੍ਹਾਂ ਨੇ ਖਸਮ ਪ੍ਰਭੂ ਦੇ ਪਿਰਮ-ਪਿਆਲੇ ਵਿਚੋਂ ਇਸ ਅੰਮ੍ਰਿਤ ਨੂੰ ਚੱਖਿਆ ਹੈ।

ਇਹ ਜਾਣ ਲਉ ਕਿ ਜਦੋਂ ਇਸਤਰੀ ਤੇ ਪੁਰਸ਼ ਇਹ ਸਮਝਦੇ ਹਨ ਕਿ ਉਹਨਾਂ ਦਾ ਮਿਲਾਪ ਹੋ ਗਿਆ ਹੈ ਤਾਂ ਇਹ ਯਥਾਰਥ ਨਹੀਂ ਹੁੰਦਾ। ਇਸੇ ਤਰ੍ਹਾਂ ਜਦੋਂ ਮਾਂ ਆਪਣੇ ਪੁੱਤਰ ਨੂੰ ਮਿਲਦੀ ਹੈ ਤਾਂ ਉਹ ਵੀ ਵਾਸਤਵਿਕ ਮਿਲਾਪ ਨਹੀਂ ਹੈ। ਜਿਸ ਸੰਜੋਗ ਦਾ ਮੈਂ ਵਰਣਨ ਕਰ ਰਿਹਾ ਹਾਂ, ਉਹ ਇਹਨਾਂ ਬਿਲਕੁਲ ਵੱਖਰੀ ਭਾਂਤ ਦਾ ਹੈ। ਬੜਾ ਵਿਰਲਾ ਸੰਜੋਗੀ ਮੇਲ ਹੈ। ਜਦੋਂ ਹਉਮੈ ਦੀਆਂ ਬੱਜਰ-ਕੰਧਾਂ ਚੂਰ ਚੂਰ ਹੋ ਜਾਂਦੀਆਂ ਹਨ, ਜਦੋਂ ਆਤਮਾ ਦੇ ਅਡਰੇਪਣ ਦੀ ਅਵਸਥਾ ਪੂਰੀ ਤਰ੍ਹਾਂ ਨਸ਼ਟ ਹੋ ਜਾਂਦੀ ਹੈ, ਇਸ ਦੇ ਸਭ ਬੰਧਨ ਪਰੇ ਹਟ ਜਾਂਦੇ ਹਨ, ਆਤਮਾ ਪ੍ਰਭੂ ਦੇ ਪ੍ਰੇਮ ਤੇ ਨਦਰਿ ਕਰਮ ਦੁਆਰਾ ਸੁਤੰਤਰ ਹੋ ਜਾਂਦੀ ਹੈ, ਤਦੋਂ ਹੀ ਅਜਿਹੀ ਸੰਜੋਗੀ ਅਵਸਥਾ ਪ੍ਰਾਪਤ ਹੁੰਦੀ ਹੈ। ਅਜਿਹੀ ਅਵਸਥਾ ਵਿਚ ਗੁਰੂ ਸਿੱਖ ਵਿਚ ਤੇ ਸਿੱਖ ਗੁਰੂ ਵਿਚ ਅਭੇਦ ਹੋ ਜਾਂਦਾ ਹੈ। ਇਹ ਸੰਜੋਗੀ ਮੇਲ ਤਾਂ ਇਕ ਪ੍ਰਤੀਕ ਹੈ ਤੇ ਬੜਾ ਦੁਰਲੱਭ ਹੈ। ਅਜਿਹੀਆਂ ਸੰਜੋਗੀ

ਅਵਸਥਾਵਾਂ ਇਸਤਰੀ ਪੁਰਸ਼ ਦੇ ਜੀਵਨ ਵਿਚ ਬਹੁਤ ਘੱਟ (ਕਦੀ ਕਦਾਈਂ) ਹੀ ਆਉਂਦੀਆਂ ਹਨ, ਜਦੋਂ ਇਸਤਰੀ ਆਪਣੇ ਆਪੇ ਨੂੰ ਪੁਰਸ਼ ਵਿਚ ਤੇ ਪੁਰਸ਼ ਆਪਣੇ ਆਪੇ ਨੂੰ ਇਸਤਰੀ ਵਿਚ ਘੋਲ ਦਿੰਦਾ ਹੈ। ਜਦੋਂ ਅਜਿਹੀ ਸੰਜੋਗੀ ਅਵਸਥਾ ਭੰਗ ਹੋ ਜਾਂਦੀ ਹੈ ਤਾਂ ਉਹਨਾਂ ਅੰਤਰਾਲਾਂ ਵਿਚ ਸਿੱਖ ਇਸ ਸੰਜੋਗੀ ਮੇਲ ਦੀ ਪ੍ਰੇਰਨਾਮਈ ਅਵਸਥਾ ਵਿਚ ਰੱਤਾ ਰਹਿੰਦਾ ਹੈ। ਪਰ ਇਸਤਰੀ ਅਤੇ ਪੁਰਸ਼ ਦੇ ਸਾਧਾਰਨ ਸੰਜੋਗ-ਮਿਲਾਪ ਦੇ ਅੰਤਰਾਲਾਂ ਵਿਚ ਉਹ ਇਕ ਦੂਜੇ ਨੂੰ ਪੁਨਰ-ਮਿਲਣ ਦੀ ਸਰੀਰਕ ਕਾਮਨਾ ਕਰਦੇ ਰਹਿੰਦੇ ਹਨ ਜੋ ਕਿ ਉਹਨਾਂ ਦੇ ਵਸ ਦੀ ਗੱਲ ਨਹੀਂ ਹੁੰਦੀ।

ਜਿਵੇਂ ਕਿ ਪੰਛੀਆਂ ਦੀ ਹਾਲਤ ਵਿਚ ਹੁੰਦਾ ਹੈ, ਦੋਵੇਂ ਨਰ ਤੇ ਮਾਦਾ ਆਪਣੇ ਆਪਣੇ ਪਿੰਜਰਿਆਂ ਵਿਚ ਇਕ ਦੂਜੇ ਨੂੰ ਮਿਲਣ ਦੀ ਖਾਤਰ ਫੜਫੜਾਉਂਦੇ ਰਹਿੰਦੇ ਹਨ। ਇਸੇ ਤਰ੍ਹਾਂ ਜਦੋਂ ਇਸਤਰੀ ਪੁਰਸ਼ ਇਕ ਦੂਜੇ ਨੂੰ ਮਿਲਣ ਦਾ ਯਤਨ ਕਰਦੇ ਹਨ ਤਾਂ ਉਹਨਾਂ ਦੇ ਪਿੰਜਰੇ ਹੀ ਇਕ ਦੂਜੇ ਨਾਲ ਟਕਰਾਉਂਦੇ ਖੜਕਾਉਂਦੇ ਹਨ। ਇਹ ਪਿੰਜਰੇ ਤਾਂ ਟੁੱਟ ਨਹੀਂ ਸਕਦੇ। ਇਸ ਲਈ ਆਤਮਾ ਉਡਾਰੀ ਮਾਰਨ ਤੋਂ ਅਸਮਰਥ ਹੁੰਦੀ ਹੈ, ਪਰ ਸਿੱਖ ਜਾਂ ਮੁਰੀਦ ਦੀ ਹਾਲਤ ਵਿਚ ਇਹ ਉਸ ਸੰਜੋਗ ਦੇ ਪਰਮਾਨੰਦ ਅੱਗੇ ਪੂਰਨ ਸਮਰਪਣ ਦੀ ਅਵਸਥਾ ਹੁੰਦੀ ਹੈ ਤੇ ਅਜਿਹੀ ਦਸ਼ਾ ਵਿਚ ਸਿੱਖ ਜਾਂ ਮੁਰੀਦ ਦੀ ਹਾਲਤ ਉਸ ਕੰਜ-ਕੰਵਾਰੀ ਦੀ ਨਿਆਈਂ ਹੁੰਦੀ ਹੈ, ਜੋ ਆਪਣੇ ਸ਼ਹੁ ਪਤੀ ਦੇ ਮਿਲਾਪ ਲਈ ਤਾਂਘਦੀ ਹੈ ਤਦੋਂ ਸਿੱਖ ਜਾਂ ਜਿਗਿਆਸੂ ਇਕ ਭਾਵਨਾ ਯੁਕਤ ਗੀਤ ਬਣ ਜਾਂਦਾ ਹੈ। ਇਹ ਪ੍ਰਗੀਤ ਤੇ ਸੰਜੋਗ ਦੀ ਇੱਛਾ (ਕਾਮਨਾ) ਸਿਮਰਨ ਦੁਆਰਾ ਅਨੂਠੀ ਤਾਲਗਤੀ ਵਿਚ ਧੜਕਣ ਲਗਦੀ ਹੈ।

ਤੱਕੋ ! ਉਹ ਸੁਲੱਖਣੀ ਘੜੀ ਆ ਗਈ ਹੈ ਜਿਸ ਲਈ ਤੁਸੀਂ ਪ੍ਰਭੂ-ਪ੍ਰੀਤਮ ਦੇ ਮਿਲਾਪ ਤੇ ਬਖ਼ਸ਼ਿਸ਼ ਲਈ ਇਤਨੀ ਮਿਹਨਤ ਕੀਤੀ ਹੈ। ਹੁਣ ਉਹ ਸਮਾਂ ਆ ਪੁੱਜਾ ਹੈ ਜਦ ਪ੍ਰਭੂ ਪਤੀ ਆਪ ਤੁਹਾਡੇ ਬੁੱਲ੍ਹਾਂ ਨੂੰ ਉਹ ਪਿਰਮ-ਪਿਆਲਾ ਛੁਹਾ ਰਿਹਾ ਹੈ। ਗੁਰੂ ਦੇ ਸਿੱਖ ! ਇਸ ਪਿਆਲੇ ਨੂੰ ਘੁੱਟ ਕੇ ਫੜ ਲੈ ਤੇ ਉਸ ਸੂਰਜ ਵੱਲ ਤੱਕ। ਇਹ ਬਖ਼ਸ਼ਿਸ਼ ਤੈਨੂੰ ਉਸ ਗੁਰੂ ਦੀ ਗੋਦ ਵਿਚੋਂ ਹੋ ਰਹੀ ਹੈ ਜਿਸ ਨੇ ਸੂਰਜੀ ਦਸਤਾਰ ਸਜਾਈ ਹੋਈ ਹੈ।

ਤੂੰ ਪ੍ਰਭੂ ਦੇ ਸੰਜੋਗ ਨੂੰ ਪਾ ਲਿਆ ਹੈ। ਇਸ ਲਈ ਅੱਗੇ ਤੋਂ ਤੇਰਾ ਕੋਈ ਵੀ ਸੁਆਸ ਅਕਾਰਥ ਨਹੀਂ ਜਾਣਾ ਚਾਹੀਦਾ। ਜੇ ਤੂੰ ਅਜਿਹਾ ਕੋਈ ਯਤਨ ਵੀ ਕਰੇਂਗਾ ਤਾਂ ਕਰ ਨਹੀਂ ਸਕੇਂਗਾ ਕਿਉਂਜੋ ਅਜਿਹਾ ਕਰਨ ਨਾਲ ਤੂੰ ਉਸ ਸੂਰਜ ਨੂੰ ਹਨੇਰੇ ਵਿਚ ਢਕ ਦੇਵੇਂਗਾ ਜਿਸ ਨੂੰ ਤੂੰ ਵੇਖਿਆ ਹੈ। ਕੇਵਲ ਤੇਰੇ ਲਈ ਹੀ ਇਹ ਸੂਰਜ ਆਕਾਸ਼ ਵਿਚ ਉਦੈ ਹੋਇਆ ਸੀ।

ਕੋਈ ਵੀ ਕਦਮ ਰਸਤੇ ਤੋਂ ਖੁੰਝਣਾ ਨਹੀਂ ਚਾਹੀਦਾ। ਸਾਰੇ ਕਦਮ ਉਸੇ ਮਾਰਗ ਵੱਲ ਵਧਣੇ ਚਾਹੀਦੇ ਹਨ ਤੇ ਉਸ ਦਿਸ਼ਾ ਵੱਲ ਜਾਣੇ ਚਾਹੀਦੇ ਹਨ ਜਿਸ ਤੋਂ ਤੁਹਾਡੇ ਹਿਰਦੇ ਅੰਦਰ ਸੂਰਜ ਦਾ ਪ੍ਰਕਾਸ਼ ਹੋਇਆ ਹੈ।

ਚੰਗੀ ਨੀਂਦ ਲਵੋ, ਕਿਉਂਜੋ ਇਸ ਦੌਰਾਨ ਤੁਸੀਂ ਉਸ ਪ੍ਰਭੂ-ਪ੍ਰੀਤਮ ਨੂੰ ਮਿਲ ਸਕਦੇ ਹੋ, ਜਿਸ ਨੂੰ ਤੁਸੀਂ ਕੋਈ ਸੰਦੇਸ਼ਾ ਨਹੀਂ ਭੇਜ ਸਕਦੇ, ਨਾ ਹੀ ਜਿਸ ਵੱਲੋਂ ਤੁਹਾਨੂੰ ਕੋਈ ਸੁਨੇਹਾ ਪੁੱਜ ਸਕਦਾ ਹੈ।

ਚੰਗੀ ਨੀਂਦ ਲਵੋ, ਸ਼ਾਇਦ ਤੁਹਾਨੂੰ ਉਸ ਸੁੰਦਰ ਪ੍ਰੀਤਮ ਦੇ ਦਰਸ਼ਨ ਹੋ ਜਾਣ ਤੇ ਤੁਹਾਨੂੰ ਆਪਣੀ ਨੀਂਦ ਦੌਰਾਨ ਉਸ ਦੇ ਮਿੱਠੇ ਸੁਪਨੇ ਆਉਣ।

ਯਾਦ ਰੱਖੋ ! ਮੇਰਾ ਕੋਈ ਵੀ ਸਤਹੀ ਅਰਥਾਤ ਬਾਹਰੀ ਨਾਮ ਨਹੀਂ ਹੈ। ਮੈਂ ਤਾਂ ਉਹ ਹਾਂ, ਜੋ ਤੁਹਾਡੇ ਹਿਰਦੇ ਤੇ ਆਤਮਾ ਵਿਚ ਪ੍ਰੇਮ ਅਤੇ ਮਧੁਰਤਾ ਦਾ ਗੀਤ ਗਾਉਂਦਾ ਹਾਂ। ਇਸ ਪ੍ਰੇਮ ਅਤੇ ਮਧੁਰਤਾ ਦਾ ਕੋਈ ਵੀ ਨਾਮ ਨਹੀਂ ਹੈ। ਦੈਵੀ ਹੋਂਦ ਦਾ ਮਧੂ ਰਸ ਹੀ ਇਸ ਦਾ ਨਾਮ ਹੈ। ਜਦੋਂ ਮੈਂ ਇਹ ਕਹਿੰਦਾ ਹਾਂ, ''ਉਸ ਦੇ ਨਾਮ ਦਾ ਉਚਾਰਨ ਕਰੋ'' ਤਾਂ ਤੁਹਾਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਇਸ ਦਾ ਕੀ ਭਾਵ ਹੁੰਦਾ ਹੈ। ਅਗਿਆਨੀ ਨਾ ਬਣੋ ਅਤੇ ਕੇਵਲ ਬਾਹਰੀ ਮਾਲਾ ਦੇ ਮਣਕੇ ਹੀ ਨਾ ਫੇਰਦੇ ਰਹੋ।

ਮੇਰੇ ਮੁਰੀਦ ! ਤੂੰ ਇਸ ਗੱਲ ਨੂੰ ਚੰਗੀ ਤਰ੍ਹਾਂ ਸੁਣ ਲੈ ਤੇ ਆਪਣੇ ਆਪ ਨੂੰ ਇਸ ਤਰ੍ਹਾਂ ਬਣਾ ਕਿ ਤੂੰ ਪ੍ਰਭੂ-ਪ੍ਰੀਤਮ ਦੇ ਨਾਮ ਅੰਮ੍ਰਿਤ ਨਾਲ ਇਸ ਤਰ੍ਹਾਂ ਭਰਪੂਰ ਹੋ ਜਾਵੇਂ ਕਿ ਤੂੰ ਇਕ ਜਿਉਂਦਾ ਜਾਗਦਾ, ਵਹਿੰਦਾ ਉਹ ਚਸ਼ਮਾ ਬਣ ਜਾਵੇਂ ਜਿਥੇ ਆ ਕੇ ਸਭ ਇਸਤਰੀ ਪੁਰਸ਼ ਉਸ ਪ੍ਰਭੂ ਦੀ ਮਹਿਮਾ ਦੇ ਅੰਮ੍ਰਿਤ ਜਲ ਨੂੰ ਪੀ ਸਕਣ।

ਤੇਰੀ ਆਤਮਾ ਦੀਆਂ ਡੂੰਘੀਆਂ ਤਹਿਆਂ ਵਿਚ ਪ੍ਰੇਮ ਦਾ ਵਾਸਾ ਹੋਣਾ ਚਾਹੀਦਾ ਹੈ। ਇਹੋ ਹੀ ਪ੍ਰਭੂ ਦਾ ਪਵਿੱਤਰ ਨਾਮ ਹੈ, ਜਿਸ ਦਾ ਨਿਵਾਸ ਤੇਰੇ ਅੰਦਰ ਹੈ। ਜੇ ਅਜਿਹਾ ਹੋ ਜਾਂਦਾ ਹੈ ਤਾਂ ਤੇਰਾ ਇਸ ਲੋਕ ਦਾ ਸਾਰਾ ਜੀਵਨ ਵੀ ਪ੍ਰੇਮਮਈ ਹੋ ਜਾਵੇਗਾ। ਰੱਬੀ ਪ੍ਰੇਮ ਦਾ ਜਿਉਂਦਾ ਜਾਗਦਾ ਗੀਤ।

ਗੁਰੂ ਜੀ ਦਾ ਫੁਰਮਾਨ ਹੈ ਕਿ ਜਿਹੜੇ ਕਾਮਨਾ ਦੇ ਨੀਵੇਂ ਸੰਸਾਰ ਵਿਚ ਰਹਿ ਰਹੇ ਹਨ ਤੇ ਇਸ ਆਤਮਿਕ ਇਕਰੂਪਤਾ ਤੋਂ ਅਗਿਆਤ ਹਨ, ਨਾਮ ਤੋਂ ਅਨਜਾਣ ਹਨ, ਉਹ ਮੈਨੂੰ ਤੇਰੇ ਰਾਹੀਂ ਹੀ ਜਾਣ ਸਕਦੇ ਹਨ, ਉਸ ਚਮਕ ਤੋਂ ਜੋ ਤੇਰੇ ਚਿਹਰੇ 'ਤੇ ਪਸਰ ਰਹੀ ਹੈ, ਇਸ ਨੂੰ ਉਹ ਤੇਰੇ ਚਿਹਰੇ ਤੋਂ ਲੱਖ-ਪੇਖ ਸਕਦੇ ਹਨ। ਉਹਨਾਂ ਲਈ ਜਿਨ੍ਹਾਂ ਨੇ ਮੈਨੂੰ ਨਹੀਂ ਦੇਖਿਆ, ਮੈਂ ਕੇਵਲ ਬੀਤੇ ਦੇ ਇਕ ਧੁੰਦਲੇ ਪ੍ਰਛਾਵੇਂ ਮਾਤਰ ਹੀ ਹਾਂ, ਉਹ ਤੇਰੇ ਕੋਲ ਆ ਕੇ ਮੈਨੂੰ ਕੇਵਲ ਤੇਰੇ ਰਾਹੀਂ ਹੀ ਵੇਖ ਸਕਦੇ ਹਨ। ਇਕ ਚਿੰਤਕ ਲਈ ਤਾਂ ਮੈਂ ਕੇਵਲ ਸੋਚ ਵਿਚਾਰ ਦਾ ਇਕ ਜਲਕਣ ਹੀ ਹਾਂ।

ਇਸ ਲਈ ਹੇ ਮੁਰੀਦ ! ਇਸ ਧਰਮ ਉਤੇ ਤੈਨੂੰ ਇਸ ਤਰ੍ਹਾਂ ਵਿਚਰਨਾ ਚਾਹੀਦਾ ਹੈ ਜਿਵੇਂ ਮੈਂ ਤੇ ਤੂੰ ਇਕ-ਜਾਨ ਹੋਈਏ ਅਤੇ ਇਕੱਠੇ ਵਿਚਰ ਰਹੇ ਹੋਈਏ। ਤੇਰਾ ਤੇ ਮੇਰਾ ਇਹ ਮੇਲ ਨਾਮ ਦਾ ਸਾਕਾਰ ਰੂਪ ਹੀ ਹੈ। ਉਹਨਾਂ ਲਈ ਜਿਹੜੇ ਹਾਲੀ ਇਸ ਘਾਟੀ ਦੀਆਂ ਡੂੰਘਾਣਾਂ ਵਿਚ ਖੜ੍ਹੇ ਹਨ। ਮੇਰੀ ਝਲਕ ਪਰਬਤ ਦੀਆਂ ਟੀਸੀਆਂ ਉਪਰ ਦਿਖਾਈ ਦਿੰਦੀ ਬਰਫ ਦੇ ਧੌਲਾਧਾਰ ਸਮਾਨ

ਹੈ।

ਮੈਂ ਪ੍ਰਭੂ ਦੇ ਨਾਮ ਦੁਆਰਾ ਸਦਾ ਤੇਰੇ ਅੰਗ-ਸੰਗ ਹੋਣ ਦਾ ਵਚਨ ਦੇਂਦਾ ਹਾਂ ਕਿ ਕੇਵਲ ਹੋਰਾਂ ਨਾਲੋਂ ਤੂੰ ਹੀ ਇਸ ਨਾਮ ਨੂੰ ਮੇਰੇ ਹੋਠਾਂ ਤੋਂ ਸਰਵਣ ਕੀਤਾ ਹੈ। ਤੂੰ ਇਸ ਦੇ ਰੰਗ ਨੂੰ ਨਿਹਾਰ ਲਿਆ ਹੈ, ਇਹੀ ਇਸ ਦਾ ਰੂਪ ਹੈ, ਏਹੀ ਇਸ ਦਾ ਪ੍ਰਕਾਸ਼ ਹੈ, ਇਹੀ ਇਸ ਦੀ ਸੁੰਦਰਤਾ ਹੈ। ਹੁਣ ਤੇਰੀ ਤਸੱਲੀ ਹੋ ਚੁੱਕੀ ਹੈ ਕਿ ਸ਼ਬਦ ਹੀ ਬ੍ਰਹਮ ਹੈ। ਮੈਂ ਤਾਂ ਕੇਵਲ ਗੀਤ ਰੂਪ ਹਾਂ।

ਮੇਰਾ ਗੀਤ ਹੀ ਮੈਂ ਹਾਂ। ਜਦੋਂ ਤੂੰ ਮੇਰੇ ਗੀਤਾਂ ਨੂੰ ਗਾ ਰਿਹਾ ਹੁੰਦਾ ਹੈਂ ਤਾਂ ਮੈਂ ਤੇਰੇ ਅੰਗ ਸੰਗ ਹੁੰਦਾ ਹਾਂ, ਪਰ ਮੈਂ ਤੈਨੂੰ ਇਹ ਵੀ ਦੱਸ ਦੇਵਾਂ ਕਿ ਹੋਰ ਸਭ ਗੀਤ ਤੇ ਮੇਰੇ ਸਭ ਨਾਮ ਵਿਅਰਥ ਹਨ, ਇਹਨਾਂ ਦਾ ਉਹ ਮਹੱਤਵ ਨਹੀਂ ਜੋ ਤੂੰ ਮੈਨੂੰ ਮਿਲ ਕੇ ਜਾਣ ਲਿਆ ਹੈ, ਮੇਰੀ ਛੁਹ ਨੂੰ ਪ੍ਰਾਪਤ ਕਰਕੇ ਸਾਈਂ ਦੇ ਪੇਰਮ-ਪਿਆਲੇ ਦੇ ਅੰਮ੍ਰਿਤ ਰਸ ਨੂੰ ਚੱਖ ਕੇ ਪਾ ਲਿਆ ਹੈ। ਇਸ ਪਿਰਮ-ਪਿਆਲੇ ਦੇ ਅੰਮ੍ਰਿਤ ਰਸ ਨੂੰ ਚੱਖਣ ਤੋਂ ਬਿਨਾਂ, ਮੇਰੇ ਨਾਲ ਇਕਰੂਪ ਹੋਣ ਤੋਂ ਬਿਨਾਂ, ਮੇਰੇ ਇਸ ਗੀਤ ਦੇ ਅਰਥਾਂ ਦਾ ਸੱਚਾ ਬੋਧ ਤੈਨੂੰ ਵੀ ਪ੍ਰਾਪਤ ਨਹੀਂ ਹੋ ਸਕੇਗਾ। ਇਸ ਤੋਂ ਬਿਨਾਂ ਤੁਸੀਂ ਇਸ ਗੀਤ ਨੂੰ ਨੀਵੇਂ ਪੱਧਰ ਦਾ ਵਹਿਮ ਭਰਮ ਬਣਾ ਦਿਉਂਗੇ ਤੇ ਇਸ ਨੂੰ ਨਿਸਤੇਜ਼ ਕਰ ਦਿਉਂਗੇ। ਮੈਂ ਤਾਂ ਤੇਰੇ ਪ੍ਰਤੀ ਉਤਨਾ ਹੀ ਭਾਵਕ ਹਾਂ ਜਿੰਨੇ ਭਾਵਕ ਤੁਸੀਂ ਉਸ ਇਸਤਰੀ ਪ੍ਰਤੀ ਹੋ ਸਕਦੇ ਹੋ ਜੋ ਤੁਹਾਡੀ ਪ੍ਰੇਮਕਾ ਹੈ ਤੇ ਜਿਵੇਂ ਉਸ ਇਸਤਰੀ ਦਾ ਤੁਹਾਡੇ ਪ੍ਰਤੀ ਭਾਵਕ ਪ੍ਰੇਮ ਹੈ, ਪਰ ਇਹ ਤੁਸੀਂ ਵੀ ਜਾਣਦੇ ਹੋ ਕਿ ਇਸਤਰੀ ਪੁਰਸ਼ ਦੇ ਸੰਜੋਗ ਦਾ ਅਨੰਦ ਤੁਹਾਡੇ ਦੋਹਾਂ ਦੀ ਸਮਰਥਾ ਤੋਂ ਬਾਹਰ ਦੀ ਗੱਲ ਹੈ। ਫਿਰ ਵੀ ਜਿਹੜਾ ਤੁਸੀਂ ਇਸ ਮਿਲਾਪ ਵਿਚੋਂ ਅਨੰਦ ਮਾਣ ਲਿਆ ਹੈ, ਉਹ ਤੁਹਾਡੀ ਯਾਦ ਵਿਚ ਸਦਾ ਸੁਰਜੀਤ ਰਹਿੰਦਾ ਹੈ ਤੇ ਸਿਮਰਨ ਦੁਆਰਾ ਤੁਸੀਂ ਉਸ ਨੂੰ ਦਿਨ ਰਾਤ ਮੁੜ ਮੁੜ ਮਾਣਦੇ ਰਹਿੰਦੇ ਹੋ। ਇਹੋ ਹੀ ਹੈ ਵਾਸਤਵਿਕਤਾ ਤੁਹਾਡੇ ਤੇ ਮੇਰੇ ਇਸ ਰਿਸ਼ਤੇ ਦੀ ਅਤੇ ਮੇਰੇ ਸ਼ਬਦ ਦੀ ਜੋ ਸੀਦੀਵੀ ਹੈ। ਆਤਮਿਕ ਮੇਲ ਜਿਥੇ 'ਤੂੰ' ਤੇ 'ਮੈਂ' ਦੀ ਭਾਵਨਾ ਤੋਂ ਅਸੀਂ ਉਪਰ ਉਠ ਖਲੋਂਦੇ ਹਾਂ—ਹੀ ਪ੍ਰੇਮ ਦਾ ਸੱਚਾ ਗੀਤ ਹੈ। ਇਸ ਲਈ ਮੇਰੇ ਮੁਰੀਦ ! ਤੂੰ ਇਹ ਗੱਲ ਭਲੀ ਪ੍ਰਕਾਰ ਜਾਣ ਲੈ ਕਿ ਉਹ ਤੈਨੂੰ ਤੇਰੀ ਕਿਰਤ ਰਾਹੀਂ ਜਾਣ ਸਕਦੇ ਹਨ ਨਾ ਕਿ ਤੇਰੇ ਮੁਖ ਤੋਂ ਉਚਾਰੇ ਗਏ ਸ਼ਬਦਾਂ ਦੁਆਰਾ। ਮੈਨੂੰ ਵੀ ਤੂੰ ਕਿਸੇ ਮੁਖ ਤੋਂ ਉਚਾਰੇ ਗਏ ਸ਼ਬਦ ਦੁਆਰਾ ਨਹੀਂ ਜਾਣਿਆ।

ਮੇਰੇ ਤੱਕ ਆਉਣ ਲਈ ਤੁਹਾਨੂੰ ਬਹੁਤ ਸਮਾਂ ਲੱਗਾ ਹੈ। ਯਾਦ ਕਰ ! ਮੈਨੂੰ ਪ੍ਰਾਪਤ ਕਰਨ ਲਈ ਤੂੰ ਕਿੰਨੀ ਮਿਹਨਤ ਕੀਤੀ ਹੈ, ਕਿੰਨਾਂ ਸਿਕਦਾ ਰਿਹਾ ਹੈਂ, ਕਿੰਨਾਂ ਢੂੰਡਦਾ ਰਿਹਾ ਹੈਂ, ਕਿੰਨੀ ਮੁਸ਼ੱਕਤ ਤੇ ਘਾਲ ਘਾਲਦਾ ਰਿਹਾ ਹੈਂ, ਕਿੰਨਾਂ ਲੁਛਦਾ-ਤੜਫਦਾ ਤੇ ਪੁਕਾਰਦਾ ਰਿਹਾ ਹੈਂ। ਤੈਨੂੰ ਵੇਖ ਕੇ ਕਿ ਤੂੰ ਪ੍ਰੇਮ ਦੀ ਬਿਰਹਾ ਵਿਚ ਕਿੰਨਾਂ ਤੜਪਿਆ ਹੈਂ, ਉਹ ਇਸੇ ਪ੍ਰੇਮ ਦੇ ਬਿਰਹਾ ਦੇ ਦਰਦ ਤੇ ਵੇਦਨਾ ਨੂੰ ਜਾਣ ਸਕਦੇ ਹਨ। ਪਰ ਹੁਣ ਉਹਨਾਂ ਦਾ ਰਾਹ ਸੁਖਾਲਾ ਹੋ ਗਿਆ

ਹੈ ਕਿਉਂਜੋ ਹੁਣ ਉਹਨਾਂ ਵਿਚੋਂ ਇਕ ਨੂੰ ਅਰਥਾਤ ਤੈਨੂੰ ਉਹ ਮਾਰਗ ਮਿਲ ਗਿਆ ਹੈ। ਤੇਰੇ ਵਿਚੋਂ ਵੀ ਉਹ ਉਸ ਅਨੰਤ ਅਨੰਦ ਦੁਆਰਾ ਵੇਖ ਸਕਣਗੇ ਜੋ ਤੈਨੂੰ ਪ੍ਰਾਪਤ ਹੋਇਆ ਹੈ। ਕੇਵਲ ਤੈਨੂੰ ਜਾਣ ਕੇ ਨਹੀਂ।

ਇਸ ਲਈ ਉਹਨਾਂ ਸਭ ਕੋਲੋਂ ਮੇਰਾ ਨਾਮ ਛੁਪਾ ਕੇ ਰੱਖ ਜਿਨ੍ਹਾਂ ਨੇ ਹਾਲੀ ਤੱਕ ਮੈਨੂੰ ਜਾਤਾ ਨਹੀਂ ਹੈ। ਉਹਨਾਂ ਕੋਲ ਕੇਵਲ ਮੇਰੀ ਅਨਾਮ-ਆਤਮਾ ਨੂੰ ਪ੍ਰਗਟ ਕਰੋ ਜੋ ਮਨੁੱਖੀ ਪ੍ਰੇਮ ਦੇ ਰੂਪ ਵਿਚ ਤੁਹਾਡੇ ਅੰਦਰ ਵਿਚਰ ਰਹੀ ਹੈ ਅਤੇ ਜਿਸ ਨੇ ਤੁਹਾਡੇ ਅੰਦਰ ਦੈਵੀ ਰੂਪ ਧਾਰਨ ਕਰ ਲਿਆ ਹੈ। ਜੋ ਤੁਹਾਡੇ ਵਿਚ ਵਿਦਮਾਨ ਹੈ ਅਤੇ ਤੁਹਾਡੇ ਦੁਆਰਾ ਸਾਕਾਰ ਹੋ ਚੁੱਕੀ ਹੈ।

ਪ੍ਰਮਾਤਮਾ ਨੂੰ ਉਹਨਾਂ ਨਾਮਾਂ ਵਿਚ ਸੀਮਤ ਨਾ ਕਰੋ ਜਿਨ੍ਹਾਂ ਦਾ ਕਿ ਕੋਈ ਅਰਥ ਨਹੀਂ ਹੈ। ਪ੍ਰਮਾਤਮਾ ਨੂੰ ਜੋ ਕਿ ਪ੍ਰੇਮ ਸਰੂਪ ਹੈ, ਇਸ ਤਰ੍ਹਾਂ ਰੰਗਾਂ ਤੇ ਮੱਤਾਂ ਦੀਆਂ ਵਲਗਣਾਂ ਵਿਚ ਬੰਦ ਨਾ ਕਰੋ। ਪ੍ਰਭੂ ਤਾਂ ਰੂਪ-ਰੰਗ ਤੇ ਚੱਕਰ-ਚਿਹਨ ਤੋਂ ਪਰੇ ਹੈ।

ਜਿਹੜੇ ਮੈਨੂੰ ਨਹੀਂ ਜਾਣਦੇ, ਉਹਨਾਂ ਨੇ ਮਨੁੱਖ ਨੂੰ ਭਿੰਨ ਭਿੰਨ ਸਮੂਹਾਂ, ਮੱਤਾਂ-ਮਤਾਂਤਰਾਂ ਵਿਚ ਆਪਣੇ ਆਪ ਹੀ ਵੰਡ ਦਿੱਤਾ ਹੈ। ਇਹ ਤਾਂ ਨਫ਼ਰਤ ਦਾ ਬੀਜ ਬੀਜਣ ਵਾਲੀ ਗੱਲ ਸੀ। ਇਸ ਤਰ੍ਹਾਂ ਧਰਮ ਮਨੁੱਖ ਦਾ ਸਭ ਤੋਂ ਭੈੜਾ ਸਰਾਪ ਤੇ ਉਸ ਦਾ ਸਭ ਤੋਂ ਬੁਰਾ ਬੰਧਨ ਬਣ ਗਿਆ ਹੈ।

ਸਭ ਪ੍ਰਕਾਰ ਦੀ ਨਫ਼ਰਤ ਉਹਨਾਂ ਦੇ ਇਸ ਪ੍ਰਚਾਰ ਕਾਰਨ ਹੀ ਉਪਜੀ ਹੈ ਜਿਨ੍ਹਾਂ ਨੇ ਪ੍ਰਭੂ ਦੀ ਥਾਂ ਆਪਣੇ ਨਾਂ ਦਾ ਹੀ ਪ੍ਰਚਾਰ ਕੀਤਾ ਹੈ ਅਤੇ ਪ੍ਰੇਮ ਦੇ ਉਸ ਮਹਾਨ ਨਾਮ ਨੂੰ ਅੱਖੋ-ਪਰੋਖੇ ਕਰ ਦਿੱਤਾ, ਜਿਸ ਦਾ ਨਿਵਾਸ ਮਨੁੱਖ ਦੀ ਆਤਮਾ ਦੇ ਅੰਦਰ ਹੈ।

ਇਸ ਲਈ ਭਗਤ ਜਨੋ ! ਇਸ ਗੱਲੋਂ ਸਾਵਧਾਨ ਰਹੋ, ਨਹੀਂ ਤਾਂ ਤੁਸੀਂ ਵੀ ਸਖਣੇ ਨਾਮਾਂ ਦਾ ਹੀ ਪ੍ਰਚਾਰ ਕਰ ਰਹੇ ਹੋਵੋਗੇ। ਜੇ ਪ੍ਰਚਾਰ ਕਰ ਸਕਦੇ ਹੋ ਤਾਂ ਬੇਸ਼ਕ ਕਰੋ, ਪਰ ਪ੍ਰਭੂ ਨਾਲ ਪਈ ਸਾਂਝ ਅਥਵਾ ਸੰਜੋਗ ਤਾਂ ਪ੍ਰਚਾਰ ਤੋਂ ਪਰੇ ਦੀ ਗੱਲ ਹੈ। ਇਹ ਤਾਂ ਅਨੁਭਵ ਦਾ ਵਿਸ਼ਾ ਹੈ। ਤੁਸੀਂ ਇਸ ਦਾ ਪ੍ਰਚਾਰ ਨਹੀਂ ਕਰ ਸਕਦੇ। ਤੁਸੀਂ ਤਾਂ ਕੇਵਲ ਉਸ ਦਾ ਸਾਖਿਆਤ ਸਰੂਪ ਹੋ ਸਕਦੇ ਹੋ।

ਤੁਹਾਡਾ ਪ੍ਰੇਮ, ਪ੍ਰੀਸ਼ਰਮ ਤੇ ਪ੍ਰਭੂ ਮਿਲਾਪ ਲਈ ਅਬੋਲ ਸਿਕ ਦਾ ਬੋਲ ਹੀ ਤਾਰਿਆਂ ਸਮਾਨ ਉਸ ਪ੍ਰਭੂ ਦਾ ਪ੍ਰਕਾਸ਼ ਹੋਣਾ ਚਾਹੀਦਾ ਹੈ, ਜੋ ਆਕਾਸ਼ ਵਿਚ ਚਮਕਦੇ ਤਾਂ ਹਨ, ਪਰ ਰਹਿੰਦੇ ਮੋਨ ਹਨ।

ਜਿੰਨਾਂ ਚਿਰ ਤੱਕ ਉਹਨਾਂ ਨੇ ਮੈਨੂੰ ਨਹੀਂ ਤੱਕਿਆ, ਉਹਨਾਂ ਦੇ ਬਾਹਰੀ ਗੁਣ-ਅਵਗੁਣ ਬੜੇ ਤੁਛ ਮੁੱਲ ਵਾਲੇ ਹਨ। ਉਹਨਾਂ ਦਾ ਰੇਸ਼ਮੀ ਪਿਤੰਬਰੀ ਬਾਣਾ ਪਾ ਕੇ ਨਦੀ ਕੰਢੇ ਧਰਮ ਪੋਥੀਆਂ ਦਾ ਪਾਠ ਕਰਨਾ, ਨਾਟ-ਭਵਨਾਂ ਵਿਚ ਨ੍ਰਿਤਕੀਆਂ ਦੇ ਨਾਚ ਸਮਾਨ ਹੈ। ਧਾਰਮਿਕ ਸਥਾਨ ਵੀ ਆਤਮਾ ਦੀ ਮੌਤ ਕਰ ਦੇਣ ਵਾਲੇ ਹਨ ਅਰਥਾਤ ਜੂਏ ਖ਼ਾਨੇ ਦੀ ਨਿਆਈਂ ਹਨ। ਉਹਨਾਂ ਦੀ ਮਾਨਵਤਾਵਾਦੀ ਉਪਕਾਰੀ ਭਾਵਨਾ ਵੀ ਉਸੇ ਧਰਤੀ ਦੀ ਗੱਲ ਹੋ ਨਿਬੜਦੀ ਹੈ

ਜਿਸ ਧਰਤੀ ਉੱਤੇ ਬਦਚਲਨ ਬਾਜ਼ਾਰੀ ਇਸਤਰੀਆਂ ਰਹਿੰਦੀਆਂ ਹਨ। ਉਹਨਾਂ ਦੀ ਸਰੀਰਕ ਡੀਲ ਡੌਲ ਵਿਦਵਾਨ ਪੰਡਤਾਂ ਤੇ ਭਲੇ ਪੁਰਸ਼ਾਂ ਵਾਲੀ ਹੁੰਦੀ ਹੈ, ਪਰ ਉਹਨਾਂ ਵਿਚ ਨਵਾਂ ਆਤਮਿਕ ਜੀਵਨ ਉਸ ਸਮੇਂ ਹੀ ਆਰੰਭ ਹੁੰਦਾ ਹੈ ਜਦੋਂ ਉਹਨਾਂ ਦੀ ਆਤਮਾ ਵਿਚ ਊਸ਼ਾ ਦਾ ਪ੍ਰਕਾਸ਼ ਹੁੰਦਾ ਹੈ। ਗੁਰ-ਪ੍ਰਸਾਦਿ ਅਰਥਾਤ ਪ੍ਰੇਮ ਦਾ ਸੂਰਜ ਮਨੁੱਖ ਦੇ ਕਰਮਾਂ ਤੇ ਕਰਤੂਤਾਂ ਨੂੰ ਵਿਚਾਰੇ ਬਿਨਾਂ ਹੀ ਚੜ੍ਹਦਾ ਹੈ। ਅਸੀਂ ਇੰਜ ਕਹਿ ਸਕਦੇ ਹਾਂ ਕਿ ਸੂਰਜ ਤਾਂ ਹਨੇਰੇ ਦੇ ਕਰਮਾਂ ਦਾ ਕਦੀ ਖ਼ਿਆਲ ਨਹੀਂ ਕਰਦਾ। ਉਸ ਨੂੰ ਤਾਂ ਕੇਵਲ ਪ੍ਰਕਾਸ਼ ਦਾ ਹੀ ਗਿਆਨ ਹੈ ਜਿਸ ਦੇ ਚਾਨਣ ਵਿਚ ਸਵੇਰ ਸਾਰ ਫੁੱਲ ਖਿੜ ਪੈਂਦੇ ਹਨ। ਜਿਸ ਤਰ੍ਹਾਂ ਰਾਤ ਦੀ ਉਦਾਸੀ ਵਿਚੋਂ ਸੂਰਜ ਚੜ੍ਹਦਾ ਹੈ, ਕੌਣ ਜਾਣ ਸਕਦਾ ਹੈ ਕਿ ਕੋਈ ਇਕ ਇਸਤਰੀ ਜਾਂ ਪੁਰਸ਼ ਉਸ ਅੰਧਕਾਰ ਵਿਚੋਂ ਹੀ ਚਮਕ ਪਵੇ ਜਿਸ ਨੂੰ ਤੁਸੀਂ ਪਾਪਾਂ ਸਰਾਪਾਂ ਦਾ ਗੂੜ੍ਹਾ ਹਨੇਰਾ ਦਸਦੇ ਹੋ। ਇਸ ਲਈ ਕੋਈ ਪੱਕੀ ਧਾਰਨਾ ਨਾ ਬਣਾਉ ਕਿਉਂਜੋ ਕਈ ਵਾਰ ਸਰਵੁਚ ਸ਼ਕਤੀ ਦੂਸ਼ਿਤ ਵਾਤਾਵਰਣ ਵਿਚੋਂ ਵੀ ਪੈਦਾ ਹੋ ਸਕਦੀ ਹੈ ਅਤੇ ਉਥੇ ਹੀ ਉਸ ਰੁਖ ਦੀ ਨਿਆਈਂ ਵਧਦੀ ਫੁਲਦੀ ਹੈ ਜਿਹੜਾ ਕਿ ਗੰਦਗੀ ਭਰੀ ਧਰਤੀ ਵਿਚੋਂ ਉਗ ਕੇ ਫੁਲਦਾ ਫਲਦਾ ਹੈ ਤੇ ਆਪਣੇ ਸਾਏਦਾਰ ਛਤਰ ਨੂੰ ਪ੍ਰਭੂ ਦੇ ਮੰਦਰ ਉਤੇ ਵੀ ਫੈਲਾ ਦਿੰਦਾ ਹੈ। ਜੀਵਨ ਦੇ ਸੱਚ ਦਾ ਰਹੱਸ ਤਾਂ ਗੁਰੂ ਜੀ ਵੱਲੋਂ ਤੁਹਾਡੇ ਲਈ ਪ੍ਰਗਟਾਏ ਪ੍ਰੇਮ ਵਿਚ ਹੈ ਨਾ ਕਿ ਉਸ ਪ੍ਰਤੀ ਤੁਹਾਡੇ ਵੱਲੋਂ ਪ੍ਰਗਟਾਏ ਪ੍ਰੇਮ ਵਿਚ। ਇਹ ਤਾਂ ਗੁਰੂ ਨੂੰ ਹੀ ਗਿਆਨ ਹੈ ਕਿ ਉਹ ਤੁਹਾਡੇ ਤੋਂ ਕੀ ਆਸ ਰਖਦਾ ਹੈ ਨਾ ਕਿ ਤੁਹਾਡੇ ਵੱਲੋਂ ਗੁਰੂ ਜੀ ਉਤੇ ਲਾਈ ਆਸ ਉਤੇ।

ਕਈ ਵਾਰ ਤਾਂ ਮੈਂ ਵੇਸਵਾ ਦੀ ਫੁੱਲਾਂ ਦੀ ਭੇਟਾ ਨੂੰ ਪਰਵਾਨ ਕਰ ਲੈਂਦਾ ਹਾਂ। ਮਰ ਰਹੀ ਹਿਰਨੀ ਦੀ ਦਰਦ ਭਰੀ ਕੂਕ ਪੁਕਾਰ ਨੂੰ ਪ੍ਰੇਮ ਵਿਚ ਪਸੀਜ ਕੇ ਸੁਣਦਾ ਹਾਂ। ਪਰ ਮੈਨੂੰ ਪੁਜਾਰੀਆਂ ਦੀਆਂ ਉਚੀਆਂ ਸੁਰਾਂ ਵਿਚ ਕੀਤੀਆਂ ਗਈਆਂ ਪ੍ਰਾਰਥਨਾਵਾਂ ਅਤੇ ਮੰਦਰਾਂ ਉਤੇ ਚੜ੍ਹਾਏ ਗਏ ਫੁੱਲ ਤੇ ਧੂਪ ਦੀਪ ਨਹੀਂ ਭਾਉਂਦੇ।

ਕਈ ਵਾਰ ਤਾਂ ਦੁਖਿਆਰੀ ਨੀਲ ਗਾਂ ਅਤੇ ਪੀੜਾ ਗਰੱਸਿਆ ਸਰਪ ਮੈਨੂੰ ਮਨੁੱਖਾਂ ਨਾਲੋਂ ਵਧੇਰੇ ਚੰਗੀ ਤਰ੍ਹਾਂ ਜਾਣ ਰਿਹਾ ਹੁੰਦਾ ਹੈ।

ਕਈ ਵਾਰ ਤਾਂ ਉਹਨਾਂ ਮਨੁੱਖਾਂ ਦੀ ਤੁਲਨਾ ਵਿਚ ਜੋ ਮੇਰੇ ਬਾਰੇ ਗਿਆਨ ਪ੍ਰਾਪਤ ਕਰਨ ਲਈ ਅਤਿ ਦੇ ਤ੍ਰਿਖਾਵੰਤ ਹੁੰਦੇ ਹਨ। ਇਕ ਨੰਨ੍ਹੀ ਚਿੜੀ ਮੇਰੇ ਬਾਰੇ ਵਧੇਰੇ ਜਾਣ ਸਕਦੀ ਹੈ ਜੋ ਨਿੱਕੀ ਚੁੰਜ ਨਾਲ ਨਦੀ ਵਿਚੋਂ ਨੀਰ ਪੀ ਕੇ ਨੀਝ ਲਾ ਆਕਾਸ਼ ਵੱਲ ਤਕਦੀ ਹੈ।

ਇਸ ਲਈ ਇਸ ਗੱਲ ਦਾ ਅਭਿਮਾਨ ਨਾ ਕਰੋ ਕਿ ਤੁਸੀਂ ਆਕਾਸ਼ ਵਿਚ ਉਡ ਰਹੇ ਪੰਛੀਆਂ, ਵਣਾਂ ਦੇ ਜਾਨਵਰਾਂ ਅਤੇ ਬ੍ਰਿਛਾਂ ਨਾਲੋਂ ਵਧੇਰੇ ਮਹੱਤਵ ਵਾਲੇ ਹੋ।

ਕਈ ਵਾਰ ਤਾਂ ਮਨਮਰਜ਼ੀ ਨਾਲ ਆਕਾਸ਼ ਵੱਲ ਉਡ ਰਹੇ ਪੰਛੀ ਤੁਹਾਡੇ

ਮੰਦਰਾਂ ਦੇ ਕਲਸਾਂ ਦੀਆਂ ਚਮਕਦਾਰ ਨੋਕਾਂ ਦੀ ਤੁਲਨਾ ਵਿਚ ਮੇਰੇ ਕੋਲ ਵਧੇਰੇ ਛੇਤੀ ਪੁਜ ਜਾਂਦੇ ਹਨ।

ਕਿਸੇ ਦਰਖ਼ਤ ਦੀ ਛਾਂਦਾਰ ਛਤਰੀ ਮੇਰੇ ਲਈ ਤੁਹਾਡੇ ਸ਼ਹਿਰਾਂ ਦੀ ਤੁਲਨਾ ਵਿਚ ਚੰਗਾ ਸ਼ਹਿਰ ਹੋ ਸਕਦੀ ਹੈ, ਜਿਨ੍ਹਾਂ ਵਿਚ ਕਿ ਬਲ ਰਹੀਆਂ ਕਾਮਨਾਵਾਂ ਦੀ ਅਗਨੀ ਦੇ ਭੰਡਾਰ ਰਾਖ ਦੀ ਢੇਰੀ ਹੋ ਰਹੇ ਹਨ। ਜਾਨਵਰਾਂ ਦੀ ਮੇਰੇ ਲਈ ਮੌਨ ਖਿੱਚ ਚੁੱਪ ਦੀ ਬਾਣੀ ਹੈ ਜਿਸ ਦਾ ਸੰਗੀਤ ਮੈਨੂੰ ਖ਼ੁਸ਼ੀ ਦਿੰਦਾ ਹੈ। ਤੁਹਾਡੀਆਂ ਰਬਾਬਾਂ, ਸਾਰੰਗੀਆਂ ਤੇ ਸਿਤਾਰਾਂ ਦਾ ਸੰਗੀਤ ਕਈ ਵਾਰ ਮੇਰੇ ਮਨ ਨੂੰ ਬੋਝਲ ਲੱਗਣ ਲੱਗ ਪੈਂਦਾ ਹੈ ਜੋ ਮੈਨੂੰ ਚੀਲਾਂ ਦੇ ਵਣਾਂ ਵੱਲ ਜਾਣ ਲਈ ਮਜਬੂਰ ਕਰ ਦਿੰਦਾ ਹੈ। ਇਥੇ ਪਵਨਾਂ ਦੀ ਸਰਸਰਾਹਟ ਰੱਬੀ ਸੰਗੀਤ ਬਣ ਲਹਿਰਦੀ ਹੈ ਤੇ ਮੈਂ ਇਸ ਨੂੰ ਸੁਣ ਕੇ ਤਾਜ਼ਾ ਦਮ ਹੋ ਜਾਂਦਾ ਹਾਂ।

ਨਿੱਕੀ ਕੀੜੀ ਦੇ ਪੈਰਾਂ ਵਿਚ ਝਾਂਜਰਾਂ ਹਨ, ਤੁਸੀਂ ਉਹਨਾਂ ਨੂੰ ਨਹੀਂ ਦੇਖਿਆ। ਮੈਂ ਉਹਨਾਂ ਦੀਆਂ ਪ੍ਰਾਰਥਨਾਵਾਂ ਦੇ ਪ੍ਰਗੀਤਾਂ ਨੂੰ ਹਾਥੀਆਂ ਦੇ ਤੇਜ਼ ਨਗਾਰਿਆਂ ਤੋਂ ਛੇਤੀ ਸੁਣ ਲੈਂਦਾ ਹਾਂ।

ਇਸ ਲਈ ਹੇ ਜਿਗਿਆਸੂਓ ! ਆਪਣੀ ਪਾਰਸਾਈ ਤੇ ਭਗਤੀ 'ਤੇ ਫੋਕਾ ਮਾਣ ਨਾ ਕਰੋ। ਨਾ ਹੀ ਇਸ ਗੱਲ ਦਾ ਅਭਿਮਾਨ ਕਰੋ ਕਿ ਨੈਤਿਕ ਤੌਰ 'ਤੇ ਤੁਸੀਂ ਦੂਜਿਆਂ ਨਾਲੋਂ ਉਚੇਰੇ ਹੋ। ਪਰਮ ਤੱਤ ਬਾਰੇ ਆਪਣੇ ਗਿਆਨ ਨੂੰ ਆਧਾਰ ਬਣਾ ਕੇ ਸਭ ਬਾਰੇ ਨਿਰਣਾ ਨਾ ਕਰ ਲਵੋ। ਪਰਮ ਤੱਤ ਬਾਰੇ ਗਿਆਨ ਪ੍ਰਾਪਤ ਕਰਨ ਦੇ ਬਹੁਤ ਸਾਰੇ ਮਾਰਗ ਹਨ। ਕਈ ਪ੍ਰਕਾਰ ਦੇ ਹਾਦਸੇ ਅਚਾਨਕ ਹੀ ਵਾਪਰ ਜਾਂਦੇ ਹਨ, ਜੋ ਮਨੁੱਖਾਂ ਨੂੰ ਮੇਰੇ ਬਾਰੇ ਸੁਗਮ ਹੀ ਬੋਧ ਕਰਵਾ ਦਿੰਦੇ ਹਨ। ਕਈ ਵਾਰ ਤਾਂ ਅਜਿਹੇ ਹਾਦਸੇ ਮੇਰੇ ਤੱਕ ਪੁੱਜਣ ਲਈ ਸ਼ਾਹੀ ਮਾਰਗਾਂ ਨੂੰ ਖੋਲ੍ਹ ਦਿੰਦੇ ਹਨ।

ਬੁਤ ਪੂਜਾ ਨੂੰ ਤੱਕੋ ! ਮੈਂ ਉਸ ਕੁਮਾਰੀ ਨੂੰ ਚੁੰਮ ਲੈਂਦਾ ਹਾਂ, ਜੋ ਪਹਿਲੀ ਵਾਰ ਆਪਣੇ ਹੱਥਾਂ ਨਾਲ ਪੱਥਰ ਦੀ ਮੂਰਤੀ ਨੂੰ ਕੱਚੀ ਲੱਸੀ ਨਾਲ ਇਸ਼ਨਾਨ ਕਰਾਉਣ ਆਉਂਦੀ ਹੈ। ਉਹ ਤਾਂ ਅਬੋਲ ਹੀ ਆਈ ਹੈ, ਪਰ ਆਪਣੀ ਆਤਮਾ ਵਿਚ ਅਚੇਤ ਹੀ ਉਹ ਮੇਰੇ ਨਾਮ ਦਾ ਉਚਾਰਨ ਕਰ ਰਹੀ ਹੈ। ਉਸ ਦੇ ਬੋਲਾਂ ਨੂੰ ਕਿਸੇ ਨੇ ਨਹੀਂ ਸੁਣਿਆ, ਨਾ ਤੁਸਾਂ ਤੇ ਨਾ ਹੀ ਉਸ ਨੂੰ ਆਪ ਇਸ ਗੱਲ ਦਾ ਗਿਆਨ ਹੈ। ਉਸ ਵਿਚਾਰੀ ਨੂੰ ਤਾਂ ਇਸ ਗੱਲ ਦੀ ਵੀ ਖ਼ਬਰ ਨਹੀਂ ਕਿ ਮੈਂ ਉਸ ਨੂੰ ਮਿਲ ਚੁੱਕਾ ਹਾਂ। ਉਹ ਤਾਂ ਕੇਵਲ ਅਕਹਿ ਖ਼ੁਸ਼ੀ ਵਿਚ ਖੀਵੀ ਹੋ ਰਹੀ ਹੈ। ਇਸ ਤਰ੍ਹਾਂ ਦੀ ਅਕਹਿ ਖ਼ੁਸ਼ੀ ਦੇ ਛਿਣ ਹਰ ਇਕ ਦੇ ਜੀਵਨ ਵਿਚ ਆ ਜਾਂਦੇ ਹਨ, ਇਥੋਂ ਤੱਕ ਕਿ ਉਹਨਾਂ ਨੂੰ ਵੀ ਅਜਿਹਾ ਅਨੰਦ ਪ੍ਰਾਪਤ ਹੋ ਜਾਂਦਾ ਹੈ, ਜਿਨ੍ਹਾਂ ਦਾ ਮਨ ਵਹਿਮਾਂ-ਭਰਮਾਂ ਦੇ ਗੁਦੜਾਂ ਵਿਚ ਫਸਿਆ ਹੁੰਦਾ ਹੈ। ਇਹ ਇਸੇ ਤਰ੍ਹਾਂ ਦੀ ਗੱਲ ਹੈ ਜਿਵੇਂ ਬੱਦਲਾਂ ਵਿਚ ਬਿਜਲੀ ਦੀ ਅਗਨੀ-ਚਿਣਗ ਛਿਪੀ ਹੁੰਦੀ ਹੈ, ਪਰ ਉਹ ਉਹਨਾਂ ਨੂੰ ਸਾੜਦੀ ਨਹੀਂ।

ਇਸ ਤਰ੍ਹਾਂ ਹਵਾ ਨਾਲ ਉਡਦੇ ਕੇਸਾਂ ਦੇ ਕਮਜ਼ੋਰ ਵਹਿਮਾਂ ਵਿਚ, ਖ਼ੁਸ਼ੀ

ਵਿਚ ਅੱਧ-ਮੁੰਦੇ ਨੈਣਾਂ, ਕਿਸੇ ਭਗਤ ਦੇ ਲੜਖੜਾਂਦੇ ਕਦਮਾਂ, ਕਿਸੇ ਪ੍ਰੇਮ ਦੀਵਾਨੇ ਦੀ ਘੋਲ ਘੁਮਾਈ ਮਨੋਦਸ਼ਾ ਵਿਚ ਜਿਸ ਵਿਚ ਉਹ ਕਿਸੇ ਅਦ੍ਰਿਸ਼ਟ ਨਾਲ ਅਭੇਦ ਹੋ ਰਿਹਾ ਹੁੰਦਾ ਹੈ, ਮੈਂ ਵਿਚਰਦਾ ਹਾਂ ਤੇ ਸਭ ਨੂੰ ਮਿਲਦਾ ਹਾਂ, ਪਰ ਫਿਰ ਵੀ ਤੁਸੀਂ ਹੁਣ ਤੱਕ ਮੈਨੂੰ ਲੱਭ ਨਹੀਂ ਸਕੇ।

ਜੇ ਕੋਈ ਇੰਜ ਸੋਚਦਾ ਹੈ ਕਿ ਉਹ ਮੈਨੂੰ ਉਚੇ ਪਰਬਤਾਂ ਉਤੇ ਆ ਮਿਲੇਗਾ ਤਾਂ ਉਹ ਗ਼ਲਤੀ 'ਤੇ ਹੈ ਕਿਉਂਜੋ ਮੈਂ ਤਾਂ ਹੇਠਾਂ ਢੂਨਾਂ ਵਿਚ ਨਿੱਕੇ ਝੌਂਪੜਿਆਂ ਵਿਚ ਰਹਿੰਦਾ ਹਾਂ। ਇਸ ਲਈ ਉਹ ਅਕਾਰਥ ਹੀ ਪਰਬਤਾਂ ਦੀਆਂ ਚੋਟੀਆਂ 'ਤੇ ਜਾਂਦੇ ਹਨ।

ਮੈਂ ਤਾਂ ਧਰਤੀ ਨੂੰ ਵਾਹੁਣ ਬੀਜਣ ਵਾਲਾ ਉਹ ਵਿਅਕਤੀ ਹਾਂ ਜੋ ਉਪਰ ਸੂਰਜ, ਤਾਰਿਆਂ ਤੇ ਆਕਾਸ਼ ਵੱਲ ਤਕਦਾ ਹੈ ਤੇ ਆਪਣੀ ਪਤਨੀ ਤੇ ਬੱਚਿਆਂ ਨੂੰ ਚੁੰਮਦਾ ਹੈ। ਤਦੋਂ ਆਪ ਉਹ ਨੰਗਾ ਤੇ ਭੁੱਖਾ ਹੁੰਦਾ ਹੈ।

ਫਿਰ ਮੈਂ ਉਹ ਹੀਰੇ ਪੰਨੇ ਪਹਿਨਣ ਵਾਲਾ ਮਹਾਰਾਜਾ ਹਾਂ, ਜਿਸ ਨੂੰ ਕੇਵਲ ਐਸ਼ਵਰਜ਼ ਵਿਚ ਗ਼ਲਤਾਨ ਹੀ ਵੇਖਿਆ ਜਾ ਸਕਦਾ ਹੈ। ਮੈਂ ਵੀ ਐਸ਼ਵਰਜ਼ ਨੂੰ ਚਾਹੁੰਦਾ ਹਾਂ। ਇਸੇ ਲਈ ਮੈਂ ਤੁਹਾਨੂੰ ਜਿਹੜੇ ਕਿ ਦੁਖਾਂ ਕਸ਼ਟਾਂ ਥੱਲੇ ਦੱਬੇ ਹੋਏ ਹੋ, ਵੀ ਪ੍ਰਸੰਨ ਵੇਖਣਾ ਚਾਹੁੰਦਾ ਹਾਂ।

ਪਰ ਜੇ ਤੁਸੀਂ ਮੈਨੂੰ ਐਸ਼ਵਰਜ਼ ਵਿਚੋਂ ਢੂੰਡਦੇ ਹੋ ਤਾਂ ਮੈਂ ਉਹ ਤਿਆਗੀ ਹਾਂ, ਜੋ ਹੱਡ ਮਾਸ ਦੀ ਉਸ ਗਲੀ ਸੜੀ ਦੁਰਗੰਧ ਨੂੰ ਘਿਰਣਾ ਕਰਦਾ ਹੈ, ਜਿਸ ਨੂੰ ਤੁਸੀਂ ਚੁੰਮਣਾ ਚਾਹੁੰਦੇ ਹੋ। ਇਸੇ ਲਈ ਤੁਸੀਂ ਮੈਨੂੰ ਹੁਣ ਤੱਕ ਲੱਭਿਆ ਹੀ ਨਹੀਂ ਹੈ।

ਕਿਸੇ ਨੂੰ ਵੀ ਆਪਣੇ ਹਿਰਦੇ ਤੇ ਮਨ ਦੀ ਦਿਆਲਤਾ ਤੋਂ ਵੰਚਿਤ ਨਾ ਰੱਖੋ। ਇਹ ਕਦੀ ਨਾ ਪੁੱਛੋ ਕਿ ਕੌਣ ਤੁਹਾਡੀ ਦਇਆ ਤੇ ਖਿਮਾਂ ਦਾ ਪਾਤਰ ਹੈ। ਕੇਵਲ ਦਿੰਦੇ ਜਾਉ ਦਿੰਦੇ ਜਾਉ। ਪ੍ਰਭੂ ਤਾਂ ਸਦਾ ਦੇਵਣਹਾਰ ਹੈ। ਇਸ ਲਈ ਪ੍ਰਭੂ ਸਮਾਨ ਹੋਣ ਲਈ ਤੁਹਾਨੂੰ ਦੇਣਾ ਹੀ ਬਣਦਾ ਹੈ। ਤੁਸੀਂ ਉਨਾਂ ਚਿਰ ਤੱਕ 'ਆਪ' ਨਹੀਂ ਹੋ ਸਕਦੇ ਜਿੰਨਾਂ ਚਿਰ ਤੱਕ ਤੁਸੀਂ ਆਪਣੇ ਸਾਰੇ ਆਪੇ ਨੂੰ ਗੁਰੂ ਲਈ ਅਰਪਨ ਨਹੀਂ ਕਰ ਦਿੰਦੇ ਅਤੇ ਆਪਣੇ ਆਪ ਨੂੰ ਗੁਰੂ ਦੀ ਲਗਾਤਾਰ ਸੇਵਾ ਕਰਨ ਲਈ ਤਿਆਰ-ਬਰ-ਤਿਆਰ ਨਹੀਂ ਕਰ ਲੈਂਦੇ। ਕੋਈ ਵੀ ਆਤਮ ਤਿਆਗ ਤੇ ਆਤਮ ਬਲੀਦਾਨ ਮੇਰੀ ਖ਼ੁਸ਼ੀ ਪ੍ਰਾਪਤ ਕਰਨ ਲਈ ਕਾਫ਼ੀ ਨਹੀਂ ਹੈ। ਜੇ ਤੁਹਾਨੂੰ ਅਜਿਹੀ ਸਫ਼ਲਤਾ ਪ੍ਰਾਪਤ ਹੋ ਗਈ ਹੈ ਤਾਂ ਤੁਸੀਂ ਸੱਚ ਮੁੱਚ ਮੈਨੂੰ ਪਾ ਲਿਆ ਹੈ। ਆਪਣੇ ਆਪ ਨੂੰ ਉਸ ਮੇਘ ਸਮਾਨ ਬਣਾ ਲਉ ਜਿਸ ਵਿਚ ਦਇਆ ਭਰੀ ਪਈ ਹੈ, ਪਰ ਜੋ ਵਰਖਾ ਰਹਿਤ ਆਕਾਸ਼ ਵਿਚ ਉਡ ਰਿਹਾ ਹੈ, ਪਰ ਸਮਾਂ ਆਉਣ 'ਤੇ ਦਇਆ ਦਾ ਮੀਂਹ ਬਣ ਵਰ੍ਹ ਪੈਂਦਾ ਹੈ। ਸਤਿਗੁਰੂ ਦੇ ਇਸ਼ਾਰੇ ਦੀ ਉਡੀਕ ਕਰੋ ਤੇ ਉਸ ਦਾ ਹੁਕਮ ਮੰਨੋ।

ਬ੍ਰਿਛ ਵਾਂਗ ਹੋ ਜਾਉ, ਆਪਣੀਆਂ ਜੜ੍ਹਾਂ ਗੁਰੂ ਦੀ ਹਸਤੀ ਵਿਚ ਗੱਡ ਦਿਉ ਅਤੇ ਜੀਵਨ ਦੀ ਅੰਧਕਾਰਮਈ ਅਗਿਆਤ ਤੇ ਅਨੰਤ ਧਰਤੀ ਵਿਚ ਸਹਿਜੇ

ਸਹਿਜੇ ਉਸ ਦੇ ਪਰਮ-ਤਤ ਨੂੰ ਆਪਣੇ ਵਿਚ ਰਚਾਉ ਤੇ ਇਸ ਤਰ੍ਹਾਂ ਯੁਗਾਂ ਤੱਕ ਬਿਨਾਂ ਅਕਣ-ਥਕਣ ਦੇ ਮੇਰੇ ਮਿਲਾਪ ਅਨੰਦ ਦੇ ਰਸ ਨੂੰ ਮਾਣਦੇ ਰਹੋ ਕਿਉਂਜੋ ਮੇਰੇ ਕਾਰਨ ਤੁਹਾਡੇ ਹਰ ਸਵਾਸ ਵਿਚ ਨਵੀਂ ਸ਼ਕਤੀ ਦਾ ਸਿੰਚਾਰ ਹੋਵੇਗਾ। ਜਿਨ੍ਹਾਂ ਨੇ ਮੇਰੇ ਅਨੰਦ ਨੂੰ ਅਨੰਤਾਂ ਵਿਚ ਨਹੀਂ ਚੱਖਿਆ, ਕੇਵਲ ਉਹੋ ਆਪਣੇ ਆਪ ਨੂੰ ਥੱਕੇ ਟੁੱਟੇ ਤੇ ਹਾਰੇ ਹੁਟੇ ਅਨੁਭਵ ਕਰਦੇ ਹਨ।

ਚੇਤੇ ਰੱਖੋ ! ਮੈਂ ਤਾਂ ਸਭ ਮਿਠਾਸਾਂ ਦਾ ਸਾਰ ਹਾਂ।

ਆਪਣੇ ਪੱਤਿਆਂ ਨੂੰ ਇਸ ਤਰ੍ਹਾਂ ਖੋਲ੍ਹ ਦਿਉ ਜਿਵੇਂ ਤੁਸੀਂ ਆਕਾਸ਼ ਦੇ ਚਾਨਣ ਗ੍ਰਹਿਣ ਕਰਨ ਸਮੇਂ ਮੇਰੇ ਵਿਚ ਸੁਆਸ ਲੈ ਰਹੇ ਹੋਵੋ। ਇਸ ਤਰ੍ਹਾਂ ਸਦੈਵ ਮੇਰੇ ਨਾਮ ਦਾ ਸਿਮਰਨ ਕਰਦੇ ਹੋਏ ਉਸ ਤਰ੍ਹਾਂ ਬਸੰਤ ਬਹਾਰ ਦੇ ਪੂਰਨ ਖੇੜੇ ਵਿਚ ਖਿੜ ਜਾਉ ਤੇ ਇੰਜ ਪ੍ਰਤੀਤ ਕਰੋ ਕਿ ਮੇਰੀ ਸਦੀਵੀ ਬਸੰਤ ਦਾ ਨਿੱਘ ਤੁਹਾਡੀਆਂ ਨਾੜੀਆਂ ਵਿਚ ਗੇੜੇ ਲਾ ਰਿਹਾ ਰਿਹਾ ਹੈ।

ਇਸ ਲਈ ਆਪਣੇ ਵਿਚ ਗੁਰੂ ਨੂੰ ਅਨੁਭਵ ਕਰਕੇ ਵਧੋ ਫੁੱਲੋ ਅਤੇ ਇਸ ਤਰ੍ਹਾਂ ਉਹਨਾਂ ਸਭ ਰਾਹੀਆਂ ਨੂੰ ਆਪਣੀ ਛਾਂ, ਖੇੜਾ ਤੇ ਮਹਿਕ ਵੰਡੋ ਜੋ ਜੀਵਨ ਦੇ ਰਾਹਾਂ ਉਤੇ ਚਲਦੇ ਚਲਦੇ ਥੱਕ ਟੁੱਟ ਕੇ ਤੁਹਾਡੇ ਕੋਲ ਆ ਗਏ ਹਨ। ਆਪਣੀ ਹਰ ਪੱਤੀ ਤੇ ਪੰਖੜੀ ਦੀ ਮੁਸਕਾਨ ਦੁਆਰਾ ਉਹਨਾਂ ਦਾ ਸੁਆਗਤ ਕਰੋ।

ਉਹਨਾਂ ਕੁਝ ਪਲਾਂ ਲਈ ਅਜਿਹਾ ਸੁਖ ਆਰਾਮ ਦਿਉ ਜੋ ਉਹਨਾਂ ਨੂੰ ਕਿਤੋਂ ਹੋਰ ਨਹੀਂ ਲੱਭ ਸਕਦਾ। ਉਹਨਾਂ ਨੂੰ ਪ੍ਰਭੂ-ਪ੍ਰੀਤਮ ਦੀ ਉਹ ਸੁਖ-ਸ਼ਾਂਤੀ ਦਿਉ ਜਿਹੜੀ ਉਹਨਾਂ ਨੂੰ ਹੋਰ ਕਿਤੋਂ ਨਹੀਂ ਮਿਲ ਸਕਦੀ। ਤੁਹਾਡੀ ਗੂੜ੍ਹੀ ਛਾਂ ਥੱਲੇ ਉਹਨਾਂ ਨੂੰ ਉਹ ਪਰਮ ਸ਼ਾਂਤੀ ਤੇ ਸੁਖ ਮਿਲੇ ਜੋ ਇੰਦਰੀਆਂ ਦੀਆਂ ਉਤੇਜਨਾ ਭਰਪੂਰ ਖਿਚਾਂ ਵਿਚੋਂ ਨਹੀਂ ਮਿਲ ਸਕਦਾ। ਜਿਸ ਦਾ ਜੋਸ਼, ਬਹਾਰ ਦੇ ਖੇੜੇ ਦੇ ਅੰਤ ਨਾਲ ਠੰਡਾ ਪੈ ਜਾਂਦਾ ਹੈ। ਅਜਿਹਾ ਪਰਮਾਨੰਦ ਨਾ ਤਾਂ ਬੁੱਧੀ ਦੁਆਰਾ ਮਿਲਦਾ ਹੈ, ਨਾ ਕਲਾ ਕਿਰਤ ਨੂੰ ਮਾਣਨ ਦੁਆਰਾ ਤੇ ਨਾ ਹੀ ਇਸਤਰੀ ਪੁਰਸ਼ ਦੇ ਪ੍ਰੇਮ ਵਿਚੋਂ ਪ੍ਰਾਪਤ ਹੋ ਸਕਦਾ ਹੈ।

ਇੰਜ ਉਹਨਾਂ ਨੂੰ ਗੁਰੂ ਦੇ ਹਿਰਦੇ ਦੇ ਪਰਮ ਅਨੰਦ ਨੂੰ ਮਾਣਨ ਦਿਉ, ਜਿਹੜਾ ਪਤਝੜਾਂ ਤੇ ਉਦਾਸ ਸਿਆਲਾਂ ਵਿਚ ਵੀ ਇਕ ਸਮਾਨ ਹੈ। ਇਸ ਤਰ੍ਹਾਂ ਉਸ ਨੂੰ ਗਿਆਨ ਹੋ ਜਾਵੇਗਾ ਕਿ ਸਭ ਰਿਸ਼ਤੇ ਨਾਤੇ, ਰਾਹ ਜਾਂਦੇ ਪਿਆਰ ਸਭ ਸੁਆਰਥੀ ਖੇਡ ਸਨ ਅਤੇ ਕੇਵਲ ਦੂਰ ਦੀਆਂ ਯਾਦਾਂ ਦੇ ਧੁੰਦਲੇ ਛਿਣ ਭੰਗਰ ਪਰਛਾਵੇਂ ਸਨ। ਉਹਨਾਂ ਨੂੰ ਇਸ ਗੱਲ ਦੀ ਸੋਝੀ ਕਰਾ ਦਿਉ ਕਿ ਜਿਹੜੇ ਪ੍ਰੇਮ ਦੇ ਉਹ ਇੱਛੁਕ ਸਨ, ਉਹ ਅਜਿਹਾ ਨਹੀਂ ਸੀ ਜੋ ਮੌਤ ਤੋਂ ਪਰੇ ਵੀ ਉਹਨਾਂ ਦੀ ਰੱਖਿਆ ਕਰ ਸਕਦਾ ਹੈ। ਨਾ ਹੀ ਉਹ ਉਹਨਾਂ ਤੁਫ਼ਾਨਾਂ ਤੇ ਝੱਖੜਾਂ ਵਿਚ ਸਹਾਈ ਹੁੰਦਾ ਹੈ, ਜੋ ਜੀਵਨ ਯਾਤਰਾ ਵਿਚ ਮਨੁੱਖ ਦੇ ਸਿਰ ਉਤੇ ਝੁਲਦੇ ਹਨ, ਪਰ ਦੂਜੇ ਬੰਨੇ ਤੁਹਾਡੇ ਵੱਲੋਂ ਦਿੱਤਾ ਗਿਆ ਨਿੱਘ ਤੇ ਪ੍ਰੇਮ ਅਜਿਹਾ ਹੈ ਜੋ ਉਹਨਾਂ ਦੇ ਔਗੁਣਾਂ ਤੇ ਅਪੂਰਨਤਾਈਆਂ ਦੇ ਹੁੰਦਿਆਂ ਹੋਇਆਂ ਵੀ ਉਹਨਾਂ ਦਾ ਓੜਕ ਤੱਕ ਸਾਥ ਨਿਭਾਉਂਦਾ ਹੈ।

ਉਹਨਾਂ ਨੂੰ ਵੀ ਤੁਹਾਡੇ ਰਾਹੀਂ ਗੁਰੂ ਦੇ ਪ੍ਰਸਾਦਿ ਕਰਮ ਦਾ ਬੋਧ ਹੋਵੇ, ਜਿਨ੍ਹਾਂ ਨੂੰ ਇਸ ਗੱਲ ਦਾ ਗਿਆਨ ਹੋ ਗਿਆ ਹੈ ਕਿ ਸੰਸਾਰ ਵਿਚਲੇ ਪ੍ਰੇਮ ਦੇ ਰਿਸ਼ਤੇ ਨਾਤੇ ਕੇਵਲ ਪਰਛਾਵੇਂ ਮਾਤਰ ਹਨ ਅਤੇ ਉਹਨਾਂ ਦੀ ਪਸੰਦ ਤੇ ਨਾ-ਪਸੰਦ ਸੁਆਰਥ ਅਧੀਨ ਛਿਣ-ਭੰਗਰ ਤੇ ਥੋੜ੍ਹ ਚਿਰੀ ਸੀ। ਇਸ ਗੁਰੂ ਦੀ ਬਖਸ਼ਿਸ਼ ਦੇ ਉਹ ਵੀ ਸਾਂਝੀਵਾਲ ਬਣਨ ਜਿਨ੍ਹਾਂ ਨੇ ਆਪਣੇ ਮਾਰਗ ਉਤੇ ਚੱਲ ਕੇ ਪ੍ਰਭੂ-ਪ੍ਰੀਤਮ ਦੀ ਪ੍ਰੇਮ-ਛੁਹ ਨੂੰ ਮਾਣ ਲਿਆ ਹੈ, ਪਰ ਫਿਰ ਪ੍ਰੇਮ ਮਾਰਗ ਤੋਂ ਭਟਕ ਕੇ ਉਸ ਪ੍ਰੇਮ ਦੀ ਪੁਨਰ ਪ੍ਰਾਪਤੀ ਦੇ ਅਸਮਰਥ ਹੋ ਗਏ ਹਨ। ਇਸ ਪ੍ਰੇਮ ਨੂੰ ਉਸ ਇਸਤਰੀ ਨੂੰ ਦਿਉ ਜਿਸ ਨੇ ਆਪਣੇ ਪਤੀ ਵੱਲੋਂ ਮੂੰਹ ਮੋੜ ਲਿਆ ਹੈ ਤੇ ਆਪਣੇ ਪਤੀ ਦੀ ਥਾਂ ਕਿਸੇ ਹੋਰ ਨੂੰ ਚਾਹੁਣ ਲੱਗ ਪਈ ਹੈ। ਇਸੇ ਤਰ੍ਹਾਂ ਉਸ ਪਤੀ ਨੂੰ ਦਿਉ ਜੋ ਆਪਣੀ ਪਤਨੀ ਵੱਲੋਂ ਉਪਰਾਮ ਹੋ ਗਿਆ ਹੈ। ਗੁਰੂ ਜੀ ਦੇ ਅਸਗਾਹ ਪ੍ਰੇਮ ਦਾ ਉਹਨਾਂ ਸਭ ਥੱਕੇ ਹਾਰੇ ਜੀਵਨ ਪਾਂਧੀਆਂ ਨੂੰ ਰਸ ਸਵਾਦਨ ਕਰਵਾਉ ਜਿਹੜਾ ਸੂਰਜ ਦੇ ਪ੍ਰਕਾਸ਼ ਦੀ ਤਰ੍ਹਾਂ ਸਭ ਨੂੰ ਗਲਵਕੜੀ ਵਿਚ ਲੈ ਲੈਂਦਾ ਹੈ ਅਤੇ ਨਾ ਤਾਂ ਉਹਨਾਂ ਦੇ ਨਾਮ ਪੁਛਦਾ ਹੈ ਨਾ ਕਰਮਾਂ ਨੂੰ ਚਿਤਾਰਦਾ ਹੈ ਤੇ ਨਾ ਹੀ ਉਹਨਾਂ ਲੋਕਾਚਾਰੀ ਰੀਤੀਆਂ ਦਾ ਧਿਆਨ ਕਰਦਾ ਹੈ ਜਿਨ੍ਹਾਂ ਨੂੰ ਪ੍ਰੇਮ ਦੇ ਵਫ਼ਾਦਾਰੀ ਅੰਗ ਮੰਨਿਆ ਜਾਂਦਾ ਹੈ। ਜਿਸ ਦੀ ਕਿ ਮਨੁੱਖ ਨੂੰ ਜੀਵਨ ਮਾਰਗ ਵਿਚ ਪ੍ਰੇਮ ਦੀ ਪ੍ਰਾਪਤੀ ਲਈ ਲੋੜ ਹੁੰਦੀ ਹੈ।

ਮਨੁੱਖ ਸਦਾ ਆਪਣੇ ਅੰਦਰ ਦੇ ਸਰਵੁਚ ਦਾ ਵਫਾਦਾਰ ਹੋਣ ਲਈ ਤਾਂਘਦਾ ਰਿਹਾ ਹੈ। ਸ਼ਾਇਦ ਇਹੋ ਕਾਰਨ ਹੈ ਕਿ ਉਹ ਵਧੇਰੇ ਕਰਕੇ ਆਪਣੀਆਂ ਹੀ ਗ਼ਲਤ ਚੋਣਾਂ ਸਦਕਾ ਬੇਵਫ਼ਾ ਹੋ ਜਾਂਦਾ ਹੈ, ਪਰ ਗੁਰੂ ਦਾ ਪ੍ਰੇਮ ਯੁਗਾਂ ਤਕ ਨਿਭਣ ਵਾਲਾ ਹੈ। ਜਿਹੜੇ ਗੁਰੂ ਵੱਲੋਂ ਮੂਖ ਮੋੜ ਜਾਂਦੇ ਹਨ, ਉਹ ਉਹਨਾਂ ਦਾ ਵੀ ਪਿੱਛਾ ਕਰਦਾ ਹੈ। ਐਨ ਉਸੇ ਤਰ੍ਹਾਂ ਜਿਵੇਂ ਇਕ ਆਜੜੀ ਆਪਣੇ ਇੱਜੜ ਦੀ ਰਖਵਾਲੀ ਕਰਦਾ ਹੈ ਤੇ ਜਿਹੜੀ ਕੋਈ ਭੇਡ ਲਾਂਭੇ ਚਲੀ ਜਾਂਦੀ ਹੈ, ਉਸ ਨੂੰ ਵੀ ਉਹ ਭਾਲ ਕੇ ਰਾਤ ਨੂੰ ਸਾਰੇ ਇੱਜੜ ਨੂੰ ਸੁਰੱਖਿਅਤ ਘਰ ਲੈ ਆਉਂਦਾ ਹੈ।

ਪ੍ਰਭੂ ਦਾ ਪ੍ਰੇਮ ਬਹੁਤ ਵੱਡਾ ਹੈ। ਕੋਈ ਮਾਂ ਵੀ ਉਸ ਜਿੰਨਾਂ ਪ੍ਰੇਮ ਨਹੀਂ ਕਰ ਸਕਦੀ। ਪ੍ਰਭੂ ਤਾਂ ਹਾਥੀ ਦੀ ਪੁਕਾਰ ਸੁਣ ਕੇ ਉਸ ਨੂੰ ਮੌਤ ਦੇ ਜਬਾੜਿਆਂ ਤੋਂ ਬਚਾਉਣ ਲਈ ਨੰਗੇ ਪੈਰੀਂ ਉਠ ਨਠਦਾ ਹੈ ਤੇ ਉਸ ਨੂੰ ਆਪਣੇ ਚਮਕਦੇ ਤੇਜ਼ਧਾਰ ਹਥਿਆਰ ਨੂੰ ਸੁਟ ਕੇ ਮੌਤ ਦੇ ਮੂੰਹੋਂ ਬਚਾ ਲੈਂਦਾ ਹੈ।

ਉਸ ਦੇ ਭਾਲੇ ਦੀਆਂ ਤਿਖੀਆਂ ਚਮਕੀਲੀਆਂ ਨੋਕਾਂ ਨਾਲ ਮੌਤ ਵਰਗੇ ਅੰਧਕਾਰ ਦੇ ਭਰਮਜਾਲ ਕਟ ਜਾਂਦੇ ਹਨ।

ਅਤੇ ਗੁਰੂ ਦੇ ਮਸਤਕ ਤੋਂ ਜਿਹੜਾ ਊਸਾ ਦਾ ਪ੍ਰਕਾਸ਼ ਹੁੰਦਾ ਹੈ, ਉਸ ਦੇ ਅੱਗੇ ਅੱਗੇ ਰਾਤ ਦੌੜਨ ਲੱਗ ਪੈਂਦੀ ਹੈ।

ਮੌਤ ਨੂੰ ਜਿੱਤ ਲਿਆ ਗਿਆ ਹੈ ! ਜਾਉ, ਅਨੰਦ ਕਰੋ !

## III

ਕਰਾਮਾਤਾਂ ਬਾਰੇ ਨਾ ਸੋਚੋ ਕਿਉਂਜੋ ਤੁਸੀਂ ਕਿਸੇ ਤਰ੍ਹਾਂ ਵੀ ਇਸ ਗੱਲ ਦੀ ਥਾਹ ਨਹੀਂ ਪਾ ਸਕੋਗੇ ਕਿ ਗੁਰੂ ਦੀ ਕਰਾਮਾਤੀ ਸ਼ਕਤੀ ਦਾ ਮਹੱਤਵ ਕੀ ਹੈ। ਜੇ ਗੁਰੂ ਆਪ ਤੁਹਾਡੀ ਚੋਣ ਨਾ ਕਰੇ (ਅਥਵਾ ਤੁਹਾਨੂੰ ਨਾ ਅਪਣਾਏ) ਤਾਂ ਤੁਸੀਂ ਕਿਸੇ ਵੀ ਕਰਾਮਾਤ ਦੁਆਰਾ ਉਸ ਨੂੰ ਜਾਣ ਨਹੀਂ ਸਕੋਗੇ।

ਪਰ ਜਦੋਂ ਤੁਸੀਂ ਗੁਰੂ ਜੀ ਦੇ ਦਰਸ਼ਨ ਕਰ ਲੈਂਦੇ ਹੋ ਤਾਂ ਮਾਨੋ ਤੁਸਾਂ ਸਭ ਕਰਾਮਾਤਾਂ ਨੂੰ ਅੱਖੀਂ ਵੇਖ ਲਿਆ ਹੈ। ਗੁਰੂ ਸਭ ਤੋਂ ਵੱਡਾ ਕਰਾਮਾਤਾਂ ਵਰਤਾਉਣ ਵਾਲਾ ਹੈ। ਗੁਰੂ ਤੁਹਾਡੀ ਆਤਮਾ ਦੇ ਅੰਦਰ ਪ੍ਰੇਮ ਨੂੰ ਡੋਲ੍ਹ ਦਿੰਦਾ ਹੈ ਅਤੇ ਤੁਸੀਂ ਅਜਿਹਾ ਕੁਝ ਦੇਖ ਲੈਂਦੇ ਹੋ ਜੋ ਤੁਸਾਂ ਪਹਿਲਾਂ ਕਦੀ ਨਹੀਂ ਵੇਖਿਆ ਹੁੰਦਾ।

ਜੇ ਸਵੇਰ ਸਾਰ ਸੂਰਜ ਦਾ ਉਦੈ ਹੋਣਾ, ਚੰਨ ਦਾ ਰਾਤ ਨੂੰ ਚੜ੍ਹਨਾ ਤੇ ਕਾਲੀ ਰਾਤ ਦੇ ਦਿਲ ਵਿਚ ਤਾਰਿਆਂ ਦਾ ਜਗਮਗ ਕਰਕੇ ਚਮਕਣਾ ਵੱਡੇ ਕਰਾਮਾਤੀ ਵਿਸਮਾਦ ਨਹੀਂ ਹਨ ਤਾਂ ਇਹ ਹੋਰ ਕੀ ਹਨ ? ਜੇ ਇੰਜ ਨਹੀਂ ਹੁੰਦਾ ਤਾਂ ਉਸ ਵਿਵੇਕ ਉਤੇ ਲਾਹਨਤ ਹੈ ਜੋ ਮਨੁੱਖ ਦੀ ਚੇਤਨਾ ਵਿਚ ਅਨੰਤ ਦੀ ਧੜਕਣ ਨੂੰ ਨਹੀਂ ਜਗਾਉਂਦਾ ਤੇ ਤੁਹਾਡੇ ਅੰਦਰ ਉਸ ਮਹਾਨ ਵਿਸਮਾਦ ਦੇ ਸੱਚੇ ਰਹੱਸ ਜਾਂ ਗਿਆਨ ਦਾ ਬੋਧ ਨਹੀਂ ਕਰਾਉਂਦਾ।

ਤੁਹਾਡੇ ਵਿਚਲੀ ਜਾਣਨ ਦੀ ਉਤਸੁਕਤਾ ਤਾਂ ਇਕ ਸਿਧ ਪਧਰੀ ਜਿਹੀ ਗੱਲ ਹੈ। ਇਸ ਸੱਚੇ ਗਿਆਨ ਨੂੰ ਪ੍ਰਾਪਤ ਕਰਨ ਦੀ ਲੋੜ ਹੀ ਨਹੀਂ ਭਾਸਦੀ। ਇਹ ਤਾਂ ਹਰ ਵਰਤਾਰੇ ਨੂੰ ਆਪਣੇ ਢੰਗ ਨਾਲ ਹੀ ਨਿਹਾਰ ਕੇ ਗੁਜ਼ਰ ਜਾਂਦੀ ਹੈ। ਚੰਗੀ ਤਰ੍ਹਾਂ ਜਾਣ ਲਉ ਕਿ ਰੋਗੀ ਨੂੰ ਰਾਜ਼ੀ ਕਰ ਦੇਣਾ, ਮੁਰਦੇ ਨੂੰ ਜੀਵਾ ਦੇਣਾ, ਪਾਣੀਆਂ ਉਤੇ ਤੁਰਨਾ, ਹਵਾ ਵਿਚ ਉਡਣਾ, ਮਨੁੱਖਾਂ, ਜਾਨਵਰਾਂ ਤੇ ਕੀੜਿਆਂ ਦੇ ਮਨਾਂ ਨੂੰ ਪੜ੍ਹ ਲੈਣਾ ਤੇ ਜਾਦੂ ਦੀ ਛੜੀ ਨਾਲ ਜੰਗਲੀ ਜਾਨਵਰਾਂ ਨੂੰ ਵਸ ਕਰ ਲੈਣਾ ਆਦਿ ਇਹ ਸਾਰੀਆਂ ਗੱਲਾਂ ਗੁਪਤ ਵਸਤਾਂ ਬਾਰੇ ਤੁਹਾਡੇ ਅੰਦਰ ਕਿਸੇ ਗੁਝੇ ਵਿਸ਼ਵਾਸ ਨੂੰ ਨਹੀਂ ਉਤਪੰਨ ਕਰ ਸਕਦੀਆਂ ਜਾਂ ਤੁਹਾਡੇ ਅੰਦਰ ਉਸ ਵਿਸਮਾਦ ਨੂੰ ਜਗਾ ਸਕਦੀਆਂ ਹੋਣ ਜੋ ਤੁਹਾਡੇ ਕਰਮ ਤੋਂ ਉਤਪੰਨ ਹੁੰਦਾ ਹੈ। ਕੁਝ ਚਿਰ ਪਿੱਛੋਂ ਤੁਸੀਂ ਇਹਨਾਂ ਸਭ ਕੌਤਕਾਂ ਨੂੰ ਭੁਲ ਜਾਂਦੇ ਹੋ ਕਿਉਂਜੋ ਤੁਸੀਂ ਆਪਣੀ ਨਿਗੂਣੀ ਜਿਹੀ ਮਨੁੱਖਤਾ ਨੂੰ ਇਹਨਾਂ ਕਰਾਮਾਤਾਂ ਦੀ ਤੁਲਨਾ ਵਿਚ ਵਧੇਰੇ ਪਿਆਰ ਕਰਦੇ ਹੋ। ਤੁਸੀਂ ਉਸ ਵਿਸਮਾਦ ਨੂੰ ਹਾਲੀ ਜਾਨਣ ਤੋਂ ਅਸਮਰਥ ਹੋ ਜੋ ਉਹਨਾਂ ਮਹਾਂ-ਪੁਰਖਾਂ ਦੀ ਚਰਨ ਧੂੜ ਦੀ ਛੁਹ ਨੂੰ ਪ੍ਰਾਪਤ ਕਰਕੇ ਪ੍ਰਾਪਤ ਹੁੰਦਾ ਹੈ ਤੇ ਜਿਸ ਨੂੰ ਤੁਸੀਂ ਹੁਣ ਤੱਕ ਜਾਣਿਆਂ ਨਹੀਂ ਹੈ।

ਸੱਚੀ ਕਰਾਮਾਤ ਤਾਂ ਉਹ ਹੈ ਜਦੋਂ ਗੁਰੂ ਆਪਣੇ ਦੇਵ ਮੰਡਲ ਵਿਚੋਂ ਉਸ ਮਨੁੱਖ ਨੂੰ ਭੇਜਦਾ ਹੈ। ਇਹੋ ਹੀ ਉਸ ਦੀ ਸਭ ਤੋਂ ਵੱਡੀ ਕਰਾਮਾਤ ਹੈ। ਉਹ ਆਪ ਵੀ ਇਕ ਕਰਾਮਾਤ ਹੈ। ਉਹ ਸਭ ਯੁਗਾਂ ਵਿਚ ਸਦਾ ਵਿਆਪਕ ਹੈ। ਜਦੋਂ ਉਹ ਤੁਹਾਡੇ ਵਿਚਕਾਰ ਪ੍ਰਗਟ ਹੁੰਦਾ ਹੈ ਤਾਂ ਉਹ ਉਸ ਤੋਂ ਵੀ ਵਡੇਰਾ ਹੁੰਦਾ ਹੈ,

ਜੋ ਕਿ ਤੁਸੀਂ ਪਹਿਲਾਂ ਵੇਖਿਆ, ਸੁਣਿਆ ਤੇ ਉਸ ਦੀ ਕਰਨੀ ਦੁਆਰਾ ਜਾਣਿਆਂ ਹੁੰਦਾ ਹੈ। ਇਹ ਸਭ ਕੁਝ ਹੁੰਦਿਆਂ ਹੋਇਆਂ ਵੀ ਉਹ ਤੁਹਾਡੇ ਵਰਗਾ ਮਨੁੱਖ ਹੀ ਹੁੰਦਾ ਹੈ। ਜੋ ਕੁਝ ਉਹ ਉਚਰਦਾ ਹੈ, ਸਤ ਹੋ ਜਾਂਦਾ ਹੈ ਤੇ ਨੇਤਰਫੋਰ ਵਿਚ ਜਿਸ ਨੂੰ ਵੀ ਉਸ ਦੀ ਛੂਹ ਮਾਤਰ ਪ੍ਰਾਪਤ ਹੁੰਦੀ ਹੈ, ਉਹ ਸੰਪੂਰਨ ਹੋ ਨਿਬੜਦਾ ਹੈ। ਯਾਦ ਕਰੋ ਉਸ ਦੇ ਵਿਸਮਾਦ ਨੂੰ, ਜੋ ਮਨੁੱਖਤਾ ਵਿਚ ਸਦੀਆਂ ਤੋਂ ਵਾਪਰਦਾ ਆ ਰਿਹਾ ਹੈ। ਪਰ ਤੁਸੀਂ ਉਹ ਕੁਝ ਨਹੀਂ ਕਰ ਸਕਦੇ ਜੋ ਉਸ ਨੇ ਕਰ ਵਿਖਾਇਆ ਸੀ। ਨਾ ਹੀ ਉਸ ਤਰ੍ਹਾਂ ਉਹ ਕੁਝ ਕਰ ਸਕਦੇ ਹੋ ਜਿਸ ਤਰ੍ਹਾਂ ਉਸ ਨੇ ਉਹ ਕੁਝ ਕੀਤਾ ਸੀ। ਇਸ ਲਈ ਆਪਣੇ ਆਪ ਨੂੰ ਉਸ ਦੀ ਰਚਨਾ ਦੇ ਵਿਸਮਾਦ ਵਿਚੋਂ ਢੂੰਡੋ ਅਤੇ ਜੇ ਤੁਸੀਂ ਸੱਚੀ ਮੁੱਚੀ ਇਸ ਨੂੰ ਤਕਦੇ ਹੋ ਤੇ ਇਸ ਗੱਲ ਦੀ ਉਡੀਕ ਕਰ ਸਕਦੇ ਹੋ ਤਾਂ ਤੁਹਾਡੀ ਆਪਣੀ ਅਗਿਆਤ ਹੋਣੀ ਦੇ ਵਿਸਮਾਦ ਦਾ ਵੀ ਕੋਈ ਅੰਤ ਨਹੀਂ ਹੋ ਸਕਦਾ।

ਮਨੁੱਖ ਦਾ ਮਨ ਇਸ ਤਰ੍ਹਾਂ ਦੇ ਵਿਸਮਾਦੀ ਚਮਤਕਾਰਾਂ ਨਾਲ ਭਰ ਜਾਂਦਾ ਹੈ ਜਿਵੇਂ ਉਹ ਉਸ ਪ੍ਰਕਾਸ਼ ਨੂੰ ਤੱਕ ਰਿਹਾ ਹੋਵੇ, ਜੋ ਉਸ ਨੇ ਪਹਿਲਾਂ ਕਦੀ ਨਹੀਂ ਵੇਖਿਆ ਜਿਵੇਂ ਉਹ ਉਸ ਆਵਾਜ਼ ਨੂੰ ਸੁਣ ਰਿਹਾ ਹੋਵੇ ਜਿਹੜੀ ਪਹਿਲਾਂ ਉਸ ਕਦੀ ਨਹੀਂ ਸੁਣੀ। ਤੁਸੀਂ ਉਹਨਾਂ ਨਾਮਾਂ ਨੂੰ ਸੁਣਦੇ ਹੋ ਜਿਸ ਦਾ ਪਹਿਲਾਂ ਕਦੀ ਕਿਸੇ ਉਚਾਰਣ ਨਹੀਂ ਸੀ ਕੀਤਾ। ਤੁਹਾਡੀ ਆਤਮਾ ਅੰਦਰ ਉਹ ਵਜਦ ਹੁਲਾਰਾ ਆਉਂਦਾ ਹੈ ਜਿਸ ਨੂੰ ਪਹਿਲਾਂ ਕਦੀ ਵੀ ਕਿਸੇ ਨੇ ਅਨੁਭਵ ਨਹੀਂ ਸੀ ਕੀਤਾ। ਤੁਹਾਡੇ ਹਿਰਦੇ ਅੰਦਰ ਤੁਹਾਡੇ ਆਪੇ, ਜੀਵਨ ਅਤੇ ਮੌਤ ਦੇ ਨਵੇਂ ਅਰਥਾਂ ਦਾ ਸਿੰਚਾਰ ਹੁੰਦਾ ਹੈ, ਜਿਨ੍ਹਾਂ ਦਾ ਬੋਧ ਤੁਹਾਨੂੰ ਪਹਿਲਾਂ ਕਦੇ ਨਹੀਂ ਸੀ ਹੋਇਆ। ਤੁਹਾਨੂੰ ਆਪਣੇ ਆਪੇ ਦਾ ਆਪਣੇ ਆਪ ਹੀ ਬੋਧ ਹੋ ਜਾਂਦਾ ਹੈ ਤੇ ਤੁਹਾਨੂੰ ਇਸ ਬਾਰੇ ਕਿਸੇ ਕੋਲੋਂ ਪੁੱਛ ਸਕਣ ਦੀ ਲੋੜ ਬਾਕੀ ਨਹੀਂ ਰਹਿੰਦੀ।

ਇਹ ਤਾਂ ਤੁਸੀਂ ਜਾਣਦੇ ਹੀ ਹੋ ਕਿ ਵਿਸ਼ਵਾਸ ਸਦਾ ਅੰਨ੍ਹੇ ਹੁੰਦੇ ਹਨ, ਪਰ ਇਹ ਅੰਨ੍ਹਾਪਣ ਹੀ ਹੈ ਜੋ ਕਿਸੇ ਸਵਰਗ ਦੀ ਛੂਹ ਦੁਆਰਾ ਆਪਣੇ ਅਗਲੇਰੇ ਮਾਰਗ ਨੂੰ ਅਨੁਭਵ ਕਰ ਸਕਦਾ ਹੈ। ਇਹ ਅੰਧ ਵਿਸ਼ਵਾਸ ਤਾਂ ਟਟੋਲ ਟਟੋਲ ਕੇ ਇਕ ਇਕ ਕਦਮ ਅੱਗੇ ਵਧਦਾ ਲੱਖਾਂ ਤਾਰਿਆਂ ਤੋਂ ਪਰੇ ਜਾਂਦੇ ਮਾਰਗ ਤੱਕ ਚੰਗੀ ਤਰ੍ਹਾਂ ਪਹੁੰਚ ਸਕਦਾ ਹੈ, ਪਰ ਇਸ ਦੀ ਤੁਲਨਾ ਵਿਚ ਇਕ ਅਜਿਹੀ ਵਿਅਰਥ ਇੱਛਾ, ਜੋ ਮਨ ਦੀਆਂ ਅੱਖਾਂ ਦੇ ਟੁੱਟੇ ਫੁੱਟੇ ਦੀਵੇ ਜਾਂ ਵਿਵੇਕ ਦੀ ਹਨੇਰੀ ਰਾਤ ਵਿਚ ਉਥੇ ਪੁਜਣਾ ਲੋਚਦੀ ਹੈ, ਨੂੰ ਇਹ ਮਾਰਗ ਦਿਖਾਈ ਨਹੀਂ ਦੇ ਸਕਦਾ।

ਇਹ ਵਾਟ ਬੜੀ ਲੰਮੇਰੀ ਹੈ ਤੇ ਪ੍ਰੇਮ ਦੇ ਪਾਤਸ਼ਾਹ ਦਾ ਮਹਿਲ ਬੜੀ ਦੂਰ ਹੈ। ਭਾਵੇਂ ਤੁਸੀਂ ਅੰਨ੍ਹੇ ਹੋ ਜਾਂ ਲੰਗੜੇ, ਇਸਤਰੀ ਹੋ ਜਾਂ ਪੁਰਸ਼, ਉਠੋ ! ਕਿਉਂਜੋ ਇਸ ਮਾਰਗ ਉਤੇ ਤੁਸੀਂ ਆਪਣੇ ਪੈਰਾਂ ਨਾਲ ਹੀ ਚਲਣਾ ਹੈ। ਤੁਹਾਡੀ ਇਸ ਹਨੇਰੀ ਯਾਤਰਾ ਵਿਚ ਰੋਸ਼ਨੀ ਤੁਹਾਡੇ ਸਿਰ ਉਤੇ ਚਾਨਣ ਕਰਦੀ ਹੈ ਅਤੇ ਤੁਹਾਡੇ ਹੱਥਾਂ ਨੂੰ ਵੀ ਇਸ ਮਾਰਗ ਦੀ ਸੋਝੀ ਕਰਾਉਂਦੀ ਹੈ।

ਇਸ ਲਈ ਜਿਗਿਆਸੂਓ ! ਜਦੋਂ ਮੈਂ ਤੁਹਾਨੂੰ ਇਹ ਗੱਲ ਕਹਿੰਦਾ ਹਾਂ ਤਾਂ ਮੇਰੀ ਗੱਲ 'ਤੇ ਭਰੋਸਾ ਕਰੋ। ਇਸ ਸੰਸਾਰ ਤੋਂ ਪਰੇ ਵੀ ਇਕ ਸੰਸਾਰ ਹੈ, ਇਸ ਸੂਰਜ ਤੋਂ ਪਰੇ ਵੀ ਇਕ ਸੂਰਜ ਹੈ ਤੇ ਇਸ ਜੀਵਨ ਤੋਂ ਪਰੇ ਵੀ ਇਕ ਜੀਵਨ ਹੈ। ਤੁਹਾਡੇ ਇਸ ਸੰਸਾਰ ਦੇ ਵਰਤਮਾਨ ਯਥਾਰਥ ਰੂਪੀ ਖਿਡੌਣੇ ਉਥੇ ਬੜੇ ਧੁੰਦਲੇ ਧੁੰਦਲੇ ਪ੍ਰਤੀਤ ਹੋਣਗੇ, ਸ਼ਾਇਦ ਤੁਸੀਂ ਇਹਨਾਂ ਨੂੰ ਯਾਦ ਵੀ ਨਾ ਕਰ ਸਕੋ ਅਤੇ ਜਿਹੜੀਆਂ ਨਬੀ ਤੇ ਸਿਦਕਵਾਨਾਂ ਵੱਲੋਂ ਦੱਸੀਆਂ ਗੱਲਾਂ ਸਾਨੂੰ ਝਾਉਲੇ, ਵਹਿਮ ਤੇ ਕਪੋਲ ਕਲਪਨਾ ਜਾਪਦੀਆਂ ਹਨ, ਉਸ ਸੰਸਾਰ ਵਿਚ ਪੁਜ ਕੇ ਵੱਡੇ ਯਥਾਰਥ ਸਿਧ ਹੁੰਦੇ ਹਨ।

ਜੋ ਇਥੇ ਦਿਨ ਹੈ, ਉਹ ਉਥੇ ਰਾਤ ਹੈ, ਜੋ ਇਥੇ ਰਾਤ ਹੈ, ਉਹ ਉਥੇ ਦਿਨ ਹੈ।

ਇਸ ਸੰਸਾਰ ਵਿਚ ਕਰਾਮਾਤਾਂ ਤੇ ਚਮਤਕਾਰ ਬੜੀਆਂ ਵੱਡੀਆਂ ਗੱਲਾਂ ਪ੍ਰਤੀਤ ਹੁੰਦੀਆਂ ਹਨ। ਕਈ ਤਾਂ ਇਹਨਾਂ ਰਿਧੀਆਂ ਸਿਧੀਆਂ ਦੀ ਪ੍ਰਾਪਤੀ ਲਈ ਸਾਰਾ ਸਾਰਾ ਜੀਵਨ ਕਠਿਨ ਮਿਹਨਤ ਤੇ ਅਭਿਆਸ ਕਰਦੇ ਰਹਿੰਦੇ ਹਨ ਤਾਂ ਜੋ ਉਹ ਇਹਨਾਂ ਗੁਪਤ ਸ਼ਕਤੀਆਂ ਦੁਆਰਾ ਆਪਣੀ ਵਡਿਆਈ ਦੀ ਸ਼ਾਨ ਨੂੰ ਸਿਧ ਕਰ ਸਕਣ। ਪਰ ਉਸ ਸੰਸਾਰ ਵਿਚ ਇਕ ਹੱਥ ਦੇ ਹਿਲਣ ਨਾਲ ਮਿਹਰ ਦੀ ਵਰਖਾ ਹੋਣ ਲੱਗ ਪੈਂਦੀ ਹੈ। ਹਰ ਤੱਕਣੀ ਵਿਚ ਪ੍ਰੇਮ ਦਾ ਵਿਸਮਾਦੀ ਅਨੰਦ ਹੈ ਤੇ ਪ੍ਰਭੂ-ਪ੍ਰੀਤਮ ਦੇ ਸੰਜੋਗੀ-ਮੇਲ ਦੀ ਅਨੰਦਮਈ ਅਵਸਥਾ ਵਿਚ ਕਿਸੇ ਨੂੰ ਹੋਰ ਸੋਚਣ ਦੀ ਵਿਹਲ ਹੀ ਨਹੀਂ ਰਹਿੰਦੀ, ਨਾ ਹੀ ਕਿਸੇ ਕੋਲ ਉਸ ਸੁਖਮਈ ਅਵਸਥਾ ਵਿਚ ਸ਼ਕਤੀ ਹੀ ਰਹਿ ਜਾਂਦੀ ਹੈ ਕਿ ਉਹ ਕੁਝ ਹੋਰ ਸੋਚ ਸਕੇ। ਫਿਰ ਕਿਸੇ ਨੂੰ ਸ਼ਕਤੀ ਤੇ ਦੂਜਿਆਂ ਉਤੇ ਅਧਿਕਾਰ ਜਮਾਉਣ ਦੀ ਲੋੜ ਹੀ ਕੀ ਰਹਿ ਜਾਂਦੀ ਹੈ ? ਅਨੰਦ ਤੇ ਖੇੜੇ ਦੀ ਇਸ ਵਿਸਮਾਦੀ ਅਵਸਥਾ ਵਿਚ ਰਾਉ ਰੰਕ ਇਕ ਸਮਾਨ ਹਨ।

ਇਥੇ ਪ੍ਰਭੂ-ਪ੍ਰੀਤਮ ਦੀ ਹਜ਼ੂਰੀ ਵਿਚ ਸਭ ਪ੍ਰਸੰਨ ਤੇ ਸੁਤੰਤਰ ਹਨ। ਇਥੇ ਗ਼ਰੀਬੀ ਦਾ ਨਾਂ-ਨਿਸ਼ਾਨ ਵੀ ਨਹੀਂ ਹੈ। ਇਸ ਲੋਕ ਵਿਚ ਗ਼ਰੀਬੀ ਦੀ ਇਸ ਲਈ ਲੋੜ ਹੈ ਕਿਉਂਜੋ ਇਹ ਇਕ ਸਦਗੁਣ ਹੈ। ਇਸ ਦੇ ਟਾਕਰੇ ਵਿਚ ਅਮੀਰਾਂ ਦੀ ਖ਼ੁਸ਼ੀ ਦੁੱਖਾਂ ਭਰੀ ਤੇ ਚਿੰਤਾ ਲਈ ਹੁੰਦੀ ਹੈ। ਪਰ ਇਸ ਗ਼ਰੀਬੀ ਵਿਚ ਅਸੀਂ ਖ਼ੁਸ਼ ਤੇ ਸੰਤੁਸ਼ਟ ਰਹਿੰਦੇ ਹਾਂ। ਇਸ ਦੇ ਵਿਪਰੀਤ ਇਥੇ ਅਮੀਰ ਸਦਾ ਦੁਖੀ ਰਹਿੰਦੇ ਤੇ ਆਤਮਿਕ ਤੌਰ 'ਤੇ ਹੀਣੇ ਰਹਿੰਦੇ ਹਨ। ਸੋਨੇ ਚਾਂਦੀ ਦੇ ਢੇਰ ਮਨੁੱਖ ਨੂੰ ਅਮੀਰ ਨਹੀਂ ਬਣਾ ਦਿੰਦੇ। ਇਹ ਮਾਲ ਖ਼ਜ਼ਾਨੇ ਪ੍ਰਾਪਤ ਕਰਕੇ ਵੀ ਉਹ ਸਦਾ ਅਭਾਗੇ ਗ਼ਰੀਬ ਹੀ ਰਹਿੰਦੇ ਹਨ। ਉਹ ਗ਼ਰੀਬਾਂ ਦੀ ਤੁਲਨਾ ਵਿਚ ਵਧੇਰੇ ਦੁਖੀ ਹੁੰਦੇ ਹਨ ਤੇ ਇਕ ਤਰ੍ਹਾਂ ਦੇ ਆਤਮ-ਛਲਾਵੇ ਵਿਚ ਹੀ ਵਿਚਰਦੇ ਹਨ, ਪਰ ਉਥੋਂ ਦੇ ਉਚੇ ਸੰਸਾਰ ਵਿਚ ਕੋਈ ਵੀ ਗ਼ਰੀਬ ਨਹੀਂ ਹੈ। ਦੇਵ ਮੰਡਲ ਦਾ ਪਰਮਾਨੰਦ ਸਭ ਨੂੰ ਪਾਤਸ਼ਾਹ ਬਣਾ ਦਿੰਦਾ ਹੈ। ਉਥੋਂ ਦੇ ਹਰ ਇਕ ਵਾਸੀ ਨੂੰ ਅਨੰਤਾਂ ਦੀ ਅਜਿਹੀ ਪਾਤਸ਼ਾਹਤ ਪ੍ਰਾਪਤ ਹੋ ਜਾਂਦੀ ਹੈ ਕਿ ਕੋਈ ਵੀ ਤਾਕਤ ਦੀ ਹਿੰਸਾ ਨਾਲ

ਉਸ ਨੂੰ ਖੋਹ ਨਹੀਂ ਸਕਦਾ।

ਉਥੇ ਪ੍ਰਭੂ ਆਪ ਨਿਰੰਕੁਸ਼ ਸਮਰਾਟ ਹੈ ਅਤੇ ਆਪਣੀ ਇਸ ਨਿਰੰਕੁਸ਼ ਬਾਦਸ਼ਾਹਤ ਵਿਚ ਉਹ ਸਭ ਨੂੰ ਆਪਣੇ ਵਰਗੀ ਖ਼ੁਸ਼ੀ ਦਾ ਸਾਂਝੀਵਾਲ ਬਣਾਉਂਦਾ ਹੈ।

ਅਸਲ ਵਿਚ ਉਹਨਾਂ ਲੋਕਾਂ ਦੀ ਦ੍ਰਿਸ਼ਟੀ ਹੀ ਕੰਗਾਲੀ ਤੇ ਨੀਵੀਂ ਹੁੰਦੀ ਹੈ ਜੋ ਦੂਜਿਆਂ ਨੂੰ ਨੀਵੇਂ, ਦੁਖੀ ਤੇ ਰੀਂਗਣ ਵਾਲੇ ਜੀਵ ਮੰਨਦੇ ਹਨ, ਜੋ ਉਹਨਾਂ ਅਨੁਸਾਰ ਪਤਿਤਾਂ ਤੇ ਨਰਕ ਨਿਵਾਸੀਆਂ ਵਰਗਾ ਜੀਵਨ ਬਤੀਤ ਕਰ ਰਹੇ ਹਨ। ਅਜਿਹੇ ਲੋਕ ਆਪਣੇ ਆਪ ਨੂੰ ਉਹਨਾਂ ਤੋਂ ਉਚੇਰੇ ਤੇ ਉਤਮ ਹੋਣ ਦੇ ਭਰਮ ਵਿਚ ਫਾਥੇ ਰਹਿੰਦੇ ਹਨ।

ਤੁਹਾਡੇ ਵਿਚੋਂ ਉਹ ਜੋ ਗ਼ਰੀਬ ਬਣ ਕੇ ਪ੍ਰਭੂ ਤੱਕ ਪੁਜਣ ਲਈ ਯਤਨਸ਼ੀਲ ਹਨ ਤੇ ਉਹ ਜਿਹੜੇ ਅਮੀਰ ਬਣ ਕੇ ਦੂਜਿਆਂ ਦੀ ਲੁਟ ਖਸੁਟ ਕਰ ਰਹੇ ਹਨ ਤੇ ਰੱਬ ਤਕ ਪੁਜਣਾ ਲੋਚਦੇ ਹਨ, ਦੋਵੇਂ ਹੀ ਆਤਮਿਕ ਪ੍ਰਕਾਸ਼ ਦੇ ਅਨੁਭਵ ਤੋਂ ਕੋਰੇ ਹਨ ਅਤੇ ਉਸ ਬਾਰੇ ਉਹਨਾਂ ਨੂੰ ਕੁਝ ਵੀ ਗਿਆਨ ਨਹੀਂ ਹੈ।

ਅਮੀਰ ਤਾਂ ਇਸ ਬਾਰੇ ਮੁਰਦੇ ਹਾਰ ਹਨ ਤੇ ਗ਼ਰੀਬ ਹਾਲੀਂ ਉਥੋਂ ਤਕ ਨਹੀਂ ਪਹੁੰਚੇ। ਤੁਹਾਡੀ ਇਹ ਪੁੱਛ ਤੇ ਭਾਲ ਹਾਲੀਂ ਬੜੀ ਨਿਮਾਣੀ ਹੈ ਤੇ ਇਸ ਨੂੰ ਪਰਲੋਕ ਦੇ ਯਥਾਰਥ ਬਾਰੇ ਕੁਝ ਵੀ ਪਤਾ ਨਹੀਂ ਹੈ ਕਿਉਂਜੋ ਇਸ ਬਾਰੇ ਜੋ ਤੁਸੀਂ ਸੋਚ ਰਹੇ ਹੋ, ਪਰਲੋਕ ਦਾ ਯਥਾਰਥ ਇਸ ਤੋਂ ਬਿਲਕੁਲ ਵਖਰਾ ਹੈ।

ਕੇਵਲ ਜੀਵਨ ਤੇ ਮਰਨ ਦੇ ਕੁਝ ਵੀ ਸਿੱਟੇ ਨਹੀਂ ਨਿਕਲ ਸਕਦੇ ਤੇ ਧਨ-ਸੰਪਤੀ ਨੂੰ ਜੋੜਨਾ ਤੇ ਇਸ ਦਾ ਮੁੜ ਨਿਵੇਸ਼ ਕਰਨਾ ਵੀ ਵਿਅਰਥ ਦਾ ਮਨੋਰਥ ਹੈ।

ਜੇ ਤੁਸੀਂ ਗੁਰੂ ਦੇ ਨੇੜੇ ਹੋ ਤਾਂ ਆਪਣੇ ਆਪ ਨੂੰ ਗ਼ਰੀਬ ਸਮਝਣ ਤੇ ਅਮੀਰ ਹੋ ਕੇ ਉਸ ਦੇ ਨੇੜੇ ਰਹਿਣ ਵਿਚ ਕੋਈ ਅੰਤਰ ਨਹੀਂ ਹੈ।

ਪਰ ਕਿਸੇ ਦਾ ਦਮਨ ਨਾ ਕਰੋ, ਕਿਸੇ ਨੂੰ ਦੁਖ ਨਾ ਪੁਚਾਉ, ਕਿਸੇ ਨੂੰ ਸਟ ਨਾ ਮਾਰੋ, ਕਿਸੇ ਦਾ ਦਿਲ ਨਾ ਤੋੜੋ, ਕਿਸੇ ਵੀ ਇਸਤਰੀ-ਪੁਰਸ਼ ਦੀ ਆਤਮਾ ਦੀ ਸੁੰਦਰਤਾ ਨੂੰ ਭੰਗ ਨਾ ਕਰੋ ਕਿਉਂਜੋ ਕੋਈ ਵੀ ਉਹ ਜਿਸ ਦੇ ਦਿਲ ਵਿਚ ਦਇਆ ਨਹੀਂ ਹੈ, ਪ੍ਰਭੂ-ਪ੍ਰੀਤਮ ਦੇ ਨੇੜੇ ਨਹੀਂ ਹੋ ਸਕਦਾ। ਪਹਿਲਾਂ ਦੂਜਿਆਂ ਨੂੰ ਸੁਤੰਤਰਤਾ ਦਿਉ ਤੇ ਫਿਰ ਉਹਨਾਂ ਦੀ ਖ਼ੁਸ਼ੀ ਦੇ ਆਪ ਸਾਂਝੀਵਾਲ ਬਣੋ, ਇਹੋ ਹੀ ਮਨੁੱਖ ਹੋਣ ਦੀ ਸਭ ਤੋਂ ਵੱਡੀ ਲੋੜੀਂਦੀ ਵਿਸ਼ੇਸ਼ਤਾ ਹੈ। ਸਭ ਦੇਵਤਿਆਂ ਵਾਲੇ ਸਦਗੁਣ ਤਾਂ ਆਤਮਿਕ ਅਨੁਭਵ ਦੀ ਪ੍ਰਾਪਤੀ ਤੋਂ ਪਿੱਛੋਂ ਦੀਆਂ ਗੱਲਾਂ ਹਨ। ਪ੍ਰੇਮ ਸਭ ਤੋਂ ਪਹਿਲਾ ਗੁਣ ਹੈ ਤੇ ਫਿਰ ਸਭ ਗੁਣ ਇਸ ਵਿਚ ਪਿਛੋਂ ਜਾ ਕੇ ਸਮਿਲਤ ਹੋ ਜਾਂਦੇ ਹਨ।

ਦੇਵ ਮੰਡਲ ਵਿਚ ਦਇਆ ਹੀ ਪ੍ਰਧਾਨ ਹੈ। ਖਿਮਾਂ ਹੀ ਨਿਆਂ ਹੈ ਤੇ ਪ੍ਰੇਮ ਦਾ ਨੇਮ ਹੀ ਪੂਰਨ ਸੁਤੰਤਰਤਾ ਹੈ।

ਪ੍ਰਸੰਨਚਿਤ ਹੋਣਾ ਹੀ ਪ੍ਰਭੂ ਦੀ ਸੱਚੀ ਸੇਵਾ ਹੈ। ਜੇ ਤੁਸੀਂ ਦਲੀਲ ਨਾਲ ਹੀ ਇਹ ਗੱਲ ਸਿੱਧ ਕਰਨੀ ਹੈ ਕਿ ਮੇਰਾ ਨਿਹਚਾ ਹੈ ਜਾਂ ਨਹੀਂ ਅਤੇ ਫਿਰ

ਇਸ ਭਰੋਸੇ ਦੀ ਵਿਆਖਿਆ ਕਰਨਾ ਕਿ ਇਹ ਕੁਝ ਹੈ ਤੇ ਉਹ ਕੁਝ ਨਹੀਂ ਅਤੇ ਇਸ ਨੂੰ ਇਤਨਾਂ ਹੋਣਾ ਚਾਹੀਦਾ ਹੈ ਆਦਿ ਸਭ ਫੋਕਟ ਗੱਲਾਂ ਹਨ।

ਜੇ ਇਸ ਵਿਸ਼ਵਾਸ ਨੂੰ ਇੱਛਾ ਸ਼ਕਤੀ ਦੇ ਸੰਕਲਪ, ਪ੍ਰਤਿਗਿਆ ਤੇ ਸੁਚੇਤ ਰਹਿ ਕੇ ਹੀ ਕਾਇਮ ਰਖਣਾ ਹੈ ਤਾਂ ਵੀ ਇਹ ਬੇਲੋੜੀ ਗੱਲ ਹੈ। ਅਜਿਹੀ ਹਾਲਤ ਵਿਚ ਇਸ ਵਿਚ ਪ੍ਰਭੂ-ਪ੍ਰੀਤਮ ਦੇ ਆਪ ਮੁਹਾਰੇ ਸਹਿਜ ਪ੍ਰੇਮ ਦੀ ਮਿਠਾਸ ਨਹੀਂ ਆ ਸਕਦੀ।

ਉਸ ਧਰਮ ਦਾ ਜਿਸ ਨੂੰ ਖਰੀਦਿਆ ਜਾ ਸਕਦਾ ਹੈ ਜਾਂ ਵੱਡਾ ਮੁੱਲ ਤਾਰ ਕੇ ਪ੍ਰਾਪਤ ਕੀਤਾ ਜਾਂਦਾ ਹੈ, ਕੋਈ ਮਹੱਤਵ ਨਹੀਂ ਹੋ ਸਕਦਾ ਕਿਉਂਜੋ ਜੋ ਮੇਰੇ ਲਈ ਨਹੀਂ ਹੈ, ਉਹ ਮੇਰਾ ਹੋ ਵੀ ਨਹੀਂ ਸਕਦਾ।

ਜਦੋਂ ਕੋਈ ਮਨੁੱਖ ਸੂਰਜ ਨੂੰ ਤੱਕ ਲੈਂਦਾ ਹੈ ਤਾਂ ਉਸ ਦੇ ਰਾਤ ਦੇ ਹਨੇਰੇ ਦੇ ਸਭ ਡਰ ਭਉ ਉਡ ਪੁਡ ਜਾਂਦੇ ਹਨ। ਵਿਸ਼ਵਾਸ ਤਾਂ ਸਿਧਾ ਤੇ ਪ੍ਰਤੱਖ ਰੂਪ ਦਾ ਗੁਰੂ ਦਾ ਬਖ਼ਸ਼ਿਆ ਗਿਆਨ ਹੈ। ਇਹ ਇਸੇ ਤਰ੍ਹਾਂ ਦਾ ਗਿਆਨ ਜਾਂ ਬੋਧ ਹੁੰਦਾ ਹੈ ਜਿਵੇਂ ਤੁਸੀਂ ਆਪਣੇ ਸਫ਼ਰ ਵਿਚ ਆਪਣੇ ਸ਼ਹਿਰ, ਮੁਹੱਲੇ, ਘਰ ਅਤੇ ਸਨੇਹੀ-ਮਿੱਤਰਾਂ ਬਾਰੇ ਜਾਣਦੇ ਹੁੰਦੇ ਹੋ।

ਇਹ ਕੋਈ ਇਸ ਤਰ੍ਹਾਂ ਦਾ ਨਿੱਜੀ ਗਿਆਨ ਨਹੀਂ ਜੋ ਤੁਹਾਨੂੰ ਇਹ ਦਸਦਾ ਹੈ ਕਿ ਤੁਸੀਂ ਇਸ ਤਰ੍ਹਾਂ ਦੇ ਕਿੰਨੇ ਸਫ਼ਰ ਕੀਤੇ ਹਨ। ਨਾ ਹੀ ਤੁਹਾਡੀ ਸਿਮਰਨ ਸ਼ਕਤੀ ਦਾ ਕੋਈ ਅੰਸ਼ ਜਾਂ ਭਾਗ ਹੁੰਦਾ ਹੈ। ਆਤਮਿਕ ਯਥਾਰਥ ਤਾਂ ਤੁਹਾਡੀ ਅੰਤਰੀਵ ਸਿਮਰਤੀ ਜਾਂ ਯਾਦ ਸ਼ਕਤੀ ਦੇ ਤੱਤ ਹੁੰਦੇ ਹਨ।

ਤੁਸੀਂ ਸੂਰਜ ਤੇ ਚੰਦਰਮਾ ਨੂੰ ਆਕਾਸ਼ ਵਿਚ ਚੜ੍ਹਦਿਆਂ ਤਕਦੇ ਹੋ, ਤਾਰਿਆਂ ਨੂੰ ਦੇਖਦੇ ਹੋ ਅਤੇ ਫਿਰ ਛਾਤੀ 'ਤੇ ਹੱਥ ਰੱਖ ਕੇ ਕਹਿ ਦਿੰਦੇ ਹੋ ਕਿ ਇਹ ਹਾਂ 'ਮੈਂ' ਜੋ ਸਭ ਕੁਝ ਵੇਖ ਰਿਹਾ ਹਾਂ, ਪਰ ਤੁਸੀਂ ਇਹ ਨਹੀਂ ਵੇਖ ਸਕਦੇ ਕਿ ਤੁਹਾਡੇ ਅੰਦਰ ਅਤੇ ਬਾਹਰ, ਅੱਗੇ ਅਤੇ ਪਿੱਛੇ, ਸੱਜੇ ਅਤੇ ਖੱਬੇ ਪ੍ਰਭੂ ਆਪ ਖੜ੍ਹਾ ਹੈ।

ਜੇ ਤੁਹਾਡੀ ਸਿਮਰਨ ਸ਼ਕਤੀ ਵਿਚ ਪਰਮੇਸ਼ਰ ਮੌਜੂਦ ਨਹੀਂ ਹੈ ਜਾਂ ਅਜਿਹਾ ਆਭਾਸ ਤੁਹਾਨੂੰ ਨਹੀਂ ਹੁੰਦਾ ਤਾਂ ਮੈਂ ਤੁਹਾਨੂੰ ਸੱਚ ਆਖਦਾ ਹਾਂ ਕਿ ਤੁਹਾਡਾ ਵਿਸ਼ਵਾਸ ਤਾਂ ਇਕ ਮੋਮ ਦਾ ਖਿਡੌਣਾ ਹੈ। ਤੁਸੀਂ ਹਾਲੀ ਉਸ ਨੰਨ੍ਹੇ ਬੱਚੇ ਜਿੰਨਾਂ ਵੀ ਗਿਆਨ ਨਹੀਂ ਰਖਦੇ ਜਿਸ ਨੂੰ ਆਪਣੇ ਨਾਮ ਤੇ ਆਪਣੀ ਮਾਤਾ ਦੀ ਹੋਂਦ ਦੀ ਵੀ ਸੁਧ ਨਹੀਂ ਹੈ। ਇਸ ਲਈ ਤੁਸੀਂ ਆਪਣੀ ਜਵਾਨੀ ਦੀ ਭਰਪੂਰ ਅਵਸਥਾ ਦੇ ਆਉਣ ਤਕ ਮਿਹਨਤ ਕਰੋ ਤੇ ਯਕੀਨ ਕਰੋ ਕਿ ਸੜਕ ਦੇ ਉਸ ਮੋੜ ਉਤੇ ਪੁਜਣ ਤਕ ਮੈਂ ਤੁਹਾਨੂੰ ਅਚੰਭਿਤ ਕਰ ਦੇਵਾਂਗਾ।

ਜਦੋਂ ਤੁਹਾਡੇ ਨੈਣ ਮੇਰੇ ਨੈਣਾਂ ਵਿਚ ਤੱਕ ਸਕਣਗੇ ਤੇ ਉਹਨਾਂ ਵਿਚ ਪ੍ਰੇਮ ਦੀ ਜੋਤੀ ਜਗ ਪਵੇਗੀ ਤਾਂ ਤੁਹਾਡੇ ਦਿਲ ਦੇ ਮੰਦਰ ਵਿਚ ਵੀ ਵਿਸ਼ਵਾਸ ਦਾ ਦੀਪਕ ਬਲ ਉਠੇਗਾ।

ਹੁਣ ਤੁਸੀਂ ਜਾਗਦੇ ਹੋਵੋ ਜਾਂ ਸੁਤੇ, ਧੂੜ ਵਿਚ ਅੱਟੇ ਹੋਵੋ ਜਾਂ ਨੀਂਦੀ

ਅਵਸਥਾ ਵਿਚ ਹੋਵੋ, ਗ਼ਰੀਬ ਹੋਵੋ ਜਾਂ ਅਮੀਰ, ਰਾਜਾ ਹੋਵੋ ਜਾਂ ਕਿਰਸਾਨ ਤੁਹਾਨੂੰ ਗਿਆਨ ਹੋ ਜਾਵੇਗਾ ਕਿ ਤੁਸੀਂ ਕਿਸੇ ਹੋਰ ਮਾਰਗ ਰਾਹੀਂ 'ਮੈਨੂੰ' ਪ੍ਰਾਪਤ ਨਹੀਂ ਸੀ ਕਰ ਸਕਦੇ।

ਫਿਰ ਤੁਹਾਨੂੰ ਇਸ ਗੱਲ ਦੀ ਵੀ ਸੋਝੀ ਹੋ ਜਾਵੇਗੀ ਕਿ ਅਮੀਰੀ ਤੇ ਗ਼ਰੀਬੀ ਤਾਂ ਤੁਹਾਡੀ ਮਨ ਦੀ ਖ਼ੁਸ਼ੀ ਅਨੁਸਾਰ ਪਹਿਨੇ ਗਏ ਕੱਪੜੇ ਤੇ ਗਹਿਣੇ ਹਨ। ਤੁਹਾਨੂੰ ਕਿਸੇ ਦਿਨ ਅਮੀਰ ਹੋਣਾ ਤੇ ਕਿਸੇ ਦਿਨ ਗ਼ਰੀਬ ਹੋਣਾ ਚੰਗਾ ਲੱਗੇਗਾ।

ਜਦੋਂ ਤੁਸੀਂ ਕਿਸੇ ਜੰਗਲ ਵਿਚ ਇਕੱਲੇ ਹੋਵੋਗੇ ਤਾਂ ਮੈਂ ਤੁਹਾਡੇ ਸੰਗ ਹੋਵਾਂਗਾ ਤੇ ਤੁਹਾਡੇ ਕੇਸਾਂ ਨੂੰ ਸਵਾਰ ਰਿਹਾ ਹੋਵਾਂਗਾ। ਤੁਹਾਨੂੰ ਇਹ ਵੀ ਪਤਾ ਨਹੀਂ ਲੱਗ ਸਕੇਗਾ ਕਿ ਰਾਤ ਨੂੰ ਕਦੋਂ ਮੈਂ ਤੁਹਾਡੇ ਨਾਲ ਆ ਕੇ ਸੌਂ ਜਾਂਦਾ ਹਾਂ ਤੇ ਤੁਹਾਨੂੰ ਨਿਘ ਪਹੁੰਚਾਉਂਦਾ ਹਾਂ। ਭਾਵੇਂ ਤੁਸੀਂ ਰਾਜ ਸਿੰਘਾਸਨ 'ਤੇ ਬਿਰਾਜਮਾਨ ਹੋਵੋ ਜਾਂ ਧੂੜ ਵਿਚ ਲਿਬੜੇ ਹੋਵੋ, ਮੈਂ ਤੁਹਾਡੀ ਪ੍ਰੇਮ ਭਰਪੂਰ ਮਿੱਠੀ ਨੀਂਦ ਵਿਚ ਇਕ ਸਮਾਨ ਹੀ ਵਰਤਾਉ ਕਰਾਂਗਾ।

ਜਦੋਂ ਤੁਸੀਂ ਇਸ ਤਰ੍ਹਾਂ ਜਾਣ ਜਾਂਦੇ ਹੋ ਤਾਂ ਤੁਹਾਡਾ ਰੋਮ ਰੋਮ ਮੇਰਾ ਨਾਮ ਜਪੇਗਾ। ਤੁਹਾਡੇ ਰੋਮ ਰੋਮ ਨੂੰ ਜੀਭਾ ਲੱਗ ਜਾਵੇਗੀ ਤੇ ਉਸ ਵਿਚੋਂ ਉਸਤਤ ਤੇ ਸ਼ੁਕਰਾਨੇ ਦੇ ਸ਼ਬਦ ਨਿਕਲਣਗੇ। ਅਜਿਹੀ ਅਵਸਥਾ ਵਿਚ ਜੇ ਤੁਸੀਂ ਆਪਣੇ ਕਿਸੇ ਰੋਮ ਨੂੰ ਵੀ ਕੱਟ ਦਿਉਗੇ ਤਾਂ ਤੁਹਾਨੂੰ ਇੰਜ ਪ੍ਰਤੀਤ ਹੋਵੇਗਾ ਜਿਵੇਂ ਤੁਸੀਂ ਆਪਣੀ ਕਿਸੇ ਜੀਭਾ ਨੂੰ ਕੱਟ ਦਿਤਾ ਹੈ। ਰੋਮ ਰੋਮ ਵਿਚੋਂ ਪ੍ਰੇਮ ਦਾ ਅਨੰਦ ਪ੍ਰਗਟ ਹੋਵੇਗਾ, ਜਿਵੇਂ ਕਿ ਇਹ ਇਕੋ ਫੁੱਲ ਦੀ ਪੱਤੀ ਦੇ ਖੇੜੇ ਦਾ ਅਹਿਸਾਸ ਹੋਵੇ। ਜਿਵੇਂ ਇਕ ਦਰਖ਼ਤ ਦੇ ਅਨੇਕ ਪੱਤੇ ਹਨ, ਪੰਛੀਆਂ ਦੇ ਖੰਭ ਹੁੰਦੇ ਹਨ, ਤੁਹਾਨੂੰ ਇੰਜ ਅਨੁਭਵ ਹੋਵੇਗਾ ਕਿ ਤੁਹਾਡੇ ਰੋਮ ਰੋਮ ਵਿਚ ਕਿਸੇ ਦੇ ਸੁਆਸ ਧੜਕ ਰਹੇ ਹਨ ਤੇ ਉਹਨਾਂ ਵਿਚੋਂ ਨਾਮ ਰੂਪੀ ਘੰਟੀਆਂ ਦੀ ਗੁੰਜਾਰ ਹੋ ਰਹੀ ਹੈ। ਅਜਿਹੇ ਸਮੇਂ ਤੁਹਾਡੇ ਸਰੀਰ ਦੇ ਵੀ ਕੋਈ ਅਰਥ ਨਹੀਂ ਰਹਿ ਜਾਂਦੇ। ਕਈ ਵਾਰ ਤੁਸੀਂ ਭੈਅ ਕਾਰਨ ਅਜਿਹੀ ਅਵਸਥਾ ਤੋਂ ਤੰਗ ਆ ਜਾਂਦੇ ਹੋ, ਦੁਖੀ ਹੋ ਜਾਂਦੇ ਹੋ, ਆਪਣੇ ਆਪ ਤੋਂ ਛਿਥੇ ਪੈ ਜਾਂਦੇ ਹੋ ਅਤੇ ਇੰਨਾਂ ਹਾਰ ਹੁਟ ਜਾਂਦੇ ਹੋ ਕਿ ਤੁਹਾਡਾ ਚਿਤ ਸਰੀਰ ਨੂੰ ਨਸ਼ਟ ਕਰ ਦੇਣ ਲਈ ਕਰਦਾ ਹੈ, ਪਰ ਤੁਹਾਨੂੰ ਇਹ ਪਤਾ ਨਹੀਂ ਹੁੰਦਾ ਕਿ ਮਨੁੱਖੀ ਸਰੀਰ ਦਾ ਇਸ ਤਰ੍ਹਾਂ ਛੇਤੀ ਛੇਤੀ ਅੰਤ ਨਹੀਂ ਹੋ ਸਕਦਾ। ਤੁਹਾਡੇ ਇਹ ਸਾਰੇ ਦੁਖ, ਉਦਾਸੀ ਤੇ ਥਕਾਵਟ ਸਰੀਰਕ ਨਹੀਂ ਹਨ, ਸਗੋਂ ਆਤਮਾ ਦੇ ਸਨ। ਜਿਵੇਂ ਕਿ ਕਈ ਵਾਰ ਬੇਧਿਆਨੀ ਵਿਚ ਵੀ ਤੁਸੀਂ ਆਪਣੇ ਰੋਮ ਨੂੰ ਕਟ ਦਿੰਦੇ ਹੋ। ਇਹ ਸਰੀਰ ਤਾਂ ਤੁਹਾਡੇ ਲਈ ਸਭ ਤੋਂ ਵੱਡਾ ਸ਼ੁਭ ਅਵਸਰ ਸੀ ਤੇ ਤੁਸੀਂ ਖ਼ੁਸ਼ੀ ਖ਼ੁਸ਼ੀ ਇਸ ਵੱਲੋਂ ਮੂੰਹ ਮੋੜ ਲੈਂਦੇ ਹੋ ਤਾਂ ਫਿਰ ਕੀ ਇਹ ਅਚੰਭਾ ਨਹੀਂ ਹੈ ਕਿ ਤੁਸੀਂ ਇਸ ਨੂੰ ਗਵਾ ਦਿੰਦੇ ਹੋ ? ਤਾਂ ਫਿਰ ਵਿਅਰਥ ਕਾਮਨਾਵਾਂ ਪਿੱਛੇ ਲਗ ਕੇ ਇਸ ਸਰੀਰ ਨੂੰ ਗਵਾਉਣ ਦਾ ਕੀ ਲਾਭ ਹੋ ਸਕਦਾ ਹੈ ? ਕਈ ਵਾਰ ਤੁਹਾਡੀਆਂ ਖ਼ੁਸ਼ੀਆਂ ਤੁਹਾਨੂੰ ਚੁਭਦੀਆਂ ਹਨ, ਪਰ ਤੁਸੀਂ ਇਹ ਜਾਣ ਨਹੀਂ

ਰਹੇ ਹੁੰਦੇ। ਇਹ ਸਰੀਰ ਤੁਹਾਡੀ ਆਤਮਾ ਨੂੰ ਅਦ੍ਰਿਸ਼ਟ ਬਣਾ ਦਿੰਦਾ ਹੈ, ਪਰ ਇਹ ਸਰੀਰ ਹੀ ਆਤਮਾ ਦੀ ਸ਼ਾਨ ਦਾ ਵਾਹਨ ਮਾਤਰ ਹੁੰਦਾ ਹੈ।

ਇਸ ਸਰੀਰਕ ਜੀਵਨ ਦੀਆਂ ਵਿਅਰਥ ਕਾਮਨਾਵਾਂ ਜੋ ਤੁਹਾਡੀਆਂ ਗਿਆਨ ਇੰਦਰੀਆਂ ਬਾਹਰ ਵੱਲ ਖਿੱਚਾ ਪਾਉਂਦੀਆਂ ਹਨ, ਦਾ ਇਕੋ ਇਕ ਇਲਾਜ ਹੈ। ਨਹੀਂ ਤਾਂ ਇਹ ਇਸੇ ਤਰ੍ਹਾਂ ਦੀ ਗੱਲ ਹੈ, ਜਿਵੇਂ ਝੱਖੜ ਤੇ ਤੂਫ਼ਾਨ ਵੱਡੇ ਵੱਡੇ ਬ੍ਰਿਛਾਂ ਨੂੰ ਜੜ੍ਹਾਂ ਤੋਂ ਹੀ ਉਖਾੜ ਦਿੰਦੇ ਹਨ। ਕੀ ਤੁਸੀਂ ਆਪਣੇ ਜੀਵਨ ਨੂੰ ਰਬਤਾ ਦੀ ਸ਼ਾਨ, ਮਹਾਨਤਾ ਤੇ ਇਸ ਦੀ ਸੁੰਦਰਤਾ ਤੇ ਸਭ ਦੇ ਦਰਦ ਵਿਚ ਭਿੱਜੀ ਜੀਵਨ ਤੇ ਮੌਤ ਦੇ ਰਹੱਸ ਤੱਕ ਇਤਨਾਂ ਡੂੰਘਾ ਲੈ ਗਏ ਹੋ ਕਿ ਤੁਸੀਂ ਉਸ ਦੀ ਸਤਾ ਵਿਚ ਵਿਚਰ ਰਹੇ ਹੋ ?

ਇਸ ਧਰਤ ਨੂੰ ਤਾਂ ਅਨਾਜ ਉਪਜਾਉਣ ਲਈ ਵਾਹੋ-ਬੀਜੋ, ਦਿਲ ਦੀ ਧਰਤੀ ਨੂੰ ਵਾਹ ਕੇ ਇਸ ਵਿਚ ਪ੍ਰੇਮ ਦਾ ਬੀਜ ਬੀਜੋ ਤੇ ਆਤਮਾ ਦੀ ਧਰਤੀ ਵਿਚ ਜੀਵਨ ਦਾ ਬੀਜ ਬੀਜੋ।

ਅਜਿਹਾ ਸੰਸਾਰ ਹੀ 'ਕਰਤਾਰਪੁਰ' ਅਰਥਾਤ ਸਿਰਜਣਹਾਰ ਦਾ ਨਗਰ ਹੋ ਸਕਦਾ ਹੈ। ਇਹੋ ਹੀ ਉਸ ਸੱਚੇ ਪਾਤਸ਼ਾਹ ਦੇ ਮਹਿਲ ਹਨ।

ਮਨੁੱਖਾਂ ਵਿਚ ਇਸ ਆਤਮਿਕ ਅਨੰਦ ਨੂੰ ਜਗਾਉਣ ਲਈ ਕੰਮ ਕਰੋ। ਇਸ ਸੇਵਾ ਲਈ ਕਿਸੇ ਕੋਲੋਂ ਕੋਈ ਕਰ ਜਾਂ ਸੇਵਾਫਲ ਨਾ ਉਗਰਾਹੋ, ਸਗੋਂ ਇਸ ਪ੍ਰੇਮ ਦੀ ਕਾਰ-ਭੇਟ ਦੁਆਰਾ ਜੋ ਕੁਝ ਤੁਸੀਂ ਇਕੱਤਰ ਕੀਤਾ ਹੈ, ਉਸ ਨੂੰ ਖੁਲ੍ਹ ਕੇ ਵੰਡੋ। ਆਪ ਜੀਉ ਤੇ ਦੂਜਿਆਂ ਨੂੰ ਜਿਉਣ ਦਿਉ। ਕਿਸੇ ਪਰ-ਦਰਬ ਤੇ ਪਰ-ਇਸਤਰੀ ਦੀ ਇੱਛਾ ਨਾ ਰੱਖੋ। ਜੇ ਤੁਹਾਡੇ ਅੰਦਰ ਆਤਮਿਕ ਪਰਮ-ਚੇਤਨਾ ਦਾ ਆਭਾਸ ਹੁੰਦਾ ਹੈ ਤਾਂ ਉਸ ਦੇ ਤੀਖਣ ਅਨੁਭਵ ਨੂੰ ਆਪ ਮਾਣੋ। ਜਿਹੜੀਆਂ ਵਸਤਾਂ ਤੁਸੀਂ ਆਪਣੇ ਲਈ ਲੋਚਦੇ ਹੋ, ਦੂਜਿਆਂ ਲਈ ਵੀ ਛੱਡ ਦਿਉ।

ਸੱਚੇ ਅਰਥਾਂ ਵਿਚ ਸਾਂਸਕ੍ਰਿਤਕ ਜਾਂ ਸਭਿਆਚਾਰੀ ਵਿਅਕਤੀ ਲਈ ਸਭ ਖ਼ੁਸ਼ੀਆਂ ਦਾ ਤਿਆਗ ਕਰਨਾ ਹੀ ਵੱਡੀ ਖ਼ੁਸ਼ੀ ਹੈ। ਸੱਚੇ ਅਰਥਾਂ ਵਿਚ ਸਾਂਸਕ੍ਰਿਤਕ ਜਾਂ ਸਭਿਆਚਾਰੀ ਵਿਅਕਤੀ ਲਈ ਸਭ ਪ੍ਰਕਾਰ ਦੀ ਮਲਕੀਅਤ ਦਾ ਤਿਆਗ ਹੀ ਸਭ ਤੋਂ ਵੱਡੀ ਰਾਸ-ਪੂੰਜੀ ਹੈ। ਹਾਲੀ ਵੀ ਸੂਖ਼ਮ ਪ੍ਰਕਾਰ ਦੇ ਸੁਆਰਥੀ ਭਾਵ (ਅਹੰ) ਤੁਹਾਨੂੰ ਕਿੰਨਾਂ ਘੇਰੀ ਬੈਠੇ ਹਨ। ਹਾਲੀ ਵੀ ਤੁਸੀਂ ਸੱਚੀ ਸੰਸਕ੍ਰਿਤੀ ਦੀ ਉਚੇਰੀ ਨੈਤਿਕਤਾ ਦੀਆਂ ਚੋਟੀਆਂ ਤੋਂ ਕਿਤਨੇ ਦੁਰੇਡੇ ਹੋ।

ਜੇ ਤੁਹਾਨੂੰ ਹਾਲੀ ਆਤਮਾ ਦੀ ਸੁਤੰਤਰਤਾ ਦਾ ਬੋਧ ਨਹੀਂ ਹੋਇਆ ਤਾਂ ਕਾਮਨਾ, ਲਾਲਸਾ ਤੇ ਲਭ ਲੋਭ ਦਾ ਤਿਆਗ ਕਰੋ। ਅੱਜ ਤਾਂ ਤੁਹਾਡੇ ਕੋਲ ਸ਼ਕਤੀ ਹੈ ਕਿ ਤੁਸੀਂ ਦੂਜਿਆਂ ਨੂੰ ਦਬਾ ਸਕਦੇ ਹੋ, ਪਰ ਕੱਲ੍ਹ ਉਹਨਾਂ ਕੋਲ ਵੀ ਉਹ ਸ਼ਕਤੀ ਹੋਵੇਗੀ ਜੋ ਤੁਹਾਨੂੰ ਨਸ਼ਟ ਕਰ ਦੇਵੇਗੀ। ਇਸ ਤਰ੍ਹਾਂ ਇਸ ਵਹਿਸ਼ੀਪੁਣੇ ਤੇ ਅੰਧਕਾਰ ਦਾ ਕੋਈ ਅੰਤ ਨਹੀਂ ਹੋਵੇਗਾ।

ਪਰ ਇਸ ਦਾ ਕਿਤੇ ਨਾ ਕਿਤੇ ਤਾਂ ਅੰਤ ਹੋਣਾ ਚਾਹੀਦਾ ਹੈ। ਸਭ ਤੋਂ ਪਹਿਲਾਂ ਤੁਹਾਡੇ ਆਪਣੇ ਵਿਚ ਹੀ ਇਹਨਾਂ ਦਾ ਅੰਤ ਹੋਣਾ ਚਾਹੀਦਾ ਹੈ। ਤੁਸੀਂ

ਉਨਾਂ ਚਿਰ ਤਕ ਕਦੀ ਵੀ ਸੁਤੰਤਰ ਨਹੀਂ ਹੋ ਸਕੋਗੇ ਜਿੰਨਾਂ ਚਿਰ ਤਕ ਤੁਸੀਂ ਆਪਣੇ ਆਪ ਨੂੰ ਕਰੋਧ ਤੇ ਲਾਲਸਾ ਤੋਂ ਮੁਕਤ ਨਹੀਂ ਕਰ ਲੈਂਦੇ।

ਬਾਹਰਲੇ ਸੰਸਾਰ ਵਿਚ ਤੁਹਾਡੇ ਲਈ ਕਿਤੇ ਵੀ ਤੇ ਕਿਸੇ ਸਮੇਂ ਵੀ ਸੁਖ ਚੈਨ ਨਹੀਂ ਹੋ ਸਕਦਾ, ਜੇ ਤੁਹਾਡਾ ਅੰਦਰਲਾ, ਕਰੋਧ, ਲੋਭ, ਮਲਕੀਅਤ ਦੀ ਲਾਲਸਾ ਤੇ ਇਸਤਰੀ ਪ੍ਰਤੀ ਖਿਚਾਂ ਦੇ ਝੱਖੜਾਂ ਵਿਚ ਡਕੋ ਡੋਲੇ ਖਾਂਦਾ ਰਹਿੰਦਾ ਹੈ।

ਇਸ ਗੱਲ ਨੂੰ ਜਾਣ ਲਵੋ ਕਿ ਸਭ ਪ੍ਰਕਾਰ ਦੇ ਦਵੈਖ ਭਾਵ ਜੋ ਤੁਹਾਡੇ ਅੰਦਰ ਉਤਪੰਨ ਹੁੰਦੇ ਹਨ। ਤੁਹਾਡੇ ਆਪਣੇ ਹੀ ਅੰਦਰਲੇ ਤਾਪ ਤੇ ਰੋਗ ਕਾਰਨ ਹਨ। ਇਹ ਮਾਲਕੀ ਦਾ ਹੀ ਰੋਗ ਹੈ, ਜੋ ਤੁਹਾਡੇ ਅੰਦਰ ਇਹ ਭਾਵਨਾ ਜਗਾਉਂਦਾ ਹੈ ਕਿ ਸਭ ਕੁਝ ਤੁਹਾਡੇ ਅਧੀਨ ਤੇ ਹੱਥ ਵਸ ਹੋਣਾ ਚਾਹੀਦਾ ਹੈ ਤੇ ਇਹ ਇੱਛਾ ਕਿ ਸਭ ਕੁਝ ਤੁਹਾਡੇ ਲਈ ਹੀ ਹੋਣਾ ਚਾਹੀਦਾ ਹੈ, ਇਹ ਸਭ ਕੁਝ ਇਛਾਵਾਂ ਤੇ ਮਨਸਾ ਤ੍ਰਿਸ਼ਨਾ ਸੰਬੰਧੀ ਅਗਿਆਨ ਕਾਰਨ ਹੁੰਦਾ ਹੈ। ਇਹੋ ਹੀ ਤਾਂ ਤੁਹਾਡੀ ਆਤਮਾ ਵਿਰੁੱਧ ਕੀਤੀ ਗਈ ਸਭ ਤੋਂ ਵੱਡੀ ਹਿੰਸਾ ਹੋ ਨਿਬੜਦੀ ਹੈ।

ਜੇ ਪ੍ਰਭੂ ਤੁਹਾਨੂੰ ਪਤਨੀ ਬਖ਼ਸ਼ਦਾ ਹੈ ਤਾਂ ਉਸ ਦਾ ਸਵਾਗਤ ਕਰੋ, ਉਸ ਲਈ ਕਿਰਤ ਕਰੋ, ਉਸ ਦੀ ਖਾਧ-ਖੁਰਾਕ ਦਾ ਪ੍ਰਬੰਧ ਕਰੋ ਤੇ ਉਸ ਨੂੰ ਪ੍ਰੇਮ ਨਾਲ ਨਿਵਾਜ ਕੇ ਉਸ ਨੂੰ ਇਸ ਤਰ੍ਹਾਂ ਸਹਾਰਾ ਦਿਉ, ਸੁਖ ਪਹੁੰਚਾਉ ਜਿਵੇਂ ਵਹਿੰਦਾ ਦਰਿਆ ਪੰਛੀਆਂ ਨੂੰ ਸਹਾਰਾ ਦਿੰਦਾ ਹੈ। ਜੇ ਪ੍ਰਭੂ ਤੁਹਾਨੂੰ ਸੰਤਾਨ ਬਖ਼ਸ਼ਦਾ ਹੈ ਤਾਂ ਉਹਨਾਂ ਦਾ ਸਵਾਗਤ ਕਰੋ, ਉਹਨਾਂ ਦੀ ਟਹਿਲ ਸੇਵਾ ਕਰੋ, ਉਹਨਾਂ ਦੀ ਖਾਧ-ਖੁਰਾਕ ਦਾ ਪ੍ਰਬੰਧ ਕਰੋ ਤੇ ਆਪਣੇ ਪਿਆਰ ਦੁਆਰਾ ਉਹਨਾਂ ਨੂੰ ਇਸ ਤਰ੍ਹਾਂ ਨਿਵਾਜੋ ਜਿਵੇਂ ਸੂਰਜ ਆਪਣੇ ਚਾਨਣ ਦੁਆਰਾ ਧਰਤੀ ਦੀ ਰੱਖਿਆ ਕਰਦਾ ਹੈ।

ਸਾਰੇ ਮਨੁੱਖੀ ਚਿਹਰੇ ਪ੍ਰਭੂ ਦੀ ਸ੍ਰਿਸ਼ਟੀ ਦੇ ਮਹਾਨ ਬਾਗ਼ ਦੇ ਫੁੱਲ ਹਨ ਤੇ ਸਾਰੇ ਇਸ ਬਾਗ਼ ਵਿਚ ਉਗੇ ਬ੍ਰਿਛਾਂ ਦੀ ਤਰ੍ਹਾਂ ਇਕੱਤਰ ਹਨ। ਇਹ ਤਾਂ ਪ੍ਰਭੂ ਦੇ ਹੁਕਮ ਵਿਚ ਇੰਜ ਆ ਜੁੜੇ ਹਨ ਤੇ ਸੰਜੋਗ-ਵਸ ਇਹ ਤੁਹਾਡੇ ਸਮੂਹ ਦਾ ਅੰਗ ਬਣ ਗਏ ਹਨ। ਇਹਨਾਂ ਨੂੰ ਵੇਖ ਕੇ ਪ੍ਰਸੰਨ ਹੋਵੋ ਤੇ ਸਾਰੇ ਵਿਸ਼ਵ ਨਾਲ ਸਹਿਜ-ਸ਼ਾਂਤੀ ਵਿਚ ਵਿਚਰੋ। ਇਹ ਕਦੀ ਨਾ ਸੋਚੋ ਕਿ ਇਹ ਤੁਹਾਡੇ ਰੂਪ ਅਤੇ ਆਕਾਰ ਦੀ ਖਿਚ ਕਾਰਨ ਤੁਹਾਡੇ ਨਾਲ ਆ ਜੁੜੇ ਹਨ ਕਿਉਂਜੋ ਤੁਹਾਡਾ ਰੂਪ ਤੇ ਆਕਾਰ ਆਪਣੇ ਆਪ ਵਿਚ ਕੋਈ ਵੀ ਆਕਰਸ਼ਨ ਨਹੀਂ ਰਖ ਸਕਦਾ।

ਉਹਨਾਂ ਵਲ ਹਮਦਰਦੀ ਨਾਲ ਪੇਸ਼ ਆਉ ਅਤੇ ਬੱਚਿਆਂ ਦੀਆਂ ਖ਼ੁਸ਼ੀਆਂ ਤੇ ਮੁਸਕਾਨਾਂ ਨੂੰ ਇਕੱਤਰ ਕਰੋ ਤੇ ਆਪਣੀ ਆਤਮਾ ਵਿਚ ਉਹਨਾਂ ਵਰਗੀ ਸੁਖ ਨੀਂਦ ਉਤਪੰਨ ਕਰੋ ਕਿਉਂਜੋ ਉਹ ਪ੍ਰਭੂ ਦੀ ਮਹੱਤਵਪੂਰਨ ਤੇ ਸਜਿੰਦ ਉਤਪਤੀ ਹਨ।

ਪਰ ਜੇ ਤੁਹਾਡੀ ਪਤਨੀ ਤੁਹਾਡੇ ਵਲੋਂ ਮੂੰਹ ਮੋੜ ਲੈਂਦੀ ਹੈ ਤੇ ਤੁਹਾਡੇ ਬੱਚੇ ਤੁਹਾਡੇ ਕਹੇ ਵਿਚ ਨਹੀਂ ਚਲਦੇ ਤੇ ਆਪਣੀ ਮਰਜ਼ੀ ਦਾ ਰਾਹ ਚੁਣਦੇ ਹਨ ਤਾਂ ਉਹਨਾਂ ਨੂੰ ਨਿਸੰਗ ਅਜਿਹਾ ਕਰ ਲੈਣ ਦਿਉ ਕਿਉਂਜੋ ਉਹ ਵੀ ਉਸੇ ਤਰ੍ਹਾਂ

ਹੀ ਸੁਤੰਤਰ ਹਨ ਜਿਵੇਂ ਕਿ ਤੁਸੀਂ ਆਪਣੇ ਬਚਪਨ ਵਿਚ ਸੁਤੰਤਰ ਹੁੰਦੇ ਸੀ। ਬਾਲ ਜਦੋਂ ਵੀ ਇਸ ਸੰਸਾਰ ਵਿਚ ਆਉਂਦਾ ਹੈ ਤਾਂ ਉਸ ਨੂੰ ਕੋਈ ਵੀ ਅਜਿਹੀ ਸੋਝੀ ਨਹੀਂ ਹੁੰਦੀ। ਉਹਨਾਂ ਨੂੰ ਤਾਂ ਤੁਹਾਡੇ ਸੰਸਾਰ ਵਿਚ ਘਲਿਆ ਹੀ ਗਿਆ ਹੈ ਜਿਸ ਨਾਲ ਤੁਹਾਡੇ ਸੰਸਾਰ ਵਿਚ ਕੁਝ ਵਾਧਾ ਜ਼ਰੂਰ ਹੋ ਗਿਆ ਹੈ ਤੇ ਤੁਹਾਡੇ ਤੋਂ ਬਿਨਾਂ ਵੀ ਇਵੇਂ ਖ਼ੁਸ਼ ਰਹਿ ਸਕਦੇ ਹਨ ਜਿਵੇਂ ਉਹ ਇਸ ਸੰਸਾਰ ਵਿਚ ਆਉਣ ਤੋਂ ਪਹਿਲਾਂ ਹੁੰਦੇ ਸਨ। ਇਸ ਵਿਚ ਕੋਈ ਸੰਦੇਹ ਨਹੀਂ ਹੈ ਕਿ ਮਨੁੱਖ ਆਪਣੀ ਨੈਤਿਕ ਵਡੱਤਣ ਕਾਰਨ ਗੌਰਵਸ਼ਾਲੀ ਹੈ। ਇਸ ਗੱਲ ਨੂੰ ਧਿਆਨ ਵਿਚ ਨਾ ਰਖੋ ਕਿ ਦੂਜੇ ਤੁਹਾਡੇ ਪ੍ਰਤੀ ਕਿੰਨੇ ਵਫ਼ਾਦਾਰ ਹਨ। ਇਸ ਦਾ ਕੋਈ ਮਹੱਤਵ ਨਹੀਂ, ਪਰ ਇਸ ਗੱਲ ਨੂੰ ਧਿਆਨ ਵਿਚ ਰਖੋ ਕਿ ਤੁਸੀਂ ਪ੍ਰਭੂ ਅਤੇ ਪ੍ਰੇਮ ਦੇ ਇਸ਼ਟ ਪ੍ਰਤੀ ਕਿੰਨੇ ਵਫ਼ਾਦਾਰ ਤੇ ਸੁਹਿਰਦ ਹੋ, ਇਹ ਗੱਲ ਵਧੇਰੇ ਮਹੱਤਵਪੂਰਨ ਹੈ।

ਮਨੁੱਖ ਦੀ ਇਸਤਰੀ ਤੇ ਬੱਚੇ ਸੁਤੰਤਰ ਹਨ, ਇਹ ਗ਼ੁਲਾਮ ਨਹੀਂ ਹਨ। ਮਨੁੱਖ ਦੇ ਬਣਾਏ ਹੋਏ ਉਹ ਕਾਨੂੰਨ ਜੋ ਇਸਤਰੀ ਉਪਰ ਮਨੁੱਖ ਦੇ ਅਧਿਕਾਰ ਜਾਂ ਇਸਤਰੀ ਦੇ ਮਨੁੱਖ ਉਪਰ ਅਧਿਕਾਰ ਅਤੇ ਮਨੁੱਖ ਉਪਰ ਮਨੁੱਖ ਦੇ ਅਧਿਕਾਰ ਨੂੰ ਸਥਾਪਤ ਕਰਦੇ ਹਨ, ਉਹ ਗ਼ਲਤ ਹਨ ਅਤੇ ਰੱਬ ਦੇ ਕਾਨੂੰਨ ਦੀ ਅਵੱਗਿਆ ਕਰਨ ਵਾਲੇ ਹਨ। ਸਾਰੇ ਰਿਸ਼ਤੇ ਨਾਤੇ ਜਿਨ੍ਹਾਂ ਦੁਆਲੇ ਅਸੀਂ ਘੁੰਮਰ ਪਾਉਂਦੇ ਰਹਿੰਦੇ ਹਾਂ, ਮਿੱਠੀ ਖ਼ੁਸ਼ੀ ਨੂੰ ਪ੍ਰਾਪਤ ਕਰਨ ਲਈ ਹੁੰਦੇ ਹਨ। ਤੁਸੀਂ ਇਹਨਾਂ ਰਿਸ਼ਤਿਆਂ ਦੀ ਜੋੜ ਤੋੜ ਕਰਨ ਵਿਚ ਸੁਤੰਤਰ ਹੋ ਅਤੇ ਇਹਨਾਂ ਦੁਆਰਾ ਤੁਹਾਨੂੰ ਖ਼ੁਸ਼ੀ ਮਿਲਣੀ ਚਾਹੀਦੀ ਹੈ। ਹਾਲੀ ਮਨੁੱਖ ਵਿਚ ਜੋ ਸਰਵੋਤਮ ਹੋ ਸਕਦਾ ਹੈ, ਉਤਪੰਨ ਨਹੀਂ ਹੋਇਆ, ਇਸ ਲਈ ਜੋ ਵੀ ਤੁਸੀਂ ਚੋਣ ਕਰਦੇ ਹੋ, ਉਸ ਪ੍ਰਤੀ ਵਫ਼ਾਦਾਰ ਰਹੋ ਅਤੇ ਇਸ ਸਾਂਝ ਵਿਚੋਂ ਖ਼ੁਸ਼ੀ ਨੂੰ ਮਾਣੋ।

ਨਿਰਸੰਦੇਹ, ਪ੍ਰਭੂ ਦੀ ਵੀ ਇਹ ਇੱਛਾ ਹੈ ਕਿ ਉਸ ਦੇ ਸਵਰਗਧਾਮ ਦੇ ਬੈਕੁੰਠ ਬਾਗ਼ ਵਿਚ ਜਿਹੜੇ ਬ੍ਰਿਛ ਲਗਾਏ ਗਏ ਤੇ ਇਕੱਠੇ ਇਕ ਸਮੂਹ ਦੀ ਨਿਆਈਂ ਉਗੇ ਹਨ, ਸਾਰੇ ਖ਼ੁਸ਼ੀ ਖ਼ੁਸ਼ੀ ਰਹਿਣ। ਸਿਵਾਏ ਉਹਨਾਂ ਤੋਂ ਜੋ ਆਪਣੀ ਇੱਛਾ ਦੁਆਰਾ ਜਾਂ ਕਿਸੇ ਅਵੱਗਿਆ ਕਾਰਨ ਇਹਨਾਂ ਤੋਂ ਵਖਰੇ ਹੋ ਗਏ ਹਨ।

ਕਿਸੇ ਵੀ ਉਸ ਪ੍ਰੇਮ ਵਿਚੋਂ ਖ਼ੁਸ਼ੀ ਨਾ ਭਾਲੋ ਜੋ ਗ਼ੁਲਾਮੀ ਵਿਚੋਂ ਉਤਪੰਨ ਹੋਇਆ ਹੈ ਜਾਂ ਸੌਗੰਧਾਂ, ਰੀਤੀ ਰਿਵਾਜਾਂ, ਮਜਬੂਰੀਆਂ ਅਤੇ ਅਗਿਆਨ-ਵਸ ਹੋਂਦ ਵਿਚ ਆਇਆ ਹੈ। ਅਜਿਹਾ ਪ੍ਰੇਮ ਤਾਂ ਇਕ ਸਰਾਪ ਹੈ। ਪਹਿਲਾਂ ਮਨੁੱਖ ਨੂੰ ਗ਼ੁਲਾਮ ਬਣਾ ਲੈਣਾ ਤੇ ਫਿਰ ਜਾਬਰ ਦੀ ਇਛਾ ਮੁਤਾਬਕ ਉਸ ਦੇ ਵਫ਼ਾਦਾਰ ਹੋਣ ਲਈ ਕਹਿਣਾ ਤਾਂ ਸਰੀਰਕ ਬਲ ਦਾ ਪੁਰਾਣਾ ਵਹਿਸ਼ੀਪੁਣਾ ਹੈ।

ਅਜਿਹੇ ਭੰਡਾਰਿਆਂ ਦੀ ਸੇਵਾ ਕਰਨਾ ਜਾਂ ਉਹਨਾਂ ਦਾ ਮੁਲਾਜ਼ਮ ਹੋਣਾ ਵੀ ਮੰਦਭਾਗਾ ਹੈ। ਅਜਿਹੀ ਹਾਲਤ ਵਿਚ ਪ੍ਰੇਮ-ਆਤਮਾ ਦਾ ਚਿਰ ਪੁਰਾਣਾ ਪੱਕਾ ਰੋਗ ਹੋ ਨਿਬੜਦਾ ਹੈ ਅਤੇ ਜੇ ਕਿਸੇ ਥੋੜ੍ਹੀ ਜਿਹੀ ਮਜਬੂਰੀ ਕਾਰਨ ਵੀ ਤੁਸੀਂ ਅਜਿਹੇ ਬ਼ਦਰੰਗ ਪ੍ਰੇਮ ਦੇ ਭਾਗੀ ਬਣ ਵੀ ਜਾਂਦੇ ਹੋ ਤਾਂ ਸੱਚ ਜਾਣੋ ਕਿ ਤੁਸੀਂ ਹਾਲੀ ਮਨੁੱਖ ਵੀ ਨਹੀਂ ਬਣ ਸਕੇ।

ਸੱਚੇ ਮਨੁੱਖ ਸਮਾਨ ਕਿਸੇ ਦੀ ਆਤਮਾ ਦੀ ਚੋਣ ਵਿਚ ਵਿਘਨ ਨਾ ਪਾਉ। ਉਥੇ ਵੀ ਸਦੀਵੀ ਸੁਤੰਤਰਤਾ ਦਾ ਪਹਿਰਾ ਹੈ। ਥੋੜ੍ਹਾ ਹੋਰ ਉਡੀਕ ਕਰੋ। ਸਭ ਅੱਛਾ ਹੈ ਕਿਉਂਜੋ ਪ੍ਰਭੂ-ਪ੍ਰੀਤਮ ਦਾ ਨਿਵਾਸ ਸਾਡੇ ਸਭ ਵਿਚ ਹੈ। ਇਸਤਰੀਆਂ ਵਿਚ ਵੀ ਉਹ ਪੁਰਸ਼ਾਂ ਸਮਾਨ ਵਸਦਾ ਹੈ, ਇਸਤਰੀ-ਪੁਰਸ਼ ਸਮਾਨ ਹੀ ਉਹ ਜਾਨਵਰਾਂ ਵਿਚ ਮੌਜੂਦ ਹੈ ਤੇ ਜੀਵਨ ਦੇ ਹੋਰ ਸਭ ਰੂਪਾਂ ਸਮਾਨ ਉਹ ਤਾਂ ਸਭ ਬ੍ਰਿਛਾਂ ਅੰਦਰ ਵੀ ਵਿਆਪ ਰਿਹਾ ਹੈ। ਉਹ ਪ੍ਰਭੂ ਤਾਂ ਜਲਾਂ-ਥਲਾਂ ਵਿਚ ਵੀ ਮੌਜੂਦ ਹੈ ਤੇ ਵਣ ਉਸ ਕਾਰਨ ਹੀ ਸੁੰਦਰ ਹੈ। ਇਥੋਂ ਤਕ ਕਿ ਘਾਹ ਦੀ ਇਕ ਇਕ ਪੱਤੀ ਵੀ ਉਸ ਦੀ ਹੋਂਦ ਦੇ ਅਹਿਸਾਸ ਨਾਲ ਭਰਪੂਰ ਹੈ। ਉਹ ਸਭ ਜਾਣਦੇ ਹਨ ਕਿ ਪ੍ਰਭੂ ਉਹਨਾਂ ਦੇ ਅੰਗ ਸੰਗ ਹੈ।

ਮੈਂ ਐਲਾਨ ਕਰਦਾ ਹਾਂ ਕਿ ਇਸਤਰੀ ਸੁਤੰਤਰ ਹੈ। ਇਸ ਧਰਤ ਉਤੇ ਉਹ ਪ੍ਰੇਮ ਦੀ ਨਿਰਮਾਤਾ ਹੈ ਤੇ ਉਸ ਦਾ ਸੁਤੰਤਰ ਹੋਣਾ ਜ਼ਰੂਰੀ ਹੈ। ਇਸਤਰੀ ਨੂੰ ਗ਼ੁਲਾਮ ਬਣਾ ਕੇ ਮਨੁੱਖ ਨੇ ਉਸ ਦਾ ਅਪਮਾਨ ਤੇ ਤ੍ਰਿਸਕਾਰ ਕੀਤਾ ਹੈ। ਇਹ ਕਿੰਨੀ ਹਾਸੋਹੀਣੀ ਗੱਲ ਹੈ ਕਿ ਮਰਦ ਦੀ ਹੱਡ ਚੰਮ ਦੇ ਪਸ਼ੂਪਣ ਦੀ ਖ਼ੁਸ਼ੀ ਲਈ ਉਹ ਆਪਣੇ ਕੇਸਾਂ ਨੂੰ ਸੰਵਾਰੇ ਤੇ ਆਪਣੇ ਚਿਹਰੇ ਤੇ ਅੰਗਾਂ ਨੂੰ ਸ਼ਿੰਗਾਰੇ।

ਉਸ ਸਮਾਜ ਨੂੰ ਲਾਹਣਤ ਹੈ, ਜਿਥੇ ਇਸਤਰੀ ਨੂੰ ਮਨੁੱਖ ਦੀ ਬੇਹੂਦਾ ਭਾਵਨਾ ਤੇ ਐਸ਼ਵਰਜ਼ ਦਾ ਪਾਤਰ ਬਣਨਾ ਪੈਂਦਾ ਹੈ। ਮਨੁੱਖ ਨੇ ਇਸਤਰੀ ਦੀ ਚਿਰਕਾਲ ਤੋਂ ਅਜਿਹੀ ਹੀ ਦੁਰਵਰਤੋਂ ਕੀਤੀ ਹੈ ਤੇ ਉਸ ਦੇ ਇਤਰੀਤਵ ਦਾ ਨਿਖੇਧ ਕੀਤਾ ਹੈ। ਇਸਤਰੀ ਪ੍ਰਤੀ ਨੀਵੀਂ ਭਾਵਨਾ ਕਦੀ ਨਾ ਰਖੋ ਅਤੇ ਉਸ ਉਤੇ ਆਪਣੀ ਮਾਲਕੀ ਦਾ ਅਧਿਕਾਰ ਨਾ ਜਤਾਉ। ਕੇਵਲ ਉਸ ਇਸਤਰੀ ਨੂੰ ਅਪਣਾਉ ਜੋ ਨਾਮ ਵਰਗੇ ਮਿੱਠੇ ਪ੍ਰਗੀਤ ਦੀ ਪ੍ਰੇਮ ਕੰਬਣੀ ਵਿਚ ਕੰਬ ਉਠਦੀ ਹੈ।

ਨਾਮ ਤੋਂ ਬਿਨਾਂ ਨਿਰੇ ਮਨੁੱਖ ਦੇ ਪ੍ਰੇਮ ਲਿਸ਼ਕਾਰੇ ਮਨੁੱਖੀ ਦਿਲ ਨੂੰ ਛਿਣ ਪਲ ਲਈ ਹੀ ਰੌਸ਼ਨ ਕਰਦੇ ਹਨ। ਬੱਚੇ ਹਾਰ ਮਨੁੱਖ ਵੀ ਹੱਡ ਚੰਮ ਵਿਚੋਂ ਖ਼ੁਸ਼ੀ ਪ੍ਰਾਪਤ ਕਰਦਾ ਹੈ। ਆਪਣੇ ਸਾਰੇ ਜੀਵਨ ਨੂੰ ਮਨੁੱਖ ਨੂੰ ਹੀ ਰੱਬ ਸਮਝ ਲੈਣ ਦੇ ਭਰਮ ਵਿਚ ਫਸਿਆ ਰਹਿੰਦਾ ਹੈ। ਅਜਿਹਾ ਕਰਕੇ ਉਹ ਇਸਤਰੀ ਤੇ ਬਚਿਆਂ ਦੋਹਾਂ ਦੀ ਤਬਾਹੀ ਦਾ ਕਾਰਨ ਬਣਦਾ ਹੈ।

ਜੀਵਨ ਦੀ ਖ਼ੁਸ਼ੀ ਤਾਂ 'ਨਾਮ' ਵਿਚ ਹੈ, ਜਿਥੇ ਸਭ ਵਿਅਕਤੀ ਦਇਆ ਨਾਲ ਭਰਪੂਰ ਹੁੰਦੇ ਹਨ। ਕੋਈ ਵੀ ਕਿਸੇ ਪ੍ਰਤੀ ਕਠੋਰ ਤੇ ਜਾਬਰ ਨਹੀਂ ਹੁੰਦਾ, ਨਾ ਹੀ ਕੋਈ ਦਵੈਖ ਭਾਵ ਰਖਦਾ ਹੈ ਤੇ ਨਾ ਹੀ ਕਿਸੇ ਨਾਲ ਅਨਿਆਂ ਕਰਦਾ ਹੈ। ਜਿਥੇ ਨਿਆਂ ਹੈ, ਉਥੇ ਖਿਮਾ ਹੈ, ਉਥੇ ਖਿਮਾਂ ਦੀ ਭਾਵਨਾ ਆਪ ਮੁਹਾਰੇ ਹੀ ਆ ਜਾਂਦੀ ਹੈ।

ਆਕਾਸ਼ ਤੋਂ ਅਜਿਹੀ ਘੜੀ ਦਾ ਅਵਤਰਨ ਹੁੰਦਾ ਹੈ ਤੇ ਫਿਰ ਉਹ ਪਲ ਲੰਘ ਜਾਂਦਾ ਹੈ। ਪਰ ਉਹ ਛਿਣ ਦੈਵੀ ਹੁੰਦੇ ਹਨ। ਦੂਜੇ ਪਲ ਇੰਜ ਆਭਾਸ ਹੁੰਦਾ ਹੈ ਜਿਵੇਂ ਇਹ ਬੱਦਲ ਅਸਤ ਹੋ ਰਹੇ ਸੂਰਜ ਦੀ ਝਿਲਮਿਲਾਉਂਦੀ ਰੌਸ਼ਨੀ

ਤੋਂ ਵਿਹੂਣੇ ਹੋਣ ਜਾ ਰਾਤ ਦੀ ਚੰਨ ਚਾਨਣੀ ਦੀਆਂ ਮਿੱਠੀਆਂ ਰਿਸ਼ਮਾਂ ਤੋਂ ਸਖਣੇ ਹੋਣ।

ਜੋ ਸੱਚ ਨੂੰ ਜਾਣਦੇ ਹਨ, ਖਿਮਾਂ ਕਰ ਦਿੰਦੇ ਹਨ। ਨਿਆਂ ਤਾਂ ਨੀਵੇਂ ਮੰਡਲਾਂ ਦੀ ਵਿਸ਼ੇਸ਼ਤਾ ਹੈ ਤੇ ਸਦਾ ਦ੍ਰਿਸ਼ਟੀਹੀਣ ਹੁੰਦਾ ਹੈ ਕਿਉਂਜੋ ਇਸ ਨੂੰ ਇਹ ਗਿਆਨ ਨਹੀਂ ਹੁੰਦਾ ਕਿ ਕਦੋਂ ਪ੍ਰਭੂ ਸਾਡੇ ਕੋਲ ਆਉਂਦਾ ਹੈ ਤੇ ਕਦੋਂ ਮਲਕੜੇ ਹੀ ਸਾਥੋਂ ਦੂਰ ਚਲਾ ਜਾਂਦਾ ਹੈ। ਇਸ ਲਈ ਨਾਮੀ ਸਮਾਜ ਵਿਚ ਨਿਆਂ ਦੂਜਿਆਂ ਉਤੇ ਦਇਆ ਕਰਨ ਵਿਚ ਹੁੰਦਾ ਹੈ। ਜਿਥੇ ਪ੍ਰੇਮ ਦਾ ਰਾਜ ਹੈ ਉਥੇ ਨਿਆਂ ਦੀ ਪ੍ਰਧਾਨਤਾ ਨਹੀਂ ਹੁੰਦੀ, ਸਗੋਂ ਮਿਹਰ ਤੇ ਦਇਆ ਦਾ ਰਾਜ ਹੁੰਦਾ ਹੈ। ਕੋਈ ਵੀ ਪ੍ਰਭੂ-ਪ੍ਰੀਤਮ ਦੀ ਮਿਹਰ ਤੋਂ ਖਾਲੀ ਨਹੀਂ ਰਹਿੰਦਾ ਨਾ ਕਿਸੇ ਨੂੰ ਇਸ ਦਾਤ ਤੋਂ ਵੰਚਿਤ ਕੀਤਾ ਜਾਂਦਾ ਹੈ। ਇਸ ਲਈ ਬੀਬੀਓ ! ਜਾਉ, ਆਪਣੀ ਮਰਜ਼ੀ ਅਨੁਸਾਰ ਸੁਤੰਤਰਤਾ ਨੂੰ ਮਾਣੋ ਅਤੇ ਪੂਰਨ ਸਵੈਮਾਨ ਵਿਚ ਗੁਰੂ ਜੀ ਦੇ ਦਰ 'ਤੇ ਪੁਜੋ। ਇਥੇ ਗੁਰੂ ਘਰ ਵਿਚ ਹੀ ਤੁਹਾਨੂੰ ਪੂਰਨ ਸੁਤੰਤਰਤਾ ਬਖ਼ਸ਼ੀ ਗਈ ਹੈ। ਜੇ ਤੁਸੀਂ ਕੋਈ ਗੁਨਾਹ ਵੀ ਕੀਤਾ ਹੈ ਤਾਂ ਗੁਰੂ ਤੁਹਾਨੂੰ ਦੋਸ਼ ਮੁਕਤ ਕਰਕੇ ਬਖ਼ਸ਼ ਦਿੰਦਾ ਹੈ।

ਗੁਰੂ ਜੀ ਦੀ ਹਜ਼ੂਰੀ ਵਿਚ ਤੁਸੀਂ ਪਰਮ ਅਨੰਦ ਨੂੰ ਅਨੁਭਵ ਕਰਦੇ ਹੋ। ਇਥੇ ਨਾ ਕੋਈ ਪਤਨੀ ਹੈ, ਨਾ ਬੱਚਾ, ਨਾ ਮਾਲਕ ਤੇ ਨਾ ਦਾਸ। ਸਭ ਗੁਰੂ ਦੇ ਦਰ ਦੇ ਚਾਕਰ ਹਨ। ਇਥੇ ਸਭ ਕੁਝ ਗੁਰੂ ਜੀ ਦਾ ਹੈ। ਸਾਡਾ ਕੁਝ ਵੀ ਆਪਣਾ ਨਹੀਂ ਹੈ। ਅਸੀਂ ਤਾਂ ਸਦਾ ਲਈ ਆਪਣੇ ਆਪ ਨੂੰ ਗੁਰੂ ਜੀ ਦੇ ਸਮਰਪਤ ਕਰ ਦਿਤਾ ਹੈ।

ਸਭ ਪ੍ਰਕਾਰ ਦੇ ਵਿਤਕਰੇ ਤਾਂ ਸਰਬ ਸਾਧਾਰਨ ਜੀਵਨ ਦੇ ਉਸ ਸਮੇਂ ਦੇ ਹੁੰਦੇ ਹਨ, ਜਦੋਂ ਸਾਡਾ ਮਨ ਪ੍ਰਭੂ-ਪ੍ਰੀਤਮ ਵਿਚ ਪੂਰੀ ਤਰ੍ਹਾਂ ਅਭੇਦ ਨਹੀਂ ਹੋਇਆ ਹੁੰਦਾ, ਜਦੋਂ ਅਸੀਂ ਆਪਣੀ ਰੋਟੀ ਦੀ ਖ਼ਾਤਰ ਆਪਣੇ ਹੱਥਾਂ ਪੈਰਾਂ ਨਾਲ ਦਸਾਂ ਨਹੁੰਆਂ ਦੀ ਕਿਰਤ ਕਰਦੇ ਹਾਂ, ਸਭ ਇਸਤਰੀ ਪੁਰਸ਼, ਬੱਚੇ ਖੇਤਾਂ ਵਿਚ ਰੁਝੇ ਹੁੰਦੇ ਹਨ, ਰੋਟੀ ਲਈ ਘਾਲ ਘਾਲਦੇ ਹਨ। ਫਲਸਰੂਪ, ਜਦੋਂ ਫਸਲ ਪੱਕਦੀ ਹੈ ਤੇ ਇਸਤਰੀ ਪੁਰਸ਼ ਤੇ ਬੱਚੇ ਵਾਢੀ ਕਰਦੇ ਹਨ, ਉਸ ਫਸਲ ਨੂੰ ਰਲ ਕੇ ਸਾਂਭਦੇ ਹਨ, ਬਲਦਾਂ ਦੁਆਰਾ ਕਣਕ ਨੂੰ ਗਾਹ ਕੇ ਤੂੜੀ ਤੇ ਦਾਣਿਆਂ ਨੂੰ ਵਖ ਵਖ ਕਰਕੇ ਬੋਹਲ ਲਗਾਉਂਦੇ ਹਨ ਤੇ ਖੇਤਾਂ ਨੂੰ ਪਾਣੀ ਲਾਉਂਦੇ ਹਨ, ਚੁਲ੍ਹਾ ਬਾਲ ਕੇ ਰੋਟੀ ਪਕਾਉਂਦੇ ਹਨ ਤੇ ਸਭ ਫ਼ਰਿਸ਼ਤਿਆਂ ਹਾਰ ਇਸਤਰੀ ਪੁਰਸ਼ ਤੇ ਬੱਚੇ ਤੇ ਬਲਦ ਆਦਿ ਪਸ਼ੂ ਸਭ ਮਿਲ ਕੇ ਖਾਂਦੇ ਤੇ ਆਪਣੇ ਗੁਰੂ ਨੂੰ ਯਾਦ ਕਰਦੇ ਹਨ। ਗੁਰੂ ਦਾ ਦਸਵੰਧ ਕਢਦੇ ਹਨ, ਜਦੋਂ ਸਾਰੇ ਰਲ ਕੇ ਗੱਲ-ਕੱਥ ਕਰਦੇ ਹਨ, ਖ਼ੁਸ਼ੀ ਮਨਾਉਂਦੇ ਹਨ, ਇਹ ਦੂਜੇ ਨੂੰ ਪਿਆਰ ਕਰਦੇ ਤੇ ਮਿਲ ਬੈਠਦੇ ਹਨ ਤਾਂ ਧਰਤੀ ਉਤੇ ਸਾਡੇ ਜੀਵਨ ਦਾ ਇਹ ਵਿਸ਼ਾਲ ਪਸਾਰਾ ਪ੍ਰਭੂ ਦੇ ਅੰਤਰੀਵ ਪ੍ਰਕਾਸ਼ ਵਿਚ ਜਿਨ੍ਹਾਂ ਨੂੰ ਇਹ ਅਨੁਭਵ ਹੁੰਦਾ ਹੈ, ਜਗਮਗਾ ਉਠਦਾ ਹੈ ਤਦ ਸਭ ਕੁਝ ਪ੍ਰਮਾਤਮਾ ਦਾ ਰੂਪ ਹੀ ਹੁੰਦਾ ਹੈ। ਇਸਤਰੀ ਪੁਰਸ਼ਾਂ ਦੇ ਅੰਤਰ ਮਨ ਵਿਚ ਜਦੋਂ

ਨਾਮ ਦਾ ਪ੍ਰਕਾਸ਼ ਹੁੰਦਾ ਹੈ ਤਾਂ ਇਹੋ ਹੀ ਉਹ ਸੂਰਜ ਹੈ, ਜੋ ਉਹਨਾਂ ਦੇ ਜੀਵਨ ਮਾਰਗ ਨੂੰ ਰੁਸ਼ਨਾ ਦਿੰਦਾ ਹੈ।

ਇਸਤਰੀਆਂ ਨੂੰ ਗਹਿਣੇ ਗੱਟੇ ਪਹਿਨਾ ਕੇ ਛੁਪਾਈ ਰਖਣਾ, ਉਹਨਾਂ ਨੂੰ ਖੇਤਾਂ ਤੇ ਫਾਰਮਾਂ ਤੋਂ ਦੂਰ ਰਖਣਾ, ਉਹਨਾਂ ਨੂੰ ਸੰਦਲ ਦੇ ਡਬਿਆਂ ਵਿਚ ਮੋਤੀ-ਮਾਣਕਾਂ ਤੇ ਹੀਰੇ ਪੰਨਿਆਂ ਵਾਂਗ ਬੰਦ ਕਰਕੇ ਰਖਣਾ, ਝੂਠੀ ਲਾਜ ਤੇ ਝੂਠੇ ਸਦਾਚਾਰ ਦੇ ਭਰਮ ਵਿਚ ਫਸਿਆ ਹੋਣਾ ਆਦਿ ਇਕ ਤਰ੍ਹਾਂ ਦਾ ਵਹਿਸ਼ੀਪੁਣਾ ਹੈ ਜੋ ਸਾਡੇ ਘਰੋਗੀ ਜੀਵਨ ਵਿਚ ਜ਼ਹਿਰ ਘੋਲ ਰਿਹਾ ਹੈ। ਇਹ ਤਾਂ ਪ੍ਰਭੂ ਤੋਂ ਮੁਖ ਮੋੜਨ ਤੇ ਮਨੁੱਖੀ ਆਤਮਾ ਨੂੰ ਨਿਪਟ ਖਿਡੌਣਾ ਬਣਾਉਣ ਵਾਲੀ ਗੱਲ ਹੈ। ਇਹ ਤਾਂ ਜੀਵਨ ਦਾ ਸਿਧਾ ਦਮਨ ਕਰਨਾ ਹੈ, ਸਵੈਮਾਣ ਤੇ ਸਦਗੁਣਾਂ ਨੂੰ ਨਿਰਜਿੰਦ ਤੇ ਮੁਰਦਾ ਬਣਾ ਕੇ ਦਮ ਘੁਟ ਕੇ ਮਾਰਨ ਵਾਲੀ ਗੱਲ ਹੈ। ਇੱਜ਼ਤ, ਮਾਣ ਤੇ ਸ਼ੁਭ ਗੁਣਾਂ ਦਾ ਨੰਗਾ ਮਜ਼ਾਕ ਹੈ ! ਇਹੋ ਜਿਹੇ ਸਮਾਜ ਨੂੰ ਲਾਹਣਤ ਹੈ। ਇਸ ਦਾ ਖ਼ਾਤਮਾ ਹੋਣਾ ਹੀ ਚਾਹੀਦਾ ਹੈ।

ਜੇ ਅਸੀਂ ਆਪਣੀ ਆਤਮਾ ਦੀ ਸੁਤੰਤਰਤਾ ਨੂੰ ਪ੍ਰਮਾਤਮਾ ਨੂੰ ਸਮਰਪਤ ਕਰਕੇ ਇਸ ਦਾ ਤਿਆਗ ਨਹੀਂ ਕੀਤਾ ਤਾਂ ਤਲਵਾਰ ਦਾ ਇਹ ਰਾਜ ਨਿਪਟ ਗੜਬੜ ਤੇ ਰੋਲ ਘਚੋਲਾ ਹੈ।

ਮੁਕਤਗਾਮੀ ਸੁਤੰਤਰ ਆਤਮਾਵਾਂ ਦੇ ਨਵੇਂ ਸਮਾਜ ਦੀ ਸਿਰਜਣਾ ਕਰੋ ਤੇ ਅਜਿਹੇ ਸਮਾਜ ਵਿਚ ਪ੍ਰਮਾਤਮਾ ਦੇ ਪ੍ਰੇਮ ਤੋਂ ਬਿਨਾਂ ਹੋਰ ਕੋਈ ਨੇਮ ਜਾਂ ਕਾਨੂੰਨ ਨਹੀਂ ਹੋਣਾ ਚਾਹੀਦਾ, ਉਹਨਾਂ ਸਭ ਧਰਮ ਗਰੰਥਾਂ ਨੂੰ ਜੋ ਰਾਜਿਆਂ ਮਹਾਰਾਜਿਆਂ ਦੇ ਬਣਾਏ ਕਾਨੂੰਨ ਸਮਾਨ ਤੁਹਾਨੂੰ ਗ਼ੁਲਾਮ ਬਣਾਉਂਦੇ ਹਨ—ਸਾੜ ਦਿਉ। ਉਸ ਧਰਮ ਦੇ ਕੀ ਅਰਥ ਹਨ, ਜੋ ਸਦੀਆਂ ਬਧੀ ਮਨੁੱਖ ਨੂੰ ਮਨੁੱਖ ਬਣਨ ਲਈ ਘਾਲ ਘਾਲਣ ਤੇ ਸੰਗਰਾਮ ਕਰਨ ਲਈ ਮਜਬੂਰ ਕਰਦਾ ਹੈ ? ਆਉ ! ਇਸ ਨਵੇਂ ਸਮਾਜ ਵਿਚ ਇਸਤਰੀਆਂ ਮਨੁੱਖੀ ਦਰਦ ਦੇ ਦੁੱਧ ਅੰਮ੍ਰਿਤ ਨਾਲ ਭਰਪੂਰ ਰੋਟੀ ਪਾਣੀ ਦੀ ਸੇਵਾ ਕਰਨ ਤੇ ਤੁਸੀਂ ਮਨੁੱਖ ਬਣ ਜਾਉ।

ਇਸ ਸੰਸਾਰ ਵਿਚ ਭੁੱਖ ਤੋਂ ਬਿਨਾਂ ਕੋਈ ਹੋਰ ਵੱਡਾ ਦੁੱਖ ਹੀ ਨਹੀਂ ਹੈ। ਗ਼ੁਲਾਮੀ ਤੋਂ ਬਿਨਾਂ ਕੋਈ ਹੋਰ ਵੱਡਾ ਕਸ਼ਟ ਹੀ ਨਹੀਂ ਹੈ, ਆਪਣੇ ਪ੍ਰੀਤਮ ਤੋਂ ਵਿਛੜੇ ਹੋਣ ਕਾਰਨ ਪ੍ਰੇਮ ਦੇ ਬਿਰਹਾ ਤੋਂ ਬਿਨਾਂ ਹੋਰ ਕੋਈ ਵੱਡਾ ਸੰਤਾਪ ਨਹੀਂ ਹੈ।

ਜਿਹੜੇ ਉਚੀ ਸੁਰ ਵਿਚ ਅਰਦਾਸਾਂ ਕਰਦੇ ਹਨ ਤੇ ਆਪਣੇ ਧਰਮੀ ਹੋਣ ਦੀਆਂ ਇਛਾਵਾਂ ਦੀਆਂ ਟਾਹਰਾਂ ਮਾਰਦੇ ਹਨ, ਉਹਨਾਂ ਦੀਆਂ ਨਿਗੁਣੀਆਂ ਪ੍ਰਾਰਥਨਾਵਾਂ ਦੰਭ ਮਾਤਰ ਹਨ। ਆਪਣੀਆਂ ਅਰਦਾਸਾਂ ਨੂੰ ਭਾਵੇਂ ਸਾਂਭ ਰਖੋ; ਪਰ ਆਪਣੇ ਆਪ ਨੂੰ ਕਿਸੇ ਵੀ ਆਪਣੇ ਹਮਸਾਏ ਜਾਂ ਇਕੱਲੇ ਦੁਕੱਲੇ ਵੀ ਜੋ ਤੁਹਾਡੇ ਆਸ ਪਾਸ ਹੋਣ—ਚੰਗੀ ਤਰ੍ਹਾਂ ਭੁੱਖ ਤੇ ਤ੍ਰੇਹ ਮਿਟਾਉਣ ਤੋਂ ਕਦੀ ਸੰਕੋਚ ਨਾ ਕਰੋ। ਸਮਝ ਲਵੋ ਕਿ ਪ੍ਰਮਾਤਮਾ ਸਭ ਤੋਂ ਪਹਿਲਾਂ ਤੁਹਾਡੇ ਦਰ ਉਤੇ ਇਕ ਮਨੁੱਖ ਤੇ ਭੁੱਖੇ ਵਿਅਕਤੀ ਦੇ ਰੂਪ ਵਿਚ ਹੀ ਆਉਂਦਾ ਹੈ। ਪ੍ਰਮਾਤਮਾ ਨੂੰ ਵੀ ਇਕ

ਪ੍ਰਸ਼ਾਦੇ, ਪਾਣੀ ਦੇ ਕਟੋਰੇ ਤੇ ਸਿਰ ਢਕਣ ਲਈ ਛੱਤ ਦੀ ਲੋੜ ਪੈਂਦੀ ਹੈ।

ਯਾਦ ਰਖੋ ਕਿ ਰੋਟੀ ਵਿਚ ਖ਼ੂਨ ਹੈ। ਜਦੋਂ ਇਹ ਪ੍ਰਭੂ ਦੀ ਭੇਟਾ ਖ਼ੁਸ਼ੀ ਖ਼ੁਸ਼ੀ ਨਹੀਂ ਕੀਤੀ ਜਾਂਦੀ ਤਾਂ ਇਹ ਜ਼ਹਿਰ ਬਣ ਜਾਂਦੀ ਹੈ। ਜੇ ਤੁਹਾਡੇ ਦਿਲ ਵਿਚ ਪ੍ਰਮਾਤਮਾ ਨੂੰ ਪ੍ਰਸ਼ਾਦਾ ਭੇਟ ਕਰਨ ਲਈ ਖ਼ੁਸ਼ੀ ਨਹੀਂ ਹੈ ਤਾਂ ਕਦੀ ਅਜਿਹਾ ਨਾ ਕਰੋ। ਕੰਜੂਸ ਬਣ ਜਾਉ। ਅਜਿਹੇ ਸਮੇਂ ਤੁਸੀਂ ਮਨ ਦੀ ਨੀਵੀਂ ਦਸ਼ਾ ਵਿਚ ਵਿਚਰ ਰਹੇ ਹੁੰਦੇ ਹੋ ਤੇ ਉਨਾਂ ਚਿਰ ਤਕ ਉਡੀਕ ਕਰੋ ਜਿੰਨਾਂ ਚਿਰ ਤਕ ਤੁਹਾਡੇ ਅੰਦਰ ਆਪਣੇ ਆਪ ਕਿਸੇ ਨੂੰ ਕੁਝ ਦੇਣ ਦੀ ਪ੍ਰਬਲ ਖ਼ੁਸ਼ੀ ਨਹੀਂ ਜਾਗ ਪੈਂਦੀ। ਇਸ ਗੱਲ ਦਾ ਧਿਆਨ ਰੱਖੋ ਕਿ ਤੁਹਾਡੇ ਦਿਲ ਅੰਦਰ ਇਹੋ ਜਿਹੀ ਨਿਕੀ ਤੋਂ ਨਿਕੀ ਭਾਵਨਾ ਪੈਦਾ ਹੋ ਜਾਵੇ। ਇਹ ਨਿਕੀ ਜਿਹੀ ਭਾਵਨਾ ਹੀ ਜੋ ਅਜ ਤੁਹਾਡੇ ਦਿਲ ਵਿਚ ਹੈ, ਗੁਰੂ ਤੁਹਾਡੇ ਕੋਲੋਂ ਕੇਵਲ ਉਸੇ ਦੀ ਹੀ ਮੰਗ ਕਰਦਾ ਹੈ।

ਜੇ ਅਭਿਮਾਨੀ ਭਾਵਨਾ ਨਾਲ ਦਾਨ ਦਿਤਾ ਜਾਵੇ ਤਾਂ ਇਹ ਸਰਾਪ ਹੈ। ਕਦੀ ਵੀ ਉਦੋਂ ਦਾਨ ਨਾ ਕਰੋ, ਜਦੋਂ ਤੁਸੀਂ ਇਹ ਅਨੁਭਵ ਕਰ ਰਹੇ ਹੋਵੋ ਕਿ ਇਸ ਨਾਲ ਤੁਹਾਡੀ ਆਤਮਾ ਵਿਚੋਂ ਕੋਈ ਵਸਤੂ ਖੀਣ ਹੋ ਰਹੀ ਹੈ। ਕਦੀ ਵੀ ਇਹ ਖ਼ਿਆਲ ਨਾ ਕਰੋ ਕਿ ਜਾਚਕ ਦੁਖੀ ਹੈ। ਤੁਸੀਂ ਉਸ ਬਾਰੇ ਸੋਚਣ ਵਾਲੇ ਕੌਣ ਹੁੰਦੇ ਹੋ ? ਪਹਿਲਾਂ ਇਹ ਸੋਚੋ ਕਿ ਤੁਸੀਂ ਹੀ ਸਭ ਤੋਂ ਵਧ ਦੁਖੀ ਤਾਂ ਨਹੀਂ ? ਜਦੋਂ ਤੁਸੀਂ ਆਪਣੀ ਆਤਮਾ ਦੇ ਉਤਰਾਅ ਵਿਚ ਹੁੰਦੇ ਹੋ ਤਾਂ ਤੁਹਾਡੀ ਕੁਝ ਅਜਿਹੀ ਹੀ ਦਸ਼ਾ ਹੁੰਦੀ ਹੈ। ਪਰ ਜਦੋਂ ਤੁਸੀਂ ਆਤਮਾ ਦੇ ਚੜ੍ਹਾ ਵਿਚ ਹੁੰਦੇ ਹੋ ਤਾਂ ਤੁਸੀਂ ਖ਼ੁਸ਼ੀ ਖ਼ੁਸ਼ੀ ਆਪਣਾ ਸਭ ਕੁਝ ਦੇਣ ਲਈ ਤਿਆਰ ਹੋ ਜਾਂਦੇ ਹੋ।

ਭਲਾ ਕਰਨਾ ਵੀ ਜ਼ਹਿਰ ਹੋ ਨਿਬੜਦਾ ਹੈ ਤੇ ਬਹੁਤ ਵਾਰ ਤਾਂ ਇਹ ਭਲਾ ਕਰਨੰ ਵਾਲੇ ਦੀ ਹੀ ਹੱਤਿਆ ਕਰ ਦਿੰਦਾ ਹੈ। ਕੀ ਤੁਸੀਂ ਇਸ ਸਚਾਈ ਨੂੰ ਕਦੀ ਜਾਣਨ ਦਾ ਯਤਨ ਕੀਤਾ ਹੈ ? ਮਨੁੱਖ ਭਾਵੇਂ ਜੋ ਚਾਹੁਣ ਉਹੋ ਕੁਝ ਕਰਨ, ਪਰ ਤੁਹਾਡੀ ਸਾਰੀ ਕਰਨੀ ਪ੍ਰਭੂ ਦੇ ਨਾਮ ਸਿਮਰਨ ਨੂੰ ਸਮਰਪਤ ਹੋਣੀ ਚਾਹੀਦੀ ਹੈ। ਨਾਮ ਸਿਮਰਨ ਤੋਂ ਬਿਨਾਂ ਜੀਵਨ ਤਾਂ ਨਿਪਟ ਅਗਨ ਵਿਚ ਸੜਨਾ ਹੈ। ਤੁਹਾਡਾ ਹਰ ਸੁਆਸ ਪਾਪ ਹੋ ਨਿਬੜਦਾ ਹੈ ਅਤੇ ਅਹੰ-ਬੁਧ ਦਾ ਅਭਿਮਾਨ ਬਣ ਜਾਂਦਾ ਹੈ।

ਤੁਸੀਂ ਇਸ ਸੰਸਾਰ ਵਿਚ ਇਸ ਲਈ ਨਹੀਂ ਆਏ ਹੋ ਕਿ ਇਥੇ ਕੁਝ ਦੇ ਸਕੋ ਜਾਂ ਲੈ ਸਕੋ ਜਾਂ ਪੁੰਨ ਪਾਪ ਦੀ ਪੂੰਜੀ ਇਕੱਤਰ ਕਰ ਸਕੋ। ਇਹ ਸਭ ਕੁਝ ਤਾਂ ਖ਼ਾਲੀ ਨਾਮ ਹੀ ਹਨ। ਤੁਹਾਡੇ ਅਮਲ ਮਨੁੱਖ ਅਤੇ ਵਸਤੂਆਂ ਬਾਰੇ ਵਿਚਾਰ ਤੇ ਦ੍ਰਿਸ਼ਟੀਕੋਣ ਕੁਝ ਵੀ ਅਰਥ ਨਹੀਂ ਰਖਦੇ, ਭਾਵੇਂ ਤੁਸੀਂ ਇਹਨਾਂ ਨੂੰ ਕਿੰਨੇ ਵੀ ਵੱਡੇ ਤੇ ਮਹੱਤਵਪੂਰਨ ਸਮਝਦੇ ਹੋ, ਪਰ ਅਸਲ ਵਿਚ ਇਹ ਸਾਰੇ ਡੂੰਘੇ ਸਾਗਰ ਦੇ ਤਲ ਉਤੇ ਉਠਦੀਆਂ ਲਹਿੰਦੀਆਂ ਲਹਿਰਾਂ ਤੋਂ ਬਿਨਾਂ ਕੁਝ ਵੀ ਨਹੀਂ ਹਨ।

ਆਪਣੀਆਂ ਦਾਤਾਂ ਤੇ ਰੀਤਾਂ ਦੁਆਰਾ ਜੇ ਤੁਸੀਂ ਪ੍ਰਭੂ ਤੇ ਗੁਰੂ ਦੀ ਹੋਂਦ ਬਾਰੇ ਜਾਣੂੰ ਕਰਵਾ ਸਕੋ ਤਾਂ ਅਜਿਹਾ ਕਰਨ ਵਿਚ ਸਹਾਇਕ ਸਿਧ ਹੋਵੋ। ਤੁਸੀਂ

ਇਸ ਸੰਸਾਰ ਵਿਚ ਆਤਮਾ ਦੀ ਹੋਂਦ ਨੂੰ ਸਾਕਾਰ ਕਰਨ ਆਏ ਹੋ। ਜੇ ਤੁਸੀਂ ਉਸ ਦੁਆਰਾ ਪ੍ਰਭੂ ਦੀ ਹੋਂਦ ਨੂੰ ਪ੍ਰਗਟ ਨਹੀਂ ਕਰਦੇ ਤਾਂ ਫਿਰ ਇਸ ਜੀਵਨ ਦਾ ਕੀ ਲਾਭ ਹੈ ?

ਕਰੁਣਾ ਭਾਵਾਂ ਤੋਂ ਵਿਹੂਣਾ ਜੀਵਨ ਅੰਦਰੋਂ ਗਲੇ ਸੜੇ ਫਲ ਦੀ ਨਿਆਈਂ ਹੈ ਜੋ ਬਾਹਰੋਂ ਆਪਣੇ ਛਿਲੜਾਂ ਵਿਚ ਬਹੁਤ ਸੋਹਣਾ ਜਾਪਦਾ ਹੈ। ਪ੍ਰੀਤਮ ਤੋਂ ਬਿਨਾਂ ਸਭ ਥਾਵਾਂ ਕਬਰਾਂ ਸਮਾਨ ਹਨ, ਸੁਰਾਹੀ ਸੂਲ ਤੇ ਮਦਿਰਾ ਪਿਆਲਾ ਖੰਜਰ ਸਮਾਨ ਹੈ। ਉਸ ਬਿਨਾਂ ਤਾਂ ਸਵਰਗਧਾਮ ਵੀ ਸੱਥਰ ਹੈ ਅਤੇ ਰਾਜ ਭਾਗ ਤੇ ਪਾਤਸ਼ਾਹੀਆਂ ਕੋਈ ਮੁਲ ਨਹੀਂ ਰਖਦੀਆਂ।

## IV

ਪਸ਼ੂ, ਪੰਛੀਆਂ ਅਤੇ ਮਨੁੱਖਾਂ ਦੀਆਂ ਮਾਵਾਂ ਬਿਨਾਂ ਕਿਸੇ ਯਤਨ ਦੇ ਪਿਆਰ ਕਰਦੀਆਂ ਹਨ, ਉਹਨਾਂ ਨੂੰ ਕਿਸੇ ਹੋਰ ਕੋਲੋਂ ਪ੍ਰੇਮ ਕਰਨ ਦੀ ਕਲਾ ਬਾਰੇ ਸਿੱਖਿਆ ਨਹੀਂ ਲੈਣੀ ਪੈਂਦੀ। ਪ੍ਰਮਾਤਮਾ ਹੀ ਉਹਨਾਂ ਨੂੰ ਇਸ ਬਾਰੇ ਸਿਆਣਪ ਤੇ ਸੋਝੀ ਬਖ਼ਸ਼ਦਾ ਹੈ। ਤੁਹਾਡਾ ਇਹ ਸੋਚਣਾ ਕਿੰਨਾਂ ਮੂਰਖਾਂ ਵਾਲਾ ਹੈ ਕਿ ਤੁਸੀਂ ਯਤਨ ਕਰਨ ਨਾਲ ਪ੍ਰੇਮ ਨੂੰ ਪ੍ਰਾਪਤ ਕਰ ਸਕਦੇ ਹੋ।

ਕੁਝ ਮਨੁੱਖ ਜੰਮਦੇ ਹੀ ਦਿਆਲੂ ਹੁੰਦੇ ਹਨ ਤੇ ਕੁਝ ਜ਼ਾਲਮ ਜਾਂ ਕਠੋਰ। ਦਿਆਲੂ ਹੋਣਾ ਵਿਅਕਤੀ ਲਈ ਸਭ ਤੋਂ ਵੱਡਾ ਵਰ ਹੈ ਤੇ ਜ਼ਾਲਮ ਹੋਣਾ ਸਭ ਤੋਂ ਵੱਡਾ ਸਰਾਪ। ਮਨੁੱਖ ਜਾਤੀ ਦੀਆਂ ਮਾਤਾਵਾਂ ਦੀ ਇਹ ਇੱਛਾ ਹੁੰਦੀ ਹੈ ਕਿ ਪ੍ਰਮਾਤਮਾ ਮਨੁੱਖ ਰੂਪ ਵਿਚ ਜਨਮ ਲਵੇ। ਇਸ ਤੋਂ ਵਧੇਰੇ ਆਪਣੀ ਮਾਂ ਹੋਣ ਦਾ ਉਹ ਕੋਈ ਹੋਰ ਫਲ ਨਹੀਂ ਚਾਹੁੰਦੀਆਂ।

ਪਰ, ਅਫ਼ਸੋਸ ਹੈ ! ਕਿ ਮਨੁੱਖੀ ਸਰੀਰ ਵਿਚ ਤਾਂ ਹਾਲੀ ਮਨੁੱਖ ਵੀ ਪੈਦਾ ਨਹੀਂ ਹੋਇਆ। ਸੱਚਾ ਮਨੁੱਖ ਤਾਂ ਰੱਬ ਦਾ ਪਿਆਰਾ ਹੁੰਦਾ ਹੈ ਜਿਸ ਦੇ ਦਿਲ ਵਿਚ ਅਣਜਾਣੇ ਹੀ ਪ੍ਰਭੂ-ਪ੍ਰੀਤਮ ਦਾ ਪ੍ਰੇਮ ਵਸ ਰਿਹਾ ਹੁੰਦਾ ਹੈ। ਅਜਿਹੇ ਮਨੁੱਖ ਨੂੰ ਜਿਸ ਦੇ ਹਿਰਦੇ ਵਿਚ ਪ੍ਰਭੂ-ਪ੍ਰੀਤਮ ਦਾ ਪ੍ਰੇਮ ਵਸ ਰਿਹਾ ਹੁੰਦਾ ਹੈ। ਮੈਂ ਗੁਰੂ ਦਾ ਸਿੱਖ ਕਹਿੰਦਾ ਹਾਂ। ਅਜਿਹਾ ਪ੍ਰੇਮ ਕਿਸੇ ਯਤਨ ਦੁਆਰਾ ਉਤਪੰਨ ਨਹੀਂ ਹੁੰਦਾ। ਜੋ ਕੁਝ ਵੀ ਯਤਨ ਦੁਆਰਾ ਪੈਦਾ ਕੀਤਾ ਜਾਂਦਾ ਹੈ, ਉਹ ਸਿਧਾ ਸਾਦਾ ਤੇ ਸਾਦ ਮੁਰਾਦਾ ਨਹੀਂ ਹੁੰਦਾ। ਜੋ ਸਿਧਾ ਸਾਦਾ ਨਹੀਂ ਹੈ, ਉਹ ਖ਼ਤਮ ਹੋ ਜਾਵੇਗੀ।

ਤਿਆਗ, ਤਪ ਸਾਧਨਾ, ਧਿਆਨ ਜਾਂ ਸਮਾਧੀ ਦੀ ਸਿੱਖਿਆ ਤੇ ਯੋਗ ਅਭਿਆਸ, ਮੌਨ ਧਾਰਨਾ, ਕੁਆਰੇ ਰਹਿਣ ਦੀ ਪ੍ਰਤਿਗਿਆ ਆਦਿ ਸਭ ਗੱਲਾਂ ਸਾਧਾਰਨ ਤੇ ਇਮਾਨਦਾਰ ਜੀਵਨ ਗੁਜ਼ਾਰਨ ਵਾਲੇ ਵਿਅਕਤੀ ਦੀ ਸਮਝ ਤੋਂ ਉਚੀਆਂ ਹਨ। ਸ਼ਹਿਦ ਦੀਆਂ ਮੱਖੀਆਂ ਅਤੇ ਵਣਾਂ ਦੇ ਪੰਛੀਆਂ ਦੀ ਨਿਆਈਂ ਇਮਾਨਦਾਰ ਤੇ ਸੁੱਚੀ ਕਿਰਤ ਤਾਂ ਇਕ ਮਕਾਨਕੀ ਪੂਰਨਤਾ ਹੁੰਦੀ ਹੈ। ਇਹ ਤਾਂ ਇਕ ਤਰ੍ਹਾਂ ਦਾ ਅਜਿਹਾ ਗੁਣ ਤੇ ਪ੍ਰਾਪਤੀ ਹੈ ਜਿਸ ਦਾ ਮਨੁੱਖ ਦੀ ਸੱਚੀ ਉਨਤੀ ਵਿਚ ਕੋਈ ਮੁਲ ਨਹੀਂ ਹੈ। ਇਹ ਤਾਂ ਕੰਨ ਵਿਚ ਪਾਏ ਜਾਂ ਮੱਥੇ 'ਤੇ ਚਮਕ ਰਹੇ

ਮੋਤੀ-ਪੰਨਿਆਂ ਦਾ ਸ਼ਿੰਗਾਰ ਹੈ, ਜਿਸ ਨੇ ਜੇ ਅਜਿਹਾ ਨਾ ਕੀਤਾ ਜਾਂਦਾ ਤਾਂ ਜਿਸਤ ਦੇ ਡੱਬੇ ਵਿਚ ਹੀ ਬੰਦ ਰਹਿਣਾ ਸੀ।

ਪ੍ਰੇਮ ਤਾਂ ਪ੍ਰਭੂ ਦੀ ਸਿਰਜਣਾ, ਉਸ ਦੀ ਮਿਹਰ, ਉਸ ਦੀ ਉਸੇ ਤਰ੍ਹਾਂ ਦੀ ਹੁਨਰੀ ਰਚਨਾ ਹੈ ਜਿਵੇਂ ਤਾਰੇ ਚਮਕਦੇ ਹਨ ਅਤੇ ਘਾਹ ਦੀਆਂ ਨਿੱਕੀਆਂ ਪੱਤੀਆਂ ਵਗਦੀ ਪਵਨ ਵਿਚ ਸਿਰ ਹਿਲਾ ਝੂਮਣ ਦੀਆਂ ਖ਼ੁਸ਼ੀਆਂ ਨੂੰ ਮਾਣਦੀਆਂ ਹਨ।

ਪ੍ਰੇਮ ਕੋਈ ਅਜਿਹੀ ਵਸਤੂ ਨਹੀਂ ਹੈ ਜਿਸ ਦੀ ਸਿੱਖਿਆ ਦਿਤੀ ਜਾ ਸਕੇ ਤੇ ਜਿਸ ਨੂੰ ਪ੍ਰਾਪਤ ਕੀਤਾ ਜਾ ਸਕੇ।

ਇਹ ਇਸ ਤੋਂ ਵੀ ਵੱਡੀ ਹੈਰਾਨੀ ਦੀ ਗੱਲ ਹੈ ਕਿ ਪ੍ਰੇਮ ਸੰਜੋਗ ਵਜੋਂ ਹੀ ਹੋਂਦ ਵਿਚ ਆਉਂਦਾ ਹੈ। ਇਵੇਂ ਹੀ ਸੰਜੋਗਵਸ ਸਾਡਾ ਪ੍ਰਭੂ ਨਾਲ ਮੇਲ ਹੁੰਦਾ ਹੈ। ਸੰਜੋਗ ਨਾਲ ਹੀ ਅਸੀਂ ਆਪਣੇ ਪਰਮ ਮਿਤਰਾਂ ਨੂੰ ਮਿਲਦੇ ਹਾਂ। ਇਸੇ ਤਰ੍ਹਾਂ ਪ੍ਰਭੂ ਦੇ ਪੂਰਨਤਾ ਦੇ ਵਿਸ਼ਵ-ਵਿਆਪੀ ਵਰਤਾਰੇ ਨੂੰ ਵੀ ਜਾਣਿਆਂ ਨਹੀਂ ਜਾ ਸਕਦਾ ਕਿ ਕਿਸ ਤਰ੍ਹਾਂ ਉਹ ਜੀਵਨ ਦੀਆਂ ਮੁਢੀਆਂ ਵਿਚੋਂ ਮਨੁੱਖ ਦੀ ਰਚਨਾ ਕਰਦਾ ਹੈ।

ਇਸੇ ਤਰ੍ਹਾਂ ਹੀ ਉਸ ਦੇ ਅਗਮ ਗਿਆਨ ਦੀ ਯੋਜਨਾ ਹੈ ਕਿ ਕੋਈ ਵੀ ਉਸ ਨੂੰ ਸਵੈ ਇੱਛਾ ਅਨੁਸਾਰ ਪਾ ਨਹੀਂ ਸਕਦਾ ਅਤੇ ਇਹ ਘਟਨਾ ਵੀ ਉਧੜ ਗੁਧੜੇ ਰੂਪ ਵਿਚ ਇਸ ਅਨੰਤ ਪਸਾਰੇ ਵਿਚ ਦੇਵ ਨੇਤ ਨਾਲ ਹੀ ਕਦੀ ਕਦਾਈਂ ਘਟਦੀ ਹੈ।

ਆਪਣੇ ਮਨੁੱਖਾ ਜੀਵਨ ਵਿਚ ਵੀ ਅਸੀਂ ਮਿਲਣ ਨਾਲ ਮਿਲ ਨਹੀਂ ਪੈਂਦੇ ਤੇ ਵਿਛੜਨ ਨਾਲ ਵਿਛੜ ਨਹੀਂ ਜਾਂਦੇ। ਉਹ ਅਨੰਦਮਈ ਘੜੀ ਕਦੀ ਕਦੀ ਹੀ ਆਉਂਦੀ ਹੈ ਜਦੋਂ ਆਤਮਾ ਦੇ ਤਲ ਉਤੇ ਸਾਡਾ ਮਿਲਾਪ ਪ੍ਰਭੂ-ਪ੍ਰੀਤਮ ਨਾਲ ਹੁੰਦਾ ਹੈ। ਇਹ ਮੇਲ ਕੁਝ ਅਜਿਹਾ ਹੈ ਕਿ ਅਸੀਂ ਵਿਛੜੇ ਹੋਏ ਵੀ ਇਕ ਦੂਜੇ ਨਾਲ ਮਿਲੇ ਹੁੰਦੇ ਹਾਂ ਤੇ ਤਨ ਤੇ ਮਨ ਦੁਆਰਾ ਇਕ ਦੂਜੇ ਨਾਲ ਮਿਲ ਕੇ ਵੀ ਇਕ ਦੂਜੇ ਤੋਂ ਵਿਛੜੇ ਹੁੰਦੇ ਹਾਂ। ਇਕ ਛੋਟੇ ਜਿਹੇ ਨੁਕਤੇ ਉਤੇ ਸਾਡਾ ਪ੍ਰਭੂ ਨਾਲ ਮਿਲਾਪ ਹੁੰਦਾ ਹੈ ਤੇ ਬਾਕੀ ਤਾਂ ਇਸ ਦੀ ਮਿੱਠੀ ਯਾਦ ਹੀ ਹੁੰਦੀ ਹੈ। ਉਸ ਨਛਤਰੀ ਘੜੀ ਦੇ ਸੰਜੋਗ ਦੀ ਯਾਦ ਸਾਡੇ ਜੀਵਨ ਵਿਚ ਖ਼ੁਸ਼ੀ ਭਰਦੀ ਰਹਿੰਦੀ ਹੈ।

ਹਿਰਦੇ ਦਾ ਦੀਪ ਕਦੇ ਇਕ ਥਾਂ 'ਤੇ ਬਲਦਾ ਹੈ, ਕਦੇ ਦੂਜੀ ਥਾਂ 'ਤੇ। ਕਦੇ ਇਥੇ ਕਦੇ ਉਥੇ। ਸਦੀਆਂ ਪਿਛੋਂ ਕੋਈ ਪੈਗੰਬਰ ਪੈਦਾ ਹੁੰਦਾ ਹੈ ਤੇ ਉਸ ਪਿਛੋਂ ਅੰਧਕਾਰ ਹੋ ਜਾਂਦਾ ਹੈ। ਫਿਰ ਕਦੀ ਰੱਬ ਦਾ ਅਵਤਾਰ ਜਨਮ ਧਾਰਦਾ ਹੈ ਤੇ ਉਸ ਦੇ ਜਾਣ ਪਿਛੋਂ ਫਿਰ ਨਿਰਾਸ਼ਾ ਛਾ ਜਾਂਦੀ ਹੈ। ਅਜਿਹੇ ਨਗਰ ਜਿਥੇ ਇਹ ਰੱਬੀ ਪੁਰਖ ਪੈਦਾ ਹੋਏ, ਵੀ ਸੰਸਾਰ ਵਿਚ ਖਿੰਡਰੇ ਪੁੰਡਰੇ ਹੁੰਦੇ ਹਨ ਤੇ ਉਹ ਘਰ ਵੀ ਜਿਥੇ ਉਹਨਾਂ ਦਾ ਨਿਵਾਸ ਹੋਇਆ ਸੀ, ਵੱਖ ਵੱਖ ਥਾਵਾਂ ਤੇ ਖਿੰਡਰੇ ਹੋਏ ਹਨ ਜੋ ਸਾਨੂੰ ਜ਼ਿਆਰਤ ਕਰਨ ਲਈ ਸੱਦਾ ਦਿੰਦੇ ਹਨ। ਉਹ ਭਗਤ-ਜਨ,

ਮੁਰੀਦ ਜਾਂ ਸਿੱਖ ਜਿਸ ਦਾ ਮੁਖ ਗੁਰੂ ਵਲ ਹੁੰਦਾ ਹੈ ਅਰਥਾਤ ਅਜਿਹਾ ਗੁਰਮੁਖ ਵੀ ਲੱਖਾਂ ਵਿਚੋਂ ਕੋਈ ਕੋਈ ਵਿਰਲਾ ਹੀ ਹੁੰਦਾ ਹੈ।

ਹੀਰੇ ਵੀ ਬੜੇ ਥੋੜ੍ਹੇ ਹਨ, ਅਜਿਹੇ ਅਮੋਲਕ ਵਸਤੂ ਵੀ ਦੁਰਲਭ ਹੁੰਦੇ ਹਨ, ਪਰ ਰੱਬੀ-ਪੁਰਖ ਤਾਂ ਇਸ ਤੋਂ ਵੀ ਥੋੜ੍ਹੇ ਵਿਰਲੇ ਤੇ ਟਾਵੇਂ ਹੁੰਦੇ ਹਨ।

ਪ੍ਰਭੂ-ਪ੍ਰੀਤਮ ਦਾ ਸੰਜੋਗ ਸਭ ਤੋਂ ਵੱਡਾ, ਸਭ ਤੋਂ ਪਵਿੱਤਰ ਤੇ ਸਭ ਤੋਂ ਸੱਚਾ ਪ੍ਰੇਮ ਹੁੰਦਾ ਹੈ ਜੋ ਕਾਲਾਤੀਤ ਤੇ ਦੇਸਾਤੀਤ ਛਿਣਾਂ ਵਿਚ ਘਟਦਾ ਹੈ ਜਾਂ ਵਾਪਰਦਾ ਹੈ। ਇਸ ਪਿਛੋਂ ਅਜਿਹੀਆਂ ਘੜੀਆਂ ਯੁਗਾਂ ਦੀ ਉਡੀਕ ਪਿਛੋਂ ਆਉਂਦੀਆਂ ਹਨ। ਯੁਗਾਂ ਯੁਗਾਂਤਰਾਂ ਦੀ ਯਾਤਰਾ ਕਰਨ ਪਿਛੋਂ ਹੀ ਜਿਗਿਆਸੂ ਨੂੰ ਪ੍ਰਭੂ ਪ੍ਰੇਮ ਪ੍ਰਾਪਤ ਹੁੰਦਾ ਹੈ ਤੇ ਪ੍ਰੇਮ ਵਿਚ ਰੱਤਾ ਇਕ ਰਾਤ ਦਾ ਪ੍ਰਭੂ-ਪ੍ਰੀਤਮ ਦਾ ਸੰਜੋਗ ਯੁਗਾਂ ਦੀ ਘਾਲਣਾ ਨੂੰ ਸਫ਼ਲ ਕਰ ਜਾਂਦਾ ਹੈ।

ਇਸ ਘੜੀ ਉਹ ਜਿਗਿਆਸੂ ਜਿਸ ਨੂੰ ਜੀਵਨ ਵਿਚ ਅਜਿਹੇ ਸੰਜੋਗੀ ਮੇਲ ਦਾ ਅਵਸਰ ਮਿਲਦਾ ਹੈ, ਬਿਲਕੁਲ ਆਪਣੇ ਆਪ ਨੂੰ ਨਿਆਰਾ ਨਿਆਰਾ ਅਨੁਭਵ ਕਰਦਾ ਹੈ।

ਪ੍ਰੇਮ ਤਾਂ ਉਸ ਦੀ ਯਾਦ ਨੂੰ ਨਿਰੰਤਰ ਜੀਵਤ ਰਖਣ ਵਾਲਾ ਪ੍ਰਗੀਤ ਹੈ। ਪ੍ਰੇਮ ਤਾਂ ਬੱਸ ਸਿਮਰਨ ਹੈ ਕਿਉਂਜੋ ਉਹ ਸੰਜੋਗੀ ਮਿਲਾਪ ਤੋਂ ਪਿਛੋਂ ਜਿਗਿਆਸੂ ਪ੍ਰਭੂ-ਪ੍ਰੀਤਮ ਨੂੰ ਯਾਦ ਕਰਨ ਤੋਂ ਬਿਨਾਂ ਰਹਿ ਹੀ ਨਹੀਂ ਸਕਦਾ। ਜਦੋਂ ਉਹ ਉਸ ਯਾਦ ਨੂੰ ਭੁਲਾ ਦਿੰਦਾ ਹੈ ਤਾਂ ਉਸ ਦੀ ਮੌਤ ਹੋ ਜਾਂਦੀ ਹੈ। ਗੁਰੂ ਨਾਨਕ ਜੀ ਫੁਰਮਾਉਂਦੇ ਹਨ ਕਿ ਇਹੋ ਹੀ ਪ੍ਰਭੂ-ਪ੍ਰੀਤਮ ਦਾ ਨਾਮ ਸਿਮਰਨ ਹੈ, ਜਿਸ ਨੂੰ ਅਸੀਂ ਹੁਣ ਤਕ ਨਹੀਂ ਸਮਝ ਸਕੇ, ਉਸ ਨੂੰ ਆਪਣੀ ਆਤਮਾ ਦੀ ਗਲਵਕੜੀ ਵਿਚ ਅਨੁਭਵ ਕਰਦੇ ਹਾਂ। ਜਿਵੇਂ ਇਕ ਵਾਰ ਇਹ ਮਿਲਾਪ ਹੋਇਆ ਤਿਵੇਂ ਸਦੀਆਂ ਤਕ ਇਸ ਦੀ ਯਾਦ ਨੂੰ ਕਾਇਮ ਰਖਿਆ ਜਾ ਸਕਦਾ ਹੈ। ਇਹੋ ਹੀ ਨਾਮ ਸਿਮਰਨ ਹੈ।

ਇਹ ਸਿਮਰਨ ਹੀ ਪ੍ਰੇਮ ਹੈ, ਜਿਸ ਨੂੰ ਅਸੀਂ ਦੇਸ਼ ਤੇ ਕਾਲ ਦੀ ਪਕੜ ਵਿਚ ਵੀ ਅਨੁਭਵ ਕਰ ਸਕਦੇ ਹਾਂ। ਇਹ ਤਾਂ ਭਰਪੂਰ ਨਦੀ ਦੀ ਉਸ ਅੰਬਰੀ ਕਾਂਗ ਵਾਂਗ ਆਵੇਸ਼-ਉਛਾਲਾ ਤੇ ਪ੍ਰੇਰਨਾ ਹੈ ਜੋ ਲਗਾਤਾਰ ਸਾਡੀ ਦਿਲ ਦੀ ਧੜਕਣ ਨਾਲ ਸਾਡੇ ਦਿਲ ਅੰਦਰ ਧੜਕਦੀ ਹੈ। ਇਹ ਤਾਂ ਪ੍ਰਭੂ-ਪ੍ਰੀਤਮ ਦੇ ਨਾਮ ਵਿਚ ਰੰਗੀਜ਼ ਕੇ ਉਸ ਆਵੇਸ਼ਗਤ ਅਵਸਥਾ ਵਿਚ ਲੀਨ ਹੋ ਜਾਣਾ ਹੈ।

ਉਹਨਾਂ ਨੂੰ ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਉਹ ਪ੍ਰਭੂ-ਪ੍ਰੀਤਮ ਦੀ ਗੋਦ ਵਿਚ ਸਿਰ ਰਖ ਕੇ ਲੇਟੇ ਹੋਣ। ਨਾਮ ਦੁਆਰਾ ਉਹਨਾਂ ਨੂੰ ਇੰਜ ਅਨੁਭਵ ਹੁੰਦਾ ਹੈ ਜਿਵੇਂ ਉਹ ਉਸ ਦੇ ਕਰ ਕਮਲਾਂ ਦੀ ਛੁਹ ਨੂੰ ਮਾਣ ਰਹੇ ਹੋਣ। ਉਹਨਾਂ ਅੰਦਰ ਬਚਿਆਂ ਵਰਗੀ ਉਹ ਪ੍ਰਤੀਤੀ ਹੋਂਦ ਵਿਚ ਆਉਂਦੀ ਹੈ ਜੋ ਪ੍ਰਭੂ-ਪ੍ਰੀਤਮ ਉਤੇ ਪੂਰਨ ਭਰੋਸਾ ਕਰਦੇ ਹਨ, ਉਸ ਉਤੇ ਪੂਰੀ ਟੇਕ ਰਖਦੇ ਹਨ ਤੇ ਇਸ ਤਰ੍ਹਾਂ ਉਸ ਉਤੇ ਆਪਣੇ ਆਪ ਨੂੰ ਸੁਟ ਦਿੰਦੇ ਹਨ ਜਿਵੇਂ ਆਪਣੇ ਆਪੇ ਨੂੰ ਉਹਨਾਂ ਨੇ ਤਿਆਗ ਦਿਤਾ ਹੋਵੇ। ਉਹ ਸਦਾ ਇੰਜ ਮਹਿਸੂਸ ਕਰਦੇ ਹਨ ਜਿਵੇਂ ਬਹਿੰਦਿਆਂ, ਉਠਦਿਆਂ,

ਚਲਦਿਆਂ ਤੇ ਸੌਂਵਿੰਦਿਆਂ ਅਰਥਾਤ ਉਹਨਾਂ ਦੇ ਹਰ ਕਰਮ ਵਿਚ ਪ੍ਰਭੂ-ਪ੍ਰੀਤਮ ਉਹਨਾਂ ਦੀ ਆਤਮਾ ਦਾ ਸੁਖਦਾਈ ਧਰਵਾਸ ਹੋਵੇ।

ਨਾਮ ਦੁਆਰਾ ਪ੍ਰਾਪਤ ਕੀਤਾ ਇਹ ਨਿਰੰਤਰ ਮਿਲਾਪ ਹੀ ਉਹਨਾਂ ਦਾ ਉਤਸ਼ਾਹ ਤੇ ਧਰਵਾਸ ਹੁੰਦਾ ਹੈ। ਇਹ ਤਾਂ ਉਹ ਆਤਮ-ਨਿਰਭਰਤਾ ਦੀ ਅਵਸਥਾ ਹੁੰਦੀ ਹੈ ਜਦੋਂ ਸਾਰਾ ਬ੍ਰਹਿਮੰਡ ਉਹਨਾਂ ਦੀ ਨਿੱਕੀ 'ਮੈਂ' ਵਿਚ ਆ ਸਮਾਉਂਦਾ ਹੈ। ਇਹ ਤਾਂ ਸਿਰਜਣਹਾਰ ਕਰਤਾਰ ਦਾ ਸੰਪੂਰਨ ਰੂਪ ਦਾ ਆਤਮ ਸਨਮਾਨ ਹੈ। ਉਹਨਾਂ ਲਈ ਮੌਤ ਦਾ ਕੋਈ ਭੈਅ ਨਹੀਂ ਹੈ। ਹਰ ਪ੍ਰਕਾਰ ਦੀਆਂ ਚਿੰਤਾਵਾਂ ਤੇ ਡਰ ਉਸ ਪ੍ਰਭੂ ਦੇ ਪ੍ਰਕਾਸ਼ ਵਿਚ ਜਿਸ ਵਿਚ ਉਹ ਵਿਚਰਦੇ ਤੇ ਸਾਹ ਲੈਂਦੇ ਹਨ, ਮਿਟ ਜਾਂਦੇ ਹਨ। ਆਪਣੇ ਸਰੀਰਾਂ ਨੂੰ ਤਾਂ ਉਹ ਆਪਣੀ ਆਤਮਾ ਦੇ ਪਰਛਾਵੇਂ ਹਾਰ ਚੁਕੀ ਫਿਰਦੇ ਹਨ ਜਿਸ ਤਰ੍ਹਾਂ ਕਿ ਪ੍ਰਕਾਸ਼ ਰਹਿਤ ਆਤਮਾ ਉਹਨਾਂ ਦੇ ਪਰਛਾਵੇਂ ਨੂੰ ਚੁਕੀ ਫਿਰਦੀ ਹੈ।

ਸਦੀਵੀ ਇਕੱਲ ਅਤੇ ਨਿਰਾਸ਼ਾ ਦੀ ਸੁੰਨਤਾ ਕੰਨਾਂ ਵਿਚ ਫ਼ਰਿਸ਼ਤਿਆਂ ਦੇ ਮਿੱਠੇ ਪ੍ਰੇਮ ਸੰਗੀਤ ਵਿਚ ਲੋਪ ਹੋ ਜਾਂਦੇ ਹਨ। ਜੋ ਉਹਨਾਂ ਦੀ ਆਤਮਾ ਵਿਚ ਆ ਨਿਵਾਸ ਕਰਦੇ ਹਨ। ਸਭ ਕੁਝ ਅਨੰਦਮਈ ਤੇ ਪ੍ਰਸੰਨਤਾ ਦੇਣ ਵਾਲਾ ਹੋ ਜਾਂਦਾ ਹੈ। ਆਤਮਾ ਦਾ ਸੁੰਨ ਮੰਡਲ ਉਹਨਾਂ ਲੋਕਾਂ ਦੇ ਆਗਮਨ ਨਾਲ ਭਰਪੂਰ ਹੋ ਜਾਂਦਾ ਹੈ, ਜੋ ਇਸ ਰੂਹਾਨੀ ਸਤਿਸੰਗ ਵਿਚ ਆ ਜੁੜਦੇ ਹਨ। ਹਰ ਬੰਨੇ ਤੇ ਹਰ ਮੰਡਲ ਵਿਚ ਆਤਮਿਕ ਸਮਾਜ ਦਾ ਸਾਥ ਮਿਲ ਜਾਂਦਾ ਹੈ। ਅਜਿਹਾ ਮਨੁੱਖ ਆਤਮਿਕ ਤੌਰ 'ਤੇ ਕਦੇ ਵੀ ਇਕੱਲਾ ਨਹੀਂ ਰਹਿੰਦਾ। ਉਹ ਕੇਵਲ ਉਦੋਂ ਹੀ ਇਕੱਲਾ ਹੁੰਦਾ ਹੈ, ਜਦੋਂ ਉਹ ਇਸ ਅਨੰਤ ਅਨੰਦਮਈ ਰਸ ਮੰਡਲ ਵਿਚ ਕਿਸੇ ਦੋਸ਼ ਦਾ ਭਾਗੀ ਬਣਦਾ ਹੈ।

ਮੈਂ ਸਾਂ ਇਕ ਨਿਮਾਣੀ ਮੰਗਤੀ
ਪ੍ਰੀਤਮ ਪਿਆਰੇ ਨੇ ਆ ਕੇ
ਫੜ ਲਈ ਮੇਰੀ ਬਾਂਹ
ਤੇ ਨੇਤਰਫੋਰ ਵਿਚ ਉਸ ਨੇ ਮੈਨੂੰ
ਬਣਾ ਲਿਆ ਆਪਣੀ ਰਾਣੀ।
ਉਸ ਪਲ ਮੈਨੂੰ ਵੀ ਇੰਜ
ਹੋਇਆ ਪ੍ਰਤੀਤ;
ਜਿਵੇਂ ਮੈਂ ਬਣ ਗਈ ਹੋਵਾਂ
ਉਸ ਦੀ ਰਾਣੀ
ਤੇ ਉਸ ਛਿਣ
ਮੈਨੂੰ ਉਹ ਖ਼ੁਸ਼ੀ ਹੋਈ ਪ੍ਰਾਪਤ
ਜਿਸ ਨੂੰ ਮੈਂ ਕਦੀ ਨਹੀਂ ਸੀ ਜਾਤਾ।
ਮੈਂ ਤਾਂ ਸਾਂ ਇਕ ਨਿਰਾਸ਼ ਮੰਗਤੀ
ਜਿਸ ਦੇ ਪੈਰਾਂ ਵਿਚ ਹੁਣ

ਸ਼ਕਤੀਸ਼ਾਲੀ ਬਾਦਸ਼ਾਹਤ
ਵਿਛੀ ਪਈ ਸੀ।
ਉਸ ਦੀ ਮਿਹਰ ਦੀ ਇਕ ਤੱਕਣੀ ਨੇ
ਇਕ ਪਲ ਅੰਦਰ ਮੈਨੂੰ
ਪੂਰਨ ਸੀ ਕਰ ਦਿਤਾ,
ਆਪਣੀ ਬ੍ਰਹਿਮੰਡੀ ਪੂਰਨਤਾ ਨੂੰ
ਮੇਰੇ ਅੰਦਰ ਸੀ ਭਰ ਦਿਤਾ।
ਮੈਂ ਤਾਂ ਦੂਜੀਆਂ ਨਢੀਆਂ ਵਾਂਗੂੰ
ਨਹੀਂ ਸਾਂ ਸੋਹਣੀ,
ਪਰ ਪਤਾ ਨਹੀਂ
ਉਸ ਪ੍ਰੀਤਮ ਪਿਆਰੇ ਨੇ
ਕਿਹੜਾ ਗੁਣ ਮੇਰੇ ਵਿਚ
ਸੀ ਤੱਕਿਆ ?
ਮੈਨੂੰ ਇਸ ਦੀ ਸਾਰ ਨਹੀਂ ਹੈ
ਇਹ ਤਾਂ ਮੇਰਾ ਖ਼ਸਮ
ਸ਼ਾਇਦ ਇਸ ਨੂੰ ਹੋਰ ਕੋਈ ਵੀ
ਜਾਣ ਨਹੀਂ ਸਕਦਾ।
ਉਸ ਦੀ ਮਨਸ਼ਾ ਦੇ ਅਨੰਤ ਨੂੰ
ਬਿਨਾਂ ਉਸ ਦੇ ਹੋਰ ਕੋਈ
ਦਸ ਨਹੀਂ ਸਕਦਾ।
ਇਕ ਛਿਣ ਵਿਚ
ਮੈਂ ਕੀ ਕੁਝ ਹੋ ਗਈ !
ਆਪਣੇ ਆਪ ਜੋ ਮੈਂ
ਕਦੇ ਵੀ ਨਹੀਂ ਸਾਂ ਬਣ ਸਕਦੀ।
ਮੈਂ ਸਾਂ ਇਕ ਨਿਮਾਣੀ ਮੰਗਤੀ,
ਪ੍ਰੀਤਮ ਪਿਆਰੇ ਨੇ ਆ ਕੇ
ਕੀਤੀ ਮਿਹਰ ਤੇ
ਮੈਨੂੰ ਬਣਾ ਲਿਆ ਆਪਣੀ ਰਾਣੀ।

ਪ੍ਰੀਤਮ ਦੇ ਇਸ ਸੰਜੋਗੀ ਮੇਲ ਵਿਚ
ਚਾਣਚੱਕ, ਇਕ ਛਿਣ ਦੇ ਅੰਦਰ
ਮੈਂ ਹੋਈ ਭਰ ਜੋਬਨ ਭਰਪੂਰ
ਜੋ ਮੈਂ ਸਮੇਂ ਦੇ ਚਾਲੇ
ਤੁਰਦੀ ਤੁਰਦੀ

ਕਦੇ ਵੀ ਨਹੀਂ ਸਾਂ ਹੋ ਸਕਦੀ।
ਕਈਆਂ ਨੂੰ ਮੈਂ ਹੈ ਤੱਕਿਆ
ਸੁੰਦਰ ਹੋਣ ਲਈ
ਜੋ ਕਰਦੀਆਂ ਰਹੀਆਂ ਘਾਲ
ਤੇ ਕੁਝ ਹੋਰ ਅਜਿਹੀਆਂ
ਰੂਪਮਤੀਆਂ ਨਾਰਾਂ
ਜੋ ਸਦਾ
ਇਸ ਗ਼ੁਮਾਨ ਵਿਚ ਰਹੀਆਂ
ਕਿ ਉਹਨਾਂ ਤੋਂ ਵਧ ਕੇ ਸੁੰਦਰ
ਹੈ ਨਹੀਂ ਕੋਈ ਹੋਰ।
ਸਨ ਉਹ ਬੜੀਆਂ ਸੋਹਣੀਆਂ,
ਸੁਨੱਖੀਆਂ ਤੇ ਹੁਸ਼ਿਆਰ।
ਪਰ ਮੇਰੀਆਂ ਇਹਨਾਂ ਲੀਰਾਂ ਅੰਦਰ
ਉਸ ਪ੍ਰੀਤਮ ਨੇ ਕਰ ਕੇ
ਮਿਹਰ ਦੀ ਨਿਗ੍ਹਾ
ਬਣਾ ਦਿਤਾ ਹੈ ਮੈਨੂੰ
ਸਭ ਤੋਂ ਸੋਹਣੀ, ਸਭ ਤੋਂ ਮੋਹਣੀ।

ਮੇਰੀ ਜਿੰਦ-ਮਿੱਟੀ ਵਿਚ
ਚਮਕ ਸੀ ਆਈ,
ਮੇਰੇ ਬਿਥੁੰਨ-ਪੱਥਰ ਵਿਚ
ਉਘੜੇ ਸੁੰਦਰ ਨੈਣ ਤੇ ਨਕਸ਼।
ਪਰ ਮੇਰੀ ਸੁੰਦਰਤਾ ਦੇ ਬਾਰੇ
ਕੁਝ ਵੀ ਦਸ ਨਾ ਸਕਦੀ,
ਮੇਰੇ ਲਈ ਤਾਂ ਇਹ ਸਭ ਕੁਝ
ਹੈ ਉਸ ਪਿਆਰੇ ਦੀ ਮਿਹਰ,
ਨਦਰਿ-ਕਰਮ ਤੇ ਕਿਰਪਾ-ਦ੍ਰਿਸ਼ਟੀ
ਉਸ ਦੀ ਛੁਹ ਮਾਤਰ ਨੇ
ਮੈਨੂੰ ਗੀਤ ਬਣਾਇਆ।
ਅਪਾਰ ਖ਼ੁਸ਼ੀ ਅਨੰਤਾਂ ਵਾਲੀ
ਮੇਰੇ ਅੰਦਰ ਹੈ ਭਰ ਦਿਤੀ
ਤੇ ਮੈਨੂੰ ਸੁਹਾਗ ਅਨੰਦ ਦੀ
ਬਖ਼ਸ਼ੀ ਖ਼ੁਸ਼ੀ ਅਥਾਹ।
ਮੈਂ ਤਾਂ ਆਪ ਹੈਰਾਨ,

ਦਸ ਨਾ ਸਕਦੀ
ਕਿ ਇਹ ਸਭ ਕੁਝ
ਕਿੰਜ ਹੈ ਹੋਇਆ ?
ਮੈਂ ਤਾਂ ਖ਼ੁਸ਼ੀ ਵਿਚ
ਖੀਵੀ ਹਾਂ ਹੋਈ
ਤੱਕ ਤੱਕ ਹੋ ਰਹੀ ਹੈਰਾਨ,
ਇਹ ਹੈ ਉਸ ਦੀ ਲੀਲ੍ਹਾ !
ਕਿ ਕਿਵੇਂ ਨਿਗੁਣੀਆਂ ਵਸਤਾਂ ਵੀ
ਬਣ ਜਾਵਣ ਮੁਲਵਾਨ
ਜਦ ਉਹਨਾਂ ਦੇ ਉਤੇ
ਪ੍ਰਭੂ-ਪ੍ਰੀਤਮ ਦੀ ਮਿਹਰ ਦੀ ਨਿਗ੍ਹਾ
ਹੈ ਪੈਂਦੀ।
ਵਾਪਰੇ ਇਹ ਸਭ ਕੁਝ ਏਦਾਂ
ਜਿਦਾਂ ਪੰਛੀ ਆ ਕੇ
ਇਸ ਇਕ ਬ੍ਰਿਛ ਦੀ
ਵਖਰੀ ਟਾਹਣੀ ਦੇ ਫੁੱਲ ਉਤੇ
ਆ ਕੇ ਬੈਠ ਹੈ ਜਾਂਦਾ।

ਜਤ ਮੈਂ ਪ੍ਰੀਤਮ ਪਿਆਰੇ ਵਲ ਹਾਂ ਤੱਕਦੀ
ਤਾਂ ਪ੍ਰੇਮ ਵਿਚ ਪਿਘਲ ਹਾਂ ਜਾਂਦੀ
ਤੇ ਉਹ ਮੇਰੇ ਉਤੇ
ਰਹਿਮਤਾਂ ਵਾਲੀ ਬਖ਼ਸ਼ਿਸ਼ ਕਰਦਾ।
ਫਿਰ ਜਦ ਮੈਂ
ਉਸ ਵਲ ਹਾਂ ਤੱਕਦੀ
ਤਾਂ ਫਿਰ ਉਹ ਆਪਣੀ ਮਿਹਰ ਨਾਲ
ਕਰੇ ਮੈਨੂੰ ਭਰਪੂਰ।
ਇੰਜ ਇਹ ਪ੍ਰੇਮ-ਵਿਹਾਰ
ਹੈ ਬਣਿਆ ਮੇਰੇ ਜੀਵਨ ਦਾ
ਅੰਤ ਨਾ ਹੋਣ ਵਾਲਾ ਪ੍ਰਵਾਹ।
ਵਿਚ ਇਸ ਪ੍ਰੇਮ ਉਮਾਹ
ਵਾਰ ਵਾਰ ਮੈਂ ਪ੍ਰੀਤਮ ਤਾਈਂ
ਕਰਦੀ ਪਿਆਰ
ਤੇ ਮੇਰੇ ਪ੍ਰੇਮ ਦਾ ਦੇਵੇ ਹੁੰਗਾਰਾ
ਦੂਣ-ਸਵਾਇਆ ਕਰ ਕਰ ਮੋੜੇ

ਕੈਸਾ ਇਹ ਵਿਸਮਾਦ !
ਜਿਸ ਨੂੰ ਮੈਂ ਵਾਰ ਵਾਰ, ਅਨੰਤ ਵਾਰ
ਪਈ ਮਾਣਾਂ !
ਇਸ ਪ੍ਰੇਮ ਦੇ ਦੁਹਰਾਉ ਵਿਚ
ਕੋਈ ਵੀ ਫੇਰ ਬਦਲ ਨਹੀਂ ਹੈ
ਨਾ ਹੀ ਐਸੀ ਮਿਹਰ
ਹੋਵੇ ਕਦੀ ਪ੍ਰਾਪਤ
ਕਿਸੇ ਹੋਰ ਫੇਰ ਬਦਲ ਨਾਲ।
ਇਹ ਵੰਨ-ਸੁਵੰਨਤਾ ਤਾਂ
ਹੈ ਸਤਹੀ ਖੇਡ
ਉਧੜ-ਗੁਧੜੀ।
ਪਰ ਇਸ ਪ੍ਰੀਤ ਦੀ ਸਮਤਾ ਤੇ ਸਮਰੂਪਤਾ
ਹੈ ਪਰਿਵਰਤਨ ਰਹਿਤ,
ਜੋ ਅਨੰਤ ਸਾਗਰ ਦੀ
ਹੈ ਡੂੰਘਾਈ ਸਮਾਨ।
ਜਿਸ ਦੇ ਤਲ ਨੂੰ ਨਹੀਂ ਕਿਸੇ ਨੇ ਤੱਕਿਆ
ਉਸ ਪ੍ਰੀਤਮ ਪਿਆਰੇ ਦੀ
ਹੋਰ ਕੋਈ ਵੀ ਲੋੜ ਨਹੀਂ ਹੈ,
ਮੈਂ ਤਾਂ ਉਸ ਦੇ ਪ੍ਰੇਮ ਵਿਚ
ਵਿਚਰ ਰਹੀ ਹਾਂ,
ਕਰਦੀ ਹਾਂ ਨਿਤ ਉਸ ਨੂੰ ਪਿਆਰ।
ਜਿਸ ਨੇ ਮੇਰੇ ਉਤੇ
ਏਡੀ ਵੱਡੀ ਮਿਹਰ ਹੈ ਕੀਤੀ।
ਜੋ ਸਾਂ ਇਕ ਕੰਗਲੀ ਮੰਗਤੀ
ਜਿਸ ਵਿਚ ਕੋਈ ਵੀ
ਗੁਣ ਨਹੀਂ ਸੀ।
ਫਿਰ ਵੀ ਪ੍ਰੀਤਮ ਨੇ
ਕਰਕੇ ਮਿਹਰ ਮੈਨੂੰ ਹੈ ਅਪਣਾਇਆ
ਰਾਣੀ ਆਪਣੀ ਬਣਾਇਆ।

ਸਿੱਖ ਤਾਂ ਵਿਆਹੁਤਾ ਇਸਤਰੀ ਦੀ ਨਿਆਈਂ ਹਨ, ਜਿਨ੍ਹਾਂ ਦਾ ਕੰਤ ਪ੍ਰਭੂ ਆਪ ਹੈ।

ਬ੍ਰਹਿਮੰਡ ਜੀਵਨ ਦਾ ਬ੍ਰਿਛ ਹੈ, ਜਿਸ ਦੀਆਂ ਟੀਸੀਆਂ ਦੀਆਂ ਸ਼ਾਖ਼ਾਵਾਂ ਉਪਰ ਫੁੱਲ ਖਿੜਦੇ ਹਨ। ਪੱਤਿਆਂ ਨੂੰ ਬੇਚੈਨ ਨਹੀਂ ਹੋਣਾ ਚਾਹੀਦਾ। ਉਹ ਆਪੇ

ਸਹਿਜੇ ਸਹਿਜੇ ਆ ਜਾਂਦੇ ਹਨ। ਫਿਰ ਵੀ ਉਹ ਬੇਚੈਨ ਹੁੰਦੇ ਹਨ ਕਿਉਂਜੋ ਪਵਨ ਉਹਨਾਂ ਨੂੰ ਅਜਿਹਾ ਹੋਣ ਲਈ ਮਜਬੂਰ ਕਰ ਦਿੰਦੀ ਹੈ। ਪੱਤਿਆਂ ਦੀ ਉਸ ਬੇਚੈਨੀ ਤੇ ਅਸ਼ਾਂਤੀ ਵਿਚ ਮੈਂ ਆਰਾਮ ਕਰਨ ਲਈ ਕਹਿੰਦਾ ਹਾਂ।

ਅਜਿਹੇ ਮੌਕੇ ਮੈਂ ਤੁਹਾਨੂੰ ਚਾਣਚੱਕ ਖ਼ੁਸ਼ੀ ਪ੍ਰਦਾਨ ਕਰਨ ਲਈ ਇਕ ਪ੍ਰਾਹੁਣੇ ਵਾਂਗ ਆ ਸਕਦਾ ਹਾਂ। ਜੇ ਤੁਸੀਂ ਓਪਰੇ ਪ੍ਰਾਹੁਣਿਆਂ ਨੂੰ ਚਾਅ ਨਾਲ ਪੂਰੀ ਟਹਿਲ ਸੇਵਾ ਕਰਨ ਦੇ ਆਦੀ ਨਹੀਂ ਹੋ ਤਾਂ ਤੁਸੀਂ ਕੁਝ ਸੋਚਣ ਤੋਂ ਬਿਨਾਂ ਮੇਰੀ ਪਛਾਣ ਨਹੀਂ ਕਰ ਸਕੋਗੇ ਪਰ ਜਦੋਂ ਤੱਕ ਤੁਹਾਡੀ ਮੇਰੇ ਬਾਰੇ ਸੋਚ ਜਾਗੇਗੀ ਤਾਂ ਇਨੀ ਉਡੀਕ ਕਰਨ ਲਈ ਮੇਰੇ ਕੋਲ ਸਮਾਂ ਨਹੀਂ ਹੋਵੇਗਾ।

ਕਿਸੇ ਹੋਰ ਦਿਨ ਮੈਂ ਤੁਹਾਡੇ ਦਰ ਉਤੇ ਇਕ ਮੰਗਤੇ ਵਾਂਗ ਖੜ੍ਹਾ ਹੋਵਾਂਗਾ ਤੇ ਜੇ ਤੁਸਾਂ ਭਿਖਾਰੀਆਂ ਲਈ ਦਿਆਲੂ ਹੋਣ ਦੀ ਰੁਚੀ ਆਪਣੇ ਅੰਦਰ ਉਤਪੰਨ ਨਹੀਂ ਕੀਤੀ ਤਾਂ ਤੁਸੀਂ ਮੇਰੀ ਪਛਾਣ ਨਹੀਂ ਕਰ ਸਕੋਗੇ। ਮੇਰੇ ਕੋਲ ਤੁਹਾਡੇ ਨਾਲ ਆਪਣੀ ਜਾਣ-ਪਛਾਣ ਕਰਾਉਣ ਲਈ ਕੋਈ ਸਮਾਂ ਨਹੀਂ ਹੈ। ਜਦੋਂ ਤਕ ਤੁਹਾਡਾ ਦਰਬਾਨ ਤੁਹਾਨੂੰ ਮੇਰੇ ਬਾਰੇ ਦਸਣ ਜਾਵੇਗਾ ਤੇ ਤੁਸੀਂ ਉਠ ਕੇ ਬਾਹਰ ਦਰਵਾਜ਼ੇ ਉਤੇ ਆਵੋਗੇ ਤਾਂ ਮੈਂ ਉਥੇ ਕਿਤੇ ਵੀ ਦਿਖਾਈ ਨਹੀਂ ਦੇਵਾਂਗਾ।

ਮੈਂ ਤੁਹਾਡੇ ਕੋਲ ਇਕ ਖ਼ੂਬਸੂਰਤ ਪਰੀ ਦੇ ਰੂਪ ਵਿਚ ਵੀ ਆ ਸਕਦਾ ਹਾਂ। ਪਰ ਜੇ ਤੁਸੀਂ ਇਸਤਰੀਆਂ ਨੂੰ ਪਿਆਰ ਕਰਨਾ ਤੇ ਉਹਨਾਂ ਪ੍ਰਤੀ ਹਮਦਰਦੀ ਜਤਾਉਣਾ ਨਹੀਂ ਸਿੱਖਿਆ ਤਾਂ ਇਕੋ ਛਿਣ ਵਿਚ ਤੁਹਾਡੇ ਤਿਆਗ, ਜੋ ਤੁਸਾਂ ਮੈਨੂੰ ਪ੍ਰਾਪਤ ਕਰਨ ਲਈ ਜੀਵਨ ਭਰ ਕੀਤੇ ਹਨ—ਸਭ ਇਕੋ ਛਿਣ ਵਿਚ ਵਿਅਰਥ ਚਲੇ ਜਾਣਗੇ।

ਪਿਆਰ ਦੀਆਂ ਹੈਰਾਨੀਆਂ ਤੇ ਅਚੰਭਾ ਕਰਨ ਵਾਲੀਆਂ ਘਟਨਾਵਾਂ ਦੇ ਰੂਪ ਵਿਚ ਤੁਸੀਂ ਮੇਰੀ ਉਡੀਕ ਕਰੋ। ਇਸ ਰਹੱਸ ਨੂੰ ਕੋਈ ਹੋਰ ਨਹੀਂ ਜਾਣ ਸਕੇਗਾਂ ਕਿ ਤੁਸੀਂ ਮੈਨੂੰ ਕਦੋਂ ਤੇ ਕਿਥੇ ਮਿਲੇ ਹੋ।

ਸੰਜੋਗ ਦੇ ਛਿਣ, ਬੜੇ ਥੋੜ੍ਹੇ ਤਾਰਿਆਂ ਦੀ ਤਰ੍ਹਾਂ ਖਿਲਰੇ ਹੋਏ ਹੁੰਦੇ ਹਨ। ਫ਼ਰਿਸ਼ਤਿਆਂ ਦੇ ਆਉਣ ਸਮਾਨ, ਦੋਸਤਾਂ ਅਤੇ ਓਪਰਿਆਂ ਦਾ ਮਿਲਣਾ ਕਦੀ ਕਦਾਈਂ ਹੀ ਹੁੰਦਾ ਹੈ। ਅਜਿਹੇ ਸਰਵੁਚ ਸਬੰਧ ਜਾਂ ਸੰਜੋਗ ਦੇ ਸਮੇਂ ਹਵਾ ਵਿਚ ਪੰਛੀ ਉਡਦੇ ਰਹਿੰਦੇ ਹਨ, ਮਾਰੂਥਲਾਂ ਵਿਚ ਫੁੱਲ ਉਗਦੇ ਰਹਿੰਦੇ ਹਨ ਅਤੇ ਜੰਗਲੀ ਜਾਨਵਰ ਵੀ ਕੋਲੋਂ ਦੀ ਲੰਘਦੇ ਰਹਿੰਦੇ ਹਨ ਜਿਨ੍ਹਾਂ ਸਭ ਨੂੰ ਤੁਸੀਂ ਸੰਸਾਰਕ ਰਿਸ਼ਤੇ ਤੇ ਨਿਤ ਦਾ ਕਾਰ ਵਿਹਾਰ ਸਮਝਦੇ ਹੋ। ਅਜਿਹੇ ਸਮੇਂ ਪਤਨੀ ਪਤਨੀ ਨਹੀਂ ਰਹਿੰਦੀ, ਮਿਤਰ ਮਿਤਰ ਨਹੀਂ ਹੁੰਦਾ ਅਤੇ ਪਤੀ ਪਤੀ ਨਹੀਂ ਰਹਿੰਦਾ।

ਆਪਣੇ ਆਲੇ ਦੁਆਲੇ ਜਿਤਨੇ ਬੰਧਨ ਤੁਸੀਂ ਵਲ ਸਕਦੇ ਹੋ ਵਲ ਲਵੋ। ਆਤਮਾ ਤਾਂ ਇਹਨਾਂ ਸਾਰੇ ਪਿੰਜਰਿਆਂ ਤੇ ਬੰਦੀ-ਖ਼ਾਨਿਆਂ ਤੋਂ ਆਜ਼ਾਦ ਹੋ ਜਾਂਦੀ ਹੈ। ਭਾਵੇਂ ਉਹ ਮਿੱਟੀ ਦੇ ਹੋਣ, ਲੋਹੇ, ਪੱਥਰਾਂ ਦੇ ਜਾਂ ਸੋਨੇ ਦੇ। ਮੈਂ ਇਹ ਨਹੀਂ ਕਹਿੰਦਾ ਕਿ ਤੁਸੀਂ ਆਪਣੀਆਂ ਮਾਂ, ਪਤਨੀ ਤੇ ਬੱਚਿਆਂ ਨੂੰ ਪਿਆਰ ਨਾ ਕਰੋ। ਮੈਂ ਤਾਂ ਕੇਵਲ ਇਹਨਾਂ ਛਿਣਾਂ ਦੀ ਉਡੀਕ ਵਿਚ ਰਹਿੰਦਾ ਹਾਂ ਜਦੋਂ ਮਨੁੱਖ, ਆਤਮਾ

ਤੇ ਪ੍ਰਭੂ ਅਭੇਦ ਹੋ ਜਾਂਦੇ ਹਨ। ਮੈਂ ਇਹ ਨਹੀਂ ਕਹਿੰਦਾ ਕਿ ਪਾਪੀ ਪਾਪ ਕਰਨ ਤੋਂ ਰੁਕ ਜਾਣ, ਨਾ ਮੈਂ ਇਹ ਕਹਿੰਦਾ ਹਾਂ ਕਿ ਸੰਤ ਹੋਰ ਵਧ ਸਮੇਂ ਲਈ ਜਿਉਂਦੇ ਰਹਿਣ। ਸਭ ਆਪ ਆਪਣੇ ਰਸਤੇ ਉਤੇ ਤੁਰੇ ਜਾਣ। ਉਸ ਤਰ੍ਹਾਂ ਹੀ ਉਹ ਆਪਣੇ ਆਪਣੇ ਨਿਰਧਾਰਿਤ ਮਾਰਗਾਂ ਉਤੇ ਚਲਦੇ ਰਹਿਣ। ਕਿਸੇ ਨੂੰ ਵੀ ਆਪਣੇ ਜੀਵਨ ਰਾਹ ਨੂੰ ਬਦਲਣ ਦੀ ਲੋੜ ਨਹੀਂ ਹੈ। ਮੈਂ ਤਾਂ ਕੇਵਲ ਇੰਨਾਂ ਹੀ ਕਹਿੰਦਾ ਹਾਂ ਕਿ ਉਸ ਛਿਣ ਦੀ ਉਡੀਕ ਕਰੋ ਜਦੋਂ ਮਨੁੱਖ, ਆਤਮਾ ਤੇ ਪ੍ਰਭੂ ਇਕ ਦੂਜੇ ਵਿਚ ਅਭੇਦ ਹੋ ਜਾਂਦੇ ਹਨ।

ਮੈਂ ਤਖ਼ਤਾਂ ਤਾਜਾਂ ਨੂੰ ਨਿੰਦਦਾ ਨਹੀਂ, ਨਾ ਹੀ ਮੈਨੂੰ ਗ਼ਰੀਬੀ ਉਹਨਾਂ ਤੋਂ ਵਧੇਰੇ ਭਾਉਂਦੀ ਹੈ ਤੇ ਨਾ ਹੀ ਵਿਦਵਾਨ ਪੰਡਤਾਂ ਦੀ ਪੰਡਤਾਈ ਮੇਰੇ ਲਈ ਕੁਝ ਅਰਥ ਰਖਦੀ ਹੈ ਅਤੇ ਨਾ ਧੂੜ-ਘੱਟੇ ਦਾ ਕੁਝ ਮਹੱਤਵ ਹੈ ਕਿਉਂਜੋ ਜਦੋਂ ਤੁਹਾਡਾ ਗੁਰੂ ਪਰਮ ਮਿਹਰਵਾਨ ਹੈ ਤਾਂ ਦੋਹਾਂ ਦੀ ਇਕੋ ਜਿੰਨੀ ਮਹੱਤਤਾ ਹੈ। ਮੈਂ ਤਾਂ ਕੇਵਲ ਇਤਨਾ ਆਖਦਾ ਹਾਂ ਕਿ ਉਸ ਛਿਣ ਦੀ ਉਡੀਕ ਕਰੋ ਜਦੋਂ ਸਾਰੇ ਇਕ ਦੂਜੇ ਵਿਚ ਅਭੇਦ ਹੋ ਜਾਂਦੇ ਹਨ।

ਮੈਂ ਰਾਜੇ ਮਹਾਰਾਜਿਆਂ ਦੇ ਹੱਥਾਂ ਵਿਚ ਭਿਖਿਆ ਦੇ ਪਾਤਰ ਫੜੇ ਦੇਖੇ ਹਨ ਅਤੇ ਜਿਨ੍ਹਾਂ ਦੇ ਹੱਥ ਵਿਚ ਭਿਖਿਆ ਪਾਤਰ ਹੁੰਦੇ ਹਨ, ਉਹਨਾਂ ਦੇ ਪ੍ਰਕਾਸ਼ ਤੋਂ ਹਜ਼ਾਰਾਂ ਸੂਰਜ ਉਦੈ ਹੁੰਦੇ ਹਨ। ਕੇਵਲ ਨਾਮ ਰੂਪੀ ਕਿਰਨਾਂ ਹੀ ਮਨੁੱਖਾਂ ਲਈ ਉਹਨਾਂ ਦੇ ਆਲੇ ਦੁਆਲੇ ਖਿਲਰੀਆਂ ਪਈਆਂ ਹਨ ਜੋ ਅਕੱਥ ਪ੍ਰਭੂ ਦੇ ਸੰਜੋਗੀ ਮੇਲ ਦੀਆਂ ਸੂਚਕ ਹੁੰਦੀਆਂ ਹਨ। ਜੋ ਇਸ ਲੋਕ ਵਿਚ ਕਿਰਨਾਂ ਮਾਤਰ ਅਤੇ ਕਾਲਪਨਿਕ ਦ੍ਰਿਸ਼ ਪ੍ਰਤੀਤ ਹੁੰਦੇ ਹਨ—ਪਰਲੋਕ ਵਿਚ ਪ੍ਰਕਾਸ਼ ਦੇ ਰਾਜ ਖੇਤਰ ਹੋ ਨਿਬੜਦੇ ਹਨ। ਉਥੇ ਇਨਸਾਨ ਸੱਚ ਮੁੱਚ ਇਨਸਾਨ ਹਨ ਤੇ ਉਹ ਪ੍ਰੇਮ ਤੇ ਪ੍ਰਕਾਸ਼ ਦੀਆਂ ਕਿਰਨਾਂ ਨੂੰ ਹੀ ਸਿੰਚਤ ਕਰਦੇ ਹਨ।

ਤੁਸੀਂ ਕਹਿੰਦੇ ਹੋ, ਤੁਸੀਂ ਮੈਨੂੰ ਸਮਝਿਆ ਨਹੀਂ। ਪਰ ਤੁਸੀਂ ਹੋਰ ਵੀ ਕਿਸੇ ਨੂੰ ਨਹੀਂ ਸਮਝ ਸਕੇ। ਨਦੀ ਦਾ ਸੰਗੀਤ, ਤਾਰਿਆਂ ਦਾ ਟਿਮਟਿਮਾਣਾ, ਸੂਰਜ ਦਾ ਉਦੈ ਤੇ ਅਸਤ ਹੋਣਾ, ਪਵਨਾਂ, ਪਹਾੜੀਆਂ, ਜਨਮ ਤੇ ਮੌਤ, ਖ਼ੁਸ਼ੀ ਤੇ ਗ਼ਮੀ, ਨਰ ਤੇ ਨਾਰੀ, ਸੰਜੋਗ ਤੇ ਵਿਯੋਗ—ਇਹ ਸਭ ਤਾਂ ਸ੍ਰਿਸ਼ਟੀ ਦੇ ਆਰੰਭ ਤੋਂ ਹੀ ਹਨ। ਇਹ ਤਾਂ ਕਿਸੇ ਨਵ ਜਨਮੇਂ ਮਨ ਲਈ ਬ੍ਰਹਿਮੰਡ ਵਿਆਪੀ ਗੁਹਜ਼ ਲਿਪੀ ਦੇ ਅੱਖਰ ਮਾਤਰ ਹਨ। ਇਹਨਾਂ ਵਿਚੋਂ ਇਕੋ ਅੱਖਰ ਨੂੰ ਜਾਨਣ ਲਈ ਤੁਸੀਂ ਅਨੰਤ ਘਾਲ ਘਾਲਦੇ ਹੋ। ਫਿਰ ਉਸੇ ਨੂੰ ਵਾਰ ਵਾਰ ਵਾਚਦੇ ਹੋ। ਇਹੋ ਹਾਲ ਬ੍ਰਹਿਮੰਡ ਦਾ ਹੈ। ਪਰ ਮੈਂ ਤੁਹਾਨੂੰ ਸੱਚ ਦੱਸ ਰਿਹਾ ਹਾਂ ਕਿ ਇਹ ਬ੍ਰਹਿਮੰਡ, ਜੋ ਤੁਹਾਡੇ ਨੈਣਾਂ ਅੰਦਰ ਦ੍ਰਿਸ਼ਟਮਾਨ ਹੈ, ਮੇਰਾ ਨਾਮ ਲੈਣ ਲਈ ਹੈ ਤਾਂ ਜੋ ਤੁਸੀਂ ਉਸ ਆਦਿ ਅੱਖਰ ਦੇ ਰਹੱਸ ਨੂੰ ਅਨੁਭਵ ਕਰ ਸਕੋ ਤੇ ਉਸ ਆਦਿ ਨਾਦ ਨੂੰ ਸੁਣ ਸਕੋ ਜੋ ਸਭ ਤੋਂ ਪਹਿਲਾਂ ਤੁਹਾਡੇ ਕੰਨਾਂ ਨੇ ਸੁਣਿਆ ਹੈ।

ਤੁਸੀਂ ਕਾਲ ਦੇ ਬਾਲ ਹੁੰਦਿਆਂ ਹੋਇਆਂ ਵੀ ਇਸ ਵਰਣਮਾਲਾ ਦੇ ਪਹਿਲੇ ਅੱਖਰ ਨੂੰ ਵੀ ਜਾਣ ਨਹੀਂ ਸ਼ਕੇ। ਇਸ ਲਈ ਮੈਂ ਬ੍ਰਹਿਮੰਡ ਦੇ ਪੰਨੇ ਨੂੰ ਕਿਵੇਂ ਪਲਟਾ

ਸਕਦਾ ਹਾਂ ? ਤੁਹਾਨੂੰ ਨਵਾਂ ਬ੍ਰਹਿਮੰਡ ਕਿਵੇਂ ਬਖ਼ਸ਼ ਸਕਦਾ ਹਾਂ ? ਤੁਸੀਂ ਥੱਕ ਤਾਂ ਗਏ ਹੋ, ਪਰ ਤੁਸੀਂ ਹਾਲੀ ਅਗਿਆਨੀ ਹੋ। ਇਹ ਪਹਿਲਾ ਬਾਲ-ਉਪਦੇਸ਼ ਤੁਹਾਡੇ ਹੱਥ ਵਿਚ ਹੈ ਅਤੇ ਇਸ ਵਰਣਮਾਲਾ ਨੂੰ ਸਿਖਣ ਤੋਂ ਬਿਨਾਂ ਹੋਰ ਕੋਈ ਮਾਰਗ ਨਹੀਂ ਹੈ।

ਯੁਗ ਬਦਲ ਗਏ ਹਨ, ਹਾਲੀ ਵੀ ਤੁਸੀਂ ਆਪਣੇ ਆਪੇ ਨੂੰ ਨਹੀਂ ਬੁਝ ਸਕੇ। ਤੁਹਾਡੀਆਂ ਗਿਆਨ ਇੰਦਰੀਆਂ ਨੂੰ ਤੁਹਾਡੀ ਲੋੜ ਹੈ। ਹੇ ਮਨੁੱਖ ! ਤੇਰੇ ਤੋਂ ਬਾਹਰਾ ਹੋਰ ਕੁਝ ਵੀ ਨਹੀਂ ਹੈ। ਫਿਰ ਤੂੰ ਕਿਉਂ ਕਾਹਲੀ ਵਿਚ ਵਿਅਰਥ ਦੌੜ ਭੱਜ ਕਰ ਰਿਹਾ ਹੈਂ ?

ਤੁਸੀਂ ਹਾਲੀ ਮੈਨੂੰ ਸਮਝਿਆ ਨਹੀਂ ਹੈ। ਤੁਸੀਂ ਆਪਣੇ ਆਪ ਨੂੰ ਮੇਰੇ ਤੋਂ ਪਰੇ ਰਖਣ ਲਈ ਆਪਣੇ ਦਰਾਂ ਉਤੇ ਹਜ਼ਾਰਾਂ ਕੁੰਡੇ-ਜੰਦਰੇ ਲਾ ਦਿਤੇ ਹਨ, ਪਰ ਜਦੋਂ ਤੁਸੀਂ ਮੈਨੂੰ ਵੇਖ ਨਹੀਂ ਰਹੇ ਹੁੰਦੇ, ਉਦੋਂ ਵੀ ਮੈਂ ਤੁਹਾਡੇ ਕੋਲ ਖੜ੍ਹਾ ਹੁੰਦਾ ਹਾਂ ਅਤੇ ਤੁਹਾਡੀ ਦ੍ਰਿਸ਼ਟੀ ਦੇ ਸਨਮੁਖ ਇਉਂ ਆਪਣੇ ਆਪ ਨੂੰ ਪ੍ਰਗਟ ਕਰ ਦਿੰਦਾ ਹਾਂ ਅਤੇ ਪਵਿੱਤਰਤਾ ਵਿਚ ਤੁਹਾਨੂੰ ਇਸ ਤਰ੍ਹਾਂ ਇਸ਼ਨਾਨ ਕਰਵਾ ਦਿੰਦਾ ਹਾਂ ਕਿ ਤੁਸੀਂ ਮੇਰੇ ਬਾਰੇ ਮੁੜ ਕੁਝ ਜਾਣ ਸਕੋ।

ਤੁਸੀਂ ਹਾਲੀ ਕਹਿੰਦੇ ਹੋ ਕਿ ਤੁਸੀਂ ਮੈਨੂੰ ਦੇਖ ਨਹੀਂ ਰਹੇ, ਤੁਸੀਂ ਮੈਨੂੰ ਸਮਝ ਨਹੀਂ ਰਹੇ, ਪਰ ਇਹ ਗੱਲ ਪੱਕੀ ਤਰ੍ਹਾਂ ਜਾਣ ਲਵੋ ਕਿ ਮੈਂ ਤੁਹਾਡਾ ਪਿੱਛਾ ਕਰ ਰਿਹਾ ਹਾਂ। ਮੈਂ ਤੁਹਾਨੂੰ ਉਸ ਤਰ੍ਹਾਂ ਪਕੜ ਲਵਾਂਗਾ ਜਿਸ ਤਰ੍ਹਾਂ ਇਕ ਅਧਿਆਪਕ ਆਪਣੇ ਕੰਮਚੋਰ ਵਿਦਿਆਰਥੀ ਨੂੰ ਪਕੜ ਲੈਂਦਾ ਹੈ।

ਤੁਹਾਨੂੰ ਤਾਂ ਲੀਰਾਂ ਕਤੀਰਾਂ ਦੇ ਖਿਡੌਣੇ ਭਰਮਾ ਲੈਂਦੇ ਹਨ। ਮੈਂ ਜਾਣਦਾ ਹਾਂ ਕਿ ਗੁੱਡੇ ਗੁੱਡੀਆਂ ਤੁਹਾਡੇ ਮਨ ਨੂੰ ਮੋਹ ਲੈਂਦੇ ਹਨ, ਪਰ ਇਹ ਗੁੱਡੇ ਗੁੱਡੀਆਂ ਦੀ ਖੇਡ ਵੀ ਤਾਂ ਤੁਹਾਨੂੰ ਸੰਪੂਰਨ ਬਣਾਉਣ ਲਈ ਇਕ ਖੇਡ ਹੈ। ਤੁਸੀਂ ਮੈਨੂੰ ਆਪਣੇ ਆਪ ਤੋਂ ਦੂਰ ਨਹੀਂ ਕਰ ਸਕਦੇ। ਨਾ ਹੀ ਤੁਸੀਂ ਮੇਰੀ ਉਸ ਪ੍ਰੇਮ ਗਲਵਕੜੀ ਤੋਂ ਨੱਠ ਕੇ ਕਿਤੇ ਜਾ ਸਕਦੇ ਹੋ ਜਿਸ ਬਾਰੇ ਤੁਸੀਂ ਹਾਲੀ ਤਕ ਬਿਲਕੁਲ ਅਨਜਾਣ ਹੋ।

ਤੁਹਾਨੂੰ ਇਸ ਉਦਾਸੀ ਵਿਚ ਧਰਵਾਸ ਦੇਣ ਲਈ ਨਿਰਜਿੰਦ ਲੱਕੜਾਂ ਦੀ ਕਿਸ਼ਤੀ ਹੀ ਕਾਫ਼ੀ ਹੈ ਕਿਉਂਜੋ ਇਸ ਨਿਰਜਿੰਦ ਕਿਸ਼ਤੀ ਨੇ ਇਹ ਗੱਲ ਸਿਖ ਲਈ ਹੈ ਕਿ ਪਾਣੀਆਂ ਵਿਚ ਕਿਵੇਂ ਤਰਦੇ ਰਹਿਣਾ ਹੈ।

ਇਸ ਨਿੱਕੀ ਕਿਸ਼ਤੀ ਨੂੰ ਲਭ ਲੈਣਾ ਹੀ ਕਾਫ਼ੀ ਹੈ।

ਇਸ ਤਰ੍ਹਾਂ ਮੈਂ ਗੁਲਾਬ ਦੀਆਂ ਟਹਿਣੀਆਂ ਉਤੇ ਬੈਠੀ ਗੀਤ ਗਾਉਂਦੀ ਬੁਲਬੁਲ ਨੂੰ ਮਿਲਦਾ ਹਾਂ ਅਤੇ ਇਕ ਮਰਦ ਨੂੰ ਉਸ ਤੀਵੀਂ ਦੀ ਨਿਘੀ ਗਲਵਕੜੀ ਵਿਚ ਜਾ ਮਿਲਦਾ ਹਾਂ, ਪਰ ਮੈਂ ਸਦਾ ਇਸ ਧਰਤ ਉਤੇ ਹੀ ਹੁੰਦਾ ਹਾਂ। ਮੇਰੀ ਇਕ ਚਮਕ, ਇਕ ਛਿਣ ਦਾ ਝਲਕਾਰਾ ਅਤੇ ਇਕ ਸੁਪਨਾ ਹੀ ਕਾਫੀ ਹੁੰਦਾ ਹੈ। ਕੀ ਇਤਨਾਂ ਕੁਝ ਕਾਫੀ ਨਹੀਂ ਹੈ ?

V

ਗਿਆਨ ਦੀਆਂ ਸਭ ਪੁਸਤਕਾਂ ਠੀਕ ਹਨ। ਸਭ ਪਵਿੱਤਰ ਗਰੰਥਾਂ ਵਿਚ ਅੰਕਿਤ ਗਿਆਨ ਮਨੁੱਖ ਦੀ ਵਰਤੋਂ ਲਈ ਹੈ। ਇਹਨਾਂ ਸਭ ਚੀਜ਼ਾਂ ਬਾਰੇ, ਜੇ ਕੋਈ ਗੱਲ ਗ਼ਲਤ ਹੈ ਤਾਂ ਉਹ ਇਹ ਕਿ ਮਨੁੱਖ ਕੋਲ ਇਹਨਾਂ ਗਿਆਨ ਦੀਆਂ ਪੁਸਤਕਾਂ ਦੇ ਵਿਸ਼ੇ-ਵਸਤੂ ਤਕ ਪੁਜਣ ਲਈ ਕੁੰਜੀ ਨਹੀਂ ਹੈ ਤੇ ਇਸ ਤਰ੍ਹਾਂ ਜਦੋਂ ਤੁਹਾਡੇ ਜੀਵਨ ਵਿਚ ਇਹਨਾਂ ਨੂੰ ਵਾਚਣ ਲਈ ਸਮਰਥਾ ਜਾਂ ਗੁਣ ਹੀ ਮੌਜੂਦ ਨਹੀਂ ਹੈ ਅਰਥਾਤ ਤੁਹਾਨੂੰ ਇਹ ਗੁਣ ਬਖ਼ਸ਼ਿਆ ਹੀ ਨਹੀਂ ਗਿਆ ਤਾਂ ਮਨੁੱਖ ਨੂੰ ਇਹਨਾਂ ਗਿਆਨ ਪੁਸਤਕਾਂ ਦਾ ਕੋਈ ਲਾਭ ਨਹੀਂ ਹੈ। ਜੇ ਕੋਈ ਖ਼ੁਰਾਕ ਸਾਡੇ ਸੰਘ ਤੋਂ ਹੇਠਾਂ ਹੀ ਨਹੀਂ ਜਾਂਦੀ ਤਾਂ ਉਹ ਸਾਡਾ ਕੀ ਸਵਾਰ ਸਕਦੀ ਹੈ ?

ਮੈਂ ਇਹ ਨਹੀਂ ਕਹਿੰਦਾ ਕਿ ਇਹ ਵਿਚਾਰ ਪ੍ਰਣਾਲੀ ਠੀਕ ਹੈ ਤੇ ਦੂਜੀ ਵਿਚਾਰ ਪ੍ਰਣਾਲੀ ਗ਼ਲਤ ਹੈ। ਮੈਂ ਤਾਂ ਇਹ ਕਹਿੰਦਾ ਹਾਂ ਕਿ ਇਹ ਸਭ ਇਕ ਨੁਕਤੇ ਤਕ ਠੀਕ ਹਨ ਤੇ ਜਦੋਂ ਇਹ ਉਸ ਨੁਕਤੇ ਤੋਂ ਇਕ ਇੰਚ ਵੀ ਪਰੇ ਚਲੀਆਂ ਜਾਂਦੀਆਂ ਹਨ, ਜੋ ਕਿ ਉਸ ਵਿਚਾਰ ਪ੍ਰਣਾਲੀ ਵਿਚ ਚਮਕਦਾ ਬਿੰਦੂ ਹੈ ਤਾਂ ਉਹ ਗ਼ਲਤ ਹੋ ਜਾਂਦਾ ਹੈ।

ਇਸ ਲਈ, ਹੇ ਜਿਗਿਆਸੂਓ ! ਇਹ ਗੱਲ ਜਾਣ ਲਵੋ ਕਿ ਇਹਨਾਂ ਪੁਸਤਕਾਂ ਤੇ ਵਿਚਾਰ ਪ੍ਰਣਾਲੀਆਂ ਵਿਚ ਕੁਝ ਵੀ ਨਹੀਂ ਹੈ। ਅਸਲੀ ਮਹੱਤਵ ਵਾਲੀ ਗੱਲ ਤਾਂ ਕੇਵਲ ਇਕੋ ਹੈ ਕਿ ਤੁਹਾਡੀ ਆਤਮਾ ਵਿਚ ਪ੍ਰੇਮ ਦੀ ਜੋਤ ਜਗ ਪਈ ਹੈ ਜਾਂ ਨਹੀਂ। ਪ੍ਰਮਾਤਮਾ ਆਪ ਹੀ ਮਨੁੱਖਾਂ ਨੂੰ ਆਪਣੇ ਕੋਲ ਆਉਣ ਦੀ ਸੋਧ ਦਿੰਦਾ ਹੈ। ਉਹ ਸਭ ਉਸੇ ਮਾਰਗ ਉਤੇ ਤੁਰੇ ਜਾਂਦੇ ਹਨ, ਜਿਸ 'ਤੇ ਕਿ ਪ੍ਰਭੂ ਨੇ ਉਹਨਾਂ ਨੂੰ ਪਾਇਆ ਹੈ। ਇਸ ਲਈ ਕਿਸੇ ਨੂੰ ਵੀ ਇਸ ਗੱਲ ਦਾ ਦੋਸ਼ ਨਹੀਂ ਦਿਤਾ ਜਾ ਸਕਦਾ ਕਿ ਉਹ ਇਹ ਕੁਝ ਹੈ ਤੇ ਉਹ ਕੁਝ ਨਹੀਂ। ਕਿਸੇ ਵਸਤ ਬਾਰੇ ਸੱਚਾ ਗਿਆਨ ਤਾਂ ਉਸ ਬਾਰੇ ਆਤਮਾ ਵਿਚ ਇਕ ਚਮਕ ਰਿਹਾ ਬਿੰਦੂ ਹੀ ਹੁੰਦਾ ਹੈ। ਇਹ ਚਮਕਦਾ ਬਿੰਦੂ ਕਦੀ ਏਥੇ ਹੋ ਸਕਦਾ ਹੈ ਤੇ ਕਦੀ ਓਥੇ। ਪਰ ਇਸ ਤੋਂ ਪਰੇ ਸਭ ਅੰਧਕਾਰ ਹੁੰਦਾ ਹੈ। ਸਭ ਧਰਮ ਗਰੰਥਾਂ ਨੂੰ ਪਾੜ ਪਾੜ ਕੇ ਤੇ ਇਧਰੋਂ ਉਧਰ ਤਕ ਖੋਲ੍ਹ ਕੇ ਉਹ ਉਸ ਚਮਕਦੇ ਬਿੰਦੂ ਨੂੰ ਹੀ ਦੇਖਦੇ ਹਨ ਤਾਂ ਜੋ ਉਸ ਨਿਕੇ ਬਿੰਦੂ ਦਾ ਸਾਰੇ ਆਕਾਸ਼ ਵਿਚ ਪਾਸਾਰ ਕੀਤਾ ਜਾ ਸਕੇ।

ਇਸ ਲਈ ਇਹ ਚੰਗੀ ਤਰ੍ਹਾਂ ਜਾਣ ਲਉ ਕਿ ਦਿਸਹੱਦੇ ਤੋਂ ਪਰੇ ਪ੍ਰਮਾਤਮਾ ਤੇ ਵਸਤੂਆਂ ਬਾਰੇ ਤੁਹਾਡੇ ਵਿਚਾਰ ਸੰਕਲਪ ਸੱਚ ਦੀ ਸ਼ਾਹਦੀ ਨਹੀਂ ਭਰ ਸਕਦੇ। ਇਸ ਤੋਂ ਪਰੇ ਤਾਂ ਉਹ ਰੇਤ ਵਿਚ ਹੀ ਸਦਾ ਲਈ ਗੁਆਚ ਕੇ ਮਰ ਜਾਂਦੇ ਹਨ। ਸਭ ਦਰਸ਼ਨ ਸ਼ਾਸਤਰ ਗ਼ਲਤ ਹਨ ਤੇ ਸਭ ਦਰਸ਼ਨ ਸ਼ਾਸਤਰ ਠੀਕ ਹਨ—ਜੇ ਤੁਸੀਂ ਉਹਨਾਂ ਅਨੁਸਾਰ ਆਪਣੇ ਜੀਵਨ ਨੂੰ ਢਾਲ ਲੈਂਦੇ ਹੋ ਜਾਂ ਆਪਣਾ ਕੁਦਰਤੀ ਜੀਵਨ ਜੀ ਰਹੇ ਹੋ।

ਵਿਚਾਰ ਤਾਂ ਜੁਗਨੂੰਆਂ ਦੀ ਨਿਆਈਂ ਸੁੰਦਰ ਹਨ, ਪਰ ਉਹ ਧਰੂ ਤਾਰੇ

ਹੀਂ ਹਨ, ਇਸ ਲਈ ਉਹ ਉਸ ਮਲਾਹ ਦੀ ਕਿਸ਼ਤੀ ਦੀ ਰੱਖਿਆ ਨਹੀਂ ਕਰ ਕਦੇ ਜੋ ਰਾਤ ਦੇ ਹਨੇਰੇ ਵਿਚ ਸਮੁੰਦਰ 'ਤੇ ਤਰ ਰਹੀ ਹੈ। ਉਹ ਤਾਰੇ ਤਾਂ ਹਨਾਂ ਜਹਾਜ਼ਾਂ ਨੂੰ ਦਿਸ਼ਾ ਨਿਰਦੇਸ਼ ਕਰ ਸਕਦੇ ਹਨ, ਜੋ ਖੁਲ੍ਹੇ ਬਾਦਬਾਨਾਂ ਨਾਲ ਮੁੰਦਰ ਉਤੇ ਤਰ ਰਹੇ ਹਨ, ਪਰ ਸਾਡੇ ਵਿਚਾਰਾਂ ਵਿਚ ਇਹ ਸ਼ਕਤੀ ਨਹੀਂ ਹੈ।

ਬੌਧਿਕ ਚਮਤਕਾਰ ਸਾਨੂੰ ਉਤੇਜਿਤ ਜ਼ਰੂਰ ਕਰਦਾ ਹੈ, ਪਰ ਇਹ ਜੀਵਨ ; ਇਕ ਆਤਿਸ਼ਬਾਜ਼ੀ ਦੀ ਖੇਡ ਜਿਹੀ ਬਣਾ ਦਿੰਦਾ ਹੈ। ਸੋਚ ਜਾਂ ਇਸ ਵਿਚੋਂ ਪਜਿਆ ਕੋਈ ਵੀ ਵਿਚਾਰ ਜੀਵਨ ਨੂੰ ਖਪਤ ਕਰ ਲੈਂਦਾ ਹੈ। ਅਜਿਹੀਆਂ ਸਭ ਗਿਆੜੀਆਂ ਆਤਮਾ ਦੀ ਰਗੜ ਵਿਚੋਂ ਪੈਦਾ ਹੁੰਦੀਆਂ ਹਨ।

ਇਹਨਾਂ ਦਾ ਨਸ਼ਾ ਬੜਾ ਮਨ ਨੂੰ ਮੋਹਣ ਵਾਲਾ ਹੁੰਦਾ ਹੈ। ਪਰ ਇਸ ਧਿਕ ਉਤੇਜਨਾ ਵਿਚ ਆਤਮਾ ਗੁਆਚ ਜਾਂਦੀ ਹੈ ਤੇ ਇਹਨਾਂ ਸਭ ਬੌਧਿਕ ਤਰਾਂ ਵਿਚ ਆਤਮਾ ਦੇ ਸੂਖ਼ਮ ਚਮਕਦੇ ਬਿੰਦੂਆਂ ਦੀਆਂ ਸੂਖ਼ਮਤਾਵਾਂ ਹਨੇਰੇ ਥਲੇ ਬੀਆਂ ਜਾਂਦੀਆਂ ਹਨ। ਸੱਚੀ ਉਨਤੀ ਇਹਨਾਂ ਵਿਚਾਰਾਂ ਦੀ ਚਮਕ-ਦਮਕ ਵਿਚ ਨਹੀਂ ਹੁੰਦੀ, ਸਗੋਂ ਇਸ ਦੈਵੀ ਪ੍ਰਕਾਸ਼ ਦੀਆਂ ਸੁਨਹਿਰੀ ਰਿਸ਼ਮਾਂ ਨੂੰ ਆਪਣੇ ਅੰਦਰ ਮਾਉਣ ਤੇ ਉਹਨਾਂ ਅਨੁਸਾਰ ਆਪਣੇ ਜੀਵਨ ਨੂੰ ਢਾਲਣ ਵਿਚ ਹੁੰਦੀ ਹੈ।

ਇਸ ਲਈ ਜਿਗਿਆਸੂਓ ! ਇਹ ਗੱਲ ਸਮਝ ਲਉ ਕਿ ਵਿਚਾਰ ਤਾਂ ਚੰਗੀਆਂ ਮਸ਼ਾਲਾਂ ਹੋ ਸਕਦੀਆਂ ਹਨ। ਇਹ ਸਮਝਦਾਰੀ ਦੀ ਰਾਤ ਦੀਆਂ ਖ਼ੁਸ਼ੀਆਂ ਦੇ ਚਿੰਨ ਹਨ, ਪਰ ਜਿਗਿਆਸੂਆਂ ਦੀ ਅੰਤਰ-ਦ੍ਰਿਸ਼ਟੀ ਤਾਂ ਉਹਨਾਂ ਧੂਮਕੇਤੂਆਂ ਦੀ ਨਿਆਈਂ ਹੁੰਦੀ ਹੈ ਜੋ ਸਦੀਆਂ ਪਿਛੋਂ ਚੜ੍ਹਦੇ ਤੇ ਰਾਹ ਰੁਸ਼ਨਾ ਜਾਂਦੇ ਹਨ, ਪਰ ਇਹਨਾਂ ਦੀ ਤੁਲਨਾ ਵਿਚ ਮਨੁੱਖ ਦੇ ਨਿਮਾਣੇ ਵਿਚਾਰ ਆਪਣੇ ਵਿਚਲੀਆਂ ਤਰੁਟੀਆਂ ਕਾਰਨ ਹੀ ਛੇਤੀ ਹੀ ਮਰ ਮੁਕ ਜਾਂਦੇ ਹਨ।

ਜਿਗਿਆਸੂਆਂ ਦਾ ਹਿਰਦਾ ਇੰਨਾਂ ਵਿਸ਼ਾਲ ਹੁੰਦਾ ਹੈ ਕਿ ਸਭ ਕੋਨਾਂ ਤੋਂ ਸੱਚ ਦੇ ਨਿਹਾਰੇ ਗਏ ਦ੍ਰਿਸ਼ ਉਹਨਾਂ ਲਈ ਸੱਚ ਦੇ ਕੁਝ ਅੰਸ਼ਾਂ ਦਾ ਬੋਧ ਜ਼ਰੂਰ ਕਰਾਉਂਦੇ ਹਨ।

ਜੇ ਕਿਸੇ ਇਕ ਅਨੰਤ ਦੀ ਸੋਝੀ ਹੋ ਜਾਂਦੀ ਹੈ ਤਾਂ ਦੂਜਾ ਅਨੰਤ ਦੀ ਸੋਝੀ ਤੋਂ ਪਰੇ ਰਹਿ ਜਾਂਦਾ ਹੈ। ਫਿਰ ਕੁਝ ਹੋਰ ਨਵੇਂ ਅਨੰਤ ਵੀ ਬਾਕੀ ਰਹਿ ਜਾਂਦੇ ਹਨ। ਸਹੰਸਰ ਹੀ ਆਕਾਸ਼ ਹਨ, ਹਜ਼ਾਰਾਂ ਹੀ ਤਾਰੇ ਹਨ ਤੇ ਸਹੰਸਰ ਹੀ ਨਛੱਤਰ ਮੰਡਲ ਹਨ। ਇਸ ਵਿਸ਼ਾਲਤਾ ਦਾ ਕੋਈ ਅੰਤ ਨਹੀਂ ਹੈ।

ਇਸ ਲਈ ਜੋ ਕੁਝ ਵੀ ਦ੍ਰਿਸ਼ ਤੁਸੀਂ ਤੱਕਿਆ ਹੈ ਜਾਂ ਦ੍ਰਿਸ਼ਟੀਕੋਣ ਬਣਾਇਆ ਹੈ, ਉਸ ਬਾਰੇ ਦੂਜਿਆਂ ਨੂੰ ਜਾਣਕਾਰੀ ਦਿਉ। ਪਰ ਇਨੇ ਉਦਾਰ-ਚਿਤ ਬਣੋ ਕਿ ਉਹ ਉਸ ਤਰ੍ਹਾਂ ਨਹੀਂ ਦੇਖਦੇ ਜਿਵੇਂ ਕਿ ਤੁਹਾਨੂੰ ਵਿਖਾਈ ਦਿੰਦਾ ਹੈ ਤਾਂ ਉਹਨਾਂ ਨੂੰ ਖਿਮਾਂ ਕਰ ਦਿਉ ਕਿਉਂਜੋ ਉਹਨਾਂ ਦਾ ਮਾਰਗ ਦਰਸ਼ਕ ਵੀ ਉਹ ਪ੍ਰਭੂ ਆਪ ਹੈ ਜੋ ਤੁਹਾਨੂੰ ਵੀ ਇਸ ਮਾਰਗ ਦੀ ਸੋਝੀ ਕਰਾਉਂਦਾ ਹੈ।

ਇਹੀ ਗਿਆਨ ਦੇ ਸਤਿਕਾਰ ਕਰਨ ਦਾ ਯੋਗ ਵਿਧਾਨ ਹੈ। ਪ੍ਰਮਾਤਮਾ ਨੂੰ ਜਾਣਨ ਲਈ ਦੂਜੇ ਜੋ ਯਤਨ ਕਰਦੇ ਹਨ, ਉਹਨਾਂ ਨੂੰ ਕਦੀ ਛੁਟਿਆ ਕੇ ਨਾ

ਦਸੋ। ਸਭ ਉਸ ਪ੍ਰਮਾਤਮਾ ਵਲ ਹੀ ਜਾ ਰਹੇ ਹਨ। ਆਤਮਾ ਦੀ ਸਾਰੀ ਉਨਤੀ ਉਸ ਪ੍ਰਮਾਤਮਾ ਤਕ ਪਹੁੰਚਣ ਲਈ ਹੀ ਹੈ। ਜੋ ਇਸ ਬਾਰੇ ਸੁਸਿਖਿਅਤ ਹਨ, ਉਹਨਾਂ ਨੂੰ ਹੋਰ ਵੀ ਸਨਿਮਰ ਹੋਣਾ ਚਾਹੀਦਾ ਹੈ ਕਿਉਂਜੋ ਹਾਲੀਂ ਵੀ ਉਹਨਾਂ ਨੂੰ ਸੁਸਿਖਿਅਤ ਕਰਨ ਲਈ ਤੇ ਤੁਹਾਡੇ ਵਿਕਾਸ ਲਈ ਬਹੁਤ ਸਾਰਾ ਗਿਆਨ ਤੇ ਕਲਾ ਮੌਜੂਦ ਹੈ ਜਿਸ ਨੂੰ ਤੁਸਾਂ ਹੁਣ ਤਕ ਜਾਣਿਆਂ ਜਾਂ ਪ੍ਰਾਪਤ ਨਹੀਂ ਕੀਤਾ ਹੈ ਅਤੇ ਤੁਹਾਡੇ ਆਲੇ ਦੁਆਲੇ ਤੇ ਅਗੇ ਪਿਛੇ ਕਈ ਹੋਰ ਵਿਅਕਤੀ ਅਜਿਹੇ ਮੌਜੂਦ ਹਨ ਜੋ ਤੁਹਾਡੇ ਵਰਗੇ ਹੀ ਹਨ, ਜਿਨ੍ਹਾਂ ਨੂੰ ਭਾਵੇਂ ਉਹ ਗਿਆਨ ਪ੍ਰਾਪਤ ਨਹੀਂ ਹੈ ਜੋ ਕਿ ਤੁਹਾਨੂੰ ਪ੍ਰਾਪਤ ਹੈ।

ਸੋਚੋ, ਕਿ ਜਿਸ ਨੂੰ ਤੁਸੀਂ ਆਪਣਾ ਗਿਆਨ ਸਮਝ ਬੈਠੇ ਹੋ, ਉਹ ਸ਼ਾਇਦ ਅਜਿਹੀ ਵਸਤ ਨਾ ਹੋਵੇ ਅਤੇ ਤੁਹਾਡੀ ਤੁਲਨਾ ਵਿਚ ਕਈ ਉਹ ਵਿਅਕਤੀ ਜੋ ਬਿਲਕੁਲ ਅਗਿਆਨੀ ਹਨ, ਸ਼ਾਇਦ ਤੁਹਾਡੇ ਨਾਲੋਂ ਚੰਗਾ ਜੀਵਨ ਗੁਜ਼ਾਰ ਰਹੇ ਹੋਣ, ਭਾਵੇਂ ਤੁਸੀਂ ਕਈ ਤਾਰਿਆਂ ਬਾਰੇ ਆਪਣੇ ਭਰਪੂਰ ਗਿਆਨੀ ਹੋਣ ਦਾ ਦਾਅਵਾ ਵੀ ਕਿਉਂ ਨਾ ਕਰ ਰਹੇ ਹੋਵੋ।

ਕੋਈ ਵੀ ਅਲਪ ਬੁਧ ਮਨੁੱਖ ਸ਼ਾਮ ਨੂੰ ਦੀਵਾ ਜਗਾਉਣ ਸਮੇਂ ਉਸ ਦੇ ਪ੍ਰਕਾਸ਼ ਨੂੰ ਵੇਖ ਕੇ ਹੈਰਾਨ ਹੁੰਦਾ ਹੈ ਤੇ ਉਸ ਅਗੇ ਨਮਸਕਾਰ ਕਰਦਾ ਹੈ ਤੇ ਨਵੇਂ ਚੜ੍ਹੇ ਚੰਨ ਨੂੰ ਤੱਕ ਕੇ ਉਸ ਨੂੰ ਪ੍ਰਣਾਮ ਕਰਦਾ ਹੈ ਤਾਂ ਕੀ ਅਜਿਹੇ ਆਦਮੀ ਦਾ ਜੀਵਨ ਤੁਹਾਡੇ ਤੋਂ ਚੰਗੇਰਾ ਨਹੀਂ ਹੈ ? ਤੁਸੀਂ ਜੋ ਆਪਣੀ ਦੂਰਬੀਨ ਰਾਹੀਂ ਸਾਰੇ ਆਕਾਸ਼ ਦੇ ਤਾਰਿਆਂ ਨੂੰ ਵੇਖ ਲੈਂਦੇ ਹੋ ਤੇ ਫਿਰ ਇਕ ਜੋਸ਼ ਵਿਚ ਨਿਰੰਤਰ ਆਖਦੇ ਰਹਿੰਦੇ ਹੋ ਕਿ ਸੁਸਿਖਿਅਤ ਵਿਅਕਤੀ ਲਈ ਕੋਈ ਪ੍ਰਮਾਤਮਾ ਨਹੀਂ ਹੈ।

ਭਲਾ ਜੇ ਤੁਹਾਡੇ ਵਿਚਾਰ ਅਨੁਸਾਰ ਕੋਈ ਪ੍ਰਮਾਤਮਾ ਨਹੀਂ ਹੈ ਤਾਂ ਫਿਰ ਇਹ ਕੀ ਹੈ ? ਤੁਸੀਂ ਇਸ ਨੂੰ ਪ੍ਰਮਾਤਮਾ ਆਖ ਲਉ ਜਾਂ ਇਸ ਦਾ ਕੋਈ ਹੋਰ ਨਾਂ ਧਰ ਦਿਉ ਪਰ ਕੀ ਇਹ ਕੋਈ ਵਡੇਰਾ ਅਗਿਆਨ ਨਹੀਂ ਹੈ ? ਇਹ ਵੀ ਤਾਂ ਉਸ ਵਿਸਮਾਦੀ ਰਹੱਸ ਦਾ ਹੀ ਸਤਿਕਾਰ ਹੈ ਜੋ ਤੁਸੀਂ ਕਰ ਰਹੇ ਹੋ ਤੇ ਇਹ ਕਿਵੇਂ ਪੁਰਾਤਨ ਸਮੇਂ ਦੇ ਅੰਧ ਵਿਸ਼ਵਾਸੀ ਵਿਸਮਾਦ ਤੋਂ ਚੰਗੇਰਾ ਹੈ।

ਇਸ ਲਈ ਜਿਗਿਆਸੂਓ ! ਤੁਸੀਂ ਗਿਆਨ ਦੇ ਮਸਲੇ ਵਿਚ ਸਨਿਮਰ ਹੀ ਰਹੋ। ਪ੍ਰਮੇਸ਼ਵਰ ਅਨਪੜ੍ਹ, ਓਮੀਆਂ ਤੇ ਬਚਿਆਂ ਨੂੰ ਉਹ ਰਹੱਸ ਪ੍ਰਗਟਾ ਦਿੰਦਾ ਹੈ ਜੋ ਉਹ ਦਾਨੀਆਂ ਤੇ ਬੁਧੀਵਾਨਾਂ ਤੋਂ ਲੁਕਾ ਕੇ ਰਖਦਾ ਹੈ ?

ਗਿਆਨ ਦਾ ਪ੍ਰਗਟਾਉ ਵੀ ਉਸ ਪ੍ਰਭੂ ਦੀ ਦਾਤ ਹੈ ਜੋ ਸਾਨੂੰ ਨਦਰਿ ਕਰਮ ਦੁਆਰਾ ਬਖ਼ਸ਼ਦਾ ਹੈ। ਅਸੀਂ ਆਪਣੇ ਆਪ ਤੇ ਆਪਣੇ ਯਤਨਾਂ ਦੁਆਰਾ ਉਸ ਨੂੰ ਪ੍ਰਾਪਤ ਨਹੀਂ ਕਰ ਸਕਦੇ। ਇਹ ਕਿੰਨੀ ਵਿਸਮਾਦ ਜਨਕ ਗੱਲ ਹੈ ਕਿ ਪ੍ਰਮਾਤਮਾ ਇਕ ਛੋਟੀ ਖੋਪੜੀ, ਇਕ ਛੋਟੇ ਜਿਹੇ ਹਿਰਦੇ ਤੇ ਨਿੱਕੀ ਅੱਖ ਦੁਆਰਾ ਇੰਨੇ ਵੱਡੇ ਰਹੱਸ ਨੂੰ ਪ੍ਰਗਟਾ ਦਿੰਦਾ ਹੈ, ਪਰ ਇਕ ਨਿਮਾਣਾ ਜਿਹਾ ਪੁਤਲਾ ਮਨੁੱਖ ਇਹ ਕਹਿ ਦਿੰਦਾ ਹੈ ਕਿ ਮੈਂ ਹੀ ਪ੍ਰਮਾਤਮਾ ਹਾਂ। ਇਹ ਵੀ ਕਿੰਨੀ ਵਚਿਤਰ ਗੱਲ ਹੈ ਕਿ ਸਾਡਾ ਅਹੰ ਵੀ ਇਤਨਾਂ ਵਿਸਮਾਦਜਨਕ ਹੈ। ਵੇਖੋ, ਲੇਲੇ ਦਾ ਮਮਿਆਣਾ

ੇ ਹਰਨੋਟੇ ਦਾ ਦੌੜਨਾ ਕਿੰਨੀਆਂ ਵਡੀਆਂ ਅਚੰਭਾ ਕਰ ਦੇਣ ਵਾਲੀਆਂ ਾਮਾਤਾਂ ਹਨ। ਪੁਲਾੜ ਵਿਚ ਤਾਰੇ ਦੇ ਟੁੱਟਣ ਸਮਾਨ ਦਰਖ਼ਤ ਤੋਂ ਪੱਤੇ ਦਾ ਗਣਾ ਵੀ ਬਹੁਤ ਵੱਡੀ ਪ੍ਰਭਾਵਸ਼ਾਲੀ ਘਟਨਾ ਹੈ।

VI

ਭਾਵੇਂ ਉਹ ਧਰਮ ਦਾ ਖੇਤਰ ਹੋਵੇ ਜਾਂ ਗਿਆਨ ਦਾ ਮੰਡਲ, ਤੁਸੀਂ ਸਭ ਪਹਿਲਾਂ ਇਨਸਾਨ ਜਾਂ ਕੁਦਰਤੀ ਮਨੁੱਖ ਬਣੋ। ਪਸ਼ੂਆਂ ਸਮਾਨ ਸਾਦਾ ਬਣੋ। ੁਨਾਂ ਵਾਂਗ ਹੀ ਸਿਧੇ ਸਾਦੇ ਤੇ ਭੋਲੇ-ਭਾਲੇ।

ਖ਼ੁਸ਼ੀ ਅਤੇ ਭੋਲੇਪਣ ਵਿਚ ਲੇਲੇ ਕੁਦਦੇ ਫਿਰਦੇ ਹਨ, ਹਰਨੋਟੇ ਜੋਖੋਂ ਉਠਾ ੇ ਹਨ ਅਤੇ ਆਪਣੀ ਚੋਗ ਦੀ ਚੋਣ ਲਈ ਦੌੜੰਗੇ ਮਾਰਨ ਨੂੰ ਵੀ ਨਿਰਛਲਤਾ ਣਦੇ ਹਨ। ਤੁਹਾਡੇ ਕੋਲ ਵੀ ਆਪਣੀ ਸਾਰੀ ਬਾਦਸ਼ਾਹਤ ਹੈ। ਤੁਹਾਡੀ ਸ਼ਾਨ ੀ ਹੋਰ ਕਿਸ ਚੀਜ਼ ਦੀ ਲੋੜ ਹੈ ? ਫਿਰ ਵੀ ਤੁਸੀਂ ਲੇਲੇ ਨੂੰ ਮਾਰ ਦਿੰਦੇ ਪਰ ਮੌਤ ਤੁਹਾਨੂੰ ਆਪ ਸਾਂਭ ਲੈਂਦੀ ਹੈ। ਜੋ ਕੁਝ ਵੀ ਇਥੇ ਬੀਤਦਾ ਹੈ, ਸਭ ਾਰ ਹੈ, ਪਰ ਪਰਲੋਕ ਵਿਚ ਸਭ ਕੁਝ ਸਦੀਵੀ ਰਹਿਣ ਵਾਲਾ ਹੈ।

ਬੀਤ ਚੁਕੇ ਆਪਣੇ ਪੂਰਵਜਾਂ ਦੇ ਵਹਿਮਾਂ ਭਰਮਾਂ ਨਾਲ ਜੁੜੇ ਰਹਿਣ ਦਾ ੀ ਲਾਭ ਨਹੀਂ ਹੈ। ਇਹ ਤਾਂ ਯੁਗਾਂ ਪੁਰਾਣੇ ਅੱਧ-ਸੜੇ ਉਲੀ ਲਗੇ ਵਿਸ਼ਵਾਸ ਨ। ਅਗੇ ਤੁਰਦੇ ਚਲੋ। ਪਸ਼ੂਆਂ ਦੀ ਸਿਆਣਪ ਵਲ ਤੱਕੋ ਜੋ ਤੁਹਾਨੂੰ ਹੋਰ ਨਵਾਨ ਬਣਾਵੇਗੀ।

ਤੁਹਾਡੇ ਲਈ ਸ਼ਰਮ ਦੀ ਗੱਲ ਹੈ ਜੇ ਤੁਹਾਡੇ ਕੋਲ ਜਾਨਵਰਾਂ ਵਾਲੀ ਮੂਲ ਪ੍ਰਵਿਰਤੀ ਵੀ ਨਹੀਂ ਹੈ ਜਿਸ ਦੇ ਆਸਰੇ ਤੁਸੀਂ ਆਪਣਾ ਜੀਵਨ ਗੁਜ਼ਾਰ ਦੇ ਹੋ। ਆਪਣਾ ਘਰ ਬਣਾਉ ਤੇ ਆਪਣੇ ਲਈ ਕੰਦ-ਮੂਲ ਤੇ ਖਾਧ ਖ਼ੁਰਾਕ ਚੋਣ ਕਰੋ। ਇਥੋਂ ਤਕ ਕਿ ਜੰਗਲੀ ਜੀਵ ਵੀ ਨਿਪਟ ਸਰੀਰਕ ਜੀਵਨ ਨਹੀਂ ੁੰਦੇ। ਇਹ ਗੱਲ ਬੜੀ ਹੈਰਾਨੀ ਵਾਲੀ ਹੈ ਕਿ ਤੁਹਾਨੂੰ ਉਹਨਾਂ ਤੋਂ ਵੀ ਘੱਟ ਹੈ। ਜੇ ਕੋਈ ਹੋਰ ਚਾਰਾ ਨਹੀਂ ਤਾਂ ਮਤਭੇਦ ਵਾਲਾ ਜੀਵਨ ਜੀਅ ਲਉ ਅਣਖ ਨਾਲ ਸਮਝੌਤਾ ਕਰਕੇ ਮਰਨ ਨਾਲੋਂ ਚੰਗਾ ਹੈ। ਜੇ ਤੁਹਾਡੇ ਭਾਗਾਂ ਚ ਹਾਲੀ ਵੱਡਾ ਬਣਨਾ ਨਹੀਂ ਹੈ ਤਾਂ ਛੋਟੇ ਬਣ ਜਾਉ, ਪਰ ਆਪਣੇ ਆਪੇ ਨਾਲ ਹਰਦ ਤੇ ਖੜ੍ਹੇ ਹੋ ਕੇ ਆਪਣੇ ਆਲੇ ਦੁਆਲੇ ਦੇ ਮਨੁੱਖੀ ਭਾਈਚਾਰੇ ਨਾਲ ਚਰੋ।

ਉਹਨਾਂ ਮਹਾਨ ਵਿਚਾਰਾਂ ਦਾ ਨਿਰੰਤਰ ਭਾਰ, ਜੋ ਤੁਹਾਡੀ ਆਤਮਾ ਦੇ ਪਣੇ ਰੰਗ-ਰੂਪ ਦੇ ਭਾਗ ਨਹੀਂ ਹਨ, ਦੀ ਝੂਠੀ ਲੱਜਾ ਦੇ ਦਬਾ ਥਲੇ ਕਦੇ ਨਹੀਂ ਰਹਿਣਾ ਚਾਹੀਦਾ।

ਵੱਡੇ ਆਦਮੀਆਂ ਦੀ ਇਸ ਭੁਲੇਖੇ ਵਿਚ ਨਕਲ ਕਰਨਾ ਕਿ ਤੁਸੀਂ ਉਹਨਾਂ ਗੇ ਹੋ ਜਾਵੋਗੇ, ਸਰਾਪ ਹੈ। ਜੇ ਝੂਠੇ ਸ਼ਿਸ਼ਟਾਚਾਰ ਅਤੇ ਰਸਮਾਂ-ਰੀਤਾਂ ਦੇ ਦਬਾ ਠੇ ਤੁਹਾਨੂੰ ਜੀਵਨ ਗੁਜ਼ਾਰਨ ਲਈ ਲਾਚਾਰ ਹੋਣਾ ਪੈਂਦਾ ਹੈ ਤਾਂ ਇਸ ਤੋਂ ਚੰਗਾ ਕਿ ਜੇ ਤੁਸੀਂ ਦੇਵਤੇ ਨਹੀਂ ਬਣ ਸਕਦੇ ਤਾਂ ਮਨੁੱਖਾਂ ਅਤੇ ਪਸ਼ੂਆਂ ਵਾਲਾ ਜੀਵਨ

ਹੀ ਗੁਜ਼ਾਰੋ।

ਬ੍ਰਿਛਾਂ ਦੀਆਂ ਜੜ੍ਹਾ ਆਪਣੇ ਆਪ ਹੀ ਧਰਤੀ ਵਿਚੋਂ ਨਮੀਂ ਲਭ ਲੈਂਦੀ ਹਨ, ਘਾਹ ਦੀ ਪੱਤੀ ਵੀ ਕਦੀ ਕੋਈ ਗ਼ਲਤੀ ਨਹੀਂ ਕਰਦੀ, ਨਾ ਹੀ ਕੋ ਕਬੂਤਰ ਜਾਂ ਚਿੜੀ ਕਦੀ ਗ਼ਲਤ ਰਾਹੇ ਗਈ ਹੈ, ਮਨੁੱਖ ਦੀ ਆਪਣੀ ਸਿਆਣ ਭਰੀ ਸੁਘੜਤਾ ਦੀ ਤੁਲਨਾ ਵਿਚ ਇਕ ਨੰਨ੍ਹਾ ਬੋਟ ਪੱਕੇ ਤੌਰ ਤੇ ਜਾਣਦਾ ਕਿ ਕਦੋਂ ਉਸ਼ੇਰ ਹੋਣੀ ਹੈ। ਕੋਈ ਵੀ ਸ਼ਹਿਦ ਦੀ ਮੱਖੀ ਮੁਕਰੰਦ ਤਕ ਸਿ ਪੁਜ ਜਾਂਦੀ ਹੈ। ਬਾਲ ਦੁੱਧ ਚੁੰਘਣ ਲਈ ਆਪਣੀ ਮਾਂ ਦੀ ਛਾਤੀ ਨੂੰ ਆਵੇ ਢੂੰਡ ਲੈਂਦਾ ਹੈ। ਇਸੇ ਤਰ੍ਹਾਂ ਹਰ ਸੱਚਾ ਪ੍ਰੇਮੀ ਲਭਦਾ ਲਭਦਾ ਆਪਣੀ ਪ੍ਰੇਮਿ ਇਸਤਰੀ ਤਕ ਪੁਜ ਹੀ ਜਾਂਦਾ ਹੈ। ਫਿਰ ਮਨੁੱਖ ਆਪਣੇ ਪ੍ਰਭੂ-ਪ੍ਰੀਤਮ ਕੋ ਕਿਵੇਂ ਨਹੀਂ ਪੁਜ ਸਕਦਾ।

ਇਕ ਵਾਰ ਤਾਂ ਮੈਂ ਉਸ ਪ੍ਰਭੂ-ਪ੍ਰੀਤਮ ਦੇ ਇਤਨੇ ਨੇੜੇ ਪੁਜ ਗਿਆ ਮੈਂ ਉਸ ਦੀ ਬਾਂਹ ਪਕੜਨ ਵਾਲਾ ਹੀ ਸਾਂ, ਪਰ ਪ੍ਰਭੂ-ਪ੍ਰੀਤਮ ਇਹ ਜਾਣਦਾ ਕਿ ਮੈਂ ਉਸ ਕੋਲੋਂ ਬਹੁਤ ਦੂਰ ਹਾਂ, ਪਰ ਮੈਂ ਉਸ ਦੇ ਨਾਲ ਸਾਂ। ਉਹਨਾਂ ਵਿ ਇਕ ਅਜਿਹਾ ਸੁੰਦਰ ਤੇ ਬੁਰਿਆਰ ਸੀ ਅਤੇ ਦੂਜਾ ਬੜਾ ਸਿਧਾ ਸਾਦਾ ਨੇ ਇਨਸਾਨ, ਪਰ ਪ੍ਰਮਾਤਮਾ ਦੀਆਂ ਬਖ਼ਸ਼ਿਸ਼ਾਂ ਬੜੀਆਂ ਵਚਿਤਰ ਹਨ। ਇ ਅਚਣਚੇਤ ਹੀ ਭਲੇ ਅਤੇ ਬੁਰੇ ਉਤੇ ਆਪਣੀ ਮਿਹਰ ਕਰ ਦਿੰਦੀਆਂ ਹਨ ਅ ਉਸ ਦੀਆਂ ਬਖ਼ਸ਼ਿਸ਼ਾਂ ਇਤਨੀਆਂ ਅਨੰਤ ਤੇ ਦਿਆਲੂ ਹਨ ਕਿ ਕੋਈ ਵੀ ਇਹਨ ਦੀ ਠੀਕ ਠੀਕ ਗਿਣਤੀ ਮਿਣਤੀ ਨਹੀਂ ਕਰ ਸਕਦਾ।

ਇਸ ਲਈ ਕੁਦਰਤ ਅਨੁਸਾਰ ਚਲੋ ਅਤੇ ਆਪਣੇ ਆਪ ਨੂੰ ਖ਼ੁਸ਼ੀ ਗ਼ਮੀ ਦੀਆਂ ਮੂਕ ਪੀੜਾਂ ਦੇ ਹਵਾਲੇ ਇੰਜ ਕਰ ਦਿਓ ਜਿਵੇਂ ਪੰਛੀ ਅਜਿਹਾ ਕਰ ਹਨ।

ਮੈਂ ਤੁਹਾਡੀਆਂ ਖ਼ੁਸ਼ੀਆਂ ਉਪਰ ਇਸ ਤੋਂ ਬਿਨਾਂ ਹੋਰ ਕੋਈ ਰੋਕ ਨਹ ਲਾਉਂਦਾ ਕਿ ਤੁਸੀਂ ਆਪਣੇ ਆਪੇ ਵਿਚ ਹੋਰ ਸੁੰਦਰ ਹੋ ਕੇ ਵਿਕਾਸ ਕਰ ਸਕੋ ਇਹ ਸੁੰਦਰਤਾ ਹੀ ਤੁਹਾਡੇ ਅੰਦਰਲੇ ਸੱਚ ਦਾ ਸੱਚਾ ਪ੍ਰਗਟਾਓ ਹੈ।

ਇਸ ਗੱਲ ਦੀ ਕੋਈ ਪ੍ਰਵਾਹ ਨਾ ਕਰੋ ਕਿ ਦੂਜੇ ਤੁਹਾਡੇ ਬਾਰੇ ਕ ਕਹਿੰਦੇ ਹਨ। ਕੋਈ ਵੀ ਬਾਹਰਲੀ ਵਸਤੂ ਤੁਹਾਡੇ ਜੀਵਨ ਦੇ ਚੱਜ-ਆਚਾਰ ਵਿ ਕਿਸੇ ਕਦਰ ਕੀਮਤ ਦਾ ਵਾਧਾ ਨਹੀਂ ਕਰ ਸਕਦੀ। ਕੰਵਲ ਚਿਕੜ ਵਿਚੋਂ ਉ ਕੇ ਆਪਣੀ ਸੁੰਦਰਤਾ ਦੀ ਸ਼ਾਨ ਵਿਚ ਸਭ ਨੂੰ ਚਕ੍ਰਿਤ ਕਰ ਦਿੰਦਾ ਹੈ, ਫੁੱ ਕੰਡਿਆਂ ਉਤੇ ਹੀ ਆਪਣੀ ਸ਼ਾਨ ਦਾ ਪੁਟਾਰਾ ਖੋਲ੍ਹ ਦਿੰਦਾ ਹੈ, ਮਿੱਟੀ-ਰੰਗਾ ਗ ਦਾ ਬੱਚਾ ਆਪਣੇ ਵਛੇਰੇ ਵਰਗੀ ਛੋਟੀ ਅਵਸਥਾ ਵਿਚ ਕੁਦਦਾ ਕਿੰਨਾਂ ਸੋਹਣ ਲਗਦਾ ਹੈ, ਬਸੰਤੀ ਚਿੜੀ ਤਾਂ ਆਪਣੇ ਅੰਡੇ ਦੇ ਖੋਲ ਵਿਚੋਂ ਹੀ ਇਕ ਗੀ ਵਾਂਗ ਬਾਹਰ ਆਉਂਦੀ ਹੈ। ਇਸ ਲਈ ਹੇ ਮਨੁੱਖ ! ਤੂੰ ਆਪਣੇ ਚਿਕੜ, ਗਾ ਤੇ ਮਿੱਟੀ ਵਿਚੋਂ ਇਕ ਗੀਤ ਦੀ ਤਰ੍ਹਾਂ ਬਾਹਰ ਆ ਅਤੇ ਸੁੰਦਰਤਾ ਦਾ ਸ਼ਬਦ ਮਿਤਰਤਾ ਦਾ ਫੁੱਲ ਤੇ ਮਨੋਭਵਾਂ ਦੀ ਸ਼ਾਨ ਬਣ ਜਾ।

ਵਿਚਾਰ, ਐਸ਼ਵਰਜ਼, ਵਹਿਮ ਭਰਮ, ਜਬਰ ਢਾਉਣ ਵਾਲੀਆਂ ਆਦਤਾਂ, ਤਲ ਅਤੇ ਲੁਟ ਮਾਰ ਆਦਿ ਦੀਆਂ ਕਾਲ-ਕੋਠੜੀਆਂ ਉਨੀਆਂ ਹੀ ਅੰਧਕਾਰਮਈ ਤੀਆਂ ਹਨ, ਜਿੰਨੀਆਂ ਕਿ ਇੱਟਾਂ ਤੇ ਚੂਨੇ ਦੀਆਂ ਬਣੀਆਂ ਹੋਈਆਂ ਜੇਲ੍ਹਾਂ।

ਜਾਬਰ ਦੇ ਤਸੀਹੇ ਤਾਂ ਜਬਰ ਸਹਿਣ ਵਾਲੇ ਵਿਅਕਤੀ ਦੀ ਮੌਤ ਨਾਲ ਮੁਕ ਜਾਂਦੇ ਹਨ, ਪਰ ਜਿਹੜਾ ਜਾਬਰ ਕਮਜ਼ੋਰ ਦੇ ਦਿਲ ਉਤੇ ਜ਼ਖ਼ਮ ਕਰਦਾ ਉਸ ਨੂੰ ਦੁਖ ਪਹੁੰਚਾਉਂਦਾ ਹੈ—ਦਾ ਕਰੋਧ ਪਰਲੋਕ ਵਿਚ ਵੀ ਨਾਲ ਜਾਂਦਾ ਕਿਉਂਜੋ ਉਹਨਾਂ ਨੇ ਆਪਣੀ ਅੰਦਰਲੀ ਮਨੁੱਖਤਾ ਦੀ ਸੁੰਦਰਤਾ ਨੂੰ ਭੰਗ ਕੀਤਾ ਤਾ ਹੈ। ਇਸ ਲਈ ਉਹ ਸਦੀਆਂ ਤਕ ਦੁਖੀ ਰਹਿੰਦੇ ਹਨ।

ਆਪਣੀ ਯਾਦ-ਸ਼ਕਤੀ ਦੀਂ ਹਿੰਸਾ ਤੇ ਵਿਚਾਰ ਦੀ ਸੂਖ਼ਮ ਕੈਦ ਤੋਂ ਹਾਈ ਨਹੀਂ ਮਿਲ ਸਕਦੀ। ਸਦੀਆਂ ਤਕ ਉਹ ਮਨੁੱਖ ਜਿਨ੍ਹਾਂ ਨੇ ਆਪਣੀ ਹੀ ਨੁੱਖਤਾ ਨੂੰ ਜ਼ਖ਼ਮੀ ਕੀਤਾ ਹੁੰਦਾ ਹੈ, ਦਾ ਵੀ ਅਜਿਹਾ ਹੀ ਹਸ਼ਰ ਹੁੰਦਾ ਹੈ। ਇਸ ਰਤਾਰੇ ਨੂੰ ਦੇਖਣ ਲਈ ਤੁਹਾਨੂੰ ਕਿਸੇ ਹੋਰ ਸੰਸਾਰ ਵਿਚ ਜਾਣ ਦੀ ਲੋੜ ਨਹੀਂ , ਇਥੇ ਹੀ ਤੁਹਾਡੇ ਸਾਹਮਣੇ ਕਈ ਅਜਿਹੀਆਂ ਜਾਤੀਆਂ ਹਨ ਜਿਨ੍ਹਾਂ ਨੇ ਆਪਣੇ ਨ ਦੀ ਉਸ ਚਾਰ-ਦੁਆਰੀ ਤੋਂ ਕਦੇ ਬਾਹਰ ਕਦਮ ਨਹੀਂ ਰਖਿਆ ਜਿਸ ਵਿਚ ਦੀਆਂ ਪਹਿਲਾਂ ਉਹਨਾਂ ਦਾ ਜਨਮ ਹੋਇਆ ਸੀ। ਫਿਰ ਵੀ ਉਹ ਆਪਣੇ ਬੰਧਨਾਂ ਵਚ ਸੰਤੁਸ਼ਟ ਦਿਖਾਈ ਦਿੰਦੀਆਂ ਹਨ। ਇਹ ਖ਼ੁਸ਼ੀ ਹੀ ਉਹਨਾਂ ਦਾ ਸੰਤਾਪ ਹੈ। ਸ ਇਖ਼ਲਾਕੀ ਮੌਤ ਦਾ ਇਹ ਕਿੱਡਾ ਵੱਡਾ ਦੁਖਾਂਤ ਹੈ ਜਿਸ ਨੇ ਦੁਖ ਨੂੰ ਅਨੁਭਵ ਰਨ ਲਈ ਵੀ ਉਹਨਾਂ ਦੀਆਂ ਭਾਵਨਾਵਾਂ ਨੂੰ ਸੁੰਨ ਕਰ ਛਡਿਆ ਹੈ। ਉਠੋ ਤੇ ਤਹਨਾਂ ਕਾਲ ਕੋਠੜੀਆਂ ਦੀਆਂ ਕੰਧਾਂ ਨੂੰ ਤੋੜ ਦਿਉ। ਸਭ ਤੋਂ ਅਰੋਗ ਵਿਚਾਰ ੀ ਸੰਤਾਪ ਬਣ ਜਾਂਦਾ ਹੈ ਜੇ ਉਹ ਇਸ ਤਰ੍ਹਾਂ ਪਰਵਾਜ਼ ਨਹੀਂ ਕਰਦਾ, ਜਵੇਂ ਇਕ ਪੰਛੀ ਆਪਣੇ ਆਲ੍ਹਣੇ ਵਿਚੋਂ ਉਡਦਾ ਹੈ। ਆਪਣੇ ਲਈ ਨਵਾਂ ਭੂਤ ੇ ਨਵਾਂ ਭਵਿੱਖ ਸਿਰਜੋ। ਇਥੋਂ ਤਕ ਕਿ ਇੰਦਰੀਆਂ ਦੇ ਭੋਗ ਵਿਲਾਸ ਜਦੋਂ ਉਹ ਵ-ਜਨਮੇ ਹੁੰਦੇ ਹਨ ਤੇ ਜਿਨ੍ਹਾਂ ਨੂੰ ਅਸੀਂ ਆਮ ਤੌਰ 'ਤੇ ਘਿਰਣਾ ਕਰਦੇ ਾਂ—ਵੀ ਪ੍ਰਾਰਥਨਾਵਾਂ ਬਣ ਜਾਂਦੇ ਹਨ। ਨਵੀਂ ਉਭਰ ਰਹੀ ਜਵਾਨੀ, ਜਿਸ ਨੇ ਣੇ ਹੀ ਆਪਣੇ ਜੀਵਨ ਦੀ ਕਲੀ ਨੂੰ ਖੋਲ੍ਹਿਆ ਹੈ—ਇਕ ਪ੍ਰਕਾਰ ਦਾ ਪ੍ਰਗਟਾ ਹੁੰਦਾ ਹੈ। ਅਜਿਹੇ ਨਵ-ਜਾਤ ਅਨੰਦ ਮੰਗਲ ਨਾਲ ਸੰਪਰਕ ਤੁਹਾਨੂੰ ਫ਼ਰਿਸ਼ਤੇ-ਾਰ ਬਣਾ ਦਿੰਦਾ ਹੈ। ਪਰ ਇਹ ਸਭ ਤੁਹਾਡੇ ਲਈ ਨਵੀਆਂ ਜ਼ੰਜੀਰਾਂ ਘੜ ਰਹੇ ਹੁੰਦੇ ਹਨ ਤੇ ਤੁਹਾਨੂੰ ਅਜਿਹੇ ਕੈਦ ਖ਼ਾਨਿਆਂ ਵਿਚ ਬੰਦ ਕਰ ਦਿੰਦੇ ਹਨ, ਜੋ ਭੂਤਾਂ ਅਤੇ ਰੂਹਾਂ ਦੀ ਪਕੜ ਤੋਂ ਭੈੜੀਆਂ ਹੁੰਦੀਆਂ ਹਨ। ਤੁਹਾਡੀਆਂ ਅੱਖਾਂ ਕਿਵੇਂ ਚੋਰਾਂ ਵਾਂਗ ਸ਼ਿਕਾਰ ਢੂੰਡਦੀਆਂ ਹਨ ਤੇ ਤੁਸੀਂ ਜਵਾਰੀਆਂ ਵਾਂਗ ਕਰੂਪ ਹੁੰਦੇ ਜਾਂਦੇ ਹੋ ਜਿਨ੍ਹਾਂ ਨੇ ਆਪਣਾ ਸਭ ਕੁਝ ਲੁਟਾ ਕੇ ਹੁਣ ਆਪਣੇ ਚਰਿਤਰ ਨੂੰ ਨੰਗੀ ਕਠੋਰਤਾ ਦਾ ਰੂਪ ਦੇ ਦਿੱਤਾ ਹੈ ਤੇ ਹੁਣ ਉਸ ਨਰਕ ਵਿਚ ਜਾ ਪੁਜੇ ਹਨ ਜਿਥੇ ਨਰਕ ਦੇ ਭਾਂਬੜ ਬਲ ਰਹੇ ਹਨ ਤੇ ਰੂਹਾਂ ਹਾਹਾਕਾਰ ਤੇ ਪੁਕਾਰ ਕਰ ਰਹੀਆਂ ਹਨ।

ਇਸ ਲਈ ਸਭ ਦੁਖਾਂ ਤੇ ਸੁਖਾਂ ਦਾ ਫਲ ਸੁੰਦਰ ਹੋਣ ਵਿਚ ਹੈ ਤੇ

ਸੁਤੰਤਰਤਾ ਦਾ ਪ੍ਰਮਾਣ ਜਾਂ ਮੂਲ ਇਸ ਗੱਲ ਵਿਚ ਹੈ ਕਿ ਤੁਸੀਂ ਹੋਰ ਚੇਤੰਨ ਜੀਵ ਨਾਲ ਕਿੰਨੀ ਦਇਆ, ਪ੍ਰੇਮ ਅਤੇ ਹਮਦਰਦੀ ਨਾਲ ਪੇਸ਼ ਆਉਂਦੇ ਹੋ।

ਪ੍ਰਾਰਥਨਾ ਤਾਂ ਇਕ ਰਸਮੀ ਜਿਹੀ ਗੱਲ ਹੈ, ਪਰ ਤੁਹਾਡੀ ਆਪਣੇ ਆ ਪ੍ਰਤੀ ਕੀਤੀ ਗਈ ਪੂਜਾ ਦਾ ਕੀ ਹਾਲ ਹੈ ? ਕੀ ਇਹ ਸਭ ਤੋਂ ਵੱਡਾ ਵਹਿਮ ਭਰਮ ਨਹੀਂ ਹੈ ਕਿ ਅਸੀਂ ਵਿਅਰਥ ਹੀ ਖਾਣ-ਪੀਣ ਤੇ ਅਨੰਦ-ਮੰਗਲ ਵਿ ਆਪਣਾ ਜੀਵਨ ਗੁਜ਼ਾਰ ਦਈਏ ?

ਤੁਹਾਡੇ ਇਹਨਾਂ ਭੋਗ-ਵਿਲਾਸਾਂ ਦੀ ਨਿਰਾਰਥਕਤਾ ਦਾ ਫਲ ਮਨੁੱਖ ਮੁਸੀਬਤਾਂ ਤੋਂ ਵੀ ਵਧੇਰੇ ਦੁਖਦਾਈ ਹੁੰਦਾ ਹੈ। ਇਸ ਦਾ ਅੰਤ ਪੂਰੀ ਤਰ੍ਹਾਂ ਮਾ ਮੁਕਾਉਣ ਵਾਲਾ ਤੇ ਰੂਹ ਦੀ ਮੌਤ ਵਿਚ ਹੁੰਦਾ ਹੈ, ਪਰ ਦੂਜੇ ਬੰਨੇ ਮਨੁੱਖ ਮੁਸੀਬਤਾਂ ਦੀ ਹਾਲਤ ਵਿਚ ਇਸ ਤੋਂ ਪ੍ਰਾਰਥਨਾ ਦੇ ਰੂਪ ਵਿਚ ਮੁਕਤੀ ਮਿਲ ਜਾਂਦ ਹੈ, ਨਵੀਂ ਆਸ ਜਾਗ ਪੈਂਦੀ ਹੈ ਤੇ ਮਨੁੱਖ ਦੀ ਨਵ-ਘਾੜਤ ਇਸ ਤਰ੍ਹਾਂ ਹੋ ਜਾਂਦ ਹੈ ਜਿਵੇਂ ਉਹ ਨਵੇਂ ਸਿਰਿਉਂ ਰਚਿਆ ਗਿਆ ਹੋਵੇ।

ਆਪਣੇ ਪ੍ਰਤੀ ਅਰੁਚੀ ਤੇ ਲਾਪ੍ਰਵਾਹੀ ਤੇ ਦੂਜਿਆਂ ਸਭਨਾਂ ਉਤੇ ਉਂਗਲ ਚੁਕਣਾ ਬੜਾ ਖ਼ਤਰਨਾਕ ਹੁੰਦਾ ਹੈ। ਤੁਹਾਡੇ ਜ਼ੁਲਮ ਦੇ ਸ਼ਿਕਾਰ ਹੋਏ ਵਿਅਕਤ ਨੂੰ ਤਾਂ ਇਵਜ਼ਾਨਾ ਉਸ ਦੀ ਮੌਤ ਪਿਛੋਂ ਮਿਲ ਜਾਵੇਗਾ, ਪਰ ਤੁਹਾਡੀ ਕੀ ਹਾਲਤ ਹੋਵੇਗੀ ? ਤੁਹਾਡੀ ਆਤਮਾ ਦਾ ਸੰਪੂਰਨ ਨਾਸ਼।

ਹੋਰਨਾਂ ਦੇ ਤੁਹਾਡੇ ਸਨਮੁਖ ਕੀਤੇ ਸੱਚ ਬਾਰੇ ਕੀਤੇ ਗਏ ਐਲਾਨ ਤੁਹਾਨੂੰ ਪ੍ਰਵਾਨ ਨਹੀਂ ਹੋ ਸਕਦੇ। ਇਸ ਲਈ ਤੁਸੀਂ ਆਪਣੇ ਆਪੇ ਦੀ ਸੁੰਦਰਤਾ ਦਾ ਆਪਣੇ ਪ੍ਰਤੀ ਆਪ ਐਲਾਨ ਕਰੋ ਅਤੇ ਆਪਣੇ ਹੀ ਸਹੇੜੇ ਹੋਏ ਦੁਖਾਂ-ਸੁਖਾਂ ਦੀ ਕੈਦ ਤੋਂ ਆਪਣੇ ਆਪ ਨੂੰ ਸੁਤੰਤਰ ਕਰੋ।

ਕਿਸੇ ਹੋਰ ਨੇ ਤੁਹਾਡੇ ਲਈ ਇਹ ਕਾਲ-ਕੋਠੜੀਆਂ ਨਹੀਂ ਬਣਾਈਆਂ ਅਤੇ ਜੇ 'ਮੈਂ' ਵੀ ਆਪ ਆ ਕੇ ਤੁਹਾਡੀ ਖ਼ਾਤਰ ਇਹਨਾਂ ਨੂੰ ਤੋੜ ਦੇਵਾਂ ਤਾਂ ਉਸ ਦਾ ਵੀ ਕੀ ਲਾਭ ਹੋ ਸਕਦਾ ਹੈ ? ਮੁਖ ਗੱਲ ਤਾਂ ਇਹ ਹੈ ਕਿ ਤੁਹਾਨੂੰ ਖੁਲ੍ਹੀ ਹਵਾ ਦੀ ਸੁਤੰਤਰਤਾ ਦਾ ਅਹਿਸਾਸ ਹੋਣਾ ਚਾਹੀਦਾ ਹੈ। ਜਿੰਨਾਂ ਚਿਰ ਇਹ ਨਹੀਂ ਹੁੰਦਾ ਤੁਸੀਂ ਕੀੜੇ ਕਿਰਮਾਂ ਵਾਂਗ ਫਿਰ ਆਪਣੀਆਂ ਕਾਲ-ਕੋਠੜੀਆਂ ਬਣਾ ਲਵੋਗੇ। ਤਾਂ ਫਿਰ ਆਪ ਸੁਤੰਤਰ ਹੋਣ ਲਈ ਚੁਣੋ ਅਤੇ ਗੁਰੂ ਜੀ ਦੀਆਂ ਭਲਿਆਈਆਂ ਨੂੰ ਇਕੱਤਰ ਕਰਨ ਲਈ ਕੁਝ ਘਾਲ ਘਾਲੋ।

ਜਿਵੇਂ 'ਮੈਂ' ਤੁਹਾਡੇ ਲਈ ਉਹਨਾਂ ਸੁਖਾਂ ਦੀ ਇੱਛਾ ਨਹੀਂ ਰਖਦਾ ਜੋ ਤੁਹਾਨੂੰ ਸੁਤੰਤਰ ਨਹੀਂ ਕਰ ਸਕਦੇ, ਤਿਵੇਂ ਹੀ 'ਮੈਂ' ਤੁਹਾਡੇ ਲਈ ਉਹ ਦੁਖ ਨਹੀਂ ਚਾਹੁੰਦਾ ਜੋ ਤੁਹਾਨੂੰ ਸੁਤੰਤਰਤਾ ਵਲ ਨਹੀਂ ਲੈ ਕੇ ਜਾਂਦੇ।

ਮੈਂ ਤਾਂ ਦਵੈਤ ਮੁਖੀ ਹਾਂ। ਇਹ ਸਭ ਚੀਜ਼ਾਂ ਮਾਨਸਿਕ ਤੌਰ 'ਤੇ ਨਾ ਕਰਨ ਯੋਗ ਹਨ। ਜੇ ਅਦਵੈਤ ਦੇ ਬਾਵਜੂਦ ਵੀ ਤੁਸੀਂ ਆਪਣੇ ਆਪ ਨੂੰ ਭਾਵਨਾਵਾਂ, ਸੁਆਰਥ ਤੇ ਪ੍ਰਮਾਤਮਾ ਦੀ ਰਜ਼ਾ ਨੂੰ ਪ੍ਰਵਾਨ ਕਰਨ ਅਰਥਾਤ ਭਾਣਾ ਮੰਨਣ ਨੂੰ ਪ੍ਰਵਾਨ ਕਰਕੇ ਆਪਣੇ ਅੰਤਹਿਕਰਣ ਨੂੰ ਸਾਫ਼ ਕਰਕੇ ਨਹੀਂ ਧੋਤਾ ਤਾਂ

ਇਹ ਠੀਕ ਨਹੀਂ ਹੈ। ਤੁਹਾਨੂੰ ਆਪਣੇ ਅੰਤਹਿਕਰਣ ਵਿਚ ਕਰਤਾਰ ਦੀ ਹੋਂਦ ਦਾ ਅਹਿਸਾਸ ਹੱਡ-ਮਾਸ ਦੇ ਯਥਾਰਥ ਦੀ ਨਿਆਈਂ ਹੋਣਾ ਚਾਹੀਦਾ ਹੈ ਅਤੇ ਫਲਸਰੂਪ ਇਸ ਦੁਆਰਾ ਮਨੁੱਖ, ਪਸ਼ੂ, ਪੰਛੀ ਸਭ ਨਾਲ ਤੁਹਾਡੀ ਸਾਂਝ ਉਤਪੰਨ ਹੋਣੀ ਚਾਹੀਦੀ ਹੈ।

ਅਜਿਹੀਆਂ ਸ਼ਕਤੀਆਂ ਕਾਰਜਸ਼ੀਲ ਹਨ ਜੋ ਤੁਹਾਨੂੰ ਮਨੁੱਖ ਬਣਾਉਂਦੀਆਂ ਹਨ, ਪ੍ਰਭੂ-ਪ੍ਰੀਤਮ ਨਾਲ ਜੋੜਦੀਆਂ ਤੇ ਸੁਤੰਤਰਤਾ ਪ੍ਰਦਾਨ ਕਰਦੀਆਂ ਹਨ। ਦੂਜੇ ਬੰਨੇ ਉਹ ਸ਼ਕਤੀਆਂ ਕਰਮਸ਼ੀਲ ਹਨ, ਜੋ ਆਤਮਾ ਦਾ ਵਿਨਾਸ਼ ਕਰਦੀਆਂ ਹਨ। ਏਵੇਂ ਹੀ ਆਪਣੇ ਆਪ ਨੂੰ ਵੱਡਾ ਸਿਧ ਕਰਨ ਲਈ ਸੰਘਰਸ਼ ਕਰ ਰਹੀਆਂ ਹਨ। ਇਕ ਤਾਂ ਆਤਮਾ ਨੂੰ ਬਣਾਉਣ ਵਾਲੀ ਹੈ, ਦੂਜੀ ਨਸ਼ਟ ਕਰਨ ਵਾਲੀ। ਇਕ ਜੀਵਨ ਦੇਣ ਵਾਲੀ ਹੈ ਤੇ ਦੂਜੀ ਮੌਤ। ਇਕ ਸੁੰਦਰਤਾ ਦੇ ਨਾਨਾ-ਪਣ ਵਿਚ ਏਕਸੁਰਤਾ ਉਤਪੰਨ ਕਰਨ ਵਾਲੀ ਹੈ ਤੇ ਦੂਜੀ ਕਰੂਪਤਾ ਤੇ ਬਦਸੂਰਤੀ ਪੈਦਾ ਕਰਨ ਵਾਲੀ। 'ਮੈਂ' ਤਾਂ ਆਤਮਾ ਦੀ ਭੌਤਿਕਤਾ ਦੀ ਰਖਿਆ ਕਰਨ ਵਾਲਾ ਹਾਂ ਜੋ ਸਰੀਰ ਦੀ ਭੌਤਿਕ ਸੁੰਦਰਤਾ ਨੂੰ ਵੀ ਸੁਰਖਿਅਤ ਕਰਦੀ ਹੈ। ਮੈਂ ਤਾਂ ਸਹੰਸਰ ਦੈਵੀ ਰੂਪਾਂ ਨੂੰ ਪਿਆਰ ਕਰਦਾ ਹਾਂ।

ਇਸ ਲਈ ਜਿਗਿਆਸੂਓ ! ਉਠੋ ਤੇ ਉਹਨਾਂ ਸ਼ਕਤੀਆਂ ਵਿਰੁੱਧ ਲੜਨ ਲਈ ਕਮਰਕੱਸੇ ਕਰ ਲਵੋ ਜੋ ਤੁਹਾਨੂੰ ਸੁੰਨ ਕਰਨ 'ਤੇ ਤੁਲੀਆਂ ਹੋਈਆਂ ਹਨ ਅਤੇ ਆਪਣੇ ਆਪ ਨੂੰ ਸੈਨਿਕਾਂ ਦੀ ਤਰ੍ਹਾਂ ਸ਼ਸਤਰਬੱਧ ਕਰਕੇ ਪ੍ਰਮਾਤਮਾ, ਸੁਤੰਤਰਤਾ ਅਤੇ ਸੁੰਦਰਤਾ ਲਈ ਜੰਗ ਕਰੋ। ਮੈਂ ਉਹ ਸ਼ਬਦ ਦੀ ਖ਼ਾਤਰ ਆਪਣਾ ਸਾਰਾ 'ਆਦਰਸ਼ਵਾਦ' ਕੁਰਬਾਨ ਕਰ ਦੇਵਾਂਗਾ ਜਿਸ ਦੁਆਰਾ ਬਾਲ ਸਰੂਪ ਰੱਬ ਦੀ ਰੱਖਿਆ ਹੋ ਸਕਦੀ ਹੈ। ਮੈਂ ਆਪਣੇ ਸਾਰੇ 'ਯਥਾਰਥਵਾਦ' ਨੂੰ ਉਸ ਸੁਪਨੇ ਦੀ ਖ਼ਾਤਰ ਵਾਰ ਸਕਦਾ ਹਾਂ ਜਿਸ ਸੁਪਨੇ ਦਾ ਮਧੁਰ ਸੰਗੀਤ ਲੋਕਾਂ ਦੀ ਆਤਮਾ ਵਿਚ ਸਿਧਾ ਉਤਰ ਜਾਂਦਾ ਹੈ ਅਤੇ ਉਹਨਾਂ ਨੂੰ ਸਿਧੀ ਸਾਦੀ ਮਨੁੱਖਤਾ ਦੀਆਂ ਭਾਵਨਾਵਾਂ ਤੇ ਦੁਖਾਂ ਦੀ ਅਸਲੀਅਤ ਤੋਂ ਜਾਣੂੰ ਕਰਾਉਂਦਾ ਹੈ। ਜੇ ਉਸ ਆਦਰਸ਼ ਪ੍ਰਭੂ ਅਰਥਾਤ ਸੁੰਦਰ ਮਨੁੱਖ ਦਾ ਚਿਤਰ ਪ੍ਰਕਾਸ਼ ਤੇ ਹਨੇਰੇ, ਪੁੰਨ ਤੇ ਪਾਪ ਦੀ ਦਵੈਤ-ਮੁਖੀ ਹੋਂਦ ਤੋਂ ਬਿਨਾਂ ਸੰਪੂਰਨ ਨਹੀਂ ਹੋ ਸਕਦਾ ਤਾਂ ਫਿਰ ਮੇਰੇ ਕੋਲੋਂ ਆਤਮਿਕ ਅਨੁਭੂਤੀ ਦਾ ਦਾਰਸ਼ਨਿਕ ਸੰਕਲਪ ਤੇ ਉਸ ਨਾਲ ਸੰਬੰਧਤ ਸਾਰੇ ਜੰਤਰ ਪਰੇ ਹਟਾ ਦਿਉ ਜਿਸ ਇਕਰੂਪਤਾ ਨਾਲ ਮੇਰਾ ਸੰਬੰਧ ਹੈ, ਉਹ ਇਸ ਸੰਸਾਰ ਵਿਚ ਵਸਤੂਆਂ ਨੂੰ ਵਧੇਰੇ ਸੁੰਦਰ ਰੂਪ ਦੇਣ ਵਾਲੀ ਹੈ। ਇਥੇ ਮੇਰਾ ਦ੍ਰਿਸ਼ਟੀਕੋਣ ਭਾਵੇਂ ਦਾਰਸ਼ਨਿਕ ਨਹੀਂ ਹੈ, ਪਰ ਕੀ ਤੁਹਾਨੂੰ ਯਕੀਨ ਹੈ ਕਿ ਜੀਵਨ ਦਾ ਸੰਚਾਲਨ ਤੁਹਾਡੇ ਦਸੇ ਦਾਰਸ਼ਨਿਕ ਸਿਧਾਤਾਂ ਅਨੁਸਾਰ ਹੋ ਰਿਹਾ ਹੈ ?

ਮੇਰੇ ਲਈ ਆਪਣੇ ਆਪ ਵਿਚ ਕੋਈ ਵੀ ਚੀਜ਼ ਭਲੀ ਜਾਂ ਬੁਰੀ ਨਹੀਂ ਹੈ। ਇਹ ਤਾਂ ਵਿਸ਼ੇ ਵਸਤੂ ਦੀਆਂ ਰੇਖਾਵਾਂ ਤੇ ਪ੍ਰਸਥਿਤੀਆਂ ਦੇ ਸਥਿਤੀ ਗਿਆਨ ਤੇ ਢਾਂਚੇ ਉਤੇ ਨਿਰਭਰ ਕਰਦਾ ਹੈ ਕਿ ਭਲਾ ਜਾਂ ਬੁਰਾ ਕੀ ਹੋ ਸਕਦਾ ਹੈ। ਕਦੀ ਮੈਂ ਤਲਵਾਰ ਦੀ ਵਰਤੋਂ ਨੂੰ ਵਰਦਾਨ ਸਮਝਦਾ ਹਾਂ ਤੇ ਫਿਰ ਕਿਸੇ ਹੋਰ

ਸਮੇਂ ਇਸ ਦੀ ਵਰਤੋਂ ਨੂੰ ਵੱਡਾ ਸਰਾਪ। ਜਿਹੜੀ ਚੀਜ਼ ਮੈਨੂੰ ਪ੍ਰਭੂ, ਮਨੁੱਖਤਾ ਤੇ ਸੁੰਦਰਤਾ ਵਲ ਲਿਜਾਂਦੀ ਹੈ, ਮੇਰੇ ਲਈ ਉਹ ਪੁੰਨ ਹੈ ਅਤੇ ਜਿਹੜੀ ਚੀਜ਼ ਮੈਨੂੰ ਇਹਨਾਂ ਤੋਂ ਦੂਰ ਲਿਜਾਂਦੀ ਹੈ, ਉਹ ਸਭ ਪਾਪ ਹੈ। ਮੈਂ ਤੁਹਾਨੂੰ ਠੀਕ ਕਹਿ ਰਿਹਾ ਹਾਂ ਕਿ ਪ੍ਰਭੂ ਤਾਂ ਸਿਧੇ ਸਾਦੇ ਮਨੁੱਖ ਦੀ ਮਨੁੱਖਤਾ ਲਈ ਸਹਿਕਦਾ ਰਹਿੰਦਾ ਹੈ। ਇਸ ਸਿਧੀ ਸਾਦੀ ਮਨੁੱਖਤਾ ਦੀ ਹੀ ਇੱਛਾ ਕਰਨੀ ਚਾਹੀਦੀ ਹੈ। ਪ੍ਰਭੂ ਦੇ ਖ਼ਜਾਨੇ ਵਿਚ ਇਸੇ ਦੇ ਸੁਖ ਦੁਖ ਬੜੇ ਮੁਲਵਾਨ ਹਨ। ਕੇਵਲ ਭਾਵਨਾ ਹੀ ਸੁੰਦਰ ਹੈ। ਇਹ ਮਿੱਟੀ ਨੂੰ ਵੀ ਜ਼ਿੰਦਾ ਕਰ ਦਿੰਦੀ ਹੈ ਅਤੇ ਨਿਰਜਿੰਦ ਪੱਥਰ ਵੀ ਸਜੀਵ ਸ਼ਾਂਤੀ ਵਿਚ ਧੜਕਣ ਲਗ ਪੈਂਦੇ ਹਨ।

ਪਰ ਚੇਤੇ ਰਖੋ ਕਿ ਕੋਈ ਵੀ ਡਿਗਾ ਪੱਤਾ ਹਿਮਾਲਾ ਦੇ ਬਰਫ਼ੀਲੇ ਤੂਫ਼ਾਨ ਉਤੇ ਆਪਣੀ ਮਰਜ਼ੀ ਨਹੀਂ ਠੋਸ ਸਕਦਾ ਜੋ ਕਿ ਉਚੀਆਂ ਟੀਸੀਆਂ ਉਤੇ ਸਰਸਰਾਂਦਾ ਜਾ ਰਿਹਾ ਹੈ, ਪਰ ਮੈਂ ਤੁਹਾਨੂੰ ਸੱਚ ਆਖਦਾ ਹਾਂ ਕਿ ਇਹ ਤਿਖੇ ਵੇਗ ਵਾਲਾ ਤੂਫ਼ਾਨ ਉਸ ਛੋਟੇ ਪੱਤੇ ਨੂੰ ਬੜੀ ਤੇਜ਼ੀ ਨਾਲ ਪ੍ਰੀਤਮ ਦੇ ਦਰ 'ਤੇ ਉਡਾਂਦਾ ਲਿਜਾ ਰਿਹਾ ਹੈ।

## VII

ਪ੍ਰਭੂ ਤਾਂ ਆਪਣੇ ਨਿਵਾਜੇ ਮਨੁੱਖ ਦੀ ਆਵਾਜ਼ ਵਿਚ ਵਿਦਮਾਨ ਹੈ। ਉਹ ਇਸ ਦੇ ਸੰਸਾਰ ਵਿਚ ਇਸ ਤਰ੍ਹਾਂ ਵਿਚਰਦਾ ਹੈ ਜਿਵੇਂ ਦੀਪਕ ਵਿਚ ਪ੍ਰਕਾਸ਼, ਜਿਵੇਂ ਗੁਲਾਬ ਦੀਆਂ ਪੱਤੀਆਂ ਵਿਚ ਮਹਿਕ। ਇਸ ਤਰ੍ਹਾਂ ਹੁੰਦਾ ਹੈ ਜਿਵੇਂ ਪੰਛੀ ਊਸ਼ਾ ਦੀ ਛੁਹ ਦੇ ਲਗਣ ਸਾਰ ਆਪ ਮੁਹਾਰੇ ਹੀ ਗੀਤ ਗਾਉਣ ਲਗ ਪੈਂਦੇ ਹਨ, ਪਰ ਇਹ ਨਹੀਂ ਜਾਣਦੇ ਹੁੰਦੇ ਕਿ ਇਹ ਸਭ ਕੁਝ ਕਿਵੇਂ ਵਾਪਰ ਰਿਹਾ ਹੈ ?

'ਸ਼ਬਦ' ਅਰਥਾਤ ਲੋਗੋਸ (Logos) (ਸ਼ਬਦ-ਬ੍ਰਹਮ) ਦਾ ਵੀ ਇਕ ਰੂਪ ਹੈ। ਇਹ ਕੇਵਲ ਨਾਦ ਜਾਂ ਆਵਾਜ਼ ਨਹੀਂ ਹੈ। ਇਸ ਦੇ ਹੱਥ ਪੈਰ ਹਨ ਤੇ ਇਹ ਇਕ ਜਿਉਂਦਾ ਜਾਗਦਾ ਮਨੁੱਖ ਹੈ। ਇਹ ਜਿਉਂਦਾ ਜਾਗਦਾ ਵਿਅਕਤੀ ਹਰ ਥਾਂ ਚਲਦਾ ਫਿਰਦਾ ਹੈ। ਇਹ ਸ਼ਬਦ ਹੀ ਪ੍ਰਭੂ ਹੈ, ਇਸ ਸੰਸਾਰ ਲਈ ਕੇਵਲ ਇਤਨਾਂ ਹੀ ਕਾਫ਼ੀ ਹੈ, ਪਰ ਪਰਲੋਕ ਵਿਚ ਤੁਸੀਂ ਇਸ ਬਾਰੇ ਹੋਰ ਵਧੇਰੀਆਂ ਗੱਲਾਂ ਤੋਂ ਜਾਣੂੰ ਹੋ ਜਾਵੋਗੇ। ਉਸ ਦੇ ਨਾਮ ਤੋਂ ਜਾਣੂੰ ਹੋਵੋ ਅਤੇ ਇਸ ਦਾ ਸਿਮਰਨ ਕਰੋ। ਇਸ ਉਪਰੰਤ ਉਡੀਕ ਕਰੋ। ਥੋੜ੍ਹਾ ਚਿਰ ਪਿਛੋਂ ਸਭ ਕੁਝ ਤੁਹਾਡੇ ਲਈ ਆਪਣੇ ਆਪ ਪ੍ਰਗਟ ਹੋ ਜਾਵੇਗਾ। ਤੁਹਾਨੂੰ ਉਹਨਾਂ ਵਡੇਰੀਆਂ ਪ੍ਰੀਤਾਂ ਦਾ ਬੋਧ ਹੋਵੇਗਾ ਜਿਨ੍ਹਾਂ ਨੂੰ ਇਥੇ ਹਾਲੀ ਤੁਸਾਂ ਨਹੀਂ ਜਾਣਿਆਂ।

ਕੀ ਮੈਂ ਤੁਹਾਨੂੰ ਇਹ ਨਹੀਂ ਸੀ ਕਿਹਾ ਕਿ ਉਸ ਦੇ ਨਾਮ ਨੂੰ ਬਾਰੰਬਾਰ ਜਪੋ ? ਜਿਹੜੀ ਰਸਨਾ ਉਸ ਦਾ ਨਾਮ ਨਹੀਂ ਜਪਦੀ, ਚੰਗਾ ਹੈ ਉਸ ਨੂੰ ਤਿਲ ਤਿਲ ਕਰਕੇ ਕਟ ਦਿੱਤਾ ਜਾਵੇ। ਤੁਸਾਂ ਮੇਰੇ ਹੁਕਮ ਨੂੰ ਮੰਨਿਆ ਤੇ ਨਦੀ ਕਿਨਾਰੇ ਭਗਵੇ ਕਪੜੇ ਪਾ ਕੇ ਸ਼ਾਂਤ ਵਾਤਾਵਰਣ ਵਿਚ ਬੈਠ ਕੇ 'ਹਰੀ ਹਰੀ' ਦਾ ਉਚਾਰਣਾ ਸ਼ੁਰੂ ਕਰ ਦਿੱਤਾ। ਇਹ ਤੁਸੀਂ ਠੀਕ ਗੱਲ ਨਹੀਂ ਸੀ ਕੀਤੀ। ਤੁਸੀਂ ਮੈਨੂੰ ਸਮਝਿਆ ਹੀ ਨਹੀਂ ਸੀ। ਵੇਖੋ, ਇਕ ਹੋਰ ਮਨੁੱਖ ਵੀ ਉਥੇ ਮੌਜੂਦ ਸੀ ਜਿਸ ਨੇ ਆਪਣੀ

ਤਲਵਾਰ ਸੂਤ ਕੇ ਇਕ ਜੰਗਲੀ ਜਾਨਵਰ ਨੂੰ ਮਾਰ ਦਿਤਾ ਤੇ ਜਿਸ ਨੇ ਇਕ ਇਸਤਰੀ ਦੇ ਅਪਮਾਨਤ ਹੋਣ ਤੋਂ ਬਚਾ ਲਿਆ। ਪਰ ਆਪ ਮਾਰਿਆ ਗਿਆ। ਮੈਂ ਤੁਹਾਨੂੰ ਸੱਚ ਆਖਦਾ ਹਾਂ ਕਿ ਉਸ ਨੇ ਆਪਣੀ ਮ੍ਰਿਤੂ ਦੁਆਰਾ ਪ੍ਰਮਾਤਮਾ ਨੂੰ ਪਾ ਲਿਆ ਪਰ ਤੁਸੀਂ ਸਾਰੀ ਉਮਰ ਨਦੀ ਕੰਢੇ ਬੈਠ 'ਹਰੀ ਹਰੀ' ਦਾ ਉਚਾਰਣ ਕਰਕੇ ਵੀ ਮੈਨੂੰ ਨਹੀਂ ਜਾਣ ਸਕੇ।

ਮੈਂ ਤੁਹਾਨੂੰ ਸੱਚ ਆਖਦਾ ਹਾਂ ਕਿ ਪ੍ਰਭੂ ਦਾ ਵੀ ਇਕ ਵਚਿਤਰ ਵਿਧਾਨ ਹੈ। ਉਸ ਦੇ ਦਰਬਾਰ ਵਿਚ ਚੋਰਾਂ ਨੂੰ ਉਹਨਾਂ ਦੇ ਕੀਤੇ ਗਏ ਉਤਮ ਗੁਨਾਹਾਂ ਕਾਰਨ ਤਾਂ ਬਖ਼ਸ਼ ਦਿਤਾ ਜਾਂਦਾ ਹੈ ਪਰ ਸੰਤਾਂ ਨੂੰ ਜ਼ਾਹਰੀ ਨਿਰਜਿੰਦ ਦਿਆਲਤਾ ਕਾਰਨ ਬੰਨ੍ਹ ਲਿਆ ਜਾਂਦਾ ਹੈ।

ਪ੍ਰਭੂ ਦੇ ਨਾਮ ਨੂੰ ਬਾਰੰਬਾਰ ਦੁਹਰਾਓ, ਪਰ ਜਦੋਂ ਤਕ ਤੁਸੀਂ ਗੁਰੂ ਜੀ ਤੋਂ ਉਸ ਦੇ ਪ੍ਰੇਮ ਦੀ ਜਾਚ ਨਹੀਂ ਸਿਖ ਲੈਂਦੇ, ਇਸ ਨਾਮ ਨੂੰ ਰਟਣ ਦਾ ਕੋਈ ਲਾਭ ਨਹੀਂ ਹੈ। ਇਹ ਪ੍ਰੇਮ ਹੀ ਇਸ ਧਰਤੀ ਉਤੇ ਉਸ ਦਾ ਨਾਮ ਹੈ। ਪ੍ਰੇਮ ਹੀ ਪ੍ਰਭੂ ਦਾ ਨਾਮ ਹੈ। ਇਹ ਤੁਹਾਡੇ ਸਾਰੇ ਕਰਮਾਂ ਦੇ ਭਾਰ ਨੂੰ ਹਲਕਾ ਕਰ ਦੇਵੇਗਾ। ਇਸ ਲਈ ਤੁਹਾਨੂੰ ਆਪਣੇ ਨਾਲ ਨਿਰਜਿੰਦ ਆਚਾਰ-ਸੰਘਤਾ ਚੁਕਣ ਦੀ ਕੋਈ ਲੋੜ ਨਹੀਂ ਪੈਂਦੀ। ਜੇ ਕੇਵਲ ਨਾਮ ਨੂੰ ਜੀਭ ਨਾਲ ਰਟਣ ਤੇ ਉਚਾਰਣ ਦੀ ਹੀ ਗੱਲ ਹੁੰਦੀ ਤਾਂ ਨਿੱਕੇ ਨੰਨ੍ਹੇ ਪੰਛੀ ਉਸ ਦਾ ਨਾਮ ਕਿਵੇਂ ਲੈਂਦੇ ? ਸਾਰੀ ਸ੍ਰਿਸ਼ਟੀ ਹੀ ਉਸ ਪ੍ਰਭੂ ਦਾ ਗੁਣ ਗਾਇਨ ਕਰਦੀ ਹੈ। ਮਨੁੱਖ ਤਾਂ ਉਸ ਦੀ ਸ੍ਰਿਸ਼ਟੀ ਦਾ ਇਕ ਤੁੱਛ ਜਿਹਾ ਭਾਗ ਹੀ ਹੈ। ਨਾਮ ਤਾਂ ਇਕ ਮੂਕ ਭਾਵਨਾ ਹੈ। ਇਸ ਦਾ ਪ੍ਰਗਟਾਓ ਤਾਂ ਪ੍ਰੇਮ ਤੇ ਸਮਰਪਣ ਦੇ ਪ੍ਰਗੀਤਾਂ ਦਾ ਆਪ ਮੁਹਾਰਾ ਫੁਟਣਾ ਹੈ।

ਸਿਮਰਨ ਤਾਂ ਪ੍ਰਭੂ-ਪ੍ਰੀਤਮ ਦੀ ਵੇਦਨਾ ਭਰੀ ਖਿਚ ਹੈ। ਇਹ ਇਸੇ ਤਰ੍ਹਾਂ ਦੀ ਵੇਦਨਾ ਭਰੀ ਯਾਦ ਹੁੰਦੀ ਹੈ, ਜਿਸ ਤਰ੍ਹਾਂ ਤੁਸੀਂ ਆਪਣੇ ਸਕੇ ਸੋਹਦਰਿਆਂ ਤੇ ਰਿਸ਼ਤੇਦਾਰਾਂ ਨੂੰ ਯਾਦ ਕਰਦੇ ਹੋ ਜਾਂ ਉਹਨਾਂ ਦੀ ਦੁਖ ਭਰੀ ਯਾਦ ਸਮਾਨ ਹੈ ਜੋ ਤੁਹਾਡੇ ਕੋਲੋਂ ਵਿਛੜ ਗਏ ਹਨ। ਤੁਹਾਡੇ ਸਭ ਪ੍ਰੇਮ ਉਸ ਦੀ ਮਸਤਾਨਾ ਕਰ ਦੇਣ ਵਾਲੀ ਖ਼ੁਸ਼ੀ ਦੀ ਤੁਲਨਾ ਵਿਚ ਦੁਖਦਾਈ ਹਨ।

ਸਿਮਰਨ ਤਾਂ ਜੀਵਨ ਦੇ ਗ੍ਰਿਹਿ ਪ੍ਰਬੰਧ ਦਾ ਵਿਧਾਨ ਹੈ। ਆਪਣੇ ਵਲ ਆਉਣ ਵਾਲੇ ਹਰ ਯਾਤਰੀ ਦੇ ਗੁਰੂ ਕਦਮ ਗਿਣਦਾ ਹੈ ਤੇ ਉਹ ਸਿਮਰਨ ਵਾਲੇ ਮਨੁੱਖ ਦੀ ਹਰ ਖ਼ਤਰੇ ਤੋਂ ਰਖਿਆ ਕਰਦਾ ਹੈ। ਜਦੋਂ ਕਿਸੇ ਮਨੁੱਖ ਦੇ ਬੁਲ੍ਹ ਉਸ ਦੇ ਨਾਮ ਨੂੰ ਉਚਾਰਦੇ ਹਨ ਤਾਂ ਕੋਈ ਵੀ ਤੱਤੀ-ਵਾ ਉਸ ਨੂੰ ਪੁਹ ਨਹੀਂ ਸਕਦੀ। ਅਨੇਕ ਫ਼ਰਿਸ਼ਤਿਆਂ ਦੇ ਹੋਂਠ ਪ੍ਰਭੂ ਦੇ ਨਾਮ ਦਾ ਗਾਇਨ ਕਰ ਰਹੇ ਹਨ। ਇਹ ਤਾਂ 'ਵਾਹੁ ਵਾਹੁ' ਦਾ ਵਿਸ਼ਵ-ਵਿਆਪੀ ਗੀਤ ਹੈ। ਸਭ ਉਸ ਦੇ ਪ੍ਰੇਮ ਨੂੰ ਗਾਉਂਦੇ ਹਨ। ਉਸ ਦੇ ਮਹਾਨ ਪ੍ਰੇਮ ਦੁਆਰਾ ਤੁਹਾਨੂੰ ਉਸ ਦੀ ਹਜ਼ੂਰੀ ਵਿਚ ਠਉਰ ਮਿਲਦੀ ਹੈ। ਤੁਹਾਡੇ ਇਸ ਪਵਿੱਤਰ ਸਿਮਰਨ ਦੇ ਪਿਛੋਕੜ ਵਿਚ ਮੁਕਤਗਾਮੀ ਆਤਮਾਵਾਂ ਦਾ ਜਨ-ਸਮੂਹ ਖੜ੍ਹਾ ਹੁੰਦਾ ਹੈ।

ਜਦੋਂ ਤੁਸੀਂ ਉਸ ਨਾਮ ਦਾ ਬਾਰੰਬਾਰ ਜਾਪ ਕਰਦੇ ਹੋ ਜੋ ਉਸ ਦੀ ਸ਼ਾਨ

ਦਾ ਵਿਸ਼ਵ-ਪਿਆਪੀ ਮਿੱਠੜਾ ਸੰਗੀਤ ਹੈ ਤਾਂ ਤੁਹਾਡੀ ਰਸਨਾ ਦੁਆਰਾ ਫ਼ਰਿਸ਼ਤੇ ਆ ਕੇ ਸਿਮਰਨ ਦੇ ਭਾਵਾਂ ਨੂੰ ਸੱਚੇ ਅਰਥ ਪ੍ਰਦਾਨ ਕਰਦੇ ਹਨ ਅਤੇ ਤੁਹਾਡੇ ਆਪੇ ਵਿਚ ਸੱਚੀ ਮਿਠਾਸ ਭਰ ਦਿੰਦੇ ਹਨ। ਤੁਹਾਡੇ ਆਪੇ ਦਾ ਅੰਤਮ ਸਰੂਪ ਅਰਥਾਤ ਤੁਹਾਡਾ ਆਤਮਿਕ ਸਰੂਪ ਤੁਹਾਡੇ ਤੋਂ ਬਾਹਰ ਹੁੰਦਾ ਹੈ। ਇਸ ਲਈ ਪੰਛੀਓ ! ਤੁਸੀਂ ਆਪਣੇ ਚਾਂਦੀ ਰੰਗੇ ਖੰਭਾਂ ਨਾਲ ਅਨੰਤ ਨਿਲਾਨਾਂ ਵਿਚ ਉਚਾ ਉਡੋ ਅਤੇ ਉਸ ਮਹਾਨ ਪ੍ਰਕਾਸ਼ ਵਿਚ ਆਪਣੇ ਖੰਭਾਂ ਨੂੰ ਫੜਫੜਾਉ।

ਸਿਮਰਨ ਤਾਂ ਉਹ ਆਤਮਿਕ ਗੀਤ ਹੈ ਜਿਸ ਦੀਆਂ ਮਧੁਰ ਧੁਨਾਂ ਉਚੇ ਅਦ੍ਰਿਸ਼ਟ ਮੰਡਲਾਂ ਵਿਚ ਛਿੜਦੀਆਂ ਹੁੰਦੀਆਂ ਹਨ ਅਤੇ ਜਿਨ੍ਹਾਂ ਦੀਆਂ ਗੂੰਜਾਂ ਇਥੇ ਤੁਹਾਡੀ ਆਤਮਾ ਵਿਚ ਸੁਣਾਈ ਦਿੰਦੀਆਂ ਹਨ। ਜਿਸ ਤਰ੍ਹਾਂ ਸਾਰੇ ਗ੍ਰਹਿ ਵਿਸ਼ੇਸ਼ ਆਕਰਸ਼ਣ ਵਿਚ ਬੱਝੇ ਪਏ ਹਨ ਇਸੇ ਤਰ੍ਹਾਂ ਆਤਮਾਵਾਂ ਵੀ ਪ੍ਰਸਪਰ ਰੂਪ ਵਿਚ ਇਕ ਦੂਜੀ ਨੂੰ ਆਕਰਸ਼ਿਤ ਕਰਦੀਆਂ ਹਨ। ਆਤਮਾਵਾਂ ਦੇ ਵੀ ਵੱਡੇ ਵੱਡੇ ਸਮੂਹ ਜੁੜ ਬੈਠਦੇ ਹਨ। ਇੰਜ ਤੁਹਾਡੇ ਸਰੀਰ ਵਿਚ ਦੇਵਤੇ ਆ ਕੇ ਪ੍ਰਵੇਸ਼ ਕਰ ਜਾਂਦੇ ਹਨ ਜੋ ਤੁਹਾਡੇ ਨਾਲ ਰਲ ਕੇ ਆਪਣੇ ਵਾਦਨਾਂ ਦੀ ਸੰਗਤ ਵਿਚ 'ਵਾਹ ਵਾਹੁ' ਦਾ ਗੀਤ ਗਾਉਂਦੇ ਹਨ।

ਪ੍ਰਭੂ-ਪ੍ਰੀਤਮ ਤਾਂ ਆਪ ਸੰਗਤ ਸਰੂਪ ਵੀ ਹੈ ਅਤੇ ਉਸ ਸਾਰੀ ਸੰਗਤ ਵਿਚ ਮੁਖ ਕੇਂਦਰੀ ਪਾਤਰ ਵੀ ਜੋ ਸਾਰੀ ਸੰਗਤ ਨੂੰ ਪ੍ਰਕਾਸ਼ਮਾਨ ਕਰਦਾ ਹੈ। ਇਹ ਤਾਂ ਮਨਸ਼ਾ ਤ੍ਰਿਸ਼ਨਾ ਤੋਂ ਉਪਰ ਉਠ ਕੇ ਤੁਹਾਡੇ ਅੰਦਰ ਦੇਵ ਮੰਡਲ ਦਾ ਆ ਕੇ ਨਿਵਾਸ ਕਰ ਲੈਣਾ ਹੈ। ਇਥੇ ਵਿਚਰਦਿਆਂ ਹੋਇਆਂ ਵੀ ਅਸੀਂ ਉਸ ਵਲ ਖਿਚੇ ਜਾਂਦੇ ਹਾਂ ਜਾਂ ਫਿਰ ਇਹ ਤੁਹਾਡੇ ਅਰਧ-ਮੁੰਦੇ ਨੈਣਾਂ 'ਚ ਉਸ ਪ੍ਰੇਮ ਦੇ ਪਰਮਾਨੰਦ ਦਾ ਆ ਸਮਾਉਣਾ ਹੈ ਜੋ ਦੇਵ ਮੰਡਲ ਦੇ ਸਭ ਥਾਨ-ਥਨੰਤਰਾਂ ਵਿਚ ਰਮਿਆ ਹੋਇਆ ਹੈ।

ਕੇਵਲ ਗੁਰੂ ਨੇ ਹੀ ਸੱਚੇ ਅਰਥਾਂ ਵਿਚ ਪ੍ਰਭੂ-ਪ੍ਰੀਤਮ ਦੇ ਦਰਸ਼ਨ ਕੀਤੇ ਅਤੇ ਉਸ ਨੂੰ ਜਾਣਿਆਂ ਹੈ। ਜਿਸ ਕਿਸੇ ਦੀ ਵੀ ਭੇਟ ਗੁਰੂ ਜੀ ਨਾਲ ਹੋਈ ਹੈ ਜਾਂ ਜਿਸ ਕਿਸੇ ਨੇ ਵੀ ਗੁਰੂ ਜੀ ਦੇ ਦਰਸ਼ਨ ਕੀਤੇ ਹਨ ਅਤੇ ਗੁਰੂ ਜੀ ਦੇ ਦਰ ਦੇ ਰਾਗ ਰਤਨ-ਪਰਵਾਰ ਪਰੀਆਂ ਦੇ ਸੰਗੀਤ ਮੰਡਲ ਵਿਚ ਸ਼ਾਮਲ ਹੋ ਕੇ ਪ੍ਰਭੂ ਦੇ ਨਾਮ ਦਾ ਗਾਇਨ ਕੀਤਾ ਹੈ, ਉਸ ਨੂੰ ਗੁਰੂ ਤੋਂ ਉਚੇਰੇ ਕਿਸੇ ਪ੍ਰਭੂ ਨੂੰ ਮਿਲਣ ਦੀ ਇੱਛਾ ਹੀ ਨਹੀਂ ਰਹਿੰਦੀ। ਗੁਰੂ ਤਾਂ ਤੁਹਾਡੇ ਸੁਆਸ ਸੁਆਸ ਵਿਚ ਪ੍ਰੇਮ ਨੂੰ ਭਰ ਦਿੰਦਾ ਹੈ ਤੇ ਉਸ ਮਹਾਨ ਧਿਆਨੀ ਕਲਪਨਾ ਵਲ ਤੁਹਾਡੇ ਕਦਮਾਂ ਨੂੰ ਤੇਜ਼ ਤੇਜ਼ ਅਗੇ ਵਧਾ ਦਿੰਦਾ ਹੈ ਜਿਸ ਵਿਚੋਂ ਸਤ ਸਰੂਪ 'ਸਤਿਅਮ ਸ਼ਿਵਮ ਸੁੰਦਰਮ' ਦੇ ਦੀਦਾਰ ਹੁੰਦੇ ਹਨ। ਮੈਂ ਤੁਹਾਨੂੰ ਤੁਹਾਡੇ ਖੰਭਾਂ ਦੇ ਬਲ ਤੋਂ ਪਰੇ ਉਡਣ ਲਈ ਨਹੀਂ ਆਖਦਾ। ਮੈਂ ਆਪ ਆ ਕੇ ਸਾਰੇ ਆਕਾਸ਼ ਨੂੰ ਤੁਹਾਡੇ ਖੰਭਾਂ ਨਾਲ ਜੋੜ ਦਿੰਦਾ ਹਾਂ। ਤੁਹਾਡੇ ਆਪਣੇ ਖੰਭਾਂ ਨੂੰ ਫੜਫੜਾਉਣ ਨਾਲ ਤੁਹਾਡੇ ਵਿਚ ਸਾਰੇ ਆਕਾਸ਼ ਦੀ ਖ਼ੁਸ਼ੀ ਆ ਸਮਾਉਂਦੀ ਹੈ।

ਆਪਣੇ ਅੰਦਰ ਨੂੰ ਇਸ ਪਰਮ ਸ਼ਾਂਤੀ ਤੇ ਪਰਮ ਅਨੰਦ ਨਾਲ ਭਰਪੂਰ

ਕਰ ਲਵੋ। ਇਥੇ ਸਭ ਅੱਛਾ ਹੈ ਤੇ ਤੁਹਾਡੇ ਅੰਦਰ ਪ੍ਰਭੂ ਦਾ ਆਪਣਾ ਦਿਲ ਹਾ ਧੜਕ ਰਿਹਾ ਹੁੰਦਾ ਹੈ। ਪ੍ਰਭੂ-ਪ੍ਰੀਤਮ ਤਾਂ ਤੁਹਾਡੇ ਕੋਲ ਵਾਰ ਵਾਰ ਉਸ ਬਾਲ ਦੀ ਨਿਆਈਂ ਆਉਂਦਾ ਹੈ ਜਿਸ ਨੂੰ ਇਹ ਵੀ ਕੋਈ ਪਤਾ ਨਹੀਂ ਹੁੰਦਾ ਕਿ ਤੁਹਾਡੇ ਦਿਲ ਅੰਦਰ ਕੋਈ ਘਿਰਣਾ ਦਾ ਭਾਵ ਵੀ ਮੌਜੂਦ ਹੈ।

ਨੰਨ੍ਹੇ ਨਿੱਕੇ ਬਨਫਸ਼ੇ ਦੇ ਫੁੱਲ ਲਈ ਤਰੇਲ ਦਾ ਇਕ ਤੁਪਕਾ ਹੀ ਕਾਫੀ ਹੈ। ਪੰਛੀ ਲਈ ਉਸ ਦਾ ਤਿਣਕਿਆਂ ਦਾ ਆਲ੍ਹਣਾ ਹੀ ਸਭ ਕੁਝ ਹੈ। ਮਨੁੱਖ ਲਈ ਪ੍ਰਭੂ ਦਾ ਸ਼ਬਦ ਹੀ ਕਾਫੀ ਹੈ। ਜੇ ਤੁਸੀਂ ਗੁਰੂ ਦੇ ਦਸੇ ਸ਼ਬਦ ਨੂੰ ਆਪਣੇ ਹਿਰਦੇ ਵਿਚ ਵਸਾਉਂਦੇ ਹੋ ਤਾਂ ਇਸ ਸ਼ਬਦ ਦੇ ਅਨੁਭਵ ਨਾਲ ਤੁਸੀਂ ਪਰਮੇਸ਼ਵਰ ਨੂੰ ਵੀ ਪਾ ਲੈਂਦੇ ਹੋ।

ਯਾਦ ਰਖੋ ਕਿ ਜਦੋਂ ਤੁਸੀਂ ਆਪਣੇ ਆਪ ਨੂੰ ਸੰਸਾਰ ਵਿਚ ਵਿਆਪ ਰਹੀ ਬੁਰਾਈ ਵਿਚ ਖਚਿਤ ਕਰ ਦਿੰਦੇ ਹੋ ਤਾਂ ਤੁਸੀਂ ਆਪਣੀ ਆਤਮਾ ਨੂੰ ਉਹਨਾਂ ਲੋਹੇ ਦੇ ਸੰਚਿਆਂ ਵਿਚ ਬੰਦ ਕਰ ਲੈਂਦੇ ਹੋ।

ਵਕੀਲ ਜਿਥੇ ਵੀ ਜਾਂਦਾ ਹੈ, ਕਾਨੂੰਨ ਸੰਬੰਧੀ ਆਪਣੀਆਂ ਮਿਸਲਾਂ ਨੂੰ ਨਾਲ ਹੀ ਲੈ ਜਾਂਦਾ ਹੈ, ਜੱਜ ਹਰ ਥਾਂ 'ਤੇ ਜਾ ਕੇ ਅਦਾਲਤ ਤੇ ਕਾਨੂੰਨ ਦਾ ਵਾਤਾਵਰੰਣ ਹੀ ਪੈਦਾ ਕਰਦਾ ਹੈ, ਦੁਕਾਨਦਾਰ ਆਪਣੀ ਦੁਕਾਨ ਦੇ ਧੰਦੇ ਨੂੰ ਹਰ ਥਾਂ ਚੁਕੀ ਫਿਰਦਾ ਹੈ। ਇਸੇ ਤਰ੍ਹਾਂ ਸਾਧਾਰਣ ਧਾਰਮਿਕ ਵਿਅਕਤੀ ਆਪਣੇ ਨਾਲ ਧਰਮ ਸ਼ਾਸਤਰ ਤੇ ਪ੍ਰਚਲਿਤ ਧਾਰਮਿਕ ਸੰਕਲਪਾਂ ਦਾ ਭਾਰ ਚੁਕੀ ਫਿਰਦਾ ਹੈ। ਇਸ ਤਰ੍ਹਾਂ ਹਰ ਵਿਅਕਤੀ ਆਪਣੇ ਨਾਲ ਬਾਹਰੀ ਮੁਆਦ ਦਾ ਫਾਲਤੂ ਭਾਰ ਚੁਕੀ ਫਿਰਦਾ ਹੈ। ਫਲਸਰੂਪ ਉਹ ਉਸ ਵਾਤਾਵਰਣ ਨੂੰ ਦੂਸ਼ਿਤ ਕਰਦਾ ਹੈ ਜੋ ਸੁਨਹਿਰੀ ਧੁੱਪ ਨਾਲ ਚਮਕ ਰਿਹਾ ਹੈ ਜਿਸ ਵਿਚ ਫੁੱਲਾਂ ਦੀ ਭਿੰਨੀ ਮਹਿਕ ਘੁਲੀ ਪਈ ਹੈ ਅਤੇ ਜਿਸ ਵਿਚ ਮੌਨ ਖੁਸ਼ੀ ਦੇ ਸੁਪਨੇ ਭਰੇ ਪਏ ਹਨ, ਪਰ ਇਸ ਤੋਂ ਵੀ ਭੈੜੀ ਗੱਲ ਇਕ ਹੋਰ ਵੀ ਹੈ ਕਿ ਜਿਹੜੀਆਂ ਵਸਤਾਂ ਕਿਸੇ ਨੂੰ ਚੰਗੀਆਂ ਲਗਦੀਆਂ ਹਨ, ਉਸ ਵਿਚ ਉਹ ਆਪਣੇ ਆਪੇ ਨੂੰ ਉਲੱਦ ਦਿੰਦਾ ਹੈ ਤੇ ਇਸ ਤਰ੍ਹਾਂ ਉਹਨਾਂ ਨੂੰ ਤੋੜ ਕੇ ਅੰਦਰੋਂ ਖੋਲ੍ਹ ਨਹੀਂ ਸਕਦਾ। ਇਸ ਲਈ ਮੈਂ ਤੁਹਾਨੂੰ ਇਹ ਕਹਿੰਦਾ ਹਾਂ ਕਿ ਤੁਹਾਡੇ ਅੰਦਰ ਪੰਛੀਆਂ ਵਾਲੀ ਨਿਰਲੇਪਤਾ ਉਤਪੰਨ ਹੋਣੀ ਚਾਹੀਦੀ ਹੈ। ਜੋ ਹਰ ਥਾਂ ਉਡ ਕੇ ਜਾਂਦੇ ਹਨ ਅਤੇ ਆਪਣੀ ਸਥੂਲ ਸਰੀਰਕ ਲੋੜ ਜਿੰਨੇ ਹੀ ਦਾਣੇ ਚੁਗਦੇ ਹਨ। ਪਰ ਇਸ ਨੂੰ ਕਦੀ ਚੇਤੇ ਨਹੀਂ ਰਖਦੇ। ਕੇਵਲ ਆਪਣੇ ਉਹਨਾਂ ਗੀਤਾਂ ਵਿਚ ਹੀ ਮਗਨ ਰਹਿੰਦੇ ਹਨ ਜੋ ਉਹਨਾਂ ਨੂੰ ਸੋਨ ਸੁਨਹਿਰੀ ਸਵੇਰ ਵਿਚ ਉਚੀ ਉਡਾਰੀ ਮਾਰਨ ਲਈ ਉਤਸ਼ਾਹਿਤ ਕਰਦੇ ਹਨ।

## VIII

ਜਦੋਂ ਤੁਸੀਂ ਬਾਲ ਸੀ ਤਾਂ ਤੁਸੀਂ ਕਦੀ ਇਹ ਨਹੀਂ ਸੀ ਸੋਚਿਆ ਕਿ ਕੌਣ ਤੁਹਾਨੂੰ ਖੁਆਏਗਾ ? ਜੁਆਨੀ ਵੇਲੇ ਮਨੁੱਖ ਨੂੰ ਇਸ ਬਾਰੇ ਕੁਝ ਸੋਚਣ ਦੀ ਲੋੜ ਹੀ ਨਹੀਂ ਭਾਸਦੀ। ਸਦੀਆਂ ਪਿਛੋਂ ਵੀ ਤੁਸੀਂ ਇਸਤਰੀ ਜਾਏ ਮਨੁੱਖ ਹੁਣ ਵੀ ਉਸੇ ਤਰ੍ਹਾਂ ਦੇ ਬਿਰਧ ਹੁੰਦੇ ਹੋ ਅਤੇ ਉਸੇ ਤਰ੍ਹਾਂ ਦੇ ਬਾਲ। ਨਾ ਤਾਂ ਤੁਸੀਂ ਆਪਣੇ

ਪੂਰਵਜਾਂ ਤੋਂ ਵਧੇਰੇ ਕੁਝ ਜਾਣਦੇ ਹੋ ਤੇ ਨਾ ਹੀ ਉਹਨਾਂ ਤੋਂ ਵਧੇਰੇ ਕੁਝ ਅਨੁਭਵ ਕਰ ਸਕਦੇ ਹੋ।

ਜਿਸ ਨੇ ਤੁਹਾਨੂੰ ਇਸ ਸੰਸਾਰ ਵਿਚ ਭੇਜਿਆ ਹੈ, ਉਹ ਆਪ ਹੀ ਤੁਹਾਨੂੰ ਇਥੋਂ ਲੈ ਵੀ ਜਾਵੇਗਾ। ਜਿਸ ਨੇ ਤੁਹਾਡਾ ਇਤਨੇ ਲੰਮੇ ਸਮੇਂ ਲਈ ਧਿਆਨ ਰਖਿਆ ਹੈ, ਉਹ ਹੁਣ ਵੀ ਤੁਹਾਡਾ ਧਿਆਨ ਰਖੇਗਾ।

ਜਿਵੇਂ ਜਨਮ ਨਾਲ ਤੁਹਾਡਾ ਕੋਈ ਸਰੋਕਾਰ ਨਹੀਂ ਹੈ ਤਿਵੇਂ ਮੌਤ ਦਾ ਵੀ ਤੁਹਾਨੂੰ ਕੋਈ ਤੌਖਲਾ ਨਹੀਂ ਹੋਣਾ ਚਾਹੀਦਾ। ਜਿਸ ਤਰ੍ਹਾਂ ਪ੍ਰਭੂ ਦਾ ਹੁਕਮ ਹੁੰਦਾ ਹੈ, ਤਿਵੇਂ ਹੀ ਵਸਤੂ ਆਉਂਦੇ ਤੇ ਜਾਂਦੇ ਹਨ। ਉਹ ਪ੍ਰਭੂ ਹੀ ਵਧੇਰੇ ਜਾਣਦਾ ਹੈ। ਪ੍ਰਭੂ ਸਾਨੂੰ ਆਪ ਹੀ ਨਿਵਾਜਦਾ ਹੈ, ਪਰ ਉਸ ਦੇ ਇਸ ਮਨੋਰਥ ਦਾ ਅਸੀਂ ਇਕ ਛੋਟਾ ਜਿਹਾ ਭਾਗ ਹੀ ਹਾਂ ਕਿਉਂਜੋ ਸਾਡੇ ਨਾਲ ਕੀੜੇ ਮਕੌੜੇ ਤੇ ਪਸ਼ੂ ਪੰਛੀ ਵੀ ਉਸ ਦੈਵੀ-ਗਿਆਨ ਦੇ ਭਾਈਵਾਲ ਹਨ। ਇਹ ਸਭ ਰਚਨਾ ਸੁੰਦਰ ਅਤੇ ਸੱਚੀ ਹੈ। ਕਿਉਂਜੋ ਇਹ ਉਸ ਦੀ ਰਚੀ ਹੋਈ ਹੈ ਜਿਸ ਦਾ ਨਾਮ 'ਸਾਚੁ' ਹੈ। ਉਸ ਦੀ ਛੁਹ ਮਾਤਰ ਹੀ ਰੂਪਾਂ, ਰੰਗਾਂ ਤੇ ਨੈਣਾਂ-ਨਕਸ਼ਾਂ ਨੂੰ ਅਵਿਨਾਸ਼ੀ ਬਣਾ ਦਿੰਦੀ ਹੈ। ਜਿਵੇਂ ਇਸ ਲੋਕ ਵਿਚ ਹੈ, ਤਿਵੇਂ ਹੀ ਇਹ ਪਰਲੋਕ ਵਿਚ ਹੈ। ਚੱਟਾਨਾਂ, ਪੰਛੀ ਤੇ ਮਨੁੱਖ ਸਭ ਜਨਮ ਧਾਰਦੇ ਤੇ ਪ੍ਰਭੂ ਦੀ ਸ੍ਰਿਸ਼ਟੀ ਵਿਚ ਨਿਸ਼ਚਿਤ ਸਥਾਨ ਗ੍ਰਹਿਣ ਕਰਦੇ ਹਨ। ਪ੍ਰਭੂ-ਪ੍ਰੀਤਮ ਦੀ ਬਾਦਸ਼ਾਹਤ ਵਿਚ ਜਿਵੇਂ ਇਥੇ ਵੀ ਬ੍ਰਿਛ ਹਨ ਤਿਵੇਂ ਉਥੇ ਪਰਲੋਕ ਵਿਚ ਵੀ ਇਹ ਮੌਜੂਦ ਹਨ। ਤੁਸੀਂ ਸਭ ਵਸਤੂਆਂ ਨੂੰ ਉਸ ਦੇ ਸਤ ਸਰੂਪ ਵਿਚ ਜਾਣ ਨਹੀਂ ਸਕਦੇ ਤੇ ਪ੍ਰਭੂ ਪਿਤਾ ਦੀ ਰਚਨਾ ਵਿਚ ਤੁਸੀਂ ਵੀ ਇਕ ਵਸਤੂ ਹੀ ਹੋ।

ਉਹ ਮਨੁੱਖ, ਜੋ ਉਸ ਦਾ ਮੇਲ ਪ੍ਰਾਪਤ ਕਰ ਲੈਂਦਾ ਹੈ, ਉਸ ਨੂੰ ਆਉਣ ਤੇ ਜਾਣ ਅਰਥਾਤ ਜਨਮ ਤੇ ਮਰਨ ਦੇ ਵਾਦ-ਵਿਵਾਦ ਵਿਚ ਪੈਣ ਦੀ ਕੀ ਲੋੜ ਹੈ ? ਜਿਵੇਂ ਇਹ ਸਭ ਕੁਝ ਵਾਪਰਦਾ ਹੈ, ਸਭ ਕੁਝ ਸ਼ਾਨਦਾਰ ਹੈ। ਉਸ ਦੀ ਇਹ ਸਭ ਸ੍ਰਿਸ਼ਟੀ ਸੰਪੂਰਨ ਹੈ। ਫਿਰ ਇਥੇ ਤੇ ਉਥੇ ਅਰਥਾਤ ਇਸ ਪਿਛੋਂ ਕੀ ਵਾਪਰੇਗਾ—ਇਹ ਸਭ ਸੋਚ ਤੇ ਚਿੰਤਾ ਕਿਸ ਲਈ ?

ਜਦੋਂ ਉਸ ਦੀ ਸਾਰੀ ਸ੍ਰਿਸ਼ਟੀ ਅਨੰਦਮਈ ਹੈ ਤਾਂ ਫਿਰ ਇਹ ਕਰਮਾਂ ਦੇ ਭੇਦ ਤੇ ਵਿਤਕਰੇ ਤੇ ਇਸ ਬਾਰੇ ਵਾਦ-ਵਿਵਾਦ ਕਿਸ ਲਈ ? ਅਤੇ 'ਕਿਵੇਂ', 'ਕਦੋਂ' ਅਤੇ 'ਕਿਉਂ' ਦੀ ਬੇਲੋੜੀ ਚਰਚਾ ਕਿਸ ਅਰਥ ? ਕੀ ਇਹ ਸਭ ਕੁਝ ਅਰਥਹੀਣ ਨਹੀਂ ਹੈ ? ਕੇਵਲ ਆਪਣੇ ਨੈਣਾਂ ਨੂੰ ਖੋਲ੍ਹੋ ਅਤੇ ਤੱਕੋ ਕਿ ਇਹ ਸਰਬ-ਆਕਾਰ ਉਸ ਦਾ ਹੀ ਮਹੱਲ ਹੈ ਜਿਸ ਵਿਚ ਉਸ ਦਾ ਨਿਵਾਸ ਹੈ। ਜੇ ਪ੍ਰਭੂ-ਪ੍ਰੀਤਮ ਦੇ ਇਸ ਨਿਜ-ਮਹੱਲ ਦੇ ਦਰ ਤੁਹਾਡੇ ਲਈ ਖੁਲ੍ਹ ਜਾਂਦੇ ਹਨ ਤਾਂ ਫਿਰ ਤੁਹਾਨੂੰ ਇਹ ਸਾਰੇ ਪ੍ਰਸ਼ਨ ਭੁਲ ਜਾਣਗੇ ਕਿਉਂਜੋ ਉਸ ਦੀ ਜਮਾਲੀ ਸੁੰਦਰਤਾ ਬਾਰੇ ਕੌਣ ਪ੍ਰਸ਼ਨ ਕਰ ਸਕਦਾ ਹੈ ? ਹਰ ਕਿਸੇ ਨੂੰ ਇਸ ਅਗੇ ਸਮਰਪਣ ਹੀ ਕਰਨਾ ਪੈਂਦਾ ਹੈ ਤੇ ਇਸ ਦੀ ਮ੍ਰਿਤੂ ਵਰਗੇ ਖ਼ੁਸ਼ੀ ਦੇ ਪਰਮਾਨੰਦ ਵਿਚ ਲੀਨ ਹੋਣਾ ਪੈਂਦਾ ਹੈ। ਜਦੋਂ ਉਸ ਦਾ ਦਰਸ਼ਨ ਕਰਕੇ ਤੁਸੀਂ ਪਰਮਾਨੰਦ ਵਿਚ ਰਤੇ ਜਾਂਦੇ

ਹੋ ਤਾਂ ਫਿਰ ਇਹ ਸੋਚਾਂ ਤੇ ਤੌਖਲੇ ਕਿਉਂ ਕਰਦੇ ਹੋ ? ਇਕ ਬ੍ਰਹਮ ਗਿਆਨੀ ਲਈ ਇਸ ਸੰਜੋਗੀ ਮੇਲ ਤੋਂ ਉਪਰ ਹੋਰ ਕਿਹੜਾ ਉਚੇਰਾ ਗਿਆਨ ਬਾਕੀ ਰਹਿ ਜਾਂਦਾ ਹੈ ? ਸੰਜੋਗੀ ਮੇਲ ਹੀ ਸਰਵੁਚ ਸਿਆਣਪ ਹੈ। ਇਸ ਸੰਜੋਗੀ ਮੇਲ ਵਿਚ ਪ੍ਰਾਣੀ ਸ਼ੁਧ ਸਰੂਪ ਹੋ ਜਾਂਦਾ ਹੈ ਤੇ ਸਭ ਸ਼ੰਕਿਆਂ ਦੀ ਨਿਵਿਰਤੀ ਹੋ ਜਾਂਦੀ ਹੈ।

ਇਸ ਲਈ ਹੇ ਜਿਗਿਆਸੂਓ ! ਸਾਵਧਾਨ ਹੋਵੋ। ਆਪਣੀ ਹੱਲ-ਪੰਜਾਲੀ ਤੇ ਬਲਦਾਂ ਦੀ ਜੋਗ ਨੂੰ ਲੈ ਕੇ ਖੇਤਾਂ ਵਿਚ ਪੁਜੋ ਅਤੇ ਪਰਾਭੌਤਿਕ ਗਿਆਨ ਤੇ ਧਰਮ-ਸ਼ਾਸਤਰ ਆਦਿ ਦੇ ਸਭ ਮਸਲਿਆਂ ਨੂੰ ਭੁਲ-ਭੁਲਾ ਜਾਉ। ਸਭ ਕੁਝ ਨੂੰ ਵਿਸਾਰ ਕੇ ਕੇਵਲ ਸੂਰਜ, ਚੰਦਰਮਾ ਤੇ ਬੱਦਲਾਂ ਵਲ ਤੱਕੋ ਅਤੇ ਉਡਦੇ ਪੰਛੀਆਂ ਨਾਲ ਗਲਬਾਤ ਕਰੋ। ਵੇਖੋ, ਤੁਹਾਡੇ ਖੇਤਾਂ ਦੇ ਉਪਰ ਫ਼ਰਿਸ਼ਤੇ ਉਡ ਰਹੇ ਹਨ, ਇਹ ਤੁਹਾਡੇ ਕਣਕ ਤੇ ਮੱਕੀ ਦੇ ਸਿੱਟਿਆਂ ਵਿਚ ਦਾਣੇ ਭਰ ਰਹੇ ਹਨ। ਤੁਹਾਡੀਆਂ ਵੇਲਾਂ ਉਤੇ ਅੰਗੂਰਾਂ ਦੇ ਗੁੱਛੇ ਲਟਕਾ ਰਹੇ ਹਨ। ਸਾਰਾ ਧਰਤ ਤੇ ਆਕਾਸ਼ ਨੂੰ ਉਤਪੰਨ ਕਰਨ ਲਈ ਕੰਮ ਕਰ ਰਿਹਾ ਹੈ। ਇਹ ਤੁਹਾਡੀ ਵੀ ਘਾੜਤ ਘਰ ਰਿਹਾ ਹੈ, ਤੁਹਾਡੇ ਅੰਦਰ ਪ੍ਰੇਮ ਦੀ ਜੋਤ ਜਗਾ ਰਿਹਾ ਹੈ।

ਇਸ ਲਈ ਨਾ ਭੁੱਖੇ ਰਹੋ, ਨਾ ਵਰਤ ਰਖੋ ਤੇ ਨਾ ਹੀ ਇਸ ਤੋਂ ਵਧੇਰੀ ਕੋਈ ਹੋਰ ਤ੍ਰਿਸ਼ਨਾ ਨੂੰ ਆਪਣੇ ਅੰਦਰ ਉਠਣ ਦਿਉ। ਇਸ ਪ੍ਰਕਾਰ ਜਿਗਿਆਸੂਓ ! ਆਪਣੇ ਜੀਵਨ ਨੂੰ ਕੁਦਰਤ ਦੇ ਸਾਦ ਮੁਰਾਦੇ ਰੂਪ ਵਿਚ ਢਾਲਣ ਦਾ ਯਤਨ ਕਰੋ ਤੇ ਆਪਣੇ ਅੰਦਰ ਸੂਖ਼ਮ ਪ੍ਰਵਿਰਤੀਆਂ ਦੀ ਭੁੱਖ ਉਤਪੰਨ ਕਰੋ। ਪਰ ਆਪਣੀ ਮੰਜ਼ਲ ਦੀ ਅਸਲੀ ਦਿਸ਼ਾ ਨੂੰ ਨਾ ਭੁਲੋ। ਪ੍ਰਭੂ-ਪ੍ਰੀਤਮ ਨੂੰ ਸਦਾ ਚੇਤੇ ਰਖੋ। ਉਸ ਦਾ ਨਾਮ ਹੀ ਸੰਪੂਰਨ ਤੇ ਸਮੱਗਰ ਹਸਤੀ ਹੈ।

ਇਸ ਗੱਲ ਦੀ ਖ਼ੁਸ਼ੀ ਮਨਾਉ ਕਿ ਪ੍ਰਭੂ-ਪ੍ਰੀਤਮ ਮੌਜੂਦ ਹੈ। ਉਸ ਦੀ ਹੋਂਦ ਨਾਲ ਬੰਨ ਹਰੇ ਹੋ ਜਾਂਦੇ ਹਨ। ਮੇਰੇ ਕੰਨਾਂ ਵਿਚ ਨਦੀਆਂ ਉਸ ਦੇ ਨਾਮ ਦਾ ਗਾਇਨ ਕਰਦੀਆਂ ਸੁਣਾਈ ਦਿੰਦੀਆਂ ਹਨ। ਤੁਹਾਨੂੰ ਇਹ ਸੰਗੀਤ ਹਾਲੀ ਕਿਉਂ ਸੁਣਾਈ ਨਹੀਂ ਦਿੰਦਾ ? ਵਣ ਦੀ ਪੱਤੀ ਪੱਤੀ ਉਸ ਦੀ ਸ਼ਾਨ 'ਵਾਹੁ ਵਾਹੁ' ਨੂੰ ਗਾ ਰਹੀ ਹੈ। ਇਸ ਲਈ ਹੇ ਭਗਤ ਜਨੋ ! ਜਾਗੋ ਅਤੇ ਸਾਰੀ ਸ੍ਰਿਸ਼ਟੀ ਨਾਲ ਮਿਲ ਕੇ ਉਸ ਦੇ 'ਵਾਹੁ ਵਾਹੁ' ਦੀ ਸ਼ਾਨ ਨੂੰ ਗਾਉ।

ਸਾਰੀ ਸ੍ਰਿਸ਼ਟੀ ਉਸ ਦੀ ਉਸਤਤੀ ਦਾ ਛੰਦ ਹੈ। ਆਕਾਸ਼ ਦਾ ਤਾਰਾ ਮੰਡਲ ਉਸ ਦੀ ਆਰਤੀ ਉਤਾਰਨ ਲਈ ਜਗ ਰਹੇ ਨਿੱਕੇ ਨਿੱਕੇ ਦੀਪਕ ਹਨ। ਸੂਰਜ ਉਸ ਦਾ ਗੁਣ ਗਾਇਨ ਕਰ ਰਿਹਾ ਹੈ, ਪਵਨ ਉਸ ਦਾ ਗੁਣ ਗਾਇਨ ਕਰ ਰਹੀ ਹੈ, ਪਾਣੀ ਵੀ ਉਸ ਦਾ ਗਾਇਨ ਕਰ ਰਿਹਾ ਹੈ। ਸਹੰਸਰ ਰਾਗ ਰਤਨ ਪਰਵਾਰ ਪਰੀਆਂ ਆਕਾਸ਼ ਵਿਚ ਉਸ ਦੇ ਗੀਤ ਗਾ ਰਹੇ ਹਨ, ਨ੍ਰਿਤ ਕਰ ਰਹੇ ਹਨ। ਕੀ ਤੁਸਾਂ ਉਸ ਦੇ ਮੋਨ ਨ੍ਰਿਤ ਦੀ ਤਾਲਗਤੀ ਦੀ ਝਣਕਾਰ ਨੂੰ ਨਹੀਂ ਸੁਣਿਆ ?

ਜੇ ਤੁਸੀਂ ਇਹ ਸੋਚਦੇ ਹੋ ਕਿ ਮੈਂ ਹਿੰਦੂ ਹਾਂ ਤਾਂ 'ਮੈਂ' ਹਾਂ, ਜੇ ਤੁਸੀਂ ਇਹ ਸੋਚਦੇ ਹੋ ਕਿ ਮੈਂ ਮੁਸਲਮਾਨ, ਯਹੂਦੀ ਜਾਂ ਈਸਾਈ ਆਦਿ ਵਿਚੋਂ ਕੋਈ ਇਕ

ਹਾਂ ਤਾਂ 'ਮੈਂ' ਹਾਂ। ਮਨੁੱਖ ਦੀ ਆਤਮਾ ਨੂੰ ਸਰਬ ਗਿਆਨ, ਸਰਬ ਸੰਸਕ੍ਰਿਤੀਆਂ, ਸਰਬ ਅਮੀਰੀਆਂ ਤੇ ਸਰਬ ਗ਼ਰੀਬੀਆਂ ਮੇਰੇ ਬਾਰੇ ਸਚੇਤ ਕਰਕੇ ਜਾਗਰੂਪ ਕਰਨ ਲਈ ਹਨ। ਮੇਰੇ ਤਕ ਪੁਜਣ ਤੋਂ ਪਹਿਲਾਂ ਇਹਨਾਂ ਸਭ ਚੀਜ਼ਾਂ ਦੀ ਯਾਤਰਾ ਲਈ ਸਹਾਇਕ ਸਮੱਗਰੀ ਦੇ ਰੂਪ ਵਿਚ ਲੋੜ ਹੈ। ਭਾਵੇਂ ਗੁਰੂ ਮੇਰੇ ਬਹੁਤ ਨਿਕਟ ਹੈ, ਪਰ ਫਿਰ ਵੀ ਉਹ ਮੇਰੇ ਤੋਂ ਹਾਲੀ ਦੂਰ ਹੈ। ਮੇਰੇ ਹੱਥ ਵਿਚ ਰੌਸ਼ਨੀ ਦੀ ਮਸ਼ਾਲ ਹੈ ਜੋ ਉਹਨਾਂ ਨੂੰ ਸੋਝੀ ਕਰਾਉਂਦੀ ਹੈ ਕਿ ਉਹ ਨਵੀਂ ਸਵੇਰ ਦੇ ਆਗਮਨ ਦੀ ਤਿਆਰੀ ਕਰ ਰਹੇ ਹਨ। ਜੋ ਮੇਰੇ ਵਲੋਂ ਪਿਠ ਮੋੜ ਲੈਂਦੇ ਹਨ, ਉਹਨਾਂ ਲਈ ਮਹਾਨ ਮ੍ਰਿਤੂ ਹੈ, ਪਰ ਜੋ ਮੇਰੇ ਵਲ ਉਚਾ ਤਕ ਕੇ ਮਿਹਨਤ ਕਰਕੇ ਅਗੇ ਵਧਦੇ ਹਨ, ਉਹਨਾਂ ਲਈ ਮਹਾਨ ਜ਼ਿੰਦਗੀ ਹੈ। ਉਹਨਾਂ ਦੀ ਮ੍ਰਿਤੂ ਵੀ ਅਲਪਕਾਲੀ ਹੁੰਦੀ ਹੈ।

ਮੈਂ ਤਾਂ ਸਦਾ ਆਪਣੇ ਭਗਤਾਂ ਦੇ ਅੰਗਸੰਗ ਰਹਿੰਦਾ ਹਾਂ। ਮੈਂ ਉਹਨਾਂ ਨੂੰ ਇਕ ਕਿਰਸਾਨ, ਇਕ ਰਾਜ ਮਿਸਤਰੀ, ਇਕ ਭਵਨ-ਨਿਰਮਾਤਾ, ਇਕ ਤਰਖਾਣ ਦੇ ਰੂਪ ਵਿਚ ਕਿਰਤ ਕਰਦਿਆਂ ਨੂੰ ਵੇਖ ਕੇ ਉਹਨਾਂ ਨੂੰ ਪ੍ਰੇਮ ਕਰਦਾ ਹਾਂ, ਪਰ ਇਹ ਗੱਲ ਚੰਗੀ ਤਰ੍ਹਾਂ ਜਾਣ ਲਵੋ ਕਿ ਵਿਸ਼ਵਾਸ ਤੋਂ ਬਿਨਾਂ ਗਿਰਜਾ-ਘਰਾਂ ਵਿਚ ਮਾਲਾ ਫੇਰਨ ਦੀ ਬੇਕਾਰ ਕਾਰ ਤੋਂ ਵੱਧ ਹੋਰ ਕੋਈ ਮੂਰਖਤਾ ਨਹੀਂ ਹੈ ਕਿਉਂਜੋ ਇਹਨਾਂ ਵਿਚ ਹੁਣ ਉਸ ਦੇ ਪ੍ਰੇਮ ਦੀਆਂ ਜੋਤਾਂ ਨਹੀਂ ਜਗ ਰਹੀਆਂ। ਇਸ ਲਈ ਮੈਂ ਸਭ ਮਾਰਗਾਂ ਨੂੰ ਰੌਸ਼ਨ ਕਰਨ ਵਾਲਾ ਹਾਂ। ਸਭ ਥਾਨ-ਥਨੰਤਰਾਂ ਨੂੰ ਪ੍ਰਕਾਸ਼ਮਾਨ ਕਰਨ ਵਾਲਾ ਹਾਂ।

ਮੈਂ ਖ਼ੁਸ਼ੀ ਵਿਚ ਮਿਉਂਦਾ ਨਹੀਂ। ਸਾਗਰ ਤੇ ਧਰਤ ਉਤੇ ਕਿਰਤ ਕਰਨ ਵਾਲਿਆਂ ਨੂੰ ਸਦਾ ਬਾਦਸ਼ਾਹੀਆਂ ਬਖ਼ਸ਼ਦਾ ਹਾਂ ਜੋ ਆਪਣੇ ਨਿਕੇ ਹੱਥਾਂ ਤੇ ਵੱਡੇ ਦਿਲਾਂ ਨਾਲ ਧਰਤ ਨੂੰ ਵਾਹੁੰਦੇ ਤੇ ਸਾਗਰ ਨੂੰ ਗਾਹੁੰਦੇ ਹਨ ਕਿਉਂਜੋ ਉਹਨਾਂ ਦੇ ਅੰਦਰ ਉਹ ਪੱਕਾ ਭਰੋਸਾ ਆਪ ਮੁਹਾਰੇ ਹੀ ਆਉਂਦਾ ਹੈ ਜਿਵੇਂ ਹਰ ਗ੍ਰਹਿ ਸੂਰਜ ਦੀ ਰੋਸ਼ਨੀ ਦੀ ਭਾਲ ਕਰਨ ਦੀ ਇੱਛਾ ਰਖਦਾ ਹੈ।

ਮਨੁੱਖ ਨੂੰ ਇਹ ਗੱਲ ਕਿਸੇ ਨੇ ਦਸੀ ਹੈ ਕਿ ਪ੍ਰੇਮਿਕਾ ਦੀਆਂ ਬਾਹਾਂ ਨਾਲੋਂ ਕੰਦਰਾਂ ਵਿਚ ਵਧੇਰੇ ਪਵਿਤਰਤਾ ਹੈ ? ਉਸ ਨੂੰ ਇਹ ਗੱਲ ਕਿਸ ਨੇ ਦਸੀ ਹੈ ਕਿ ਤਨ ਉਤੇ ਬਿਭੂਤ ਮਲਣ ਨਾਲ ਅੰਗ ਵਧੇਰੇ ਪਵਿੱਤਰ ਹੋ ਜਾਂਦੇ ਹਨ ? ਪਵਿੱਤਰਤਾ ਤਾਂ ਪ੍ਰਭੂ-ਪ੍ਰੀਤਮ ਦੀ ਖ਼ੁਸ਼ੀ ਵਿਚ ਹੈ। ਦੋਹਾਂ ਹਾਲਤਾਂ ਵਿਚ ਮਨੁੱਖੀ ਪ੍ਰੇਮ ਉਨਾਂ ਹੀ ਅਪਵਿਤਰ ਹੈ ਜਿੰਨਾਂ ਕਿ ਇਕਾਂਤ ਵਿਚ ਮਾਲਾ ਦੇ ਮਣਕਿਆਂ ਨੂੰ ਠਾਹ ਠਾਹ ਠਣਕਾਉਣਾ।

ਹੇ ਮਨੁੱਖ ! ਤੈਨੂੰ ਹਾਲੀ ਉਹ ਸੱਚਾ ਪ੍ਰੇਮ ਨਹੀਂ ਮਿਲ ਸਕਿਆ ਜਿਸ ਲਈ ਤੂੰ ਕਰੜੀ ਮਿਹਨਤ ਤੇ ਸੋਚ ਰਾਹੀਂ ਸਹਿਕਦਾ ਰਿਹਾ ਹੈਂ। ਮੈਂ ਖੜ੍ਹਾ ਹੋ ਕੇ ਵੇਖਦਾ ਰਹਿੰਦਾ ਹਾਂ ਕਿ ਤਰਖਾਣ ਕਿਵੇਂ ਕਿਲੇ ਘੜਦਾ ਹੈ ਤੇ ਇਸ ਧੰਦੇ ਵਿਚ ਉਸ ਦੀਆਂ ਬਾਹਾਂ ਦਾ ਉਤਾਂਹ ਤੇ ਹੇਠਾਂ ਹੋਣਾ ਇਕ ਪ੍ਰਾਰਥਨਾ ਹੀ ਹੈ। ਇਕ ਕਿਰਸਾਨ ਦੇ ਖਰਵੇਂ ਮੱਥੇ ਤੋਂ ਡਿਗੀਆਂ ਮੋਤੀ ਬੂੰਦਾਂ ਮਨੁੱਖ ਦੇ ਉਹ ਵਿਚਾਰ

ਹਨ, ਜਿਨ੍ਹਾਂ ਦੇ ਬੀਜ ਉਗਦੇ ਤੇ ਵਧਦੇ ਫੁਲਦੇ ਹਨ। ਉਸ ਦੇ ਹੰਝੂ ਵੀ ਵਿਚਾਰ ਹਨ ਤੇ ਉਹ ਕਿਹੋ ਜਿਹਾ ਤਰਖਾਣ ਹੈ ਜਿਸ ਦੀ ਆਤਮਾ ਹੀ ਪ੍ਰਭੂ ਵਿਚ ਰੰਗੀਜ ਕੇ ਮਿੱਠੜੀ ਹੋ ਗਈ ਹੈ।

ਇਕ ਰਾਜ ਮਿਸਤਰੀ ਦਾ ਕੋਠੇ ਉਤੇ ਛੱਤ ਪਾਉਣਾ ਵੀ ਸੱਚ ਮੁੱਚ ਇਕ ਧਰਮ ਹੈ। ਕਿੰਨੇ ਸਿਰ ਇਸ ਛੱਤ ਹੇਠਾਂ ਮੀਂਹਾਂ ਝੱਖੜਾਂ ਤੇ ਚਿਕੜ ਦੀ ਮਾਰ ਤੋਂ ਸੁਰੱਖਿਅਤ ਰਹਿੰਦੇ ਹਨ। ਪਰ ਉਸ ਰਾਜ ਮਿਸਤਰੀ ਵਲ ਵੇਖੋ ਜਿਸ ਦੀ ਆਤਮਾ ਮਨੁੱਖ ਦੇ ਦਰਦ ਵਿਚ ਭਿਜੀ ਪਈ ਹੈ ਅਤੇ ਜਿਸ ਦੇ ਹਿਰਦੇ ਅੰਦਰ ਉਸ ਪ੍ਰਭੂ ਦੀ ਸੁੰਦਰਤਾ ਦੀ ਅੰਤਰੀਵ ਜੋਗ ਜਗ ਰਹੀ ਹੈ, ਜੋ ਉਸ ਦੀ ਪਾਲਣਾ ਕਰ ਰਿਹਾ ਹੈ। ਇਹੋ ਹੀ ਤਾਂ ਮੇਰਾ ਸੱਚਾ ਕਿਰਤੀ ਤੇ ਸ਼ਿਲਪੀ ਹੈ ਜਿਸ ਦੀ ਕਿਰਤ ਹੀ ਮੇਰੀ ਪੂਜਾ ਹੈ। ਇਸ ਦੀ ਘਾਲ ਪ੍ਰੇਮ ਵਿਚ ਕੀਤੀ ਗਈ ਸੇਵਾ ਹੈ। ਹਥੌੜੇ ਦੀ ਅਹਿਰਨ ਉਤੇ ਲਾਈ ਹਰ ਸੱਟ ਉਸ ਨੂੰ ਅਨੰਦ ਵਿਭੋਰ ਕਰ ਦਿੰਦੀ ਹੈ। ਮੇਰੀ ਕਲਾ ਉਹ ਨਹੀਂ ਹੈ ਜੋ ਦਰਸ਼ਕਾਂ ਦਾ ਮਨੋਰੰਜਨ ਕਰਦੀ ਹੈ ਤੇ ਕਲਾਕਾਰ ਦੀ ਆਤਮਾ ਨੂੰ ਸਖਣਾ ਕਰ ਦਿੰਦੀ ਹੈ। ਮੇਰੀ ਕਲਾ ਕਲਾਕਾਰ ਨੂੰ ਪ੍ਰਭੂ ਦੀ ਹੋਂਦ ਨਾਲ ਭਰਪੂਰ ਕਰ ਦਿੰਦੀ ਹੈ ਤੇ ਉਦੋਂ ਸਾਰੇ ਸੰਸਾਰ ਉਤੇ ਉਸ ਦੀ ਮਿਹਰ ਹੁੰਦੀ ਹੈ ਜਦੋਂ ਕਲਾਕਾਰ ਦੀ ਆਤਮਾ ਦੀ ਸੁੰਦਰਤਾ ਆਪ ਮੁਹਾਰੇ ਪ੍ਰਵਾਹਿਤ ਹੋ ਉਠਦੀ ਹੈ ਤੇ ਦੂਜਿਆਂ ਨੂੰ ਖ਼ੁਸ਼ੀ ਪ੍ਰਦਾਨ ਕਰਦੀ ਹੈ। ਕਿਰਤ ਵੀ ਉਦੋਂ ਹੀ ਕਲਾਮਈ ਸਰੂਪ ਧਾਰਨ ਕਰਦੀ ਹੈ ਜਦੋਂ ਕਿਰਤੀ ਦੇ ਨੈਣ ਮੇਰੀ ਹੋਂਦ ਨਾਲ ਚਮਕ ਉਠਦੇ ਹਨ। ਮੈਂ ਉਹਨਾਂ ਪ੍ਰੋਹਤਾਂ ਤੇ ਪਾਦਰੀਆਂ ਦੇ ਨਾਲ ਨਹੀਂ ਹੁੰਦਾ ਜੋ ਧਰਮ-ਸ਼ਾਸਤਰਾਂ ਦੇ ਵਿਧੀ ਵਿਧਾਨ ਅਨੁਸਾਰ ਨਿਤ ਦੀ ਕਰਮ ਕਾਂਡੀ ਪੂਜਾ ਪਾਠ ਵਿਚ ਜੁਟੇ ਰਹਿੰਦੇ ਹਨ। ਮੈਂ ਤਾਂ ਇਸ ਦੀ ਤੁਲਨਾ ਵਿਚ ਜਲਾਂ ਤੇ ਥਲਾਂ ਉਤੇ ਰੁਝੇ ਕਿਰਤੀਆਂ ਕਾਮਿਆਂ ਦਾ ਪ੍ਰਸ਼ੰਸਕ ਹਾਂ।

## IX

ਇਹ ਸੰਸਾਰ ਤਾਂ ਬੱਦਲਾਂ ਦੀ ਨਿਆਈਂ ਹੈ। ਇਸ ਦਾ ਜੀਵਨ ਸਾਗਰ ਤਟ ਉਤੇ ਗਿਲੀ ਰੇਤ ਦੇ ਰੱਸੇ ਵਟਣ ਸਮਾਨ ਹੈ। ਮਿੱਟੀ ਤੇ ਕੋਮਲ ਕੱਚ ਦੇ ਬਣੇ ਹੋਏ ਸਰੀਰ ਸਭ ਭਰਮ ਜਾਲ ਦੀ ਅਸਥਿਰਤਾ ਵਾਂਗ ਨਾਸ਼ਵੰਤ ਹਨ। ਕੀ ਇਹ ਸਾਰੇ ਚੀਨੀ ਦੇ ਬਣੇ ਹੋਏ ਟੁੱਟਣਹਾਰ ਖਿਡੌਣੇ ਨਹੀਂ ਹਨ ਜੋ ਸਾਡੇ ਹੱਥਾਂ ਵਿਚੋਂ ਡਿਗਣ ਸਾਰ ਹੀ ਟੁਕੜੇ ਟੁਕੜੇ ਹੋ ਜਾਂਦੇ ਹਨ ?

ਇਸ ਤਰ੍ਹਾਂ ਸਭ ਚੀਜ਼ਾਂ ਦੇ ਬਿਨਸਣਹਾਰ ਵਰਤਾਰੇ ਵਿਚ ਜਿਗਿਆਸੂਓ ! ਜਾਗੋ ਤੇ ਉਸ ਪ੍ਰਭੂ ਦਾ ਨਾਮ ਜਪੋ, ਜਿਸ ਦਾ ਕਿ ਅਜਿਹਾ ਨਾਸ਼ਵੰਤ ਸਰੀਰ ਨਹੀਂ ਹੈ।

ਇਸਤਰੀ ਪੁਰਸ਼ ਤਾਂ ਆਪਣੀਆਂ ਮੁਸੀਬਤਾਂ ਨਾਲ ਭਰਪੂਰ ਹਨ। ਉਹ ਇਕ ਦੂਜੇ ਦੇ ਨੇੜੇ ਹੁੰਦੇ ਹਨ ਤੇ ਇਕ ਦੂਜੇ ਦੇ ਹੋ ਕੇ ਰਹਿਣ ਦੀ ਪ੍ਰਤਿਗਿਆ ਕਰਦੇ ਹਨ ਤਾਂ ਜੋ ਉਹਨਾਂ ਨੂੰ ਕੁਝ ਸੁਖ ਆਰਾਮ ਮਿਲ ਸਕੇ, ਪਰ ਜਦੋਂ ਉਹਨਾਂ ਨੂੰ ਇਥੋਂ ਉਹ ਇੱਜ਼ਤ ਸੁਖ ਸ਼ਾਂਤੀ ਨਹੀਂ ਮਿਲਦੀ ਤਾਂ ਸੁਖ ਆਰਾਮ ਲਈ ਉਹ

ਹੋਰ ਥਾਵਾਂ ਭਾਲਦੇ ਹਨ। ਕੋਈ ਵੀ ਦੂਜੇ ਦਾ ਵਫ਼ਾਦਾਰ ਨਹੀਂ ਹੈ। ਪਰ ਸਾਰੇ ਹੀ ਉਸ ਪ੍ਰਭੂ ਦੇ ਵਫ਼ਾਦਾਰ ਹਨ ਜੋ ਉਹਨਾਂ ਦੀਆਂ ਆਤਮਾਵਾਂ ਦੇ ਬੋਝ ਨੂੰ ਹਲਕਾ ਕਰਦਾ ਹੈ। ਮਨੁੱਖ ਆਪਣੇ ਸੋਮੇ ਪ੍ਰਤੀ ਸੱਚਾ ਹੈ ਤੇ ਉਹ ਉਸ ਸੋਮੇ ਨੂੰ ਮਿਲਣ ਲਈ ਲੋਚਦਾ ਰਹਿੰਦਾ ਹੈ। ਇਸ ਲਈ ਮਨੁੱਖਾਂ ਅਤੇ ਵਸਤੂਆਂ ਉਤੇ ਭਰੋਸਾ ਨਾ ਕਰੋ ਕਿਉਂਜੋ ਉਹ ਤੁਹਾਡੇ ਲਈ ਕੁਝ ਵੀ ਨਹੀਂ ਕਰ ਸਕਦੇ। ਉਹਨਾਂ ਨੂੰ ਤਾਂ ਆਪ ਤੁਹਾਡੇ ਵਾਂਗ ਹੀ ਕਿਸੇ ਹੋਰ ਦੀ ਸਹਾਇਤਾ ਦੀ ਲੋੜ ਹੈ।

ਜਿਗਿਆਸੂਓ ! ਸਾਵਧਾਨ ਹੋਵੋ, ਉਸ ਪ੍ਰਭੂ ਦਾ ਨਾਮ ਜਪੋ ਅਤੇ ਇਸ ਸੰਸਾਰ ਤੋਂ ਉਸ ਉਜੱਲ ਮਸਤਕ ਨੂੰ ਲੈ ਕੇ ਜਾਉ ਜੋ ਉਸ ਦੀ 'ਵਾਹੁ ਵਾਹੁ' ਦੇ ਗੀਤ ਦੀ ਸ਼ਾਨ ਵਿਚ ਚਮਕ ਰਿਹਾ ਹੈ। ਆਪਣੇ ਆਪੇ ਦਾ ਤਿਆਗ ਕਰੋ, ਪਰ ਵਣਾਂ ਵਿਚ ਜਾ ਕੇ ਨਹੀਂ, ਕਿਉਂਜੋ ਤੁਸੀਂ ਕਿਸੇ ਤਰ੍ਹਾਂ ਵੀ ਦੇਸ਼ ਤੇ ਕਾਲ ਦਾ ਤਿਆਗ ਨਹੀਂ ਕਰ ਸਕਦੇ। ਅਜਿਹਾ ਯਤਨ ਕਰਕੇ ਵੀ ਤੁਹਾਨੂੰ ਮੁੜ ਦੇਸ਼ ਤੇ ਕਾਲ ਵਿਚ ਹੀ ਰਹਿਣਾ ਪੈਂਦਾ ਹੈ। ਪ੍ਰਭੂ ਤਾਂ ਤੁਹਾਡੀ ਆਤਮਾ ਵਿਚ ਹੈ। ਬਾਹਰਲਾ ਸੰਸਾਰ ਤਾਂ ਤੁਹਾਡੇ ਅੰਦਰ ਵਸ ਰਿਹਾ ਹੈ, ਪ੍ਰਭੂ ਦੇ ਪਰਛਾਵੇਂ ਮਾਤਰ ਹੀ ਹੈ। ਉਸ ਪ੍ਰਭੂ ਦੀ ਆਪਣੇ ਅੰਦਰ ਹੀ ਭਾਲ ਕਰੋ ਅਤੇ ਜਿਸ ਇੱਛਾ ਨੂੰ ਲੈ ਕੇ ਤੁਸੀਂ ਤਿਆਗ ਕਰਨਾ ਚਾਹੁੰਦੇ ਸੀ, ਉਹ ਆਪਣੇ ਆਪ ਹੀ ਪੂਰੀ ਹੋ ਜਾਵੇਗੀ।

ਇਸ ਲਈ ਜਿਗਿਆਸੂਓ ! ਜਾਗੋ, ਉਸ ਦਾ ਨਾਮ ਜਪੋ ਤੇ ਇਸ ਸੰਸਾਰ ਵਿਚੋਂ ਉਸ ਉਜਲ ਮਸਤਕ ਨਾਲ ਵਿਦਾ ਹੋਵੋ ਜੋ ਉਸ ਦੇ 'ਵਾਹੁ ਵਾਹੁ' ਦੇ ਗੀਤ ਦੀ ਸ਼ਾਨ ਵਿਚ ਚਮਕ ਰਿਹਾ ਹੈ।

ਇਸ ਗੱਲ 'ਤੇ ਵਿਸ਼ਵਾਸ ਕਰੋ ਕਿ ਸਰੀਰ ਦੇ ਸੰਸਾਰ ਤੋਂ ਪਰੇ ਕੁਝ ਹੋਰ ਨਹੀਂ ਹੈ। ਸਮੱਸਤ ਜੀਵਨ ਭਰਮ ਤੋਂ ਭਰਮ ਜਾਲ ਤਕ, ਮ੍ਰਿਤੂ ਤੋਂ ਮ੍ਰਿਤੂ ਤੱਕ ਅਤੇ ਯਥਾਰਥ ਤੋਂ ਯਥਾਰਥ ਤਕ ਨਿਰੰਤਰ ਚਲਦਾ ਰਹਿੰਦਾ ਹੈ। ਇਸ ਸਭ ਕੁਝ ਦੇ ਪਿਛੇ ਪ੍ਰਭੂ ਆਪ ਹੈ, ਜਿਸ ਦੇ ਹੱਥ ਵਿਚ ਸੂਰਜ ਚਮਕ ਰਿਹਾ ਹੈ ਅਤੇ ਜਿਸ ਦੇ ਮੁਖੜੇ ਉਤੇ ਸਾਰੇ ਤਾਰੇ ਜਗਮਗਾ ਰਹੇ ਹਨ।

ਆਉ, ਅਸੀਂ ਆਪਣੀ ਸਭ ਦੀ ਨਿਤਾਣਗੀ ਨੂੰ ਅਨੁਭਵ ਕਰੀਏ ਅਤੇ ਇਕ ਦੂਜੇ ਨਾਲ ਦਇਆ ਦ੍ਰਿਸ਼ਟੀ ਨਾਲ ਪੇਸ਼ ਆਈਏ। ਆਉ, ਅਸੀਂ ਇਕ ਦੂਜੇ ਨੂੰ ਪ੍ਰੇਮ ਕਰੀਏ ਅਤੇ ਸਹਾਇਤਾ ਕਰਨ ਯੋਗ ਕਿਰਤ ਦੁਆਰਾ ਇਕ ਦੂਜੇ ਦੇ ਸਹਾਈ ਹੋ ਕੇ ਆਪਣੀ ਯਾਦ ਸ਼ਕਤੀ ਨੂੰ ਪਵਿੱਤਰ ਕਰਕੇ ਪ੍ਰਭੂ ਦੀ ਸ਼ਾਨ ਨਾਲ ਇਸ ਨੂੰ ਭਰਪੂਰ ਕਰ ਲਈਏ। ਜਿਗਿਆਸੂਓ ! ਸਚੇਤ ਹੋਵੋ, ਪ੍ਰਭੂ ਦਾ ਨਾਮ ਜਪੋ ਅਤੇ ਇਸ ਸੰਸਾਰ ਤੋਂ ਉਸ ਉਜਲ ਮਸਤਕ ਨੂੰ ਨਾਲ ਲੈ ਕੇ ਜਾਉ ਜੋ ਉਸ ਦੇ 'ਵਾਹੁ ਵਾਹੁ' ਦੇ ਗੀਤ ਦੀ ਸ਼ਾਨ ਵਿਚ ਚਮਕ ਰਿਹਾ ਹੈ। ਆਦਿ ਰਹਿਤ ਆਦਿ ਨੂੰ ਨਮਸਕਾਰ ਕਰੋ। ਮ੍ਰਿਤੂ ਅਰਥਾਤ ਵਿਸ਼ਵ-ਵਿਆਪੀ ਮਹਾਂਕਾਲ ਨੂੰ ਨਮਸਕਾਰ ਕਰੋ। ਜੀਵਨ ਨੂੰ ਨਮਸਕਾਰ ਕਰੋ। ਜਿਗਿਆਸੂਓ ! ਜਾਗੋ, ਉਠੋ, ਸਾਵਧਾਨ ਹੋਵੋ। ਉਸ ਪ੍ਰਭੂ ਦਾ ਨਾਮ ਜਪੋ ਅਤੇ 'ਵਾਹੁ ਵਾਹੁ' ਦਾ ਗੁਣ ਗਾਇਨ ਕਰਦੇ ਹੋਏ ਵਿਦਾ

ਹੋਵੋ।

ਕਿਸੇ ਦੇ ਅਗਿਆਨ ਉਤੇ ਨਾ ਹਸੋ, ਨਾ ਹੀ ਆਪਣੇ ਗਿਆਨ ਉਤੇ ਮਾਣ ਕਰੋ, ਤੁਸੀਂ ਉਸ ਦੇ ਰਹੱਸ ਬਾਰੇ ਕੀ ਜਾਣ ਸਕਦੇ ਹੋ ? ਇਹ ਨਾ ਭੁਲੋ ਕਿ ਇਕ ਪਾਤਸ਼ਾਹ ਕੋਲ ਵੀ ਉਹੋ ਜਿਹਾ ਸਰੀਰ ਹੈ, ਜਿਹੋ ਜਿਹਾ ਕਿ ਇਕ ਨਿਰਧਨ ਮਨੁੱਖ ਕੋਲ। ਇਹ ਤਾਂ ਛੋਟਾ ਜਿਹਾ ਮਿੱਟੀ ਦਾ ਭਾਂਡਾ ਹੀ ਹੈ, ਇਹੋ ਇਕੋ ਜਿਹਾ ਕਪੜਾ ਹੀ ਗਿਆਨੀ ਤੇ ਅਗਿਆਨੀ ਕੋਲ ਹੁੰਦਾ ਹੈ, ਕੇਵਲ ਕੁਝ ਲੋਕਾਂ ਨੂੰ ਅਸੀਂ ਵਡੇ ਵਡੇ ਨਾਮ ਤੇ ਪਦ ਦੁਆਰਾ ਬੁਲਾ ਕੇ ਯਾਦ ਕਰਦੇ ਹਾਂ ਅਤੇ ਦੂਜੇ ਵਿਚਾਰੇ ਨੰਗ ਮੁਨੰਗੇ ਤੇ ਜੰਗਲੀ ਵਸਤਾਂ ਵਾਂਗ ਅਣਜਾਣੇ ਹੀ ਇਥੋਂ ਚਲੇ ਜਾਂਦੇ ਹਨ।

ਅਮੀਰ ਤੇ ਗ਼ਰੀਬ, ਸੁਸਿਖਿਅਤ ਤੇ ਸਿਧੇ ਸਾਦੇ ਸਾਦ ਮੁਰਾਦੇ ਅੱਖੜ ਲੋਕਾਂ ਵਿਚਲੇ ਮਹਾਨ ਰਹੱਸ ਨੂੰ ਇਕ ਸਮਾਨ ਪ੍ਰਣਾਮ ਕਰੋ ਅਤੇ ਇਹ ਗੱਲ ਯਾਦ ਰਖੋ ਕਿ ਤੁਹਾਡਾ ਜੀਵਨ ਮਿੱਟੀ ਦੇ ਟੁੱਟੇ ਘੜੇ ਦੇ ਜਲ ਸਮਾਨ ਇਕ ਇਕ ਬੂੰਦ ਕਰਕੇ ਰਿਸਦਾ ਜਾ ਰਿਹਾ ਹੈ।

ਸੁਖ ਰੋਗ ਹੈ, ਸੰਤਾਪ ਹੈ ਕਿਉਂਜੋ ਇਸ ਨਾਲ ਪ੍ਰਭੂ ਨੂੰ ਅਸੀਂ ਵਿਸਾਰ ਦਿੰਦੇ ਹਾਂ, ਪਰ ਦੁਖ ਦਾਰੂ ਹੈ, ਐਸ਼ਵਰਜ਼ ਦੇ ਸੰਤਾਪਾਂ ਦੀ ਔਸ਼ਧੀ ਹੈ ਕਿਉਂਜੋ ਇਸ ਨਾਲ ਤੁਸੀਂ ਪ੍ਰਭੂ ਨੂੰ ਯਾਦ ਕਰਕੇ ਪਵਿੱਤਰ ਹੋ ਜਾਂਦੇ ਹੋ।

ਇਸ ਲਈ ਜਿਗਿਆਸੂਓ ! ਸਚੇਤ ਹੋਵੋ ਤੇ ਆਪਣੇ ਆਪ ਨੂੰ ਸੰਤ-ਜਨਾਂ ਦੀ ਟਹਿਲ-ਸੇਵਾ ਲਈ ਅਰਪਨ ਕਰਕੇ ਉਸ ਸੁਆਰਥ ਤੋਂ ਛੁਟਕਾਰਾ ਪਾਉ ਜਿਸ ਨੇ ਤੁਹਾਨੂੰ ਅੰਨ੍ਹਾ ਕੀਤਾ ਹੋਇਆ ਹੈ। ਜਾਗੋ ਤੇ ਤੱਕੋ ਕਿ ਕਿਵੇਂ ਪ੍ਰਭੂ-ਪ੍ਰੀਤਮ ਦੇ ਨਾਮ ਜਪਣ ਵਾਲਿਆਂ ਦੇ ਹਿਰਦਿਆਂ ਵਿਚ ਸੂਰਜ ਉਦੈ ਹੋ ਰਿਹਾ ਹੈ, ਉਹਨਾਂ ਦੀ ਸੰਗਤ ਵਿਚ ਵਿਚਰ ਕੇ ਆਪਣੇ ਨੈਣਾਂ ਵਿਚ ਪ੍ਰੇਮ ਦੀ ਜੋਤ ਨੂੰ ਜਗਾਉ ਤਾਂ ਜੋ ਤੁਹਾਡੇ ਮੁਖੜੇ ਮਨੁੱਖੀ ਪਵਿਤਰਤਾ ਵਿਚ ਇਸ਼ਨਾਨ ਕਰ ਸਕਣ। ਉਠੋ ! ਪ੍ਰਭੂ ਦਾ ਨਾਮ ਸਿਮਰਨ ਕਰੋ ਤੇ ਇਸ ਸੰਸਾਰ ਤੋਂ ਪ੍ਰਭੂ ਦੀ ਸ਼ਾਨ ਦੇ 'ਵਾਹੁ ਵਾਹੁ' ਦੇ ਗੀਤ ਦਾ ਗੁਣ ਗਾਇਨ ਕਰਦੇ ਹੋਏ ਵਿਦਾ ਹੋਵੋ। ਮਨੁੱਖ ਦੀ ਪਵਿਤਰਤਾ ਸਭ ਤੋਂ ਵੱਡਾ ਸੱਚ ਹੈ ਅਤੇ ਇਹ ਬੜਾ ਦੁਰਲਭ ਹੈ। ਉਸ ਮਨੁੱਖ ਦੀ ਭਾਲ ਕਰੋ ਤੇ ਬਾਕੀ ਸਭ ਦਾ ਮੋਹ ਤਿਆਗ ਦਿਉ।

ਇੰਦਰੀਆਂ ਦੀ ਮਾਇਆ ਤੇ ਉਸ ਦੇ ਸਭ ਭੁਲਾਵੇ ਹਰ ਕਦਮ ਤੇ ਤੁਹਾਡੇ ਉਤੇ ਭਾਰੂ ਹੋ ਜਾਂਦੇ ਹਨ। ਇਹਨਾਂ ਦੇ ਟਿਮਟਿਮਾਂਦੇ ਪਰਛਾਵੇਂ ਤੁਹਾਨੂੰ ਆਪਣਾ ਬੰਦੀ ਬਣਾ ਲੈਂਦੇ ਹਨ। ਲੋਕ ਪਰਲੋਕ ਲਈ ਪ੍ਰਭੂ ਦੇ ਨਦਰਿ ਕਰਮ ਦੀ ਜਾਚਨਾ ਕਰੋ।

ਜੀਵਨ ਦੀ ਰਾਤ ਦਾ ਅੰਤ ਹੋ ਜਾਵੇਗਾ, ਪ੍ਰਭਾਤ ਹੋਵੇਗੀ ਅਤੇ ਤੁਸੀਂ ਪ੍ਰਭੂ-ਪ੍ਰੀਤਮ ਦੇ ਸੋਨ ਸੁਨਹਿਰੀ ਹਰਿਮੰਦਰ ਦੇ ਦਰਸ਼ਨ ਕਰ ਸਕੋਗੇ ਜੋ ਹੋਰਾਂ ਦੀ ਤੁਲਨਾ ਵਿਚ ਸਦਾ ਅਟੱਲ ਤੇ ਅਬਚਲ ਹੈ।

ਜਿਗਿਆਸੂਓ ! ਜਾਗੋ ਤੇ ਪ੍ਰਭੂ-ਪ੍ਰੀਤਮ ਦਾ ਨਾਮ ਜਪੋ ਅਤੇ ਉਸ ਦੀ ਸ਼ਾਨ ਦੇ 'ਵਾਹੁ ਵਾਹੁ' ਦੇ ਗੀਤ ਦਾ ਗੁਣ ਗਾਇਨ ਕਰਦੇ ਹੋਏ ਇਸ ਸੰਸਾਰ

ਤੋਂ ਵਿਦਾ ਹੋਵੋ ਤੇ ਸਚ ਦੀ ਉਸ ਸਵਰਣ-ਭੂਮੀ ਵਿਚ ਪ੍ਰਵੇਸ਼ ਕਰੋ ਜੋ ਪ੍ਰਮਾਤਮਾ ਦੀ ਪਰਮ-ਸੁੰਦਰ ਨਿਜ-ਭੂਮੀ ਹੈ।

ਇਸ ਦੇਸ਼ ਤੇ ਕਾਲ ਦੇ ਅੰਤਰਗਤ ਸ਼ਹਿਰਾਂ ਤੇ ਨਗਰਾਂ, ਇਸਤਰੀ ਪੁਰਸ਼ਾਂ ਤੇ ਬਚਿਆਂ ਦੇ ਕੋਮਲ ਹਿਰਦਿਆਂ ਨੂੰ ਦਿਨ ਦੇ ਸਫ਼ਰ ਦੀਆਂ ਪੀੜਾਂ ਦੁਖੀ ਕਰਦੀਆਂ ਹਨ। ਇੰਜ ਹੀ ਸ਼ਾਮ ਹੋ ਜਾਂਦੀ ਹੈ, ਰਾਤ ਪੈ ਜਾਂਦੀ ਹੈ।

ਇਸ ਗੱਲ 'ਤੇ ਨਾ ਹਸੋ ਕਿ ਦਿਨ ਢਲ ਰਿਹਾ ਹੈ ਕਿਉਂਜੋ ਇਹ ਤਾਂ ਹਰ ਇਕ ਦੀ ਹੋਣੀ ਹੈ। ਸ਼ਾਂਤ ਚਿਤ ਹੋ ਕੇ ਪ੍ਰਭੂ ਦਾ ਧਿਆਨ ਧਰੋ। ਪੰਛੀ ਆਪਣੇ ਆਲ੍ਹਣਿਆਂ ਵਲ ਪਰਤ ਰਹੇ ਹਨ, ਮੱਝਾਂ-ਗਾਵਾਂ ਦੇ ਵੱਗ ਆਪਣੀਆਂ ਖੁਰਲੀਆਂ ਵਲ ਆ ਰਹੇ ਹਨ, ਉਪਰ ਆਕਾਸ਼ ਵਿਚ ਤਾਰੇ ਚਮਕ ਰਹੇ ਹਨ—ਪ੍ਰੇਮ ਦੀਆਂ ਉਚੀਆਂ ਆਸਾਂ ਦਾ ਸੰਦੇਸ਼ਾ ਦੇ ਰਹੇ ਹਨ, ਸਭ ਕੁਝ ਸ਼ਾਂਤ ਹੈ। ਅਜਿਹੀ ਸ਼ੁਭ ਘੜੀ ਨਦੀਆਂ ਦੇ ਵਹਿਣ ਵੀ ਰੁਕ ਜਾਂਦੇ ਹਨ। ਜਿਗਿਆਸੂਓ ! ਉਠੋ, ਜਾਗੋ ਅਤੇ ਅਜਿਹੀ ਸਹਿਜ ਸ਼ਾਂਤੀ ਵਿਚ ਲੀਨ ਹੋਵੋ ਤੇ ਉਸ ਦਾ 'ਵਾਹੁ ਵਾਹੁ' ਦਾ ਨਾਮ ਜਪੋ। ਸੰਝ ਦੇ ਨੈਣ ਸੋਚਾਂ ਨਾਲ ਰੱਤੇ ਹਨ। ਇਸ ਸਹਿਜ ਸ਼ਾਂਤੀ ਵਿਚ 'ਵਾਹੁ ਵਾਹੁ' ਦਾ ਗੁਣ ਗਾਇਨ ਕਰੋ।

ਜੀਵਨ ਦੇ ਯਾਤਰੂਆਂ ਦੀ ਹੋਣੀ ਤ੍ਰਾਸਦੀ ਭਰਪੂਰ ਹੈ। ਜਦੋਂ ਉਹ ਆਪਣੇ ਪਿਆਰਿਆਂ ਨੂੰ ਮਿਲਦੇ ਹਨ ਤਾਂ ਬੜੇ ਖ਼ੁਸ਼ ਹੁੰਦੇ ਹਨ, ਪਰ ਜਦੋਂ ਉਹਨਾਂ ਕੋਲੋਂ ਵਿਛੜਦੇ ਹਨ ਤਾਂ ਗ਼ਮਗੀਨ ਹੋ ਜਾਂਦੇ ਹਨ। ਮਨੁੱਖ ਦੀ ਇਸ ਵਚਿਤਰ ਤ੍ਰਾਸਦੀ ਦੇ ਜਨਮ ਦੀਆਂ ਖ਼ੁਸ਼ੀਆਂ ਤੇ ਮਰਨ ਦੀਆਂ ਗ਼ਮੀਆਂ, ਮਿਲਾਪ ਦੇ ਅਨੰਦ ਤੇ ਵਿਛੋੜੇ ਦੀਆਂ ਪੀੜਾਂ ਉਹ ਅੰਕ ਹਨ ਜੋ ਰਾਉ ਰੰਕ ਨੂੰ ਇਕ ਸਮਾਨ ਦੁਖੀ ਕਰਦੇ ਹਨ।

ਦੁਖੀ ਹਿਰਦਿਆਂ ਉਤੇ ਮਲ੍ਹਮ ਲਾਉ। ਇਹ ਪੀੜਤ ਉਹਨਾਂ ਲੋਕਾਂ ਨਾਲੋਂ ਪ੍ਰਭੂ ਦੇ ਵਧੇਰੇ ਨੇੜੇ ਹੁੰਦੇ ਹਨ, ਜੋ ਪੰਜਾਂ ਇੰਦਰੀਆਂ ਦੇ ਚੁਹਲਾਂ ਤੇ ਰਸ-ਭੋਗਾਂ ਦੁਆਲੇ ਹੀ ਚਕਰ ਕਟਦੇ ਰਹਿੰਦੇ ਹਨ ਅਤੇ ਹੋਰ ਸਭ ਵਲੋਂ ਬੇਧਿਆਨ ਹੋ ਕੇ ਆਤਮਿਕ ਤੌਰ 'ਤੇ ਮੁਰਦਾ ਹੁੰਦੇ ਹਨ। ਇਹ ਸੁਆਰਥੀ ਖ਼ੁਸ਼ੀ ਅਰਥਹੀਣ ਤੇ ਛੋਹਰਪੁਣੇ ਵਾਲੀ ਹੁੰਦੀ ਹੈ ਅਤੇ ਇਸ ਵਿਚ ਗ਼ਲਤਾਨ ਇਸਤਰੀ ਪੁਰਸ਼ਾਂ ਦੀ ਹਾਲਤ ਵਣ ਦੇ ਉਹਨਾਂ ਬ੍ਰਿਛਾਂ ਵਾਲੀ ਹੁੰਦੀ ਹੈ ਜੋ ਜੜ੍ਹਾਂ ਤੋਂ ਉਖੜ ਜਾਂਦੇ ਹਨ ਅਤੇ ਰੋਗੀ ਸੁਆਰਥ ਵਾਲੇ ਕੁਰਾਹੇ ਪੈ ਕੇ ਸੁਕ ਸੜ ਰਹੇ ਹੁੰਦੇ ਹਨ।

ਯਾਦ ਰਖੋ ਕਿ ਜੇ ਤੁਸਾਂ ਜਿਉਣਾ ਹੀ ਹੈ ਤਾਂ ਕਿਸੇ ਦੇ ਗ਼ਮਾਂ ਦੇ ਭਾਰ ਨੂੰ ਹੌਲਾ ਕਰਨ ਲਈ ਜੀਉ, ਕਿਸੇ ਦੇ ਸਿਰ ਦੇ ਉਤੇ ਪਈ ਪੰਡ ਦੇ ਭਾਰ ਨੂੰ ਚੁਕ ਲਉ, ਉਹਨਾਂ ਦੀ ਸਹਾਇਤਾ ਕਰੋ ਜੋ ਆਪਣੀ ਵਿਸ਼ੇਸ਼ ਹੋਣੀ ਦੇ ਫ਼ਲਸਰੂਪ ਆਪਣਾ ਸਭ ਕੁਝ ਗੁਆ ਚੁਕੇ ਹਨ। ਸਭ ਤੋਂ ਪਹਿਲਾਂ ਗ਼ਮ ਵਿਚ ਪਸੀਜਣ ਵਾਲੇ ਮਨੁੱਖ ਬਣੋ, ਨਹੀਂ ਤਾਂ ਇਸ ਵਲੋਂ ਉਦਾਸੀ ਤੁਹਾਡੇ ਵਿਚਲੇ ਮਨੁੱਖ ਦੀ ਹੋਂਦ ਦੀ ਸੁੰਦਰਤਾ ਨੂੰ ਖੀਣ ਕਰ ਦੇਵੇਗੀ। ਸਭ ਤੋਂ ਪਹਿਲਾਂ ਆਪਣੇ ਆਪ ਨੂੰ ਪ੍ਰਭੂ ਦੀ ਪ੍ਰਸੰਨਚਿਤਤਾ ਵਿਚ ਢਾਲ ਕੇ ਫ਼ਰਿਸ਼ਤੇਹਾਰ ਬਣਾਉ ਅਤੇ ਸਭ ਚੇਤੰਨ ਵਸਤੂਆਂ

ਨਾਲ ਮਿੱਠੜਾ ਤੇ ਹਲੀਮੀ ਭਰਿਆ ਵਰਤਾਓ ਕਰੋ। ਤੁਹਾਡਾ ਅਜਿਹਾ ਦਇਆ ਭਰਪੂਰ ਤਿਆਗ ਹੀ ਸੱਚੀ ਸੁੰਦਰਤਾ ਤੇ ਸੱਚੇ ਸ੍ਰਿਸ਼ਟਾਚਾਰ ਦਾ ਪ੍ਰਮਾਣ ਹੈ।

ਆਪਣੇ ਆਪ ਨੂੰ ਪ੍ਰਭੂ-ਪ੍ਰੀਤਮ ਨਾਲ ਜੋੜ ਕੇ ਪ੍ਰਭੂ ਦੇ ਅਜਿਹੇ ਦੈਵੀ ਵਿਵਹਾਰ ਲਈ ਰਾਖਵਾਂ ਕਰੋ। ਉਠੋ ਤੇ ਹਰ ਮਨੁੱਖੀ ਦਰ ਉਤੇ 'ਵਾਹੁ ਵਾਹੁ' ਦਾ ਗੁਣ ਗਾਇਨ ਕਰਦੇ ਹੋਏ ਜਾਉ।

ਜਿਗਿਆਸੂਓ ! ਪ੍ਰੇਮੀਆਂ ਦੀਆਂ ਵੇਗਵਾਨ ਗਲਵਕੜੀਆਂ ਦਾ ਸਖਣਾਪਣ ਭਰਿਆ ਨਹੀਂ ਜਾ ਸਕਦਾ ਤੇ ਵਡੀਆਂ ਪੀੜਾਂ ਉਪਜਾਉਣ ਵਾਲੇ ਜ਼ਹਿਰ ਪਿਆਲੇ ਘਟ ਹੀ ਸੁਖ ਆਰਾਮ ਦੇ ਸਕਦੇ ਹਨ। ਦਾਨਿਆਂ ਦੇ ਸੁਘੜ ਸ਼ਬਦ ਵੀ ਪ੍ਰੇਮ ਹਥੋਂ ਟੁਟੀਆਂ ਖ਼ਾਲੀ ਥਾਵਾਂ ਨੂੰ ਭਰ ਨਹੀਂ ਸਕਣਗੇ। ਇਸ ਲਈ ਜਿਗਿਆਸੂਓ ! ਉਠੋ, ਉਸ ਦਾ ਨਾਮ ਸਿਮਰਨ ਕਰੋ ਤੇ 'ਵਾਹੁ ਵਾਹੁ' ਦੇ ਗੀਤ ਦਾ ਗੁਣ ਗਾਇਨ ਕਰੋ। ਕਿਉਂਜੋ ਇਸ ਨਾਲ ਦੇਵ ਮੰਡਲ ਵਿਚੋਂ ਪ੍ਰੇਮ ਦੀ ਸੁੰਦਰਤਾ ਦਾ ਮਿਹਰ-ਮੀਂਹ ਵਰ੍ਹੇਗਾ, ਜਿਸ ਨਾਲ ਸਭ ਪ੍ਰੇਮ ਵਿਛੁੰਨੇ ਨਰ ਨਾਰੀਆਂ ਨੂੰ ਸਹਿਜ ਸ਼ਾਂਤੀ ਪ੍ਰਾਪਤ ਹੋਵੇਗੀ। ਸਭ ਰਾਉ ਰੰਕ, ਸਰਧਨਾਂ-ਨਿਰਧਨਾਂ ਨੂੰ ਇਸ ਮਿਹਰ ਭਰੀ, ਪ੍ਰੇਮ ਭਰੀ ਪ੍ਰੇਮ ਵਰਖਾ ਦੀ ਲੋੜ ਹੈ ਅਤੇ ਜੇ ਤੁਹਾਡੇ ਕੋਲ ਸਿਮਰਨ ਦੀ ਦਾਤ ਹੈ ਜੋ ਪ੍ਰਭੂ-ਪ੍ਰੀਤਮ ਦੇ ਪ੍ਰੇਮ ਦੀ ਯਾਦ ਨਾਲ ਭਰਪੂਰ ਹੈ ਤਾਂ ਅਜਿਹੇ ਨਾਮ ਸਿਮਰਨ ਨਾਲ ਮਨੁੱਖ ਤੇ ਸਭ ਜੀਅ-ਜੰਤੂ ਤੁਹਾਡੇ ਗਿਰਦੇ ਆ ਜੁੜਨਗੇ ਤੇ ਉਹਨਾਂ ਨੂੰ ਸੁਖ ਸ਼ਾਂਤੀ ਮਿਲੇਗੀ।

ਪਰ ਇਸ ਤਰ੍ਹਾਂ ਦੂਜੇ ਲੋਕਾਂ ਕੋਲ ਜਾਣ ਤੋਂ ਪਹਿਲਾਂ ਪੱਕੀ ਤਰ੍ਹਾਂ ਅਨੁਭਵ ਕਰ ਲਵੋ ਕਿ ਤੁਹਾਡਾ ਮੇਲ ਪ੍ਰਭੂ-ਪ੍ਰੀਤਮ ਨਾਲ ਹੋ ਚੁੱਕਾ ਹੈ ਤੇ ਸਭ ਦੇਵ-ਮੰਡਲ ਤੁਹਾਡੀ ਪਿਠ ਪਿਛੇ ਹੈ। ਅਜਿਹੀ ਅਵਸਥਾ ਨੂੰ ਪ੍ਰਾਪਤ ਕਰਨ ਤੋਂ ਪਹਿਲਾਂ ਸਾਰੀ ਅਧਿਆਤਮਿਕ ਪ੍ਰਕ੍ਰਿਆ ਤੇ ਸ੍ਰਿਸ਼ਟਾਚਾਰ ਆਤਮਾ ਦੇ ਨਿਜ ਕੋਠੇ ਤੇ ਇਕਾਂਤ ਵਿਚ ਹੀ ਪਲ ਰਿਹਾ ਹੁੰਦਾ ਹੈ। ਜੋ ਆਪਣੇ ਆਤਮ-ਬਲ ਨੂੰ ਆਪਣੀ ਸਮਰੱਥਾ ਅਨੁਸਾਰ ਵਰਤਦਾ ਹੈ, ਉਹ ਛੇਤੀ ਹੀ ਉਸ ਦੀ ਪੂਰਤੀ ਆਪਣੇ ਆਪ ਸਹਿਜ ਰੂਪ ਵਿਚ ਕਰ ਲੈਂਦਾ ਹੈ। ਜੀਵਨ ਦੀਆਂ ਆਤਮਿਕ ਚੰਗਿਆੜੀਆਂ ਨੂੰ ਦੂਜਿਆਂ ਵਿਚ ਜਗਾਉਣਾ ਤੁਹਾਡੀ ਆਪਣੀ ਇੱਛਾ ਉਤੇ ਨਿਰਭਰ ਨਹੀਂ ਕਰਦਾ, ਸਗੋਂ ਇਹ ਤਾਂ ਪ੍ਰਭੂ-ਪ੍ਰੀਤਮ ਦੀ ਰਜ਼ਾ ਤੇ ਹੁਕਮੀ ਖੇਡ ਹੁੰਦੀ ਹੈ। ਸੱਚਾ ਉਪਦੇਸ਼ ਤਾਂ ਰੱਬੀ ਫ਼ਰਿਸ਼ਤਿਆਂ ਦੁਆਰਾ ਹੀ ਹੁੰਦਾ ਹੈ ਤੇ ਮਨੁੱਖ ਤਾਂ ਇਸ ਵਿਚ ਵਾਹਨ ਮਾਤਰ ਹੀ ਭੂਮਿਕਾ ਨੂੰ ਨਿਭਾਉਂਦੇ ਹਨ।

ਜਦੋਂ ਤੁਹਾਡੀ ਛੁਹ ਮਾਤਰ ਇਕ ਮਿੱਠੇ ਗੀਤ ਲਈ ਸਾਰੀ ਬਾਦਸ਼ਾਹਤ ਨੂੰ ਬਖ਼ਸ਼ ਦਿੰਦੀ ਹੈ, ਜਦੋਂ ਤੁਹਾਡਾ ਸ਼ਬਦ ਵਰ ਬਣ ਕੇ ਉਹਨਾਂ ਆਤਮਲੀਨ ਵਿਅਕਤੀਆਂ ਨੂੰ ਠੰਡ ਪਹੁੰਚਾਉਂਦਾ ਹੈ ਜੋ ਤੁਹਾਨੂੰ ਆ ਕੇ ਮਿਲਦੇ ਹਨ ਤਾਂ ਉਹਨਾਂ ਰੂਹਾਂ ਨੂੰ ਸੁਖ ਆਰਾਮ ਦਾ ਸਾਹ ਆਉਂਦਾ ਹੈ। ਉਹਨਾਂ ਦੇ ਦਿਲ ਤੁਹਾਡਾ ਦਰਸ਼ਨ ਕਰਕੇ ਸ਼ੁਕਰਾਨੇ ਨਾਲ ਭਰ ਜਾਂਦੇ ਹਨ। ਅਜਿਹੇ ਮੌਕਿਆਂ ਉਤੇ ਹੀ ਤੁਹਾਡਾ ਨਾਮ ਰੂਪੀ ਗੀਤ ਦੂਜਿਆਂ ਉਤੇ ਠੀਕ ਅਸਰ ਕਰਦਾ ਹੈ। ਦੂਜੇ ਅਰਥਾਂ ਵਿਚ ਇਸ

ਦਾ ਭਾਵ ਹੈ ਕਿ ਪ੍ਰਭੂ ਨੇ ਤੁਹਾਨੂੰ ਲਭ ਲਿਆ ਹੈ ਤੇ ਤੁਸੀਂ ਵੀ ਪ੍ਰਭੂ ਨੂੰ ਪਾ ਲਿਆ ਹੈ। ਅਜਿਹੇ ਸਮੇਂ ਤੁਹਾਡੇ ਨੈਣਾਂ ਵਿਚ ਵਸ ਰਹੀ ਸਹਿਜ ਸ਼ਾਂਤੀ ਕੇਵਲ ਤੁਹਾਡੇ ਆਪਣੇ ਲਈ ਹੀ ਨਹੀਂ ਹੁੰਦੀ, ਇਹ ਦੂਜਿਆਂ ਲਈ ਵੀ ਹੁੰਦੀ ਹੈ। ਤੁਹਾਡੀ ਛੁਹ ਵਿਚ ਜੋ ਸਹਿਜ ਸ਼ਾਂਤੀ ਦਾ ਆਭਾਸ ਹੈ, ਉਹ ਕੇਵਲ ਤੁਹਾਡੇ ਆਪਣੇ ਲਈ ਹੀ ਨਹੀਂ ਹੈ, ਸਗੋਂ ਦੂਜਿਆਂ ਲਈ ਵੀ। ਇਸ ਲਈ ਉਠੋ ਤੇ ਉਸ ਪ੍ਰਭੂ-ਪ੍ਰੀਤਮ ਦਾ ਨਾਮ ਜਪੋ। ਨਾਮ ਉਹਨਾਂ ਸਭ ਚੇਤੰਨ ਪ੍ਰਾਣੀਆਂ ਲਈ ਕਲਿਆਣਕਾਰੀ ਹੈ, ਜੋ ਪ੍ਰਭੂ-ਪ੍ਰੀਤਮ ਦੇ ਵਾਹਨ ਰੂਪ ਹਨ। ਨਾਮ ਰੂਪੀ ਪ੍ਰੇਰਨਾ ਮਨੁੱਖ ਦੇ ਹਿਰਦੇ ਤੇ ਮਨ ਦੀਆਂ ਸਾਰੀਆਂ ਖ਼ਾਲੀ ਥਾਵਾਂ ਨੂੰ ਭਰਪੂਰ ਕਰ ਦਿੰਦੀ ਹੈ। ਇਸ ਲਈ ਸਭ ਦਰਾਂ ਦੇ ਅਗੋਂ ਦੀ 'ਵਾਹੁ ਵਾਹੁ' ਦਾ ਗੁਣ ਗਾਇਨ ਕਰਦੇ ਤੁਰਦੇ ਜਾਓ ਅਤੇ ਇੰਜ ਪ੍ਰਤੀਤ ਕਰੋ ਕਿ "ਇਹ ਸਭ ਕੁਝ ਮੈਂ ਨਹੀਂ ਕੀਤਾ, ਸਗੋਂ ਉਸ ਪ੍ਰਭੂ-ਪ੍ਰੀਤਮ ਨੇ ਆਪ ਹੀ ਮੇਰੇ ਰਾਹੀਂ ਕੀਤਾ ਹੈ।" ਮੈਨੂੰ ਤਾਂ ਇਸ ਬਾਰੇ ਕੁਝ ਵੀ ਗਿਆਨ ਨਹੀਂ ਹੈ। ਨਾ ਹੀ ਮੈਂ ਇਹ ਕੁਝ ਦਸ ਸਕਦਾ ਹਾਂ ਕਿ ਇਹ ਸਭ ਕੁਝ ਕਿਵੇਂ ਹੋਇਆ ਹੈ। ਇਹ ਤਾਂ ਸਭ ਕੁਝ ਪ੍ਰਭੂ-ਪ੍ਰੀਤਮ ਦੀ ਇੱਛਾ ਅਨੁਸਾਰ ਹੀ ਹੋਇਆ ਹੈ।

## X

ਉਹਨਾਂ ਪਾਪੀਆਂ ਨੂੰ ਮਿਲਣ ਸਮੇਂ ਜੋ ਅਗਿਆਨੀ ਹਨ, ਬੇਸਬਰੇ ਨਾ ਹੋਵੋ। ਗੁਰੂ ਜੀ ਤਾਂ ਅਜਿਹੇ ਲੱਖਾਂ ਦੀ ਨਾਮ ਦੇ ਕਿਣਕੇ ਰਾਹੀਂ ਰੱਖਿਆ ਕਰਦੇ ਹਨ। ਗੁਰੂ ਜੀ ਤਾਂ ਉਹਨਾਂ ਅਗਿਆਨੀ ਪਾਪੀਆਂ ਦੇ ਮਸਤਕ ਉਤੇ ਹੱਥ ਧਰ ਕੇ ਉਹਨਾਂ ਦੀ ਆਤਮਾ ਉਤੇ ਯੁਗਾਂ ਦੀ ਮੈਲ ਨੂੰ ਨੇਤਰਫੋਰ ਵਿਚ ਧੋ ਕੇ ਸਾਫ ਕਰ ਦਿੰਦੇ ਹਨ। ਗੁਰੂ ਜੀ ਦੇ ਪ੍ਰਸਾਦਿ-ਕਰਮ ਵਿਚ ਉਹਨਾਂ ਦੇ ਸਭ ਪਾਪ ਧੋਤੇ ਜਾਂਦੇ ਹਨ ਅਤੇ ਇਸ ਮਹਾਨ ਮਿਹਰ ਦੇ ਪ੍ਰਕਾਸ਼ ਵਿਚ ਉਹ ਨਵ-ਜਨਮੇ ਮਨੁੱਖਾਂ ਹਾਰ ਚਮਕ ਉਠਦੇ ਹਨ—ਜਿਵੇਂ ਉਹ ਸਭ ਤੋਂ ਪਹਿਲਾਂ ਜਨਮੇ ਆਦਿ ਮਨੁੱਖ ਹੋਣ, ਜਿਨ੍ਹਾਂ ਨੇ ਪ੍ਰਭੂ ਦੀ ਹੋਂਦ ਵਿਚ ਤੇ ਪ੍ਰਕ੍ਰਿਤੀ ਦੀ ਗੋਦ ਵਿਚ ਜਨਮ ਲਿਆ ਹੋਵੇ।

ਪਾਪ ਤਾਂ ਉਹ ਭਾਰ ਹੈ ਜੋ ਆਤਮਾ ਨੂੰ ਸੁੰਨ ਕਰ ਦਿੰਦਾ ਹੈ। ਇਥੇ ਕਿਸੇ ਵੀ ਸਦਾਚਾਰੀ ਮਨੁੱਖ ਦਾ ਕੋਈ ਉਪਦੇਸ਼ ਜਾਂ ਆਚਾਰ-ਸੰਘਤਾ ਦਾ ਕੋਈ ਉਪਦੇਸ਼ ਜਾਂ ਆਚਾਰ-ਸੰਘਤਾ ਦਾ ਕੋਈ ਨੇਮ ਕਾਟ ਨਹੀਂ ਕਰ ਸਕਦਾ। ਕੇਵਲ ਰਖਣਹਾਰ ਪ੍ਰਭੂ ਦੀ ਇਕ ਮਿਹਰ ਦੀ ਨਿਗ੍ਹਾ ਹੀ ਪੱਥਰ ਵਿਚ ਜੀਵਨ ਨੂੰ ਧੜਕਾ ਦਿੰਦੀ ਹੈ ਤੇ ਉਹ ਪੱਥਰ ਜਾਗ ਕੇ ਗੀਤ ਗਾਉਣ ਲਗ ਪੈਂਦਾ ਹੈ। ਮਨੁੱਖ ਦਾ ਧਾਤ ਰੂਪੀ ਅਸਲਾ ਹੀ ਬਦਲ ਜਾਂਦਾ ਹੈ ਅਤੇ ਉਸ ਦੀ ਪਸ਼ੂ ਪ੍ਰਵਿਰਤੀ ਦਾ ਮਨੁੱਖ ਦੀ ਪ੍ਰਕ੍ਰਿਤੀ ਵਿਚ ਕਾਇਆ ਕਲਪ ਹੋ ਜਾਂਦਾ ਹੈ।

ਰੱਖਿਅਕ ਗੁਰੂ ਦੀ ਮਿਹਰ ਦੇ ਇਸ ਪਰਮਾਨੰਦ ਨੂੰ ਭਰਪੂਰਤਾ ਵਿਚ ਪ੍ਰਾਪਤ ਕਰਕੇ ਇਸ ਦੇ ਖੁਸ ਜਾਣ ਉਤੇ ਉਹ ਰੋਂਦਾ ਤੇ ਕੁਰਲਾਉਂਦਾ ਹੈ ਕਿਉਂਜੋ ਉਸ ਨੂੰ ਗਿਆਨ ਹੁੰਦਾ ਹੈ ਕਿ ਇਸ ਦਾਤ ਦਾ ਬਖ਼ਸ਼ਣਹਾਰ ਕੌਣ ਹੈ ? ਜਦੋਂ

ਉਸ ਦੀ ਛੁਹ ਦੇ ਅਨੰਦ ਨੂੰ ਅਨੁਭਵ ਕਰ ਸਕਣ ਲਈ ਉਸ ਦੇ ਰੋਮ ਮੁੜ ਬੰਦ ਹੋ ਜਾਂਦੇ ਹਨ ਤੇ ਉਹਨਾਂ ਵਿਚ ਉਹ ਅਨੰਦ ਦਾ ਅਨੁਭਵ ਨਹੀਂ ਜਾਗਦਾ ਤਾਂ ਉਹ ਰੋਂਦਾ ਤੇ ਵਿਰਲਾਪ ਕਰਦਾ ਹੈ। ਗੁਰੂ ਜੀ ਦੀ ਬਖ਼ਸ਼ੀ ਦਾਤ ਦੇ ਰੂਪ ਵਿਚ ਇਸ ਗੁਣ ਤੋਂ ਵਿਹੂਣਾ ਹੋ ਕੇ ਉਹ ਜਿਉਂਦਾ ਨਹੀਂ ਰਹਿ ਸਕਦਾ।

ਜਿਵੇਂ ਅਫ਼ੀਮੀ ਮਾਵੇ ਤੋਂ ਬਿਨਾਂ ਨਹੀਂ ਰਹਿ ਸਕਦਾ, ਸ਼ਰਾਬੀ ਨੂੰ ਸ਼ਰਾਬ ਦੀ ਲੋੜ ਹੈ, ਕਾਮੀ ਨੂੰ ਕਾਮ ਕਲੋਲਾਂ ਦੀ, ਤਿਵੇਂ ਹੀ ਗੁਰੂ ਦੀ ਮਿਹਰ ਸਦਕਾ ਬਖ਼ਸ਼ਿਆ ਗਿਆ ਪਾਪੀ ਨਾਮ ਦੇ ਹੁਲਾਰੇ ਤੋਂ ਬਿਨਾਂ ਜਿਉਂਦਾ ਨਹੀਂ ਰਹਿ ਸਕਦਾ।

## XI

ਆਪਣੀ ਇੱਛਾ ਅਥਵਾ ਮਨਮੁਖਤਾ ਕਾਰਨ ਪ੍ਰਭੂ-ਪ੍ਰੀਤਮ ਤੋਂ ਵਿਛੁੰਨੇ ਜਾਣ ਤੋਂ ਵੱਡਾ ਹੋਰ ਕੋਈ ਦੁਖ ਨਹੀਂ ਹੈ। ਇਸ ਪ੍ਰੀਤ ਮੰਦਰ ਤੋਂ ਦੂਰ ਸੁਟੇ ਜਾਣ ਤੋਂ ਵੱਡੀ ਕੋਈ ਹੋਰ ਪੀੜਾ ਨਹੀਂ ਹੈ।

ਇਸ ਲਈ ਸਾਵਧਾਨ ਹੋਵੋ, ਭਾਂਵੇਂ ਕੋਈ ਕਿੰਨਾਂ ਵੀ ਚਤੁਰ ਤੇ ਕਾਇਲ ਕਰਨ ਯੋਗ ਕਾਰਨ ਕਿਉਂ ਨਾ ਹੋਵੇ ਜਿਸ ਦੇ ਫਲਸਰੂਪ ਤੁਸੀਂ ਪ੍ਰਭੂ ਦੀ ਹਜ਼ੂਰੀ ਤੋਂ ਬਾਹਰ ਆ ਜਾਓ। ਉਸ ਦੀ ਯਾਦ ਨੂੰ ਵੀ ਆਪਣੇ ਮਨ ਵਿਚੋਂ ਕਢ ਦਿਓ। ਇਸੇ ਨੂੰ ਮੈਂ ਸਿਮਰਨ ਦੀ ਸੰਗਿਆ ਦਿੰਦਾ ਹਾਂ।

ਇਸੇ ਮਹਾਨ ਸਿਮਰਨ ਦੁਆਰਾ ਮਨੁੱਖੀ ਸਰੀਰ ਪਵਿੱਤਰ ਹੋ ਜਾਂਦਾ ਹੈ। ਇਸ ਲਈ ਇਸ ਸਰੀਰ ਨੂੰ ਖੁਰਾਕ, ਪੁਸ਼ਾਕ ਤੇ ਸਾਂਭ ਸੰਭਾਲ ਕੇ ਰਖਣਾ ਉਚਿਤ ਹੀ ਹੈ। ਵੇਖੋ, ਇਹ ਸਰੀਰ ਉਸ ਮਹਾਨ ਕਲਾਕਾਰ (ਪ੍ਰਭੂ) ਦੀ ਰਚਨਾ ਹੈ ਅਤੇ ਇਸ ਦੇ ਸੁਹਜ ਭਰਪੂਰ ਗੁੰਬਦਾਂ ਵਿਚ ਉਸੇ ਦਾ ਹੀ ਗੀਤ ਗੂੰਜ ਰਿਹਾ ਹੈ। ਗਾਇਕ ਆਪਣੇ ਗੀਤ ਵਿਚ ਹੀ ਜੀਵਤ ਹੁੰਦਾ ਹੈ। ਜੇ ਤੁਸੀਂ ਉਸ ਦੀ ਹਜ਼ੂਰੀ ਤੋਂ ਨਸ ਜਾਂਦੇ ਹੋ ਤੇ ਪ੍ਰੇਮ ਦੀ ਸਿਮਰਤੀ ਨੂੰ ਭੰਗ ਕਰਦੇ ਹੋ ਤਾਂ ਤੁਸੀਂ ਕੇਵਲ ਇਕ ਲੋਥ ਰਹਿ ਜਾਂਦੇ ਹੋ।

ਜਿਗਿਆਸੂਆਂ ਦਾ ਸਰੀਰ ਪਵਿੱਤਰ ਹੁੰਦਾ ਹੈ। ਗੁਆਲਣਾਂ ਦੁੱਧ ਦੀ ਸੰਭਾਲ ਲਈ ਆਪਣੇ ਬਰਤਨਾਂ ਨੂੰ ਮਾਂਜ ਧੋ ਕੇ ਰਖਦੀਆਂ ਹਨ। ਇਸ ਲਈ ਜਿਗਿਆਸੂਓ ! ਤੁਸੀਂ ਵੀ ਆਪਣੇ ਗੁਰੂ ਨੂੰ ਅਨੁਭਵ ਕਰਨ ਲਈ ਆਪਣੇ ਸਰੀਰ ਨੂੰ ਅਦੂਸ਼ਿਤ ਰਖੋ।

ਜੇ ਤੁਸੀਂ ਇਸ ਮੰਦਰ ਦੇ ਰਚਨਹਾਰ ਨੂੰ ਪ੍ਰੇਮ ਕਰਦੇ ਹੋ ਤਾਂ ਤੁਸੀਂ ਉਸ ਦੀ ਕਲਾ ਸ੍ਰਿਸ਼ਟੀ ਨੂੰ ਵੀ ਪ੍ਰੇਮ ਕਰੋ। ਹੋਰ ਸਭ ਮੰਦਰ ਇੱਟਾਂ-ਚੂਨਿਆਂ ਦੇ ਬਣੇ ਹੋਏ ਹੁੰਦੇ ਹਨ, ਪਰ ਪ੍ਰਭੂ ਦਾ ਇਹ ਸਰੀਰ ਰੂਪੀ ਮੰਦਰ ਉਸ ਦੇ ਗੀਤ ਤੇ ਅਨੰਦ ਦਾ ਬਣਿਆ ਹੋਇਆ ਹੁੰਦਾ ਹੈ। ਇਸ ਲਈ ਜਦੋਂ ਤੁਸੀਂ ਕਿਸੇ ਮਨੁੱਖ ਨੂੰ ਛੂੰਹਦੇ ਹੋ ਤਾਂ ਤੁਸੀਂ ਪ੍ਰਭੂ ਦੀ ਛੁਹ ਨੂੰ ਹੀ ਪਾ ਲੈਂਦੇ ਹੋ।

ਇਸ ਸਰੀਰ ਨੂੰ ਬੰਧਨਾਂ ਵਿਚ ਨਾ ਜਕੜ ਲਉ। ਮਨੁੱਖ ਤਾਂ ਕੋਈ ਟਾਵਾਂ ਟਾਵਾਂ ਹੀ ਹੁੰਦਾ ਹੈ। ਜਦੋਂ ਤੁਸੀਂ ਕਿਸੇ ਮਨੁੱਖ ਨੂੰ ਮਿਲੋ ਤਾਂ ਉਸ ਨੂੰ ਪ੍ਰਣਾਮ ਕਰੋ।

ਜਿਹੜਾ ਸੀਸ ਗੁਰੂ ਦੇ ਅਗੇ ਨਹੀਂ ਝੁਕਦਾ, ਉਸ ਦਾ ਕਟਿਆ ਜਾਣਾ

ਹੀ ਚੰਗਾ ਹੈ। ਜਿਸ ਮਨੁੱਖੀ ਸਰੀਰ ਰੂਪੀ ਮੰਦਰ ਉਤੇ ਗੁਰੂ ਦੀ ਬਖ਼ਸ਼ਿਸ਼ ਹੁੰਦੀ ਹੈ, ਉਸ ਦੀ ਸ਼ੋਭਾ ਵਧਾਉਣ ਲਈ ਦੇਵਤੇ ਵੀ ਤਾਂਘਦੇ ਰਹਿੰਦੇ ਹਨ। ਸਵਰਗ ਲੋਕ ਗੁਰੂ ਦੀ ਆਗਿਆ ਦਾ ਪਾਲਣ ਕਰਨ ਲਈ ਹਰ ਦਮ ਤਤਪਰ ਰਹਿੰਦਾ ਹੈ। ਇਸ ਪੁਲਾੜ ਦੇ ਮਹਾਂ ਅੰਧਕਾਰ ਦੀ ਇਕੱਲ ਵਿਚ ਪ੍ਰਭੂ ਮਿਹਰ ਹੀ ਸਭ ਤੋਂ ਵੱਡਾ ਸਾਥੀ ਹੁੰਦੀ ਹੈ।

ਇਸ ਲਈ ਜਿਗਿਆਸੂਓ ! ਮੈਂ ਤੁਹਾਨੂੰ ਸੱਚ ਆਖਦਾ ਹਾਂ ਕਿ ਪ੍ਰਭੂ-ਪ੍ਰੀਤਮ ਤੇ ਗੁਰੂ ਦੇ ਵੇਗਵਾਨ ਪ੍ਰੇਮ ਵਿਚ ਉਸ ਦੇ ਪ੍ਰੇਮ ਦੀ ਪਵਿੱਤਰ ਯਾਦ ਵਿਚ ਆਪਣੇ ਜਾਂ ਕਿਸੇ ਦੂਜੇ ਉਤੇ ਹਿੰਸਾ ਨਾ ਹੋਣ ਦਿਉ।

ਜਿਸ ਪ੍ਰਕਾਰ ਮੁਕਤਗਾਮੀ ਮਨੁੱਖ ਸਭ ਕਾਸੇ ਉਤੇ ਆਪਣੇ ਪਾਤਸ਼ਾਹੀ ਅਧਿਕਾਰ ਨੂੰ ਅਨੁਭਵ ਕਰਦਾ ਹੈ, ਇਸੇ ਤਰ੍ਹਾਂ ਤੁਸੀਂ ਵੀ ਇੰਜ ਪ੍ਰਤੀਤ ਕਰੋ ਜਿਵੇਂ ਵਣ ਦੇ ਪੰਛੀ ਤੇ ਸਾਗਰ ਦੀਆਂ ਮੱਛੀਆਂ ਆਪਣੇ ਆਪ ਨੂੰ ਸੁਤੰਤਰ ਅਨੁਭਵ ਕਰਦੀਆਂ ਹਨ ਕਿਉਂਜੋ ਤੁਹਾਡੇ ਵਿਚੋਂ ਵੀ ਹਰ ਕੋਈ ਸੱਚ ਮੁੱਚ ਮੁਕਤਗਾਮੀ ਹੋ ਕੇ ਸਾਰੇ ਬ੍ਰਹਿਮੰਡ ਦਾ ਪਾਤਸ਼ਾਹ ਹੋ ਗਿਆ ਹੈ, ਪਰ ਤੁਹਾਡੀ ਇਹ ਪਾਤਸ਼ਾਹਤ ਉਸ ਨਿਕੇ ਦੀਪਕ ਦੀ ਜੋਤੀ ਸਮਾਨ ਹੈ, ਜਿਸ ਦਾ ਤੁਹਾਡੇ ਦਿਲ ਮੰਦਰ ਵਿਚ ਰਾਤ ਦਿਨ ਬਲਦੇ ਰਹਿਣਾ ਜ਼ਰੂਰੀ ਹੈ ਤੇ ਬਾਕੀ ਹੋਰ ਸਭ ਵਸਤਾਂ ਨੂੰ ਢਲ ਕੇ ਇਸ ਪ੍ਰੇਮ ਦੀਪਕ ਦਾ ਤੇਲ ਬਣ ਜਾਣਾ ਚਾਹੀਦਾ ਹੈ। ਤੁਹਾਡੀ ਪਾਤਸ਼ਾਹਤ ਤਾਂ ਤੁਹਾਨੂੰ ਸਭ ਵਸਤਾਂ ਵਿਚ ਰਮ ਰਹੇ ਪ੍ਰਭੂ ਪ੍ਰੇਮ ਅਤੇ ਹਮਦਰਦੀ ਦੇ ਦੈਵੀ ਪ੍ਰਕਾਸ਼ ਦੇ ਰੂਪ ਵਿਚ ਪ੍ਰਗਟ ਹੋਣੀ ਚਾਹੀਦੀ ਹੈ ਅਤੇ ਤੁਹਾਡੀ ਸ਼ਾਨ ਤੁਹਾਡੇ ਦਿਆਲੂ ਤੇ ਮਿਹਰਬਾਨ ਹੋਣ ਵਿਚ ਹੈ।

ਤੁਸੀਂ ਵਣਾਂ ਦੀਆਂ ਲਕੜਾਂ ਨੂੰ ਆਪਣੇ ਚੁਲ੍ਹਿਆਂ 'ਤੇ ਲੋਹ-ਲੰਗਰ ਤਪਾਉਣ ਲਈ ਇਕੱਠਾ ਕਰੋ ਤਾਂ ਜੋ ਜਿਹੜੇ ਵੀ ਘਿਰਣਾ ਮਾਰੇ ਤੇ ਕੀਨਾ ਸਾੜੇ ਯਾਤਰੂ ਇਸ ਸਥਾਨ ਉਤੇ ਪੁਜਣਗੇ, ਉਹਨਾਂ ਨੂੰ ਸੁੱਖ ਆਰਾਮ ਮਿਲ ਸਕੇ। ਖਾਉ ਪੀਉ ਕਿਉਂਜੋ ਤੁਹਾਡੇ ਲਈ ਜਿਨ੍ਹਾਂ ਦੇ ਹਿਰਦਿਆਂ ਵਿਚ ਗੁਰੂ ਦੇ ਪ੍ਰੇਮ ਦਾ ਪ੍ਰਕਾਸ਼ ਹੁੰਦਾ ਹੈ, ਉਹਨਾਂ ਲਈ ਸਭ ਖਾਣ ਪੀਣ ਦੀਆਂ ਵਸਤਾਂ ਪਵਿੱਤਰ ਹੋ ਜਾਂਦੀਆਂ ਹਨ। ਜਦੋਂ ਵੀ ਤੁਸੀਂ ਕਿਸੇ ਸਥਾਨ ਤੋਂ ਲੰਘਦੇ ਹੋ ਤਾਂ ਸਾਰੀ ਸ੍ਰਿਸ਼ਟੀ ਨੂੰ ਸੁਖ ਦੇਣ ਲਈ ਰੁਖਾਂ ਨੂੰ ਵੀ ਖਾਧ ਖੁਰਾਕ ਦੀ ਲੋੜ ਪੈਂਦੀ ਹੈ। ਤੁਹਾਨੂੰ ਵੀ ਇਸ ਦੀ ਦੂਜਿਆਂ ਦੇ ਦੁਖਾਂ ਨੂੰ ਘਟਾਉਣ ਤੇ ਉਹਨਾਂ ਨੂੰ ਸੁਖ ਆਰਾਮ ਦੇਣ ਲਈ ਇਸ ਦੀ ਲੋੜ ਪੈਂਦੀ ਹੈ।

ਕੋਈ ਵੀ ਖਾਧ ਖੁਰਾਕ ਆਪਣੇ ਆਪ ਨਾ ਪਵਿੱਤਰ ਹੁੰਦੀ ਹੈ ਨਾ ਅਪਵਿੱਤਰ। ਕੇਵਲ ਆਪਣੇ ਮਨੋਭਾਵਾਂ ਦਾ ਹੀ ਰਾਤ ਦਿਨੇ ਖ਼ਿਆਲ ਕਰੋ। ਭੌਤਿਕ ਜੀਵਨ ਜਦੋਂ ਆਤਮਾ ਉਤੇ ਭਾਰੂ ਹੋਣ ਲੱਗ ਪੈਂਦਾ ਹੈ ਤਾਂ ਇਹ ਜ਼ਹਿਰ ਬਣ ਜਾਂਦਾ ਹੈ। ਫਲਸਰੂਪ ਹਰ ਵਸਤੂ ਵਿਚ ਜ਼ਹਿਰ ਘੁਲ ਜਾਂਦਾ ਹੈ। ਇਸ ਲਈ ਸਾਵਧਾਨ ਹੋਵੋ। ਉਹ ਖਾਧਾ ਪੀਤਾ ਧ੍ਰਿਗ ਹੈ ਜਿਸ ਦੇ ਸੇਵਨ ਨਾਲ ਮਨ ਪ੍ਰੇਮ ਤੋਂ ਦੂਰ ਚਲਾ ਜਾਂਦਾ ਹੈ ਤੇ ਦਿਲ ਮੰਦਰ ਦਾ ਦੀਪ ਚੱਟਾਨਾਂ 'ਤੇ ਵਜ ਕੇ ਟੁਕੜੇ ਟੁਕੜੇ

ੋ ਜਾਂਦਾ ਹੈ, ਸਭ ਪਾਸੇ ਹਨੇਰਾ ਛਾ ਜਾਂਦਾ ਹੈ। ਉਸ ਪਹਿਨਣ ਪੋਸ਼ਣ ਨੂੰ ਪ੍ਰਿਕਾਰ ੋ ਜਿਸ ਦੇ ਪਾਇਆਂ ਮਨ ਪ੍ਰੇਮ ਤੋਂ ਦੂਰ ਭਟਕ ਜਾਂਦਾ ਹੈ ਤੇ ਦਿਲ ਮੰਦਰ ਦਾ ੀਪ ਚੱਟਾਨਾਂ 'ਤੇ ਵਜ ਕੇ ਟੁਕੜੇ ਟੁਕੜੇ ਹੋ ਜਾਂਦਾ ਹੈ ਤੇ ਸਭ ਪਾਸੇ ਅੰਧਕਾਰ ਛਾ ਜਾਂਦਾ ਹੈ।

ਬਸੰਤ ਦੇ ਖੇੜੇ ਹਾਰ ਸੁਤੰਤਹ ਹੋਵੋ, ਆਕਾਸ਼ ਵਿਚ ਉਡਦੇ ਪੰਛੀਆਂ ਦੇ ੀਤਾਂ ਸਮਾਨ ਖੁਲ੍ਹ ਤੇ ਆਪਣੇ ਆਪ ਨੂੰ ਵਹਿੰਦੇ ਚਸ਼ਮੇ ਦੀ ਨਿਆਈਂ ਬਣਾ ਲਵੋ। ੁਹਾਡੇ ਲਈ ਸਾਰਾ ਵਿਸ਼ਵ ਆਪਣੇ ਆਪ ਉਚਿਤ ਰੂਪ ਵਿਚ ਢਲ ਜਾਵੇਗਾ। ਏਥੇ ਬਹੁਤੇ ਘੁਣਤਰਬਾਜ਼ ਨਾ ਬਣੋ ਕਿਉਂਜੋ ਬਹੁਤੀਆਂ ਰੁਕਾਵਟਾਂ ਅਚਣਚੇਤੀ ਤੇ ੰਜੋਗ-ਵਸ ਹੀ ਆ ਪੈਂਦੀਆਂ ਹਨ। ਇਹ ਤਾਂ ਰਾਹ ਜਾਂਦਿਆਂ ਤੁਹਾਡੇ ਸਰੀਰ ਨੂੰ ਰੀਟਾਂ ਪੈਣ ਸਮਾਨ ਹਨ। ਤੁਹਾਨੂੰ ਇਹ ਧੋ ਨਹੀਂ ਸਕਣਗੀਆਂ।

## XII

ਤੁਸੀਂ ਇਸ ਸੰਸਾਰ ਵਿਚ ਆਪਣੇ ਲਈ ਇਕ ਘਰ; ਦੇਸ਼, ਇਕ ਰਾਜ ਅਤੇ ਇਕ ਸਮਾਜ ਨੂੰ ਸਥਾਪਤ ਕਰਨ ਦਾ ਯਤਨ ਕਰਦੇ ਹੋ ਤੇ ਆਪਣੀ ਸਾਰੀ ਕਤੀ ਦੋਸਤਾਂ ਤੇ ਸੰਗੀਆਂ ਕੋਲੋਂ ਸੁਖ ਆਰਾਮ ਪ੍ਰਾਪਤ ਕਰਨ ਲਈ ਖ਼ਰਚ ਕਰ ੰਦੇ ਹੋ। ਕੇਵਲ ਆਪਣੇ ਲਈ ਇਹ ਸਭ ਕੁਝ ਸੁਰਖਿਅਤ ਕਰਨ ਖ਼ਾਤਰ ਤੁਸੀਂ ੂਜਿਆਂ ਦਾ ਵਿਨਾਸ਼ ਕਰ ਦਿੰਦੇ ਹੋ, ਪਰ ਯਾਦ ਰਖੋ ਕਿ ਜੀਵਨ ਦਾ ਅੰਤ ਇਥੇ ੀ ਨਹੀਂ ਹੋ ਜਾਂਦਾ। ਮੌਤ ਤੋਂ ਪਿਛੋਂ ਦੇ ਮਾਰਗ ਉਤੇ ਆਉਣ ਵਾਲੇ ਦੇਸ਼ ਬੜੇ ਪਿਆਰੇ ਹੁੰਦੇ ਹਨ ਤੇ ਉਥੋਂ ਦੇ ਸੰਗੀ ਸਾਥੀ ਵੀ ਕੋਈ ਘੱਟ ਸਨੇਹ ਕਰਨ ਵਾਲੇ ਹੀਂ ਹੁੰਦੇ। ਜਿਸ ਤਰ੍ਹਾਂ ਇਸ ਲੋਕ ਵਿਚ ਇਕੱਲ ਨਰਕ ਸਮਾਨ ਹੁੰਦੀ ਹੈ, ਉਸੇ ਰ੍ਹਾਂ ਪਰਲੋਕ ਵਿਚ ਵੀ ਉਹ ਅਜਿਹੀ ਹੀ ਹੋਵੇਗੀ। ਉਥੇ ਵੀ ਤੁਸੀਂ ਆਪਣੇ ਮਿਤਰ ਬਣਾਉਣ ਦੀ ਮਨਸ਼ਾ ਨਾਲ ਯਤਨ ਕਰੋਗੇ ਕਿਉਂਜੋ ਉਥੇ ਤਾਂ ਤੁਸਾਂ ਇਸ ੋਕ ਨਾਲੋਂ ਵਧੇਰੇ ਲੰਮੇ ਸਮੇਂ ਤਕ ਰਹਿਣਾ ਹੈ। ਇਸ ਲਈ ਜੋ ਕੁਝ ਵੀ ਇਸ ੰਸਾਰ ਵਿਚ ਥੋੜ੍ਹਾ ਬਹੁਤਾ ਦੂਜਿਆਂ ਲਈ ਕਰਦੇ ਹੋ, ਉਹੋ ਹੀ ਉਸ ਸੰਸਾਰ ਵਿਚ ਜ਼ਾਰ ਗੁਣਾਂ ਵਧ ਕੇ ਤੁਹਾਡੀ ਸਹਾਇਤਾ ਕਰੇਗਾ ਅਤੇ ਪ੍ਰੀਤ ਦੇ ਉਹ ਜਗਮਗਾਂਦੇ ੰਡਲਾਂ ਵਿਚ ਤੁਹਾਡਾ ਸ਼ਾਨਦਾਰ ਸੁਆਗਤ ਹੋਵੇਗਾ।

ਇਸ ਲਈ ਮੈਂ ਤੁਹਾਨੂੰ ਇਹ ਗੱਲ ਆਖਦਾ ਹਾਂ ਕਿ ਜਦੋਂ ਤੁਸੀਂ ਇਸ ੋਕ ਵਿਚ ਆਪਣੇ ਦੇਸ਼ ਬਾਰੇ ਤੇ ਆਪਣੇ ਮਿਤਰਾਂ ਬਾਰੇ ਕੁਝ ਸੋਚਦੇ ਹੋ ਤਾਂ ੁਸ ਸੰਸਾਰ ਤੋਂ ਅਗਲੇਰੀ ਯਾਤਰਾ ਕਰਨ ਲਈ ਵੀ ਕੁਝ ਜ਼ਰੂਰ ਸੋਚੋ ਅਤੇ ਮੌਤ ੋਂ ਪਰੇ ਦੀ ਯਾਤਰਾ ਲਈ ਵੀ ਰਸਦ-ਪਾਣੀ ਆਪਣੇ ਨਾਲ ਖੜਨ ਦਾ ਕੋਈ ੍ਰਬੰਧ ਕਰੋ। ਇਸ ਸੰਸਾਰ ਦੀ ਕੋਈ ਵੀ ਵਸਤੂ ਤੁਹਾਡੇ ਨਾਲ ਨਹੀਂ ਜਾਵੇਗੀ। ੇਵਲ ਤੁਹਾਡੇ ਚਿਤ ਵਿਚ ਵਸਦਾ ਪ੍ਰਭੂ ਦਾ ਨਾਮ ਹੀ ਤੁਹਾਡੇ ਨਾਲ ਜਾਵੇਗਾ। ਾ ਤੁਸੀਂ ਆਪਣੇ ਮਨ ਨੂੰ ਇਸ ਨਾਮ ਰੂਪੀ ਸੁਹਜ ਦੀ ਸ਼ਾਨ ਨਾਲ ਭਰਪੂਰ ਨਹੀਂ ੀਤਾ ਤਾਂ ਜ਼ਰੂਰ ਇਸ ਵਿਚ ਤੁਸਾਂ ਉਹਨਾਂ ਹਿੰਸਾ ਦੇ ਜ਼ਖ਼ਮਾਂ ਨੂੰ ਭਰ ਲਿਆ ਾ ਜੋ ਤੁਸਾਂ ਇਥੇ ਕੀਤੀ ਹੋਵੇਗੀ। ਇਸ ਲਈ ਮਨ ਦੀ ਦੌੜ ਨੂੰ ਥੋੜ੍ਹਾ ਰੋਕ

ਕੇ ਸੋਚੋ ਤੇ ਵਿਚਾਰੋ ਅਤੇ ਆਪਣੇ ਉਤੇ ਸੰਜਮ ਦਾ ਕੁੰਡਾ ਲਗਾਉ! ਕਿਸੇ ਬਾਰੇ ਕੋਈ ਨਿਰਣਾ ਨਾ ਦਿਉ, ਕਿਸੇ ਤੋਂ ਕੋਈ ਬਦਲਾ ਨਾ ਲਉ, ਕਿਸੇ ਦੀ ਹੱਤਿਆ ਨਾ ਕਰੋ, ਕਿਸੇ ਨੂੰ ਸਟ ਫੇਟ ਨਾ ਲਾਉ। ਸਭ ਦਾ ਭਲਾ ਚਿਤਵੋ ਤੇ ਸਭ ਨੂੰ ਪ੍ਰੇਮ ਕਰੋ। ਜੇ ਤੁਸੀਂ ਆਪਣੇ ਮਨ ਵਿਚ ਗੁਰੂ ਦੇ ਬਖ਼ਸ਼ੇ ਹੋਏ ਨਾਮ ਰਤਨ ਨੂੰ ਵਸਾ ਲਿਆ ਹੈ ਤਾਂ ਤੁਸੀਂ ਇਹ ਸਭ ਕੁਝ ਕਰ ਸਕਦੇ ਹੋ। ਬਾਕੀ ਸਭ ਕੁਝ ਤੁਸੀਂ ਗੁਰੂ 'ਤੇ ਛੱਡ ਦਿਉ ਅਤੇ ਉਹੋ ਹੀ ਤੁਹਾਡੀ ਚਿੰਤਾ ਕਰੇਗਾ। ਗੁਰੂ ਦੇ ਹੁੰਦਿਆਂ ਕਿਸੇ ਫਲ ਬਾਰੇ ਨਾ ਸੋਚੋ।

ਮੌਤ ਤੋਂ ਪਿਛੋਂ ਦੇ ਮਾਰਗ ਵਿਚ ਕਈ ਸੁੰਨੀਆਂ ਗਲੀਆਂ ਤੇ ਕਈ ਹਨੇਰੇ ਘਰ ਹਨ। ਇਹਨਾਂ ਅੰਧਿਆਰੇ ਮੰਡਲਾਂ ਵਿਚ ਵੀ ਚਿਤ ਨੂੰ ਡੁਲਾ ਦੇਣ ਵਾਲੀ ਗੰਦਗੀ ਦੇ ਢੇਰ ਹਨ, ਜਿਨ੍ਹਾਂ ਨਾਲ ਉਥੋਂ ਦੇ ਦੇਸ਼ ਤੇ ਕਾਲ ਭਰੇ ਪਏ ਹਨ। ਇਹਨਾਂ ਅੰਧਿਆਰੇ ਮੰਡਲਾਂ ਵਿਚ ਮਨਸ਼ਾ-ਤ੍ਰਿਸ਼ਨਾ ਨਾਲ ਭਰਪੂਰ ਤੇ ਬਦਲਾ ਲੈਣ ਵਾਲੀਆਂ ਰੂਹਾਂ ਵਸਦੀਆਂ ਹਨ।

ਇਸ ਲਈ ਆਪਣੇ ਆਪ ਨੂੰ ਭਰੋਸੇ ਵਿਚ ਪੱਕਾ ਕਰੋ ਅਤੇ ਦ੍ਰਿੜ੍ਹਤਾ ਨਾਲ ਇਸ ਤਰ੍ਹਾਂ ਅਗੇ ਵਧੋ ਕਿ ਤੁਹਾਡਾ ਮੌਤ ਤੋਂ ਪਰੇ ਦਾ ਮਾਰਗ ਨਾਮ ਦੇ ਦੀਪਕ ਰਾਹੀਂ ਪ੍ਰਕਾਸ਼ਮਾਨ ਹੋ ਗਿਆ ਹੈ। ਇਸ ਨਾਮ ਰੂਪੀ ਦੀਪਕ ਦੀ ਦੇਖ ਰੇਖ ਵਿਚ ਤੁਸੀਂ ਬੇਖ਼ਬਰ ਇਸ ਮਾਰਗ ਉਤੇ ਤੁਰਦੇ ਜਾਉਗੇ ਤੇ ਉਥੇ ਪਹੁੰਚ ਜਾਉਗੇ ਜਿਥੇ ਗੁਰੂ ਤੁਹਾਡੀ ਉਡੀਕ ਕਰ ਰਿਹਾ ਹੈ।

ਇਸ ਲਈ ਹੇ ਪ੍ਰਾਣੀਓ ! ਖ਼ੁਸ਼ ਹੋਵੋ ਕਿ ਮਿਤਰ ਮੰਡਲ ਤੇ ਸੰਗੀਆਂ ਦੀ ਚੋਣ ਕਰਨ ਵਿਚ ਤੁਸੀਂ ਪੂਰਨ ਰੂਪ ਵਿਚ ਸੁਤੰਤਰ ਹੋ। ਇਸ ਚੋਣ ਵਿਚ ਦੇਵਤੇ ਵੀ ਤੁਹਾਨੂੰ ਅਧੀਨ ਨਹੀਂ ਕਰ ਸਕਦੇ। ਇਸ ਲਈ ਉਠੋ, ਗੁਰੂ ਅਗੇ ਅਰਦਾਸ ਕਰੋ ਤੇ ਠੀਕ ਠੀਕ ਚੋਣ ਕਰੋ। ਮੁਕਤਗਾਮੀ ਆਤਮਾਵਾਂ ਦੀ ਸੰਗਤ ਨੂੰ ਢੂੰਡੋ। ਕੋਈ ਵੀ ਆਪਣੀ ਇੱਛਾ ਤੋਂ ਸੁਤੰਤਰ ਨਹੀਂ ਹੈ। ਕੋਈ ਵੀ ਆਤਮਾ ਜੋ ਉਸ ਦੇ ਨਾਮ ਰੂਪੀ ਅੰਮ੍ਰਿਤ ਨਾਲ ਭਰਪੂਰ ਨਹੀਂ ਹੈ, ਮਹਾਨ ਨਹੀਂ ਹੋ ਸਕਦੀ। ਇਸ ਲਈ, ਮੈਂ ਤੁਹਾਨੂੰ ਪੁਕਾਰ ਕੇ ਕਹਿ ਰਿਹਾ ਹਾਂ ਕਿ ਔਗੁਣਾਂ ਤੇ ਐਬਾਂ ਤੋਂ ਦੂਰ ਰਹੋ। ਗੁਰੂ ਜੀ ਦੀ ਹਜ਼ੂਰੀ ਵਿਚ ਆ ਕੇ ਤੱਕੋ ਕਿ ਘਿਰਣਾ ਦਾ ਹਨੇਰਾ ਕੇਵਲ ਸਖਣੇਪਣ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਹੈ। ਇਹ ਤਾਂ ਭੌਤਿਕ ਜਗਤ ਦੀ ਸਭ ਤੋਂ ਨੀਵੀਂ ਥਾਂ ਹੈ। ਮਨਸ਼ਾ-ਤ੍ਰਿਸ਼ਨਾ ਦੇ ਧੂੜਾਂ ਘਟਿਆਂ ਦੀਆਂ ਕਾਲ ਕੋਠੜੀਆਂ ਵਿਚ ਉਸ ਸੁਤੰਤਰਤਾ ਦਾ ਸੁਪਨਾ ਵੀ ਨਹੀਂ ਲਿਆ ਜਾ ਸਕਦਾ ਜਿਸ ਦਾ ਨਿਵਾਸ ਉਚੇ ਮੰਡਲਾਂ ਵਿਚ ਹੈ।

ਨਾਮ ਤੁਹਾਡੇ ਅੰਦਰ ਨਵੀਂ ਜਵਾਨੀ ਦੀ ਰੂਹ ਨੂੰ ਧੜਕਾ ਦੇਵੇਗਾ ਤੇ ਤੁਹਾਡੇ ਲਈ ਨਵੇਂ ਸੰਸਾਰ ਦੇ ਦਰਾਂ ਨੂੰ ਖੋਲ੍ਹ ਦੇਵੇਗਾ। ਨਾਮ ਸਾਰੇ ਵਾਤਾਵਰਣ ਨੂੰ ਸ਼ੁਧ ਕਰ ਦੇਵੇਗਾ। ਨਾਮ ਤਾਂ ਸਮੱਸਤ ਮੰਡਲਾਂ ਨੂੰ ਪਵਿੱਤਰ ਕਰ ਦਿੰਦਾ ਹੈ। ਨਾਮ ਉਹਨਾਂ ਕਿਰਨਾਂ ਜਾਂ ਰਿਸ਼ਮਾਂ ਨੂੰ ਉਤਪੰਨ ਕਰਦਾ ਹੈ ਜੋ ਉਹਨਾਂ ਸਭ ਵਸਤਾਂ ਨੂੰ ਪਵਿੱਤਰ ਕਰ ਦਿੰਦੀਆਂ ਹਨ ਜਿਨ੍ਹਾਂ ਨੂੰ ਕਿ ਤੁਸੀਂ ਛੂੰਹਦੇ ਹੋ। ਜਿਸ ਸਥਾਨ

ਨੂੰ ਵੀ ਤੁਸੀਂ ਨਿਵਾਸ ਬਣਾਉਂਦੇ ਹੋ ਉਸ ਉਤੇ ਤੁਹਾਡਾ ਪਵਿੱਤਰ ਪ੍ਰਭਾਵ ਪੈਂਦਾ ਹੈ। ਤੁਹਾਡੀ ਹੋਂਦ ਹੀ ਸਭ ਲਈ ਸ਼ਾਂਤੀ ਤੇ ਭਲਾਈ ਨੂੰ ਨਾਲ ਲੈ ਕੇ ਜਾਵੇਗੀ। ਨਾਮ ਤੁਹਾਨੂੰ ਨਿਰਭੈ ਕਰ ਦੇਵੇਗਾ। ਨਾਮ ਤੁਹਾਡੇ ਸਾਰੇ ਸਰੀਰ ਨੂੰ ਉਸ ਚਾਨਣ ਨਾਲ ਪ੍ਰਕਾਸ਼ਮਾਨ ਕਰ ਦਿੰਦਾ ਹੈ, ਜਿਸ ਦੀ ਚਮਕ ਦਮਕ ਸੂਰਜ ਤੋਂ ਵੀ ਵਧੇਰੇ ਹੁੰਦੀ ਹੈ। ਇਹ ਸਭ ਕੁਝ ਆਤਮਾ ਦੀ ਵੱਥ ਹੈ ਨਾ ਕਿ ਸਰੀਰ ਦੀ। ਭਾਵੇਂ ਇਸ ਵਿਚ ਵੀ ਕੋਈ ਸੰਦੇਹ ਨਹੀਂ ਕਿ ਜਦੋਂ ਕਿਸੇ ਸਰੀਰ ਅੰਦਰ ਆਤਮਾ ਪ੍ਰਕਾਸ਼ਮਾਨ ਹੁੰਦੀ ਹੈ ਤਾਂ ਉਹ ਸਰੀਰ ਵੀ ਸੁੰਦਰ ਹੋ ਜਾਂਦਾ ਹੈ।

ਡਰੋ ਨਹੀਂ, ਜਿਹੜਾ ਵੀ ਮਾਰਗ ਹੈ, ਉਸ ਵਿਚ ਪ੍ਰਵੇਸ਼ ਕਰੋ, ਸੁਖੜ ਹੋ ਕੇ ਖੜ੍ਹੋ ਤੇ ਉਪਰ ਸੂਰਜ ਵਲ ਤੱਕੋ।

ਅਜਿਹਾ ਹੀ ਆਪਣੀ ਆਤਮਿਕ ਚੇਤੰਨਤਾ ਦੀਆਂ ਸਭ ਹਾਲਤਾਂ ਤੇ ਮੁਦਰਾਵਾਂ ਵਿਚ ਕਰਦੇ ਰਹੋ। ਪ੍ਰਭੂ ਤੁਹਾਡੀ ਆਤਮਾ ਦੀ ਰੱਖਿਆ ਕਰੇਗਾ ਤੇ ਤੁਹਾਡੀ ਅਗਵਾਈ ਵੀ ਕਰੇਗਾ। ਝਿਜਕੋ ਨਹੀਂ, ਦੇਰੀ ਨਾ ਕਰੋ, ਉਠੋ ਤੇ ਪ੍ਰਭੂ ਨੂੰ ਪੁਕਾਰੋ।

ਇਹ ਨਾ ਕਹੋ ਕਿ ਤੁਸੀਂ ਪਵਿੱਤਰ ਹੋ ਜਾਂ ਅਪਵਿੱਤਰ। ਇਹ ਸਭ ਉਪਾਧੀਆਂ ਤਾਂ ਵਿਅਰਥ ਅਭਿਮਾਨ ਦੀਆਂ ਸੂਚਕ ਹਨ। ਉਠੋ ਤੇ ਕੇਵਲ ਉਸ ਦਾ ਨਾਮ ਜਪੋ। ਗੁਰੂ ਦੀ 'ਵਾਹੁ ਵਾਹੁ' ਦੀ ਸ਼ਾਨ ਨੂੰ ਨਿਹਾਰੋ ਤੇ ਫਿਰ 'ਵਾਹੁ ਵਾਹੁ' (ਵਾਹਿਗੁਰੂ) ਦਾ ਨਾਮ ਉਚਾਰੋ। ਉਥੇ ਤੁਹਾਨੂੰ ਉਹ ਪਰਮਾਨੰਦ ਪ੍ਰਾਪਤ ਹੋਵੇਗਾ ਕਿ ਇਹ ਸੰਸਾਰ ਉਸ ਦੀ ਮਹਾਨ ਸ਼ਾਨ ਨੂੰ ਦ੍ਰਿਸ਼ਟਮਾਨ ਕਰੇਗਾ।

ਸੁਤਿਆਂ, ਜਾਗਦਿਆਂ, ਭਾਵੇਂ ਤੁਸੀਂ ਪਾਪੀ ਹੋ ਜਾਂ ਸੰਤ, ਨਿਰਧਨ ਹੋ ਜਾਂ ਸਰਧਨ, ਉਠੋ ਤੇ ਗੁਰੂ ਦੇ ਲੜ ਲਗੋ ਤੇ 'ਵਾਹੁ ਵਾਹੁ' ਦਾ ਗੁਣ ਗਾਇਨ ਕਰੋ।

ਜੇ ਜੜ੍ਹ ਰੂਪ ਪੱਥਰ ਵੀ ਗੁਰੂ ਦਾ ਨਾਮ ਜਪ ਕੇ ਜਾਗ ਉਠਦੇ ਹਨ ਤੇ ਗੁਰੂ ਦੇ 'ਵਾਹੁ ਵਾਹੁ' ਨੂੰ ਅਲਾਪਦੇ ਹਨ ਤਾਂ ਇਹ ਕਿੱਡਾ ਵਡਾ ਵਿਸਮਾਦਜਨਕ ਤੇ ਕਰਾਮਾਤੀ ਚਮਤਕਾਰ ਹੋਵੇਗਾ। ਇਸੇ ਤਰ੍ਹਾਂ ਜਦੋਂ ਕੋਈ ਵੀ ਇਸਤਰੀ ਪੁਰਸ਼ ਭਾਵੇਂ ਸੁੰਦਰ ਹੋਵੇ ਜਾਂ ਕੁਰੂਪ, ਸੌੜ-ਦ੍ਰਿਸ਼ਟੀ ਵਾਲਾ ਜਾਂ ਉਦਾਰ-ਚਿਤ, ਸੁਆਰਥੀ ਜਾਂ ਸੁਆਰਥ ਰਹਿਤ, ਗੁਰੂ ਦਾ ਗੁਣ ਗਾਇਨ ਕਰਦਾ ਹੈ ਤਾਂ ਤੁਸੀਂ ਕਿਉਂ ਇਸ ਵਿਸਮਾਦ ਦੀ ਕਰਾਮਾਤ ਨੂੰ ਵੇਖ ਕੇ ਅਚੰਭਿਤ ਨਹੀਂ ਹੁੰਦੇ ? ਹਾਲੀਂ ਉਹ ਪੱਥਰ ਦੇਵਤਾ ਨਹੀਂ ਬਣਿਆ, ਨਾ ਹੀ ਮਨੁੱਖ ਸੱਚੇ ਅਰਥਾਂ ਵਿਚ ਪੂਰੀ ਤਰ੍ਹਾਂ ਧਰਮ ਪਰਾਇਣ ਹੋਇਆ ਹੈ, ਨਾ ਹੀ ਸੂਰਜ ਜਿਡਾ ਦਿਆਲੂ ਤੇ ਉਪਕਾਰੀ, ਪਰ ਇਹ ਸਭ ਕੁਝ ਪ੍ਰਭੂ ਦੇ ਨਾਮ ਜਪਣ ਦੀ ਕਰਾਮਾਤ ਦੁਆਰਾ ਪ੍ਰਗਟ ਹੋ ਜਾਵੇਗਾ। ਨਾਮ ਮੰਦ-ਗਤੀ ਨਾਲ ਵਿਕਾਸ ਕਰਨ ਵਾਲੇ ਦੀ ਵੀ ਕਾਇਆ-ਕਲਪ ਕਰ ਦੇਵੇਗਾ। ਇਹ ਧੀਮਾ ਵਿਕਾਸ ਵੀ ਇਕ ਤਰ੍ਹਾਂ ਦੀ ਕਰਾਮਾਤ ਹੁੰਦਾ ਹੈ ਜੋ ਸਿਤਾਰੇ ਦੇ ਚਮਤਕਾਰ ਵਾਂਗ ਵਾਪਰਦਾ ਹੈ। ਇਸ ਲਈ ਭਾਵਨਾਯੁਕਤ ਹੋ ਕੇ ਉਡੀਕ ਕਰੋ ਤੇ ਇਸ ਵਿਸਮਾਦ ਨੂੰ ਮਾਣੋ। ਮਨੁੱਖ ! ਤੂੰ ਇਸ ਸ੍ਰਿਸ਼ਟੀ ਤੇ ਇਸ ਦੇ ਰਚਨਹਾਰ ਕਰਤਾਰ ਦੇ ਵਿਸਮਾਦ ਨੂੰ ਤੱਕ !

ਤੁਹਾਡੇ ਲਈ ਮਾਰਗ ਪੱਧਰਾ ਹੈ, ਗੁਰੂ ਜੀ ਦੇ ਪਿਛੇ ਤੁਰੀ ਜਾਉ। ਤੁਹਾਡਾ ਸੁਆਸ ਸੁਆਸ ਨਾਮ ਦਾ ਜਾਪ ਤੁਹਾਡੇ ਮਾਰਗ ਨੂੰ ਪ੍ਰਕਾਸ਼ਮਾਨ ਕਰ ਦੇਵੇਗਾ। ਇਸ ਲਈ ਗੁਰੂ ਨੂੰ ਹੀ ਆਪਣਾ ਮਿਤਰ ਬਣਾਉ।

ਆਪਣੇ ਵਰਤਮਾਨ ਤੇ ਭਵਿੱਖ ਨੂੰ ਗੁਰੂ ਦੀ ਹਜ਼ੂਰੀ ਨਾਲ ਜੋੜੋ। ਤੁਹਾਡੇ ਤੇ ਗੁਰੂ ਵਿਚ ਕੋਈ ਵਿੱਥ ਨਹੀਂ ਹੈ।

ਮੈਂ ਤਾਂ ਤੁਹਾਡੇ ਨਿਜ ਨਾਲੋਂ ਵੀ ਤੁਹਾਡੇ ਵਧੇਰੇ ਨੇੜੇ ਹਾਂ। ਮੈਂ ਤਾਂ ਤੁਹਾਡੀ ਆਤਮਾ ਹਾਂ। ਤੁਹਾਡੇ ਕੰਨਾਂ ਵਿਚਲਾ ਨਾਦ।

ਇਸ ਲਈ ਜਿਗਿਆਸੂਓ ! ਮੌਤ ਤੋਂ ਭੈਅਭੀਤ ਨਾ ਹੋਵੋ।

ਜਿੰਨਾਂ ਚਿਰ ਤਕ ਜੀਵਤ ਰਹਿ ਸਕਦੇ ਹੋ, ਲੰਮੀ ਉਮਰ ਭੋਗੋ। ਤੁਹਾਡਾ ਹਰ ਸੁਆਸ ਬਟੂਆ ਹੈ ਜਿਸ ਵਿਚ ਨਾਮ ਰੂਪੀ ਮੋਤੀ-ਮਾਣਕ ਭਰੇ ਪਏ ਹਨ।

ਆਪਣੇ ਰੋਮ ਰੋਮ ਨੂੰ ਇਹਨਾਂ ਨਾਮ ਰੂਪੀ ਮਾਣਕਾਂ ਨਾਲ ਭਰਪੂਰ ਕਰ ਲਉ। ਕਿਉਂਜੋ ਇਹ ਹੀ ਉਸ ਮਾਰਗ ਦਾ ਤੋਸ਼ਾ ਜਾਂ ਰਸਦ ਹਨ ਤੇ ਉਸ ਦੇਸ਼ ਦੇ ਰਾਹ ਦੇ ਜ਼ਖਮਾਂ ਲਈ ਪ੍ਰੇਮ ਰੂਪੀ ਔਸ਼ਧੀ ਹਨ ਜਿਥੋਂ ਕੋਈ ਵੀ ਯਾਤਰੂ ਕਦੀ ਵਾਪਸ ਨਹੀਂ ਪਰਤਿਆ।

ਇਸ ਤਰ੍ਹਾਂ ਜਦੋਂ ਤੁਹਾਡੀ ਮ੍ਰਿਤੂ ਹੋਵੇਗੀ ਤਾਂ ਦੂਜੇ ਬੰਨੇ ਦੇਵਤੇ ਤੁਹਾਡੇ ਸੁਆਗਤ ਲਈ ਖੜ੍ਹੇ ਹੋਣਗੇ।

ਇਸ ਲਈ ਗੁਰੂ ਨੂੰ ਹੀ ਆਪਣਾ ਮਿਤਰ ਬਣਾਉ।

## XIII

ਮੈਂ ਤੁਹਾਨੂੰ ਸੱਦਾ ਦਿੰਦਾ ਹਾਂ ਕਿ ਤੁਸੀਂ ਸਭ ਤੋਂ ਮਹਾਨ ਬਣੋ, ਸਭ ਤੋਂ ਉਤਮ ਬਣੋ ਅਤੇ ਬੀਰ ਭਾਵੀ ਵਿਅਕਤੀ ਬਣੋ। ਤੁਸੀਂ ਦੇਵਤਿਆਂ ਸਮਾਨ ਸੰਪੂਰਨਤਾ ਦੇ ਧਾਰਨੀ ਹੋਵੋ ਅਤੇ ਫ਼ਰਿਸ਼ਤਿਆਂ ਦੇ ਗੀਤ ਸਮਾਨ ਪ੍ਰੇਮ ਤੇ ਚਾਨਣ ਨਾਲ ਭਰਪੂਰ ਹੋਵੋ, ਪਰ ਸਭ ਤੋਂ ਪਹਿਲਾਂ ਤੁਸੀਂ ਬਲਵਾਨ ਤੇ ਸ਼ਕਤੀਵਰ ਵਿਅਕਤੀ ਬਣੋ। ਜੋ ਧਰੂ ਤਾਰੇ ਸਮਾਨ ਸੁਤੰਤਰ ਤੇ ਸੁੰਦਰ ਹੋਣ, ਜਿਸ ਵਿਚ ਗੁਰੂ ਦੇ ਨਾਮ ਦਾ ਪ੍ਰਕਾਸ਼ ਹੋ ਰਿਹਾ ਹੋਵੇ। ਆਪਣੀ ਸਿਮਰਤੀ ਨੂੰ ਪ੍ਰਭੂ ਦੇ ਨਾਮ ਨਾਲ ਪੂਰਨ ਕਰਕੇ ਪਵਿੱਤਰ ਬਣਾਉ।

ਤੁਹਾਡੇ ਹੋਠ ਉਸ ਦੇ 'ਵਾਹੁ ਵਾਹੁ' ਦੇ ਨਾਮ ਨੂੰ ਉਚਾਰਦੇ ਹੋਣ, ਤੁਹਾਡੇ ਕਦਮ ਗੁਰੂ ਵਲ ਜਾਣ ਵਾਲੇ ਮਾਰਗ ਉਤੇ ਸੁੰਦਰਤਾ ਨੂੰ ਸਿਰਜ ਰਹੇ ਹੋਣ, ਤੁਹਾਡੇ ਹੱਥ ਪ੍ਰਭੂ ਦੀ ਸੇਵਾ ਵਿਚ ਲਗੇ ਹੋਣ, ਤੁਹਾਡਾ ਹਿਰਦਾ ਪ੍ਰਭੂ ਦੇ ਪ੍ਰੇਮ ਨਾਲ ਭਰਪੂਰ ਹੋਵੇ ਤੇ ਤੁਹਾਡਾ ਸ਼ਹਿਰ, ਤੁਹਾਡਾ ਦੇਸ਼ ਤੇ ਸੰਸਾਰ ਨਾਮ ਦੀ ਸ਼ਾਨ ਨਾਲ ਓਤ-ਪ੍ਰੋਤ ਹੋਵੇ।

ਇਸ ਤਰ੍ਹਾਂ ਤੁਸੀਂ ਗੁਰੂ ਦੀ ਬਾਣੀ ਦੇ ਸੰਗੀਤ ਨਾਲ ਜੁੜੇ ਹੋਵੋ, ਨਾਮ-ਰਸ ਨੂੰ ਚੱਖ ਰਹੇ ਹੋਵੋ, ਭਾਵਨਾ-ਯੁਕਤ ਹੋ ਕੇ ਪ੍ਰਮਾਤਮਾ ਦੇ ਸੋਦਰੀ-ਸੰਗੀਤ ਨਾਲ ਗੂੰਜਦੇ ਨਰਸਿੰਘੇ ਵਾਂਗ ਬਣ ਜਾਵੇ, ਜੋ ਪਰਮ ਸੁੰਦਰ ਪ੍ਰਭੂ ਦੀ ਯਾਦ ਨੂੰ ਸੁਰਜੀਤ ਕਰ ਦਿੰਦਾ ਹੈ।

ਇਸ ਉਪਰੰਤ ਮੈਂ ਤੁਹਾਨੂੰ ਸੱਦਾ ਦਿੰਦਾ ਹਾਂ ਕਿ ਤੁਸੀਂ ਸੰਗਤ ਦੀ ਰਜਣਾ ਕਰੋ ਜਿਸ ਵਿਚ ਸਾਰੀ ਮਨੁੱਖਤਾ ਗੁਰੂ ਦੇ ਨਾਮ ਸਿਮਰਨ ਵਿਚ ਲੀਨ ਸੰਤ-ਪੁਰਸ਼ਾਂ ਦਾ ਰੂਪ ਧਾਰਨ ਕਰ ਲਵੇ।

ਪ੍ਰਭੂ ਦੇ ਸੰਤਾਂ ਦਾ ਇਹ ਰਤਨ-ਮੰਡਲ ਜੋ ਤੁਹਾਡੇ ਵਿਚੋਂ ਉਪਜੇ, ਮਨੁੱਖ ੀ ਅੰਤਰੀਵ ਆਤਮਾ ਦੇ ਚੇਤਨ-ਮੰਡਲ ਵਿਚ ਸਦੀਵੀ ਤੌਰ 'ਤੇ ਆਤਮਿਕ ਤਾਰੇ ਦੀ ਤਰ੍ਹਾਂ ਸਦਾ ਲਈ ਪ੍ਰਕਾਸ਼ਮਾਨ ਹੋਵੇ, ਜੋ ਉਸ ਨੂੰ ਚੜ੍ਹਦੀਕਲਾ ਵਲ ਨਜਾਵੇ, ਗੁਰੂ ਵਲ ਲਿਜਾਵੇ ਤੇ ਪ੍ਰਮਾਤਮਾ ਵਲ ਲਿਜਾਵੇ।

ਮੈਂ ਤੁਹਾਨੂੰ ਸੱਦਾ ਦਿੰਦਾ ਹਾਂ ਕਿ ਤੁਸੀਂ ਲੋਕਾਂ ਦੇ ਰੱਖਿਅਕ ਖ਼ਾਲਸਾ ਬਣੋ ' ਗੁਰੂ ਦਾ ਨਿਜ ਸਰੂਪ ਹੈ ਅਤੇ ਜੋ ਦੇਵ ਲੋਕ ਵਿਚਲੇ ਜੋਧ-ਮਹਾਂਬਲ ਸੂਰਿਆਂ ਾ ਸੰਗੀ ਸਾਥੀ ਹੈ।

ਇਸ ਤਰ੍ਹਾਂ ਮੇਰਾ ਇਕ ਸਿੱਖ ਸੈਨਾ ਦਾ ਰੂਪ ਧਾਰਨ ਕਰ ਲੈਂਦਾ ਹੈ ਤੇ ਤ੍ਹ ਖ਼ਾਲਸਾ-ਸਮੂਹ ਨਾਮ ਦੇ ਪ੍ਰੇਮ-ਰੰਗ ਦੇ ਤੇਜ ਪ੍ਰਕਾਸ਼ ਵਿਚ ਜਗਮਗਾ ਉਠਦਾ ।। ਇਹ ਹੈ ਮੇਰੇ ਖ਼ਾਲਸੇ ਦਾ ਸਰੂਪ ਜੋ ਅਕਾਲੀ ਸੈਨਾ ਹੈ ਤੇ ਜੋ ਮੇਰੇ ਦੇਵ-ਨੋਕ ਦੇ ਬੀਰ-ਪੁਰਸ਼ਾਂ ਦਾ ਮੰਡਲ ਹੈ।

ਗੁਰੂ ਦੇ ਵਿਸ਼ਵ-ਵਿਆਪੀ ਪ੍ਰੇਮ ਦੀ ਅਨੰਤਤਾ ਦੇ ਸੰਗਠਨ ਦੁਆਰਾ ਸਾਰਾ ੇਵ-ਮੰਡਲ ਤੁਹਾਡੇ ਅਡੋਲ ਕਦਮਾਂ ਦੇ ਨਾਲ ਨਾਲ ਅਗੇ ਵਧੇ।

ਸਾਰੇ ਲੋਕ ਜੋ ਇਸ ਅਧਿਆਤਮਿਕ ਮਾਰਗ ਦੇ ਕੰਢੇ ਉਤੇ ਖੜ੍ਹੇ ਹਨ, ਮਧਖੁਲ੍ਹੇ ਹੋਠਾਂ ਨਾਲ ਅਚੰਭਾ ਹੋ ਤੁਹਾਡੇ ਵਲ ਉਚਾ ਤੱਕ ਕੇ ਪੁਕਾਰ ਉਠਣ, 'ਇਹ ਹੈ ਗੁਰੂ ਦਾ ਖ਼ਾਲਸਾ।''

ਇਸ ਲਈ ਜਿਗਿਆਸੂਓ ! ਉਠੋ, ਸਾਵਧਾਨ ਹੋਵੋ। ਏਕ ਅਨੇਕ ਵਿਚ ਤੇ ਅਨੇਕ ਏਕ ਵਿਚ ਅਭੇਦ ਹੋ ਜਾਵੇ ਤੇ ਇਹ ਸਾਰੀ ਮਨੁੱਖਤਾ ਦੀ ਆਸ ਬਣ ਕੇ ਧੀਰ ਬੰਨ੍ਹਾਵੇ। ਇਸ ਤਰ੍ਹਾਂ ਤੁਸੀਂ ਮਸੀਹਾ ਬਣ ਕੇ ਉਠੋ ਤੇ ਘਿਰਣਾ ਤੇ ਬਦਲੇ ਦੇ ਮਨੋਭਾਵਾਂ ਦੇ ਅੰਧਕਾਰਾਂ ਉਤੇ ਛਾ ਜਾਓ। ਮਨੁੱਖ ਨੂੰ ਉਸ ਦੇ ਲਘੂ ਆਪੇ ਦੇ ਦੁਖਾਂ ਕਸ਼ਟਾਂ ਤੋਂ ਮੁਕਤੀ ਦੁਆਉ।

ਮੈਂ ਇਹਨਾਂ ਪ੍ਰਕਾਸ਼-ਮੰਡਲਾਂ ਨੂੰ ਪ੍ਰੇਮ ਕਰਦਾ ਹਾਂ। ਇਸ ਲਈ ਜਿਗਿਆਸੂਓ ! ਤੁਸੀਂ ਆਕਾਸ਼ ਵਿਚ ਅੰਧਿਆਰੀ ਰੈਣ ਵਿਚ ਲਖਾਂ ਜੋਤੀ ਦੀਪਾਂ ਸਮਾਨ ਚਮਕੋ। ਆਪਣੇ ਨਾਲ ਵਿਸ਼ਾਲ ਭਾਈਚਾਰੇ ਨੂੰ ਇਕੱਤਰ ਕਰਕੇ ਇਕ ਸ਼ਾਨਦਾਰ ਜਲੂਸ ਵਿਚ ਅਗੇ ਵਧੋ।

ਮੈਂ ਤੁਹਾਡੇ ਲਈ ਨਾਮ, ਦਾਨ, ਇਸ਼ਨਾਨ ਦਾ ਐਲਾਨ ਕਰਦਾ ਹਾਂ।

ਮੈਂ ਤੁਹਾਡੇ ਲਈ ਦੇਗ, ਤੇਗ, ਫਤਹਿ ਦਾ ਐਲਾਂਨ ਕਰਦਾ ਹਾਂ।

ਮੈਂ 'ਵਾਹੁ ਵਾਹੁ' ਦੀ ਸ਼ਾਨ ਦਾ ਐਲਾਨ ਕਰਦਾ ਹਾਂ। 'ਵਾਹਿਗੁਰੂ ਵਾਹਿਗੁਰੂ ! ਵਾਹਿਗੁਰੂ !'

ਨਾਮ ਗੁਰੂ ਹੈ। ਦਾਨ ਗੁਰੂ ਦੇ ਪ੍ਰੇਮ ਵਿਚ, ਉਸ ਦੇ ਪ੍ਰੇਮ ਦੀ ਪ੍ਰਸੰਨਤਾ ਵਿਚ ਸਭ ਨੂੰ ਪ੍ਰੇਮ ਕਰਨਾ ਤੇ ਸਭਨਾਂ ਲਈ ਸਭ ਕੁਝ ਅਰਪਨ ਕਰ ਦੇਣਾ ਹੈ।

ਇਸ਼ਨਾਨ ਸਿਮਰਨ ਦੀ ਪਵਿੱਤਰਤਾ ਹੈ, ਆਤਮਾ ਦੀ ਸੂਖਮਤਾ ਹੈ ਅਤੇ ਤਨ ਦਾ ਉਜਲਾਪਣ ਹੈ।

ਨਾਮ, ਦਾਨ ਤੇ ਇਸ਼ਨਾਨ ਮਿਲ ਕੇ ਆਤਮਾ ਦਾ ਉਹ ਸਰੂਪ ਹਨ ਜਿਸ ਨੂੰ ਕਾਮ, ਕਰੋਧ, ਲੋਭ, ਮੋਹ, ਅਹੰਕਾਰ ਦੂਸ਼ਿਤ ਨਹੀਂ ਕਰ ਸਕਦੇ।

'ਦੇਗ'=ਤੁਹਾਡਾ ਆਹਾਰ ਅਖੁੱਟ ਹੋ ਜਾਵੇਗਾ, ਜੋ ਦੂਜਿਆਂ ਨੂੰ ਵੰਡਦਿਆਂ ਨਿਖੁਟੇਗਾ ਨਹੀਂ, ਜਿੰਨਾਂ ਮੇਰੇ ਨਾਮ ਦੁਆਰਾ ਇਸ ਨੂੰ ਵੰਡੋਗੇ ਉਤਨਾਂ ਹੀ ਇਹ ਅਮੁੱਕ ਹੁੰਦਾ ਜਾਵੇਗਾ। ਰੋਟੀ ਦਾ ਇਕ ਪ੍ਰਸ਼ਾਦਾ ਤੇ ਉਸ ਉਤੇ ਰਖਿਆ ਭਾਜਾ ਉਨਾਂ ਹੀ ਹੋ ਜਾਵੇਗਾ ਜਿਸ ਨਾਲ ਉਹ ਤੁਹਾਡੇ ਹਰ ਅਤਿਥੀ ਦੇ ਹਿੱਸੇ ਆ ਜਾਵੇ ਤੇ ਫਿਰ ਵੀ ਇਕ ਬਚਿਆ ਰਹੇ।

'ਤੇਗ'=ਤੇਗ ਹੈ ਕਿ ਤੁਸੀਂ ਪੂਰਨ ਤੌਰ 'ਤੇ ਸ਼ਸਤਰਧਾਰੀ ਹੋਵੋ। ਤੁਹਾਡੀ ਇਹ ਕਿਰਪਾਨ ਕਿਰਪਾਲੂ ਹੋਵੇ, ਤੁਹਾਡੀ ਇਹ ਕਿਰਪਾਨ ਗਿਆਨ ਹੈ। ਇਹ ਕਿਰਪਾਨ ਤੁਹਾਡਾ ਮਨ ਹੈ। ਇਹ ਕਿਰਪਾਨ ਤੁਹਾਡੀ ਆਤਮਾ ਹੈ। ਤੁਹਾਡੀ ਇਹ ਕਿਰਪਾਨ ਜੀਵਨ ਦਾ ਪ੍ਰਕਾਸ਼ ਹੈ ਕਿਉਂਜੋ ਜੇ ਇਸ ਕਿਰਪਾਨ ਦਾ ਲਿਸ਼ਕਾਰਾ ਪ੍ਰਕਾਸ਼ਮਾਨ ਨਹੀਂ ਹੋਵੇਗਾ ਤਾਂ ਤੁਸੀਂ ਅੰਧਲੇ ਹੋ ਜਾਵੋਗੇ। ਕਿਰਪਾਨ ਦੇ ਸੂਤਣ ਨਾਲ ਉਹ ਪ੍ਰਕਾਸ਼ ਹੁੰਦਾ ਹੈ ਜਿਸ ਨੂੰ ਤਕ ਅੰਧਕਾਰ ਦੇ ਸਾਰੇ ਭੂਤ ਛਾਂਈਂ ਮਾਂਈਂ ਹੋ ਜਾਂਦੇ ਹਨ। ਇਹ ਕਿਰਪਾਨ ਮਨੁੱਖਤਾ ਦੀ ਭਲਾਈ ਲਈ ਚਮਕਦੀ ਹੈ। ਇਹ ਕਿਰਪਾਨ ਪ੍ਰਭੂ ਦਾ ਰੂਪ ਹੈ। ਇਹ ਕਿਰਪਾਨ ਹੀ ਗੁਰੂ ਹੈ, ਸਾਡੀ ਰੱਖਿਅਕ ਹੈ। ਇਹ ਕਿਰਪਾਨ ਮੌਤ ਦਾ ਕਾਲ ਹੈ। ਇਹ ਕਿਰਪਾਨ ਜੀਵਨ-ਦਾਤੀ ਹੈ।

'ਫਤਹਿ'=ਫਤਹਿ ਵਾਹਿਗੁਰੂ ਜੀ ਦੀ ਹੁੰਦੇ ਹੋਏ ਵੀ ਇਹ ਤੁਹਾਡੀ ਫਤਹਿ ਹੈ। ਫਤਹਿ ਤੋਂ ਬਿਨਾਂ ਹੋਰ ਕੋਈ ਖ਼ੁਸ਼ੀ ਨਹੀਂ ਹੈ। ਇਹ ਸਦਾ ਵਾਹਿਗੁਰੂ ਦੇ ਬੰਦਿਆਂ ਦੀ ਹੁੰਦੀ ਹੈ ਤੇ ਇਸ ਦੀ ਹੋਂਦ ਵਿਚ ਅੰਧਕਾਰ ਦੇ ਭੂਤ ਨੱਠ ਜਾਂਦੇ ਹਨ। ਫਤਹਿ ਸਦਾ ਸੱਚ ਦੀ ਹੁੰਦੀ ਹੈ ਤੇ ਕੂੜ ਦੀਆਂ ਸਦਾ ਲਈ ਜੜ੍ਹਾਂ ਪੁਟੀਆਂ ਜਾਂਦੀਆਂ ਹਨ। ਫਤਹਿ ਵਿਚ ਫ਼ਰਿਸ਼ਤੇ ਵੀ ਖ਼ੁਸ਼ੀ ਮਨਾਉਂਦੇ ਹਨ। ਸਰਬ-ਸਮੂਹ ਫਤਹਿ ਵਿਚ ਜੈ ਜੈ ਕਾਰ ਕਰਦੇ ਹਨ। ਸਾਰੀ ਸ੍ਰਿਸ਼ਟੀ ਹੀ ਇਕ ਰਣ-ਖੇਤਰ ਹੈ ਤੇ ਕਈ ਵਾਰ ਇੰਜ ਪ੍ਰਤੀਤ ਹੁੰਦਾ ਹੈ ਕਿ ਪ੍ਰਭੂ ਗੁਆਚ ਗਿਆ ਹੈ। ਅਜਿਹੇ ਸਮੇਂ ਲੋਕ ਕਹਿੰਦੇ ਹਨ, ਸੱਚ ਦੀ ਹਾਰ ਹੋਈ ਹੈ ਤੇ ਗੁਰੂ ਕੋਲ ਜਿਤ ਦਾ ਕੋਈ ਅਵਸਰ ਨਹੀਂ ਰਿਹਾ।

ਪਰ ਚੇਤੇ ਰਖੋ, ਕੂੜ ਦਾ ਸਦਾ ਨਾਸ ਹੁੰਦਾ ਹੈ ਤੇ ਸੱਚ ਸਦਾ ਲਈ ਜਿਉਂਦਾ ਰਹਿੰਦਾ ਹੈ। ਫਤਹਿ ਸਦਾ ਸੱਚ ਦੀ ਹੁੰਦੀ ਹੈ। ਇਸੇ ਨੂੰ ਹੀ ਮੈਂ ਫਤਹਿ ਦੀ ਸੰਗਿਆ ਦਿੰਦਾ ਹਾਂ।

ਖ਼ਾਲਸਾ ਇਸ ਗੱਲ ਦੀ ਉਡੀਕ ਵਿਚ ਰਹਿੰਦਾ ਹੈ ਕਿ ਪ੍ਰਭੂ ਦੀ ਰਜ਼ਾ ਦੀ ਪੂਰਤੀ ਉਸ ਦੇ ਤਨ ਤੇ ਮਨ ਦੁਆਰਾ ਹੋਵੇ। ਖ਼ਾਲਸਾ ਤਾਂ ਦਿਨ ਰੈਣ ਪ੍ਰਭੂ ਦੇ ਪ੍ਰੇਮ ਵਿਚ ਪ੍ਰਜਵਲਿਤ ਹੁੰਦਾ ਹੈ। ਇਸ ਲੋਕ ਵਿਚ ਤਾਂ ਖ਼ਾਲਸਾ ਪਰਲੋਕ ਵਿਚਲੇ ਖ਼ਾਲਸਾ ਦਾ ਹੀ ਵਾਹਨ ਮਾਤਰ ਹੈ।

'ਸਤਿ ਸ੍ਰੀ ਅਕਾਲ'=ਜੇਤੂ ਤਾਂ ਸਦਾ ਉਹ ਅਕਾਲ ਪੁਰਖ ਹੈ ਜੋ ਦੇਸ਼ ਕਾਲ ਤੋਂ ਉਚੇਰਾ ਹੈ।

ਸਭ ਕੁਝ ਕਾਲ ਦੇ ਅੰਦਰ ਵਿਚਰਦਾ ਹੈ, ਪਰ ਪ੍ਰਭੂ ਦਾ ਸ਼ਬਦ ਇਸ ਸੁਤੰਤਰ ਹੈ। ਮੇਰੀ ਭਾਵੇਂ ਹਾਰ ਹੋਈ ਜਾਪਦੀ ਹੈ, ਪਰ ਸੱਚ ਦੀ ਸਦਾ ਜਿਤ ਦੀ ਹੈ ਅਤੇ ਜੇ ਤੁਸੀਂ ਸੱਚ ਦੇ ਪੱਖ ਉਤੇ ਹੋ ਤਾਂ ਜਿਤ ਸਦਾ ਤੁਹਾਡੀ ਵੇਗੀ। ਖ਼ਾਲਸਾ, ਜੋ ਇਸ ਲੋਕ ਵਿਚ ਸਿਮਰਨ ਵਾਲੇ ਸੰਤ-ਪੁਰਸ਼ਾਂ ਦਾ ਸਮੂਹ , ਵਾਸਤਵ ਵਿਚ ਦੇਵ ਲੋਕ ਦੀਆਂ ਮੁਕਤਗਾਮੀ ਆਤਮਾਵਾਂ ਦਾ ਵਾਹਨ ਹੈ ਤੇ ਹ ਸਦਾ ਅਕਾਲ-ਪੁਰਖ ਤੇ ਸੱਚ ਦਾ ਨਿਸ਼ਾਨ ਹੈ। ਇਹੋ ਹੀ ਹੈ ਵਾਸਤਵ ਵਿਚ ਰੇ ਖ਼ਾਲਸੇ ਦਾ ਸਰੂਪ।

ਮੇਰਾ ਪੁਜਾਰੀ ਵਰਗ ਵਿਚ ਕੋਈ ਵਿਸ਼ਵਾਸ ਨਹੀਂ। ਮੈਂ ਤਾਂ ਆਪਣੇ ਧਿਆਂ ਉਤੇ ਭਰੋਸਾ ਰਖਦਾ ਹਾਂ। ਇਸ ਸੰਸਾਰ ਵਿਚ ਪ੍ਰਭੂ ਤੋਂ ਜਾਣੂੰ ਯੋਧੇ ਦਾ ਤਮ ਤਿਆਗ ਸਭ ਤੋਂ ਉਚੀ ਵਸਤੂ ਹੈ। ਜੀਵਨ ਦੇ ਇਸ ਸੰਗਰਾਮ ਵਿਚ ਜਿੰਨਾਂ ਤਰ ਪ੍ਰਭੂ ਦਾ ਸੰਤ ਪੁਰਸ਼ ਸਿਪਾਹੀ ਬਣ ਕੇ ਰਣ-ਖੇਤਰ ਨੂੰ ਨਹੀਂ ਮੱਲਦਾ ਤੇ ਤਸ਼ਾਹ ਹੋ ਕੇ ਵੀ ਜਨ ਸਾਧਾਰਨ ਲਈ ਨਹੀਂ ਜੂਝਦਾ, ਉਹ ਪਵਿੱਤਰ ਖ਼ਾਲਸਾ ਹੀਂ ਬਣ ਸਕਦਾ।

ਆਤਮਾ ਦੀ ਸ਼ਾਂਤੀ ਤਾਂ ਉਦੋਂ ਪ੍ਰਾਪਤ ਹੁੰਦੀ ਹੈ ਜਦੋਂ ਉਹ 'ਮੇਰੇ' ਹੁਕਮਾਂ ੀ ਪਾਲਣਾ ਕਰਦੀ ਹੈ। ਇਹ ਇਸ ਤਰ੍ਹਾਂ ਦੀ ਪ੍ਰਕ੍ਰਿਆ ਹੈ ਜਿਵੇਂ ਚੰਦਰਮਾ ਦੇ ਕਾਸ਼ ਵਿਚ ਸਮੁੰਦਰ ਵਿਚ ਜਵਾਰ ਉਠਦਾ ਹੈ। ਇਸ ਹੁਕਮ ਦੀ ਪਾਲਣਾ ਤੋਂ ਰਨਾਂ ਸਾਗਰ ਵਿਚ ਆਏ ਸਾਰੇ ਤੂਫ਼ਾਨਾਂ ਤੇ ਝੱਖੜਾਂ ਦਾ ਉਭਾਰ ਇਕ ਪ੍ਰਕਾਰ ੀ ਸਿੱਥਲ ਪ੍ਰਕ੍ਰਿਆ ਹੀ ਹੁੰਦੀ ਹੈ।

ਜੋ ਵਿਰਲਾ ਹੈ, ਸਰਵੁਚ ਹੈ, ਸਰਵੋਤਮ ਹੈ, ਜੋ ਪ੍ਰਭੂ ਦੇ ਨਾਮ ਨਾਲ ਇਸ ਗਤ ਵਿਚ ਮਨੁੱਖ ਦੇ ਰੱਖਿਅਕ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ। ਮੈਂ ਆਪਣੇ ਸੇ ਵੀ ਸਿੱਖ ਨੂੰ ਇਹ ਆਗਿਆ ਨਹੀਂ ਦਿੰਦਾ ਕਿ ਉਹ ਇਸ ਗੱਲ ਦਾ ਦਾਅਵਾ ਰੇ ਕਿ ਉਹ ਕੋਈ ਅਜਿਹਾ ਵਿਅਕਤੀ ਹੈ।

ਮੇਰੇ ਸਿੱਖਾਂ ਦੀ ਕੌਮ ! ਉਠੋ ਅਤੇ ਆਪਣੇ ਮਨ ਦੀ ਤਲਵਾਰ ਨੂੰ ਸੂਤ ੇ ਸੁਆਰਥ ਉਤੇ ਵਾਰ ਕਰੋ ਅਤੇ ਮਨੁੱਖੀ ਇਤਿਹਾਸ ਦੇ ਨਿਰਾਰਥ ਵਿਚ ਸਦੀਆਂ ੇ ਸ਼ੂੰਨ ਦੇ ਅੰਧਕਾਰ ਨੂੰ ਚੀਰ ਸੁਟੋ। ਨਵਾਂ ਇਤਿਹਾਸ ਸਿਰਜੋ, ਪੁਰਾਣੇ ਨੂੰ ਭੁਲ ਾਉ। ਇਸ ਤਰ੍ਹਾਂ ਨਵੀਂ ਸਿਰਜਣਾ ਕਰੋ ਜਿਵੇਂ ਪ੍ਰਭੂ ਆਪ ਤੁਹਾਡੇ ਅੰਦਰ ਪ੍ਰਗਟ ੋ ਕੇ ਇਹ ਸਭ ਕੁਝ ਕਰਵਾ ਰਿਹਾ ਹੈ।

## XIV

ਇਸ ਲਈ ਤੁਸੀਂ ਅਸਾਧਾਰਣ ਪੁਰਸ਼ ਬਣਨ ਦੀ ਇੱਛਾ ਨਾਲ ਆਪਣੇ ਾਪ ਨੂੰ ਪ੍ਰੇਸ਼ਾਨ ਨਾ ਕਰੋ। ਸਾਧਾਰਣ ਮਨੁੱਖ ਬਣੋ ਅਤੇ ਸਿਧ ਪਧਰੇ ਤੇ ਖੋਟ ਹਿਤ ਜੀਵਨ ਨੂੰ ਪ੍ਰੇਮ ਕਰੋ।

ਉਸੇ ਤਰ੍ਹਾਂ ਚਮਕਦੇ ਫ਼ਰਿਸ਼ਤਿਆਂ ਹਾਰ ਬਣੋ ਜਿਵੇਂ ਪ੍ਰਭੂ ਨੇ ਤੁਹਾਨੂੰ

ਬਣਾਇਆ ਹੈ। ਜੀਵਨ ਮਾਰਗ ਦੇ ਕੰਢਿਆਂ ਉਤੇ ਚਿੱਟੇ ਤੰਬੂ ਲਾ ਕੇ ਵਿਚਰੋ ਅਤੇ ਆਉਂਦੇ ਜਾਂਦੇ ਹਰ ਰਾਹੀ ਦੀ ਟਹਿਲ ਸੇਵਾ ਕਰੋ। ਜਦੋਂ ਤੁਹਾਡੇ ਨੈਣਾਂ ਵਿਚੋਂ ਕੋਈ ਹੰਝੂ ਡਿਗਦਾ ਹੈ ਤਾਂ ਆਕਾਸ਼ ਵਿਚ ਚਮਕਦੇ ਸਿਤਾਰਿਆਂ ਵਲ ਉਤਾਂਹ ਨੂੰ ਤੱਕੋ ਤੇ ਆਪਣੀ ਆਤਮਾ ਨੂੰ ਉਸ ਪਰਮ ਸੁੰਦਰਤਾ ਦੇ ਵਿਸਮਾਦੀ ਰਹੱਸ ਨਾਲ ਭਰਪੂਰ ਕਰ ਲਵੋ।

ਤੁਹਾਡੇ ਹਿਰਦੇ ਵਿਚ ਜਿਹੜੀ ਛੋਟੀ, ਪਰ ਮਿੱਠੀ ਮਨੁੱਖਤਾ ਪਲ ਰਹੀ ਹੈ, ਉਹ ਬੜੀ ਮਹਾਨ ਹੈ ਜੋ ਤੁਹਾਨੂੰ ਸਭ ਦਾ ਸਾਂਝੀਵਾਲ ਬਣਾ ਦਿੰਦੀ ਹੈ।

ਜਦੋਂ ਤੁਸੀਂ ਕੁੱਤੇ ਨੂੰ ਪੁਚਕਾਰਦੇ ਹੋ ਤਾਂ ਉਹ ਆਪਣੀ ਪੂਛ ਹਿਲਾਉਂਦਾ ਹੈ। ਇਹ ਉਹ ਕਰਾਮਾਤ ਹੈ ਜੋ ਤੁਹਾਨੂੰ ਇਹ ਸੋਝੀ ਕਰਾਉਂਦੀ ਹੈ ਕਿ ਉਸ ਕੁੱਤੇ ਵਿਚ ਤੇ ਤੁਹਾਡੇ ਵਿਚ ਅਨੰਤ ਪ੍ਰਭੂ ਵਿਦਮਾਨ ਹੈ।

ਤੁਸੀਂ ਪ੍ਰਭੂ ਨੂੰ ਕਿਥੇ ਲਭਦੇ ਫਿਰਦੇ ਹੋ, ਜਦੋਂ ਕਿ ਉਹ ਤੁਹਾਡੀ ਆਪਣੀ ਸੰਤਾਨ ਵਿਚ ਵਿਚਰ ਕੇ ਤੁਹਾਨੂੰ ਬੁਲਾ ਰਿਹਾ ਹੈ। ਤੁਹਾਡੇ ਬਚਿਆਂ ਦੇ ਹਸਦੇ ਮੁਖੜੇ ਜਿਹੜੇ ਤੁਹਾਡੇ ਹੱਡ-ਮਾਸ ਉਤੇ ਪਲਦੇ ਹਨ, ਕੀ ਉਹ ਤੁਹਾਡੀ ਹੀ ਆਤਮਾ ਦੇ ਉਹ ਟੋਟੇ ਨਹੀਂ ਹਨ, ਜੋ ਤੁਹਾਥੋਂ ਬਾਹਰ ਆਲੇ-ਦੁਆਲੇ ਵਿਚਰ ਰਹੇ ਹਨ ? ਇਹਨਾਂ ਵਿਚ ਪ੍ਰਮਾਤਮਾ ਦੀ ਉਸ ਪ੍ਰੇਮ ਦੀ ਆਵਾਜ਼ ਨੂੰ ਸੁਣੋ ਜੋ ਤੁਹਾਨੂੰ ਬੁਲਾ ਰਹੀ ਹੈ। ਇਹ ਪ੍ਰਭੂ ਦੀ ਮਿਹਰ ਹੈ ਕਿ ਤੁਸੀਂ ਆਪਣੇ ਤੋਂ ਵੀ ਵੱਧ ਆਪਣੇ ਬਚਿਆਂ ਨੂੰ ਪਿਆਰ ਕਰਦੇ ਹੋ। ਵੇਖੋ, ਪ੍ਰਭੂ ਨੇ ਤੁਹਾਡੇ ਅੰਦਰਲੇ ਵਹਿਸ਼ੀ ਨੂੰ ਕਿਵੇਂ ਸਭਿਅ ਬਣਾ ਦਿਤਾ ਹੈ ਤੇ ਤੁਹਾਨੂੰ ਪ੍ਰੇਮ ਤੇ ਆਤਮ-ਤਿਆਗ ਦਾ ਅਵਤਾਰ ਬਣਾ ਦਿਤਾ ਹੈ।

ਇਸ ਸੰਸਾਰ ਵਿਚ ਪ੍ਰਭੂ ਦਾ ਵਰਤਾਰਾ ਵਰਤ ਰਿਹਾ ਹੈ। ਇਹ ਵਿਸ਼ਵ-ਵਿਆਪੀ ਵਰਤਾਰਾ ਹੈ ਜੋ ਤੁਹਾਨੂੰ ਆਪਣੇ ਸਰੂਪ ਵਿਚ ਸਿਰਜ ਰਿਹਾ ਹੈ। ਤੱਕੋ ਕਿਵੇਂ ਇਹ ਪਸ਼ੂ, ਪੰਛੀਆਂ ਤੇ ਮਨੁੱਖਾਂ ਵਿਚ ਘਟ ਰਿਹਾ ਹੈ। ਉਹ ਪ੍ਰਭੂ ਤੁਹਾਨੂੰ ਕਿਵੇਂ ਸੁਆਰਥ-ਰਹਿਤ ਤੇ ਦੈਵੀ-ਸਰੂਪ ਵਿਚ ਸਿਰਜ ਰਿਹਾ ਹੈ ਕਿ ਤੁਸੀਂ ਆਪਣੇ ਸੁਆਰਥ ਤੇ ਵਾਸ਼ਨਾ ਦੇ ਅਹੰ ਤੋਂ ਮੁਕਤ ਹੋ ਜਾਂਦੇ ਹੋ। ਤੁਹਾਡੇ ਅੰਦਰਲੀ ਇਹ ਮਨੁੱਖਤਾ ਬੜੀ ਮਿੱਠੜੀ ਹੈ ਤੇ ਇਸ ਦੁਆਰਾ ਪ੍ਰਭੂ ਆਪ ਤੁਹਾਡੇ ਅੰਦਰ ਪ੍ਰਗਟ ਹੁੰਦਾ ਹੈ। ਮੇਰੇ-ਤੁਹਾਡੇ ਤੇ ਇਸਤਰੀ-ਪੁਰਸ਼ ਸਭ ਵਿਚ।

ਕੀ ਇਹ ਅਵਸਰ ਪ੍ਰਭੂ ਦਾ ਸ਼ੁਕਰਾਨਾ ਕਰਨ ਦਾ ਨਹੀਂ ਹੈ ਕਿ ਤੁਹਾਡੇ ਅੰਦਰ ਬਚਿਆਂ, ਪਸ਼ੂ-ਪੰਛੀਆਂ ਤੇ ਬ੍ਰਿਛ ਬੂਟਿਆਂ ਦੇ ਪ੍ਰੇਮ ਦੁਆਰਾ ਸਰਵੁਚ ਧਰਮ ਦੀ ਪੂਰਤੀ ਹੋ ਰਹੀ ਹੈ ?

ਜਦੋਂ ਤੁਸੀਂ ਬੌਧਿਕ ਤੌਰ 'ਤੇ ਇਕ ਦੂਜੇ ਨੂੰ ਜਾਣ ਲੈਂਦੇ ਹੋ ਤਾਂ ਤੁਹਾਨੂੰ ਇਕ ਦੂਜੇ ਦੀਆਂ ਸੀਮਾਵਾਂ ਦਾ ਹੀ ਗਿਆਨ ਹੁੰਦਾ ਹੈ ਤੇ ਹਰ ਇਕ ਵਿਚ ਮੁਢਲੀਆਂ ਮੂਲ ਸੀਮਾਵਾਂ ਨੂੰ ਜਾਣ ਕੇ ਸਾਡੇ ਪਲੇ ਉਦਾਸੀਨਤਾ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਪੈਂਦਾ। ਤੁਸੀਂ ਕੇਵਲ ਸਰੀਰ ਉਤੇ ਹੀ ਪ੍ਰਕਾਸ਼ ਪਾਉਂਦੇ ਹੋ। ਆਤਮਾ, ਜੋ ਅਦ੍ਰਿਸ਼ਟ ਹੈ, ਤੁਹਾਡੀਆਂ ਉਹਨਾਂ ਅੱਖਾਂ ਨੂੰ ਦਿਖਾਈ ਨਹੀਂ ਦਿੰਦੀ

ਜੋ ਗਿਆਨ ਦੇ ਭਾਰ ਨਾਲ ਦ੍ਰਿਸ਼ਟੀਹੀਣ ਹੋ ਚੁਕੀਆਂ ਹਨ। ਸਾਡੀ ਬੁਧੀ ਤਾਂ ਅਸੀਮ ਵਿਚ ਕੋਈ ਰੁਚੀ ਹੀ ਨਹੀਂ ਰਖਦੀ। ਇਹ ਮੇਰੇ, ਤੇਰੇ ਤੇ ਉਸ ਇਸਤ੍ਰੀ ਤੇ ਉਸ ਪੁਰਸ਼ ਵਿਚੋਂ ਅਸੀਮ ਨੂੰ ਢੂੰਡ ਰਹੀ ਹੈ। ਬੁਧੀਵੇਤਾਵਾਂ ਲਈ ਅਵਤਾਰਾਂ ਵਰਗੇ ਪੁਰਖ ਜੋ ਕੇਵਲ ਮਨੁੱਖ ਹਨ, ਦਿਲਚਸਪੀ ਦੀ ਵਸਤੂ ਨਹੀਂ ਹੁੰਦੇ। ਇਸ ਲਈ ਤੁਸੀਂ ਇਕ ਦੂਜੇ ਨੂੰ ਜਾਨਣ ਦੀ ਅਜਿਹੀ ਰੁਚੀ ਹੀ ਨਹੀਂ ਰਖਦੇ ਹੋ ਤੁਹਾਡੀ ਪ੍ਰਕ੍ਰਿਤੀ ਦਾ ਵਿਸ਼ਲੇਸ਼ਣ ਕਰਕੇ ਉਸ ਦਾ ਵਰਗੀਕਰਨ ਕਰ ਸਕੇ।

ਤੁਹਾਡੇ ਵਿਚ ਉਹ ਕੀ ਹੈ ਜੋ ਇਸ ਪ੍ਰਕਾਰ ਦੇ ਗਿਆਨ ਤੋਂ ਉਚੇਰਾ ਉਠ ਜਾਂਦਾ ਹੈ ? ਇਹ ਤਾਂ ਤੁਹਾਡੀ ਉਹ ਮਿੱਠੜੀ ਮਾਨਵਤਾ ਹੈ ਜੋ ਇਹਨਾਂ ਬੁਧੀ ਦੇ ਕਾਲੇ ਖੇਤਰਾਂ ਵਿਚ ਚਾਂਦੀ-ਧਾਰਾ ਦੀ ਤਰ੍ਹਾਂ ਚਮਕ ਰਹੀ ਹੈ। ਇਹ ਮਿੱਠੀ ਮਨੁੱਖਤਾ ਆਪਣੇ ਛੋਟੇਪਣ ਵਿਚ ਵੀ ਉਹਨਾਂ ਅਸਗਾਹ ਡੂੰਘਾਣਾਂ ਦਾ ਥਹੁ ਦਿੰਦੀ ਹੈ ਜੋ ਤੁਹਾਡੇ ਅੰਦਰ ਦੀਆਂ ਦੁਰਗਮ ਉਚਾਈਆਂ ਤਕ ਲੈ ਜਾਂਦੀ ਹੈ।

ਮਨੁੱਖ ਆਪਣੀਆਂ ਨਿਕੀਆਂ ਨਿਕੀਆਂ ਡੂੰਘੀਆਂ ਭਾਵਨਾਵਾਂ ਦੁਆਰਾ ਆਪ ਮੁਹਾਰੇ ਹੀ ਮਹਾਨ ਬਣ ਜਾਂਦਾ ਹੈ। ਭਾਵਨਾਵਾਂ ਬੁਧੀ ਤੇ ਇੱਛਾ-ਸ਼ਕਤੀ 'ਤੇ ਛਾ ਜਾਂਦੀਆਂ ਹਨ। ਆਤਮਾ ਦੀ ਤਰਲਤਾ ਆਉਂਦੀ ਹੈ ਤੇ ਇਸ ਦ੍ਰਿਸ਼ਟਮਾਨ ਮਾਨਵਤਾ ਜੋ ਤੁਹਾਡੇ ਅੰਦਰਲੇ ਪ੍ਰਭੂਤਵ ਦੇ ਅੰਤਰੀਵ ਗੁਣਾਂ ਦੀ ਜੋਤੀ ਹੈ, ਨੂੰ ਧੋ ਦਿੰਦੀ ਹੈ।

ਆਪਣੇ ਹੰਝੂਆਂ ਤੇ ਮੁਸਕਾਨਾਂ ਵਿਚ ਰਾਉ-ਰੰਕ ਸਭ ਬਰਾਬਰ ਹਨ। ਖ਼ੁਸ਼ੀ ਲਈ ਮਨੁੱਖ ਨੂੰ ਕਿਸੇ ਤਾਜ-ਤਖ਼ਤ ਦੀ ਲੋੜ ਨਹੀਂ। ਮਨੁੱਖ ਦੇ ਗ਼ਮ ਨੂੰ ਹੀਰੇ ਪੰਨਿਆਂ ਜੜੇ ਰਾਜ-ਮੁਕਟ ਸੁਖ ਸ਼ਾਂਤੀ ਨਹੀਂ ਪਹੁੰਚਾ ਸਕਦੇ। ਜੇ ਤੁਸੀਂ ਮਨੁੱਖ ਹੋ ਤਾਂ ਮਾਨਵਤਾ ਦੇ ਹਰ ਛਿਣ ਰੰਗੇ ਜਾ ਰਹੇ ਸੁਰਾਂਗਲੇ ਮਨੋਭਾਵ ਹੀ ਮਨੁੱਖਾਂ ਅੰਦਰ ਉਸ ਵੰਨ-ਸੁਵੰਨਤਾ ਨੂੰ ਉਤਪੰਨ ਕਰਦੇ ਹਨ, ਜੋ ਤੁਹਾਡੇ ਸਨਮਾਨ ਦੀ ਪਾਤਰ ਹੈ। ਤੁਹਾਡੀ ਮਾਤਾ ਤੇ ਭੈਣ ਦੇ ਮਰਨ ਸਮੇਂ ਤੁਹਾਨੂੰ ਕਹੇ ਗਏ ਆਖ਼ਰੀ ਸ਼ਬਦ ਤੇ ਇਛਾਵਾਂ ਦੀ ਕਿੰਨੀ ਵੱਡੀ ਸਦਾਚਾਰਕ ਮਹੱਤਤਾ ਹੈ। ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਮਨੋਭਾਵਾਂ ਦਾ ਬਹੁਤ ਵੱਡਾ ਮੁਲ ਹੈ। ਜਦੋਂ ਅਸੀਂ ਮਨੋਭਾਵਾਂ ਦਾ ਸਰਵੋਤਮ ਸਰੂਪ ਵਿਚ ਸਤਿਕਾਰ ਕਰਦੇ ਹਾਂ ਤਾਂ ਜੀਵਨ ਜਿਊਣ ਯੋਗ ਹੋ ਨਿਬੜਦਾ ਹੈ।

ਕਬਰਾਂ ਵਿਚ ਵੀ ਨੰਗ-ਮੁਨੰਗੇ ਮਨੁੱਖ ਹੀ ਸਮਾਉਂਦੇ ਹਨ। ਸਭ ਨਿਕੀ ਜਿਹੀ ਮਿੱਟੀ ਦੀ ਢੇਰੀ ਦਾ ਰੂਪ ਧਾਰਨ ਕਰਦੇ ਹਨ। ਇਥੋਂ ਤਕ ਕਿ ਪਾਤਸ਼ਾਹ ਵੀ ਉਸੇ ਖ਼ਾਕ ਵਿਚ ਹੀ ਸਮਾਉਂਦੇ ਹਨ ਤੇ ਉਹਨਾਂ ਦੇ ਸਰੀਰ ਵੀ ਉਸੇ ਮਿੱਟੀ ਨੂੰ ਖਾਂਦੇ ਹਨ, ਜੋ ਕੀੜੇ-ਕਿਰਮਾਂ ਦਾ ਆਹਾਰ ਹੈ। ਹਰ ਇਕ ਦੀਆਂ ਹਡੀਆਂ ਤੇ ਖ਼ੂਨ ਇਕੋ ਹੀ ਸਮੱਗਰੀ ਦਾ ਹੀ ਬਣਿਆ ਹੋਇਆ ਹੁੰਦਾ ਹੈ। ਭੁੱਖ ਦਾ ਮੁੱਠੀ ਦਾਣਿਆਂ ਤੋਂ ਬਿਨਾਂ ਹੋਰ ਕੋਈ ਇਲਾਜ ਨਹੀਂ ਹੈ। ਇਹੋ ਹੀ ਹੈ ਇਸ ਧਰਤ ਉਤੇ ਮਨੁੱਖ ਦਾ ਸੱਚਾ ਲੋਕਤੰਤਰ। ਇਸ ਲੋਕਤੰਤਰ ਵਿਚ ਅੰਤਰੀਵ ਤੇ ਮੁਢਲੇ ਰੂਪ ਵਿਚ ਉਚੇ-ਨੀਵੇਂ, ਜ਼ੋਰਾਵਰ-ਕਮਜ਼ੋਰ, ਚਤੁਰ-ਮੂਰਖ, ਪਾਪੀ-ਪੁੰਨੀ ਵਿਚ ਕੋਈ ਅੰਤਰ

ਨਹੀਂ ਹੈ। ਇਹ ਸਮਾਨਤਾ ਹੀ ਮਨੁੱਖ ਅੰਦਰ ਅਗਿਆਤ ਕੁਲੀਨ-ਤੰਤਰ ਤੇ ਅਨੰਤ ਅਮੀਰੀ ਦੀ ਸੱਚੀ ਭਾਵਨਾ ਜਾਂ ਸੱਧਰ ਨੂੰ ਜਗਾਉਂਦੀ ਹੈ।

ਸੱਚਾ ਕੁਲੀਨ-ਤੰਤਰ ਤਾਂ ਆਤਮਿਕ ਵੱਥ ਹੈ, ਪਰ ਲੋਕਤੰਤਰ ਦਾ ਸੰਬੰਧ ਕੇਵਲ ਸਰੀਰ ਨਾਲ ਹੈ। ਕੁਲੀਨ-ਤੰਤਰ ਤਾਂ ਆਤਮਾ ਨੂੰ ਨਵੇਂ ਰੂਪ ਵਿਚ ਢਾਲਣ ਦੀ ਪ੍ਰਕ੍ਰਿਆ ਹੈ, ਪਰ ਇਸ ਦੀ ਤੁਲਨਾ ਵਿਚ ਲੋਕਤੰਤਰ ਕੇਵਲ ਪਦਾਰਥਕ ਸਮੱਗਰੀ ਨਾਲ ਹੀ ਜੁੜਿਆ ਹੋਇਆ ਹੈ। ਤੁਹਾਡੇ ਅੰਦਰ ਸਭ ਤੋਂ ਮਹਾਨ ਵਸਤੂ ਗੁਪਤ ਰੂਪ ਵਿਚ ਰਖੀ ਗਈ ਹੈ ਜਿਸ ਉਤੇ ਤੁਹਾਡਾ ਕੋਈ ਵਸੀਕਾਰ ਨਹੀਂ ਹੈ। ਇਹ ਗੁਪਤ ਵਸਤੂ ਤੁਹਾਡੇ ਸਾਰੇ ਤੰਤਰ ਉਤੇ ਭਾਰੂ ਹੁੰਦੀ ਹੈ ਅਤੇ ਤੁਹਾਡੀ ਇੱਛਾ ਸ਼ਕਤੀ ਤੋਂ ਬਿਨਾਂ ਹੀ ਕਾਰਜ ਕਰਦੀ ਅਤੇ ਆਪਣੇ ਬਲ ਦਾ ਪ੍ਰਗਟਾਵਾ ਕਰਦੀ ਹੈ।

ਸਭ ਲਈ ਰੋਟੀ, ਕਪੜੇ, ਸਰੀਰਕ ਕਸ਼ਟਾਂ ਅਤੇ ਮਾਨਸਿਕ ਕਲੇਸ਼ਾਂ ਲਈ ਸੁਖ ਆਰਾਮ ਜਾਂ ਉਪਚਾਰ ਦੀ ਸਹੂਲਤ ਹਰ ਇਕ ਨੂੰ ਇਕ ਸਮਾਨ ਮਿਲਣੀ ਚਾਹੀਦੀ ਹੈ। ਇਸ ਤਰ੍ਹਾਂ ਸਭ ਵਿਚ ਬਰਾਬਰੀ ਤੇ ਹਮਦਰਦੀ ਦੇ ਮਨੋਭਾਵ ਲੋਕਤੰਤਰ ਦੇ ਆਦਰਸ਼ਾਂ ਦੀ ਅਜਿਹੀ ਪੂਰਤੀ ਕਰਦੇ ਹਨ, ਜਿਸ ਨਾਲ ਸਭ ਨੂੰ ਸੰਤੁਸ਼ਟ ਹੋ ਜਾਣਾ ਚਾਹੀਦਾ ਹੈ (ਇਹ ਤਾਂ ਸਭ ਬਾਹਰਮੁਖੀ ਪੱਧਰ ਉਤੇ ਸੰਭਵ ਹੁੰਦਾ ਹੈ) ਪਰ ਇਸੇ ਦੇ ਵਿਪਰੀਤ ਸਿਰਜਣਾਤਮਕ ਮਨ ਦਾ ਕੁਲੀਨਤੰਤਰ ਪੂਰਨ ਰੂਪ ਵਿਚ ਅੰਤਰਮੁਖੀ ਸੁਭਾ ਵਾਲਾ ਹੁੰਦਾ ਹੈ।

ਜੌਨ੍ਹ ਸਟੂਅਰਟ ਮਿਲ ਵਰਗੇ ਮਨੁੱਖ ਦਾ ਠੰਡਾ ਤੇ ਖ਼ੁਸ਼ਕ ਤਰਕ ਉਸ ਸਮੇਂ ਰਸੋਈ ਘਰ 'ਚੋਂ ਸੁਟਿਆ ਕੂੜਾ ਕਰਕਟ ਹੋ ਨਿਬੜਦਾ ਹੈ ਜਦੋਂ ਅਸੀਂ ਉਸ ਦੇ ਮਿਸੇਜ਼ ਟੇਲਰ ਪ੍ਰਤੀ ਦੂਸ਼ਿਤ ਸੋਚ ਦੀਆਂ ਭਾਵਨਾਵਾਂ ਤੋਂ ਜਾਣੂੰ ਹੁੰਦੇ ਹਾਂ।

ਵਿਚਾਰੇ ਮਨੁੱਖ ! ਤੂੰ ਆਪਣੀ ਕਮਜ਼ੋਰੀ ਵਿਚ ਵੀ ਮਹਾਨ ਹੈਂ। ਤੇਰਾ ਨਿਆਏ-ਸ਼ਾਸਤਰ ਤਾਂ ਦੂਜਿਆਂ ਲਈ ਹੈ, ਤੇਰੇ ਆਪਣੇ ਲਈ ਨਹੀਂ। ਤੇਰੇ ਵਿਚ ਤਾਂ ਸੁੰਦਰ ਪੁਸ਼ਾਕ-ਧਾਰੀ ਉਹ ਰਸਮੀ ਮਨੁੱਖ ਵਿਦਮਾਨ ਹੈ ਜੋ ਹਰ ਇਕ ਨੂੰ ਆਪਣੇ ਤੋਂ ਵਿਥ 'ਤੇ ਰਖਦਾ ਹੈ ਤੇ ਘਿਰਣਾ ਵਿਚ ਦੂਜਿਆਂ ਉਤੇ ਆਪਣਾ ਉਚਾ ਨੱਕ ਚੜ੍ਹਾਉਂਦਾ ਹੈ। ਤੇਰਾ ਤਰਕ ਤੇ ਦਲੀਲਾਂ ਦਾਨਿਆਂ ਵਾਲੀਆਂ ਸੁਘੜ ਅਤੇ ਗੂੜ੍ਹ ਹਨ, ਜਿਨ੍ਹਾਂ ਨੂੰ ਕਿ ਤੂੰ ਅਮੂਰਤ ਵਿਚਾਰਾਂ ਦੇ ਪ੍ਰਗਟਾ ਲਈ ਜ਼ੋਰਦਾਰ ਢੰਗ ਨਾਲ ਵਰਤਦਾ ਹੈਂ, ਪਰ ਇਹ ਘਿਰਣਾ ਤਾਂ ਉਹਨਾਂ ਲਈ ਹੈ, ਜੋ ਤੇਰੇ ਤੋਂ ਬਾਹਰ ਵਿਚਰਦੇ ਹਨ, ਪਰ ਤੇਰੇ ਅੰਦਰਲਾ ਬਾਂਦਰ ਆਪਣੀਆਂ ਮੂਰਖਤਾਵਾਂ ਉਤੇ ਬੜਾ ਖ਼ੁਸ਼ ਹੁੰਦਾ ਹੈ ਤੇ ਨਚਦਾ ਟਪਦਾ ਹੈ। ਜਿਵੇਂ ਇਹ ਮੂਰਖਤਾਈਆਂ ਸੱਚ ਹੋਣ। ਇਸੇ ਤਰ੍ਹਾਂ ਦੀ ਹਾਲਤ ਉਸ ਮਹਾਨ ਯੋਧੇ, ਨੀਤੀਵਾਨ, ਕਠੋਰ ਤੇ ਜ਼ਾਲਮ ਸ਼ਾਸਕ ਨੈਪੋਲੀਅਨ ਦੀ ਹੈ ਜੋ ਜੋਸ਼ਫਾਈਨ ਦੇ ਪ੍ਰੇਮ ਵਿਚ ਕਬੂਤਰ ਦੀ ਤਰ੍ਹਾਂ ਗੁਟਕਦਾ ਹੈ। ਜਦੋਂ ਬੜੇ ਠਾਠ ਬਾਠ ਵਿਚ ਨੈਪੋਲੀਅਨ ਮੇਰੀ ਲਕਸਮਬਰਗ ਨੂੰ ਮਿਲਦਾ ਹੈ ਤਾਂ ਉਸ ਮਨੁੱਖ ਰੂਪੀ ਪਸ਼ੂ ਦੀਆਂ ਅੱਖਾਂ ਦੇ ਕੋਨਿਆਂ ਦੀ ਤੱਕਣੀ ਵਿਚੋਂ ਮਨੁੱਖ ਦੀ ਨਿਮਾਣੀ ਵਾਸ਼ਨਾ ਝਾਤੀਆਂ ਮਾਰਦੀ ਹੈ। ਮਹਾਨ ਨੈਪੋਲੀਅਨ ! ਤੇਰੀ ਮਹਾਨਤਾ

ਰਵੇਂ ਮਨੁੱਖੀ ਤੱਤਾਂ ਵਿਚ ਆ ਕੇ ਖੀਣ ਹੋ ਜਾਂਦੀ ਹੈ।

ਨਿਮਾਣੇ ਨੰਗ-ਮੁਨੰਗੇ ਮਨੁੱਖੀ ਬਾਲ ! ਕਾਮਨਾ ਮਨੁੱਖ ਉੱਤੇ ਸਵਾਰ ਹੈ। ਇਸ ਤੋਂ ਪ੍ਰਗਟ ਹੁੰਦਾ ਹੈ ਕਿ ਇਸ ਧਰਤ ਉਪਰ ਮਨੁੱਖ ਆਪਣੀਆਂ ਭਾਵਨਾਵਾਂ ' ਮਨੋਵੇਗਾਂ ਵਿਚ ਦੂਜੇ ਜਾਨਵਰਾਂ ਦੀ ਨਿਆਈਂ ਹੀ ਹੈ। ਨਾ ਲੈਨਿਨ ਤੇ ਨਾ ਕਸਪੀਅਰ ਪ੍ਰਭੂ ਦੇ ਇਸ ਜਾਦੂ ਭਰੇ ਆਕਰਸ਼ਨਾਂ ਅਗੇ ਆਪਣੇ ਆਪ ਨੂੰ ਟਿਕੇ ਖ ਸਕਦੇ ਹਨ।

ਇਹ ਹੈ ਮਨੁੱਖ ਦੀ ਮੂਲ ਪ੍ਰਵਿਰਤੀ। ਮਨੁੱਖ ! ਤੂੰ ਇਹ ਗੱਲ ਭਲੀ ਕਾਰ ਜਾਣ ਲੈ ਕਿ ਤੇਰੇ ਵਿਚ ਇਹਨਾਂ ਮਨੋਭਾਵਾਂ ਨੂੰ ਕਰਤਾਰ ਨੇ ਆਪ ਪਾਇਆ ਹੋਇਆ ਹੈ। ਇਸ ਵਿਚ ਉਹ ਆਪ ਵਿਦਮਾਨ ਹੈ ਅਤੇ ਇਸ ਮਾਰਗ ਤੇ ਹੀ ਪ੍ਰਮਾਤਮਾ ਦਾ ਉਹ ਮਹੱਲ ਹੈ ਜੋ ਅਨੰਤਾਂ ਤਕ ਪਸਰਿਆ ਹੋਇਆ ਹੈ। ਤਸਤਰੀ ਦੇ ਸੁੰਦਰ ਮੁਖੜੇ 'ਤੇ ਰੁਖ਼ਸਾਰਾਂ ਦੀ ਇਸ ਮਨੋਹਰ ਪਰ ਛਿਣ-ਭੰਗਰ ਹੀ ਭਖਦੀ ਸੁੰਦਰਤਾ, ਜੋ ਇਕ ਕੋਲੋਂ ਲੰਘਦੀ ਇਸਤਰੀ ਦੀ ਛਲੇਡੇ ਹਾਰ ਖਿਚ । ਪਹਿਲੀ ਪਹਿਲੀ ਪ੍ਰੇਮ-ਤੱਕਣੀ ਵਿਚ ਹੁੰਦੀ ਹੈ, ਤੁਹਾਨੂੰ ਆਪਣੇ ਵਿਚ ਨਹੀਂ ਹਿਣ ਦਿੰਦੀ। ਨਿਸ਼ਚੇ ਹੀ ਇਸ ਵਿਚ ਪ੍ਰਭੂ ਦਾ ਕੋਈ ਰਹੱਸ ਛੁਪਿਆ ਹੁੰਦਾ ੈ। ਇਹਨਾਂ ਅਰਥਾਂ ਵਿਚ ਸਭ ਖਿਚਾਂ ਆਕਰਸ਼ਕ ਹਨ ਕਿਉਂਜੋ ਇਹਨਾਂ ਵਿਚ ਭੂ ਆਪ ਵਿਦਮਾਨ ਹੈ। ਇਹੀ ਸੱਚ ਸਾਨੂੰ ਆਪਣੇ ਨਾਲ ਜਕੜ ਲੈਂਦਾ ਹੈ ਤੇ ੈਰਾਨ ਪ੍ਰੇਸ਼ਾਨ ਵੀ ਕਰਦਾ ਹੈ। ਹਰ ਵਸਤੂ ਵਿਚ ਸਭ ਤੋਂ ਵੱਧ ਖਿਚ ਪਾਉਣ ਾਲੀ ਸ਼ੋਮਣੀ ਵਸਤੂ ਪ੍ਰਭੂ ਆਪ ਹੀ ਹੈ। ਹਰ ਸੁੰਦਰ ਤੇ ਮਨੋਹਰ ਵਸਤਾਂ ਵਿਚ ਭੂ ਆਪ ਹੀ ਵਿਆਪਕ ਹੁੰਦਾ ਹੈ, ਜੋ ਸਾਨੂੰ ਆਪਣੇ ਵਲ ਆਉਣ ਦਾ ਸੱਦਾ ਦੇਂਦਾ ਹੈ। ਇਸ ਲਈ ਸੱਚੇ ਜਿਗਿਆਸੂ ਪ੍ਰਭੂ ਦੀ ਮਨੁੱਖਾਂ ਵਿਚ ਹੀ ਢੂੰਡ ਭਾਲ ਕਰਦੇ ਹਨ। ਇਹਨਾਂ ਸਭ ਨਾਸ਼ਵੰਤ ਸਰੂਪਾਂ ਵਿਚ ਮਨੁੱਖ ਨੂੰ ਮਸਤਾਨਾ ਕਰ ਦੇਣ ਵਾਲੇ ਮਨੋਭਾਵ ਤੇ ਸਦੀਵੀ ਰਹਿਣ ਵਾਲੀਆਂ ਭਾਵਨਾਵਾਂ ਹੀ ਮਨੁੱਖੀ ਇਤਿਹਾਸ ਨੂੰ ਇਤਨਾਂ ਮਿੱਠੜਾ ਤੇ ਦੁਖਦਾਈ ਬਣਾ ਦਿੰਦੀਆਂ ਹਨ।

ਜੋ ਸਾਡੇ ਚਿਤ ਵਿਚ ਉਸ ਦੇ ਨਾਮ ਦੀ ਯਾਦ ਸੁਰਜੀਤ ਹੈ ਤਾਂ ਸਾਡੀ ਖ਼ੁਸ਼ੀਆਂ ਦੀ ਭਾਲ ਉਸ ਦੀ ਪੂਜਾ ਹੀ ਹੈ। ਪ੍ਰਭੂ ਆਪ ਇਕ ਨਿਰਭੈ ਪ੍ਰੇਮੀ ਦੀ ਤਰ੍ਹਾਂ ਪ੍ਰੇਮਕਾ ਦੀ ਮਨੋਹਰ ਸੁੰਦਰਤਾ ਦੁਆਰਾ ਸਾਡੀ ਆਤਮਾ ਨੂੰ ਖਿਚਾਂ ਪਾਉਂਦਾ ਹੈ।

ਇਹ ਸਭ ਘਟਨਾਵਾਂ ਜੋ ਤੁਹਾਨੂੰ ਦੁਖ ਤੇ ਸੁਖ ਦਿੰਦੀਆਂ ਹਨ ਤੇ ਜੋ ਆਸ ਨਿਰਾਸ ਤੇ ਸੰਜੋਗ ਵਿਜੋਗ ਦੀ ਖੇਡ ਹਨ, ਉਸ ਮਹਾਨ ਸੰਗੀਤਕਾਰ ਦੀਆਂ ਤੁਹਾਡੇ ਵਜੂਦ ਦੇ ਸਾਜ਼ ਦੀਆਂ ਤਰਬਾਂ ਉਤੇ ਉਸ ਦੇ ਕੋਮਲ ਪੋਟਿਆਂ ਦੀ ਛੁਹ ਦੁਆਰਾ ਛਿੜੀਆਂ ਝੁਣਕਾਰਾਂ ਹਨ। ਜਦੋਂ ਤੁਸੀਂ ਰੋਂਦੇ ਜਾਂ ਹਸਦੇ ਹੋ ਤਾਂ ਪ੍ਰਭੂ ਆਪ ਇਹਨਾਂ ਕੋਮਲ ਸਾਜ਼ਾਂ ਉਤੇ ਅਨੰਤ ਸੰਗੀਤ ਧੁਨਾਂ ਦਾ ਵਾਦਨ ਕਰ ਰਿਹਾ ਹੁੰਦਾ ਹੈ।

ਸਾਡੇ ਮਨੁੱਖੀ ਦੁਖ-ਸੁਖ ਦਾ ਰਹੱਸ ਮਹਾਨ ਹੈ ਅਤੇ ਸਾਡੇ ਪ੍ਰਸਪਰ

ਪ੍ਰੇਮ ਤੇ ਘਿਰਣਾ ਦੀ ਤ੍ਰਾਸਦੀ ਦੇ ਵੇਰਵੇ ਵੀ ਮਹਾਨ ਹਨ। ਇਹਨਾਂ ਸੁਆਰਥੀ ਖੂੰਖਾਰ ਪਸ਼ੂਆਂ ਦੁਆਰਾ ਨਿਰਜਿੰਦ ਚੱਟਾਨਾਂ ਤੋਂ ਦੇਵਤੇ ਬਣਾਉਣ ਦੀ ਪ੍ਰਕ੍ਰਿਆ ਦਾ ਬ੍ਰਹਿਮੰਡ ਵਿਆਪੀ ਵਰਤਾਰਾ ਵਰਤਦਾ ਰਹਿੰਦਾ ਹੈ। ਸਾਡੇ ਸਭ ਝਗੜੇ-ਬਿਖਾਦ ਤੇ ਔਗੁਣ ਇਸ ਵਰਤਾਰੇ ਦੇ ਅੰਗ ਹਨ, ਪਰ ਜਦੋਂ ਮਨੁੱਖ ਆਪ ਪ੍ਰਭੂ ਬਣਦਾ ਹੈ ਤਾਂ ਉਸ ਅੰਦਰ ਪ੍ਰਭੂ ਦਾ ਆਪਣਾ ਸੰਸਾਰ ਚਮਕ ਰਿਹਾ ਹੁੰਦਾ ਹੈ। ਇਹ ਇਕ ਬਿਲਕੁਲ ਵਖਰਾ ਸੰਸਾਰ ਹੈ। ਨਿਸ਼ਚੇ ਹੀ ਇਹ ਉਸ ਸੰਸਾਰ ਤੋਂ ਵਖਰਾ ਹੈ ਜੋ ਸਾਡੇ ਕੌੜੇ-ਕੁਸੈਲੇ ਅਨੁਭਵਾਂ ਵਿਚ ਵਿਆਪਕ ਹੁੰਦਾ ਹੈ।

ਇਸ ਲਈ ਮੈਂ ਤੁਹਾਡੇ ਸਭ ਅਨੰਦ-ਭੋਗਾਂ ਨੂੰ ਉਚਿਤ ਆਖਦਾ ਹਾਂ। ਇਸ ਤਰ੍ਹਾਂ ਪਹਿਲਾਂ ਕਿਸੇ ਨੇ ਵੀ ਇਹਨਾਂ ਨੂੰ ਇਤਨਾਂ ਉਚਿਤ ਨਹੀਂ ਦਰਸਾਇਆ ਕਿਉਂਜੋ ਤੁਹਾਨੂੰ ਇਹਨਾਂ ਦੀ ਖ਼ਾਤਰ ਬੜੀਆਂ ਪੀੜਾਂ ਸਹਿਣੀਆਂ ਪੈਂਦੀਆਂ ਹਨ ਤੇ ਆਤਮ-ਸ਼ੁਧੀ ਲਈ ਬੜੀਆਂ ਸਾਧਨਾਵਾਂ ਕਰਨੀਆਂ ਪੈਂਦੀਆਂ ਹਨ। ਮੈਂ ਤਾਂ ਕੇਵਲ ਇਤਨਾ ਕਹਿੰਦਾ ਹਾਂ ਕਿ ਆਪਣੇ ਇਸ ਨਿਜ ਤੋਂ ਜਾਣੂੰ ਹੋਵੋ। ਆਪਣੇ ਆਪੇ ਦੇ ਸਦਾ ਲੋਪ ਹੋ ਰਹੇ ਪੱਖ ਨੂੰ ਆਪਣੇ ਅਨੁਭਵ ਦਾ ਭਾਗ ਬਣਾਉ। ਇਸ ਵਿਚ ਅਦ੍ਰਿਸ਼ਟ ਤੇ ਦ੍ਰਿਸ਼ਟਮਾਨ ਦੋਵੇਂ ਤੱਤ ਹੀ ਆਉਂਦੇ ਹਨ। ਤੁਹਾਡੇ ਇਹਨਾਂ ਅਨੰਦ-ਭੋਗਾਂ ਵਿਚ ਮਹਾਨ ਦੁਖਾਂਤ ਦਾ ਅੰਸ਼ ਮੌਜੂਦ ਹੈ, ਪਰ ਇਹ ਤੁਹਾਡੇ ਅਨੰਦ-ਭੋਗ ਅਸਥਾਈ ਤੇ ਛਿਣ-ਭੰਗਰ ਹੁੰਦੇ ਹੋਏ ਵੀ ਬੜੇ ਨਿਰਛਲ ਅਤੇ ਛਿਣ-ਭੰਗਰ ਹਨ।

ਸਦਾ ਸੁਤੰਤਰਤਾ-ਦਾਨੀ ਬਣੋ। ਸੁਤੰਤਰਤਾ ਨੂੰ ਕਦੀ ਘੁਟ ਕੇ ਨਾ ਰਖੋ। ਸਦਾ ਦੂਜਿਆਂ ਦੇ ਮਿਤਰ, ਉਪਕਾਰੀ, ਸਿਧੇ ਸਾਦੇ ਤੇ ਦਿਆਲੂ ਬਣੋ। ਇਹ ਸਭ ਕੁਝ ਆਪਣੀ ਖ਼ਾਤਰ ਕਰੋ ਕਿਉਂਜੋ ਇਸ ਤਰ੍ਹਾਂ ਵਸਤੂਆਂ ਦੀ ਸ਼ੁਧ ਸੁੰਦਰਤਾ ਦਾ ਆਭਾਸ ਤੁਹਾਡੇ ਅੰਦਰਲੇ ਰਹੱਸਮਈ ਪ੍ਰਭੂ ਦੀ ਉਚਤਮ ਹੋਣੀ ਤੇ ਜੀਵਨ ਦੀ ਪਵਿੱਤਰ ਪੁਨੀਤ ਮੰਜ਼ਿਲ ਹੈ।

ਉਹਨਾਂ ਸਭ ਨੂੰ ਭੁਲ ਜਾਉ ਜੋ ਤੁਹਾਡੇ ਅੰਦਰ ਮਾਨਸਿਕ ਬਿਖਾਦ ਉਤਪੰਨ ਕਰਦੇ ਹਨ, ਉਹਨਾਂ ਤੋਂ ਦੂਰ ਚਲੇ ਜਾਉ ਜੋ ਤੁਹਾਡੇ ਮਨ ਨੂੰ ਦਬਾਉਂਦੇ ਹਨ। ਲੋਕ ਤੇ ਪਰਲੋਕ ਦੋਵੇਂ ਹੀ ਬੜੇ ਵਿਸ਼ਾਲ ਹਨ। ਪੂਰਨਤਾ ਤਕ ਪਹੁੰਚਣ ਲਈ ਅਣਗਿਣਤ ਵਸਤੂ ਮੌਜੂਦ ਹਨ। ਇਸ ਲਈ ਮੈਂ ਆਖਦਾ ਹਾਂ ਕਿ ਆਪਣੇ ਸਾਥੀ ਆਪ ਚੁਣੋ ਤੇ ਇਸ ਚੋਣ ਵਿਚ ਇਹ ਉਹ ਸਾਥੀ ਹੋਣੇ ਚਾਹੀਦੇ ਹਨ ਜੋ ਤੁਹਾਨੂੰ ਉਚਾ ਲੈ ਜਾਣ। ਕਈ ਵਾਰ ਤੁਸੀਂ ਨਿਰੰਤਰਤਾ ਦੀ ਭਾਲ ਵਿਚ ਅਸਫਲ ਹੋ ਜਾਂਦੇ ਹੋ। ਇਸ ਲਈ ਆਪਣੇ ਸਾਥੀਆਂ ਦੀ ਚੋਣ ਆਪ ਕਰੋ ਤੇ ਸਭ ਨਾਲ ਸਹਿਜ ਸ਼ਾਂਤੀ ਵਿਚ ਵਿਚਰੋ। ਆਪਣੇ ਅੰਦਰ ਵੀ ਪ੍ਰਸੰਨ ਰਹੋ। ਉਹਨਾਂ ਦੋਸਤਾਂ ਤੋਂ ਦੂਰ ਰਹੋ ਜੋ ਤੁਹਾਨੂੰ ਜਿਚ ਕਰਦੇ ਹਨ। ਇਹ ਮਾਨਸਿਕ ਖਿਝ ਵਿਅਕਤੀ ਤੇ ਸਮਾਜ ਦੋਹਾਂ ਲਈ ਰੋਗ ਹੈ। ਉਹਨਾਂ ਜਾਣਕਾਰਾਂ ਤੋਂ ਬਚੋ ਜੋ ਤੁਹਾਡੇ ਅੰਦਰ ਘਿਰਣਾ ਪੈਦਾ ਕਰਦੇ ਹਨ। ਘਿਰਣਾ ਸੱਚ ਤੇ ਪ੍ਰਭੂ ਦੀ ਅਨੰਤਤਾ ਨੂੰ ਘਟਾ ਦਿੰਦੀ ਹੈ ਤੇ ਸਾਡੇ ਅੰਦਰ ਵਿਅਰਥ ਦੀ ਥੋੜ੍ਹ-ਚਿਰੇ ਦੁਖ ਕਲੇਸ਼ ਨੂੰ ਪੈਦਾ ਕਰਦੀ ਹੈ। ਘਿਰਣਾ ਤਾਂ ਤੁਹਾਡੀ ਆਤਮਾ ਨੂੰ ਉਪਰਾਮ ਕਰਦੀ ਹੈ ਕਿਉਂਜੋ ਇਸ ਪ੍ਰਕਾਰ ਤੁਸੀਂ

ਸ ਪ੍ਰਭੂ ਦੀ ਢੂੰਡ ਵਿਚ ਨਿਕਲੇ ਹੋ, ਉਸ ਨੂੰ ਪ੍ਰਾਪਤ ਨਹੀਂ ਕਰ ਸਕੋਗੇ। ਇਸ ਕਾਰ ਜਦੋਂ ਆਤਮਾ ਦਾ ਸੰਤੁਲਨ ਵਿਗੜ ਜਾਂਦਾ ਹੈ ਤਾਂ ਤੁਹਾਡੇ ਤਨ ਤੇ ਮਨ ਵੇਂ ਹੀ ਆਪਣੇ ਕੇਂਦਰ ਤੋਂ ਹਿਲ ਜਾਂਦੇ ਹਨ। ਤਦੋਂ ਰੋਗ ਵਾਪਰਦੇ ਹਨ ਤੇ ਮ੍ਰਿਤੂ ਜਾਂਦੀ ਹੈ। ਸਰੀਰ ਦੀ ਮੌਤ ਤਾਂ ਔਖੋਂ ਪਰੋਖੇ ਕੀਤੀ ਜਾ ਸਕਦੀ ਹੈ, ਪਰ ਥੇ ਤਾਂ ਕਈ ਵਾਰ ਆਤਮਾ ਦੀ ਮੌਤ ਵੀ ਹੋ ਜਾਂਦੀ ਹੈ। ਇਸ ਤਰ੍ਹਾਂ ਰਜਣਾਤਮਕ ਆਤਮਾ ਦਾ ਖਿੰਡਾਰਾ ਹੋ ਜਾਂਦਾ ਹੈ ਤੇ ਇਹ ਨਿਪਟ ਪਦਾਰਥ ਨਿਬੜਦੀ ਹੈ। ਉਹ ਬ੍ਰਹਿਮੰਡੀ ਕਿਰਤ ਜਿਸ ਨੇ ਆਤਮਾ ਨੂੰ ਸਿਰਜਿਆ ਤੇ ਸ ਨੇ ਪਦਾਰਥ ਤੋਂ ਸੁੰਦਰਤਾ ਨੂੰ ਘੜਿਆ ਹੈ, ਇਸ ਤਰ੍ਹਾਂ ਨਸ਼ਟ ਹੋ ਜਾਂਦੀ ।

ਇਸ ਨਿਕੀ ਨਿਕੀ ਖਿਚੋਤਾਣ ਤੋਂ ਹੀ ਮਹਾਨ ਯੁਧ ਹੁੰਦੇ ਹਨ। ਇਹਨਾਂ ' ਕਾਰਨ ਸਾਡੇ ਮਨੁੱਖਾਂ ਪ੍ਰਤੀ ਘਿਰਣਾ ਅਤੇ ਕਚੀਚੀਆਂ ਵਟਣਾ ਹੁੰਦਾ ਹੈ। ਹਨਾਂ ਚੰਦ ਲੋਕਾਂ ਦੀ ਆਤਮਾ ਦੇ ਅਸਾਵੇਂ ਹੋ ਜਾਣ ਨਾਲ ਹੀ ਕੌਮਾਂ ਦੀ ਸ਼ਾਂਤੀ ਗ ਹੋ ਜਾਂਦੀ ਹੈ। ਜਿੰਨਾਂ ਵੀ ਕੋਈ ਮਨੁੱਖ ਪ੍ਰਮਾਤਮਾ ਤੇ ਸਮਾਜ ਪ੍ਰਤੀ ਿਮੇਵਾਰ ਹੋਵੇਗਾ, ਆਪਣੀ ਪ੍ਰਕ੍ਰਿਤੀ ਅਨੁਸਾਰ ਹੀ ਉਸ ਨੂੰ ਵਧੇਰੇ ਸਹਿਜ ਸ਼ਾਂਤੀ ਲਾ ਹੋਣਾ ਪਵੇਗਾ। ਖ਼ੁਸ਼ੀ ਦੀ ਗੱਲ ਇਹ ਹੈ ਕਿ ਸਭ ਪ੍ਰਕਾਰ ਦੇ ਮਕਾਨਕੀ ਆਤਮਿਕ ਸਾਧਨ ਮੌਜੂਦ ਹਨ ਜਿਨ੍ਹਾਂ ਦੁਆਰਾ ਆਪਣਾ ਸੰਤੁਲਨ ਸਥਿਰ ਖੇਆ ਜਾ ਸਕਦਾ ਹੈ। ਜਦੋਂ ਪ੍ਰਮਾਤਮਾ ਸਾਡੇ ਅੰਦਰ ਮੌਜੂਦ ਹੁੰਦਾ ਹੈ ਤਾਂ ਅਸੀਂ ਪਣੇ ਅੰਦਰ ਵੀ ਸ਼ਾਂਤ ਚਿਤ ਹੁੰਦੇ ਹਾਂ ਤੇ ਦੂਜਿਆਂ ਪ੍ਰਤੀ ਵੀ ਸ਼ਾਂਤੀ ਦੀ ਭਾਵਨਾ ਜਦੇ ਹਾਂ। ਜਦੋਂ ਅਸੀਂ ਆਪਣੇ ਅੰਦਰ ਪੂਰਨ ਤੌਰ 'ਤੇ ਪ੍ਰਸੰਨਚਿਤ ਹੁੰਦੇ ਹਾਂ ਤਾਂ ਡੇ ਅੰਦਰ ਦੂਜਿਆਂ ਪ੍ਰਤੀ ਵੀ ਵੈਰ ਵਿਰੋਧ ਨਹੀਂ ਹੁੰਦਾ। ਤੁਹਾਡੀ ਖ਼ੁਸ਼ੀ ਬ੍ਰਿਛ ਅੰਦਰਲੇ ਰਸ ਦੀ ਤਰ੍ਹਾਂ ਤੁਹਾਡੇ ਅੰਦਰ ਪ੍ਰਵਾਹਿਤ ਹੋਣੀ ਚਾਹੀਦੀ ਹੈ। ਆਤਮਾ ! ਇਸ ਅਕਹਿ ਪੁਨੀਤਤਾ ਵਿਚ ਤੇ ਖ਼ੁਸ਼ੀ ਦੀ ਇਸ ਅਸਗਾਹ ਤੇ ਝਲੇ ਕਰ ਣ ਵਾਲੇ ਅਨੰਦ ਵਿਚ ਸਾਨੂੰ ਮਨੁੱਖਾਂ ਤੇ ਬ੍ਰਿਛਾਂ ਨੂੰ ਜੱਫੀ ਵਿਚ ਘੁਟ ਲੈਣਾ ਹੀਦਾ ਹੈ। ਕੇਵਲ ਉਸ ਸਮੇਂ ਜਦੋਂ ਉਸ ਨੂੰ ਇਸੇ ਤਰ੍ਹਾਂ ਸਿਰਜਿਆ ਗਿਆ ਜਾਂ ਆਦੇਸ਼ ਕੀਤਾ ਗਿਆ ਹੈ ਕਿ ਉਹ ਇਕ ਝਰਨੇ ਤੇ ਦਰਿਆ ਦੀ ਤਰ੍ਹਾਂ ਠੱਲ੍ਹ ਵੇਗ ਵਿਚ ਵਹਿੰਦਾ ਜਾਵੇ, ਪਰ ਅਜਿਹਾ ਕਰਨ ਨਾਲ ਤੁਹਾਡੀ ਖ਼ੁਸ਼ੀ, ਹਾਡੀ ਨੇਕੀ, ਤੁਹਾਡੇ ਗੁਣ ਖੁਟ ਵੀ ਸਕਦੇ ਹਨ।

ਉਹ ਸਭ ਸਰੀਰਕ ਸਾਧਨ ਜੋ ਤੁਹਾਨੂੰ ਤੁਹਾਡੇ ਸਦਗੁਣਾਂ ਦੇ ਸਾਵੇਂਪਣ ਰਖਣ ਲਈ ਜ਼ਰੂਰੀ ਹਨ, ਉਹਨਾਂ ਨੂੰ ਇਕੱਤਰ ਕਰ ਲਉ ਅਤੇ ਇਹ ਸਾਰਾ ਡਾਰ ਨਾ ਹੀ ਕੰਜੂਸਾਂ ਦੀ ਤਰ੍ਹਾਂ ਬਚਾ ਕੇ ਰਖਣਾ ਚਾਹੀਦਾ ਹੈ ਤੇ ਨਾ ਹੀ ਫਜ਼ੂਲ ਰਚਾਂ ਦੀ ਤਰ੍ਹਾਂ ਸਾਰਾ ਉਜਾੜ ਦੇਣਾ ਚਾਹੀਦਾ ਹੈ। ਇਸ ਨੂੰ ਇਸ ਤਰ੍ਹਾਂ ਵਰਤੋਂ ਚ ਲਿਆਉਣਾ ਚਾਹੀਦਾ ਹੈ ਜਿਵੇਂ ਇਹ ਚਿਰੰਜੀਵ ਰੂਪ ਵਿਚ ਤੁਹਾਡੇ ਕੋਲੋਂ ਹਰ ਪ੍ਰਵਾਹਿਤ ਹੁੰਦੇ ਰਹੇ ਅਤੇ ਤੁਹਾਡਾ ਅੰਦਰ ਸਭ ਲਈ ਸ਼ੁਭ ਕਾਮਨਾਵਾਂ ਨਾਲ ਰਪੂਰ ਹੋਵੇ। ਇਹ ਪ੍ਰਭੂ ਸਮਾਨ ਸਦੀਵੀ ਵਿਕਾਸ ਕਰਦਾ ਰਹੇਗਾ। ਜਿਹਾ ਕਿ

ਆਪਣੇ ਆਪ ਨੂੰ ਸੁਰਖਿਅਤ ਤੇ ਸਾਂਭ ਕੇ ਰਖਣਾ ਇਸ ਦੀ ਪ੍ਰਕ੍ਰਿਤੀ ਹੈ। ਇਹੋ ਹੀ ਆਤਮਾ ਦਾ ਅਰਥਚਾਰਾ ਤੇ ਖ਼ੁਸ਼ੀ ਦਾ ਸੋਮਾ ਹੈ।

ਦੁਖ ਤੇ ਸੁਖ ਦੋਵੇਂ ਤੁਹਾਨੂੰ ਸਥਿਰ ਰਖਣ ਲਈ ਸਾਧਨ ਮਾਤਰ ਹਨ ਦੋਵੇਂ ਹੀ ਇਕੋ ਥਾਂ ਸੰਯੁਕਤ ਜ਼ਹਿਰ ਤੇ ਅੰਮ੍ਰਿਤ ਹਨ। ਜ਼ਹਿਰ ਇਹ ਉਸ ਸਮੇਂ ਬਣ ਜਾਂਦੇ ਹਨ ਜਦੋਂ ਇਹ ਤੁਹਾਡੇ ਸਦਗੁਣਾਂ ਨੂੰ ਪੂਰੀ ਤਰ੍ਹਾਂ ਨਸ਼ਟ ਕਰ ਦਿੰਦੇ ਹਨ ਤੇ ਇਹ ਅੰਮ੍ਰਿਤ ਉਸ ਸਮੇਂ ਬਣ ਜਾਂਦੇ ਹਨ ਜਦੋਂ ਇਹ ਸਦਗੁਣ ਵਿਚ ਹੋਰ ਵਾਧਾ ਕਰਕੇ ਚਿੰਰਜੀਵੀ ਬਣਾ ਦਿੰਦੇ ਹਨ।

ਮਿਤਰਤਾ ਤੇ ਸਾਕ-ਸਬੰਧ, ਪ੍ਰੇਮ ਤੇ ਘਿਰਣਾ, ਸਮਾਜਕ ਤੇ ਨਾਗਰਿਕ ਸੇਵਾਵਾਂ ਦਾ ਇਕੱਤਰ ਕਰਨਾ, ਸੁਹਜਾਤਮਕ ਤੇ ਤਿਆਗ ਬਾਰੇ ਚੋਣ, ਧਰਮ ਤੇ ਪੂਜਾ ਅਰਚਾ ਅਤੇ ਇਹਨਾਂ ਦਾ ਤਿਆਗ ਇਹ ਸਭ ਤੁਹਾਡੇ ਸਦਗੁਣਾਂ ਨੂੰ ਸੁਰਖਿਅਤ ਰਖਣ ਲਈ ਮਕਾਨਕੀ ਸਾਧਨ ਹਨ ਤਾਂ ਜੋ ਇਹਨਾਂ ਨੂੰ ਉਚੇ ਪੱਧਰ ਉਤੇ ਸਥਿਰ ਰਖਿਆ ਜਾ ਸਕੇ।

ਆਪਣੀ ਪ੍ਰਕ੍ਰਿਤੀ ਕਾਰਨ ਜੀਵਨ ਦੀ ਸਾਰੀ ਘਾਲ ਅੰਮ੍ਰਿਤ ਤੇ ਜ਼ਹਿਰ ਦੋਵੇਂ ਹੀ ਹਨ। ਜ਼ਹਿਰ ਉਸ ਸਮੇਂ ਜਦੋਂ ਇਹ ਤੁਹਾਡੇ ਸਦਗੁਣਾਂ ਨੂੰ ਪੂਰੀ ਤਰ੍ਹਾਂ ਤੁਹਾਡੇ ਖ਼ੂਨ ਦੇ ਵਹਿਣ ਦੀ ਨਿਆਈਂ ਖ਼ਤਮ ਕਰ ਦਿੰਦੇ ਹਨ ਤੇ ਅੰਮ੍ਰਿਤ ਉਸ ਸਮੇਂ ਜਦੋਂ ਇਹ ਤੁਹਾਡੀਆਂ ਜੜ੍ਹਾਂ ਨੂੰ ਸਿੰਜ ਕੇ ਇਹਨਾਂ ਦੇ ਵਧਣ ਫੁਲਣ ਵਿਚ ਸਹਾਈ ਹੋ ਕੇ ਜੀਵਨ ਦੇ ਸੋਮਿਆਂ ਵਿਚ ਸਦੀਵੀ ਰੂਪ ਵਿਚ ਰੰਗ ਭਰਦੇ ਹਨ। ਇਸ ਲਈ ਜਿਗਿਆਸੂਓ ! ਇਸ ਗੱਲ ਨੂੰ ਭਲੀ ਪ੍ਰਕਾਰ ਜਾਣ ਲਓ ਕਿ ਤੁਸੀਂ ਆਪਣੇ ਅੰਦਰਲੇ ਪ੍ਰਗੀਤਕ ਸੰਤੁਲਨ ਨੂੰ ਕਿਵੇਂ ਸੁਰਿਖਅਤ ਰਖ ਸਕਦੇ ਹੋ।

ਪੈਗੰਬਰ ਮੁਹੰਮਦ ਸਾਹਿਬ ਆਪਣੇ ਗ਼ੁਲਾਮ ਸਯੀਦ ਦੀ ਕਬਰ ਉਤੇ ਪਏ ਤੇ ਸਯੀਦ ਦੀ ਪੁਤਰੀ ਅਰਥਾਤ ਮੁਹੰਮਦ ਸਾਹਿਬ ਦੀ ਪੈਰੋਕਾਰ ਮੁਹੰਮਦ ਸਾਹਿਬ ਨੂੰ ਇਕ ਸਾਧਾਰਨ ਮਨੁੱਖ ਦੀ ਤਰ੍ਹਾਂ ਰੋਂਦੇ ਵੇਖ ਕੇ ਹੈਰਾਨ ਹੋ ਗਈ ਪਰ ਮੁਹੰਮਦ ਸਾਹਿਬ ਨੇ ਆਪਣੇ ਹੰਝੂ ਪੂੰਜਦੇ ਹੋਇਆਂ ਉਸ ਨੂੰ ਸੰਬੋਧਨ ਕਰਦੇ ਹੋਏ ਇਹ ਫ਼ੁਰਮਾਇਆ, "ਜੇ ਇਕ ਮਿਤਰ ਆਪਣੇ ਮਿਤਰ ਦੀ ਕਬਰ ਉਤੇ ਰੋਂਦਾ ਹੈ ਤਾਂ ਇਸ ਵਿਚ ਹੈਰਾਨ ਹੋਣ ਵਾਲੀ ਕਿਹੜੀ ਗੱਲ ਹੈ ?"

ਹਜ਼ਰਤ ਮੁਹੰਮਦ ਸਾਹਿਬ ਦੇ ਇਸ ਛੋਟੇ ਜਿਹੇ ਕਰਮ ਵਿਚ ਪ੍ਰਭੂ ਦੀ ਅਨੰਤਤਾ ਪ੍ਰਗਟ ਹੁੰਦੀ ਹੈ। ਕੁਰਾਨ ਦੇ ਸਾਰੇ ਇਲਹਾਮ ਦੀ ਤੁਲਨਾ ਵਿਚ ਇਸ ਛੋਟੇ ਜਿਹੇ ਮਨੁੱਖੀ ਕਰਮ ਵਿਚ ਪ੍ਰਭੂ ਦਾ ਜਲਵਾ ਵਧੇਰੇ ਪ੍ਰਕਾਸ਼ਮਾਨ ਹੋਇਆ ਹੈ ਪਰ ਅਸੀਂ ਜੋ ਨਿਤਾਣੇ ਹਾਂ, ਸਾਡੇ ਉਤੇ ਇਹਨਾਂ ਦਾ ਕੋਈ ਪ੍ਰਭਾਵ ਨਹੀਂ ਪੈਂਦਾ ਹੋਰ ਕਰਾਮਾਤਾਂ ਆਪਣੇ ਦੁਹਰਾ ਦੇ ਕਾਰਨ ਮੁਕ ਜਾਂਦੀਆਂ ਹਨ ਤੇ ਸਾਡੇ ਵਿਚ ਕੋਈ ਕੋਈ ਹੀ ਸੱਚਾ ਮੁਸਲਮਾਨ ਹੈ। ਪਰ ਜੇ ਅਸੀਂ ਪੈਗੰਬਰ ਸਾਹਿਬ ਸਮਾਨ ਰੋ ਸਕੀਏ ਤਾਂ ਅਸੀਂ ਸਾਰੇ ਮੁਸਲਮਾਨ ਹੋ ਸਕਦੇ ਹਾਂ।

ਨਜ਼ਰਾਥ ਦੇ ਯਸੂ ਦੀ ਯਾਦ ਵਿਚ ਬਹੁਤ ਸਾਰੇ ਅਣਜਾਣ ਲੋਕ ਆਪਣੀ ਸ੍ਰੇਸ਼ਠ ਆਤਮਾ ਨੂੰ ਸੂਲੀ ਉਤੇ ਚੜ੍ਹਾਉਂਦੇ ਹਨ। ਪ੍ਰਭੂ ਯਸੂ ਨੇ ਖ਼ੁਹ ਉਤੇ ਕਿ

ਰ੍ਹਾਂ ਉਸ ਇਸਤਰੀ ਨਾਲ ਮਿੱਠੀਆਂ ਮਿੱਠੀਆਂ ਗੱਲਾਂ ਕੀਤੀਆਂ ਤੇ ਕਿਸ ਤਰ੍ਹਾਂ ਾਪੀਆਂ ਨੂੰ ਖਿਮਾਂ ਦਾਨ ਕੀਤਾ। ਉਸ ਦਾ ਇਹ ਮਨੁੱਖੀ ਛੁਹ ਵਾਲਾ ਕਰਮ ਉਸ ! ਮੁਰਦਿਆਂ ਨੂੰ ਜਿਵਾਲਨ ਤੇ ਰੋਗੀਆਂ ਦੇ ਰੋਗ ਦੂਰ ਕਰਨ ਨਾਲੋਂ ਸਾਡੇ ਲਈ ਧੇਰੇ ਮਹੱਤਵਪੂਰਨ ਹੈ। ਪ੍ਰਭੂ ਯਸੂ ਨੂੰ ਤਾਂ ਅਸਾਧਾਰਣ ਰੂਪ ਦਾ ਵਿਅਕਤੀ ਨਰਜਿਆ ਗਿਆ ਸੀ। ਇਸ ਲਈ ਅਜਿਹੇ ਸਾਰੇ ਕਰਮ ਉਸ ਦੇ ਆਤਮਿਕ ੍ਰਕਾਸ਼ ਦੇ ਸਾਧਾਰਨ ਕਰਮ ਹੀ ਹਨ, ਪਰ ਇਹ ਸਾਰੇ ਨਾ ਸਾਡੀ ਬੁਧੀ ਤੇ ਨਾ ੀ ਸਾਡੀ ਆਤਮਾ ਨੂੰ ਉਤੇਜਿਤ ਕਰਦੇ ਹਨ, ਪਰ ਬੁਧੀ ਦਾ ਇਹ ਸੁਭਾ ਹੈ ਕਿ ਜੰਨਾਂ ਚਿਰ ਤਕ ਇਸ ਨੂੰ ਲਗਾਤਾਰ ਉਤੇਜਨਾ ਪੂਰਵਕ ਨਾ ਬਣਾਇਆ ਜਾਵੇ ਤੇ ਇਸ ਨੂੰ ਮਘਦੀ ਚੰਗਿਆੜੀ ਵਾਂਗ ਨਾ ਭਖਾਇਆ ਜਾਵੇ ਉਨਾਂ ਚਿਰ ਤਕ ਏਹ ਸੱਚ ਦੀ ਪ੍ਰਸ਼ੰਸਾ ਵਿਚ ਚਮਕਦੀ ਨਹੀਂ ਰਹਿ ਸਕਦੀ। ਇਸ ਲਈ ਜੇਗਿਆਸੂਓ ! ਤੁਹਾਨੂੰ ਸੱਚ ਬਾਰੇ ਜਾਣੂੰ ਹੋਣ ਲਈ ਬੁਧੀ ਨੂੰ ਉਤੇਜਿਤ ਰਖਣਾ ਜ਼ਰੂਰੀ ਨਹੀਂ ਹੈ। ਸਭ ਬੌਧਿਕ ਕਦਰਾਂ ਕੀਮਤਾਂ ਬੜੇ ਗੁੰਝਲਦਾਰ ਆਤਿਸ਼ਬਾਜ਼ੀ ਦਾ ਰੂਪ ਹਨ ਜੋ ਬਲਦੀਆਂ ਤਾਂ ਚੰਗਿਆੜੀਆਂ ਹਾਰ ਹਨ, ਪਰ ਬੁਝ ਕੇ ਰਾਖ ਹੋ ਜਾਂਦੀਆਂ ਹਨ।

ਜਿਗਿਆਸੂਓ ! ਇਹ ਗੱਲ ਭਲੀ ਪ੍ਰਕਾਰ ਜਾਣ ਲਵੋ ਕਿ ਜਦੋਂ ਤੁਸੀਂ ਕਿਸੇ ਖ਼ੁਸ਼ੀ ਨੂੰ ਮਾਣ ਰਹੇ ਹੁੰਦੇ ਹੋ ਜਾਂ ਤੁਸੀਂ ਕਿਸੇ ਜਜ਼ਬਾਤੀ ਵੇਗ ਵਿਚ ਨਿਰੰਤਰ ਪ੍ਰੇਮ ਰੰਗ ਵਿਚ ਮਤੇ ਹੁੰਦੇ ਹੋ, ਦੇਸ਼ ਭਗਤੀ ਜਾਂ ਧਾਰਮਿਕ ਸ਼ਹਾਦਰ ਦੀ ਪਵਿੱਤਰ ਭਾਵਨਾ ਵਿਚ ਆਤਮ-ਬਲੀਦਾਨ ਕਰ ਰਹੇ ਹੁੰਦੇ ਹੋ ਜਾਂ ਕਿਸੇ ਵੀ ਹੋਰ ਡੂੰਘੇ ਮਨੋਭਾਵਾਂ ਦੇ ਕਾਰਜ ਵਿਚ ਮਗਨ ਹੁੰਦੇ ਹੋ ਤਾਂ ਤੁਹਾਡੀ ਬੁਧੀ ਤੁਹਾਡੇ ਨਾਲ ਕਦਮ ਨਹੀਂ ਮੇਚ ਸਕਦੀ। ਇਸ ਸਮੇਂ ਜਾਂ ਤਾਂ ਤੁਸੀਂ ਇਸ ਵਲੋਂ ਬੇਧਿਆਨੇ ਹੋ ਜਾਂਦੇ ਹੋ ਜਾਂ ਹਿੰਦੂ ਯੋਗੀ ਦੇ ਪ੍ਰਾਣਾਯਮ ਦੀ ਸਾਧਨਾ ਸਮਾਨ ਇਸ ਨੂੰ ਰੋਕ ਲੈਂਦੇ ਹੋ ਅਤੇ ਇਹ ਤੁਹਾਡੀ ਆਤਮਾ ਦੇ ਬਾਹਰਵਾਰ ਕਿਤੇ ਸੁਕ ਰਹੀ ਹੁੰਦੀ ਹੈ ਜਾਂ ਜਿਵੇਂ ਤੁਸੀਂ ਇਸ ਨੂੰ ਕਿਤੇ ਨੁਕਰ ਵਿਚ ਛੁਪਾਉਣਾ ਹੁੰਦਾ ਹੈ, ਇਹ ਇਕ ਪਹਿਰੇਦਾਰ ਦੀ ਤਰ੍ਹਾਂ ਸ਼ਸਤਰਬਧ ਹੋ ਕੇ ਕਿਸੇ ਬਾਹਰਲੇ ਦਰਵਾਜ਼ੇ ਉਤੇ ਖੜ੍ਹੀ ਹੁੰਦੀ ਹੈ ਤੇ ਤੁਹਾਡੇ ਦੁਖਾਂ ਸੁਖਾਂ ਦੇ ਨਿਜੀ ਕੁੰਜ ਵਿਚ ਪ੍ਰਵੇਸ਼ ਕਰਨ ਦਾ ਹੌਸਲਾ ਨਹੀਂ ਕਰ ਸਕਦੀ। ਇਸ ਲਈ ਇਹ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਤੁਹਾਡੇ ਇਹਨਾਂ ਮਹੱਤਵਪੂਰਨ ਸਰੋਕਾਰਾਂ ਵਿਚ ਜਿਸ ਵਿਚ ਤੁਹਾਡੀ ਆਤਮਾ ਆਪਣੀ ਹੋਣੀ, ਪ੍ਰੇਮ ਤੇ ਡੂੰਘੇ ਮਨੋਭਾਵਾਂ ਨਾਲ ਜੁੜੀ ਹੁੰਦੀ ਹੈ, ਬੁਧੀ ਲਈ ਕਰਨ ਯੋਗ ਕੋਈ ਕੰਮ ਵੀ ਨਹੀਂ ਹੁੰਦਾ। ਅਜਿਹੇ ਸਮੇਂ ਤੁਸੀਂ ਤਾਂ ਵਿਸਮਾਦ ਵਿਚ ਆਪਣੇ ਪ੍ਰਭੂ-ਪ੍ਰੀਤਮ ਵਲ ਮੂਕ ਹੋ ਨਿਮਰਤਾ ਵਿਚ ਤੱਕ ਰਹੇ ਹੁੰਦੇ ਹੋ। ਉਸ ਪ੍ਰਭੂ-ਪ੍ਰੀਤਮ ਦਾ ਸ਼ੁਕਰਾਨਾ ਕਰ ਰਹੇ ਹੁੰਦੇ ਹੋ, ਜਿਸ ਨੇ ਦੁਖਾਂ ਸੁਖਾਂ ਦਾ ਤੁਹਾਨੂੰ ਇਨਾਂ ਵੱਡਾ ਭੰਡਾਰ ਬਖ਼ਸ਼ਿਆ ਹੈ। ਕਈ ਵਾਰ ਅਜਿਹੇ ਸਮੇਂ ਇਹ ਬੁਧੀ ਦਾ ਤੁਹਾਡਾ ਢੀਠ ਸਾਥੀ ਅਚਾਨਕ ਹੀ ਆ ਧਮਕਦਾ ਹੈ ਤੇ ਇਕ ਜਾਬਰ ਵਾਂਗ ਤੁਹਾਡੇ ਉਤੇ ਸਵਾਰ ਹੋ ਕੇ ਤੁਹਾਨੂੰ ਆਪਣਾ ਸ਼ਿਕਾਰ ਬਣਾ ਲੈਂਦਾ ਹੈ।

ਆਪਣੇ ਆਪ ਨੂੰ ਸਿਧ ਪੱਧਰੀ, ਮਿੱਠੜੀ, ਚੰਗੇਰੀ ਤੇ ਸਾਧਾਰਣ ਸ਼ੁਧ ਮਨੁੱਖਤਾ ਵਿਚੋਂ ਢੂੰਡਣ ਦਾ ਯਤਨ ਕਰੋ। ਮੈਂ ਇਹ ਨਹੀਂ ਕਹਿੰਦਾ ਕਿ ਬੁਧੀ ਦਾ ਦਮਨ ਕਰਨਾ ਚਾਹੀਦਾ ਹੈ। ਮੈਂ ਤਾਂ ਇਹ ਕਹਿੰਦਾ ਹਾਂ ਕਿ ਬੁਧੀ ਨੂੰ ਸ਼ਸਤਰਧਾਰੀ ਸੈਨਿਕ ਜੱਥੇ ਸਮਾਨ ਪੂਰਨ ਤੌਰ 'ਤੇ ਸੁਸਿਖਿਅਤ ਰੂਪ ਵਿਚ ਤੁਹਾਡੀ ਸੈਨਿਕ ਸ਼ਕਤੀ ਹੋਣਾ ਚਾਹੀਦਾ ਹੈ ਜੋ ਤੁਹਾਡੀ ਤਾਬਿਆ ਵਿਚ ਰਹਿਣੀ ਚਾਹੀਦੀ ਹੈ, ਪਰ ਇਹ ਤੁਹਾਡਾ ਦੈਵੀ ਅਧਿਕਾਰ ਹੈ ਕਿ ਤੁਸੀਂ ਆਪਣੇ ਕਿਲ੍ਹੇ ਦੇ ਆਪ ਸਮਰਾਟ ਹੋ। ਸੈਨਾ ਤਾਂ ਸਾਮਰਾਜ ਦੇ ਨਿਰਮਾਣ ਲਈ ਹੁੰਦੀ ਹੈ ਨਾ ਕਿ ਇਸ ਦੀ ਤਬਾਹੀ ਲਈ। ਬੁਧੀ ਨੂੰ ਵੀ ਤੁਹਾਡਾ ਮੰਤਰੀ ਹੋਣਾ ਚਾਹੀਦਾ ਹੈ ਜਿਵੇਂ ਕਿ ਕਲਪਨਾ ਵਿਚ ਸਮਾਉਣ ਵਾਲੀਆਂ ਹੋਰ ਸ਼ਕਤੀਆਂ ਜਾਂ ਗੁਣ ਹੁੰਦੇ ਹਨ।

ਇਸ ਲਈ ਇਹ ਗੱਲ ਭਲੀ ਪ੍ਰਕਾਰ ਜਾਣ ਲਉ ਕਿ ਤੁਸੀਂ ਪ੍ਰਮਾਤਮਾ ਨੂੰ ਆਪਣੀ ਹੀ ਮਿੱਠੜੀ ਮਾਨਵਤਾ ਵਿਚੋਂ ਜਾਣ ਸਕਦੇ ਹੋ। ਪ੍ਰਮਾਤਮਾ ਦੀਆਂ ਅਨੰਤ ਚੰਗਿਆਈਆਂ ਸਾਰੀਆਂ ਮਨੁੱਖੀ ਛੁਹਾਂ ਵਿਚ ਮੌਜੂਦ ਹਨ। ਮਨੁੱਖੀ ਦੁਖਾਂ-ਸੁਖਾਂ, ਆਸਾਂ-ਨਿਰਾਸ਼ਾਵਾਂ, ਦੁਖਾਂਤਕ ਆਦਿ ਤੇ ਤ੍ਰਾਸਦੀ ਭਰਪੂਰ ਅੰਤਾਂ ਵਿਚੋਂ ਤੁਹਾਨੂੰ ਭਾਲਣ ਯੋਗ ਅਤੇ ਜਾਨਣ ਯੋਗ ਸਮੱਗਰੀ ਮਿਲੇ। ਪ੍ਰਮਾਤਮਾ ਤਾਂ ਇਹਨਾਂ ਨਿੱਕੇ ਨਿੱਕੇ ਮਨੁੱਖੀ ਕਾਰਜਾਂ ਜੋ ਭਾਵੇਂ ਤਿਣਕੇ-ਹਾਰ ਹਨ, ਦੇ ਪਰਦਿਆਂ ਪਿਛੇ ਖੜ੍ਹਾ ਹੈ ਅਤੇ ਉਹ ਬੁਧੀ ਦੀਆਂ ਉਚੀਆਂ ਪੱਥਰ ਦੀਆਂ ਕੰਧਾਂ ਅੰਦਰ ਸਿੰਚਤ ਗਿਆਨ ਭੰਡਾਰ ਵਿਚ ਨਹੀਂ ਹੈ। ਉਚਾ ਤੱਕੋ ਅਤੇ ਦੇਖੋ ਕਿ ਪ੍ਰਭੂ ਤੁਹਾਡੀ ਕਲਪਨਾ ਦੇ ਉਹਨਾਂ ਆਦਰਸ਼ ਪੁਰਸ਼ਾਂ ਵਿਚ ਹੈ ਜੋ ਤਾਰਿਆਂ-ਹਾਰ ਚਮਕ ਰਹੇ ਹਨ ਜਾਂ ਮਹਾਨ ਨੈਤਿਕ ਉਚਾਈਆਂ ਵਿਚ ਵਿਦਮਾਨ ਹਨ।

ਇਸ ਲਈ ਤੁਹਾਡੇ ਹਿਰਦੇ ਦੇ ਤਖ਼ਤ ਉਤੋਂ ਨਿਕਲੀਆਂ ਰੌਸ਼ਨੀ ਦੀਆਂ ਕਿਰਨਾਂ ਦੁਆਰਾ ਤੁਹਾਡੀ ਬੁਧੀ ਦੇ ਖੇਤਰ ਵਿਚ ਪ੍ਰਕਾਸ਼ ਹੋਣਾ ਚਾਹੀਦਾ ਹੈ। ਇਹ ਹਿਰਦਾ ਹੀ ਤਾਰਿਆਂ ਜੜੇ ਸੰਸਾਰ ਦੇ ਕਰਤਾ ਪੁਰਖ ਦਾ ਸਿੰਘਾਸਨ ਹੈ।

ਗੁਰੂ ਤੁਹਾਡਾ ਪਾਤਸ਼ਾਹ ਹੋਣਾ ਚਾਹੀਦਾ ਹੈ। ਜਿਸ ਦੀ ਮਨੁੱਖਤਾ ਦੇ ਖੁਲ੍ਹੇ ਮੈਦਾਨਾਂ ਦੀ ਅਨੰਤਤਾ ਤੁਹਾਡੀ ਆਪਣੀ ਆਤਮਾ ਦਾ ਪਾਸਾਰ ਮਨੁੱਖੀ ਮਿਠਾਸ ਦੁਆਰਾ ਪ੍ਰਗਟ ਹੋਣਾ ਚਾਹੀਦਾ ਹੈ। ਸੰਸਾਰ ਦੇ ਪਾਤਸ਼ਾਹ ਤਾਂ ਤੁਹਾਨੂੰ ਗ਼ੁਲਾਮ ਬਣਾਉਂਦੇ ਹਨ, ਤੁਹਾਡੇ ਸਵੈਮਾਨ ਨੂੰ ਕਤਲ ਕਰਦੇ ਹਨ, ਤੁਹਾਡੀ ਆਤਮਾ ਨੂੰ ਨਸ਼ਟ ਕਰ ਦਿੰਦੇ ਹਨ ਅਤੇ ਆਪਣੀਆਂ ਬਖ਼ਸ਼ਿਸ਼ਾਂ ਕੇਵਲ ਆਪਣੇ ਦਾਸਾਂ ਉਤੇ ਹੀ ਕਰਦੇ ਹਨ, ਉਹਨਾਂ ਕੋਲ ਤਲਵਾਰਾਂ ਦਾ ਬਲ ਤੇ ਫਾਂਸੀ ਦਾ ਡਰਾਵਾ ਹੁੰਦਾ ਹੈ, ਜਿਸ ਦੁਆਰਾ ਉਹ ਦੂਜਿਆਂ ਦੀਆਂ ਆਤਮਾਵਾਂ ਨੂੰ ਕੁਚਲ ਦਿੰਦੇ ਹਨ, ਪਰ ਇਹਨਾਂ ਸੰਸਾਰੀ ਬਾਦਸ਼ਾਹਾਂ ਦੇ ਵਿਪਰੀਤ ਗੁਰੂ ਪਾਤਸ਼ਾਹ ਤੁਹਾਨੂੰ ਸੁਤੰਤਰਤਾ ਪ੍ਰਦਾਨ ਕਰਦਾ ਹੈ, ਤੁਹਾਡੇ ਅੰਤਹਿਕਰਨ ਨੂੰ ਅਨੰਤ ਸਵੈਮਾਣ ਨਾਲ ਭਰਪੂਰ ਕਰ ਦਿੰਦਾ ਹੈ, ਤੁਹਾਡੀ ਆਤਮਿਕ ਚੇਤੰਨਤਾ ਨੂੰ ਉਚਾ ਉਠਾ ਦਿੰਦਾ ਹੈ ਅਤੇ ਇਹ ਸਭ ਬਖ਼ਸ਼ਿਸ਼ਾਂ ਉਸ ਸਮੇਂ ਕਰਦਾ ਹੈ ਜਦੋਂ ਤੁਸੀਂ ਸਵੈਮਾਣ ਨਾਲ ਭਰਪੂਰ ਹੁੰਦੇ ਹੋ ਤੇ ਤੁਹਾਡੇ ਅੰਦਰ ਖ਼ੁਸ਼ੀ ਤੇ ਪ੍ਰੇਮ ਦੇ ਮਨੋਭਾਵਾਂ ਦੀਆਂ ਕਾਂਗਾਂ ਉਛਾਲੇ ਮਾਰ

ਹੀਆਂ ਹੁੰਦੀਆਂ ਹਨ। ਗੁਰੂ ਤੁਹਾਡੇ ਉਤੇ ਉਸ ਸਮੇਂ ਬਖ਼ਸ਼ਿਸ਼ਾਂ ਕਰਦਾ ਹੈ ਜਦੋਂ ਸੀਂ ਆਪਣੀ ਸਰਵੂਚ, ਅਤਿ-ਸ਼ੁਭ, ਅਤਿ-ਸੁਤੰਤਰ ਤੇ ਅਤਿ-ਪਵਿੱਤਰ ਅਵਸਥਾ ਚ ਵਿਚਰ ਰਹੇ ਹੁੰਦੇ ਹੋ।

## XV

ਤੁਸੀਂ ਪ੍ਰਭੂ-ਪ੍ਰੀਤਮ ਨੂੰ ਮਿਲ ਚੁਕੇ ਹੋ। ਹੁਣ ਤੁਸੀਂ ਪਹਿਲਾਂ ਨਾਲੋਂ ਲੱਖਣ ਹੋ ਕਿਉਂਜੋ ਤੁਸੀਂ ਆਤਮਾ-ਜਾਏ ਹੋ ਗਏ ਹੋ।

ਅਖੌਤੀ ਗਿਆਨ ਦੀ ਸਹਾਇਤਾ ਤੋਂ ਬਿਨਾਂ ਹੀ ਤੁਸੀਂ ਉਸ ਪ੍ਰਭੂ-ਪ੍ਰੀਤਮ ਜਾਣ ਲਿਆ ਹੈ। ਗਿਆਨ ਤਾਂ ਗਰਭਾਸ ਵਿਚ ਬਾਲ ਦੀ ਨਿਆਈਂ ਮਾਂ ਬਾਰੇ ਭ ਕੁਝ ਜਾਣਦਾ ਹੁੰਦਾ ਹੈ। ਤੱਕੋ, ਜੀਵਨ ਦਾ ਨਿੱਕਾ ਜਿਹਾ ਧਾਗਾ ਉਹਨਾਂ ਦੋਹਾਂ ੀ ਆਤਮਾ ਨੂੰ ਜੋੜ ਰਿਹਾ ਹੈ। ਇਹੋ ਹੀ ਤੁਹਾਡੇ ਲਈ ਪ੍ਰਭੂ ਬਾਰੇ ਸੰਪੂਰਨ ਗਆਨ ਹੈ। ਤੁਹਾਡਾ ਸ਼ੁਧ ਸਰੂਪ ਇਸ ਛੋਟੇ ਜਿਹੇ ਧਾਗੇ ਨਾਲ ਪ੍ਰਭੂ-ਪ੍ਰੀਤਮ ਨਾਲ ੜ ਗਿਆ ਹੈ ਅਤੇ ਤੁਹਾਡਾ ਸੰਪੂਰਨ ਆਪਾ ਅਰਥਾਤ ਤੁਹਾਡੀ ਆਤਮਾ ਉਤਾਂਹ ਲ ਨੂੰ ਜਾ ਰਹੀ ਹੈ। ਆਤਮਿਕ ਉਚਤਾ ਦੀ ਭਰਪੂਰਤਾ ਵਿਚ ਵਿਚਰਨ ਦੀ ਹ ਤੁਹਾਡੀ ਜੀਵਨ-ਦਸ਼ਾ ਜੋ ਮਿੱਠੜੇ ਹੁਲਾਸ ਵਿਚ ਹੈ—ਹੀ ਪ੍ਰਭੂ-ਪ੍ਰੀਤਮ ਬਾਰੇ ਹਾਡਾ ਸਮੁਚਾ ਗਿਆਨ ਹੈ।

ਅਸੰਭਵ, ਜੋ ਤੁਸਾਂ ਜਾਤਾ ਨਹੀਂ ਹੈ, ਤੁਸੀਂ ਇਸਤਰੀ-ਪੁਰਸ਼ ਦੇ ਰੂਪ ਵਿਚ ੜੇ ਹੋ ਗਏ ਹੋ—ਇਹੋ ਹੀ ਤੁਹਾਡੀ ਮਾਤ ਆਤਮਾ ਅਰਥਾਤ ਪ੍ਰਭੂ-ਪ੍ਰੀਤਮ ਹੈ। ਸ ਨੇ ਤੁਹਾਨੂੰ ਘੇਰ ਲਿਆ ਹੈ। ਆਪਣੇ ਅਖੌਤੀ ਗਿਆਨ ਤੇ ਅਗਿਆਨ ਦੇ ਾਵਜੂਦ ਤੁਸੀਂ ਉਸ ਪ੍ਰਭੂ-ਪ੍ਰੀਤਮ ਦੇ ਸੰਗ ਵਿਚਰ ਰਹੇ ਹੋ। ਪ੍ਰਭੂ-ਪ੍ਰੀਤਮ ਦਾ ਹਾਡੀ ਆਤਮਾ ਨੂੰ ਆਹਾਰ ਪਹੁੰਚਾਉਣਾ ਹੀ ਉਸ ਸੂਖ਼ਮ ਜਿਹੇ ਨਿਕੇ ਧਾਗੇ ਨਾਲ ੜਨਾ ਹੈ ਜਿਸ ਨੂੰ ਗੁਰੂ ਜੀ ਨੇ ਯਾਦ ਕਰਨਾ ਜਾਂ ਸਿਮਰਨ ਕਿਹਾ ਹੈ।

ਇਸ ਅਵਸਥਾ ਵਿਚ ਤੁਹਾਡੀ ਚੇਤੰਨਤਾ ਨੂੰ ਬਾਰੀਕ ਧਾਗਿਆਂ ਦੇ ਰੂਪ ਵਚ ਕਤਿਆ ਜਾਂਦਾ ਹੈ। ਤੁਹਾਡੇ ਇਹ ਕੇਸ ਜੋ ਤੁਹਾਡੇ ਸਿਰ ਤੋਂ ਨਿਕਲ ਕੇ ਾਹਰ ਆ ਰਹੇ ਹਨ, ਹੀ ਉਹਨਾਂ ਮਹੀਨ ਤੰਦਾਂ ਦਾ ਰੂਪ ਧਾਰਨ ਕਰ ਰਹੇ ਹਨ ੋ ਤੁਹਾਡੇ ਅੰਦਰੋਂ ਬਾਹਰ ਆ ਰਹੀਆਂ ਹਨ ਤੇ ਉਸ ਪ੍ਰਭੂ-ਪ੍ਰੀਤਮ ਵਲ ਖਿਚੀਆਂ ਾ ਰਹੀਆਂ ਹਨ ਤੇ ਤੁਹਾਨੂੰ ਉਸ ਨਾਲ ਜੋੜ ਰਹੀਆਂ ਹਨ ਜੋ ਇਕੋ ਰੂਪ ਵਿਚ ਹਾਡਾ ਪ੍ਰੇਮੀ ਵੀ ਹੈ ਤੇ ਪ੍ਰੇਮਿਕਾ ਵੀ। ਲੋਕ ਤੁਹਾਨੂੰ ਪੁਛਦੇ ਹਨ : "ਪ੍ਰਭੂ ਕੀ ੈ ?" ਤੁਹਾਨੂੰ ਕੁਝ ਪਤਾ ਨਹੀਂ ਹੁੰਦਾ। ਪੰਛੀ ਨੂੰ ਤਾਂ ਕੇਵਲ ਇੰਨਾਂ ਹੀ ਪਤਾ ੁੰਦਾ ਹੈ ਕਿ ਉਸ ਨੇ ਉਚਾ ਉਡਣਾ ਹੈ, ਉਤਾਂਹ ਨੂੰ ਜਾਣਾ ਹੈ। ਤੁਸੀਂ ਮਿੱਠੇ ਮਨੁਭਵ ਦੇ ਰੂਪ ਵਿਚ ਅਨੰਤ ਵਲ ਪਸਰ ਰਹੇ ਹੁੰਦੇ ਹੋ ਤੇ ਅਨੰਤ ਤੁਹਾਡੇ ਵਿਚ ਸਰ ਰਿਹਾ ਹੁੰਦਾ ਹੈ। ਬੱਸ, ਇਹੋ ਹੀ ਹੈ ਸਭ ਕੁਝ। ਇਸ ਲਈ ਕੋਈ ਵੀ ਹੋਰ ਪ੍ਰਭੂ ਬਾਰੇ ਇਤਨਾਂ ਕੁਝ ਨਹੀਂ ਜਾਣ ਸਕਦਾ ਜੋ ਤੁਸਾਂ ਜਾਣ ਲਿਆ ਹੈ।

ਚਰਖਾ ਘੁੰਮ ਰਿਹਾ ਹੈ, ਮਨੁੱਖ ਦੇ ਸੁਆਸਾਂ ਵਿਚ ਪ੍ਰਭੂ ਨਾਮ ਰਮਿਆ ਹੋਇਆ ਹੈ। ਤੁਹਾਡੇ ਸਰੀਰ ਤੋਂ 'ਵਾਹੁ ਵਾਹੁ' ਦਾ ਸੰਗੀਤ ਗੂੰਜ ਕੇ ਉਚਾ ਉਠ

ਰਿਹਾ ਹੈ। ਪ੍ਰਾਣ-ਆਧਾਰ ਅਨੰਦ ਦੀਆਂ ਤਰੰਗਾਂ ਤੁਹਾਡੇ ਅੰਦਰ ਉਛਾਲੇ ਮਾਰ ਰਹੀਆਂ ਹਨ। ਲੋਕ ਕਹਿੰਦੇ ਹਨ ਕਿ ਤੁਹਾਡੀ ਇਕ ਹੋਂਦ ਜਾਂ ਹਸਤੀ ਹੈ, ਪਰ ਤੁਸੀਂ ਤਾਂ ਉਸ ਬਾਂਸ ਦੀ ਪੋਰੀ ਦੀ ਨਿਆਈਂ ਹੋ ਜਿਸ ਵਿਚੋਂ ਪ੍ਰਭੂ-ਪ੍ਰੀਤਮ ਦੇ ਸੁਆਸਾਂ ਦਾ ਸੰਗੀਤ ਗੂੰਜ ਰਿਹਾ ਹੈ।

ਜਦੋਂ ਵਰਖਾ ਹੁੰਦੀ ਹੈ ਤਾਂ ਬ੍ਰਿਛ ਧੋਤੇ ਜਾਂਦੇ ਹਨ—ਤੁਸੀਂ ਵੀ ਇੰਜ ਅਨੁਭਵ ਕਰਦੇ ਹੋ ਕਿ ਇਹਨਾਂ ਨਾਲ ਤੁਸੀਂ ਵੀ ਧੋਤੇ ਗਏ ਹੋ। ਕੋਈ ਵੀ ਤਰੇੜ ਤੁਹਾਡੀ ਆਤਮਾ ਉਤੇ ਦਾਗ਼ ਨਹੀਂ ਪਾ ਸਕਦੀ। ਕੋਈ ਵੀ ਗੋਂਦ, ਕੋਈ ਵੀ ਯੋਜਨਾ, ਕੋਈ ਵੀ ਵਿਚਾਰ ਤੁਹਾਡੇ ਮਨ ਨੂੰ ਵੰਡ ਨਹੀਂ ਸਕਦੇ। ਇਥੇ ਨਾ ਕੋਈ ਟੋਇਆ ਰਹਿੰਦਾ ਹੈ, ਨਾ ਕੋਈ ਟਿੱਬਾ, ਨਾ ਹੀ ਤੁਹਾਡੀ ਚੇਤੰਨਤਾ ਵਿਚ ਕੋਈ ਖੋੜ ਜਾਂ ਮੋਰੀ ਰਹਿ ਜਾਂਦੀ ਹੈ। ਸੂਰਜ ਸਭ ਉਤੇ ਇਕ ਸਮਾਨ ਚਮਕਦਾ ਹੈ। ਸਭ ਥਾਵਾਂ ਪੂਰਨ ਤੌਰ 'ਤੇ ਜਗਮਗਾ ਉਠਦੀਆਂ ਹਨ। ਤੁਸੀਂ ਪਾਰਦਰਸ਼ੀ ਸ਼ੀਸ਼ੇ ਦੀ ਨਿਆਈਂ ਬਣ ਜਾਂਦੇ ਹੋ ਤੇ ਪ੍ਰਭੂ ਤੁਹਾਡੇ ਅੰਦਰ ਜਗਮਗਾ ਰਿਹਾ ਹੁੰਦਾ ਹੈ।

ਹੁਣ ਤੁਹਾਡੇ ਅੰਦਰੋਂ ਇਸ ਤਰ੍ਹਾਂ ਨਦੀਆਂ ਵਹਿ ਤੁਰਦੀਆਂ ਹਨ, ਜਿਵੇਂ ਧਰਤੀ ਉਤੇ ਵਗ ਰਹੀਆਂ ਹੁੰਦੀਆਂ ਹਨ। ਜਿਸ ਤਰ੍ਹਾਂ ਇਹ ਘਾਟੀਆਂ ਨੂੰ ਸਿੰਜਦੀਆਂ ਹਨ, ਤਿਵੇਂ ਇਹ ਤੁਹਾਡੇ ਮਨ ਨੂੰ ਸਿੰਜ ਕੇ ਧੋ ਦਿੰਦੀਆਂ ਹਨ। ਪਵਨਾਂ ਵਣਾਂ ਵਿਚ ਸਰਸਰਾਉਂਦੀਆਂ ਲੰਘਦੀਆਂ ਹਨ ਤੇ ਇਹ ਤੁਹਾਡੇ ਅੰਦਰ ਵੀ ਝੂਲ ਰਹੀਆਂ ਹੁੰਦੀਆਂ ਹਨ।

ਬਾਹਰਲੇ ਤੇ ਅੰਦਰਲੇ ਥਾਂ ਇਕ ਹੋ ਜਾਂਦੇ ਹਨ ਤੇ ਆਕਾਸ਼ ਤੁਹਾਡੇ ਅੰਦਰ ਆਪਣੇ ਆਪ ਫੈਲ ਜਾਂਦਾ ਹੈ। ਤਾਰੇ ਤੁਹਾਡੇ ਅੰਦਰ ਚਮਕਦੇ ਹਨ। ਆਪਣੇ ਆਪੇ ਦੀ ਵਿਸ਼ਾਲਤਾ ਨਾਲ ਇਸ ਤਰ੍ਹਾਂ ਭਰਪੂਰ ਹੋ ਜਾਂਦੇ ਹਨ ਕਿ ਤੁਹਾਡੀ ਖੁਸ਼ੀ ਦਾ ਕੋਈ ਹੱਦ ਬੰਨਾ ਨਹੀਂ ਰਹਿੰਦਾ। ਤੁਹਾਡੀ ਖੁਸ਼ੀ ਵਿਸ਼ਵ ਨੂੰ ਤੁਹਾਡੇ ਪ੍ਰੇਮ ਦੀ ਦ੍ਰਿਸ਼ਟੀ ਪ੍ਰਦਾਨ ਕਰਦੀ ਹੈ।

ਇਸ ਤਰ੍ਹਾਂ ਤੁਹਾਨੂੰ ਪ੍ਰਭੂ-ਪ੍ਰੀਤਮ ਦਾ ਆਭਾਸ ਹੁੰਦਾ ਹੈ ਤੇ ਤੁਸੀਂ ਉਸ ਬਾਰੇ ਜਾਣ ਜਾਂਦੇ ਹੋ।

## XVI

ਜਿਸ ਤਰ੍ਹਾਂ ਕਿ ਹੁਣ ਤਕ ਤੁਸੀਂ ਬਣ ਚੁਕੇ ਹੋ—ਪ੍ਰਭੂ ਦਾ ਨਾਮ ਲੈਣਾ, ਉਸ ਨੂੰ ਬਾਰੰਬਾਰ ਜਪਣਾ ਤੇ ਉਸ ਪ੍ਰਭੂ-ਪ੍ਰੀਤਮ ਦਾ ਗੁਣ ਗਾਇਨ ਕਰਨਾ ਤੁਹਾਡੇ ਲਈ ਕੋਈ ਕਾਰਜ ਨਹੀਂ ਹੈ, ਪਰ ਫਿਰ ਵੀ ਇਹ ਇਕ ਅਜਿਹਾ ਪਵਿੱਤਰ ਕੰਮ ਹੈ ਜਿਸ ਨੂੰ ਕਰਦਿਆਂ ਅਰਥਾਤ ਪ੍ਰਭੂ ਦਾ ਨਾਮ ਜਪਦਿਆਂ ਤੁਹਾਨੂੰ ਕੋਈ ਵਿਹਲ ਹੀ ਨਹੀਂ ਮਿਲਦੀ। ਇਹ ਨਾਮ ਸਿਮਰਨ ਦਾ ਕੰਮ ਤਾਂ ਮੁਕਣ ਵਾਲਾ ਹੀ ਨਹੀਂ ਹੈ। ਇਹ ਅਮੁਕ ਹੈ ਮੈਂ ਤਾਂ ਮੂੜ੍ਹ ਮੂਰਖ ਸਾਂ, ਪਰ ਗੁਰੂ ਜੀ ਨੇ ਮੈਨੂੰ ਕਾਰੇ ਲਾ ਦਿਤਾ ਹੈ। ਹੁਣ ਮੈਨੂੰ ਕਰਨ ਯੋਗ ਕਾਰਜ ਮਿਲ ਗਿਆ ਹੈ।

ਗੁਰੂ ਅਮਰਦਾਸ 80 ਸਾਲਾਂ ਤੋਂ ਵੀ ਵਧੀਕ ਆਯੂ ਵਿਚ ਦਿਨਸ ਰਾਤ ਪ੍ਰਭੂ ਦੇ ਨਾਮ ਸਿਮਰਨ ਵਿਚ ਅਰਥਾਤ 'ਵਾਹਿਗੁਰੂ ਵਾਹਿਗੁਰੂ' ਦਾ ਨਾਮ ਜਪਣ

ਵਿਚ ਲੀਨ ਰਹਿੰਦੇ ਸਨ। ਗੁਰੂ ਜੀ ਲਈ ਪ੍ਰਭੂ ਦਾ ਨਾਮ ਸਿਮਰਨ ਇਕ ਵਿਅਕਤੀ ਬਣ ਚੁਕਾ ਸੀ ਜੋ ਉਹਨਾਂ ਦਾ ਸਭ ਤੋਂ ਪਿਆਰਾ ਸੰਗੀ ਸਾਥੀ ਸੀ। ਪ੍ਰਭੂ ਦਾ ਨਾਮ ਆਪ ਜੀ ਲਈ ਦੈਵੀ ਤੇ ਮਨੁੱਖੀ ਦੋਵੇਂ ਸਰੂਪ ਰਖਦਾ ਸੀ। ਆਪ ਜੀ ਲਈ ਤਾਂ ਇਹ ਪ੍ਰਭੂ ਦਾ ਹਾਜ਼ਰ ਨਾਜ਼ਰ ਹੋਣਾ ਸੀ। ਪ੍ਰਭੂ-ਪ੍ਰੀਤਮ ਤੋਂ ਬਿਨਾਂ ਆਪ ਰਹਿ ਹੀ ਨਹੀਂ ਸਨ ਸਕਦੇ। ਗੁਰੂ ਅਮਰਦਾਸ ਜੀ ਨੇ ਕੰਧ ਵਿਚ ਇਕ ਕਿਲੀ ਠੋਕੀ ਹੋਈ ਸੀ। ਅਤਿ ਡੂੰਘੇ ਪ੍ਰੇਮ ਦੇ ਵਿਸਮਾਦ ਵਿਚ ਆਪ ਉਸ ਕਿਲੀ ਨੂੰ ਪਕੜ ਲੈਂਦੇ ਅਤੇ ਖੜ੍ਹੇ ਹੋ ਕੇ ਪ੍ਰਭੂ-ਪ੍ਰੀਤਮ ਦੇ ਨਾਮ ਦੀ ਧੁਨੀ ਨੂੰ ਸਰਵਣ ਕਰਦੇ। ਜਿਸ ਕਿਲੀ ਨੂੰ ਆਪ ਪਕੜਦੇ ਸਨ ਉਹ ਅਧੋਰਾਣੀ ਅਰਥਾਤ ਟੁੱਟੀ ਫੁਟੀ ਸੀ। (ਹਾਲੀਂ ਵੀ ਗੋਇੰਦਵਾਲ ਸਾਹਿਬ ਜਾ ਕੇ ਇਸ ਨੂੰ ਵੇਖਿਆ ਜਾ ਸਕਦਾ ਹੈ।)

ਹੁਣ ਤਕ ਤੁਸੀਂ ਅਧਿਆਤਮਿਕ ਪੰਧ ਉਤੇ ਕਾਫੀ ਲੰਮੀ ਯਾਤਰਾ ਕਰ ਚੁਕੇ ਹੋ। ਨਾਮ ਦਾ ਇਹ ਨਿਰੰਤਰ ਅਭਿਆਸ, ਇਹ ਨਾ ਮੁਕਣ ਵਾਲਾ ਪ੍ਰਭੂ-ਪ੍ਰੀਤਮ ਦੇ ਨਾਮ ਦਾ ਬਾਰੰਬਾਰ ਜਾਪ, ਪ੍ਰੇਮ ਦੀ ਜਾਗਰੂਪਤਾ ਦਾ ਪਰਮ ਸੁੰਦਰ ਅਨੰਤ ਸਿਮਰਨ, ਪ੍ਰਭੂ ਦੇ ਵਿਸ਼ਵਾਸ ਵਿਚ ਆਤਮਾ ਦੀ ਅਤਿ ਡੂੰਘੀ ਲਿਵਲੀਨਤਾ ਹੀ ਤਾਂ ਹਾਂ। ਇਹ ਤਾਂ ਪ੍ਰਭੂ ਤੇ ਗੁਰੂ ਨੂੰ ਬੁਲਾਉਣ ਦੀ ਤੀਬਰ ਪ੍ਰੇਰਨਾ ਹੈ। ਇਹੋ ਹੀ ਤਾਂ ਹੈ ਸੰਪੂਰਨ ਅਧਿਆਤਮਿਕਤਾ। ਇਸ ਤੋਂ ਬਿਨਾਂ ਹੋਰ ਕੋਈ ਵੀ ਆਤਮਿਕ ਪੰਧ ਨਹੀਂ ਹੈ। ਪ੍ਰਭੂ ਦੇ ਇਸ ਤੀਬਰ ਪ੍ਰੇਮ ਵਿਚ ਨਾ ਨੀਂਦ ਹੈ, ਨਾ ਆਰਾਮ ਹੈ, ਨਾ ਕੋਈ ਇਸ ਨੂੰ ਛਡਣ ਦਾ ਬਹਾਨਾ ਹੈ ਅਤੇ ਇਸ ਦੀ ਹੋਂਦ ਤੋਂ ਦੂਰ ਜਾਣਾ ਕਿਸੇ ਤਰ੍ਹਾਂ ਵੀ ਨਿਆਏ-ਉਚਿਤ ਪ੍ਰਤੀਤ ਨਹੀਂ ਹੁੰਦਾ।

ਬੋਝਲ ਆਤਮਾ ਨਾਲ ਭੋਜਨ ਛਕਣਾ ਜਾਂ ਜਲ-ਪਾਨ ਕਰਨਾ ਤੁਹਾਨੂੰ ਸਾੜ ਸਕਦਾ ਹੈ। ਇਸ ਤੋਂ ਬਿਨਾਂ ਤੁਹਾਡੀ ਆਤਮਾ ਸਖਣੀ ਸਖਣੀ ਪ੍ਰਤੀਤ ਹੋਵੇਗੀ ਅਤੇ ਆਤਮਾ ਦਾ ਇਹ ਸਖਣਾਪਣ ਇਸ ਤਰ੍ਹਾਂ ਜਾਪੇਗਾ ਜਿਵੇਂ ਕੋਈ ਤੁਸਾਂ ਗ਼ਲਤ ਜਾਂ ਸਦਾਚਾਰ ਦੇ ਵਿਰੁੱਧ ਅਮਲ ਕੀਤਾ ਹੋਵੇ। ਕਦੀ ਕਦਾਈਂ ਤਾਂ ਤੁਹਾਨੂੰ ਇਹ ਗੱਲ ਸਿਸ਼ਟਾਚਾਰੀ ਹੁੰਦੀ ਹੋਈ ਵੀ ਦੁਖੀ ਕਰੇਗੀ, ਪਰ ਸਦਾ ਇੰਜ ਨਹੀਂ ਹੋਵੇਗਾ। ਧੀਰੇ ਧੀਰੇ ਇਸ ਦੇ ਫਲਸਰੂਪ ਤਿਆਗ ਜਾਂ ਵੈਰਾਗ ਦੀ ਭਾਵਨਾ ਉਤਪੰਨ ਹੋਵੇਗੀ। ਉਹ ਲੋਕ ਜਿਨ੍ਹਾਂ ਦਾ ਅੰਤਹਿਕਰਣ ਪ੍ਰਭੂ-ਪ੍ਰੀਤਮ ਨਾਲ ਇਕਸੁਰ ਨਹੀਂ ਹੈ, ਤੁਹਾਨੂੰ ਚੰਗੇ ਨਹੀਂ ਲਗਣਗੇ।

ਕਈ ਵਾਰ ਤੁਸੀਂ ਇੰਜ ਵੀ ਮਹਿਸੂਸ ਕਰੋਗੇ ਕਿ ਕੋਈ ਉਪਦੇਸ਼ ਕਰਨਾ ਜਾਂ ਅਖੌਤੀ ਧਰਮ ਪ੍ਰਚਾਰ ਵੀ ਤੁਹਾਡੀ ਆਤਮਾ ਲਈ ਇਕ ਬੋਝਲ ਕਾਰਜ ਹੈ ਅਤੇ ਇਹ ਆਤਮਾ ਲਈ ਇਕ ਰੋਗ ਹੈ। ਤੁਸੀਂ ਮੋਨ ਰਹਿਣਾ ਹੀ ਠੀਕ ਸਮਝੋਗੇ। ਤਦੋਂ ਬੋਲਣਾ ਤੁਹਾਨੂੰ ਇੰਜ ਜਾਪੇਗਾ ਜਿਵੇਂ ਇਹ ਤੁਹਾਡੀਆਂ ਹੱਡੀਆਂ ਨੂੰ ਤੋੜ ਰਿਹਾ ਹੋਵੇ ਤੇ ਤੁਹਾਡੇ ਮਾਸ ਨੂੰ ਤਿਲ ਤਿਲ ਕਰਕੇ ਕਟ ਰਿਹਾ ਹੋਵੇ। ਇਹ ਤਾਂ ਤੁਹਾਡੇ ਲਈ ਇਕ ਬਖ਼ਸ਼ਿਸ਼ ਦੀ ਅਵਸਥਾ ਹੈ। ਇਹ ਤਾਂ ਸਰਵੁਚ ਸੰਵੇਦਨਸ਼ੀਲਤਾ ਜਿਸ ਨੂੰ ਤੁਸੀਂ ਧੁੰਦਲੇ ਜਿਹੇ ਰੂਪ ਵਿਚ ਸਰਬ ਗਿਆਨ

ਦੀ ਸੰਗਿਆ ਦਿੰਦੇ ਹੋ, ਜਿਗਿਆਸੂ ਦੀ ਇਕ ਸਹਿਜ ਅਵਸਥਾ ਹੀ ਹੁੰਦੀ ਹੈ।

ਜਦੋਂ ਤੁਹਾਡੀ ਆਤਮਾ ਦੇ ਅੰਦਰ ਉਚੇ ਛਿਣ ਆਉਂਦੇ ਹਨ ਅਤੇ ਜਦੋਂ ਕੋਈ ਇਸਤਰੀ ਪੁਰਸ਼ ਤੁਹਾਨੂੰ ਆ ਕੇ ਮਿਲਦਾ ਹੈ ਤਾਂ ਤੁਹਾਡੇ ਕੋਲੋਂ ਉਹ ਅਨੰਦਮਈ ਅਵਸਥਾ ਖੁਸ ਜਾਂਦੀ ਹੈ। ਤੁਸੀਂ ਜਾਣ ਜਾਂਦੇ ਹੋ ਕਿ ਆਤਮਿਕ ਤੌਰ 'ਤੇ ਕਿਸੇ ਹੋਰ ਇਸਤਰੀ ਪੁਰਸ਼ ਦੀ ਨੇੜਤਾ ਤੁਹਾਡੀ ਆਤਮਿਕ ਅਵਸਥਾ ਲਈ ਗੁਣਕਾਰੀ ਨਹੀਂ ਹੈ। ਇਸਤਰੀ ਤੇ ਪੁਰਸ਼ ਜਿਹੜੇ ਤੁਹਾਡੇ ਸੰਪਰਕ ਵਿਚ ਆਉਂਦੇ ਹਨ, ਵਾਸਤਵ ਵਿਚ ਉਹ ਇਸਤਰੀ-ਪੁਰਸ਼ ਨਹੀਂ ਹੁੰਦੇ। ਇਸ ਲਈ ਤੁਸੀਂ ਉਹਨਾਂ ਕੋਲੋਂ ਡਰਦੇ ਹੋ; ਪਰ ਫਿਰ ਜਦੋਂ ਤੁਹਾਡੀ ਆਤਮਾ ਕਿਸੇ ਦੈਵੀ ਪ੍ਰੇਰਨਾ ਨਾਲ ਭਰਪੂਰ ਹੁੰਦੀ ਹੈ ਤਾਂ ਤੁਸੀਂ ਇਕ ਨਦੀ ਦੇ ਪ੍ਰਵਾਹ ਵਾਂਗ ਵਿਚਰਦੇ ਹੋ ਤੇ ਸਾਰੇ ਤੁਹਾਡੀ ਇਸ ਅਵਸਥਾ ਵਿਚ ਇੰਜ ਪ੍ਰਤੀਤ ਹੁੰਦੇ ਹਨ ਜਿਵੇਂ ਉਹ ਇਸ਼ਨਾਨ ਕਰ ਰਹੇ ਹੋਣ ਤੇ ਉਹਨਾਂ ਉਤੇ ਦੈਵੀ ਬਖ਼ਸ਼ਿਸ਼ਾਂ ਹੋ ਰਹੀਆਂ ਹੋਣ।

ਮਾਨਸਿਕ ਤੇ ਸਰੀਰਕ ਰੂਪ ਦੇ ਕੀਤੇ ਜਾਣ ਵਾਲੇ ਨਿਰੰਤਰ ਪ੍ਰੀਸ਼ਰਮ ਵਿਚ ਤੁਹਾਨੂੰ ਆਤਮਿਕ ਇਕੱਲਤਾ ਦੀ ਲੋੜ ਹੈ।

ਹੁਣ ਤੁਸੀਂ ਆਤਮਾ ਦੇ ਜਗਤ ਵਿਚ ਪ੍ਰਵੇਸ਼ ਕਰ ਚੁਕੇ ਹੋ। ਤੁਸੀਂ ਆਪਣੇ ਸਰੀਰ ਤੋਂ ਬਾਹਰ ਬਹੁਤ ਪਰੇ ਤੇ ਉਚੇ ਚਲੇ ਗਏ ਹੋ। ਉਹਨਾਂ ਲੋਕਾਂ ਲਈ ਜੋ ਹਾਲੀ ਵੀ ਸਰੀਰ ਤਕ ਸੀਮਤ ਹਨ, ਉਹਨਾਂ ਨੂੰ ਸਰੀਰਕ ਖ਼ੁਸ਼ੀਆਂ ਦੀ ਪ੍ਰਾਪਤੀ ਲਈ ਲਗਾਤਾਰ ਸੰਘਰਸ਼ ਕਰਨਾ ਪੈਂਦਾ ਹੈ, ਇਸੇ ਤਰ੍ਹਾਂ ਤੁਸੀਂ ਹੁਣ ਜੋ ਆਤਮਿਕ ਪ੍ਰਾਪਤੀ ਦੀ ਅਵਸਥਾ ਵਿਚ ਹੋ, ਨੂੰ ਵੀ ਆਪਣੇ ਆਪ ਨੂੰ ਸਥਿਰ ਰਖਣ ਲਈ ਅਨੰਤਾਂ ਦੀ ਘਾਲ ਕਰਨੀ ਪੈਂਦੀ ਹੈ। ਤੁਹਾਨੂੰ ਇਹ ਗੱਲ ਪੂਰੀ ਤਰ੍ਹਾਂ ਸਪਸ਼ਟ ਹੋ ਜਾਣੀ ਚਾਹੀਦੀ ਹੈ ਕਿ ਆਤਮਾ ਦਾ ਪ੍ਰਕਾਸ਼ ਸੂਰਜ ਦੇ ਪ੍ਰਕਾਸ਼ ਸਮਾਨ ਹੈ ਤੇ ਇਸ ਦੀ ਵੀ ਇਹ ਪ੍ਰਕ੍ਰਿਤੀ ਹੈ ਕਿ ਇਸ ਦੀ ਪ੍ਰਾਪਤੀ ਲਈ ਵੀ ਸਿਰਤੋੜ ਯਤਨ ਕਰਨੇ ਪੈਂਦੇ ਹਨ।

ਹੁਣ ਤੁਸੀਂ ਅਨੰਤ ਦੀ ਯਾਤਰਾ ਕਰ ਰਹੇ ਹੋ ਅਤੇ ਇਥੇ ਵੀ ਇਸ ਮਾਰਗ ਦੀ ਇਹ ਪ੍ਰਕ੍ਰਿਤੀ ਹੈ ਕਿ ਇਸ ਯਾਤਰਾ ਦੀ ਮੰਜ਼ਿਲ ਵੀ ਹੋਰ ਅਗੇ ਨੂੰ ਵਧਦੀ ਜਾਂਦੀ ਹੈ। ਇਸ ਲਈ ਇਸ ਮਾਰਗ ਉਤੇ ਤੁਹਾਡੇ ਲਈ ਕੋਈ ਆਰਾਮ ਜਾਂ ਵਿਸ਼ਰਾਮ ਨਹੀਂ ਹੈ, ਨਾ ਹੀ ਇਥੇ ਕਿਸੇ ਢਿਲ ਜਾਂ ਘੋਲ ਦੀ ਥਾਂ ਹੈ। ਇਥੇ ਸਦਾ ਸੋਘੇ ਰਹਿਣ ਦੀ ਲੋੜ ਹੈ, ਇਸ ਮੌਤ ਵਰਗੀ ਸੁੰਦਰਤਾ ਨੂੰ ਸੁਰੱਖਿਅਤ ਰਖਣ ਲਈ ਤੁਹਾਨੂੰ ਅੰਤਰ ਗਿਆਨ ਦੁਆਰਾ ਧਿਆਨ ਰਖਣ ਦੀ ਲੋੜ ਹੈ। ਆਤਮਿਕ ਜੀਵਨ ਵਿਚ ਨਿਰੰਤਰ ਜਾਗਰੂਪ ਰਹਿਣਾ ਪੈਂਦਾ ਹੈ। ਇਹ ਤਾਂ ਸੱਚੀ ਮੁੱਚੀ ਨਿਰੰਤਰ ਕਰਨ ਵਾਲਾ ਕਾਰਜ ਹੈ। ਇਹ ਤਾਂ ਨਾ ਮੁਕਣ ਵਾਲਾ ਸਫ਼ਰ ਹੈ, ਜਿਸ ਉਤੇ ਸਦਾ ਚਲਣਾ ਪੈਂਦਾ ਹੈ।

ਇਥੇ ਮੈਂ ਨਦਰਿ-ਕਰਮ ਜਾਂ ਮਿਹਰ ਦੀ ਗੱਲ ਨਹੀਂ ਕਰਦਾ। ਮੈਂ ਤਾਂ ਕੇਵਲ ਜੀਵਤ ਆਤਮਾ ਵਲ ਸੰਕੇਤ ਕਰ ਰਿਹਾ ਹਾਂ। ਗੰਭੀਰਤਾ ਨੂੰ ਵੀ ਤਿਆਗਣਾ ਪਵੇਗਾ। ਜੀਵਨ ਦੇ ਸੰਘਰਸ਼ ਨੂੰ ਨਿਰੰਤਰ ਅਗੇ ਤੋਰਨਾ ਪਵੇਗਾ ਅਤੇ

ਇਸ ਦੀ ਅਮੁੱਕਤਾ ਵਿਚੋਂ ਹੀ ਪਰਮਾਨੰਦ ਪ੍ਰਾਪਤ ਹੋਵੇਗਾ।

ਇਸ ਲਈ ਤੁਹਾਨੂੰ ਆਪਣੇ ਆਤਮਿਕ ਜੀਵਨ ਦੇ ਸੁਆਸਾਂ ਨੂੰ ਸਥਿਰ ਰਖਣ ਲਈ ਲਗਾਤਾਰ ਸੰਗਰਾਮ ਕਰਨਾ ਪਵੇਗਾ।

ਆਤਮਿਕ ਜਾਗ੍ਰਿਤੀ ਦੀ ਸਭ ਤੋਂ ਵਡੀ ਵਿਸ਼ੇਸ਼ਤਾ ਪ੍ਰੇਮਮਈ ਅਵਸਥਾ ਹੈ ਤੇ ਇਸ ਪ੍ਰੇਮ ਦੀ ਅਵਸਥਾ ਨੂੰ ਸਦਾ ਉਚੇਰੀ ਦਿਸ਼ਾ ਵਲ ਅਗੇ ਤੁਰਦਿਆਂ ਰਖਣ ਲਈ ਤੇ ਹੋਰ ਨਵੀਆਂ ਉਚਾਈਆਂ ਨੂੰ ਸਰ ਕਰਨ ਲਈ ਤੁਹਾਨੂੰ ਘਾਲ ਤੇ ਮੁਸ਼ੱਕਤ ਕਰਨੀ ਪਵੇਗੀ।

ਆਪਣਿਆਂ ਜੋੜਿਆਂ ਤੋਂ ਦਿਨ ਦੇ ਸਫ਼ਰ ਦੀ ਧੂੜ ਨੂੰ ਝਾੜਨਾ ਪਵੇਗਾ। ਇਸੇ ਤਰ੍ਹਾਂ ਸਾਰੇ ਦਿਨ ਦੇ ਮਨ ਉਤੇ ਪਏ ਮਿੱਟੀ ਘਟੇ ਨੂੰ ਵੀ ਧੋਣਾ ਪਵੇਗਾ ਅਤੇ ਭਾਵਨਾਵਾਂ ਦੀ ਤੀਬਰਤਾ ਨਾਲ ਆਤਮਾ ਉਤੇ ਪਏ ਭਾਰ ਨੂੰ ਸਾੜਨਾ ਪਵੇਗਾ। ਤੁਹਾਨੂੰ ਆਪਣੀ ਆਤਮਾ ਨੂੰ ਗੁਣ ਗਾਇਨ ਦੇ ਸਰੀਰਕ ਪ੍ਰੀਸ਼ਰਮ ਰਾਹੀਂ ਧੋਣਾ ਪਵੇਗਾ। ਇਸ ਗੁਣ ਗਾਇਨ ਵਿਚ ਤੇ ਇਸ ਦੇ ਸੁਰ-ਨਾਦ ਵਿਚ ਵਿਸਮਾਦ ਉਤਪੰਨ ਕਰਨ ਵਾਲੇ ਸ਼ਬਦ ਲੁਕੇ ਪਏ ਹਨ।

ਇਸ ਨਦਰਿ-ਕਰਮ ਨੂੰ ਖੀਣ ਨਹੀਂ ਹੋਣ ਦੇਣਾ ਚਾਹੀਦਾ। ਮਕਾਨਕੀ ਦੁਹਰਾਓ ਤਾਂ ਵਿਅਰਥ ਦੀ ਪ੍ਰਕ੍ਰਿਆ ਹੁੰਦੀ ਹੈ। ਹਾਂ, ਮੈਂ ਪਹਿਲਾਂ ਇਸ ਬਾਰੇ ਅਜਿਹਾ ਹੀ ਕਿਹਾ ਹੈ ਤੇ ਹੁਣ ਵੀ ਮੈਂ ਅਜਿਹਾ ਹੀ ਕਹਿੰਦਾ ਹਾਂ। ਪਰ ਮੈਂ ਤੁਹਾਨੂੰ ਇਹ ਵੀ ਸੱਚ ਆਖਦਾ ਹਾਂ ਕਿ ਤੁਸੀਂ ਜੋ ਹੁਣ ਤਕ ਪ੍ਰਭੂ-ਪ੍ਰੀਤਮ ਬਾਰੇ ਜਾਣਕਾਰੀ ਰਖਦੇ ਹੋ, ਤੁਹਾਡੇ ਲਈ ਇਹ ਮਕਾਨਕੀ ਦੁਹਰਾਓ ਉਸ ਬੱਤੀ ਨੂੰ ਜਗਦੀ ਰਖਣ ਲਈ ਮਾਲਾ ਦਾ ਗੇੜ ਹੈ। ਇਸ ਦੇ ਫੇਰਨ ਨਾਲ ਹੀ ਤੁਹਾਡੇ ਵਿਚ ਚੰਗਿਆੜੀਆਂ ਮਘ ਪੈਣਗੀਆਂ। ਇਕੋ ਹੀ ਅਚਣਚੇਤ ਦਾ ਮਚਿਆ ਚੰਗਿਆੜਾ ਤੁਹਾਡੇ ਸਾਰੇ ਭਾਰੇਪਣ ਨੂੰ ਸਾੜ ਦੇਵੇਗਾ ਅਤੇ ਤੁਹਾਨੂੰ ਇੰਜ ਹੌਲਾ ਫੁੱਲ ਕਰ ਦੇਵੇਗਾ ਜਿਵੇਂ ਤੁਸੀਂ ਅਸਰੀਰੀ ਹੋ ਗਏ ਹੋਵੋ।

ਇਸ ਲਈ ਮੈਂ ਤੁਹਾਨੂੰ ਇਸ ਗੱਲ ਦਾ ਸੱਦਾ ਦਿੰਦਾ ਹਾਂ ਕਿ ਤੁਸੀਂ ਸਦਾ ਜਾਗਦੇ ਰਹੋ, ਸਦਾ ਸੋਘੇ ਰਹੋ। ਮੈਂ ਤੁਹਾਨੂੰ ਸੱਦਾ ਦਿੰਦਾ ਹਾਂ ਕਿ ਤੁਸੀਂ ਠੰਡੇ ਸੀਤਲ ਜਲ ਵਿਚ ਇਸ਼ਨਾਨ ਕਰੋ, ਮੈਂ ਤੁਹਾਨੂੰ ਇਹ ਵੀ ਸੱਦਾ ਦਿੰਦਾ ਹਾਂ ਕਿ ਤੁਸੀਂ ਘੋੜ ਸਵਾਰੀ ਕਰੋ, ਮੈਂ ਤੁਹਾਨੂੰ ਇਹ ਵੀ ਸੱਦਾ ਦਿੰਦਾ ਹਾਂ ਕਿ ਤੁਸੀਂ ਰਣ ਖੇਤਰ ਵਿਚ ਜਾ ਕੇ ਬੀਰ-ਗਤੀ ਨੂੰ ਪਾਉ। ਇਹ ਸਭ ਕੁਝ ਇਸ ਲਈ ਕਰਨਾ ਉਚਿਤ ਹੈ ਤਾਂ ਜੋ ਤੁਸੀਂ ਆਪਣੀ ਅਕ੍ਰਿਆਸ਼ੀਲ ਜੜਤਾ ਦੀ ਸਿਥਲਤਾ ਤੋਂ ਛੁਟਕਾਰਾ ਪਾ ਸਕੋ।

ਗੁਰ-ਸ਼ਬਦ ਦਾ ਗਾਇਨ ਕਰੋ। ਤੁਸੀਂ ਆਖੋਗੇ ਕਿ ਇਹ ਤਾਂ ਪੁਰਾਣੇ ਪੁਜਾਰੀ-ਵਰਗ ਵਾਲੀ ਗੱਲ ਹੈ; ਜੋ ਮਾਲਾ ਫੇਰਨ ਲਈ ਕਹਿੰਦੇ ਸਨ, ਜਿਸ ਦਾ ਕਿ ਮੈਂ ਪਿਛੇ ਖੰਡਨ ਕਰ ਚੁਕਾ ਹਾਂ। ਹੁਣ ਵੀ ਮੈਂ ਇਸ ਦਾ ਖੰਡਨ ਕਰਦਾ ਹਾਂ, ਪਰ ਮੈਂ ਤੁਹਾਨੂੰ ਇਹ ਕਹਿੰਦਾ ਹਾਂ ਕਿ ਤੁਸੀਂ ਮਾਲਾ ਵੀ ਫੇਰੋ, ਕਿਉਂਜੋ ਇਸ ਤਰ੍ਹਾਂ ਪ੍ਰਭੂ ਦਾ ਨਾਮ ਸਿਮਰਨ ਕਰਨ ਨਾਲ ਤੁਹਾਡੇ ਹੋਂਠ ਇਕ ਦੂਜੇ ਨੂੰ ਚੁੰਮਣਗੇ ਅਤੇ

ਤੁਹਾਡੀਆਂ ਬਾਹਾਂ ਦੀ ਜੱਫੀ ਵਿਚ ਉਹ ਕੁਝ ਧੜਕੇਗਾ ਜਿਸ ਨੂੰ ਤੁਸੀਂ ਅਦ੍ਰਿਸ਼ਟ ਪ੍ਰਭੂ ਕਹਿੰਦੇ ਹੋ। ਜਿਵੇਂ ਤੁਸੀਂ ਆਪਣੇ ਕੇਸਾਂ ਦਾ ਜੂੜਾ ਕਰਦੇ ਹੋ, ਇਸੇ ਤਰ੍ਹਾਂ ਤੁਹਾਡੀ ਮਾਲਾ ਦੇ ਮੇਰੂ-ਮਣਕੇ ਉਤੇ ਤੁਸੀਂ ਇੰਜ ਅਨੁਭਵ ਕਰੋਗੇ ਜਿਵੇਂ ਤੁਸੀਂ ਇਸ ਗੰਢ ਵਿਚ ਸੂਰਜ ਤੇ ਚੰਨ ਨੂੰ ਬੰਨ੍ਹ ਰਹੇ ਹੋ।

ਗੁਰ-ਸ਼ਬਦ (ਮੰਤਰ) ਦੇ ਜਾਪ ਨਾਲ ਤੁਹਾਨੂੰ ਇੰਜ ਅਨੁਭਵ ਹੋਵੇਗਾ ਜਿਵੇਂ ਤੁਸੀਂ ਆਪ ਆਤਮਿਕ-ਮੰਡਲ ਦੇ ਸਮਰਾਟ ਹੋ। ਤੁਹਾਨੂੰ ਇੰਜ ਅਨੁਭਵ ਹੋਵੇਗਾ ਜਿਵੇਂ ਤੁਸੀਂ ਸਹੰਸਰ ਨਦੀਆਂ ਵਿਚ ਇਸ਼ਨਾਨ ਕਰ ਰਹੇ ਹੋ। ਮੈਂ ਤਾਂ ਪੁਜਾਰੀ ਵਰਗ ਦਾ ਖੰਡਨ ਕਰਾਂਗਾ, ਪਰ ਤੁਸੀਂ ਆਪਣੀ ਆਤਮਾ ਵਿਚ ਉਹਨਾਂ ਨੂੰ ਨਿਆਏ ਉਚਿਤ ਸਿਧ ਕਰ ਰਹੇ ਹੋ। ਜਦੋਂ ਤੁਹਾਡੇ ਉਤੇ ਅਜਿਹੀ ਅਵਸਥਾ ਆਵੇਗੀ ਤਾਂ ਤੁਸੀਂ ਮੈਨੂੰ ਠੀਕ ਭਾਂਤ ਸਮਝ ਸਕੋਗੇ ਕਿ ਧਰਮ ਦਾ ਖੰਡਨ ਨਹੀਂ, ਸਗੋਂ ਧਰਮ ਦੇ ਭੇਖੀ ਜਾਂ ਬਨਾਉਟੀ ਰੂਪਾਂ-ਸਰੂਪਾਂ ਦਾ ਖੰਡਨ ਹੈ।

ਇਸ ਲਈ ਗੁਰੂ ਸ਼ਬਦ ਅਥਵਾ ਮੰਤਰ ਦੇ ਸ਼ੁਧ ਨਾਦ ਵਿਚ ਵਿਚਰਨ ਦਾ ਯਤਨ ਕਰੋ। ਇਹ ਤਾਂ ਇਸ ਸਰੀਰਕ ਜਾਮੇ ਵਿਚ ਅਮਰ-ਪਦ ਦੀ ਪ੍ਰਾਪਤੀ ਹੈ। ਇਹ ਤਾਂ ਤੁਹਾਡੀ ਆਤਮਾ ਵਿਚ ਦੇਵਤਿਆਂ ਦਾ ਸਮਾਗਮ ਹੋ ਰਿਹਾ ਹੁੰਦਾ ਹੈ।

ਜੇ ਤੁਸੀਂ ਪ੍ਰਭੂ-ਪ੍ਰੀਤਮ ਨੂੰ ਜਾਣ ਲਿਆ ਹੈ ਤਾਂ ਤੁਸੀਂ ਉਸ ਨੂੰ ਕਿਵੇਂ ਵਿਸਾਰ ਸਕਦੇ ਹੋ ? ਇਸ ਜੋਤ ਨੂੰ ਜਗਦੇ ਰਖੋ। ਇਹ ਗੱਲ ਮੈਂ ਤੁਹਾਡੇ 'ਤੇ ਛਡਦਾ ਹਾਂ ਕਿ ਇਹਨਾਂ ਛਿਣਾਂ ਵਿਚ ਤੁਹਾਡੇ ਅੰਦਰ ਕੀ ਵਾਪਰਨਾ ਚਾਹੀਦਾ ਹੈ। ਕੇਵਲ ਤੁਸੀਂ ਆਪ ਹੀ ਜਾਣ ਰਹੇ ਹੋਵੋਗੇ ਕਿ ਆਪਣੇ ਹਿਰਦੇ ਮੰਦਰ ਵਿਚ ਤੁਸਾਂ ਨਾਮ ਦੀ ਜੋਤ ਨੂੰ ਕਿਵੇਂ ਜਗਾ ਕੇ ਰਖਣਾ ਹੈ। ਹੁਣ ਨਾਮ ਦਾ ਦੀਪਕ ਤੁਹਾਡੇ ਅੰਦਰ ਬਲ ਪਿਆ ਹੈ ਅਤੇ ਇਹ ਤੁਹਾਡੇ ਅੰਦਰ ਬਲ ਰਿਹਾ ਹੈ। ਇਸ ਦੇ ਪਿਛੇ ਪ੍ਰਭੂ-ਪ੍ਰੀਤਮ ਆਪ ਖਲੋਤਾ ਹੈ। ਤੁਸੀਂ ਇਸ ਪਵਿੱਤਰ ਮੰਦਰ ਦੇ ਆਪ ਪੁਜਾਰੀ ਹੋ। ਨਾਮ ਦੀ ਜੋਤ ਨੇ ਸਹਿਜ ਸ਼ਾਂਤੀ ਵਰਤਾ ਦਿੱਤੀ ਹੈ। ਤੁਸਾਂ ਇਸ ਦੀਪ ਨੂੰ ਜਗਦੇ ਰਖਣਾ ਹੈ। ਇਸ ਵਿਚ ਤੇਲ ਪਾਉਣਾ ਹੈ ਤੇ ਸਮੇਂ ਸਮੇਂ ਇਸ ਦੀ ਬੱਤੀ ਨੂੰ ਸੀਖਣਾ ਹੈ।

ਹੁਣ ਤੁਸੀਂ ਇਹ ਵੇਖ ਤੇ ਜਾਣ ਸਕਦੇ ਹੋ ਕਿ ਜਿਥੇ ਨਾਮ ਦਾ ਦੀਪ ਹਾਲੀ ਜਗਿਆ ਹੀ ਨਹੀਂ ਹੈ ਤਾਂ ਉਥੇ ਇਸ ਵਿਚ ਤੇਲ ਪਾਉਣਾ ਤੇ ਇਸ ਦੀ ਬੱਤੀ ਨੂੰ ਸੀਖਣਾ ਕਿੰਨਾਂ ਵਿਅਰਥ ਹੈ। ਇਸ ਤੋਂ ਬਿਨਾਂ ਅਜਿਹੇ ਦਾਅਵੇ ਕਰਨ ਦਾ ਕੀ ਅਰਥ ਜਦ ਕਿ ਤੁਹਾਡੇ ਅੰਦਰ ਇਹ ਨਾਮ ਦਾ ਦੀਪ ਹਾਲੀ ਬਲਿਆ ਹੀ ਨਹੀਂ ? ਉਸ ਮੰਦਰ ਦੇ ਵੀ ਕੀ ਅਰਥ ਹਨ ਜਿਸ ਵਿਚ ਪ੍ਰਭੂ-ਪ੍ਰੀਤਮ ਆਪ ਸੁਭਾਇਮਾਨ ਨਹੀਂ ਹੈ।

ਤੁਹਾਡੇ ਅੰਦਰ ਜਦੋਂ ਇਹ ਜੋਤ ਜਗ ਉਠੀ ਹੈ ਤਾਂ ਇਹ ਗੱਲ ਵੀ ਬੜੀ ਮੂਰਖਾਂ ਵਾਲੀ ਹੋਵੇਗੀ ਕਿ ਤੁਸੀਂ ਇਸ ਦਾ ਨਿਰੰਤਰ ਧਿਆਨ ਨਾ ਰਖੋ।

ਇਤਿ

# ਭਾਗ ਤੀਜਾ
# ਚਿੰਤਨਧਾਰਾ

# ਗੁਰੂ ਨਾਨਕ ਅਤੇ ਰੱਬੀ ਮਿਹਰ

ਗੁਰੂ ਨਾਨਕ ਦੇਵ ਸਦਾਚਾਰਕ ਖਿਚੋਤਾਣ ਦੇ ਸ਼ੋਰ ਸ਼ਰਾਬੇ ਦੇ ਵਾਤਾਵਰਣ ਵਿਚ ਪ੍ਰਗਟ ਹੋਏ, ਪਰ ਉਹ ਆਪ ਸ਼ਾਂਤ ਤੇ ਅਡੋਲ ਸਨ। ਆਪ ਦੇਵ-ਮੰਡਲ ਦੀ ਨਵ-ਪ੍ਰਤਿਭਾ ਵਜੋਂ ਉਜਾਗਰ ਹੋਏ। ਆਪ ਦਾ ਆਗਮਨ ਸਹਿਜ ਪ੍ਰਕਾਸ਼ ਦੀ ਨਿਆਈਂ ਸੀ। ਆਪ ਦਾ ਵਿਅਕਤੀਤਵ ਬੁਧ ਦੇ ਸਮਾਨ ਸੀ ਜੋ ਕਰਤਾਰ ਦੀ ਕਰਤਾਰਤਾ ਦੀ ਅਨੁਪਮ ਸਿਰਜਣਾ ਸੀ। ਆਪ ਦੀ ਨਜ਼ਰ ਵਿਚ ਕੋਈ ਵੀ ਕਾਫ਼ਿਰ ਨਹੀਂ ਸੀ ਅਤੇ ਹਰ ਕੋਈ ਪ੍ਰਭੂ ਦੀ ਮਿਹਰ ਦਾ ਜਾਚਕ ਸੀ। ਗੁਰੂ ਜੀ ਦਾ ਕਥਨ ਹੈ ਕਿ ਮੁਸਲਮਾਨ, ਈਸਾਈ, ਹਿੰਦੂ, ਸਿੱਖ ਸਭ ਨੂੰ ਸੱਚੇ ਇਨਸਾਨ ਬਣਨ ਦੀ ਲੋੜ ਹੈ। ਸਾਰਿਆਂ ਨੂੰ ਉਸ ਵਿਸ਼ਵ-ਵਿਆਪੀ ਆਤਮਾ ਦੀ ਦਇਆ ਦੀ ਲੋੜ ਹੈ ਜੋ ਆਪਣੀ ਸਾਜੀ ਹੋਈ ਕੁਦਰਤ ਵਿਚ ਵਿਆਪਕ ਹੈ। ਉਸ ਦੀ ਸਾਜੀ ਹੋਈ ਕੁਦਰਤ ਉਸੇ ਦਾ ਹੀ ਸਾਖਿਆਤ ਸਰੂਪ ਹੈ ਜਿਸ ਵਿਚੋਂ ਅਸੀਂ ਪ੍ਰਭੂ ਦੀ ਸਰੀਰਕ ਛੁਹ ਨੂੰ ਮਾਣ ਤੇ ਪਰਸ ਸਕਦੇ ਹਾਂ। ਕੁਦਰਤ ਕੋਈ ਘੁੰਮ ਰਹੀ ਨਿਰਜਿੰਦ ਮਸ਼ੀਨ ਨਹੀਂ ਹੈ।

ਗੁਰੂ ਨਾਨਕ ਝੂਠੇ ਮਤਾਂ-ਮਤਾਂਤਰਾਂ, ਕੁਟਿਲ ਰਾਜਨੀਤੀ ਅਤੇ ਅਨਿਆਂ ਭਰਪੂਰ ਸਮਾਜਕ ਪ੍ਰਬੰਧ ਦਾ ਖੰਡਨ ਕਰਦੇ ਹਨ। ਉਹ ਆਪਣੇ ਸਮੇਂ ਦੇ ਥੋਥੇ ਧਰਮ ਗਰੰਥਾਂ ਅਤੇ ਪ੍ਰਚਲਿਤ ਵਾਦਾਂ ਨੂੰ ਨਿੰਦਦੇ ਹਨ। ਆਪ ਖ਼ੁਸ਼ਕ-ਤਿਆਗ ਅਤੇ ਫੋਕੇ ਸੁਚਮ ਨੂੰ ਸਵੀਕਾਰ ਨਹੀਂ ਕਰਦੇ। ਹਠ ਯੋਗ, ਸਾਧਨਾ, ਸੁੰਨ-ਸਮਾਧ, ਮਾਲਾ ਫੇਰਨਾ, ਨਮਾਜ਼ਾਂ, ਰੋਜ਼ੇ, ਵਰਤ, ਧਾਰਮਿਕ ਪਖੰਡਾਂ ਦੇ ਬਾਹਰੀ ਕਰਮ-ਕਾਂਡਾਂ ਅਤੇ ਰਾਜਨੀਤਕ ਦੰਭ ਦੇ ਆਪ ਅਸਲੋਂ ਹੀ ਵਿਰੋਧੀ ਸਨ। ਆਪ ਨੇ ਇਹਨਾਂ ਵਿਚੋਂ ਕਿਸੇ ਦਾ ਵੀ ਲਿਹਾਜ਼ ਨਹੀਂ ਸੀ ਕੀਤਾ ਅਤੇ ਇਹਨਾਂ ਬਾਰੇ ਖਰੀਆਂ ਖਰੀਆਂ ਸੁਣਾਈਆਂ ਹਨ। ਉਸ ਸਮੇਂ ਸੰਸਾਰ ਅਤੇ ਮਨੁੱਖ ਦੋਵੇਂ ਹੀ ਅੰਧਕਾਰ ਵਿਚ ਗ੍ਰਸੇ ਹੋਏ ਸਨ।

ਸੱਚਾ ਇਸਲਾਮ ਧਰਮ ਤਾਂ ਕਾਫੀ ਚਿਰ ਪਹਿਲਾਂ ਪਤਨ ਵੱਲ ਜਾ ਚੁਕਾ ਸੀ, ਜੋ ਕਿਸੇ ਸਮੇਂ ਬਹੁਤ ਵੱਡੀ ਆਤਮਿਕ ਸ਼ਕਤੀ ਵਜੋਂ ਉਭਰਿਆ ਅਤੇ ਜਿਸ ਨੇ ਜਨ-ਸਮੂਹ ਨੂੰ ਏਕਤਾ ਦੇ ਸੂਤਰ ਵਿਚ ਪਰੋ ਦਿਤਾ ਸੀ, ਪਰ ਹੁਣ ਤਾਂ ਇਸ ਧਰਮ ਨੇ ਸੰਪਰਦਾਈ ਪਰੰਪਰਾ ਨੂੰ ਅਪਣਾ ਲਿਆ ਸੀ ਅਤੇ ਚੁਣੇ ਹੋਏ ਆਗੂ ਵੀ ਪੁਰਾਣੇ ਜੇਤੂ ਆਰੀਆਂ ਤੇ ਬ੍ਰਾਹਮਣਾਂ ਦੀ ਤਰ੍ਹਾਂ ਜ਼ਾਲਮਾਨਾ ਵਿਹਾਰ ਕਰਨ ਲਗ ਪਏ ਸਨ। ਇਸ ਵੇਲੇ ਜਿਸ ਤਰ੍ਹਾਂ ਦਾ ਇਸਲਾਮ ਧਰਮ ਭਾਰਤ ਵਿਚ ਸਥਾਪਿਤ ਹੋ ਰਿਹਾ ਹੈ, ਉਹ ਇਕ ਜ਼ੋਰ-ਜਬਰ ਦਾ ਪ੍ਰਮਾਣ ਸੀ। ਧਰਮ ਤਾਂ ਈਸਾਈਆਂ ਤੇ ਹਿੰਦੂਆਂ ਦੀ ਤਰ੍ਹਾਂ ਇਕ ਮੂੰਹ ਰਖਣੀ ਗੱਲ ਹੀ ਬਣ ਗਿਆ ਸੀ। ਧਰਮ ਦੀ ਥਾਂ ਇਹ ਬਾਹਰੀ ਗੱਲਾਂ ਸਮਾਜਕ ਤੇ ਰਾਜਨੀਤਕ ਅਤਿਆਚਾਰ ਦੀ

ਥਾਂ ਲੈ ਚੁਕੀਆਂ ਸਨ।

ਗੁਰੂ ਨਾਨਕ ਦੇਵ ਜੀ ਨੇ ਬੜੀ ਦਲੇਰੀ ਨਾਲ ਮੁਸਲਮਾਨਾਂ ਤੇ ਹਿੰਦੂਆਂ ਦੀਆਂ ਚਿਰਕਾਲ ਤੋਂ ਪ੍ਰਚਲਿਤ ਧਾਰਮਿਕ ਰੀਤਾਂ ਨੂੰ ਆਪਣੇ ਹੱਥਾਂ ਵਿਚ ਪਕੜ ਲਿਆ ਅਤੇ ਡੂੰਘੇ ਸਮੁੰਦਰ ਵਿਚ ਸੁਟ ਦਿਤਾ। ਇਹਨਾਂ ਉਲਾਰ ਗੱਲਾਂ ਨੂੰ ਪਰੇ ਸੁਟ ਕੇ ਬੇਸਮਝੀ ਦੇ ਭਰਮ-ਜਾਲ ਨੂੰ ਤਾਰ ਤਾਰ ਕਰਕੇ ਅਤੇ ਮਕਰ-ਫਰੇਬਾਂ ਨੂੰ ਜੜ੍ਹੋਂ ਪੁਟ ਦਿਤਾ।

ਗੁਰੂ ਨਾਨਕ ਦੇਵ ਦਾ ਇਹ ਸ਼ਾਂਤ-ਚਿਤ ਟਿਕਾਉ ਮਹਾਂ ਮਾਨਵੀ ਸੀ। ਇਹ ਤਾਂ ਪ੍ਰਮਾਤਮਾ ਦੀ ਉਸ ਸ਼ਕਤੀ ਦਾ ਪ੍ਰਮਾਣ ਸੀ, ਜੋ ਆਪ ਦੇ ਪਾਵਨ ਵਿਅਕਤਿਤਵ ਵਿਚ ਵਿਦਮਾਨ ਸੀ।

ਲੂਥਰ ਦੇ ਪੋਪ ਦੇ ਬਲਦਾਂ ਦਾ ਜੋਸ਼ੀਲੇ ਢੰਗ ਨਾਲ ਸਾੜਨ ਫੂਕਣ ਦਾ ਜਜ਼ਬਾਤੀ ਨਾਟਕ ਤਾਂ ਕੇਵਲ ਇਕ ਮਨੁੱਖ ਦੇ ਗੁੱਸੇ ਤੇ ਕਹਿਰ ਦੀ ਖੇਡ ਸੀ। ਇਹ ਤਾਂ ਇਕ ਅਸਾਧਾਰਨ ਮਨੁੱਖੀ ਬਲ ਦਾ ਇਕ ਛੋਟਾ ਜਿਹਾ ਨਾਟਕੀ ਦ੍ਰਿਸ਼ ਹੀ ਸੀ। ਅਨੰਤ-ਪ੍ਰਭੂ ਦੀ ਸੱਚੀ ਸ਼ਕਤੀ ਦਾ ਪ੍ਰਗਟਾਉ ਕਦੇ ਵੀ ਅਜਿਹੇ ਉਤੇਜਨਾ-ਪੂਰਵਕ ਰੂਪ ਵਿਚ ਪ੍ਰਗਟ ਨਹੀਂ ਹੋਇਆ, ਨਾ ਹੀ ਕਦੀ ਇਹ ਇਸ ਤਰ੍ਹਾਂ ਅਤਿਵਾਦੀ ਜਾਂ ਅਸਾਧਾਰਨ ਰੂਪ ਦਾ ਨਾਟਕੀ ਰੂਪ ਧਾਰਨ ਕਰਦਾ ਹੈ। ਇਹ ਤਾਂ ਉਹ ਸ਼ਕਤੀਸ਼ਾਲੀ ਸ਼ਾਂਤ-ਚਿਤ ਟਿਕਾਉ ਦਾ ਰੂਪ ਧਾਰਨ ਕਰਦਾ ਹੈ, ਜੋ ਬੜਾ ਅਸਗਾਹ ਤੇ ਡੂੰਘਾ ਹੁੰਦਾ ਹੈ।

ਉਸ ਸਮੇਂ ਪੰਜਾਬ ਵਿਚ ਗੁਰੂ ਜੀ ਦੀ ਇਕ ਤੱਕਣੀ, ਇਕ ਮੁਸਕਾਨ ਤੇ ਹਜ਼ੂਰੀ ਦਰਸ਼ਨ ਨਾਲ ਹੀ ਇਹਨਾਂ ਸਾਰੇ ਧਾਰਮਿਕ ਪਰਪੰਚਾਂ ਦਾ ਸਰਵਨਾਸ਼ ਹੋ ਗਿਆ। ਇਹਨਾਂ ਸਭ ਮੁਰਦਾ ਰਹੁ-ਰੀਤਾਂ ਦਾ ਅੰਤ ਹੋ ਗਿਆ। ਇਸਲਾਮ ਅਤੇ ਹਿੰਦੂ ਧਰਮਾਂ ਦੇ ਝੂਠੇ ਭੇਖਾਚਾਰ ਛਾਈਂ-ਮਾਈਂ ਹੋ ਗਏ। ਇਹਨਾਂ ਨੂੰ ਸੱਚੇ ਈਮਾਨ ਨਾਲ ਜੁੜਨ ਦੀ ਪ੍ਰੇਰਨਾ ਮਿਲੀ। ਦੋਹਾਂ ਜਨ-ਸਮੂਹਾਂ ਦੇ ਹਿਰਦੇ ਆਪ ਜੀ ਦੀ ਹੋਂਦ ਨਾਲ ਭਰਪੂਰ ਹੋ ਗਏ।

ਲੋਕਾਂ ਨੇ ਆਪਣੀਆਂ ਪੁਰਾਣੀਆਂ ਗ਼ਲਤੀਆਂ ਨੂੰ ਭੁਲਾ ਦਿਤਾ। ਉਹਨਾਂ ਨੂੰ ਗੁਰੂ ਜੀ ਦੇ ਰੂਪ ਵਿਚ ਉਹ ਹਸਤੀ ਮਿਲ ਗਈ ਜੋ ਉਹਨਾਂ ਦਾ ਮਿਤਰ, ਸਹਾਇਕ ਤੇ ਪ੍ਰਭੂ ਸੀ ਅਤੇ ਜਿਸ ਨੂੰ ਉਹ ਦੁਖਾਂ ਕਸ਼ਟਾਂ ਵਿਚ ਪੁਕਾਰਦੇ ਰਹੇ ਸਨ। ਅਨੇਕ ਪ੍ਰਕਾਰ ਦੇ ਰਮਤੇ ਸਾਧੂ-ਸੰਤ ਲੋਕਾਂ ਕੋਲ ਆਉਂਦੇ, ਉਹਨਾਂ ਦੇ ਸਾਹਮਣੇ ਬ੍ਰਿਛਾਂ ਥਲੇ ਧੂਣੀਆਂ ਤਪਾਉਂਦੇ ਅਤੇ ਫਿਰ ਉਹਨਾਂ ਗ਼ਰੀਬਾਂ ਦੇ ਘਰਾਂ ਤੋਂ ਹੀ ਮੰਗ-ਪਿੰਨ ਕੇ ਆਪਣੀ ਉਦਰ-ਪੂਰਤੀ ਕਰਦੇ।

ਪਰ ਹੁਣ ਪ੍ਰਭੂ ਆਪ ਉਹਨਾਂ ਦੇ ਵਿਚ ਆ ਗਿਆ ਸੀ। ਉਹ ਕਿਤੋਂ ਵੀ ਨਹੀਂ ਸੀ ਆਇਆ। ਉਹ ਤਾਂ ਮਾਨਵ ਰੂਪ ਵਿਚ ਪ੍ਰਗਟ ਸੀ, ਫਿਰ ਵੀ ਉਸ ਦੇ ਕੁਝ ਕੌਤਕ ਤੇ ਕਰਾਮਾਤਾਂ ਰਹੱਸਮਈ ਤੇ ਅਗਮ-ਨਿਗਮ ਵਾਲੀਆਂ ਸਨ, ਜੋ ਕੁਦਰਤੀ ਹੁੰਦੀਆਂ ਹੋਈਆਂ ਵੀ ਅਲੌਕਿਕ ਪ੍ਰਤੀਤ ਹੁੰਦੀਆਂ ਸਨ। ਹੁਣ ਪ੍ਰਭੂ ਉਹਨਾਂ ਦੇ ਸਨਮੁਖ ਸੀ। ਇਸੇ ਪ੍ਰਭੂ ਨੂੰ ਉਹ ਹਰੇ ਕ੍ਰਿਸ਼ਨ-ਹਰੇ ਕ੍ਰਿਸ਼ਨ ਜਾਂ ਹਰੇ

ਰਾਮ-ਹਰੇ ਰਾਮ ਕਹਿ ਕੇ ਪੁਕਾਰਦੇ ਰਹੇ ਸਨ, ਪਰ ਇਹ ਪ੍ਰਭੂ ਤਾਂ ਮਨੁੱਖ ਰੂਪ ਵਿਚ ਪ੍ਰਗਟ ਹੋਇਆ ਸੀ।

ਲੋਕਾਂ ਦੀ ਖ਼ੁਸ਼ੀ ਦਾ ਕੋਈ ਆਰ ਪਾਰ ਨਹੀਂ ਸੀ। ਇਸ ਪ੍ਰਭੂ-ਪ੍ਰੀਤਮ ਦੇ ਮੁਖਾਰਬਿੰਦ ਵਿਚੋਂ ਨਿਕਲਿਆ ਹਰ ਸ਼ਬਦ ਪੁਰਾਤਨ ਧਰਮ-ਗਰੰਥਾਂ ਵਰਗਾ ਪਵਿੱਤਰ ਤੇ ਹੋ ਚੁਕੇ ਮਹਾਂ ਪੁਰਖਾਂ ਵਾਲਾ ਸੀ, ਜਿਨ੍ਹਾਂ ਸਭ ਦੇ ਬੋਲ ਉਹਨਾਂ ਦੇ ਬੋਲਾਂ ਵਿਚ ਆ ਸਮਾਏ ਸਨ। ਇਹ ਕੌਤਕ ਤੱਕ ਕੇ ਲੋਕਾਂ ਦੀ ਆਤਮਾ ਵਿਚ ਇਕਦਮ ਸਰਵੁਚ ਪ੍ਰਭੂ-ਸੱਤਾ ਦਾ ਆਭਾਸ ਹੋ ਗਿਆ। ਪੰਡਤ ਤੇ ਵਿਦਵਾਨ ਹੁਣ ਗੁਰੂ ਦੇ ਸ਼ਬਦਾਂ ਦੀ ਵਿਆਖਿਆ ਕਰਨ ਲਗੇ। ਉਹਨਾਂ ਨੇ ਜਾਣ ਲਿਆ ਸੀ ਕਿ ਇਹ ਗੁਰੂ ਦਾ ਸ਼ਬਦ ਉਹਨਾਂ ਦਾ ਸਹਾਇਕ ਹੈ, ਪਰ ਸੱਚ ਦੇ ਜਿਗਿਆਸੂਆਂ ਤੇ ਜਨ-ਸਾਧਾਰਨ ਲਈ ਗੁਰੂ ਜੀ ਦਾ ਆਗਮਨ ਕੋਈ ਇਸ ਤਰ੍ਹਾਂ ਦੀ ਸਿਧੀ ਸਾਦੀ ਘਟਨਾ ਸੀ, ਜਿਵੇਂ ਉਹਨਾਂ ਦੇ ਕੱਚੇ ਕੋਠਿਆਂ ਉਤੇ ਸੂਰਜ ਦਾ ਪ੍ਰਕਾਸ਼ ਹੋ ਗਿਆ ਹੋਵੇ, ਸੁਨਹਿਰੀ ਧੁੱਪ ਚੜ੍ਹ ਗਈ ਹੋਵੇ। ਉਹਨਾਂ ਨੂੰ ਆਪਣੇ ਸਭ ਕਸ਼ਟਾਂ ਨੂੰ ਨਿਵਾਰਨ ਵਾਲੀ ਔਸ਼ਧੀ ਮਿਲ ਗਈ ਤੇ ਉਹਨਾਂ ਦੀ ਕਾਲੀ ਰਾਤ ਦਾ ਅੰਤ ਹੋ ਗਿਆ। ਗੁਰੂ ਦਾ ਸ਼ਬਦ ਜਿਹੜਾ ਹੁਣ ਉਹਨਾਂ ਦੇ ਹੋਠਾਂ ਉਤੇ ਸੀ, ਇਸ ਦੇ ਉਹ ਇਕੋ ਅਰਥ ਨੂੰ ਹੀ ਸਮਝਦੇ ਸਨ ਕਿ ਇਹ ਗੁਰੂ ਦਾ ਸ਼ਬਦ ਹੈ, ਗੁਰੂ ਦਾ ਪ੍ਰੇਮ ਹੈ, ਗੁਰੂ ਦੀ ਮਿਹਰ ਹੈ ਅਤੇ ਗੁਰੂ ਦੀ ਰੱਛਾ ਹੈ। ਕਪਿਲ ਵਸਤੂ ਤੇ ਬੁਧ ਦੇ ਸਾਰੇ ਅਨੁਆਈਆਂ ਨੂੰ ਗਿਆਨ ਹੋ ਗਿਆ ਸੀ ਕਿ ਬੁਧ ਜੀ ਦੇ ਨਾਮ ਵਿਚ ਹੀ ਸਾਰੇ ਧਰਮ ਗਰੰਥ ਆ ਜਾਂਦੇ ਹਨ। ਈਸਾ ਜੀ ਦੇ ਦਰਸ਼ਨ ਕਰਕੇ ਉਹਨਾਂ ਦੇ ਮੁਰੀਦ ਇੰਜ ਪ੍ਰਤੀਤ ਕਰਨ ਲਗ ਪਏ ਸਨ ਕਿ ਉਹਨਾਂ ਨੂੰ ਸਾਰੇ ਮਾਨਵ ਇਤਿਹਾਸ ਦਾ ਬੋਧ ਹੋ ਗਿਆ ਹੈ। ਪੰਜਾਬ ਦੇ ਸਿਖਾਂ ਨੇ ਵੀ ਪੁਰਾਣੇ ਸਭ ਕੁਝ ਨੂੰ ਭੁਲਾ ਦਿਤਾ ਤੇ ਗੁਰੂ ਜੀ ਦੇ ਆਗਮਨ ਨਾਲ ਇੰਜ ਜਾਤਾ ਜਿਵੇਂ ਉਹਨਾਂ ਦੇ ਘਰ ਗ੍ਰਿਹਿਸਤ ਨਵੇਂ ਚਾਨਣ ਨਾਲ ਰੌਸ਼ਨ ਹੋ ਗਏ ਹੋਣ ਅਤੇ ਉਹਨਾਂ ਦਾ ਅੰਦਰ ਪ੍ਰਕਾਸ਼ਮਾਨ ਹੋ ਗਿਆ ਹੋਵੇ। ਉਹਨਾਂ ਨੇ ਤੱਕ ਲਿਆ ਸੀ ਕਿ ਇਹ ਪਾਰਬ੍ਰਹਮ ਦਾ ਬ੍ਰਹਿਮੰਡੀ ਸਰੂਪ ਹੈ। ਹੁਣ ਮੌਤ ਜੀਵਨ ਦਾ ਅੰਤ ਨਹੀਂ ਸੀ ਰਹੀ। ਇਹ ਹੱਡ-ਚੰਮ ਦਾ ਪੁਤਲਾ ਜੀਵਨ ਦੀ ਅਨਾਦੀ ਸੱਤਾ ਦਾ ਕੋਈ ਅੰਤਿਮ ਸਿਰਾ ਨਹੀਂ ਸੀ। ਲੋਕ ਇਹ ਗੱਲ ਭਲੀ ਭਾਂਤ ਜਾਣਨ ਲਗ ਪਏ ਸਨ ਕਿ ਬਿਪਤਾ ਵੇਲੇ ਗੁਰੂ ਅਗੇ ਇੰਜ ਪੁਕਾਰ ਕਰੋ ਜਿਵੇਂ ਬਾਲ ਮਾਂ ਨੂੰ ਪੁਕਾਰਦਾ ਹੈ। ਗੁਰੂ ਤੁਹਾਡੀ ਸਹਾਇਤਾ ਲਈ ਅਵੱਸ਼ ਪੁਜੇਗਾ ਤੇ ਉਹ ਆ ਗਿਆ ਹੈ।

ਲੋਕ ਤਾਂ ਗੁਰੂ ਦੇ ਸ਼ਬਦਾਂ ਦੇ ਇਹੋ ਅਰਥ ਹੀ ਸਮਝਦੇ ਸਨ ਕਿ ਆਉ ਪ੍ਰਭੂ ਦਾ ਜੱਸ ਗਾਈਏ, ਉਸ ਦੇ ਸ਼ਬਦ ਦਾ ਕੀਰਤਨ ਕਰੀਏ। ਬਸ, ਇਹੋ ਕੁਝ ਹੀ ਕਾਫ਼ੀ ਹੈ, ਹੋਰ ਕਿਸੇ ਚੀਜ਼ ਦੀ ਕੀ ਲੋੜ ਹੈ ?

ਫਲਸਤੀਨ ਦੇ ਬੁਧ ਯਸੂ ਮਸੀਹ ਨੇ ਕਪਿਲਵਸਤੂ ਦੇ ਬੁਧ ਦੇ ਨਿਰਵਾਣ ਵਿਚ ਕਰੁਣਾ ਦੀ ਭਾਵਨਾ ਨੂੰ ਭਰ ਦਿਤਾ ਤੇ ਨਨਕਾਣਾ ਦੇ ਪੈਗੰਬਰ ਗੁਰੂ ਨਾਨਕ ਨੇ ਬੁਧ ਦੇ ਨਿਰਵਾਣ ਤੇ ਈਸਾ ਦੀ ਭਾਵਨਾ ਦੇ ਨਾਲ ਮਨੁੱਖੀ ਪ੍ਰੇਮ ਨੂੰ ਵੀ ਸ਼ਾਮਲ

ਤ ਦਿਤਾ ਤੇ ਇਕ ਐਸੀ ਸਾਧ ਸੰਗਤ ਦੀ ਸਿਰਜਣਾ ਕੀਤੀ, ਜਿਸ ਵਿਚ ਨਾ ਕੋਈ 'ਕਾਫ਼ਿਰ' ਸੀ ਤੇ ਨਾ ਹੀ ਜਾਤ ਪਾਤ ਦਾ ਕੋਈ ਵਿਤਕਰਾ ਸੀ। ਇਥੇ ਨੁੱਖ ਤੇ ਉਸ ਦਾ ਪ੍ਰਭੂ-ਪ੍ਰੀਤਮ ਇਕਰੂਪ ਹੋ ਗਏ ਸਨ। ਗੁਰੂ ਨਾਨਕ ਦੇ ਸਰੂਪ ਚ ਸਭ ਪਹਿਲੇ ਪੈਗੰਬਰ ਆ ਸਮਾਉਂਦੇ ਹਨ।

ਗੁਰੂ ਅਧਿਆਪਕ ਜਾਂ ਸਿੱਖਿਆਦਾਤਾ ਦਾ ਨਾਮ ਹੈ। ਜੋ ਸ਼ਬਦ-ਬ੍ਰਹਮ ਾ ਸਰੂਪ ਹੈ, ਜਿਸ ਦੇ ਵਿਅਕਤੀਤਵ ਵਿਚ ਅਨੰਤ ਵਿਦਮਾਨ ਹੈ, ਇਹੀ ਗੁਣ ਾਪ ਨੇ ਆਪਣੇ ਉਤਰਾਧਿਕਾਰੀਆਂ ਨੂੰ ਬਖ਼ਸ਼ੇ ਕਿਉਂਜੋ ਗੁਰੂ (ਨਾਨਕ) ਆਪਣੇ ਕਾਂ ਅਰਥਾਤ ਆਪਣੇ ਅਨੁਆਈਆਂ ਤੋਂ ਬਿਨਾਂ ਰਹਿ ਹੀ ਨਹੀਂ ਸਨ ਸਕਦੇ। ਾਪ ਨੇ ਤਾਂ ਪ੍ਰਭੂ-ਪ੍ਰੀਤਮ ਦਾ ਗੁਣ ਗਾਇਨ ਕਰਨਾ ਸੀ ਤੇ ਇਸ ਵਿਚ ਉਹਨਾਂ ਾ ਸੰਗੀ ਸਾਥੀ ਰਬਾਬੀ ਮਰਦਾਨਾ ਸੀ। ਆਪ ਨੇ ਆਪਣੇ ਦੁਆਲੇ ਦੇਵਤਿਆਂ ੀ ਸਭਾ ਅਰਥਾਤ ਸਤ-ਸੰਗਤ ਨੂੰ ਜੋੜਨਾ ਸੀ, ਇਸ ਸੰਗਤ ਨੂੰ ਜੁੜੀ ਦੇਖ ਕੇ ਾਪ ਬੜੇ ਪ੍ਰਸੰਨ ਹੁੰਦੇ ਸਨ। ਇਸ ਸਤ-ਸੰਗਤ ਵਿਚ ਉਹ ਪ੍ਰੇਮ ਤੇ ਸੁਤੰਤਰਤਾ ਾ ਪਹਿਰਾ ਸੀ ਜਿਸ ਬਾਰੇ ਗੋਇਟੇ ਦੇ ਕਥਨ ਅਨੁਸਾਰ ਜਾਣਦੇ ਹੋਇਆਂ ਵੀ ਰਣਨ ਕਰ ਸਕਣਾ ਕਠਿਨ ਹੈ। ਹਰ ਵਿਅਕਤੀ ਲਈ ਉਹਨਾਂ ਨੇ ਗ੍ਰਿਹਿਸਤੀ ਜਿਵਨ ਦਾ ਸਿਧਾ ਸਾਦਾ ਮਾਰਗ ਸੁਝਾਇਆ। ਮਨੁੱਖ ਨੂੰ ਸੁਤੰਤਰਤਾ ਪ੍ਰਦਾਨ ਕੀਤੀ ਉਸ ਨੂੰ ਸਾਧ ਸੰਗਤ ਪ੍ਰਤੀ ਜ਼ਿੰਮੇਵਾਰ ਬਣਾਇਆ। ਮਨੁੱਖ ਦੀ ਉਸ ਦੇ ਤਿਰੀਵ ਗੁਣਾਂ ਦੁਆਰਾ ਨਵ-ਸਿਰਜਣਾ ਕੀਤੀ ਗਈ ਤੇ ਉਹ ਆਪ-ਮੁਹਾਰੇ ਹੀ ਮ ਦੇ ਪ੍ਰਤੀ ਵਫ਼ਾਦਾਰ ਬਣ ਗਿਆ। ਉਹ ਤਾਂ ਕਿਸੇ ਕਾਨੂੰਨ ਪ੍ਰਤੀ ਉਤਰਦਾਈ ਹੀਂ ਸੀ, ਸਗੋਂ ਆਪਣੇ ਆਪੇ ਪ੍ਰਤੀ ਅਰਥਾਤ ਆਪਣੀ ਆਤਮਾ ਪ੍ਰਤੀ ਉਤਰਦਾਈ ੀ। ਗੁਰੂ ਨਾਨਕ ਦੇਵ ਜੀ ਦੇ ਸਿਰਜੇ ਹੋਏ ਮਨੁੱਖੀ ਸਮਾਜ ਵਿਚ ਹਰ ਵਿਅਕਤੀ ; ਮੁਕਤੀ ਪ੍ਰਾਪਤ ਹੁੰਦੀ ਸੀ ਤੇ ਮਿੱਠੀ ਮੌਤ ਵੀ।

ਪ੍ਰਭੂ ਨੇ ਮੈਨੂੰ ਆਪਣੇ
ਨਿਜ ਆਪੇ ਵਿਰੁੱਧ
ਕਠੋਰ ਬਣਾ ਦਿਤਾ ਹੈ,
ਮੇਰੇ ਇਹ ਬੁਜ਼ਦਿਲਾਂ ਵਰਗੇ
ਕਰੁਣਾ ਭਰਪੂਰ ਬੋਲ
ਜੋ ਸੁਖ-ਆਰਾਮ, ਐਸ਼ਵਰਜ਼
ਅਤੇ ਖ਼ੁਸ਼ੀ ਲਈ ਵਿਲਕਦੇ ਰਹਿੰਦੇ ਹਨ,
ਮੇਰੇ ਨਿਜ ਆਪੇ ਦੇ
ਵੱਡੇ ਦੋਖੀ ਹਨ।
ਇਹ ਹਨ ਮੇਰੇ ਥੋਥੇ ਮਿਤਰ,
ਮੇਰੇ ਜਾਨੀ ਦੁਸ਼ਮਣ,
ਇਹ ਤਾਂ ਜਿਥੇ ਵੀ ਮੈਂ ਜਾਂਦਾ ਹਾਂ

ਗਲ ਪਏ ਡਹੇ ਦੀ ਨਿਆਈਂ
ਮੇਰੇ ਰਾਹ ਦੀ ਰੋਕ ਬਣ ਜਾਂਦੇ ਹਨ।
ਪਰ ਇਕ ਹੈ ਜੋ ਮੇਰੇ
ਨਿਜ ਆਪੇ ਨੂੰ ਠਲ੍ਹ
ਪਾ ਸਕਦਾ ਹੈ,
ਜਿਹੜਾ ਮੇਰੇ ਉਤੇ ਲੱਦੇ
ਖਿੰਡਰੇ-ਪੁੰਡਰੇ ਬੋਝ ਨੂੰ
ਹਟਾ ਸਕਦਾ ਹੈ।
ਮੇਰੇ ਗਲ ਪਏ ਜੰਜਾਲ ਨੂੰ
ਤੋੜ ਸਕਦਾ ਹੈ
ਅਤੇ ਮੈਨੂੰ ਬੰਧਨ-ਮੁਕਤ
ਕਰ ਸਕਦਾ ਹੈ।

ਗੁਰੂ ਦੇ ਭਗਤਾਂ ਦੀ ਸੰਗਤ ਵਿਚ ਜੀਵ-ਆਤਮਾ ਪ੍ਰੌੜ੍ਹ ਤੇ ਰਸਿਕ ਜਾਂਦੀ ਹੈ। ਇਕ ਹੁਣ ਸਮੂਹ ਦਾ ਰੂਪ ਧਾਰਨ ਕਰ ਚੁਕਾ ਹੈ।

ਉਸ ਵਿਚ ਗੁਰੂ ਗੋਬਿੰਦ ਸਿੰਘ ਵਿਦਮਾਨ ਹੈ, ਗੁਰੂ ਨਾਨਕ ਦੀ ਨੰ ਕਿਰਪਾਨ ਚਮਕ ਉਠੀ ਹੈ। ਬੁਧ ਆਪ ਹਰਨੋਟੇ ਤੇ ਸ਼ਿਕਾਰੀ ਵਿਚਕਾਰ ਖਲੋਤਾ ਹੈ। ਪ੍ਰਭੂ ਯਸੂ ਪਰਜਾ ਤੇ ਜ਼ਾਲਮ ਹਾਕਮਾਂ ਤੇ ਬਾਦਸ਼ਾਹਾਂ ਵਿਚਕਾਰ ਖਲੋਤਾ ਹੈ। ਇਥੇ ਵੀ ਉਹੋ ਦਇਆ ਤੇ ਉਹੀ ਦਰਦ ਦੀ ਕਰੁਣਾ ਭਾਵਨਾ ਹੈ ਗੁਰੂ ਨੇ ਮਨੁੱਖਤਾ ਦੀਆਂ ਵੰਡੀਆਂ ਪਾਉਣ ਵਾਲੇ ਸਿਧਾਂਤਾਂ ਨੂੰ ਤਾਰ ਤਾਰ ਕ ਦਿਤਾ ਹੈ। ਹਿੰਦੂ ਤੇ ਮੁਸਲਮਾਨ ਦੋਵੇਂ ਹੀ ਆਪ ਜੀ ਦੀ ਹਜ਼ੂਰੀ ਵਿਚ ਸ਼ਰਧਾਲੂਅ ਵਾਂਗ ਆ ਜੁੜਦੇ ਹਨ। 'ਸਿੱਖ' ਸ਼ਬਦ ਦਾ ਭਾਵ-ਅਰਥ ਹੈ, ਸਿੱਖਣ ਵਾਲ 'ਸਿੱਖਿਆਰਥੀ'।

ਹਰ ਨਵੇਂ ਬੁਧ ਦੀ ਭਾਵਨਾ ਆਪਣੇ ਇਕੋ ਰੂਪ ਦੇ ਪ੍ਰਗਟਾਉ ਦੀ ਅਵ ਨੂੰ ਹੰਢਾ ਬੈਠਦੀ ਹੈ। ਗੁਰੂ ਜੀ ਲਈ ਦੇਵ ਲੋਕ ਨੇ ਆਪਣੀ ਤਲਵਾਰ ਨੂੰ ਮਿਆ ਤੋਂ ਬਾਹਰ ਸੂਤ ਲਿਆ ਹੈ ਤਾਂ ਜੋ ਲੋਕਾਂ ਨੂੰ ਰਾਜਨੀਤਕ ਤੇ ਧਾਰਮਿਕ ਜਬਰ ਬਚਾਇਆ ਜਾ ਸਕੇ ਤੇ ਜ਼ਾਲਮਾਂ ਦੇ ਜਨੂੰਨ ਤੋਂ ਉਹਨਾਂ ਦੀ ਰੱਖਿਆ ਹੋ ਸਕੇ ਇਸ ਭਾਵਨਾ ਨੇ ਹਾਲੀਂ ਵਿਕਾਸ ਕਰ ਰਹੀ ਮਨੁੱਖਤਾ ਵਿਚ ਹੋਰ ਪਕੇਰਾ ਹੋ ਹੈ ਤੇ ਸਹਿਜ ਰੂਪ ਧਾਰਨ ਕਰਨਾ ਹੈ। ਇਸ ਕਿਰਪਾਨ ਨੇ ਆਤਮ-ਬਲੀਦਾ ਦੇ ਰੂਪ ਵਿਚ ਪ੍ਰਗਟ ਹੋਣਾ ਹੈ ਜਿਵੇਂ ਕਿ ਈਸਾ ਦਾ ਚਿੰਨ੍ਹ ਉਹਨਾਂ ਦੀ ਕਰੁ ਭਾਵਨਾ ਦਾ ਪ੍ਰਤੀਕ ਬਣ ਗਿਆ ਸੀ। ਇਹੋ ਜਿਹਾ ਚਿੰਨ੍ਹ ਹੀ ਗੁਰੂ ਜੀ ਦੇ ਲੋਕ ਅਰਥਾਤ ਸਿੱਖਾਂ ਦੇ ਮਸਤਕਾਂ ਉਤੇ ਉਕਰਿਆ ਗਿਆ ਹੈ। ਗੁਰੂ ਗੋਬਿੰਦ ਸਿੰ ਜੀ ਦੇ ਜੋਤੀ ਜੋਤ ਸਮਾਉਣ ਪਿਛੋਂ ਲਗਭਗ 200 ਸਾਲ ਤੱਕ ਸਿੱਖਾਂ ਨੇ ਅਸਹਿ ਤੇ ਅਕਹਿ ਕਸ਼ਟ ਸਹੇ ਹਨ। ਉਹਨਾਂ ਉਤੇ ਅਤਿਆਚਾਰ ਕੀਤੇ ਗਏ ਹਨ, ਉਹਨ

ਦਾ ਸ਼ਿਕਾਰ ਖੇਡਿਆ ਗਿਆ ਹੈ ਅਤੇ ਉਹਨਾਂ ਨੂੰ ਸਜ਼ਾਵਾਂ ਦਿਤੀਆਂ ਗਈਆਂ ਹਨ। ਮਨੁੱਖੀ ਰੂਪ ਵਿਚ ਸਿਖਾਂ ਨੇ ਅਸਹਿ ਕਸ਼ਟ ਸਹੇ ਹਨ। ਫਿਰ ਵੀ ਗੁਰੂ ਦਾ ਸਿਖ ਜਿਉਂਦਾ ਖੜ੍ਹਾ ਹੈ। 1923 ਵਿਚ ਜਦੋਂ ਅੰਮ੍ਰਿਤਸਰ ਦੇ ਨੇੜੇ 'ਗੁਰੂ ਦੇ ਬਾਗ' ਵਿਖੇ ਉਸ ਨੂੰ ਪੁਲਿਸ ਨੇ ਲੋਹੇ ਦੇ ਸੰਮਾਂ ਵਾਲੀਆਂ ਲਾਠੀਆਂ ਨਾਲ ਅੰਨ੍ਹੇ ਵਾਹ ਕੁਟਿਆ-ਮਾਰਿਆ ਤੇ ਉਹ ਬੇਹੋਸ਼ ਹੋ ਗਿਆ, ਪਰ ਜਦੋਂ ਉਸ ਨੂੰ ਹੋਸ਼ ਆਈ ਤਾਂ ਉਹ ਫਿਰ ਗੁਰੂ ਦੇ ਦਰ ਵਲ ਨੂੰ ਜਾਣ ਲਈ ਤਤਪਰ ਹੋ ਗਿਆ। ਫਿਰ ਮਾਰ-ਕੁਟਾਪਾ ਹੋਇਆ ਤੇ ਹੋਸ਼ ਆਉਣ 'ਤੇ ਉਹ ਫਿਰ ਗੁਰੂ ਦੇ ਦਰ ਵਲ ਅਗੇ ਵਧਣ ਲਗਾ। ਇਉਂ ਇੰਨੀ ਮਾਰ ਖਾਣ ਉਤੇ ਵੀ ਉਸ ਦੀ ਆਤਮਾ ਅਡੋਲ ਰਹੀ। ਉਸ ਦੇ ਚਿਹਰੇ ਉਤੇ ਗੁਰੂ ਦੀ ਜੋਤ ਦਾ ਪ੍ਰਕਾਸ਼ ਲਸਦਾ ਰਿਹਾ ਜੇ ਅਸੀਂ ਜ਼ਾਲਮਾਂ ਨੂੰ ਬੁਰਾ ਭਲਾ ਕਹੀਏ ਤਾਂ ਇਹ ਸ਼ਰਮ ਦੀ ਗੱਲ ਹੋਵੇਗੀ। ਇੰਜ ਕਹਿਣਾ ਤਾਂ ਕਾਇਰਾਂ ਤੇ ਬੁਜ਼ਦਿਲਾਂ ਵਾਲੀ ਗੱਲ ਹੈ ਤੇ ਇਹ ਘਸੇ ਪਿਟੇ ਸ਼ਬਦ ਹੁੰਦੇ ਹਨ। (ਸਿਖ ਤਾਂ ਹਰ ਔਕੜ ਤੇ ਕਸ਼ਟ ਨੂੰ ਖਿੜੇ ਮਥੇ ਵਾਹਿਗੁਰੂ ਦਾ ਭਾਣਾ ਸਮਝ ਕੇ ਝਲਦਾ ਹੈ।)

ਗੁਰੂ ਗੋਬਿੰਦ ਸਿੰਘ ਦੇ ਸਮੇਂ ਇਹੋ ਪ੍ਰਕਾਸ਼ ਘੋੜ-ਚੜ੍ਹੇ ਸਿੱਖਾਂ ਦੇ ਚਿਹਰਿਆਂ ਉਤੇ ਦਮਕਦਾ ਸੀ। ਜਿਵੇਂ ਟੈਗੋਰ ਕਹਿੰਦਾ ਹੈ, "ਸਿੱਖ ਦਾ ਜੀਵਨ ਕੇਵਲ ਸੈਨਿਕਾਂ ਦੀਆਂ ਬੈਰਕਾਂ ਤਕ ਹੀ ਸੀਮਤ ਨਹੀਂ ਹੈ।" ਇਸ ਕਵੀ ਨੂੰ ਸਿੱਖਾਂ ਵਿਚਲੇ ਅੰਦਰਲੇ ਜਾਨਵਰ ਦਾ ਗਿਆਨ ਨਹੀਂ ਹੈ। ਇਹ ਜਾਨਵਰ ਤਾਂ ਮੂਕ ਰੂਪ ਵਿਚ ਆਪਣੇ ਗੁਰੂ ਵਲ ਤੱਕਦਾ ਹੈ। ਉਸ ਨੂੰ ਇਸ ਰਹੱਸ ਦਾ ਅਨੁਭਵ ਨਹੀਂ ਹੈ।

ਜੇ ਗੁਰੂ ਸਾਹਿਬ ਤੇ ਸਿੱਖਾਂ ਨੇ ਤਲਵਾਰ ਉਠਾਈ ਹੈ ਤਾਂ ਇਹ ਸ਼ਮਸ਼ੀਰ ਲੈਨਿਨ ਤੇ ਨੈਪੋਲੀਅਨ ਦੇ ਹਥਾਂ ਵਿਚ ਨਹੀਂ ਸੀ। ਇਹ ਤਾਂ ਜਾਨ ਆਫ਼ ਆਰਕ ਤੇ ਵਾਇਵ ਆਫ਼ ਇੰਦਾ ਦੇ ਸ਼ਸਤਰ ਪਕੜਨ ਸਮਾਨ ਸੀ, ਜਿਨ੍ਹਾਂ ਉਤੇ ਕਿ ਸਪੇਨ ਦੇ ਬਰਬਰਾਂ ਨੇ ਅਚਾਨਕ ਹੀ ਹੱਲਾ ਬੋਲ ਦਿਤਾ ਸੀ। ਇਤਿਹਾਸ ਦੀ ਨਿਪਟ ਕੂਕ ਪੁਕਾਰ ਨੂੰ ਸੱਚ ਦੇ ਸੂਰਜ ਨਾਲ ਢਕਣਾ ਨਹੀਂ ਚਾਹੀਦਾ। ਗੁਰੂ ਗੋਬਿੰਦ ਸਿੰਘ ਨੇ ਯੁਧ ਕੀਤੇ, ਇਹ ਕੇਵਲ ਕੋਈ ਮਿਥਕ ਕਲਪਨਾ ਨਹੀਂ ਹੈ।

ਜਦੋਂ ਸਿੱਖ 'ਗੁਰੂ ਕੇ ਬਾਗ' ਵਿਖੇ ਕੁਟਾਪੇ ਦਾ ਸ਼ਿਕਾਰ ਹੋ ਰਿਹਾ ਸੀ ਤਾਂ ਉਸ ਸਮੇਂ ਉਹ ਇਕੱਲਾ ਨਹੀਂ ਸੀ। ਆਪਣੇ ਗੁਰੂ ਸਮਾਨ ਉਹ ਇਕ ਵਿਅਕਤੀ ਨਹੀਂ ਸੀ, ਸਗੋਂ ਜਨ ਸਮੂਹ ਉਸ ਦੇ ਨਾਲ ਸੀ। ਹੁਣ ਵੀ ਉਹ ਇਕੱਲਾ ਵਿਅਕਤੀ ਨਹੀਂ, ਸਗੋਂ ਜਨ ਸਮੂਹ ਹੈ।

ਸੜਕ ਕੰਢੇ ਇਸਤਰੀਆਂ ਖੜ੍ਹੀਆਂ ਨਾਮ ਦੀ ਧੁਨੀ ਉਚਾਰ ਰਹੀਆਂ ਸਨ ਅਤੇ ਕੁਟ ਮਾਰ ਸਹਿਣ ਲਈ ਜਾ ਰਹੇ ਆਪਣੇ ਵੀਰਾਂ ਨੂੰ ਪ੍ਰੇਮ ਨਾਲ ਦੁੱਧ ਛਕਾ ਰਹੀਆਂ ਸਨ। ਕਿਸੇ ਵੀ ਜੇਤੂ ਦਾ ਕਦੀ ਅਜਿਹਾ ਸੁਆਗਤ ਨਹੀਂ ਹੋਇਆ ਹੋਣਾ, ਨਾ ਹੀ ਕਿਸੇ ਬਾਦਸ਼ਾਹ ਨੂੰ ਏਨਾਂ ਆਦਰ ਮਾਣ ਦਿਤਾ ਗਿਆ ਹੋਵੇਗਾ। ਇਹ ਹੈ ਗੁਰੂ ਦੀ ਸਾਧ-ਸੰਗਤ ਦਾ ਸਰੂਪ, ਜਿਸ ਵਿਚ ਗੁਰੂ ਨੇ ਆਤਮ ਬਲੀਦਾਨ

ਦੀ ਭਾਵਨਾ ਭਰ ਦਿਤੀ ਹੈ। ਇਸ ਲੋਕ ਸਮੂਹ ਵਿਚ ਇਹ ਬੀਰ ਭਾਵਨਾ ਸਦਾ ਲਈ ਸੌਂਪ ਦਿਤੀ ਗਈ ਹੈ। ਸੱਚੀ ਸਿੱਖ ਚੇਤਨਾ ਵਿਚ ਕੋਈ ਵੀ ਕਾਫ਼ਿਰ ਨਹੀਂ ਹੈ। ਜੇ ਹਾਲੀਂ ਵੀ ਸਿੱਖ ਆਪਣੇ ਗੁਰੂ ਦੀ ਮਹਾਨ ਮਾਨਵਤਾ ਬਾਰੇ ਬੇਖ਼ਬਰ ਹੈ, ਉਹ ਕਦੀ ਕਦਾਈਂ ਆਪਣੇ ਆਪ ਨੂੰ ਛੋਟਾ ਤੇ ਦੁਖੀ ਸਮਝਦਾ ਹੈ ਤੇ ਉਹ ਸ਼ੇਰ ਵਾਂਗ ਭਬਕ ਪੈਂਦਾ ਹੈ ਤਾਂ ਇਹ ਉਸ ਦੀ ਆਪਣੀ ਮਾਨਸਿਕ ਘੁਟਣ ਦਾ ਵਿਖਾਲਾ ਹੈ ਨਾ ਕਿ ਉਸ ਦੇ ਗੁਰੂ ਦੀ ਕਿਸੇ ਘਾਟ ਦਾ। ਉਸ ਦੁਆਲੇ ਜੁੜੇ ਸਾਰੇ ਭੈੜ ਭਾਵੇਂ ਡੂੰਘੇ ਅੰਧਕਾਰ ਪ੍ਰਤੀਤ ਹੁੰਦੇ ਹਨ, ਪਰ ਉਸ ਦੇ ਅੰਦਰਵਾਰ ਮਹਾਨ ਚੰਗਿਆੜੀ ਚਮਕ ਰਹੀ ਹੈ। ਸਾਨੂੰ ਤਾਂ ਕੇਵਲ ਉਸੇ ਚੰਗਿਆੜੀ ਨੂੰ ਹੀ ਦੇਖਣਾ ਚਾਹੀਦਾ ਹੈ। ਇਸ ਸੰਸਾਰ ਵਿਚ ਹਨੇਰਾ ਤਾਂ ਹਰ ਥਾਂ ਪਸਰਿਆ ਹੋਇਆ ਹੈ। ਜੇ ਇਸ ਚੰਗਿਆੜੀ ਦਾ ਆਭਾਵ ਹੈ ਤਾਂ ਸਾਰਾ ਸੰਸਾਰ ਹੀ ਅਸੰਤੁਸ਼ਟਤਾ ਨਾਲ ਭਰਿਆ ਪਿਆ ਹੈ।

ਗੁਰੂ ਗੋਬਿੰਦ ਸਿੰਘ ਦੀ ਪਵਿੱਤਰ ਭਾਵਨਾ ਬੁਧ ਜੀ ਦੇ ਸਮਾਨ ਦੈਵੀ ਹੈ, ਈਸਾ ਜੀ ਵਾਂਗ ਕਰੁਣਾ ਭਰਪੂਰ ਹੈ ਅਤੇ ਮੁਹੰਮਦ ਸਾਹਿਬ ਸਮਾਨ ਤੀਬਰ ਮਨੁੱਖੀ ਭਾਵਨਾ ਨਾਲ ਓਤ ਪ੍ਰੋਤ ਹੈ। ਗੁਰੂ ਗੋਬਿੰਦ ਸਿੰਘ ਅਜਿਹੇ ਗੁਰੂ ਹਨ, ਜਿਨ੍ਹਾਂ ਦਾ ਵਿਅਕਤੀਤਵ ਦੈਵੀ ਗੁਣਾਂ ਨਾਲ ਭਰਪੂਰ ਹੈ ਤੇ ਜਿਸ ਦੇ ਸਹੰਸਰ ਰੂਪ ਹਨ।

ਆਪ ਨੇ ਆਪਣੇ ਸਪੁੱਤਰਾਂ, ਆਪਣੀ ਪਤਨੀ ਤੇ ਆਪਣੇ ਮਾਤਾ ਪਿਤਾ ਦੀ ਰੱਖਿਆ ਨਹੀਂ ਕੀਤੀ। ਆਪ ਆਪਣੇ ਜੀਵਨ ਵਿਚ ਇਸ ਤਰ੍ਹਾਂ ਵਿਚਰੇ ਕਿ ਉਹਨਾਂ ਨੇ ਆਪਣੇ ਸਭ ਕੁਝ ਨੂੰ ਆਪਣੇ ਲੋਕਾਂ ਲਈ ਵਾਰ ਦਿਤਾ। ਧਰਮ ਪ੍ਰਚਾਰ ਨਾਲੋਂ ਵੀ ਆਪ ਆਪਣੇ ਲੋਕਾਂ ਦੀ ਸੁਰੱਖਿਆ ਨੂੰ ਵਧੇਰੇ ਮਹੱਤਵ ਦਿੰਦੇ ਸਨ। ਆਪ ਨੇ ਲੋਕਾਂ ਨੂੰ ਇਹ ਸੱਦਾ ਨਹੀਂ ਸੀ ਦਿਤਾ ਕਿ ਉਹਨਾਂ ਨੂੰ ਉਹ ਪਾਤਸ਼ਾਹੀ ਬਖ਼ਸ਼ ਦੇਣਗੇ, ਸਗੋਂ ਗੁਰੂ ਲਈ ਕਸ਼ਟ ਝੱਲ ਕੇ ਜੂਝ ਮਰਨ ਲਈ ਵੰਗਾਰ ਪਾਈ ਸੀ। ਹਾਲੀਂ ਵੀ ਗੁਰੂ ਉਹਨਾਂ ਨੂੰ ਸੱਦਾ ਭੇਜ ਰਿਹਾ ਹੈ ਤੇ ਉਹ ਉਸ ਦੇ ਬੋਲਾਂ ਨੂੰ ਸੁਣ ਕੇ ਹੀ ਜੂਝ ਮਰਨ ਲਈ ਤਿਆਰ-ਬਰ-ਤਿਆਰ ਹੋ ਜਾਂਦੇ ਹਨ। ਲੋਕਾਂ ਲਈ ਇਹ ਅਥਾਹ ਪ੍ਰੇਮ ਗੁਰੂ ਜੀ ਦੇ ਸੁਭਾ ਦਾ ਨਿਜੀ ਗੁਣ ਸੀ ਅਤੇ ਇਹ ਪ੍ਰੇਮ ਆਪ ਮੁਹਾਰਾ ਗੁਰੂ ਦੇ ਹਿਰਦੇ ਵਿਚੋਂ ਲੋਕਾਂ ਲਈ ਡੁਲ੍ਹ ਡੁਲ੍ਹ ਪੈਂਦਾ ਸੀ। ਕੀ ਲੋਕ ਵੀ ਗੁਰੂ ਜੀ ਨੂੰ ਉਸੇ ਤੀਬਰਤਾ ਨਾਲ ਇਸ ਪ੍ਰੇਮ ਦਾ ਮੋੜਵਾਂ ਉਤਰ ਦਿੰਦੇ ਸਨ ?

ਇਹ ਗੱਲ ਨਹੀਂ ਕਿ ਗੁਰੂ ਗੋਬਿੰਦ ਸਿੰਘ ਦੇ ਦਿਲ ਵਿਚ ਮਨੁੱਖੀ ਰੂਪ ਵਿਚ ਪਿਤਾ ਵਾਲਾ ਦਰਦ ਮੌਜੂਦ ਨਹੀਂ ਸੀ। ਆਪ ਨੇ ਵੀ ਉਸੇ ਤਰ੍ਹਾਂ ਮਹਿਸੂਸ ਕੀਤਾ ਸੀ ਜਿਵੇਂ ਬੁਧ ਨੇ ਉਸ ਸਮੇਂ ਮਹਿਸੂਸ ਕੀਤਾ ਜਦੋਂ ਕਿ ਉਹਨਾਂ ਤੋਂ ਰਾਹੁਲ ਨੇ ਆਪਣੀ ਵਿਰਾਸਤ ਬਾਰੇ ਪੁਛਿਆ। ਚਮਕੌਰ ਸਾਹਿਬ ਦੇ ਯੁਧ ਪਿਛੋਂ ਜਦੋਂ ਆਪ ਲਖੀ ਜੰਗਲ ਪੁਜੇ ਤਾਂ ਉਹਨਾਂ ਦੀਆਂ ਤੀਬਰ ਮਨੁੱਖੀ ਭਾਵਨਾਵਾਂ ਵੇਖਣ ਯੋਗ ਸਨ। ਮਨੁੱਖੀ ਭਾਵਨਾਵਾਂ ਦੀ ਅਤਿ ਦੀ ਤੀਬਰਤਾ ਵਿਚ ਆਪ ਕਹਿ ਰਹੇ ਸਨ

ਕਿ ਕੋਈ ਸਰਹਿੰਦ ਜਾ ਕੇ ਦੋਵਾਂ ਛੋਟੇ ਸਾਹਿਬਜ਼ਾਦਿਆਂ ਦੀ ਖ਼ਬਰ ਸਾਰ ਲਿਆਵੇ। ਦੋ ਸਾਹਿਬਜ਼ਾਦੇ ਤਾਂ ਚਮਕੌਰ ਸਾਹਿਬ ਵਿਖੇ ਹੀ ਆਪ ਦੀਆਂ ਅੱਖਾਂ ਦੇ ਸਾਹਮਣੇ ਸ਼ਹੀਦੀ ਪ੍ਰਾਪਤ ਕਰ ਚੁਕੇ ਸਨ। ਸਾਹਿਬਜ਼ਾਦਿਆਂ ਦਾ ਪਤਾ ਕਰਨ ਲਈ ਆਦਮੀ ਜਾ ਚੁਕਾ ਸੀ। ਸਰਹਿੰਦ ਲਖੀ ਜੰਗਲ ਤੋਂ ਕਈ ਮੀਲ ਦੂਰ ਸੀ। ਗੁਰੂ ਜੀ ਬੜੀ ਤੀਬਰਤਾ ਨਾਲ ਉਸ ਦੂਤ ਦੀ ਉਡੀਕ ਕਰ ਰਹੇ ਸਨ। ਆਪ ਨੇ ਪੁਛਿਆ, "ਕੀ ਕੋਈ ਪਤਾ ਆਇਆ ਹੈ ?" ਜਦੋਂ ਕਿਸੇ ਨੇ ਉਤਰ ਦਿਤਾ, "ਨਹੀਂ ਹਜ਼ੂਰ ! ਹਾਲੀਂ ਨਹੀਂ ਆਇਆ" ਤਾਂ ਆਪ ਜੀ ਦੀ ਉਤਸੁਕਤਾ ਹੋਰ ਵਧ ਗਈ ਤੇ ਆਪ ਨੇ ਕਿਹਾ, "ਉਸ ਉਚੇ ਰੁਖ 'ਤੇ ਚੜ੍ਹ ਕੇ ਵੇਖੋ ਕਿ ਉਹ ਆ ਰਿਹਾ ਹੈ ਕਿ ਨਹੀਂ ?" ਇਹ ਸੀ ਗੁਰੂ ਗੋਬਿੰਦ ਸਿੰਘ ਦੇ ਦਿਲ ਵਿਚ ਇਕ ਪਿਤਾ ਵਾਲੀ ਭਾਵਨਾ। ਇਹ ਗੁਰੂ ਵਿਅਕਤੀ ਮਨੁੱਖੀ ਰੂਪ ਵਿਚ ਮਨੁੱਖ ਨੂੰ ਪ੍ਰੇਮ ਕਰਨ ਵਾਲਾ ਪਤੀ, ਪਿਤਾ ਤੇ ਪੁੱਤਰ ਦੇ ਭਾਵ ਆਪਣੇ ਹਿਰਦੇ ਵਿਚ ਸਮੋਈ ਬੈਠਾ ਸੀ ਅਤੇ ਲੋਕਾਂ ਦੀ ਸੇਵਾ ਹਿਤ ਆਪਣਾ ਸਭ ਕੁਝ ਵਾਰ ਦੇਣ ਲਈ ਤਿਆਰ ਸੀ। ਲੋਕਾਂ ਲਈ ਆਪ ਵਰਗਾ ਪ੍ਰੇਮ ਆਪ ਤੋਂ ਪਹਿਲਾਂ ਦ੍ਰਿਸ਼ਟੀਗੋਚਰ ਨਹੀਂ ਹੋਇਆ। ਆਪ ਖ਼ਾਲਸਾ ਨੂੰ ਆਪਣੇ ਜਿਗਰ ਦਾ ਖ਼ੂਨ, ਆਪਣੀ ਨਿਜ ਸੰਤਾਨ ਕਹਿ ਕੇ ਅਤੇ ਆਪਣਾ ਖ਼ਾਲਸ-ਸਰੂਪ ਦਸ ਕੇ ਸੰਬੋਧਨ ਕਰਦੇ ਹਨ। ਸਿੱਖ ਗੁਰੂ ਅਰਥਾਤ ਪ੍ਰਭੂ ਦੀ ਸੰਤਾਨ ਅਤੇ ਜਿਗਰ ਦੇ ਟੋਟੇ ਬਣ ਗਏ। ਗੁਰੂ ਗੋਬਿੰਦ ਸਿੰਘ ਦੇ ਦਿਲ ਵਿਚ ਬੁਧ ਵਰਗੀ ਭਾਵਨਾ ਮੌਜੂਦ ਸੀ, ਉਹੋ ਤਿਆਗ, ਉਹੋ ਨਿਰਵਾਣ, ਸਭ ਜੀਆਂ ਲਈ ਸ਼ੁਭ ਕਾਮਨਾ। ਫਿਰ ਵੀ ਆਪ ਨੇ ਪਿਤਾਂਬਰੀ ਬਾਣਾ ਧਾਰਨ ਨਹੀਂ ਕੀਤਾ। ਪਰ ਇਕ ਨਵਾਂ ਸਰੂਪ ਆਪਣੇ ਲਈ ਚੁਣਿਆ। ਸਿਰ ਉਤੇ ਲੰਮੇ ਕੇਸਾਂ ਦਾ ਜੂੜਾ, ਉਪਰ ਦਸਤਾਰ, ਸਿਪਾਹੀ ਵਰਗੀ ਪੁਸ਼ਾਕ, ਗਾਤਰੇ ਵਿਚ ਕਿਰਪਾਨ ਅਤੇ ਘੋੜੇ ਉਤੇ ਅਸਵਾਰ। ਆਪ ਨੇ ਸਦੀਆਂ ਦੇ ਜਬਰ ਤੋਂ ਆਪਣੇ ਲੋਕਾਂ ਨੂੰ ਬੰਧਨ-ਮੁਕਤ ਕੀਤਾ ਅਤੇ ਲੋਕਾਂ ਨੂੰ ਫੋਕਟ ਪਰਾਭੌਤਿਕ ਆਦਰਸ਼ਾਂ ਤੋਂ ਬਚਾਇਆ। ਉਹਨਾਂ ਦੇ ਜੁੱਸਿਆਂ ਵਿਚ ਪ੍ਰਭੂ ਦੀ ਸ਼ਕਤੀ ਨੂੰ ਭਰਿਆ, ਉਹਨਾਂ ਨੂੰ ਮਰਦਾਨਗੀ ਬਖ਼ਸ਼ੀ, ਮੌਤ ਦੀ ਪ੍ਰਵਾਹ ਨਾ ਕਰਦੇ ਹੋਏ (ਜੋ ਪਹਿਲਾਂ ਘਸਿਆਰੇ, ਲਕੜਹਾਰੇ ਅਤੇ ਪਾਣੀ ਢੋਣ ਵਾਲੇ ਪਨਿਹਾਰੇ ਸਨ) ਉਹ ਲੋਕ ਪਾਤਸ਼ਾਹਾਂ ਸਮਾਨ ਘੋੜਿਆਂ 'ਤੇ ਸਵਾਰੀ ਕਰਨ ਲਗੇ। ਆਪ ਨੇ ਸੈਨਿਕਾਂ ਨੂੰ ਆਦੇਸ਼ ਦਿਤਾ ਕਿ ਉਹ ਮਨੁੱਖ ਦੇ ਦੁੱਖਾਂ ਨੂੰ ਘਟਾਉਣ ਲਈ ਉਹਨਾਂ ਦੇ ਸੁਖਾਂ ਵਿਚ ਵਾਧਾ ਕਰਨ ਲਈ ਮਰਨ ਵਾਸਤੇ ਤਿਆਰ ਰਹਿਣ। ਉਸ ਸਿੱਖ ਦਾ ਜੀਵਨ ਧ੍ਰਿਗ ਹੈ ਜੋ ਆਪਣੇ ਅੰਦਰ ਦੇ ਦੈਵੀ ਦਰਦ ਲਈ ਤੇ ਆਪਣੇ ਸਾਥੀ ਮਨੁੱਖਾਂ ਦੀ ਭਲਾਈ ਲਈ ਨਹੀਂ ਜਿਉਂਦਾ।

ਬੁਧ ਦੇ 'ਤਥਗਤ' ਕਰੁਣਾ ਭਾਵ, ਯਸ਼ੂ ਮਸੀਹ ਦੇ ਮਨੁੱਖੀ ਪ੍ਰੇਮ ਤੇ ਗੁਰੂ ਦੇ ਲੋਕ ਪ੍ਰੇਮ ਨੇ ਧਰਮ ਨੂੰ ਪਵਿੱਤਰ ਬਣਾ ਦਿਤਾ ਸੀ। ਇਹ ਸਭ ਗੁਣ ਸਾਰੀ ਮਨੁੱਖ ਜਾਤੀ ਦੀਆਂ ਸਦ-ਪ੍ਰਵਿਰਤੀਆਂ ਦਾ ਰੂਪ ਧਾਰਨ ਕਰ ਚੁਕੇ ਸਨ। ਹੁਣ ਵੀ ਬੁਧ ਦੇ ਕਰੁਣਾ-ਭਾਵ ਦੀ ਲੋੜ ਸੀ, ਯਸ਼ੂ ਮਸੀਹ ਦਾ ਪ੍ਰੇਮ-ਭਾਵ ਵੀ ਲੋੜੀਂਦਾ

ਸੀ ਅਤੇ ਹੁਣ ਇਸ ਵਿਚ ਗੁਰੂ ਜੀ ਦੁਆਰਾ ਦੈਵੀ ਭਾਈਚਾਰੇ ਅਰਥਾਤ ਗੁਰੂ ਦੀ ਸਾਧ-ਸੰਗਤ ਦਾ ਇਕ ਹੋਰ ਵਾਧਾ ਕਰ ਦਿਤਾ ਗਿਆ। ਇਸ ਪ੍ਰਕਾਰ ਪਹਿਲਾਂ ਹੋ ਚੁਕੇ ਸਭ ਬੁਧਾਂ ਦੀ ਪੂਰਨਤਾ ਗੁਰੂ ਜੀ ਦੇ ਸਰੂਪ ਵਿਚ ਸੰਪੂਰਨ ਹੋ ਗਈ। ਹੁਣ ਸਭ ਧਰਮਾਂ ਨੂੰ ਇਹਨਾਂ ਗੁਣਾਂ ਨੂੰ ਅਪਣਾਉਣਾ ਪਵੇਗਾ, ਸਭ ਰਾਜਨੀਤਕ ਵਿਚਾਰਧਾਰਾਵਾਂ ਨੂੰ ਇਸ ਅਗੇ ਸਿਰ ਝੁਕਾਉਣਾ ਪਵੇਗਾ, ਵਿਗਿਆਨ ਨੂੰ ਵੀ ਇਸ ਦੀ ਖ਼ਾਤਰ ਕਰਮ ਕਰਨਾ ਹੋਵੇਗਾ, ਇਹੋ ਹੀ ਗੁਰੂ ਜੀ ਦੀ ਇਛਾ ਸੀ। ਗੁਰੂ ਜੀ ਨੇ ਆਧੁਨਿਕ ਰਾਜਨੀਤੀ ਵਿਚ ਸੋਧ ਕਰ ਦਿਤੀ ਹੈ, ਸਮਾਜਕ ਪੁਨਰ-ਨਿਰਮਾਣ ਦਾ ਯੁਗ ਆਰੰਭ ਹੋ ਗਿਆ ਹੈ ਅਤੇ ਭਵਿੱਖ ਵਿਚ ਮਨੁੱਖ ਦੇ ਸਮੁਚੇ ਸੰਗਰਾਮ ਦੀ ਇਹ ਵਿਸ਼ਵ-ਵਿਆਪੀ ਧਾਰਨਾ ਬਣ ਜਾਵੇਗੀ। ਮਨੁੱਖ ਦੇ ਸਾਰੇ ਕਾਰਜਾਂ ਵਿਚ ਅਗੇ ਤੋਂ ਮਨੁੱਖ ਦੇ ਪ੍ਰੇਮ ਦਾ ਇਹ ਨੇਮ ਹੀ ਪ੍ਰਧਾਨ ਹੋਵੇਗਾ। ਖ਼ਿਮਾ ਦੇ ਨੇਮ ਦੁਆਰਾ ਹਰ ਪ੍ਰਕਾਰ ਦੇ ਜ਼ੁਲਮ ਨੂੰ ਨਿਆਇਕਾਰੀ ਸਿਧ ਕਰਨ ਵਾਲੇ ਕਾਨੂੰਨ ਦਾ ਖ਼ਾਤਮਾ ਕਰ ਦਿਤਾ ਜਾਵੇਗਾ।

ਨਨਕਾਣਾ ਤੋਂ ਅਨੰਦਪੁਰ ਦੇ ਬੁਧ ਪ੍ਰਗਟ ਹੋ ਗਏ ਹਨ, ਪਿਛਲੇ ਬੁਧ ਦੀ ਨਿਆਈਂ ਹਰ ਮਨੁੱਖ ਨੂੰ ਇਸ ਬੁਧ ਦਾ ਸਰੂਪ ਧਾਰਨ ਕਰਨਾ ਪਵੇਗਾ ਅਤੇ ਇਕੋ ਵਿਸ਼ਵ-ਵਿਆਪੀ ਮਨੁੱਖੀ ਸਮਾਜ ਵਿਚ ਪ੍ਰਭੂ-ਪ੍ਰੀਤਮ ਵਲ ਮੁਖ ਕਰਕੇ ਹਰ ਵਿਅਕਤੀ ਵਿਚ ਇਸ ਦੈਵੀ ਭਰਾਤਰੀ-ਭਾਵ ਦੀ ਪ੍ਰਗੀਤਕ ਪ੍ਰਤੀਤੀ ਨੂੰ ਜਗਾਉਣਾ ਪਵੇਗਾ। ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦੇ ਮਤ ਅਨੁਸਾਰ ਮਨੁੱਖਤਾ ਦੇ ਸੱਚੇ ਲੋਕਤੰਤਰ ਦੀ ਪੂਰਤੀ ਕਰਨੀ ਹੋਵੇਗੀ। ਸਭ ਪ੍ਰਕਾਰ ਦੇ ਸ਼ੇਰ-ਮੁਖੇ ਇਤਿਹਾਸ ਨੂੰ ਪਰੇ ਸੁਟਣਾ ਹੋਵੇਗਾ, ਸਭ ਕੌਮਾਂ ਨੂੰ ਆਪਣੇ ਆਪਣੇ ਧਰਮ ਗਰੰਥ ਖੋਲ੍ਹ ਕੇ ਪਾਠ ਕਰਨਾ ਹੋਵੇਗਾ, ਆਪਣੇ ਹਿਰਦੇ ਤੇ ਆਤਮਾ ਵਿਚ ਮਨੁੱਖੀ ਪ੍ਰੇਮ ਦੀ ਮਿੱਠਤ ਨੂੰ ਵਸਾਉਣਾ ਹੋਵੇਗਾ ਜੋ ਉਹਨਾਂ ਦੇ ਬੋਲਾਂ ਤੇ ਸੇਵਾ ਦੇ ਉਪਕਾਰੀ ਭਾਵਾਂ ਤੋਂ ਪ੍ਰਗਟ ਹੋਵੇਗਾ। ਇਹ ਹੈ ਮਨੁੱਖ ਦਾ ਉਹ ਭਵਿੱਖ ਜਿਸ ਦੀ ਪੂਰਤੀ ਗੁਰੂ ਜੀ ਦੇ ਅਨੰਦਪੁਰ ਅਰਥਾਤ ਅਨੰਦ ਜਾਂ ਖ਼ੁਸ਼ੀ ਦੇ ਨਗਰ ਵਿਚ ਹੋਵੇਗੀ।

# ਗੁਰੂ ਦਾ ਸ਼ਬਦ

ਗੁਰੂ ਦੇ ਸ਼ਬਦ ਦਾ ਰੂਪਾਕਾਰ ਅਨੰਤ ਤੇ ਅਬੋਧ ਹੈ, ਪਰ ਇਹ ਸ੍ਰਿਸ਼ਟੀ ਾਨ ਸਰਲ ਤੇ ਸਿਧਾ-ਸਾਦਾ ਹੈ। ਜਿਵੇਂ ਵਖ ਵਖ ਪੈਗੰਬਰਾਂ ਨੇ ਸ੍ਰਿਸ਼ਟੀ ਨੂੰ ਹਾਰਿਆ ਅਤੇ ਇਸ ਦੇ ਵਿਸਮਾਦ ਨੂੰ ਅਨੁਭਵ ਕਰਕੇ ਸੱਚ ਬਾਰੇ ਕਥਨ ਕੀਤਾ ਇਹੋ ਗੱਲ ਹੀ ਗੁਰੂ ਦੇ ਸ਼ਬਦ ਬਾਰੇ ਕਹੀ ਜਾ ਸਕਦੀ ਹੈ। ਅਤੀਤ ਦੇ ਰੇ ਪੈਗੰਬਰ ਅਤੇ ਭਵਿੱਖ ਦੇ ਸਾਰੇ ਕਵੀਆਂ ਦਾ ਇਸ ਸੰਸਾਰ ਵਿਚ ਆਗਮਨ ਇਨ ਕਰਦਿਆਂ ਹੀ ਹੋਇਆ ਹੈ। ਇਥੇ ਨਿਪਟ ਸ਼ਬਦ ਸਿਰਜਕਾਂ ਅਤੇ ਨਿਪਟ ਗੀਤ ਦੇ ਸੰਰਚਨਾਕਾਰਾਂ ਦੀ ਗੱਲ ਨਹੀਂ ਕੀਤੀ ਜਾ ਰਹੀ। ਉਹ ਤਾਂ ਹਾਲੀਂ ਸਾਗਰ ਕੰਢੇ ਦੇ ਥੋੜ੍ਹੇ ਪਾਣੀਆਂ ਨੂੰ ਰਿੜਕ ਰਹੇ ਹਨ। ਇਥੇ ਤਾਂ ਮਨੁੱਖੀ ਤਮਾ ਵਿਚ ਇਸਥਿਤ ਗੁਰੂ ਦੇ ਹਰਿਮੰਦਰ ਦੀ ਗੱਲ ਕੀਤੀ ਜਾ ਰਹੀ ਹੈ। ਥੇ ਤਾਂ ਕੋਈ ਵੀ ਗ਼ੈਰਹਾਜ਼ਰ ਨਹੀਂ ਹੈ, ਸਾਰੇ ਇਸ ਵਿਚ ਵਿਚਰ ਰਹੇ ਹਨ, ਰੇ ਇਸ ਵਿਚ ਵਿਚਰਨ ਤੋਂ ਬਿਨਾਂ ਰਹਿ ਹੀ ਨਹੀਂ ਸਕਦੇ ਤੇ ਨਾ ਹੀ ਇਸ ਚੋਂ ਕਿਸੇ ਨੂੰ ਬਾਹਰ ਕਢਿਆ ਜਾਂਦਾ ਹੈ। ਇਥੇ ਤਾਂ ਜੀਵਨ ਦਾ ਗੀਤ ਗਾਇਆ ਰਿਹਾ ਹੈ। ਜਿਵੇਂ ਮਨੁੱਖ ਧਰਤ ਤੇ ਆਕਾਸ਼ ਤੋਂ ਬਾਹਰਾ ਨਹੀਂ ਵਿਚਰ ਸਕਦਾ, ਸੇ ਤਰ੍ਹਾਂ ਗੁਰੂ ਦੇ ਸ਼ਬਦ ਵਿਚ ਜਦੋਂ ਮਨੁੱਖ ਦਾ ਪ੍ਰਵੇਸ਼ ਹੁੰਦਾ ਹੈ ਤਾਂ ਉਹ ਪਣੇ ਆਪੇ ਨੂੰ ਢੂੰਡ ਲੈਂਦਾ ਹੈ। ਇਹ ਗੱਲ ਇੰਨੀ ਨਿਜੀ ਹੁੰਦੀ ਹੈ ਜਿੰਨੀ ਮਨੁੱਖ ਾ ਆਪਣਾ ਆਪਾ ਅਤੇ ਧਰਤ ਤੇ ਆਕਾਸ਼ ਜਿੰਨੀ ਅਨਿਜੀ ਵੀ। ਜਿਵੇਂ ਸ੍ਰਿਸ਼ਟੀ ਾ ਕੋਈ ਵਿਸ਼ਲੇਸ਼ਣ ਨਹੀਂ ਕਰ ਸਕਦਾ, ਤਿਵੇਂ ਹੀ ਗੁਰੂ ਦਾ ਸ਼ਬਦ ਆਪਣੇ ਲ ਰੂਪ ਵਿਚ ਅਨੁਭਵ ਦੀਆਂ ਅੱਖੀਆਂ ਲਈ ਤਾਂ ਸਦਾ ਖੁਲ੍ਹਾ ਹੈ, ਪਰ ਇਹ ਧੀ ਦੀ ਘੁਣਤਰੀ ਤੇ ਉਪਰਲੀ ਸਤਾ ਦੀ ਸਾਧਾਰਨ ਤੱਕਣੀ ਤੋਂ ਪਰੇ ਦੀ ਗੱਲ ।

ਜਿਵੇਂ ਕਿ ਸ੍ਰਿਸ਼ਟੀ ਵਿਚ ਹੁੰਦਾ ਹੈ ਤਿਵੇਂ ਹੀ ਗੁਰੂ ਦੇ ਸ਼ਬਦ ਵਿਚ ਣਸੁਣਿਆਂ ਆਤਮਾ ਦਾ ਉਹ ਸੰਗੀਤ ਗੂੰਜ ਰਿਹਾ ਹੈ ਜਿਸ ਦਾ ਲਰਜ਼ਦਾ ਸਵਰ ਨੰਤ ਸਰੂਪ ਵਾਲਾ ਹੈ। ਇਥੇ ਅਨੰਤ ਦੀਆਂ ਤਰੰਗਾਂ ਮਨੁੱਖੀ ਹਿਰਦੇ ਉਪਰ ਆ ਵਜਦੀਆਂ ਹਨ ਅਤੇ ਮਨੁੱਖ ਆਪਣੀ ਆਤਮਾ ਵਿਚ ਸੰਪੂਰਨ ਵਿਸ਼ਵ-ਵਿਆਪੀ ਰੂਪ ਨੂੰ ਧਾਰਨ ਕਰਕੇ ਅਨੰਤ ਦੇ ਚਰਨਾਂ ਉਤੇ ਸੁੰਦਰਤਾ ਦੇ ਅਨੁਭਵ ਵਿਚ ਵ ਕੇ ਪ੍ਰਭੂ-ਪ੍ਰੀਤਮ ਦੇ ਸਨਮੁਖ ਆ ਕੇ ਢਹਿ ਪੈਂਦਾ ਹੈ। ਅਨਹਦ ਸ਼ਬਦ ਕੋਈ ਜਿਹਾ ਫ਼ਰਿਸ਼ਤਿਆਂ ਵਲੋਂ ਕੀਤਾ ਜਾਂਦਾ ਨਾਦ ਨਹੀਂ ਹੈ ਜੋ ਕਿ ਮਨ ਨੂੰ ਆਪਣੀ ਠੀ ਲੋਰੀ ਵਿਚ ਬੰਦ ਕਰ ਦਿੰਦਾ ਹੈ, ਸਗੋਂ ਇਹ ਤਾਂ ਉਹ ਇਕ ਸ਼ਾਂਤ ਤੂਫ਼ਾਨ ਜੋ ਮਨੁੱਖ ਨੂੰ ਇਸ ਕਾਵਿਮਈ ਸਿਰਜਣਾ ਦੇ ਵਿਸਮਾਦੀ ਅਨੰਦ ਵਿਚ ਵਿਭੋਰ ਰਕੇ ਅਨੰਤ ਬਣਾ ਦਿੰਦਾ ਹੈ। ਗੁਰੂ ਤੇ ਉਸ ਦਾ ਸ਼ਬਦ ਅਰਥਾਤ ਗੁਰੂ ਦੀ

ਆਤਮਾ ਵਿਚ ਸਸੀਮ ਦਾ ਸੰਗੀਤ ਅਨੰਤ ਦੇ ਸੰਗੀਤ ਵਿਚ ਇਕਸੁਰ ਹੋ ਰਿਹ ਹੁੰਦਾ ਹੈ ਤੇ ਅਨੰਤ ਦਾ ਸੰਗੀਤ ਨਿਰੰਤਰ ਸਸੀਮ ਵਿਚ ਪ੍ਰਵਰਤਿਤ ਹੋ ਰਿਹਾ ਹੁੰਦ ਹੈ। ਰੂਪਾਕਾਰ ਤਾਂ ਅਨੰਤ ਦੇ ਚੌਗਿਰਦੇ ਦੇ ਧੁੰਦਲੇ ਜਿਹੇ ਪਾਸਾਰ ਵਿਚ ਘੜਿਅ ਜਾ ਰਿਹਾ ਹੁੰਦਾ ਹੈ ਜੋ ਅਨੰਦਮਈ ਸੁੰਦਰਤਾ ਦੇ ਰੂਪ ਨੂੰ ਧਾਰਨ ਕਰ ਰਿਹਾ ਹੁੰਦ ਹੈ।

ਮਨੁੱਖ ਦੇ ਖ਼ੂਨ ਦੀ ਧੜਕਣ ਵਿਚ ਬਿਨਾਂ ਇਸ ਤੋਂ ਹੋਰ ਕਿਹੜੀ ਇੱਛ ਧੜਕ ਰਹੀ ਹੁੰਦੀ ਹੈ ਕਿ ਉਸ ਦੇ ਸੰਗੀਤ ਦਾ ਇਹ ਰੂਪ ਅਨੰਤ ਵਿਚ ਇਕਸੁ ਹੋਣ ਦੀ ਸੰਭਾਵਨਾ ਨੂੰ ਆਪਣੇ ਵਿਚ ਸਮੋਈ ਬੈਠਾ ਹੁੰਦਾ ਹੈ। ਵਾਸਤਵ ਵਿ ਮਨੁੱਖ ਦੀ ਨਿਕੀ ਜਿਹੀ ਇਛਾ ਵੀ ਜਿੰਨਾਂ ਚਿਰ ਤਕ ਉਸ ਦੀ ਪੂਰਤੀ ਨਹ ਹੁੰਦੀ, ਅਨੰਤ ਹੀ ਹੁੰਦੀ ਹੈ। ਇਹ ਤਾਂ ਦੈਵੀ ਸ਼ਬਦ ਦੀ ਪ੍ਰਗੀਤਕ ਮਧੁਰਤਾ ਦ ਸੰਗੀਤ ਦੀ ਧੁਨੀ ਹੁੰਦੀ ਹੈ। ਇਹ ਤਾਂ ਉਸ ਰਬਾਬ ਦੀਆਂ ਤਰਬਾਂ ਤੋਂ ਉਤਪੰ ਹੋ ਰਹੇ ਸੋਦਰੀ ਸੰਗੀਤ ਦੀ ਬਹੁਧੁਨੀ ਝਨਕਾਰ ਹੁੰਦੀ ਹੈ ਜੋ ਆਪ ਮੁਹਾਰੇ ਹ ਵਜਦੀ ਹੈ ਤੇ ਇਸ ਧੁਨੀ ਦੇ ਗਾਇਨ ਦੇ ਸੰਪੂਰਨ ਹੋ ਜਾਣ ਨਾਲ ਸਮਾਪਤ ਹ ਜਾਂਦੀ ਹੈ। ਜੇ ਮਨੁੱਖ ਅੰਦਰ ਅਨੰਤ ਦੀ ਵਿਸ਼ਾਲਤਾ ਵਿਦਮਾਨ ਹੈ ਤਾਂ ਮਨੁੱਖ ਦ ਵਾਸਤਵਿਕ ਕਾਮਨਾ ਸਦਗੁਣਾਂ ਨੂੰ ਗ੍ਰਹਿਣ ਕਰਨ ਲਈ ਹੁੰਦੀ ਹੈ। ਇਹੋ ਹੀ ਗੱਲ ਉਸ ਦੇ ਕਰੋਧ ਅਤੇ ਲਾਲਸਾ ਬਾਰੇ ਆਖੀ ਜਾ ਸਕਦੀ ਹੈ। ਇਹ ਸਭ ਆਤਮ ਦੀਆਂ ਵਸਤੂਆਂ, ਜਿਨ੍ਹਾਂ ਨੂੰ ਵਧੇਰੇ ਕਰਕੇ ਨਿੰਦਿਆ ਜਾਂਦਾ ਹੈ। ਜਦੋਂ ਇਹ ਅਨੰ ਦੀ ਸੁੰਦਰਤਾ ਲਈ ਤਾਂਘ ਬਣ ਜਾਂਦੀ ਹੈ ਤਾਂ ਇਹ ਸੰਗੀਤ ਦੀਆਂ ਮਧੁ ਝੁਣਕਾਰਾਂ ਦੇ ਰੂਪ ਵਿਚ ਸੁੰਦਰ ਹੋ ਨਿਬੜਦੀ ਹੈ, ਪਰ ਜਦੋਂ ਇਹ ਸਸੀਮ ਦ ਕੈਦ ਵਿਚ ਹੁੰਦੇ ਹਨ ਤਾਂ ਇਹ ਮਨੁੱਖ ਦੇ ਘੋਰ ਕਾਲੇ ਔਗੁਣਾਂ ਦਾ ਰੂਪ ਧਾਰਨ ਕਰ ਜਾਂਦੇ ਹਨ। ਜੇ ਇਹਨਾਂ ਅੰਦਰ ਅਨੰਤ ਦਾ ਸੰਗੀਤ ਨਹੀਂ ਗੂੰਜਦਾ ਤਾਂ ਇਹ ਪੁੰਨ ਵੀ ਪਾਪ ਹੋ ਜਾਂਦੇ ਹਨ। ਦੂਜੇ ਬੰਨੇ ਜੇ ਇਹ ਸਾਅੰਤ ਅਨੰਤ ਵਿਚ ਰੂਪਾਂਤਰਣ ਹੋਣ ਦੀ ਇਛਾ ਨਹੀਂ ਰਖਦਾ ਤਾਂ ਇਹ ਅਨੰਤ ਦਾ ਸੰਗੀਤ ਵੀ ਆਪਣ ਸਵਰਬਧਤਾ ਨੂੰ ਗਵਾ ਬੈਠਦਾ ਹੈ। ਪ੍ਰਮਾਤਮਾ ਉਸ ਸਮੇਂ ਸਭ ਤੋਂ ਸੁੰਦਰ ਹੁੰਦਾ ਹੈ ਜਦੋਂ ਉਹ ਸਾਡੇ ਸਨਮੁਖ ਇਕ ਸੰਪੂਰਨ ਮਨੁੱਖ ਜਾਂ ਨੰਨ੍ਹੇ ਬਾਲ ਦੇ ਰੂਪ ਵਿਚ ਮੌਜੂਦ ਹੁੰਦਾ ਹੈ। ਇਹ ਉਸ ਸਮੇਂ ਹੁੰਦਾ ਹੈ ਜਦੋਂ ਉਹ ਸੁੰਦਰਤਾ ਦੀ ਇਕ ਝਲਕ ਜਿਹੀ ਦਿੰਦਾ ਹੈ। ਜਦੋਂ ਉਹ ਇਸ ਤਰ੍ਹਾਂ ਆਪਣੇ ਆਪ ਨਾਲ ਜੁੜਿਆ ਹੁੰਦਾ ਹੈ ਤਾਂ ਉਸ ਦੀ ਮਿੱਠੀ ਯਾਦ ਸਾਨੂੰ ਸਦਾ ਟੁੰਬਦੀ ਰਹਿੰਦੀ ਹੈ। ਗੁਰੂ ਦੇ ਇਸ ਸੰਗੀਤ ਵਿਚ ਸਾਅੰਤ ਦੇ ਰੂਪਾਕਾਰ ਤੇ ਅਨੰਤ ਦੀ ਅਰੂਪਤਾ ਦੋਵੇਂ ਹੀ ਇਕ ਦੂਜੇ ਨੂੰ ਅੰਤਰੀਵ ਅਰਥ ਦੇ ਕੇ ਵਧੇਰੇ ਮਧੁਰ ਬਣਾ ਦਿੰਦੇ ਹਨ।

ਆਤਮਾ ਦੇ ਇਸ ਸੰਗੀਤ ਤੋਂ ਵਿਹੂਣਾ ਮਨੁੱਖ ਦਾ ਜੀਵਨ ਇਸ ਧਰਤੀ ਉਤੇ ਕੀੜਿਆਂ ਵਰਗਾ ਜੀਵਨ ਹੋ ਨਿਬੜਦਾ ਹੈ। ਕੀੜੀ ਸਮਾਨ ਉਹ ਆਪਣੇ ਦਾਣੇ ਨੂੰ ਆਪਣੇ ਮੂੰਹ ਵਿਚ ਪਾ ਕੇ ਜਾ ਰਿਹਾ ਹੈ। ਹਰ ਕੋਈ ਆਪਣਾ ਆਪਣਾ ਦਾਣਾ ਹੀ ਲਿਜਾ ਰਿਹਾ ਹੈ ਅਤੇ ਉਸ ਦਾ ਸਾਰਾ ਸਮਾਜਕ ਜੀਵਨ ਤੇ ਤਿਆਗ

ਸਭ ਕੀੜਿਆਂ ਮਕੌੜਿਆਂ ਦੀ ਇਸ ਮੁਰਦਾ ਆਦਤ ਦਾ ਰੂਪ ਧਾਰਨ ਕਰ ਚੁਕਾ ਹੈ। ਰਸਤੇ ਵਿਚ ਖੜ੍ਹ ਕੇ ਜਿਵੇਂ ਦੋ ਕੀੜੀਆਂ ਜੋ ਵਖਰੀ ਵਖਰੀ ਦਿਸ਼ਾ ਵਲੋਂ ਆ ਰਹੀਆਂ ਹੁੰਦੀਆਂ ਹਨ, ਇਕ ਦੂਜੇ ਨਾਲ ਗੱਲਾਂ ਕਰਦੀਆਂ ਹਨ ਤੇ ਫਿਰ ਆਪਣਾ ਆਪਣਾ ਦਾਣਾ ਲੈ ਕੇ ਜੋ ਉਹਨਾਂ ਨੇ ਔਖ ਦੇ ਸਮੇਂ ਲਈ ਇਕੱਠਾ ਕੀਤਾ ਹੁੰਦਾ ਹੈ, ਆਪਣੇ ਆਪਣੇ ਰਾਹੇ ਤੁਰ ਜਾਂਦੀਆਂ ਹਨ, ਤਿਵੇਂ ਹੀ ਮਨੁੱਖ ਦੇ ਸਮਾਜਕ ਵਿਵਹਾਰ ਤੇ ਉਸ ਦੀਆਂ ਸਮਾਜਕ ਸੰਸਥਾਵਾਂ ਦਾ ਹਾਲ ਹੋ ਗਿਆ ਹੈ। ਇਹੋ ਕੁਝ ਹੀ ਬਣ ਗਈ ਹੈ ਉਸ ਦੀ ਸਮਾਜਕ ਸਭਿਅਤਾ। ਉਹ ਹਾਲੀਂ ਇਸ ਆਦਰਸ਼ ਨੂੰ ਤੱਕਣ ਤੋਂ ਅਸਮਰੱਥ ਹੈ ਕਿ ਸਾਰੇ ਰਲ ਕੇ ਦਾਣਾ ਦਾਣਾ ਇਕੱਠਾ ਕਰਕੇ ਇਕ ਵੱਡਾ ਬੋਹਲ ਉਸਾਰ ਲੈਣ ਤੇ ਉਸ ਵਿਚੋਂ ਹਰ ਇਕ ਨੂੰ ਬਰਾਬਰ ਦੇ ਹਿੱਸੇ ਦੀ ਬੁਰਕੀ ਬੁਰਕੀ ਮਿਲੇ। ਮਨੁੱਖ ਦੇ ਸੰਪਤੀ ਸੰਬੰਧੀ ਕਾਨੂੰਨਾਂ ਵਿਚ ਇਹ ਕੀੜਿਆਂ ਵਾਲੀ ਸੁਆਰਥੀ ਬਿਰਤੀ ਪ੍ਰਧਾਨ ਹੈ ਅਤੇ ਉਸ ਦੀਆਂ ਸਾਰੀਆਂ ਸਮਾਜਕ ਸੰਸਥਾਵਾਂ ਵਿਚ ਕੀੜਿਆਂ ਦੀ ਇਹ ਸਨਾਤਨੀ ਪ੍ਰਵਿਰਤੀ ਵਿਦਮਾਨ ਹੈ।

ਹਿੰਦੂ ਗ਼ਰੀਬ ਤੇ ਭੁਖੇ ਨੰਗੇ ਆਦਮੀ ਵਲ ਵੇਖਦਾ ਹੈ ਤਾਂ ਕਰਮਾਂ ਦੇ ਸਿਧਾਂਤ ਦੁਆਰਾ ਧਾਰਮਿਕ ਤੌਰ 'ਤੇ ਉਸ ਨੂੰ ਉਚਿਤ ਠਹਿਰਾਉਂਦਾ ਹੈ। ਇਸ ਭੌਤਿਕ ਰੂਪ ਦੀ ਅਸਮਾਨਤਾ ਨੂੰ ਉਹ ਕਠੋਰ ਦਿਲ ਨਾਲ ਤੱਕਦਾ ਹੈ। ਜੋ ਉਹ ਆਪਣੇ ਲਈ ਜਮ੍ਹਾਂ ਕਰਦਾ ਹੈ, ਉਹੋ ਹੀ ਦੂਜਿਆਂ ਦੀ ਭੁਖਮਰੀ ਦਾ ਕਾਰਨ ਹੁੰਦਾ ਹੈ। ਬਿਹਾਰ ਦੇ ਪਰਗਨਿਆਂ, ਹਿੰਦੂ ਗੰਗਾ-ਘਾਟੀ ਅਤੇ ਹਿੰਦੂ ਬੰਗਾਲ ਵਿਚ ਜਾ ਕੇ ਵੇਖ ਲਉ, ਜਿਥੇ ਧਨੀ ਹਿੰਦੂਆਂ ਨੇ ਮਧ-ਵਰਗ ਨੂੰ ਹੋਂਦ ਵਿਚ ਹੀ ਨਹੀਂ ਆਉਣ ਦਿਤਾ। ਹਿੰਦੂ ਜ਼ਿਮੀਦਾਰਾਂ ਦੇ ਸ਼ਾਨਦਾਰ ਮਹੱਲਾਂ ਦਾ ਆਲਾ ਦੁਆਲਾ ਘ੍ਰਿਣਤ ਗੰਦਗੀ, ਭੁਖ ਨੰਗ ਅਤੇ ਕੂੜੇ ਕਰਕਟ ਨਾਲ ਭਰਿਆ ਪਿਆ ਹੈ।

ਇਸ ਕੀੜਿਆਂ ਵਾਲੀ ਅਸਮਾਨਤਾ ਨੂੰ ਕਰਮਾਂ ਦੀ ਸੰਗਿਆ ਦੇਣਾ ਕਿੰਨਾਂ ਸ਼ਰਮਨਾਕ ਹੈ। ਇਸ ਕਰਮ ਸਿਧਾਂਤ ਦੁਆਰਾ ਇਸ ਕੀੜਿਆਂ ਵਰਗੀ ਧਕੜਸ਼ਾਹੀ ਤੇ ਜ਼ੁਲਮ ਨੂੰ ਘੜਿਆ ਜਾਂਦਾ ਹੈ। ਆਤਮਾ ਤੇ ਉਸ ਦੇ ਸੰਸਕਾਰਾਂ ਦੇ ਸੰਬੰਧ ਵਿਚ ਤਾਂ ਇਸ ਦੇ ਕੁਝ ਢੁਕਵੇਂ ਅਰਥ ਹੋ ਸਕਦੇ ਹਨ, ਪਰ ਜਦੋਂ ਇਕੋ ਮਾਂ-ਪਿਓ ਜਾਇਆਂ ਦੇ ਉਤੇ ਢਾਹੇ ਜਾ ਰਹੇ ਜ਼ੁਲਮਾਂ ਤੇ ਦੁਖਾਂ ਸੁਖਾਂ ਦੇ ਪ੍ਰਸੰਗ ਵਿਚ ਇਸ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਇਹ ਨਿਰਾ ਪਾਗਲਪਣ ਹੀ ਹੁੰਦਾ ਹੈ। ਇਹ ਮਨੁੱਖ ਦਾ ਅਗਿਆਨ ਹੈ ਜੋ ਮਨੁੱਖ ਦੇ ਕਾਮ, ਕਰੋਧ ਤੇ ਲੋਭ ਆਦਿ ਦੀਆਂ ਪ੍ਰਵਿਰਤੀਆਂ ਨੂੰ ਜੋ ਆਤਮਾ ਦੇ ਘੱਟਕ ਹਨ, ਨੂੰ ਕਰਮ ਸਿਧਾਂਤ ਦੇ ਰੂਪ ਵਿਚ ਉਹਨਾਂ ਦੇ ਸਰੀਰਕ ਕਸ਼ਟਾਂ ਦਾ ਕਾਰਨ ਦਸਿਆ ਜਾਂਦਾ ਹੈ। ਇਸ ਤੋਂ ਇਹ ਪ੍ਰਗਟ ਹੁੰਦਾ ਹੈ ਕਿ ਕਿਵੇਂ ਇਹਨਾਂ ਨੈਤਿਕ ਤੇ ਧਰਮ ਸ਼ਾਸਤਰ ਦੇ ਪੁਰਾਲੇਖਾਂ ਥਲੇ ਅਨੰਤ ਦੇ ਸੰਗੀਤ ਨੂੰ ਦਬ ਦਿਤਾ ਗਿਆ ਹੈ। ਮਨੁੱਖੀ ਬਾਲ ਦੇ ਚਿਹਰੇ 'ਤੇ ਕੰਵਲ ਰੂਪੀ ਸੁੰਦਰਤਾ ਵਧੇਰੇ ਮਨੋਹਰ ਹੈ, ਜੋ ਸਪਸ਼ਟ ਤਰ੍ਹਾਂ ਬੋਲ ਕੇ 'ਮੈਂ' ਕਹਿੰਦਾ ਹੈ। ਮਨੁੱਖ ਦੇ ਬੱਚੇ ਵਲੋਂ ਇਹ 'ਮੈਂ' ਕਹਿਣਾ ਉਸ ਦਾ ਸਭ ਤੋਂ ਸੁੰਦਰ ਬੋਲਚਾਲ ਹੁੰਦਾ ਹੈ। ਇਹ ਤਾਂ ਸੰਪੂਰਨ ਰੂਪ ਵਿਚ ਉਚਾਰਨ ਕੀਤਾ ਗਿਆ ਪ੍ਰਭੂ ਦਾ ਬੋਲ ਹੁੰਦਾ

ਹੈ। ਪਰ ਇਹੋ 'ਮੈਂ' ਹੀ ਇਸ ਧਰਤੀ ਉਪਰਲੇ ਸਾਰੇ ਸਰੀਰਕ ਦੁਖਾਂ ਕਸ਼ਟਾਂ ਦਾ ਕਾਰਨ ਹੋ ਨਿਬੜਦਾ ਹੈ। ਇਸ 'ਮੈਂ' ਨੂੰ ਖ਼ਤਮ ਕਰ ਦੇਣ ਵਿਚ ਕੋਈ ਸੁੰਦਰਤਾ ਨਹੀਂ ਹੈ, ਜਿਵੇਂ ਨੈਤਿਕ ਸੰਘਤਾ ਦੁਆਰਾ ਆਖਿਆ ਜਾਂਦਾ ਹੈ। ਸਗੋਂ ਅਨੰਤ ਦੇ ਸੰਗੀਤ ਨਾਲੋਂ ਇਸ ਨੂੰ ਤੋੜ ਦੇਣ ਨਾਲ ਇਸ ਸੁੰਦਰਤਾ ਦਾ ਵਿਨਾਸ਼ ਹੁੰਦਾ ਹੈ। ਜਦੋਂ ਇਸ ਅਨੰਤ ਦੇ ਸੰਗੀਤ ਨਾਲੋਂ ਅਸੀਂ ਟੁੱਟ ਜਾਂਦੇ ਹਾਂ ਤਾਂ ਸਾਡੀ ਨੈਤਿਕ ਮੌਤ ਹੋ ਜਾਂਦੀ ਹੈ। ਇਹਨਾਂ ਗੁਣਾਂ ਨੂੰ ਗ੍ਰਹਿਣ ਕਰਨ ਦੀ ਭਾਵਨਾ ਸਦਾਚਾਰਕ ਪਤਨ ਨਹੀਂ ਹੁੰਦਾ। ਗੁਰੂ ਤਾਂ ਮਨੁੱਖ ਨੂੰ ਇਸ ਗੱਲ ਦਾ ਸੱਦਾ ਦਿੰਦਾ ਹੈ ਕਿ ਉਹ ਅਨੰਤ ਜਿੰਨਾਂ ਵਿਸ਼ਾਲ ਹੋ ਜਾਵੇ, ਉਹ ਇਸ ਲਘੂ ਸਰੀਰ ਰੂਪੀ ਆਪੇ ਵਿਚੋਂ ਅਨੰਤ ਦੇ ਸੰਗੀਤ ਦੀ ਥਰਹਰੀ ਕੰਬਣੀ ਦੁਆਰਾ ਬਾਹਰ ਆ ਕੇ ਅਨੰਤ ਨਾਲ ਇਕਸੁਰ ਹੋ ਜਾਵੇ। ਉਸ ਨੂੰ ਕਿਸੇ ਹੋਰ ਸ਼ੁਧੀਕਰਨ ਦੀ ਲੋੜ ਨਹੀਂ ਹੈ। ਉਸ ਦੇ ਹਿਰਦੇ ਵਿਚ ਹੀ ਉਹ ਨਿਮੀ ਜੋਤ ਪ੍ਰਜਵਲਤ ਹੈ, ਜਿਸ ਰਾਹੀਂ ਉਹ ਜੰਗਲ ਦੀਆਂ ਸਾਰੀਆਂ ਲਕੜਾਂ ਨੂੰ ਸਾੜ ਕੇ ਭਸਮ ਕਰ ਸਕਦਾ ਹੈ। ਇਹੋ ਹੀ ਪ੍ਰੇਮ ਦਾ ਵਾਸਤਵਿਕ ਸਰੂਪ ਹੈ। ਗੁਰੂ ਮਨੁੱਖ ਦੀ ਨਿੰਦਾ ਜਾਂ ਉਸ ਦਾ ਖੰਡਨ ਨਹੀਂ ਕਰਦਾ। ਨਾ ਹੀ ਕਵੀ ਫੁੱਲ ਤੇ ਭੰਵਰੇ ਦੀ ਨਿੰਦਾ ਕਰਦਾ ਹੈ। ਗੁਰੂ ਤਾਂ ਮਨੁੱਖ ਨੂੰ ਕੇਵਲ ਇਹ ਕਹਿੰਦਾ ਹੈ ਕਿ ਉਹ ਉਸ ਤਰ੍ਹਾਂ ਸ੍ਵੈਮਾਣ ਦੀ ਸ਼ਾਨ ਨਾਲ ਵਿਚਰੇ, ਜਿਵੇਂ ਇਕ ਫੁੱਲ ਸਮੀਰ ਦੇ ਰੁਮਕਣ ਨਾਲ ਆਪਣੀ ਡੰਡੀ ਉਤੇ ਝੂਮਦਾ ਤੇ ਲਹਿਰਦਾ ਹੈ ਅਤੇ ਹੋਰ ਕਿਸੇ ਦੀ ਪ੍ਰਵਾਹ ਨਾ ਕਰਦਾ ਹੋਇਆ ਆਪਣੀ ਭਿੰਨੀ ਮਹਿਕ ਦੇ ਗੀਤ ਵਿਚ ਮਸਤ ਰਹਿੰਦਾ ਹੈ।

ਗੁਰੂ ਤਾਂ ਆਖਦਾ ਹੈ, ਇਹੋ ਹੈ ਪ੍ਰਭੂ ਸੰਗ ਜੁੜਨਾ, ਇਹੋ ਹੀ ਹੈ ਅਨੰਤ ਦਾ ਸੰਜੋਗ। ਪ੍ਰਭੂ ਲਈ ਵੀ ਇਹ ਗੱਲ ਅਨੈਤਿਕ ਹੈ ਤੇ ਅਨੰਤ ਵੀ ਕਿ ਉਹ ਨਾਮ ਤੇ ਰੂਪ ਦੀ ਸੁੰਦਰਤਾ ਵਿਚ ਇਕਸੁਰ ਨਾ ਹੋਵੇ। ਸਾਡੇ ਲਈ ਤਾਂ ਅਨੰਤ ਦੀ ਰੂਪਹੀਣਤਾ ਕੋਈ ਅਰਥ ਨਹੀਂ ਰਖ ਸਕਦੀ। ਸਾਡੇ ਲਈ ਅਨੰਤ ਦੇ ਸਹੰਸਰ ਰੂਪ ਹੀ ਪਵਿੱਤਰ ਹਨ। ਸਾਰੀ ਰੱਬਤਾ ਨਾਮ ਤੇ ਰੂਪ ਦੀ ਸੁੰਦਰਤਾ ਵਿਚ ਵਿਦਮਾਨ ਹੈ। ਅਨੰਤ ਕੇਵਲ ਨਾਮ ਤੇ ਰੂਪ ਦੁਆਰਾ ਹੀ ਨਿਜ ਸਰੂਪ ਧਾਰਨ ਕਰਦਾ ਹੈ। ਅਨੰਤ ਰੂਪਾਂ ਦੀ ਅਨੰਤਤਾ ਦੁਆਰਾ ਹੀ ਆਪਣੇ ਆਪ ਨੂੰ ਸਾਕਾਰ ਕਰਦਾ ਹੈ ਅਤੇ ਫਿਰ ਉਹ ਨਾਨਾ ਰੂਪ, ਸਹੰਸਰ ਹੁਨਾਲਾਂ ਤੇ ਬਹਾਰਾਂ ਦੇ ਰੂਪ ਵਿਚ ਪੱਤੀਆਂ ਤੇ ਫੁੱਲਾਂ ਦੇ ਨਿਜੀ ਕੁੰਜ ਨੂੰ ਤਿਆਗ ਕੇ ਉਸੇ ਅਨੰਤ ਨਾਲ ਫੇਰ ਇਕਸੁਰ ਹੋ ਜਾਂਦੇ ਹਨ ਤੇ ਆਪਣੀਆਂ ਸਦੀਵੀ ਜੜ੍ਹਾਂ ਨਾਲ ਜਾ ਜੁੜਦੇ ਹਨ। ਇਹੋ ਹੀ ਤਾਂ ਹੈ ਸ੍ਰਿਸ਼ਟੀ ਦਾ ਸੰਗੀਤ। ਅਨੰਤ ਸਦਾ ਸਾਅੰਤ ਦੀ ਬਹੁਰੂਪਤਾ ਵਿਚ ਪ੍ਰਵਰਤਿਤ ਹੁੰਦਾ ਰਹਿੰਦਾ ਹੈ ਅਤੇ ਕੋਮਲ ਡੰਡੀਆਂ ਉਤੇ ਫੁੱਲਾਂ ਦੀ ਤਰ੍ਹਾਂ ਬਸੰਤ ਰੁੱਤ ਦੇ ਖੇੜੇ ਦੀ ਨਿਆਈਂ ਅਨੰਤ ਦੀਆਂ ਸੰਗੀਤ ਲਹਿਰਾਂ ਨਾਲ ਇਕਸੁਰ ਹੁੰਦਾ ਰਹਿੰਦਾ ਹੈ। ਕਵੀਆਂ ਤੇ ਪੈਗੰਬਰਾਂ ਦੁਆਰਾ ਸਰਵਣ ਕੀਤਾ ਜਾਂਦਾ ਇਹ ਸੰਗੀਤਕ ਤਾਲ ਸਦਾ ਨਵਨੀਤ ਤੇ ਮਨੋਹਰ ਹੁੰਦਾ ਹੈ ਜਿਵੇਂ ਕਿ ਮਨੁੱਖ ਦੀ ਆਤਮਾ ਸਦਾ ਨਵਨੀਤ ਹੁੰਦੀ ਹੈ। ਇਹੋ ਹਾਲ ਬਸੰਤ ਦੀ ਜੋਬਨ-ਰੁੱਤੀ ਬਹਾਰ ਦੇ ਖੇੜੇ ਦਾ ਹੁੰਦਾ

ਜਿਸ ਦਾ ਮੁੜ ਮੁੜ ਆਉਣਾ ਤੇ ਇਸ ਧਰਤੀ ਉਤੇ ਪੁਨਰ-ਆਵਿਰਤੀ ਸਦਾ ਆਰੀ ਲਗਦੀ. ਹੈ।

ਗੁਰੂ ਆਖਦਾ ਹੈ ਕਿ ਮਨੁੱਖ ਦੇ ਸਭ ਕਸ਼ਟ ਉਸ ਦੇ ਇਸ ਛਲਾਵੇ ਰਨ ਹਨ ਕਿ ਉਹ ਇਸ ਆਤਮਾ ਦੇ ਮਹਾਨ ਸੰਗੀਤ ਵਲੋਂ ਬੇ-ਧਿਆਨ ਹੋ ਆ ਹੈ। ਇਹ ਜੀਵਨ ਦਾ ਸੰਗੀਤ ਕਈ ਛਿਣ-ਭੰਗਰ ਰੂਪਾਂ ਨਾਲ ਆਪਣੇ ਤਦ ਭਰਪੂਰ ਸਰੂਪ ਵਿਚ ਜੁੜਿਆ ਹੁੰਦਾ ਹੈ। ਜਿਵੇਂ ਸੰਗੀਤ ਦੀਆਂ ਮਧੁਰ ਧੁਨਾਂ ਪ੍ਰਵਾਹ ਕੋਇਲ ਦੇ ਕੰਠ ਵਿਚੋਂ ਕਰੁਣਾ ਭਰਪੂਰ ਸੁਰਾਂ ਵਿਚ ਚਲਦਾ ਰਹਿੰਦਾ । ਇਹ ਰੂਪ ਭਾਵੇਂ ਨਿਗੂਣੀ ਜਿਹੀ, ਛੋਟੀ ਤੇ ਦੁਖਦਾਈ ਵਸਤੂ ਹੈ, ਕੇਵਲ ਇਕ ਪਨਾ ਜਾਂ ਭੁਲਾਵਾ, ਪਰ ਸ਼ੋਕ ਦੀ ਗੱਲ ਤਾਂ ਇਹ ਹੈ ਜਿਵੇਂ ਗੁਰੂ ਜੀ ਦਾ ਕਥਨ ਕਿ ਇਸ ਬਿਨਾਂ ਨਾ ਕੋਈ ਗੀਤ ਹੋ ਸਕਦਾ ਹੈ, ਨਾ ਆਤਮਾ, ਨਾ ਪ੍ਰਮਾਤਮਾ। ਸ ਆਕਾਰ ਜਾਂ ਸਰੂਪ ਤੋਂ ਬਿਨਾਂ ਤਾਂ ਅਸੀਂ ਪ੍ਰਮਾਤਮਾ ਦਾ ਨਾਂ ਵੀ ਨਹੀਂ ਧਰ ਰਦੇ। ਇਹੀ ਉਸ ਦਾ ਪ੍ਰਗਟ ਸਰੂਪ ਹੁੰਦਾ ਹੈ।

ਜੇ ਤੁਸੀਂ ਗੁਰੂ ਨੂੰ ਪੁਛੋਗੇ ਕਿ ਕੀ ਮਨੁੱਖ ਪ੍ਰਭੂ ਹੈ ? ਤਾਂ ਉਹ ਇਸ ਬੰਧ ਵਿਚ ਤੁਹਾਡੇ ਨਾਲ ਕੋਈ ਗੱਲ ਨਹੀਂ ਕਰਦਾ, ਕੇਵਲ ਉਹ ਤਾਂ ਗਾਇਨ ਰਦਾ ਰਹਿੰਦਾ ਹੈ। ਜੇ ਤੁਸੀਂ ਗੁਰੂ ਨੂੰ ਪੁਛੋਗੇ ਕਿ ਫਿਰ ਪ੍ਰਭੂ ਹੈ ਕਿਥੇ ? ਤਾਂ ਹ ਇਸ ਪ੍ਰਸ਼ਨ ਦਾ ਉਤਰ ਤੁਹਾਡੇ ਉਤੇ ਹੀ ਛੱਡ ਦਿੰਦਾ ਹੈ। ਤੁਸੀਂ ਜਿਸ ਤਰ੍ਹਾਂ ਹੋ, ਉਸ ਸਦੀਵੀ ਪ੍ਰਭੂ ਨਾਲ ਸੰਬੰਧ ਜੋੜ ਸਕਦੇ ਹੋ ਤੇ ਆਪਣੇ ਆਪ ਨੂੰ ਤੰਤਰ ਕਰ ਸਕਦੇ ਹੋ। ਜਦੋਂ ਤੁਸੀਂ ਗੁਰੂ ਦੇ ਦਰਸ਼ਨ ਕਰਦੇ ਹੋ ਤਾਂ ਉਸ ਮੋਂ ਤੇ ਇਸ ਤੋਂ ਪਿਛੋਂ ਵੀ ਤੁਹਾਡਾ ਇਕੋ ਸਰੋਕਾਰ ਹੁੰਦਾ ਹੈ ਕਿ ਸੁਤੰਤਰਤਾ ਵੇਂ ਪ੍ਰਾਪਤ ਹੋਵੇ ? ਹਿੰਦੂ ਤਾਂ ਬ੍ਰਹਿਮੰਡ ਦੀ ਪਕੜ ਨੂੰ ਤੋੜ ਕੇ ਆਪਣੇ ਆਪ ਸੁਤੰਤਰ ਕਰਨਾ ਚਾਹੁੰਦਾ ਹੈ ਤੇ ਆਪਣੇ ਤਾਨ ਅਨੰਤ ਨੂੰ ਵਿਚ ਰਲਾ ਦੇਣਾ ਹੁੰਦਾ ਹੈ। ਉਹ ਸੋਚਦਾ ਹੈ ਕਿ ਨਾਮ ਤੇ ਰੂਪ ਤਾਂ ਦੁਖਦਾਈ ਚੀਜ਼ਾਂ ਹਨ। ਹ ਤਾਂ ਸ੍ਰਿਸ਼ਟੀ ਤੋਂ ਹੀ ਉਪਰਾਮ ਹੋ ਜਾਂਦਾ ਹੈ। ਇਸ ਨੂੰ ਉਹ ਉਪਾਧੀ ਮੰਨਦਾ ਜੋ ਅਨੰਤ ਵਿਚ ਅਣਆਵਸ਼ਕ ਅਸ਼ਾਂਤੀ ਉਤਪੰਨ ਕਰਦੀ ਹੈ। ਇਹ ਰਚਨਾ ਇੰਦਰੀਆਂ ਦਾ ਭੁਲਾਵਾ ਹੈ। ਇਸ ਲਈ ਇਸ ਤੋਂ ਛੁਟਕਾਰਾ ਪਾਉਣਾ ਹੀਦਾ ਹੈ ਤੇ ਉਹ ਇਹੋ ਹੀ ਸਮਝਦਾ ਕਿ ਇਸ ਵਿਚ ਬਣੇ ਰਹਿਣ ਨਾਲ ਕਤੀ ਪ੍ਰਾਪਤ ਨਹੀਂ ਹੋ ਸਕਦੀ। ਉਹ ਗੱਲ ਤਾਂ ਤਰਕਸ਼ੀਲ ਢੰਗ ਨਾਲ ਕਰਦਾ , ਪਰ ਉਹ ਆਪਣੀ ਇਸ ਤਰਕਸ਼ੀਲਤਾ ਦੇ ਪੱਕੇ ਯਕੀਨ ਕਾਰਨ ਸੱਚ ਵਲੋਂ ਭ੍ਰਮ ਵਿਚ ਹੀ ਰਹਿੰਦਾ ਹੈ। ਅਜਿਹਾ ਵਿਅਕਤੀ ਮਨੁੱਖੀ ਸੀਮਾਵਾਂ ਵਿਚ ਉਪਰਾਮ ਹੋਂਦਾ ਹੈ ਅਤੇ ਇੰਜ ਅਨੁਭਵ ਕਰਦਾ ਹੈ ਕਿ ਰਚਣਹਾਰ ਦੀ ਕਿਸੀ ਕਠੋਰਤਾ ਉਸ ਨੂੰ ਅਜਿਹਾ ਨਿਤਾਣਾ ਬਣਾ ਦਿਤਾ ਹੈ ਤੇ ਉਸ ਦਾ ਸਾਰਾ ਜੀਵਨ ਇਕ ਦੀ ਵਾਂਗ ਇਸ ਯਤਨ ਵਿਚ ਹੀ ਲਗਾ ਰਹਿੰਦਾ ਹੈ ਕਿ ਇਸ ਕੈਦ ਵਿਚੋਂ ਉਸ ਰਿਹਾਈ ਕਿਵੇਂ ਮਿਲੇ। ਗੁਰੂ ਜੀ ਦਾ ਤਾਂ ਅਜਿਹੀ ਨਿਰਾਰਥਿਕਤਾ ਨਾਲ ਕੋਈ ਗਾਉ ਨਹੀਂ ਹੈ। ਗੁਰੂ ਅਨੁਸਾਰ ਮਨੁੱਖ ਤਾਂ ਇਕ ਗੀਤ ਹੈ ਜੋ ਸਦਾ ਸੁਤੰਤਰ

ਹੈ ਅਤੇ ਆਪਣੇ ਵਾਦਕ ਯੰਤਰਾਂ ਦੀਆਂ ਸੀਮਾਵਾਂ ਅਨੁਸਾਰ ਉਸ ਨੂੰ ਇਕ ਸੰਜਮ ਧਾਰਨ ਕਰਨਾ ਪੈਂਦਾ ਹੈ ਤੇ ਆਪਣੀਆਂ ਸੀਮਾਵਾਂ ਵਿਚ ਵਿਚਰਨਾ ਪੈਂਦਾ ਹੈ। ਸੁਤੰਤਰਤਾ ਤਾਂ ਉਸ ਦੀ ਸ੍ਵੈਛੰਦਤਾ ਤੇ ਆਪ ਮੁਹਾਰੀ ਖ਼ੁਸ਼ੀ ਦੇ ਪ੍ਰਗਟਾਉ ਵਿਚ ਹੁੰਦੀ ਹੈ। ਗੁਰੂ ਤਾਂ ਸ੍ਰਿਸ਼ਟੀ ਦੀ ਸੁੰਦਰਤਾ ਦੇ ਸੰਗੀਤ ਵਿਚ ਡੂੰਘੀ ਚੁਭੀ ਲਾਉਂਦਾ ਹੈ, ਹਰ ਰੂਪ ਵਿਚ ਪ੍ਰਭੂ-ਪ੍ਰੀਤਮ ਦੀ ਛੁਹ ਦੇ ਅਨੰਦ ਨੂੰ ਮਾਣਦਾ ਹੈ, ਜੋ ਇਕ ਸਿਧਾ ਸਾਦਾ ਸਰਲ ਅਨੁਭਵ ਹੁੰਦਾ ਹੈ ਅਤੇ ਆਪਣੇ ਨਿਜ ਤੇ ਆਤਮਾ ਵਿਚ ਹਰ ਪ੍ਰਕਾਰ ਦੀਆਂ ਬੇਲੋੜੀਆਂ ਪੁਛਾਂ ਨੂੰ ਦੂਰ ਹਟਾ ਕੇ ਸ਼ਾਂਤ ਕਰ ਦਿੰਦਾ ਹੈ।

ਇਸ ਪ੍ਰਕਾਰ ਗੁਰੂ ਜੀ ਦੇ ਨੈਤਿਕ ਨੇਮ ਕਰਮ-ਧਰਮ ਦੀ ਕਿਸੇ ਸੰਸਾਰਕ ਮਰਿਆਦਾ ਉਪਰ ਆਧਾਰਿਤ ਨਹੀਂ ਹਨ, ਸਗੋਂ ਉਹ ਤਾਂ ਜੀਵਨ ਦੇ ਅਨਹਦ ਸੰਗੀਤ ਉਤੇ ਆਧਾਰਿਤ ਹੁੰਦੇ ਹਨ। ਗੁਰੂ ਕਹਿੰਦਾ ਹੈ ਕਿ "ਕਰਮ ਤੇ ਧਰਮ ਦੇ ਇਹ ਬੇਹੂਦਾ ਦੰਭ ਜੋ ਵਿਅਕਤੀ ਧਰਮ ਦੇ ਨਾਮ ਥਲੇ ਕਰਦਾ ਹੈ, ਮ੍ਰਿਤੂ ਦੇ ਦਰ ਤਕ ਇਹ ਉਸ ਨੂੰ ਲੁਟਦੇ ਰਹਿੰਦੇ ਹਨ, ਪਰ ਮ੍ਰਿਤੂ ਤੋਂ ਪਰੇ ਬਿਨਾਂ ਉਸ ਦੀ ਆਤਮਾ ਦੇ ਕੋਈ ਹੋਰ ਉਸ ਦੇ ਨਾਲ ਨਹੀਂ ਜਾ ਸਕਦਾ।" ਪਰ ਜਿਹੜੇ ਪ੍ਰਭੂ ਦਾ ਜੱਸ ਗਾਇਨ ਕਰਦੇ ਹਨ, ਪਰਮ ਪਵਿੱਤਰ ਹਨ ਅਤੇ ਪਰਲੋਕ ਵਿਚ ਉਹਨਾਂ ਦੀ ਆਤਮਾ ਵੀ ਚਮਕਦੀ ਰਹਿੰਦੀ ਹੈ। ਭਾਵਨਾ ਹੀ ਪ੍ਰਮਾਤਮਾ ਦਾ ਗਿਆਨ ਹੁੰਦਾ ਹੈ। ਮਨੁੱਖ ਨੂੰ ਹੋਰ ਕਿਸੇ ਧਾਰਮਿਕ ਗਰੰਥ ਦੀ ਲੋੜ ਨਹੀਂ। ਜੇ ਮਨੁੱਖ ਨੇ ਪ੍ਰਭੂ ਦਾ ਨਾਮ ਸਿਮਰਨ ਨਹੀਂ ਕੀਤਾ ਤਾਂ ਸਭ ਮੰਦਰ ਵਿਅਰਥ ਹਨ। ਨਾਮ ਹੀ ਸੁੰਦਰ ਹੈ, ਨਾਮ ਹੀ ਰੂਪ ਹੈ, ਨਾਮ ਹੀ ਪ੍ਰਭੂ ਹੈ। ਇਸ ਤੋਂ ਬਿਨਾ ਹੋਰ ਕੁਝ ਵੀ ਨਹੀਂ ਹੈ। ਅਨੰਤ ਦੇ ਇਸ ਆਤਮਾ ਦੇ ਸੰਗੀਤ ਵਿਚ ਹੀ ਸਾਰੀ ਸੁਤੰਤਰਤਾ ਵਿਦਮਾਨ ਹੈ। ਗੁਰੂ ਜੀ ਅਨੁਸਾਰ ਤਾਂ ਸਾਰੀ ਸ੍ਰਿਸ਼ਟੀ ਤੇ ਸਾਰੇ ਬ੍ਰਹਿਮੰਡ ਵਿਚ ਉਹ ਗਾਇਕ ਆਪ ਵਿਆਪਕ ਹੈ, ਜੋ ਹਰ ਜੀਵ ਦੇ ਹਿਰਦੇ ਦੀ ਧੜਕਣ ਨਾਲ ਗਾਇਨ ਕਰ ਰਿਹਾ ਹੈ। ਉਸ ਦੀ ਆਤਮਾ ਵਿਚ ਤਾਂ ਉਹ ਅਨੂਠੀਆਂ ਧੜਕਣਾਂ ਸੁਣਾਈ ਦਿੰਦੀਆਂ ਹਨ, ਜੋ ਸਭ ਨੂੰ ਪ੍ਰੇਮ ਕਰਨ ਵਾਲੇ ਅਨੁਭਵ ਦੇ ਸੰਗੀਤ ਤੋਂ ਉਤਪੰਨ ਹੁੰਦੀਆਂ ਹਨ। ਗੁਰੂ ਜੀ ਨੂੰ ਤਾਂ ਹਰ ਚੁਭਣ ਵਾਲੇ ਕੰਡੇ ਨਾਲ ਆਰਾਮ ਮਿਲਦਾ ਹੈ। ਇਥੋਂ ਤਕ ਕਿ ਪੱਥਰ ਦੀ ਛੁਹ ਵੀ ਉਸ ਨੂੰ ਬਾਲ ਦੇ ਮਾਂ ਨੂੰ ਪਰਸਣ ਸਮਾਨ ਜਾਪਦੀ ਹੈ। ਗੁਰੂ ਨਾਨਕ ਜੀ ਲਈ ਤਾਂ ਸ੍ਰਿਸ਼ਟੀ ਦਾ ਸਰੀਰ ਨਿਸਦਿਨ ਤੇ ਹਰ ਘੜੀ ਉਹਨਾਂ ਦੇ ਤਨ ਨੂੰ ਹਰ ਨੁਕਤੇ ਤੋਂ ਛੁਹ ਰਿਹਾ ਹੈ ਤੇ ਇਹ ਕਿਰਿਆ ਨਿਰੰਤਰ ਚਲਦੀ ਰਹਿੰਦੀ ਹੈ। ਇਹ ਤਾਂ ਨਿਰੰਤਰ ਵਿਯੋਗ ਵਿਚ ਪ੍ਰਭੂ ਦੇ ਨਿਰੰਤਰ ਸੰਜੋਗ ਦੀ ਅਵਸਥਾ ਹੈ। ਇਥੇ ਸਭ ਕੁਝ ਪ੍ਰੇਮ ਹੈ, ਸਭ ਕੁਝ ਸੁੰਦਰ ਹੈ, ਸਭ ਕੁਝ ਅਨੰਦਮਈ ਹੈ, ਸਭ ਕੁਝ ਗੀਤ ਸਰੂਪ ਹੈ। ਇਹ ਸਭ ਕੁਝ ਇੰਨਾਂ ਅਨੰਦਮਈ ਹੁੰਦਾ ਹੈ ਕਿ ਉਸ ਤਰ੍ਹਾਂ ਦੀ ਅਵਸਥਾ ਜਦੋਂ ਭੰਵਰਾ ਕੰਵਲ ਪੱਤੀਆਂ ਵਿਚ ਜਾ ਕੇ ਮਿੱਠੀ ਨੀਂਦ ਨੂੰ ਮਾਣਦਾ ਹੈ ਤਾਂ ਕਿਸੇ ਹੋਰ ਚੀਜ਼ ਦੀ ਝਾਕ ਰਖਣਾ ਮੂਰਖਾਂ ਵਾਲੀ ਗੱਲ ਹੀ ਹੋ ਸਕਦੀ ਹੈ। ਇਹੋ ਹੀ ਸੁਤੰਤਰਤਾ ਹੈ, ਇਹੋ ਹੀ ਜੀਵਨ ਹੈ। ਇਸ ਲਈ ਮਨੁੱਖ ਦੀ ਆਤਮਾ ! ਤੂੰ ਆਪਣੀ ਹੋਂਦ ਦੇ ਇਸ ਪਰਮਾਨੰਦ ਵਿਚ ਵਿਸ਼ਰਾਮ ਕਰ।

# ਭਾਵਨਾ ਹੀ ਪਰਮ-ਗਿਆਨ

ਭਾਵੇਂ ਮਹਾਨ ਪ੍ਰਸ਼ਨਾਂ ਦੇ ਉਤਰ ਮਿਲ ਜਾਂਦੇ ਹਨ, ਪਰ ਪ੍ਰਸ਼ਨ-ਕਰਤਾ ਾਪਣੇ ਆਪ ਵਿਚ ਨਾ ਕੇਵਲ ਆਪਣੀ ਹੋਂਦ ਦੇ ਇਸ ਖੇਤਰ ਵਿਚ ਹੀ, ਸਗੋਂ ਭ ਖੇਤਰਾਂ ਵਿਚ ਸਦੀਵੀ ਬੁਝਾਰਤ ਬਣਿਆ ਹੋਇਆ ਹੈ। ਇਸ ਲੋਕ ਦੇ ਪ੍ਰਸ਼ਨਾਂ ਾ ਉਤਰ ਪਰਲੋਕ ਵਿਚ ਜਾ ਕੇ ਮਿਲ ਜਾਂਦਾ ਹੈ, ਪਰ ਇਹ ਰਹੱਸ ਹਰ ਥਾਂ ਹਰ ਸਮੇਂ ਬਣਿਆ ਹੀ ਰਹੇਗਾ। ਭਾਵੇਂ ਇਸ ਵਾਸਤਵਿਕ ਪ੍ਰਸ਼ਨ ਦਾ ਉਤਰ ਟਤਾ ਜਾ ਰਿਹਾ ਹੈ। ਫਲਸਰੂਪ ਗਿਆਨ ਤਾਂ ਇਕ ਤਰ੍ਹਾਂ ਦੀ ਭਾਵਨਾ ਵਿਚ ਦਾ ਹੈ ਨਾ ਕਿ ਬੌਧਿਕ ਸਮਝ ਵਿਚ। ਇਸ ਗਿਆਨ ਦੀ ਜਿਗਿਆਸਾ ਦਾ ਅੰਤ ੁਪਰਾਮਤਾ, ਥਕਾਨ, ਉਦਾਸੀ ਵਿਚ ਹੁੰਦਾ ਹੈ ਤੇ ਅਗਿਆਨ ਇਸ ਨੂੰ ਹੋਰ ੁੰਝਲਦਾਰ ਬਣਾ ਦਿੰਦਾ ਹੈ। ਪੁਰਾਣੀਆਂ ਮੁਸ਼ਕਿਲਾਂ ਦੂਰ ਹੋ ਜਾਂਦੀਆਂ ਹਨ, ਪਰ ਰ ਵੱਡੀਆਂ ਔਕੜਾਂ ਪੈਦਾ ਹੋ ਜਾਂਦੀਆਂ ਹਨ। ਅਗਿਆਤ ਨੂੰ ਜਾਣਨ ਦੀ ਜਗਿਆਸਾ ਦਾ ਅੰਤ ਇਸ ਰਹੱਸ ਨਾਲ ਹੋਰ ਗੁੰਝਲਦਾਰ ਹੋ ਜਾਂਦਾ ਹੈ ਕਿ ਇਸ ਾਰੇ ਬ੍ਰਹਿਮੰਡ ਦੇ ਰਹੱਸ ਨਾਲ ਸਾਡਾ ਕੋਈ ਧੁੰਦਲਾ ਜਿਹਾ ਰਿਸ਼ਤਾ ਹੈ ਤੇ ਉਸ ਭੂ ਨਾਲ ਵੀ ਜਿਸ ਨੇ ਇਸ ਸ੍ਰਿਸ਼ਟੀ ਨੂੰ ਰਚਿਆ ਹੈ ਤੇ ਇਸ ਸਭ ਕੁਝ ਵਿਚ ਾਪ ਵਿਆਪਕ ਹੈ। ਇਸ ਲਈ ਵਾਸਤਵਿਕ ਗਿਆਨ ਤਾਂ ਅਗਿਆਤ ਯਥਾਰਥ ਾਲ ਸੰਬੰਧ ਰਖਦਾ ਹੈ ਨਾ ਕਿ ਬੁਧੀ ਦੁਆਰਾ ਪ੍ਰਾਪਤ ਕੀਤੇ ਗਏ ਤਰਕਸ਼ੀਲ ਗਿਆਨ ਨਾਲ, ਜੋ ਕਿ ਮਨੁੱਖ ਦੀ ਆਪਣੀ ਜੀਵ-ਵਿਗਿਆਨਕ ਸੀਮਾ ਹੈ। ਇਸ ੌਧਿਕ ਗਿਆਨ ਦਾ ਦੁਖਾਂਤ ਤਾਂ ਉਹ ਸੀਮਾ ਹੀ ਹੈ ਜੋ ਇਹ ਆਪਣੇ ਦੁਆਲੇ ਨਿਰਧਾਰਤ ਕਰ ਦਿੰਦਾ ਹੈ। ਇਹ ਤਾਂ ਸਾਨੂੰ ਪੱਥਰ ਦੀਆਂ ਕੰਧਾਂ ਨਾਲ ਮੱਥਾ ਾਰਨ ਵਲ ਧੱਕਣ ਵਾਲੀ ਗੱਲ ਬਣ ਜਾਂਦੀ ਹੈ। ਪਰ ਵਿਸ਼ੇਗਤ ਜਾਂ ਅੰਤਰਮੁਖੀ ੁਪ ਵਿਚ ਵਾਸਤਵਿਕ ਗਿਆਨ ਤਾਂ ਉਹ ਹੈ, ਜਿਸ ਨੂੰ ਅਸੀਂ ਭਾਵਨਾ ਦੁਆਰਾ ਨੁਭਵ ਕਰਦੇ ਹਾਂ। ਭਾਵੇਂ ਇਹ ਅਨੁਭਵ ਦੁਆਰਾ ਹੋਇਆ ਬੋਧ ਵੀ ਪੂਰੀ ਤਰ੍ਹਾਂ ਸਮਝਿਆ ਨਹੀਂ ਜਾ ਸਕਦਾ। ਸੋਚਿਆ ਸਮਝਿਆ ਤੇ ਪ੍ਰਯੋਗਾਂ ਦੁਆਰਾ ਸਿਧ ਕੀਤਾ ੋਇਆ ਗਿਆਨ ਵੀ ਦੁਖਦਾਈ ਸਾਰਹੀਣਤਾ ਹੀ ਹੁੰਦਾ ਹੈ।

ਗੁਰੂ ਨਾਨਕ ਜੀ ਨੇ ਮਨੁੱਖ ਦੀ ਮੁਕਤੀ ਦੇ ਮਾਰਗ ਨੂੰ ਭਾਵਨਾ ਦੁਆਰਾ ਾਰੰਭ ਕੀਤਾ ਹੈ। ਮਨੁੱਖ ਨੂੰ ਮੁਕਤੀ ਉਸ ਦੇ ਗ੍ਰਹਿਮੰਦਰ ਉਤੇ ਬਿਜਲੀ ਦਾ ਲਬ ਜਗਾ ਤਾਂ ਨਹੀਂ ਮਿਲ ਸਕਦੀ, ਪਰ ਜਦੋਂ ਉਹ ਆਪਣੇ ਘਰ ਦੇ ਅੰਧਕਾਰ ੂ ਆਪ ਆਪਣਾ ਨਿੱਕਾ ਜਿਹਾ ਮਿੱਟੀ ਦਾ ਦੀਵਾ ਜਗਾ ਕੇ ਪ੍ਰਕਾਸ਼ਮਾਨ ਕਰਦਾ ੈ ਤਾਂ ਜੋ ਉਹ ਪ੍ਰਭੂ-ਪ੍ਰੀਤਮ ਦੇ ਇਕ ਪ੍ਰਾਹੁਣੇ ਹਾਰ ਆਗਮਨ ਲਈ ਆਪਣੀ ਾਤਮਾ ਦੇ ਸਾਰੇ ਜੋਸ਼ ਅਤੇ ਉਤਸ਼ਾਹ ਨਾਲ ਉਸ ਦਾ ਸਵਾਗਤ ਕਰ ਸਕੇ ਤਾਂ ੁਹ ਆਪਣੀ ਮੁਕਤੀ ਵਲ ਵਧ ਰਿਹਾ ਹੁੰਦਾ ਹੈ।

ਮੇਰੇ ਕੋਲ ਹੋਰ
ਕੁਝ ਨਹੀਂ ਹੈ
ਕੱਚੇ ਕੋਠੇ ਦਾ
ਇਹ ਦਰੀ ਵਿਹੂਣਾ ਫ਼ਰਸ਼
ਤੇ ਇਸ ਵਿਚ ਬਲਦਾ
ਮਿੱਟੀ ਦਾ ਇਕ ਦੀਪ।
ਮੇਰੇ ਪ੍ਰੀਤਮ ਪਿਆਰੇ !
ਕੀ ਆਵੇਂਗਾ ਤੂੰ ਫਿਰ ਵੀ
ਮੇਰੇ ਕੋਲ
ਤੇ ਆਪਣੀ ਮਿਹਰ ਨਾਲ
ਭਰ ਦੇਵੇਂਗਾ ਮੇਰੀ ਝੋਲ।

ਆਪਣੇ ਸਾਰੇ ਵਿਗਿਆਨ ਤੇ ਧਰਮ ਦੇ ਗਿਆਨ ਦੁਆਰਾ ਜੋ ਮਨੁੱਖ ਦੇ ਆਲੇ ਦੁਆਲੇ ਪਸਰਿਆ ਹੋਇਆ ਹੈ, ਉਹ ਬੰਧਨ-ਮੁਕਤ ਨਹੀਂ ਹੋ ਸਕਦਾ। ਉਹ ਕੇਵਲ ਉਦੋਂ ਹੀ ਮੁਕਤੀ ਪ੍ਰਾਪਤ ਕਰਦਾ ਹੈ ਜਦੋਂ ਉਹ ਪ੍ਰਭੂ ਨੂੰ ਮਨੁੱਖ ਰੂਪ ਵਿ ਗਲਵਕੜੀ ਪਾਉਂਦਾ ਹੈ ਤੇ ਆਪਣੇ ਸੀਨੇ ਵਿਚਲੇ ਦੁਖਾਂ ਨੂੰ ਸੁਖਾਂ ਵਿਚ ਪ੍ਰਵਰਤਿ ਕਰਕੇ ਆਪਣੀ ਹੋਂਦ ਨੂੰ ਅਨੁਭਵ ਕਰਦਾ ਹੈ। ਮਨੁੱਖਤਾ ਦੀ ਮਧੁਰਤਾ ਵਿਚ ਹ ਉਹ ਖੁਲ੍ਹੇ ਭਿਤ ਹਨ, ਜਿਨ੍ਹਾਂ ਰਾਹੀਂ ਬਾਹਰ ਆ ਕੇ ਉਹ ਅਨੰਤ ਦੇ ਅਨੰਦ ਵਿ ਉਡਾਰੀ ਮਾਰ ਕੇ ਆਪਣੇ ਆਪ ਨੂੰ ਸੁਤੰਤਰ ਕਰ ਸਕਦਾ ਹੈ। ਧਰਮ ਦੇ ਪਿੰਜ ਲੋਹੇ ਦੇ ਹੋ ਸਕਦੇ ਹਨ ਤੇ ਵਿਗਿਆਨ ਦੇ ਪਿੰਜਰੇ ਸੋਨੇ ਦੇ, ਪਰ ਇਹਨਾਂ ਦੋਹ ਤੋਂ ਪ੍ਰਾਪਤ ਹੋਇਆ ਗਿਆਨ ਉਸ ਲਈ ਬੰਧਨ ਹੀ ਹੁੰਦਾ ਹੈ, ਨਾ ਕਿ ਮੁਕਤੀ ਮਨੁੱਖ ਕੋਈ ਇਕ ਜੀਵ ਨਹੀਂ ਹੈ, ਸਗੋਂ ਇਹ ਤਾਂ ਇਕ ਜੀਵ-ਸਮੂਹ ਹੈ। ਜਨ ਸਮੂਹ ਦੇ ਕਰਮ ਉਸ ਦੇ ਵਿਅਕਤੀਗਤ ਹੁੰਦੇ ਹਨ। ਇਸ ਪੱਖ ਤੋਂ ਉਹ ਕੋ ਇਕੱਲਾ ਅਰਥਾਤ ਦੂਜਿਆਂ ਤੋਂ ਛੇਕਿਆ ਹੋਇਆ ਵਿਅਕਤੀ ਨਹੀਂ ਹੈ। ਉਹ ਤ ਨੈਤਿਕ ਤੇ ਮਾਨਸਿਕ ਜੋੜਾਂ ਦਾ ਜਟਿਲ ਸਮੂਹ ਹੈ। ਉਸ ਦੇ ਇਸ ਜਟਿਲ ਸਮੂ ਦੀ ਸੁੰਦਰਤਾਂ ਦੀ ਅਵੱਗਿਆ ਹੀ ਕਰਮ ਹੈ। ਕਰਮ ਨੂੰ ਉਸ ਦੇ ਵਿਅਕਤੀਤ ਤੇ ਸਿਮ੍ਰਿਤੀ ਦੀ ਸੁੰਦਰਤਾ ਦੀ ਅਵੱਗਿਆ ਹੀ ਪ੍ਰਵਾਨ ਕੀਤਾ ਜਾ ਸਕਦਾ ਹੈ, ਪ ਇਸ ਵਿਅਕਤੀਗਤ ਅਵੱਗਿਆ ਦੇ ਫਲ ਕੇਵਲ ਸਥਾਨਕ ਨਹੀਂ ਰਹਿੰਦੇ, ਸ ਵਿਸ਼ਵ-ਵਿਆਪੀ ਹੋ ਨਿਬੜਦੇ ਹਨ। ਮਨ ਦੀ ਉਪਰਲੀ ਸਤਾ ਉਤੇ ਕਾਰਜਸ਼ੀ ਗਿਆਨ ਜੋ ਸਸੀਮ ਤੇ ਵਿਸ਼ਲੇਸ਼ਣ ਤੇ ਬੁਧੀ ਦੇ ਤਰਕ ਉਤੇ ਆਧਾਰਿਤ ਹੁੰ ਹੈ, ਮਨੁੱਖ ਨੂੰ ਸ਼ਾਂਤੀ ਨਹੀਂ ਦੇ ਸਕਦਾ। ਆਪਣੇ ਅਤੇ ਆਲੇ ਦੁਆਲੇ ਦੀਆਂ ਵਸ ਬਾਰੇ ਉਸ ਦਾ ਇਹ ਬੋਧ ਕਿ ਤਰਕਸ਼ੀਲ ਗਿਆਨ ਕੇਵਲ ਉਪਰਲੀ ਸਤਾ ਹੀ ਗਿਆਨ ਹੈ ਅਤੇ ਇਸ ਲਈ ਇਹ ਅਸਤਿ ਹੁੰਦਾ ਹੈ, ਇਹ ਤਾਂ ਉਸ ਹੋਰ ਵਧੇਰੇ ਜਟਿਲ ਅਗਿਆਨ ਵੱਲ ਲੈ ਜਾਂਦਾ ਹੈ। ਇਸ ਨਾਲ ਤਾਂ ਉਸ

ਜੀਵਨ ਵਧੇਰੇ ਬੇਸੁਰਾ, ਪੇਤਲਾ ਅਤੇ ਆਪਣੀਆਂ ਜੜ੍ਹਾਂ ਤੋਂ ਕਟਿਆ ਹੋਇਆ ਕੇਵਲ ਇੰਦਰੀਗਤ ਕਾਮਨਾਵਾਂ ਵਿਚ ਗ੍ਰਸਤ ਹੋ ਕੇ ਹੀ ਖ਼ਤਮ ਹੋ ਜਾਂਦਾ ਹੈ।

ਨਿਮਨ ਚੇਤਨ ਮਨ ਦੀ ਪ੍ਰਕ੍ਰਿਆ ਉਪਰ ਕੀਤੀ ਗਈ ਆਧੁਨਿਕ ਖੋਜ ਨੇ ਮਨੁੱਖ ਦੇ ਆਪਣੀਆਂ ਸ਼ਕਤੀਆਂ ਦੇ ਆਪ ਸੁਆਮੀ ਹੋਣ ਬਾਰੇ ਮਨੁੱਖੀ ਮਨ ਦੇ ਸਤਹੀ ਜਾਂ ਚੇਤਨ ਭਾਗ ਦੇ ਅਖੌਤੀ ਵਿਗਿਆਨਕ ਗਿਆਨ ਦੇ ਟਾਕਰੇ ਉਤੇ ਵਧੇਰੇ ਮਹੱਤਵਪੂਰਨ ਸੰਕੇਤ ਦਿਤੇ ਹਨ। ਆਧੁਨਿਕ ਸਭਿਅਤਾ ਜੋ ਕੇਵਲ ਭੋਗ-ਵਿਲਾਸ ਤੇ ਸੰਸਾਰਿਕ ਪ੍ਰਵਿਰਤੀਆਂ ਤਕ ਸੀਮਤ ਹੈ, ਨੇ ਨਿਰਸੰਦੇਹ ਇਹ ਸਿਧ ਕਰ ਦਿਤਾ ਹੈ ਕਿ ਮਨੁੱਖ ਨੂੰ ਪ੍ਰਾਚੀਨ ਸ਼ਾਨਦਾਰ ਕਥਾਵਾਂ, ਮਿਥਾਂ ਤੇ ਹੋਰ ਵਹਿਮਾਂ-ਭਰਮਾਂ ਤੋਂ ਬਾਹਰ ਕਢ ਕੇ ਵੀ ਉਸ ਨੂੰ ਆਪਣੇ ਆਪ ਬਾਰੇ ਕੋਈ ਸੱਚਾ ਗਿਆਨ ਪ੍ਰਾਪਤ ਨਹੀਂ ਹੋ ਸਕਿਆ। ਆਪਣੇ ਇਸ ਸਾਰੇ ਗਿਆਨ ਦੀ ਪ੍ਰਾਪਤੀ ਉਪਰੰਤ ਵੀ ਉਹ ਹਾਲੀਂ ਅਗਿਆਨੀ ਹੀ ਹੈ। ਇਹ ਸਭ ਕੁਝ ਇਕ ਰੋਗਾਚਾਰ ਹੀ ਹੈ। ਕੇਵਲ ਕਰੁਣਾ ਜਾਂ ਸਹਾਨੁਭੂਤੀ ਦੇ ਮਨੋਭਾਵ ਹੀ ਸੱਚੇ ਗਿਆਨ ਦੀ ਸੋਝੀ ਕਰਵਾ ਸਕਦੇ ਹਨ। ਨੀਰਸ ਯਥਾਰਥਵਾਦ ਦੇ ਜੀਵਨ ਤੱਥਾਂ ਦੇ ਸੰਗ੍ਰਹਿ-ਮਾਤਰ ਨੇ ਮਨੁੱਖ ਦੀ ਸੁਹਿਰਦਤਾ ਦੀ ਜਿੰਦ-ਕਣੀ ਨੂੰ ਸੁੰਨ ਕਰ ਦਿਤਾ ਹੈ। ਫਲਸਰੂਪ, ਜੀਵਨ ਬਾਰੇ ਬੁਧੀ ਦੀ ਗਿਣੀ ਮਿਣੀ ਤਰਕਸ਼ੀਲਤਾ ਨੇ ਉਸ ਦੀ ਜੀਵਨ ਚੰਗਿਆੜੀ ਨੂੰ ਠੰਡਾ ਕਰ ਦਿਤਾ ਹੈ ਅਤੇ ਇਹ ਆਪ ਮੁਹਾਰੇ ਹੀ ਗਿਣਾਤਮਕ ਰੂਪ ਵਿਚ ਇਕ ਦੰਭ ਦਾ ਰੂਪ ਧਾਰਨ ਕਰ ਗਈ ਹੈ। ਕਿਸੇ ਨੇ ਕਿਹਾ ਸੀ ਕਿ ਚਾਲੀ ਸਾਲਾਂ ਤੋਂ ਪਿਛੋਂ ਮਨੁੱਖ ਲੁੱਚਾ ਬਣਾ ਜਾਂਦਾ ਹੈ। ਸੁਹਿਰਦਤਾ, ਗਿਆਨ, ਪ੍ਰੇਮ ਅਤੇ ਕਰੁਣਾ ਸਭ ਇਕੋ ਹਨ ਅਤੇ ਇਹਨਾਂ ਦੀ ਪੂਰਨ ਸੋਝੀ ਭਾਵਨਾ ਦੁਆਰਾ ਹੋ ਜਾਂਦੀ ਹੈ। ਇਹ ਭਾਵਨਾ ਦੀ ਤਾਜ਼ਗੀ ਹੀ ਮਨੁੱਖ ਦੀ ਆਤਮਾ ਵਿਚੋਂ ਪ੍ਰਵਾਹਿਤ ਹੋ ਜਾਂਦੀ ਹੈ ਅਤੇ ਸਿੱਖ ਮਤ ਦੀ ਕਾਵਿਮਈ ਜੀਵਨ ਜੁਗਤ ਦਾ ਰੂਪ ਧਾਰਨ ਕਰ ਲੈਂਦੀ ਹੈ।

ਪ੍ਰੇਮ ਤੋਂ ਬਿਨਾਂ ਮਨੁੱਖ ਇਕ ਲਾਸ਼ ਹੈ। ਦੂਜੇ ਬੰਨੇ ਗੁਰੂ ਜੀ ਹਨ ਜੋ ਇਕ ਸੱਚੇ ਮਨੁੱਖ ਦਾ ਸਰੂਪ ਹਨ ਅਤੇ ਮਨੁੱਖ ਦੇ ਸ੍ਵੈਮਾਣ ਉਤੇ ਬਲ ਦਿੰਦੇ ਹਨ। ਇਸ ਪ੍ਰਕਾਰ ਗੁਰੂ ਜੀ ਤਾਂ ਮਨੁੱਖ ਦੀ ਮੁਕਤੀ ਲਈ ਸੰਗਰਾਮ ਨੂੰ ਆਰੰਭ ਦਿੰਦੇ ਹਨ, ਜਿਸ ਦਾ ਆਧਾਰ ਭਾਵਨਾ ਦਾ ਸੰਸਾਰ ਹੁੰਦਾ ਹੈ ਨਾ ਕਿ ਅਖੌਤੀ ਧਰਮ ਅਤੇ ਵਿਗਿਆਨ ਦਾ ਮੰਡਲ। ਗੁਰੂ ਜੀ ਨੇ ਜਿਹੜੇ ਪ੍ਰੇਮ ਦੇ ਨੇਮ ਦਾ ਐਲਾਨ ਕੀਤਾ ਹੈ, ਉਹ ਪ੍ਰਮਾਤਮਾ ਤੇ ਸੱਚ ਦੇ ਉਸ ਗਿਆਨ ਨੂੰ ਪ੍ਰਵਾਨ ਨਹੀਂ ਕਰਦਾ ਜੋ ਮਨ ਦੀ ਉਪਰਲੀ ਸਤਾ ਦੁਆਰਾ ਤਰਕ ਜਾਂ ਨਿਆਏ ਦੁਆਰਾ ਪ੍ਰਾਪਤ ਕੀਤਾ ਜਾਂਦਾ ਹੈ, ਇਸ ਦਾ ਆਧਾਰ ਤਾਂ ਦ੍ਰਿਸ਼ਟੀਹੀਣ ਸੋਝੀ ਹੁੰਦੀ ਹੈ। ਇਸ ਨੂੰ ਅਸੀਂ ਕਿਸੇ ਸ੍ਰਿਸ਼ਟੀ ਦੇ ਅੰਸ਼ਕ ਰੂਪ ਵਿਚ ਸਰੀਰ ਤਾਂ ਮੰਨ ਸਕਦੇ ਹਾਂ, ਪਰ ਇਹ ਉਸ ਸ੍ਰਿਸ਼ਟੀ ਦੀ ਆਤਮਾ ਨਹੀਂ ਹੁੰਦਾ। ਭਾਵੇਂ ਇਹ ਸ੍ਰਿਸ਼ਟੀ ਦਾ ਸਰੀਰਕ ਗਿਆਨ ਅਨੁਭਵ ਵਿਚੋਂ ਪ੍ਰਾਪਤ ਹੋਵੇ ਜਾਂ ਕਿਸੇ ਪ੍ਰਯੋਗ ਵਿਚੋਂ ਜਾਂ ਫਿਰ ਧਾਰਮਿਕ ਵਹਿਮਾਂ-ਭਰਮਾਂ, ਮਾਨਤਾਵਾਂ ਤੇ ਵਿਸ਼ਵਾਸਾਂ ਵਿਚੋਂ, ਇਹ ਅਪੂਰਨ ਹੀ ਹੁੰਦਾ ਹੈ। ਸੱਚਾ ਗਿਆਨ ਤਾਂ ਭਾਵਨਾਵਾਂ ਦੇ ਚਮਤਕਾਰੀ ਪ੍ਰਕਾਸ਼ ਤੇ ਪ੍ਰੇਰਨਾ ਵਿਚੋਂ ਉਤਪੰਨ ਹੁੰਦਾ

ਹੈ। ਇਸ ਲਈ ਜੋ ਭਾਵਨਾਵਾਂ ਦੇ ਸੰਸਾਰ ਵਿਚ ਵਿਚਰਦੇ ਹਨ, ਉਹ ਸੱਚ ਵਿਚ ਵੀ ਵਿਚਰਦੇ ਹਨ। ਗਿਆਤਾ ਦਾ ਸਾਰਾ ਜੀਵਨ ਝੂਠਾ ਹੁੰਦਾ ਹੈ, ਭਾਵੇਂ ਜਿਵੇਂ ਕਿ ਤੁਸੀਂ ਆਖਦੇ ਹੋ, ਉਹ ਝੂਠ ਨਹੀਂ ਬੋਲਦਾ।

ਇਸ ਤਰ੍ਹਾਂ ਮਿਤਰਤਾ ਦਾ ਅੰਤ ਦੁਸ਼ਮਣੀ ਵਿਚ ਹੁੰਦਾ ਹੈ। ਮਨੁੱਖੀ ਰਿਸ਼ਤੇ ਮਨੁੱਖੀ ਸੰਤਾਪ ਬਣ ਜਾਂਦੇ ਹਨ। ਅਜੋਕੇ ਵਪਾਰੀ ਇਸੇ ਇਕੋ ਸੂਤਰ ਜਾਂ ਗੁਰ ਨਾਲ ਹੀ ਆਪਣਾ ਵਣਜ ਵਪਾਰ ਆਰੰਭ ਕਰਦੇ ਹਨ ਕਿ ਸਾਰੇ ਮਨੁੱਖ ਹੀ ਚੋਰ ਹਨ, ਕੋਈ ਵਿਰਲਾ ਹੀ ਇਸ ਦੇ ਵਿਪਰੀਤ ਆਪਣੇ ਆਪ ਨੂੰ ਸਿਧ ਕਰਦਾ ਹੈ। ਇਹੀ ਹਾਲ ਰਾਜਨੀਤਕ ਪ੍ਰਸ਼ਾਸਕਾਂ ਦਾ ਹੈ। ਅਜਿਹੇ ਅਮਾਨਵੀ ਵਿਵਹਾਰ ਉਤੇ ਲਾਹਣਤ ਹੈ। ਕਿਸੇ ਨੂੰ ਧੋਖਾ ਦੇਣ ਨਾਲੋਂ ਆਪ ਹਜ਼ਾਰ ਵਾਰ ਧੋਖਾ ਖਾ ਲੈਣਾ ਚੰਗੇਰਾ ਹੈ। ਅਜਿਹੇ ਸਮਾਜ ਵਿਚ ਤਾਂ ਨਿਰਾਸ਼ਾ ਦਾ ਬੋਲਬਾਲਾ ਹੁੰਦਾ ਹੈ। ਅਜਿਹੇ ਸਮਾਜ ਵਿਚ ਤਾਂ ਸਵਾਰਥ ਦੀ ਹੀ ਪ੍ਰਧਾਨਤਾ ਹੋਵੇਗੀ ਤੇ ਇਹ ਇਕ ਅਜਿਹੇ ਮਸ਼ੀਨੀ ਸਮਾਜ ਵਲ ਲੈ ਜਾਵੇਗੀ ਜਿਥੇ ਇਸ ਘਟੀਆ ਮਸ਼ੀਨਰੀ ਵਿਚ ਮਨੁੱਖ ਦੀ ਹੈਸੀਅਤ ਇਕ ਦੁਖਦਾਈ ਪੁਰਜ਼ੇ ਤੋਂ ਵਧ ਕੁਝ ਨਹੀਂ ਹੋ ਸਕਦੀ। ਇਹ ਸਮਾਜ ਤਾਂ ਬੇਵਕੂਫਾਂ ਤੇ ਕਟੜਪੰਥੀਆਂ ਦੇ ਹੱਥਾਂ ਵਿਚ ਚੀਤਿਆਂ ਤੇ ਧਾਰਮਿਕ ਵਹਿਮਾਂ ਭਰਮਾਂ ਦਾ ਸਮਾਜ ਬਣ ਜਾਂਦਾ ਹੈ। ਜਦੋਂ ਵੀ ਕੋਈ ਨਵੀਂ ਖੋਜ ਕਰਦਾ ਹੈ ਤਾਂ ਇਹ ਸਮਾਜ ਉਹਨਾਂ ਸ਼ਹੀਦਾਂ ਨੂੰ ਜ਼ਿੰਦਾ ਜਲਾ ਦਿੰਦਾ ਹੈ। ਪਰ ਇਕ ਸੀਮਤ ਜਿਹੇ ਖੇਤਰ ਵਿਚ ਇਹ ਸਮਾਜ ਦਾ ਪੁਨਰ-ਨਿਰਮਾਣ ਵੀ ਕਰ ਰਿਹਾ ਹੁੰਦਾ ਹੈ। ਇਸ ਵਿਚ ਕੁਝ ਜਿਉਂਦੇ ਜਾਗਦੇ ਵਿਅਕਤੀਆਂ ਦੀ ਗਹਿਰ ਗੰਭੀਰਤਾ ਤੇ ਭਾਵਨਾਵਾਂ ਦੀ ਸੱਚਾਈ ਵੀ ਕਰਮਸ਼ੀਲ ਹੁੰਦੀ ਹੈ, ਜੋ ਮਨੁੱਖਾਂ ਵਿਚਕਾਰ ਸਾਂਝ ਤੇ ਭਰਾਤ੍ਰੀਅਤਾ ਦੀ ਜੋਤ ਨੂੰ ਜਗਾਈ ਰਖਦੀ ਹੈ, ਪਰ ਤੱਥਾਂ ਬਾਰੇ ਵਿਗਿਆਨਕ ਗਿਆਨ ਤੇ ਹਰ ਇਕ ਵਸਤੂ ਦੇ ਵਿਸ਼ਲੇਸ਼ਣ ਦੀ ਪ੍ਰਵਿਰਤੀ ਨੇ ਮਨੁੱਖ ਨੂੰ ਉਸ ਦੇ ਅਨੰਤ ਦੇ ਰਹੱਸ ਦੀਆਂ ਭਾਵਨਾਵਾਂ ਵਿਚ ਵਿਚਰਨ ਨੂੰ ਜੜ੍ਹਾਂ ਤੋਂ ਹੀ ਉਖੇੜ ਦਿਤਾ ਹੈ। ਹੁਣ ਮਨੁੱਖ ਦੀਆਂ ਜੜ੍ਹਾਂ ਕਿਥੇ ਹਨ ? ਹੁਣ ਤਾਂ ਸਭ ਕੁਝ ਮਸ਼ੀਨਰੀ ਹੀ ਹੈ, ਮਨੁੱਖ ਵੀ ਇਹੋ ਕੁਝ ਹੈ। ਇਕੋ ਹੀ ਮਕਾਨਕੀ ਨੇਮ ਵਿਆਪਕ ਹੈ। ਇਸ ਵਿਸ਼ਵ-ਵਿਆਪੀ ਮਕਾਨਕੀ ਨੇਮ ਵਿਚ ਇਸਤਰੀ ਤੇ ਪੁਰਸ਼ ਬਝੇ ਪਏ ਹਨ ਤੇ ਉਹਨਾਂ ਦੀਆਂ ਜੜ੍ਹਾਂ ਉਹਨਾਂ ਦੇ ਹੱਡ ਤੇ ਮਾਸ ਵਿਚ ਹੀ ਗਡੀਆਂ ਹੋਈਆਂ ਹਨ। ਪਰ ਪ੍ਰਸੰਨਤਾ ਤਾਂ ਆਤਮਾ ਵਿਚ ਹੀ ਪ੍ਰਾਪਤ ਹੋ ਸਕਦੀ ਹੈ। ਜਿਹੜਾ ਗੁਲਾਬ ਕਦੀ ਖਿੜਿਆ ਹੋਇਆ ਸੀ, ਹੁਣ ਮੁਰਝਾ ਚੁਕਾ ਹੈ। ਅਜ ਤਾਂ ਸ਼ਰਾਬ ਦਾ ਪਿਆਲਾ ਹੀ ਵਾਸਤਵਿਕਤਾ ਹੈ। ਉਹਨਾਂ ਜੋਤਸ਼ੀਆਂ ਦੇ ਟਾਕਰੇ ਉਤੇ, ਜਿਨ੍ਹਾਂ ਦਾ ਇਹ ਵਿਸ਼ਵਾਸ ਸੀ ਕਿ ਤਾਰਾ ਵਿਗਿਆਨ ਦ੍ਰਿਸ਼ਟੀਹੀਣਤਾ ਦੇ ਰੋਗ ਨੂੰ ਨਿਵਿਰਤ ਕਰ ਸਕਦਾ ਹੈ, ਕਾਰਲਾਇਲ ਵਰਗੇ ਦਰਸ਼ਨਵੇਤਾ ਦੀ ਆਵਾਜ਼ ਵਧੇਰੇ ਸ਼ਕਤੀਸ਼ਾਲੀ ਰੂਪ ਵਿਚ ਗੂੰਜਦੀ ਹੈ।

ਗੁਰੂ ਜੀ ਨੇ ਮਨੁੱਖ ਦੇ ਹਿਰਦੇ ਵਿਚ ਹੀ ਪ੍ਰਭੂ ਦਾ ਮੰਦਰ ਉਸਾਰ ਦਿਤਾ ਹੈ ਅਤੇ ਇਸ ਵਿਚ ਗੁਰੂ ਜੀ ਨੇ ਮਨੁੱਖ ਦੀ ਨਿਜੀ ਸੁੰਦਰਤਾ ਦਾ ਸੰਗੀਤ

ੜ ਦਿਤਾ ਹੈ। ਇਸ ਦੇ ਮਧੁਰ ਸੁਰ-ਮੇਲ ਵਿਚ ਤਥਾਂ ਦਾ ਸਥੂਲ ਤੇ ਉਜੱਡ ਰ ਇਹਨਾਂ ਦੀ ਨਿਲਾਮ-ਕਰਤਾ ਬੁਧੀ ਸਮੇਤ ਮੁਕ ਜਾਣਾ ਚਾਹੀਦਾ ਹੈ। ਲਸਰੂਪ, ਅਨੰਤ ਦੇ ਸੱਚ ਦਾ ਸਤਿਕਾਰ ਹੋਂਦ ਵਿਚ ਆਉਣਾ ਚਾਹੀਦਾ ਹੈ।

ਸਾਰਾ ਸਿੱਖ ਇਤਿਹਾਸ ਮਨੁੱਖੀ ਆਤਮਾ ਦਾ ਮਹਾਂ-ਸੰਗੀਤ ਹੈ ਜਿਸ ਵਿਚ ੈਂ ਤੇਰਾ ਹਾਂ, ਮੈਂ ਤੇਰਾ ਹਾਂ' ਦੀ ਪਵਿੱਤਰ ਧੁਨੀ ਗੂੰਜ ਰਹੀ ਹੈ। ਗੁਰੂ ਨਾਨਕ ਤਾਂ ਪ੍ਰਭੂ-ਪ੍ਰੀਤਮ ਦਾ ਜਸ ਗਾਇਨ ਕੀਤਾ ਹੈ। ਅਸੀਂ ਇਹ ਤਾਂ ਨਹੀਂ ਜਾਣਦੇ ਕ ਗੁਰੂ ਨਾਨਕ ਦਾ ਪ੍ਰਭੂ-ਪ੍ਰੀਤਮ ਕੌਣ ਹੈ ਤੇ ਕਿਸ ਨੂੰ ਉਹ ਇਨਾਂ ਪਿਆਰ ਰਦੇ ਹਨ ? ਪਰ ਅਸੀਂ ਇਹ ਗੱਲ ਜ਼ਰੂਰ ਜਾਣਦੇ ਹਾਂ ਕਿ ਗੁਰੂ ਜੀ ਨੇ ਗਗਨ ਡਲ ਨੂੰ ਥਾਲ ਬਣਾ ਲਿਆ ਹੈ ਤੇ ਇਸ ਵਿਚ ਤਾਰਿਆਂ ਦੇ ਮੋਤੀ ਧਰੇ ਹਨ, ਨ ਤੇ ਸੂਰਜ ਦੇ ਦੀਪਕ ਜਗ ਰਹੇ ਹਨ, ਇਸ਼ਟ-ਦੇਵ ਦੀ ਆਰਤੀ ਉਤਾਰਨ ਈ ਇਸ ਸਮੱਗਰੀ ਨਾਲ ਗੁਰੂ ਜੀ ਆਪਣੇ ਪ੍ਰਭੂ-ਪ੍ਰੀਤਮ ਦੀ ਆਰਾਧਨਾ ਕਰ ਹੇ ਹਨ। ਉਸੇ ਪ੍ਰਭੂ-ਪ੍ਰੀਤਮ ਅਗੇ ਉਹ ਇਸ ਗੀਤ ਦੀ ਧੁਨੀ ਨੂੰ ਉਚਾਰ ਰਹੇ ਨ, 'ਮੈਂ ਤੇਰਾ ਹਾਂ, ਮੈਂ ਤੇਰਾ ਹਾਂ' ਅਤੇ ਪਦਾਰਥ ਤੇ ਵਸਤੂਆਂ ਦੇ ਸਾਰੇ ਸੰਸਾਰ ਤੋਲ ਤੋਲ ਕੇ ਪਰੇ ਸੁਟ ਰਹੇ ਹਨ। ਗੁਰੂ ਜੀ ਤਾਂ ਉਸ ਪ੍ਰਭੂ-ਪ੍ਰੀਤਮ ਨੂੰ ਜਾਣਦੇ ਨ, ਜਿਸ ਨੂੰ ਅਸੀਂ ਨਹੀਂ ਜਾਣਦੇ। ਗੁਰੂ ਜੀ ਦਾ ਫੁਰਮਾਨ ਹੈ, "ਪਉਣ, ਪਾਣੀ, ਸੰਤਰ ਸਭ ਉਸ ਦਾ ਗਾਇਨ ਕਰ ਰਹੇ ਹਨ।" ਗੁਰੂ ਜੀ ਨੂੰ ਤਾਂ ਵਣਾਂ ਦੇ ੁਛਾਂ ਦੇ ਪੱਤੇ ਵੀ ਪ੍ਰਭੂ ਦਾ ਨਾਮ ਜਪਦੇ ਸੁਣਾਈ ਦੇ ਰਹੇ ਹਨ।

ਅਸੀਂ ਸਚੀ-ਮੁਚੀ ਗੁਰੂ ਜੀ ਦੇ ਪ੍ਰਭੂ-ਪ੍ਰੀਤਮ ਬਾਰੇ ਨਹੀਂ ਜਾਣਦੇ, ਪਰ ਰੂ ਨਾਨਕ ਜੀ ਇਕ ਪ੍ਰਚਾਰਕ ਦੀ ਨਿਆਈਂ ਸਾਨੂੰ ਉਸ ਨੂੰ ਜਾਣਨ ਲਈ ਨਹੀਂ ਾਖਦੇ। ਗੁਰੂ ਜੀ ਦੀ ਪ੍ਰਗੀਤਮਈ ਪ੍ਰਕ੍ਰਿਤੀ ਵਿਚ ਪ੍ਰਭੂ-ਪ੍ਰੀਤਮ ਬਾਰੇ ਪ੍ਰਚਾਰ ਰਨ ਦੀ ਪ੍ਰਕ੍ਰਿਤੀ ਦਾ ਆਭਾਵ ਹੈ। ਉਹ ਤਾਂ ਸਾਨੂੰ ਆਪਣੇ ਸ਼ਬਦ ਦੀ ਧੁਨੀ ੈਂ ਤੇਰਾ ਹਾਂ, ਮੈਂ ਤੇਰਾ ਹਾਂ' ਰਾਹੀਂ ਸਾਡੀ ਆਤਮਾ ਦੀ ਮਿੱਠਤ ਤੋਂ ਜਾਣੂੰ ਰਵਾਉਂਦੇ ਹਨ। ਇਹ ਸ਼ਬਦ ਧੁਨੀ ਕਦੇ ਕਿਸੇ ਰੂਪ ਵਿਚ ਤੇ ਕਦੀ ਕਿਸੇ ਰੂਪ ਚ, ਕਦੇ ਕਿਸੇ ਘੱਟਕ ਰਾਹੀਂ ਤੇ ਕਦੇ ਕਿਸੇ ਅੰਸ਼ ਵਿਚ ਸਾਡੀ ਆਤਮਾ ਵਿਚ ੂੰਜਦੀ ਹੈ। ਇਸ ਦੀ ਹੋਂਦ ਤੋਂ ਬਿਨਾਂ ਸਾਡਾ ਜਿਉਂਦਾ ਰਹਿਣਾ ਅਸੰਭਵ ਹੈ। 'ਮੈਂ ਰਾ ਹਾਂ, ਮੈਂ ਤੇਰਾ ਹਾਂ' ਇਹ ਤਾਂ ਆਤਮਾ ਦੀ ਆਵਾਜ਼ ਹੈ ਤੇ ਇਹ ਸਾਡੀ ਾਤਮਾ ਨਾਲੋਂ ਵੀ ਵਧੇਰੇ ਆਕਰਸ਼ਕ ਹੈ। ਇਸ ਦਿਲਰੁਬਾ ਉਤੇ ਅਨੰਤ ਸੰਗੀਤ ੀਆਂ ਧੁਨੀਆਂ ਦੀ ਝੁਣਕਾਰ ਦੀ ਥਰਥਰਾਹਟ ਬੜੀ ਮਹੱਤਵਪੂਰਨ ਹੈ। ਇਹ ੈਂ ਤੇਰਾ ਹਾਂ, ਮੈਂ ਤੇਰਾ ਹਾਂ' ਦਾ ਸੰਗੀਤ ਆਤਮਾ ਦਾ ਗੀਤ ਹੈ ਤੇ ਪ੍ਰੀਤ ਦੇ ਸ ਮੌਨ ਗੀਤ ਵਿਚ ਮਹੱਤਵਪੂਰਨ ਰਹੱਸ ਵਿਦਮਾਨ ਹੈ। ਅਸੀਂ ਇਸ ਸੰਗੀਤ ੀ ਮਨੋਦਸ਼ਾ ਦਾ ਉਸ ਸਮੇਂ ਅਨੁਭਵ ਕਰ ਸਕਦੇ ਹਾਂ, ਜਦੋਂ ਕੋਈ ਬਾਲ ਆਪਣੀ ਂ ਨੂੰ ਯਾਦ ਕਰਕੇ ਪੁਕਾਰ ਰਿਹਾ ਹੁੰਦਾ ਹੈ ਕਿ 'ਮੈਂ ਤੇਰਾ ਹਾਂ, ਮੈਂ ਤੇਰਾ ਹਾਂ' ਂ ਜਦੋਂ ਕੋਈ ਪ੍ਰੇਮੀ ਆਪਣੀ ਪ੍ਰੇਮਿਕਾ ਨੂੰ ਚਿਤਵ ਕੇ ਇਹ ਕਹਿ ਰਿਹਾ ਹੁੰਦਾ ਕਿ 'ਮੈਂ ਤੇਰਾ ਹਾਂ, ਮੈਂ ਤੇਰਾ ਹਾਂ'।

ਕੁਝ ਤਾਂ ਸੱਪ ਵਾਂਗ ਫੁੰਕਾਰੇ ਮਾਰ ਕੇ ਵਿਸ਼ੇ-ਵਾਸਨਾ ਭਰਪੂਰ ਦੁਖਾਂ ਭਰਿਆ ਜੀਵਨ ਗੁਜ਼ਾਰ ਰਹੇ ਹਨ ਤੇ ਇਸੇ ਵਿਚ ਮਸਤ ਹਨ। ਰੋਗੀ ਵਿਅਕਤੀ ਤਾਂ ਚੀਤੇ ਵਰਗਾ ਜੀਵਨ ਗੁਜ਼ਾਰ ਸਕਦਾ ਹੈ, ਪਰ ਕੋਈ ਵੀ ਵਿਅਕਤੀ ਜੀਵਨ ਦੀ ਇਸ ਸਾਧਾਰਨ ਸੁੰਦਰਤਾ ਵਿਚ ਵਿਚਰ ਕੇ ਅਜਿਹੇ ਗੀਤ ਤੋਂ ਬਿਨਾਂ ਨਹੀਂ ਰਹਿ ਸਕਦਾ, ਜਿਸ ਵਿਚ ਉਹ ਇਹੋ ਧੁਨੀ ਹੀ ਅਲਾਪਦਾ ਹੈ 'ਮੈਂ ਤੇਰਾ ਹਾਂ, ਮੈਂ ਤੇਰਾ ਹਾਂ'। ਭਾਵੇਂ ਉਹ ਇਹ ਗੱਲ ਪ੍ਰਮਾਤਮਾ ਨੂੰ ਸੰਬੋਧਨ ਕਰਕੇ ਕਹਿ ਰਿਹਾ ਹੋਵੇ ਜਾਂ ਕਿਸੇ ਮਨੁੱਖ ਨੂੰ। ਇਹ ਗੱਲ ਵਿਸ਼ੇਸ਼ ਅਰਥ ਨਹੀਂ ਰਖਦੀ।

ਜਿਵੇਂ ਗੁਰੂ ਜੀ ਆਪਣੀ ਬਾਣੀ ਵਿਚ ਨਾਮ ਤੇ ਸਿਮਰਨ ਬਾਰੇ ਉਪਦੇਸ਼ ਦਿੰਦੇ ਹੋਏ ਕਹਿੰਦੇ ਹਨ ਅਤੇ ਆਤਮਾ ਦੀ ਮਧੁਰ ਪ੍ਰਵਿਰਤੀ ਬਾਰੇ ਕਥਨ ਕਰਦੇ ਹਨ ਜੋ ਪ੍ਰਗੀਤਕ ਰੂਪ ਵਿਚ ਉਚਾ ਪ੍ਰਭੂ ਵਲ ਉਠ ਰਹੀ ਹੈ, ਤਿਵੇਂ ਹੀ ਉਹਨਾਂ ਦੇ ਇਸ ਗੀਤ 'ਮੈਂ ਤੇਰਾ ਹਾਂ, ਮੈਂ ਤੇਰਾ ਹਾਂ' ਦੀ ਪ੍ਰਕ੍ਰਿਤੀ ਵੀ ਅਜਿਹੀ ਹੀ ਹੈ। 'ਮੈਂ ਤੇਰਾ ਹਾਂ' ਤਾਂ ਇਕ ਭਾਵਨਾਮਈ ਦਸ਼ਾ ਹੈ, ਇਕ ਸੱਚਾ ਗਿਆਨ ਹੈ ਜੋ ਮਨੁੱਖ ਨੂੰ ਆਪਣੇ ਮੂਲ ਅਸਲੇ ਪ੍ਰਤੀ ਸਦੀਵੀ ਤੌਰ 'ਤੇ ਸੁਹਿਰਦ, ਸੱਚਾ, ਪਵਿੱਤਰ ਅਤੇ ਸਮਰਪਿਤ ਬਣਾ ਦਿੰਦਾ ਹੈ। ਇਕ ਵੀ ਸੁਆਸ ਅਕਾਰਥ ਗੁਆਉਣ ਤੋਂ ਬਿਨਾਂ ਉਹ ਸਦੀਵੀ ਤੌਰ 'ਤੇ ਆਪਣੇ ਆਪ ਨੂੰ ਸਮਰਪਿਤ ਕਰ ਦਿੰਦਾ ਹੈ। ਇਸ ਵਿਚ ਵਿਚਰ ਕੇ ਉਹ ਭਾਵਨਾਵਾਂ ਵਿਚ ਥਰਥਰਾ ਰਿਹਾ ਹੁੰਦਾ ਹੈ। ਗੁਰੂ ਜੀ ਕਹਿੰਦੇ ਹਨ, ਇਹੋ ਹੀ ਸੱਚ ਹੈ।

ਗੁਰੂ ਨਾਨਕ ਦੇ ਇਸ ਸੰਗੀਤ ਦਾ ਗੁਰੂ ਗੋਬਿੰਦ ਸਿੰਘ ਜੀ ਸਿਖਰ ਹਨ। ਉਹਨਾਂ ਦੀ ਸਾਰੀ ਆਤਮਾ ਜੀਵਨ ਦੀ ਸੁਤੰਤਰਤਾ ਦੇ ਸੂਹੇ ਗੀਤ ਵਿਚ ਭਾਂਬੜ ਹਾਰ ਮਚ ਉਠਦੀ ਹੈ ਅਤੇ ਆਪ ਉਸ ਸਮੇਂ ਆਪਣੀ ਪ੍ਰਾਰਥਨਾ ਵਿਚ ਮਗਨ ਹੁੰਦੇ ਹਨ, ਜਦੋਂ ਕਿ ਸੂਰਜ ਦੇ ਚਮਕਾਰ ਵਿਚ ਤੇਗਾਂ ਦੀਆਂ ਸਹੰਸਰ ਧਾਰਾਂ ਚਮਕ ਰਹੀਆਂ ਹੁੰਦੀਆਂ ਹਨ। ਜਦੋਂ ਗੁਰੂ ਜੀ ਜੂਝ ਮਰਨ ਦੀ ਪ੍ਰਤਿਗਿਆ ਕਰਦੇ ਹਨ ਤਾਂ ਉਹਨਾਂ ਦਾ ਇਹ ਯੁਧ ਦਾ ਬੀਰ ਗਾਨ ਭਾਵਨਾਵਾਂ ਦੇ ਤੀਖਣ ਪ੍ਰਗਟਾਉ ਦਾ ਰੂਪ ਧਾਰਨ ਕਰ ਲੈਂਦਾ ਹੈ। ਗੁਰੂ ਨਾਨਕ ਦੀ ਨਿਆਈਂ ਗੁਰੂ ਗੋਬਿੰਦ ਸਿੰਘ ਵੀ ਸੂਖਮ ਰੂਪ ਵਿਚ ਗੁਰੂ ਨਾਨਕ ਦੇਵ ਦੇ ਮਨੁੱਖ ਨੂੰ ਬੰਧਨ-ਮੁਕਤ ਕਰਨ ਦੇ ਵਿਚਾਰ ਦੀ ਹੀ ਪੂਰਤੀ ਕਰ ਰਹੇ ਹੁੰਦੇ ਹਨ। ਇਹ ਸਭ ਕੁਝ ਇਸ ਚਮਕਦੇ ਗੀਤ ਦੁਆਰਾ ਹੀ ਸਿਰਜਿਆ ਗਿਆ ਸੀ ਜਿਸ ਦੀ ਪ੍ਰਧਾਨ ਧੁਨੀ 'ਮੈਂ ਤੇਰਾ ਹਾਂ, ਮੈਂ ਤੇਰਾ ਹਾਂ' ਹੈ। ਇਹ ਨਹੀਂ ਕਿਹਾ ਜਾ ਸਕਦਾ ਕਿ ਉਹਨਾਂ ਦੇ ਪੈਰੋਕਾਰਾਂ ਜੋ ਹੁਣ ਖਿੰਡਰੇ-ਪੁੰਡਰੇ ਹਨ, ਜਿਨ੍ਹਾਂ ਉਤੇ ਜਬਰ ਢਾਹੇ ਗਏ ਹਨ ਤੇ ਜੋ ਹੁਣ ਗਰੀਬ ਕਿਰਤੀ ਹਨ, ਦੇ ਸੀਨਿਆਂ ਵਿਚੋਂ ਇਸ ਗੀਤ ਦੀ ਧੁਨੀ ਮੁੜ ਉਭਰੇਗੀ ਜਾਂ ਨਹੀਂ। ਪਰ ਧਰਤ ਪਾਟ ਜਾਵੇਗੀ ਅਤੇ ਬ੍ਰਿਛਾਂ ਦੀਆਂ ਕਾਲੀਆਂ ਹੱਡੀਆਂ ਵਿਚੋਂ ਇਕ ਅਦਭੁਤ ਰਹੱਸ ਦੀ ਨਿਆਈਂ ਬਹਾਰ ਰੁੱਤ ਦਾ ਆਗਮਨ ਹੋਵੇਗਾ। ਮਨੁੱਖ ਦੀ ਮੁਕਤੀ ਦਾ ਇਹ ਗੁਰੂ ਦਾ ਗੀਤ ਹਰ ਮਨੁੱਖੀ ਹਿਰਦੇ ਵਿਚੋਂ ਪ੍ਰਵਾਹਿਤ ਹੋਵੇਗਾ ਅਤੇ ਸਾਰਾ ਸੰਸਾਰ ਇਸ ਨੂੰ ਜਾਣ ਜਾਵੇਗਾ ਤੇ ਗੁਰੂ ਨਾਨਕ ਦੇ ਇਸ ਮਹਾਨ

ਦਾ ਸਮੂਹ ਗਾਨ ਦੇ ਰੂਪ ਵਿਚ ਗਾਇਨ ਕਰੇਗਾ ਕਿ 'ਮੈਂ ਤੇਰਾ ਹਾਂ, ਮੈਂ ਹਾਂ'। ਇਸ ਧਰਤੀ ਦਾ ਮਨੁੱਖੀ ਜੀਵਨ ਜਿੰਨੀਆਂ ਸਿਖ਼ਰਾਂ ਨੂੰ ਛੂਹੇਗਾ, ;ੀਆਂ ਹੀ ਅਗਿਆਤ ਅਨੰਤ ਵਿਚ ਇਸ ਦੀਆਂ ਜੜ੍ਹਾਂ ਹੋਰ ਡੂੰਘੀਆਂ ਗਡੀਆਂ ਗੀਆਂ। ਇਹ ਸੁੰਦਰ, ਮਧੁਰ, ਪ੍ਰਗੀਤਕ, ਨਿਰੰਤਰ ਭਾਵਨਾਵਾਂ ਚਾਂਦੀ ਰੰਗੇ ਦੀ ਨਿਆਈਂ ਜੀਣ-ਥੀਣ ਦੀ ਖ਼ੁਸ਼ੀ ਵਿਚ ਪ੍ਰਵਾਹਿਤ ਹੋ ਜਾਣਗੀਆਂ। ਇਹ ਾਵਾਂ ਦੀ ਸ਼ੁਧ ਮਨੁੱਖਤਾ ਗੁਰੂ ਜੀ ਦੀ ਭਵਿੱਖ ਦੀ ਮਾਨਵਤਾ ਹੋਵੇਗੀ। ਇਸ ਗੁਰੂ ਦੇ 'ਸਤਿ ਸ੍ਰੀ ਅਕਾਲ', ਨਿਰੰਕਾਰ ਦੇ ਬੋਲ ਅਨੰਤ ਵਿਚ ਘੁਲ ਮਿਲ ਗੇ।

ਗਰੀਬਾਂ ਤੇ ਬੇਸਹਾਰਿਆਂ ਦੀ ਸਹਾਇਤਾ ਕਰਨਾ ਸੱਚੀ ਈਸਾ ਭਗਤੀ ਸੱਚੀ ਮੁਕਤੀ, ਨਾਮ ਸਿਮਰਨ ਤੇ ਗੁਰੂ ਨਾਨਕ ਦੇ 'ਮੈਂ ਤੇਰਾ ਹਾਂ, ਮੈਂ ਹਾਂ' ਦੇ ਗੀਤ ਦੀ ਭਾਵਨਾ ਵਿਚ ਹੈ। ਸੱਚੀ-ਮੁਚੀ ਇਹ ਉਸ ਧਰਮ ਨਾਲੋਂ ਸਚਿਆਰਾ ਤੇ ਉਚੇਰਾ ਹੈ, ਜਿਸ ਵਿਚ ਕਿ ਕੋਈ ਮਨੁੱਖ ਸਾਰਾ ਜੀਵਨ ਦੀਆਂ ਸਰਵੋਤਮ ਧਰਮ ਪੁਸਤਕਾਂ ਦੇ ਉਚੇ ਉਚੇ ਉਚਾਰਨ ਤੇ ਰੀਤੀ-ਬਧ ਨਾਲ ਖਾਲੀ ਬੋਲਣ ਉਤੇ ਹੀ ਲਗਾ ਦਿੰਦਾ ਹੈ ਅਤੇ ਇਸੇ ਤਰ੍ਹਾਂ ਸਿਧਾਂਤਕ 'ਤੇ ਕਿਸੇ ਅਖੌਤੀ ਵਿਸ਼ਵ-ਪ੍ਰੇਮ ਦੀ ਧਾਰਨਾ ਨੂੰ ਉਸਾਰਦਾ ਰਹਿੰਦਾ ਹੈ। ਦਾ ਫੁੱਲ ਤਾਂ ਸਰੀਰ ਦੇ ਹਰ ਰੋਮ ਵਿਚੋਂ ਖਿੜਦਾ ਹੈ। ਇਸ ਦੀ ਸੁਤੰਤਰ ਗੀ ਤਾਂ ਦਿਲਰੁਬਾ ਵਿਚੋਂ ਨਿਕਲੀ ਸੰਗੀਤ ਦੀ ਝੁਣਕਾਰ ਵਾਂਗ ਬਾਹਰ ਦੀ ਹੈ। ਮਨੁੱਖ ਹੀ ਆਪਣੀ ਮਿੱਠੀ ਮਾਨਵੀ ਅਪਣਤ ਵਿਚ ਮਹਾਨ ਪ੍ਰੇਮ ਅਗੇ ਤੁਰਦਾ ਹੈ ਤੇ ਇਹੋ ਹੀ ਵਿਸ਼ਵ ਵਿਆਪੀ ਸੁੰਦਰਤਾ ਦਾ ਰੂਪ ਧਾਰਨ ਕਰ ਹੈ। ਭਾਵੇਂ ਇਹ ਮਾਰਗ ਬੜਾ ਕਠਿਨ ਹੈ, ਪਰ ਪ੍ਰੀਤ ਦੀ ਪ੍ਰੇਰਨਾ ਇਸ ਾਹੀ ਮਾਰਗ ਬਣਾ ਦਿੰਦੀ ਹੈ। ਸਾਰੀ ਸ੍ਰਿਸ਼ਟੀ ਦੇ ਦਿਲ ਵਿਚ ਸਮਾ ਜਾਣ ਇਹ ਪ੍ਰੇਮ ਦਾ ਮਾਰਗ ਹੈ। ਆਪਣੇ ਮੂਲ ਨਾਲ ਜੁੜਿਆ ਹੋਇਆ ਅਤੇ ਣੇ ਬ੍ਰਿਛ ਦੀ ਮਟਕ ਸਮਾਨ ਮਨੁੱਖ ਆਪਣੀ ਜੀਵਨ ਦੀ ਮਧੁਰਤਾ ਤੇ ਤਿਆਗ ਤਰਨ ਵਿਚ ਵਿਸ਼ਵ-ਵਿਆਪੀ ਰੂਪ ਧਾਰਨ ਕਰ ਜਾਂਦਾ ਹੈ। ਉਸ ਦੇ ਹਿਰਦੇ ਚਸ਼ਮਾ ਕਲ ਕਲ ਕਰ ਰਿਹਾ ਹੈ, ਉਸ ਦੀ ਆਤਮਾ ਦੀ ਨਦੀ ਵਿਚ ਨਾਮ ਸੰਗੀਤਕ ਪ੍ਰਵਾਹ ਜਾਰੀ ਹੈ, ਉਸ ਦਾ ਰੋਮ ਰੋਮ ਅਨੰਦ ਵਿਭੋਰ ਹੈ, ਉਸ ਵੇਅਕਤੀਤਵ ਤਾਂ ਦਾਤਾਰ ਵਾਲਾ ਮਨੋਹਰ ਹੋ ਜਾਂਦਾ ਹੈ, ਉਸ ਦੀ ਦਸ਼ਾ ਤਾਂ ਾਂ ਧੌਲਾਧਾਰ ਪਰਬਤਾਂ ਸਮਾਨ ਹੁੰਦੀ ਹੈ, ਜਿਸ ਦੀ ਆਤਮਾ ਵਿਚ ਛੁਪਿਆ ਆ ਮਿਕਨਾਤੀਸ ਆਲੇ-ਦੁਆਲੇ ਦੇ ਸਾਰੇ ਵਾਤਾਵਰਣ ਨੂੰ ਆਕਰਸ਼ਿਤ ਕਰਦਾ ਇਹ ਹੈ ਸਿੱਖ ਦਾ ਸਰੂਪ ਤੇ ਉਸ ਸ਼ਾਨਦਾਰ ਮਨੁੱਖਤਾ ਦਾ ਆਦਰਸ਼ ਜਿਸ ਦਸ ਗੁਰੂ ਸਾਹਿਬਾਨ ਨੇ ਆਪਣੀ ਅਰਸ਼ੀ ਬਾਣੀ ਵਿਚ ਸਿਰਜਣ ਲਈ ਧਨਾ ਕੀਤੀ ਹੈ।

# ਕਰਮ ਦਾ ਨੇਮ

ਜੇਤੂ ਆਰੀਆਂ ਨੇ ਭਾਰਤ ਵਿਚ ਜਿਹੜਾ ਭਿਅੰਕਰ ਅਪਰਾਧ ਕੀਤਾ; ਮਨੁੱਖਾਂ ਤੇ ਜਾਨਵਰਾਂ ਨੂੰ ਜਿਹੜਾ ਦੁਖਦਾਈ ਕਸ਼ਟ ਦਿਤਾ, ਮਨੁੱਖੀ ਹੈਵਾਨਾਂ ਵਹਿਸ਼ੀਪੁਣੇ ਦੇ ਇਹਨਾਂ ਅਤਿਆਚਾਰਾਂ ਵਿਰੁਧ ਇਕ ਪੁਨੀਤ ਵਿਦਰੋਹ ਦੀ ਨੈਤਿ ਭਾਵਨਾ ਉਤਪੰਨ ਹੋਈ। ਧਰਮ ਨੂੰ ਇਸ ਤਰ੍ਹਾਂ ਬਣਾ ਦਿਤਾ ਗਿਆ ਅਤੇ ਦੇਵਤਿ ਨੂੰ ਪ੍ਰਸੰਨ ਕਰਨ ਲਈ ਪਸ਼ੂ-ਬਲੀ ਦੀ ਪ੍ਰਥਾ ਨੂੰ ਧਾਰਮਿਕ ਤੌਰ 'ਤੇ ਪ੍ਰਵਾਨ ਕੀ ਗਿਆ। ਪਸ਼ੂ ਬਲੀ ਦੀ ਇਹ ਰੀਤੀ ਹਾਲੀਂ ਵੀ ਕੁਝ ਖੇਤਰਾਂ ਵਿਚ ਪ੍ਰਚਲਤ ਹਿੰਦੂਆਂ ਵਿਚ ਕਾਲੀ ਪੂਜਾ ਅਤੇ ਭਾਰਤ ਦੇ ਅੱਲਾ ਪੂਜ ਮੁਸਲਮਾਨ ਹਾਲੀਂ ਪਸ਼ੂ ਬਲੀ ਜਾਂ ਕੁਰਬਾਨੀ ਨੂੰ ਪਵਿੱਤਰ ਧਾਰਮਿਕ ਕਰਮ ਮੰਨਣ ਦਾ ਹੱਠ ਕਰ ਹਨ। ਕਟੜਪੰਥੀ ਪ੍ਰਚਾਰਕ ਹਾਲੀਂ ਵੀ ਅਜਿਹੀ ਆਚਾਰ-ਸੰਘਤਾ ਦਾ ਪ੍ਰਚ ਕਰਦੇ ਹਨ। ਦਇਆ ਦੇ ਚਾਨਣ ਨੇ ਹਾਲੀਂ ਉਹਨਾਂ ਦੇ ਹਿਰਦਿਆਂ ਅੰਦ ਪ੍ਰਵੇਸ਼ ਨਹੀਂ ਕੀਤਾ। ਮਨੁੱਖ ਦੇ ਸਰੀਰ ਵਿਚੋਂ ਇਸ ਰਸੌਲੀ ਨੂੰ ਕਢਣ ਲਈ ਨੀ ਰੂਪ ਵਿਚ ਬੁਧ ਨੇ ਕਰਮ ਦੇ ਨੇਮ ਦਾ ਐਲਾਨ ਕੀਤਾ। ਉਸ ਸਮੇਂ ਤੋਂ ਹੀ ਇ ਸਿਧਾਂਤ ਜਾਂ ਨੇਮ ਵਿਸ਼ਵ-ਵਿਆਪੀ ਚਰਚਾ ਦਾ ਵਿਸ਼ਾ ਬਣ ਗਿਆ ਹੈ ਅਤੇ ਇ ਨੂੰ ਪ੍ਰਵਾਨ ਵੀ ਕੀਤਾ ਗਿਆ ਹੈ। ਬਹੁਤ ਸਾਰੀਆਂ ਕੌਮਾਂ ਦੀ ਕਵਿਤਾ, ਧਰ ਅਤੇ ਕਲਾ ਵਿਚ ਇਸ ਨੇਮ ਦੀ ਅਭੀਵਿਅਕਤੀ ਹੋਈ ਹੈ। ਇਹਨਾਂ ਦੇਸ਼ਾਂ ਦੀ ਭਾਸ਼ਾਵਾਂ ਵਿਚ ਇਸ ਸੰਬੰਧੀ ਕਈ ਮੁਹਾਵਰੇ ਤੇ ਅਖੌਤਾਂ ਪ੍ਰਚਲਤ ਹੋਈਆਂ ਹਨ ਇਸ ਨੂੰ ਮਨੁੱਖੀ ਚੇਤੰਨਤਾ ਵਿਚ ਉਕਰਨ ਲਈ ਸਾਹਿਤ ਵਿਚ ਹਜ਼ਾਰਾਂ ਕ ਕਹਾਣੀਆਂ ਪ੍ਰਕਾਸ਼ਿਤ ਤੇ ਪ੍ਰਸਾਰਿਤ ਕਰਨ ਦਾ ਯਤਨ ਕੀਤਾ ਗਿਆ ਹੈ। ਅਜੋ ਸਮੇਂ ਤਾਂ ਕੋਈ ਵੀ ਧਰਮ ਉਪਦੇਸ਼ ਇਸ ਕਰਮ ਦੇ ਨੇਮ ਦੀ ਵਿਆਖਿਆ ਬਿਨਾਂ ਸੰਪੂਰਨ ਨਹੀਂ ਸਮਝਿਆ ਜਾਂਦਾ। ਹਜ਼ਰਤ ਈਸਾ ਨੇ ਕਰਮ ਦੇ ਬੰਧਨ ਤੋੜ ਕੇ ਆਤਮਾ ਨੂੰ ਸੁਰਖ਼ਰੂ ਕਰ ਦਿਤਾ। ਗੁਰੂ ਨਾਨਕ ਦੇਵ ਜੀ ਦਾ ਵੀ ਫ਼ੁਰਮਾ ਹੈ ਕਿ ਰਖਣਹਾਰ ਪ੍ਰਭੂ ਦੀ ਸ਼ਰਨ ਵਿਚ ਗੁਰਮੁਖ ਨੂੰ ਇਹ ਕਰਮ ਕੋਈ ਦੁ ਨਹੀਂ ਪੁਚਾ ਸਕਦੇ। ਗੁਰੂ ਜੀ ਤੇ ਪ੍ਰਭੂ ਯਸੂ ਦੋਵੇਂ ਹੀ ਇਸ ਗੱਲ ਵ ਸੰਕੇਤ ਕਰਦੇ ਹਨ ਕਿ ਦੈਵੀ ਬਖ਼ਸ਼ਿਸ਼ ਜਾਂ ਰੱਬੀ ਮਿਹਰ ਦੁਆਰਾ ਇਸ ਤੋਂ ਮੁਕ ਮਿਲ ਜਾਂਦੀ ਹੈ ਤੇ ਪ੍ਰਭੂ ਵਲੋਂ ਵਿਰੋਸਾਏ ਮਹਾਂਪੁਰਖਾਂ ਦੇ ਚਰਨ ਕੰਵਲਾਂ ਸਦ ਕਰਮਾਂ ਦਾ ਚਕਰ ਟੁੱਟ ਜਾਂਦਾ ਹੈ। ਬੁਧ ਵੀ ਉਹਨਾਂ ਦੀ ਮੁਕਤੀ ਦਾ ਵਚ ਦਿੰਦੇ ਹਨ, ਜਿਹੜੇ ਸ਼ੁਭ ਅਮਲਾਂ ਜਾਂ ਕਰਮਾਂ ਦੁਆਰਾ ਨਿਰਵਾਣ ਦੀ ਪਰ ਸੁੰਦਰਤਾ ਨੂੰ ਪ੍ਰਾਪਤ ਕਰ ਲੈਂਦੇ ਹਨ। ਕਾਰਲਾਇਲ ਦੇ ਮਤ ਅਨੁਸਾਰ ਹਜ਼ਰ ਮੁਹੰਮਦ ਵੀ ਨਰਕ ਤੇ ਸੁਰਗ ਦੇ ਆਪਣੇ ਸੰਕਲਪਾਂ ਦੁਆਰਾ ਇਸੇ ਨੇਮ ਦਾ

ਕ ਕਰਦੇ ਹਨ।

ਅਜੋਕੇ ਸਮੇਂ ਇਹ ਕਰਮ ਦਾ ਨੇਮ ਹੀ ਨੈਤਿਕਤਾ ਦਾ ਵਿਵੇਕਸ਼ੀਲ ਾਰ ਪ੍ਰਤੀਤ ਹੁੰਦਾ ਹੈ। ਇਹੀ ਉਹ ਆਕਾਸ਼ੀ-ਤੱਤ ਹੈ ਜਿਸ ਦੁਆਰਾ ਮਨੁੱਖ ਨੈਤਿਕ ਵਿਚਾਰ ਕਾਰਜ ਕਰਦਾ ਹੈ। ਇਹੋ ਹੀ ਠੀਕ ਨੈਤਿਕ ਆਚਰਣ ਦੀ ਆਦ ਹੈ। ਇਹੋ ਹੀ ਮਨੁੱਖਤਾ ਦੀ ਨੈਤਿਕ ਪ੍ਰਗਤੀ ਦੀ ਆਤਮਾ ਹੈ।

ਸਾਕਿਆ ਮੁਨੀ ਦਾ ਕਰਮ ਦਾ ਨੇਮ ਪ੍ਰੇਰਨਾ ਜਗਾਊ ਤੇ ਮਧੁਰ ਮਾਨਵਤਾ ਸਿਰਜਕ ਹੈ। ਇਹ ਤਾਂ ਉਹਨਾਂ ਉਚੇ ਪਰਬਤਾਂ ਨੂੰ ਸਰ ਕਰਨ ਸਮਾਨ ਹੈ ਅਰਸ਼ੀ ਸੁੰਦਰਤਾ ਦੇ ਦਰਸ਼ਨ ਹੁੰਦੇ ਹਨ। ਜਦੋਂ ਗੁਰੂ ਜੀ ਕਰਮ ਦੇ ਨੇਮ ਗੱਲ ਕਰਦੇ ਹਨ ਤਾਂ ਉਹ ਵਿਸ਼ੇਸ਼ ਤੌਰ 'ਤੇ ਮਨੁੱਖ ਦੇ ਉਹਨਾਂ ਸ਼ੁਭ ਯਤਨਾਂ ਬਲ ਦਿੰਦੇ ਹਨ, ਜਿਨ੍ਹਾਂ ਦੁਆਰਾ ਉਹ ਪ੍ਰੌੜ੍ਹ ਰੱਬਤਾ ਤਕ ਪੁਜਦਾ ਹੈ। ਇਹ ਸਹਿਜ ਰੂਪ ਵਿਚ ਉਚੇਰਾ ਉਠਣ ਵਾਲੇ ਜੀਵਨ ਦਾ ਵਿਕਾਸ ਹੈ।

ਪਰ ਜਿਸ ਤਰ੍ਹਾਂ ਪ੍ਰਬੀਨ ਬ੍ਰਾਹਮਣ ਇਸ ਕਰਮ ਸਿਧਾਂਤ ਦੀ ਵਿਆਖਿਆ ਦੇ ਹਨ, ਉਸ ਨਾਲ ਤਾਂ ਜਾਤ-ਪਾਤ ਦੀ ਪ੍ਰਥਾ ਨੂੰ ਨਿਆਏ ਉਚਿਤ ਸਿਧ ਕੀਤਾ ਾ ਹੈ। ਵਖ ਵਖ ਸਮਾਜਕ ਤੇ ਰਾਜਸੀ ਪਦਵੀਆਂ ਜੋ ਕਿਸੇ ਵਿਅਕਤੀ ਨੂੰ ਮਨੁੱਖੀ ਸਮਾਜ ਵਿਚ ਪ੍ਰਾਪਤ ਹਨ, ਉਸ ਦਾ ਆਧਾਰ ਪਿਛਲੇ ਜਨਮ ਦੇ ਾਂ ਨੂੰ ਦਸਿਆ ਜਾਂਦਾ ਹੈ। ਇਹ ਜੀਵਨ ਦੇ ਨੈਤਿਕ ਮਾਰਗ ਨੂੰ ਨਿਰਧਾਰਿਤ ਕਰਦਾ, ਸਗੋਂ ਇਹ ਤਾਂ ਮਨੁੱਖ ਦੇ ਸਰੀਰਕ ਤੇ ਸਦਾਚਾਰਕ ਕਸ਼ਟਾਂ ਨੂੰ ਵਿਅਕਤੀ ਦੇ ਕੀਤੇ ਕਰਮਾਂ ਉਤੇ ਨਿਰਭਰ ਕਰ ਸਕਣ ਦਾ ਸਿਧਾਂਤ ਹੈ। ਅਨੁਸਾਰ ਇਹ ਗੱਲ ਪ੍ਰਵਾਨ ਕੀਤੀ ਜਾਂਦੀ ਹੈ ਕਿ ਇਕ ਵਿਅਕਤੀ, ਜਿਸ ਸੋਨੇ ਦਾ ਭੰਡਾਰ ਹੈ, ਦੂਜੇ ਵਿਅਕਤੀ, ਜੋ ਕੇਵਲ ਬੁਧੀਵੇਤਾ ਹੈ, ਤੋਂ ਇਸ ਸ੍ਰੇਸ਼ਠ ਹੈ ਕਿਉਂਕਿ ਪਹਿਲੇ ਨੇ ਦੂਜੇ ਨਾਲੋਂ ਵਧੇਰੇ ਚੰਗੇ ਕਰਮ ਕੀਤੇ ਹਨ। ਤਾਂ ਸੁਚੀਆਂ ਨੈਤਿਕ ਕੀਮਤਾਂ ਬਾਰੇ ਸ਼ਰਮਨਾਕ ਕਿਸਮ ਦਾ ਅਗਿਆਨ ਹੈ। ਤਰ੍ਹਾਂ ਜੇ ਇਕ ਬੁਧੀਵੇਤਾ ਧਨਵਾਨ ਵਿਅਕਤੀ ਅਥਵਾ ਬਾਦਸ਼ਾਹ ਨਾਲੋਂ ੋ ਸ੍ਰੇਸ਼ਠ ਹੈ ਤਾਂ ਉਹ ਵੀ ਇਸ ਕਾਰਨ ਹੈ ਕਿ ਉਸ ਦੇ ਕੀਤੇ ਕਰਮ ਦੂਜਿਆਂ ਚੰਗੇਰੇ ਹਨ। ਇਹ ਸਿਧਾਂਤ ਇਸ ਤੱਥ ਨੂੰ ਵੀ ਪ੍ਰਵਾਨ ਕਰਦਾ ਹੈ ਕਿ ਇਸ ਟੀ ਵਿਚ ਵੰਨ-ਸੁਵੰਨਤਾ ਤੇ ਊਚ-ਨੀਚਤਾ ਦੇ ਮੰਦਭਾਗੇ ਵਿਤਕਰੇ ਮੌਜੂਦ ਹਨ, ਾਂ ਦਾ ਆਧਾਰ ਮਨੁੱਖ ਦੇ ਕਰਮ ਹੀ ਹੁੰਦੇ ਹਨ। ਕੁਝ ਵਿਅਕਤੀ ਖ਼ੁਸ਼ ਹਨ ਕੁਝ ਦੁਖੀ। ਇਹ ਸਾਰੇ ਅੰਤਰ ਕਰਮਾਂ ਦੇ ਕਾਰਨ ਹੀ ਹਨ। ਪਰ ਜੇ ਇਸ ਤੇ ਗ਼ਮੀ ਦੇ ਆਧਾਰ ਨੂੰ ਕਿਸੇ ਵਿਅਕਤੀ ਦੇ ਅੰਤਰਮੁਖੀ ਅਰਥਾਤ ਨਿਜੀ ਭਵ ਉਤੇ ਨਿਰਭਰ ਕੀਤਾ ਜਾਵੇ ਤੇ ਇਹ ਸਭ ਕੁਝ ਸ੍ਰਿਸ਼ਟੀ ਦੇ ਸ਼ੁਭ ਨੇਮ ਆਧਾਰਿਤ ਮੰਨਿਆ ਜਾਵੇ ਤਾਂ ਇਹ ਵਿਤਕਰੇ ਤੇ ਅੰਤਰ ਮਿਟ ਜਾਂਦੇ ਹਨ ਹਿੰਦੂਆਂ ਦਾ ਇਹ ਕਰਮ ਸਿਧਾਂਤ ਢਹਿ ਢੇਰੀ ਹੋ ਜਾਂਦਾ ਹੈ, ਪਰ ਹਿੰਦੂਆਂ ਇਹ ਕਰਮ ਸਿਧਾਂਤ ਜੋ ਕਲਪਿਤ ਅੰਤਰਾਂ ਤੇ ਵਖਰੇਵਿਆਂ ਦੀ ਵਿਆਖਿਆ ਦਾ ਹੈ, ਮਨੁੱਖ ਦੇ ਨੈਤਿਕ ਵਿਕਾਸ ਦੀ ਇਛਾ ਨੂੰ ਬਿਲਕੁਲ ਹੀ ਨਿਰਾਰਥਕ

ਬਣਾ ਦਿੰਦਾ ਹੈ। ਇਸ ਤਰ੍ਹਾਂ ਤਾਂ ਮਾਨਵੀ ਦਇਆ ਸਾਂਝੀਵਾਲਤਾ ਤੇ ਭਰਾਤ੍ਰੀਅ ਦੀ ਸ਼ੁਭ ਭਾਵਨਾ ਦਾ ਕੋਈ ਮਹੱਤਵ ਹੀ ਨਹੀਂ ਰਹਿੰਦਾ। ਇਸ ਤਰ੍ਹਾਂ ਤਾਂ ਮ ਦੇ ਇਹ ਸਦਗੁਣ ਮਨੁੱਖ ਦੇ ਆਪਣੇ ਕਰਮਾਂ ਦੇ ਨਿਸ਼ਚਿਤ ਚਕਰ ਉਤੇ ਕੋ ਵੀ ਪ੍ਰਭਾਵ ਨਹੀਂ ਪਾ ਸਕਦੇ। ਜੇ ਸਮਾਜ ਵਿਚ ਕਿਸੇ ਮਨੁੱਖ ਦੀ ਸਮਾਜਕ ਰਾਜਨੀਤਕ ਪਦਵੀ ਕਿਸੇ ਆਪਣੇ ਭਰਾ ਨੂੰ ਸੁਖ ਆਰਾਮ ਨਹੀਂ ਪਹੁੰਚਾ ਸਕ ਕਿਸੇ ਮਨੁੱਖ ਦੀ ਉਚਿਤ ਸਹਾਇਤਾ ਕਰਕੇ ਦੂਜੇ ਮਨੁੱਖ ਦੇ ਕਸ਼ਟਾਂ ਨੂੰ ਨਿਵ ਨਹੀਂ ਕਰ ਸਕਦੀ ਤਾਂ ਉਚੇਰੀ ਨੈਤਿਕਤਾ ਦੇ ਸਾਰੇ ਅਮਲ ਅਰਥਹੀਣ ਹੋ ਜ ਹਨ। ਮਨੁੱਖ ਆਪਣੇ ਅਗਿਆਨ ਕਰਕੇ ਹੀ ਦੁਖ ਨਹੀਂ ਭੋਗਦਾ, ਸਗੋਂ ਦੂਜਿਆਂ ਦੇ ਅਗਿਆਨ ਕਾਰਨ ਵੀ ਦੁਖ ਭੋਗਦਾ ਹੈ। ਇਹ ਕਸ਼ਟ ਕੇਵਲ ਦੇ ਆਪਣੇ ਸੁਆਰਥੀ ਹੋਣ ਕਰਕੇ ਨਹੀਂ ਹੁੰਦੇ, ਸਗੋਂ ਬਹੁਤ ਕਰਕੇ ਦੂਜਿਆਂ ਸੁਆਰਥੀ ਹੋਣ ਕਰਕੇ ਵਾਪਰਦੇ ਹਨ। ਜੋ ਉਸ ਨਾਲੋਂ ਚੰਗੇਰਾ ਗਿਆਨ ਰਖਦੇ ਹੁੰਦੇ, ਪਰ ਜੇ ਦੂਜੇ ਜਿਹੜੇ ਵਧੇਰੇ ਗਿਆਨ ਰਖਦੇ ਹਨ ਤੇ ਇਸ ਵਧੇਰੇ ਜਾਣਦੇ ਹਨ ਕਿ ਕਿਸੇ ਲੋੜਵੰਦ ਦੀ ਸਹਾਇਤਾ ਕਿਵੇਂ ਕਰਨੀ ਹੈ, ਨੂੰ ਆਪਣਾ ਮਿਤਰ ਕਿਵੇਂ ਬਣਾਉਣਾ ਹੈ ਤਾਂ ਇਹ ਸਿਧਾਂਤ ਕਿ ਮਨੁੱਖ ਦੀ ਪਦ ਤੇ ਉਸ ਦੇ ਕਸ਼ਟਾਂ ਦਾ ਕਾਰਨ ਉਸ ਦੇ ਆਪਣੇ ਹੀ ਕਰਮ ਹਨ, ਦਾ ਨਿਸ਼ੇਧ ਹੋ ਜਾਂਦਾ ਹੈ। ਉਚੇਰੀ ਮਾਨਵੀ ਸੰਸਕ੍ਰਿਤੀ ਵਿਚ ਰਾਉ ਤੇ ਰੰਕ, ਪਾਤਸ਼ ਤੇ ਕਿਰਸਾਨ ਸਭ ਬਰਾਬਰ ਦੇ ਭਾਈਵਾਲ ਵਜੋਂ ਸਮਾਨਤਾ ਦੇ ਆਧਾਰ 'ਤੇ ਇ ਦੂਜੇ ਨੂੰ ਮਿਲਦੇ ਹਨ ਅਤੇ ਪਦਵੀ ਕਾਰਨ ਇਹਨਾਂ ਵਿਤਕਰਿਆਂ ਦੀਆਂ ਹੱ ਦੂਰ ਹੋ ਜਾਂਦੀਆਂ ਹਨ। ਮੇਰੇ ਬਹੁਤ ਸਾਰੇ ਕਸ਼ਟ ਮੇਰੇ ਕਰਮਾਂ ਕਾਰਨ ਨ ਸਗੋਂ ਦੂਜਿਆਂ ਦੇ ਕਰਮਾਂ ਕਾਰਨ ਉਤਪੰਨ ਹੋਏ ਹਨ। ਇਸ ਲਈ ਕਿਸੇ ਵਿਅਕ ਉਤੇ ਕਰਮ ਸਿਧਾਂਤ ਨੂੰ ਲਾਗੂ ਕਰਨਾ ਅਰਥਹੀਣ ਹੀ ਹੋ ਜਾਂਦਾ ਹੈ। ਜੇ ਵਖ ਰਾਜ ਵਖ ਵਖ ਸੰਵਿਧਾਨਾਂ ਅਥਵਾ ਰਾਜ ਬਣਤਰਾਂ ਦੁਆਰਾ ਹੋਂਦ ਵਿਚ ਅ ਹਨ ਤਾਂ ਇਹਨਾਂ ਵਖ ਵਖ ਰਾਜਾਂ ਵਿਚ ਮਨੁੱਖ ਦੀ ਹੋਣੀ ਵੀ ਵਖ ਹੋਵੇਗੀ। ਇਹ ਸਦੀਆਂ ਤੋਂ ਚਲਿਆ ਆ ਰਿਹਾ ਅਨਿਆਂ ਹੈ ਜੋ ਧਰਤੀ ਹਲਵਾਹਕ ਦਾ ਸ਼ੋਸ਼ਣ ਕਰਦਾ ਹੈ, ਉਸ ਨੂੰ ਧੋਖਾ ਦਿੰਦਾ ਹੈ ਅਤੇ ਗਿਣਤੀ ਲੋਕਾਂ ਦੇ ਐਸ਼ਵਰਜ਼ ਦਾ ਕਾਰਨ ਬਣਦਾ ਹੈ। ਕਿਸੇ ਵੀ ਸਭਿਆ ਜਾਂ ਸਭਿਆਚ ਸੰਸਕ੍ਰਿਤੀ ਵਾਲੇ ਸਮਾਜ ਵਿਚ ਅਜਿਹੀ ਬੇਇਨਸਾਫੀ ਨੂੰ ਇਕ ਪਲ ਲਈ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਮਾਰਖੀਮ ਦੇ ਇਸ 'ਖੁਰਪੇ ਵਾਲੇ ਮਨੁੱ ਦਾ ਜੀਵਨ ਚਿਤਰਨ ਕਿੰਨਾਂ ਦਰਦਨਾਕ ਹੈ।

ਸਦੀਆਂ ਦੇ ਬੋਝ ਥਲੇ ਦਬਿਆ
ਇਹ ਮਨੁੱਖ
ਆਪਣੇ ਖੁਰਪੇ ਉਤੇ ਝੁਕਿਆ
ਧਰਤੀ ਵਲ ਪਿਆ ਤੱਕੇ

ਯੁਗਾਂ ਦਾ ਸੁੰਞਾ-ਪਣ
ਉਸ ਦੇ ਚਿਹਰੇ ਤੋਂ
ਪਿਆ ਝਾਕੇ
ਤੇ ਉਸ ਦੀ ਪਿੱਠ ਉਤੇ
ਸਾਰੇ ਸੰਸਾਰ ਦਾ
ਭਾਰ ਗਿਆ ਹੈ ਲੱਦਿਆ।
ਖ਼ੁਸ਼ੀ ਗ਼ਮੀ ਦੇ ਭਾਵਾਂ ਵਲੋਂ ਮੁਰਦਾ
ਇਕ ਵਸਤੂ
ਜਿਸ ਨੂੰ ਆਸ ਨਿਰਾਸ਼ ਦੀ
ਨਹੀਂ ਕੋਈ ਸਾਰ,
ਸੁੰਨ-ਮਸੁੰਨ ਤੇ ਡੌਰ ਭੌਰ ਜਿਹਾ ਹੋਇਆ
ਜੋ ਜਾਪੇ ਬਲਦ ਦਾ ਭਾਈ
ਕਿਸ ਨੇ ਵਹਿਸ਼ੀ ਜਬਾੜੇ ਖੋਲ੍ਹ ਕੇ
ਇਸ ਦੀ ਇਹ ਹਾਲਤ ਬਣਾਈ ?
ਕਿਸ ਦੇ ਹੱਥਾਂ ਨੇ
ਇਸ ਦੀਆਂ ਭਵਾਂ ਨੂੰ
ਹੈ ਟੇਢਾ ਕੀਤਾ ?
ਕਿਸ ਨੇ ਇਸ ਦੇ ਮੱਥੇ ਵਿਚੋਂ
ਆ ਕੇ ਜੋਤ ਬੁਝਾਈ ?
ਕੀ ਮਾਲਕ ਰੱਬ ਨੇ
ਜਿਸ ਦਾ ਧਰਤੀ ਤੇ ਸਾਗਰ ਉਤੇ ਹੈ
ਇਕ ਛਤਰ ਅਧਿਕਾਰ
ਇਸ ਵਸਤੂ ਨੂੰ ਸੀ
ਇੰਜ ਘੜਿਆ ?
ਤਾਰਿਆਂ ਦੀ ਭਾਲ
ਤੇ ਆਕਾਸ਼ ਵਿਚ
ਪ੍ਰਭੂਤਾ ਨੂੰ ਥਾਪਣ ਲਈ
ਤੇ ਸਦੀਵਤਾ ਦੇ
ਬਲਕਾਰ ਭਾਵਾਵੇਸ਼ਾਂ ਵਿਚ
ਕੀ ਇਹੋ ਸੀ ਉਸ ਰੱਬ ਦਾ ਸੁਪਨਾ
ਕੀਤਾ ਇੰਜ ਸਾਕਾਰ ?
ਜਿਸ ਨੇ ਸੂਰਜਾਂ ਨੂੰ ਸੀ ਰਚਿਆ
ਤੇ ਨੀਲੇ ਆਕਾਸ਼ ਵਿਚ
ਕੀਤਾ ਸੀ ਪ੍ਰਕਾਸ਼।

ਨਰਕ ਦੇ ਇਕ ਸਿਰੇ ਤੋਂ ਲੈ ਕੇ
ਇਸ ਦੀ ਅੰਤਿਮ ਖਾੜੀ ਤਾਈਂ
ਇਸ ਤੋਂ ਵਧ ਭਿਅੰਕਰ
ਹੋਰ ਕੋਈ ਰੂਪ ਨਹੀਂ ਹੈ।
ਜਿਸ ਨੂੰ ਸੰਸਾਰ ਦੇ ਅੰਨ੍ਹੇ ਲਾਲਚ ਦੀ
ਜੀਭਾ ਨੇ ਪਾਈ ਫਿਟਕਾਰ।
ਇਸ ਜੀਵ-ਆਤਮਾ ਦੇ
ਕੀ ਲਿਖੇ ਗਏ ਲੇਖ ?
ਜੋ ਵਿਸ਼ਵ ਲਈ
ਬਣ ਗਿਆ ਹੈ
ਵੱਡਾ-ਭਿਅੰਕਰ ਖ਼ਤਰਾ।
ਇਸ ਮਨੁੱਖ ਤੇ ਸੰਗੀਤ ਸਾਜ਼ ਵਿਚ
ਹੈ ਕਿੰਨਾਂ ਵੱਡਾ ਪਾੜਾ।
ਇਹ ਤਾਂ ਕਿਰਤ ਦੇ ਚਕਰ ਦਾ
ਬਣ ਚੁਕਾ ਹੈ ਦਾਸ।
ਅਫ਼ਲਾਤੂਨ ਤੇ ਸੱਤ ਕਾਵਿ-ਰਿਸ਼ੀਆਂ
ਦੇ ਮਧੁਰ ਉਚੇਰੇ ਬੋਲ
ਤੇ ਉਹਨਾਂ ਦੇ ਗੀਤਾਂ ਦੀਆਂ
ਉਚੀਆਂ ਸਿਖ਼ਰਾਂ ਦੇ ਸੁਰ,
ਊਸ਼ਾ ਆਗਮਨ
ਤੇ ਗੁਲਾਬ ਦਾ ਸੂਹੇ ਰੰਗ ਵਿਚ ਖਿੜਨਾ
ਯੁਗਾਂ ਦੀ ਦੁਖਾਂ ਮਾਰੀ
ਇਸ ਸੂਰਤ ਵਿਚ
ਬਣ ਗਏ ਸਭ ਡਰਾਉਣੇ,
ਪੀੜਾਂ ਲੱਦੇ ਕਾਲਾਂ ਦਾ
ਹੇਠਾਂ ਲੱਥਾ ਇਹ ਵਿਅਕਤੀ
ਹੈ ਦੁਖਾਂਤ ਸਾਕਾਰ।
ਇਸ ਡਰਾਉਣੀ ਮਾਨਵੀ ਸੂਰਤ ਰਾਹੀਂ
ਜਿਸ ਨੂੰ ਲੁਟ ਪੁਟ ਕੇ
ਕੀਤਾ ਗਿਆ ਭ੍ਰਸ਼ਟ,
ਜਿਸ ਦੇ ਹੱਕ ਵਿਰਾਸਤ ਵਾਲੇ
ਸਭ ਗਏ ਨੇ ਖੋਹੇ,
ਜਗ ਦੇ ਨਿਆਂਕਾਰਾਂ ਨੂੰ
ਕਰ ਰਿਹਾ ਪੁਕਾਰ

ਤੇ ਰੋਸ ਵਿਚ
ਪਾ ਰਿਹਾ ਵੰਗਾਰ
ਕੀ ਇਹ ਉਸ ਦਾ ਰੋਸ
ਘੜੇਗਾ ਭਵਿੱਖ ਦੀ ਨੁਹਾਰ ?
ਆਖੇ,
"ਸਭ ਦੇਸ਼ਾਂ ਦੇ ਸੁਆਮੀ,
ਹਾਕਮਾਂ ਤੇ ਉਚੀਆਂ ਪਦਵੀਆਂ ਵਾਲੇ
ਪ੍ਰਭੂਆਂ ਤੋਂ ਪੁਛੇ ਉਹ ਇਹ ਗੱਲ,
ਕਿ ਕੀ ਇਹੋ ਹੀ
ਹੁਨਰੀ ਕਿਰਤ ਰਚ ਕੇ
ਤੁਸੀਂ ਭੇਟ ਕੀਤੀ ਹੈ
ਪ੍ਰਭੂ ਦੇ ਦਰਬਾਰ ?
ਇਹ ਵਿਕਰਾਲ ਡਰਾਉਣੀ ਸੂਰਤ
ਟੁੱਟੀ ਫੁੱਟੀ ਰੂਹ ਵਿਹੂਣੀ
ਕਿਦਾਂ ਕਰੋਗੇ ਮੁੜ ਕੇ ਸਿਧੀ ?
ਕਿਵੇਂ ਇਸ ਨੂੰ ਅਮਰਤਾ ਦੀ
ਹੋਵੇਗੀ ਮੁੜ ਛੂਹ ਪ੍ਰਾਪਤ।
ਇਸ ਵਿਅਕਤੀ ਨੂੰ ਮੁੜ
ਉਚਾ ਤੱਕਣ ਲਈ
ਕਰੋ ਕੋਈ ਸਬੀਲ,
ਇਸ ਦੇ ਅੰਦਰ ਹੋਵੇ
ਮੁੜ ਪ੍ਰਕਾਸ਼
ਜਾਗੇ ਮੁੜ ਸੰਗੀਤ
ਤੇ ਹੋਵਣ
ਮੁੜ ਸੁਪਨੇ ਸਾਕਾਰ।"
ਇਸ ਕਦੀਮੀ ਬਦਨਾਮੀ ਨੂੰ
ਢੋਣਾ ਚਾਹੀਏ
ਤੇ ਇਹਨਾਂ ਵਿਸ਼ਵਾਸਘਾਤੀ
ਖੁਨਾਮੀਆਂ ਦੇ ਅਸਾਧ ਰੋਗ ਦਾ
ਕਰੋ ਕੋਈ ਉਪਚਾਰ।
ਹੇ ਧਰਤੀ ਦੇ ਸੁਆਮੀ ਪ੍ਰਭੂਓ,
ਹਾਕਮੋ ਤੇ ਉਚ ਪਦਵੀਆਂ ਵਾਲਿਓ !
ਕਿਵੇਂ ਭਵਿੱਖ ਇਸ ਮਾਨਵ ਨੂੰ
ਕਰੇਗਾ ਸਵੀਕਾਰ।

ਕੌਣ ਉਸ ਦੇ ਵਹਿਸ਼ੀ ਰੋਹ ਦਾ
ਦੇ ਸਕੇਗਾ ਉਤਰ,
ਜਦ ਬਗ਼ਾਵਤ ਦੇ ਵਾਵਰੋਲੇ
ਝਖੜ ਤੇ ਤੂਫ਼ਾਨ ਬਣ ਕੇ
ਹਿਲਾ ਦੇਸਣ ਸੰਸਾਰ ?
ਉਹਨਾਂ ਰਾਜਾਂ ਤੇ ਸ਼ਾਹਾਂ ਦਾ
ਹੋਵੇਗਾ ਕੀ ਹਾਲ
ਜਿਨ੍ਹਾਂ ਨੇ ਇਸ ਮਾਨਵ ਦਾ
ਕੀਤਾ ਹੈ ਇਹ ਹਾਲ ?
ਸਦੀਆਂ ਦੀ ਮੌਨ ਚੁਪ ਪਿਛੋਂ
ਜਦ ਇਹ ਬੇਜ਼ੁਬਾਨ
ਖੋਲ੍ਹੇਗਾ ਜ਼ੁਬਾਨ
ਤਾਂ ਇਹ ਜ਼ਾਲਮ
ਜੋ ਹੁਣ ਚੁੱਪ ਨੇ ਸਾਧੀ ਬੈਠੇ
ਰੱਬ ਦੇ ਅਗੇ
ਦੇਣਗੇ ਕੀ ਹਿਸਾਬ ?

ਮੈਂ ਇਹ ਗੱਲ ਕਹਿਣੋ ਰਹਿ ਨਹੀਂ ਸਕਦਾ ਕਿ ਬ੍ਰਾਹਮਣਵਾਦੀ ਕਰਮ-ਸਿਧਾਂਤ ਦਾ ਵਿਚਾਰ, ਜੋ ਬੁਧ ਦੇ ਕਰਮ ਦੇ ਨੇਮ ਤੋਂ ਬਿਲਕੁਲ ਭਿੰਨ ਹੈ, ਕਿਸੇ ਵੀ ਜੀਵਨ ਦਾ ਕੋਈ ਨਵਾਂ ਆਰੰਭ ਨਹੀਂ ਹੋ ਸਕਦਾ। ਪੂਰਬਲੇ ਕਰਮਾਂ ਦਾ ਫਲ ਮਨੁੱਖ ਤੇ ਸਮਾਜ ਲਈ ਕੋਈ ਮਾਰਗ ਨਿਰਧਾਰਿਤ ਨਹੀਂ ਕਰਦਾ। ਇਹ ਕੇਵਲ ਇਕ ਫ਼ਲਸਫ਼ਾ ਹੀ ਹੈ। ਇਹ ਮਾਨਵ-ਪੂਜਾ ਦੇ ਸਭਿਆਚਾਰ ਤੇ ਸੰਸਕ੍ਰਿਤੀ ਜੋ ਦਇਆ ਤੇ ਵਿਕਾਸ ਉਤੇ ਨਿਰਭਰ ਹੋਵੇ, ਦਾ ਸਾਰਥਿਕ ਆਧਾਰ ਨਹੀਂ ਬਣ ਸਕਦਾ। ਇਹ ਤਾਂ ਰਜੇ ਪੁਜੇ ਉਸ ਉਚ ਦਿਮਾਗ਼ ਦੀ ਕਾਢ ਹੈ ਜੋ ਸ਼ਰਾਰਤ ਪੂਰਨ ਤਰਕ ਦੁਆਰਾ ਮਨੁੱਖ ਉਤੇ ਹੋ ਰਹੇ ਅਤਿਆਚਾਰ ਨੂੰ ਨਿਆਏਕਾਰੀ ਸਿਧ ਕਰਦਾ ਹੈ। ਜੇ ਮਨੁੱਖ ਦਇਆ ਤੇ ਸ਼ੁਭ ਸੁਆਰਥਹੀਣਤਾ ਦੇ ਮਾਰਗ ਨੂੰ ਅਪਣਾ ਲੈਣ ਤਾਂ ਉਹ ਸਮਾਜਕ ਤੇ ਰਾਜਨੀਤਕ ਤੌਰ 'ਤੇ ਆਪਣੇ ਪਦਾਂ ਵਿਚ ਉਨਤੀ ਕਰ ਸਕਦੇ ਹਨ। ਮਨੁੱਖ ਦੀ ਸਮਾਜਕ ਪਦਵੀ ਵਿਚ ਅਸਮਾਨਤਾ ਕਾਰਨ ਉਤਪੰਨ ਹੋਏ ਵਰਤਮਾਨ ਕਸ਼ਟ ਮਨੁੱਖਤਾ ਕਾਰਨ ਨਹੀਂ ਹਨ, ਸਗੋਂ ਮਨੁੱਖ ਦੇ ਸਰੀਰਕ ਕਾਮਨਾਵਾਂ ਬਾਰੇ ਤਾਮਸੀ ਪ੍ਰਵਿਰਤੀ ਜਾਂ ਅਗਿਆਨ ਕਾਰਨ ਹਨ। ਇਹ ਇਸ ਦਾਰਸ਼ਨਿਕ ਪਰਪੰਚ ਦੁਆਰਾ ਦਸਿਆ ਜਾਂਦਾ ਸ਼ਰਮਨਾਕ ਝੂਠ ਹੈ। ਜੇਕਰ ਮਨੁੱਖ ਆਪਣੇ ਆਪ ਨੂੰ ਸੰਪੂਰਨ ਤੌਰ 'ਤੇ ਮਾਨਵਤਾ ਦੇ ਸੱਚੇ ਵਿਚ ਢਾਲ ਲਵੇ ਤਾਂ ਇਹ ਮਨੁੱਖੀ ਅਨਿਆਂ ਇਕ ਦਿਨ ਲਈ ਵੀ ਟਿਕਿਆ ਨਹੀਂ ਰਹਿ ਸਕਦਾ। ਗੁਰੂ ਗੋਬਿੰਦ ਸਿੰਘ ਜੀ ਦਾ ਕਥਨ ਹੈ, "ਕਈ ਸਭਿਆਤਾਵਾਂ ਆਈਆਂ ਤੇ ਚਲੀਆਂ

ਗਈਆਂ ਹਨ, ਧਰਮ ਨੇ ਵੀ ਕਈ ਯਤਨ ਕੀਤੇ ਹਨ, ਨੈਤਿਕ ਦਰਸ਼ਨ ਹਾਰ ਹੁਟ ਕੇ ਰਹਿ ਗਏ ਹਨ, ਪਰ ਇਸ ਦਿਸ਼ਾ ਵਲ ਕੋਈ ਪ੍ਰਗਤੀ ਨਹੀਂ ਹੋਈ। ਸਭ ਕੁਝ ਵਿਅਰਥ ਹੋ ਗਿਆ ਹੈ ਕਿਉਂਜੋ ਅਨੰਤ ਪ੍ਰਭੂ ਦੇ ਨਾਮ ਦੇ ਵਿਸਮਾਦੀ ਅਨੰਦ ਦੁਆਰਾ ਮਨੁੱਖ ਸੁਤੰਤਰ ਨਹੀਂ ਹੋ ਸਕਿਆ। ਜਦੋਂ ਤਕ ਮਨੁੱਖ ਦਾ ਇਹ ਸੰਪੂਰਨ ਮਾਨਵੀਕਰਨ ਨਹੀਂ ਹੋ ਜਾਂਦਾ, ਜਿੰਨਾਂ ਚਿਰ ਤਕ ਉਹ ਉਸ ਪ੍ਰਭੂ-ਪ੍ਰੀਤਮ ਦੇ ਨਾਮ ਸਿਮਰਨ ਦੁਆਰਾ ਇਸ ਧਰਤੀ ਉਤੇ ਦੇਵਤਿਆਂ ਹਾਰ ਵਿਚਰਨ ਦੀ ਜਾਂਚ ਨਹੀਂ ਸਿਖ ਲੈਂਦਾ, ਤਦੋਂ ਤਕ ਬੁਧ ਵਲੋਂ ਦਸਿਆ ਗਿਆ ਕਰਮ ਦਾ ਨੇਮ ਚੋਰਾਂ, ਬੁਰਿਆਂ ਤੇ ਗਲ-ਵੱਢ ਹਤਿਆਕਾਰਾਂ ਉਤੇ ਇਕ ਸਮਾਨ ਉਸੇ ਤਰ੍ਹਾਂ ਲਾਗੂ ਹੁੰਦਾ ਹੈ, ਜਿਵੇਂ ਉਹਨਾਂ ਉਤੇ ਦੇਸ਼ ਦੇ ਕਾਨੂੰਨ ਲਾਗੂ ਹੁੰਦੇ ਹਨ।

ਪਰੰਤੂ ਇਹ ਕਰਮ ਦਾ ਨੇਮ ਉਹਨਾਂ ਵਿਤਕਰਿਆਂ ਨੂੰ ਸੁਨਿਸ਼ਚਿਤ ਕਰਨ ਵਾਲਾ ਹੈ, ਜੋ ਵਾਸਤਵ ਵਿਚ ਵਿਤਕਰੇ ਨਹੀਂ ਹੁੰਦੇ ਜਾਂ ਉਹ ਦੁਖ ਜੋ ਵਾਸਤਵ ਵਿਚ ਦੁਖ ਨਹੀਂ ਹੁੰਦੇ। ਇਸ ਤਰ੍ਹਾਂ ਗੁਣਾਂ ਵਿਚ ਅੰਤਰ ਵੀ ਵਧੇਰੇ ਕਰਕੇ ਪੂਰਕ ਰੂਪ ਦੇ ਹੀ ਹੁੰਦੇ ਹਨ, ਨਾ ਕਿ ਰਚਨਾ ਵਿਚ ਕਿਸੇ ਅੰਤਰ ਦੇ ਲਖਾਇਕ। ਇਹ ਤਾਂ ਇਸੇ ਤਰ੍ਹਾਂ ਦੀ ਗੱਲ ਹੁੰਦੀ ਹੈ, ਜਿਵੇਂ ਕਿਸੇ ਦੀ ਪਿੱਠ ਉਤੇ ਪਿੱਸੂ ਲੜ ਜਾਵੇ ਤੇ ਉਹ ਧਰਤੀ ਦੀ ਗਤੀ ਨੂੰ ਹੋਰ ਤਿਖੇਰਾ ਕਰਨ ਦਾ ਯਤਨ ਕਰੇ। ਤਾਰਾ ਵਿਗਿਆਨ ਦੀ ਦ੍ਰਿਸ਼ਟੀ ਤੋਂ ਕਿਸੇ ਖੋਤੇ ਦੀ ਪਿਠ ਉਤੇ ਮੱਛਰ ਦੇ ਡੰਗਣ ਦਾ ਕੀ ਕੋਈ ਧਰਤੀ ਤੇ ਸੂਰਜ ਦੀ ਗਤੀ ਨੂੰ ਪ੍ਰਭਾਵਿਤ ਕਰਨ ਨਾਲ ਸੰਬੰਧ ਹੋ ਸਕਦਾ ਹੈ ? ਇਹ ਗੱਲ ਤਾਂ ਉਸ ਖੋਤੇ ਨੂੰ ਹੋਈ ਨਿਗੂਣੀ ਪੀੜ ਤੋਂ ਵਧੇਰੇ ਹੋਰ ਕੁਝ ਵੀ ਮਹੱਤਵ ਨਹੀਂ ਰਖਦੀ।

ਇਹ ਸਭ ਵਿਚਾਰ ਤਾਂ ਉਹ ਖੋਪੇ ਲਗੇ ਅਗਿਆਨੀ ਮਨੁੱਖ ਦੇ ਹੋ ਸਕਦੇ ਹਨ, ਜੋ ਇੰਨਾਂ ਨਿਕੰਮਾਂ ਤੇ ਤੁਛ ਹੈ ਜਿੰਨਾਂ ਕਿ ਇਕ ਪ੍ਰਮਾਣੂ ਨੂੰ ਸਾਰੇ ਬ੍ਰਹਿਮੰਡ ਦੀਆਂ ਸ਼ਕਤੀਆਂ ਦੇ ਟਾਕਰੇ ਉਤੇ ਸੁਟ ਕੇ ਇਹ ਆਸ ਰਖਣਾ ਕਿ ਇਸ ਨਾਲ ਕੋਈ ਵਡਾ ਪਰਿਵਰਤਨ ਆ ਜਾਵੇਗਾ।

ਅਜਿਹੇ ਬ੍ਰਹਿਮੰਡੀ ਘਟਨਾ ਚਕਰਾਂ ਦੀ ਤੁਲਨਾ ਵਿਚ ਕਿਸੇ ਇਕ ਵਿਅਕਤੀ ਦੇ ਕਰਮ ਤੇ ਉਸ ਦੀਆਂ ਆਪਣੀਆਂ ਭਾਵਨਾਵਾਂ ਤੇ ਇਛਾਵਾਂ ਦੇ ਝਖੜ ਉਤੇ ਕੋਈ ਅਨੁਸ਼ਾਸਨ ਤੇ ਵਸੀਕਾਰ ਕੀ ਅਰਥ ਰਖ ਸਕਦਾ ਹੈ ? ਨਾ ਹੀ ਉਸ ਉਤੇ ਇਸ ਸੰਬੰਧੀ ਕੋਈ ਜ਼ਿੰਮੇਵਾਰੀ ਠੋਸੀ ਜਾ ਸਕਦੀ ਹੈ। ਜੇ ਹਜ਼ਾਰਾਂ ਵਿਚ 'ਮੈਂ' ਇਕ ਨਵ ਜਨਮੇਂ ਦੀ ਪੰਕਤੀ ਵਿਚ ਖੜ੍ਹਾ ਹੋ ਜਾਵੇ ਤਾਂ ਵੀ ਪਿਤਰਾਂ ਦੇ ਰੂਪ ਵਿਚ ਲਖਾਂ ਮੇਰੇ ਮਾਪੇ ਹੋ ਚੁਕੇ ਹਨ। ਹੁਣ ਮੇਰੇ ਵਿਚ ਮੌਲਿਕ ਰੂਪ ਦੀ ਕੋਈ 'ਮੈਂ' ਬਾਕੀ ਨਹੀਂ ਰਹਿ ਗਈ। ਮੇਰੀ ਇਸ 'ਮੈਂ' ਵਿਚ ਮੇਰੇ ਪੂਰਵਜਾਂ ਨੇ ਕਈ ਸੋਧਾਂ ਕਰ ਦਿਤੀਆਂ ਹਨ, ਜਿਨ੍ਹਾਂ ਉਤੇ ਮੇਰਾ ਕੋਈ ਵਸੀਕਾਰ ਨਹੀਂ ਹੈ। ਇਹ ਕਹਿਣਾ ਵਧੇਰੇ ਸੱਚ ਹੈ ਕਿ ਮੈਂ ਕੇਵਲ ਆਪਣੇ ਹੀ ਕਰਮਾਂ ਦਾ ਫਲ ਨਹੀਂ ਹਾਂ, ਸਗੋਂ ਲੱਖਾਂ ਪੂਰਵਜਾਂ ਦੇ ਕਰਮਾਂ ਦਾ ਜੋੜ ਹਾਂ। ਹਜ਼ਾਰਾਂ ਹੀ ਕਤਲ ਤੇ ਲੱਖਾਂ ਹੀ ਜ਼ੁਲਮ ਮੇਰੇ ਖ਼ੂਨ ਵਿਚ ਰਲ ਚੁਕੇ ਹਨ, ਜਿਨ੍ਹਾਂ ਦੇ ਕਾਰਨ ਮੈਂ ਪ੍ਰਮਾਤਮਾ ਤੇ

ਮਨੁੱਖ ਅਗੇ ਉਤਰਦਾਈ ਨਹੀਂ ਹੋ ਸਕਦਾ। ਭੌਤਿਕ ਤੇ ਨੈਤਿਕ ਦੋਹਾਂ ਰੂਪਾਂ ਵਿਚ ਹੀ ਮੈਂ ਇਸ ਦਾ ਇਕਬਾਲ ਕਰਦਾ ਹਾਂ ਕਿ ਮੈਂ ਆਪਣਾ ਨਿਜ ਆਪਾ ਨਹੀਂ ਹਾਂ। ਕਿਸੇ ਵੀ ਸਮੇਂ ਕੋਈ ਵੀ ਮਨੁੱਖ ਆਪਣੀ ਹੋਣੀ ਦਾ ਗਿਆਤਾ ਨਹੀਂ ਹੋ ਸਕਦਾ। ਇਸ ਲਈ ਉਸ ਦੀ ਮਿਥਿਆ ਰੂਪੀ 'ਮੈਂ' ਦੇ ਭੁਲਾਵੇ ਨੂੰ ਉਸ ਦੇ ਭੁਗਤੇ ਕਰਮਾਂ ਦੀ ਸਜ਼ਾ ਦਾ ਫਲ ਦਾ ਭਾਗੀ ਨਹੀਂ ਮੰਨਿਆ ਜਾ ਸਕਦਾ। ਮੇਰੇ ਕਰਮ ਵਿਸ਼ਵ-ਵਿਆਪੀ ਨੈਤਿਕ ਪ੍ਰਗਤੀ ਵਿਚ ਕੁਝ ਹੱਦ ਤਕ ਤਾਂ ਸਹਾਈ ਹੋ ਸਕਦੇ ਹਨ, ਪਰ ਇਹ ਕਰਮ ਦਾ ਨੇਮ ਮੇਰੀ ਹੋਣੀ ਦਾ ਸਾਲਸ ਨਹੀਂ ਬਣ ਸਕਦਾ ਕਿਉਂਜੋ ਇਕ ਵਿਅਕਤੀ ਦਾ ਸਮਾਜਕ ਇਕਾਈ ਦੇ ਰੂਪ ਵਿਚ ਬੜਾ ਘੱਟ ਮਹੱਤਵ ਹੋ ਸਕਦਾ ਹੈ। ਸਮਾਜ ਵਿਚ ਇਕ ਵਿਅਕਤੀ ਪ੍ਰਗਤੀ ਇਕ ਜ਼ੰਜੀਰ ਦੀ ਕੜੀ ਤਾਂ ਬਣ ਸਕਦਾ ਹੈ, ਪਰ ਇਸ ਕੜੀ ਦਾ ਬਹੁਤਾ ਮਹੱਤਵ ਨਹੀਂ ਹੋ ਸਕਦਾ। ਮੈਂ ਤਾਂ ਪੁਰਾਣੇ ਦੋ ਅੰਕਾਂ ਤੋਂ ਉਤਪੰਨ ਹੋਇਆ ਇਕ ਨਵਾਂ ਤੀਜਾ ਅੰਕ ਹਾਂ। ਮੈਂ ਆਪਣੇ ਕਰਮਾਂ ਬਾਰੇ ਕਿਵੇਂ ਉਤਰਦਾਈ ਹੋ ਸਕਦਾ ਹਾਂ, ਜਦੋਂਕਿ ਯੁਗਾਂ ਤੋਂ ਅਣਗਿਣਤ ਪਾਗਲਪਣ ਤੇ ਬੇਇਨਸਾਫੀਆਂ ਮੇਰੇ ਉਤੇ ਮੜ੍ਹ ਦਿਤੀਆਂ ਗਈਆਂ ਹਨ।

ਗੁਰੂ ਗਰੰਥ ਸਾਹਿਬ ਵਿੱਚ ਭਾਵੇਂ ਕਰਮ ਦੇ ਸਿਧਾਂਤ ਦਾ ਭਲੇ ਪੁਰਸ਼ ਦੇ ਨੇਮ ਵਜੋਂ ਸੰਕੇਤ ਕੀਤਾ ਗਿਆ ਹੈ, ਫਿਰ ਵੀ ਮਨੁੱਖੀ ਵਿਅਕਤੀਤਵ ਦੀ ਵਧੇਰੇ ਚੰਗੀ ਵਿਆਖਿਆ ਇਸ ਰੂਪ ਵਿਚ ਕੀਤੀ ਗਈ ਹੈ ਕਿ ਪ੍ਰਭੂ ਦੀ ਸ੍ਰਿਸ਼ਟੀ ਇਕ ਕਲਾ-ਕ੍ਰਿਤ ਹੈ ਤੇ ਮਨੁੱਖ ਆਪਣੇ ਆਪ ਵਿਚ ਕੋਈ ਕਰਤਾ ਨਹੀਂ ਹੈ। ਉਹ ਪ੍ਰਭੂ ਦੀ ਰਜ਼ਾ ਦਾ ਪਾਤਰ ਹੈ, ਉਹ ਉਥੇ ਹੀ ਜਾਂਦਾ ਹੈ, ਜਿਥੇ ਪ੍ਰਭੂ ਉਸ ਨੂੰ ਘਲਦਾ ਹੈ ਤੇ ਉਹੋ ਕੁਝ ਹੀ ਕਰਦਾ ਹੈ, ਜੋ ਪ੍ਰਭੂ ਉਸ ਨੂੰ ਕਰਾਉਂਦਾ ਹੈ। ਇਸ ਰੂਪ ਵਿਚ ਗੁਰੂ ਨਾਨਕ ਦੇਵ ਜੀ ਨੇ ਕਰਮ ਦੇ ਨੇਮ ਨੂੰ ਪ੍ਰਵਾਨ ਵੀ ਕੀਤਾ ਹੈ ਤੇ ਅਪ੍ਰਵਾਨ ਵੀ। ਮਨੁੱਖ ਦੇ ਇਸ ਜੀਵਨ ਵਿਚ ਉਸ ਦੇ ਵਿਵਹਾਰ ਦੇ ਪ੍ਰਸੰਗ ਵਿਚ ਆਪ ਨੇ ਇਸ ਦਾ ਸੁਮੇਲ ਕੀਤਾ ਹੈ ਤੇ ਇਸ ਜੀਵਨ ਤੋਂ ਪਰੇ ਇਸ ਨੂੰ ਸਿਰਜਣਹਾਰ ਕਰਤਾਰ ਦੀ ਸੰਪੂਰਨ ਸੁੰਦਰਤਾ ਤੇ ਨਿਰਪੇਖ ਸੁਘੜਤਾ ਦਾ ਪ੍ਰਮਾਣ ਦਸਿਆ ਹੈ। ਸੁੰਦਰਤਾ ਦੇ ਅੰਤਰਮੁਖੀ ਅਨੁਭਵ ਵਿਚ ਕੋਈ ਵੀ ਦੂਸ਼ਿਤ ਅੰਤਰ ਨਹੀਂ ਹੋ ਸਕਦਾ। ਇਸ ਵਿਚਲੇ ਸਾਰੇ ਅੰਤਰ ਮਨਸਾ-ਤ੍ਰਿਸ਼ਨਾ ਬਾਰੇ ਅਗਿਆਨ ਕਾਰਨ ਹੁੰਦੇ ਹਨ। ਬੁਧ ਵੀ ਇਹੋ ਫੁਰਮਾਉਂਦੇ ਹਨ ਕਿ ਇਹੋ ਹੀ ਸਭ ਦੁਖਾਂ ਦੇ ਕਾਰਨ ਹਨ। ਜੀਵਨ ਦੇ ਉਚਤਮ ਤਲ ਉਤੇ ਮਨੁੱਖ ਦੇ ਨੈਤਿਕ ਜੀਵਨ ਵਿਚ ਕੋਈ ਅੰਤਰ ਨਹੀਂ ਹੁੰਦਾ, ਨਾ ਕੋਈ ਗ਼ਮ ਹੁੰਦਾ ਹੈ, ਨਾ ਕੋਈ ਪੀੜਾ। ਸਭ ਕੁਝ ਪ੍ਰਮਾਤਮਾ ਦੀ ਰਜ਼ਾ ਦੀ ਸ਼ਾਨ ਹੁੰਦਾ ਹੈ, ਪ੍ਰਭੂ-ਪ੍ਰੀਤਮ ਦੀ ਆਤਮਾ ਦਾ ਚੋਜ ਹੁੰਦਾ ਹੈ, ਪ੍ਰਭੂ ਦੀ ਹੋਂਦ ਦੀ ਸੁੰਦਰਤਾ ਹੁੰਦੀ ਹੈ, ਉਸ ਦੀ ਦਇਆ ਦਾ ਕਰਮ ਹੁੰਦਾ ਹੈ, ਇਸ ਤਲ ਉਤੇ ਨਿਰੋਲ ਸਮਰੂਪਤਾ ਹੁੰਦੀ ਹੈ, ਸਾਰੇ ਅੰਤਰ ਤੇ ਉਹਨਾਂ ਦੀ ਵਿਆਖਿਆ ਸੰਸਾਰਕ ਦ੍ਰਿਸ਼ਟੀ ਤੋਂ ਅਪੂਰਨਤਾ ਦੁਆਰਾ ਕੀਤੀ ਜਾ ਸਕਦੀ ਹੈ। ਇਹ ਸਭ ਕੁਝ ਮਨੁੱਖ ਨੂੰ ਹੋਰ ਪਰੀਪੂਰਨ ਬਣਾਉਣ ਲਈ ਕੀਤਾ ਜਾ ਰਿਹਾ ਹੈ ਤਾਂ ਜੋ ਇਸ ਰੂਪਹੀਣ ਮਿੱਟੀ ਨੂੰ ਪ੍ਰਭੂ ਦੇ ਬਿੰਬ ਰੂਪ ਵਿਚ ਘੜਿਆ ਜਾ

ਸਕੇ।

ਗੁਰੂ ਗਰੰਥ ਸਾਹਿਬ ਵਿਚ ਅਨੇਕ ਥਾਵਾਂ ਉਤੇ ਇਸ ਗੱਲ ਉਤੇ ਬੜਾ ਬਲ ਦਿਤਾ ਗਿਆ ਹੈ, ''ਹੇ ਮਨੁੱਖ ! ਤੂੰ ਜਾਗ ਤੇ ਆਪਣੇ ਆਪ ਨੂੰ ਭਲਿਆਈ ਦੇ ਮਾਰਗ ਉਤੇ ਚਲਣ ਲਈ ਤਿਆਰ-ਬਰ-ਤਿਆਰ ਕਰ। ਕਰਮ ਤੇ ਨੇਮ ਬਾਰੇ ਸੁਚੇਤ ਹੋਵੋ। ਜੋ ਬੀਜੋਗੇ ਸੋ ਹੀ ਲੁਣੋਗੇ।''

ਕਈ ਹੋਰ ਥਾਵਾਂ 'ਤੇ ਅੰਕਿਤ ਹੈ, ''ਤੁਸੀਂ ਨਿਰਵਾਣ ਦੇ ਉਸ ਪਰਮ-ਪਦ ਨੂੰ ਪ੍ਰਾਪਤ ਕਰ ਲਿਆ ਹੈ ਜਿਥੇ ਕਰਮ ਦਾ ਨੇਮ ਪੋਹ ਨਹੀਂ ਸਕਦਾ।''

ਕਈਆਂ ਦਾ ਮਤ ਹੈ ਕਿ ਗੁਰਮਤਿ ਵਿਚ ਬੁਧ ਮਤ ਵਾਂਗ ਕਰਮਾਂ ਉਤੇ ਵਧੇਰੇ ਜ਼ੋਰ ਦਿਤਾ ਗਿਆ ਹੈ ਪਰ ਕਈ ਹੋਰਾਂ ਦਾ ਵਿਚਾਰ ਹੈ ਕਿ ਗੁਰਮਤਿ ਈਸਾਈ ਮਤ ਵਾਂਗ ਨਦਰਿ-ਕਰਮ ਅਰਥਾਤ ਪ੍ਰਸਾਦਿ ਦੇ ਸਿਧਾਂਤ ਨੂੰ ਪ੍ਰਵਾਨ ਕਰਦਾ ਹੈ ਜੋ ਕੇਵਲ ਅਗਿਆਨ ਦੇ ਬੰਧਨਾਂ ਤੋਂ ਮੁਕਤ ਕਰਨ ਦਾ ਇਕ ਮਾਤਰ ਸਾਧਨ ਹੈ। ਪਰ ਇਹ ਗੱਲ ਦਿਨ ਦੇ ਚਾਨਣ ਦੀ ਨਿਆਈਂ ਸਪਸ਼ਟ ਹੈ ਕਿ ਜਿਵੇਂ ਬੁਧ ਨੇ ਕਰਮ ਦੇ ਨੇਮ ਦੀ ਵਿਆਖਿਆ ਕੀਤੀ ਹੈ, ਗੁਰੂ ਦੇ ਸਿੱਖਾਂ ਦਾ ਵੀ ਆਪਣੀ ਹੋਂਦ ਨੂੰ ਕਾਇਮ ਰਖਣ ਲਈ ਕਰਮ ਦੇ ਸੰਬੰਧ ਵਿਚ ਇਹੋ ਹੀ ਵਿਧਾਨ ਹੈ। ਸਿੱਖ ਇਸ ਤੋਂ ਬਿਨਾਂ ਜੀਵਤ ਹੀ ਨਹੀਂ ਰਹਿ ਸਕਦੇ। ਉਹਨਾਂ ਨੂੰ ਹਰ ਨੁਕਤੇ ਅਨੁਸਾਰ ਸ਼ੁਭ ਕਰਮ ਕਰਨੇ ਚਾਹੀਦੇ ਹਨ। ਗੁਰੂ ਖ਼ਾਲਸਾ-ਤੰਤਰ ਵਿਚ ਇਸ ਤੋਂ ਬਿਨਾਂ ਕੋਈ ਹੋਰ ਨੇਮ ਹੋ ਹੀ ਨਹੀਂ ਸਕਦਾ। ਭਲੇ ਬਣੋ, ਭਲਾ ਕਰੋ, ਭਲਾ ਸੋਚੋ ਤੇ ਭਲਾ ਜੀਵਨ ਜੀਉ ਕਿਉਂਜੋ ਭਲਿਆਈ ਹੀ ਆਤਮਿਕ ਜੀਵਨ ਦੀ ਭਿੰਨੀ ਮਹਿਕ ਹੁੰਦੀ ਹੈ। ਦਇਆ, ਦਾਨ, ਪ੍ਰੇਮ, ਆਪਣੇ ਸਾਥੀਆਂ ਦੀ ਸਹਾਇਤਾ, ਦੂਜਿਆਂ ਦੇ ਦੁਖਾਂ ਨੂੰ ਅਨੁਭਵ ਕਰਕੇ ਆਪ ਦੁਖੀ ਹੋਣਾ ਤੇ ਪਸੀਜਣਾ, ਕਿਸੇ ਦੇ ਕੀਤੇ ਦੁਰਾਚਾਰ ਦੇ ਦਾਗ਼ਾਂ ਨੂੰ ਧੋਣਾ ਆਦਿ ਉਸ ਸੱਚੇ ਸਦਾਚਾਰੀ ਮਨੁੱਖ ਤੇ ਸਚਿਆਰੀ ਸੰਸਕ੍ਰਿਤੀ ਦੇ ਉਹ ਪ੍ਰਗਟਾਉ ਚਿੰਨ੍ਹ ਹਨ ਜੋ ਇਸ ਧਰਤੀ ਉਤੇ ਪ੍ਰਭੂ ਦਾ ਸਾਕਾਰ ਸਰੂਪ ਹੁੰਦਾ ਹੈ। ਇਕ ਸੱਚੇ ਸਿੱਖ ਦੀ ਅਵਸਥਾ ਕਰੁਣਾ ਭਰਪੂਰ ਤੇ ਸਭ ਲਈ ਹਮਦਰਦੀ ਵਾਲੀ ਹੁੰਦੀ ਹੈ। ਕਰਮ ਦਾ ਨੇਮ ਨਿਰਪੇਖ ਰੂਪ ਵਿਚ ਨਿਰਧਾਰਨ ਕਰਤਾ ਨਹੀਂ ਹੁੰਦਾ ਕਿਉਂਜੋ ਇਹ ਕੇਵਲ ਹੇਠਲੇ ਤਲ ਉਤੇ ਸਮਾਜਕ ਤੇ ਰਾਜਨੀਤਕ ਮਾਨਵ ਸਮੂਹਾਂ ਵਿਚ ਹੀ ਸਚਾਈ ਦੇ ਕੁਝ ਅਰਥ ਰਖ ਸਕਦਾ ਹੈ। ਪਰ ਇਹਨਾਂ ਦੇ ਇਹ ਨੇਮ ਜੋ ਕਿ ਅਗਿਆਨੀ ਵਿਧਾਨਕਾਰਾਂ ਤੇ ਪਸ਼ੂ-ਬਿਰਤੀ ਵਾਲੇ ਲੋਕਾਂ ਦੇ ਬਣਾਏ ਹੋਏ ਹੁੰਦੇ ਹਨ, ਨਾ ਤਾਂ ਪੂਰੀ ਤਰ੍ਹਾਂ ਸਭਿਆ ਹਨ ਤੇ ਨਾ ਹੀ ਮਾਨਵੀ ਹਨ। ਪੁਰਾਤਨ ਯੁਗ ਦੇ ਵਿਧਾਨਕਾਰ ਤੇ ਕੁਝ ਹੱਦ ਤਕ ਵਰਤਮਾਨ ਕਾਲ ਦੇ ਕਾਨੂੰਨਦਾਨ ਵੀ, ਹਾਲੀ ਅਮਾਨਵੀ ਗੁਣਾਂ ਦੀ ਜਾਤੀ ਵਾਲੇ ਹੀ ਹਨ।

ਜਦੋਂ ਮਨੁੱਖ ਗੁਰੂ ਸਮਾਨ ਸੱਚ ਤੇ ਸ੍ਰਿਸ਼ਟੀ ਦੀ ਸੁੰਦਰਤਾ ਤੇ ਇਸ ਦੀ ਆਤਮਾ ਵਿਚ ਵਿਆਪਕ ਸੱਚ ਬਾਰੇ ਪੂਰੀ ਤਰ੍ਹਾਂ ਜਾਗਰੂਪ ਹੋ ਜਾਵੇਗਾ ਤੇ ਆਪਣੇ ਆਪ ਨੂੰ ਉਚਾ ਉਠਾ ਕੇ ਇਸ ਅਨੁਸਾਰ ਆਪਣੇ ਜੀਵਨ ਨੂੰ ਢਾਲ ਲਵੇਗਾ ਤਾਂ

ਉਹ ਇਸ ਰਹੱਸ ਨੂੰ ਸਮਝ ਸਕੇਗਾ। ਜਦੋਂ ਹਰ ਕੋਈ ਇਸ ਸੱਚ ਨੂੰ ਅਨੁਭਵ ਕਰ ਲਵੇਗਾ ਤੇ ਗੁਰੂ ਸਮਾਨ ਦੈਵੀ-ਪ੍ਰੇਰਨਾ ਅਧੀਨ ਵਿਚਰੇਗਾ ਤਾਂ ਭਾਵੇਂ ਉਹ ਘੋੜੇ ਉਤੇ ਸਵਾਰ ਹੋ ਕੇ ਯੁਧ ਕਰ ਰਿਹਾ ਹੋਵੇ ਜਾਂ ਆਪਣੇ ਬਾਲ ਨੂੰ ਚੁੰਮ ਰਿਹਾ ਹੋਵੇ ਜਾਂ ਲੋਕਾਂ ਨੂੰ ਆਪਣੀ ਕਰਨੀ ਦੁਆਰਾ ਜੀਅ-ਦਾਨ ਪ੍ਰਦਾਨ ਕਰ ਰਿਹਾ ਹੋਵੇ ਤਾਂ ਉਸ ਉਤੇ ਕਿਸੇ ਵੀ ਨੇਮ ਦਾ ਨਿਅੰਤਰਨ ਨਹੀਂ ਹੋ ਸਕਦਾ, ਨਾ ਹੀ ਕਰਮ ਦਾ ਨੇਮ ਉਸ ਉਤੇ ਲਾਗੂ ਹੋ ਸਕਦਾ ਹੈ। ਪਰ ਉਸ ਅਵਸਥਾ ਤਕ ਅਪੜਨ ਤੋਂ ਪਹਿਲਾਂ ਦੀ ਸਥਿਤੀ ਵਿਚ ਕਰਮ ਦਾ ਨੇਮ ਨੈਤਿਕ ਜੀਵਨ ਦੀ ਪਾਲਣਾ ਹਿਤ ਉਹਨਾਂ ਲਈ ਨੈਤਿਕ ਸਿਧਾਂਤ ਦੇ ਰੂਪ ਵਿਚ ਕਰਮਸ਼ੀਲ ਰਹੇਗਾ। ਕਰਮ ਦੇ ਨੇਮ ਦੇ ਰੂਪ ਵਿਚ ਅਰਥਾਤ ਉਸ ਦੇ ਭੈਅ ਕਾਰਨ ਜਿਗਿਆਸੂ ਮਨੁੱਖ ਲਈ ਇਹ ਸੋਚਣਾ ਅਸੰਭਵ ਹੋ ਜਾਵੇਗਾ ਕਿ ਉਹ ਕਿਸੇ ਨੂੰ ਨਫ਼ਰਤ ਕਰਦਾ ਹੈ ਜਾਂ ਕੋਈ ਉਸ ਨੂੰ ਨਫ਼ਰਤ ਕਰਦਾ ਹੈ। ਉਸ ਨੂੰ ਗਿਆਨ ਹੋ ਜਾਂਦਾ ਹੈ ਕਿ ਘਿਰਣਾ ਨਾਲ ਘਿਰਣਾ ਦੂਰ ਨਹੀਂ ਹੁੰਦੀ, ਸਗੋਂ ਘਿਰਣਾ ਦੀ ਨਿਵਿਰਤੀ ਪ੍ਰੇਮ ਦੁਆਰਾ ਹੁੰਦੀ ਹੈ। ਇਸ ਲਈ ਕਰਮ ਦਾ ਨੇਮ ਜੋ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਵਿਚ ਵਰਣਨ ਕੀਤਾ ਹੈ, ਉਹ ਪ੍ਰੇਮ ਦੇ ਨੇਮ ਦੇ ਸਮਰੂਪ ਹੀ ਹੈ। ਮਨੁੱਖ ਲਈ ਚੋਰੀ ਕਰਨਾ ਇਸ ਦੀ ਤੁਲਨਾ ਵਿਚ ਸੌਖਾ ਹੈ ਕਿ ਉਹ ਕਿਸੇ ਨੂੰ ਕਤਲ ਕਰਨ ਦੀ ਭਾਵਨਾ ਆਪਣੇ ਮਨ ਵਿਚ ਚੋਰਾਂ ਵਾਂਗ ਛੁਪਾਈ ਰਖੇ। ਇਸ ਲਈ ਕਰਮ ਦਾ ਨੇਮ ਮਨੁੱਖ ਦੇ ਅਗਾਮੀ ਵਿਕਾਸ ਦਾ ਮਾਰਗ ਤਾਂ ਹੋ ਸਕਦਾ ਹੈ, ਨਾ ਕਿ ਉਸ ਦੇ ਪਤਨ ਜਾਂ ਇਸ ਜਨਮ ਨੂੰ ਧਾਰਨ ਦੇ ਕਾਰਨ ਦੇ ਰੂਪ ਵਿਚ ਕੋਈ ਅਰਥ ਰਖ ਸਕਦਾ ਹੈ। ਇਹੋ ਮਤ ਹੀ ਗੁਰੂ ਘਰ ਵਿਚ ਪ੍ਰਵਾਣਿਤ ਹੈ।

ਕਰਮ ਦਾ ਨੇਮ ਤਾਂ ਮਨੁੱਖ ਦੇ ਸੁਭਾ ਨਾਲ ਸੰਬੰਧ ਰਖਣ ਵਾਲਾ ਸੀਮਿਤ ਹੁੰਦਾ ਹੈ। ਇਸ ਦਾ ਆਤਮਾ ਨਾਲ ਕੋਈ ਸੰਬੰਧ ਨਹੀਂ ਹੁੰਦਾ। ਆਤਮਾ ਤਾਂ ਉਸ ਸਤਰੰਗੀ ਪੀਂਘ ਦੇ ਹੋਣ ਸਮਾਨ ਹੈ, ਜਿਸ ਨੂੰ ਪ੍ਰਭੂ ਨੇ ਆਪਣੀ ਸੁੰਦਰਤਾ ਦੀਆਂ ਨੂਰੀ ਕਿਰਨਾਂ ਦੁਆਰਾ ਰਚਿਆ ਹੈ। ਆਤਮਾ ਤਾਂ ਉਸ ਕਰਤਾ-ਪੁਰਖ ਦੀ ਰਜ਼ਾ ਦੀ ਅਬਿਨਾਸ਼ੀ ਛੁਹ ਹੁੰਦੀ ਹੈ। ਇਹ ਤਾਂ ਕਰਤਾਰ ਦੀ ਸੁੰਦਰਤਾ ਦਾ ਪ੍ਰਸਾਰਨ ਹੁੰਦਾ ਹੈ। ਸ੍ਰਿਸ਼ਟੀ ਦੀ ਅਨੰਤ ਯੋਜਨਾ ਵਿਚ ਆਤਮਾ ਲਈ ਕੋਈ ਬੰਧਨ ਜਾਂ ਕਾਲ-ਕੋਠੜੀ ਨਹੀਂ ਹੈ, ਇਸ ਲਈ ਆਤਮਾ ਲਈ ਕੋਈ ਵੀ ਕਰਮ ਦਾ ਬੰਧਨ ਨਹੀਂ ਹੈ, ਸੁੰਦਰਤਾ ਵਿਚ ਕੋਈ ਅੰਤਰ ਨਹੀਂ ਹੁੰਦਾ, ਇਸ ਦੇ ਮੰਡਲ ਵਿਚ ਸਭ ਸੁੰਦਰਮ ਹੈ।

ਗੁਰੂ ਜੀ ਤਾਂ ਪ੍ਰਭੂ ਦੀ ਸ਼ਾਨ ਨੂੰ ਹਰ ਥਾਂ ਨਿਹਾਰ ਕੇ ਅਨੰਦ-ਵਿਭੋਰ ਹੋ ਜਾਂਦੇ ਹਨ ਅਤੇ ਵਾਹੁ-ਵਾਹੁ ਦਾ ਗੁਣ-ਗਾਨ ਕਰਦੇ ਹਨ। ਗੁਰੂ ਜੀ ਤਾਂ ਅਨੰਦ-ਵਿਭੋਰ ਹੋ ਜਾਂਦੇ ਹਨ ਤੇ ਇਹ ਅਨੁਭਵ ਕਰਕੇ ਕਿ ਪ੍ਰਭੂ-ਪ੍ਰੀਤਮ ਦੀ ਛੁਹ ਉਹਨਾਂ ਨੂੰ ਪ੍ਰਾਪਤ ਹੋ ਰਹੀ ਹੈ, ਆਪਣੇ ਆਪ ਨੂੰ ਬਿਸਮਿਲ ਜਿਹਾ ਪ੍ਰਤੀਤ ਕਰਦੇ ਹਨ। ਪ੍ਰਭੂ ਤਾਂ ਪ੍ਰਕ੍ਰਿਤੀ ਵਿਚ ਅਕੱਥਨੀਯ ਰਹੱਸ ਰੂਪ ਹੈ। ਆਕਾਸ਼ ਉਤੇ ਰੰਗਾਂ ਦੀ ਝਿਲਮਿਲ ਗੁਰੂ ਜੀ ਲਈ ਤਾਂ ਪ੍ਰਭੂ-ਪ੍ਰੀਤਮ ਦੇ ਸੁੰਦਰ ਮੁਖੜੇ ਦੇ ਨਾਜ਼-ਨਖ਼ਰੇ

ਹਨ। ਪ੍ਰਭੂ ਦੇ ਦੀਦਾਰ ਦੀ ਇਕ ਝਲਕ ਹੀ ਉਹਨਾਂ ਲਈ ਕਾਫ਼ੀ ਹੈ। ਪ੍ਰਭੂ ਤਾਂ ਮਨੁੱਖ ਦੇ ਅਲਪ ਜੀਵਨ ਦਾ ਰੱਖਿਅਕ ਹੈ। ਗੁਰੂ ਜੀ ਨੇ ਉਸ ਦਾ ਨਾਮ ਧਰ ਦਿਤਾ ਹੈ ਤੇ ਪ੍ਰਭੂ-ਪ੍ਰੀਤਮ ਨੂੰ ਸਾਡੀ ਆਤਮਾ ਦੇ ਅਨੰਦ ਦਾ ਸੁਖਦਾਤਾ ਕਿਹਾ ਹੈ। ਇਸ ਤੋਂ ਵਧੇਰੇ ਗੁਰੂ ਜੀ ਨੂੰ ਕਰਤਾ-ਪੁਰਖ ਬਾਰੇ ਜਾਣਨ ਦੀ ਲੋੜ ਹੀ ਕੀ ਹੈ ? ਪ੍ਰਭੂ ਦੇ ਦੀਦਾਰ ਦੀ ਭ਼ਵਮਈ ਸੁੰਦਰਤਾ ਦਾ ਆਭਾਸ ਜੋ ਹਰ ਥਾਂ ਵਿਆਪਕ ਹੈ ਤੇ ਉਸ਼ ਦੇ ਦਰਸ਼ਨ ਦੇ ਰਸ-ਅੰਮ੍ਰਿਤ ਨੂੰ ਚੱਖਣਾ ਹੀ ਕਾਫੀ ਹੈ। ਇਸ ਪਰਮ ਸੁੰਦਰਤਾ ਨੂੰ ਨਿਹਾਰ ਕੇ ਗੁਰੂ ਜੀ ਦੇ ਹੱਥਾਂ ਵਿਚੋਂ ਸਭ ਧਰਮ ਪੁਸਤਕਾਂ ਡਿਗ ਪੈਂਦੀਆਂ ਹਨ। ਆਪ ਵਾਹੁ-ਵਾਹੁ ਦਾ ਗੁਣ-ਗਾਇਨ ਕਰਨ ਲਗ ਪੈਂਦੇ ਹਨ। ਗੁਰੂ ਜੀ ਦੀ ਸ਼ਰਨ ਵਿਚ ਜਾ ਕੇ ਮਨ ਤੋਂ ਉਪਜੇ ਸਭ ਸੰਸੇ ਮਿਟ ਜਾਂਦੇ ਹਨ ਤੇ ਉਸ ਦੇ ਨਿਜ ਦਾ ਘੜਿਆ ਕਰਮ ਦੇ ਨੇਮ ਦਾ ਭੂਤ ਵੀ ਦੂਰ ਜਾਂਦਾ ਹੈ।

ਜਿਸ ਨੇ ਵੀ ਗੁਰੂ ਦੀ ਮਿਹਰ ਨੂੰ ਪ੍ਰਾਪਤ ਕਰ ਲਿਆ ਹੈ, ਉਸ ਲਈ ਕਰਮਾਂ ਦੇ ਚੱਕਰ ਦਾ ਅੰਤ ਹੋ ਜਾਂਦਾ ਹੈ। ਮਨ ਦੀ ਭਟਕਣਾ ਦੇ ਦੁਖ ਕਲੇਸ਼ ਵੀ ਮਿਟ ਜਾਂਦੇ ਹਨ। ਉਸ ਨੂੰ ਨਿਰਵਾਣ ਦਾ ਉਹ ਪਰਮ-ਪਦ ਪ੍ਰਾਪਤ ਹੋ ਜਾਂਦਾ ਹੈ, ਜਿਸ ਵਿਚ ਕਰਮ ਦੇ ਚਕ਼ਰ ਦਾ ਆਭਾਵ ਹੈ।

# ਜੀਵਨ ਦਾ ਸੰਚਾਲਨ

ਗੁਰੂ ਜੀ ਦੇ ਉਪਦੇਸ਼ ਜੋ ਮਨੁੱਖ ਨੂੰ ਸੰਬੋਧਿਤ ਕੀਤੇ ਗਏ ਹਨ, ਅਨੰਤ ਵਿਸ਼ਾਲਤਾ ਵਿਚ ਸੁੰਦਰ ਸਵੈ-ਵਿਰੋਧ ਪ੍ਰਤੀਤ ਹੁੰਦੇ ਹਨ। ਮਨੁੱਖ ਇੰਦਰੀਆਂ ਦੀਆਂ ਸਹੰਸਰ ਚੇਸ਼ਟਾਵਾਂ ਵਿਚ ਖਚਿਤ ਰਹਿੰਦਾ ਹੈ। ਆਪਣੇ ਪ੍ਰਾਕ੍ਰਿਤਕ ਸੁਭਾ ਅਰਥਾਤ ਰੁਚੀਆਂ ਦੀ ਵੰਨ-ਸੁਵੰਨਤਾ ਵਿਚ ਚੋਣ ਕਰ ਸਕਣ, ਅੰਤਰਮੁਖੀ ਤੇ ਬਾਹਰਮੁਖੀ ਵਾਤਾਵਰਣ ਦੀਆਂ ਮਜਬੂਰੀਆਂ ਦੇ ਕਾਰਨ ਮਨੁੱਖ ਦਾ ਅਸਲੀ ਸਰੂਪ ਤਾਂ ਦਿਖਾਈ ਹੀ ਨਹੀਂ ਦਿੰਦਾ। ਸਾਨੂੰ ਤਾਂ ਕੇਵਲ ਉਸ ਦਾ ਉਦਰ, ਬਾਹਾਂ ਤੇ ਜੰਘਾਂ, ਦਿਮਾਗ ਤੇ ਲਿੰਗ ਇੰਦਰੇ ਹੀ ਰੂਪਮਾਨ ਦਿਸਦੇ ਹਨ। ਇਹ ਸਭ ਕੁਝ ਹੱਡ ਮਾਸ ਦੀ ਚਰਮ ਖਿਚ ਦਿਮਾਗ ਜਾਂ ਇੰਦਰੀਆਂ ਦੀ ਕੋਈ ਉਤੇਜਨਾ ਜਾਂ ਵੇਗ ਹੀ ਹੁੰਦਾ ਹੈ। ਜਿਵੇਂ ਕਿ ਪੰਜਾਬ ਦੇ ਸੂਫ਼ੀ ਕਵੀ ਬੁਲ੍ਹੇ ਸ਼ਾਹ ਨੇ ਫੁਰਮਾਇਆ ਹੈ : "ਇਹ ਤਾਂ ਕੇਵਲ ਮਾਟੀ ਹੀ ਕੁਦ ਤੇ ਨਚ ਰਹੀ ਹੈ। ਮਾਟੀ ਦਾ ਘੋੜਾ ਹੈ, ਮਾਟੀ ਦਾ ਜੋੜਾ ਹੈ, ਮਾਟੀ ਦਾ ਹੀ ਉਤੇ ਸਵਾਰ ਅਥਵਾ ਲਾੜਾ ਹੈ, ਸਭ ਕੁਝ ਇਸ 'ਖਾਕ' ਜਾਂ 'ਮਿੱਟੀ' ਦੀ ਹੀ ਖੇਡ ਹੈ। ਇਹ ਸਾਰੇ ਚੰਗੇ ਮੰਦੇ ਕਰਮ ਜਿਨ੍ਹਾਂ ਨੂੰ ਅਸੀਂ ਨੈਤਿਕ ਜਾਂ ਅਨੈਤਿਕ ਮੰਨਦੇ ਹਾਂ, ਭਾਵੇਂ ਇਹ ਨੈਤਿਕ ਹੋਣ ਜਾਂ ਅਨੈਤਿਕ, ਮਾਨਸਿਕ ਅਤੇ ਭੌਤਿਕ ਪ੍ਰੇਰਨਾ ਦੁਆਰਾ ਕੀਤੇ ਜਾਂਦੇ ਹਨ। ਭਾਵੇਂ ਇਹ ਪਾਪ-ਗ੍ਰਸਤ ਐਸ਼ਵਰਜ਼ ਦੇ ਕੰਮ ਹੋਣ ਜਾਂ ਕਿਸੇ ਸਦਗੁਣੀ ਵੇਦਨਾ ਵਾਲੇ ਹੋਣ—ਆਤਮਾ ਦੇ ਰੋਗ ਹੀ ਹੁੰਦੇ ਹਨ।" ਇਹ ਸਭ ਵਿਭਿੰਨ ਚੇਸ਼ਟਾਵਾਂ ਆਪਣੇ ਲਛਣਾਂ ਅਨੁਸਾਰ ਆਤਮਾ ਲਈ ਘੁਟਣ ਪੈਦਾ ਕਰਨ ਵਾਲੀਆਂ ਹਨ, ਜਿਨ੍ਹਾਂ ਦੇ ਕਾਰਨ ਉਸ ਦੀ ਮੌਤ ਵੀ ਹੋ ਸਕਦੀ ਹੈ।

ਮਨੁੱਖ ਵਾਸਨਾਗਤ ਭੋਗਾਂ ਅਤੇ ਧਾਰਮਿਕ ਜਾਗਰੂਪਤਾ ਦੇ ਹੋਣ ਉਤੇ ਵੀ ਕਾਲਵਾਸ ਹੋ ਜਾਂਦੇ ਹਨ। ਇਹਨਾਂ ਵਿਚੋਂ ਕੋਈ ਕੋਈ ਉਮਰ ਖ਼ਿਆਮ ਵਰਗਾ ਹੀ ਇਸ ਜ਼ਹਿਰ ਵਿਚੋਂ ਜੀਵਨ ਦੀ ਚੰਗਿਆੜੀ ਨੂੰ ਪ੍ਰਾਪਤ ਕਰ ਸਕਦਾ ਹੈ। ਸ਼ਿਵ ਜੀ ਵੀ ਸਾਗਰ ਮੰਥਨ ਸਮੇਂ ਜ਼ਹਿਰ ਨੂੰ ਪੀ ਕੇ ਜੀਵਤ ਰਹੇ।

ਗੁਰੂ ਜੀ ਦੇ ਮਤ ਅਨੁਸਾਰ ਸੱਚਾ ਜੀਵਨ ਤਾਂ ਆਤਮਾ ਦੇ ਮੰਡਲ ਦਾ ਹੀ ਹੁੰਦਾ ਹੈ ਨਾ ਕਿ ਮਨ ਅਤੇ ਤਨ ਦੇ ਖੇਤਰ ਦਾ। ਜੋ ਉਸ ਸਮੇਂ ਹੀ ਕਰਮਸ਼ੀਲ ਹੁੰਦੇ ਹਨ, ਜਦੋਂ ਉਹਨਾਂ ਨੂੰ ਰਜਵਾਂ-ਪੁਜਵਾਂ ਆਹਾਰ ਮਿਲਦਾ ਹੈ। ਮਨੁੱਖ ਦੀ ਦਿਮਾਗੀ ਪ੍ਰਕ੍ਰਿਆ ਤਾਂ ਜੁਗਨੂੰ ਦੀ ਪੂਛ ਵਿਚਲੀ ਰੋਸ਼ਨੀ ਵਾਲੀ ਹੁੰਦੀ ਹੈ ਜੋ ਵਧੇਰੇ ਕਰਕੇ ਸਰੀਰਕ ਰੂਪ ਦੀ ਹੀ ਹੁੰਦੀ ਹੈ। ਇੱਛਾ ਮਨ ਦਾ ਪ੍ਰਗਟਾਉ ਹੁੰਦਾ ਹੈ, ਵਿਚਾਰ ਸਰੀਰ ਦਾ ਤੇ ਆਤਮਾ ਦੀ ਅਭੀਵਿਅਤੀ ਕਲਪਨਾ ਹੈ। ਪ੍ਰੇਰਨਾ ਭਰਪੂਰ ਕਲਪਨਾ ਆਤਮਾ ਦੀ ਨਿਰਮਾਤਾ ਹੁੰਦੀ ਹੈ। ਇਸ ਦੁਆਰਾ ਹੀ ਆਤਮਾ

ਸਹੰਸਰ ਰੰਗੇ ਕਲਪਨਾ ਦੇ ਬਸਤਰ ਤਿਆਰ ਹੁੰਦੇ ਹਨ। ਆਤਮਾ ਜਿਸ ਸਰੀਰ
ਗੀ ਕਪੜੇ ਨੂੰ ਪਹਿਨਦੀ ਹੈ, ਉਹ ਬਿਜਲੀ ਦੇ ਲਿਸ਼ਕਾਰਿਆਂ ਦਾ ਬਣਿਆ
ਏਆ ਹੁੰਦਾ ਹੈ। ਮਨੁੱਖ ਦੀ ਸਮੁੱਚੀ ਆਤਮਿਕ ਉਨਤੀ ਦਾ ਰਹੱਸ ਕਲਪਨਾ
ਚ ਹੀ ਛੁਪਿਆ ਹੁੰਦਾ ਹੈ। ਵਾਸਤਵ ਵਿਚ ਇਹ ਕਲਪਨਾ ਹੀ ਮਨੁੱਖ ਦੀ
ਤੇਕ ਤੇ ਆਤਮਿਕ ਸੰਪਤੀ ਦਾ ਮੁਖ ਤੱਤ ਹੈ।

ਇਹ ਸਭ ਕੁਝ ਯਥਾਰਥ ਦੀ ਕਲਪਨਾ ਤੋਂ ਬਿਨਾਂ ਹੋਰ ਕੀ ਹੈ ? ਅਸੀਂ
ਜ ਵਸਤੂ ਸਮੱਗਰੀ ਦੇ ਬਣਾਏ ਹੋਏ ਹਾਂ ਜੋ ਸੁਪਨਿਆਂ ਨੂੰ ਸਿਰਜਦੀ ਹੈ। ਇਸ
ਈ ਆਤਮਾ ਦੇ ਦ੍ਰਿਸ਼ਟੀਕੋਣ ਤੋਂ ਜੀਵਨ ਦਾ ਸੰਚਾਲਨ ਵਚਿੱਤਰ ਰੂਪ ਵਿਚ
ਟਰ ਹੋਣ ਵਿੱਚ ਹੈ, ਮਨੋਦਸ਼ਾਵਾਂ ਦੇ ਪਰਿਵਰਤਨ ਵਿਚ ਹੈ ਅਤੇ ਇਸ ਦੇ
ੜੇ ਦੀ ਰੰਗ-ਬਰੰਗੀ ਵੰਨ-ਸੁਵੰਨਤਾ ਦੀ ਵਚਿੱਤਰਤਾ ਵਿਚ ਹੈ। ਇਕ ਸਚਿਆਰੇ
ਨੁੱਖ ਨੂੰ ਜੇ ਉਹ ਸਿਧਾ ਤੇ ਸੁਹਿਰਦ ਪੁਰਸ਼ ਹੈ ਤਾਂ ਗੁਰੂ ਜੀ ਉਸ ਨੂੰ ਵਖਰੇ
ਗ ਨਾਲ ਸੰਬੋਧਨ ਕਰਦੇਹਨ। ਗੁਰੂ ਜੀ ਸਭ ਮਨੁੱਖਾਂ ਲਈ ਇਕੋ ਜਿਹੇ
ਚਰਣ ਜਾਂ ਚਲਣ ਵਿਚ ਵਿਸ਼ਵਾਸ ਨਹੀਂ ਰਖਦੇ। ਆਪ ਤਾਂ ਉਹ ਕੁਝ ਚਾਹੁੰਦੇ
ਨ ਜੋ ਮਨੁੱਖ ਨੂੰ ਸੱਚੇ ਅਰਥਾਂ ਵਿਚ ਮਨੁੱਖ ਬਣਾ ਦਿੰਦਾ ਹੈ। ਇਹ ਅੰਤਰੀਵ
ਤੇਕਤਾ ਜਾਂ ਆਤਮਿਕ ਦਸ਼ਾ ਹੀ ਮਨੁੱਖ ਦਾ ਸੱਚਾ ਸਰੂਪ ਹੈ, ਜੋ ਆਪਣੇ ਆਪ
ਤੇ ਸਮਾਜਕ ਭਲਾਈ ਲਈ ਸਮਾਨ ਰੂਪ ਦੇ ਅਨੁਸ਼ਾਸਨ ਰਖਣ ਕਾਰਨ
ਣਿਆ ਜਾਂਦਾ ਹੈ। ਉਹ ਇਕ ਚੰਗੇ ਨਾਗਰਿਕ ਵਾਲੀ ਅਖੰਡਤਾ ਦਾ ਧਾਰਨੀ
ਤੇ ਸੁਭਾਵਿਕ ਰੂਪ ਵਿਚ ਹੀ ਸਮਾਜ ਦਾ ਸੇਵਕ ਹੁੰਦਾ ਹੈ। ਉਹ ਤਾਂ ਇਕ
ਜੇਹਾ ਅੰਤਰੀਵ ਮਨੁੱਖ ਹੈ ਜਿਸ ਦਾ ਅੰਤਰੀਵ ਸੰਚਾਲਨ ਉਸ ਨੂੰ ਉਹ ਕੁਝ
ਣਾ ਦਿੰਦਾ ਹੈ ਜੋ ਕੁਝ ਉਹ ਆਪਣੇ ਨਿਜ ਲਈ ਤੇ ਆਪਣੇ ਪ੍ਰਭੂ ਲਈ ਹੁੰਦਾ
ਉਸ ਦਾ ਸੰਚਾਲਨ ਇਸੇ ਦ੍ਰਿਸ਼ਟੀ ਤੋਂ ਹੀ ਹੁੰਦਾ ਹੈ ਤਾਂ ਜੋ, ਜੋ ਕੁਝ ਵਾਸਤਵ
ਚ ਵਿਚ ਉਹ ਆਪ ਹੈ, ਉਹੋ ਕੁਝ ਹੀ ਬਣ ਜਾਵੇ। ਅਜਿਹੇ ਅੰਤਰੀਵ ਮਨੁੱਖ
ਨਿਜੀ ਗੁਣ ਉਦੋਂ ਸਦਾ ਉਸ ਦੇ ਅੰਗ ਸੰਗ ਰਹਿੰਦੇ ਹਨ ਜਦੋਂ ਉਹ ਆਪਣੇ
ਪ ਵਿਚ ਇਕੱਲਾ ਹੁੰਦਾ ਹੈ, ਆਪਣੀ ਆਤਮਾ ਵਿਚ ਇਸਥਿਤ ਹੁੰਦਾ ਹੈ ਤੇ
ਸ ਦੇ ਅੰਤਰੀਵ ਇਕਾਂਤ ਨੂੰ ਮਾਣ ਰਿਹਾ ਹੁੰਦਾ ਹੈ। ਅਜਿਹੇ ਸੱਚੇ ਤਿਆਗੀ
ਪ੍ਰਭੂ ਵੈਰਾਗੀ ਪੁਰਸ਼ ਲਈ ਤਾਂ ਗੁਰੂ ਜੀ ਦਾ ਆਦੇਸ਼ ਹੁੰਦਾ ਹੈ, "ਜਾਉ ਅਤੇ
ਸਤਰੀ ਰੂਪ ਦੀ ਸੁੰਦਰਤਾ ਤੋਂ ਪ੍ਰੇਰਿਤ ਹੋਵੋ, ਜਾਉ ਉਸ ਨਾਲ ਵਿਆਹ ਰਚਾਉ
ਤੇ ਨਿਜ ਅਨੰਦ ਦੇ ਜੀਵਨ ਰਸ ਨੂੰ ਮਾਣੋ।" ਅਜਿਹੇ ਜੀਵਨ ਦੇ ਉਹ ਵਿਅਕਤੀ
ਈਵਾਲ ਹੁੰਦੇ ਹਨ ਜੋ ਅਜਿਹੇ ਜੀਵਨ ਨੂੰ ਭਦਰਤਾ, ਆਤਮ-ਸੰਜਮ ਤੇ ਆਤਮ-
ਤੁਲਨ ਦੁਆਰਾ ਜਿਉਂਦੇ ਹਨ।

ਦੂਜੇ ਬੰਨੇ ਗੁਰੂ ਜੀ ਉਸ ਸੁਆਰਥੀ, ਕਠੋਰਚਿਤ, ਸੁਕੇ ਸੜੇ ਤੇ ਆਤਮਾ
ਹੇਤ ਨਿਪਟ ਸਰੀਰ ਨਾਲ ਜੁੜੇ ਵਿਅਕਤੀ ਨੂੰ ਇਹ ਆਖਦੇ ਹਨ, "ਸੰਪਤੀ
ਖਿਚ ਤੋਂ ਆਪਣੇ ਆਪ ਨੂੰ ਮੁਕਤ ਕਰੋ, ਇਹ ਤੁਹਾਨੂੰ ਮਾਰ ਰਹੀ ਹੈ, ਇਸ
ਤੁਹਾਡਾ ਸਤਿਆਨਾਸ਼ ਕਰ ਦਿਤਾ ਹੈ। ਸਭ ਦਾ ਤਿਆਗ ਕਰੋ, ਕਿਸੇ ਨੇ ਤੁਹਾਡੇ

ਨਾਲ ਨਹੀਂ ਜਾਣਾ। ਓ ਮੂਰਖ, ਅਗਿਆਨੀ ! ਜੇ ਤੂੰ ਆਪਣੀ ਆਤਮਾ ਦੀ ਸੰਭਾਲ ਨਹੀਂ ਕੀਤੀ ਤਾਂ ਇਸ ਸਭ ਕੁਝ ਵਿਚ, ਕੁਝ ਵੀ ਤੇਰਾ ਆਪਣਾ ਨਹੀਂ ਹੈ। ਜੇ ਤੇਰਾ ਕੋਈ ਆਪਣਾ ਘਰ ਹੈ ਤਾਂ ਇਸ ਨੂੰ ਆਤਮਾ ਦੇ ਸੰਗੀਤ ਨਾਲ ਇਕਸੁਰ ਕਰੋ ਤੇ ਆਤਮਾ ਦੀ ਅਨੰਤਤਾ ਦੀ ਬਹੁਵੰਨਤਾ ਨਾਲ ਜੋੜੋ। ਸਭ ਨਾਲ ਵੰਡ ਕੇ ਛਕੋ, ਕਿਸੇ ਨੂੰ ਦੁਖ ਨਾ ਦਿਉ, ਕਿਸੇ ਦਾ ਦਿਲ ਨਾ ਤੋੜੋ, ਸਭ ਦੇ ਦਿਲ ਉਸ ਪ੍ਰਭੂ-ਪ੍ਰੀਤਮ ਦੇ ਆਪਣੇ ਹਨ। ਸਭ ਨੂੰ ਭੋਜਨ ਛਕਾਉ, ਸਭ ਨੂੰ ਲੀੜਾ-ਬਸਤਰ ਦਿਉ, ਦਾਤਾ ਬਣੋ ਨਾ ਕਿ ਮੰਗਤੇ ਜਾਂ ਜਾਚਕ। ਧਨ-ਦੌਲਤ ਤੇ ਸੰਸਾਰਕ ਸਿਆਣਪ ਨੂੰ ਇਕੱਤਰ ਕਰਨ ਵਾਲੇ ਮਨੁੱਖੀ ਆਤਮਾ ਦੇ ਵਾਸਤਵਿਕ ਕਾਤਲ ਹਨ। ਇਹਨਾਂ ਨਾਲੋਂ ਉਹ ਘਟ ਜ਼ਾਲਮ ਹਨ, ਜੋ ਮਨੁੱਖ ਦੇ ਸਰੀਰ ਨੂੰ ਕਤਲ ਕਰਦੇ ਹਨ। ਤੁਸੀਂ ਤਾਂ ਆਪਣੀ ਆਤਮਾ ਨੂੰ ਹੀ ਕਤਲ ਕਰਦੇ ਹੋ, ਤੁਹਾਡਾ ਅਪਰਾਧ ਕਿਡਾ ਵੱਡਾ ਹੈ ? ਜੇ ਫਿਰ ਵੀ ਤੁਸੀਂ ਇਸ ਸੰਸਾਰ ਵਿਚ ਵਿਚਰਨਾ ਚਾਹੁੰਦੇ ਹੋ ਤਾਂ ਇਸ ਤਰ੍ਹਾਂ ਵਿਚਰੋ ਜਿਵੇਂ ਕੰਵਲ, ਛੰਭ ਵਿਚ ਵਿਚਰਦਾ ਹੈ, ਜਿਵੇਂ ਝੀਲ ਵਿਚ ਮੁਰਗਾਬੀ ਜਾ ਸਮਾਉਂਦੀ ਹੈ। ਪੇਟੂ-ਪੁਣੇ, ਚੰਮ-ਖ਼ੁਸ਼ੀਆਂ ਦੇ ਵਿਸ਼ੇ-ਭੋਗ ਤੇ ਇੰਦਰਿਆਈ ਤੇ ਮਨੋ-ਕਾਮਨਾਵਾਂ ਦੀਆਂ ਉਤੇਜਨਾਵਾਂ ਦੇ ਧੂੜ ਘੱਟੇ ਦਾ ਡੌਰ-ਭੌਰਾਪਨ ਅਤੇ ਸਿਥਲਤਾ ਤੇ ਨਿਤ ਦੇ ਜੀਵਨ ਦੀ ਨੀਰਸਤਾ ਕੋਹਲੂ ਦੇ ਖੋਪਲ ਬਲਦ ਸਮਾਨ ਪੜਾਣੇ ਦੁਆਲੇ ਮੁੜ ਮੁੜ ਚਕਰ ਕਟਣ ਸਮਾਨ, ਇਹ ਬੰਧਨ-ਯੁਕਤ ਅਰਥਹੀਣ ਨਿਤ ਦਾ ਕਰਮ ਹੈ। ਇਹ ਸਭ ਝੂਠੇ ਸਿਸ਼ਟਾਚਾਰ ਤੇ ਮੰਦਰ-ਮਸਜਿਦਾਂ ਦੇ ਫੋਕਟ ਆਡੰਬਰ ਜੋ ਸਾਡੇ ਘਰਾਂ ਵਿਚ ਪ੍ਰਚਲਿਤ ਹਨ, ਨਿਸ਼ਚੇ ਹੀ ਮੌਤ ਦੀ ਨਿਆਈਂ ਹਨ। ਉਹਨਾਂ ਤਿਆਗੀ ਸੰਨਿਆਸੀਆਂ ਦਾ ਜੀਵਨ ਇਸ ਤੋਂ ਵੀ ਭੈੜੀ ਮੌਤ ਵਾਲਾ ਹੈ ਜੋ ਇਕੱਲੇ ਹੀ ਆਪ ਹੁਦਰੇ ਢੰਗ ਨਾਲ ਰੱਬ ਦੀ ਪ੍ਰਾਪਤੀ ਲਈ ਅਕਾਰਥ ਯਤਨ ਕਰਦੇ ਰਹਿੰਦੇ ਹਨ। ਵਰਤਾਂ ਜਾਂ ਉਪਵਾਸਾਂ ਦੁਆਰਾ ਆਪਣੇ ਨਾੜੀ-ਤੰਤਰ ਨੂੰ ਸੁੰਨ ਕਰ ਲੈਣਾ, ਜਗਰਾਤੇ ਕਟਣਾ ਤੇ ਸਰੀਰਕ ਪ੍ਰਕਿਰਿਆਵਾਂ ਤੇ ਹੋਰ ਹਠ-ਯੋਗੀ ਸਾਧਨਾਂ ਦੁਆਰਾਂ ਨਿਸ਼ਕਿਰਿਆ ਕਰ ਦੇਣਾ ਤਾਂ ਅਤਿ ਦੀ ਮੂਰਖਤਾ ਵਾਲੀ ਗੱਲ ਹੈ ਕਿਉਂਜੋ ਇਸ ਤਰ੍ਹਾਂ ਕੋਈ ਆਤਮਿਕ ਪ੍ਰਾਪਤੀ ਨਹੀਂ ਹੁੰਦੀ। ਆਤਮਿਕ ਸ਼ਾਂਤੀ ਤਾਂ ਸਹਿਜ ਰੂਪ ਵਿਚ ਹੀ ਪ੍ਰਾਕ੍ਰਿਤਕ ਵਿਕਾਸ ਰੂਪ ਵਿਚ ਪ੍ਰਾਪਤ ਹੁੰਦੀ ਹੈ। ਮਾਇਆ ਤੋਂ ਮੁਕਤ ਹੋਣ ਲਈ ਆਪਣੀ ਸੂਖ਼ਮ ਗ੍ਰਹਿਣ-ਸ਼ੀਲਤਾ ਤੇ ਸੰਵੇਦਨਸ਼ੀਲਤਾ ਨੂੰ ਕਠੋਰ ਹਠ-ਯੋਗ ਤੇ ਪ੍ਰਾਣਾਯਾਮ ਦੁਆਰਾ ਸੁੰਨ ਕਰਨਾ ਤਾਂ ਹੋਰ ਵੀ ਨਿਪਟ ਅਗਿਆਨ ਹੈ।

ਰਾਉ ਨੂੰ ਗੁਰੂ ਆਖਦੇ ਹਨ—ਰੰਕ ਬਣੋ। ਰੰਕ ਨੂੰ ਆਖਦੇ ਹਨ—ਰਾਉ ਬਣੋ।

ਜਿਹੜੇ ਕੇਵਲ ਖਾਣ ਲਈ ਜਿਉਂਦੇ ਹਨ, ਉਹਨਾਂ ਨੂੰ ਕਹਿੰਦੇ ਹਨ—ਵਰਤ ਰਖੋ ਅਤੇ ਜਿਹੜੇ ਜਿਉਣ ਲਈ ਖਾਂਦੇ ਹਨ, ਉਹਨਾਂ ਨੂੰ ਫੁਰਮਾਉਂਦੇ ਹਨ, ਤੁਹਾਡੀ ਆਤਮਾ ਦੀ ਦਸ਼ਾ ਠੀਕ ਹੈ, ਰਜ ਪੁਜ ਕੇ ਖਾਉ।

ਮੋਨੀ ਨੂੰ ਬੋਲਣ ਦਾ ਉਪਦੇਸ਼ ਕਰਦੇ ਹਨ ਤੇ ਬੜਬੋਲੇ ਨੂੰ ਚੁੱਪ ਰਹਿਣ

ਾ।

ਜਿਹੜੇ ਵੀ ਉਚਿਤ ਸਾਧਨ ਹੋ ਸਕਦੇ ਹਨ, ਉਹਨਾਂ ਦੁਆਰਾ ਆਪਣੀ ਾਤਮਾ ਦੇ ਵਿਘਠਨ ਨੂੰ ਰੋਕੋ।

ਜਿਨ੍ਹਾਂ ਦੀ ਪ੍ਰਕ੍ਰਿਤੀ ਇਸ ਤਰ੍ਹਾਂ ਦੀ ਬਣੀ ਹੋਈ ਹੈ ਕਿ ਉਹ ਆਪਣੀ ਰੀਰਕ ਤੇ ਮਾਨਸਿਕ ਸ਼ਕਤੀ ਨੂੰ ਸਾਂਭ ਕੇ ਰਖਦੇ ਹਨ, ਉਹਨਾਂ ਨੂੰ ਗੁਰੂ ਜੀ ਾਖਦੇ ਹਨ, ਇਸ ਤਰ੍ਹਾਂ ਦੀ ਨਿਜ ਵਰਤੋਂ ਵਿਚ ਰਬੀ ਅਨੰਦ ਪ੍ਰਾਪਤ ਹੁੰਦਾ ਹੈ।

ਜੋ ਆਪਣੇ ਨਿਜ ਦੀ ਪਾਗਲਾਂ ਵਾਂਗ ਵਰਤੋਂ ਕਰਦੇ ਹਨ, ਉਹਨਾਂ ਬਾਰੇ ਰੁ ਜੀ ਦਸਦੇ ਹਨ ਕਿ ਉਹਨਾਂ ਦੀ ਆਤਮਾ ਆਪਣੇ ਵਿਚਲੇ ਦੈਵੀ ਪਦਾਰਥ ੀ ਦੁਰਵਰਤੋਂ ਕਰਕੇ ਅਰਥਾਤ ਉਸ ਨੂੰ ਸਾੜ ਕੇ ਸਰੀਰਕ ਤੌਰ 'ਤੇ ਮੁਰਦਾ ਲੋਥ ਣ ਜਾਂਦੀ ਹੈ।

ਜਿਹੜੇ ਅੰਤਰੀਵ ਤੌਰ 'ਤੇ ਅਹਿੰਸਾ ਤੇ ਕਿਸੇ ਨੂੰ ਦੁਖ ਨਾ ਦੇਣ ਵਿਚ ਸ਼ਵਾਸ ਰਖਦੇ ਹਨ, ਉਹਨਾਂ ਨੂੰ ਗੁਰੂ ਜੀ ਆਖਦੇ ਹਨ, ਜਾਉ ! ਬੀਰ ਯੋਧਿਆਂ ੀ ਤਰ੍ਹਾਂ ਘੋੜ ਚੜ੍ਹੇ ਬਣੋ, ਹੱਥ ਵਿਚ ਕਿਰਪਾਨਾਂ ਨੂੰ ਸੂਤੋ, ਰੱਬੀ ਸੂਰਬੀਰਾਂ ਤੇ ਧਿਆਂ ਦੀ ਨਿਆਈਂ ਅਸਹਾਈਆਂ ਦੀ ਸਹਾਇਤਾ ਕਰੋ ਅਤੇ ਨਿਥਾਵਿਆਂ ਨੂੰ ਾਂ ਪ੍ਰਦਾਨ ਕਰੋ।

ਇਕ ਮੁਹਰਬੰਦ ਪ੍ਰਤਿਗਿਆ ਜਾਂ ਮਨੋ-ਵਰਤ ਦੀ ਸੀਮਾ ਵਿਚ ਰਹਿ ਕੇ ਰ ਜਾਣਾ ਪਾਗਲਪਨ ਹੈ।

ਉਠੋ ਤੇ ਬਲਕਾਰ ਯੋਧੇ ਬਣੋ। ਇਸ ਧਰਤ ਉਤੇ ਇਹੋ ਗੱਲ ਹੀ ਸਭ ਕਾਰ ਦੀਆਂ ਵਿਭਿੰਨ ਜੀਵਨ ਪਧਤੀਆਂ ਉਤੇ ਲਾਗੂ ਹੁੰਦੀ ਹੈ।

ਕਈ ਵਾਰ ਤਾਂ ਕਿਸੇ ਉਤੇ ਵਾਰ ਕਰਕੇ ਤੁਹਾਡੀ ਆਪਣੀ ਅਹਿੰਸਾ ਦੀ ਤਿਗਿਆ ਜੋ ਵਾਸਤਵ ਵਿਚ ਤੁਹਾਡੀ ਆਪਣੀ ਪ੍ਰਤਿਗਿਆ ਨਹੀਂ ਹੈ, ਦਾ ਖੰਡਨ ਾ ਜਾਂਦਾ ਹੈ ਕਿਉਂਜੋ ਹਾਲੀ ਤਾਂ ਤੁਹਾਡੀ ਪੂਰਨਤਾ ਨੇ ਆਪਣੇ ਆਪ ਨੂੰ ਇਸ ੋਕ ਵਿਚ ਨਹੀਂ, ਪਰਲੋਕ ਵਿਚ ਜਾ ਕੇ ਨਿਖਾਰਨਾ ਹੈ। ਅਪੂਰਨ ਨੂੰ ਪੂਰਨਤਾ ਕ ਪਹੁੰਚਾਉਣ ਲਈ ਬਹੁਤ ਸਾਰੇ ਮਾਰਗ ਹਨ। ਇਸ ਲਈ ਇਹ ਕੋਈ ਨਹੀਂ ੱਸ ਸਕਦਾ ਕਿ ਕਿਸੇ ਲਈ ਕਿਹੜਾ ਮਾਰਗ ਠੀਕ ਹੈ ?

ਮੂਰਖ ਅਗਿਆਨੀ ! ਤੂੰ ਅਹਿੰਸਾਵਾਦੀ ਪ੍ਰਮਾਤਮਾ ਵਿਚ ਵਿਸ਼ਵਾਸ ਰਖਦਾ ੈਂ ਤਾਂ ਇਹ ਤੇਰਾ ਬੜਾ ਸ਼ੁਭ ਸੁਪਨਾ ਹੋ ਸਕਦਾ ਹੈ। ਭਾਵੇਂ ਉਹ ਕਿਹੋ ਜਿਹਾ ੀ ਕਿਉਂ ਨਾ ਹੋਵੇ—ਜਾਉ ਤੇ ਤੱਕੋ ਕਿ ਕਿਵੇਂ ਉਹ ਉਹਨਾਂ ਦੀ ਰੱਖਿਆ ਕਰ ਰੋਹਾ ਹੈ, ਜਿਨ੍ਹਾਂ ਨੂੰ ਅਜ ਤਸੀਹੇ ਦੇ ਕੇ ਕਤਲ ਕੀਤਾ ਜਾਣਾ ਹੈ। ਅਕਾਲ ਪੁਰਖ ਆਪ ਆ ਕੇ ਤੁਹਾਡੇ ਯੁਧ ਖੇਤਰ ਵਿਚ ਜੂਝ ਮਰਨ ਪਿਛੋਂ ਤੁਹਾਡੇ ਲਹੂ ਲਿਬੜੇ ੁਖੜੇ ਨੂੰ ਚੁੰਮੇਗਾ, ਕਿਉਂਜੋ ਤੁਸੀਂ ਤ੍ਰਿਸਕਾਰਤ ਮਨੁੱਖਤਾ ਲਈ ਜੋ ਆਪਣੇ ਸ੍ਵੈ-ਮਾਣ ਲਈ ਨਿਸ਼ਕਾਮ ਸੰਘਰਸ਼ ਕਰ ਰਹੀ ਹੈ, ਬਲੀਦਾਨ ਕੀਤਾ ਹੈ।

ਜੋ ਸ਼ਾਕਾਹਾਰ ਆਪਣੀਆਂ ਸਜੀਵ ਭਾਵਨਾਵਾਂ ਦੇ ਦਿਸਹੱਦੇ ਨੂੰ ਪਾਰ ਕਰਕੇ ਰੱਬੀ ਪ੍ਰੇਮ ਤੇ ਦਇਆ ਵਿਚ ਵਿਚਰ ਰਿਹਾ ਹੈ ਤਾਂ ਮਾਸਾਹਾਰੀ ਭੋਜਨ ਵੀ

ਤੁਹਾਨੂੰ ਅਰੋਗ ਕਰ ਸਕਦਾ ਹੈ। ਉਹਨਾਂ ਸਭ ਲਈ ਜਿਨ੍ਹਾਂ ਦੇ ਲੰਗਰਾਂ ਵਿਚ ਸਬਜ਼ੀਆਂ ਦੇ ਸ਼ਾਕਾਹਾਰੀ ਭੋਜਨ ਆਤਮ ਸੰਜਮ ਨੂੰ ਸੁਦ੍ਰਿੜ੍ਹ ਕਰਦੇ ਹਨ, ਮਨੁੱਖਤਾ ਨੂੰ ਇਸ ਆਦਰਸ਼ ਮਾਰਗ ਦੀ ਸੋਝੀ ਕਰਾਉਂਦੇ ਹਨ ਕਿ ਮਾਨਵ ਰੂਪੀ ਪਸ਼ੂ ਦੇ ਭੋਜਨ ਲਈ ਜਾਨਵਰਾਂ ਨੂੰ ਮਾਰਨਾ ਤੇ ਜੀਵ-ਹੱਤਿਆ ਕਰਨਾ ਕਿੰਨਾਂ ਅਮਾਨਵੀ ਕਰਮ ਹੈ।

ਇਕਾਂਤਵਾਸੀ ਲਈ ਸਮਾਜ ਇਕ ਪ੍ਰਕਾਰ ਦਾ ਸ਼ਕਤੀਦਾਤਾ ਹੋ ਸਕਦਾ ਹੈ ਜਿਵੇਂ ਉਸ ਦੀ ਸੰਪੂਰਨ ਆਤਮਾ ਹੀ ਉਸ ਦੇ ਆਪਣੇ ਅੰਦਰਵਾਰ ਅਸਗਾਹ ਡੂੰਘਾਣਾਂ ਵਿਚ ਉਤਰ ਗਈ ਹੋਵੇ।

ਕਈ ਵਾਰ ਅਰਦਾਸਾਂ ਤੇ ਭਜਨ ਮੰਦਰਾਂ ਦੇ ਨਿਵਾਸੀਆਂ ਦਾ ਦਮ ਘੁਟਦੇ ਹਨ, ਪਰ ਇਸ ਦੀ ਤੁਲਨਾ ਵਿਚ ਖੁਲ੍ਹੇ ਆਕਾਸ਼ ਦੀ ਇਕਾਂਤ ਵਿਚ ਰੇਤ ਉਤੇ ਲੇਟਿਆ ਕੋਈ ਵਿਅਕਤੀ ਆਪਣੇ ਉਤੇ ਪੈ ਰਹੀ ਧੁੱਪ ਦੀ ਮੁਸਕਾਨ ਤੇ ਪਰਬਤ ਕੰਢਿਆਂ ਦੀਆਂ ਨਦੀਆਂ ਦੀ ਕਲ ਕਲ, ਇਸ ਦੇ ਮਨੋਹਰ ਅਤੇ ਅਰਥਹੀਣ ਸੰਗੀਤ ਨੂੰ ਸੁਣ ਕੇ ਇੰਜ ਅਨੁਭਵ ਕਰਦਾ ਹੈ ਜਿਵੇਂ ਸਮਾਜ ਦੀ ਘੁਟਣ ਤੇ ਰੋਗੀ ਦਸ਼ਾ ਦੀ ਤੁਲਨਾ ਵਿਚ ਇਹ ਵਧੇਰੇ ਪ੍ਰਭਾਵਸ਼ਾਲੀ ਤੇ ਅਰੋਗਤਾ ਦੇਣ ਵਾਲੀ ਪ੍ਰਾਰਥਨਾ ਹੋਵੇ।

ਮਨੁੱਖ ਵਿਸ਼ੇਸ਼ ਕਿਸਮ ਦੇ ਜੀਵਨ ਤੇ ਪ੍ਰੇਮ ਦੀਆਂ ਵਸਤੂਆਂ ਨਾਲ ਵਾਫ਼ਰ ਪ੍ਰੇਮ ਕਰਕੇ ਅਤੇ ਉਹਨਾਂ ਦਾ ਅੰਗ ਪਾਲ ਕੇ ਮਰ ਜਾਂਦੇ ਹਨ। ਕਈ ਵਾਰ ਤਾਂ ਕੋਈ ਵੇਸਵਾ ਆਤਮਾ ਦੀ ਤੀਖਣਤਾ ਤਕ ਪਹੁੰਚ ਜਾਂਦੀ ਹੈ ਅਤੇ ਆਪਣੇ ਕੀਤੇ ਗੁਨਾਹਾਂ ਦਾ ਦਲੇਰੀ ਨਾਲ ਇਕਬਾਲ ਕਰਕੇ ਆਪਣਾ ਨਾਮ ਉਜਾਗਰ ਕਰ ਲੈਂਦੀ ਹੈ, ਪਰ ਦੂਜੇ ਬੰਨੇ ਇਕ ਤਿਆਗੀ ਆਪਣੇ ਨਿਤ ਦੇ ਚੰਗੇ ਕੰਮਾਂ ਦੀ ਇਕਸਾਰ ਨੀਰਸਤਾ ਵਿਚ ਹੀ ਵਿਚਰਦਾ ਰਹਿੰਦਾ ਹੈ।

ਗੁਰੂ ਜੀ ਕਹਿੰਦੇ ਹਨ, "ਇਸ ਤੇ ਉਸ ਪ੍ਰਕਾਰ ਦੀਆਂ ਸਭ ਘਟਨਾਵਾਂ ਮਨੁੱਖ ਅੰਦਰ ਸੰਜੋਗ-ਵਸ ਤੇ ਬਾਹਰੀ ਰੂਪ ਵਿਚ ਵਰਤਦੀਆਂ ਹਨ। ਕੇਵਲ ਇਕੋ ਗੱਲ ਹੀ ਵਧੇਰੇ ਜ਼ਰੂਰੀ ਹੈ ਕਿ ਮਨੁੱਖੀ ਆਤਮਾ ਦਾ ਬ੍ਰਿਛ ਸਿਧਾ ਉਪਰ ਵਲ ਨੂੰ ਵਿਕਾਸ ਕਰੇ ਤੇ ਇਸ ਦੀਆਂ ਸਾਰੀਆਂ ਸ਼ਾਖਾਵਾਂ ਵੀ ਇਸੇ ਧੁਰੇ ਵਲ ਰੁਖ ਕਰ ਸਿਧੀਆਂ ਉਪਰ ਨੂੰ ਜਾਣ। ਇਸ ਆਤਮਾ ਦੇ ਬ੍ਰਿਛ ਦੀਆਂ ਜੜ੍ਹਾਂ ਹੇਠਾਂ ਹਨੇਰੇ ਵਿਚ ਗਡੀਆਂ ਹੋਈਆਂ ਹੁੰਦੀਆਂ ਹਨ, ਪਰ ਇਸ ਦੀਆਂ ਟੀਸੀਆਂ ਮਾਣ-ਮੱਤੇ ਰੂਪ ਵਿਚ ਜੀਵਨ ਦੀ ਅਨੰਤ ਧੁੱਪ ਵਿਚ ਉਪਰ ਸਿਰ ਕਢ ਕੇ ਸ੍ਵੈ-ਮਾਣ ਨਾਲ ਖੜ੍ਹੀਆਂ ਹੁੰਦੀਆਂ ਹਨ। ਆਤਮਾ ਕੋਲ ਇਕ ਬੜਾ ਸੂਖ਼ਮ ਧਰਮ-ਕੰਡਾ ਹੈ, ਜਿਸ ਬਾਰੇ ਗੁਰੂ ਜੀ ਨੇ ਵੀ ਸੰਕੇਤ ਕੀਤਾ ਹੈ। ਇਹ ਧਰਮ-ਕੰਡਾ ਮਨੁੱਖ ਦੇ ਪਾਪ ਤੇ ਪੁੰਨ ਦੇ ਵੱਟਿਆਂ ਦੁਆਰਾ ਇਸ ਦੇ ਤੋਲ ਨੂੰ ਸਾਵਾਂ ਰਖਦਾ ਹੈ। ਦੋਵੇਂ ਪਾਪ ਤੇ ਪੁੰਨ ਦੇ ਵੱਟੇ ਉਚਿਤ ਤੇ ਬਰਾਬਰ ਬਰਾਬਰ ਦੇ ਤੋਲ ਵਿਚ ਸੰਤੁਲਿਤ ਅਵਸਥਾ ਵਿਚ ਰਹਿੰਦੇ ਹਨ। ਠੀਕ ਤੇ ਸਚਿਆਰੀ ਨੈਤਿਕ ਪ੍ਰਵਿਰਤੀ ਕਿਸੇ ਇਕ ਬੰਨੇ ਨਹੀਂ ਝੁਕਦੀ, ਨਾ ਹੀ ਕਿਸੇ ਦਾ ਪੱਖ ਪੂਰਦੀ ਹੈ। ਇਹ ਤਾਂ ਸ੍ਰਿਸ਼ਟੀ ਦੇ ਧੁਰੇ ਵਾਲੀ

ਸ਼ਾ ਨਾਲ ਜੁੜੀ ਰਹਿੰਦੀ ਹੈ ਤੇ ਆਤਮਾ ਵੀ ਉਸੇ ਦਿਸ਼ਾ ਨਾਲ ਹੀ ਆਪਣੇ ਾਪ ਨੂੰ ਤਦਰੂਪ ਕਰਦੀ ਹੈ।

ਜਿਸ ਤਰ੍ਹਾਂ ਕਿ ਪਦਾਰਥ ਦੇ ਪ੍ਰਮਾਣੂਆਂ ਵਿਚ ਹੁੰਦਾ ਹੈ, ਇਸੇ ਤਰ੍ਹਾਂ ਨੁੱਖ ਦੀ ਆਤਮਾ ਵਿਚ ਵੀ ਜੀਵਨ ਦੇ ਕੰਡੇ ਉਤੇ ਸਭ ਕੁਝ ਤੁਲਦਾ ਹੈ। ਮਨੁੱਖੀ ਚਾਰਾਂ ਤੇ ਕਰਮਾਂ ਦੇ ਗੁਣਾਂ ਦਾ ਇਹ ਧਨਾਤਮਕ ਤੇ ਰਿਣਾਤਮਕ ਜੋੜਮੇਲ ਜਾਂ ਣਤਰ ਅਨੰਤ ਪ੍ਰਕਾਰ ਦੀ ਹੁੰਦੀ ਹੈ, ਜੋ ਉਸ ਦੀ ਇੱਛਾ-ਸ਼ਕਤੀ ਤੇ ਕਲਪਨਾ ਆਰਾ ਇਸੇ ਤਰ੍ਹਾਂ ਦੀਆਂ ਧਨਾਤਮਕ ਤੇ ਰਿਣਾਤਮਕ ਕਿਰਿਆਵਾਂ ਦੁਆਰਾ ਲਦੀ ਰਹਿੰਦੀ ਹੈ। ਆਤਮਾ ਦੇ ਜੀਵਨ ਦੀ ਵਾਸਤਵਿਕਤਾ ਤਾਂ ਕਲਪਨਾ-ਤੀਤ ਬੋਧ ਸੰਤੁਲਨ ਹੈ ਜੋ ਨਿਰੰਤਰ ਅਗੇ ਤੇ ਪਿਛੇ ਪ੍ਰਵਾਹਿਤ ਹੁੰਦਾ ਰਹਿੰਦਾ ਹੈ, ਗਾਤਾਰ ਜੀਵਨ ਤੇ ਰੂਪਾਂ-ਸਰੂਪਾਂ ਨੂੰ ਰੂਪਮਾਨ ਕਰਦਾ ਰਹਿੰਦਾ ਹੈ ਅਤੇ ਜੋ ਾਤਮਾ ਦੇ ਕੇਂਦਰ-ਬਿੰਦੂਆਂ ਨੂੰ ਘੜਦਾ ਤੇ ਇਹਨਾਂ ਦੀ ਨਿਸ਼ਾਨਦੇਹੀ ਕਰਵਾਉਂਦਾ ।

ਜੋ ਕੁਝ ਵੀ ਤੁਸੀਂ ਕਰਦੇ ਜਾਂ ਸੋਚਦੇ ਹੋ, ਤੁਹਾਡੇ ਧਰਮ-ਕਰਮ, ਵਰਤ ਜਗਰਾਤੇ, ਨੇਮ ਤੇ ਪ੍ਰਬੰਧ, ਵਿਗਿਆਨ ਤੇ ਕਲਾਵਾਂ, ਮਨੁੱਖ ਦੇ ਨੈਤਿਕ ਉਥਾਨ ਈ ਬਣਾਈਆਂ ਗਈਆਂ ਯੋਜਨਾਵਾਂ, ਤੁਹਾਡੇ ਸਭ ਇਸਤਰੀ-ਪੁਰਸ਼ਾਂ ਤੇ ਮਨੁੱਖ ਾਤੀ ਦੀ ਸੁਤੰਤਰਤਾ ਤੇ ਇਸ ਦੀਆਂ ਖ਼ੁਸ਼ੀਆਂ ਤੇ ਘੋਹਾਂ-ਮਾਰਾਂ ਸਭ ਅਰਥ ਖਦੀਆਂ ਹਨ ਤੇ ਕੁਝ ਅਰਥ ਵੀ ਨਹੀਂ ਰਖਦੀਆਂ।

ਇਥੇ ਆਪਣੇ ਆਪ ਨੂੰ ਸਤਿਕਾਰ ਸਹਿਤ ਭਰਪੂਰ ਕਰੋ ਕਿਉਂਜੋ ਕੁਝ ੀ ਜਾਣਿਆਂ ਨਹੀਂ ਜਾ ਸਕਦਾ। ਜਦੋਂ ਤੁਸੀਂ 'ਕਦੋਂ' ਤੇ 'ਕਿਵੇਂ' ਦੇ ਗੇੜ ਵਿਚ ਦੇ ਹੋ ਤਾਂ ਕੁਝ ਵੀ ਜਾਣਿਆਂ ਨਹੀਂ ਜਾ ਸਕੇਗਾ। ਇਸ ਸਭ ਕੁਝ ਦੇ ਕਿਉਂ ਾ ਵੀ ਤੁਹਾਨੂੰ ਕੋਈ ਉਤਰ ਨਹੀਂ ਮਿਲ ਸਕਦਾ। ਇਸ ਲਈ ਤੁਸੀਂ ਇਸ ਜਸਵੀ ਤੇ ਅਨਾਮ ਦੇ ਭੈਅ ਤੇ ਸਨਮਾਨ ਨਾਲ ਆਪਣੇ ਆਪ ਨੂੰ ਭਰਪੂਰ ਰਖੋ। ਹ ਸਭ ਕੁਝ ਪ੍ਰਭੂ ਰੂਪ ਹੈ ਤੇ ਪ੍ਰਭੂ ਰੂਪ ਨਹੀਂ ਵੀ। ਮਨੁੱਖ ਦੇ ਤਨ ਤੇ ਮਨ ਜੀਵਨ ਦੀ ਵੰਨ-ਸੁਵੰਨਤਾ ਮਨੁੱਖੀ ਆਤਮਾ ਦੇ ਜੀਵਨ ਦੁਆਰਾ ਮੁੜ ਆਰੰਭ ਦੀ ਹੈ ਤੇ ਇਸ ਦੇ ਨਿਆਏਸ਼ੀਲਤਾ ਨੂੰ ਜਿਵੇਂ ਕਿ ਗੁਰੂ ਜੀ ਇਸ ਬਾਰੇ ਸੋਚਦੇ ਨ, ਦੁਆਰਾ ਜਾਣਿਆਂ ਜਾ ਸਕਦਾ ਹੈ। ਇਸ ਸੰਬੰਧ ਵਿਚ ਗੁਰੂ ਗਰੰਥ ਸਾਹਿਬ ੀ ਬਾਣੀ ਤੇ ਸੰਗੀਤ ਵਿਚ ਇਸ ਦੇ ਵਿਵਿਧ ਪ੍ਰਕਾਰਾਂ ਬਾਰੇ ਉਲੇਖ ਕੀਤਾ ਗਿਆ । ਸੰਗੀਤ ਦੀ ਇਸ ਬ੍ਰਹਿਮੰਡ ਵਿਆਪੀ ਬਹੁਵੰਨਗੀ ਬਹੁਤਾ ਅਰਥ ਨਹੀਂ ਰਖਦੀ ਤੇ ਇਹ ਇਸੇ ਤਰ੍ਹਾਂ ਦੀ ਗੱਲ ਮੰਨੀ ਜਾ ਸਕਦੀ ਹੈ, ਜਿਵੇਂ ਵੱਡੇ ਤੂਫ਼ਾਨ ਤੇ ਖੜ ਵਿਚ ਸੁੱਕੇ ਪੱਤਰ ਇਧਰ ਉਧਰ ਉਡ ਰਹੇ ਹੋਣ। ਇਹਨਾਂ ਸ਼ਬਦਾਂ ਦੇ ਈ ਬਹੁਤੇ ਅਰਥ ਨਹੀਂ ਰਹਿੰਦੇ—ਇਹਨਾਂ ਦਾ ਤਾਂ ਇਕ ਖੁਲ੍ਹਾ ਜਿਹਾ ਮਹੱਤਵ ਜਿਵੇਂ ਇਹ ਉਸ ਸੰਗੀਤ ਦੀਆਂ ਝੁਣਕਾਰਾਂ ਹੋਣ ਜਿਨ੍ਹਾਂ ਦੇ ਸੰਗਠਨ ਦੁਆਰਾ ਾਤਮਾ ਦੇ ਸੰਗੀਤ ਦੀ ਸੰਰਚਨਾ ਹੁੰਦੀ ਹੈ। ਗੁਰੂ ਹੀ ਪ੍ਰਭੂ ਨੂੰ ਸਾਕਾਰ ਕਰਦਾ । ਗੁਰੂ ਦੀ ਬਾਣੀ ਦਾ ਤਾਂ ਇਕੋ ਹੀ ਮੁਖ ਮਹੱਤਵ ਹੈ ਕਿ ਇਹ ਮਨੁੱਖ ਨੂੰ

ਪ੍ਰਭੂ ਸਰੂਪ ਵਿਚ ਢਾਲਦੀ ਹੈ।

ਗੁਰੂ ਦੇ ਮਨ ਵਿਚੋਂ ਮਨੁੱਖੀ ਕਿਰਿਆਵਾਂ ਦਾ ਕੋਈ ਵੀ ਪੱਖ ਪਰੋਖੇ ਨਹੀਂ ਹੁੰਦਾ, ਨਾ ਹੀ ਇਹਨਾਂ ਵਸਤਾਂ ਦੇ ਕਿਸੇ ਖ਼ਾਸ ਪੱਖ ਉਤੇ ਪਖਪਾਤੀ ਕਿਸੇ ਦੇ ਦ੍ਰਿਸ਼ਟੀਕੋਣ ਰਖਣ ਨਾਲ ਇਹਨਾਂ ਦੇ ਅਰਥ ਗੁਆਚ ਜਾਂਦੇ ਹਨ ਤੇ ਇਹਨਾਂ ਦੇ ਗੁੰਝਲਦਾਰ ਲਛਿਆਂ ਵਿਚ ਕੋਈ ਉਲਝਣ ਪੈਂਦੀ ਹੈ, ਜਿਹਾ ਕਿ ਆਮ ਤੌਰ 'ਤੇ ਵਿਕੋਲਿਤਰਾ ਸੋਚਣ ਵਾਲੇ ਤੇ ਲੋੜ ਤੋਂ ਵਧੇਰੇ ਉਤਸ਼ਾਹੀ ਉਹਨਾਂ ਪ੍ਰਯੋਗਕਾਰਾਂ ਕੋਲੋਂ ਹੋ ਜਾਂਦਾ ਹੈ, ਜਿਨ੍ਹਾਂ ਨੇ ਪਹਿਲੀ ਵਾਰ ਆਤਮਿਕ ਜੀਵਨ ਦੇ ਕਿਸੇ ਨਿਕੇ ਜਿਹੇ ਅੰਸ਼ ਦਾ ਅਨੁਭਵ ਕੀਤਾ ਹੁੰਦਾ ਹੈ। ਛੋਟੇ ਬਚਿਆਂ ਦੀ ਪ੍ਰਵਿਰਤੀ ਸ੍ਰਿਸ਼ਟੀ ਤੇ ਸਚ ਬਾਰੇ ਆਪਣੇ ਢੰਗ ਨਾਲ ਸੋਚਣ ਉਤੇ ਬਲ ਦਿੰਦੀ ਹੈ ਕਿਉਂਜੋ ਬਾਲ ਆਤਮਾ ਦੇ ਵਿਕਾਸ ਦਾ ਅੰਤਿਮ ਪੜਾ ਇਸ ਹੱਦ ਤਕ ਹੀ ਵਿਕਸਿਤ ਹੁੰਦਾ ਹੈ। ਪਿਤਾ ਦੇ ਰੂਪ ਵਿਚ ਉਸ ਦੇ ਹਿਰਦੇ ਦੀ ਵਿਸ਼ਾਲਤਾ ਦੇ ਅੰਤਰਗਤ ਬਚਿਆਂ ਵਾਲੀ ਇਹ ਅੰਗਾਂ ਦੀ ਫੁਰਤੀ ਤੇ ਸ਼ਰਾਰਤਾਂ ਦੀ ਮਨੋਵਿਰਤੀ ਵਿਚਰਦੀ ਤਾਂ ਰਹਿੰਦੀ ਹੈ, ਪਰ ਇਹ ਉਸ ਨਾਲ ਸਮਝੌਤਾ ਕਰਕੇ ਇਕਸੁਰ ਹੋ ਜਾਂਦੀ ਹੈ। ਜਿਵੇਂ ਉਹਨਾਂ ਦੀਆਂ ਕਿਰਿਆਵਾਂ ਬਾਪ ਵਿਚ ਸਮਾ ਕੇ ਸ੍ਰਿਸ਼ਟੀ ਰਚਨਾ ਨੂੰ ਅਰਥ ਦੇ ਦਿੰਦੀਆਂ ਹਨ, ਤਿਵੇਂ ਹੀ ਇਕ ਵਿਅਕਤੀ ਗੁਰੂ ਦੀ ਆਤਮਾ ਵਿਚ ਆਪਣੇ ਸਾਰੇ ਸੰਕਲਪਾਂ ਦੇ ਪ੍ਰਬੰਧ ਨੂੰ ਸਾਕਾਰ ਹੋਇਆ ਅਨੁਭਵ ਕਰਦਾ ਹੈ। ਜਿਹੜਾ ਵਿਅਕਤੀ ਗੁਰੂ ਦੇ ਪ੍ਰਕਾਸ਼ ਦੁਆਰਾ ਆਪਣੇ ਹਿਰਦੇ ਅੰਦਰ ਸਿਤਾਰਿਆਂ ਦਾ ਪ੍ਰਕਾਸ਼ ਕਰ ਲੈਂਦਾ ਹੈ, ਜਿਸ ਨੂੰ ਜਦੋਂ ਗੁਰੂ ਜੀ ਨਿਹਾਰਦੇ ਹਨ ਤਾਂ ਉਸ ਵਿਅਕਤੀ ਦੀ ਪ੍ਰਸ਼ੰਸਾ ਵੀ ਕਰਦੇ ਹਨ। ਗੁਰੂ ਜੀ ਫੁਰਮਾਉਂਦੇ ਹਨ, "ਸਭ ਭਲਾ ਹੈ, ਪ੍ਰਭੂ ਸ਼ਿਵ ਸਰੂਪ ਹੈ। ਸਭ ਸੁੰਦਰ ਹੈ ਕਿਉਂਜੋ ਰਚਣਹਾਰ ਪ੍ਰਭੂ ਆਪ ਸੁੰਦਰ ਹੈ। ਜਦੋਂ ਅਨਾਤਮ ਦੇ ਅਚੰਭਾ ਕਰ ਦੇਣ ਵਾਲੇ ਵਿਸ਼ਾਲ ਪਸਾਰੇ ਵਿਚ ਉਹ ਪ੍ਰਭੂ ਦੇ ਵਿਆਪਕ ਨਿਜ ਸਰੂਪ ਦਾ ਦੀਦਾਰ ਕਰ ਲੈਂਦਾ ਹੈ ਤਾਂ ਸ੍ਰਿਸ਼ਟੀ ਰਚਨਾ ਦੇ ਵਰਤਾਰੇ ਬਾਰੇ ਕਿਸੇ ਕਾਰਨ ਨੂੰ ਜਾਣਨ ਦੀ ਉਸ ਦੀ ਜਿਗਿਆਸਾ ਜਾਂ ਪੁਛ ਦਾ ਅੰਤ ਹੋ ਜਾਂਦਾ ਹੈ। ਇਹ ਬ੍ਰਹਿਮੰਡ ਤੇ ਸਗਲ ਸ੍ਰਿਸ਼ਟੀ ਇੰਨੀ ਮਨੋਹਰ ਤੇ ਅਦਭੁਤ ਪ੍ਰਤੀਤ ਹੁੰਦੀ ਹੈ ਕਿ ਉਸ ਦਾ ਮਨ ਆਤਮਾ ਵਿਚ ਅਭੇਦ ਹੋ ਜਾਂਦਾ ਹੈ ਅਤੇ ਵਿਸਮਾਦ ਵਿਚ ਆ ਕੇ ਪ੍ਰਭੂ-ਪ੍ਰੀਤਮ ਦੀ ਕੀਰਤੀ ਵਿਚ ਵਾਹੁ ਵਾਹੁ ਦਾ ਗੁਣ ਗਾਇਨ ਕਰਨ ਲਗ ਪੈਂਦਾ ਹੈ। ਪ੍ਰਭੂ-ਪ੍ਰੀਤਮ ਦੇ ਸਰਗੁਣ ਸਰੂਪ ਵਿਚ ਇਹ ਭਾਲ ਸੰਪੂਰਨ ਹੋ ਜਾਂਦੀ ਹੈ ਅਤੇ ਸਾਰੇ ਸ਼ਿਕਵੇ ਗਿਲੇ ਤੇ ਸੋਗਾਂ ਦੀ ਨਿਵਿਰਤੀ ਹੋ ਜਾਂਦੀ ਹੈ। ਆਕਾਸ਼ ਨੂੰ ਵੀ ਸੁੰਦਰ ਅਰਥ ਉਸ ਸਮੇਂ ਪ੍ਰਾਪਤ ਹੁੰਦੇ ਹਨ ਜਦੋਂ ਇਸ ਵਿਚ ਅਸੀਂ ਲੱਖਾਂ ਸਿਤਾਰਿਆਂ ਦੇ ਜਗਮਗਾਉਣ ਦੇ ਦ੍ਰਿਸ਼-ਪਿਛੋਕੜ ਨੂੰ ਤੱਕਦੇ ਹਾਂ। ਇਸ ਲਈ ਉਸ ਪ੍ਰਭੂ-ਪ੍ਰੀਤਮ ਦਾ ਭਾਵੇਂ ਕੋਈ ਵੀ ਨਾਂ ਧਰ ਲਵੋ, ਅਗਿਆਤ ਪ੍ਰਮਾਤਮਾ ਹੀ ਇਸ ਦੇ ਅੰਤਰਗਤ ਵਿਦਮਾਨ ਹੋਵੇਗਾ ਤੇ ਉਹ ਵੀ ਜੀਵਨ ਦੀ ਉਸ ਦਸ਼ਾ ਤੇ ਪ੍ਰਸਥਿਤੀਆਂ ਅਨੁਸਾਰ ਜੋ ਕਿ ਇਸ ਧਰਤੀ ਉਤੇ ਵਿਆਪਕ ਹੁੰਦੀਆਂ ਹਨ। ਜਿਨ੍ਹਾਂ ਆਤਮਾਵਾਂ ਵਿਚ ਇਸ ਜਗਮਗਾਉਂਦੇ ਸੱਚ ਦਾ ਪ੍ਰਕਾਸ਼ ਹੁੰਦਾ ਹੈ, ਉਹੋ

ੀ ਪ੍ਰਭੂ-ਪ੍ਰੀਤਮ ਦੇ ਭਲੇ ਸੰਤ-ਪੁਰਸ਼ ਹੁੰਦੇ ਹਨ। ਪ੍ਰਭੂ ਨੂੰ ਅਸੀਂ ਕਿਥੇ ਭਾਲੀਏ ਗੁਰੂ ਜੀ ਦਾ ਕਥਨ ਹੈ—ਪ੍ਰਭੂ ਤਾਂ ਭਲੇ ਸੰਤ-ਪੁਰਸ਼ਾਂ ਦੇ ਸਰੂਪ ਅਤੇ ਬਚਨਾਂ ਵਿਚ ਵਿਦਮਾਨ ਹੈ। "ਪ੍ਰਭੂ ਤਾਂ ਆਪਣੇ ਸੰਤ-ਪੁਰਸ਼ ਦੇ ਬੋਲਾਂ ਵਿਚ ਵਿਚਰਦਾ ।"

ਮਨੁੱਖ ਦੀ ਸੱਚੀ ਸੰਸਕ੍ਰਿਤੀ ਆਤਮਾ ਦੀ ਵਥ ਹੈ ਨਾ ਕਿ ਮਨ ੀ—ਇਹ ਤਾਂ ਭਾਵਨਾਵਾਂ ਦੀ ਦੇਣ ਹੈ ਨਾ ਕਿ ਵਿਚਾਰਾਂ ਦੀ। ਜੀਵਨ ਦੀਆਂ ਵਸ਼ੇਸ਼ ਹਾਲਤਾਂ ਦੇ ਆਧਾਰ ਉਤੇ ਵਿਚਾਰ ਦੀ ਉਸਾਰੀ ਹੁੰਦੀ ਹੈ ਤੇ ਇਹ ਵਿਚਾਰ ਾਪਣੀ ਸਿਖ਼ਰਾਂ ਨੂੰ ਛੁਹ ਕੇ ਵੀ ਅਸੰਭਵ ਵਿਚ ਪੁਜ ਕੇ ਮਰ ਜਾਂਦਾ ਹੈ। ਪਰ ਾਵਨਾਵਾਂ ਤਾਂ ਆਤਮਾ ਦਾ ਸਾਕਾਰ ਸਰੂਪ ਹੁੰਦੀਆਂ ਹਨ। ਵਿਚਾਰ ਤਾਂ ਸੁਨਹਿਰੀ ਾਧਾ ਹੈ, ਜਿਸ ਨੂੰ ਕੁਝ ਵਿਸ਼ੇਸ਼ ਰਸਮਾਂ-ਰੀਤਾਂ ਦੀ ਪੂਰਤੀ ਸਮੇਂ ਗੱਦੀ 'ਤੇ ਬਿਠਾ ਟਤਾ ਜਾਂਦਾ ਹੈ। ਪਰ ਜਿਥੇ ਵਿਸੇਸ਼ ਅਨੁਪਾਤ ਵਿਚ ਭਾਵਨਾਵਾਂ ਦੀ ਸੰਸਕ੍ਰਿਤੀ ੀ ਪ੍ਰਧਾਨਤਾ ਹੁੰਦੀ ਹੈ, ਉਥੇ ਮਨੁੱਖੀ ਆਤਮਾ ਦੇ ਆਧਾਰ ਉਤੇ ਸਿਰਜੇ ਗਏ ਸਮਾਜ ਵਿਚ ਸ਼ਾਂਤੀ, ਪ੍ਰੇਮ, ਦਇਆ ਤੇ ਅੰਤਰੀਵ ਸ਼ੁਭ ਗੁਣ ਵੇਖੇ ਜਾ ਸਕਦੇ ਹਨ। ੁਥੇ ਆਪਣੇ ਸਾਥੀ ਭੈਣ ਭਰਾਵਾਂ ਦੀ ਸੇਵਾ ਵਿਚ ਲਗ ਕੇ ਸੁਆਰਥ ਦੀ ਭਾਵਨਾ ਆਪ ਮੁਹਾਰੇ ਹੀ ਖ਼ਤਮ ਹੋ ਜਾਂਦੀ ਹੈ ਤੇ ਸੱਚੇ ਅਰਥਾਂ ਵਿਚ ਸਭ ਮਨੁੱਖ ਸਵਾਰਥ-ਰਹਿਤ ਹੋ ਜਾਂਦੇ ਹਨ। ਪਰ ਜਿਥੇ ਵਿਸ਼ੇਸ਼ ਅਨੁਪਾਤ ਵਿਚ ਵਿਚਾਰ ਦੀ ਪ੍ਰਧਾਨਤਾ ੁੰਦੀ ਹੈ, ਉਥੇ ਸਮਾਜਕ ਏਕਤਾ ਦਾ ਆਭਾਵ ਹੋ ਜਾਂਦਾ ਹੈ। ਸੁਆਰਥੀ ਭਾਵਨਾ ਮਨੁੱਖ ਵਿਚ ਜ਼ਹਿਰ ਭਰ ਦਿੰਦੀ ਹੈ ਤੇ ਆਤਮਾ ਨਿਪਟ ਸਰੀਰ ਵਿਚ ਭ੍ਰਸ਼ਟ ਹੋ ਜਾਂਦੀ ਹੈ—ਇਕ ਜਿਉਂਦੀ ਲਾਸ਼ ਬਣ ਜਾਂਦੀ ਹੈ। ਸਭ ਧਰਮ, ਕਲਾਵਾਂ ਤੇ ਸਾਹਿਤ ਸੱਚ ਤੇ ਯਥਾਰਥ ਦੀਆਂ ਇਹਨਾਂ ਰਹਸਵਾਦੀ ਡੂੰਘਾਣਾ ਵਿਚੋਂ ਉਤਪੰਨ ਹੁੰਦੇ ਹਨ। ਪਰ ਮਨੁੱਖ ਆਪਣੀ ਆਤਮਾ ਦੀ ਸਥਿਤੀ ਅਨੁਸਾਰ ਹੀ ਸੁੰਦਰਤਾ ਤੇ ਸ਼ਾਨ ਭਰਪੂਰ ਇਹਨਾਂ ਰਹੱਸਵਾਦੀ ਸਿਖਰਾਂ ਨੂੰ ਗੁਆ ਬੈਠਦੇ ਹਨ। ਨਿਰਸੰਦੇਹ ਇਹ ਕੇਵਲ ਪੋਪਾਂ ਤੇ ਬਿਸ਼ਪਾਂ ਦੇ ਭ੍ਰਸ਼ਟ ਹੋ ਜਾਣ ਦੀ ਪ੍ਰਕ੍ਰਿਆ ਹੀ ਨਹੀਂ ਸੀ, ਜੋ ਇਸ ਆਤਮਾ-ਰਤੇ ਸਮਾਜ ਦੀ ਸ਼ਸਤਰ-ਬਧ ਸੱਤਾ ਪ੍ਰਾਪਤ ਕਰ ਲੈਣ ਦੀ ਚੇਸ਼ਟਾ ਦੇ ਗੰਦ-ਗੁਦੜ ਵਿਚੋਂ ਉਤਪੰਨ ਹੋਈ, ਜਿਸ ਦੇ ਫਲਸਰੂਪ ਯੂਰਪ ਵਿਚ ਸੁਧਾਰਵਾਦ ਦੀ ਉਸ ਲਹਿਰ ਦਾ ਜਨਮ ਹੋਇਆ, ਜਿਸ ਨੇ ਰੋਮ ਦੇ ਈਸਾਈ ਮਤ ਦਾ ਪਤਨ ਕੀਤਾ। ਇਸੇ ਦੇ ਸਿਟੇ ਵਜੋਂ ਸਾਹਿਤ ਵਿਚ ਅਖੌਤੀ ਪੁਨਰ-ਜਾਗ੍ਰਿਤੀ ਦੇ ਅੰਦੋਲਨ ਦਾ ਆਰੰਭ ਹੋਇਆ—ਜਿਸ ਵਿਚ ਸ਼ੈਕਸਪੀਅਰ ਵਰਗੇ ਵਿਅਕਤੀਆਂ ਨੂੰ ਲੋਕ-ਮਨਾਂ ਵਿਚ ਉਹ ਗੌਰਵਮਈ ਸਥਾਨ ਪ੍ਰਾਪਤ ਹੋਇਆ, ਜੋ ਧਰਮ ਦੇ ਆਚਾਰੀਆਂ ਤੋਂ ਵੀ ਵਧੇਰੇ ਮਹੱਤਵਪੂਰਨ ਮੰਨਿਆ ਜਾਣ ਲਗਾ। ਜਦੋਂ ਪਤਿਤ ਤੇ ਭ੍ਰਸ਼ਟ ਪੋਪਾਂ ਨੂੰ ਸਫਲਤਾ ਨਾਲ ਗੱਦੀ ਤੋਂ ਲਾਹ ਦਿਤਾ ਗਿਆ ਤਾਂ ਵੀ ਮਨੁੱਖ ਦੀ ਆਤਮਾ ਦੀ ਅਖੰਡਤਾ ਦਾ ਖੰਡਿਤ ਹੋਣਾ ਜਾਰੀ ਰਿਹਾ। ਇਹ ਕਾਰਜ ਲੂਥਰ ਵਰਗੇ ਲਘੂ ਮਨੁੱਖਾਂ ਦੁਆਰਾ ਕੀਤਾ ਗਿਆ, ਜਿਸ ਦਾ ਕਾਰਨ ਲੋਕਾਂ ਵਿਚ ਬੌਧਿਕ ਉਤੇਜਨਾ ਅਸੰਜਮੀ ਰੂਪ ਵਿਚ ਸੀਖ ਕੇ ਅਜਿਹੀਆਂ

ਅਨਿਯੰਤਰਿਤ ਇੰਦਰਿਆਈ ਕਾਮਨਾਵਾਂ ਨੂੰ ਜਗਾ ਦਿਤਾ ਗਿਆ ਸੀ ਜੋ ਇਹਨ ਨੂੰ ਹੀ ਜੀਵਨ ਦਾ ਸਭ ਕੁਝ ਤੇ ਅੰਤਿਮ ਨਿਸ਼ਾਨਾ ਮੰਨਣ ਲਗ ਪਏ ਸਨ। ਵਿਚਾਰਾਂ ਦੀ ਇਹ ਨਵੀਂ ਸੰਸਕ੍ਰਿਤੀ ਤੇ ਸਭਿਆਚਾਰ ਜਿਸ ਦਾ ਆਰੰਭ ਇਸ ਸਮੇਂ ਯੂਰਪ ਵਿਚ ਹੋਇਆ, ਆਪਣੇ ਵਿਚ ਕਈ ਖੋਜਾਂ ਤੇ ਸੁੰਦਰ ਲਭਤਾਂ ਲਈ ਬੈਠਾ ਸੀ, ਪਰ ਇਸ ਨੇ ਮਨੁੱਖ ਦੇ ਵਾਸਤਵਿਕ ਘਰ (ਆਤਮਾ) ਨੂੰ ਨਸ਼ਟ ਕਰ ਦਿਤਾ ਸੀ। ਇਸ ਦਾ ਬਿਜਲਈ ਪ੍ਰਕਾਸ਼ ਮਕਬਰਿਆਂ ਨੂੰ ਰੌਸ਼ਨ ਕਰਨ ਉਤੇ ਜ਼ੋਰ ਦਿੰਦਾ ਸੀ। ਇਸ ਨੇ ਮਨੁੱਖ ਦੇ ਜੀਵਨ ਰੂਪੀ ਸ਼ਹਿਰ ਨੂੰ ਨਿਰਜਿੰਦ ਕਰ ਦਿਤਾ ਸੀ ਤੇ ਉਹ ਮਸ਼ੀਨੀ ਰੂਪ ਦਾ ਬੇਤੁਕਾ ਜਿਹਾ ਦ੍ਰਿਸ਼ ਬਣ ਗਿਆ ਸੀ।

ਗੁਰੂ ਜੀ ਫੁਰਮਾਉਂਦੇ ਹਨ, "ਮਨੁੱਖ ! ਤੂੰ ਬਾਹਰ ਆ ਤੇ ਸ੍ਰਿਸ਼ਟੀ ਦੇ ਰਹੱਸ ਦੇ ਪੁਰਾਣੇ ਪ੍ਰੇਮ ਰੰਗ ਵਿਚ ਰੰਗਿਆ ਜਾ। ਪ੍ਰਮਾਤਮਾ ਤਾਂ ਆਪਣੀ ਕੁਦਰਤ ਵਿਚ ਵਸਿਆ ਹੋਇਆ ਹੈ। ਤੂੰ ਮਨਸਾ-ਤ੍ਰਿਸ਼ਨਾ ਦੀਆਂ ਇੰਦਰੀਗਤ ਖਿਚਾਂ ਦਾ ਤਿਆਗ ਕਰ। ਆਪਣੇ ਆਪ ਨੂੰ ਆਤਮਾ ਦੀਆਂ ਮਧੁਰ ਸੰਗੀਤਕ ਧੁਨਾਂ ਨਾਲ ਭਰਪੂਰ ਕਰ ਜੋ ਸਤ-ਸਰੂਪ ਬ੍ਰਿਛ ਦੇ ਆਪ-ਮੁਹਾਰੇ ਖੇੜੇ ਵਜੋਂ ਬਸੰਤ ਬਹਾਰ ਵਾਂਗ ਮੌਲ ਉਠਦਾ ਹੈ। ਇਹਨਾਂ ਸਭ ਵਸਤਾਂ ਨਾਲ ਆਪ ਮੁਹਾਰੀ ਸਹਾਨੁਭੂਤੀ ਦੇ ਪ੍ਰੇਮਾਨੰਦ ਵਿਚ ਵਿਚਰ ਤਾਂ ਤੇਰੇ ਜੀਵਨ ਦਾ ਹਰ ਕਰਮ ਕਰਾਮਾਤ ਬਣ ਜਾਵੇਗਾ ਤੇ ਹਰ ਸੁਆਸ ਪ੍ਰੇਮ ਦੇ ਰੰਗ ਵਿਚ ਵਾਧਾ ਕਰਕੇ ਨਵਾਂ ਬੋਧ ਕਰਵਾਏਗਾ। ਸਾਰ ਤੱਤ ਇਹ ਹੈ ਕਿ ਇਸ ਮੰਡਲ ਵਿਚ ਵਿਚਰਨ ਲਈ ਤੈਨੂੰ ਆਤਮਾ ਨਾਲ ਸਾਂਝ ਪਾਉਣੀ ਹੋਵੇਗੀ। ਇਹੋ ਹੀ ਹੈ ਜੀਵਨ ਦੇ ਸੰਚਲਨ ਦੀ ਸਾਰੀ ਪ੍ਰਕ੍ਰਿਆ।"

ਪ੍ਰਭੂ-ਪ੍ਰੀਤਮ ਵੱਲ ਉਚਾ ਤੱਕੋ। ਗੁਰੂ ਜੀ ਤਾਂ ਪਿਆਰੇ ਪਿਤਾ ਹਨ। ਉਹ ਦਿਆਲੂ ਹਨ। ਜਦੋਂ ਤੁਸੀਂ ਉਹਨਾਂ ਵਲ ਤੱਕਦੇ ਹੋ, ਉਹਨਾਂ ਦੀ ਸ਼ਰਨ ਪੈਂਦੇ ਹੋ ਤਾਂ ਸਭ ਕੁਝ ਭਲਾ ਹੁੰਦਾ ਹੈ। ਉਸੇ ਦਾ ਭਉ ਰਖੋ ਤੇ ਨਿਰਭਉ ਹੋ ਜਾਉ। ਇਸ ਦੇ ਬਦਲੇ ਵਿਚ ਤੁਹਾਡੇ ਕੋਲ ਕੋਈ ਮੰਗ ਨਹੀਂ ਕੀਤੀ ਜਾਂਦੀ, ਕੇਵਲ ਇਹੋ ਆਸ ਕੀਤੀ ਜਾਂਦੀ ਹੈ ਕਿ ਤੁਸੀਂ ਆਪਣੀ ਜੀਵਨ ਦੀ ਦਿਸ਼ਾ ਨੂੰ ਬਦਲ ਲਉ। ਸੂਰਜ ਵੱਲ ਮੂੰਹ ਕਰੋ ਤੇ ਤੁਰੇ ਚਲੋ। ਸਾਰੇ ਪਰਛਾਵੇਂ ਤੁਹਾਡੇ ਪਿਛੇ ਭਜੇ ਆਉਣਗੇ। ਪਰਛਾਵਿਆਂ ਦੇ ਪਿਛੇ ਦੌੜਨਾ ਛੱਡ ਦਿਉ, ਇਹ ਨਿਰਾ ਪਾਗਲਪਣ ਹੈ।

# ਬ੍ਰਾਹਮਣ-ਮਤ, ਬੁਧ-ਮਤ ਤੇ ਸਿੱਖ-ਮਤ

ਪੰਡਿਤ ਵੇਦ ਪੜ੍ਹਦੇ ਤੇ ਵਾਚਦੇ ਹਨ। ਪਰ ਵੇਦ-ਪਾਠ ਤਾਂ ਧਿਆਨੀ ਚਿੰਤਨ ਦੀ ਮੰਗ ਕਰਦਾ ਹੈ। ਇਸ ਤੱਤ ਦੀ ਸੋਝੀ ਤੋਂ ਬਿਨਾਂ ਹਰ ਕੋਈ ਤ੍ਰਿਸਕਾਰਿਆ ਜਾਵੇਗਾ।

(ਗੁਰੂ ਨਾਨਕ)

ਇਹ ਬ੍ਰਹਿਮੰਡ ਤਾਂ ਪ੍ਰਭੂ ਦੀ ਦ੍ਰਿਸ਼ਟੀ ਹੈ। ਇਹ ਪ੍ਰਭੂ ਦਾ ਰੂਪ ਹੈ। ਮੈਂ ਇਸ ਵਿਚੋਂ ਪ੍ਰਭੂ ਨੂੰ ਨਿਹਾਰਦਾ ਹਾਂ।

(ਗੁਰੂ ਅਮਰਦਾਸ)

ਇਹ ਚਲਦਾ ਸੰਸਾਰ ਪ੍ਰਭੂ ਦੀ ਅੰਤਰ-ਦ੍ਰਿਸ਼ਟੀ ਹੈ। ਉਹ ਆਪ ਇਸ ਵਿਚ ਵਸ ਰਿਹਾ ਹੈ।

(ਗੁਰੂ ਨਾਨਕ)

ਪੁਸਤਕਾਂ ਦੀ ਪਰਾ-ਭੌਤਿਕਤਾ ਨਾਲੋਂ ਮੈਨੂੰ ਸਵੇਰ-ਸਾਰ ਆਪਣੇ ਝਰੋਖੇ ਵਿਚੋਂ ਤੱਕਿਆ ਦ੍ਰਿਸ਼ ਵਧੇਰੇ ਸੰਤੁਸ਼ਟ ਕਰਦਾ ਹੈ।

(ਵਾਲਟ ਵਿਟਮੈਨ)

---

ਭਾਰਤ ਵਿਚ ਅਸੀਂ ਹੁਣ ਤਕ ਵੀ ਸਿੱਖੀ ਦੀ ਨਵ-ਆਤਮਾ ਨੂੰ ਸਮਝਣ ਵਿਚ ਸਫ਼ਲ ਨਹੀਂ ਹੋ ਸਕੇ। ਭਾਵੇਂ ਕੋਈ ਹਿੰਦੂ ਹੋਵੇ, ਮੁਸਲਮਾਨ ਜਾਂ ਸਿੱਖ, ਉਹ ਹੁਣ ਤਕ ਆਪਣੀ ਸੰਕੀਰਨ ਦ੍ਰਿਸ਼ਟੀ ਤੋਂ ਉਪਰ ਉਠ ਕੇ ਇਹ ਨਹੀਂ ਵੇਖ ਸਕਿਆ ਕਿ ਗੁਰੂ ਨਾਨਕ ਜੀ ਦੇ ਮਤ ਵਿਚ ਭਵਿੱਖ ਦੇ ਮਨੁੱਖ ਦੀ ਆਤਮਿਕ ਪ੍ਰਗਤੀ ਬਾਰੇ ਕੀ ਸੰਕੇਤ ਕੀਤੇ ਗਏ ਹਨ। ਇਹ ਸਨਾਤਨੀ ਬ੍ਰਾਹਮਣ-ਮਤ ਦੀ ਅਸਪਸ਼ਟ ਵਿਆਖਿਆ ਨਹੀਂ ਹੈ। ਜਿਹਾ ਕਿ ਸਾਰੇ ਪੂਰਬੀ ਟੀਕਾ-ਕਾਰ ਤੇ ਇਤਿਹਾਸਕਾਰ ਸਮਝਦੇ ਹਨ। ਅੰਦਰੋਂ ਤੇ ਬਾਹਰੋਂ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਨੂੰ ਇਸ ਦ੍ਰਿਸ਼ਟੀਕੋਣ ਨੇ ਧੀਰੇ ਧੀਰੇ ਨਿਰਜਿੰਦ ਕਰਨ ਦਾ ਯਤਨ ਕੀਤਾ ਹੈ। ਉਹਨਾਂ ਦਾ ਮਤ ਹੈ ਕਿ ਗੁਰਮਤਿ ਵਿਚ ਵੇਦ ਤੇ ਉਪਨਿਸ਼ਦ (ਵੈਦਿਕ) ਕਾਲ ਦੇ ਸੰਕਲਪਾਂ ਨੂੰ ਹੀ ਦੁਹਰਾਇਆ ਗਿਆ ਹੈ ਤੇ ਇਸ ਵਿਚ ਉਹਨਾਂ ਨੂੰ ਕੁਝ ਵੀ ਨਵੀਨ ਨਹੀਂ ਲਭਦਾ। ਇਹ ਤਾਂ ਸੰਸਕ੍ਰਿਤ ਧਰਮ ਗਰੰਥ ਦਾ ਹਿੰਦੀ ਤੇ ਪੰਜਾਬੀ ਦੇ ਸਮਾਨਅਰਥਕ ਸ਼ਬਦਾਂ ਵਿਚ ਵਿਆਖਿਆ ਹੀ ਕੀਤੀ ਗਈ ਹੈ। ਇਹੀ ਦ੍ਰਿਸ਼ਟੀਕੋਣ ਬੜੇ ਲੰਮੇ ਸਮੇਂ ਤੋਂ ਚਲਿਆ ਆ ਰਿਹਾ ਹੈ। ਭਾਵੇਂ ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇ ਦਰਸ਼ਨ ਦੀ ਬਹੁਤ ਪਹਿਲਾਂ ਠੀਕ ਤੇ ਪ੍ਰਮਾਣਿਕ ਵਿਆਖਿਆ ਕਰ

ਦਿਤੀ ਸੀ ਤੇ ਸਿਖ ਇਤਿਹਾਸ ਨੇ ਵੀ ਇਸ ਦੇ ਪ੍ਰਮਾਣ ਸਥਾਪਤ ਕਰ ਦਿਤੇ ਸਨ। ਇਹਨਾਂ ਦੇ ਬਾਵਜੂਦ ਬਹੁਤ ਸਾਰੇ ਵਿਦਵਾਨ ਉਪਰੋਕਤ ਧਾਰਨਾ ਉਤੇ ਹੀ ਖੜ੍ਹੇ ਰਹੇ ਹਨ।

ਪਰ ਡੇਵੀ ਕਨਿੰਘਮ ਦੇ ਇਹ ਬੋਲ ਕਿੰਨੇ ਤਾਜ਼ਗੀ ਦੇਣ ਵਾਲੇ ਹਨ। ਉਹ ਸਿੱਖ ਇਤਿਹਾਸ ਤੇ ਧਰਮ ਦਾ ਪਛਮੀ ਦ੍ਰਿਸ਼ਟੀਕੋਣ ਰਖਣ ਵਾਲਾ ਵਿਦਿਆਰਥੀ ਸੀ, ਜਿਸ ਵਿਚ ਭਾਵੇਂ ਕਾਰਲਾਇਲ ਤੇ ਗੋਇਟੇ ਵਰਗੇ ਪਛਮੀ ਚਿੰਤਕਾਂ ਵਾਲੀ ਆਲੋਚਨਾਤਮਿਕ ਵਿਆਖਿਆ ਕਰਨ ਵਾਲੀ ਪ੍ਰਤਿਭਾ ਮੌਜੂਦ ਨਹੀਂ ਸੀ, ਫਿਰ ਵੀ ਉਹ ਸਿੱਖ ਇਤਿਹਾਸ ਅਤੇ ਜਿਨ੍ਹਾਂ ਸਿੱਖ ਲੋਕਾਂ ਦੇ ਸੰਪਰਕ ਵਿਚ ਆਇਆ, ਉਹਨਾਂ ਦੁਆਰਾ ਸਿੱਖੀ ਦੀ ਆਤਮਾ ਤੇ ਗੁਰੂ ਸਾਹਿਬ ਦੇ ਮਨ ਦੀਆਂ ਅਦੁੱਤੀ ਡੂੰਘਾਈਆਂ ਤਕ ਪੁਜ ਸਕਣ ਦੇ ਯੋਗ ਹੋ ਗਿਆ। ਇਸ ਇਤਿਹਾਸਕਾਰ ਦਾ ਇਹ ਕਥਨ ਸਿਧ ਕਰਦਾ ਹੈ ਕਿ ਗੁਰੂ ਜੀ ਦੀ ਬਾਣੀ ਦਾ ਉਚਿਤ ਭਾਂਤ ਬੋਧ ਪ੍ਰਾਪਤ ਕਰਨ ਲਈ ਨਵੇਂ ਵਾਤਾਵਰਣ ਨੂੰ ਸਿਰਜਣ ਦੀ ਲੋੜ ਹੈ ਤਾਂ ਹੀ ਇਸ ਵਿਚਲੀਆਂ ਲੁਕੀਆਂ ਸੰਭਾਵਨਾਵਾਂ ਦੇ ਪ੍ਰਭਾਵ ਤੋਂ ਅਸੀਂ ਜਾਣੂੰ ਹੋ ਸਕਦੇ ਹਾਂ।

ਇਸ ਪ੍ਰਕਾਰ 16ਵੀਂ ਸਦੀ ਦੇ ਆਰੰਭ ਵਿਚ ਹਿੰਦੂ ਮਨ ਨਾ ਤਾਂ ਖੜੋਤ ਵਿਚ ਹੀ ਸੀ ਤੇ ਨਾ ਹੀ ਪਿਛਲਗਾਮੀ ਸੀ। ਇਹ ਇਸਲਾਮ ਦੇ ਨਾਲ ਵਿਚਰਦਾ ਰਿਹਾ ਸੀ ਤੇ ਇਸ ਦੇ ਸੰਪਰਕ ਦੁਆਰਾ ਆਈ ਨਵੀਂ ਪ੍ਰਗਤੀ ਦੇ ਨਾਲ ਨਾਲ ਇਸ ਨੇ ਆਪਣੇ ਆਪ ਨੂੰ ਜੁਗਤੀ ਨਾਲ ਬਦਲਣਾ ਤੇ ਨਵੀਆਂ ਹਾਲਤਾਂ ਅਨੁਸਾਰ ਢਾਲਣਾ ਸ਼ੁਰੂ ਕਰ ਦਿਤਾ ਸੀ। ਰਾਮਾਨੰਦ ਤੇ ਗੋਰਖ ਨੇ ਧਾਰਮਿਕ ਸਮਾਨਤਾ ਦਾ ਪ੍ਰਚਾਰ ਕੀਤਾ ਤੇ ਚੈਤਨ ਨੇ ਜਾਤੀਗਤ ਬਰਾਬਰੀ ਦਾ। ਕਬੀਰ ਜੀ ਨੇ ਮੂਰਤੀ ਪੂਜਾ ਦਾ ਖੰਡਨ ਕੀਤਾ ਤੇ ਲੋਕ ਭਾਸ਼ਾ ਵਿਚ ਆਪਣਾ ਸੰਦੇਸ਼ ਦਿਤਾ। ਵੱਲਭ ਨੇ ਇਹ ਉਪਦੇਸ਼ ਕੀਤਾ ਕਿ ਪ੍ਰਭੂ ਭਗਤੀ ਸਾਧਾਰਨ ਗ੍ਰਿਹਿਸਥੀ ਲੋਕ ਵੀ ਕਰ ਸਕਦੇ ਹਨ। ਪਰ ਇਹ ਨੇਕ ਤੇ ਭਲੇ ਪੁਰਸ਼ ਇਸ ਸੰਸਾਰ ਦੀ ਅਸਾਰਤਾ ਤੋਂ ਇਤਨੇ ਪ੍ਰਭਾਵਿਤ ਸਨ ਕਿ ਇਹਨਾਂ ਦੇ ਮਨ ਵਿਚ ਸਦਾ ਇਹੋ ਵਿਚਾਰ ਪ੍ਰਬਲ ਰਿਹਾ ਕਿ ਮਨੁੱਖ ਦੇ ਸਮਾਜਕ ਜੀਵਨ ਦਾ ਸੁਧਾਰ ਕਰਨਾ ਸਾਰਥਕ ਗੱਲ ਨਹੀਂ ਹੈ। ਉਹ ਤਾਂ ਮੁਖ ਰੂਪ ਵਿਚ ਪ੍ਰੋਹਤ ਵਰਗ, ਬੁਤ ਪੂਜਾ ਤੇ ਬਹੁ-ਦੇਵਵਾਦ ਦੀ ਸਥੂਲਤਾ ਤੋਂ ਸੁਤੰਤਰ ਹੋਣਾ ਚਾਹੁੰਦੇ ਸਨ। ਉਹਨਾਂ ਨੇ ਭਾਣਾ ਮੰਨਣ ਵਾਲੇ ਨੇਕ ਪੁਰਸ਼ਾਂ ਦੀ ਸੰਗਤ ਦਾ ਸੰਗਠਨ ਕੀਤਾ ਤੇ ਇਕ ਅਜਿਹੇ ਭਵਿੱਖ ਦੀ ਕਲਪਨਾ ਕੀਤੀ ਜਿਸ ਵਿਚ ਉਹਨਾਂ ਨੂੰ ਅਨੰਦ ਪ੍ਰਾਪਤ ਹੋ ਸਕੇਗਾ। ਉਹ ਆਪਣੇ ਸਾਥੀ ਮਨੁੱਖਾਂ ਨੂੰ ਇਹ ਸੰਦੇਸ਼ ਦੇਣ ਵਿਚ ਅਸਮਰਥ ਰਹੇ ਕਿ ਲੋਕਾਂ ਨੂੰ ਹਰ ਪ੍ਰਕਾਰ ਦੇ ਸਮਾਜਕ ਤੇ ਧਾਰਮਿਕ ਬੰਧਨਾਂ ਨੂੰ ਪਰੇ ਸੁਟ ਦੇਣਾ ਚਾਹੀਦਾ ਹੈ ਤੇ ਯੁਗਾਂ ਤੋਂ ਚਲੇ ਆ ਰਹੇ ਮਾਰੂ ਭ੍ਰਿਸ਼ਟਾਚਾਰ ਤੋਂ ਆਪਣੇ ਆਪ ਨੂੰ ਸੁਤੰਤਰ ਕਰਕੇ ਨਵੇਂ ਲੋਕ ਸਮੂਹ ਦੇ ਰੂਪ ਵਿਚ ਉਠਣਾ ਚਾਹੀਦਾ ਹੈ। ਉਹਨਾਂ ਨੇ ਪਿਤਰੀ ਧਰਮ ਕਰਮ ਨੂੰ ਹੀ ਪੂਰਨਤਾ ਵਲ ਲਿਜਾਣ ਦਾ ਯਤਨ ਕੀਤਾ ਤੇ ਨਵੀਂ ਕੌਮ ਦੇ ਨਿਰਮਾਣ ਵੱਲ ਕੋਈ ਧਿਆਨ ਨਾ ਦਿਤਾ। ਇਹੋ ਕਾਰਨ ਹੈ ਕਿ ਇਹਨਾਂ ਦੀਆਂ

ਸੰਪਰਦਾਵਾਂ ਅਜ ਵੀ ਉਥੇ ਹੀ ਖੜ੍ਹੀਆਂ ਹਨ, ਜਿਥੇ ਇਹ ਉਸ ਨੂੰ ਛੱਡ ਗਏ ਸਨ।

ਇਹ ਗੱਲ ਕੇਵਲ ਗੁਰੂ ਨਾਨਕ ਦੇਵ ਜੀ ਦੇ ਹੀ ਹਿੱਸੇ ਆਈ ਕਿ ਸੁਧਾਰ ਦੇ ਸੱਚੇ ਅਸੂਲਾਂ ਨੂੰ ਸੁਰਖਿਅਤ ਕੀਤਾ ਜਾਵੇ ਤੇ ਉਹਨਾਂ ਵਿਸ਼ਾਲ ਨੀਹਾਂ ਨੂੰ ਧਰਿਆ ਜਾਵੇ ਜਿਨ੍ਹਾਂ ਨੇ ਆਪ ਦੇ ਉਤਰਾਧਿਕਾਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਇਸ ਯੋਗ ਬਣਾ ਦਿਤਾ ਕਿ ਉਹ ਆਪਣੇ ਦੇਸ਼ਵਾਸੀਆਂ ਦੇ ਮਨਾਂ ਵਿਚ ਨਵੀਂ ਰਾਸ਼ਟਰੀਅਤਾ ਦੀ ਜੋਤ ਜਗਾਵੇ ਤੇ ਗੁਰਮਤਿ ਦੇ ਅਸੂਲਾਂ ਨੂੰ ਅਮਲੀ ਰੂਪ ਦੇਵੇ ਕਿ ਸਭ ਲੋਕ ਊਚ ਨੀਚ, ਜਾਤ ਵਿਸ਼ਵਾਸ, ਰਾਜਨੀਤਕ ਅਧਿਕਾਰ ਤੇ ਧਾਰਮਿਕ ਨਿਹਚਿਆਂ ਦੇ ਰਖਣ ਵਿਚ ਬਰਾਬਰ ਹਨ।

ਇਹ ਹੈ ਸਿੱਖ ਇਤਿਹਾਸ ਦੇ ਪੂਰਵ ਸੰਸਕਾਰਾਂ ਤੋਂ ਰਹਿਤ ਵਿਦਿਆਰਥੀ ਦਾ ਨਿਰਣਾ, ਜੋ ਇਸ ਇਤਿਹਾਸਕਾਰ ਦੇ ਸਨਮੁਖ ਪਈ ਇਤਿਹਾਸਕ ਵਸਤੂ-ਸਮੱਗਰੀ ਬਾਰੇ ਆਧੁਨਿਕ ਮਨ ਦਾ ਮੌਲਿਕ ਪ੍ਰਤੀਕਰਮ ਵੀ ਹੈ। ਕਨਿੰਘਮ ਨੂੰ ਗੁਰੂ ਗਰੰਥ ਸਾਹਿਬ ਦੇ ਗਹਿਰ-ਗੰਭੀਰ ਅਧਿਐਨ ਕਰਨ ਲਈ ਢੁਕਵਾਂ ਵਾਤਾਵਰਣ ਪ੍ਰਾਪਤ ਨਹੀਂ ਸੀ। ਫਿਰ ਵੀ ਗੁਰਬਾਣੀ ਨੇ ਜਿਨ੍ਹਾਂ ਲੋਕਾਂ ਦੀ ਸਿਰਜਣਾ ਕੀਤੀ, ਉਹ ਉਹਨਾਂ ਦੁਆਰਾ ਗੁਰਬਾਣੀ ਤਕ ਪਹੁੰਚਦਾ ਹੈ। ਇਸ ਤੋਂ ਉਸ ਨੇ ਇਹੋ ਸੰਭਵ ਸਿਟਾ ਕਢਿਆ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਜਿਹੜੀ ਭਾਸ਼ਾ ਦੀ ਵਰਤੋਂ ਕੀਤੀ, ਉਸ ਨੂੰ ਆਪ ਤੋਂ ਪਹਿਲਾਂ ਦੇ ਲੋਕ ਇਸ ਉਦੇਸ਼ ਲਈ ਨਹੀਂ ਸਨ ਵਰਤਦੇ। ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਇਹ ਭਾਸ਼ਾ ਸੁਤੰਤਰਤਾ ਦੀ ਪ੍ਰਤੀਕ ਨਹੀਂ ਸੀ, ਪਰ ਆਪ ਜੀ ਨਾਲ ਤੇ ਆਪ ਜੀ ਤੋਂ ਪਿਛੋਂ ਇਹ ਭਾਸ਼ਾ ਲੋਕਾਂ ਦੀ ਸੁਤੰਤਰਤਾ ਤੇ ਜੀਵਨ ਦੀ ਦੈਵੀ ਸਾਦਗੀ ਦਾ ਵਾਹਨ ਬਣ ਗਈ। ਇਸ ਨਾਲ ਸੱਚ ਦੀ ਆਤਮਾ ਬਾਰੇ ਇਕ ਨਵੀਂ ਪ੍ਰਕਾਰ ਦੀ ਭਾਵਨਾ ਉਤਪੰਨ ਹੋਈ ਜੋ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਕਿਸੇ ਵੀ ਹਿੰਦੂ ਸਮਾਜ ਦੇ ਫ਼ਿਰਕੇ ਵਿਚ ਮੌਜੂਦ ਨਹੀਂ ਸੀ। ਬੋਧੀ ਭਾਵੇਂ ਆਪਣੇ ਮੌਲਿਕ ਰੂਪ ਵਿਚ ਸੰਜਮੀ ਤੇ ਪਵਿੱਤਰ ਸਨ, ਫਿਰ ਵੀ ਇਹਨਾਂ ਨੂੰ ਆਪਣੇ ਮੱਠਾਂ ਜਾਂ ਵਿਹਾਰਾਂ ਤੇ ਆਸ਼ਰਮ ਨਿਵਾਸ ਦੇ ਜੀਵਨ ਦੇ ਪ੍ਰਤੀਕਰਮਾਂ ਸਦਕਾ ਨੁਕਸਾਨ ਉਠਾਉਣਾ ਪਿਆ। ਇਹਨਾਂ ਦਾ ਆਰੰਭ ਭਾਵੇਂ ਆਤਮਿਕ ਜੀਵਨ ਵਾਲਾ ਸੀ, ਪਰ ਪਿਛੋਂ ਇਹ ਮਨ ਤੇ ਇੰਦਰੀਆਂ ਦੇ ਦਮਨ ਦੀ ਕਿਰਿਆ ਹੀ ਬਣ ਗਿਆ। ਇਸ ਤੋਂ ਪਿਛਲੇਰੇ ਕਾਲ ਵਿਚ ਬ੍ਰਾਹਮਣ-ਮਤ ਦੇ ਬਹੁ-ਦੇਵਵਾਦ ਦੇ ਪ੍ਰਭਾਵਾਂ ਕਾਰਨ ਹਿੰਦੂਆਂ ਤੋਂ ਨਵੇਂ ਬਣੇ ਬੋਧੀਆਂ ਨੇ ਬੁਧ-ਮਤ ਦੇ ਸ਼ੁਧ ਸਰੂਪ ਵਿਚ ਹੋਰ ਵੀ ਰਲਾ ਪਾ ਦਿਤਾ। ਕਨਿੰਘਮ ਦਾ ਵਿਚਾਰ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਬ੍ਰਾਹਮਣ-ਮਤ ਦੇ ਕੇਵਲ ਉਹਨਾਂ ਦਾਰਸ਼ਨਿਕ ਸਿਧਾਂਤਾਂ ਨੂੰ ਹੀ ਅਪਣਾਇਆ ਜੋ ਵਧੇਰੇ ਲੋਕਪ੍ਰਿਯ ਸਨ ਤੇ ਜਿਨ੍ਹਾਂ ਦੀ ਆਪ ਨੇ ਦ੍ਰਿਸ਼ਟਾਂਤਾਂ ਵਜੋਂ ਹੀ ਵਰਤੋਂ ਕੀਤੀ।

"ਪਰ ਇੰਜ ਸੋਚਣਾ ਬਿਲਕੁਲ ਨਿਰਮੂਲ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਹੋਂਦ ਅਤੇ ਪਦਾਰਥਕ ਜਗਤ ਬਾਰੇ ਅਫ਼ਲਾਤੂਨ ਤੇ ਵਿਆਸ ਵਾਂਗ ਹੀ ਮਨਣ

ਤੇ ਚਿੰਤਨ ਕੀਤਾ ਹੈ।''

''ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਆਪਣੇ ਅਨੁਆਈਆਂ ਨੂੰ ਯੁਗਾਂ ਤੋਂ ਚਲੇ ਆ ਰਹੇ ਦੋਸ਼ਾਂ ਤੋਂ ਮੁਕਤ ਕਰ ਦਿਤਾ ਅਤੇ ਉਹਨਾਂ ਲਈ ਸਭ ਤੋਂ ਪ੍ਰਮੁਖ ਕਰਤੱਵ ਵਿਚਾਰਧਾਰਾ ਦੇ ਰੂਪ ਵਿਚ ਭਗਤੀ ਜਾਂ ਸਮਰਪਣ ਤੇ ਆਚਰਣ ਦੀ ਉਤਮਤਾ ਨੂੰ ਨਿਸ਼ਚਿਤ ਕੀਤਾ। ਆਪ ਨੇ ਆਪਣੇ ਪੈਰੋਕਾਰਾਂ ਨੂੰ ਸਿਧਾ, ਸੁਖੜ ਤੇ ਸੁਤੰਤਰ ਕਰ ਦਿਤਾ, ਉਹਨਾਂ ਦੇ ਮਨਾਂ ਨੂੰ ਹਰ ਪ੍ਰਕਾਰ ਦੇ ਸੰਸਿਆਂ ਤੋਂ ਆਜ਼ਾਦ ਕੀਤਾ ਤੇ ਹਰ ਤਰ੍ਹਾਂ ਦੇ ਕਰਮ-ਕਾਂਡ ਦੇ ਬੰਧਨਾਂ ਤੋਂ ਛੁਟਕਾਰਾ ਦਿਵਾ ਕੇ ਉਹਨਾਂ ਨੂੰ ਸਚਿਆਰੇ ਭਗਤੀ-ਭਾਵਾਂ ਵਿਚ ਰੰਗ ਦਿਤਾ।''

''ਆਪ ਨੇ ਲੋਕਾਂ ਦੀ ਉਨਤੀ ਨੂੰ ਸਮੇਂ ਦੀ ਗਤੀ ਨਾਲ ਜੋੜ ਦਿਤਾ ਅਤੇ ਆਪ ਇਸ ਗੱਲ ਦਾ ਧਿਆਨ ਰਖਿਆ ਕਿ ਉਹਨਾਂ ਦੇ ਪੈਰੋਕਾਰ ਇਕ ਫ਼ਿਰਕੇ ਦੇ ਰੂਪ ਵਿਚ ਸੁੰਗੜ ਕੇ ਨਾ ਰਹਿ ਜਾਣ। ਉਹਨਾਂ ਦੇ ਨਿਰਧਾਰਤ ਅਸੂਲ ਜਾਂ ਨੇਮ ਸੰਸਥਾਗਤ ਵਿਸ਼ੇਸ਼ਤਾ ਵਾਲਾ ਰੂਪ ਨਾ ਧਾਰ ਲੈਣ। ਇਥੋਂ ਤਕ ਕਿ ਆਪ ਨੇ ਆਪਣੇ ਹਠੀ ਤੇ ਤਿਆਗੀ ਭਗਤੀ-ਭਾਵ ਵਿਚ ਰੱਤੇ ਸਪੁੱਤਰ ਨੂੰ ਵੀ ਇਹ ਆਗਿਆ ਨਾ ਦਿਤੀ ਕਿ ਆਪ ਤੋਂ ਪਿਛੋਂ ਉਹ ਉਹਨਾਂ ਦਾ ਉਤਰਾਧਿਕਾਰੀ ਬਣੇ।''

ਗੁਰੂ ਅਰਜਨ ਦੇਵ ਜੀ ਜਿਨ੍ਹਾਂ ਨੇ ਸਾਰੇ ਗੁਰੂ ਗਰੰਥ ਸਾਹਿਬ ਨੂੰ ਗਾਵਿਆ ਤੇ ਸਾਰੇ ਜਗਤ ਲਈ ਪ੍ਰਗਟ ਕੀਤਾ ਹੈ, ਬਾਰੇ ਕਨਿੰਘਮ ਦਾ ਕਥਨ ਹੈ :

''ਗੁਰੂ ਅਰਜਨ ਦੇਵ ਜੀ ਪਹਿਲੇ ਵਿਅਕਤੀ ਸਨ, ਜੋ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਦੇ ਵੱਡੇ ਮਹੱਤਵ ਨੂੰ ਅਨੁਭਵ ਕਰਦੇ ਸਨ ਅਤੇ ਇਹ ਚੰਗੀ ਤਰ੍ਹਾਂ ਜਾਣਦੇ ਤੇ ਪ੍ਰਤੀਤ ਕਰਦੇ ਸਨ ਕਿ ਇਹ ਵਿਚਾਰ ਤੇ ਉਪਦੇਸ਼ ਜੀਵਨ ਦੀ ਹਰ ਦਸ਼ਾ ਤੇ ਸਮਾਜ ਦੀ ਹਰ ਪ੍ਰਸਥਿਤੀ ਉਤੇ ਲਾਗੂ ਹੁੰਦੇ ਹਨ।''

ਗੁਰੂ ਗੋਬਿੰਦ ਸਿੰਘ ਜੀ ਬਾਰੇ ਕਨਿੰਘਮ ਆਖਦਾ ਹੈ :

''ਗੁਰੂ ਗੋਬਿੰਦ ਸਿੰਘ ਜੀ ਨੂੰ 1708 ਈਸਵੀ ਵਿਚ ਗੋਦਾਵਰੀ ਦੇ ਕੰਢੇ ਨੰਦੇੜ ਵਿਖੇ ਕਤਲ ਕਰ ਦਿਤਾ ਗਿਆ। ਆਪ ਦੀ ਆਯੂ ਉਸ ਸਮੇਂ 48 ਵਰ੍ਹਿਆਂ ਦੀ ਸੀ। ਜੇ ਕੋਈ ਇਹ ਖ਼ਿਆਲ ਕਰੇ ਕਿ ਆਪ ਦੀ ਗ਼ੈਰ-ਹਾਜ਼ਰੀ ਨਾਲ ਉਹਨਾਂ ਦੇ ਸੰਪੂਰਨ ਜੀਵਨ ਦੀ ਘਾਲ ਬਿਰਥੀ ਹੋ ਜਾਵੇਗੀ ਤਾਂ ਉਹਨਾਂ ਨੂੰ ਇਹ ਯਾਦ ਰਖਣਾ ਚਾਹੀਦਾ ਹੈ ਕਿ ਮਨੁੱਖ ਦੇ ਹੱਥ ਤਾਂ ਉਸ ਦੇ ਦਿਮਾਗ ਦੇ ਖਿਲੜ ਜਿਹੇ ਸੇਵਕ ਹਨ ਤੇ ਉਸ ਦੀ ਚਤੁਰਤਾ ਦਾ ਭਾਰੇ ਸਿਕੇ ਵਾਂਗ ਹੀ ਅਨੁਸਰਨ ਕਰਦੇ ਹਨ। ਇਸ ਗੱਲ ਦੀ ਕਲਪਨਾ ਕਰੋ ਜਦੋਂ ਮੁਹੰਮਦ ਸਾਹਿਬ ਨੇ ਮੱਕੇ ਤੋਂ ਹਿਜਰਤ ਕੀਤੀ ਸੀ ਤਾਂ ਅਰਬ ਦੇ ਬੀਰ ਯੋਧਿਆਂ ਨੇ ਸੰਸਾਰ ਦੇ ਇਤਿਹਾਸ ਨੂੰ ਬਦਲ ਕੇ ਰਖ ਦਿਤਾ ਸੀ ਅਤੇ ਕਾਵਿਮਈ ਯੋਧਾ ਨਾਇਕ ਐਚਲੀਸ ਦੀ ਮ੍ਰਿਤੂ ਸਮੇਂ ਟਰੋਏ ਦਾ ਹਾਲੀਂ ਪਤਨ ਨਹੀਂ ਸੀ ਹੋਇਆ। ਥੀਸਾਲੀਅਨ ਦੀ ਭੂਮੀ ਬੜੇ ਥੋੜ੍ਹੇ ਚਿਰ ਲਈ ਨਾ ਮਿਟਣ ਵਾਲੀ ਸ਼ਾਨ ਦੀ ਭਾਗੀ ਬਣੀ। ਇਸ ਦਾ ਅੰਤ ਵੀ ਉਸੇ ਤਰ੍ਹਾਂ

ਘਟੀਆ ਹੋਇਆ ਜਿਸ ਦਾ ਕਿ ਉਸ ਨੂੰ ਸਾਇਮੋਇਸ ਤੇ ਸਕੈਮੰਡਰ ਨਾਲ ਸੰਘਰਸ਼ ਕਰਨ ਸਮੇਂ ਖ਼ਤਰਾ ਸੀ। ਯੋਧਾ ਨਾਇਕ ਰਿਚਰਡ ਜੋ ਪੂਰਬ ਤੇ ਪਛਮ ਦੋਹਾਂ ਵਿਚ ਪ੍ਰਸਿਧ ਹੋਇਆ ਜੋ ਯੇਰੋਸ਼ਲਮ ਨੂੰ ਸੁਤੰਤਰ ਕਰਾਉਣ ਉਤੇ ਤੁਲਿਆ ਹੋਇਆ ਸੀ, ਨੂੰ ਵੀ ਸ਼ਰਮ ਨਾਲ ਸਿਰ ਨੀਵਾਂ ਕਰਨਾ ਪਿਆ ਕਿਉਂਜੋ ਰੱਬ ਦਾ ਸ਼ਹਿਰ ਹਾਲੀਂ ਵੀ ਕਾਫ਼ਿਰਾਂ ਦੇ ਕਬਜ਼ੇ ਵਿਚ ਸੀ। ਉਹ ਇਸ਼ ਗੱਲ ਨੂੰ ਬਰਦਾਸ਼ਤ ਨਾ ਕਰ ਸਕਿਆ ਤੇ ਪਰਬਤ ਤੋਂ ਹੇਠਾਂ ਆ ਕੇ ਬੰਦੀ ਬਣ ਗਿਆ ਤੇ ਸਮੇਂ ਤੋਂ ਪਹਿਲਾਂ ਹੀ ਕਬਰ ਵਿਚ ਜਾ ਪਿਆ। ਇਸ ਲਈ ਸਫ਼ਲਤਾ ਸਦਾ ਵਡੱਤਣ ਦਾ ਮਾਨਦੰਡ ਨਹੀਂ ਹੁੰਦੀ। ਸਿੱਖਾਂ ਦੇ ਅੰਤਿਮ ਗੁਰੂ ਵੀ ਆਪਣੇ ਆਦਰਸ਼ਾਂ ਦੀ ਪੂਰਤੀ ਨੂੰ ਸਾਕਾਰ ਹੁੰਦਾ ਵੇਖਣ ਤਕ ਜੀਵਤ ਨਾ ਰਹਿ ਸਕੇ, ਪਰ ਉਹਨਾਂ ਨੇ ਆਪਣੇ ਦਬੇ-ਛੁੱਠੇ ਲੋਕਾਂ ਦੀ ਲੁਕਵੀਂ ਸ਼ਕਤੀ ਨੂੰ ਇਸ ਤਰ੍ਹਾਂ ਜਗਾ ਦਿਤਾ ਤੇ ਉਹਨਾਂ ਦੇ ਅੰਦਰ ਸਮਾਜਕ ਸੁਤੰਤਰਤਾ ਤੇ ਕੌਮੀ ਚੜ੍ਹਦੀਕਲਾ ਦੀ ਭਾਵਨਾ ਨੂੰ ਭਰ ਦਿਤਾ। ਇਹੋ ਹੀ ਉਸ ਪਵਿਤਰਤਾ ਦੇ ਸਹਾਇਕ ਵਿਸ਼ੇਸ਼ ਗੁਣ ਹੋ ਸਕਦੇ ਸਨ, ਜਿਸ ਦਾ ਸੰਦੇਸ਼ ਗੁਰੂ ਨਾਨਕ ਦੇਵ ਜੀ ਨੇ ਦਿਤਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਮਹੱਤਵਪੂਰਨ ਤੇ ਸਜੀਵ-ਪੱਖ ਨੂੰ ਤੱਕਿਆ ਤੇ ਪ੍ਰੋਮਿਥੀਅਸ ਵਰਗੀ ਅਗਨੀ ਨੂੰ ਪ੍ਰਚੰਡ ਕਰ ਦਿਤਾ। ਸਮੂਹ ਸਿਖ ਲੋਕਾਂ ਵਿਚ ਜੀਵਤ ਆਤਮਾ ਵਿਦਮਾਨ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਭਾਵ ਸਦਕਾ ਉਹਨਾਂ ਦੀ ਮਾਨਸਿਕਤਾ ਦੀ ਬਣਤਰ ਵਿਚ ਹੀ ਪਰਿਵਰਤਨ ਤੇ ਉਥਾਨ ਨਹੀਂ ਹੋਇਆ, ਸਗੋਂ ਪਦਾਰਥਕ ਰੂਪ ਵਿਚ ਵੀ ਇਹ ਪ੍ਰਭਾਵ ਕਾਰਜਸ਼ੀਲ ਰਿਹਾ ਹੈ ਤੇ ਇਸ ਨੇ ਉਹਨਾਂ ਦੀ ਸਰੀਰਕ ਬਣਤਰ ਵਿਚ ਵੀ ਸੁਡੌਲਤਾ ਲੈ ਆਂਦੀ ਹੈ।

ਸਿੱਖ ਜਨ-ਸਮੂਹ ਦੀ ਬਾਹਰੀ ਦਖ ਤੇ ਨੈਣ ਨਕਸ਼ਾਂ ਵਿਚ ਸੁਧਾਰ ਹੋਇਆ ਹੈ ਅਤੇ ਇਕ ਸਿੱਖ ਸਰਦਾਰ ਕੇਵਲ ਆਪਣੀ ਸ਼ਾਹੀ ਠਾਠ-ਬਾਠ, ਆਪਣੀ ਸੁਤੰਤਰ ਤੇ ਆਪਣੇ ਮਾਨਵੀ ਗੁਣਾਂ ਕਰਕੇ ਹੀ ਪਛਾਣਿਆ ਨਹੀਂ ਜਾਂਦਾ, ਸਗੋਂ ਆਪਣੇ ਉਸ ਵਿਸ਼ਵਾਸ ਤੇ ਭਰੋਸੇ ਕਾਰਨ ਵੀ ਵਿਲਖਣ ਹੈ, ਜਿਸ ਨਾਲ ਉਸ ਵਿਚ ਉਚੀ ਸੋਚ ਤੇ ਗਹਿਰ-ਗੰਭੀਰਤਾ ਦੇ ਉਹ ਗੁਣ ਆ ਗਏ ਹਨ, ਜੋ ਕੇਵਲ ਇਕ ਵਰੋਸਾਈ ਹੋਈ ਆਤਮਾ ਦੀ ਹੀ ਵਿਸ਼ੇਸ਼ਤਾ ਹੁੰਦੇ ਹਨ ਤੇ ਉਸ ਨੂੰ ਨਿਹਾਰ ਕੇ ਦੈਵੀ ਪ੍ਰਭਾਵ ਪੈਂਦਾ ਹੈ। ਇਹਨਾਂ ਪਰਿਵਰਤਨਾਂ ਨੂੰ ਅਖੋਂ ਪਰੋਖੇ ਕਰਕੇ ਆਮ ਤੌਰ 'ਤੇ ਸਿੱਖਾਂ ਨੂੰ ਹਿੰਦੂ ਸਮਾਜ ਦਾ ਇਕ ਅੰਗ ਹੀ ਮੰਨਿਆ ਜਾਂਦਾ ਹੈ। ਭਾਸ਼ਾ ਤੇ ਨਿਤ ਦੇ ਰੀਤੀ ਰਿਵਾਜਾਂ ਵਜੋਂ ਉਹ ਨਿਰਸੰਦੇਹ ਅਜਿਹੇ ਹੀ ਜਾਪਦੇ ਹਨ, ਕਿਉਂਜੋ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪੈਰੋਕਾਰਾਂ ਨੂੰ ਨਾ ਕਿਸੇ ਰਾਜਨੀਤਕ ਪ੍ਰਬੰਧ ਤੇ ਨਾ ਕਿਸੇ ਨਾਗਰਿਕਤਾ ਦੇ ਨੇਮਾਂ ਵਿਚ ਜਕੜਨ ਦਾ ਯਤਨ ਕੀਤਾ ਸੀ। ਫਿਰ ਵੀ ਉਹ ਆਪਣੇ ਧਾਰਮਿਕ ਨਿਹਚਿਆਂ ਤੇ ਸੰਸਾਰਕ ਸੁਜਗਤਾ ਕਾਰਨ ਹੋਰ ਭਾਰਤ ਵਾਸੀਆਂ ਨਾਲੋਂ ਵਖਰੇ ਹਨ ਤੇ ਬਾਹਰੀ ਆਦਰਸ਼ਾਂ ਤੇ ਅੰਤਰੀਵ ਭਾਵਨਾਵਾਂ ਕਾਰਨ ਉਹ ਇਕ ਵੱਖਰਾ ਸਮੂਦਾਇ. ਹਨ, ਜੋ ਹੋਰਨਾਂ ਨਾਲੋਂ ਨਿਆਰਾ ਤੇ ਵਿਸ਼ੇਸ਼ ਹੈ। ਪਰ ਅਜਿਹੀ ਗ਼ਲਤ-ਫਹਿਮੀ ਲੋਕਾਂ ਲਈ ਹੈਰਾਨੀ ਦਾ ਕਾਰਨ ਨਹੀਂ

ਬਣਨੀ ਚਾਹੀਦੀ, ਨਾ ਹੀ ਕਿਸੇ ਦਾ ਨਿਰਾਧਾਰ ਖੰਡਨ ਕਰਨਾ ਚਾਹੀਦਾ ਹੈ। ਇਹ ਗੱਲ ਯਾਦ ਰਖਣ ਵਾਲੀ ਹੈ ਕਿ ਯੂਨਾਨ ਤੇ ਰੋਮ ਦੇ ਵਿਦਵਾਨਾਂ ਨੇ ਵੀ ਉਹਨਾਂ ਨਿਰਮਾਣ ਵਿਅਕਤੀਆਂ ਦੇ ਬੋਲਾਂ ਨੂੰ ਗ਼ਲਤ ਸਮਝਿਆ ਸੀ, ਜਿਨ੍ਹਾਂ ਨੇ ਬਪਤਿਸਮਾਂ ਪ੍ਰਾਪਤ ਕਰਕੇ ਨਵ-ਜੀਵਨ ਨੂੰ ਧਾਰਨ ਕੀਤਾ ਸੀ। ਟੈਸੀਟਸ ਤੇ ਸਿਊਟੋਨੀਅਸ ਇਸਾਈ ਧਰਮ ਦੇ ਪਹਿਲੇ ਅਨੁਆਈਆਂ ਨੂੰ ਯਹੂਦੀਆਂ ਦਾ ਇਕ ਫ਼ਿਰਕਾ ਹੀ ਸਮਝਦੇ ਹਨ। ਉਹ ਉਹਨਾਂ ਦੇ ਮੂਲ ਅੰਤਰ ਨੂੰ ਸਮਝ ਨਾ ਸਕੇ ਤੇ ਉਸ ਮਤ ਦੇ ਅਸੂਲਾਂ ਵਿਚ ਉਸ ਗੁਪਤ ਸ਼ਕਤੀ ਤੇ ਵਾਸਤਵਿਕ ਉਚਤਾ ਦਾ ਥਹੁ ਨਾ ਪਾ ਸਕੇ ਜਿਸ ਨੇ ਕਿ ਆਧੁਨਿਕ ਸਭਿਅਤਾ ਨੂੰ ਨਵਾਂ ਗੌਰਵ ਤੇ ਪਵਿਤਰਤਾ ਪ੍ਰਦਾਨ ਕੀਤੀ।''

ਮਨੁੱਖ ਦੀ ਧਾਰਮਿਕ ਵਿਚਾਰਧਾਰਾ ਦੇ ਵਿਕਾਸ ਦੇ ਅਕਾਦਮਿਕ ਅਧਿਐਨ ਕਰਨ ਵਾਲੇ ਵਿਦਿਆਰਥੀ ਲਈ ਇਸਲਾਮ ਤੇ ਇਸਾਈ-ਮਤ ਦੋਵੇਂ ਸਾਮੀ ਸੰਸਕ੍ਰਿਤੀ ਦੀ ਉਪਜ ਹਨ। ਇਸੇ ਤਰ੍ਹਾਂ ਬੁਧ-ਮਤ ਤੇ ਸਿੱਖ-ਮਤ ਦੋਵੇਂ ਹਿੰਦੂ ਸੰਸਕ੍ਰਿਤੀ ਦੀ ਦੇਣ ਹਨ। ਜਿਸ ਤਰ੍ਹਾਂ ਕੋਈ ਸਥਾਨ ਕਿਸੇ ਕਲਾ ਭਵਨ ਦੀ ਸੁੰਦਰਤਾ ਨਾਲ ਸੰਬੰਧਤ ਹੁੰਦਾ ਹੈ, ਇਸੇ ਤਰ੍ਹਾਂ ਹਿੰਦੂ ਸੰਸਕ੍ਰਿਤੀ ਬੁਧ-ਮਤ ਤੇ ਸਿੱਖ-ਮਤ ਨਾਲ ਜੁੜੀ ਹੋਈ ਹੈ। ਇਸ ਪ੍ਰਕਾਰ ਸਿੱਖ-ਮਤ ਦਾ ਵੀ ਉਸ ਦੀ ਆਪਣੀ ਭੌਤਿਕ ਜਣਨੀ ਤੋਂ ਨਾਤਾ ਨਹੀਂ ਟੁਟ ਸਕਦਾ।

ਵੁਡਰੋਫ ਨੇ ਹਿੰਦੂ ਸੰਸਕ੍ਰਿਤੀ ਬਾਰੇ ਸਮੁਚਾ ਵਰਣਨ ਇਸ ਪ੍ਰਕਾਰ ਕੀਤਾ ਹੈ :

''ਭਾਰਤ ਨੇ ਇਹ ਵਿਚਾਰ ਪ੍ਰਗਟ ਕੀਤਾ ਹੈ ਕਿ ਵਿਸ਼ਵ ਦਾ ਅੰਤਮ ਆਧਾਰ ਆਤਮਾ ਹੈ। ਜੋ ਕੁਝ ਵੀ ਭੌਤਿਕ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ, ਉਹ ਵਾਸਤਵ ਵਿਚ ਦੇਸ਼ ਤੇ ਕਾਲ ਦੇ ਅੰਤਰਗਤ ਆਤਮਾ ਦੀ ਹੀ ਅਭੀਵਿਅਕਤੀ ਹੈ। ਮਨੁੱਖ ਵੀ ਇਸੇ ਆਤਮਾ ਦਾ ਹੀ ਅੰਸ਼ ਜਾਂ ਭਾਗ ਹੈ ਜਾਂ ਇਸ ਨਾਲ ਸੰਬੰਧਤ ਹੈ। ਬ੍ਰਹਿਮੰਡ ਦਾ ਸੰਚਾਲਨ ਵੀ ਉਚਿਤ ਨੇਮ ਦੁਆਰਾ ਹੁੰਦਾ ਹੈ, ਜੋ ਇਸੇ ਦੀ ਹੀ ਸੱਚੀ ਅਭੀਵਿਅਕਤੀ ਹੈ। ਸਾਰਾ ਜੀਵਨ ਹੀ ਪਵਿੱਤਰ ਹੈ। ਨੈਤਿਕਤਾ ਹੀ ਮਾਨਵਤਾ ਦਾ ਨੇਮ ਹੈ ਤੇ ਇਹੋ ਹੀ ਇਸ ਦੀ ਭਾਗ-ਵਿਧਾਤਾ ਹੈ। ਜੋ ਕੋਈ ਬੀਜ ਬੀਜਦਾ ਹੈ, ਉਹੋ ਹੀ ਕਟਦਾ ਹੈ। ਇਸ ਵਿਸ਼ਵ ਦਾ ਵੀ ਕੋਈ ਨੈਤਿਕ ਉਦੇਸ਼ ਹੈ। ਇਸ ਲਈ ਸਮਾਜਕ ਪ੍ਰਬੰਧ ਨੂੰ ਵੀ ਉਸੇ ਦਾ ਅਨੁਸਾਰੀ ਹੋਣਾ ਚਾਹੀਦਾ ਹੈ।''

ਸਾਨੂੰ ਇਸ ਧਾਰਨਾ ਦੇ ਆਲੋਚਕ ਜੈਮਸਨ ਨਾਲ ਵੀ ਸਹਿਮਤ ਹੋਣਾ ਪੈਂਦਾ ਹੈ—ਭਾਵੇਂ ਅੰਸ਼ਕ ਰੂਪ ਵਿਚ ਹੀ। ਇਸ ਨੂੰ ਇਸਾਈ-ਮਤ ਦਾ ਮੁਖ ਵਿਚਾਰ ਨਹੀਂ ਮੰਨਿਆ ਜਾ ਸਕਦਾ ਕਿਉਂਜੋ ਇਸ ਵਿਚ ਕੁਝ ਪਰਿਵਰਤਨ ਕਰ ਲਏ ਗਏ ਹਨ, ਫਿਰ ਵੀ ਇਹ ਗੱਲ ਪ੍ਰਵਾਨ ਕਰਨੀ ਕੁਢੱਬੀ ਹੋਵੇਗੀ ਕਿ ਇਸ ਵਿਚਾਰ ਸੰਕਲਪ ਨੂੰ ਕੇਵਲ ਭਾਰਤ ਵਰਸ਼ ਨੇ ਹੀ ਪ੍ਰਗਟ ਕੀਤਾ ਹੈ।

ਵਾਸਤਵ ਵਿਚ ਕਿਸੇ ਵਿਲਖਣਤਾ ਤੇ ਕਿਸੇ ਇਕ ਵਿਚਾਰ ਸੰਕਲਪ ਦੇ ਸੁਆਮੀ ਹੋਣ ਦੇ ਏਕਾਧਿਕਾਰ ਦੇ ਸਾਰੇ ਦਾਅਵੇ ਨਿਰਮੂਲ ਹਨ ਕਿ ਇਹ ਹਿੰਦੂ

ਜਾਤੀ ਦੀ ਦੇਣ ਹੈ ਜਾਂ ਕਿਸੇ ਹੋਰ ਜਾਤੀ ਦੀ ਕਿਉਂਜੋ ਸਮਾਜਕ ਸੰਸਕ੍ਰਿਤੀ ਦੇ ਖੇਤਰ ਵਿਚ ਪਿਛਲੀਆਂ ਕਈ ਸਦੀਆਂ ਤੋਂ ਪ੍ਰਸਪਰ ਰੂਪ ਵਿਚ ਇਤਨਾਂ ਕੁਝ ਰਲਗਡ ਹੋ ਗਿਆ ਹੈ ਕਿ ਸਪਸ਼ਟ ਰੂਪ ਵਿਚ ਕੋਈ ਨਿਰਣਾ ਕਰ ਸਕਣਾ ਕਠਿਨ ਪ੍ਰਤੀਤ ਹੁੰਦਾ ਹੈ। ਇਸੇ ਕਰਕੇ ਕਿਸੇ ਵੀ ਵਿਚਾਰ ਸੰਕਲਪ ਉਤੇ ਕੋਈ ਆਪਣੇ ਸੁਆਮੀਤਵ ਤੇ ਏਕਾਧਿਕਾਰ ਦਾ ਦਾਅਵਾ ਨਹੀਂ ਕਰ ਸਕਦਾ।

ਮਨੁੱਖੀ ਸਾਂਝੀਵਾਲਤਾ ਤੇ ਭਾਈਚਾਰੇ ਦੇ ਦ੍ਰਿਸ਼ਟੀਕੋਣ ਤੋਂ ਵੇਖਿਆਂ ਸੱਚੀ ਸੰਸਕ੍ਰਿਤੀ ਦਾ ਇਕੋ ਹੀ ਰੂਪ ਹੈ। ਸਭ ਸੱਚੇ ਸਭਿਆਚਾਰ ਜਾਂ ਸੰਸਕ੍ਰਿਤੀਆਂ ਭਾਵੇਂ ਉਹ ਕਿਸੇ ਵੀ ਵਾਤਾਵਰਣ ਵਿਚ ਉਤਪੰਨ ਹੋਈਆਂ ਹੋਣ ਜਾਂ ਕਿਸੇ ਵੀ ਜਾਤੀ ਦੀ ਦੇਣ ਹੋਣ, ਆਪਣੇ ਅਸਲੇ ਵਜੋਂ ਇਕੋ ਹੀ ਹਨ ਤੇ ਉਹਨਾਂ ਨੂੰ ਇਕੋ ਹੀ ਹੋਣਾ ਚਾਹੀਦਾ ਹੈ। ਇਸ ਸੰਬੰਧ ਵਿਚ ਪੂਰਬ ਤੇ ਪਛਮ ਵੀ ਇਕ ਹਨ। ਕੇਵਲ ਧਰਮ ਦੇ ਖੇਤਰ ਵਿਚ ਹੀ ਕਿਸੇ ਵਿਸ਼ੇਸ਼ ਸਹਾਨੁਭੂਤੀ ਦਾ ਆਭਾਵ ਦਿਖਾਈ ਦਿੰਦਾ ਹੈ। ਸਾਂਸਕ੍ਰਿਤਕ ਤੌਰ 'ਤੇ ਸਾਰੀ ਮਨੁੱਖਤਾ ਇਕ ਹੈ। ਹਿੰਦੂ ਤੇ ਹੋਰ ਸੰਸਕ੍ਰਿਤੀਆਂ ਦੇ ਕੁਝ ਪ੍ਰਮੁਖ ਗੁਣ ਵਿਸ਼ਵ-ਵਿਆਪੀ ਰੂਪ ਵਿਚ ਸਭ ਵਲੋਂ ਪ੍ਰਵਾਨ ਕਰ ਲਏ ਗਏ ਹਨ ਤੇ ਇਹ ਆਦਰਸ਼ ਹੁਣ ਮਨੁੱਖ ਦੇ ਖ਼ੂਨ ਵਿਚ ਰਚ ਚੁਕੇ ਹਨ। ਇਹਨਾਂ ਆਦਰਸ਼ਾਂ ਵਿਚੋਂ ਕਿਸੇ ਇਕ ਨੂੰ ਪ੍ਰਮੁਖਤਾ ਦੇਣੀ ਬੌਧਿਕ ਪਰਪੰਚ ਤੇ ਸਵੈ-ਅਭੀਮਾਨ ਹੀ ਜਾਪਦਾ ਹੈ।

ਇਸ ਗੱਲ ਲਈ ਯਤਨ ਕੀਤਾ ਜਾ ਰਹੇ ਹਨ ਕਿ ਬੁਧ-ਮਤ ਨੂੰ ਬ੍ਰਾਹਮਣ-ਮਤ ਜਿਸ ਨੂੰ ਹਿੰਦੂ-ਮਤ ਵੀ ਕਿਹਾ ਜਾਂਦਾ ਹੈ, ਨੂੰ ਸਮਰੂਪ ਕੀਤਾ ਜਾਵੇ, ਪਰ ਇਹ ਕੇਵਲ ਅਕਾਦਮਿਕ ਯਤਨ ਹੀ ਹੁੰਦੇ ਹਨ। 'ਹਿੰਦੂ ਸੰਸਕ੍ਰਿਤੀ' ਦੇ ਇਸ ਅਨੰਤ ਅੰਤਰ ਵਿਚ ਜਿਸ ਵਿਚ ਕਿ ਸਹੰਸਰ ਹੀ ਰੰਗ ਹਨ, ਕੋਈ ਅਰਥ ਨਹੀਂ ਰਹਿ ਜਾਂਦੇ। ਜਿਥੇ ਵੀ ਕੋਈ ਖੜ੍ਹਾ ਹੈ, ਉਸ ਸਥਾਨ 'ਤੇ ਸੁਤੰਤਰਤਾ ਵੀ ਅਨੰਤ ਹੀ ਹੈ। ਇਹ ਤਾਂ ਇਕ ਨਿਰਜਿੰਦ ਪਾਸਾਰ ਵਿਚ ਉਪਰਾਮਤਾ ਤੇ ਸਹਿਣਸ਼ੀਲਤਾ ਨੂੰ ਧਾਰਨ ਕਰਨ ਵਾਲੀ ਗੱਲ ਹੈ। ਕੋਈ ਵੀ ਵਿਅਕਤੀ ਉਸ ਗੱਲ ਦਾ ਤਿਆਗ ਨਹੀਂ ਕਰ ਸਕਦਾ ਜਿਸ ਨੂੰ ਉਹ ਸੱਚੇ ਦਿਲੋਂ ਚਾਹ ਰਿਹਾ ਹੁੰਦਾ ਹੈ। ਕੋਈ ਵਿਅਕਤੀ ਉਹਨਾਂ ਚੀਜ਼ਾਂ ਦਾ ਹੀ ਤਿਆਗ ਕਰਦਾ ਹੈ ਜੋ ਕਿਸੇ ਨਾ ਕਿਸੇ ਰੂਪ ਵਿਚ ਉਸ ਦੇ ਮਨ ਜਾਂ ਆਤਮਾ ਵਿਚ ਉਹਨਾਂ ਵਸਤਾਂ ਬਾਰੇ ਵਸੀ ਘਿਰਣਾ ਦੇ ਕਾਰਨ ਹੁੰਦਾ ਹੈ। ਹਿੰਦੂ-ਮਤ ਵਿਚ ਜਿਹੜੀ ਸਹਿਣਸ਼ੀਲਤਾ ਜਾਪਦੀ ਹੈ, ਉਹ ਅਸਲ ਵਿਚ ਅਸਹਿਣਸ਼ੀਲਤਾ ਹੈ। ਇਸ ਗੱਲ ਦਾ ਪਤਾ ਉਦੋਂ ਲਗਦਾ ਹੈ, ਜਦੋਂ ਉਸ ਦੇ ਚਹੇਤੇ ਆਦਰਸ਼ਾਂ ਵਿਚ ਕਿਸੇ ਹੋਰ ਮਤ ਵਲੋਂ ਦਖ਼ਲ-ਅੰਦਾਜ਼ੀ ਕੀਤੀ ਜਾਂਦੀ ਹੈ। ਜਿਹਾ ਕਿ ਬੁਧ-ਮਤ ਦੀ ਹਾਲਤ ਵਿਚ ਹੋਇਆ ਹੈ। ਉਸ ਸਮੇਂ ਜਦੋਂ ਕੋਈ ਵਧੇਰੇ ਚੰਗੇਰਾ ਮਤ ਅਜਿਹਾ ਕਰਦਾ ਦ੍ਰਿਸ਼ਟੀਗੋਚਰ ਹੁੰਦਾ ਹੈ ਤਾਂ ਉਹ ਆਪਣੀ ਹੋਂਦ ਨੂੰ ਹੀ ਖ਼ਤਰਾ ਅਨੁਭਵ ਕਰਨ ਲਗ ਪੈਂਦਾ ਹੈ। ਉਹ ਤਾਂ ਸੱਚ ਨੂੰ ਉਦੋਂ ਹੀ ਪ੍ਰਵਾਨ ਕਰਦਾ ਹੈ ਜਦੋਂ ਉਸ ਦੇ ਆਪਣੇ ਮਤ ਨੂੰ ਕੋਈ ਭੰਗ ਨਹੀਂ ਕਰ ਰਿਹਾ ਹੁੰਦਾ। ਉਹ ਬ੍ਰਾਹਮਣ-ਮਤ ਦੇ ਅਧਿਕਾਰ ਨੂੰ ਕਿਸੇ ਦੂਜੇ

ਲਈ ਛਡਣ ਲਈ ਤਿਆਰ ਨਹੀਂ ਹੈ। ਨੀਵੀਂ ਜਾਤੀ ਵਾਲੇ ਸਦਾ ਨੀਵੇਂ ਹੀ ਰਹਿੰਦੇ ਹਨ, ਭਾਵੇਂ ਉਹਨਾਂ ਦੇ ਵਿਚਾਰ ਤੇ ਕਰਮ ਬ੍ਰਾਹਮਣ ਵਰਗ ਨਾਲੋਂ ਚੰਗੇਰੇ ਤੇ ਉਚੇਰੇ ਵੀ ਕਿਉਂ ਨਾ ਹੋਣ। ਇਕ ਸਮੇਂ ਤਾਂ ਹਿੰਦੂ-ਮਤ ਬੁਧ-ਮਤ ਨੂੰ ਬਿਲਕੁਲ ਹੀ ਬਰਦਾਸ਼ਤ ਨਹੀਂ ਸੀ ਕਰਦਾ। ਇਸੇ ਤਰ੍ਹਾਂ ਹਿੰਦੂ-ਮਤ ਦਾ ਦ੍ਰਿਸ਼ਟੀਕੋਣ ਵਰਤਮਾਨ ਸਮੇਂ ਸਿੱਖ-ਮਤ ਵਲ ਵੀ ਅਸਹਿਣਸ਼ੀਲਤਾ ਵਾਲਾ ਹੈ ਕਿਉਂਜੋ ਇਹ ਹਿੰਦੂ-ਮਤ ਨੂੰ ਸ਼ਕਤੀਸ਼ਾਲੀ ਰੂਪ ਵਿਚ ਬਦਲਣ ਦਾ ਯਤਨ ਕਰਦਾ ਹੈ। ਬੁਧ-ਮਤ ਭਾਵੇਂ ਹਿੰਦੂ ਸੰਸਕ੍ਰਿਤੀ ਵਿਚੋਂ ਉਤਪੰਨ ਹੋਇਆ, ਫਿਰ ਵੀ ਉਹ ਇਸ ਤੋਂ ਸੁਤੰਤਰ ਸੀ। ਭਾਰਤ ਵਿਚ ਜਦੋਂ ਬੁਧ-ਮਤ ਰਾਜ ਧਰਮ ਬਣਾਇਆ ਜਾ ਰਿਹਾ ਸੀ ਤਾਂ ਹਿੰਦੂ-ਮਤ ਵਲੋਂ ਇਸ ਦਾ ਤਿਖਾ ਵਿਰੋਧ ਕੀਤਾ ਗਿਆ ਤੇ ਇਸ ਨੂੰ ਧਕ ਕੇ ਬਾਹਰ ਕਢ ਦਿਤਾ ਗਿਆ। ਇਹ ਗੱਲ ਪ੍ਰਗਟ ਕਰਦੀ ਹੈ ਕਿ ਬੁਧ-ਮਤ ਹਿੰਦੂ-ਮਤ ਦੇ ਧਾਰਮਿਕ ਰੀਤੀ ਕਰਮਾਂ ਅਤੇ ਦਾਰਸ਼ਨਿਕ ਵਿਚਾਰਧਾਰਾ ਤੋਂ ਭਿੰਨ ਪ੍ਰਕਾਰ ਦਾ ਸੀ। ਬੁਧ-ਮਤ ਦੇ ਸਮਤਾ-ਪੂਰਵਕ ਵਿਚਾਰਾਂ ਦਾ ਹਿੰਦੂ-ਮਤ ਵਲੋਂ ਤ੍ਰਿਸਕਾਰ ਕੀਤਾ ਗਿਆ। ਸ਼ੰਕਰਾਚਾਰੀਆ ਸਮਾਨ ਬ੍ਰਾਹਮਣ ਵਰਗ ਬੁਧ-ਮਤ ਨੂੰ ਹਿੰਦੂ-ਮਤ ਤੋਂ ਸ੍ਰੇਸ਼ਟ ਮੰਨਣ ਲਈ ਤਿਆਰ ਨਹੀਂ ਸੀ ਹੋ ਸਕਦਾ। ਜੋ ਕਿ ਉਪਨਿਸ਼ਦਾਂ ਦੇ ਏਕਤਾ ਤੇ ਵਿਸ਼ਵ-ਸ਼ਾਂਤੀ ਦੇ ਮਹਾਨ ਦਰਸ਼ਨ ਦੇ ਬਾਵਜੂਦ ਮੁਖ ਰੂਪ ਵਿਚ ਬਹੁਦੇਵਵਾਦੀ, ਕੁਲੀਨਤੰਤਰਕ ਅਤੇ ਦਵੈਤਵਾਦੀ ਸਰੂਪ ਵਾਲਾ ਹੈ। ਇਹ ਤਾਂ ਸਦੀਵੀ ਤੌਰ 'ਤੇ ਜਾਤੀ ਪ੍ਰਥਾ ਦੀ ਦੇਣ ਹੈ। ਜਿਨ੍ਹਾਂ ਦਾ ਪ੍ਰਾਣ-ਆਧਾਰ ਲਿੰਗ ਪੂਜਾ, ਮੂਰਤੀ ਪੂਜਾ, ਮਾਨਵਰੂਪੀ ਦੇਵੀ-ਦੇਵਤਿਆਂ ਦੀ ਪੂਜਾ ਹੈ ਜਿਸ ਦੇ ਫਲਸਰੂਪ ਇਸ ਵਿਚ ਚਿਰਕਾਲੀਨ ਦੰਭ ਅਤੇ ਵਿਤਰੇਕਤਾ ਦੀ ਭਾਵਨਾ ਆ ਗਈ ਹੈ।

ਬੁਧ-ਮਤ ਦੇ ਪੱਕੇ ਅਨੁਆਈ ਸਤਿਕਾਰਯੋਗ ਅੰਗਰੀਕਾ ਧਰਮਪਾਲ ਦੀਆਂ ਨਵੀਨ ਲਿਖਤਾਂ ਵਿਚ ਪ੍ਰਗਟਾਏ ਗਏ ਮਨੋਭਾਵਾਂ ਤੋਂ ਇਹ ਪ੍ਰਗਟ ਹੋ ਜਾਵੇਗਾ ਕਿ ਬੁਧ-ਮਤ ਦੇ ਹਿੰਦੂ-ਮਤ ਬਾਰੇ ਵਿਚਾਰ ਕਿਸ ਪ੍ਰਕਾਰ ਦੇ ਹਨ। ਭਗਵਾਨ ਬੁਧ ਨੇ ਇਸ ਸੰਸਾਰ ਨੂੰ ਛਡਣ ਸਮੇਂ ਆਪਣੇ ਅਨੁਆਈਆਂ ਪ੍ਰਤੀ ਇਹ ਇਛਾ ਪ੍ਰਗਟਾਈ ਸੀ ਕਿ ਉਹਨਾਂ ਨੂੰ ਚਾਰ ਧਾਮਾਂ ਦੀ ਯਾਤਰਾ ਕਰਨੀ ਚਾਹੀਦੀ ਹੈ, ਜੋ ਭਗਵਾਨ ਬੁਧ ਦੇ ਜਨਮ, ਬੋਧੀਸਤਵ ਦੀ ਪ੍ਰਾਪਤੀ, ਪ੍ਰਥਮ ਧਰਮ ਉਪਦੇਸ਼ ਅਤੇ ਅੰਤਿਮ ਅਕਾਲ ਚਲਾਣੇ ਨਾਲ ਸੰਬੰਧ ਰਖਦੇ ਸਨ। ਲਗਭਗ 1500 ਸਾਲ ਤਕ ਭਾਰਤ ਦੇ ਬੋਧੀਆਂ ਨੇ ਭਗਵਾਨ ਬੁਧ ਦੇ ਆਦੇਸ਼ਾਂ ਦਾ ਪਾਲਣ ਕੀਤਾ ਅਤੇ ਇਹਨਾਂ ਸਥਾਨਾਂ ਉਤੇ ਜਿਨ੍ਹਾਂ ਨੂੰ ਭਗਵਾਨ ਬੁਧ ਦੀ ਛੁਹ ਨੇ ਪਾਵਨ ਬਣਾ ਦਿਤਾ ਸੀ, ਸੁੰਦਰ ਤੇ ਸ਼ਾਨਦਾਰ ਵਿਹਾਰ ਬਣਾਏ। ਮਹਾਨ ਸਮਰਾਟ ਅਸ਼ੋਕ ਨੇ ਇਹਨਾਂ ਚਾਰ ਸਥਾਨਾਂ 'ਤੇ ਸ਼ਾਨਦਾਰ ਵਿਹਾਰ ਬਣਾਏ। ਇਹਨਾਂ ਵਿਚ ਪੱਥਰ ਸਤੰਭ ਖੜ੍ਹੇ ਕੀਤੇ। ਪਿਛੋਂ ਦੇ ਬਾਦਸ਼ਾਹਾਂ ਨੇ ਵੀ ਇਹਨਾਂ ਵਿਹਾਰਾਂ ਦੀ ਗਿਣਤੀ ਵਿਚ ਵਾਧਾ ਕੀਤਾ ਤੇ ਇਹਨਾਂ ਨੂੰ ਹੋਰ ਅਲੰਕ੍ਰਿਤ ਕੀਤਾ। ਫਿਰ ਬ੍ਰਾਹਮਣ-ਮਤ ਦੀ ਪੁਨਰ-ਸੁਰਜੀਤੀ ਦਾ ਦੌਰ ਆਇਆ ਤੇ ਭਗਵਾਨ ਬੁਧ ਦੇ ਇਸ ਲੋਕਤੰਤਰ ਧਰਮ ਨੂੰ ਹਾਨੀ ਉਠਾਉਣੀ ਪਈ। ਫਲਸਰੂਪ ਰਾਜਨੀਤਕ ਅਖਾੜੇ ਵਿਚ ਬੁਧ-

ਣ ਨੂੰ ਪਿਛਲੀਆਂ ਪੰਕਤੀਆਂ ਵਿਚ ਬੈਠਣਾ ਪਿਆ। ਫਿਰ ਬ੍ਰਾਹਮਣਵਾਦੀ ਕਾਨੂੰਨਾਂ ਨੁਸਾਰ ਪਛੜੀਆਂ ਜਾਤੀਆਂ ਦੇ ਲੱਖਾਂ ਲੋਕਾਂ ਨੂੰ ਮੁਖ ਧਾਰਾ ਵਿਚੋਂ ਛੇਕ ਦਿਤਾ ਆ। ਇਥੋਂ ਹੀ ਅਛੂਤ ਵਰਗ ਹੋਂਦ ਵਿਚ ਆਇਆ। ਭਾਰਤ ਜਿਸ ਨੇ ਸਾਰੇ ਾਿਆ ਨੂੰ ਚਾਨਣ ਦਿਤਾ ਸੀ, ਫਿਰ ਪਿਛੋਕੜ ਵਲ ਪਰਤ ਗਿਆ ਤੇ ਲੋਕਾਂ ਹਿਰਦਿਆਂ ਵਿਚੋਂ ਇਹ ਲੋਕਤੰਤਰਕ, ਭਾਵਨਾ ਘਟਣ ਲਗੀ। ਇਸ ਦੀ ਥਾਂ ਤ-ਪਾਤ ਦੇ ਵਿਤਕਰੇ ਪ੍ਰਧਾਨ ਹੋ ਗਏ। ਉਸ ਪਿਆਰ ਕਰਨ ਯੋਗ ਦਇਆ ਵਿਸ਼ਵ-ਵਿਆਪੀ ਭਾਈਚਾਰੇ ਦਾ ਧਰਮ ਉਸ ਭਾਰਤ ਭੂਮੀ ਵਿਚੋਂ ਲੋਪ ਹੁੰਦਾ ਆ, ਜਿਸ ਨੂੰ ਭਗਵਾਨ ਬੁਧ ਨੇ ਪ੍ਰੇਮ ਦਾ ਸੰਦੇਸ਼ ਦੇ ਕੇ ਪਾਵਨ ਬਣਾ ਦਿਤਾ । ਬ੍ਰਾਹਮਣ-ਮਤ ਦੇ ਪ੍ਰੋਹਤ ਵਰਗ ਵਲੋਂ ਦਲਿਤ ਜਾਤੀਆਂ ਦੇ ਦਮਨ ਦੇ ਕਾਰਨ ਸ ਦੇਸ਼ ਵਿਚ ਘਿਰਣਾ ਦਾ ਵਾਤਾਵਰਣ ਪਸਰ ਗਿਆ। ਫਿਰ ਅਰਬਾਂ ਦੇ ਕਰਮਣ ਹੋਏ ਤੇ ਭਾਰਤ ਦੇਸ਼ ਦਾ ਪਤਨ ਇਸ ਦੇ ਜਾਤਪਾਤ ਦੇ ਵਿਤਕਰਿਆਂ ਰਨ ਹੋਇਆ। ਇਹਨਾਂ ਛੋਟੀਆਂ ਜਾਤੀਆਂ ਦੇ ਲੋਕਾਂ ਨੇ ਲਖਾਂ ਦੀ ਗਿਣਤੀ ਚ ਜੇਤੂਆਂ ਦੇ ਧਰਮ ਨੂੰ ਅਪਣਾ ਲਿਆ ਤੇ ਜੇਤੂ ਅਰਬਾਂ ਨੇ ਉਚ ਜਾਤੀ ਦੇ ਕਾਂ ਨੂੰ ਵੀ ਜ਼ੋਰ ਜਬਰ ਨਾਲ ਧਰਮ ਬਦਲਣ ਲਈ ਮਜਬੂਰ ਕਰ ਦਿਤਾ। ਜਦੋਂ ੀ ਵਿਹਾਰਾਂ ਨੂੰ ਨਸ਼ਟ ਕਰ ਦਿਤਾ ਗਿਆ ਤਾਂ ਰਹਿੰਦੇ ਖੂੰਹਦੇ ਬੋਧੀ ਭਿਕਸ਼ੂ ਇਸਲਾਮ ਧਰਮ ਦੇ ਘੇਰੇ ਵਿਚ ਚਲੇ ਗਏ ਤੇ ਬ੍ਰਾਹਮਣ-ਮਤ ਦੇ ਅਰਧ-ਨੁਸਾਰੀ ਭਿਖੂਆਂ ਦਾ ਇਹਨਾਂ ਸਥਾਨਾਂ 'ਤੇ ਕਤਲਾਮ ਕੀਤਾ ਗਿਆ।

ਅੱਗੇ ਜਾ ਕੇ ਅੰਗਰੀਕਾ ਧਰਮਪਾਲ ਫਿਰ ਕਥਨ ਕਰਦਾ ਹੈ :

"ਮੈਂ 1891 ਵਿਚ ਹੀ ਸ੍ਰੀ ਹਰਦਿਆਲ ਦੇ ਸੁਝਾ ਬਾਰੇ ਪੂਰਵ-ਅਨੁਮਾਨ ਗਾ ਲਿਆ ਸੀ। ਅਸੀਂ ਬੁਧ-ਗਯਾ ਦੇ ਨੇੜੇ ਕਾਲਜ ਦੇ ਨਿਰਮਾਣ ਲਈ ਭੂਮੀ ਪਤ ਨਾ ਕਰ ਸਕੇ। ਕਿਉਂਜੋ ਇਹ ਸ਼ੈਵ ਮਤ ਦੇ ਸੰਨਿਆਸੀਆਂ ਦੀ ਜਾਇਦਾਦ । ਹਿੰਦੂ ਭਗਵਾਨ ਬੁਧ ਨੂੰ ਵਿਸ਼ਨੂੰ ਦਾ ਨੌਵਾਂ ਅਵਤਾਰ ਮੰਨਦੇ ਹਨ, ਪਰ ਇਹ ਵੈਸ਼ਨਵਾਂ ਦਾ ਮਤ ਹੈ। ਪਰ ਸ਼ੈਵ-ਮਤ ਦੇ ਮਹੰਤ ਬੁਧ ਭਗਵਾਨ ਦੇ ਧਰਮ ਪੂਰਨ ਰੂਪ ਵਿਚ ਵਿਰੋਧ ਕਰਦੇ ਹਨ।"

"ਹਿੰਦੂ ਇਸ ਗੱਲ ਦੀ ਤਾਂ ਆਗਿਆ ਦੇ ਸਕਦੇ ਹਨ ਕਿ ਹਿੰਦੁਸਤਾਨ ਤ ਮੁਸਲਮਾਨ ਜਾਂ ਇਸਾਈ, ਜੋ ਮਰਜ਼ੀ ਆਵੇ ਕਰ ਲੈਣ, ਪਰ ਬੋਧੀ ਜੋ ਇਕ ਗੁਣੀ ਜਿਹੀ ਘਟ-ਗਿਣਤੀ ਹੈ, ਨੂੰ ਬਰਦਾਸ਼ਤ ਨਹੀਂ ਕਰਦੇ। ਇਹ ਹੈ ਰੂਪਣੇ ਦੀ ਉਹ ਬਲਵਾਨ ਭਾਵਨਾ, ਜੋ ਹਿੰਦੂਆਂ ਦੀ ਬੋਧੀਆਂ ਪ੍ਰਤੀ ਗੋਚਰ ਹੁੰਦੀ ਹੈ।"

"ਹਿੰਦੂ ਤਾਂ ਸਾਢੇ ਛੇ ਕਰੋੜ ਮਨੁੱਖਾਂ ਨੂੰ ਸੂਰਾਂ ਵਰਗੀ ਜ਼ਿੰਦਗੀ ਗੁਜ਼ਾਰਨ ੀ ਮਜਬੂਰ ਕਰ ਰਹੇ ਹਨ ਤੇ ਉਹਨਾਂ ਨੂੰ ਅਛੂਤ ਕਹਿੰਦੇ ਹਨ। ਮੁਸਲਮਾਨ ਇਸਾਈ ਅਛੂਤਾਂ ਨੂੰ ਆਪਣੇ ਆਪਣੇ ਧਰਮਾਂ ਵਿਚ ਰਲਾ ਰਹੇ ਹਨ, ਪਰ ੜਪੰਥੀ ਬ੍ਰਾਹਮਣਵਾਦੀ ਇਹਨਾਂ ਅਛੂਤਾਂ ਨੂੰ ਆਪਣੇ ਘੇਰੇ ਵਿਚੋਂ ਬਾਹਰ ਰਖਣ ੇ ਉਹਨਾਂ ਨੂੰ ਅਪਮਾਨਤ ਕਰਨ ਅਤੇ ਨੀਵਾਂ ਸਮਝਣ ਲਈ ਅੱਡੀ ਚੋਟੀ ਦਾ

ਵਿਰੋਧ ਖੜ੍ਹਾ ਕਰ ਰਹੇ ਹਨ। ਹਿੰਦੂ-ਮਤ ਤਾਂ ਗ਼ੈਰ-ਬ੍ਰਾਹਮਣ ਜਾਤੀਆਂ ਦੇ ਲੋਕ ਨੂੰ ਦਲਿਤ ਬਣਾ ਕੇ ਖੜੋਤ ਵਿਚ ਰਖਣਾ ਚਾਹੁੰਦਾ ਹੈ। ਬ੍ਰਾਹਮਣ ਚੀਨੀਆਂ ਤਿਬਤੀਆਂ ਤੇ ਬ੍ਰਹਮੀਆਂ ਨੂੰ ਇਸ ਲਈ ਨਹੀਂ ਚਾਹੁੰਦੇ ਕਿਉਂਜੋ ਉਹ ਮਾਸਾਹਾਰ ਹਨ, ਪਰ ਹਿੰਦੁਸਤਾਨ ਵਿਚ ਮੁਸਲਮਾਨ ਤੇ ਇਸਾਈ ਹਜ਼ਾਰਾਂ ਦੀ ਗਿਣਤੀ ਵਿ ਗਊ ਹੱਤਿਆ ਤੇ ਬਛੜਿਆਂ ਦਾ ਬਧ ਕਰਦੇ ਹਨ, ਪਰ ਇਹ ਉਹਨਾਂ ਵਿਰੁ ਕੋਈ ਆਵਾਜ਼ ਨਹੀਂ ਉਠਾਉਂਦੇ।''

''ਸੱਚੀ ਗੱਲ ਤਾਂ ਇਹ ਹੈ ਕਿ ਬ੍ਰਾਹਮਣ ਇਸ ਲਈ ਬੁਧ-ਮਤ ਦ ਵਿਰੋਧ ਕਰਦੇ ਹਨ, ਕਿਉਂਜੋ ਉਹ ਆਤਮਿਕ ਲੋਕਤੰਤਰ ਦਾ ਪ੍ਰਚਾਰ ਕਰਦੇ ਹ ਤੇ ਜਾਂਗਲੀਆਂ ਦੇ ਦਿਲਾਂ ਨੂੰ ਵੀ ਸਹਿਣਸ਼ੀਲ ਤੇ ਕੋਮਲ ਬਣਾ ਦਿੰਦੇ ਹਨ।''

''ਹਜ਼ਾਰਾਂ ਸਾਲਾਂ ਤਕ ਹਿੰਦੂਆਂ ਦੀ ਗਿਣਤੀ ਘਟਦੀ ਰਹੀ ਹੈ ਤੇ ਮੁਸਲਮਾਨ ਹਿੰਦੂ ਖੇਤਰਾਂ ਵਿਚੋਂ ਧਰਮ-ਬਦਲੀ ਦੁਆਰਾ ਆਪਣੀ ਗਿਣਤੀ ਵਿ ਵਾਧਾ ਕਰਦੇ ਰਹੇ ਹਨ। ਬ੍ਰਾਹਮਣਵਾਦੀ ਪ੍ਰਭੂਤਾ ਵਿਚ ਤਾਂ ਜਨਤਾ ਲਈ ਕੋਈ ਵੀ ਆਸ ਦੀ ਕਿਰਨ ਬਾਕੀ ਨਹੀਂ ਹੈ। ਪੁਸ਼ਮਿਤਰ ਜੋ ਬੋਧੀ ਸਮਰਾਟ ਦ ਕੁਮੇਦਾਨ ਸੀ, ਗ਼ੱਦਾਰੀ ਕਰ ਗਿਆ। ਉਸ ਨੇ ਆਪਣੇ ਸੁਆਮੀ ਨੂੰ ਕਤਲ ਕ ਦਿਤਾ ਅਤੇ ਬੋਧੀਆਂ ਉਤੇ ਜ਼ੁਲਮ ਢਾਹੁਣ ਲਗਾ। ਬ੍ਰਾਹਮਣਾਂ ਦਾ ਵਿਚਾਰ ਹੈ ਕਿ ਅਸ਼ਵਮੇਧ ਯਗ ਕਰਨਾ ਲੱਖਾਂ ਲੋਕਾਂ ਦੇ ਆਤਮਿਕ ਉਥਾਨ ਕਰਨ ਨਾਲੋਂ ਵੱਡ ਪ੍ਰਾਪਤੀ ਹੈ। ਬ੍ਰਾਹਮਣ ਤਾਂ ਕੇਵਲ ਬ੍ਰਾਹਮਣਾਂ ਲਈ ਹੀ ਸੋਚਦੇ ਹਨ ਨਾ ਕਿ ਸ਼ੂਦਰ ਲਈ। ਇਹ ਤਾਂ ਕੇਵਲ ਪ੍ਰੋਹਤ ਵਰਗ ਦੀ ਨੌਕਰਸ਼ਾਹੀ ਦਾ ਹੀ ਅਲਪਤੰਤਰ ਹ ਜੋ ਉਹਨਾਂ ਲੋਕਾਂ ਦੇ ਅਧਿਕਾਰਾਂ ਨੂੰ ਪੈਰਾਂ ਥਲੇ ਲਿਤਾੜਦੇ ਹਨ ਜੋ ਉਹਨਾਂ ਦ ਜਾਤੀ ਵਿਚੋਂ ਨਹੀਂ ਹਨ। ਬ੍ਰਾਹਮਣ-ਮਤ ਨੇ ਨੀਵੀਆਂ ਜਾਤੀਆਂ ਦੀ ਆਤਮਾ ਨੂੰ ਕੁਚਲ ਦਿਤਾ ਤੇ ਮੁਸਲਮਾਨ ਧਾਵਾਕਾਰਾਂ ਨੇ ਹਿੰਦੁਸਤਾਨ ਨੂੰ ਗ਼ੁਲਾਮ ਬਣ ਲਿਆ। ਜੇ ਭਾਰਤ ਨੇ ਮੁੜ ਮਹਾਨ ਬਣਨਾ ਹੈ ਤਾਂ ਭਗਵਾਨ ਬੁਧ ਦੇ ਧਰ ਨੂੰ ਸੁਰਜੀਤ ਕਰਨ ਦੀ ਪੂਰਨ ਤੌਰ 'ਤੇ ਆਵਸ਼ਕਤਾ ਹੈ। ਪ੍ਰੋਹਤ ਵਰਗ ਨੇ ਰਾਸ਼ਟਰ ਦੀ ਕਮਰ ਨੂੰ ਤੋੜ ਕੇ ਰੱਖ ਦਿਤਾ ਹੈ।''

''ਹਜ਼ਾਰਾਂ ਮਹੰਤ ਰਲ ਕੇ ਵੀ ਬੋਧੀਆਂ ਨੂੰ ਉਸ ਪਵਿੱਤਰ ਧਾਮ ਦੀ ਯਾ ਨਹੀਂ ਭੁਲਾ ਸਕਣਗੇ, ਜਿਥੇ ਰਾਜਕੰਵਰ ਸਿਧਾਰਥ ਨੇ ਮਹਾਂ-ਬੋਧ ਪ੍ਰਾਪਤ ਕੀਤ ਸੀ। ਇਸਾਈਆਂ ਨੂੰ ਵੀ ਯੈਰੋਸ਼ਲਮ ਵਿਖੇ ਉਸ ਪਵਿੱਤਰ ਮਕਬਰੇ ਨੂੰ ਪ੍ਰਾਪ ਕਰਨ ਦੀ ਆਗਿਆ ਨਹੀਂ ਸੀ ਦਿਤੀ ਅਤੇ 700 ਸਾਲਾਂ ਪਿਛੋਂ ਹੀ ਉਹ ਉਸ ਪਵਿੱਤਰ ਧਾਮ ਉਤੇ ਕਬਜ਼ੇ ਦਾ ਅਧਿਕਾਰ ਪ੍ਰਾਪਤ ਕਰ ਸਕੇ। ਬਰਤਾਨਵ ਸਰਕਾਰ ਤੇ ਮਹੰਤ ਰਲ ਕੇ ਬੋਧੀਆਂ ਨੂੰ ਉਸ ਪਵਿੱਤਰ ਧਾਮ ਦਾ ਅਧਿਕਾਰ ਪ੍ਰਾਪਤ ਕਰਨ ਤੋਂ ਰੋਕ ਸਕਦੇ ਹਨ, ਪਰ ਸਮਾਂ ਆਵੇਗਾ ਜਦੋਂ ਬੋਧੀਆਂ ਦੇ ਉਚਿ ਅਧਿਕਾਰ ਨੂੰ ਪ੍ਰਵਾਨ ਕੀਤਾ ਜਾਵੇਗਾ। ਉਦੋਂ ਤਕ ਬੋਧੀ ਸਬਰ ਨਾਲ ਉਡੀਕ ਕ ਸਕਦੇ ਹਨ।''

ਇਹ ਗੱਲ ਬੜੀ ਵਚਿਤਰ ਦਿਖਾਈ ਦਿੰਦੀ ਹੈ ਕਿ ਕਿਵੇਂ ਹਿੰਦੂ-ਮਤ ਦ

ਧਿਕਤਾ ਬੁਧ-ਮਤ ਨੂੰ ਹਿੰਦੂ-ਮਤ ਹੀ ਮੰਨ ਕੇ ਸ਼ਾਂਤ ਹੋ ਜਾਂਦੀ ਹੈ। ਇਥੋਂ ਤਕ ਕ ਬ੍ਰਾਹਮਣ-ਮਤ ਹਿੰਦੁਸਤਾਨ ਵਿਚ ਵਾਮ-ਮਾਰਗ ਦੀ ਹੋਂਦ ਨੂੰ ਤਾਂ ਬਰਦਾਸ਼ਤ ਕਰ ਸਕਦਾ ਹੈ, ਪਰ ਉਦਾਤ ਤੇ ਸ਼ਾਨਦਾਰ ਬੁਧ-ਮਤ ਨੂੰ ਨਹੀਂ। ਬੁਧ-ਮਤ ਨੂੰ ਹਿੰਦੂ-ਮਤ ਦੇ ਪੰਡਤਾਂ ਲਈ ਬਰਦਾਸ਼ਤ ਕਰਨਾ ਅਸਹਿ ਹੈ। ਉਹ ਤਾਂ ਇਹੋ ਕਹਿੰਦੇ ਹਨ ਕਿ ਚੰਗਾ ਹੈ ਕਿ ਉਹ ਭਾਰਤ ਭੂਮੀ ਤੋਂ ਪਰੇ ਹੀ ਰਹੇ।

ਸ੍ਰੀ ਉਕਾਕੁਰਾ ਆਪਣੀ ਪੁਸਤਕ ''ਪੂਰਬ ਦੇ ਆਦਰਸ਼'' (Ideal of the East) ਵਿਚ 'ਏਸ਼ੀਆ ਇਕ ਹੈ' ਦਾ ਮਤ ਪ੍ਰਸਤੁਤ ਕਰਦਾ ਹੈ ਅਤੇ ਏਸ਼ੀਆਈ ਕਲਾ ਤੇ ਸੰਸਕ੍ਰਿਤੀ ਵਿਚ ਵਿਦਮਾਨ ਏਕਤਾ ਨੂੰ ਦਰਸਾਉਂਦਾ ਹੈ। ਉਸ ਅਨੁਸਾਰ ਇਸਲਾਮ ਤਾਂ ਕਨਫ਼ਿਊਸ਼ਿਸ਼ ਮਤ ਹੈ, ਜੋ ਘੋੜੇ 'ਤੇ ਅਸਵਾਰ ਹੋ ਗਿਆ ਹੈ ਅਤੇ ਹੱਥ ਵਿਚ ਤੇਗ ਸੂਤੀ ਬੈਠਾ ਹੈ। ਅਸ਼ੋਕ ਕਾਲ ਦੇ ਬੋਧੀ ਕਲਾ ਤੇ ਚਿੰਤਨ ਦੀ ਸ਼ਾਨ ਨੂੰ ਉਸ ਨੇ ਆਪਣੀ ਇਕ ਹੋਰ ਗੌਰਵਮਈ ਪੁਸਤਕ ਵਿਚ ਹਿੰਦੂ-ਮਤ ਦੇ ਰੂਪ ਵਿਚ ਉਸ ਦਾ ਪੁਨਰ ਨਾਮਕਰਣ ਕੀਤਾ ਹੈ ਤਾਂ ਜੋ ਪੂਰਵ-ਬੁਧ ਕਾਲ ਦੇ ਹਿੰਦੂ ਚਿੰਤਨ ਨੂੰ ਪਿਛੋਂ ਦੇ ਬਹੁਦੇਵਵਾਦ ਤੇ ਵਿਵਹਾਰ ਵਿਚ ਦਵੈਤਵਾਦ ਨਾਲੋਂ ਨਖੇੜਿਆ ਜਾ ਸਕੇ। ਜਿਸ ਨੂੰ ਕਿ ਉਸ ਸਮੇਂ ਤੋਂ ਲੈ ਕੇ ਵਰਤਮਾਨ ਕਾਲ ਤਕ ਵੀ ਉਪਨਿਸ਼ਦਾਂ ਦੇ ਸਹਿਜ-ਸ਼ਾਂਤੀ ਦੇਣ ਵਾਲੇ ਦਾਰਸ਼ਨਿਕ ਮਤ ਨਾਲ ਇਕਸੁਰ ਨਹੀਂ ਕੀਤਾ ਗਿਆ। ਬ੍ਰਾਹਮਣ-ਮਤ ਨੇ ਤਾਂ ਮਾਨਵਤਾ ਦੇ ਉਦਾਤ ਸਰੂਪ ਨੂੰ ਸਦਾ ਅੱਖੋਂ ਪਰੋਖੇ ਕੀਤਾ ਹੈ। ਕੇਵਲ ਕੁਝ ਵਿਅਕਤੀ ਹੀ ਜੋ ਕਿਸੇ ਗੁਪਤ ਸੱਚ ਨੂੰ ਲੈ ਕੇ ਨਿਵਿਰਤੀ ਮਾਰਗ ਨੂੰ ਧਾਰਨ ਕਰ ਲੈਂਦੇ ਸਨ ਅਤੇ ਪੂਰਨਤਾ ਨੂੰ ਪ੍ਰਾਪਤ ਕਰ ਲੈਂਦੇ ਸਨ, ਉਹਨਾਂ ਨੂੰ ਆਮ ਜਨਤਾ ਨਾਲ ਮੇਲ ਜੋਲ ਰਖਣ ਦੀ ਆਗਿਆ ਹੀ ਨਹੀਂ ਸੀ ਦਿਤੀ ਜਾਂਦੀ। ਇਹ ਮਨੁੱਖ ਦਾ ਘੋਰ ਅਪਮਾਨ ਹੀ ਸੀ ਜੋ ਮਨੁੱਖ ਨਾਲ ਗ਼ਦਾਰੀ ਕਰਨ ਦੇ ਹੀ ਤੁਲ ਹੈ। ਹਿੰਦੁਸਤਾਨ ਵਿਚ ਹੁਣ ਵੀ ਬ੍ਰਾਹਮਣਵਾਦੀ ਪ੍ਰਤਿਭਾ ਅਤੇ ਮਨੁੱਖਤਾ ਤੇ ਆਮ ਜਨਤਾ ਦਾ ਕੋਈ ਵੀ ਦ੍ਰਿਸ਼ਟਮਾਨ ਸੰਬੰਧ ਨਹੀਂ ਹੈ। ਇਹ ਤਾਂ ਕੁਝ ਅਜਿਹੀਆਂ ਉਚ ਹਸਤੀਆਂ ਦੀ ਪ੍ਰਤਿਭਾ ਹੈ ਜੋ ਹੁਣ ਵੀ ਚਿੱਕੜ ਧਰਤੀ ਵਿਚ ਸੜ ਰਹੇ ਘਾਹ ਨੂੰ ਘਿਰਣਾ ਦੀ ਦ੍ਰਿਸ਼ਟੀ ਤੋਂ ਵੇਖਦੀ ਹੈ। ਵਿਵੇਕਾਨੰਦ ਤਾਂ ਆਪਣੇ ਉਹਨਾਂ ਪੈਰੋਕਾਰਾਂ ਨੂੰ ਸੰਬੋਧਿਤ ਕਰਦਾ ਹੈ ਜੋ ਉਸ ਦੀ ਉਚ ਬੌਧਿਕਤਾ ਦੇ ਹਾਣੀ ਨਹੀਂ ਹਨ। ਕੇਵਲ ਟੈਗੋਰ ਹੀ ਇਕੱਲਾ ਕਵੀ ਹੈ ਤੇ ਗਾਂਧੀ ਜੀ ਵੀ ਆਪਣੇ ਲੋਕਾਂ ਤੋਂ ਬਹੁਤ ਉਚੇ ਹਨ। ਸਿੱਖ ਦ੍ਰਿਸ਼ਟੀਕੋਣ ਤੋਂ ਗਾਂਧੀ ਆਪਣੇ ਨੰਗੇ ਬਦਨ ਵਿਚ ਵਿਚਰ ਕੇ ਵੀ ਟੈਗੋਰ ਨਾਲੋਂ ਵੱਡਾ ਕਵੀ ਹੈ, ਭਾਵੇਂ ਉਸ ਨੇ ਕੋਈ ਕਵਿਤਾ ਵੀ ਨਹੀਂ ਲਿਖੀ। ਉਕਾਕੁਰਾ ਦੀ ਪੁਸਤਕ 'ਪੂਰਬ ਦੇ ਆਦਰਸ਼' ਦੀ ਸ਼ਾਨਦਾਰ ਭੂਮਿਕਾ ਵਿਚ ਭੈਣ ਨਿਵੇਦਿਤਾ ਜੋ ਹਿੰਦੂ ਲੋਕਾਂ ਦੀ ਵੱਡੀ ਪ੍ਰਸ਼ੰਸਕ ਹੈ ਅਤੇ ਜਿਹੜੀ ਸੁਵਰਗਵਾਸੀ ਸੁਆਮੀ ਵਿਵੇਕਾਨੰਦ ਦੇ ਵਿਚਾਰਾਂ ਤੋਂ ਬਹੁਤ ਪ੍ਰਭਾਵਿਤ ਹੋਈ ਸੀ, ਨੇ ਜਿਵੇਂ ਕਿ ਉਸ ਨੇ ਸੁਆਮੀ ਵਿਵੇਕਾਨੰਦ ਤੋਂ ਸੁਣਿਆ ਸੀ, ਬੁਧ-ਮਤ ਤੇ ਹਿੰਦੂ-ਮਤ ਨੂੰ ਇਕ ਸਮਾਨ ਹੀ ਮੰਨਿਆ ਹੈ। ਭੈਣ ਨਿਵੇਦਿਤਾ ਕਹਿੰਦੀ ਹੈ :

''ਇਹ ਗੱਲ ਬਹੁਤ ਹੈਰਾਨੀਜਨਕ ਨਹੀਂ ਹੈ ਕਿ ਸਹਿਜ ਆਵੇਸ਼ ਤੋਂ ਟੁਟਿਆ ਹੋਇਆ ਭਾਰਤ ਹਜ਼ਾਰਾਂ ਸਾਲਾਂ ਦੇ ਦਮਨ ਦਾ ਸ਼ਿਕਾਰ ਹੋ ਕੇ ਵੀ ਕਿਰਤ ਦੀ ਸੁੰਦਰਤਾ ਅਤੇ ਅਨੰਦ ਦੇ ਸੰਸਾਰ ਵਿਚ ਆਪਣਾ ਕੋਈ ਸਥਾਨ ਹੀ ਨਾ ਰਖੇ। ਪਰ ਕਿਸੇ ਸਮਰੱਥਾਵਾਨ ਵਿਦਵਾਨ ਦੁਆਰਾ ਇਸ ਗੱਲ ਦਾ ਯਕੀਨ ਦੁਆ ਦੇਣਾ ਵੀ ਬੜਾ ਮਹੱਤਵਪੂਰਨ ਹੈ ਕਿ ਅਸ਼ੋਕ ਕਾਲ ਵਿਚ ਧਰਮ ਦੇ ਨਾਲ ਨਾਲ ਚਿੰਤਨ ਤੇ ਸੁਹਜ-ਸੁਆਦ ਦੇ ਰੂਪ ਵਿਚ ਵੀ ਭਾਰਤ ਨੇ ਉਹਨਾਂ ਚੀਨੀ ਯਾਤਰੀਆਂ ਨੂੰ ਪ੍ਰਭਾਵਿਤ ਕੀਤਾ, ਜੋ ਇਥੋਂ ਦੇ ਵਿਸ਼ਵ-ਵਿਦਿਆਲਿਆਂ ਤੇ ਬੋਧੀ ਮਠਾਂ ਅਤੇ ਵਿਹਾਰਾਂ ਵਿਚ ਅਧਿਐਨ ਕਰਨ ਆਏ ਸਨ। ਇਹਨਾਂ ਯਾਤਰੀਆਂ ਨੇ ਚੀਨ ਦੀ ਬੁੱਤ-ਕਲਾ, ਭਵਨ-ਕਲਾ ਤੇ ਚਿਤਰ-ਕਲਾ ਉਤੇ ਵਿਸ਼ੇਸ਼ ਪ੍ਰਭਾਵ ਪਾਇਆ ਜੋ ਅਗੇ ਜਾ ਕੇ ਚੀਨ ਰਾਹੀਂ ਜਾਪਾਨ ਤਕ ਜਾ ਪੁਜਾ।''

ਠੀਕ ਇਸੇ ਤਰ੍ਹਾਂ ਹੀ ਜਿਸ ਤਰ੍ਹਾਂ ਕਿ ਭਾਰਤ ਦੇ ਆਤਮਿਕ ਦਰਸ਼ਨ ਦੀਆਂ ਤਰੰਗਾਂ ਨੇ ਭਿੰਨ-ਭਿੰਨ ਕੌਮਾਂ ਨੂੰ ਨਵੀਂ ਪ੍ਰੇਰਨਾ ਪ੍ਰਦਾਨ ਕੀਤੀ, ਉਸੇ ਤਰ੍ਹਾਂ ਹੀ ਇਸ ਪੁਸਤਕ ਦੇ ਪੰਨਿਆਂ ਵਿਚ ਲੇਖਕ ਨੇ ਇਸ ਨੂੰ ਮੂਰਤੀਮਾਨ ਕਰਨ ਦਾ ਯਤਨ ਕੀਤਾ ਹੈ। ਸਭ ਤੋਂ ਪਹਿਲਾਂ ਉਹਨਾਂ ਨੇ ਇਹ ਦਰਸਾਇਆ ਕਿ ਕਿਵੇਂ ਜਾਪਾਨ ਦੀ ਯਾਮੋਟੋ (Yamoto) ਜਾਤੀ ਦੀਆਂ ਵਿਆਪਕ ਪ੍ਰਸਥਿਤੀਆਂ ਵਿਚ ਇਸ ਨੇ ਆਪਣਾ ਸਥਾਨ ਬਣਾਇਆ ਤੇ ਕਿਸ ਤਰ੍ਹਾਂ ਇਹ ਉਤਰ ਚੀਨ ਦੀ ਅਦਭੁਤ ਨੈਤਿਕਤਾ ਤੇ ਦਖਣੀ ਚੀਨ ਦੀ ਕਾਲਪਨਿਕਤਾ ਵਿਚ ਇਸ ਦਾ ਪ੍ਰਵੇਸ਼ ਹੋਇਆ। ਅਸੀਂ ਬੋਧੀ ਧਾਰਾ ਦੇ ਇਹਨਾਂ ਦੇਸ਼ਾਂ ਤੇ ਲੋਕਾਂ ਵਿਚ ਪ੍ਰਵੇਸ਼ ਕਰਨ ਦੇ ਅਮਲ ਨੂੰ ਨਿਹਾਰਦੇ ਹਾਂ ਤੇ ਇਹ ਵੀ ਵੇਖਦੇ ਹਾਂ ਕਿ ਕਿਵੇਂ ਇਹ ਧਾਰਾ ਭਰਪੂਰ ਜਲ-ਭੰਡਾਰ ਬਣ ਕੇ ਉਛਲ ਕੇ ਸਭ ਪਾਸੇ ਫੈਲ ਗਈ ਅਤੇ ਇਸ ਨੇ ਸਾਰਿਆਂ ਨੂੰ ਏਕਤਾ ਦੇ ਸੂਤਰ ਵਿਚ ਪਰੋ ਦਿਤਾ। ਅਸੀਂ ਇਹ ਵੀ ਵੇਖਦੇ ਹਾਂ ਕਿ ਕਿਵੇਂ ਵਿਸ਼ਵ-ਵਿਆਪੀ ਧਰਮ ਦੇ ਸੁਅਪਨ ਨੇ ਵਿਗਿਆਨ ਤੇ ਰੌਸ਼ਨਾ—ਬੁਧ ਦੀ ਕਲਾ ਦੁਆਰਾ ਬ੍ਰਹਿਮੰਡ-ਵਿਆਪੀ ਸੰਕਲਪਾਂ ਦਾ ਰੂਪ ਧਾਰਨ ਕਰ ਲਿਆ। ਫਿਰ ਅਸੀਂ ਇਹ ਤੱਕਦੇ ਹਾਂ ਕਿ ਕਿਵੇਂ ਇਹ ਫ਼ੌਜ ਫਿਊਜੀਵਾਰਾ ਦੇ ਸਰਬ-ਇਸ਼ਵਰਵਾਦ ਤੇ ਭਾਵੁਕਤਾਵਾਦ ਦੇ ਰੂਪ ਵਿਚ ਉਬਲਣ ਲਗ ਪਈ ਅਤੇ ਕਿਵੇਂ ਇਹ 'ਕਾਮਬੁਰਾ' (Kambura) ਦੇ ਬੀਰ-ਭਾਵੀ ਆਦਰਸ਼ਾਂ ਵਿਚ ਫਲੀਭੂਤ ਹੋਈ।

ਉਸ ਦਾ ਮਤ ਹੈ ਕਿ ਸੰਸਾਰ ਇਸ ਮਹਾਨ ਇਤਿਹਾਸਕ ਦ੍ਰਿਸ਼ ਤੋਂ ਭਲੀ ਪ੍ਰਕਾਰ ਜਾਣੂੰ ਹੈ ਕਿ ਕਿਵੇਂ ਬੁਧ-ਮਤ ਨੇ ਹਿਮਾਲਾ ਦੇ ਪਰਬਤੀ ਮਾਰਗਾਂ ਰਾਹੀਂ ਚੀਨ ਵਿਚ ਪ੍ਰਵੇਸ਼ ਕੀਤਾ ਤੇ ਕਿਵੇਂ ਇਹ ਸਾਗਰ ਦੀਆਂ ਖਾੜੀਆਂ ਰਾਹੀਂ ਇਹਨਾਂ ਦੇਸ਼ਾਂ ਵਿਚ ਆਇਆ। ਇਸ ਦਾ ਵਰਤਾਰਾ ਤਾਂ ਅਸ਼ੋਕ ਦੇ ਕਾਲ ਵਿਚ ਹੀ ਆਰੰਭ ਹੋ ਚੁਕਾ ਸੀ। ਪਰ ਇਹ ਦੂਜੀ ਸਦੀ ਈਸਵੀ ਵਿਚ ਨਾਗ-ਅਰਜੁਨ ਦੇ ਸਮੇਂ ਵਧੇਰੇ ਸਪਸ਼ਟ ਰੂਪ ਵਿਚ ਪ੍ਰਗਟ ਹੋਣ ਲਗਾ। ਇਹ ਕੋਈ ਵਿਕੋਲਿਤਰੀ ਘਟਨਾ ਜਾਂ ਵਰਤਾਰਾ ਨਹੀਂ ਸੀ। ਇਹ ਤਾਂ ਉਹਨਾਂ ਪ੍ਰਸਥਿਤੀਆਂ ਦੀ ਪ੍ਰਤੀਨਿਧਤਾ ਕਰਦਾ ਹੈ, ਜੋ ਉਸ ਸਮੇਂ ਏਸ਼ੀਆ ਵਿਚ ਵਿਕਸਤ ਹੋ ਰਹੀਆਂ ਸਨ ਅਤੇ ਏਸ਼ੀਆ

ਕੇਵਲ ਇਸੇ ਰੂਪ ਵਿਚ ਹੀ ਤਰੱਕੀ ਕਰ ਸਕਦਾ ਸੀ। ਜਿਸ ਨੂੰ ਅਸੀਂ ਹੁਣ ਬੁਧ-ਮਤ ਕਹਿੰਦੇ ਹਾਂ, ਆਪਣੇ ਆਪ ਵਿਚ ਕਿਸੇ ਤਰ੍ਹਾਂ ਵੀ ਪਰਿਭਾਸ਼ਤ ਰੂਪ ਵਿਚ ਇਕ ਨਿਸ਼ਚਿਤ ਮਤ ਦਾ ਰੂਪ ਨਹੀਂ ਸੀ ਧਾਰਨ ਕਰ ਸਕਦਾ ਅਤੇ ਇਸ ਦੀਆਂ ਹੱਦਾਂ ਬੰਦ ਨਹੀਂ ਸਨ। ਇਸ ਦੀਆਂ ਧਾਰਮਿਕ ਸੀਮਾਵਾਂ ਨੂੰ ਪੂਰੀ ਤਰ੍ਹਾਂ ਰੇਖਾਂਕ੍ਰਿਤ ਨਹੀਂ ਸੀ ਕੀਤਾ ਗਿਆ। ਜਦੋਂ ਇਹ ਵਿਦੇਸ਼ਾਂ ਦੀ ਚੇਤੰਨਤਾ ਨੂੰ ਪ੍ਰਭਾਵਿਤ ਕਰਨ ਲਗਾ ਤਾਂ ਇਸ ਨੂੰ ਇਕ ਵਿਆਪਕ ਹਿੰਦੂ-ਮਤ ਦੇ ਰੂਪ ਵਿਚ ਹੀ ਸਵੀਕਾਰ ਕੀਤਾ ਜਾਂਦਾ ਸੀ। ਜਿਸ ਦਾ ਸਰੂਪ ਸੰਸਲੇਸ਼ਣਮਈ ਸੀ। ਸ੍ਰੀ ਓਕਾਕੁਰਾ ਨੇ ਨੌਵੀਂ ਸਦੀ ਦੀ ਜਾਪਾਨੀ ਕਲਾ ਬਾਰੇ ਚਰਚਾ ਕਰਦਿਆਂ ਇਸ ਗੱਲ ਨੂੰ ਪੂਰੀ ਤਰ੍ਹਾਂ ਸਪਸ਼ਟ ਕਰ ਦਿਤਾ ਹੈ ਕਿ ਪੂਰਬ ਦਾ ਸਾਰਾ ਮਿਥਿਹਾਸ ਹੀ ਇਹਨਾਂ ਅੰਤਰ ਪਰਿਵਰਤਨਾਂ ਦੀ ਵਸਤੂ ਸੀ ਨਾ ਕਿ ਕੇਵਲ ਭਗਵਾਨ ਬੁਧ ਦੀ ਨਿਜੀ ਵਿਚਾਰਧਾਰਾ। ਇਸ ਮੰਗੋਲ ਮਾਨਸਿਕਤਾ ਦਾ ਬੋਧੀਕਰਨ ਨਹੀਂ ਸੀ ਕੀਤਾ ਗਿਆ, ਸਗੋਂ ਇਸ ਨੇ ਭਾਰਤੀਕਰਨ ਦਾ ਰੂਪ ਗ੍ਰਹਿਣ ਕੀਤਾ। ਜਿਵੇਂ ਕਿ ਜਦੋਂ ਈਸਾਈ ਮਤ ਓਪਰੇ ਦੇਸ਼ਾਂ ਵਿਚ ਗਿਆ ਤਾਂ ਇਸ ਦੇ ਪ੍ਰਥਮ ਧਰਮ ਪ੍ਰਚਾਰਕਾਂ (ਸੰਤ ਫ਼ਰਾਂਸਿਸ) ਦੇ ਨਾਮ 'ਤੇ ਹੀ ਫ਼ਰਾਂਸਿਸ-ਮਤ ਅਖਵਾਇਆ।

ਇਕ ਹੋਰ ਥਾਂ ਉਹ ਪ੍ਰਸ਼ਨ ਕਰਦੀ ਹੈ ਕਿ ਉਹ ਕਿਹੜੀ ਵਸਤੂ ਹੈ ਜਿਹੜੀ ਜਾਪਾਨੀ ਕਲਾ ਵਿਚ ਸਮੁਚੇ ਤੌਰ 'ਤੇ ਵਿਆਪਕ ਹੈ ? ਫਿਰ ਉਹ ਆਪ ਹੀ ਇਸ ਦਾ ਉਤਰ ਇੰਜ ਦਿੰਦੀ ਹੈ ਕਿ "ਇਹ ਤਾਂ ਏਸ਼ੀਆ ਦੀ ਮਹਾਂਦੀਪੀ ਸੰਸਕ੍ਰਿਤੀ ਸੀ, ਜਿਸ ਨੇ ਜਾਪਾਨ ਵਲ ਰੁਖ ਕੀਤਾ ਅਤੇ ਜਿਸ ਦੀ ਸਜੀਵ ਅਭੀਵਿਅਕਤੀ ਜਾਪਾਨ ਦੀ ਕਲਾ ਵਿਚ ਹੋਈ। ਇਸ ਏਸ਼ੀਆਈ ਸੰਸਕ੍ਰਿਤੀ ਨੂੰ ਅੰਤਰੀਵ ਰੂਪ ਵਿਚ ਚੀਨੀ ਵਿਦਵਤਾ ਤੇ ਭਾਰਤੀ ਧਾਰਮਿਕਤਾ ਵਿਚ ਵੰਡਿਆ ਜਾ ਸਕਦਾ ਹੈ। ਇਹ ਕੇਵਲ ਆਲੂਬੁਖ਼ਾਰੇ ਦੇ ਖੇੜੇ ਦੇ ਹੀ ਚਿਤਰ ਨਹੀਂ ਹਨ, ਸਗੋਂ ਇਸ ਵਿਚ ਵਡੇ ਅਸਰਾਲਾਂ ਦਾ ਸੰਕਲਪ ਵੀ ਮੂਰਤੀਮਾਨ ਹੈ। ਇਸ ਵਿਚ ਕੇਵਲ ਫੁਲਾਂ ਦੀ ਉਪਾਸਨਾ ਹੀ ਨਹੀਂ, ਸਗੋਂ ਮ੍ਰਿਤੂ ਦੀ ਪੂਜਾ ਵੀ ਹੈ। ਇਹ ਕੋਈ ਨਿਗੂਣਾ ਯਥਾਰਥਵਾਦ ਹੀ ਨਹੀਂ, ਸਗੋਂ ਇਕ ਮਹਾਨ ਵਿਸ਼ੇ-ਵਸਤੂ ਦੀ ਸੁੰਦਰ ਤੇ ਮਹਾਨ ਵਿਆਖਿਆ ਹੈ। ਇਹ ਤਾਂ ਬੋਧਤਵ ਨੂੰ ਪ੍ਰਾਪਤ ਕਰਨ ਦੀ ਉਹ ਪ੍ਰਬਲ ਇਛਾ ਹੈ ਜੋ ਦੂਜਿਆਂ ਦੀ ਭਲਾਈ ਕਰਨ ਦੀ ਉਪਕਾਰੀ ਭਾਵਨਾ ਵਿਚ ਤਾਂ ਰੰਗੀ ਹੋਈ ਹੁੰਦੀ ਹੈ, ਪਰ ਆਪਣੇ ਲਈ ਕੁਝ ਨਹੀਂ ਲੋਚਦੀ। ਇਹੋ ਹੀ ਹੈ ਜਾਪਾਨ ਦੀ ਕਲਾ ਦਾ ਮੁਖ ਬੋਲ ਜਾਂ ਵਿਸ਼ਾ।"

ਇਹ ਪ੍ਰਬਲ ਮਨੋਭਾਵ ਜੋ ਭੈਣ ਨਿਵੇਦਿਤਾ ਨੇ ਆਪਣੇ ਆਦਰਸ਼ਕ ਗੁਰੂ ਪ੍ਰਤੀ ਤੇ ਉਸ ਦੀ ਵਿਚਾਰਧਾਰਾ ਪ੍ਰਤੀ ਪ੍ਰਗਟਾਏ ਹਨ, ਉਸ ਨੂੰ ਵਡਿਆਈ ਦਿੰਦੇ ਹਨ। ਪਰ ਜਦੋਂ ਹਿੰਦੂ ਸੰਸਕ੍ਰਿਤੀ ਦੀ ਅਜਿਹੀ ਪ੍ਰਸ਼ੰਸਾ ਦੀ ਭਾਵਨਾ ਨੂੰ ਅਸੀਂ ਰੋਸ਼ਨ-ਬੁਧ (Roshana Budha) ਵਿਚ ਆ ਕੇ ਸਮਾਪਤ ਹੁੰਦਾ ਵੇਖਦੇ ਹਾਂ ਤੇ ਇਹ ਇਕ ਪ੍ਰਕਾਰ ਦੀ ਜਾਤ-ਪਾਤ ਦੇ ਵਿਤਕਰੇ ਪ੍ਰਧਾਨ ਭਾਈਚਾਰੇ ਵਿਚ ਵਿਆਪਕ ਦ੍ਰਿਸ਼ਟੀਗੋਚਰ ਹੁੰਦੀ ਹੈ, ਜਿਸ ਵਿਚ ਕਿ ਆਮ ਲੋਕਾਈ ਨੂੰ ਸੰਕੀਰਣ ਬ੍ਰਾਹਮਣ-

ਮਤ ਨੇ ਬ੍ਰਹਮ-ਵਿਦਿਆ ਦੀ ਪ੍ਰਾਪਤੀ ਤੋਂ ਵਰਜਿਤ ਕਰ ਦਿਤਾ ਹੈ ਤਾਂ ਇਹ ਦੁਖਦਾਈ ਗੱਲ ਬਣ ਜਾਂਦੀ ਹੈ। ਸਦੀਆਂ ਤਕ ਬੋਧੀਤਵ ਨੂੰ ਅਨੁਭਵ ਕਰਨ ਲਈ ਇਹੋ ਹੀ ਵਿਧੀ ਵਿਧਾਨ ਸੀ। ਇਸੇ ਕਾਰਨ ਅਜਿਹੇ ਮਹਾਨ ਵਿਸ਼ੇ-ਵਸਤੂ ਦੇ ਗੌਰਵ ਨੂੰ ਪ੍ਰਵਾਨ ਕਰਨਾ ਪੈਂਦਾ ਹੈ।

ਸਪਸ਼ਟ ਰੂਪ ਵਿਚ ਬ੍ਰਾਹਮਣ-ਮਤ ਇਕ ਅਜਿਹਾ ਅਮਲ ਹੈ, ਜਿਸ ਦੇ ਸਰਵੋਤਮ ਪੱਖ ਬਹੁਤ ਥੋੜ੍ਹੇ ਲੋਕਾਂ ਲਈ ਲਾਭਕਾਰੀ ਹਨ ਅਤੇ ਇਹ ਆਮ ਜਨਤਾ ਨੂੰ ਮਿਧ ਦੇਣ ਵਾਲੇ ਹਨ। ਜੇ ਇਸ ਨੇ ਕੋਈ ਗੱਲ ਕੀਤੀ ਹੈ ਤਾਂ ਇਸ ਨੇ ਉਹਨਾਂ ਦੇ ਹੱਥਾਂ ਦੁਆਲੇ ਜ਼ੰਜੀਰਾਂ ਹੀ ਪਾਈਆਂ ਹਨ। ਇਸ ਦੇ ਵਿਪਰੀਤ ਬੁਧ-ਮਤ ਨੇ ਬ੍ਰਾਹਮਣ-ਮਤ ਨੂੰ ਵਿਸ਼ੇਸ਼ ਘਿਰਣਾ ਦੇ ਰੂਪ ਵਿਚ ਤ੍ਰਿਸਕਾਰਿਆ ਹੈ ਅਤੇ ਜਨਤਾ ਨੂੰ ਅਣਯਥਾਰਥਕ ਦੇਵੀ-ਦੇਵਤਿਆਂ ਦੇ ਬੰਧਨਾਂ ਤੋਂ ਮੁਕਤ ਕੀਤਾ ਹੈ। ਪ੍ਰਮਾਤਮਾ ਬਾਰੇ ਪਰਾਭੌਤਿਕ ਰੂਪ ਦੀ ਚਰਚਾ ਤੇ ਪ੍ਰਮਾਤਮਾ ਸੰਬੰਧੀ ਬੇਤੁਕੇ ਪ੍ਰਸ਼ਨਾਂ ਦੇ ਉਤਰ ਦੇਣ ਲਈ ਬੁਧ-ਮਤ ਨੇ ਮੌਨ ਧਾਰਨ ਕੀਤੀ ਰਖਿਆ ਹੈ। ਬੁਧ-ਮਤ ਨੇ ਇਸ ਸੰਬੰਧ ਵਿਚ ਸ਼ਾਨਦਾਰ ਚੁੱਪ ਸਾਧੀ ਰਖੀ ਤਾਂ ਜੋ ਕਿਤੇ ਇਸ ਬਾਰੇ ਚਰਚਾ ਕਰਨ ਨਾਲ ਲੋਕ ਵਾਲ ਦੀ ਖੱਲ ਉਤਾਰਨ ਵਾਲੇ ਨਿਆਏ ਸ਼ਾਸਤਰ ਤੇ ਬ੍ਰਾਹਮਣ-ਮਤ ਦੇ ਨੀਰਸ ਧਰਮ-ਸ਼ਾਸਤਰ ਦੀ ਪਰਾਭੌਤਿਕ ਚਰਚਾ ਵਿਚ ਮੁੜ ਨਾ ਉਲਝ ਜਾਣ।

ਸ਼ੰਕਰ ਸਚਮੁਚ ਇਕ ਮਹਾਨ ਦਰਸ਼ਨਵੇਤਾ ਹਨ, ਪਰ ਲੋਕਾਂ ਦੇ ਨੇਤਾ ਵਜੋਂ ਉਸ ਨੇ ਸਾਰੀ ਜਾਤੀ ਨੂੰ ਵੈਦਿਕ ਕਰਮ-ਕਾਂਡ ਦੇ ਝੰਜਟਾਂ ਦੀ ਗੁਥੀ ਵਿਚ ਉਲਝਾ ਦਿਤਾ। ਉਸ ਨੇ ਪਰਾਭੌਤਿਕ ਚਿੰਤਨ, ਧਾਰਮਿਕ ਪਰਿਕਲਪਨਾ ਅਤੇ ਅਣਯਥਾਰਥਕਤਾ ਨਾਲ ਜਾ ਜੋੜਿਆ। ਪਰ ਇਸ ਦੇ ਵਿਪਰੀਤ ਬੁਧ-ਮਤ ਦੇ ਅਨੁਆਈ ਜਾਪਾਨ ਤੇ ਚੀਨ ਹਾਲੀਂ ਵੀ ਬੁਧ-ਮਤ ਦੀ ਸਜੀਵ ਸ਼ੁਧਤਾ ਨੂੰ ਲੋਕ-ਲਹਿਰ ਦੇ ਰੂਪ ਵਿਚ ਅਪਣਾਈ ਬੈਠੇ ਹਨ ਅਤੇ ਉਹਨਾਂ ਦੀ ਕਿਰਤ ਵਿਚ ਕਲਾਮਈ ਸੁੰਦਰਤਾ ਤੇ ਬੁਧ-ਮਤ ਦਾ ਸੁਹਿਰਦ ਸਦਉਪਯੋਗ ਵਿਦਮਾਨ ਹੈ। ਇਹਨਾਂ ਰਾਸ਼ਟਰਾਂ ਦਾ ਸਮੁੱਚੇ ਤੌਰ 'ਤੇ ਹੀ ਬੁਧ-ਮਤ ਨੇ ਉਥਾਨ ਕਰ ਦਿਤਾ ਸੀ। ਇਹ ਹੁਣ ਵੀ ਜੀਵਨ-ਕਲਾ ਤੇ ਜੀਵਨ ਦੇ ਦੁਖਾਂ-ਸੁਖਾਂ ਨੂੰ ਪ੍ਰੇਮ ਕਰਦੇ ਹਨ। ਇਹਨਾਂ ਦੇ ਗੁਨਾਹ ਵੀ ਹੌਲੇ ਫੁੱਲ ਹਨ। ਇਹ ਸੁਤੰਤਰਤਾ ਦੇ ਪ੍ਰੇਮੀ ਹਨ। 'ਫੀਲਡਿੰਗ ਹਾਲ' ਦੇ ਹੇਠ ਲਿਖੇ ਪੈਰ੍ਹੇ ਵਿਚ 'ਲੋਕਾਂ ਦੀ ਆਤਮਾ' ਸਪਸ਼ਟ ਰੂਪ ਵਿਚ ਝਲਕਦੀ ਦਿਖਾਈ ਦਿੰਦੀ ਹੈ ਕਿ ਕਿਵੇਂ ਬੁਧ-ਮਤ ਬਰ੍ਹਮੀ ਲੋਕਾਂ ਦੀ ਧੁਰ ਆਤਮਾ ਵਿਚ ਵਸਿਆ ਹੋਇਆ ਹੈ। ਬ੍ਰਾਹਮਣ-ਮਤ ਦੇ ਵਿਪਰੀਤ ਭਾਵੇਂ ਉਹਨਾਂ ਦੀ ਜ਼ਬਾਨ ਉਤੇ ਕੋਈ ਵੀ ਸ਼ਬਦ ਨਹੀਂ ਹੁੰਦਾ, ਪਰ ਜਿਉਂਦੀ ਜਾਗਦੀ ਚੁੱਪ ਉਹਨਾਂ ਦੀ ਆਤਮਾ ਨੂੰ ਮੱਲੀ ਬੈਠੀ ਹੁੰਦੀ ਹੈ। ਕਿਤੇ ਵੀ ਬ੍ਰਾਹਮਣ-ਮਤ ਲੋਕ ਹਿਰਦਿਆਂ ਵਿਚ ਅਜਿਹਾ ਸਥਾਨ ਨਹੀਂ ਬਣਾ ਸਕਿਆ। ਵਸ਼ਿਸ਼ਟ ਲਈ ਇਸ ਦੇ ਹੋਰ ਅਰਥ ਹਨ ਤੇ ਤ੍ਰਿਸਕਾਰਤ ਪਰਿਹਾ ਲਈ ਉਸ ਤੋਂ ਬਿਲਕੁਲ ਭਿੰਨ।

"ਇਹ ਮਤ ਖ਼ਿਆਲ ਕਰੋ ਕਿ ਬਰ੍ਹਮੀ ਵਿਹਲੜ ਹਨ। ਕਿਰਤੀਆਂ ਦੀ ਅਜਿਹੀ ਕੌਮ ਕਿਤੇ ਵੀ ਨਜ਼ਰੀਂ ਨਹੀਂ ਪੈਂਦੀ। ਹਰ ਮਰਦ ਕੰਮ ਕਰਦਾ ਹੈ, ਹਰ

ੇਵੀਂ ਕੰਮ ਕਰਦੀ ਹੈ, ਹਰ ਬੱਚਾ ਕੰਮ ਕਰਦਾ ਹੈ। ਜ਼ਿੰਦਗੀ ਕੋਈ ਸੌਖੀ ਚੀਜ਼ ਹੀਂ ਹੈ, ਸਗੋਂ ਬੜੀ ਕਠੋਰ ਹੈ ਅਤੇ ਇਸ ਵਿਚ ਬਹੁਤ ਕੰਮ ਕਰਨਾ ਪੈਂਦਾ ਹੈ। ਾਰੇ ਬਰ੍ਹਮਾ ਵਿਚ ਕੋਈ ਵੀ ਇਸਤਰੀ ਜਾਂ ਪੁਰਸ਼ ਵਿਹਲੜ ਨਹੀਂ ਹੈ। ਇਸ ਸ਼ ਵਿਚ ਉਸ ਸ਼੍ਰੇਣੀ ਦੀ ਕੋਈ ਹੋਂਦ ਨਹੀਂ ਜੋ ਦੂਜਿਆਂ ਦੀ ਮਿਹਨਤ ਉਤੇ ਲਦੀ ਹੈ। ਨਾ ਹੀ ਕੋਈ ਬਰ੍ਹਮੀ ਅਜਿਹੀ ਵਿਹਲੜਾਂ ਦੀ ਜ਼ਿੰਦਗੀ ਨੂੰ ਪਸੰਦ ਰਦਾ ਹੈ। ਉਹ ਸਮਝਦੇ ਹਨ ਕਿ ਨਿਕਾ-ਮੋਟਾ ਕੰਮ ਕਰਨਾ ਚੰਗੀ ਗੱਲ ਹੈ। ਗੁਣੇ ਕੰਮ ਕਰਨ ਨੂੰ ਵੀ ਉਹ ਪਸੰਦ ਕਰਦੇ ਹਨ। ਉਹ ਬਹੁਤ ਸਾਰਾ ਕੰਮ ਰਦੇ ਹਨ ਕਿਉਂਜੋ ਆਪਣੀਆਂ ਲੋੜਾਂ ਦੀ ਪੂਰਤੀ ਲਈ ਉਸ ਨੂੰ ਕਮਾਈ ਕਰਨੀ ੀ ਪੈਂਦੀ ਹੈ ਅਤੇ ਇਹੋ ਹੀ ਉਸ ਦੇ ਜੀਵਨ ਦਾ ਮਨੋਰਥ ਹੈ। ਉਹ ਇਕ ਸੁਤੰਤਰ ਤਅਕਤੀ ਹੈ। ਨਾ ਤਾਂ ਉਹ ਕਿਸੇ ਦਾ ਗ਼ੁਲਾਮ ਹੈ, ਨਾ ਆਪਣੇ ਆਪ ਦਾ ਾਸ।''

''ਅਜਿਹੀ ਹਾਲਤ ਵਿਚ ਮੈਂ ਨਹੀਂ ਸਮਝਦਾ ਕਿ ਉਹ ਕਦੀ ਅਜਿਹਾ ਹਾਨ ਰਾਸ਼ਟਰ ਬਣ ਸਕਦੇ ਹਨ, ਜਿਸ ਨੂੰ ਕਿ ਅਸੀਂ ਮਹਾਨ ਸਮਝਦੇ ਹਾਂ। ਰ੍ਹਮੀ ਕਦੀ ਵੀ ਕਿਸੇ ਦੂਜੀ ਕੌਮ ਉਤੇ ਤਲਵਾਰ, ਵਿਉਪਾਰ ਜਾਂ ਧਰਮ ਦੁਆਰਾ ਾਬਜ਼ ਹੋਣ ਦਾ ਯਤਨ ਨਹੀਂ ਕਰ ਸਕਣਗੇ। ਨਾ ਹੀ ਕਿਰਤੀਆਂ ਦੇ ਸੰਗਠਿਤ ਬੰਧ ਵਿਚ ਉਹ ਕੋਈ ਵਿਸ਼ੇਸ਼ ਯੋਗਤਾ ਪ੍ਰਾਪਤ ਕਰ ਸਕਣਗੇ। ਉਹ ਦੂਜੇ ਲੋਕਾਂ ੇ ਮਸਲਿਆਂ ਵਿਚ ਟੰਗ ਅੜਾਉਣਾ ਨਹੀਂ ਚਾਹੁੰਦੇ। ਉਹਨਾਂ ਦਾ ਵਿਸ਼ਵਾਸ ਹੈ ਕ ਅਜਿਹੀ ਦਖ਼ਲ-ਅੰਦਾਜ਼ੀ ਦੋਹਾਂ ਧਿਰਾਂ ਨੂੰ ਨੁਕਸਾਨ ਪਹੁੰਚਾਉਂਦੀ ਹੈ।

''ਉਹ ਕਦੀ ਬਹੁਤ ਧਨਾਢ ਨਹੀਂ ਬਣ ਸਕਣਗੇ, ਨਾ ਹੀ ਬਹੁਤ ਕਤੀਸ਼ਾਲੀ ਹੋ ਸਕਣਗੇ, ਨਾ ਵਿਗਿਆਨ ਵਿਚ ਬਹੁਤ ਉਨਤੀ ਕਰ ਸਕਣਗੇ ੇ ਕਲਾ ਦੇ ਖੇਤਰ ਵਿਚ ਵੀ ਉਹ ਕੋਈ ਮਾਅਰਕਾ ਨਹੀਂ ਮਾਰ ਸਕਣਗੇ। ਾਵੇਂ ਇਸ ਬਾਰੇ ਮੈਂ ਕੋਈ ਗੱਲ ਨਿਸ਼ਚੇ ਨਾਲ ਨਹੀਂ ਕਹਿ ਸਕਦਾ। ਭਾਵੇਂ ਕੁਝ ੀ ਹੋਵੇ ਬਰ੍ਹਮੀ ਆਪਣੇ ਹੀ ਆਦਰਸ਼ ਰੂਪ ਵਿਚ ਇਕ ਮਹਾਨ ਕੌਮ ਹੈ ਕਿਉਂਜੋ ੇਹ ਅਤਿ ਦੀ ਪ੍ਰਸੰਨ ਕੌਮ ਹੈ।''

ਬ੍ਰਾਹਮਣ-ਮਤ ਤੇ ਇਸ ਪੁਨਰ-ਕਰਮਸ਼ੀਲ ਬੁਧ-ਮਤ ਵਿਚ ਮੁਖ ਅੰਤਰ ੇਹ ਹੈ ਕਿ ਬ੍ਰਾਹਮਣ-ਮਤ ਪ੍ਰਾਭੌਤਿਕ ਤੇ ਚਿੰਤਨਸ਼ੀਲ ਹੈ ਤੇ ਬੁਧ-ਮਤ ਕਲਾਤਮਕ, ਜਥਾਰਥਕ, ਕਲਪਨਾਸ਼ੀਲ, ਅਨੰਦਮਈ ਅਤੇ ਸਚੇ ਅਰਥਾਂ ਵਿਚ ਆਦਰਸ਼ਵਾਦੀ ੈ। ਪਹਿਲਾ ਵਿਅਕਤੀਵਾਦੀ ਹੈ ਤੇ ਦੂਜਾ ਸਮਾਜਕ ਭਾਵਨਾ ਨਾਲ ਓਤ ਪ੍ਰੋਤ ਹੈ। ਬੁਧ-ਮਤ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਵੈਦਿਕ ਗਿਆਨ ਤੇ ਉਪਨਿਸ਼ਦਾਂ ਦੀ ਸੁਘੜਤਾ ਨੇ ਮਨੁੱਖਤਾ ਦੇ ਕਿਸੇ ਵੀ ਵੱਡੇ ਜਨ-ਸਮੂਹ ਉਤੇ ਪ੍ਰਭਾਵ ਨਹੀਂ ਸੀ ਾਇਆ। ਸਮਾਜਕ ਦਵੈਤਵਾਦ ਤੋਂ ਤੰਗ ਆ ਕੇ ਜਿਹੜੇ ਕੁਝ ਵਿਅਕਤੀਆਂ ਜਾਂ ਰਿਸ਼ੀ-ਮੁਨੀਆਂ ਨੂੰ ਬ੍ਰਹਮ-ਗਿਆਨ ਪ੍ਰਾਪਤ ਹੋ ਜਾਂਦਾ ਸੀ, ਉਹ ਵਣਾਂ ਵਿਚ ਵਾਸ ਕਰ ਲੈਂਦੇ ਸਨ। ਨਿਰਸੰਦੇਹ, ਉਹਨਾਂ ਵਿਚੋਂ ਕੁਝ ਇਕ ਨੂੰ ਸਹਿਜ-ਅਨੰਦ ਜਾਂ ਸ਼ਾਂਤੀ ਪ੍ਰਾਪਤ ਹੋ ਚੁਕੀ ਸੀ, ਪਰ ਉਹ ਹਿਮਾਲਾ ਦੀਆਂ ਕੰਦਰਾਂ ਵਿਚ

ਵਿਅਕਤੀਗਤ ਰੂਪ ਵਿਚ ਹੀ ਉਸ ਨੂੰ ਆਪਣੇ ਸੁਆਸਾਂ ਵਾਂਗ ਸਾਂਭੀ ਬੈਠੇ ਸਨ। ਉਹ ਜੀਵਨ ਦੀ ਉਸ ਮਧਮ ਜਿਹੀ ਚੰਗਿਆੜੀ ਵਿਚ ਸ਼ਰਨ ਲੈਂਦੇ ਸਨ ਅਤੇ ਹਿਰਦੇ ਦੀ ਗੁਫਾ ਵਿਚ ਬਲਦੇ ਛੋਟੇ ਜਿਹੇ ਦੀਪ ਸਮਾਨ ਆਪ ਹੀ ਬਲਦੇ ਸਨ। ਉਹ ਅਨੰਤ ਬ੍ਰਹਮ ਵਿਚ ਲਿਵਲੀਨ ਹੋ ਸਕੇ ਸਨ ਜਾਂ ਨਹੀਂ, ਜੋ ਕਿ ਉਹਨਾਂ ਦਾ ਕਲਪਿਤ ਆਦਰਸ਼ ਸੀ, ਪਰ ਉਹ ਸਮਾਜ ਨਾਲੋਂ ਬਿਲਕੁਲ ਟੁਟ ਚੁਕੇ ਸਨ ਅਤੇ ਇਸ ਵਲੋਂ ਬਿਲਕੁਲ ਨਿਰਜਿੰਦ ਸਨ। ਬੁਧ-ਮਤ ਨੇ ਕੌਮਾਂ ਨੂੰ ਬਚਾ ਲਿਆ। ਇਸ ਦੀਆਂ ਭਾਵਨਾਵਾਂ ਤੇ ਵਿਚਾਰ-ਸੰਕਲਪਾਂ ਨੇ ਮਹਾਂਦੀਪਾਂ ਨੂੰ ਹਲੂਣਿਆਂ। ਇਸ ਦੁਆਰਾ ਕਲਾ ਦੀ ਪੁਨਰ-ਜਾਗ੍ਰਿਤੀ ਹੋਂਦ ਵਿਚ ਆਈ। ਬੁਧ ਭਗਵਾਨ ਨੇ ਪਹਿਲੀ ਵਾਰ ਉਸ ਲੋਕਤੰਤਰ ਭਾਵਨਾ ਨੂੰ ਉਤਪੰਨ ਕੀਤਾ, ਜਿਸ ਨੇ ਜਾਤੀਆਂ ਤੇ ਕੌਮਾਂ ਦੇ ਵਿਤਕਰਿਆਂ ਤੇ ਭੇਦ-ਭਾਵਾਂ ਨੂੰ ਮੇਟ ਦਿਤਾ। ਜੀਵਨ ਨੂੰ ਬੰਧਨ ਮੁਕਤ ਕਰ ਦਿਤਾ ਗਿਆ ਅਤੇ ਭਗਵਾਨ ਬੁਧ ਦੀ ਨਿਜੀ ਉਦਾਹਰਣ ਦੇ ਰੂਪ ਵਿਚ ਉਹਨਾਂ ਨੂੰ ਉਪਰ ਵਲ ਤੱਕਣ ਦੀ ਜੁਗਤ ਸਿਖਾਈ ਗਈ। ਭਗਵਾਨ ਬੁਧ ਉਹਨਾਂ ਦੇ ਪ੍ਰਭੂ ਬਣ ਗਏ, ਉਹਨਾਂ ਦੇ ਸ਼ਰਨ-ਧਾਮ ਬਣ ਗਏ। ਮਨੁੱਖ ਨੂੰ ਕਿਸੇ ਹੋਰ ਵੱਡੇ ਭਗਵਾਨ ਦੀ ਚਾਹ ਹੀ ਨਾ ਰਹੀ। ਹੋਰ ਲੋੜ ਵੀ ਕਿਸ ਗੱਲ ਦੀ ਸੀ ? ਜਾਪਾਨ, ਚੀਨ, ਬਰ੍ਹਮਾ, ਲੰਕਾ ਬ੍ਰਾਹਮਣ-ਮਤ ਦੇ ਪ੍ਰਾਭੌਤਿਕ ਸੰਕਲਪਾਂ ਤੋਂ ਬਿਨਾਂ ਹੀ ਪ੍ਰਫੁਲਿਤ ਹੋਣ ਲਗੇ। ਭਗਵਾਨ ਬੁਧ ਪ੍ਰਤੀ ਇਹ ਨਿਜੀ ਰੂਪ ਦੀ ਤੀਬਰ ਭਾਵਨਾ ਤੇ ਮਨੋਵੇਗ ਲੱਖਾਂ ਲੋਕਾਂ ਦੇ ਮਨ ਨੂੰ ਮੱਲ ਬੈਠੇ ਅਤੇ ਬ੍ਰਾਹਮਣਾਂ ਦੀ ਮਿਥਿਹਾਸਕ ਤੇ ਅਣਜਥਾਰਥਕ ਕਲਪਨਾ ਦੇ ਇੰਦਰ ਜਾਲ ਤੋਂ ਆਪਣੇ ਆਪ ਨੂੰ ਮੁਕਤ ਕਰਨ ਲਈ ਬੁਧ-ਮਤ ਹੀ ਸਭ ਤੋਂ ਵੱਡਾ ਗੁਪਤ ਰਹੱਸ ਸਿਧ ਹੋਇਆ। ਬੁਧ-ਮਤ ਨਿਜੀ ਸਰੂਪ ਵਾਲਾ ਹੈ ਤੇ ਇਸ ਦਾ ਅਨੰਦ ਵੀ ਨਿਜੀ ਰੂਪ ਵਿਚ ਮਨੁੱਖ ਦੇ ਅੰਦਰੋਂ ਹੀ ਉਤਪੰਨ ਹੁੰਦਾ ਹੈ। ਬ੍ਰਾਹਮਣ-ਮਤ ਅਨਿਜੀ ਸੁਭਾ ਵਾਲਾ ਹੈ ਤੇ ਇਸ ਦੇ ਅਨੰਦ ਦਾ ਅਨੁਭਵ ਵੀ ਅਮੂਰਤ ਮਨ ਦਾ ਸੁਅਪਨ ਆਦਰਸ਼ ਹੀ ਹੈ।

# ਨਾਮ ਅਤੇ ਸਿਮਰਨ

ਗੁਰੂ ਦੇ ਮੰਡਲ ਵਿਚ 'ਗੁਰ ਪ੍ਰਸਾਦਿ' ਇਕ ਸੰਪੂਰਨ ਵਰਤਾਰਾ ਹੈ। ਇਸ ਲਈ ਨਾਮ ਤੇ ਸਿਮਰਨ ਗੁਰੂ ਘਰ ਵਿਚ ਜੀਵਨ ਦੀ ਹੋਂਦ ਦੇ ਨੇਮ ਹਨ। ਸਰਗੁਣ ਸਰੂਪ ਪ੍ਰਭੂ ਦਾ ਨਾਮ ਵੀ ਹੈ ਤੇ ਰੂਪ ਵੀ। ਉਸ ਪ੍ਰਭੂ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਹੋ ਸਕਦਾ। ਸ਼ਬਦ ਦਾ ਵੀ ਰੂਪ ਹੈ ਅਤੇ ਨਾਦ ਦਾ ਵੀ ਰੂਪ ਹੈ।

ਮਧਕਾਲ ਦੇ ਭਾਰਤੀ ਭਗਤੀ ਮਤ ਵਿਚ ਸ਼ਬਦ 'ਨਾਮ ਤੇ ਸਿਮਰਨ' ਸੰਕਲਪ-ਗਤ ਸਰੂਪ ਵਿਚ ਮੁਖ ਕੇਂਦਰੀ ਨੁਕਤੇ ਹਨ। ਜੇ ਇਹਨਾਂ ਸ਼ਬਦਾਂ ਤੋਂ ਭਾਵ ਇਹਨਾਂ ਦੇ ਵਾਸਤਵਿਕ ਸਰੂਪ ਦਾ ਹੈ ਜਿਹੜਾ ਕਿ ਉਹਨਾਂ ਭਗਤਾਂ ਵਿਚ ਪ੍ਰਚਲਿਤ ਸੀ ਤਾਂ ਇਸ ਪੱਖ ਤੋਂ ਸਿਖ ਮਤ ਕੇਵਲ ਇਕ ਸੁਅਪਨ ਮੰਡਲ ਦਾ ਇਕ ਰਹੱਸਵਾਦੀ ਅਨੁਭਵ ਬਣ ਕੇ ਹੀ ਰਹਿ ਜਾਵੇਗਾ, ਜੋ ਆਪਣੇ ਅਨੰਦ ਸਰੂਪ ਵਿਚ ਅਨੰਤ ਵਿਚ ਲੀਨ ਹੋ ਜਾਂਦਾ ਹੈ। ਇਹ ਇਕ ਅਜਿਹਾ ਅਨੰਦਮਈ ਅਨੁਭਵ ਹੈ ਜੋ ਆਪਣੇ ਆਪ ਨੂੰ ਇਸ ਤਰ੍ਹਾਂ ਬੰਦ ਕਰ ਲੈਂਦਾ ਹੈ ਜਾਂ ਸੁੰਗੇੜ ਲੈਂਦਾ ਹੈ ਕਿ ਉਹ ਅਨੰਦ ਦਾ ਇਕ ਅਜਿਹਾ ਨਿਰਜਿੰਦ ਸੰਕਲਪ ਬਣ ਜਾਂਦਾ ਹੈ ਜੋ ਇਸ ਗੱਲ ਉਤੇ ਆਧਾਰਤ ਹੈ ਕਿ 'ਸਭ ਇਕੋ ਹੀ ਹੈ।' ਇਸ ਪ੍ਰਕਾਰ ਇਹ ਸੰਕਲਪ ਤਾਂ ਇਕ ਤਰ੍ਹਾਂ ਨਾਲ ਯੋਗ ਮਤ ਦੇ ਸਿਧਾਂਤਾਂ ਦਾ ਹੀ ਇਕ ਸੋਧਿਆ ਹੋਇਆ ਰੂਪ ਹੈ ਜਿਸ ਦਾ ਗੁਰੂ ਸਾਹਿਬਾਨ ਨੇ ਜ਼ੋਰਦਾਰ ਖੰਡਨ ਕੀਤਾ ਹੈ। ਹੁਣ ਵੀ ਭਗਵੇਂ ਕਪੜੇ ਪਾਈ ਨਾਮ ਦਾ ਰਟਣ ਕਰਨ ਵਾਲੇ ਗੰਗਾ ਜਮਨਾ ਦੇ ਕੰਢਿਆਂ ਉਤੇ ਬਿਨਾਂ ਕਿਸੇ ਮਨੋਰਥ ਦੇ ਬੈਠੇ ਹਨ। ਅਜਿਹੀ ਸ਼ਾਂਤੀ ਜੋ ਇਸ ਤਰ੍ਹਾਂ ਦੀ ਸਾਧਨਾ ਦੁਆਰਾ ਪ੍ਰਾਪਤ ਹੁੰਦੀ ਹੈ, ਸੁਹਜਤਮਕ ਨਹੀਂ ਹੁੰਦੀ। ਸਿਰਜਣਾਤਮਿਕਤਾ ਹੀ ਇਕ ਅਜਿਹੀ ਪਰਖ ਕਸਵਟੀ ਹੈ ਜੋ ਸਜਿੰਦ ਸ਼ਾਂਤੀ ਨੂੰ ਨਿਰਜਿੰਦ ਸ਼ਾਂਤੀ ਨਾਲੋਂ ਨਿਖੇੜਦੀ ਹੈ। ਗੁਰੂ ਸਾਹਿਬਾਨ ਦਾ ਨਾਮ ਤੇ ਸਿਮਰਨ ਤੋਂ ਉਹ ਭਾਵ ਨਹੀਂ ਸੀ, ਜੋ ਬ੍ਰਾਹਮਣ-ਮਤ ਵਿਚ ਪ੍ਰਚਲਿਤ ਸੀ। ਗੁਰੂ ਸਾਹਿਬਾਨ ਲਈ ਨਾਮ ਤੇ ਸਿਮਰਨ ਦਾ ਇਹ ਕਦਾਚਿਤ ਭਾਵ ਨਹੀਂ ਸੀ ਕਿ ਇਸ ਸਾਧਨਾ ਦੁਆਰਾ ਅਰੂਪ, ਅਗਿਆਤ ਤੇ ਅਨੰਤ ਵਿਚ ਸਮਾ ਕੇ ਆਪਣੇ ਆਪ ਨੂੰ ਖੀਣ ਕਰ ਲਿਆ ਜਾਵੇ, ਸਗੋਂ ਗੁਰੂ ਸਾਹਿਬਾਨ ਦਾ ਮਨੋਰਥ ਤਾਂ ਇਸ ਸੁੰਨ ਮੰਡਲ ਨੂੰ ਸਹੰਸਰ ਰੂਪਾਂ ਤੇ ਹਸਤੀਆਂ ਦੁਆਰਾ ਭਰਪੂਰ ਕਰ ਲੈਣਾ ਸੀ। ਇਹ ਤਾਂ ਸੁੰਦਰਤਾ ਦਾ ਉਹ ਬੈਕੁੰਠ ਧਾਮ ਹੁੰਦਾ ਹੈ ਜੋ ਨਾਮ ਦੁਆਰਾ ਨਾਮ ਅਤੇ ਰੂਪ ਵਿਚ ਜੀਵਤ ਹੁੰਦੇ ਹਨ।

"ਕਿਸ ਦਾ ਨਾਮ ?" "ਕਿਸ ਦਾ ਸਿਮਰਨ ਤੇ ਯਾਦ ?" ਪੁਰਾਣਾਂ ਵਿਚ ਜਪੁ ਤੇ ਉਪਨਿਸ਼ਦਾਂ ਵਿਚ ਸ਼ਬਦ 'ਓਮ' ਉਚਾਰਨ ਨਾਮ ਸਿਮਰਨ ਦਾ ਵਰਤਾਰਾ ਬਣਿਆ ਰਿਹਾ ਹੈ। ਸਨਾਤਨ ਅਰਥਾਂ ਵਿਚ ਸਿਮਰਨ ਨਿਰਪੇਖ ਬ੍ਰਹਮ ਦੇ ਦਰਸ਼ਨ

ਸੂਤਰ ਦਾ ਸਾਧਨਾ ਮਾਰਗ ਜਾਂ ਅਭਿਆਸ ਸੀ। ਇਸ ਦਾ ਉਦੇਸ਼ ਉਸ ਮਾਨਸਿਕ ਅਮੂਰਤ ਦੇ ਲਕਸ਼ ਤਕ ਪਹੁੰਚਣਾ ਸੀ ਜਿਸ ਨੂੰ ਬ੍ਰਹਮ-ਗਿਆਨੀ ਦੀ ਸੰਗਿਆ ਦਿਤੀ ਗਈ ਸੀ। ਇਸ ਅਵਸਥਾ ਵਿਚ ਹੋਰ ਸਾਰੇ ਪ੍ਰਤੀਪਖ ਲੋਪ ਹੋ ਜਾਂਦੇ ਹਨ। ਇਹ ਕੋਈ ਕਿਰਿਆਸ਼ੀਲ ਅਵਸਥਾ ਨਹੀਂ ਹੁੰਦੀ, ਸਗੋਂ ਨਿਸ਼ਕਿਰਿਆ ਸਰੂਪ ਵਾਲੀ ਸ਼ਾਂਤੀ ਦੀ ਮਨੋਦਸ਼ਾ ਹੁੰਦੀ ਹੈ। ਸਾਰੇ ਕਰਮਾਂ, ਵਿਚਾਰਾਂ ਤੇ ਭਾਵਨਾਵਾਂ ਦੀਆਂ ਲਚਕੀਲੀਆਂ ਕੜੀਆਂ ਨੂੰ ਜੰਗਾਲ ਲਗ ਜਾਂਦਾ ਹੈ ਅਤੇ ਇਕ ਅਜਿਹੀ ਮੋਨ ਸ਼ਾਂਤੀ ਦੀ ਅਵਸਥਾ ਛਾ ਜਾਂਦੀ ਹੈ, ਜਿਸ ਵਿਚ ਚੁੰਧਿਆ ਦੇਣ ਵਾਲੀ ਚਕਾਚੌਂਧ ਦੇ ਧੁੰਦਲਕੇ ਤੋਂ ਬਿਨਾਂ ਹੋਰ ਕੁਝ ਵੀ ਵਿਖਾਈ ਨਹੀਂ ਦਿੰਦਾ। ਇਸ ਸੰਕਲਪ ਨੇ ਹਿੰਦੂ (ਜੋਗੀ) ਨੂੰ ਨਾਭੀ ਵਲ ਇਸ ਆਸ ਉਤੇ ਤੱਕਣ ਵਲ ਲਾ ਦਿਤਾ ਕਿ ਇਥੋਂ ਹੀ ਸਾਰਾ ਬ੍ਰਹਿਮੰਡ ਉਤਪੰਨ ਹੋਵੇਗਾ। ਪਰ ਹਾਲੀ ਤਕ ਤਾਂ ਇਹ ਇਥੋਂ ਉਤਪੰਨ ਹੋਇਆ ਨਹੀਂ ਹੈ। ਹਿੰਦੂ ਚਿੰਤਕਾਂ ਨੇ ਪ੍ਰਮਾਤਮਾ ਦੇ ਸਹੰਸਰ ਨਾਮ ਘੜੇ ਹਨ। ਇਹ ਵਰਤਾਰਾ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਤੇ ਪਿਛੋਂ ਵੀ ਜਾਰੀ ਰਿਹਾ ਹੈ। ਬ੍ਰਾਹਮਣ-ਮਤ ਦੇ ਧਰਮ ਸ਼ਾਸਤਰਾਂ ਵਿਚ ਇਸ ਗੱਲ ਦੀ ਵਿਆਖਿਆ ਕੀਤੀ ਗਈ ਹੈ ਕਿ ਇਹਨਾਂ ਨਾਮਾਂ ਦੇ ਰਟਣ ਮਾਤਰ ਨਾਲ ਸਦਗੁਣਾਂ ਦੀ ਪ੍ਰਾਪਤੀ ਹੁੰਦੀ ਹੈ। ਉਹ ਦਲਿਦ੍ਰੀ ਲੋਕ ਜਿਨ੍ਹਾਂ ਵਿਚ ਕਿਸੇ ਸ਼ੁਭ ਕਰਮ ਨੂੰ ਕਰਨ ਲਈ ਅੰਤਰੀਵ ਸ਼ਕਤੀ ਬਾਕੀ ਨਹੀਂ ਸੀ ਰਹੀ, ਇਸ ਤਰ੍ਹਾਂ ਨਾਮ ਦੇ ਉਚਾਰਣ ਵਿਚ ਲਗ ਗਏ ਤੇ ਇਸ ਤਰ੍ਹਾਂ ਦੇ ਨਾਮ ਦੇ ਰਟਣ ਨੂੰ ਸਭ ਧਾਰਮਿਕ ਯਤਨਾਂ ਦਾ ਅੰਤਮ ਲਕਸ਼ ਮੰਨਣ ਲਗੇ। ਕੁਝ ਇਸ ਪ੍ਰਕਾਰ ਦੀ ਕੁਝ ਸੁਸੰਗਠਿਤ ਸਾਧਨਾ ਦੇ ਫਲਸਰੂਪ ਹੋ ਸਕਦਾ ਹੈ ਕਿ ਕੁਝ ਹਾਲਤਾਂ ਵਿਚ ਮਨ ਦੀ ਇਕਾਗਰਤਾ ਵਿਚ ਕੋਈ ਵਾਧਾ ਹੋਇਆ ਹੋਵੇ। ਪਰ ਜਿਸ ਤਰ੍ਹਾਂ ਇਸ ਸਾਰੇ ਵਰਤਾਰੇ ਨੂੰ ਮੂਲ ਧਾਰਮਿਕ ਪ੍ਰਕ੍ਰਿਆ ਸਮਝ ਕੇ ਇਸ ਦੀ ਸਾਰਹੀਣਤਾ ਦੀ ਪ੍ਰਸ਼ੰਸਾ ਕੀਤੀ ਗਈ ਹੈ, ਇਸ ਦਾ ਸਿਟਾ ਤਾਂ ਸਮੁਚੇ ਰੂਪ ਵਿਚ ਮੰਦਭਾਗਾ ਹੀ ਨਿਕਲਿਆ ਹੈ। ਭਾਈ ਗੁਰਦਾਸ ਤਾਂ ਸਿੱਖ ਕਾਲ ਤਕ ਦੇ ਸਮੇਂ ਵਿਚ ਨਾਮ ਸਿਮਰਨ ਦੀਆਂ ਇਹਨਾਂ ਸੱਚੀਆਂ ਘਟਨਾਵਾਂ ਦੇ ਵਰਤਾਰੇ ਨੂੰ 'ਜੁਗਾਂ ਜੁਗਾਂਤਰਾਂ ਦੀ ਸਾਂਝ' ਦੇ ਰੂਪ ਵਿਚ ਉਲੇਖ ਕਰਦੇ ਹਨ। ਪਰ ਆਪ ਇਹ ਵੀ ਦਸਦੇ ਹਨ ਕਿ ਇਸ ਦਾ ਵਾਸਤਵਿਕ ਮਹੱਤਵ ਤੇ ਸੱਚਾ ਸਰੂਪ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਹੀ ਉਜਾਗਰ ਹੋਇਆ ਹੈ। ਵਖ ਵਖ ਯੁਗਾਂ ਵਿਚ ਕੇਵਲ ਵਿਰਲੇ ਹੀ ਨਾਮ ਸਿਮਰਨ ਦੀ ਇਸ ਤੀਖਣ ਅਨੁਭਵ ਦੀ ਪ੍ਰਾਪਤੀ ਤਕ ਪੁਜੇ ਹਨ। ਨਾਮ ਤਾਂ ਇਕ ਪ੍ਰੇਰਨਾ ਹੈ ਨਾ ਕਿ ਕੋਈ ਯੰਤਰ-ਗਤ ਸਾਧਨਾ। ਇਹ ਸਾਧਨਾ ਦੇ ਰੂਪ ਵਿਚ ਵੀ ਪ੍ਰੇਰਨਾ ਤੋਂ ਬਿਨਾਂ ਕੋਈ ਅਰਥ ਨਹੀਂ ਰਖਦੀ। ਯੋਗ ਸਾਧਨਾ ਤੇ ਇਸ ਨਾਲ ਸੰਬੰਧਤ ਕੁਝ ਪ੍ਰਕ੍ਰਿਆਵਾਂ ਕੁਝ ਵਚਿਤਰ ਭਾਂਤ ਦੀਆਂ ਰਿਧੀਆਂ ਸਿਧੀਆਂ ਦੀ ਪ੍ਰਾਪਤੀ ਤਾਂ ਕਰਵਾ ਸਕਦੀਆਂ ਹਨ, ਪਰ ਇਹ ਪ੍ਰਾਪਤੀਆਂ ਭਾਵੇਂ ਇਹ ਕਿੰਨੀਆਂ ਵੀ ਅਲੌਕਿਕ ਤੇ ਚਮਤਕਾਰੀ ਕਿਉਂ ਨਾ ਹੋਣ, ਆਤਮਾ ਦੀ ਸੁੰਦਰਤਾ ਦੇ ਮੂਲ ਤੱਤਾਂ ਦਾ ਸਥਾਨ ਨਹੀਂ ਲੈ ਸਕਦੀਆਂ।

ਇਸ ਵਿਚ ਕੋਈ ਸੰਦੇਹ ਨਹੀਂ ਹੈ ਕਿ ਦਸਮ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਦਾ ਪੂਰਨ ਭਾਂਤ ਬੋਧ ਪ੍ਰਾਪਤ ਕਰ ਲਿਆ ਸੀ। ਇਸੇ ਕਾਰਨ ਜੇ ਕੋਈ ਗੁਰੂ ਗਰੰਥ ਸਾਹਿਬ ਦੀ ਭਾਸ਼ਾ ਦੀ ਠੀਕ ਠੀਕ ਵਿਆਖਿਆ ਕਰ ਸਕਦਾ ਸੀ ਤਾਂ ਉਹ ਗੁਰੂ ਗੋਬਿੰਦ ਸਿੰਘ ਜੀ ਹੀ ਸਨ। ਇਸ ਗੱਲ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਜੋ ਗੁਰੂ ਗਰੰਥ ਸਾਹਿਬ ਦੀ ਵਿਆਖਿਆ ਕੀਤੀ, ਉਸ ਉਪਰੰਤ ਆਪ ਜੀ ਨੇ ਆਪਣੇ ਸਿੱਖਾਂ ਨੂੰ ਗੁਰੂ ਗਰੰਥ ਸਾਹਿਬ ਨੂੰ ਆਪਣੇ ਉਤਰਾਧਿਕਾਰੀ ਵਜੋਂ ਜਾਣ ਕੇ ਇਸ ਦੀ ਉਪਾਸਨਾ ਕਰਨ ਦਾ ਫੁਰਮਾਨ ਕੀਤਾ। ਆਪ ਨੇ ਸ਼ਬਦ ਨੂੰ ਗੁਰਗਦੀ 'ਤੇ ਬਿਰਾਜਮਾਨ ਕੀਤਾ ਤੇ ਗੁਰਬਾਣੀ ਦੇ ਸ਼ਬਦ ਸੰਗੀਤ ਨੂੰ ਖ਼ਾਲਸਾ ਦੀ ਸਦੀਵੀ ਪਾਤਸ਼ਾਹਤ ਬਖ਼ਸ਼ੀ। ਮਹਾਂਪੁਰਖਾਂ ਦੇ ਇਹਨਾਂ ਰੱਬੀ ਗੀਤਾਂ ਵਿਚ ਆਤਮਾ ਵਿਦਮਾਨ ਹੈ ਤੇ ਗੁਰੂ ਆਪਣੇ ਸ਼ਬਦ ਸੰਗੀਤ ਦੁਆਰਾ ਸਹੰਸਰ ਕੰਨਾਂ ਦੇ ਰੂਪ ਵਿਚ ਸਾਨੂੰ ਸੰਬੋਧਨ ਕਰ ਰਿਹਾ ਹੈ। ਸਿਮਰਨ ਤਾਂ ਦੈਵੀ ਯਾਦ ਅਤੇ ਦੈਵੀ ਪ੍ਰੇਰਨਾ ਦਾ ਆਤਮਿਕ ਨਛੱਤਰੀ ਪ੍ਰਬੰਧ ਅਨੁਸਾਰ ਨਿਰਦਿਸ਼ਟ ਹੋਣ ਵਾਲਾ ਆਤਮਿਕ ਵਰਤਾਰਾ ਹੈ। ਨਾ ਤਾਂ ਪ੍ਰਭੂ ਯਸ਼ੂ ਕਦੀ ਮਰ ਸਕਦੇ ਹਨ, ਨਾ ਹੀ ਮੇਰੀ ਅਤੇ ਮੇਰੀ ਮੈਕਡਾਨਲ। ਇਹ ਇਸ ਲੋਕ ਵਿਚ ਵਿਚਰਨ ਨਾਲੋਂ ਉਹ ਪਰਲੋਕ ਵਿਚ ਵਧੇਰੇ ਜੀਵਤ ਰੂਪ ਵਿਚ ਵਿਚਰ ਰਹੇ ਹਨ। ਇੰਜ ਅਨੁਭਵ ਕਰਨਾ ਕਿ ਉਹਨਾਂ ਦੇ ਆਤਮਿਕ ਬੋਲ ਸਾਡੀ ਪਿਠ ਪਿਛੇ ਹਨ ਤੇ ਉਹ ਸਾਡੀ ਦੇਖ-ਭਾਲ ਕਰ ਰਹੇ ਹਨ ਤੇ ਉਹਨਾਂ ਨੂੰ ਸਹਿਜ ਸੁਭਾ ਰੂਪ ਵਿਚ ਇੰਜ ਚੇਤੇ ਰਖਣਾ, ਜਿਵੇਂ ਅਸੀਂ ਗ਼ੈਰ-ਹਾਜ਼ਰ ਦੋਸਤਾਂ ਜਾਂ ਸਾਕ-ਸੰਬੰਧੀਆਂ ਨੂੰ ਯਾਦ ਕਰ ਲੈਂਦੇ ਹਾਂ। ਇਹੋ ਹੀ ਆਤਮਿਕ ਰੂਪ ਵਿਚ ਨਾਮ ਤੇ ਸਿਮਰਨ ਹੈ। ਗੁਰੂ ਨਾਨਕ ਦੇਵ ਜੀ ਵੀ ਨਾਮ ਤੇ ਸਿਮਰਨ ਨੂੰ ਇਸੇ ਰੂਪ ਵਿਚ ਹੀ ਲੈਂਦੇ ਹਨ। ਇਹ ਚੇਤਨਾ ਕਿ ਗਗਨ ਮੰਡਲ ਸਾਡੀ ਪਿਠ ਪਿਛੇ ਹੈ, ਇਹੋ ਹੀ ਨਾਮ ਵਿਚ ਵਿਚਰਨ ਦਾ ਭਾਵ ਹੈ।

ਆਤਮਿਕ ਸੰਸਾਰ ਦੇ ਇਹਨਾਂ ਹਨੇਰੇ ਮੰਡਲਾਂ ਵਿਚ ਆਸਾ-ਮਨਸਾ ਦੇ ਬੰਧਨਾਂ ਵਿਚ ਫਾਥੇ ਜੀਵ ਵਿਚਰ ਰਹੇ ਹਨ। ਇਹ ਮਨੁੱਖ ਨੂੰ ਅਗੇ ਪਰਲੋਕ ਵਿਚ ਸੁਰਖਿਅਤ ਜਾਣ ਨਹੀਂ ਦਿੰਦੇ। ਇਹਨਾਂ ਹਨੇਰੇ ਮੰਡਲਾਂ ਵਿਚ ਹੀ ਉਹਨਾਂ ਦੀਆਂ ਗੰਦੀਆਂ ਬਸਤੀਆਂ ਹਨ, ਜਿਨ੍ਹਾਂ ਨੇ ਕੀਤੇ ਅਪਰਾਧਾਂ ਦੁਆਰਾ ਆਪਣੀ ਪਵਿਤਰਤਾ ਨੂੰ ਭੰਗ ਕਰ ਦਿਤਾ ਹੈ। ਇਹ ਉਹ ਮਨੁੱਖ ਹੈ ਜਿਸ ਨੇ ਆਪਣੇ ਹੀ ਹਿੰਸਕ ਕਰਮਾਂ ਦੁਆਰਾ ਆਪਣੇ ਆਪ ਨੂੰ ਜ਼ੰਜੀਰਾਂ ਵਿਚ ਬੰਨ੍ਹ ਲਿਆ ਹੈ। ਇਹ ਤਾਂ ਉਸ ਲਈ ਆਤਮ-ਘਾਤੀ ਗੱਲ ਸਿਧ ਹੋਈ ਹੈ ਕਿਉਂਜੋ ਇਸ ਨਾਲ ਉਸ ਦੀ ਆਤਮਾ ਵਿਚ ਭੁੰਗ ਪੈਦਾ ਹੋ ਗਿਆ ਹੈ ਅਤੇ ਉਹ ਸਰੀਰਕ ਮ੍ਰਿਤੂ ਤੋਂ ਪਿਛੋਂ ਵੀ ਬੰਧਨ-ਮੁਕਤ ਨਹੀਂ ਹੋ ਸਕਦਾ। ਉਸ ਨੂੰ ਤਾਂ ਉਦੋਂ ਹੀ ਮੁਕਤੀ ਮਿਲ ਸਕਦੀ ਹੈ ਜਦੋਂ ਉਹ ਸੰਜੋਗਵਸ ਨਿਰਪੇਖ ਸੁੰਦਰਤਾ ਦੇ ਉਚੇਰੇ ਮੰਡਲਾਂ ਵਿਚ ਪ੍ਰਵੇਸ਼ ਕਰ ਜਾਂਦਾ ਹੈ। ਨਹੀਂ ਤਾਂ ਮਨੁੱਖ ਸਦੀਆਂ ਤਕ ਆਪਣੀਆਂ ਇਛਾਵਾਂ ਵਿਚ ਗ੍ਰਸਤ ਗਲਦਾ

ਸੜਦਾ ਰਹਿੰਦਾ ਹੈ। ਉਸ ਦੇ ਆਪਣੇ ਹਿੰਸਕ ਅਪਰਾਧ, ਆਪਣਾ ਹੀ ਗੰਦ-ਮੰਦ ਅਤੇ ਪਾਪਾਂ ਦਾ ਚਿਕੜ ਮੌਤ ਪਿਛੋਂ ਵੀ ਉਸ ਨਾਲ ਚਿੰਬੜੇ ਰਹਿੰਦੇ ਹਨ। ਇਕ ਦਿਨ ਸਾਨੂੰ ਸਿਮਰਨ ਵਾਲੇ ਇਕ ਸਿੱਖ ਸੰਤ ਮਹਾਂਪੁਰਸ਼ ਨੇ ਦਸਿਆ ਕਿ ਅਜਿਹੀਆਂ ਆਤਮਾਵਾਂ ਵੀ ਹਨ, ਜੋ ਆਪਣੇ ਹੀ ਭਾਰ ਕਾਰਨ ਧਰਤੀ ਵਿਚ ਗਰਕ ਹੋ ਜਾਂਦੀਆਂ ਹਨ। ਕੁਝ ਹੋਰ ਇਸ ਧਰਤੀ ਦੀ ਉਪਰਲੀ ਸਤਾ ਉਤੇ ਹੀ ਵਿਚਰਦੀਆਂ ਹਨ। ਬਹੁਤ ਥੋੜ੍ਹੇ ਅਜਿਹੇ ਹਨ ਜੋ ਇਸ ਧਰਤੀ ਤੋਂ ਉਪਰ ਉਠ ਜਾਂਦੇ ਹਨ ਤੇ ਉਹਨਾਂ ਨੂੰ ਵੀ ਉਹਨਾਂ ਦੇ ਪਹਿਲਾਂ ਮਰ ਚੁਕੇ ਪਿਤਰ ਮਾਤਾ-ਪਿਤਾ, ਚਾਚੇ-ਤਾਏ, ਦਾਦੇ-ਪੜਦਾਦੇ ਆਦਿ ਆ ਘੇਰਦੇ ਹਨ। ਫਿਰ ਉਹ ਮਨੁੱਖੀ ਰੂਪ ਦੇ ਅਖੌਤੀ ਗੁਰੂ ਹਨ ਜੋ ਮਨੁੱਖ ਦੇ ਮਨ ਨੂੰ ਮੰਤਰ-ਮੁਗਧ ਕਰਕੇ ਅਤੇ ਦੰਭ ਦੁਆਰਾ ਆਪਣੇ ਵਸ ਵਿਚ ਕਰ ਲੈਂਦੇ ਹਨ। ਕਈ ਦੁੱਧ ਚਿੱਟੀਆਂ ਆਤਮਾਵਾਂ ਜੋ ਪੰਛੀਆਂ ਹਾਰ ਫੜਫੜਾਉਂਦੀਆਂ ਹਨ, ਕਿਸੇ ਅਜਿਹੇ ਵਿਅਕਤੀ ਦੀ ਮਾਨਸਿਕ ਸ਼ਕਤੀ ਦੇ ਜਾਲ ਦੀ ਕੁੰਡੀ ਵਿਚ ਫਸ ਜਾਂਦੀਆਂ ਹਨ। ਕਈ ਆਤਮਾਵਾਂ ਇਹਨਾਂ ਤਾਂਤਰਿਕਾਂ ਦੇ ਮਨਾਂ ਦੀਆਂ ਹਨੇਰੀਆਂ ਕੋਠੜੀਆਂ ਦੀ ਪਕੜ ਵਿਚ ਆ ਜਾਂਦੀਆਂ ਹਨ, ਜਿਨ੍ਹਾਂ ਨੂੰ ਕਿ ਲੋਕ ਮਨੁੱਖ ਦੇ ਰੱਖਿਅਕ ਸਮਝੀ ਬੈਠੇ ਹਨ। ਉਹ ਇਹਨਾਂ ਦੀ ਇਸ ਧਰਤੀ ਉਤੇ ਬੌਧਿਕ ਚਮਤਕਾਰੀ ਸ਼ਕਤੀ ਤੋਂ ਪ੍ਰਭਾਵਿਤ ਹੋ ਜਾਂਦੇ ਹਨ। ਇਹ ਸਭ ਗੁਰੂ ਤੇ ਚੇਲੇ ਇਕ ਦੂਜੇ ਨਾਲ ਬੇੜੀਆਂ ਸਮਾਨ ਜਕੜੇ ਜਾਂਦੇ ਹਨ। ਅਜਿਹੇ ਅਣਗਿਣਤ ਆਤਮਿਕ ਸੰਸਾਰ ਹਨ, ਜਿਥੇ ਅਜਿਹੀਆਂ ਬਹੁਤ ਸਾਰੀਆਂ ਆਤਮਾਵਾਂ ਨੂੰ ਨਿਵਾਸ ਕਰਨਾ ਪੈਂਦਾ ਹੈ। ਜੋਗੀ ਲੋਕ ਜੋ ਅਸਾਧਾਰਣ ਰੂਪ ਦੀਆਂ ਰਿਧੀਆਂ ਸਿਧੀਆਂ ਦੀ ਪ੍ਰਾਪਤੀ ਲਈ ਕਠੋਰ ਸਾਧਨਾ ਕਰਦੇ ਹਨ, ਵੀ ਆਪਣੇ ਸਿਰਜੇ ਹੋਏ ਨਿਕੇ ਕੋਇਆਂ ਵਿਚ ਸਥਾਈ ਤੌਰ 'ਤੇ ਵਿਚਰਦੇ ਹਨ। ਨਾ ਉਹਨਾਂ ਨੂੰ ਸ਼ਾਂਤੀ ਪ੍ਰਾਪਤ ਹੁੰਦੀ ਹੈ, ਨਾ ਕੋਈ ਸ਼ਕਤੀ। ਮੌਤ ਪਿਛੋਂ ਹੀ ਉਹਨਾਂ ਨੂੰ ਇਹ ਸੋਝੀ ਹੁੰਦੀ ਹੈ ਕਿ ਉਹਨਾਂ ਦੇ ਸਭ ਤੋਂ ਚੰਗੇ ਧਰਮ ਕਰਮ ਸਭ ਨਿਸਫਲ ਗਏ ਹਨ ਅਤੇ ਉਹ ਹਉਮੈਂ ਦੇ ਬੰਦੀ ਬਣ ਗਏ ਹਨ।

ਉਚੇਰਾ ਤੇ ਹੋਰ ਉਚੇਰਾ, ਪਰੇ ਤੇ ਹੋਰ ਪਰੇਰੇ ਸੁਤੰਤਰਤਾ ਦਾ ਉਹ ਮੰਡਲ ਹੈ ਜਿਥੇ ਗੁਰੂ ਦਾ ਨਿਵਾਸ ਹੈ। ਜਿਥੇ ਹਾਲੀ ਵੀ ਦਸ ਗੁਰੂ ਸਾਹਿਬਾਨ ਦਸ ਸੂਰਜ ਮੰਡਲਾਂ ਸਮਾਨ ਪ੍ਰਕਾਸ਼ਮਾਨ ਹਨ। ਜਿਨ੍ਹਾਂ ਮਨੁੱਖਾਂ ਨੇ ਇਹਨਾਂ ਗੁਰੂ ਵਿਅਕਤੀਆਂ ਨੂੰ ਨਿਜੀ ਮਿਤਰ, ਪਿਤਾ, ਮਾਰਗ ਦਰਸ਼ਕ, ਦੇਵਤਾ ਜਾਂ ਕੋਈ ਵੀ ਹੋਰ ਰਿਸ਼ਤਾ ਸਥਾਪਤ ਕਰਕੇ ਜੋ ਕੋਈ ਉਹਨਾਂ ਦੇ ਆਤਮਿਕ ਸਭਿਆਚਾਰ ਅਨੁਸਾਰ ਹੋ ਸਕਦਾ ਸੀ ਜਾਂ ਕਲਪਿਤ ਕੀਤਾ ਜਾ ਸਕਦਾ ਸੀ, ਦੇ ਅਨੁਭਵ ਨੂੰ ਮਾਣਿਆਂ ਹੈ, ਜੇ ਉਹ ਵਿਅਕਤੀਗਤ ਰਿਸ਼ਤਾ ਜਾਂ ਸੰਬੰਧ ਉਹ ਸੱਚਾ ਤੇ ਸੁਹਿਰਦ ਸੀ ਤਾਂ ਉਹਨਾਂ ਵਿਅਕਤੀਆਂ ਨੂੰ ਸੁਤੰਤਰਤਾ, ਪ੍ਰੇਮ, ਖ਼ੁਸ਼ੀ ਤੇ ਅਨੰਦ ਦੇ ਉਸ ਮੰਡਲ ਵਿਚ ਮ੍ਰਿਤੂ ਪਿਛੋਂ ਪ੍ਰਵੇਸ਼ ਕਰਨ ਲਈ ਪਰਵਾਨਾ ਪ੍ਰਾਪਤ ਹੋ ਗਿਆ ਹੈ। ਨਹੀਂ ਨਹੀਂ, ਉਹ ਤਾਂ ਇਸ ਜੀਵਨ ਵਿਚ ਵੀ ਉਥੇ ਪੁਜ ਸਕਦੇ ਹਨ। ਇਹ ਆਪ ਮੁਹਾਰਾ ਇਹਨਾਂ ਮਹਾਨ ਵਿਅਕਤੀਆਂ ਨਾਲ ਜੁੜਿਆ ਸੰਬੰਧ ਹੀ ਨਾ-ਮਾਤਰ ਸਿਮਰਨ ਹੈ। ਇਹ

ਤਾਂ ਉਹਨਾਂ ਸਿਤਾਰਿਆਂ ਨਾਲ ਜੁੜਨ ਦੀ ਸਾਖਿਆਤ ਪ੍ਰੇਰਨਾਮਈ ਅਵਸਥਾ ਹੈ। ਇਹ ਤਾਂ ਇਕ ਉਹੋ ਜਿਹੀ ਪ੍ਰੇਰਨਾ ਹੈ ਜੋ 'ਓਰਲੀਅਨ' ਦੀ ਇਕ ਕੁਮਾਰੀ ਨੂੰ ਪ੍ਰਾਪਤ ਹੋਈ ਸੀ ਜਿਸ ਨੂੰ ਕਿ ਸਚੀਮੁਚੀ ਫ਼ਰਿਸ਼ਤਿਆਂ ਦੀਆਂ ਆਵਾਜ਼ਾਂ ਸੁਣਾਈ ਦਿਤੀਆਂ ਸਨ। ਮੁਹੰਮਦ ਸਾਹਿਬ ਦੇ ਆਤਮਿਕ ਗੁਣਾਂ ਤੋਂ ਬਿਨਾਂ ਦਾਤੇ ਦੀ ਕਾਵਿਮਈ ਸੰਵੇਦਨਸ਼ੀਲ ਸੁਅਪਨ ਆਦਰਸ਼ਾਂ ਦੀ ਪ੍ਰਾਪਤੀ ਤੋਂ ਬਿਨਾਂ ਅਜਿਹੀ ਅਵਸਥਾ ਨੂੰ ਪ੍ਰਾਪਤ ਕਰ ਸਕਣਾ ਸੰਭਵ ਨਹੀਂ ਹੈ। ਅਜਿਹੀ ਅਵਸਥਾ ਦੀ ਪ੍ਰਾਪਤੀ ਲਈ ਹਨੂੰਮਾਨ ਤੇ ਪ੍ਰਹਿਲਾਦ ਵਰਗੇ ਤੀਬਰਤਾ ਭਰਪੂਰ ਸਮਰਪਣ ਦੀ ਲੋੜ ਹੈ। ਅਜਿਹੀ ਅਵਸਥਾ ਚੇਤੰਨਯ ਵਰਗੇ ਸ਼ਾਨਦਾਰ ਤੇ ਮਹਾਨ ਅਨੁਭਵ ਦੀ ਪ੍ਰਾਪਤੀ ਤੋਂ ਬਿਨਾਂ ਪ੍ਰਾਪਤ ਨਹੀਂ ਹੋ ਸਕਦੀ, ਜਿਸ ਵਿਚ ਪ੍ਰੇਮ ਅਨੁਰਾਗ ਵਿਚ ਆ ਕੇ ਉਸ ਨੇ ਮੰਦਰ ਵਿਚੋਂ ਕ੍ਰਿਸ਼ਨ ਜੀ ਦੀ ਪੱਥਰ ਦੀ ਮੂਰਤੀ ਨੂੰ ਹਟਾ ਕੇ ਆਪ ਉਸ ਸਥਾਨ 'ਤੇ ਆਸਨ ਗ੍ਰਹਿਣ ਕਰ ਲਿਆ ਸੀ। ਥਰੇਸਾ (Theresa) ਵਰਗੀ ਸ਼ਰਧਾ ਭਗਤੀ ਤੋਂ ਬਿਨਾਂ ਅਤੇ ਨੈਪੋਲੀਅਨ ਵਰਗੀ ਇਛਾ ਸ਼ਕਤੀ ਤੋਂ ਬਿਨਾਂ ਗੁਰੂ ਨਾਨਕ ਦੇਵ ਜੀ ਦੇ ਨਾਮ ਤੇ ਸਿਮਰਨ ਦੇ ਬ੍ਰਹਿਮੰਡ ਵਿਆਪੀ ਵਰਤਾਰੇ ਬਾਰੇ ਸੋਚਣਾ ਵਿਅਰਥ ਹੈ। ਕਲਪਨਾ ਰਹਿਤ ਤੇ ਪ੍ਰੇਰਨਾ ਵਿਹੂਣੇ ਵਿਅਕਤੀ ਇਸ ਦੇ ਸਾਰ ਨੂੰ ਨਹੀਂ ਜਾਣ ਸਕਦੇ। ਅਧਿਆਤਮਿਕ ਮੰਡਲ ਵਿਚ ਦੀਖਿਆ ਲੈਣ ਤੋਂ ਬਿਨਾਂ ਇਹ ਸਭ ਕੁਝ ਇਕ ਅਕੇਵੇਂਦਾਰ ਗੋਰਖਧੰਦਾ ਤੇ ਵਹਿਮ ਹੀ ਪ੍ਰਤੀਤ ਹੁੰਦਾ ਹੈ। ਇਸ ਬ੍ਰਹਿਮੰਡ ਵਿਆਪੀ ਗੁਰ-ਪ੍ਰਸਾਦਿ ਤੋਂ ਬਿਨਾਂ ਸਦੀਆਂ ਦੀ ਸਾਧਨਾ ਦੇ ਹੁੰਦਿਆਂ ਹੋਇਆਂ ਵੀ ਧਰਮ ਕਠੋਰ ਜਬਰ ਦਾ ਰੂਪ ਧਾਰਨ ਕਰ ਜਾਂਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਅਜਿਹੇ ਜਿਉਂਦੇ ਜਾਗਦੇ ਸ਼ਬਦਾਂ ਵਿਚ ਵਿਆਖਿਆ ਕੀਤੀ ਹੈ। ਇਥੇ ਸਰਬ ਲੋਹ ਦੇ ਸ਼ਸਤਰਾਂ ਦੇ ਭਿੜਨ ਦਾ ਖੜਕਾਰ ਹੈ, ਚਮਕਦੀਆਂ ਤੇਗ਼ਾਂ ਦਾ ਚਮਕਾਰ ਹੈ ਅਤੇ ਇਕ ਨਿਰਭੈ ਨਾਦ ਦੀ ਗੁੰਜਾਰ ਹੈ, ਜਿਸ ਦੁਆਰਾ ਉਹਨਾਂ ਤੋਂ ਪਹਿਲਾਂ ਜੋ ਸਭ ਕੁਝ ਵਾਪਰਿਆ ਹੈ, ਉਸ ਨੂੰ ਮਹਾਂਕਾਲ ਦੀ ਗੋਦ ਵਿਚ ਸਮੇਟ ਲਿਆ ਗਿਆ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਮਹਾਨ ਮਹਾਂ-ਕਾਵਿ ਗਰੰਥਾਂ ਵਿਚ ਨਵਾਂ ਸੰਸਾਰ, ਨਵੀਂ ਧਰਤੀ, ਨਵੇਂ ਆਕਾਸ਼ ਦੀ ਰਚਨਾ ਦਾ ਆਦਿ ਕਰ ਦਿਤਾ ਹੈ। ਆਪ ਚਾਹੁੰਦੇ ਸਨ ਕਿ ਬਿਜਲੀ ਦੀ ਚਮਕ ਤੇ ਬਦਲਾਂ ਦੀ ਗਰਜ ਉਹਨਾਂ ਦੇ ਸੰਦੇਸ਼ ਨੂੰ ਪਸਾਰ ਦੇਵੇ ਅਤੇ ਉਹਨਾਂ ਦੀ ਆਤਮਾ ਦਾ ਭਰਪੂਰ ਕਾਂਗ-ਉਛਾਲਾ ਇਕ ਵਾਰ ਸਭ ਦਾ ਸੰਘਾਰ ਕਰਕੇ ਮਨੁੱਖ ਦੇ ਨਵੇਂ ਕੁਦਰਤੀ ਸਰੂਪ ਤੇ ਅਕਾਲ-ਪੁਰਖ ਦੇ ਅਲੌਕਿਕ ਉਪਰ-ਪ੍ਰਾਕ੍ਰਿਤਕ ਸਰੂਪ ਦੀ ਨਵੇਂ ਸਿਰਿਉਂ ਸਿਰਜਣਾ ਕਰੇ।

ਗੁਰੂ ਗਰੰਥ ਸਾਹਿਬ ਵਿਚ ਕੋਈ ਵੀ ਅਜਿਹੀ ਵਸਤੂ ਨਹੀਂ ਹੈ ਜੋ ਦਸਮ ਗੁਰੂ ਦੀ ਇਸ ਆਤਮਾ ਦੇ ਵਿਪਰੀਤ ਹੋਵੇ ਜਾਂ ਉਸ ਦਾ ਖੰਡਨ ਜਾਂ ਵਿਰੋਧ ਕਰਦੀ ਹੋਵੇ, ਪਰ ਜੇ ਸੰਪਰਦਾਈ ਹਿੰਦੂ ਤੇ ਸਿੱਖ ਵਿਦਵਾਨਾਂ ਦੇ ਇਹਨਾਂ ਸ਼ਬਦਾਂ ਦੀ ਕੀਤੀ ਅਰਥਾਂ ਦੀ ਵਿਆਖਿਆ ਨੂੰ ਵਾਚਿਆ ਜਾਵੇ ਤਾਂ ਉਸ ਵਿਚੋਂ ਸ੍ਰੀ ਦਸਮੇਸ਼ ਦੀ ਇਸ

ਆਤਮਾ ਦੀ ਝਲਕ ਦਿਖਾਈ ਨਹੀਂ ਦਿੰਦੀ। ਇਹਨਾਂ ਸਨਾਤਨੀ, ਨਿਰਜਿੰਦ, ਸਿਰਜਣਾ ਰਹਿਤ ਸੰਸਕ੍ਰਿਤ-ਦਰਸ਼ਨ, ਬ੍ਰਾਹਮਣਵਾਦੀ ਮਿਥਿਹਾਸ ਬ੍ਰਹਿਮੰਡ ਦੇ ਰਚਨਾ ਬਾਰੇ ਕਈ ਤਰ੍ਹਾਂ ਦੀਆਂ ਮਨ ਘੜਤ ਕਥਾ-ਕਹਾਣੀਆਂ ਅਤੇ ਇਸੇ ਤਰ੍ਹਾਂ ਪਾਰਬ੍ਰਹਮ ਕੀ ਹੈ, ਇਸ ਜਗਤ ਦਾ ਆਦਿ ਤੇ ਅੰਤ ਕੀ ਹੈ, ਇਹ ਸਭ ਕੁਝ ਉਸ ਮਹਾਂ-ਸੰਗੀਤ ਦੇ ਵਿਪਰੀਤ ਜਾਂਦਾ ਹੈ ਜੋ ਨਿਰਜਿੰਦ ਵਸਤੂ ਵਿਚੋਂ ਜੀਵਨ ਨੂੰ ਉਦਾਤ ਸਰੂਪ ਪ੍ਰਦਾਨ ਕਰਦਾ ਹੈ ਅਤੇ ਜਿਸ ਸੰਗੀਤ ਦੀ ਪਰਿਭਾਸ਼ਾ ਕਰ ਸਕਣਾ ਬੜਾ ਕਠਨ ਹੈ। ਇਹ ਮਹਾਂ ਸੰਗੀਤ ਗੁਰਬਾਣੀ ਦੇ ਸ਼ਬਦਾਂ ਵਿਚ ਵਿਆਪਕ ਹੈ। ਗੁਰੂ ਸਾਹਿਬ ਦੇ ਇਸ ਸੰਗੀਤ ਦੀ ਮਹਾਂ-ਧੁਨੀ ਤੇ ਵਰਿੰਦਗਾਨ ਨੂੰ ਕਿਸੇ ਵੀ ਢੰਗ ਨਾਲ ਦਾਰਸ਼ਨਿਕ ਸੂਤਰਾਂ ਵਿਚ ਨਹੀਂ ਬੰਨ੍ਹਿਆ ਜਾ ਸਕਦਾ।

ਇਸ ਪ੍ਰਕਾਰ ਗੁਰੂ ਦਾ ਨਾਮ ਉਪਰ-ਪ੍ਰਾਕ੍ਰਿਤਕ ਰੂਪ ਵਿਚ ਕਾਵਿਮਈ ਪ੍ਰਤਿਭਾ ਦਾ ਸੁਭਾਵਕ ਕਰਮ ਹੀ ਹੁੰਦਾ ਹੈ, ਜੋ ਭਾਵੇਂ ਸਰੀਰਕ ਰੂਪ ਵਿਚ ਰਾਤ ਤੇ ਦਿਨ ਦੇ ਸਭ ਸਮਿਆਂ ਵਿਚ ਸੁਤੰਤਰਤਾ ਦੇ ਉਚੇਰੇ ਆਤਮਿਕ ਸੰਸਾਰ ਦੇ ਪ੍ਰਭਾਵ ਅਧੀਨ ਵਿਚਰਦਾ ਹੈ। ਇਹ ਤਾਂ ਮਨ ਦੀ ਇਕ ਅਜਿਹੀ ਦਸ਼ਾ ਹੈ ਜੋ ਸਵੀਡਨਬਰਗ ਦੇ ਪਰਮ-ਅਨੰਦ ਨਾਲ ਮਿਲਦੀ ਜੁਲਦੀ ਹੈ। ਇਹ ਉਹ ਮਨੋਦਸ਼ਾ ਹੈ ਜੋ ਪੈਗੰਬਰ ਮੁਹੰਮਦ ਸਾਹਿਬ ਨੂੰ ਪ੍ਰਾਪਤ ਹੋਈ ਸੀ। ਇਹ ਉਹ ਯਾਦ ਸੀ ਜਿਸ ਵਿਚ ਹਜ਼ਰਤ ਈਸਾ ਪ੍ਰਭੂ-ਸੁਤ ਦੇ ਰੂਪ ਵਿਚ ਆਸਮਾਨੀ ਬਾਪ ਦਾ ਸਿਮਰਨ ਕਰਦੇ ਸਨ। ਇਹ ਤਾਂ ਪੈਗੰਬਰਾਂ, ਅਵਤਾਰਾਂ ਦੀ ਸਰਬ-ਗਿਆਤਾ ਹੋਣ ਵਾਲੀ ਅਵਸਥਾ ਹੈ। ਇਹ ਤਾਂ ਅੰਤਰਮੁਖਤਾ ਦੀ ਉਹ ਸ਼ੁਧ ਅਵਸਥਾ ਹੈ ਜਿਸ ਵਿਚ ਪ੍ਰੇਮ ਆਤਮਾ ਦੇ ਅੰਦਰੋਂ ਹੀ ਆਤਮਿਕ ਅਗਵਾਈ ਅਧੀਨ ਧਰਤੀ ਦੀਆਂ ਉਹਨਾਂ ਪਰਤਾਂ ਵਿਚੋਂ ਹੀ ਉਪਰ ਨੂੰ ਉਛਾਲੇ ਮਾਰਨ ਲਗ ਪੈਂਦਾ ਹੈ ਜੋ ਕਿ ਸੰਸਾਰਕ ਜੀਵਨ ਦੀਆਂ ਕਠੋਰ ਪ੍ਰਸਥਿਤੀਆਂ ਦੀ ਦੇਣ ਹੁੰਦੀ ਹੈ। ਸਿਮਰਨ ਵਾਲਾ ਸਿੱਖ ਸੰਤ-ਪੁਰਸ਼ ਇਸ ਤਰ੍ਹਾਂ ਅਨੁਭਵ ਕਰਦਾ ਹੈ ਜਿਵੇਂ ਉਹ ਗੰਦ ਅਤੇ ਧੂੜ ਲਿਬੜੀਆਂ ਮਨੋਕਾਮਨਾਵਾਂ ਤੇ ਹਉਮੈ ਦੇ ਸਥੂਲ ਸੰਸਾਰ ਤੋਂ ਉਪਰ ਉਠ ਗਿਆ ਹੈ ਅਤੇ ਉਹ ਇੰਜ ਹੌਲਾ-ਫੁੱਲ ਪ੍ਰਤੀਤ ਕਰਦਾ ਹੈ ਜਿਵੇਂ ਉਹ ਸਰੀਰ-ਰਹਿਤ ਹੋ ਗਿਆ ਹੋਵੇ। ਮਨ ਦੀ ਇਸ ਦਸ਼ਾ ਦੇ ਸਰੀਰਕ ਯਤਨ ਬੜੇ ਅਦਭੁਤ ਹੁੰਦੇ ਹਨ। ਉਹ ਇੰਜ ਅਨੁਭਵ ਕਰਦਾ ਹੈ ਜਿਵੇਂ ਉਸ ਦੇ ਮਸਤਕ ਦੇ ਅੰਦਰ ਤ੍ਰਿਕੁਟੀ ਦੇ ਸਥਾਨ ਉਤੇ ਕੋਈ ਅੰਮ੍ਰਿਤ ਕੁੰਡ ਹੈ ਅਤੇ ਇਕ ਪ੍ਰਕਾਰ ਦੀ ਅਨੂਠੀ ਮਸਤੀ ਵਿਚ ਉਸ ਦੇ ਨੈਣ ਸਦਾ ਉਪਰ ਵਲ ਨੂੰ ਖਿਚੇ ਰਹਿੰਦੇ ਹਨ। ਉਸ ਦਾ ਅੰਤਰੀਵ ਦਾ ਸੱਚਾ ਧਰਮ-ਕਰਮ ਨਿਰੰਤਰ ਰੂਪ ਵਿਚ ਅਜਿਹੀ ਮਤਵਾਲੀ ਅਵਸਥਾ ਵਿਚ ਵਿਚਰਨਾ ਹੈ। ਇਹੋ ਹੀ ਉਸ ਦਾ ਨਾਮ ਤੇ ਸਿਮਰਨ ਹੈ। ਉਸ ਦੇ ਇਸ ਅੰਤਰੀਵ ਅੰਮ੍ਰਿਤ ਸਰੋਵਰ ਉਤੇ ਆਕਾਸ਼ੀ ਪਵਨ ਰੁਮਕਦੀ ਰਹਿੰਦੀ ਹੈ। ਜਦੋਂ ਇਹ ਸ਼ਾਨਦਾਰ ਆਕਰਸ਼ਨ ਸਥਿਰ ਹੁੰਦਾ ਹੈ ਤਾਂ ਇਹ ਸੰਪੂਰਨ ਅਰੋਗਤਾ ਦੀ ਅਵਸਥਾ ਹੁੰਦੀ ਹੈ। ਪਰ ਜਦੋਂ ਕਿਸੇ ਕਾਰਨ ਉਸ ਦੇ ਅੰਦਰ ਦਾ ਇਹ ਸੰਤੁਲਨ ਭੰਗ ਹੋ ਜਾਂਦਾ ਹੈ ਤਾਂ ਉਹ ਸ਼ਕਤੀ ਗੁਆ ਬੈਠਦਾ ਹੈ। ਜਦੋਂ ਉਹ ਆਪਣੇ ਇਸ ਆਤਮ ਕੇਂਦਰ

ਵਿਚ ਇਸਥਿਤ ਹੁੰਦਾ ਹੈ ਤਾਂ ਆਤਮਿਕ ਸੁਤੰਤਰਤਾ ਦੇ ਅਧਿਆਤਮ ਮੰਡਲ ਦੀਆਂ ਦੇਵ-ਆਤਮਾਵਾਂ ਦਾ ਉਸ ਉਤੇ ਨਦਰਿ-ਕਰਮ ਹੁੰਦਾ ਹੈ ਅਤੇ ਉਸ ਦੀਆਂ ਇਛਾਵਾਂ ਗਤੀਸ਼ੀਲ ਅਵਸਥਾ ਵਿਚ ਹੁੰਦੀਆਂ ਹਨ। ਇਸ ਅਵਸਥਾ ਵਿਚ ਉਹ ਮਨੁੱਖ, ਭਲਾਈ ਦੇ ਸਰਵੁਚ ਕਰਮ ਕਰ ਸਕਦਾ ਹੈ। ਇਸ ਆਤਮਿਕ ਕੁੰਡ ਵਿਚ ਸਥਿਰ ਹੋ ਕੇ ਉਹ ਵਧੇਰੇ ਕਰਮਸ਼ੀਲ ਹੋ ਸਕਦਾ ਹੈ ਅਤੇ ਕਿਸੇ ਵਿਅਕਤੀ ਲਈ ਆਪਣੇ ਇਸ ਨਿਜ ਕੇਂਦਰ ਤੋਂ ਬਾਹਰ ਆ ਕੇ ਸਰੀਰਕ ਸਹਾਇਤਾ ਜਾਂ ਮਾਨਸਿਕ ਹਮਦਰਦੀ ਕਰਨ ਨਾਲੋਂ ਵਧੇਰੇ ਕੁਝ ਕਰ ਸਕਦਾ ਹੈ। ਉਸ ਦਾ ਪਰਉਪਕਾਰ ਆਤਮਿਕ ਸਰੂਪ ਵਾਲਾ ਹੁੰਦਾ ਹੈ। ਜਿਹੜੇ ਵਿਅਕਤੀ ਟੁੱਟੀ ਫੁੱਟੀ ਆਤਮਾ ਵਾਲੇ ਹੁੰਦੇ ਹਨ ਜਾਂ ਮਾਨਸਿਕ ਤੇ ਸਰੀਰਕ ਪਸਾਰੇ ਕਾਰਨ ਡੂੰਘੀ ਨਿਰਾਸ਼ਾ ਵਿਚ ਹੁੰਦੇ ਹਨ, ਉਹਨਾਂ ਨੂੰ ਅਜਿਹਾ ਆਤਮਿਕ ਪੁਰਸ਼ ਸੰਪੂਰਨ ਬਣਾ ਦਿੰਦਾ ਹੈ ਤੇ ਉਹ ਵਿਸ਼ਵਾਸ ਵਿਚ ਚਮਕ ਉਠਦੇ ਹਨ। ਉਹ ਸਾਰੇ ਕਵੀ ਜੋ ਸ਼ਾਨਦਾਰ ਰੂਪ ਵਿਚ ਨਿਰਾਸ਼ਾਵਾਦੀ ਹੁੰਦੇ ਹਨ, ਵਾਸਤਵ ਵਿਚ ਮਾਨਸਿਕ ਤੌਰ 'ਤੇ ਵਧੇਰੇ ਸ਼ਕਤੀਸ਼ਾਲੀ ਹੁੰਦੇ ਹਨ। ਉਹ ਉਦਾਤ ਉਤੇਜਨਾ ਦੀ ਅਵਸਥਾ ਵਿਚ ਹੁੰਦੇ ਹਨ, ਹਾਲੀਂ ਉਹਨਾਂ ਨੂੰ ਆਤਮਾ ਦਾ ਉਹ ਅਨੁਭਵ ਪ੍ਰਾਪਤ ਨਹੀਂ ਹੋਇਆ ਹੁੰਦਾ ਜਿਸ ਨੂੰ ਗੁਰੂ ਨਾਨਕ, ਨਾਮ ਦੀ ਸੰਗਿਆ ਦਿੰਦੇ ਹਨ। ਜਿਸ ਬਾਰੇ ਉਹਨਾਂ ਦਾ ਕਥਨ ਹੈ ਕਿ ਇਸ ਨਾਮ ਤੋਂ ਬਿਨਾਂ ਇਹ ਜੀਵਨ ਨਿਤ ਜਲਦਾ ਰਹਿੰਦਾ ਹੈ।

ਗੁਰੂ ਸਾਹਿਬ ਦੀ ਨਦਰਿ-ਕਰਮ ਵਿਚ ਨਿਰਛਲ ਭੋਲੇ-ਭਾਲੇ ਬਾਲ ਆਤਮਿਕ ਤੌਰ 'ਤੇ ਸੰਸਾਰਕ ਕਵੀਆਂ ਤੋਂ ਉਚੇਰੇ ਹਨ। 'ਜਪੁਜੀ' ਵਿਚ ਕਥਨ ਹੈ, ''ਨਾਨਕ ਭਗਤਾ ਸਦਾ ਵਿਗਾਸੁ' ਜਦੋਂ ਅਸੀਂ ਅਜਿਹੇ ਵਿਅਕਤੀਆਂ ਤੋਂ ਪੁਛਦੇ ਹਾਂ ਕਿ ਇਹ ਅਵਸਥਾ ਕਿਸ ਪ੍ਰਕਾਰ ਦੀ ਹੈ ਤੇ ਕਿਸ ਤਰ੍ਹਾਂ ਪ੍ਰਾਪਤ ਹੋਈ ਹੈ ਤਾਂ ਉਹ ਇਸ ਬਾਰੇ ਕੋਈ ਵੀ ਕਥਨ ਕਰਨ ਨੂੰ ਤਿਆਰ ਨਹੀਂ ਹੁੰਦਾ ਹੈ। ਉਹ ਕੁਝ ਇਸ ਪ੍ਰਕਾਰ ਦਾ ਉਤਰ ਹੀ ਦਿੰਦਾ ਹੈ ਕਿ ਮੈਂ ਤਾਂ ਇਕ ਅਜਿਹਾ ਜੀਵਨ ਜੀਅ ਰਿਹਾ ਹਾਂ ਜਿਸ ਦਾ ਮੈਂ ਵਰਣਨ ਨਹੀਂ ਕਰ ਸਕਦਾ ਅਤੇ ਮੇਰਾ ਕਿਸੇ ਸਦਾ ਵਿਗਾਸੀ ਰਹਿਣ ਵਾਲੀ ਜੀਵਨਧਾਰਾ ਨਾਲ ਸੰਬੰਧ ਜਾ ਜੁੜਿਆ ਹੈ। ਇਸ ਨਦੀ ਵਰਗੇ ਪ੍ਰਵਾਹ ਵਿਚ ਮੈਨੂੰ ਇੰਜ ਆਭਾਸ ਹੁੰਦਾ ਹੈ ਕਿ ਮੈਂ ਸਚਮੁਚ ਜਿਉਂਦਾ ਹਾਂ। ਜਦੋਂ ਮੈਂ ਇਸ ਧਾਰਾ ਨਾਲੋਂ ਟੁਟ ਜਾਂਦਾ ਹਾਂ ਤਾਂ ਮੇਰੀ ਹਾਲਤ ਮੁਰਦੇ ਵਰਗੀ ਹੋ ਜਾਂਦੀ ਹੈ। ਉਹ ਇਹ ਵੀ ਦਸੇਗਾ ਕਿ ਅਜਿਹੀ ਅਵਸਥਾ ਦੀ ਪ੍ਰਾਪਤੀ ਬਾਰੇ ਨਾ ਤਾਂ ਕੋਈ ਸਿਖਿਆ ਦਿਤੀ ਜਾ ਸਕਦੀ ਹੈ, ਨਾ ਹੀ ਉਸ ਦਾ ਵਰਣਨ ਕੀਤਾ ਜਾ ਸਕਦਾ ਹੈ। ਜਿਨ੍ਹਾਂ ਉਤੇ ਪ੍ਰਭੂ ਦੀ ਕਿਰਪਾ ਹੁੰਦੀ ਹੈ ਤੇ ਸੁਭਾਗੇ ਹੁੰਦੇ ਹਨ, ਉਹੋ ਹੀ ਇਸ ਅਵਸਥਾ ਨੂੰ ਪ੍ਰਾਪਤ ਕਰ ਸਕਦੇ ਹਨ। ਇਹੋ ਹੀ ਗੁਰੂ ਗਰੰਥ ਸਾਹਿਬ ਦਾ ਸੰਦੇਸ਼ ਹੈ। ਭਗਤੀ ਭਾਵਨਾ ਜਾਂ ਸਿੱਖੀ ਸੰਪੂਰਨ ਰੂਪ ਵਿਚ ਆਤਮਿਕ ਚੇਤੰਨਤਾ ਦੀ ਅਵਸਥਾ ਹੁੰਦੀ ਹੈ। ਨਾਮ ਤੇ ਸਿਮਰਨ ਸੁਤੇਸਿਧ ਜਾਂ ਆਵੇਸ਼ ਦੀਆਂ ਉਹ ਪ੍ਰਸਥਿਤੀਆਂ ਹੁੰਦੀਆਂ ਹਨ ਜੋ ਉਸ ਪ੍ਰੇਰਨਾ ਦੀ ਸਵੱਛ ਚਾਂਦੀ ਧਾਰ ਨਾਲ ਜਾ ਜੁੜਦੀਆਂ ਹਨ ਅਤੇ ਜੋ ਉਸ ਵਿਅਕਤੀ ਨੂੰ ਉਹਨਾਂ ਗੁਰੂ ਆਤਮਾਵਾਂ ਨਾਲ

ਜੋੜ ਦਿੰਦੀਆਂ ਹਨ ਜੋ ਉਹਨਾਂ ਦੇ ਤਨ ਤੇ ਮਨ ਨੂੰ ਮੱਲੀ ਬੈਠੇ ਹੁੰਦੇ ਹਨ। ਉਹ ਜਿਗਿਆਸੂ ਤਾਂ ਆਪ ਇਕ ਅਕ੍ਰੈ ਅਵਸਥਾ ਵਿਚ ਹੁੰਦਾ ਹੈ, ਜਿਥੇ ਉਸ ਦਾ ਕੋਈ ਵਸ ਨਹੀਂ ਚਲਦਾ। ਇਹ ਸਭ ਕੁਝ ਪ੍ਰਭੂ-ਪ੍ਰੀਤਮ ਦੀ ਰਜ਼ਾ ਅਨੁਸਾਰ ਹੀ ਚਲਦਾ ਹੈ। ਇਸ ਉਚੇਰੇ ਮੰਡਲ ਤੋਂ ਪ੍ਰਾਪਤ ਹੋਈ ਨਿਰੰਤਰ ਪ੍ਰੇਰਨਾ ਇਸ ਧਰਤੀ ਉਪਰ ਪ੍ਰੇਮ ਦੇ ਰੂਪ ਵਿਚ ਸਾਕਾਰ ਹੁੰਦੀ ਹੈ। ਮਨੁੱਖ ਦਾ ਇਹ ਆਤਮਿਕ ਚਰਿਤਰ ਪ੍ਰੇਰਨਾ ਦੇ ਇਸ ਅੰਤਰ ਪ੍ਰਵਾਹ ਦਾ ਪ੍ਰਭਾਵ ਮਾਤਰ ਹੀ ਹੁੰਦਾ ਹੈ। ਇਹ ਇਕ ਤਰ੍ਹਾਂ ਦੀ ਆਪ ਮੁਹਾਰੀ ਸਮਰਪਣ ਦੀ ਅਵਸਥਾ ਹੁੰਦੀ ਹੈ, ਜਿਸ ਤਰ੍ਹਾਂ ਦਾ ਸਮਰਪਣ ਇਕ ਧਨ ਆਪਣੇ ਪਿਰ ਪ੍ਰਤੀ ਕਰਦੀ ਹੈ। ਇਸ ਪ੍ਰੇਰਨਾ ਦੇ ਪ੍ਰਵਾਹ ਵਿਚ ਉਤਰਾ ਚੜ੍ਹਾ ਵੀ ਆਉਂਦੇ ਰਹਿੰਦੇ ਹਨ। ਸਭ ਪ੍ਰਕਾਰ ਦੀ ਜੀਵਤ ਜਾਂ ਸਜੀਵ ਪ੍ਰੇਰਨਾ ਵਿਚ ਚੜ੍ਹਾ-ਉਤਰਾ ਦੀ ਪ੍ਰਕ੍ਰਿਆ ਅਵੱਸ਼ ਵਾਪਰਦੀ ਹੈ। ਕਈ ਵਾਰ ਤਾਂ ਇਹ ਇੰਨੀ ਅਨਿਸ਼ਚਿਤ ਰੂਪ ਦੀ ਹੁੰਦੀ ਹੈ ਕਿ ਇਹ ਅਨੰਤ ਵਿਚ ਹੀ ਸਮਾ ਜਾਂਦੀ ਹੈ। ਕਈ ਵਾਰ ਇਹ ਚੂਨੇ ਪੱਥਰ ਦੀ ਬਜਰ ਚੱਟਾਨ ਵਰਗੀ ਸਖ਼ਤ ਹੁੰਦੀ ਹੈ, ਕਈ ਵਾਰ ਇਹ ਤਲਵਾਰ ਦੀ ਚਮਕਾਰ ਸਮਾਨ ਅੰਧਕਾਰ ਦਾ ਨਾਸ਼ ਕਰਨ ਵਾਲੀ ਹੁੰਦੀ ਹੈ। ਅਜਿਹੀ ਜਿਗਿਆਸੂ ਆਤਮਾ ਦੀ 'ਸਭ ਇਕ ਹੈ' ਦੇ ਨੀਰਸ ਦਾਰਸ਼ਨਿਕ ਸੂਤਰ ਵਿਚ ਕੋਈ ਰੁਚੀ ਨਹੀਂ ਹੁੰਦੀ। ਇਕ ਜੀਵਤ ਵਿਅਕਤੀ ਲਈ ਇਹ ਬੜੀ ਨਿਗੂਣੀ ਜਿਹੀ ਗੱਲ ਹੈ ਕਿ ਅੰਤਮ ਯਥਾਰਥ 'ਏਕ ਹੈ ਜਾਂ ਅਨੇਕ।' ਨਾਮ ਤੇ ਸਿਮਰਨ ਵਾਲਾ ਵਿਅਕਤੀ ਪ੍ਰਾਭੌਤਿਕ ਅਨੁਮਾਨਾਂ ਜਾਂ ਸਿਧਾਂਤਾਂ ਦੇ ਝੰਜਟ ਵਿਚ ਨਹੀਂ ਪੈਂਦਾ। ਉਹ ਤਾਂ ਇਹ ਅਨੁਭਵ ਕਰਦਾ ਹੈ ਕਿ ਇਹਨਾਂ ਅਮੂਰਤ ਸੰਕਲਪਾਂ ਦੇ ਗੇੜ ਵਿਚ ਫਸ ਕੇ ਉਸ ਦੀ ਅਲਪ ਆਯੂ ਹੋਰ ਵੀ ਛੋਟੀ ਹੋ ਜਾਵੇਗੀ। ਇਹ ਜੀਵਨ ਦਾ ਅਵਸਰ ਤਾਂ ਜੀਵਨ ਦੇ ਦੈਵੀ ਸੰਗੀਤ ਨੂੰ ਸਿਖਣ ਲਈ ਹੀ ਪ੍ਰਾਪਤ ਹੋਇਆ ਹੈ। ਜਿਸ ਲਈ ਕਠਿਨ ਅਭਿਆਸ ਕਰਨਾ ਪੈਂਦਾ ਹੈ ਤੇ ਇਸ ਉਦੇਸ਼ ਦੀ ਪ੍ਰਾਪਤੀ ਲਈ ਕਲਾਧਾਰੀ ਨਿਪੁੰਨਤਾ ਤਕ ਪੁਜਣ ਦੀ ਲੋੜ ਹੈ।

ਗੁਰਮਤਿ ਦੇ ਵਿਧਾਨ ਅਨੁਸਾਰ ਨਾਮ ਤੇ ਸਿਮਰਨ ਪ੍ਰੇਰਨਾ ਦੇ ਹੀ ਪ੍ਰਤੀਫਲ ਹਨ ਅਤੇ ਇਹ ਕੋਈ ਕਿਆਸੀ ਅਨੁਮਾਨ ਨਹੀਂ ਹਨ। ਇਹ ਤਾਂ ਆਤਮਾ ਦੀ ਸੁਤੰਤਰਤਾ ਤਕ ਪੁਜਣ ਦੀ ਉਹ ਪ੍ਰਕ੍ਰਿਆ ਹੈ ਜਿਸ ਨੂੰ ਕੋਈ ਵਿਅਕਤੀ ਅੰਸ਼ਕ ਰੂਪ ਵਿਚ ਤਾਂ ਇਸ ਲੋਕ ਵਿਚ ਹੀ ਪ੍ਰਾਪਤ ਕਰ ਸਕਦਾ ਹੈ, ਪਰ ਸੰਪੂਰਨ ਰੂਪ ਵਿਚ ਇਹ ਅਵਸਥਾ ਮੌਤ ਪਿਛੋਂ ਪਰਲੋਕ ਵਿਚ ਉਸ ਅਧਿਆਤਮ ਮੰਡਲ ਵਿਚ ਪ੍ਰਵੇਸ਼ ਕਰਕੇ ਹੀ ਪ੍ਰਾਪਤ ਹੁੰਦੀ ਹੈ ਜਿਥੇ ਦਸ ਗੁਰੂ ਸਾਹਿਬਾਨ ਦੀ ਹਜ਼ੂਰੀ ਵਿਚ ਭਗਤ-ਜਨ ਸੁਭਾਇਮਾਨ ਹਨ। ਸਾਨੂੰ ਇਹ ਮੰਨ ਕੇ ਤੁਰਨਾ ਚਾਹੀਦਾ ਹੈ ਕਿ ਸਾਡੇ ਸੰਸਾਰ ਤੋਂ ਬਿਨਾਂ ਕੋਈ ਹੋਰ ਵੀ ਮੁਕਤਗਾਮੀ ਸੰਸਾਰ ਹੈ, ਜੋ ਕਿਸੇ ਨਿਰਵਿਸ਼ੇਸ਼ ਦੇਸ਼ ਤੋਂ ਬਿਨਾਂ ਇਥੇ ਹੀ ਸਾਡੇ ਅੰਦਰ ਵਿਆਪਕ ਹੈ। ਉਹਨਾਂ ਸ਼ਕਤੀਸ਼ਾਲੀ ਰਖਣਹਾਰਿਆਂ ਨਾਲ ਸੰਬੰਧ ਸਥਾਪਤ ਹੋ ਜਾਂਦੇ ਹਨ ਜੋ ਉਸ ਅਦ੍ਰਿਸ਼ਟ ਪ੍ਰਕਾਸ਼ ਮੰਡਲ ਤੇ ਉਸ ਸਮੇਂ ਵਿਚ ਵਿਚਰ ਰਹੇ ਹਨ ਜਿਸ ਨੂੰ ਅਸੀਂ ਅਕਾਲ ਕਹਿੰਦੇ

ਾਂ। ਆਤਮਾਵਾਂ ਦੇ ਪੀਂਘ ਹੁਲਾਰਿਆਂ ਵਿਚ ਇਹ ਕੁਝ ਵਿਸ਼ੇਸ਼ ਚੋਣ ਤੇ ਦਾਤੀਕਰਣ ਦਾ ਵਰਤਾਰਾ ਹੁੰਦਾ ਹੈ। ਗੁਰੂ ਜੀ ਦਾ ਕਥਨ ਹੈ ਕਿ ਨਾਮ ਤਾਂ ਗੁਰੂ ਦਾ ਪ੍ਰਸਾਦ-ਕਰਮ ਹੈ। ਕਈਆਂ ਨੂੰ ਤਾਂ ਇਹ ਗੂੜ੍ਹੀ ਨੀਂਦੇ ਸੁਤਿਆਂ ਹੀ ਪਤ ਹੋ ਜਾਂਦਾ ਹੈ। ਗੁਰੂ ਆਪ ਆ ਕੇ ਸੁਤਿਆਂ ਨੂੰ ਜਗਾ ਦਿੰਦਾ ਹੈ ਤੇ ਉਹਨਾਂ ਦੇ ਮੁਖ ਵਿਚ ਨਾਮ ਅੰਮ੍ਰਿਤ ਦੀਆਂ ਘੁਟਾਂ ਪਾਉਂਦਾ ਹੈ, ਪਰ ਦੂਜਿਆਂ ਨੂੰ ਜਿਹੜੇ ਆਪਣੇ ਆਪ ਨੂੰ ਜਾਗਦੇ ਹੋਏ ਤੇ ਇਸ ਵਿਧਾਨ ਤੋਂ ਜਾਣੂੰ ਸਮਝਦੇ ਹਨ, ਉਹਨਾਂ ਨੂੰ ਇਹ ਨਾਮ ਦੀ ਦਾਤ ਪ੍ਰਾਪਤ ਨਹੀਂ ਹੁੰਦੀ। ਇਸੇ ਲਈ ਗੁਰੂ ਜੀ ਦਾ ਫੁਰਮਾਨ ਹੈ ਕਿ "ਉਹ ਵਿਅਕਤੀ ਹੀ ਗੁਰਮੁਖ ਹੁੰਦਾ ਹੈ ਜਿਸ ਦਾ ਮੁਖ ਗੁਰੂ ਦੇ ਨਾਮ-ਅੰਮ੍ਰਿਤ ਦੀ ਪ੍ਰਾਪਤੀ ਲਈ ਸਦਾ ਖੁਲ੍ਹਾ ਰਹਿੰਦਾ ਹੈ।"

'ਸ਼ਬਦ ਬ੍ਰਹਮ' ਦੀ ਇਹ ਹੋਂਦ ਜੋ ਕਿ ਦੇਹ ਰੂਪ ਵਿਚ ਇਸਥਿਤ ਹੁੰਦੀ ਹੈ, ਪਦਾਰਥਕ ਹੁੰਦੀ ਹੋਈ ਵੀ ਅਪਦਾਰਥਕ ਹੁੰਦੀ ਹੈ। ਇਹ ਇਕ ਤਰ੍ਹਾਂ ਦਾ ਮਕਨਾਤੀਸੀ ਬਿਜਲਾਣੂ ਬਿੰਦੂ ਹੁੰਦਾ ਹੈ। ਇਹ ਤਾਂ ਉਹ ਧੁਰਾ ਹੁੰਦਾ ਹੈ, ਜਿਸ ਦੇ ਦੁਆਲੇ ਸੂਰਜ-ਮੰਡਲ ਤੇ ਪ੍ਰਮਾਣੂ ਸਮਾਨ ਸਿਰਜਣਾਤਮਿਕ ਪ੍ਰਕ੍ਰਿਆ ਚਲਦੀ ਰਹਿੰਦੀ ਹੈ। ਦਸ ਗੁਰੂ ਸਾਹਿਬਾਨ ਦੇ ਜੀਵਨ ਸਮਾਚਾਰਾਂ ਤੋਂ ਇਹ ਗੱਲ ਪ੍ਰਤੱਖ ਰੂਪ ਵਿਚ ਸਿਧ ਹੋ ਜਾਂਦੀ ਹੈ ਕਿ ਮਨੁੱਖ ਰੂਪ ਵਿਚ ਆਪ ਵਿਵਹਾਰਿਕ ਤੌਰ ਤੇ ਮਨੁੱਖਾਂ ਵਾਂਗ ਅਰਥਾਤ ਸਿੱਖਾਂ ਵਾਂਗ ਹੀ ਵਿਚਰਦੇ ਰਹੇ। ਸਭ ਗੁਰੂ ਸਾਹਿਬਾਨ ਨੇ ਕਿਸੇ ਵਿਅਕਤੀ ਰੂਪ ਵਿਚ ਵਿਆਪਕ ਗੁਰੂ ਦੀ ਆਤਮਾ ਦਾ ਸਤਿਕਾਰ ਕੀਤਾ ਹੈ। ਆਪ ਨੇ ਇਸ ਗੁਰੂ ਆਤਮਾ ਨੂੰ ਸਾਧ-ਸੰਗਤ, ਗੁਰਬਾਣੀ ਅਤੇ ਸ਼ਬਦ ਵਿਚ ਹੀ ਵਿਦਮਾਨ ਮੰਨਿਆ ਹੈ। ਇਹ ਇਕ ਅਦੁੱਤੀ ਗੱਲ ਹੈ।

ਬੁਧ-ਮਤ ਵਾਂਗ ਸਿੱਖ-ਮਤ ਵੀ ਇਕ ਜੀਵਨ-ਜੁਗਤ ਜਾਂ ਕਲਾ ਹੈ। ਕੋਈ ਵੀ ਵਿਅਕਤੀ ਕਿਸੇ ਨਾ ਕਿਸੇ ਦਿਨ ਬੋਧੀਤਵ ਜਾਂ ਗੁਰੂਤਵ ਨੂੰ ਪ੍ਰਾਪਤ ਕਰ ਸਕਦਾ ਹੈ। ਸਿੱਖ-ਮਤ ਵਿਚ ਜੀਵਨ ਨੂੰ ਕਲਾਧਾਰੀ ਕਰਮ ਦੇ ਰੂਪ ਵਿਚ ਪ੍ਰਵਾਨ ਕੀਤਾ ਗਿਆ ਹੈ। ਇਹ ਜੀਵਨ ਦੇ ਪ੍ਰਾਭੌਤਿਕ ਸੰਕਲਪਾਂ ਤੋਂ ਵਖਰੀ ਧਾਰਨਾ ਹੈ, ਜਿਨ੍ਹਾਂ ਨੂੰ ਕੇਵਲ ਭਰਮ-ਜਾਲ ਹੀ ਮੰਨਿਆ ਗਿਆ ਹੈ ਅਤੇ ਜੋ ਯਥਾਰਥ ਨਹੀਂ ਹੈ। ਗੁਰੂ ਗਰੰਥ ਸਾਹਿਬ ਵਿਚ ਵੀ ਬ੍ਰਹਮ ਤੇ ਪਾਰਬ੍ਰਹਮ ਦੇ ਸ਼ਬਦਾਂ ਦਾ ਪ੍ਰਯੋਗ ਕੀਤਾ ਗਿਆ ਹੈ, ਪਰ ਜਿਵੇਂ ਕਿ ਕਨਿੰਘਮ ਦਾ ਮਤ ਹੈ, "ਇਹ ਕੇਵਲ ਦ੍ਰਿਸ਼ਟਾਂਤ ਮਾਤਰ ਹੀ ਹੈ।" ਇਸੇ ਤਰ੍ਹਾਂ ਬ੍ਰਾਹਮਣ-ਮਤ ਦੀ ਦੇਵ-ਮਾਲਾ ਦੇ ਬਹੁਤ ਸਾਰੇ ਦੇਵੀ-ਦੇਵਤਿਆਂ ਦੇ ਨਾਮਾਂ ਦਾ ਵੀ ਵਰਣਨ ਮਿਲ ਜਾਂਦਾ ਹੈ।

ਬਾਵਨ-ਅੱਖਰੀ ਵਿਚ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ, "ਸ੍ਰਿਸ਼ਟੀ ਦਾ ਜੋ ਇਹ ਵਿਸ਼ਾਲ ਅੱਖਰ ਅਸੀਂ ਵੇਖ ਰਹੇ ਹਾਂ, ਇਹੋ ਹੀ ਸ਼ੁਧ ਪਾਰਬ੍ਰਹਮ ਹੈ।"

ਸਿਮਰਨ ਵੀ ਜਦੋਂ ਸਿੰਚਿਤ ਕੀਤਾ ਜਾਂਦਾ ਹੈ ਤਾਂ ਇਸ ਦਾ ਮਨੁੱਖ ਦੇ ਵਿਅਕਤੀਤਵ ਉਤੇ ਕੀਮੀਆਂਗਰੀ ਵਾਲਾ ਕਰਾਮਾਤੀ ਪ੍ਰਭਾਵ ਪੈਂਦਾ ਹੈ। ਇਹ ਪ੍ਰਭਾਵ ਪ੍ਰਾਕ੍ਰਿਤਕ ਵਸਤਾਂ ਉਪਰ ਵੀ ਪੈਂਦਾ ਹੈ। ਜੁਗਾਂ-ਜੁਗਾਂਤਰਾਂ ਦੀ ਸਿੰਚਿਤ

ਭਗਤੀ ਸਾਧਨਾ ਜਦੋਂ ਗਿਰਜਾਘਰਾਂ ਤੇ ਮੰਦਰਾਂ ਵਿਚ ਕਲਾ ਜਾਂ ਦਇਆ ਦੇ ਪ੍ਰਗਟਾਉ ਦਾ ਰੂਪ ਧਾਰਨ ਕਰਦੀ ਹੈ ਤਾਂ ਕੌਮਾਂ ਦਾ ਜੀਵਨ ਜਗਮਗਾ ਉਠਦਾ ਹੈ। ਗੁਰਮਤਿ ਅਨੁਸਾਰ ਸਿਮਰਨ ਉਹ ਭਾਵਨਾ ਹੈ ਜੋ ਤਿਲ ਤਿਲ ਕਰਕੇ ਸਿੰਚਿਤ ਹੁੰਦੀ ਹੈ। ਪਰ ਜੋ ਚਾਣਚਕ ਹੀ ਅਜਿਹੀ ਕਲਾਧਾਰੀ ਸਿਰਜਣਾ ਕਰ ਜਾਂਦੀ ਹੈ, ਜਿਸ ਦੁਆਰਾ ਮਨੁੱਖ ਤੇ ਪ੍ਰਕ੍ਰਿਤੀ ਦੋਹਾਂ ਦਾ ਹੀ ਦੈਵੀਕਰਨ ਹੋ ਜਾਂਦਾ ਹੈ।

# ਗੁਰਬਾਣੀ ਦੇ ਪ੍ਰਮਾਣ

ਗੁਰੂ ਅਰਜਨ ਦੇਵ ਜੀ ਨੇ ਜੈਤਸਰੀ ਦੀ ਵਾਰ ਵਿਚ ਗੁਰੂ ਦੇ ਸੰਬੰਧ ਤ ਇਸ ਤਰ੍ਹਾਂ ਦੇ ਭਾਵ ਪ੍ਰਗਟਾਏ ਹਨ :

"ਗੁਰੂ ਮੇਰੀ ਮਾਤਾ ਹੈ, ਗੁਰੂ ਮੇਰਾ ਪਿਤਾ ਹੈ, ਗੁਰੂ ਮੇਰਾ ਸੁਆਮੀ ਹੈ, ! ਹੀ ਮੇਰਾ ਸਰਵੁਚ ਪ੍ਰਮੇਸ਼ਵਰ ਹੈ। ਗੁਰੂ ਮੇਰਾ ਮਿਤਰ ਹੈ, ਅਗਿਆਨ ਰਾ ਦੂਰ ਕਰਨ ਵਾਲਾ ਹੈ। ਗੁਰੂ ਪਰਮ ਸੁੰਦਰ ਹੈ, ਗੁਰੂ ਮੇਰਾ ਸਕਾ ਸੁਹੋਦਰਾ ਗੁਰੂ ਪਰਮ ਉਦਾਰ ਹੈ, ਮੇਰੇ ਅੰਦਰ ਨਾਮ ਦੀ ਪ੍ਰੇਰਨਾ ਉਤਪੰਨ ਕਰਨ ਵਾਲਾ ਗੁਰੂ ਮੇਰੀ ਇਸ ਪ੍ਰੇਰਨਾਸ਼ੀਲ ਚੇਤਨਾ ਨੂੰ ਸਥਿਰ ਰਖਣ ਵਾਲਾ ਹੈ। ਗੁਰੂ ਾ ਪਾਰਸ ਹੈ, ਜਿਸ ਦੀ ਛੂਹ ਮਾਤਰ ਨਾਲ ਮੈਨੂੰ ਮੁਕਤੀ ਪ੍ਰਾਪਤ ਹੋ ਗਈ "

"ਗੁਰੂ ਤਾਂ ਮੇਰਾ ਯਾਤਰਾ ਧਾਮ ਹੈ, ਅੰਮ੍ਰਿਤ ਸਰੋਵਰ ਹੈ। ਗੁਰੂ ਤਾਂ ਉਹ ਜ ਹੈ, ਜਿਸ ਦੇ ਪ੍ਰਕਾਸ਼ ਵਿਚ ਇਸ਼ਨਾਨ ਕਰਨ ਨਾਲ ਸ਼ੁਧ ਗਿਆਨ ਦੀ ਤੀ ਹੁੰਦੀ ਹੈ। ਗੁਰੂ ਅਪਰੰਪਰ ਹੈ, ਪੂਰਨ ਰੂਪ ਵਿਚ ਮੇਰਾ ਹੈ।"

"ਗੁਰੂ ਦੇਵ ਸਿਰਜਣਹਾਰ ਕਰਤਾਰ ਹੈ, ਉਹ ਮੇਰੇ ਪਾਪ ਗ੍ਰਸਤ ਮਨ ਮੈਲ ਨੂੰ ਧੋ ਕੇ ਪੂਰਨਤਾ ਪ੍ਰਦਾਨ ਕਰ ਦਿੰਦਾ ਹੈ।"

"ਗੁਰੂ ਨਿਮਾਣੇ-ਨਿਤਾਣੇ, ਢਠਿਆਂ ਤੇ ਨੀਚਾਂ ਨੂੰ ਉਚਾ ਉਠਾ ਦਿੰਦਾ ਹੈ। ਰੂ ਆਦਿ ਅਨਾਦਿ ਹੈ। ਜੁਗਾਂ-ਜੁਗਾਂਤਰਾਂ ਤੋਂ ਸੁਭਾਏਮਾਨ ਹੈ। ਮਨੁੱਖ ਗੁਰੂ ਦੇ ਸ਼ਨ ਕਰਦਾ ਰਿਹਾ ਹੈ। ਉਸ ਦੇ ਸ਼ਬਦ ਦੀ ਆਤਮਾ ਨੂੰ ਸੁਆਸ ਸੁਆਸ ਾਉਣ ਨਾਲ ਮਨੁੱਖਤਾ ਦੀ ਰੱਖਿਆ ਹੋਈ ਹੈ।"

"ਗੁਰੂ ਦੇਵ ਤਾਂ ਸਾਧ ਸੰਗਤ ਵਿਚ ਵਿਆਪਕ ਹੈ। ਜਿਸ ਨਾਲ ਮੇਰਾ ਨ ਗੁਰੂ ਦੀ ਕਿਰਪਾ ਦੁਆਰਾ ਹੋਇਆ ਹੈ ਅਤੇ ਇਸ ਸਾਧ ਸੰਗਤ ਦੇ ਜਨ ਹ ਵਿਚ ਰਲ ਬੈਠਣ ਨਾਲ ਅਸੀਂ ਜੋ ਅਗਿਆਨ, ਅੰਧਕਾਰ ਤੇ ਪਾਪਾਂ ਸੰਤਾਪਾਂ ਚ ਗ੍ਰਸਤ ਸਾਂ, ਭੈਅ ਸਾਗਰ ਦੇ ਅੰਧਕਾਰ ਨੂੰ ਪਾਰ ਕਰ ਗਏ ਹਾਂ।"

ਫਿਰ ਗੁਰੂ ਅਰਜਨ ਸਾਹਿਬ ਇੰਜ ਕਥਨ ਕਰਦੇ ਹਨ :

"ਮੈਂ ਤਾਂ ਉਸ ਅਨੰਤ ਪ੍ਰਭੂ ਦਾ ਨਾਮ ਧਰਨਾ ਵੀ ਨਹੀਂ ਜਾਣਦਾ। ਮੈਂ ਕੇਵਲ 'ਹਰੀ ਹਰੀ' ਅਤੇ 'ਗੁਰੂ ਗੁਰੂ' ਹੀ ਉਚਾਰਦਾ ਹਾਂ। ਮੇਰੇ ਲਈ ਤਾਂ ਹ ਅਨੰਤ ਪ੍ਰਭੂ ਗੁਰੂ ਰਾਮਦਾਸ ਦੇ ਸਰੂਪ ਵਿਚ ਹੀ ਹਾਜ਼ਰ ਨਾਜ਼ਰ ਹੈ।"

"ਪ੍ਰਭੂ ਤਾਂ ਅਮਿਤ ਹੈ। ਮੈਂ ਤਾਂ ਉਸ ਦੇ ਨਾਮ ਦੁਆਰਾ ਹੀ ਉਸ ਨੂੰ ਣਦਾ ਹਾਂ। ਮੈਨੂੰ ਇਹ ਵੀ ਬੋਧ ਨਹੀਂ ਕਿ ਉਸ ਪ੍ਰਭੂ ਦਾ ਰੂਪ ਸਰੂਪ ਕੀ ਹੈ। ਤਾ ਕੇਵਲ ਇਹੋ ਅਰਦਾਸ ਕਰਦਾ ਹਾਂ, "ਗੁਰੂ ਜੀ ! ਮੇਰੀ ਰੱਖਿਆ ਕਰੋ। ਨੂੰ ਦਸੋ, ਮੈਂ ਉਸ ਪ੍ਰੀਤਮ ਬਾਰੇ ਅਗਿਆਤ ਹਾਂ ਜਿਸ ਦਾ ਨਾਮ ਸੁਣ ਕੇ ਸਹੰਸਰ

ਪ੍ਰਾਣੀ ਤੇ ਸਹੰਸਰ ਜੀਭਾਂ ਉਸ ਦਾ ਸਿਮਰਨ ਕਰਨ ਲਗ ਪੈਂਦੀਆਂ ਹਨ।''

''ਜਿਨ੍ਹਾਂ ਪ੍ਰਾਣੀਆਂ ਨੇ ਗੁਰੂ ਨਾਨਕ ਦੇਵ ਜੀ ਨੂੰ ਸੁਣਿਆਂ ਅਤੇ ਅ ਦਰਸ਼ਨ ਕੀਤੇ ਹਨ, ਉਹਨਾਂ ਦੇ ਇਸ ਸੰਸਾਰ ਦੇ ਜਨਮ-ਮਰਨ ਦੇ ਸਾਰੇ ਬੰਧ ਕੱਟੇ ਗਏ ਹਨ।''

ਗੁਰੂ ਗੋਬਿੰਦ ਸਿੰਘ ਜੀ 'ਅਕਾਲ ਉਸਤਤ' ਤੇ 'ਬਚਿਤਰ ਨਾਟਕ' ਵਿ ਜਿਗਿਆਸੂਆਂ ਨੂੰ ਇੰਜ ਫੁਰਮਾਨ ਕਰਦੇ ਹਨ। ਜਿਵੇਂ ਗੁਰੂ ਨਾਨਕ ਦੇਵ ਜੀ 'ਆਸਾ ਕੀ ਵਾਰ' ਵਿਚ, ਗੁਰੂ ਅਰਜਨ ਦੇਵ ਜੀ ਨੇ 'ਬਾਵਨ ਅਖਰੀ' ਤੇ ਹੋ ਸ਼ਬਦਾਂ ਵਿਚ ਅਤੇ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਕੀਤਾ ਤਿਵੇਂ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਧਾਰਮਿਕ ਦੰਭਾਂ ਤੇ ਪਾਖੰਡਾਂ ਦਾ ਬਹੁ ਜ਼ੋਰਦਾਰ ਸ਼ਬਦਾਂ ਵਿਚ ਖੰਡਨ ਕੀਤਾ ਹੈ। ਆਪ ਸਭ ਮਨੁੱਖਾਂ ਨੂੰ ਉਹਨਾਂ ਦੀ ਡੂੰ ਸੁਹਿਰਦਤਾ ਵਾਲੇ ਸਿਧੇ-ਸਾਦੇ ਕੁਦਰਤੀ ਜੀਵਨ ਨਾਲ ਜਾ ਜੋੜਦੇ ਹਨ। ਜਿਥੋਂ ਉ ਨਿਰੰਤਰ ਦੈਵੀ ਜੀਵਨ ਵਲ ਵਿਕਾਸ ਕਰਦਾ ਰਹਿੰਦਾ ਹੈ। ਝੂਠੇ ਧਾਰਮਿਕ ਪਾਖੰ ਤੇ ਦੰਭਾਂ ਦਾ ਭੇਖਾਚਾਰ ਤੇ ਮੌਖਿਕ ਤੌਰ 'ਤੇ ਪ੍ਰਭੂ ਨਾਮ ਨੂੰ ਰਟਦੇ ਰਹਿਣਾ ਜਿ ਕਿ ਬਹੁਤ ਸਾਰੇ ਹੋਰ ਧਰਮਾਂ ਵਿਚ ਪ੍ਰਚਲਿਤ ਹੈ, ਸਿੱਖ ਗੁਰੂ ਸਾਹਿਬਾਨ ਮਾਨਸਿਕਤਾ ਤੋਂ ਬਾਹਰੀ ਗੱਲ ਹੈ। ਫਿਰ ਵੀ ਜੇ ਗੁਰੂ ਦੇ ਨਾਮ ਧਰੀਕ ਸਿ ਕਿਸੇ ਅਜਿਹੇ ਕਰਮ-ਕਾਂਡ ਨੂੰ ਕਰਦੇ ਹਨ ਤਾਂ ਉਹ ਕੇਵਲ ਇਸ ਲਈ ਕਿਉਂਜੋ ਉਹਨਾਂ ਦੇ ਮਨਾਂ ਉਤੇ ਬ੍ਰਾਹਮਣ-ਮਤ ਦੇ ਸੰਸਕਾਰ ਹਾਲੀਂ ਵੀ ਛਾਏ ਹੋ ਹਨ। ਬਹੁਤ ਸਾਰੇ ਧਾਰਮਿਕ ਫਿਰਕਿਆਂ ਦੇ ਅਨੁਆਈ ਹਾਲੀਂ ਵੀ ਗੰਦ ਫੋਲ ਦੇ ਕਿਰਿਆ-ਕਰਮ ਨੂੰ ਕਰ ਰਹੇ ਹਨ। ਉਹਨਾਂ ਬਾਰੇ ਗੁਰੂ ਜੀ ਦਾ ਫੁਰਮਾ ਹੈ, ਕਿ ''ਸੂਰ ਵੀ ਤਾਂ ਗੰਦ ਫੋਲਦੇ ਰਹਿੰਦੇ ਹਨ।'' ਕਈ ਹੋਰ ਬੈਰਾਗੀ ਤਿਆਗੀ ਸਾਧੂ ਤਨ 'ਤੇ ਬਿਭੂਤ ਮਲਦੇ ਹਨ। ਉਹਨਾਂ ਬਾਰੇ ਗੁਰੂ ਜੀ ਦਾ ਕਥ ਹੈ, ''ਗਰਧਭ ਤੇ ਹਾਥੀ ਵੀ ਤਾਂ ਘੱਟੇ ਵਿਚ ਲੇਟਦੇ ਹਨ।''

ਜਿਹੜੇ ਸ਼ਮਸ਼ਾਨ ਭੂਮੀ ਵਿਚ ਜਾ ਕੇ ਇਕਾਂਤਵਾਸ ਧਾਰਨ ਕਰਦੇ ਹਨ ਉਹਨਾਂ ਬਾਰੇ ਗੁਰੂ ਜੀ ਦਾ ਫੁਰਮਾਨ ਹੈ, ''ਗਿਦੜ ਵੀ ਤਾਂ ਅਜਿਹੀਆਂ ਥਾਵ 'ਤੇ ਜਾ ਕੇ ਸ਼ਰਨ ਲੈਂਦੇ ਹਨ।''

''ਜਿਹੜੇ ਵਿਅਕਤੀ ਕੰਦਰਾਂ ਵਿਚ ਛਿਪ ਕੇ ਮੌਨ ਧਾਰਨ ਕਰਦੇ ਹਨ ਉਹਨਾਂ ਦੀ ਹਾਲਤ ਘੋਗਿਆਂ ਵਿਚਲੇ ਕਿਰਮਾਂ ਵਾਲੀ ਹੁੰਦੀ ਹੈ। ਮਿਰਗ ਵੀ ਵਣ ਵਿਚ ਰਹਿੰਦੇ ਹਨ ਤੇ ਬ੍ਰਿਛ ਬਿਨਾਂ ਕੁਝ ਬੋਲੇ ਆਪਣੀ ਸਾਰੀ ਅਉਧ ਵਣਾਂ ਵਿ ਹੀ ਵਿਹਾ ਦਿੰਦੇ ਹਨ।''

''ਜਿਹੜੇ ਸਾਰੀ ਉਮਰ ਬ੍ਰਹਮਚਾਰੀ ਰਹਿ ਕੇ ਜਤਸਤ ਧਾਰਨ ਕਰਦੇ ਇਹ ਸਮਝਦੇ ਹਨ ਕਿ ਇਹੋ ਹੀ ਧਾਰਮਿਕ ਸੱਚ ਦਾ ਮਾਰਗ ਹੈ, ਉਹਨਾਂ ਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ ਹੀਜੜੇ ਵੀ ਅਜਿਹਾ ਧਰਮ ਸਭ ਤੋਂ ਚੰਗੀ ਤਰ੍ਹਾਂ ਨਿਭਾਉਂਦੇ ਹਨ।''

''ਜਿਹੜੇ ਸਾਰੀ ਉਮਰ ਨੰਗੇ ਪੈਰੀਂ ਚਲਣ ਦੀ ਹਠ-ਸਾਧਨਾ ਕਰਦੇ ਹਨ

ਨਾਂ ਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ ਬਾਂਦਰ ਵੀ ਸਾਰੀ ਉਮਰ ਅਜਿਹਾ ਕਰਦੇ ਹਨ।''

ਗੁਰੂ ਜੀ ਆਖਦੇ ਹਨ ਕਿ ''ਜਿਹੜੇ ਲੋਕ ਸਾਰੀ ਉਮਰ ਸੁੰਦਰ ਸ਼ਤਰੀਆਂ ਦੇ ਕਾਮਨਾ ਜਾਲ ਵਿਚ ਗ੍ਰਸਤ ਰਹਿੰਦੇ ਹਨ ਅਤੇ ਕਾਮ, ਕ੍ਰੋਧ, ਲੋਭ ਮਾਂ ਨੀਵੀਆਂ ਵਾਸ਼ਨਾਵਾਂ ਵਿਚ ਫਸੇ ਰਹਿੰਦੇ ਹਨ, ਉਹ ਅੰਦਰੋਂ ਖਾਧੇ ਤੇ ਭ੍ਰਸ਼ਟ ਤਰਣ ਵਾਲੇ ਵਿਅਕਤੀ ਠੀਕ ਗਿਆਨ ਦੀ ਪ੍ਰਾਪਤੀ ਤੋਂ ਬਿਨਾਂ ਅਗਿਆਨ ਦੇ ਰੇ ਸਾਗਰ ਨੂੰ ਪਾਰ ਕਰਨ ਦਾ ਦਾਅਵਾ ਕਿਵੇਂ ਕਰ ਸਕਦੇ ਹਨ ?''

''ਜਿਹੜੇ ਆਤਮਿਕ ਪ੍ਰਾਪਤੀ ਲਈ ਦੁਧਾਧਾਰੀ ਆਹਾਰ ਕਰਦੇ ਹਨ ਉਹ ਹ ਜਾਣ ਲੈਣ ਕਿ ਸਭ ਥਣਧਾਰੀ ਜੀਵ ਦੁੱਧ ਦਾ ਹੀ ਆਹਾਰ ਕਰਦੇ ਹਨ।''

''ਜਿਹੜੇ ਪਵਨ-ਆਹਾਰੀ ਹੋਣ ਦਾ ਦਾਅਵਾ ਕਰਦੇ ਹਨ, ਉਹ ਇਹ ਣ ਲੈਣ ਕਿ ਸੱਪ ਵੀ ਪਵਨ-ਆਹਾਰੀ ਹੁੰਦੇ ਹਨ।''

''ਜਿਹੜੇ ਕੁਸ਼ਾ ਦੇ ਵਿਛੌਣੇ ਕਰਦੇ ਅਤੇ ਧਨ-ਦੌਲਤ ਦਾ ਤਿਆਗ ਕਰਦੇ ; ਤਾਂ ਉਹ ਜਾਣ ਲੈਣ ਕਿ ਸਾਰੇ ਗਵਾਲੇ ਇੰਜ ਹੀ ਕਰਦੇ ਹਨ।''

''ਜਿਹੜੇ ਨੈਣ ਮੁੰਦ ਕੇ ਸੁੰਨ ਵਿਚ ਸਮਾਧੀ ਲਾਉਂਦੇ ਹਨ, ਉਹ ਇਹ ਣ ਲੈਣ ਕਿ ਮਛੇਰੇ ਵੀ ਨਦੀ ਵਿਚ ਮੱਛੀਆਂ ਫੜਨ ਲਈ ਆਪਣੀ ਕੁੰਡੀ ਸੁਟ ਇੰਜ ਹੀ ਲਗਾਤਾਰ ਇਕਾਗਰ-ਚਿਤ ਹੋ ਤੱਕਦੇ ਰਹਿੰਦੇ ਹਨ।''

''ਜਿਹੜੇ ਹਵਾ ਵਿਚ ਉਡਣ ਲਈ ਰਿਧੀਆਂ ਸਿਧੀਆਂ ਦੀ ਕਰਾਮਾਤੀ ਕਤੀ ਪ੍ਰਾਪਤ ਕਰਨਾ ਲੋਚਦੇ ਹਨ, ਉਹ ਜਾਣ ਲੈਣ ਕਿ ਪੰਛੀ ਤਾਂ ਸੁਤੇ-ਸਿਧ ਆਕਾਸ਼ ਵਿਚ ਉਡਦੇ ਫਿਰਦੇ ਹਨ।''

''ਜਿਹੜੇ ਲੋਕ ਧਰਤੀ ਵਿਚ ਘੁਰਨੇ ਬਣਾ ਕੇ ਰਹਿੰਦੇ ਹਨ ਜਾਂ ਆਕਾਸ਼ ਚ ਉਡਣਾ ਲੋਚਦੇ ਹਨ, ਉਹਨਾਂ ਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ ਕੀੜੇ ਕੌੜੇ ਵੀ ਤਾਂ ਖੁੱਡਾਂ ਵਿਚ ਰਹਿੰਦੇ ਹਨ ਤੇ ਚਿੜੀਆਂ ਆਕਾਸ਼ ਵਿਚ ਉਡਦੀਆਂ ਨ।''

''ਜਿਹੜੇ ਫਲਾਹਾਰ ਕਰਦੇ ਹਨ, ਉਹਨਾਂ ਨੂੰ ਇਹ ਜਾਣ ਲੈਣਾ ਚਾਹੀਦਾ ਕਿ ਬਾਂਦਰਾਂ ਦੇ ਬੱਚੇ ਵੀ ਫਲ ਤੇ ਗਿਰੀਆਂ ਖਾਂਦੇ ਹਨ।''

''ਜਿਹੜੇ ਮਨੋ ਇਛਾ ਅਨੁਸਾਰ ਹਰ ਥਾਂ ਭ੍ਰਮਣ ਕਰਨਾ ਲੋਚਦੇ ਹਨ, ਹਨਾਂ ਨੂੰ ਜਾਣ ਲੈਣਾ ਚਾਹੀਦਾ ਹੈ ਕਿ ਮਰਨ ਪਿਛੋਂ ਪ੍ਰੇਤ ਵੀ ਇਸ ਤਰ੍ਹਾਂ ਘੁੰਮਦੇ ਰਦੇ ਹਨ।''

''ਜੋ ਸੂਰਜ ਪੂਜ ਹਨ ਤੇ ਚੰਨ ਵੱਲ ਤੱਕਦੇ ਰਹਿੰਦੇ ਹਨ, ਉਹਨਾਂ ਨੂੰ ਹ ਜਾਣ ਲੈਣਾ ਚਾਹੀਦਾ ਹੈ ਕਿ ਕੰਵਲ ਵੀ ਤਾਂ ਸੂਰਜ ਦੀ ਰਿਸ਼ਮ ਨੂੰ ਨਿਹਾਰ ਖਿੜ ਉਠਦਾ ਹੈ ਅਤੇ ਉਹ ਕਿਸੇ ਵੀ ਆਦਮੀ ਨਾਲੋਂ ਸੂਰਜ ਨੂੰ ਵਧੇਰੇ ਮ ਕਰਦਾ ਹੈ। ਕੁਮਦੀਨੀ ਚੰਦਰਮਾ ਨੂੰ ਵੇਖ ਕੇ ਮੌਲ ਉਠਦੀ ਹੈ।''

ਜਿਹੜੇ ਕਹਿੰਦੇ ਹਨ, ਪ੍ਰਭੂ ਦਾ ਵਾਸਾ ਜਲ ਵਿਚ ਹੈ, ਕੰਵਲ ਵੀ ਤਾਂ ਲ ਵਿਚ ਅਭਿਜ ਰਹਿ ਕੇ ਖੜ੍ਹਾ ਰਹਿੰਦਾ ਹੈ। ਇਹਨਾਂ ਬਾਰੇ ਗੁਰੂ ਜੀ ਦਾ

ਫੁਰਮਾਨ ਹੈ ਕਿ "ਮੱਛ-ਕੱਛ ਤੇ ਸੰਸਾਰ ਵੀ ਤਾਂ ਪਾਣੀ ਵਿਚ ਰਹਿਣ ਵਾਲੇ ਜੀ ਹਨ।"

ਜਿਹੜੇ ਕਹਿੰਦੇ ਹਨ, ਉਹ ਤਾਂ ਗੋਪੀਆਂ ਦਾ ਕਾਨ੍ਹ ਭਗਵਾਨ ਹੈ ਉਹਨਾਂਲਈ ਗੁਰੂ ਜੀ ਦਾ ਕਥਨ ਹੈ ਕਿ "ਗਵਾਲੇ ਹੁਣ ਵੀ ਗੋਪੀਆਂ ਦੇ ਪ ਹਨ ਤੇ ਹੁਣ ਵੀ ਗਵਾਲੇ ਗਊਆਂ ਚਾਰਦੇ ਹਨ।"

ਗੁਰੂ ਜੀ ਉਹਨਾਂ ਨੂੰ ਮੂਰਖ ਤੇ ਅਗਿਆਨੀ ਕਹਿੰਦੇ ਹਨ। ਅਜਿਹੇ ਮੂਰ ਅਗਿਆਨੀ ਬੇਲੋੜੇ ਹੀ ਰੋਸ ਵਿਚ ਆ ਕੇ ਆਪਣੀਆਂ ਛਾਤੀਆਂ ਪਿਟਦੇ ਹਨ ਉਹਨਾਂ ਨੂੰ ਜੀਵਨ ਦੇ ਡੂੰਘੇ ਰਹੱਸ ਦਾ ਕੋਈ ਗਿਆਨ ਨਹੀਂ ਹੈ ਅਤੇ ਉਹ ਉ ਪ੍ਰਭੂ ਦੀ ਪੂਜਾ ਨਹੀਂ ਕਰਦੇ ਜਿਸ ਦੀ ਕਿਰਪਾ ਦੁਆਰਾ ਅਸੀਂ ਸਾਰੇ ਸੁਆਸ ਲੈ ਹਾਂ ਅਤੇ ਜਿਸ ਨੇ ਸਾਨੂੰ ਸਭ ਨੂੰ ਦੈਵੀ ਰੱਖਿਆ ਬਖ਼ਸ਼ੀ ਹੋਈ ਹੈ।

ਇਹ ਬ੍ਰਹਿਮੰਡ ਦੀ ਪ੍ਰਲਹਿ ਵਿਸ਼ਵਕਾਲ ਤੇ ਇਸ ਗਤੀਮਾਨ ਵਿਸ਼ਵ ਅੰਤ ਜਗਤ ਕਾਲ ਦਾ ਕਰਨਹਾਰ ਪ੍ਰਭੂ ਜੋ ਅਤਿ ਮਿਠੜਾ, ਸਭ ਨੂੰ ਪ੍ਰੇਮ ਕਰ ਵਾਲਾ ਹੈ। ਜੋ ਨਿਮਾਣਿਆਂ, ਨਿਤਾਣਿਆਂ ਤੇ ਨਿਥਾਵਿਆਂ ਉਤੇ ਦਇਆ ਕਰ ਵਾਲਾ ਹੈ। ਜੋ ਸ਼ਤਰੂਆਂ ਤੇ ਵੈਰੀਆਂ ਤੋਂ ਸਾਡੀ ਰੱਖਿਆ ਕਰਦਾ ਹੈ। ਜੋ ਸ ਸਭ ਦਾ ਪ੍ਰਾਣ-ਦਾਤਾ ਤੇ ਪ੍ਰਿਤਪਾਲਕ ਹੈ ਅਤੇ ਜਿਸ ਨੂੰ ਕਾਲ ਵੀ ਪੋਹ ਨ ਸਕਦਾ। ਉਹ ਪ੍ਰਭੂ ਅਕਾਲ ਸਰੂਪ ਹੈ।

ਵਿਅਰਥ ਹੀ ਜੋਗੀ ਤੇ ਜਟਾਧਾਰੀ ਤੇ ਪ੍ਰਾਸ਼ਚਿਤ ਕਰਨ ਵਾਲੇ ਆਤ ਸ਼ੁਧੀ ਦੇ ਚਾਹਵਾਨ ਉਸ ਦੇ ਧਿਆਨ ਵਿਚ ਮਗਨ ਰਹਿੰਦੇ ਹਨ ਤਾਂ ਜੋ ਉਹਨ ਨੂੰ ਪ੍ਰਭੂ ਦੀ ਪ੍ਰਾਪਤੀ ਹੋ ਸਕੇ।

ਅਕਾਰਥ ਹੀ ਉਹ ਨਿਉਲੀ ਕਰਮ ਵਰਗੀਆਂ ਕਿਰਿਆਵਾਂ ਕਰਦੇ ਹਨ ਜਲ ਵਿਚ ਸਮਾਧੀਆਂ ਲਾਉਂਦੇ ਹਨ, ਹੋਮ ਯਗ ਦੀ ਅਗਨੀ ਵਿਚ ਤਪ-ਸਾਧਨ ਕਰਦੇ ਹਨ, ਬੇਲੋੜੇ ਹੀ ਉਹ ਪੰਚ ਅਗਨੀਆਂ ਬਾਲ ਕੇ ਆਪ ਵਿਚ ਬੈਠਦੇ ਹ ਅਤੇ ਹੋਰ ਕਈ ਸਾਧਕ ਜੋ ਧਰਤੀ ਵਿਚ ਆਪਣਾ ਮੂੰਹ ਦੱਬ ਕੇ ਤਪ ਸਾਧਨ ਕਰਦੇ ਹਨ, ਕਿੰਨੇ ਹਾਸੋ-ਹੀਣੇ ਲਗਦੇ ਹਨ।

ਅਕਾਰਥ ਹੀ ਉਹ ਉਸ ਪ੍ਰਭੂ ਦੇ ਰਹੱਸ ਨੂੰ ਜਾਣਨ ਦੀ ਚੇਸ਼ਟਾ ਕਰ ਹਨ ਜਿਸ ਨੂੰ ਨਾ ਤਾਂ ਕੋਈ ਮਨੁੱਖ ਜਾਣ ਸਕਿਆ ਹੈ ਤੇ ਨਾ ਹੀ ਦੇਵਤੇ ਜਿ ਦਾ ਭੇਦ ਪਾ ਸਕੇ ਹਨ। ਫਿਰ ਵੀ ਜੇ ਉਹ ਦਾਅਵਾ ਕਰਦੇ ਹਨ ਤਾਂ ਇਹ ਕਿੰਨ ਥੋਥੀ ਗੱਲ ਹੈ। ਵੇਦ ਤੇ ਹੋਰ ਧਰਮ-ਗਰੰਥ ਵੀ ਜਿਸ ਦਾ ਭੇਦ ਨਹੀਂ ਜਾਣ ਸ ਅਤੇ 'ਨੇਤਿ-ਨੇਤਿ' ਕਹਿ ਕੇ ਆਪਣੀ ਅਸਮਰਥਾ ਦਸਦੇ ਹਨ।

ਅਕਾਲ ਪੁਰਖ ਦੇ ਸੱਚ ਨੂੰ ਜਾਣਨ ਲਈ ਮਨੁੱਖ ਰੰਗ ਭੂਮੀ ਉ ਖੇਡ ਰਚਾਉਂਦਾ ਹੈ, ਅਭਿਨੈ ਕਰਦਾ ਤੇ ਨਾਚ ਨਚਦਾ ਹੈ। ਕੀ ਉਹ ਇਹ ਨਹ ਜਾਣਦਾ ਕਿ ਮੋਰ ਕਿੰਨਾਂ ਸ਼ਾਨਦਾਰ ਨਾਚ ਨਚਦਾ ਹੈ, ਮੇਘ ਕਿਵੇਂ ਨਾਟਕੀ ਅੰਦਾ ਵਿਚ ਗਰਜਦੇ ਹਨ ਅਤੇ ਬਿਜਲੀ ਦੀ ਚਮਕ ਸੈਂਕੜੇ ਪ੍ਰਕਾਸ਼ਾਂ ਨੂੰ ਚੁੰਧਿਆਉਣ ਵਾਲੀ ਹੈ। ਚੰਨ-ਚਾਨਣੀ ਨਾਲੋਂ ਵਧੇਰੇ ਮਿੱਠੀ ਤੇ ਸ਼ਾਂਤ ਸੀਤਲ ਅਵਸਥਾ ਨੂੰ

ਕਿਹੜਾ ਮਨੁੱਖ ਆਤਮ-ਸੰਜਮ ਤੇ ਸਾਧਨਾ ਦੁਆਰਾ ਪਾ ਸਕਦਾ ਹੈ, ਸੂਰਜ ਨਾਲੋਂ ਵਧੇਰੇ ਕਿਸ ਮਨੁੱਖ ਦੀ ਚਮਕ ਹੋ ਸਕਦੀ ਹੈ ? ਇੰਦਰ ਨਾਲੋਂ ਵਧੇਰੇ ਸ਼ਾਨ ਨਾਲ ਕੌਣ ਇਸ ਧਰਤ ਉਤੇ ਰਾਜ ਕਰ ਸਕਦਾ ਹੈ ? ਕੌਣ ਮਨੁੱਖ ਸ਼ਿਵ ਨਾਲੋਂ ਵਧੇਰੇ ਤਿਆਗੀ, ਜਤੀ-ਸਤੀ ਤੇ ਸੰਨਿਆਸੀ ਤੇ ਸਾਧਕ ਹੋ ਸਕਦਾ ਹੈ ? ਵੇਦਾਂ ਦੇ ਗਿਆਨ ਵਿਚ ਬ੍ਰਹਮਾ ਨੂੰ ਕੌਣ ਮਾਤ ਕਰ ਸਕਦਾ ਹੈ ? ਤੇ ਸਨਤ ਕੁਮਾਰ ਨਾਲੋਂ ਕਿਹੜਾ ਮਨੁੱਖ ਵਧੇਰੇ ਤਪੱਸਵੀ ਹੋ ਸਕਦਾ ਹੈ।

ਮੈਂ ਸੱਚ ਆਖਦਾ ਹਾਂ ਕਿ ਸਭ ਦੇਵਤੇ ਕਾਲ ਦੇ ਪ੍ਰਭਾਵ ਅਧੀਨ ਹਨ ਅਤੇ ਇਹਨਾਂ ਨੂੰ ਵੀ ਮ੍ਰਿਤੂ ਤੇ ਮਹਾਂਕਾਲ ਨੇ ਆਪਣੇ ਵਿਚ ਸਮਾ ਲਿਆ ਹੈ।

ਇਹ ਦੇਵਤੇ ਵੀ ਪਰਿਵਰਤਨਸ਼ੀਲ ਤੇ ਕਾਲਾਧੀਨ ਹਨ ਜਿਵੇਂ ਕਿ ਇਹ ਸਾਰੀ ਸ੍ਰਿਸ਼ਟੀ ਕਾਲ ਦੇ ਵਸ ਹੈ।

ਮੈਂ ਸੱਚ ਆਖਦਾ ਹਾਂ ਕਿ ਇਥੇ ਕਈ ਸ਼ਿਵ ਆਏ ਅਤੇ ਕਈ ਚਲੇ ਗਏ ਹਨ। ਇਸੇ ਤਰ੍ਹਾਂ ਰਾਮ ਤੇ ਕ੍ਰਿਸ਼ਨ ਦੇ ਵੀ ਅਨੇਕ ਅਵਤਾਰ ਹੋਏ ਹਨ। ਸਹੰਸਰ ਵਿਸ਼ਨੂੰ ਤੇ ਬ੍ਰਹਮਾ ਹੋ ਗੁਜ਼ਰੇ ਹਨ। ਕਈ ਵੇਦ-ਵਿਆਸ ਹੋਏ ਹਨ ਤੇ ਕਈ ਹੋਰ ਹੋਣਗੇ। ਕਈ ਪੁਰਾਨ ਤੇ ਉਹਨਾਂ ਵਿਚ ਵਰਣਿਤ ਕਥਾਵਾਂ ਆਪਣੀ ਆਪਣੀ ਖੇਡ ਰਚਾ ਕੇ ਸਮਾਪਤ ਹੋ ਗਈਆਂ ਹਨ। ਕਈ ਅਸ਼ਵਨੀ ਕੁਮਾਰ ਹੋ ਚੁਕੇ ਹਨ। ਪਰ ਇਹ ਸਭ ਦੇਵਤੇ ਅੰਤ ਨੂੰ ਕਾਲ ਵਿਚ ਹੀ ਜਾ ਸਮਾਏ ਹਨ। ਕਈ ਪੀਰ-ਪੈਗੰਬਰ ਤੇ ਨਬੀ ਅਵਤਾਰ ਇਸ ਖ਼ਾਕ ਵਿਚੋਂ ਪੈਦਾ ਹੋਏ, ਜਿਨ੍ਹਾਂ ਨੇ ਬਹੁਤ ਕੁਝ ਦੱਸਣ ਦਾ ਯਤਨ ਕੀਤਾ, ਪਰ ਅੰਤ ਉਹ ਵੀ ਸਭ ਖ਼ਾਕ ਵਿਚ ਹੀ ਜਾ ਸਮਾਏ।

ਸਿਧ-ਸਾਧਕ, ਯੋਗੀ ਤੇ ਬ੍ਰਹਮਚਾਰੀ, ਛੱਤਰਪਤੀ, ਤੇਜਪ੍ਰਤਾਪੀ ਰਾਜੇ ਮਹਾਰਾਜੇ, ਜਿਨ੍ਹਾਂ ਅਗੇ ਛਤਰ ਕਈ ਮੀਲਾਂ ਤਕ ਝੁਲਦਾ ਸੀ। ਜਿਨ੍ਹਾਂ ਨੇ ਕਈ ਸਾਮਰਾਜਾਂ ਨੂੰ ਜਿਤਿਆ ਅਤੇ ਕਈਆਂ ਜਾਤੀਆਂ ਦਾ ਸਰਵ-ਨਾਸ਼ ਕੀਤਾ। ਦਲੀਪ ਤੇ ਮੰਧਾਤਾ ਵਰਗੇ ਕਈ ਚਕਰਵਰਤੀ ਸਮਰਾਟ ਜੋ ਆਪਣੇ ਸ਼ਸਤਰਾਂ ਦੀ ਗਿਣਤੀ ਉਤੇ ਆਪਣੇ ਬਾਹੂ-ਬਲ ਨੂੰ ਮਿਥਦੇ ਸਨ। ਵਿਸ਼ਾਲ ਹਿਰਦੇ ਵਾਲਾ ਦਰੋਣਾਚਾਰੀਆ ਅਤੇ ਦੁਰਯੋਧਨ ਵਰਗੇ ਹੋਛੇ ਸਭ ਖ਼ਾਕ ਵਿਚ ਰੁਲ ਗਏ ਹਨ।

ਸਾਰਾ ਮਨੁੱਖੀ ਇਤਿਹਾਸ ਉਸ ਪ੍ਰਭੂ ਦੀ ਭਾਲ ਨਾਲ ਭਰਿਆ ਪਿਆ ਹੈ। ਪਰ ਫਿਰ ਵੀ ਇਹ ਘਾਲ ਪੂਰੀ ਨਹੀਂ ਹੋਈ। ਨਾ ਹੀ ਕੋਈ ਧਿਆਨ, ਨਾ ਹੀ ਕੋਈ ਕਰਮ, ਨਾ ਹੀ ਆਤਮ-ਵਿਸਤਾਰ ਤੇ ਪਸਾਰ ਦੀ ਕੋਈ ਅਹੰ-ਭਾਵਨਾ, ਨਾ ਹੀ ਕੋਈ ਆਤਮ-ਤਿਆਗ ਅਤੇ ਆਤਮ ਤੇ ਆਤਮ-ਸੰਜਮ ਉਸ ਪ੍ਰਭੂ ਨੂੰ ਪਾਉਣ ਵਿਚ ਸਫਲ ਹੋਇਆ ਹੈ।

ਜਿਹੜੇ ਮੁਸਲਮਾਨ ਪੰਜ ਵਕਤ ਨਮਾਜ਼ ਗੁਜ਼ਾਰਦੇ ਹਨ ਅਤੇ ਖ਼ੁਦਾ ਅਗੇ ਸਿਰ ਨਿਵਾਉਂਦੇ ਹਨ, ਉਹਨਾਂ ਲਈ ਗੁਰੂ ਜੀ ਦਾ ਕਥਨ ਹੈ :

''ਕੇਵਲ ਸਿਰ ਝੁਕਾਉਣਾ ਜਾਂ ਸਰੀਰ ਨੂੰ ਧਰਤੀ ਉਤੇ ਲਿਟਾਉਣਾ ਭਗਤੀ ਸਾਧਨਾ ਨਹੀਂ ਹੈ। ਇਸ ਨਾਲ ਕੀ ਫ਼ਰਕ ਪੈਂਦਾ ਹੈ ਜੇ ਕੋਈ ਆਪਣਾ

ਸਿਰ ਧੂੜ ਵਿਚ ਦੱਬ ਦਿੰਦਾ ਹੈ। ਕਈ ਰੋਗੀ ਵੀ ਤਾਂ ਇੰਜ ਕਰ ਲੈਂਦੇ ਹਨ।''

ਜੇ ਕਿਸੇ ਦਾ ਮਨ ਕੁਸੁਧਾ ਜਾ ਰਿਹਾ ਹੈ ਤਾਂ ਉਹ ਪ੍ਰਭੂ ਨੂੰ ਕਿਵੇਂ ਪਾ ਸਕਦਾ ਹੈ ? ਇਹ ਬੰਦੀਵਾਨ ਮਨੁੱਖ ਜੋ ਆਪਣੀ ਮਨਸ਼ਾ ਤ੍ਰਿਸ਼ਨਾ ਦੇ ਗ਼ੁਲਾਮ ਹਨ, ਆਪਣੇ ਆਪ ਨੂੰ ਧੋਖਾ ਦੇ ਰਹੇ ਅਤੇ ਦੰਭ ਰਚਾ ਰਹੇ ਹਨ। ਉਹ ਕਿਵੇਂ ਕੁਦਰਤ ਦੇ ਕਾਦਰ ਨੂੰ ਲੱਖ ਸਕਦੇ ਹਨ, ਜੋ ਸ੍ਰਿਸ਼ਟੀ ਦਾ ਸੁਆਮੀ ਹੈ। ਇਹ ਤਾਂ ਕੇਵਲ ਅਨੁਭਵ ਦੁਆਰਾ ਹੀ ਸੰਭਵ ਹੋ ਸਕਦਾ ਹੈ।

ਜਿਹੜੇ ਕੰਨ ਮੁੰਦ ਕੇ ਹਵਾ ਵਿਚ ਸਿਰ ਹਿਲਾਉਂਦੇ ਹਨ ਅਤੇ ਆਪਣੇ ਵਿਛੜੇ ਪੁੱਤਰਾਂ ਤੇ ਮਿਤਰਾਂ ਦੇ ਗ਼ਮ ਵਿਚ ਛਾਤੀ ਪਿਟਦੇ ਹਨ, ਇਹ ਕੀ ਗੱਲ ਹੋਈ ? ਭੇਡਾਂ ਵੀ ਬਾਹਰ ਘੁੰਮਦੀਆਂ ਫਿਰਦੀਆਂ ਹਨ ਤੇ ਪਿਠਾਂ ਨੂੰ ਰੁਖਾਂ ਦੀਆਂ ਛਿਲਤਰਾਂ ਨਾਲ ਘਸਰਦੀਆਂ ਹਨ। ਇਹ ਕਿੰਨੇ ਅਜੀਬ ਲੋਕ ਹਨ, ਜਿਹੜੇ ਮਨਸ਼ਾ-ਤ੍ਰਿਸ਼ਨਾ ਤੇ ਕਾਮਨਾਵਾਂ ਦੇ ਗ਼ੁਲਾਮ ਹਨ ਅਤੇ ਕਾਮ-ਕ੍ਰੋਧ ਨਾਲ ਭਰੇ ਪਏ ਹਨ।ਜਦੋਂ ਉਹ ਦਿਲੋਂ ਸੱਚੇ ਨਹੀਂ ਹਨ ਤਾਂ ਉਹ ਪਰਲੋਕ ਵਿਚ ਪ੍ਰਵੇਸ਼ ਕਿਵੇਂ ਪਾ ਸਕਦੇ ਹਨ ?

ਬੱਜਰ ਚਟਾਨਾਂ ਵੀ ਤਾਂ ਇਕੋ ਮੁਦਰਾ ਵਿਚ ਯੁਗਾਂ ਤਕ ਇਸਥਿਤ ਰਹਿੰਦੀਆਂ ਹਨ। ਕਾਂ ਅਤੇ ਗਿੱਧਾਂ ਇਕ ਥਾਂ ਤੋਂ ਦੂਜੀ ਥਾਂ ਤਕ ਤਾਂ ਉਡਦੇ ਫਿਰਦੇ ਹਨ। ਇਸ ਤਰ੍ਹਾਂ ਸਮਾਧੀ ਵਿਚ ਇਸਥਿਤ ਹੋਣ ਨਾਲ ਅਤੇ ਭ੍ਰਮਣ ਕਰਨ ਨਾਲ ਤਾਂ ਪ੍ਰਭੂ ਦੀ ਪ੍ਰਾਪਤੀ ਨਹੀਂ ਹੋ ਸਕਦੀ। ਇਸ ਲਈ ਤਾਂ ਭਾਵਨਾਵਾਂ ਦੀ ਸ਼ੁਧੀ ਦੀ ਲੋੜ ਹੈ, ਉਸ ਸੱਚੇ ਗਿਆਨ ਦੀ ਲੋੜ ਹੈ, ਉਸ ਭਰੋਸੇ ਤੇ ਨਿਹਚੇ ਦੀ ਲੋੜ ਹੈ, ਨਿਰੰਤਰ ਆਤਮ ਸਮਰਪਣ ਦੀ ਭਾਵਨਾ ਨੂੰ ਉਤਪੰਨ ਕਰਨ ਦੀ ਲੋੜ ਹੈ ਅਤੇ ਆਪਣੇ ਆਪ ਨੂੰ ਉਸ ਦੈਵੀ ਪ੍ਰੇਰਨਾ ਦੀ ਪ੍ਰਾਪਤੀ ਲਈ ਤਿਆਰ ਕਰਨ ਦੀ ਲੋੜ ਹੈ। ਜਿੰਨਾਂ ਚਿਰ ਤਕ ਉਹ ਕੁਝ ਨਹੀਂ ਕਰਦੇ ਉਨਾਂ ਚਿਰ ਤਕ ਉਹ ਕਿਵੇਂ ਭਵ-ਸਾਗਰ ਨੂੰ ਪਾਰ ਕਰਨ ਬਾਰੇ ਸੋਚ ਸਕਦੇ ਹਨ ?

ਇਹ ਤਾਂ ਉਹਨਾਂ ਨਾਟਸ਼ਾਲਾ ਦੇ ਅਭੀਨੇਤਾ ਗੁਣਾਂ ਵਾਂਗ ਵਖ ਵਖ ਅਭਿਨੈ ਲਈ ਵੇਸ਼-ਭੂਸ਼ਾ ਬਦਲਣ ਵਾਲੀ ਗੱਲ ਹੈ। ਕਦੀ ਜੋਗੀ ਬਣ ਗਏ, ਕਦੀ ਬੈਰਾਗੀ ਹੋ ਗਏ, ਫਿਰ ਸੰਨਿਆਸੀ ਹੋ ਗਏ। ਅੱਖਾਂ ਮੁੰਦ ਕੇ ਕਮਰ ਸਿਧੀ ਰਖ ਚੌਕੜੀ ਮਾਰ ਕੇ ਬੈਠ ਗਏ ਤੇ ਫਿਰ ਕਿਸੇ ਅਭਿਮਾਨ ਭਾਵ ਦੀ ਕਾਮਨਾ ਵਿਚ ਗ੍ਰਸਤ ਹੋ ਕੇ ਜੋਸ਼ ਵਿਚ ਆ ਕੇ ਨਾਚ ਨਚਣ ਲਗ ਪਏ।

ਇਹੋ ਜਿਹਾ ਨਟ-ਖਟ ਪ੍ਰਦਰਸ਼ਨਕਾਰ ਉਸ ਬ੍ਰਹਮ ਲੋਕ ਵਿਚ ਕਿਵੇਂ ਪ੍ਰਵੇਸ਼ ਕਰ ਸਕਦਾ ਹੈ ? ਜਿਥੇ ਮੁਕਤਗਾਮੀ ਆਤਮਾਵਾਂ ਮਰਨ ਪਿਛੋਂ ਦੇਵ ਲੋਕ ਵਿਚ ਠਉਰ ਪਾਉਂਦੀਆਂ ਹਨ।

ਜਿਹੜੇ ਆਰੇ ਨਾਲ ਤਨ ਨੂੰ ਚੀਰ ਕੇ ਬਨਾਰਸ ਵਿਖੇ ਗੰਗਾ ਵਿਚ ਡੁੱਬ ਕੇ ਮਰਨ ਨੂੰ ਪੁੰਨ ਸਮਝਦੇ ਹਨ, ਅਜਿਹੀ ਆਤਮ-ਸ਼ੁਧੀ ਦੀ ਸਭ ਪ੍ਰਕ੍ਰਿਆ ਵਿਅਰਥ ਹੁੰਦੀ ਹੈ।

ਜਿਹੜੇ ਗਲ ਦੁਆਲੇ ਫਾਹੀ ਪਾ ਗੰਗਾ ਵਿਚ ਦਮ ਘੁਟ ਕੇ ਮਰਦੇ ਹਨ,

ਇਹ ਕਿਹੋ ਜਿਹੀ ਮ੍ਰਿਤੂ ਹੈ ? ਅਜਿਹੀਆਂ ਕਈ ਮੌਤਾਂ ਤਾਂ ਡਾਕੂਆਂ ਹਥੋਂ ਗਲ ਘੁਟ ਕੇ ਕੀਤੀਆਂ ਜਾਂਦੀਆਂ ਹਨ। ਅਜਿਹੇ ਸਭ ਲੋਕ ਕੁੰਭੀ ਨਰਕ ਵਿਚ ਹੀ ਜਾਂਦੇ ਹਨ। ਕਿੰਨੇ ਮੂਰਖ ਤੇ ਅਗਿਆਨੀ ਹਨ ਉਹ !

ਕੇਵਲ ਸੱਚੇ ਗਿਆਨ ਨਾਲ ਹੀ ਮਨ ਨੂੰ ਸ਼ਾਂਤੀ ਮਿਲਦੀ ਹੈ।

ਸਹਿਜ ਆਵੇਸ਼ ਵਿਚ ਪ੍ਰਾਪਤ ਹੋਈ ਆਤਮ-ਸਮਰਪਣ ਦੀ ਭਾਵਨਾ ਤੋਂ ਬਿਨਾਂ ਉਹ ਲੋਕ ਬ੍ਰਹਮ ਗਿਆਨ ਦੀ ਕਿਵੇਂ ਚਰਚਾ ਕਰ ਸਕਦੇ ਹਨ ?

ਜਿਹੜੇ ਪ੍ਰਭੂ ਦੇ ਨਾਮ ਦਾ ਰਟਣ ਕਰਦੇ ਹਨ, ਮਾਲਾ ਦੇ ਮਣਕੇ ਫੇਰਦੇ ਹਨ, ਕਿਵੇਂ ਉਹ ਇਕੋ ਨਾਦ ਜਾਂ ਸ਼ਬਦ ਦੇ ਵਾਰ ਵਾਰ ਰਟਣ ਨਾਲ ਉਸ ਨਾਦ ਰਹਿਤ ਦਾ ਭੇਦ ਪਾ ਸਕਦੇ ਹਨ ?

ਜੋ ਅਨਾਮ ਹੈ, ਉਸ ਦਾ ਕੋਈ ਨਾਮ ਧਰ ਕੇ ਵਾਰ ਵਾਰ ਰਟਣ ਦਾ ਕੀ ਲਾਭ ਹੈ ?

ਨਿਕਾ ਜਿਹਾ ਪੰਛੀ ਪੂਦਨਾ ਵੀ ਤਾਂ ਨਿਤ ''ਤੂੰ-ਹੀ-ਤੂੰ-ਹੀ'' ਅਲਾਪਦਾ ਰਹਿੰਦਾ ਹੈ।

ਜੋ ਆਤਮਦਾਹ ਕਰਦੇ ਹਨ ਤੇ ਵਿਧਵਾ ਇਸਤਰੀਆਂ ਪਤੀ ਨਾਲ ਸਤੀ ਹੁੰਦੀਆਂ ਹਨ, ਇਹ ਵੀ ਸਭ ਕੁਝ ਵਿਅਰਥ ਹੈ। ਚਾਹੀਦਾ ਤਾਂ ਇਹ ਹੈ ਕਿ ਅਸੀਂ ਕਿਸੇ ਨਾਲ ਵੀ ਨਫਰਤ ਨਾ ਕਰੀਏ। ਭਾਵੇਂ ਉਹ ਘੋਨ-ਮੋਨ ਸੰਨਿਆਸੀ ਹੋਵੇ, ਜੋਗੀ ਹੋਵੇ ਜਾਂ ਬ੍ਰਹਮਚਾਰੀ। ਭਾਵੇਂ ਉਹ ਹਿੰਦੂ ਹੋਵੇ ਜਾਂ ਮੁਸਲਮਾਨ ਜਾਂ ਸੂਫ਼ੀ ਦਰਵੇਸ਼। ਸਭ ਅੰਦਰ ਮਨੁੱਖਤਾ ਨੂੰ ਪਛਾਣੋ। ਸਭ ਮਾਨਵ ਜਾਤੀ ਇਕ ਹੈ।

ਹਿੰਦੂਆਂ ਦਾ ਕਰਤਾਰ ਅਤੇ ਮੁਸਲਮਾਨਾਂ ਦਾ ਰਹਿਮਾਨ ਇਕੋ ਹੀ ਹੈ। ਭਾਵੇਂ ਉਸ ਨੂੰ ਰਾਜ਼ਕ (ਰੋਜ਼ੀ ਦੇਣ ਵਾਲਾ) ਕਹਿ ਲਵੋ ਜਾਂ ਮਿਹਰਬਾਨ, ਦਿਆਲੂ। ਇਹ ਸਭ ਜ਼ਬਦ ਉਸੇ ਇਕ ਪ੍ਰਭੂ ਦੇ ਹੀ ਕਰਮ ਨਾਮ ਹਨ।

ਇਹਨਾਂ ਵਿਚ ਕੋਈ ਅੰਤਰ ਨਹੀਂ ਹੈ। ਨਾ ਹੀ ਕੋਈ ਦੂਈ ਦਾ ਭਾਵ ਹੈ। ਕੇਵਲ ਵਿਸ਼ੇਸ਼ ਦੇਸ਼ਾਂ ਕਾਰਨ ਅਤੇ ਵਿਭਿੰਨ ਭਾਸ਼ਾਵਾਂ ਬੋਲਣ ਦੇ ਨਾਲ ਮਨੁੱਖਾਂ-ਮਨੁੱਖਾਂ ਵਿਚਕਾਰ ਅੰਤਰ ਦਿਸ ਆਉਂਦੇ ਹਨ। ਇਸ ਲਈ ਕਦੀ ਇਸ ਭਰਮ-ਭੁਲੇਖੇ ਵਿਚ ਨਾ ਰਹੋ ਕਿ ਮਨੁੱਖ-ਮਨੁੱਖ ਵਿਚਕਾਰ ਕੋਈ ਅੰਤਰ ਹੈ। ਸਭ ਮਨੁੱਖਾਂ ਅੰਦਰ ਪ੍ਰਭੂ ਨੂੰ ਮਿਲਣ ਦੀ ਇਛਾ ਇਕ ਸਮਾਨ ਹੀ ਹੁੰਦੀ ਹੈ।

ਹਿੰਦੂਆਂ ਦਾ ਦੇਹੁਰਾ ਤੇ ਮੁਸਲਮਾਨਾਂ ਦੀ ਮਸੀਤ ਇਕ ਸਮਾਨ ਹਨ। ਹਿੰਦੂਆਂ ਦੀ ਪੂਜਾ-ਅਰਚਾ ਅਤੇ ਮੁਸਲਮਾਨਾਂ ਦੀ ਨਮਾਜ਼ ਵਿਚ ਕੋਈ ਅੰਤਰ ਨਹੀਂ ਹੈ। ਦੇਵਤੇ ਤੇ ਅਸੁਰ, ਯਖ ਤੇ ਗੰਦਰਭ, ਮੁਸਲਮਾਨ ਤੇ ਹਿੰਦੂ ਭਾਵੇਂ ਵੱਖ ਵਖ ਦੇਖਾਈ ਦਿੰਦੇ ਹਨ, ਪਰ ਇਹ ਸਭ ਵਿਖੇਵੇਂ ਵਖ ਵਖ ਮਾਨਤਾਵਾਂ, ਦੇਸ਼ਾਂ, ਨੈਣ-ਨਕਸ਼ਾਂ ਅਤੇ ਸਥਾਨ-ਅੰਤਰਾਂ ਕਾਰਨ ਹਨ।

ਹਿੰਦੂਆਂ ਦੇ ਨੈਣ ਮੁਸਲਮਾਨਾਂ ਵਰਗੇ ਹੀ ਹਨ। ਉਹਨਾਂ ਦੇ ਕੰਨ ਅਤੇ ਸਰੀਰਕ ਬਣਤਰ ਵੀ ਇਕੋ ਜਿਹੀ ਹੈ। ਉਹਨਾਂ ਦੀ ਬੋਲ-ਬਾਣੀ ਵੀ ਇਕ ਸਮਾਨ ਹੈ। ਸਾਰੇ ਮਨੁੱਖ ਇਕ ਸਮਾਨ ਤੱਤਾਂ ਅਰਥਾਤ ਮਿੱਟੀ, ਪੌਣ, ਅਗਨੀ ਅਤੇ ਪਾਣੀ

ਦੇ ਬਣੇ ਹੋਏ ਹਨ। ਪੁਰਾਨ ਅਤੇ ਕੁਰਾਨ ਵਿਚ ਵੀ ਕੋਈ ਭੇਦ ਨਹੀਂ ਹੈ। ਇਹਨਾਂ ਦਾ ਰੂਪ ਸਰੂਪ ਇਕ ਹੈ। ਇਕੋ ਖ਼ਾਲਕ ਪ੍ਰਭੂ ਨੇ ਇਹਨਾਂ ਨੂੰ ਰਚਿਆ ਹੈ।

## ਗੁਰੂ ਗੋਬਿੰਦ ਸਿੰਘ ਜੀ ਦੇ ਸਵੱਯਾਂ ਵਿਚੋਂ ਕੁਝ ਉਦਾਹਰਣ

ਜਿਸ ਦੇ ਹਿਰਦੇ ਵਿਚ ਦਿਨ ਰਾਤ ਉਸ ਪ੍ਰਭੂ ਦੀ ਜੀਵਨ ਜੋਤ ਬਲਦੀ ਰਹਿੰਦੀ ਹੈ ਅਤੇ ਜਿਹੜਾ ਉਸ ਪਰਮ-ਆਤਮਾ ਦੀ ਹੋਂਦ ਦੇ ਪ੍ਰੇਮ ਵਿਚ ਰੰਗਿਆ ਰਹਿੰਦਾ ਹੈ, ਜਿਸ ਦੀ ਆਤਮਾ ਭ੍ਰਮਣ ਕਰਨ ਦੀ ਥਾਂ ਉਸ ਪ੍ਰਭੂ ਦੇ ਪ੍ਰੇਮ ਵਿਚ ਇਸਥਿਤ ਹੋ ਜਾਂਦੀ ਹੈ ਤੇ ਉਸ ਦੇ ਅੰਦਰ ਉਸ ਪ੍ਰਭੂ-ਪ੍ਰੀਤਮ ਦਾ ਪ੍ਰੇਮ ਜਾਗ ਪੈਂਦਾ ਹੈ। ਇਸ ਤਰ੍ਹਾਂ ਜਿਹੜਾ ਪੂਰਨ ਅਤੇ ਪਵਿੱਤਰ ਹੋ ਜਾਂਦਾ ਹੈ, ਉਹੋ ਹੀ ਸੱਚ ਦਾ ਧਾਰਨੀ ਹੁੰਦਾ ਹੈ।

ਜਿਸ ਨੇ ਆਪਣੇ ਆਪ ਨੂੰ ਭਰਮ ਜਾਲ ਤੋਂ ਮੁਕਤ ਕਰ ਲਿਆ ਹੈ ਅਤੇ ਜੋ ਪ੍ਰਭੂ ਦੇ ਪ੍ਰਸਾਦਿ ਕਰਮ ਵਿਚ ਤਿਲ ਮਾਤਰ ਵੀ ਗ਼ਲਤੀ ਨਹੀਂ ਕਰਦਾ, ਗੋਰ, ਮੱਠਾਂ ਤੇ ਮੜੀਆਂ ਨੂੰ ਭੁਲ ਕੇ ਵੀ ਨਹੀਂ ਮੰਨਦਾ, ਨਾ ਹੀ ਕੰਦਰਾਂ ਵਿਚ ਜਾ ਕੇ ਜੋਗੀਆਂ ਵਾਂਗ ਸਮਾਧੀ ਲਾਉਂਦਾ ਹੈ, ਨਾ ਹੀ ਤੀਰਥਾਂ ਆਦਿ ਉਤੇ ਵਿਅਰਥ ਭ੍ਰਮਣ ਕਰਕੇ ਇਸ਼ਨਾਨ ਕਰਨ ਜਾਂਦਾ ਹੈ, ਨਾ ਹੀ ਵਿਖਾਵੇ ਦੇ ਦਾਨ-ਪੁੰਨ ਕਰਦਾ ਹੈ, ਉਹੋ ਹੀ ਖ਼ਾਲਸਾ ਦਾ ਸ਼ੁਧ ਸਰੂਪ ਹੈ। ਜਿਸ ਦੇ ਹਿਰਦੇ ਵਿਚ ਦਿਨ ਰਾਤ ਪ੍ਰੇਮ ਦਾ ਦੀਪ ਬਲਦਾ ਰਹਿੰਦਾ ਹੈ। ਖ਼ਾਲਸਾ ਤਾਂ ਪ੍ਰਭੂ ਦਾ ਉਹ ਮੰਦਰ ਹੈ, ਜਿਥੇ ਪ੍ਰਭੂ ਦੀ ਆਤਮਾ ਦੀ ਜੋਤ ਨਿਰੰਤਰ ਜਗਦੀ ਰਹਿੰਦੀ ਹੈ ਅਤੇ ਇਸ ਦਾ ਪ੍ਰਕਾਸ਼ ਕਦੇ ਵੀ ਮਾਂਦਾ ਨਹੀਂ ਪੈਂਦਾ।

ਪ੍ਰਭੂ ਨੂੰ ਨਾ ਵੇਦ ਜਾਣ ਸਕਦੇ ਹਨ, ਨਾ ਹੀ ਸਿਧ ਸਮਾਧੀ ਦੁਆਰਾ ਉਸ ਦੇ ਭੇਦ ਨੂੰ ਪਾ ਸਕਦੇ ਹਨ। ਜਿਨ੍ਹਾਂ ਨੇ ਵੀ ਉਸ ਪ੍ਰਭੂ ਦੇ ਭੇਦ ਨੂੰ ਪਾਉਣ ਦਾ ਯਤਨ ਕੀਤਾ ਹੈ, ਉਹ ਸਭ ਇਸ ਭਾਲ ਵਿਚ ਅਸਫਲ ਰਹੇ ਹਨ। ਧਰਮ ਗਰੰਥਾਂ ਤੇ ਕਾਨੂੰਨ ਦੀਆਂ ਪੁਸਤਕਾਂ ਉਸ ਪ੍ਰਭੂ ਬਾਰੇ ਬੜੇ ਕਿਆਸ ਲਾਉਂਦੀਆਂ ਹਨ। ਕਈ ਕਥਾ ਕਹਾਣੀਆਂ ਆਦਿ ਤੇ ਅੰਤ ਦਾ ਬਖਾਨ ਕਰਦੀਆਂ ਹਨ ਤੇ ਉਸ ਵਰਣਨ ਰਹਿਤ ਪ੍ਰਭੂ ਦਾ ਵਰਣਨ ਕਰਦੀਆਂ ਹਨ। ਮੈਂ ਤੁਹਾਨੂੰ ਉਸ ਪ੍ਰਭੂ ਦੇ ਨਾਮ ਦੇ ਪ੍ਰੇਮ ਦਾ ਨੇਮ ਬਖ਼ਸ਼ਦਾ ਹਾਂ ਜਿਸ ਨੇ ਧਰੂ ਅਤੇ ਪ੍ਰਹਿਲਾਦ ਨੂੰ ਮੁਕਤੀ ਬਖ਼ਸ਼ੀ। ਇਸੇ ਉਚੇਰੇ ਨਾਮ ਦੀ ਪ੍ਰੇਰਨਾ ਸਦਕਾ ਗਨਿਕਾ ਨੇ ਅਗਿਆਨ ਦੇ ਅੰਧਕਾਰ ਨੂੰ ਪਾਰ ਕੀਤਾ। ਨਾਮ ਦੀ ਇਹੋ ਹੀ ਪ੍ਰੇਰਨਾ ਤੇ ਭਾਵਨਾ ਮੇਰੀ ਆਤਮਾ ਨੂੰ ਸਥਿਰ ਰਖਣ ਵਾਲੀ ਹੈ।

ਕੁਝ ਪ੍ਰਭੂ ਨੂੰ ਪੱਥਰਾਂ ਦੇ ਠਾਕਰ ਰੂਪ ਵਿਚ ਮੰਨਦੇ ਹਨ ਅਤੇ ਉਹਨਾਂ ਨੂੰ ਗਲ ਵਿਚ ਲਟਕਾਉਂਦੇ ਹਨ। ਕੁਝ ਮਹਾਂਦੇਵ ਨੂੰ ਪ੍ਰਭੂ ਮੰਨਦੇ ਹਨ। ਕੁਝ ਕਹਿੰਦੇ ਹਨ, ਪ੍ਰਭੂ ਹਿੰਦੂ ਮੰਦਰਾਂ ਵਿਚ ਹੈ, ਦੂਜੇ ਕਹਿੰਦੇ ਹਨ, ਉਹ ਮਸੀਤ ਵਿਚ ਹੈ। ਕੁਝ ਉਸ ਨੂੰ ਰਾਮ ਰੂਪ ਵਿਚ ਮੰਨਦੇ ਹਨ, ਕੁਝ ਕ੍ਰਿਸ਼ਨ ਰੂਪ ਵਿਚ। ਇਸ ਤਰ੍ਹਾਂ ਉਹ ਵਖ ਵਖ ਮਾਨਵ ਅਵਤਾਰਾਂ ਨੂੰ ਪ੍ਰਭੂ ਦਾ ਅਵਤਾਰ ਮੰਨਦੇ ਹਨ।

ਇਹਨਾਂ ਸਭ ਕਾਲਪਨਿਕ ਅਟਕਲਾਂ ਨੂੰ ਭੁਲ ਜਾਉ ਤੇ ਇਹ ਜਾਣ ਲਵੋ ਕਿ ਕਰਤਾਰ ਤੁਹਾਡੀ ਹੀ ਆਤਮਾ ਦਾ ਰਚਣਹਾਰ ਹੈ ਅਤੇ ਉਹ ਪ੍ਰੇਮ ਸਰੂਪ ਆਤਮਾ ਹੈ।

ਉਸ ਪ੍ਰਭ ਨੂੰ ਨਾ ਕੋਈ ਵਸ ਵਿਚ ਕਰ ਸਕਦਾ ਹੈ, ਨਾ ਹੀ ਉਹ ਕਦੀ ਗਰਭ-ਜੂਨ ਵਿਚ ਆਉਂਦਾ ਹੈ। ਇਸ ਲਈ ਉਹ ਕੁਸ਼ਲਿਆ ਪੇਟੋਂ ਜਨਮਿਆ ਰਾਮ ਕਿਵੇਂ ਹੋ ਸਕਦਾ ਹੈ ਜਿਸ ਪ੍ਰਭੂ ਦਾ ਨਾ ਕੋਈ ਸ਼ਤਰੂ ਹੈ ਨਾ ਮਿਤਰ। ਉਹ ਸਾਰਥੀ ਬਣ ਕੇ ਅਰਜਨ ਦਾ ਪੱਖ ਕਿਵੇਂ ਪੂਰ ਸਕਦਾ ਹੈ ? ਫਿਰ ਇਹ ਜਾਣ ਲਵੋ ਕਿ ਉਹ ਕਰਤਾ ਪੁਰਖ ਹੈ। ਜਿਸ ਦਾ ਰਹੱਸ ਨਾ ਕੋਈ ਜਾਣ ਸਕਿਆ ਹੈ ਤੇ ਨਾ ਹੀ ਜਾਣ ਸਕੇਗਾ।

ਕਹਿੰਦੇ ਹਨ ਕ੍ਰਿਸ਼ਨ ਕਰੁਣਾ ਦਾ ਸਾਗਰ ਹੈ। ਫਿਰ ਉਸ ਨੇ ਬਧਕ ਨੂੰ ਤੀਰ ਨਾਲ ਕਿਉਂ ਮਾਰਿਆ ? ਕਹਿੰਦੇ ਹਨ ਉਹ ਸਭ ਜਾਤੀਆਂ ਦਾ ਰਖਣਹਾਰ ਹੈ। ਫਿਰ ਉਸ ਦੀ ਆਪਣੀ ਜਾਤੀ ਦਾ ਕਿਉਂ ਸਰਵਨਾਸ਼ ਹੋਇਆ ? ਕਹਿੰਦੇ ਹਨ ਪ੍ਰਭੂ ਤਾਂ ਸ਼ੁਧ ਸਰੂਪ ਹੈ ਤੇ ਉਹ ਜੋਨੀ ਵਿਚ ਨਹੀਂ ਆਉਂਦਾ। ਫਿਰ ਕ੍ਰਿਸ਼ਨ ਦੇਵਕੀ ਦੇ ਪੇਟੋਂ ਕਿਉਂ ਜਨਮਿਆ ? ਕਹਿੰਦੇ ਹਨ ਪ੍ਰਭੂ ਦਾ ਨਾ ਕੋਈ ਪਿਤਾ ਹੈ, ਨਾ ਮਾਤਾ। ਫਿਰ ਕ੍ਰਿਸ਼ਨ ਵਾਸੂਦੇਵ ਨੂੰ ਆਪਣਾ ਪਿਤਾ ਕਿਉਂ ਦਸਦੇ ਹਨ ? ਫਿਰ ਉਹ ਕਰਤਾਰ ਬਾਰੇ ਇੰਜ ਅਟਕਲ-ਪੱਚੂ ਕਥਨ ਕਿਉਂ ਕਰਦੇ ਹਨ ? ਉਹ ਪ੍ਰਭੂ ਨਾ ਤਾਂ ਕ੍ਰਿਸ਼ਨ ਹੈ, ਨਾ ਸ਼ਿਵ ਹੈ ਤੇ ਨਾ ਹੀ ਰਘੁਨਾਥ ਹੈ। ਸੁਕਦੇਵ ਤੇ ਵਿਆਸ ਆਦਿ ਨੇ ਅਨੇਕ ਦੇਵਤਿਆਂ ਦੀ ਦੇਵਮਾਲਾ ਸਿਰਜ ਦਿਤੀ। ਇੰਜ ਇਹਨਾਂ ਨੇ ਪ੍ਰਭੂ ਬਾਰੇ ਲੋਕਾਂ ਦੇ ਮਨਾਂ ਵਿਚ ਕਈ ਭੁਲੇਖੇ ਖੜ੍ਹੇ ਕਰ ਦਿਤੇ ਅਤੇ ਲੋਕਾਂ ਨੂੰ ਇਕ ਪ੍ਰਭੂ ਪ੍ਰੇਮ ਕਰਨ ਦੀ ਥਾਂ ਅਨੇਕ ਦੇਵਤਿਆਂ ਦੇ ਲੜ ਲਾ ਦਿਤਾ। ਇਹ ਸਭ ਮਤ-ਮਤਾਂਤਰ ਕੂੜਾਵੇ ਹਨ। ਮੈਂ ਇਹਨਾਂ ਸਭ ਦੀ ਸੱਚੀ ਪੂਰਤੀ ਇਕੋ ਪ੍ਰਭੂ ਦੇ ਪ੍ਰੇਮ ਵਿਚੋਂ ਲਭਦਾ ਹਾਂ।

ਕਿਉਂ ਇਹਨਾਂ ਪੱਥਰਾਂ ਦੀਆਂ ਮੂਰਤੀਆਂ ਨੂੰ ਪੂਜਦੇ ਹੋ ? ਇਹਨਾਂ ਵਿਚ ਕਿਹੜਾ ਪ੍ਰਭੂ ਜਾਂ ਮਹਾਂ-ਪ੍ਰਭੂ ਵਿਦਮਾਨ ਹੈ ? ਉਸ ਇਕੋ ਪ੍ਰਭੂ ਤੇ ਮਹਾਂ-ਪ੍ਰਭੂ ਦੀ ਪੂਜਾ-ਅਰਚਾ ਕਰੋ ਜਿਸ ਦੀ ਪੂਜਾ ਕਰਕੇ ਤੁਹਾਡੇ ਲੋਕ-ਪਰਲੋਕ ਦੇ ਬੰਧਨ ਕਟੇ ਜਾਂਦੇ ਹਨ। ਜਿਸ ਦੇ ਪ੍ਰੇਮ ਸਰੂਪ ਨਾਮ ਦਾ ਸੁਆਸ ਸੁਆਸ ਸਿਮਰਨ ਕਰਕੇ ਤੁਹਾਡੇ ਬੰਧਨ ਤਤਕਾਲ ਕਟੇ ਜਾਂਦੇ ਹਨ ਤੇ ਤੁਹਾਨੂੰ ਮੁਕਤੀ ਪ੍ਰਾਪਤ ਹੋ ਜਾਂਦੀ ਹੈ।

ਕੇਵਲ ਪ੍ਰਭੂ-ਪ੍ਰੀਤਮ ਦਾ ਪ੍ਰੇਮ ਹੀ ਪ੍ਰਵਾਨ ਚੜ੍ਹਦਾ ਹੈ। ਹੋਰ ਸਭ ਮਤ-ਮਤਾਂਤਰ ਤੇ ਕੀਤੇ ਸਿਜਦੇ ਅਸਫਲ ਰਹਿੰਦੇ ਹਨ। ਯੁਗ ਬੀਤ ਗਏ ਹਨ, ਇਹਨਾਂ ਫੋਕਟ ਧਰਮਾਂ ਨੂੰ ਕੋਈ ਫਲ ਨਹੀਂ ਲੱਗਾ। ਯੁਗਾਂ ਤੋਂ ਮਨੁੱਖ ਇਹਨਾਂ ਧਰਮਾਂ-ਕਰਮਾਂ ਵਿਚ ਵਿਅਰਥ ਲਗੇ ਰਹੇ ਹਨ। ਇਹਨਾਂ ਪੱਥਰ ਦੇ ਦੇਵਾਂ ਦੀ ਛੂਹ ਮਾਤਰ ਨਾਲ ਕਿਵੇਂ ਕੋਈ ਪ੍ਰਾਪਤੀ ਕਰ ਸਕਦਾ ਹੈ ? ਇਹਨਾਂ ਲੋਕਾਂ ਨੇ ਆਪਣੇ ਜੀਵਨ ਤੇ ਸ਼ਕਤੀ ਨੂੰ ਵਿਅਰਥ ਗੁਆਇਆ ਹੈ। ਨਾ ਤਾਂ ਉਹਨਾਂ ਨੂੰ ਪਰਮਾਨੰਦ ਮਿਲਿਆ

ਹੈ, ਨਾ ਨੌ ਨਿਧਾਂ। ਕੁਝ ਪ੍ਰਾਪਤ ਕਰਨ ਦਾ ਸਮਾਂ ਹੁਣੇ ਹੀ ਵਰਤਮਾਨ ਕਾਲ ਹੀ ਹੈ, ਪਰ ਅਸੀਂ ਸਦਾ ਇਸ ਨੂੰ ਵਿਅਰਥ ਗੁਆਇਆ ਹੈ ਅਤੇ ਸਾਨੂੰ ਕਦੇ ਵੀ ਆਪਣੀ ਮੰਜ਼ਲ ਦੀ ਪ੍ਰਾਪਤੀ ਨਹੀਂ ਹੋਈ। ਫਿਰ ਵੀ ਤੁਹਾਨੂੰ ਕਦੀ ਕਦੀ ਲੱਜਾ ਨਹੀਂ ਹੋਈ। ਤੁਸੀਂ ਤਾਂ ਪ੍ਰਭੂ-ਪ੍ਰੀਤਮ ਅਗੇ ਕਦੀ ਵੀ ਆਪਣੇ ਆਪ ਨੂੰ ਸਮਰਪਿਤ ਨਹੀਂ ਕੀਤਾ।

ਜੜ੍ਹਤਾ-ਪੂਜ ਅਗਿਆਨੀ ਮਨੁੱਖ ! ਤੁਹਾਡੀ ਆਤਮਿਕ ਜਿਗਿਆਸਾ ਕੇਵਲ ਮਾਨਸਿਕ ਤੇ ਕਾਲਪਨਿਕ ਸੰਕਲਪਾਂ ਤਕ ਸੀਮਤ ਹੈ।

ਕਦੀ ਇਹ ਸਿਧ ਕਰਨ ਲਈ, ਕਦੀ ਉਹ ਸਾਬਤ ਕਰਨ ਲਈ ਤੁਸੀਂ ਨਿਰਾਰਥ ਸ਼ਾਸਤਰਾਰਥ ਕਰਦੇ ਹੋ ਅਤੇ ਸੱਚ ਬਾਰੇ ਕਈ ਊਟ-ਪਟਾਂਗ ਕਥਨ ਕਰਦੇ ਹੋ। ਜੁਗਾਂ-ਜੁਗਾਂਤਰਾਂ ਤੋਂ ਤੁਸੀਂ ਇਕ ਤਰ੍ਹਾਂ ਦੇ ਵਿਕ੍ਰਿਤ ਤਿਆਗੀ ਬਣੇ ਰਹੇ ਹੋ। ਹੁਣ ਤਕ ਵੀ ਪਾਹਨ ਦੇਵ ਤੁਹਾਡੇ 'ਤੇ ਪ੍ਰਸੰਨ ਨਹੀਂ ਹੋਏ। ਨਾ ਹੀ ਉਹਨਾਂ ਪਾਹਨ-ਭੁਜਾ ਨੇ ਤੁਹਾਨੂੰ ਕਦੀ ਅਸ਼ੀਰਵਾਦ ਦਿਤੀ ਹੈ। ਨਾ ਉਹਨਾਂ ਵਲੋਂ ਤੁਹਾਨੂੰ ਕੋਈ ਵਰ ਪ੍ਰਾਪਤ ਹੋਇਆ ਹੈ।

ਤੁਹਾਡੇ ਦੇਵਾਂ ਨੇ ਕਦੀ ਤੁਹਾਡੀ ਰੱਖਿਆ ਨਹੀਂ ਕੀਤੀ ! ਫਿਰ ਵੀ ਤੁਸੀਂ ਉਹਨਾਂ ਉਤੇ ਪੱਕਾ ਨਿਹਚਾ ਰਖਦੇ ਹੋ। ਹੇ ਮੂੜ ਅਗਿਆਨੀ ਲੋਕੋ ! ਹਾਲੀਂ ਵੀ ਜਾਣ ਲਵੋ, ਸਮਝ ਲਵੋ ਕਿ ਇਹ ਕੂੜੇ ਮਤ-ਮਤਾਂਤਰ ਜਿਨ੍ਹਾਂ ਦੇ ਤੁਸੀਂ ਪੈਰੋਕਾਰ ਹੋ, ਭਰਮ-ਭੁਲੇਖੇ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਹਨ।

## ਬਚਿਤਰ ਨਾਟਕ ਵਿਚੋਂ ਕੁਝ ਪ੍ਰਮਾਣ

ਪੰਜਾਬ ਦੀ ਬੇਦੀ ਬੰਸ ਵਿਚ ਗੁਰੂ ਨਾਨਕ ਪਾਤਸ਼ਾਹ ਹੋਏ। ਆਪ ਨੇ ਆਪਣੇ ਸਿੱਖਾਂ ਨੂੰ ਸੁਖ ਦਿਤਾ ਅਤੇ ਜਦੋਂ ਵੀ ਗੁਰੂ ਨਾਨਕ ਦੇ ਸਿੱਖ ਨੂੰ ਬਿਪਤਾ ਸਮੇਂ ਯਾਦ ਕਰਦੇ ਹਨ, ਆਪ ਉਹਨਾਂ ਦੀ ਸਹਾਇਤਾ ਕਰਦੇ ਹਨ। ਇਸ ਕਲੂ-ਕਾਲ ਵਿਚ ਆਪ ਨੇ ਸੱਚ ਦਾ ਮਾਰਗ ਦਰਸਾਇਆ ਅਤੇ ਇਸ ਯੁਗ ਦੇ ਸਾਧ-ਸੰਤਾਂ ਨੂੰ ਇਸ ਸੱਚੇ ਮਾਰਗ ਦੀ ਸੋਝੀ ਕਰਾਈ। ਜਿਨ੍ਹਾਂ ਨੇ ਗੁਰੂ ਨਾਨਕ ਦੇ ਇਸ ਮਾਰਗ ਨੂੰ ਧਾਰਨ ਕੀਤਾ, ਉਹਨਾਂ ਦੇ ਕਸ਼ਟਾਂ ਦੀ ਨਿਵਿਰਤੀ ਹੋਈ ਤੇ ਉਹਨਾਂ ਦੇ ਪਾਪ ਧੋਤੇ ਗਏ। ਨਾ ਤਾਂ ਉਹ ਭੁੱਖ ਹੱਥੋਂ ਤੰਗ ਹੋ ਸਕਦੇ ਹਨ, ਨਾ ਹੀ ਕੋਈ ਰੋਗ ਉਹਨਾਂ ਨੂੰ ਪੋਹ ਸਕਦਾ ਹੈ ਅਤੇ ਮੌਤ ਵੀ ਉਹਨਾਂ ਦੇ ਚਰਨਾਂ ਦੀ ਦਾਸੀ ਬਣ ਜਾਂਦੀ ਹੈ।

ਗੁਰੂ ਨਾਨਕ ਨੇ ਗੁਰੂ ਅੰਗਦ ਨੂੰ ਆਪਣਾ ਉਤਰਾਧਿਕਾਰੀ ਥਾਪਿਆ। ਇਸ ਤਰ੍ਹਾਂ ਆਪ ਨੇ ਆਪਣੇ ਅਗਲੇਰੇ ਧਰਮ-ਮਾਰਗ ਦਾ ਐਲਾਨ ਕੀਤਾ।

ਤੀਜੇ ਗੁਰੂ ਰੂਪ ਵਿਚ ਆਪ ਦਾ ਨਾਮ ਅਮਰਦਾਸ ਹੋਇਆ ਅਤੇ ਇਸ ਤਰ੍ਹਾਂ ਜੋਤ ਤੋਂ ਅਗੇ ਜੋਤ ਜਗ ਪਈ।

ਜਦੋਂ ਉਚਿਤ ਸਮਾਂ ਆਇਆ ਤਾਂ ਗੁਰੂ ਰਾਮਦਾਸ ਜੀ ਨੂੰ ਚੌਥੇ ਗੁਰੂ ਦੇ ਸਰੂਪ ਵਿਚ ਸਥਾਪਤ ਕੀਤਾ ਗਿਆ। ਗੁਰੂ ਅਮਰਦਾਸ ਨੇ ਉਹੀ ਦਾਤ ਗੁਰੂ

ਰਾਮਦਾਸ ਨੂੰ ਬਖ਼ਸ਼ੀ ਜੋ ਆਪ ਨੂੰ ਗੁਰੂ ਅੰਗਦ ਤੋਂ ਪ੍ਰਾਪਤ ਹੋਈ ਸੀ। ਗੁਰੂ ਰਾਮਦਾਸ ਜੀ ਨੂੰ ਗੁਰਗਦੀ ਬਖ਼ਸ਼ ਕੇ ਗੁਰੂ ਅਮਰਦਾਸ ਦੇਵਪੁਰੀ ਵਿਚ ਜਾ ਬਿਰਾਜੇ। ਗੁਰੂ ਅੰਗਦ ਦੇ ਰੂਪ ਵਿਚ ਗੁਰੂ ਨਾਨਕ ਦੇਵ ਦੀ ਪਛਾਣ ਹੋਈ ਤੇ ਗੁਰੂ ਅੰਗਦ ਦਾ ਹੀ ਨਾਮ ਗੁਰੂ ਅਮਰਦਾਸ ਧਰਿਆ ਗਿਆ। ਫਿਰ ਅਮਰਦਾਸ ਗੁਰੂ ਰਾਮਦਾਸ ਦੇ ਰੂਪ ਵਿਚ ਪ੍ਰਗਟ ਹੋਏ।

ਹੋਰਾਂ ਨੂੰ ਇਸ ਗੱਲ ਦਾ ਬੋਧ ਨਹੀਂ ਹੈ। ਸਾਰੇ ਵਖ ਵਖ ਗੁਰੂ ਵਿਅਕਤੀਆਂ ਨੂੰ ਭਿੰਨ ਭਿੰਨ ਸਰੂਪ ਵਾਲੇ ਮੰਨਦੇ ਹਨ। ਅਜਿਹੇ ਬਹੁਤ ਵਿਰਲੇ ਹਨ ਜੋ ਸਾਰੇ ਗੁਰੂ ਸਾਹਿਬਾਨ ਨੂੰ ਇਕੋ ਰੂਪ ਮੰਨਦੇ ਹਨ। ਜਿਹੜੇ ਇਸ ਤਰ੍ਹਾਂ ਦਾ ਬੋਧ ਰਖਦੇ ਹਨ, ਉਹਨਾਂ ਨੂੰ ਹੀ ਸ਼ੁਧ ਅਧਿਆਤਮਿਕ ਗਿਆਨ ਦੀ ਪ੍ਰਾਪਤੀ ਹੋਈ ਹੈ। ਇਸ ਗੱਲ ਦੀ ਹਰ ਇਕ ਨੂੰ ਸੋਝੀ ਨਹੀਂ ਹੋ ਸਕਦੀ।

ਜਦੋਂ ਰਾਮਦਾਸ ਪਰਲੋਕ ਸਿਧਾਰੇ ਤਾਂ ਆਪ ਨੇ ਗੁਰੂ ਅਰਜਨ ਨੂੰ ਆਪਣਾ ਸਥਾਨ ਬਖ਼ਸ਼ਿਆ। ਜਦੋਂ ਗੁਰੂ ਅਰਜਨ ਦੇਵ ਪ੍ਰਭੂ-ਪੁਰ ਲਈ ਸਿਧਾਰੇ ਤਾਂ ਆਪ ਦਾ ਨਾਮ ਹੀ ਹਰਿਗੋਬਿੰਦ ਹੋਇਆ।

ਜਦੋਂ ਹਰਿਗੋਬਿੰਦ ਜੀ ਦੇਵ ਲੋਕ ਨੂੰ ਗਏ ਤਾਂ ਗੁਰੂ ਹਰਿ ਰਾਏ ਜੀ ਨੂੰ ਆਪਣਾ ਅਧਿਆਤਮਿਕ ਪਦ ਬਖ਼ਸ਼ ਗਏ।

ਫਿਰ ਉਹਨਾਂ ਦੇ ਸੁਤ ਹਰਿਕ੍ਰਿਸ਼ਨ ਜੀ ਗੁਰਗਦੀ ਉਤੇ ਬਿਰਾਜਮਾਨ ਹੋਏ ਅਤੇ ਉਹਨਾਂ ਤੋਂ ਪਿਛੋਂ ਇਸ ਪਾਤਸ਼ਾਹੀ ਦਾ ਪਦ ਗੁਰੂ ਤੇਗ਼ ਬਹਾਦਰ ਜੀ ਨੂੰ ਪ੍ਰਦਾਨ ਕੀਤਾ ਗਿਆ।

ਗੁਰੂ ਤੇਗ਼ ਬਹਾਦਰ ਦੁਆਰਾ ਪ੍ਰਭੂ ਨੇ ਤਿਲਕ ਤੇ ਜੰਝੂ ਦੀ ਰਾਖੀ ਕੀਤੀ। ਸੰਤਾਂ ਦੀ ਖ਼ਾਤਰ ਗੁਰੂ ਤੇਗ਼ ਬਹਾਦਰ ਜੀ ਨੇ ਆਪਣਾ ਬਲੀਦਾਨ ਕੀਤਾ। ਆਪ ਨੇ ਸੀਸ ਦੇ ਦਿਤਾ, ਪਰ ਸੀਅ ਨਹੀਂ ਉਚਾਰੀ। ਧਰਮ ਦੀ ਰੱਖਿਆ ਖ਼ਾਤਰ ਆਪ ਜੀ ਨੇ ਇਸ ਮਹਾਂ-ਦੁਖਾਂਤ ਦਾ ਕੌਤਕ ਰਚਿਆ। ਆਪ ਨੇ ਸੀਸ ਤਾਂ ਦੇ ਦਿਤਾ, ਪਰ ਸੱਚੇ ਧਰਮ ਦੇ ਮਾਰਗ ਦਾ ਤਿਆਗ ਨਹੀਂ ਕੀਤਾ। ਆਪ ਨੂੰ ਕਰਾਮਾਤ ਵਿਖਾਉਣ ਲਈ ਕਿਹਾ ਗਿਆ, "ਪਰ ਨਾਟਕ-ਚੇਟਕ ਤਾਂ ਅਵਰ ਕੁਕਾਜ ਹਨ ਅਤੇ ਪ੍ਰਭੂ ਲੋਕਾਂ ਨੂੰ ਅਜਿਹੇ ਕੌਤਕ ਕਰਨੇ ਸ਼ੋਭਾ ਨਹੀਂ ਦਿੰਦੇ।" ਆਪ ਦਿੱਲੀ ਦੇ ਬਾਦਸ਼ਾਹ ਅਗੇ ਆਪਣੇ ਸਿਰ ਦਾ ਠੀਕਰ ਫੋੜ ਕੇ ਪ੍ਰਭ-ਪੁਰ ਨੂੰ ਪਿਆਨਾ ਕਰ ਗਏ।

ਗੁਰੂ ਤੇਗ਼ ਬਹਾਦਰ ਵਰਗੀ ਮਹਾਨ ਕਿਰਿਆ ਕੋਈ ਹੋਰ ਨਹੀਂ ਕਰ ਸਕਿਆ। ਜਦੋਂ ਇਹ ਮਹਾਂ ਦੁਖਾਂਤ ਵਾਪਰਿਆ ਤਾਂ ਮਾਤ ਲੋਕ ਦੇ ਲੋਕ 'ਹੈ-ਹੈ' ਕਰ ਰਹੇ ਸਨ। ਪਰ ਸੁਰਲੋਕ ਵਿਚ ਆਪ ਜੀ ਦੀ ਮਹਾਨ ਕੀਰਤੀ ਉਤੇ 'ਜੈ-ਜੈ ਕਾਰ' ਹੋ ਰਹੀ ਸੀ।

# ਭਾਈ ਗੁਰਦਾਸ ਦੇ ਸਿੱਖ-ਮਤ, ਬ੍ਰਾਹਮਣ-ਮਤ ਤੇ ਇਸਲਾਮ ਬਾਰੇ ਵਿਚਾਰ

ਭਾਈ ਗੁਰਦਾਸ ਜੋ ਗੁਰੂ ਗਰੰਥ ਸਾਹਿਬ ਦੇ ਸੰਕਲਨ ਕਾਰਜ ਵਿਚ ਗੁਰੂ ਅਰਜਨ ਦੇਵ ਜੀ ਦੇ ਸਹਿਯੋਗੀ ਸਨ, ਨਾਮ ਤੇ ਸਿਮਰਨ ਦੀ ਨਵੀਂ ਸਿੱਖ ਸੰਸਕ੍ਰਿਤੀ ਦੇ ਸਰਵੋਤਮ ਵਿਆਖਿਆਕਾਰ ਹਨ। ਅਜ ਤੋਂ 300 ਸਾਲ ਪਹਿਲਾਂ ਆਪ ਕੱਟੜਪੰਥੀ ਬ੍ਰਾਹਮਣ-ਮਤ ਦੇ ਪ੍ਰਭਾਵਾਂ ਵਾਲੇ ਕਾਲ ਵਿਚ ਵਿਚਰੇ ਸਨ। ਭਾਵੇਂ ਉਹਨਾਂ ਦੀਆਂ ਰਚਨਾਵਾਂ ਗੁਰੂ ਸਾਹਿਬਾਨ ਦੇ ਉਪਦੇਸ਼ਾਂ ਸਿਖਿਆਵਾਂ ਦੀ ਮੌਲਿਕ ਵਿਆਖਿਆ ਨਹੀਂ ਹੋ ਸਕਦੀਆਂ, ਫਿਰ ਵੀ ਆਪ ਨੇ ਸ਼ਾਸਤਰਾਂ ਵਿਚ ਸ੍ਰਿਸ਼ਟੀ ਰਚਨਾ ਤੇ ਪਾਰਬ੍ਰਹਮ ਬਾਰੇ ਆਪਣੇ ਆਲੇ ਦੁਆਲੇ ਤੇ ਚੌਗਿਰਦੇ ਦੀਆਂ ਵਸਤੂਆਂ ਦੇ ਉਦਾਹਰਣ ਤੇ ਦ੍ਰਿਸ਼ਟਾਂਤ ਦੇ ਕੇ ਇਸ ਵਿਸ਼ੇ ਦੀ ਸੁੰਦਰ ਵਿਆਖਿਆ ਕੀਤੀ ਹੈ। ਇਸ ਵਿਚ ਕੋਈ ਸੰਦੇਹ ਨਹੀਂ ਕਿ ਮਨੁੱਖੀ ਸੀਮਾਵਾਂ ਵਿਚ ਵਿਚਰਦੇ ਹੋਏ ਆਪ ਬ੍ਰਾਹਮਣਵਾਦੀ ਭਾਸ਼ਾ ਤੇ ਉਕਤੀ ਦਾ ਪੂਰੀ ਤਰ੍ਹਾਂ ਤਿਆਗ ਨਹੀਂ ਸਨ ਕਰ ਸਕਦੇ। ਗੁਰੂ ਸਾਹਿਬਾਨ ਵਾਂਗ ਆਪ ਨੇ ਵੀ ਪ੍ਰਮਾਣ ਰੂਪ ਵਿਚ ਉਸੇ ਹੀ ਪ੍ਰਚਲਿਤ ਸ਼ਬਦਾਵਲੀ ਦਾ ਪ੍ਰਯੋਗ ਕੀਤਾ ਹੈ। ਪਰ ਉਹ ਇਸ ਗੱਲ ਦਾ ਵਿਸ਼ੇਸ਼ ਤੌਰ 'ਤੇ ਉਲੇਖ ਕਰਦੇ ਹਨ ਕਿ ਮਨੁੱਖ ਦੀ ਮੁਕਤੀ ਬਾਰੇ ਗੁਰੂ ਸਾਹਿਬਾਨ ਦੀ ਦਰਸਾਈ ਪੱਧਤੀ ਉਤੇ ਮਨੁੱਖ ਦੇ ਭਵਿੱਖ ਦੀ ਉਨਤੀ ਦਾ ਆਧਾਰ ਹੋਵੇਗਾ ਅਤੇ ਇਸ ਦਾ ਅਤੀਤ ਨਾਲ ਬਹੁਤ ਥੋੜ੍ਹਾ ਵਾਸਤਾ ਹੈ। ਗੁਰੂ ਸਾਹਿਬਾਨ ਨੇ ਜਿਹੜੇ ਮਨੁੱਖ ਦੇ ਆਦਰਸ਼ ਸਰੂਪ ਦੀ ਕਲਪਨਾ ਕੀਤੀ ਹੈ, ਉਹ ਪੁਰਾਤਨ ਧਰਮ-ਗਰੰਥਾਂ ਦੇ ਆਦਰਸ਼ ਵਿਅਕਤੀ ਨਾਲ ਥੋੜ੍ਹਾ ਬਹੁਤ ਹੀ ਮੇਲ ਖਾਂਦਾ ਹੈ। ਇਹ ਦ੍ਰਿਸ਼ਟੀਕੋਣ ਵਧੇਰੇ ਕਰਕੇ ਅਨੁਮਾਨਿਤ ਗੱਲਾਂ ਉਤੇ ਜ਼ੋਰ ਨਹੀਂ ਦਿੰਦਾ, ਸਗੋਂ ਮਨੁੱਖ ਦੇ ਚਰਿਤਰ ਦੇ ਨਿਰਮਾਣ ਉਤੇ ਵਧੇਰੇ ਬਲ ਦਿੰਦਾ ਹੈ। 300 ਸਾਲ ਪਹਿਲਾਂ ਜਦੋਂ ਇਹ ਵਿਚਾਰ ਕਾਗ਼ਜ਼ਾਂ ਉਤੇ ਅੰਕਿਤ ਕੀਤੇ ਗਏ ਸਨ, ਉਸ ਦੀ ਤੁਲਨਾ ਵਿਚ ਅੱਜ ਵੀ ਜਦੋਂ ਅਸੀਂ ਇਹਨਾਂ ਨੂੰ ਪੜ੍ਹਦੇ ਤੇ ਵਾਚਦੇ ਹਾਂ ਤਾਂ ਇਹ ਅਦੁੱਤੀ ਗੌਰਵ ਦੇ ਧਾਰਣੀ ਪ੍ਰਤੀਤ ਹੁੰਦੇ ਹਨ। ਗੁਰੂ ਜੀ ਦੇ ਧਾਰਮਿਕ ਦ੍ਰਿਸ਼ਟੀਕੋਣ ਦੇ ਭਵਿਖ ਵਾਲੀ ਵਿਚਾਰਾਂ ਨੂੰ ਆਪ ਨੇ ਅਲੌਕਿਕ ਰੂਪ ਵਿਚ ਆਪਣੇ ਮਨ ਵਿਚ ਇਸ ਤਰ੍ਹਾਂ ਸਮੋ ਲਿਆ ਸੀ ਕਿ ਉਹਨਾਂ ਨੇ ਇਹਨਾਂ ਨੂੰ ਪਰੰਪਰਾਗਤ ਤੇ ਪ੍ਰਚਲਿਤ ਵਾਤਾਵਰਣ ਤੋਂ ਪੂਰੀ ਤਰ੍ਹਾਂ ਨਿਖੇੜ ਕੇ ਤਤਕਾਲਿਕ ਅਧਿਆਤਮਿਕ ਖੇਤਰ ਦੇ ਵਹਿਮਾਂ-ਭਰਮਾਂ ਦਾ ਪੂਰੀ ਤਰ੍ਹਾਂ ਤਿਆਗ ਕਰਕੇ ਇਸ ਚਿੰਤਨ ਨੂੰ ਨਵੇਂ ਰੂਪ ਵਿਚ ਇਸ ਤਰ੍ਹਾਂ ਪ੍ਰਗਟਾਇਆ ਕਿ ਭਾਰਤ ਦੇ ਅਧਿਆਤਮਿਕ ਸਾਹਿਤ ਵਿਚ ਇਹ ਇਕ ਨਵਾਂ ਵਾਧਾ ਦਿਖਾਈ ਦੇਣ ਲਗਾ। ਜਿਹੜੀ ਪੁਸਤਕ ਦਾ ਮੈਂ ਇਥੇ ਹਵਾਲੇ ਵਜੋਂ

ਪ੍ਰਯੋਗ ਕੀਤਾ ਹੈ, ਉਹ ਗਿਆਨੀ ਹਜ਼ਾਰਾ ਸਿੰਘ ਜੀ ਪੰਡਿਤ ਦੁਆਰਾ ਸੰਪਾਦਿਤ 'ਵਾਰਾਂ ਭਾਈ ਗੁਰਦਾਸ' ਹੈ।

ਭਾਈ ਗੁਰਦਾਸ ਸਪਸ਼ਟ ਸ਼ਬਦਾਂ ਵਿਚ ਉਹ ਅਖੌਤੀ ਅਧਿਆਤਮਿਕਤਾ ਦਾ ਖੰਡਨ ਕਰਦੇ ਹਨ ਜੋ ਪ੍ਰਾਚੀਨ ਸਨਾਤਨ ਹਿੰਦੂ ਧਰਮ-ਸ਼ਾਸਤਰਾਂ ਦੁਆਰਾ ਕਲਪਿਤ ਕੀਤੀ ਗਈ ਸੀ। ਜਿਵੇਂ ਕਿ ਵੇਦਾਂ ਵਿਚ ਇਸ ਦਾ ਉਲੇਖ ਕੀਤਾ ਗਿਆ ਹੈ। ਆਪ ਵੇਦਾਂਤ ਮਤ ਨੂੰ ਵੀ ਅਸਲੀ ਅਰਥਾਂ ਵਿਚ ਅਧਿਆਤਮਿਕ ਪ੍ਰਵਾਨ ਨਹੀਂ ਕਰਦੇ ਕਿਉਂਜੋ ਇਸ ਦਾ ਲੋਕ-ਆਤਮਾ ਉਤੇ ਕੋਈ ਵਿਸ਼ੇਸ਼ ਪ੍ਰਤੀਕਰਮ ਦ੍ਰਿਸ਼ਟੀਗੋਚਰ ਨਹੀਂ ਹੁੰਦਾ। ਗੁਰੂ ਸਾਹਿਬਾਨ ਦੇ ਧਰਮ ਬਾਰੇ ਜਿਹੜੀ ਨਿਰਪਖ ਤੇ ਆਧੁਨਿਕਤਾ ਭਰਪੂਰ ਵਿਆਖਿਆ ਭਾਈ ਗੁਰਦਾਸ ਨੇ ਕੀਤੀ ਹੈ, ਉਹ ਇਕਦਮ ਮਨੁੱਖ ਨੂੰ ਤਾਜ਼ਗੀ ਦੇਣ ਵਾਲੀ ਹੈ।

ਭਾਈ ਗੁਰਦਾਸ ਦੇ ਮਤ ਅਨੁਸਾਰ ਬ੍ਰਹਿਮੰਡ ਵਿਗਿਆਨ, ਧਰਮ-ਸ਼ਾਸਤਰ ਤੇ ਦਰਸ਼ਨ ਸ਼ਾਸਤਰ ਸੰਬੰਧੀ ਹਿੰਦੂ-ਮਤ ਦੇ ਅਮੂਰਤ ਸੰਕਲਪ ਤੇ ਸਿਧਾਂਤ ਭਾਵੇਂ ਵੱਡੀ ਮਾਤਰਾ ਵਿਚ ਪ੍ਰਾਪਤ ਹਨ, ਪਰ ਇਹਨਾਂ ਦਾ ਮਨੁੱਖ ਦੇ ਜੀਵਨ ਉਤੇ ਕੋਈ ਸਕਰਮਕ ਪ੍ਰਭਾਵ ਨਹੀਂ ਪੈਂਦਾ।

ਰੂਪ ਤੇ ਕਰਮ-ਕਾਂਡ ਜੋ ਜੀਵਨ ਦੇ ਕਰਮ ਖੇਤਰ ਵਿਚ ਫਲਹੀਣ ਹੁੰਦੇ ਹਨ, ਇਹ ਜੀਵਤ ਸੱਚ ਦੇ ਚਿੰਨ੍ਹ ਨਹੀਂ ਹੋ ਸਕਦੇ। ਇਹ ਤਾਂ ਕੇਵਲ ਨਿਰਜਿੰਦ ਸਿਧਾਂਤ ਹੀ ਹੁੰਦੇ ਹਨ। ਗੁਰੂ ਜੀ ਦੇ ਸ਼ਬਦਾਂ (ਬਾਣੀ) ਵਿਚ ਰੂਪਾਂ ਬਾਰੇ ਬਹੁਤ ਘਟ ਉਲੇਖ ਹੈ। ਉਹਨਾਂ ਦੀ ਆਤਮਾ ਤਾਂ ਪ੍ਰੇਮ ਨਾਲ ਭਰਪੂਰ ਹੈ। ਜਦੋਂ ਨਿਹਚਾ ਮਾਂਦਾ ਪੈ ਜਾਂਦਾ ਹੈ ਤੇ ਪ੍ਰੇਮ ਦਾ ਰੰਗ ਫਿਕਾ ਪੈ ਜਾਂਦਾ ਹੈ, ਤਾਂ ਹੀ ਰੂਪਾਂ ਨੂੰ ਸਿਰਜਣ ਦੀ ਲੋੜ ਪੈਂਦੀ ਹੈ। ਜੀਵਤ ਸੱਚ ਲਈ ਤਾਂ ਕਿਸੇ ਸਮਾਰਕ ਦੀ ਲੋੜ ਨਹੀਂ ਹੁੰਦੀ। ਕੇਵਲ ਮਰ ਚੁਕਿਆਂ ਦੇ ਸਮਾਰਕ ਹੀ ਬਣਾਏ ਜਾਂਦੇ ਹਨ। ਰੂਪਾਂ ਤੇ ਰੀਤਾਚਾਰ ਨਿਰਜਿੰਦ ਸੱਚ ਦੇ ਮਕਬਰੇ ਜਾਂ ਸਮਾਧਾਂ ਹੀ ਹੁੰਦੇ ਹਨ। ਇਹ ਤਾਂ ਉਹਨਾਂ ਲੋਕਾਂ ਦੇ ਮਨਾਂ ਵਿਚ ਉਹਨਾਂ ਦੀ ਯਾਦ ਤਾਜ਼ਾ ਕਰਨ ਲਈ ਸਿਰਜੇ ਜਾਂਦੇ ਹਨ, ਜਿਨ੍ਹਾਂ ਨੇ ਉਹਨਾਂ ਨੂੰ ਕਦੇ ਦੇਖਿਆ ਨਹੀਂ ਹੁੰਦਾ ਅਤੇ ਉਹ ਬਹੁਤ ਚਿਰ ਪਹਿਲਾਂ ਕਾਲਵਾਸ ਹੋ ਗਏ ਹੁੰਦੇ ਹਨ।

ਉਹ ਉਪਦੇਸ਼ ਜਾਂ ਸਿਖਿਆ-ਦੀਖਿਆ ਜੋ ਕੇਵਲ ਸਿਖਿਆ ਅਤੇ ਸਿਧਾਂਤ ਤਕ ਹੀ ਸੀਮਤ ਰਹਿੰਦੀ ਹੈ ਤੇ ਕੇਵਲ ਮਨ ਦੀ ਹੀ ਇਕ ਤਰੰਗ ਹੁੰਦੀ ਹੈ, ਮੇਰੇ ਲਈ ਕਿਸੇ ਵਿਸ਼ੇਸ਼ ਮੁਲ ਦੀ ਧਾਰਨੀ ਨਹੀਂ ਹੈ। ਮੇਰਾ ਵਿਚਾਰ ਤਾਂ ਇਹ ਹੈ ਕਿ ਜੋ ਕੁਝ ਵੀ ਮਨੁੱਖੀ ਹਿਰਦੇ ਨੂੰ ਧੜਕਾ ਦਿੰਦਾ ਹੈ, ਉਹੋ ਹੀ ਧਰਮ ਹੈ। ਜਿਸ ਨਾਲ ਮਨੁੱਖ ਦੇ ਦਿਲ ਦੀ ਧੜਕਣ ਤੀਖਣ ਹੋ ਜਾਂਦੀ ਹੈ ਤੇ ਸੁਆਸਾਂ ਦੀ ਗਤੀ ਤੇਜ਼ ਹੋ ਜਾਂਦੀ ਹੈ, ਪ੍ਰੇਮ ਜਾਂ ਘਿਰਣਾ, ਖ਼ੁਸ਼ੀ ਤੇ ਗ਼ਮੀ ਦੇ ਮਨੋਭਾਵ ਹੀ ਮੇਰੇ ਲਈ ਤਾਂ ਸਾਂਭਣਯੋਗ ਤੱਥ ਹਨ ਤੇ ਇਹੋ ਹੀ ਭਵਿੱਖ ਦੇ ਵਿਚਾਰ ਹੋ ਸਕਦੇ ਹਨ। ਉਹ ਵਿਚਾਰ ਜੋ ਇਕ ਹਲਵਾਹਕ ਦੇ ਮਨ ਵਿਚ ਊਸ਼ਾ ਦੇ ਸੁਨਹਿਰੀ ਪ੍ਰਕਾਸ਼ ਵਿਚ ਆਪਣੇ ਬਲਦਾਂ ਦੀ ਜੋੜੀ ਨੂੰ ਹਿਕਣ ਸਮੇਂ ਖੇਤ ਵਿਚ ਉਸ ਦੇ

ਮਨ ਵਿਚ ਉਪਜਦੇ ਹਨ। ਕਿਸੇ ਯੁਵਤੀ ਦੇ ਹਿਰਦੇ ਅੰਦਰ ਉਸ ਸਮੇਂ ਜੋ ਨਵੇਂ ਸੁਪਨੇ ਧੜਕਦੇ ਹਨ, ਜਦੋਂ ਉਹ ਨਵੇਂ ਜੀਵਨ ਮਾਰਗ ਦੇ ਰਹੱਸ ਨੂੰ ਜਾਣਨ ਲਈ ਉਤਸੁਕ ਹੁੰਦੀ ਹੈ ਤੇ ਮਰ ਰਹੇ ਮਨੁੱਖ ਦੀਆਂ ਆਸਾਂ ਤੇ ਤੌਖਲੇ ਆਦਿ ਇਹੋ ਸਭ ਕੁਝ ਮੈਨੂੰ ਲੋਕ ਧਰਮ ਪ੍ਰਤੀਤ ਹੁੰਦਾ ਹੈ ਤੇ ਇਹੋ ਹੀ ਅਗਿਆਤ ਪ੍ਰਭੂ ਨੂੰ ਜਾਣਨ ਦਾ ਸਿਧਾਂਤ ਹੈ। ਇਹੋ ਹੀ ਤਾਂ ਲੋਕਾਂ ਦੀ ਆਤਮਾ ਦੇ ਸੱਚੇ ਅੰਸ਼ ਹੋ ਸਕਦੇ ਹਨ।

ਹਿੰਦੂ ਧਾਰਮਿਕ ਗਰੰਥਾਂ ਵਿਚ ਬਹੁਤ ਸਾਰੀ ਦਾਰਸ਼ਨਿਕ ਸਮੱਗਰੀ ਦੀ ਕਲਪਨਾ ਕੀਤੀ ਗਈ ਹੈ ਤੇ ਪਾਰਬ੍ਰਹਮ ਦੀ ਏਕਤਾ ਬਾਰੇ ਵੀ ਬਹੁਤ ਕੁਝ ਕਿਹਾ ਗਿਆ ਹੈ, ਪਰ ਸਤਿਗੁਰੂ ਤੋਂ ਬਿਨਾਂ ਕੋਈ ਵੀ ਇਸ ਦੇ ਰਹੱਸ ਨੂੰ ਅਮਲੀ ਰੂਪ ਵਿਚ ਜਾਣ ਨਹੀਂ ਸਕਿਆ। ਨਾ ਹੀ ਇਸ ਦਾ ਅਨੁਭਵ ਪ੍ਰਾਪਤ ਕਰ ਸਕਿਆ ਹੈ।

ਤਿੰਨ ਕਾਲਾਂ ਦੇ ਸਭ ਦਰਾਂ ਦੀ ਪੂਰੀ ਤਰ੍ਹਾਂ ਘੋਖ ਤੇ ਛਾਣਬੀਣ ਕੀਤੀ ਗਈ ਹੈ। ਬਹੁਤ ਕੁਝ ਵਰਣਨ ਕੀਤਾ ਗਿਆ ਹੈ, ਬਹੁਤ ਕੁਝ ਉਤੇ ਚਰਚਾ ਕੀਤੀ ਗਈ ਹੈ, ਵਾਦ-ਵਿਵਾਦ ਕੀਤਾ ਗਿਆ ਹੈ ਤੇ ਬਹੁਤ ਸਾਰੇ ਤੱਤਾਂ ਦੀ ਵਿਆਖਿਆ ਕੀਤੀ ਗਈ ਹੈ, ਪਰ ਫਿਰ ਵੀ ਇਹਨਾਂ ਦੁਆਰਾ ਵਹਿਮਾਂ-ਭਰਮਾਂ ਨੂੰ ਖ਼ਤਮ ਨਹੀਂ ਕੀਤਾ ਜਾ ਸਕਿਆ।

ਜਿਵੇਂ ਵੇਦਾਂ ਵਿਚ ਚਰਚਾ ਕੀਤੀ ਗਈ ਹੈ, ਇਸੇ ਤਰ੍ਹਾਂ ਛੇ ਸ਼ਾਸਤਰਾਂ ਵਿਚ ਵੀ ਕੀਤਾ ਗਿਆ ਹੈ। ਹਰ ਕੋਈ ਆਪਣੇ ਮਤ ਦੀ ਹੀ ਪ੍ਰਸ਼ੰਸਾ ਕਰਦਾ ਰਿਹਾ ਹੈ। ਇਹਨਾਂ ਸਭ ਨੇ ਕਰਮ-ਕਾਂਡ ਉਤੇ ਹੀ ਵਧੇਰੇ ਬਲ ਦਿਤਾ ਹੈ।

ਮਨੁੱਖਾਂ ਨੂੰ ਕਰਮ-ਕਾਂਡ ਦੇ ਬੰਧਨਾਂ ਵਿਚ ਜਕੜ ਦਿਤਾ ਗਿਆ, ਪਰ ਸਤਿਗੁਰੂ ਤੋਂ ਬਿਨਾਂ ਭਰਮ ਦਾ ਅੰਧਕਾਰ ਦੂਰ ਨਹੀਂ ਸੀ ਹੋ ਸਕਦਾ।

ਭਾਈ ਗੁਰਦਾਸ ਜੀ ਨੇ ਇਸ ਗੱਲ ਦੀ ਵਿਸ਼ੇਸ਼ ਤੌਰ 'ਤੇ ਪ੍ਰਸ਼ੰਸਾ ਕੀਤੀ ਹੈ ਤੇ ਅਦੁਤੀ ਤੌਰ 'ਤੇ ਇਸ ਤੱਤ ਨੂੰ ਪ੍ਰਗਟਾਇਆ ਹੈ ਕਿ ਕਿਵੇਂ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖ ਵਿਚ ਗੁਰੂ ਅੰਗਦ ਦੇ ਸਰੂਪ ਨੂੰ ਪਛਾਣ ਲਿਆ ਸੀ। ਫਲਸਰੂਪ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇ ਚਰਨਾਂ 'ਤੇ ਨਮਸਕਾਰ ਕੀਤੀ।

(ਵਾਰ-1 ਪਉੜੀ 23)

ਇਸ ਕਾਲੂ-ਕਾਲ ਵਿਚ ਗੁਰੂ ਨਾਨਕ ਸਭ ਦਾ ਰੱਖਿਅਕ ਹੈ। ਆਪ ਨੇ ਉਸ ਆਤਮਿਕ ਸਤਿ ਦਾ ਬੀਜ ਬੀਜਿਆ, ਜੋ ਸਤਿਨਾਮੁ ਦਾ ਬੋਧਿਕ ਹੈ। ਇਹ ਗੱਲ ਵਿਸ਼ੇਸ਼ ਭਾਂਤ ਉਲੇਖ ਕਰਨ ਯੋਗ ਹੈ ਕਿ ਕਿਵੇਂ ਇਸ ਕਵੀ (ਭਾਈ ਗੁਰਦਾਸ) ਨੇ ਕਿਸ ਤਰ੍ਹਾਂ ਉਸ ਮਾਨਸਿਕ ਅਮੂਰਤ ਸੰਕਲਪਾਂ ਜਿਨ੍ਹਾਂ ਨੂੰ ਆਤਮਿਕ ਜੀਵਨ ਕਿਹਾ ਜਾਂਦਾ ਸੀ ਅਤੇ ਜਿਸ ਵਿਚ ਹਠ-ਯੋਗ ਤੇ ਤਿਆਗ ਸਾਧਨਾ ਦੀ ਪ੍ਰਧਾਨਤਾ ਸੀ, ਨੂੰ ਘੋਖਿਆ-ਪਰਖਿਆ ਤੇ ਸਮਝਿਆ। ਇਹਨਾਂ ਉਪਰੋਕਤ ਮਾਨਸਿਕ ਅਮੂਰਤ ਸੰਕਲਪਾਂ ਦੀ ਅਧਿਆਤਮਿਕਤਾ ਤੋਂ ਉਸ ਬਖ਼ਸ਼ਿਸ਼ ਜਾਂ

ਸਾਦਿ-ਕਰਮ ਦੀ ਅਧਿਆਤਮਿਕਤਾ ਦਾ ਅੰਤਰ-ਨਿਖੇੜ ਕੀਤਾ। ਜਿਹੜੀ ਧਿਆਤਮਿਕਤਾ ਕਿ ਅਨੰਤ ਵਿਚੋਂ ਸਿੰਧੂ ਧਾਰਾ ਦੀ ਤਰ੍ਹਾਂ ਮਨੁੱਖ ਦੇ ਵਿਅਕਤੀਤਵ ਚ ਪ੍ਰਵਾਹਿਤ ਹੁੰਦੀ ਹੈ। ਅਜਿਹੇ ਵਿਅਕਤੀ ਦੇ ਬੋਲੇ ਸ਼ਬਦ ਤੇ ਸਾਰੇ ਕਰਮ ਹਨਾਂ ਅਵਿਨਾਸ਼ੀ ਹਸਤੀਆਂ ਦੇ ਸਮਾਨ ਹੁੰਦੇ ਹਨ ਜੋ ਜੀਵਨ ਦੇ ਪਿਛੋਕੜ ਵਿਚ ਦ੍ਰਿਸ਼ਟ ਜਾਂ ਅਗਿਆਤ ਰੂਪ ਵਿਚ ਵਿਚਰਦੀਆਂ ਹਨ।

ਬਾਬਾ ਗੁਰੂ ਨਾਨਕ ਨੇ ਸਭ ਤੋਂ ਪਹਿਲਾਂ ਤਾਂ ਉਸ ਬਖ਼ਸ਼ਿਸ਼ ਦੇ ਦਰ ਦਰ ਪ੍ਰਵੇਸ਼ ਕੀਤਾ ਅਤੇ ਜਦੋਂ ਆਪ ਨੂੰ ਇਹ ਨਦਰਿ-ਕਰਮ ਦੀ ਦਾਤ ਪ੍ਰਾਪਤ ਗਈ ਤਾਂ ਆਪ ਜੀ ਨੇ ਬਹੁਤ ਵੱਡੀ ਘਾਲ ਕੀਤੀ। ਆਪ ਨੇ ਰੇਤ ਤੇ ਅੱਕ ਾ ਆਹਾਰ ਕੀਤਾ ਅਤੇ ਰੋੜਾਂ ਦੀ ਸੇਜ ਉਤੇ ਸੁਤੇ। ਆਪ ਨੇ ਗ਼ਰੀਬੀ ਜਾਂ ਮਰਤਾ ਦੀ ਦਾਤ ਨੂੰ ਪ੍ਰਾਪਤ ਕੀਤਾ ਤੇ ਬਹੁਤ ਵੱਡੀ ਘਾਲਣਾ ਕੀਤੀ। ਇਸ ਾਲ ਆਪ ਦਾ ਭਵਿੱਖ ਉਜਲ ਹੋ ਗਿਆ ਅਤੇ ਕਰਤਾਰੀ ਸ਼ਕਤੀਆਂ ਆਪ ਦੀ ਠ ਉਤੇ ਆ ਜੁੜੀਆਂ। ਬਾਬਾ ਗੁਰੂ ਨਾਨਕ ਨੂੰ ਉਚੇਰੇ ਅਧਿਆਤਮਿਕ ਮੰਡਲ ਰਥਾਤ ਸਚਖੰਡ ਵਿਚ ਬਖ਼ਸ਼ਿਸ਼ ਦੀ ਪੌਸ਼ਾਕ ਪਹਿਨਾ ਕੇ ਨਿਵਾਜਿਆ ਗਿਆ। ਾਪ ਦਾ ਪ੍ਰੇਮ ਇਨਾਂ ਤੀਬਰ ਸੀ ਕਿ ਦੇਵ ਮੰਡਲ ਵੀ ਆਪ ਦਾ ਪਿੱਛਾ ਕਰਨ ਗਾ। ਫਿਰ ਵੀ ਆਪ ਨੇ ਨਿਮਰਤਾ ਤੇ ਗ਼ਰੀਬੀ ਨੂੰ ਹੀ ਧਾਰਨ ਕੀਤਾ।

## ਉੜੀ ਸਿਧ ਗੋਸ਼ਟਿ

ਬਟਾਲਾ ਵਿਖੇ ਸ਼ਿਵਰਾਤਰੀ ਦੇ ਮੇਲੇ ਉਤੇ ਬਾਬੇ ਨੇ ਸਾਰੀ ਸਿਧ-ਮੰਡਲੀ ਚ ਪ੍ਰਕਾਸ਼ ਫੈਲਾਇਆ।

ਸਿਧ ਕਹਿਣ ਲਗੇ, "ਆਪ ਜੀ ਦੇ ਸ਼ਬਦ ਸ਼ੁਭ ਹਨ। ਗੁਰੂ ਨਾਨਕ ਨ ਹੈ। ਤੁਹਾਡੀਆਂ ਪ੍ਰਾਪਤੀਆਂ ਮਹਾਨ ਹਨ। ਕਲਜੁਗ ਵਿਚ ਆਪ ਵਡੇ ਪੁਰਖ ਰੂਪ ਵਿਚ ਪ੍ਰਗਟ ਹੋਏ ਹੋ। ਆਪ ਨੇ ਮਨੁੱਖਤਾ ਦੇ ਆਕਾਸ਼ ਨੂੰ ਪ੍ਰਕਾਸ਼ਮਾਨ ਰ ਦਿਤਾ ਹੈ।"

ਾਰ 2

ਜਿਵੇਂ ਜੀਵਨ ਫੁੱਲਾਂ ਵਿਚ ਮੌਲ ਉਠਦਾ ਹੈ ਅਤੇ ਮਧੂਮੱਖੀਆਂ ਮਧੂ-ਰਸ ਚੱਖਣ ਲਈ ਉਹਨਾਂ ਦੁਆਲੇ ਉਡਦੀਆਂ ਫਿਰਦੀਆਂ ਹਨ, ਜਿਵੇਂ ਅੰਬਾਂ ਦਾ ੜਾ ਦਰਦ-ਵਿੰਨੀ ਕੋਇਲ ਨੂੰ ਆ ਕੇ 'ਕੂ-ਕੂ' ਦਾ ਗਾਇਨ ਕਰਨ ਲਈ ਰਦਾ ਹੈ, ਜਿਵੇਂ ਕਾਲੀਆਂ ਘਟਾਵਾਂ ਦੀ ਸੁੰਦਰਤਾ ਨੂੰ ਨਿਹਾਰ ਕੇ ਮੋਰ ਅਤੇ ਾਤ੍ਰਿਕ ਨਚ ਉਠਦੇ ਹਨ, ਤਿਵੇਂ ਹੀ ਓਮ ਮਨੁੱਖੀ ਜਾਮਾ ਪਹਿਨ ਕੇ ਗੁਰੂ ਦੇ ਪ ਵਿਚ ਪ੍ਰਗਟ ਹੁੰਦਾ ਹੈ। ਗੁਰੂ ਦੀ ਇਸ ਆਤਮਾ ਵਿਚ ਅਨੰਤ ਪ੍ਰਭੂ ਆ ਵਾਸ ਕਰਦਾ ਹੈ ਅਤੇ ਇਸ ਇਕੋ ਆਤਮਾ ਵਿਚ ਗੁਰੂ ਤੇ ਚੇਲਾ ਦੋਵੇਂ ਹੀ ਦਮਾਨ ਹੁੰਦੇ ਹਨ। ਇਥੇ ਸੂਖ਼ਮ ਅੰਤਰ ਤੇ ਸੂਖ਼ਮ ਪ੍ਰੇਰਨਾ ਦੋਵੇਂ ਹੀ ਵਿਆਪਕ ਦੇ ਹਨ। ਜਿਸ ਮਨੁੱਖ ਨੇ ਆਪਣੇ ਆਪ ਨੂੰ ਗੁਰੂ ਦੀ ਅਨੰਤ ਆਤਮਾ ਨਾਲ ਕਸੁਰ ਕਰ ਲਿਆ ਹੈ, ਉਸ ਗੁਰਮੁਖ ਵਿਚ ਪ੍ਰੇਮ ਦਾ ਨਿਵਾਸ ਹੁੰਦਾ ਹੈ। ਇਹੋ ਮ ਹੀ ਜਿਉਂਦੇ ਵਿਅਕਤੀ ਦੀ ਨਿਸ਼ਾਨੀ ਹੁੰਦੀ ਹੈ।

ਵਾਰ 3

ਗੁਰੂ ਨਾਨਕ ਵਲੋਂ ਵਰੋਸਾਏ ਨਾਮ ਰੱਤੇ ਸੰਤ-ਪੁਰਸ਼ਾਂ ਦੀ ਸੰਗਤ ਹੀ ਸਿਮਰਨ ਹੈ। ਸਾਧ-ਸੰਗਤ ਵਿਚ ਹੀ ਸੱਚ ਦਾ ਅਨੁਭਵ ਹੁੰਦਾ ਹੈ। ਸਾਧ-ਸੰਗਤ ਹੀ ਗੁਰਸਿਖਾਂ ਦਾ ਪ੍ਰਮਾਣਿਤ ਘਰ ਜਾਂ ਨਿਵਾਸ ਹੈ। ਗੁਰੂ ਦਾ ਸ਼ਬਦ ਹੀ ਗੁਰੂ ਦਾ ਰੂਪ ਹੈ। ਗੁਰੂ ਦਾ ਧਿਆਨ ਧਰੋ, ਉਹ ਸਦਾ ਆਪ ਦੀ ਕੰਡ ਪਿਛੇ ਖੜ੍ਹਾ ਹੈ। ਸਦਾ ਗੁਰੂ ਨੂੰ ਪੁਕਾਰੋ, ਉਸ ਦਾ ਧਿਆਨ ਧਰੋ। ਜਿਨ੍ਹਾਂ ਨੂੰ ਗੁਰੂ ਦੇ ਸ਼ਬਦ ਦਾ ਬੋਧ ਹੈ, ਉਹਨਾਂ ਦੇ ਗੁਰੂ ਸਦਾ ਨਿਕਟ ਹੁੰਦਾ ਹੈ। ਸਾਧ-ਸੰਗਤ ਵਿਚ ਗੁਰੂ ਸਦਾ ਪ੍ਰਕਾਸ਼ਮਾਨ ਹੈ। ਇਹਨਾਂ ਸੱਚੇ ਸੰਤ-ਪੁਰਸ਼ਾਂ ਅਰਥਾਤ ਸਾਧ-ਸੰਗਤ ਦੇ ਪ੍ਰਕਾਸ਼ ਦੇ ਸਨਮੁਖ ਸੈਂਕੜੇ ਸੂਰਜ ਤੇ ਚੰਦਰਮਾ ਮਾਤ ਪੈ ਜਾਂਦੇ ਹਨ। ਆਤਮਾ ਦੇ ਮਹਾਂ-ਸੰਗੀਤ ਦੀ ਪਰਮ ਸੁੰਦਰਤਾ ਤੇ ਸ਼ਾਨ ਦੇ ਸਾਹਮਣੇ ਲਖਾਂ ਪੁਰਾਨ ਤੇ ਵੇਦ ਵੀ ਫਿਕੇ ਪੈ ਜਾਂਦੇ ਹਨ।

ਵਾਰ 4

ਨਿਰਾਕਾਰ ਓਮ ਜੋ ਨਿਰਗੁਣ ਤੇ ਅਰੂਪ ਹੈ। ਪਵਨ, ਪਾਣੀ ਤੇ ਅਗਨੀ ਵਿਚ ਵਿਆਪਕ ਹੈ। ਉਪਨਿਸ਼ਦਾਂ ਦੇ ਓਮ ਦੇ ਵਿਪਰੀਤ ਓਮ ਸਦਾ ਓਅੰਕਾਰ ਸਰੂਪ ਹੈ। ਉਪਨਿਸ਼ਦਾਂ ਦੇ ਕਥਨ ਅਨੁਸਾਰ ਨਿਰਾਕਾਰ ਨਹੀਂ।

## ਹਉਮੈ ਦਾ ਤਿਆਗ

ਗੁਰਮੁਖਾਂ ਦੇ ਉਹ ਹੱਥ ਧੰਨ ਹਨ ਜੋ ਸੰਗਤ ਦੀ ਸੇਵਾ ਕਰਦੇ ਹਨ, ਗੁਰੂ ਦੀ ਸੇਵਾ ਵਿਚ ਜੁਟ ਕੇ ਘਾਲ ਕਮਾਈ ਕਰਦੇ ਹਨ। ਉਹ ਪਾਣੀ ਢੋਂਦੇ ਹਨ, ਆਟਾ ਪੀਂਹਦੇ ਹਨ, ਪੱਖਾ ਝਲਦੇ ਹਨ, ਪੁੰਨ ਆਤਮਾਵਾਂ ਦੇ ਚਰਨਾਂ ਨੂੰ ਧੋਂਦੇ ਤੇ ਉਹਨਾਂ ਦਾ ਚਰਨਾਮ੍ਰਿਤ ਪੀਂਦੇ ਹਨ। ਗੁਰੂ ਦੇ ਸ਼ਬਦ ਨੂੰ ਹਿਰਦੇ ਅੰਕਿਤ ਕਰਦੇ ਹਨ ਅਤੇ ਗੁਰੂ ਦੇ ਸ਼ਬਦ ਦਾ ਗਾਇਨ ਕਰਦੇ ਹਨ। ਜੋ ਗੁਰਸਿਖਾਂ ਅਰਥਾਤ ਆਪਣੇ ਭਾਈਆਂ ਨੂੰ ਘੁਟ-ਘੁਟ ਮਿਲਦੇ ਹਨ, ਉਹਨਾਂ ਨਾਲ ਪ੍ਰੇਮ ਕਰਦੇ ਹਨ। ਜੋ ਹਕ-ਹਲਾਲ ਦੀ ਕਮਾਈ ਕਰਦੇ ਹਨ ਤੇ ਫਿਰ ਸੰਗਤ ਵਿਚ ਆ ਕੇ ਖ਼ੁਸ਼ੀ ਖ਼ੁਸ਼ੀ ਵੰਡਦੇ ਹਨ। ਜਿਨ੍ਹਾਂ ਹੱਥਾਂ ਨੂੰ ਗੁਰੂ ਦੇ ਚਰਨਾਂ ਦੀ ਛੂਹ ਪ੍ਰਾਪਤ ਹੋਈ ਹੈ, ਉਹਨਾਂ ਦੀ ਕਾਇਆ-ਕਲਪ ਹੋ ਗਈ ਹੈ, ਉਹਨਾਂ ਵਿਚ ਸਦਗੁਣਾਂ ਦਾ ਵਾਧਾ ਹੋਇਆ ਹੈ ਅਤੇ ਫਿਰ ਉਹ ਲੋਕ-ਲਾਲਸਾ ਤੇ ਕਿਸੇ ਵਸਤੂ ਨੂੰ ਗ੍ਰਹਿਣ ਕਰਨ ਜਾਂ ਉਸ ਉਤੇ ਆਪਣੀ ਮਾਲਕੀ ਦਾ ਹੱਕ ਜਤਾਉਣ ਤੋਂ ਬਹੁਤ ਉਚੇ ਉਠ ਜਾਂਦੇ ਹਨ। ਗੁਰੂ ਦੇ ਸਿਖਾਂ ਦੇ ਮੁਬਾਰਕ ਹੱਥ ਗੁਰੂ ਦੇ ਸਿੱਖਾਂ ਦੀ ਟਹਿਲ ਸੇਵਾ ਕਰਦੇ ਹਨ। ਇਹ ਉਹਨਾਂ ਗੁਰਮੁਖਾਂ ਦੇ ਹੱਥ ਹੁੰਦੇ ਹਨ, ਜਿਨ੍ਹਾਂ ਵਿਚ ਗੁਰਸਿਖਾਂ ਬਾਰੇ ਭਰਾਤਰੀ-ਭਾਵ ਜਾਗ ਉਠਦੇ ਹਨ ਤੇ ਜਿਨ੍ਹਾਂ ਵਿਚ ਦੂਪ੍ਰਿਆਰਤਾ ਦੀ ਭਾਵਨਾ ਬਿਲਕੁਲ ਹੀ ਮਿਟ ਜਾਂਦੀ ਹੈ।

ਵਾਰ 6 ਪਉੜੀ 13

ਉਹ ਚਰਨ ਧੰਨ ਹਨ, ਜੋ ਗੁਰਮੁਖਾਂ ਦੇ ਮਾਰਗ ਉਤੇ ਚਲਦੇ ਹਨ।

ਗੁਰੂ ਦੇ ਦਰ ਵਲ ਜਾਂਦੇ ਹਨ, ਗੁਰੂ ਦੀ ਸਾਧ-ਸੰਗਤ ਵਿਚ ਪੁਜਦੇ ਹਨ; ਸਭ ਦਾ ਭਲਾ ਕਰਨ ਹਿਤ ਸਦਾ ਚਲਦੇ ਰਹਿੰਦੇ ਹਨ; ਜੋ ਗੁਰੂ ਦੇ ਸਿੱਖਾਂ ਨਿਤ ਭਾਲ ਕਰਦੇ ਹਨ; ਜੋ ਉਹ ਚਰਨ ਕਦੀ ਭੁਲ ਕੇ ਮਾਇਆ ਦੇ ਚਿਕੜ ਚ ਜਾ ਖੁਭਦੇ ਹਨ ਤਾਂ ਉਹਨਾਂ ਨੂੰ ਇੰਜ ਲਗਦਾ ਹੈ ਜਿਵੇਂ ਅਧਰੰਗ ਨੇ ਉਹਨਾਂ ਗ੍ਰਸ ਲਿਆ ਹੋਵੇ। ਅਜਿਹੇ ਪੁਰਖ ਬੜੇ ਵਿਰਲੇ ਹਨ ਜੋ ਉਸ ਪ੍ਰਭੂ ਦੀ ਰਜ਼ਾ ਮੰਨ ਕੇ ਪ੍ਰਸੰਨ ਹੁੰਦੇ ਹਨ; ਜੋ ਗੁਰਸਿਖਾਂ ਨੂੰ ਮਿਲ ਕੇ ਉਹਨਾਂ ਦੀ ਪ੍ਰਕਰਮਾ ਤਦੇ ਹਨ ਅਤੇ ਉਹਨਾਂ ਦੇ ਚਰਨਾਂ ਉਤੇ ਢਹਿ ਪੈਂਦੇ ਹਨ।

ਾਰ 7 ਪਉੜੀ 19

ਗੁਰੂ ਦਾ ਸ਼ਬਦ ਹੀ ਪਾਰਬ੍ਰਹਮ ਹੈ।

ਤੌੜੀ 20

ਗੁਰੂ ਦੇ ਸ਼ਬਦ ਨੂੰ ਹੀ ਗੁਰੂ ਜਾਣੋ। ਇਹ ਸ਼ਬਦ ਹੀ ਗੁਰਸਿਖ ਦੇ ਮਨ ਗੁਰਮੁਖ ਬਣਾ ਦਿੰਦਾ ਹੈ; ਇਕਾਗਰਚਿਤ ਮਨ ਹੀ ਗੁਰਸਿਖ ਦੀ ਵਿਸ਼ੇਸ਼ਤਾ ਤੀ ਹੈ। ਸਾਧ-ਸੰਗਤ ਹੀ ਸਚਖੰਡ ਹੈ ਅਤੇ ਇਥੇ ਆ ਕੇ ਆਤਮਾ ਦੈਵੀ ਾਤਮਾਵਾਂ ਨਾਲ ਇਕਸੁਰ ਹੋ ਜਾਂਦੀ ਹੈ। ਗੁਰੂ ਦਾ ਪ੍ਰੇਮ ਬ੍ਰਿਛ ਵਿਚੋਂ ਬੀਜ ਸਮਾਨ ਗਰਦਾ ਹੈ, ਫਿਰ ਉਸ ਬੀਜ ਵਿਚੋਂ ਹੀ ਬ੍ਰਿਛ ਮੌਲ ਉਠਦਾ ਹੈ।

ਾਰ 9 ਪਉੜੀ 2

ਗੁਰਸਿਖੀ ਦਾ ਆਤਮਿਕ ਮਾਰਗ ਬੜਾ ਬਾਰੀਕ ਹੈ, ਬੜਾ ਸੂਖ਼ਮ ਹੈ। ਹ ਤਾਂ ਜੀਭ ਨਾਲ ਅਲੂਣੀ ਸਿਲ ਚੱਟਣ ਸਮਾਨ ਹੈ। ਇਹ ਤਾਂ ਵਾਲੋਂ ਨਿਕਾ ਖਨਿਉਂ ਤਿਖਾ ਮਾਰਗ ਹੈ; ਹੋਰ ਕੋਈ ਇਸ ਅਮੁਲ ਦੇ ਤੁਲ ਨਹੀਂ ਹੋ ਸਕਦਾ; ਵੇਂ ਅਸੀਂ ਭੂਤ, ਵਰਤਮਾਨ ਤੇ ਭਵਿੱਖ ਦੇ ਸਾਰੇ ਮਾਨਦੰਡਾਂ ਦੀ ਭਾਲ ਕਿਉਂ ਨਾ ਹ ਲਈਏ। ਕੋਈ ਵੀ ਮਾਨੰਦਡ ਗੁਰਸਿਖੀ ਦੀ ਮਹਾਨਤਾ ਨੂੰ ਮਾਪ ਨਹੀਂ ਸਦਾ। ਅਨੇਕ ਵਿਚੋਂ ਕਿਸੇ ਇਕ ਨੂੰ ਇਸ ਸਿਖੀ ਦੀ ਆਤਮਾ ਦੀ ਸੋਝੀ ਹੁੰਦੀ । ਇਥੇ ਕਿਉਂ, ਕਿਥੋਂ, ਕਿਵੇਂ ਤੇ ਕਦੋਂ ਦੇ ਸਾਰੇ ਸੰਕਲਪ-ਵਿਕਲਪ ਦੇ ਭੇਦ ਮਿਟ ਦੇ ਹਨ; ਇਹ ਤੇ ਉਹ, ਇਕ ਤੇ ਅਨੇਕ ਦੇ ਸਭ ਸਾਰਹੀਣ ਅੰਤਰਾਂ ਦਾ ਖੇਧ ਹੋ ਜਾਂਦਾ ਹੈ। ਸਭ ਪ੍ਰਕਾਰ ਦੀਆਂ ਵੇਦਨਾਵਾਂ ਦੀ ਨਿਵਿਰਤੀ ਹੋ ਜਾਂਦੀ ਤੇ ਇਕੋ ਵੱਡੀ ਵੇਦਨਾ ਬਾਕੀ ਰਹਿ ਜਾਂਦੀ ਹੈ ਕਿ ਇਸ ਗੁਰਸਿਖੀ ਦੀ ਆਤਮਾ ਰਹੱਸ ਦਾ ਅਨੁਭਵ ਕਿਵੇਂ ਪ੍ਰਾਪਤ ਕੀਤਾ ਜਾਵੇ।

ਉੜੀ 7

ਸਭ ਨਾਮ ਰੱਤੇ ਪੁਰਸ਼ ਗੁਰੂ ਦੀ ਮਾਲਾ ਦੇ ਮਣਕੇ ਹਨ। ਜਿਹੜਾ ਗੁਰੂ ਪ੍ਰੇਮ ਵਿਚ ਹੋਰ ਸਭ ਕੁਝ ਦਾ ਤਿਆਗ ਕਰ ਦਿੰਦਾ ਹੈ, ਲਖਾਂ ਵਿਚੋਂ ਕੋਈ ਕ ਹੀ ਗੁਰੂ ਦੇ ਇਸ ਦੈਵੀ ਅਨੁਭਵ ਨੂੰ ਪ੍ਰਾਪਤ ਕਰ ਸਕਦਾ ਹੈ, ਕੋਈ ਸੁਚੇ ਣਕਾਂ ਦਾ ਪਾਰਖੂ ਜੌਹਰੀ ਹੀ ਉਸ ਦਾ ਮੁਲ ਪਾ ਸਕਦਾ ਹੈ। ਇਸ ਮਾਲਾ ਮਣਕੇ ਉਹ ਸਤਿ-ਸੰਗਤ ਦੇ ਨਿਵਾਸੀ ਮਹਾਂਪੁਰਖ ਹਨ, ਜੋ ਮੁਕਤਗਾਮੀ

ਆਤਮਾਵਾਂ ਦੇ ਰੂਪ ਵਿਚ ਇਸ ਮਾਲਾ ਵਿਚ ਚਮਕ ਰਹੇ ਹਨ। ਇਹਨਾਂ ਗੁਰਸਿਖਾਂ ਦੇ ਵਿਅਕਤੀਤਵ ਹੀ ਗੁਰੂ ਦੀ ਆਤਮਿਕ ਮਾਲਾ ਦੇ ਮਣਕੇ ਬਣ ਸਕਣ ਦੇ ਯੋਗ ਹਨ। ਅਜਿਹੇ ਵਿਅਕਤੀ ਭੌਤਿਕਤਾ ਤੋਂ ਉਪਰ ਉਠ ਕੇ ਅਧਿਆਤਮਿਕ ਜੀਵਨ ਵਿਚ ਪੁਨਰ-ਜੀਵਤ ਹੋ ਜਾਂਦੇ ਹਨ। ਉਹ ਇਸ ਜੀਵਨ ਵਿਚ ਹੀ ਮੋਖ ਪ੍ਰਾਪਤ ਕਰ ਲੈਂਦੇ ਹਨ ਅਰਥਾਤ ਜੀਵਨ ਮੁਕਤ ਹੋ ਜਾਂਦੇ ਹਨ। ਗੁਰੂ ਦੀ ਖੱਡੀ ਉਤੇ ਤਣੇ ਗਏ ਤਾਣੇ-ਬਾਣੇ ਉਤੇ ਬੁਣੇ ਗਏ ਕਪੜੇ ਦੇ ਇਹ ਸੁਹਣੇ ਜਿਉੜੇ ਪ੍ਰੇਮ ਅਤੇ ਆਦਰਸ਼ ਜੀਵਨ ਦੇ ਸੁੰਦਰ ਨਮੂਨੇ ਹੁੰਦੇ ਹਨ।

ਵਾਰ 12 ਪਉੜੀ 5

ਪ੍ਰਭੂ ਤੇ ਗੁਰੂ ਇਕ ਹਨ।

ਮੈਂ ਉਸ ਗੁਰਸਿਖ ਤੋਂ ਕੁਰਬਾਨ ਹਾਂ ਜੋ ਪ੍ਰੀਤਮ ਤੇ ਗੁਰੂ ਨੂੰ ਇਕ ਮੰਨਦਾ ਹੈ।

ਮੈਂ ਉਹਨਾਂ ਗੁਰਸਿਖਾਂ ਦੇ ਚਰਨਾਂ ਤੋਂ ਬਲਿਹਾਰ ਜਾਂਦਾ ਹਾਂ ਜੋ ਗੁਰੂ ਤੇ ਪ੍ਰਭੂ ਨੂੰ ਇਕ ਅਨੁਭਵ ਕਰਦੇ ਹਨ ਅਤੇ ਗੁਰੂ ਸੰਬੰਧੀ ਆਪਣੀਆਂ ਭਾਵਨਾਵਾਂ ਦੀ ਪੂਰਨਤਾ ਬਾਰੇ ਕੋਈ ਦਾਰਸ਼ਨਿਕ ਚਰਚਾ ਨਹੀਂ ਕਰਦੇ।

ਇਹਨਾਂ ਮਨੋਭਾਵਾਂ ਦੀ ਭਰਪੂਰਤਾ ਤੇ ਮਹੱਤਵ ਵੇਰਵਿਆਂ ਤੇ ਵਿਉਂਤਾਂ ਦੀ ਜਾਣਕਾਰੀ ਤੋਂ ਉਚੇਰਾ ਹੈ।

ਉਸ ਦਾ ਪ੍ਰੇਮ ਮਹਾਨ ਹੈ। ਜੋ ਅਪੂਰਨਤਾ ਵਿਚੋਂ ਵੀ ਪੂਰਨਤਾ ਨੂੰ ਵੇਖਦਾ ਹੈ। ਉਸ ਦੇ ਮਨੋਭਾਵ ਬਹੁਤ ਮੁਲਵਾਨ ਹਨ। ਜੋ ਕਿਸੇ ਬਾਰੇ ਮੰਦਾ ਨਹੀਂ ਬੋਲਦਾ।

ਮੈਂ ਉਸ ਗੁਰਸਿਖ ਦੇ ਚਰਨਾਂ ਤੋਂ ਬਲਿਹਾਰੀ ਹਾਂ ਜੋ ਹੋਰ ਮਨੁੱਖਾਂ ਦੀਆਂ ਨਜ਼ਰਾਂ ਵਿਚ ਬੜਾ ਅਨਜਾਣ ਜਾਪਦਾ ਹੈ ਤੇ ਦੂਜਿਆਂ ਨੂੰ ਠਗਣ ਜਾਂ ਧੋਖਾ ਦੇਣ ਦੀ ਥਾਂ ਜਾਣ ਬੁਝ ਕੇ ਆਪ ਧੋਖਾ ਖਾ ਲੈਂਦਾ ਜਾਂ ਠਗਿਆ ਜਾਂਦਾ ਹੈ।

ਉਹ ਮਹਾਨ ਹੈ ਜਿਸ ਨੂੰ ਦੂਜਿਆਂ ਦਾ ਭਲਾ ਕਰਕੇ ਅਤਿ ਦੀ ਖ਼ੁਸ਼ੀ ਪ੍ਰਾਪਤ ਹੁੰਦੀ ਹੈ।

ਬੇਪ੍ਰਵਾਹ ਅਕਾਲ ਪੁਰਖ ਦੇ ਦਰਬਾਰ ਦੀ ਵੀ ਅਜਬ ਮਰਿਆਦਾ ਹੈ। ਇਥੇ ਨਿਮਾਣਿਆਂ ਗ਼ਰੀਬਾਂ ਨੂੰ ਮਾਣ ਮਿਲਦਾ ਹੈ।

ਗੁਰੂ ਆਪ ਪਰਿਪੂਰਨ ਹੈ ਅਤੇ ਜਿਨ੍ਹਾਂ ਨੂੰ ਗੁਰੂ ਤੇ ਉਸ ਦੇ ਸ਼ਬਦਾਂ ਦਾ ਬੋਧ ਹੈ, ਉਹ ਵੀ ਪੂਰਨ ਪੁਰਖ ਹੁੰਦੇ ਹਨ।

ਪਉੜੀ 6

ਮੈਂ ਉਹਨਾਂ ਗੁਰਸਿਖਾਂ ਤੋਂ ਕੁਰਬਾਨ ਜਾਂਦਾ ਹਾਂ ਜੋ ਗੁਰੂ ਦਾ ਦਰਸ਼ਨ ਕਰਕੇ ਆਪਣਾ ਆਪ ਭਾਵ ਮੇਟ ਦਿੰਦੇ ਹਨ।

ਮੈਂ ਉਹਨਾਂ ਗੁਰਸਿਖਾਂ ਤੋਂ ਕੁਰਬਾਨ ਜਾਂਦਾ ਹਾਂ ਜਿਹੜੇ ਛਿਣ-ਭੰਗਰੀ ਮਾਇਆ ਦੇ ਮੋਹ ਦਾ ਤਿਆਗ ਕਰਦੇ ਹਨ ਅਤੇ ਗੁਰੂ ਦੇ ਉਜਲ ਚਰਨਾਂ ਦਾ ਧਿਆਨ ਧਰਦੇ ਹਨ।

ਮੈਂ ਉਹਨਾਂ ਗੁਰਸਿਖਾਂ ਤੋਂ ਬਲਿਹਾਰ ਜਾਂਦਾ ਹਾਂ ਜੋ ਗੁਰੂ ਦੇ ਦਰਸ਼ਨ ਕਰਕੇ ਹੋਰਨਾਂ ਨੂੰ ਵੀ ਅਜਿਹਾ ਕਰਨ ਦੀ ਪ੍ਰੇਰਨਾ ਦਿੰਦੇ ਹਨ।

ਮੈਂ ਉਹਨਾਂ ਗੁਰਸਿਖਾਂ ਤੋਂ ਕੁਰਬਾਨ ਜਾਂਦਾ ਹਾਂ ਜਿਹੜੇ ਬਾਹਰ ਜਾਂਦੇ ਮਨ ਨੂੰ ਰੋਕ ਲੈਂਦੇ ਹਨ ਅਤੇ ਵਿਅਕਤੀਗਤ ਆਸਾ ਮਨਸਾ ਤੋਂ ਉਪਰ ਉਠ ਖਲੋਂਦੇ ਹਨ।

ਮੈਂ ਉਹਨਾਂ ਗੁਰਸਿਖਾਂ ਤੋਂ ਬਲਿਹਾਰ ਜਾਂਦਾ ਹਾਂ ਜਿਹੜੇ ਗੁਰੂ ਦੀ ਸਿਖਿਆ ਨੂੰ ਆਪਣੇ ਜੀਵਨ ਦੇ ਅਮਲ ਦਾ ਭਾਗ ਬਣਾ ਲੈਂਦੇ ਹਨ।

ਭਾਈ ਗੁਰਦਾਸ ਜੀ ਬ੍ਰਾਹਮਣ-ਮਤ ਦੇ ਨਿਪਟ ਅਮੂਰਤ ਸੰਕਲਪਾਂ ਤੇ ਸਿਧਾਂਤਾਂ ਬਾਰੇ ਬੜੀ ਸਪਸ਼ਟ ਟਿਪਣੀ ਕਰਦੇ ਹਨ। ਇਸ ਦਾ ਉਲੇਖ 12ਵੀਂ ਵਾਰ ਦੀ 7ਵੀਂ ਪਉੜੀ ਵਿਚ ਮਿਲਦਾ ਹੈ।

ਵਾਰ 12 ਪਉੜੀ 7

ਬ੍ਰਹਮਾ ਬਾਰੇ ਕਿਹਾ ਜਾਂਦਾ ਹੈ ਕਿ ਉਹ ਬੜਾ ਮਹਾਨ ਹੈ ਅਤੇ ਕੰਵਲ ਦੀ ਨਾਭੀ ਤੋਂ ਜਨਮਿਆ ਹੈ। ਕੰਵਲ ਦੀ ਡੰਡੀ ਵਿਚ ਉਹ ਜੀਵਨ ਦੇ ਰਹੱਸ ਨੂੰ ਜਾਣਨ ਲਈ ਕਈ ਯੁਗਾਂ ਤਕ ਆਵਾ-ਗਵਣ ਦੇ ਚਕਰਾਂ ਵਿਚ ਪਿਆ ਰਿਹਾ ਹੈ। ਉਹ ਵੇਦਾਂ ਦਾ ਅਧਿਐਨ ਕਰਦਾ ਰਿਹਾ ਹੈ। ਇਥੋਂ ਤਕ ਕਿ ਚਾਰ ਵੇਦਾਂ ਦੀ ਘੋਖ ਕਰਨ ਲਈ ਉਸ ਦੇ ਚਾਰ ਸਿਰ ਹੋ ਗਏ ਤੇ ਚਹੁੰ-ਵੇਦਾਂ ਦੀ ਵਿਆਖਿਆ ਉਸ ਨੇ ਆਪਣੇ ਚਹੁੰ-ਮੂੰਹਾਂ ਦੁਆਰਾ ਕੀਤੀ।

ਬ੍ਰਹਮਾ ਦੂਜਿਆਂ ਨੂੰ ਉਪਦੇਸ਼ ਕਰਦਾ ਰਿਹਾ, ਪਰ ਆਪ ਦੇਵੀ ਸਰਸਵਤੀ ਦੇ ਮੋਹ ਜਾਲ ਵਿਚ ਫਸ ਗਿਆ। ਉਹ ਦੂਜਿਆਂ ਨੂੰ ਵੇਦਾਂ ਦੇ ਮੰਤਰ ਉਚਾਰਨ ਦੀ ਸਿਖਿਆ ਦਿੰਦਾ ਰਿਹਾ, ਪਰ ਇਸ ਦਾ ਅੰਤ ਉਸ ਦੇ ਅਹੰ-ਭਾਵ ਤੇ ਅਭੀਮਾਨ ਵਿਚ ਹੋਇਆ, ਪਰ ਜਦੋਂ ਉਸ ਨੂੰ ਇਹ ਗਿਆਨ ਹੋ ਗਿਆ ਕਿ ਉਹ ਅਕੱਥ ਪ੍ਰਭੂ ਦਾ ਕਥਨ ਕਰਨ ਤੋਂ ਅਸਮਰਥ ਹੈ ਤਾਂ ਉਸ ਨੇ ਆਪਣੀ ਹਾਰ ਮੰਨ ਲਈ।

ਪ੍ਰਭੂ ਦੀ ਅਨੰਤਤਾ ਬਾਰੇ ਉਹ ਕੇਵਲ 'ਨੇਤਿ-ਨੇਤਿ' ਅਰਥਾਤ 'ਇਹ ਵੀ ਨਹੀਂ ਹੈ, ਇਹ ਵੀ ਨਹੀਂ ਹੈ' ਹੀ ਨਿਰੰਤਰ ਕਹਿੰਦਾ ਰਿਹਾ।

ਇਸੇ ਹੀ ਧੁਨੀ ਵਿਚ ਭਾਈ ਗੁਰਦਾਸ ਜੀ ਅਵਤਾਰਾਂ ਬਾਰੇ ਕਥਨ ਕਰਦੇ ਹਨ।

ਪਉੜੀ 8

ਵਿਸ਼ਨੂ ਨੇ ਦਸ ਅਵਤਾਰ ਧਾਰੇ। ਹਰ ਇਕ ਅਵਤਾਰ ਕੋਲ ਸਹੰਸਰ ਗੁਣਾਂ ਸ਼ਕਤੀ ਸੀ।

ਮਛ-ਕਛ, ਵੇਰਾਹ, ਨਰ ਸਿੰਘ, ਬਾਵਨ, ਰਾਮ, ਕਿਸ਼ਨ, ਪਰਸਰਾਮ ਤੇ ਕਲਕੀ ਅਵਤਾਰ (ਜਿਸ ਬਾਰੇ ਕਿਹਾ ਜਾਂਦਾ ਹੈ ਕਿ ਉਹ ਹਾਲੀਂ ਪ੍ਰਗਟ ਹੋਣਾ ਹੈ) ਇਹਨਾਂ ਸਭ ਵਿਚ ਅਹੰ (ਮੈਂ ਹਾਂ) ਦਾ ਭਾਵ ਪ੍ਰਧਾਨ ਸੀ। ਇਹਨਾਂ ਵਿਚੋਂ ਪਰਸਰਾਮ ਨੇ ਆਪਣੇ ਕੁਹਾੜੇ ਨਾਲ ਵੀਹ ਵਾਰ ਸ਼ਤਰੀਆਂ ਦਾ ਸੰਘਾਰ ਕੀਤਾ।

ਰਮਾਇਣ ਅਨੁਸਾਰ ਰਾਮ ਨੇ ਰਾਵਣ ਵਿਰੁੱਧ ਖ਼ੂਨੀ ਜੰਗ ਕੀਤੀ।

ਇਹਨਾਂ ਵਿਚ ਦਵੈਖ-ਭਾਵ, ਕਾਮ-ਕ੍ਰੋਧ ਤੇ ਅਸਾਧ ਹਉਮੈ ਦੇ ਮਨੋਭਾਵ ਮੌਜੂਦ ਸਨ (ਇਹ ਇਹਨਾਂ ਸਭ ਵਿਚ ਵਿਅਕਤੀਗਤ ਭਾਵਨਾ ਵਿਦਮਾਨ ਸੀ, ਜੋ ਕਿ ਸਾਧ ਆਤਮਾ ਦੇ ਸਰੂਪ ਤੋਂ ਭਿੰਨ ਹੁੰਦੀ ਹੈ। ਇਹ ਸਾਰੇ ਅਹੰ ਭਾਵ 'ਮੈਂ ਹੀ ਹਾਂ, ਮੈਂ ਹੀ ਹਾਂ' ਦੀ ਮਨੋਵਿਰਤੀ ਦਾ ਸ਼ਿਕਾਰ ਸਨ) ਇਹੋ ਹੀ ਸਭ ਕੁਝ ਉਹਨਾਂ ਵਿਚ ਮੌਜੂਦ ਸੀ। ਉਹਨਾਂ ਨੂੰ ਸਤਿਗੁਰੂ ਦੇ ਦਰਸ਼ਨ ਨਹੀਂ ਹੋਏ ਤੇ ਸਾਰੇ ਅਹੰ-ਭਾਵ 'ਮੈਂ ਹੀ ਹਾਂ, ਮੈਂ ਹੀ ਹਾਂ' ਦੀ ਮਨੋ-ਪ੍ਰਵਿਰਤੀ ਅਧੀਨ ਅਨੁਚਿਤ ਕਰਮ ਕਰਦੇ ਰਹੇ।

ਭਾਈ ਗੁਰਦਾਸ ਅਨੁਸਾਰ ਅਧਿਆਤਮਿਕਤਾ ਪ੍ਰੇਮ ਸਰੂਪ ਹੁੰਦੀ ਹੈ ਅਤੇ ਪ੍ਰੇਮ ਦੁਆਰਾ ਕੀਤੀ ਗਈ ਘਾਲ ਕਮਾਈ ਨੂੰ ਹੀ ਦੇਵ ਲੋਕ ਦੀ ਮਿਹਰ ਜਾਂ ਬਖ਼ਸ਼ਿਸ਼ ਪ੍ਰਾਪਤ ਹੁੰਦੀ ਹੈ। ਆਪ 9ਵੀਂ ਪਉੜੀ ਵਿਚ ਸਪਸ਼ਟ ਭਾਂਤ ਉਲੇਖ ਕਰਦੇ ਹਨ ਕਿ ਸ਼ਿਵ ਜੀ ਸੱਚੇ ਅਰਥਾਂ ਵਿਚ ਅਧਿਆਤਮਿਕ ਨਹੀਂ ਹੈ।

### ਪਉੜੀ 9

ਮਹਾਂਦੇਵ ਸ਼ਿਵ ਅਵਧੂਤ ਬਣ ਗਿਆ ਤੇ ਤਮੋ ਗੁਣੀ ਪ੍ਰਵਿਰਤੀ ਵਿਚ ਰੰਗ ਮਾਨਣ ਲਗਾ। ਅਕੱਥ ਪ੍ਰਭੂ ਨਾਲ ਅਭੇਦਤਾ ਦੀ ਉਸ ਨੂੰ ਸਾਰ ਨਹੀਂ ਸੀ। ਉਸ ਨੇ ਭੂਤ-ਪ੍ਰੇਤ ਆਦਿ ਬਦਰੂਹਾਂ ਉਤੇ ਵਸੀਕਾਰ ਕਰ ਲਿਆ ਤੇ ਆਪਣੇ ਕਹੇ ਅਨੁਸਾਰ ਉਹਨਾਂ ਤੋਂ ਆਦੇਸ਼ਾਂ ਦੀ ਪਾਲਣਾ ਕਰਵਾਉਣ ਲਗਾ। ਉਹ ਅੱਕ ਤੇ ਧਤੂਰੇ ਦਾ ਸੇਵਨ ਕਰਦਾ ਤੇ ਮੜ੍ਹੀ-ਮਸਾਣਾਂ ਅਰਥਾਤ ਉਧਿਆਨਾਂ ਵਿਚ ਨਿਵਾਸ ਰਖਦਾ। ਹਾਥੀ ਤੇ ਸ਼ੇਰ ਦੀ ਖਲ ਪਹਿਨਦਾ ਅਤੇ ਆਪਣਾ ਡਉਰੂ ਵਜਾ ਕੇ ਦੂਜਿਆਂ ਨੂੰ ਹੈਰਾਨ ਕਰ ਦਿੰਦਾ। ਉਹ ਆਪਣੇ ਆਪ ਨੂੰ ਭੂਤਾਂ ਪੈਸਾਚਾਂ ਦਾ ਸੁਆਮੀ ਅਖਵਾਉਣ ਲਗਾ। ਇਸ ਤਰ੍ਹਾਂ ਉਹ ਆਪ ਪ੍ਰਭੂ ਦੀ ਸੱਚੀ ਆਤਮਾ ਦੂਰ ਵਿਚਰਨ ਲਗਾ। ਉਸ ਨੇ ਆਪਣੇ ਆਪ ਨੂੰ ਕਦੀ ਵੀ ਇਸ ਤਰ੍ਹਾਂ ਨਿਰਮਾਣ ਨਾ ਜਾਤਾ ਕਿ ਪ੍ਰਭੂ ਦੀ ਸ਼ਾਨ ਦਾ ਮਧੁਰ ਸੰਗੀਤ ਉਸ ਦੇ ਅੰਦਰ ਆਪ-ਮੁਹਾਰੇ ਹੀ ਅਨਹਦ ਨਾਦ ਸਮਾਨ ਗੂੰਜ ਉਠੇ। ਇਹ ਵਚਿਤਰ ਭਿਅੰਕਰ ਦੇਵ ਸ੍ਰਿਸ਼ਟੀ ਦਾ ਸੰਘਾਰ ਕਰਨ ਵਾਲਾ ਹੈ। ਉਹ ਤਮੋ ਗੁਣ ਪ੍ਰਧਾਨ ਹੈ। ਉਸ ਨੂੰ ਨਾ ਤਾਂ ਇੰਦਰੀਆਂ ਦੇ ਭੋਗ ਦਾ ਆਭਾ ਹੈ, ਨਾ ਹੀ ਅਭੇਦਤਾ ਦੇ ਪਰਮਾਨੰਦ ਦਾ ਅਤੇ ਨਾ ਹੀ ਸੱਚੇ ਜੀਵਨ-ਮਾਰਗ ਦੇ ਆਚਰਣ ਦਾ।

ਇਹ ਕੋਈ ਗੁਰਮੁਖਾਂ ਵਾਲਾ ਮਾਰਗ ਨਹੀਂ ਹੈ। ਕੇਵਲ ਗੁਰਮੁਖ ਦੇ ਮਾਰਗ ਨੂੰ ਪ੍ਰਾਪਤ ਕਰਕੇ ਹੀ ਉਹੋ ਕੁਝ ਪ੍ਰਾਪਤ ਕੀਤਾ ਜਾ ਸਕਦਾ ਹੈ, ਜੋ ਕੁਝ ਸ਼ਿਵ ਆਪਣੇ ਹੱਠ ਯੋਗ ਦੁਆਰਾ ਕਰਨਾ ਲੋਚਦਾ ਹੈ।

### ਪਉੜੀ 12

ਇਥੇ ਭਾਈ ਗੁਰਦਾਸ ਜੀ ਜਤੀ, ਸਤੀ ਤੇ ਸੰਤੋਖੀਆਂ ਬਾਰੇ ਉਸੇ ਤਰ੍ਹਾਂ ਦਾ ਕਥਨ ਕਰਦੇ ਹਨ :

"ਜਤੀ, ਸਤੀ ਤੇ ਸੰਤੋਖੀਆਂ ਨੂੰ ਆਦਰਸ਼ਕ ਜਤ, ਸਤ ਤੇ ਸੰਤੋਖ ਦਾ

ਬੋਧ ਨਹੀਂ ਹੈ। ਸਿਧ ਤੇ ਨਾਥਾਂ ਨੇ ਕਈ ਫਿਰਕੇ (ਪੰਥ) ਸੰਗਠਿਤ ਕਰ ਲਏ ਹਨ ਅਤੇ ਹਉਮੈ ਵਿਚ ਮਤੇ ਕਈ ਰਿਧੀਆਂ-ਸਿਧੀਆਂ ਤੇ ਕਰਾਮਾਤਾਂ ਦੀ ਪ੍ਰਦਰਸ਼ਨੀ ਕਰਦੇ ਹਨ। ਇਹ ਸਭ ਕਰਾਮਾਤਾਂ ਮਾਨਸਿਕ ਕਿਰਿਆਵਾਂ ਹਨ ਤੇ ਅਹੰ-ਭਾਵ ਨੂੰ ਉਤੇਜਿਤ ਕਰਨ ਵਾਲੀਆਂ ਹਨ।''

ਚਾਰੇ ਵਰਨਾਂ ਦੇ ਲੋਕ ਆਪਸ ਵਿਚ ਝਗੜੇ ਬਿਖਾਦ ਕਰਦੇ ਹਨ ਅਤੇ ਵਡੇ ਭਰਮ-ਭੁਲੇਖਿਆਂ ਵਿਚ ਹੀ ਮਰ ਜਾਂਦੇ ਹਨ।

ਛੇ ਦਰਸ਼ਨ (ਸ਼ਾਸਤਰਾਂ) ਦਾ ਕਾਫੀ ਵਿਸਥਾਰ ਹੋਇਆ ਹੈ ਤੇ ਇਸ ਤਰ੍ਹਾਂ ਯੋਗੀਆਂ ਦੇ ਵੀ ਬਾਰਾਂ ਫਿਰਕੇ ਜਾਂ ਸੰਪਰਦਾਵਾਂ ਬਣ ਗਈਆਂ ਹਨ।

ਗੁਰਮੁਖ ਦਾ ਨਾ ਕੋਈ ਵਰਨ ਤੇ ਨਾ ਜਾਤ ਹੈ ਤੇ ਨਾ ਹੀ ਉਸ ਦਾ ਕੋਈ ਵਿਸ਼ੇਸ਼ ਭੇਖ ਹੈ। ਉਸ ਵਿਚ ਤਾਂ ਸਭ ਵਰਨ ਇਕ ਵਰਨ ਹੋ ਜਾਂਦੇ ਹਨ। ਗੁਰਮੁਖ ਵਿਚ ਤਾਂ ਪ੍ਰੇਮ ਦਾ ਚਲੂਲਾ ਰੰਗ ਪ੍ਰਮੁਖ ਹੈ। ਜਿਵੇਂ ਤੰਬੋਲ ਵਿਚ ਕਈ ਰੰਗ ਮਿਲ ਕੇ ਹੋਠਾਂ ਉਤੇ ਸੂਹੇ ਰੰਗ ਨੂੰ ਉਜਾਗਰ ਕਰਦੇ ਹਨ।

ਗੁਰਮੁਖ ਤਾਂ ਛੇਆਂ ਰੁਤਾਂ ਤੇ 12 ਮਹੀਨਿਆਂ ਵਿਚ ਉਸ ਸੂਰਜ ਦੇ ਪ੍ਰਕਾਸ਼ ਸਮਾਨ ਹੈ, ਜਿਸ ਦੇ ਚਾਨਣ ਵਿਚ ਅਨੇਕ ਰੰਗ ਸੁਰੰਗ ਸੁਭਾਇਮਾਨ ਹੁੰਦੇ ਹਨ।

## ਵਾਰ 13 ਪਉੜੀ 1

ਸਿਖੀ ਦਾ ਮਾਰਗ ਬੜਾ ਬਿਖਮ ਹੈ। ਕੋਈ ਵਿਰਲੇ ਹੀ ਇਸ ਨੂੰ ਧਾਰਨ ਕਰ ਸਕਦੇ ਹਨ। ਗੁਰੂ ਨਾਨਕ ਤਾਂ ਗੁਰੂ ਦੇ ਗੁਰੂ ਹਨ ਤੇ ਪੀਰਾਂ ਦੇ ਪੀਰ ਹਨ।

ਗੁਰੂ ਨਾਨਕ ਸਾਹਿਬ ਨੇ ਆਪਣੇ ਸਿੱਖ ਅੰਗਦ ਨੂੰ ਗੁਰੂ-ਪਦ ਪ੍ਰਦਾਨ ਕਰ ਦਿਤਾ। ਨੈਤਿਕ ਸੰਸਾਰ ਵਿਚ ਇਹ ਇਕ ਅਦੁੱਤੀ ਘਟਨਾ ਸੀ।

ਗੁਰੂ ਅੰਗਦ ਗੁਰੂ ਵੀ ਹੈ ਤੇ ਸਿੱਖ ਵੀ। ਇਥੇ ਜੋਤ ਵਿਚ ਜੋਤ ਰਲ ਗਈ ਹੈ ਤੇ ਇਕ ਜੀਵਨ ਦੂਜੇ ਵਿਚ ਪ੍ਰਵਰਤਿਤ ਹੋ ਗਿਆ ਹੈ।

ਗੁਰੂ ਵੀ ਅਦੁੱਤੀ ਹੈ ਤੇ ਸਿੱਖ ਵੀ ਅਦੁੱਤੀ ਹੈ। ਸਿੱਖ ਨੇ ਗੁਰੂ ਨਾਲ ਪ੍ਰੇਮ ਕੀਤਾ, ਗੁਰੂ ਨੇ ਉਸ ਉਤੇ ਬਖ਼ਸ਼ਿਸ਼ ਕੀਤੀ ਅਤੇ ਇਸ ਵਰਤਾਰੇ ਵਿਚ ਪ੍ਰੇਮ ਤੇ ਨਦਰਿ-ਕਰਮ (ਮਿਹਰ) ਦੋਵੇਂ ਹੀ ਇਕਸੁਰ ਹੋ ਗਏ।

## ਪਉੜੀ 2

ਗੁਰੂ ਦੁਆਰਾ ਸਿੱਖਾਂ ਦੀ ਸਿਰਜਣਾ ਸਰਬ ਸਾਧਾਰਨ ਵਰਤਾਰਾ ਹੈ। ਪਰ ਗੁਰੂ ਦੁਆਰਾ ਗੁਰੂ ਦਾ ਸੰਪੂਰਨ ਹੋਣਾ ਅਸਾਧਾਰਨ ਤੇ ਅਲੌਕਿਕ ਚਮਤਕਾਰ ਹੈ ਜਿਸ ਦੇ ਮਨ ਵਿਚ ਗੁਰੂ ਦਾ ਨਿਵਾਸ ਹੋ ਜਾਂਦਾ ਹੈ, ਉਸ ਵਿਅਕਤੀ ਦਾ ਮਨ ਪ੍ਰਕਾਸ਼ਮਾਨ ਹੋ ਜਾਂਦਾ ਹੈ।

ਗੁਰੂ ਦੇ ਸਰੂਪ ਉਤੇ ਧਿਆਨ ਧਰਦਾ ਹੋਇਆ ਸਿੱਖ ਜਦੋਂ ਪ੍ਰੇਮ ਰੰਗ ਵਿਚ ਰੰਗਿਆ ਜਾਂਦਾ ਹੈ ਤਾਂ ਉਹ ਗੁਰੂ ਸਰੂਪ ਹੀ ਹੋ ਜਾਂਦਾ ਹੈ ਤੇ ਉਸ ਦੇ ਮਨ ਵਿਚ ਸਦਾ ਲਈ ਸ਼ਬਦ ਦਾ ਵਾਸਾ ਹੋ ਜਾਂਦਾ ਹੈ ਜਿਸ ਨਾਲ ਉਹ ਗੁਰੂ ਜੀ ਦੀ ਸ਼ਾਨ (ਵਾਹੁ-ਵਾਹੁ) ਤੇ ਪਰਮ ਸੁੰਦਰਤਾ ਨਾਲ ਭਰਪੂਰ ਹੋ ਜਾਂਦਾ ਹੈ।

ਉਸ ਦਾ ਹਿਰਦਾ ਤੇ ਆਤਮਾ ਸੰਪੂਰਨ ਰੂਪ ਵਿਚ ਅਦ੍ਰਿਸ਼ਟ ਮੁਕਤਗਾਮੀ ਆਤਮਾਵਾਂ ਦੇ ਸਤਿਸੰਗ ਦੀ ਹਜ਼ੂਰੀ ਅਵਸਥਾ ਨੂੰ ਪ੍ਰਾਪਤ ਕਰ ਲੈਂਦੀਆਂ ਹਨ, ਜੋ ਮ੍ਰਿਤੂ ਪਿਛੋਂ ਪਰਲੋਕ ਦਾ ਸਰੂਪ ਹਨ। ਇਸ ਤਰ੍ਹਾਂ ਸਿੱਖ ਦਾ ਆਤਮਿਕ ਰੂਪਾਂਤਰਣ ਹੋ ਜਾਂਦਾ ਹੈ ਤੇ ਉਹ ਉਚੇਰੇ ਅਧਿਆਤਮਿਕ ਜੀਵਨ ਦਾ ਧਾਰਨੀ ਹੋ ਨਿਬੜਦਾ ਹੈ।

ਇੰਜ ਗੁਰਸਿਖ ਗੁਰਮੰਤਰ ਦਾ ਮੰਥਨ ਕਰਦਾ ਹੈ ਤੇ 'ਵਾਹੁ-ਵਾਹੁ' ਦੇ ਗੁਣ-ਗਾਇਨ ਦੀ ਸ਼ਾਨ ਉਸ ਦੇ ਅੰਤਹਿਕਰਣ ਵਿਚੋਂ ਹੀ ਪ੍ਰਵਾਹਿਤ ਹੁੰਦੀ ਹੈ।

ਗੁਰਸ਼ਬਦ (ਵਾਹਿਗੁਰੂ ਗੁਰਮੰਤਰ) ਦਾ ਇਹ ਸਜੀਵ ਪ੍ਰਵਾਹ ਗੁਰਸਿਖ ਦੇ ਅਹੰ ਭਾਵ ਨੂੰ ਧੋ ਦਿੰਦਾ ਹੈ। ਇਸ ਤਰ੍ਹਾਂ ਅਹੰ-ਭਾਵ ਦੇ ਨਿਵਾਰਨ ਨਾਲ ਗੁਰਸਿਖ ਨੂੰ ਸੱਚੇ ਆਤਮਿਕ ਸਰੂਪ ਦਾ ਬੋਧ ਹੋ ਜਾਂਦਾ ਹੈ।

### ਵਾਰ 13 ਪਉੜੀ 6

ਕੇਵਲ ਮਿੱਠੇ ਰਸ ਦੀਆਂ ਗੱਲਾਂ ਕਰਨ ਨਾਲ ਕਿਸੇ ਵਿਅਕਤੀ ਦਾ ਮੂੰਹ ਮਿਠਾਸ ਨਾਲ ਨਹੀਂ ਭਰ ਜਾਂਦਾ। ਮੂੰਹ ਫਿਰ ਵੀ ਖ਼ਾਲੀ ਹੀ ਰਹਿੰਦਾ ਹੈ, ਪਰ ਜਦੋਂ ਮੂੰਹ ਵਿਚ ਕੋਈ ਮਿੱਠਾ ਪਦਾਰਥ ਹੁੰਦਾ ਹੈ ਤਾਂ ਜੀਭਾ ਇਸ ਬਾਰੇ ਕੋਈ ਗਲਕਥ ਨਹੀਂ ਕਰ ਸਕਦੀ।

ਜਿਹੜੇ ਨਾਮ ਤੇ ਸਿਮਰਨ ਦੇ ਅਨੰਦ ਵਿਚ ਰਤੇ ਜਾਂਦੇ ਹਨ ਅਤੇ ਉਹਨਾਂ ਨੂੰ ਅਭੇਦਤਾ ਦਾ ਪਰਮਾਨੰਦ ਪ੍ਰਾਪਤ ਹੋ ਜਾਂਦਾ ਹੈ, ਉਹ ਵਿਅਕਤੀ ਆਪਣੀਆਂ ਅੱਖਾਂ ਖੋਲ੍ਹ ਕੇ ਕਿਸੇ ਹੋਰ ਵਲ ਤੱਕਣ ਤੋਂ ਅਸਮਰਥ ਹੁੰਦੇ ਹਨ।

ਜਿਹੜੇ ਗੁਰਸਿਖਾਂ ਨੇ ਸੱਚ ਦਾ ਅੰਮ੍ਰਿਤ-ਰਸ ਚੱਖ ਲਿਆ ਹੈ, ਉਹਨਾਂ ਦੇ ਕਦਮ ਆਪਣੇ ਮਾਰਗ ਤੋਂ ਕਦੀ ਵੀ ਨਹੀਂ ਭਟਕਦੇ। ਭਾਵੇਂ ਉਹ ਇਹ ਗਿਣਤੀ ਕਦੀ ਵੀ ਨਹੀਂ ਕਰਦੇ ਕਿ ਉਹਨਾਂ ਦਾ ਕਿਹੜਾ ਕਦਮ ਠੀਕ ਹੈ ਤੇ ਕਿਹੜਾ ਗ਼ਲਤ।

ਅਜਿਹੇ ਰੰਗਰੱਤੜਿਆਂ ਦੇ ਕਦਮ ਸਦਾ ਅਨੰਦ ਦਾ ਬੋਧ ਕਰਵਾਉਂਦੇ ਹਨ। ਜੇ ਉਹ ਇਸ ਅਨੰਦ-ਮਗਨ ਅਵਸਥਾ ਵਿਚ ਕਦੀ ਡੋਲਦੇ ਜਾਂ ਲੜਖੜਾਂਦੇ ਦਿਖਾਈ ਦਿੰਦੇ ਹਨ ਤਾਂ ਵੀ ਉਹ ਆਪਣੇ ਨਿਸ਼ਾਨੇ ਤੋਂ ਨਹੀਂ ਉਕਦੇ ਤੇ ਅਜਿਹੀ ਅਵਸਥਾ ਵਿਚ ਵੀ ਤੁਰਦੇ ਸੁਹਣੇ ਲਗਦੇ ਹਨ।

ਗੁਰੂ ਦਾ ਮਾਰਗ ਸ੍ਰੇਸ਼ਠ ਹੈ। ਚੜ੍ਹੇ ਚੰਨ ਨੂੰ ਕੁਠਾਲੀ ਨਾਲ ਢਕਿਆ ਨਹੀਂ ਜਾ ਸਕਦਾ।

(ਭਾਈ ਗੁਰਦਾਸ 13ਵੀਂ ਵਾਰ ਦੀ 21ਵੀਂ ਪਉੜੀ ਵਿਚ ਇਸ ਗੱਲ ਦੀ ਵਿਆਖਿਆ ਕਰਦੇ ਹਨ ਕਿ ਕਿਵੇਂ ਸਤਿਗੁਰੂ ਸੁੱਚੇ ਮੋਤੀਆਂ ਦਾ ਵਿਉਪਾਰੀ ਹੈ ਅਤੇ ਸਿੱਖ ਦਾ ਵਿਅਕਤੀਤਵ ਸ਼ਿਵ ਤੇ ਬ੍ਰਹਮਾ ਤੋਂ ਵਿਪਰੀਤ ਕਿਸ ਤਰ੍ਹਾਂ ਨਦਰਿ-ਕਰਮ ਦਾ ਪਾਤਰ ਹੈ। ਜੋ ਇਕ ਸੱਚੇ ਅਧਿਆਤਮਿਕ ਗੁਣਾਂ ਦੇ ਧਾਰਨੀ ਦਾ ਵਿਸ਼ੇਸ਼ ਪਛਾਣ ਚਿੰਨ੍ਹ ਹੁੰਦਾ ਹੈ।)

(ਜੋਗ ਅਤੇ ਭੋਗ ਦੇ ਸਾਰੇ ਕਰਮ ਕੇਵਲ ਸਰੀਰਕ ਕਿਰਿਆਵਾਂ ਹੀ ਹਨ,

ਤੇ ਇਕ ਪ੍ਰਕਾਰ ਦੇ ਵਿਸ਼ੇਸ਼ ਕਰਮ ਮੰਨੇ ਜਾ ਸਕਦੇ ਹਨ, ਪਰ ਪ੍ਰਭੂ ਦੀ ਆਤਮਾ ਏਹਨਾਂ ਸਾਰੀਆਂ ਅਸਾਧਾਰਨ ਮਾਨਸਿਕ ਕਿਰਿਆਵਾਂ ਤੋਂ ਭਿੰਨ ਹੈ। ਇਹਨਾਂ ਸਰੀਰਕ ਕਿਰਿਆਵਾਂ ਦੀ ਪ੍ਰਾਪਤੀ ਲਈ ਮਨੁੱਖ ਅਚੇਤ ਜਾਂ ਸੁਚੇਤ ਅਜਿਹੇ ਯਤਨ ਕਰਦਾ ਰਹਿੰਦਾ ਹੈ ਤਾਂ ਜੋ ਉਹ ਸਰੀਰਕ ਜਾਂ ਮਾਨਸਿਕ ਕਿਰਿਆਵਾਂ ਵਿਚ ਕੋਈ ਸੰਤੁਲਨ ਲਿਆ ਸਕੇ।

ਵਾਰ 13ਵੀਂ ਪਉੜੀ 21

ਸਤਿਗੁਰੂ ਪਰਮ ਪੂਰਨ ਸੌਦਾਗਰ ਹੈ। ਸਤਿਗੁਰੂ ਦੇ ਹਟ ਵਿਚ ਇਕੋ ਹੀ (ਨਾਮ ਦਾ) ਸੌਦਾ ਵਿਕਦਾ ਹੈ। ਸੌਦਾਗਰਾਂ ਵਿਚ ਉਹ ਪਰਮ ਸੌਦਾਗਰ ਹੈ, ਵਿਉਪਾਰੀਆਂ ਵਿਚ ਉਹ ਮਹਾਂ ਵਪਾਰੀ। ਉਹ ਮਨੁੱਖ ਦੀਆਂ ਅਪੂਰਨਤਾਵਾਂ ਤੇ ਦੋਸ਼ਾਂ ਨੂੰ ਲੈ ਕੇ ਉਹਨਾਂ ਨੂੰ ਪੂਰਨਤਾ ਤੇ ਸੁੰਦਰਤਾ ਪ੍ਰਦਾਨ ਕਰਦਾ ਹੈ।

ਸਤਿਗੁਰੂ ਅਫਲ ਬ੍ਰਿਛਾਂ ਨੂੰ ਸਫ਼ਲ ਕਰ ਕੇ ਫਲਾਂ ਨਾਲ ਲੱਦ ਦਿੰਦਾ ਹੈ। ਸਤਿਗੁਰੂ ਪਾਪਾਂ-ਜਲੇ ਤੇ ਸੜੇ ਮਨਾਂ ਨੂੰ ਆਪਣੀ ਛੁਹ ਮਾਤਰ ਨਾਲ ਸਵਰਨ ਬਣਾ ਦਿੰਦਾ ਹੈ। ਕਾਲੇ ਕਾਗਾਂ ਨੂੰ ਉਹ ਚਿਟੇ ਹੰਸਾਂ ਵਿਚ ਬਦਲ ਦਿੰਦਾ ਹੈ ਅਤੇ ਸੁਕੇ ਬਾਂਸਾਂ ਨੂੰ ਚੰਦਨ ਰੁਖਾਂ ਵਿਚ ਪ੍ਰਵਰਤਿਤ ਕਰ ਦਿੰਦਾ ਹੈ। ਉਹ ਤਾਂ ਮਿੱਟੀ ਦੇ ਕਿਣਕਿਆਂ ਨੂੰ ਮੋਤੀਆਂ ਵਿਚ ਬਦਲਣ ਵਾਲਾ ਹੈ। ਸਤਿਗੁਰੂ ਤਾਂ ਅਨੰਤ ਦੀ ਦ੍ਰਿਸ਼ਟੀ ਨਾਲ ਸਿੱਖ ਦੀ ਆਤਮਾ ਨੂੰ ਪ੍ਰਕਾਸ਼ਮਾਨ ਕਰ ਦਿੰਦਾ ਹੈ।

ਜੋ ਕੁਝ ਵੇਦ-ਕਤੇਬ ਵਿਚ ਨਹੀਂ ਹੈ, ਉਹ ਗੁਰੂ ਦੀ ਆਤਮਾ ਵਿਚ ਸਦਾ ਵਿਆਪਕ ਹੈ ਅਤੇ ਉਹ ਸਭ ਕੁਝ ਗੁਰੂ ਦੇ ਸ਼ਬਦ ਵਿਚ ਵਿਦਮਾਨ ਹੈ।

(13ਵੀਂ ਵਾਰ ਦੀ 25ਵੀਂ, ਪਉੜੀ ਵਿਚ ਭਾਈ ਗੁਰਦਾਸ ਜੀ ਨੇ ਗੁਰੂ ਗ੍ਰੰਥ ਸਾਹਿਬ ਵਿਚ ਭਾਸ਼ਾ ਦਾ ਜਿਹੜਾ ਪ੍ਰਯੋਗ ਕੀਤਾ ਹੈ, ਉਸ ਦੀ ਵਿਆਖਿਆ ਕੀਤੀ ਹੈ। ਆਪ ਦਸਦੇ ਹਨ ਕਿ ਗੁਰੂ ਸਾਹਿਬਾਨ ਨੇ ਜਿਸ ਪ੍ਰਕਾਰ ਸ਼ਬਦਾਂ ਦੀ ਵਰਤੋਂ ਕੀਤੀ ਹੈ, ਉਹ ਉਹਨਾਂ ਦੇ ਨਿਰਜਿੰਦ ਤੇ ਪਰੰਪਰਾਗਤ ਅਰਥਾਂ ਤੋਂ ਭਿੰਨ ਅਤੇ ਨਵੇਂ ਮਨੋਭਾਵਾਂ ਦੇ ਕਾਂਗ-ਉਛਾਲਿਆਂ ਨਾਲ ਭਰਪੂਰ ਹੈ।)

ਵਾਰ 13 ਪਉੜੀ 25

ਗੁਰੂ ਨਾਨਕ ਤਾਂ ਆਪ ਪੂਰਨ ਪਾਰਬ੍ਰਹਮ ਦਾ ਸਰੂਪ ਹਨ। ਗੁਰੂ ਅੰਗਦ ਉਹਨਾਂ ਦੇ ਅੰਗਾਂ ਤੋਂ ਪ੍ਰਗਟ ਹੋਏ ਤੇ ਉਹਨਾਂ ਦੇ ਸ਼ਬਦ ਦਾ ਸਰੂਪ ਹਨ।

ਗੁਰੂ ਅਮਰਦਾਸ ਨੇ ਗੁਰੂ ਅੰਗਦ ਤੋਂ ਉਹ ਅਮਰਪਦ ਪ੍ਰਾਪਤ ਕੀਤਾ, ਜੋ ਵਰਣਨ ਰਹਿਤ ਤੇ ਅਲੱਖ ਹੈ।

ਗੁਰੂ ਅਮਰਦਾਸ ਤੋਂ ਗੁਰੂ ਰਾਮਦਾਸ ਨੇ ਉਸ ਅਵਸਥਾ ਨੂੰ ਪ੍ਰਾਪਤ ਕੀਤਾ ਜੋ ਜੀਵਨ ਦੇ ਕਿਸੇ ਪ੍ਰਕਾਰ ਦੇ ਅੰਧਕਾਰਮਈ ਅਗਿਆਨ ਤੇ ਭਰਮ-ਭੁਲੇਖਿਆਂ ਤੋਂ ਉਚੇਰੀ ਹੈ।

ਫਿਰ ਗੁਰੂ ਰਾਮਦਾਸ ਤੋਂ ਗੁਰੂ ਅਰਜਨ ਦੇਵ ਜੀ ਨੇ ਇਸ ਅਬਚਲ ਤੇ ਅਜਰ ਅਵਸਥਾ ਨੂੰ ਪ੍ਰਾਪਤ ਕੀਤਾ।

ਇਸ ਤਰ੍ਹਾਂ ਇਹ ਆਤਮਿਕ ਜੋਤ ਗੁਰੂ ਹਰਿਗੋਬਿੰਦ ਸਾਹਿਬ ਨੂੰ ਪ੍ਰਾਪਤ

ਹੋਈ। ਜੋ ਕਰਨ ਕਾਰਨ ਸਮਰੱਥ ਹੈ।

ਇਸ ਪ੍ਰਕਾਰ ਭਾਈ ਗੁਰਦਾਸ ਜੀ ਬਿਨਾਂ ਕਿਸੇ ਸੰਦੇਹ ਦੇ ਇਹ ਗੱਲ ਸਿਧ ਕਰਦੇ ਹਨ ਕਿ ਨਾਮ ਤੇ ਸਿਮਰਨ ਹੀ ਸਿੱਖ ਸੰਸਕ੍ਰਿਤੀ ਦੀ ਸੱਚੀ ਆਤਮਿਕ ਵੱਥ ਹੈ ਅਤੇ ਇਹ ਅਧਿਆਤਮਿਕਤਾ ਜੀਵਨ ਦੀ ਉਹ ਵਰਣਨ-ਰਹਿਤ ਦਸ਼ਾ ਹੈ ਜੋ ਸ੍ਰਿਸ਼ਟੀ ਦੇ ਨਾ ਜਾਣੇ ਜਾਣ ਵਾਲੇ ਰਹੱਸ ਨਾਲ ਜੁੜੀ ਹੋਈ ਹੈ। ਕਿਸੇ ਵੀ ਆਤਮਿਕ ਪ੍ਰਾਣੀ ਦੀ ਵੱਡੀ ਵਿਸ਼ੇਸ਼ਤਾ ਉਸ ਦੀ ਸੁਹਿਰਦਤਾ ਹੁੰਦੀ ਹੈ। ਕੇਵਲ ਉਹੋ ਮਨ ਹੀ ਗੁਰਮੁਖ ਦਾ ਹੋ ਸਕਦਾ ਹੈ, ਜੋ ਪ੍ਰੇਮ ਦੀ ਪ੍ਰੇਰਨਾ ਅਧੀਨ ਕਰਮਸ਼ੀਲ ਹੁੰਦਾ ਹੈ, ਦੈਵੀ ਗਿਆਨ ਦੇ ਪ੍ਰਕਾਸ਼ ਅਨੁਸਾਰ ਚਲਦਾ ਹੈ ਤੇ ਉਸ ਦੀ ਰਜ਼ਾ ਜਾਂ ਹੁਕਮ ਨੂੰ ਹੀ ਆਪਣੀ ਰਜ਼ਾ ਮੰਨਦਾ ਹੈ।

ਭਾਈ ਗੁਰਦਾਸ ਜੀ ਅਨੁਸਾਰ ਗੁਰੂ ਨਾਨਕ ਦਾ ਉਪਦੇਸ਼ :

ਵਾਰ 1 ਪਉੜੀ 42

ਜੋਗੀਆਂ ਨੇ ਗੁਰੂ ਨਾਨਕ ਨੂੰ ਪੁਛਿਆ, "ਤੇਰੇ ਕੋਲ ਕਿਹੜੀ ਕਰਾਮਾਤ ਹੈ ?"

ਜਿਵੇਂ ਤੂੰ ਉਸ ਕਰਾਮਾਤ ਨੂੰ ਸਾਰੇ ਸੰਸਾਰ ਨੂੰ ਦਰਸਾਇਆ ਹੈ ਤਿਵੇਂ ਹੀ ਸਾਨੂੰ ਉਹ ਕਰਾਮਾਤ ਵਿਖਾਉ।

ਗੁਰੂ ਨਾਨਕ ਨੇ ਉਤਰ ਦਿਤਾ, "ਨਾਥ ਜੀ ! ਮੈਨੂੰ ਤਾਂ ਯੋਗੀਆਂ ਵਿਚ ਕੋਈ ਤੱਤ ਨਜ਼ਰੀਂ ਨਹੀਂ ਪਿਆ। ਮੇਰੇ ਕੋਲ ਤਾਂ ਗੁਰੂ ਸੰਗਤ ਅਤੇ ਬਾਣੀ ਹੈ ਇਸ ਤੋਂ ਬਿਨਾਂ ਮੇਰੇ ਕੋਲ ਹੋਰ ਕੋਈ ਵਸਤੂ ਨਹੀਂ ਹੈ।"

"ਇਹ ਧਰਤੀ ਉਸ ਪ੍ਰਭੂ ਦੇ ਹੁਕਮ ਅਨੁਸਾਰ ਹੀ ਚਲ ਰਹੀ ਹੈ। ਜੇ ਇਹ ਮੇਰੇ ਕਹਿਣ ਅਨੁਸਾਰ ਵੀ ਚਲੇ ਤਾਂ ਇਸ ਵਿਚ ਕਿਹੜੀ ਵਡਿਆਈ ਹੈ ? ਪ੍ਰਭੂ ਆਪ ਵੱਡਾ ਹੈ ਅਤੇ ਉਸ ਦੀਆਂ ਦਾਤਾਂ ਵੀ ਵਡੀਆਂ ਹਨ।"

ਇਹ ਸੁਣ ਕੇ ਯੋਗੀ ਗੁਰੂ ਜੀ ਦੇ ਚਰਨੀਂ ਢਹਿ ਪਏ। ਉਹਨਾਂ ਨੇ ਇਕ ਵੇਖ ਲਿਆ ਸੀ ਕਿ ਉਹਨਾਂ ਦੀਆਂ ਕਰਾਮਾਤੀ ਸ਼ਕਤੀਆਂ ਗੁਰੂ ਜੀ ਦੀ ਹਜ਼ੂਰੀ ਵਿਚ ਸਫਲ ਨਹੀਂ ਹੋ ਸਕਦੀਆਂ। ਗੁਰੂ ਤਾਂ ਸਭ ਮਨੁੱਖੀ ਕਦਰਾਂ-ਕੀਮਤਾਂ ਤੋਂ ਉਚੇਰਾ ਤੇ ਵਡੇਰਾ ਹੈ।

ਤਦੋਂ ਸਾਰੇ ਯੋਗੀ ਗੁਰੂ ਜੀ ਦੀ ਸ਼ਰਨ ਵਿਚ ਚਲੇ ਗਏ।

ਵਾਰ 1 ਪਉੜੀ 43

ਗੁਰੂ ਨਾਨਕ ਜੀ ਨੇ ਫੁਰਮਾਇਆ, "ਨਾਥ ਜੀ ! ਉਸ ਸ਼ਬਦ ਦੀ ਧੁਨ ਅਰਥਾਤ ਬਾਣੀ ਨੂੰ ਸਰਵਣ ਕਰੋ, ਜਿਸ ਦਾ ਮੈਂ ਗਾਇਨ ਕਰਦਾ ਹਾਂ। ਮੇਰੇ ਕੋਲ ਤਾਂ ਕੇਵਲ ਇਕੋ ਹੀ ਪ੍ਰਭੂ ਦੇ ਨਾਮ ਦੀ ਹੀ ਕਰਾਮਾਤ ਹੈ। ਜਿਨ੍ਹਾਂ ਨੂੰ ਤੁਸੀਂ ਕਰਾਮਾਤਾਂ ਮੰਨਦੇ ਹੋ, ਮੈਨੂੰ ਉਹਨਾਂ ਦਾ ਕੋਈ ਗਿਆਨ ਨਹੀਂ ਹੈ। ਜੇ ਮੈਂ ਅਗਨ ਦੇ ਬਸਤਰ ਪਹਿਨ ਲਵਾਂ, ਹਿਮਾਲਾ ਪਰਬਤ ਵਿਖੇ ਬਰਫ ਦੇ ਘਰ ਨੂੰ ਆਪਣਾ ਨਿਵਾਸ ਬਣਾ ਲਵਾਂ, ਸਾਰ (ਲੋਹੇ) ਦੀ ਰਸੋਈ ਕਰ ਲਵਾਂ, ਮੇਰੇ ਕੋਲ ਇਤਨੀ ਸ਼ਕਤੀ ਆ ਜਾਵੇ ਕਿ ਮੈਂ ਧਰਤੀ ਨੂੰ ਇਸ ਤਰ੍ਹਾਂ ਹਕ ਕੇ ਹਲਾਵਾਂ ਜਿਵੇਂ ਇਕ

ਕਿਰਸਾਨ ਆਪਣੇ ਹਲ ਅਗੇ ਬਲਦਾਂ ਨੂੰ ਚਲਾਉਂਦਾ ਹੈ, ਜੇ ਮੈਂ ਧਰਤ ਤੇ ਆਕਾਸ਼ ਦੋਹਾਂ ਨੂੰ ਆਪਣੀ ਤਕੜੀ ਦੇ ਛਾਬਿਆਂ ਵਿਚ ਤੋਲ ਲਵਾਂ ਤੇ ਇਕ ਨਿਕੇ ਜਿਹੇ ਵੱਟੇ ਨਾਲ ਕਿਸੇ ਵੀ ਛਾਬੇ ਨੂੰ ਆਪਣੀ ਇਛਾ ਅਨੁਸਾਰ ਉਚਾ ਜਾਂ ਨੀਵਾਂ ਕਰ ਦੇਵਾਂ, ਜੇ ਮੇਰੇ ਕੋਲ ਇਨੀ ਵੱਡੀ ਸ਼ਕਤੀ ਵੀ ਆ ਜਾਵੇ ਕਿ ਮੇਰੀ ਛੁਹ-ਮਾਤਰ ਨਾਲ ਬਜਰ-ਚਟਾਨਾਂ ਵੀ ਹਰੀਆਂ ਹੋ ਕੇ ਪ੍ਰਭੂ-ਚੇਤੰਨਤਾ ਵਿਚ ਜਾਗ ਉਠਣ ਤਾਂ ਵੀ ਇਸ ਦਾ ਕੀ ਲਾਭ ਹੈ ?

ਮੈਂ ਤੁਹਾਨੂੰ ਸੱਚ ਆਖਦਾ ਹਾਂ ਕਿ ਪ੍ਰਭੂ ਅਗੇ ਆਪਣੇ ਆਪ ਨੂੰ ਭਗਤੀ ਭਾਵ ਵਿਚ ਸੁਹਿਰਦ ਭਾਂਤ ਸਮਰਪਣ ਕਰਨ ਤੋਂ ਬਿਨਾਂ ਅਤੇ ਉਸ ਦੇ ਸਚੇ ਨਾਮ ਦੇ ਸਿਮਰਨ ਤੋਂ ਬਿਨਾਂ ਬਾਕੀ ਸਭ ਕੁਝ ਬੱਦਲ ਦੀ ਛਾਂ ਸਮਾਨ ਹੈ।

ਵਾਰ 1 ਪਉੜੀ 44

ਜਦੋਂ ਗੁਰੂ ਨਾਨਕ ਦੇਵ ਜੀ ਨੇ ਉਪਰੋਕਤ ਬਚਨ ਕੀਤੇ ਤਾਂ ਕਰਾਮਾਤਾਂ ਦੀ ਅਸ਼ਾਂਤੀ ਦੇ ਵਾਤਾਵਰਣ ਵਿਚ ਸਿਧਾਂ ਦੇ ਮਨਾਂ ਅੰਦਰ ਵੀ ਨਾਮ ਅੰਮ੍ਰਿਤ ਵਰਖਾ ਦੁਆਰਾ ਆਤਮਿਕ ਸ਼ਾਂਤੀ ਆ ਗਈ। ਸਿਧਾਂ ਨੂੰ ਵੀ ਇਸ ਪਰਮ-ਸ਼ਾਂਤੀ ਵਿਚੋਂ ਅਨੰਦ ਪ੍ਰਾਪਤ ਹੋਇਆ। ਗੁਰੂ ਜੀ ਬਟਾਲੇ ਦੇ ਸ਼ਿਵਰਾਤਰੀ ਦੇ ਪੁਰਬ ਉਤੇ ਵਿਜੈ ਹੋਈ। ਛੇਆਂ ਭੇਖਾਂ ਦੇ ਯੋਗੀਆਂ ਨੇ ਗੁਰੂ ਜੀ ਨੂੰ ਨਮਸਕਾਰ ਕੀਤੀ।

ਜਦੋਂ ਸਿਧਾਂ ਨੇ ਇਹ ਬਚਨ ਕੀਤਾ ਕਿ, ''ਨਾਨਕ ਜੀ ! ਤੁਹਾਡੇ ਉਤੇ ਪ੍ਰਭੂ ਦੀ ਅਪਾਰ ਕਿਰਪਾ ਹੈ'' ਤਾਂ ਉਹ ਸੱਚ ਦਾ ਕਥਨ ਹੀ ਕਰ ਰਹੇ ਸਨ।

''ਨਾਨਕ ਜੀ ! ਤੁਹਾਡੀ ਅਧਿਆਤਮਿਕ ਪ੍ਰਾਪਤੀ ਬਹੁਤ ਮਹਾਨ ਹੈ। ਆਪ ਤਾਂ ਵੱਡੇ ਪੁਰਖ ਹੋ, ਜਿਨ੍ਹਾਂ ਨੇ ਇਸ ਕਲਜੁਗ ਵਿਚ ਅਵਤਾਰ ਧਾਰਿਆ ਹੈ। ਆਪ ਤਾਂ ਇਸ ਯੁਗ ਦੇ ਮਹਾਂ-ਚਾਨਣ ਹੋ।''

ਵਾਰ 3 ਪਉੜੀ 18

ਸਿੱਖ ਜਾਂ ਮੁਰੀਦ ਸਭ ਤੋਂ ਪਹਿਲਾਂ ਆਪਣੇ ਆਪੇ ਭਾਵ ਨੂੰ ਮਾਰ ਲਵੇ। ਸਿੱਖੀ ਦਾ ਅਨੁਭਵ ਅਰਥਾਤ ਆਤਮਿਕ ਪ੍ਰਾਪਤੀ ਗੱਲਾਂ ਨਾਲ ਨਹੀਂ ਹੁੰਦੀ। ਪ੍ਰੇਮ ਦੇ ਇਸ ਨਵੇਂ ਅਨੁਭਵ ਵਿਚ ਸ਼ਹੀਦ ਹੋ ਕੇ (ਆਪਣਾ ਆਪਾ ਭਾਵ ਮਿਟਾ ਕੇ) ਸਿੱਖ ਦੀ ਨਵੀਂ ਆਤਮਿਕ ਘਾੜਤ ਘੜੀ ਜਾਂਦੀ ਹੈ। ਉਸ ਦੇ ਸਾਰੇ ਸੰਸੇ ਤੇ ਭਰਮ ਦੂਰ ਹੋ ਜਾਂਦੇ ਹਨ ਅਰਥਾਤ ਉਹ ਉਹਨਾਂ ਤੋਂ ਮੁਕਤ ਹੋ ਜਾਂਦਾ ਹੈ।

ਉਹ ਤਾਂ ਇਕ ਤਰ੍ਹਾਂ ਦਾ ਗੁਰੂ ਦਾ ਜ਼ਰ-ਖ਼ਰੀਦ ਗੋਲਾ ਬਣ ਜਾਂਦਾ ਹੈ, ਜਿਸ ਨੂੰ ਗੁਰੂ ਨੇ ਪੂਰਾ ਮੁਲ ਤਾਰ ਕੇ ਮੰਡੀ ਵਿਚੋਂ ਖ਼ਰੀਦਿਆ ਹੁੰਦਾ ਹੈ। ਇੰਜ ਜਾਪਦਾ ਹੈ ਜਿਵੇਂ ਉਸ ਨੂੰ ਨਾ ਭੁੱਖ, ਨਾ ਤ੍ਰੇਹ ਤੇ ਨਾ ਹੀ ਨੀਂਦ ਸਤਾਉਂਦੀ ਹੈ। ਉਹ ਤਾਂ ਗੁਰੂ ਜੀ ਦੀ ਸੇਵਾ ਵਿਚ ਨਿਰੰਤਰ ਤੇ ਬਿਨਾਂ ਥਕਾਨ ਲਗਾ ਰਹਿੰਦਾ ਹੈ। ਉਹ ਚੱਕੀ ਉਤੇ ਆਟਾ ਪੀਂਹਦਾ ਹੈ, ਪਾਣੀ ਢੋਂਹਦਾ ਹੈ, ਗੁਰੂ ਦੇ ਚਰਨ ਪਖਾਲਦਾ ਹੈ ਅਤੇ ਗਰਮੀ ਦੀ ਰੁੱਤੇ ਪੱਖਾ ਝਲਦਾ ਹੈ।

ਇਹ ਗੁਰੂ ਦਾ ਸੇਵਕ ਬੜਾ ਗੰਭੀਰ ਤੇ ਸੁਹਿਰਦ ਹੁੰਦਾ ਹੈ। ਸਦਾ ਸ਼ਬਦ ਵਿਚ ਰੱਤਾ ਰਹਿੰਦਾ ਹੈ। ਨਾ ਕਦੀ ਰੋਂਦਾ ਹੈ, ਨਾ ਕਦੀ ਹਸਦਾ ਹੈ। ਉਹ ਤਾਂ

ਗੁਰੂ ਦੇ ਦਰ ਦਾ ਮੰਗਤਾ ਬਣ ਜਾਂਦਾ ਹੈ। ਉਸ ਦੀ ਆਤਮਾ ਗੁਰੂ ਦੇ ਪ੍ਰੇਮ ਵਿਚ ਡੁਬੀ ਹੁੰਦੀ ਹੈ। ਇਸ ਅਵਸਥਾ ਵਿਚ ਉਹ ਸਦਾ ਪ੍ਰਸੰਨ ਰਹਿੰਦਾ ਹੈ ਅਤੇ ਇਹੋ ਹੀ ਲੋਚਦਾ ਹੈ ਕਿ ਉਹ ਗੁਰੂ ਦੇ ਹਜ਼ੂਰੀ ਦਰਸ਼ਨ ਵਿਚ ਸਦਾ ਰੰਗਿਆ ਰਹੇ।

ਇਸ ਪ੍ਰਕਾਰ ਉਹ ਸਿੱਖ ਜਾਂ ਮੁਰੀਦ ਇਕ ਪੂਰਨ ਮਨੁੱਖ ਦੇ ਰੂਪ ਵਿਚ ਸਿਰਜਿਆ ਜਾਂਦਾ ਹੈ।

ਵਾਰ 3 ਪਉੜੀ 19

ਸਿੱਖ ਉਚੀਆਂ ਹਵਾਵਾਂ ਵਿਚ ਨਹੀਂ ਉਡਦਾ। ਉਹ ਤਾਂ ਗੁਰੂ ਚਰਨਾਂ ਦੀ ਧੂੜੀ ਵਿਚ ਸਮਾਉਣਾ ਲੋਚਦਾ ਹੈ। ਉਹ ਹੋਰ ਸਭ ਗੱਲਾਂ ਦਾ ਤਿਆਗ ਕਰ ਦਿੰਦਾ ਹੈ। ਕੇਵਲ ਗੁਰੂ ਦੇ ਆਲੇ-ਦੁਆਲੇ ਹੀ ਘੁੰਮਰ ਪਾਉਂਦਾ ਰਹਿੰਦਾ ਹੈ। ਸੰਸਾਰ ਵਲੋਂ ਇੰਜ ਮੂੰਹ ਮੋੜ ਲੈਂਦਾ ਹੈ, ਜਿਵੇਂ ਉਹ ਉਸ ਲਈ ਨਿਰਜਿੰਦ ਹੋਵੇ। ਉਹ ਸਦਾ ਗੁਰੂ ਵਲ ਤੱਕਦਾ ਹੈ ਅਤੇ ਇੰਜ ਪ੍ਰਤੀਤ ਕਰਦਾ ਹੈ ਜਿਵੇਂ ਗੁਰੂ ਦੀ ਕਿਰਪਾ ਨਾਲ ਉਹ ਮ੍ਰਿਤ ਸੰਸਾਰ ਵਿਚੋਂ ਜਾਗ ਪਿਆ ਹੋਵੇ। ਉਸ ਦੀ ਹਾਲਤ ਇਕ ਬੰਨੇ ਮੁਰਦੇਹਾਰ ਅਤੇ ਦੂਜੇ ਬੰਨੇ ਜਿਉਂਦਿਆਂ ਵਾਲੀ ਹੁੰਦੀ ਹੈ। ਉਹ ਤਾਂ ਆਤਮ-ਤਿਆਗ ਕਰਕੇ ਕੇਵਲ ਸਰਬ ਦੇ ਪ੍ਰੇਮ ਤੇ ਗੁਰੂ ਦੇ ਪ੍ਰੇਮ ਦੇ ਨੇਮ ਦੀਆਂ ਡੂੰਘਾਈਆਂ ਵਿਚ ਵਿਚਰਦਾ ਹੈ।

ਸਿੱਖ ਦਾ ਮਨ ਭਟਕਦਾ ਨਹੀਂ, ਉਸ ਦਾ ਮਨ ਪ੍ਰੇਮ ਵਿਚ ਵਿੰਨ੍ਹਿਆ ਜਾਂਦਾ ਹੈ ਤੇ ਉਹ ਗੁਰੂ ਦੀ ਸ਼ਰਨ ਵਿਚ ਬਿਸਰਾਮ ਕਰਦਾ ਹੈ। ਉਹ ਨਾਲ ਕੋਈ ਫਾਲਤੂ ਗੱਲ-ਕਥ ਕਰਦਾ ਹੈ, ਨਾ ਹੀ ਕਿਸੇ ਨਾਲ ਵਾਦ-ਵਿਵਾਦ ਦੇ ਚੱਕਰ ਵਿਚ ਪੈਂਦਾ ਹੈ। ਉਹ ਤਾਂ ਸਦਾ ਅੰਮ੍ਰਿਤ ਪਿਆਲੇ ਨੂੰ ਚਖਦਾ ਹੈ।

ਗੁਰੂ ਦਾ ਸਿੱਖ ਆਤਮਾ ਦੀ ਪੂਰਨ ਨਿਮਰਤਾ ਵਿਚ ਵਿਚਰਦਾ ਹੈ ਅਤੇ ਗੁਰੂ ਦੇ ਪ੍ਰੇਮ ਦੇ ਅਵਿਨਾਸ਼ੀ ਤੱਤ ਨੂੰ ਪ੍ਰਾਪਤ ਕਰ ਲੈਂਦਾ ਹੈ।

ਗੁਰੂ ਦਾ ਸਿੱਖ ਗਿਆਨ ਤੇ ਕਰਮ-ਇੰਦਰੀਆਂ ਦੀਆਂ ਪਦਾਰਥਕ ਖਿਚਾਂ ਤੋਂ ਉਪਰ ਉਠ ਜਾਂਦਾ ਹੈ ਤੇ ਮਾਨਵਤਾ ਦੇ ਸੱਚੇ ਸਹਿਜ ਅਨੰਦ ਵਿਚ ਵਿਚਰਦਾ ਹੈ।

ਗੁਰੂ ਦੇ ਹੁਕਮਾਂ ਦੀ ਪਾਲਣਾ ਲਈ ਉਹ ਸਦਾ ਜਾਗਰੂਪ ਹੁੰਦਾ ਹੈ ਤੇ ਗੁਰੂ ਦੇ ਸ਼ਬਦ ਦੀ ਅਗਵਾਈ ਨੂੰ ਧਾਰਨ ਕਰਦਾ ਹੋਇਆ ਤੇ ਇਸ ਨੂੰ ਆਪਣੇ ਜੀਵਨ ਦਾ ਕੇਂਦਰ ਬਿੰਦੂ ਜਾਣ ਉਸ ਦੀ ਚੇਤੰਨਤਾ ਅੰਦਰ ਕਦੀ ਅਗਿਆਨ ਦਾ ਹਨੇਰਾ ਨਹੀਂ ਆਉਂਦਾ ਤੇ ਇਹ ਚੇਤੰਨਤਾ ਗਿਆਨ ਦੇ ਪ੍ਰਕਾਸ਼ ਵਿਚ ਸਦਾ ਪ੍ਰਜਵਲਤ ਰਹਿੰਦੀ ਹੈ।

ਇਹ ਚੇਤੰਨਤਾ ਸੱਚ ਨੂੰ ਲੱਖਦੀ, ਪੇਖਦੀ ਅਤੇ ਪ੍ਰਤੀਤ ਕਰਦੀ ਹੈ।

ਇਸ ਪ੍ਰਕਾਰ ਗੁਰੂ ਦਾ ਸਿੱਖ ਸੰਸਾਰ ਬਾਰੇ ਆਪਣੇ ਅੰਦਰ ਗਿਆਨ ਦੇ ਚੇਤੰਨ ਪ੍ਰਕਾਸ਼ ਦੁਆਰਾ ਭੈਅ, ਅਗਿਆਨ ਤੇ ਸੰਸਿਆਂ ਦੇ ਹਨੇਰੇ ਸਾਗਰ ਨੂੰ ਪਾਰ

ਕਰ ਜਾਂਦਾ ਹੈ।

ਵਾਰ 3 ਪਉੜੀ 20

ਗੁਰੂ ਦਾ ਸਿੱਖ ਗੁਰੂ ਦੀ ਹਜ਼ੂਰੀ ਵਿਚ ਪੁਜ ਕੇ ਗੁਰ-ਚਰਨਾਂ ਉਤੇ ਨਮਸਕਾਰ ਕਰਦਾ ਹੈ ਤੇ ਉਹ ਗੁਰੂ ਦੇ ਚਰਨ-ਕਮਲਾਂ ਵਿਚ ਆਪਣੇ ਮਨ ਨੂੰ ਮਧੂ-ਮੱਖੀ ਦੀ ਤਰ੍ਹਾਂ ਲਿਵਲੀਨ ਕਰ ਲੈਂਦਾ ਹੈ।

ਗੁਰੂ ਦੇ ਹੁਕਮ ਨੂੰ ਆਪਣੀ ਰਜ਼ਾ ਸਮਝ ਉਸ ਦੀ ਪਾਲਣਾ ਕਰਦਾ ਹੈ ਅਤੇ ਗੁਰੂ ਦੁਆਰਾ ਆਪਣੇ ਪੁਨੀਤ, ਉਚੇਰੇ ਤੇ ਦੈਵੀ ਆਤਮਾ ਨੂੰ ਗੁਰੂ ਨਾਲ ਇਕਸੁਰ ਕਰ ਦਿੰਦਾ ਹੈ ਅਤੇ ਗੁਰੂ ਦੇ ਪ੍ਰੇਮ ਤੇ ਭਰੋਸੇ ਦੀ ਇਸ ਮਨੋਦਸ਼ਾ ਵਿਚ ਆਪਣਾ ਆਪਾ ਗੁਰੂ ਵਿਚ ਅਭੇਦ ਕਰ ਦਿੰਦਾ ਹੈ। ਗੁਰੂ ਦੀ ਰਜ਼ਾ ਨੂੰ ਹੀ ਆਪਣੀ ਰਜ਼ਾ ਪ੍ਰਵਾਨ ਕਰਦਾ ਹੈ।

ਗੁਰੂ ਦਾ ਸਿੱਖ ਗੁਰੂ ਦੇ ਸ਼ਬਦ ਦੇ ਪਰਮਾਨੰਦ ਦੀ ਮਿਠਾਸ ਵਿਚ ਆਪਣੇ ਆਪ ਨੂੰ ਰੰਗ ਕੇ ਆਪੀ ਸਹਿਜ ਅਨੰਦ ਦੀ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ ਅਤੇ ਗੁਰੂ ਦੇ ਹੁਕਮ ਦੀ ਪਾਲਣਾ ਵਿਚ ਪਰਮ ਸੁਖ ਨੂੰ ਅਨੁਭਵ ਕਰਦਾ ਹੈ।

ਗੁਰੂ ਦੀ ਸੰਗਤ ਲਈ ਉਸ ਦੇ ਮਨ ਵਿਚ ਅਥਾਹ ਸ਼ਰਧਾ ਤੇ ਸਤਿਕਾਰ ਹੁੰਦਾ ਹੈ ਕਿਉਂਜੋ ਇਹ ਗੁਰੂ ਦੇ ਪ੍ਰੇਮ ਦੀ ਪ੍ਰੇਰਨਾ ਵਿਚ ਰੰਗਿਆ ਜਨ-ਸਮੂਹ ਹੁੰਦਾ ਹੈ। ਸਾਧ-ਸੰਗਤ ਵਿਚ ਉਸ ਨੂੰ ਉਚ ਆਤਮਿਕ ਅਨੁਭਵ ਦੀ ਪ੍ਰਤੀਤੀ ਹੁੰਦੀ ਹੈ। ਉਹ ਤਾਂ ਇਕ ਨਿਰਮਾਣ ਮਧੂ-ਮੱਖੀ ਦੀ ਤਰ੍ਹਾਂ ਗੁਰੂ ਦੇ ਚਰਨ-ਕੰਵਲਾਂ ਦੀ ਮੁਕਰੰਦ ਵਿਚ ਰੱਤਾ ਹੁੰਦਾ ਹੈ।

ਇਸ ਤਰ੍ਹਾਂ ਗੁਰਸਿਖ ਨੂੰ ਪ੍ਰੇਮ ਦਾ ਖ਼ਜਾਨਾ ਮਿਲ ਜਾਂਦਾ ਹੈ ਤੇ ਉਸ ਨੂੰ ਇਸ ਭੰਡਾਰ ਵਿਚ ਭਰੇ ਮੋਤੀ ਮਾਣਕਾਂ ਦੀ ਸੋਝੀ ਹੋ ਜਾਂਦੀ ਹੈ।

ਜਿਹੜੀ ਜਨਣੀ ਨੇ ਅਜਿਹੇ ਗੁਰਸਿਖ ਨੂੰ ਜਨਮ ਦਿਤਾ ਹੈ, ਉਹ ਧੰਨ ਹੈ। ਉਹ ਦੂਹਰੀਆਂ-ਤੀਹਰੀਆਂ ਬਖ਼ਸ਼ਿਸ਼ਾਂ ਦੀ ਪਾਤਰ ਹੈ।

ਵਾਰ 4 ਪਉੜੀ 2

ਧਰਤੀ ਬੜੀ ਨੀਵੀਂ ਹੈ ਤੇ ਨੀਵੀਆਂ ਤੋਂ ਵੀ ਨਿਮਰ ਹੈ। ਇਹ ਵਿਚਾਰੀ ਸਭ ਦੇ ਚਰਨਾਂ ਥਲੇ ਵਿਛੀ ਰਹਿੰਦੀ ਹੈ। ਇਹ ਧਰਤੀ ਨਾ ਕੁਝ ਕਹਿੰਦੀ ਹੈ ਤੇ ਨਾ ਕੁਝ ਚਾਹੁੰਦੀ ਹੈ ਪਰ ਕਿਸੇ ਦੇ ਪਵਿਤਰ ਚਰਨਾਂ ਦੀ ਛੁਹ ਨੂੰ ਸਦਾ ਲੋਚਦੀ ਰਹਿੰਦੀ ਹੈ।

ਇਸ ਧਰਤੀ ਨੂੰ ਭਰੋਸਾ ਹੈ ਕਿ ਕਿਸੇ ਦਿਨ ਸੰਤ-ਪੁਰਸ਼ਾਂ ਦੀ ਪਵਿੱਤਰ ਚਰਨ-ਛੁਹ ਨੂੰ ਪ੍ਰਾਪਤ ਕਰਕੇ ਇਸ ਦਾ ਇਕ ਇਕ ਕਿਣਕਾ ਤਾਰਿਆਂ ਹਾਰ ਚਮਕ ਉਠੇਗਾ।

ਇਸ ਨੂੰ ਗਿਆਨ ਹੈ ਕਿ ਕੋਈ ਘੜੀ ਆਵੇਗੀ ਜਦੋਂ ਪ੍ਰਭੂ ਦੇ ਪਿਰਮ-ਪਿਆਲੇ ਵਿਚੋਂ ਮਿਹਰ ਦੀ ਵਰਖਾ ਹੋਵੇਗੀ। ਤਦੋਂ ਇਹ ਧਰਤੀ ਪ੍ਰਭੂ ਮਿਹਰ ਦੀਆਂ ਖ਼ੁਸ਼ੀਆਂ ਵਿਚ ਰੰਗੀ ਜਾਵੇਗੀ।

ਤਦੋਂ ਇਸ ਨੂੰ ਆਪਣੇ ਸਬਰ ਤੇ ਧੀਰਜ ਦਾ ਮਿੱਠਾ ਫਲ ਪਰਮ-ਅਨੰਦ

ਦੇ ਰੂਪ ਵਿਚ ਪ੍ਰਾਪਤ ਹੋਵੇਗਾ। ਜਦੋਂ ਇਹ ਨਿਮਾਣੀ ਧਰਤ ਪ੍ਰਭੂ ਦੇ ਪਿਰਮ-ਪਿਆਲੇ ਵਿਚੋਂ ਅੰਮ੍ਰਿਤ ਰਸ ਨੂੰ ਚਖ਼ਦੀ ਹੈ, ਤਦੋਂ ਹੀ ਉਸ ਨੂੰ ਆਪਣੇ ਸੁਭਾਗੇ ਹੋਣ ਦਾ ਆਭਾਸ ਹੁੰਦਾ ਹੈ ਅਤੇ ਤਦੋਂ ਹੀ ਉਸ ਨੂੰ ਉਹ ਅਨੁਭਵ ਪ੍ਰਾਪਤ ਹੁੰਦਾ ਹੈ, ਜੋ ਪਹਿਲਾਂ ਉਸ ਨੂੰ ਕਦੀ ਨਹੀਂ ਸੀ ਹੋਇਆ, ਪਰ ਜਿਸ ਬਾਰੇ ਉਸ ਨੂੰ ਭਰੋਸਾ ਸੀ ਕਿ ਅਜਿਹਾ ਕਦੀ ਹੋ ਸਕਦਾ ਹੈ।

ਇਸ ਤਰ੍ਹਾਂ ਪ੍ਰਭੂ ਦੇ ਨਿਵਾਜੇ ਮਨੁੱਖ ਧਰਤੀ ਸਮਾਨ ਸਦਾ ਉਸ ਮਿਹਰ ਦੀ ਘੜੀ ਦੀ ਉਡੀਕ ਕਰਦੇ ਰਹਿੰਦੇ ਹਨ ਤੇ ਉਹਨਾਂ ਨੂੰ ਪਤਾ ਹੈ ਕਿ ਉਹਨਾਂ ਦਾ ਪੂਰਨ ਆਤਮ-ਸਮਰਪਣ ਕਿਸੇ ਦਿਨ ਸਹਿਜ-ਸ਼ਾਂਤੀ ਨੂੰ ਪ੍ਰਾਪਤ ਕਰੇਗਾ। ਇਸੇ ਕਰਕੇ ਉਹ ਧਰਤ ਸਮਾਨ ਪੂਰਨ ਆਤਮ-ਸਮਰਪਣ ਨੂੰ ਧਾਰਨ ਕਰਦੇ ਹਨ।

ਧਰਤੀ ਵਿਚ ਜੋ ਕੁਝ ਕੋਈ ਬੀਜਦਾ ਹੈ, ਉਹੋ ਹੀ ਕਟਦਾ ਹੈ। ਪ੍ਰਭੂ ਦੇ ਨਿਵਾਜੇ ਸੰਤ-ਪੁਰਸ਼ ਵੀ ਧਰਤੀ ਸਮਾਨ ਹੀ ਹੁੰਦੇ ਹਨ। ਇਸੇ ਕਰਕੇ ਉਹ ਵੇਖਣ ਨੂੰ ਬੜੇ ਨਿਮਾਣੇ ਤੇ ਮਸਕੀਨ ਜਾਪਦੇ ਹਨ।

ਵਾਰ 5 ਪਉੜੀ 4

ਲੋਕ ਆਪਣੇ ਵਰਗਿਆਂ ਦੀ ਸੰਗਤ ਹੀ ਚਾਹੁੰਦੇ ਹਨ।

ਜੁਆਰੀਏ ਜੁਆਰੀਆਂ ਦੀ ਭਾਲ ਕਰਦੇ ਹਨ, ਆਲਸੀ ਆਲਸੀਆਂ ਦੀ। ਸਦਗੁਣੀ ਸਦਗੁਣੀਆਂ ਦੀ ਭਾਲ ਕਰਦਾ ਹੈ, ਮਸਖਰੇ ਮਸਖਰਿਆਂ ਦੀ ਭਾਲ ਵਿਚ ਰਹਿੰਦੇ ਹਨ ਅਤੇ ਚੁਗ਼ਲ-ਖੋਰ ਤੇ ਨਿੰਦਕ ਆਪਣੇ ਵਰਗਿਆਂ ਦੀ ਸੰਗਤ ਹੀ ਚਾਹੁੰਦੇ ਹਨ। ਦੁਖੀ ਲੋਕ ਇਕ ਦੂਜੇ ਦਾ ਦਰਦ ਵੰਡਾਉਂਦੇ ਤੇ ਦੁਖ-ਸੁਖ ਸਾਂਝਾ ਕਰਦੇ ਹਨ।

ਪਰ ਗੁਰੂ ਦੇ ਸਿੱਖ ਸਦਾ ਸਾਧ-ਸੰਗਤ ਨੂੰ ਲੋਚਦੇ ਹਨ ਅਤੇ ਸੰਤ-ਪੁਰਸ਼ਾਂ ਦੀ ਸੰਗਤ ਵਿਚ ਜਾ ਕੇ ਉਹਨਾਂ ਨੂੰ ਅਨੰਦ ਪ੍ਰਾਪਤ ਹੁੰਦਾ ਹੈ।

ਵਾਰ 5 ਪਉੜੀ 10

ਜਿਹੜੇ ਗੁਰਮੁਖ ਹਨ, ਉਹਨਾਂ ਨੂੰ ਸਦਾ ਉਚੇਰੇ ਆਤਮਿਕ ਸੰਸਾਰ ਅਰਥਾਤ ਦਰਗਾਹ ਵਿਚ ਸਥਾਨ ਮਿਲਦਾ ਹੈ, ਜਿਥੇ ਉਹ ਪੂਰਨ ਸੁਤੰਤਰਤਾ ਨੂੰ ਪ੍ਰਾਪਤ ਕਰ ਲੈਂਦੇ ਹਨ।

ਪਰ ਜਿਹੜੇ ਮਨਮੁਖ ਆਪਣੇ ਮਨ ਦੇ ਪਿਛੇ ਲਗਣ ਵਾਲੇ ਹਨ, ਉਹਨਾਂ ਨੂੰ ਸਦਾ ਮੌਤ ਦਾ ਯਮ-ਦੰਡ ਸਹਿਣਾ ਪੈਂਦਾ ਹੈ।

ਪ੍ਰਭੂ ਦੇ ਨਿਵਾਜੇ ਹੋਏ ਗੁਰਸਿਖ ਪ੍ਰਭੂ ਵਿਚ ਅਭੇਦ ਹੋ ਜਾਂਦੇ ਹਨ, ਪਰ ਮਨਮੁਖ ਸਦਾ ਹਉਮੈ ਦੀ ਅਗਨੀ ਵਿਚ ਸੜਦੇ ਰਹਿੰਦੇ ਹਨ। ਅਜਿਹੇ ਬੜੇ ਵਿਰਲੇ ਹਨ ਜੋ ਪ੍ਰਭੂ ਦੀ ਬੰਦਗੀ (ਸ਼ਰਨ) ਨੂੰ ਪ੍ਰਵਾਨ ਕਰਦੇ ਹਨ।

ਵਾਰ 5 ਪਉੜੀ 19

ਮਾਨ ਸਰੋਵਰ ਦਾ ਹੰਸ ਪਵਿੱਤਰ ਜਲ ਤੋਂ ਪਰੇ ਨਹੀਂ ਜਾ ਸਕਦਾ, ਪਰ ਬਗਲਾ ਤਾਂ ਸੈਆਂ ਛਪੜਾਂ ਉਤੇ ਘੁੰਮਦਾ ਫਿਰਦਾ ਹੈ।

ਕੋਇਲ ਤਾਂ ਅੰਬ ਦੀ ਟਹਿਣੀ ਉਤੇ ਬੈਠ ਕੇ ਹੀ ਆਪਣਾ ਮਧੁਰ ਗੀਤ ਲਾਪਦੀ ਹੈ, ਪਰ ਕਾਂ ਥਾਂ-ਥਾਂ 'ਤੇ ਕਾਂ-ਕਾਂ ਪਿਆ ਕਰਦਾ ਹੈ।

ਕੁਤਿਆਂ ਦੇ ਵਗ ਨਹੀਂ ਹੁੰਦੇ। ਕੇਵਲ ਗਾਵਾਂ ਦੇ ਵਗਾਂ ਨੂੰ ਹੀ ਲੋਕ ..ਚੇ ਹਨ ਅਤੇ ਉਹਨਾਂ ਦੀ ਬੰਸ ਵਿਚ ਵਾਧਾ ਹੁੰਦਾ ਰਹਿੰਦਾ ਹੈ।

ਫਲਦਾਰ ਬ੍ਰਿਛ ਨਿਹਚਲ ਸੁਭਾਉ ਵਾਲਾ ਹੁੰਦਾ ਹੈ, ਪਰ ਮਨੁੱਖ ਅਕਾਰਨ ੋ ਬਿਨਾਂ ਕਿਸੇ ਫਲ ਦੀ ਪ੍ਰਾਪਤੀ ਦੇ ਇਧਰ ਉਧਰ ਭਟਕਦਾ ਫਿਰਦਾ ਹੈ।

ਅਗਨੀ ਦਾ ਸੁਭਾਉ ਗਰਮ ਅਤੇ ਜਲ ਦਾ ਸੁਭਾ ਠੰਡਾ ਹੈ। ਉਹ ਉਤਾਂਹ ਉਠਦੀ ਹੈ ਅਤੇ ਜਲ ਨਿਵਾਣ ਵਲ ਜਾਂਦਾ ਹੈ।

ਇਸ ਪ੍ਰਕਾਰ ਗੁਰਮੁਖ ਤਾਂ ਹਉਮੈ ਦਾ ਤਿਆਗ ਕਰਕੇ ਆਪਣੀ ਸਿਆਣਪ ਦਾ ਪ੍ਰਮਾਣ ਦਿੰਦਾ ਹੈ, ਪਰ ਮੂਰਖ ਮਨਮੁਖ ਤਾਂ ਸਦਾ ਇਹੋ ਲੋਚਦਾ ਕਿ ਬਸ ਮੈਂ ਹੀ ਹਾਂ।

ਇਸ ਹਉਮੈ ਦੀ ਦੁਬਿਧਾ ਦੇ ਭਾਵ ਤੋਂ ਉਸ ਨੂੰ ਸਦਾ ਦੁਖ ਤੇ ਆਤਮਿਕ ਤ ਹੀ ਪਲੇ ਪੈਂਦੀ ਹੈ।

ਾਰ 6 ਪਉੜੀ 2

ਗੁਰੂ ਨਾਨਕ ਸਰਬ-ਸ਼ਕਤੀਮਾਨ ਹਨ, ਪਰ ਆਪ ਪ੍ਰਭੂ ਵਰੋਸਾਏ ਤੇ ਨਾਮ ਤੇ ਸੰਤ-ਜਨਾਂ ਦੀਆਂ ਇਛਾਵਾਂ ਦੀ ਪੂਰਤੀ ਕਰਦੇ ਹਨ।

ਗੁਰੂ ਨਾਨਕ ਦੇ ਭੰਡਾਰੇ ਭਰਪੂਰ ਹਨ ਅਤੇ ਸਾਧ-ਸੰਗਤ ਦੀ ਇੱਛਾ ਨੁਸਾਰ ਇਹਨਾਂ ਵਿਚੋਂ ਦਾਤਾਂ ਵੰਡੀਆਂ ਜਾਂਦੀਆਂ ਹਨ।

ਾਰ 6 ਪਉੜੀ 3

ਗੁਰਮੁਖ ਅੰਮ੍ਰਿਤ ਵੇਲੇ ਉਠ ਕੇ ਨਦੀਆਂ ਦੇ ਵਗਦੇ ਜਲ ਵਿਚ ਇਸ਼ਨਾਨ ਰਦੇ ਹਨ। ਗੁਰੂ ਵਲ ਅੰਤਰ ਧਿਆਨ ਹੋ ਉਹ ਪ੍ਰਭੂ ਦੇ ਨਾਮ ਦਾ ਜਾਪ ਕਰਦੇ ਨ। ਉਸ ਦੀ ਸਿਫ਼ਤ-ਸਲਾਹ ਕਰਕੇ ਉਸ ਦੇ ਨਾਮ ਨੂੰ ਅਰਾਧ ਕੇ ਅਤੇ ਗੁਰੂ ਨਾਮ ਦਾ ਗੁਣ-ਗਾਇਨ ਕਰਦੇ ਹਨ। ਇਸ ਪ੍ਰਕਾਰ ਉਜਲ ਮਸਤਕ ਨਾਲ ਹ ਸਾਧ-ਸੰਗਤ ਵਿਚ ਜਾ ਹਾਜ਼ਰੀ ਭਰਦੇ ਹਨ ਅਤੇ ਉਥੇ ਬੈਠ ਕੇ ਗੁਰੂ ਦੇ ਬਦ ਨੂੰ ਸਰਵਣ ਕਰਦੇ ਹਨ।

ਪ੍ਰਭੂ ਦੇ ਵਿਸਮਾਦ ਅਨੰਦ ਵਿਚ ਵਿਭੋਰ ਉਹ ਸਦਾ ਸੰਜਮ, ਨਿਆਏ ਅਤੇ ਮ ਨਾਲ ਭਰਪੂਰ ਰਹਿੰਦੇ ਹਨ। ਇਸ ਪ੍ਰਕਾਰ ਆਪਣੇ ਅਜਿਹੇ ਆਚਰਣ ਆਰਾ ਉਹ ਗੁਰੂ ਦਾ ਸਤਿਕਾਰ ਕਰਦੇ ਹਨ। ਉਸ ਦੀ ਸੇਵਾ ਦਾ ਕਾਰਜ ਨਭਾਉਂਦੇ ਹਨ।

ਸੰਝ ਸਮੇਂ ਉਹ ਆਪਣੇ ਉਹਨਾਂ ਸਤਸੰਗੀਆਂ ਨੂੰ ਫਿਰ ਆ ਮਿਲਦੇ ਹਨ, ਜਨ੍ਹਾਂ ਦੇ ਹਿਰਦੇ ਇਕੋ ਸਾਂਝੀ ਧੜਕਣ (ਗੁਰੂ ਪ੍ਰੇਮ) ਵਿਚ ਧੜਕਦੇ ਹਨ। ਇਸ ਮੇਂ ਉਹ 'ਸੋਦਰ' ਦੇ ਸ਼ਬਦਾਂ ਦਾ ਗਾਇਨ ਕਰਦੇ ਹਨ।

ਰਾਤ ਸਮੇਂ ਉਹ 'ਸੋਹਿਲਾ ਅਤੇ ਆਰਤੀ' ਦਾ ਉਚਾਰਨ ਕਰਦੇ ਹਨ। ੀਵਾਨ ਦੀ ਸਮਾਪਤੀ ਸਮੇਂ ਉਹ ਪ੍ਰਸ਼ਾਦਿ ਵੰਡਦੇ ਹਨ ਅਤੇ ਆਤਮਿਕ ਤੋਸ਼ੇ ਨੂੰ

ਭੁੰਚਦੇ ਹਨ।

### ਵਾਰ 6 ਪਉੜੀ 7

ਗੁਰਸਿਖ ਇੰਜ ਵਿਚਰਦਾ ਹੈ ਜਿਵੇਂ ਭੰਵਰਾ ਕਮਲ ਵਿਚ ਜਾ ਸਮਾਉਂਦਾ ਹੈ। ਉਹ ਗੁਰੂ ਦੀ ਹਜ਼ੂਰੀ ਵਿਚ ਪਰਮ-ਅਨੰਦ ਦੀ ਸਹਿਜ ਸ਼ਾਂਤੀ ਵਿਚ ਰੱਤਾ ਰਹਿੰਦਾ ਹੈ।

### ਵਾਰ 6 ਪਉੜੀ 8

ਗੁਰਸਿਖ ਨੂੰ ਗਿਆਨ ਹੈ ਕਿ ਸਾਰੇ ਧਰਮ-ਗਰੰਥ ਤੇ ਸ਼ਾਸਤਰ ਗੁਰੂ ਦੀ ਦ੍ਰਿਸ਼ਟੀ ਦੁਆਰਾ ਦੇਖੇ, ਪੜ੍ਹੇ-ਗੁਣੇ ਅਤੇ ਅਨੁਭਵ ਕੀਤੇ ਜਾ ਸਕਦੇ ਹਨ। ਆਪਣੀ ਦਿਭ-ਦ੍ਰਿਸ਼ਟੀ ਦੁਆਰਾ ਉਹ ਗੁਰੂ ਦੇ ਗਿਆਨ-ਪ੍ਰਕਾਸ਼ ਨੂੰ ਨਿਹਾਰਦਾ ਹੈ ਅਤੇ ਉਸ ਨੂੰ ਬੋਧ ਹੁੰਦਾ ਹੈ ਕਿ ਸਮੱਸਤ ਜੀਵਨ ਤੇ ਵੇਦਾਂ-ਕਤੇਬਾਂ ਵਿਚ ਗੁਰੂ ਆਪ ਵਿਦਮਾਨ ਹੈ। ਪ੍ਰੇਮ ਦੁਆਰਾ ਪ੍ਰਾਪਤ ਕੀਤੇ ਗਏ ਗਿਆਨ ਰਾਹੀਂ ਉਹ ਜਾਣ ਲੈਂਦਾ ਹੈ ਕਿ ਗੁਰੂ ਦਾ ਮਤ ਕੀ ਹੈ।

ਗੁਰੂ ਦਾ ਸਿੱਖ ਇਸਤਰੀ ਜਾਤੀ ਦਾ ਸਤਿਕਾਰ ਕਰਦਾ ਹੈ। ਆਪਣੀ ਵਿਆਹੁਤਾ ਨਾਰੀ ਨਾਲ ਉਹ ਪੂਰਨ ਤੌਰ 'ਤੇ ਇਕਸੁਰ ਹੁੰਦਾ ਹੈ, ਜਤ-ਸਤ ਨੂੰ ਨਿਭਾਉਂਦਾ ਹੈ ਅਤੇ ਹੋਰ ਸਭ ਇਸਤਰੀਆਂ ਨੂੰ ਆਪਣੀਆਂ ਮਾਵਾਂ, ਭੈਣਾਂ ਅਤੇ ਧੀਆਂ ਸਮਾਨ ਸਮਝਦਾ ਹੈ। ਉਹ ਪਰਾਏ ਧਨ ਨੂੰ ਪ੍ਰਾਪਤ ਕਰਨ ਬਾਰੇ ਕਦੀ ਕੋਈ ਲਾਲਸਾ ਨਹੀਂ ਰਖਦਾ।

ਗੁਰੂ ਦਾ ਸਿੱਖ ਸਦਾ ਗ੍ਰਹਿਸਥ ਜੀਵਨ ਵਿਚ ਵਿਸ਼ਵਾਸ ਰਖਦਾ ਹੈ ਅਤੇ ਉਹ ਜਨੇਊ ਤੇ ਗੌ-ਮੂਤਰ ਦੀ ਪਵਿੱਤਰਤਾ ਆਦਿ ਤੁਛ ਗੱਲਾਂ ਵਿਚ ਵਿਸ਼ਵਾਸ ਨਹੀਂ ਰਖਦਾ।

ਗੁਰੂ ਦੇ ਸਿੱਖ ਨੂੰ ਬੋਧ ਹੈ ਕਿ ਸਭ ਵਿਚ ਪ੍ਰਭੂ ਦੀ ਆਤਮਾ ਵਿਦਮਾਨ ਹੈ ਅਤੇ ਉਹ ਸਦਾ ਆਪਣੇ ਆਪ ਨੂੰ ਗੁਰੂ ਦੇ ਸਨਮੁਖ ਰਹਿਣ ਦਾ ਅਭਿਆਸ ਕਰਦਾ ਹੈ। ਉਸ ਨੂੰ ਪਤਾ ਹੈ ਕਿ ਗੁਰੂ ਦੀ ਯਾਦ ਹੀ ਵਾਸਤਵਿਕ ਰੂਪ ਦਾ ਬ੍ਰਹਮ-ਗਿਆਨ ਹੈ।

ਪਾਪੀ ਤੇ ਪਤਿਤ ਜੋ ਵੀ ਗੁਰੂ ਦੀ ਸਾਧ-ਸੰਗਤ ਵਿਚ ਜਾਂਦੇ ਹਨ, ਉਹਨਾਂ ਨੂੰ ਦੈਵੀ ਮਨੁੱਖਤਾ ਵਾਲਾ ਸਤਿਕਾਰ ਮੁੜ ਪ੍ਰਾਪਤ ਹੋ ਜਾਂਦਾ ਹੈ।

### ਵਾਰ 6 ਪਉੜੀ 15

ਗੁਰੂ ਦਾ ਨਿਵਾਜਿਆ ਹੋਇਆ ਸਿੱਖ ਸੰਸਾਰ ਵਿਚ ਵਿਚਰਦਾ ਹੋਇਆ ਗ੍ਰਹਿਸਥੀ ਜੀਵਨ ਨੂੰ ਨਿਭਾਉਂਦਾ ਹੈ। ਅਜਿਹਾ ਗੁਰਸਿਖ ਤਾਂ ਚੰਦਨ ਦੇ ਬ੍ਰਿਛ ਸਮਾਨ ਹੈ, ਉਹ ਤਾਂ ਪਾਰਸ ਸਮਾਨ ਹੈ, ਜੋ ਭਾਵੇਂ ਪੱਥਰਾਂ ਵਿਚ ਹੀ ਪਿਆ ਹੁੰਦਾ ਹੈ, ਪਰ ਮੁੜ ਪੱਥਰ ਨਹੀਂ ਬਣ ਸਕਦਾ। ਵੇਖਣ ਨੂੰ ਤਾਂ ਉਹ ਸੱਪ ਵੀ ਜਿਸ ਦੀ ਕਲਗੀ ਵਿਚ ਮਣੀ ਹੁੰਦੀ ਹੈ, ਦੂਜੇ ਸੱਪਾਂ ਵਾਂਗ ਹੀ ਦਿਖਾਈ ਦਿੰਦਾ ਹੈ।

ਹੰਸ ਸਰੋਵਰ ਵਿਚ ਰਹਿੰਦਾ ਹੈ ਤੇ ਪਾਣੀ ਦੀਆਂ ਲਹਿਰਾਂ ਵਿਚੋਂ ਕੇਵਲ

ਤੀਆਂ ਦੀ ੋਗ ਹੀ ਚੁਗਦਾ ਹੈ।

ਕੰਵਲ ਦਾ ਫੁੱਲ ਵੀ ਪਾਣੀ ਵਿਚ ਅਭਿਜ ਰਹਿੰਦਾ ਹੋਇਆ ਪੂਰਨ ੜੇ ਵਿਚ ਮੌਲ ਉਠਦਾ ਹੈ। ਇਸੇ ਪ੍ਰਕਾਰ ਗੁਰੂ ਦਾ ਸ਼ਿਖ ਜਗਤ ਵਿਚ ਵਿਚਰਦਾ ਇਆ ਆਪਣੇ ਉਚ-ਵਿਚਾਰਾਂ ਵਿਚ ਸਦਾ ਮਗਨ ਰਹਿੰਦਾ ਹੈ। ਅਜਿਹੇ ੁਰਸਿਖਾਂ ਦਾ ਜਨ-ਸਮੂਹ ਅਰਥਾਤ ਸਾਧ-ਸੰਗਤ ਦੀ ਉਪਮਾ ਤਾਂ ਵਰਣਨ ਤੋਂ ਾਹਰ ਹੈ।

ਾਰ 6 ਪਉੜੀ 16

ਸਤਿਗੁਰੂ ਧੰਨ ਹੈ, ਜੋ ਨਿਰਗੁਣ ਪਾਰਬ੍ਰਹਮ ਦਾ ਸਰਗੁਣ ਸਰੂਪ ਹੈ। ਹ ਆਤਮਾ ਧੰਨ ਹੈ, ਜੋ ਗੁਰਸਿਖ ਦੇ ਰੂਪ ਵਿਚ ਸਤਿਗੁਰੂ ਦੀ ਸ਼ਰਨ ਵਿਚ ਾ ਗਈ ਹੈ।

ਧੰਨ ਹੈ ਉਹ ਗੁਰੂ ਦਾ ਮਾਰਗ ਜਿਸ ਵਿਚ ਵਿਅਕਤੀ ਸਾਧ-ਸੰਗਤ ਦੇ ੰਪਰਕ ਵਿਚ ਆ ਕੇ ਆਤਮਿਕ ਤੌਰ 'ਤੇ ਉਚੇ ਉਠ ਜਾਂਦੇ ਹਨ। ਸਾਧ-ਸੰਗਤ ਿਚ ਗੁਰੂ ਦਾ ਪ੍ਰੇਮ ਹੀ ਪ੍ਰਧਾਨ ਹੁੰਦਾ ਹੈ।

ਗੁਰੂ ਦੇ ਚਰਨ ਧੰਨ ਹਨ ਅਤੇ ਉਹ ਮਸਤਕ ਵੀ ਧੰਨ ਹਨ ਜੋ ਗੁਰੂ ਰਨਾਂ ਨੂੰ ਪਰਸ ਕੇ ਗੁਰੂ ਰੂਪ ਹੋ ਜਾਂਦੇ ਹਨ। ਗੁਰੂ ਆਪਣੇ ਸਿਖਾਂ ਦੀ ਆਤਮਾ ਿਚ ਨਾਮ ਦਾ ਬੀਜ ਬੀਜਦਾ ਹੈ।

ਗੁਰੂ ਆਪਣੇ ਹਜ਼ੂਰੀ ਦਰਸ਼ਨ ਰਾਹੀਂ ਗੁਰਸਿਖ ਦੇ ਮਨ ਵਿਚੋਂ ਦੁਬਿਧਾ ੇ ਦਵੈਖ-ਭਾਵ ਨੂੰ ਮਿਟਾ ਦਿੰਦਾ ਹੈ ਅਤੇ ਗੁਰੂ ਦੇ ਸਿੱਖ ਦੀ ਚੇਤੰਨਤਾ ਨੂੰ ਆਪਣੇ ੍ਰਮ ਦੁਆਰਾ ਧੋ ਦਿੰਦਾ ਹੈ।

ਾਰ 6 ਪਉੜੀ 17

ਮਨੁੱਖ ਦੇ ਜੀਵਨ ਦੀ ਸੁਆਸਾਂ ਦੀ ਲੜੀ ਤਾਂ ਕੱਚੇ ਧਾਗੇ ਸਮਾਨ ਹੈ।

ਉਹ ਪੁਰਸ਼ ਧੰਨ ਹਨ ਜੋ ਆਪਣੇ ਸੁਆਸਾਂ ਨੂੰ ਹਰਿਨਾਮ ਦੀ ਮਾਲਾ ਵਿਚ ਣਕਿਆਂ ਹਾਰ ਪਰੋ ਦਿੰਦੇ ਹਨ।

ਾਰ 6 ਪਉੜੀ 18

ਪ੍ਰਭੂ ਦੇ ਪੁਰਖ (ਗੁਰਮੁਖ) ਮਿੱਠਾ ਬੋਲਦੇ ਹਨ। ਉਹਨਾਂ ਦੀ ਬਾਣੀ ਤਾਂ ੇਵਲ ਪ੍ਰਭੂ ਦੇ ਨਾਮ ਦਾ ਉਚਾਰਨ ਕਰਨਾ ਹੈ। ਉਹਨਾਂ ਦਾ ਦੇਖਣਾ ਤਾਂ ਪ੍ਰਭੂ ੂ ਦੇਖਣਾ ਹੈ। ਉਹਨਾਂ ਦਾ ਸੁਣਨਾ ਪ੍ਰਭੂ ਦੀ ਆਵਾਜ਼ ਨੂੰ ਸੁਣਨਾ ਹੈ। ਉਹਨਾਂ ੀ ਇਸ ਜੀਵਨ ਦੀ ਯਾਤਰਾ ਤਾਂ ਇਸ ਤਰ੍ਹਾ ਦੀ ਹੈ, ਜਿਵੇਂ ਉਹ ਗੁਰੂ ਦੀ ਰਿਕਰਮਾ ਕਰ ਰਹੇ ਹੋਣ।

ਉਹਨਾਂ ਨੂੰ ਸਮਾਧੀ ਤੇ ਚੁੱਪ ਰਹਿਣ ਦੇ ਰਹੱਸ ਦਾ ਗਿਆਨ ਹੈ। ਅਜਿਹੇ ਰਖ ਆਪਣਾ ਚੰਗਾ ਘਰ ਵਸਾਉਂਦੇ ਹਨ, ਪਰ ਉਹਨਾਂ ਵਿਚ ਲਭ-ਲੋਭ, ਹੰਕਾਰ, ਉਮੈ ਤੇ ਤ੍ਰਿਸ਼ਨਾ ਨਹੀਂ ਹੁੰਦੀ।

ਉਹ ਕਿਸੇ ਨੂੰ ਨਾ ਵਰ ਦਿੰਦੇ ਹਨ, ਨਾ ਸਰਾਪ। ਉਹ ਤਾਂ ਸਦਾ ਨਾਮ

ਦੇ ਰੰਗ ਵਿਚ ਰੱਤੇ ਰਹਿੰਦੇ ਹਨ।

ਕਹਿੰਦੇ ਹਨ, ਹੰਸ ਆਪਣੀ ਚੁੰਜ ਨਾਲ ਦੁੱਧ-ਪਾਣੀ ਨਿਤਾਰ ਦਿੰਦਾ ਹੈ, ਪਰ ਕਿਸੇ ਨੇ ਕਦੀ ਹੰਸਾਂ ਨੂੰ ਇਹ ਗੁਣ ਸਿਖਾਇਆ ਨਹੀਂ ਹੁੰਦਾ।

ਕਹਿੰਦੇ ਹਨ, ਕੂੰਜਾਂ ਆਪਣੇ ਆਂਡੇ ਰੇਤ ਵਿਚ ਰਖ ਕੇ ਪ੍ਰਭੂ ਨੂੰ ਯਾਦ ਕਰਦੀਆਂ ਰਹਿੰਦੀਆਂ ਹਨ। ਜੋ ਉਹਨਾਂ ਦੇ ਬਚਿਆਂ ਦੀ ਦੇਖਭਾਲ ਕਰਦਾ ਹੈ, ਪਰ ਕੂੰਜਾਂ ਨੂੰ ਇਹ ਗੁਣ ਕਿਸੇ ਨੇ ਵੀ ਸਿਖਾਇਆ ਨਹੀਂ ਹੁੰਦਾ।

ਕਹਿੰਦੇ ਹਨ, ਕਛੂ ਸਦਾ ਪ੍ਰਭੂ ਵਿਚ ਧਿਆਨ ਮਗਨ ਰਹਿੰਦਾ ਹੈ। ਉਸ ਨੂੰ ਵੀ ਕਿਸੇ ਨੇ ਇਹ ਇਕਾਗਰਤਾ ਦਾ ਗੁਣ ਸਿਖਾਇਆ ਨਹੀਂ ਹੁੰਦਾ।

ਗੁਰਸਿਖਾਂ ਨੂੰ ਸਦਾ ਅਨੰਦ-ਮੰਗਲ ਕਰਨਾ ਚਾਹੀਦਾ ਹੈ ਕਿਉਂਜੋ ਗੁਰਸਿਖਾਂ ਦੀ ਜਾਤੀ ਨੂੰ ਆਪ ਗੁਰੂ ਨੇ ਸਿਰਜਿਆ ਹੈ ਅਤੇ ਗੁਰੂ ਦੀ ਇਸ ਸਿਰਜਣਾ ਸ਼ਕਤੀ ਦੀ ਕਰਾਮਾਤ ਦੁਆਰਾ ਉਹਨਾਂ ਵਿਚ ਹੰਸਾਂ, ਕੂੰਜਾਂ ਤੇ ਕਛੂਆਂ ਵਾਲੇ ਸਾਰੇ ਗੁਣ ਆਪ ਮੁਹਾਰੇ ਹੀ ਉਤਪੰਨ ਹੋ ਜਾਂਦੇ ਹਨ।

ਜਿਵੇਂ ਬ੍ਰਿਛ ਨੂੰ ਫਲ ਲਗਦਾ ਹੈ ਤੇ ਉਸ ਫਲ ਵਿਚ ਬ੍ਰਿਛ ਦੇ ਬੀਜ ਹੁੰਦੇ ਹਨ ਤਿਵੇਂ ਹੀ ਗੁਰੂ ਤਾਂ ਬ੍ਰਿਛ ਰੂਪ ਹੈ ਜੋ ਗੁਰਸਿਖ ਫਲ ਦੀ ਨਿਆਈਂ ਹੈ। ਜਿਵੇਂ ਫਲ ਵਿਚ ਬੀਜ ਹੁੰਦਾ ਹੈ, ਤਿਵੇਂ ਹੀ ਸਿੱਖ ਵਿਚ ਗੁਰੂ ਵਿਦਮਾਨ ਹੁੰਦਾ ਹੈ।

ਵਾਰ 6 ਪਉੜੀ 19

ਗੁਰੂ ਤਾਂ ਪਾਰਬ੍ਰਹਮ ਦਾ ਪੂਰਨ ਸਰੂਪ ਹੈ। ਜਿਵੇਂ ਸੂਰਜ ਬੱਦਲਾਂ ਵਿਚ ਪ੍ਰਕਾਸ਼ਮਾਨ ਹੁੰਦਾ ਹੈ, ਤਿਵੇਂ ਹੀ ਗੁਰੂ ਦੀ ਜੋਤ ਦਾ ਪ੍ਰਕਾਸ਼ ਹਰ ਹਿਰਦੇ ਵਿਚ ਮੌਜੂਦ ਹੈ।

ਜਿਵੇਂ ਸੂਰਜ ਦੀਆਂ ਕਿਰਨਾਂ ਦੇ ਪ੍ਰਕਾਸ਼ ਨਾਲ ਕੰਵਲ ਖੇੜੇ ਵਿਚ ਆ ਜਾਂਦਾ ਹੈ, ਤਿਵੇਂ ਹੀ ਗੁਰਸਿਖ ਗੁਰੂ ਨੂੰ ਪ੍ਰੇਮ ਕਰਦਾ ਹੈ।

ਗੁਰਸਿਖ ਲਈ ਤਾਂ ਗੁਰੂ ਦਾ ਨਾਮ ਪਾਰਬ੍ਰਹਮ ਦਾ ਸਾਖਿਆਤ ਸਰੂਪ ਹੈ। ਗੁਰੂ ਦੇ ਨਾਮ ਦਾ ਬਾਰੰਬਾਰ ਜਾਪ ਕਰਕੇ ਗੁਰਸਿਖ ਤ੍ਰੈ-ਗੁਣਾਤੀਤ ਦੀ ਉਸ ਅਵਸਥਾ ਵਿਚ ਪੁਜ ਜਾਂਦਾ ਹੈ ਜਿਥੇ ਜੀਵਨ ਦਾਤੀ ਨਾਮ ਅੰਮ੍ਰਿਤ ਰੂਪੀ ਅੰਮ੍ਰਿਤ ਜਲ ਦੀ ਵਰਖਾ ਨਾਲ ਉਸ ਦੀ ਆਤਮਾ ਗੜੁੱਚ ਹੋ ਜਾਂਦੀ ਹੈ।

ਵਾਰ 7 ਪਉੜੀ 20

ਗੁਰਸਿਖ ! ਤੂੰ ਇਹ ਗੱਲ ਜਾਣ ਲੈ ਕਿ ਗੁਰੂ ਦੇ ਸ਼ਬਦ ਨਾਲ ਇਕਸੁਰ ਹੋਣ ਕਾਰਨ ਤੂੰ ਗੁਰੂ ਦੇ ਸੰਗ ਹੀ ਵਿਚਰਦਾ ਹੈਂ। ਗੁਰੂ ਦਾ ਸ਼ਬਦ ਹੀ ਗੁਰੂ ਦਾ ਸਰੂਪ ਹੈ। ਜਿਹੜਾ ਵੀ ਗੁਰੂ ਦੇ ਸ਼ਬਦ ਵਿਚ ਪ੍ਰਵੇਸ਼ ਕਰਦਾ ਹੈ, ਉਹ ਗੁਰੂ ਦੇ ਪਿਛੇ ਹੀ ਤੁਰ ਰਿਹਾ ਹੁੰਦਾ ਹੈ, ਗੁਰੂ ਨੂੰ ਹੀ ਪ੍ਰੇਮ ਕਰ ਰਿਹਾ ਹੁੰਦਾ ਹੈ ਤੇ ਗੁਰੂ ਦਾ ਹੀ ਹੋ ਜਾਂਦਾ ਹੈ।

ਗੁਰੂ ਦੀ ਸਾਧ-ਸੰਗਤ ਹੀ ਸਚਖੰਡ ਦਾ ਸੱਚਾ ਮੰਡਲ ਹੈ। ਜਿਹੜੇ ਇਸ

ਸੰਗਤ ਦੇ ਸਚਖੰਡ ਵਿਚ ਨਿਵਾਸ ਕਰਦੇ ਹਨ, ਉਹ ਪਾਰਗਾਮੀ ਮੁਕਤ
ਨਾਵਾਂ ਸੰਗ ਵਿਚਰਦੇ ਹਨ। ਗੁਰੂ ਦੇ ਸਿੱਖ ਅੰਮ੍ਰਿਤ ਵੇਲੇ ਉਠ ਕੇ ਗੁਰੂ ਦੇ
ਅਰਥਾਤ ਗੁਰਬਾਣੀ ਦਾ ਗਾਇਨ ਕਰਦੇ ਹਨ।

9 ਪਉੜੀ 1

ਗੁਰੂ ਨਿਰਪੇਖ ਤੇ ਪੂਰਨ ਪਾਰਬ੍ਰਹਮ ਦਾ ਸਰੂਪ ਹੈ। ਉਸ ਦਾ ਸ਼ਬਦ ਪਾਰਬ੍ਰਹਮ ਹੈ ਅਤੇ ਗੁਰੂ ਸਾਧ-ਸੰਗਤ ਵਿਚ ਵਿਆਪਕ ਹੁੰਦਾ ਹੈ।

ਸੱਚ ਹੀ ਸਾਧ-ਸੰਗਤ ਹੈ ਤੇ ਇਸ ਵਿਚ ਪ੍ਰੇਮ ਦਾ ਵਾਸਾ ਹੁੰਦਾ ਹੈ। ਪ੍ਰੇਮ ਦੇ ਧਰਮ ਮਾਰਗ ਵਿਚ ਚਹੁੰ ਵਰਨਾਂ ਨੂੰ ਹੀ ਦੀਖਿਆ ਲੈਣ ਪਿਛੋਂ ਮਿਲ ਗਿਆ ਹੈ ਅਤੇ ਇਹਨਾਂ ਵਿਚ ਗੁਰੂ ਦੀ ਆਤਮਾ ਸਾਖਿਆਤ ਹੋ ਹੈ।

ਇੰਜ ਇਹਨਾਂ ਦੇ ਹਿਰਦਿਆਂ ਵਿਚ ਪ੍ਰਭੂ ਆਪ ਵਿਆਪਕ ਹੋ ਗਿਆ ਹੈ। ਦਾ ਇਹ ਮਨੁੱਖ, ਗੁਰੂ ਵਿਚ ਅਭੇਦ ਹੋ ਗਿਆ ਹੈ ਅਤੇ ਉਹ ਅਰਦਾਸ ਪ੍ਰਾਰਥਨਾ ਦੇ ਰੂਪ ਵਿਚ ਸਾਕਾਰ ਹੋ ਉਠਿਆ ਹੈ।

ਗੁਰੂ ਦਾ ਸਿੱਖ ਜੀਵਨ ਦੇ ਕਰਮ-ਖੇਤਰ ਵਿਚ ਤਾਂ ਮਾਇਆ ਵਿਚ ਹੀ ਹਦਾ ਹੈ। ਪਰ ਉਹ ਆਸਾ ਤ੍ਰਿਸ਼ਨਾ ਤੋਂ ਰਹਿਤ ਹੁੰਦਾ ਹੈ।

(ਮੈਲਕਲ ਦੁਆਰਾ ਵਰਣਨ ਕੀਤੇ ਗਏ ਸਿੱਖਾਂ ਦੇ ਮਾਨਚਿਤਰ ਵਿਚ ਦਾ ਕਿ ਕਨਿੰਘਮ ਨੇ ਆਪਣੇ ਸਿੱਖ ਇਤਿਹਾਸ ਵਿਚ ਹਵਾਲਾ ਦਿਤਾ ਹੈ- ਇਸ ਮਿਥ ਦਾ ਭਾਈ ਗੁਰਦਾਸ ਸਪਸ਼ਟ ਸ਼ਬਦਾਂ ਵਿਚ ਨਿਖੇਧ ਕਰਦੇ ਹਨ, ਉਹਨਾਂ ਇਤਿਹਾਸਕਾਰਾਂ ਦੇ ਅਨੁਆਈ ਉਹਨਾਂ ਦੇ ਪਿਛੇ ਲਗ ਕੇ ਵਾਰ ਵਾਰ ਗੱਲ ਨੂੰ ਦੁਹਰਾਉਂਦੇ ਹਨ ਕਿ ਸਿੱਖ ਗੁਰੂ ਸਾਹਿਬਾਨ ਦਾ ਧਰਮ ਮਧਕਾਲ ਅਤੇ ਭਟਾ-ਗਾਇਕਾਂ ਦਾ ਨਿਮਾਣਾ ਜਿਹਾ ਇਕ ਈਸ਼ਵਰਵਾਦ ਹੀ ਹੈ। ਜਿਸ ਹਿੰਦੂ ਤੇ ਇਸਲਾਮੀ ਧਾਰਮਿਕ ਮਾਨਤਾਵਾਂ ਨੂੰ ਮਿਸ਼ਰਿਤ ਕਰ ਦਿਤਾ ਗਿਆ ਪਰ ਭਾਈ ਗੁਰਦਾਸ ਜੀ ਨੇ ਸਿੱਖ-ਮਤ ਦੀ ਨਵੀਂ ਕ੍ਰਾਂਤੀਕਾਰੀ ਆਤਮਾ ਨੂੰ ਠੋਤ ਰੂਪ ਵਿਚ ਮੂਰਤੀਮਾਨ ਕੀਤਾ ਹੈ ਅਤੇ ਹਿੰਦੂ-ਮਤ ਤੇ ਇਸਲਾਮ ਦੀ ਮਤ ਨਾਲ ਤੁਲਨਾ ਕਰਕੇ ਇਹਨਾਂ ਮਤਾਂ ਨੂੰ ਅਪ੍ਰਵਾਨ ਕੀਤਾ ਹੈ।)

1 ਪਉੜੀ 21

ਹਿੰਦੂਆਂ ਵਿਚ ਚਾਰ ਵਰਨ ਤੇ ਮੁਸਲਮਾਨਾਂ ਵਿਚ ਚਾਰ ਮਜ਼ਹਬ (ਸ਼ੀਆ, ਰਾਫਜ਼ੀ, ਇਮਾਮ ਸਾਫ਼ੀ) ਪ੍ਰਚਲਿਤ ਹਨ। ਇਹਨਾਂ ਸਭ ਵਿਚ ਸੁਆਰਥ, ਜਾ, ਦਵੈਖ ਤੇ ਸਵੈ-ਅਭੀਮਾਨ ਕੁਟ-ਕੁਟ ਕੇ ਭਰਿਆ ਪਿਆ ਹੈ।

ਹਿੰਦੂ ਗੰਗਾ ਤੇ ਬਨਾਰਸ ਨੂੰ ਪੂਜਦੇ ਹਨ ਤੇ ਮੁਸਲਮਾਨਾਂ ਦਾ ਪਵਿੱਤਰ ਨ ਕਾਅਬਾ ਹੈ।

ਮੁਸਲਮਾਨ ਸੁੰਨਤ ਕਰਦੇ ਹਨ ਤੇ ਹਿੰਦੂ ਤਿਲਕ ਤੇ ਜੰਞੂ ਧਾਰਨ ਕਰਦੇ ਦੋਵੇਂ ਹੀ ਰਾਮ ਤੇ ਰਹੀਮ ਜੋ ਇਕੋ ਪ੍ਰਭੂ ਦੇ ਨਾਮ ਹਨ, ਨੂੰ ਮੰਨਦੇ ਹਨ। ਦੋਵੇਂ ਹੀ ਜੀਵਨ ਦੇ ਠੀਕ ਮਾਰਗ ਤੋਂ ਭਟਕ ਗਏ ਹਨ। ਵੇਦਾਂ ਤੇ ਕੁਰਾਨਾਂ

ਦੇ ਦਸੇ ਰਾਹ ਨੂੰ ਭੁਲਾ ਕੇ ਦੋਵੇਂ ਹੀ ਸੰਸਾਰ ਦੇ ਫੰਧਿਆਂ ਵਿਚ ਫਸ ਗਏ ਹ

ਸੱਚ ਤਾਂ ਲਾਂਭੇ ਹੋ ਕੇ ਇਕ ਕਿਨਾਰੇ 'ਤੇ ਖੜ੍ਹਾ ਹੈ, ਪਰ ਬ੍ਰਾਹਮਣ ਮੁਲਾਣੇ ਆਪਸ ਵਿਚ ਝਗੜੇ ਬਿਖਾਦ ਕਰਦੇ ਹਨ।

ਇਸ ਪ੍ਰਕਾਰ ਇਹਨਾਂ ਦੋਹਾਂ ਦਾ ਜਨਮ-ਮਰਨ ਦਾ ਗੇੜ ਖ਼ਤਮ ਨ ਹੋਇਆ।

ਵਾਰ 1 ਪਉੜੀ 23

ਪ੍ਰਭੂ ਨੇ ਲੁਕਾਈ ਦੀ ਪੁਕਾਰ ਨੂੰ ਸੁਣਿਆ ਅਤੇ ਇਸ ਸੰਸਾਰ ਵਿਚ ਨਾਨਕ ਨੂੰ ਭੇਜ ਦਿੱਤਾ। ਆਪ ਨੇ ਇਹ ਮਰਿਆਦਾ ਸਥਾਪਤ ਕੀਤੀ ਕਿ ਗੁਰੂ ਦੇ ਚਰਨਾਂ ਨੂੰ ਪਖਾਲਣ ਅਤੇ ਚਰਨ-ਅੰਮ੍ਰਿਤ ਪੀਣ।

ਆਪ ਨੇ ਦਸਿਆ ਕਿ ਕਲਜੁਗ ਵਿਚ ਪਾਰਬ੍ਰਹਮ ਤੇ ਪੂਰਨ ਬ੍ਰਹਮ ਇ ਸਰੂਪ ਹਨ। ਧੌਲ-ਧਰਮ ਦੇ ਚਾਰ ਪੈਰਾਂ ਵਿਚ ਵਾਸਤਵ ਵਿਚ ਨਿਹਚਾ ਸ ਹੀ ਹਨ। ਚਾਰ ਵਰਨਾਂ ਨੂੰ ਇਕ ਵਰਨ ਕਰ ਦਿਤਾ ਗਿਆ ਹੈ।

ਆਪ ਨੇ ਰਾਉ ਤੇ ਰੰਕ ਦਾ ਭੇਦ ਮਿਟਾ ਦਿਤਾ। ਸਭ ਨੂੰ ਸਮਾਨ ਪ੍ਰਦਾਨ ਕੀਤੀ ਤੇ ਸੰਸਾਰ ਵਿਚ ਚਰਨਾਂ ਉਤੇ ਨਮਸਕਾਰ ਕਰਨ ਦੀ ਰਹੁ-ਰ ਚਲਾਈ।

ਮਨੁੱਖ ਦੀ ਪ੍ਰਕ੍ਰਿਤੀ ਦੇ ਵਿਪਰੀਤ ਚਰਨਾਂ ਦੇ ਮਹੱਤਵ ਨੂੰ ਸਿਰ ਨ ਵੀ ਵਡੇਰਾ ਦਸਿਆ।

ਸਤਿਨਾਮੁ ਦੇ ਸਿਮਰਨ ਦੁਆਰਾ ਆਪ ਨੇ ਕਲਜੁਗ ਵਿਚ ਮੁਕਤੀ ਸੱਚਾ ਮਾਰਗ ਰੌਸ਼ਨ ਕੀਤਾ।

ਆਪ ਨੇ ਪ੍ਰਭੂ-ਪ੍ਰੀਤਮ ਦੀ ਪੂਜਾ ਕਰਨ ਦਾ ਵਿਧਾਨ ਦਸਿਆ।

ਇਸ ਤਰ੍ਹਾਂ ਕਲਜੁਗ ਵਿਚ ਮੁਕਤੀ ਦਾਤਾ ਦੇ ਰੂਪ ਵਿਚ ਗੁਰੂ ਨਾ ਦੇਵ ਜੀ ਪ੍ਰਗਟ ਹੋਏ।

## ਆਤਮਾ ਦੀ ਅਦੁਤੀ ਪ੍ਰਾਰਥਨਾ (ਅਰਦਾਸ*[1])

(ਅਰਦਾਸ ਸਮੇਂ ਸਭ ਸੰਗਤ ਹੱਥ ਜੋੜ ਕੇ ਖੜ੍ਹੀ ਹੋ ਜਾਂਦੀ ਹੈ। ਇਕ ਰਾਸੀਆ ਸਿੰਘ ਉਚੀ ਆਵਾਜ਼ ਵਿਚ ਅਰਦਾਸ ਦੇ ਸ਼ਬਦ ਬੋਲਦਾ ਹੈ ਅਤੇ ਸੰਗਤ ਇਕਾਗਰਚਿਤ ਹੋ ਕੇ ਅਰਦਾਸ ਦੇ ਬੋਲਾਂ ਸਰਵਣ ਕਰਦੀ ਹੈ। ਅਵਸਰ ਉਤੇ ਸਾਰੀ ਸੰਗਤ ਵਿਸ਼ੇਸ਼ ਆਵੇਸ਼ਗਤ ਅਵਸਥਾ ਵਿਚੋਂ ਲੰਘਦੀ ਸਾਰੇ ਪਿਛਲੇ ਸਿੱਖ ਇਤਿਹਾਸ ਦਾ ਆਪਣੀ ਕਲਪਨਾ ਦੁਆਰਾ ਚਿਤਵਨ ਹੀ ਹੈ ਅਤੇ ਸਮੂਹ ਸੰਗਤ ਦੈਵੀ ਆਵੇਸ਼ ਨਾਲ ਭਰਪੂਰ ਹੋ ਸਾਵਧਾਨ ਹੋ ਕੇ ਸ਼ੀਲ ਅਵਸਥਾ ਵਿਚੋਂ ਲੰਘਦੀ ਹੈ।)

(ਇਸ ਲਈ ਅਰਦਾਸ ਦਾ ਇਹ ਅਵਸਰ ਬੜਾ ਗੰਭੀਰ ਚਿੰਤਨ ਵਾਲਾ ਹੈ। ਜਿਥੇ ਸਾਰੀ ਸੰਗਤ ਆਪਣੇ ਆਪ ਨੂੰ ਉਸ ਦੈਵੀ ਅਧਿਆਤਮਿਕ ਮੰਡਲ ਇਕਸੁਰ ਹੋਈ ਅਨੁਭਵ ਕਰਦੀ ਹੈ, ਜਿਥੇ ਦਸ ਗੁਰੂ ਸਾਹਿਬਾਨ ਹਾਲੀਂ ਅਰਦਾਸ ਵਿਚ ਜੁੜੀ ਸੰਗਤ ਨੂੰ ਨਿਹਾਰ ਰਹੇ ਹਨ, ਉਸ ਦੀ ਸਹਾਇਤਾ ਕਰ ਹਨ ਅਤੇ ਖ਼ਾਲਸਾ ਸਮੂਹ ਨੂੰ ਵਰਦਾਨ ਬਖ਼ਸ਼ ਰਹੇ ਹਨ।)

ਅਸੀਂ ਇਕ ਓਅੰਕਾਰ ਦੀ ਮਹਾਨ ਏਕਤਾ ਨੂੰ ਪ੍ਰਵਾਨ ਕਰਦੇ ਹਾਂ। ਇਹੀ ਮਾ ਸਭ ਰੂਪਾਂ ਵਿਚ ਵਿਆਪਕ ਹੈ ਅਤੇ ਸਭ ਰੂਪਾਂ ਤੋਂ ਅਤੀਤ ਵੀ ਹੈ।

*[2]ਪ੍ਰਿਥਮ ਭਗੌਤੀ ਸਿਮਰਿ ਕੈ ਗੁਰ ਨਾਨਕ ਲਈਂ ਧਿਆਇ। ਫਿਰ ਦ ਗੁਰੂ ਤੇ ਅਰਦਾਸੁ ਰਾਮਦਾਸੈ ਹੋਈ ਸਹਾਇ। ਅਰਜਨ ਹਰਗੋਬਿੰਦ ਨੋ ਰੋ ਸ੍ਰੀ ਹਰਿਰਾਇ। ਸ੍ਰੀ ਹਰਿਕਿਸ਼ਨ ਧਿਆਈਐ ਜਿਸ ਡਿਠੇ ਸਭਿ ਦੁਖਿ ਹ। ਸਭ ਥਾਈਂ ਹੋਇ ਸਹਾਇ.....।

### ਰੋਕਤ ਦਾ ਅਨੁਵਾਦ

ਪ੍ਰਿਥਮ ਭਗੌਤੀ (ਮਹਾਨ ਕਿਰਪਾਨ) ਨੂੰ ਸਿਮਰ ਕੇ ਗੁਰੂ ਨਾਨਕ ਨੂੰ ਯਾਦ

---

ਭਾਵੇਂ ਇਹ ਅਰਦਾਸ ਸਿੱਖ ਗੁਰਧਾਮਾਂ ਵਿਚ ਕੀਤੀ ਜਾਂਦੀ ਨਿਤ ਦੀ ਅਰਦਾਸ ਆਧਾਰਿਤ ਹੈ। ਫਿਰ ਵੀ ਪ੍ਰੋ.ਪੂਰਨ ਸਿੰਘ ਨੇ ਇਸ ਦੀ ਵਿਆਖਿਆ ਆਪਣੇ ਨਿਜੀ ਤੇ ਵਿਸ਼ੇਸ਼ ਰੰਗ ਵਿਚ ਕੀਤੀ ਹੈ। ਅਜਿਹਾ ਅਨੁਵਾਦ ਕਰਨ ਸਮੇਂ ਆਪ ਖੁਲ੍ਹਾਂ ਵੀ ਲੈ ਲੈਂਦੇ ਹਨ ਤੇ ਮੂਲ ਰਚਨਾ ਦੀ ਆਪਣੇ ਵਿਸ਼ੇਸ਼ ਵਿਅਕਤੀਗਤ ਨਾਲ ਹੀ ਵਿਆਖਿਆ ਕਰਦੇ ਹਨ ਜਿਸ ਵਿਚ ਕਈ ਮਾਰਮਿਕ ਨੁਕਤੇ ਲੁਕੇ ਹੁੰਦੇ ਹਨ।

ਇਹ ਪੰਕਤੀਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚੀਆਂ ਹੋਈਆਂ ਹਨ ਵਾਰ ਸ੍ਰੀ ਭਗੌਤੀ ਜੀ ਕੀ ਪਹਿਲੀ ਪਉੜੀ ਵਿਚ ਅੰਕਿਤ ਹਨ।

ਕਰੋ। ਫਿਰ ਗੁਰੂ ਅੰਗਦ, ਗੁਰੂ ਅਮਰਦਾਸ ਤੇ ਗੁਰੂ ਰਾਮਦਾਸ ਦਾ ਧਿਅ
ਧਰੋ।

ਮਹਾਨ ਗੁਰੂ ਸਾਹਿਬਾਨ ! ਆਪਣੇ ਸਿੱਖਾਂ ਦੇ ਸਹਾਈ ਹੋਵੋ।

ਫਿਰ ਗੁਰੂ ਅਰਜਨ ਦੇਵ ਨੂੰ ਸਿਮਰ ਕੇ ਗੁਰੂ ਹਰਿਗੋਬਿੰਦ ਤੇ ਪਵਿੱ
ਗੁਰੂ ਹਰਿਰਾਇ ਜੀ ਦਾ ਧਿਆਨ ਧਰੋ।

ਫਿਰ ਸ੍ਰੀ ਹਰਿਕ੍ਰਿਸ਼ਨ ਜੀ ਦਾ ਚਿਤਵਨ ਕਰੋ, ਜਿਨ੍ਹਾਂ ਦੇ ਦਰਸ਼ਨ ਕ
ਸਾਰੇ ਦੁਖ ਦੂਰ ਹੋ ਜਾਂਦੇ ਹਨ।

ਤੇਗ਼ ਬਹਾਦਰ ਨੂੰ ਸਿਮਰਨ ਅਰਥਾਤ ਉਹਨਾਂ ਦਾ ਨਾਮ ਲੈਣ ਨਾਲ ਸ
ਗੁਰਸਿਖਾਂ ਦੇ ਘਰ ਨਉਨਿਧਾਂ ਨਾਲ ਭਰਪੂਰ ਹੋ ਜਾਂਦੇ ਹਨ।

ਪਵਿੱਤਰ ਗੁਰੂ ਸਾਹਿਬਾਨ ਜੀ ! ਕਿਰਪਾ ਕਰਕੇ ਸਭ ਥਾਈਂ ਸ
ਸਹਾਈ ਹੋਵੋ।

ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ! ਸਾਡੀ
ਅਵਸਰਾਂ 'ਤੇ ਸਹਾਇਤਾ ਕਰੋ।

ਗੁਰੂ ਗਰੰਥ ਸਾਹਿਬ ਦੇ ਉਜਲ ਉਪਦੇਸ਼ਾਂ ਦਾ ਧਿਆਨ ਧਰੋ। ਗੁਰੂ
ਸ਼ਬਦ ਦੀ ਜੋਤ ਦਾ ਧਿਆਨ ਧਰੋ। ਖ਼ਾਲਸਾ ਜੀ ਦੇ ਬੀਰ ਕਰਤਵਾਂ ਦਾ ਸਿਮ
ਕਰਦੇ ਹੋਏ ਖ਼ਾਲਸਾ ਜੀ ਸਾਹਿਬ ! ਬੋਲੋ ਜੀ ਵਾਹਿਗੁਰੂ।

ਪੰਜ ਪਿਆਰੇ, ਚਾਰ ਸਾਹਿਬਜ਼ਾਦੇ ਤੇ ਚਾਲੀ ਮੁਕਤਿਆਂ ਦਾ ਧਿਆਨ
ਕੇ ਖ਼ਾਲਸਾ ਜੀ ਸਾਹਿਬ ! ਬੋਲੋ ਜੀ ਵਾਹਿਗੁਰੂ।

ਉਹਨਾਂ ਸਿੰਘਾਂ ਦੀ ਕਮਾਈ ਦਾ ਧਿਆਨ ਧਰੋ, ਜਿਨ੍ਹਾਂ ਨੇ ਗੁਰੂ
ਆਤਮਾ ਅਨੁਸਾਰ ਆਪਣੇ ਜੀਵਨ ਨੂੰ ਗੁਜ਼ਾਰਿਆ ਹੈ ਅਤੇ ਨਿਰੰਤਰ ਗੁਰੂ
ਪਵਿੱਤਰ ਨਾਮ ਨੂੰ ਜਪਿਆ ਹੈ।

ਜਿਨ੍ਹਾਂ ਨੇ ਗ਼ਰੀਬਾਂ ਤੇ ਦੁਖਿਆਰਿਆਂ ਦੀ ਰੱਖਿਆ ਲਈ ਤੇਗ਼ ਵਾਹੀ

ਜਿਨ੍ਹਾਂ ਨੇ ਪ੍ਰੇਮ ਤੇ ਕਿਰਤ ਦੀ ਦੇਗ਼ ਰਾਹੀਂ ਵੰਡ ਕੇ ਛਕਿਆ ਹੈ।

ਉਹਨਾਂ ਦਾ ਧਿਆਨ ਧਰੋ ਜਿਨ੍ਹਾਂ ਨੇ ਦੂਜਿਆਂ ਦੇ ਔਗੁਣਾਂ ਨੂੰ ਢਕਿ
(ਦੇਖ ਕੇ ਅਣਡਿਠ ਕੀਤਾ) ਤੇ ਪ੍ਰਭੂ ਦੀ ਖਿਮਾਂ ਯਾਚਨਾ ਸਮਾਨ ਸਭ ਨੂੰ ਖਿ
ਦਾਨ ਕੀਤਾ।

ਖ਼ਾਲਸਾ ਜੀ ! ਸਾਰੇ ਸਿੱਖ ਇਤਿਹਾਸ ਨੂੰ ਚਿਤਾਰਦੇ ਹੋਏ ਬੋਲੋ
ਵਾਹਿਗੁਰੂ।

ਮਹਾਨ ਗੁਰੂ ਜੀਓ ! ਸਾਨੂੰ ਆਪਣੀ ਗੁਰਸਿਖੀ ਦੀ ਦਾਤ ਬਖ਼
ਆਪਣੀ ਕਿਰਪਾ ਦੇ ਪਾਤਰ ਬਣਾਉ ਤੇ ਭਰੋਸਾ ਦਾਨ ਬਖ਼ਸ਼ੋ।

ਗੁਰੂ ਦੇ ਸਿੱਖ (ਸਰਬੱਤ ਖ਼ਾਲਸਾ) ਆਪ ਜੀ ਦੇ ਪਵਿੱਤਰ ਨਾਮ
ਨਿਰੰਤਰ ਜਪਦੇ ਰਹਿਣ। ਖ਼ਾਲਸਾ ਜੀ ਦੇ ਨਿਸ਼ਾਨ ਸਦਾ ਝੂਲਦੇ ਰਹਿਣ ਅਤੇ ਇ
ਸਭ ਕੁਝ ਆਪ ਦੀ ਪਵਿੱਤਰ ਯਾਦ ਤੇ ਕਿਰਪਾ ਦੁਆਰਾ ਹੋਵੇ।

ਪੰਥ ਕੀ ਜੀਤ, ਸਭ ਥਾਵਾਂ ਤੇ ਆਪ ਜੀ ਦੀ ਦੈਵੀ ਮਿਹਰ ਹੋਵੇ।

ਖ਼ਾਲਸਾ ਜੀ ਦੇ ਮਨ ਆਪ ਜੀ ਦੀ ਯਾਦ ਵਿਚ ਸਦਾ ਨੀਵੇਂ ਰਹਿਣ ਤੇ ਗੁਰੂ ਆਤਮਾ ਦੀ ਚੜ੍ਹਦੀ ਕਲਾ ਉਹਨਾਂ ਦੇ ਮਨ ਵਿਚ ਨਿਵਾਸ ਕਰੇ ਤੇ ਹਨਾਂ ਦੀ ਬੁਧ ਵਿਵੇਕ ਹੋਵੇ। ਫਿਰ ਆਪ ਦੀ ਯਾਦ ਵਿਚ ਸਾਡੀ ਆਤਮਾ ਸਦਾ ਆਪ ਦਾ ਵਾਹਿਗੁਰੂ ਨਾਮ ਜਪੇ।

ਅਸੀਂ ਆਪ ਜੀ ਦੀ ਨਿਵਾਜੀ ਹੋਈ ਸਾਧ-ਸੰਗਤ ਇਹ ਅਰਦਾਸ ਆਪ ਜੀ ਦੀ ਪਵਿੱਤਰ ਹਜ਼ੂਰੀ ਵਿਚ ਅਤੇ ਆਪ ਜੀ ਦੇ ਪਵਿੱਤਰ ਚਰਨ-ਕੰਵਲਾਂ ਉਤੇ ਕਰ ਰਹੇ ਹਾਂ।

ਕਿਰਪਾ ਕਰਕੇ ਸਾਡੇ ਔਗੁਣਾਂ ਨੂੰ ਨਾ ਚਿਤਾਰਨਾ ਜੀ ਤੇ ਸਾਡੇ ਜੀਵਨ ਨੂੰ ਆਪਣੀ ਮਿਹਰ ਨਾਲ ਭਰਪੂਰ ਕਰਨਾ ਜੀ।

ਜਿਥੇ ਵੀ ਖ਼ਾਲਸਾ ਨਿਵਾਸ ਕਰੇ, ਉਥੇ ਹਰ ਇਕ ਦੇ ਸਿਰ ਉਪਰ ਆਪ ਦਾ ਮਿਹਰ ਭਰਿਆ ਹੱਥ ਤੇ ਸੁਰੱਖਿਆ ਸਦਾ ਬਣੀ ਰਹੇ।

ਗੁਰੂ ਨਾਨਕ ਦੇ ਨਾਮ ਸਦਕਾ ਸਾਨੂੰ ਆਤਮਿਕ ਤੌਰ 'ਤੇ ਚੜ੍ਹਦੀਕਲਾ ਪ੍ਰਦਾਨ ਕਰੋ। ਸਾਡੀ ਆਤਮਾ ਸਦਾ ਸਰਵੁਚ ਸਤਾ ਨੂੰ ਮਾਣਦੀ ਰਹੇ, ਚੜ੍ਹਦੀਕਲਾ ਵਿਚ ਵਿਚਰੇ ਤੇ ਉਚੇ ਮੰਡਲਾਂ ਵਿਚ ਨਿਵਾਸ ਕਰੇ।

ਸਤਿਗੁਰ ਜੀਓ ! ਅਸੀਂ ਸਰਬੱਤ ਦੇ ਭਲੇ ਲਈ ਅਰਦਾਸ ਕਰਦੇ ਹਾਂ। ਸਭ ਕੁਝ ਆਪ ਜੀ ਦੀ ਮਿਹਰ ਤੇ ਭਾਣੇ ਵਿਚ ਹੋਵੇ।

ਸਤਿਗੁਰੂ ਜੀ ਸਮੂਹ ਖ਼ਾਲਸਾ ਵਾਹਿਗੁਰੂ ਜੀ ਦਾ ਹੈ ਅਤੇ ਸਦੀਵੀ ਫ਼ਤਹਿ ਵੀ ਵਾਹਿਗੁਰੂ ਜੀ ਦੀ ਹੀ ਹੈ।

(ਨਾਨਕੁ ਨਾਮੁ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ)

ਇਥੇ ਸਮੂਹ ਸੰਗਤ ਮੱਥਾ ਟੇਕਦੀ ਹੈ ਤੇ ਫਿਰ ਖੜ੍ਹੇ ਹੋ ਕੇ ''ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫਤਹਿ'' ਬੁਲਾਉਂਦੀ ਹੈ।

## ਗੁਰੂ ਗਰੰਥ ਦੇ ਨਿਰਦੇਸ਼ਾਂ ਅਨੁਸਾਰ ਲੰਮੀ ਨਦਰਿ

ਹਰ ਥਾਂ ਅਸੀਂ ਵੇਖਦੇ ਹਾਂ ਕਿ ਦੁਖਾਂ-ਕਲੇਸ਼ਾਂ, ਸੰਘਰਸ਼ਾਂ, ਮੁਸੀਬਤਾਂ, ਭੁੱਖ, ਬਿਮਾਰੀ, ਮੌਤ, ਧੋਖ਼ਾ-ਧੜੀ, ਛਲ-ਕਪਟ ਅਤੇ ਜੋਕਾਂ ਵਾਂਗ ਦੂਜਿਆਂ ਦੇ ਖ਼ੂਨ ਚੂਸਣ ਦਾ ਬੋਲ-ਬਾਲਾ ਹੈ। ਤਕੜਾ ਮਾੜੇ ਨੂੰ ਲੁਟ ਰਿਹਾ ਹੈ। ਅਜਿਹੇ ਅੰਧਕਾਰਮਈ ਸੰਸਾਰ ਦੀ ਕੋਈ ਵੀ ਚੇਤੰਨ ਮਨੁੱਖ ਪ੍ਰਸ਼ੰਸਾ ਨਹੀਂ ਕਰ ਸਕਦਾ। ਇਹ ਕਹਿਣਾ ਕਿ ਇਸ ਵਿਚ ਸਭ ਕੁਝ ਅੱਛਾ ਹੈ ਤੇ ਸਾਨੂੰ ਪ੍ਰਭੂ ਦਾ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ—ਮਨੁੱਖਤਾ ਲਈ ਸਭ ਤੋਂ ਵੱਡਾ ਬੁਧੂਪੁਣਾ ਅਤੇ ਨਿਪੁੰਨਸੁਕਤਾ ਦਾ ਸਿਖਰ ਹੈ। ਇੰਜ ਪ੍ਰਤੀਤ ਕਰਨਾ ਕਿ ਅਸੀਂ ਦੂਜਿਆਂ ਵਾਂਗ ਕਿਸੇ ਦੇ ਖਾਜੇ ਲਈ ਟੋਕਰੇ ਹੇਠ ਢਕੇ ਹੋਏ ਹਾਂ—ਜੀਵਨ ਦੇ ਕਿਸੇ ਵੀ ਗੰਭੀਰ ਚਿੰਤਕ ਲਈ ਚੰਗੇ ਭਵਿੱਖ ਦਾ ਸੂਚਕ ਨਹੀਂ ਹੋ ਸਕਦਾ।

ਫਿਰ ਇਸ ਵਿਚ ਕੀ ਰਹੱਸ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਲੰਮੀ ਨਦਰਿ ਬਖ਼ਸ਼ ਦਿਤੀ। ਇਹੋ ਅੰਤਰ-ਦ੍ਰਿਸ਼ਟੀ ਅਗੋਂ ਗੁਰੂ ਅਮਰਦਾਸ, ਗੁਰੂ ਰਾਮਦਾਸ ਤੇ ਫਿਰ ਗੁਰੂ ਅਰਜਨ ਦੇਵ ਜੀ ਨੂੰ ਪ੍ਰਾਪਤ ਹੋਈ। ਫਲਸਰੂਪ ਸਾਰਾ ਗੁਰੂ ਗਰੰਥ ਸਾਹਿਬ ਜੋ ਇਹਨਾਂ ਗੁਰੂ ਸਾਹਿਬਾਨ ਦੇ ਆਤਮਿਕ ਪ੍ਰਗੀਤਾਂ ਦਾ ਸੰਗ੍ਰਹਿ ਹੈ—ਉਸ ਦੈਂਵੀ ਸੰਗੀਤ ਦਾ ਮਹਾਂ-ਸਾਗਰ ਬਣ ਗਿਆ ਹੈ, ਜਿਸ ਦਾ ਸਹਿਜ ਅਨੰਦ ਅਖੁੱਟ ਤੇ ਸਦੀਵੀ ਹੈ ਅਤੇ ਇਸ ਵਿਚ ਲੋਪ ਨਾ ਹੋਣ ਵਾਲੇ ਸਿਤਾਰੇ ਦਾ ਅਥਾਹ ਭਰੋਸਾ ਮੌਜੂਦ ਹੈ। ਇਸ ਵਿਚ ਉਦਾਤ ਪ੍ਰੇਮ ਦੀ ਤ੍ਰੈ-ਗੁਣਾਤੀਤ ਭਾਵਨਾ ਉਸ ਆਤਮਾ ਦੀ ਸ਼ਾਨ ਦੀ ਵਡਿਆਈ ਦਾ ਆਪ-ਮੁਹਾਰੇ ਹੀ ਗੁਣ-ਗਾਇਨ ਕਰਦੀ ਹੈ। ਜੋ ਇਕ ਆਤਮਾ ਦੇ ਰੂਪ ਵਿਚ ਕਿਸੇ ਵਿਅਕਤੀ ਦੇ ਅੰਦਰ ਨਿਵਾਸ ਕਰ ਰਹੀ ਹੈ ਤੇ ਜਿਸ ਦੇ ਨਾਮ ਨੂੰ ਇਹਨਾਂ ਰਚਨਾਵਾਂ ਵਿਚ ਸਾਕਾਰ ਕੀਤਾ ਗਿਆ ਹੈ। ਇਹ ਅੱਖਰ ਉਸ ਆਤਮਾ ਵਲੋਂ ਅੰਕਿਤ ਕੀਤੇ ਗਏ ਹਨ—ਜਿਵੇਂ ਇਹ ਆਤਮਾ ਇਕ ਵਿਅਕਤੀ ਹੋਵੇ ਜਿਸ ਨੂੰ ਉਹ ਆਪਣੇ ਅੰਤਹਿਕਰਣ ਵਿਚ ਸਪਰਸ਼ ਕਰਦੇ, ਉਸ ਦੀ ਹੋਂਦ ਨੂੰ ਅਨੁਭਵ ਕਰਦੇ ਤੇ ਉਸ ਨੂੰ ਆਪਣੇ ਨਿਘੇ ਪ੍ਰੇਮ ਅਲਿੰਗਣ ਵਿਚ ਘੁਟਦੇ ਰਹੇ ਹੋਣ। ਇਹਨਾਂ ਸਾਡੇ ਵਰਗੇ ਹੀ ਦਿਸਦੇ-ਪਿਸਦੇ ਮਨੁੱਖਾਂ ਦੇ ਆਤਮਿਕ ਸੰਜੋਗ ਤੋਂ ਦੈਵੀ ਮਹਾਂ-ਅਨੰਦ ਦੇ ਉਸ ਸੰਗੀਤ ਦੀ ਗੁੰਜਾਰ ਉਠੀ, ਜੋ ਅਨੰਤ ਤੇ ਕਦੀ ਨਾ ਮੁਕਣ ਵਾਲਾ ਹੈ। ਜਿਸ ਧਰਤ ਉਤੇ ਵੀ ਗੁਰੂ ਸਾਹਿਬਾਨ ਜਾ ਬੈਠੇ, ਉਸ ਵਿਚੋਂ ਅਜ ਵੀ ਉਹਨਾਂ ਦੇ ਤ੍ਰੈ-ਗੁਣਾਤੀਤ ਆਤਮਿਕ ਮਨੋਭਾਵ ਦੀ ਸੁਗੰਧੀ ਆਉਂਦੀ ਹੈ। ਉਸ ਮਿੱਟੀ ਵਿਚ ਅਜ ਵੀ ਉਹਨਾਂ ਦੀ ਅੰਤਰੀਵ ਆਤਮਾ ਦੀ ਸ਼ਾਨ ਸਮਾਈ ਹੋਈ ਹੈ। ਇਹ ਰੱਬੀ-ਅਵਤਾਰ-ਵਿਅਕਤੀ ਤੀਬਰ ਮਨੋਵੇਗ ਵਿਚ ਪ੍ਰਭੂ-ਪ੍ਰੀਤਮ ਨੂੰ ਪ੍ਰੇਮ ਕਰਦੇ ਹਨ, ਉਸ

ਦਾ ਨਾਮ ਜਪਦੇ ਹਨ, ਉਸ ਦਾ ਗੁਣ ਗਾਇਨ ਕਰਦੇ ਹਨ ਅਤੇ ਪ੍ਰਭੂ-ਪ੍ਰੀਤਮ ਨੂੰ ਆਪਣੇ ਅੰਕ ਸਮਾਉਂਦੇ ਹਨ। ਉਹ ਅਹਿਲ ਤੇ ਸ਼ਾਂਤ ਰੂਪ ਵਿਚ ਇਸ ਧੁਰ ਦੀ ਬਾਣੀ ਦੇ ਗੀਤ ਨੂੰ ਗਾਉਂਦੇ ਰਹੇ। ਭਾਵੇਂ ਸੰਸਾਰ ਨੇ ਉਹਨਾਂ ਦੇ ਸਿਰ ਧੜ ਤੋਂ ਜੁਦਾ ਕਰ ਦਿਤੇ ਅਤੇ ਉਹਨਾਂ ਵਿਰੁੱਧ ਯੁਧ ਛੇੜ ਦਿਤੇ।

ਅਜਿਹੇ ਮੁਸੀਬਤਾਂ ਤੇ ਕਸ਼ਟਾਂ ਦੇ ਤੂਫ਼ਾਨ ਅਤੇ ਸ਼ਹੀਦੀ ਪਾਉਣ ਸਮੇਂ ਇਹ ਮਹਾਂ-ਪੁਰਖ ਮਨੋਂ-ਚਿਤੋਂ ਬੜੇ ਸੁਦ੍ਰਿੜ੍ਹ ਰਹੇ ਅਤੇ ਤੀਖਣ ਪ੍ਰਤੀਕਰਮ ਵਜੋਂ ਅਜਿਹੇ ਜੀਵਨ ਨੂੰ ਵੰਗਾਰਦੇ ਰਹੇ। ਅਜਿਹੀ ਹਾਲਤ ਵਿਚ ਵੀ ਇਹਨਾਂ ਵਿਅਕਤੀਆਂ ਨੇ ਆਪਣੇ ਇਸ ਮਹਾਂ-ਸੰਗੀਤ ਨੂੰ ਇਸ ਦੇ ਸਹਿਜ ਅਨੰਦ ਵਿਚ ਵੇਗਵਾਨ ਰੂਪ ਵਿਚ ਜਾਰੀ ਰਖਿਆ ਅਤੇ ਇਸ ਦੀ ਜੋਤ ਨੂੰ ਜਗਦੀ ਰਖਿਆ। ਅਜਿਹੀ ਤੀਬਰ ਮਨੋ-ਵੇਦਨਾ ਦੀ ਅਵਸਥਾ ਵਿਚ ਇਸ ਸੰਗੀਤ ਦੀ ਸ਼ਾਨਦਾਰ ਪੂਰਤੀ ਵਿਚ ਅਦੁਤੀ ਰੂਪ ਦੀ ਨਿਰਭੈਅਤਾ ਵਿਦਮਾਨ ਸੀ। ਇਸੇ ਨੂੰ ਆਤਮਿਕ ਜੀਵਨ ਦਾ ਸੱਚਾ ਸਰੂਪ ਕਿਹਾ ਜਾ ਸਕਦਾ ਹੈ।

ਭਾਰਤ ਦੇ ਧਾਰਮਿਕ ਇਤਿਹਾਸ ਵਿਚ ਦਸ ਗੁਰੂ ਸਾਹਿਬਾਨ ਦੇ ਜੀਵਨ ਸਮਾਚਾਰਾਂ ਵਿਚ ਪਹਿਲੀ ਵਾਰ ਆਤਮਿਕ ਜੀਵਨ ਦਾ ਅਜਿਹਾ ਭਰਪੂਰ ਝਲਕਾਰਾ ਦ੍ਰਿਸ਼ਟੀਗੋਚਰ ਹੁੰਦਾ ਹੈ। ਇਸ ਤੋਂ ਪਹਿਲਾਂ ਇਹ ਕਦੀ ਵੀ ਅਜਿਹੀ ਸ਼ਾਨ ਵਿਚ ਨਾ ਤਾਂ ਕਦੀ ਚਮਕਿਆ ਸੀ ਅਤੇ ਨਾ ਹੀ ਇਸ ਨੇ ਕਦੀ ਇਤਨੇ ਵੱਡੇ ਸਮਾਜਕ ਮਹੱਤਵ ਨੂੰ ਉਜਾਗਰ ਕੀਤਾ ਸੀ।

ਮਾਨਸਿਕ ਇਕਾਗਰਤਾ ਦੁਆਰਾ ਪਰਾਭੌਤਿਕ ਤੇ ਭੌਤਿਕ ਸੰਕਲਪਾਂ ਨੂੰ ਘੜ ਲੈਣਾ, ਕਰਾਮਾਤਾਂ ਵਿਖਾਉਣਾ ਤੇ ਰਿਧੀਆਂ-ਸਿਧੀਆਂ ਆਦਿ ਅਸਾਧਾਰਨ ਸਰੀਰਕ ਸ਼ਕਤੀਆਂ ਦੀ ਪ੍ਰਾਪਤੀ ਆਦਿ ਸਭ ਧਰਤ ਦੀਆਂ ਹੀ ਵਸਤਾਂ ਹੁੰਦੀਆਂ ਹਨ। ਪਰ ਇਸ ਤਰ੍ਹਾਂ ਦੀ ਸ਼ਕਤੀਸ਼ਾਲੀ ਸਹਿਜ ਸ਼ਾਂਤੀ ਦੀ ਜੋਤ ਨੂੰ ਇਸ ਤਰ੍ਹਾਂ ਦੀ ਖ਼ਤਰਨਾਕ ਹਾਲਤ ਤੇ ਸੰਘਰਸ਼ ਵਿਚ ਵੀ ਜਗਾਈ ਰਖ ਸਕਣਾ ਹੀ ਮਹਾਂਨ ਆਤਮਾਵਾਂ ਦੀ ਸਚੀ ਆਤਮ-ਸਤਾ ਹੋ ਸਕਦੀ ਹੈ। ਜੋ ਸਮੱਸਤ ਸ੍ਰਿਸ਼ਟੀ ਦੀ ਪਰਮ-ਸੰਦਰਤਾ ਵਿਚ ਜਲਾਲੀ ਤੇ ਜਮਾਲੀ ਰੂਪ ਵਿਚ ਪ੍ਰਕਾਸ਼ਮਾਨ ਦੇਖੀ ਜਾ ਸਕਦੀ ਹੈ।

ਭਾਰਤ ਵਿਚ ਉਸ ਸਮੇਂ ਪ੍ਰਚਲਿਤ ਧਾਰਮਿਕ ਰੀਤੀਆਂ ਤੇ ਕਰਮ-ਕਾਂਡਾਂ ਤੋਂ ਗੁਰੂ ਸਾਹਿਬ ਆਪ ਅਪ੍ਰਸੰਨ ਸਨ ਤੇ ਹੁਕਮਰਾਨ ਬਘਿਆੜਾਂ ਵਲੋਂ ਢਾਹੇ ਜਾਂਦੇ ਜ਼ੁਲਮਾਂ ਤੋਂ ਉਹ ਦੁਖੀ ਸਨ ਪਰ ਪ੍ਰਭੂ ਦੀ ਪਰਮ-ਸੁੰਦਰਤਾ ਦੀ ਅੰਤਰ-ਦ੍ਰਿਸ਼ਟੀ ਵਿਚ ਉਹ ਇਹਨਾਂ ਨਿਗੂਣੀਆਂ ਤੇ ਤੁਛ ਘਟਨਾਵਾਂ ਦੁਆਰਾ ਵਿਘਨ ਨਹੀਂ ਸੀ ਪੈਣ ਦੇਣਾ ਚਾਹੁੰਦੇ। ਆਪ ਲਈ ਤਾਂ ਸ੍ਰਿਸ਼ਟੀ ਦਾ ਇਹ ਪ੍ਰਬੰਧ ਪਰਮ-ਪੂਰਨ ਤੇ ਪਰਮ-ਸੁੰਦਰ ਸੀ। ਆਪ ਤਾਂ ਨਿਰੰਤਰ ਵਿਸਮਾਦੀ ਅਨੰਦ ਦੀ ਤ੍ਰੈ-ਗੁਣਾਤੀਤ ਅਵਸਥਾ ਵਿਚ ਵਿਚਰਦੇ ਸਨ। ਆਪ ਨੂੰ ਪ੍ਰਭੂ ਦੇ ਇਸ ਪ੍ਰਬੰਧ ਬਾਰੇ ਕੋਈ ਵੀ ਗਿਲਾ ਜਾਂ ਸ਼ਿਕਵਾ ਨਹੀਂ ਸੀ। ਆਪ ਤਾਂ ਪ੍ਰਭੂ ਦੀ ਇਸ ਸ੍ਰਿਸ਼ਟੀ ਨਾਲ ਪੂਰਨ ਤੌਰ 'ਤੇ ਪ੍ਰੇਮ ਅਤੇ ਸਹਾਨੁਭੂਤੀ ਵਾਲੀ ਆਤਮਿਕ ਅਵਸਥਾ ਵਿਚ ਵਿਚਰਦੇ ਸਨ।

ਗੁਰੂ ਸਾਹਿਬ ਤਾਂ ਰੱਬੀ ਹੁਕਮ ਦਾ ਗੁਣ-ਗਾਇਨ ਕਰਦੇ ਹਨ, ਪ੍ਰਭੂ ਦੀ ਅਗੰਮ-ਅਗਾਧ ਹੁਕਮ ਰਜ਼ਾ ਨੂੰ ਪਛਾਣਦੇ ਹਨ। ਗੁਰੂ ਸਾਹਿਬ ਵਿਚ ਤਾਂ ਵਿਸ਼ਵ-ਆਤਮਾ ਦੀ ਬ੍ਰਹਿਮੰਡੀ ਚੇਤਨਾ ਵਿਦਮਾਨ ਹੈ। ਆਪ ਦੀ ਅੰਤਰ ਆਤਮਾ ਕਦੀ ਵੀ ਅਨੰਤ ਆਤਮਾ ਦੀ ਹੋਂਦ ਤੋਂ ਸਖਣੀ ਨਹੀਂ ਸੀ ਹੋ ਸਕਦੀ। ਇਸ ਲਈ ਇਸ ਵਿਚ ਕਦੀ ਨਿਰਾਸ਼ਾ ਜਾਂ ਉਦਾਸੀ ਉਤਪੰਨ ਨਹੀਂ ਸੀ ਹੋ ਸਕਦੀ ਜਿਹਾ ਕਿ ਆਮ ਤੌਰ 'ਤੇ ਨਿਮਨ ਕੋਟੀ ਦੇ ਅਖਾਉਤੀ ਕਵੀ-ਜਨਾਂ, ਪ੍ਰਕਾਸ਼ ਰਹਿਤ ਬੁਧੀਜੀਵੀਆਂ ਅਤੇ ਦਾਰਸ਼ਨਿਕ ਚਿੰਤਕਾਂ ਦੀ ਹਾਲਤ ਵਿਚ ਹੁੰਦਾ ਹੈ ਜੋ ਨਿਰਾਸ਼ਾ ਤੇ ਉਦਾਸੀ ਦੇ ਸੋਹਿਲੇ ਗਾਉਂਦੇ ਹਨ।

ਗੁਰੂ ਜੀ ਤਾਂ ਪੌਣਾਂ ਦੇ ਚਲਣ ਦੀ ਪ੍ਰਕ੍ਰਿਆ ਨੂੰ ਨਿਹਾਰਦੇ ਹਨ, ਮੇਘਾਂ ਦੀ ਗਰਜ ਨੂੰ ਸੁਣਦੇ ਹਨ ਅਤੇ ਇਹਨਾਂ ਵਿਚ ਛੁਪੀ ਉਸ ਬਿਜਲੀ ਦੇ ਲਿਸ਼ਕਾਰਿਆਂ ਨੂੰ ਵੇਖਦੇ ਹਨ। ਇਹਨਾਂ ਸਭ ਕੁਦਰਤ ਦੇ ਚਮਤਕਾਰਾਂ ਦੁਆਰਾ ਵਿਸ਼ਵ ਆਤਮਾ ਦੀ ਰੱਬੀ ਲੀਲ੍ਹਾ ਦੇ ਮਹਾਨ ਕੌਤਕਾਂ ਤੇ ਵਰਤਾਰਿਆਂ ਤੋਂ ਜਾਣੂੰ ਹੁੰਦੇ ਹਨ। ਪ੍ਰਭੂ ਜੀ, "ਇਹ ਸਭ ਤੁਹਾਡੀ ਰਜ਼ਾ ਹੈ ਕਿ ਮਨੁੱਖ ਮੂਰਖ ਤੇ ਅਚੇਤ ਹਨ, ਜ਼ਾਲਮ ਗ਼ਰੀਬਾਂ ਤੇ ਨਿਤਾਣਿਆਂ ਉਤੇ ਜ਼ੁਲਮ ਢਾਹੁੰਦੇ ਹਨ। ਮੇਰੇ ਲਈ ਤਾਂ ਇਹ ਸਭ ਕੁਝ ਇਕ ਮਨੁੱਖੀ ਪ੍ਰਕ੍ਰਿਆ ਹੀ ਹੈ ਜੋ ਆਪ ਦੇ ਹੁਕਮ ਅਧੀਨ ਨਿਰਦਿਸ਼ਟ ਹੋ ਰਹੀ ਹੈ। ਅਸੀਂ ਇਸ ਦੇ ਰਹੱਸ ਨੂੰ ਲਖ ਨਹੀਂ ਸਕਦੇ। ਆਪ ਪਰਮ ਸੁੰਦਰ ਹੋ ਅਤੇ ਆਪ ਦਾ ਹੁਕਮ ਵੀ ਅਟਲ ਹੈ।" ਪ੍ਰਭੂ ਜੀ ! ਮੇਰਾ ਹਿਰਦਾ ਤਾਂ ਤੁਹਾਡੇ ਦਰਸ਼ਨਾਂ ਲਈ ਤਾਂਘ ਰਿਹਾ ਹੈ। ਆਪ ਕਿੰਨੇ ਸੁੰਦਰ ਤੇ ਮਨ ਨੂੰ ਮੋਹਣ ਵਾਲੇ ਹੋ। ਪ੍ਰਭੂ ਜੀ ! ਮੈਂ ਤੁਹਾਡੇ ਵਿਰੁੱਧ ਕੋਈ ਗਿਲਾ ਜਾਂ ਸ਼ਿਕਵਾ ਕਿਵੇਂ ਕਰ ਸਕਦਾ ਹਾਂ ? ਆਪ ਨੇ ਹੀ ਇਹ ਸਭ ਕੁਝ ਸਿਰਜਿਆ ਹੈ ਅਤੇ ਆਪ ਆਪਣੀ ਇਛਾ ਅਨੁਸਾਰ ਹੀ ਇਹਨਾਂ ਸਭ ਵਸਤਾਂ ਦਾ ਧਿਆਨ ਰਖਦੇ ਹੋ। ਮੈਂ (ਅਲਪਗ) ਕਿਵੇਂ ਇਸ ਸਭ ਕੁਝ ਨੂੰ ਜਾਣ ਸਕਦਾ ਹਾਂ ਤੇ ਨਾ ਹੀ ਇਸ ਬਾਰੇ ਕੋਈ ਨਿਰਣਾ ਦੇ ਸਕਣ ਦੇ ਸਮਰੱਥ ਹਾਂ।

ਗੁਰੂ ਗਰੰਥ ਸਾਹਿਬ ਦਾ ਹਰ ਪੰਨਾ ਇਸ ਮਹਾਨ ਤਿਆਗ ਦੀ ਭਾਵਨਾ ਨਾਲ ਭਰਪੂਰ ਹੈ। ਮਨੁੱਖੀ ਮਨ ਤੋਂ ਉਤਪੰਨ ਹੋਣ ਵਾਲੇ ਸਿਧਾਂਤ ਤੇ ਸੰਕਲਪ ਜੋ ਇਸ ਸੰਸਾਰ ਵਿਚ ਮਨੁੱਖ ਦੇ ਦੁਖਾਂ ਤੇ ਹੋਣੀ ਨਾਲ ਸੰਬੰਧਿਤ ਹਨ, ਬਾਰੇ ਇਸ ਮਹਾਨ ਤਿਆਗ ਦੀ ਉਪਰੋਕਤ ਭਾਵਨਾ ਮੌਜੂਦ ਹੈ। ਇਸ ਮਹਾਨ ਵੈਰਾਗ ਵਿਚੋਂ ਹੋਰ ਕੁਝ ਨਹੀਂ, ਸਗੋਂ ਕੇਵਲ ਸੰਗੀਤ ਦੀਆਂ ਧੁਨੀਆਂ ਦੀ ਗੁੰਜਾਰ ਹੀ ਉਤਪੰਨ ਹੁੰਦੀ ਹੈ ਜੋ ਸ੍ਰਿਸ਼ਟੀ ਦੇ ਉਹਨਾਂ ਵਿਸਮਾਦੀ ਦ੍ਰਿਸ਼ਾਂ ਨੂੰ ਵੇਖ ਕੇ ਜੀਵਨ ਦੇ ਸਹਿਜ ਅਨੰਦ ਦੀ ਅੰਮ੍ਰਿਤ ਵਰਖਾ ਕਰਦੀ ਹੈ ਜੋ ਗੁਰੂ ਨਾਨਕ ਦੀ ਬਾਣੀ ਦੇ ਮਧੁਰ ਬੋਲਾਂ ਨੂੰ ਸੁਣ ਰਹੇ ਹਨ।

ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ ਕਿ ਧਰਮ ਦਾ ਪਰਮਾਨੰਦ ਵਿਰਲੇ ਤੇ ਸੁਭਾਗੇ ਜਿਉੜਿਆਂ ਨੂੰ ਹੀ ਪ੍ਰਾਪਤ ਹੁੰਦਾ ਹੈ। ਇਹ ਉਹਨਾਂ ਵਿਅਕਤੀਆਂ ਦੀ ਹੀ ਵੱਥ ਹੁੰਦੀ ਹੈ ਜੋ ਪੂਰਨਤਾ ਨੂੰ ਪਹੁੰਚ ਜਾਂਦੇ ਹਨ। ਜਦੋਂ

ਕਿਸੇ ਦੇ ਜੀਵਨ ਵਿਚ ਇਹ ਸੁਲੱਖਣਦੀ ਘੜੀ ਆਉਂਦੀ ਹੈ, ਉਦੋਂ ਹੀ ਉਸ ਦੇ ਅੰਦਰ ਦੈਵੀ-ਆਵੇਸ਼ ਦਾ ਪ੍ਰਵੇਸ਼ ਹੁੰਦਾ ਹੈ। ਪਰ ਅਜਿਹੇ ਵਿਅਕਤੀ ਬੜੇ ਵਿਰਲੇ ਤੇ ਟਾਂਵੇਂ-ਟਾਂਵੇਂ ਹੀ ਹੁੰਦੇ ਹਨ। ਬਾਕੀ ਗੁਰੂ ਸਾਹਿਬਾਨ ਨੇ ਵੀ ਇੰਜ ਹੀ ਕਥਨ ਕੀਤਾ ਹੈ। ਘਟ ਯੋਗਤਾ ਵਾਲੇ ਵਿਅਕਤੀ ਤਾਂ ਕੇਵਲ ਕੁਝ ਨਿਰਦੇਸ਼ ਲੈ ਕੇ ਕੁਝ ਪ੍ਰਵਿਰਤੀਆਂ ਤਕ ਹੀ ਸੀਮਤ ਰਹਿ ਸਕਦੇ ਹਨ।

ਫਿਰ ਇਸ ਦਾ ਕੀ ਕਾਰਨ ਹੈ ਕਿ ਗੁਰੂ ਸਾਹਿਬਾਨ ਦੀ ਬਾਣੀ ਦੇ ਮਧੁਰ ਸੰਗੀਤ ਨੂੰ ਸੁਣ ਕੇ ਮਨੁੱਖਾਂ ਦੀਆਂ ਵਹੀਰਾਂ ਉਹਨਾਂ ਦੇ ਗਿਰਦੇ ਆ ਜੁੜੀਆਂ। ਇਹਨਾਂ ਨੇ ਇਸਪਾਤ ਦੀਆਂ ਕੜੀਆਂ ਸਮਾਨ ਆਪਣੇ ਆਪ ਨੂੰ ਇਕ ਸ਼ਕਤੀਸ਼ਾਲੀ ਜਨ-ਸਮੂਹ ਦੇ ਰੂਪ ਵਿਚ ਸੰਗਠਿਤ ਕਰ ਲਿਆ। ਇਹਨਾਂ ਲੋਕਾਂ ਨੇ ਆਪਣੇ ਅਤੀਤ ਦੇ ਜੀਵਨ ਨੂੰ ਰੱਦ ਕਰਕੇ ਗੁਰੂ ਦੇ ਧਿਆਨ ਵਿਚ ਨਵਾਂ ਜੀਵਨ ਆਰੰਭ ਕੀਤਾ। ਅਜਿਹੇ ਸਮੇਂ ਪੁਰਾਣੇ ਸਭ ਨੁਸਖ਼ੇ ਤੇ ਨਸੀਹਤਾਂ ਸੁਕੇ ਬਾਲਣ ਸਮਾਨ ਸਾੜਨ ਯੋਗ ਹੋ ਜਾਂਦੇ ਹਨ। ਗੁਰੂ ਆਪਣੀ ਨਿਜ ਆਤਮਾ ਤੋਂ ਲੋਕਾਂ ਨੂੰ ਨਵਾਂ ਜੀਵਨ ਬਖ਼ਸ਼ਦਾ ਹੈ ਤੇ ਸਿੱਖ ਤਾਂ ਗੁਰੂ ਦੇ ਅੰਗਾਂ ਵਿਚੋਂ ਜਨਮ ਧਾਰਦਾ ਹੈ।

ਕਿਸੇ ਵੀ ਉਚੇਰੇ ਸੱਚ ਦਾ ਅਭਿਆਸ ਦੇਵ ਲੋਕ ਨਾਲ ਨਿਜੀ ਸੰਪਰਕ ਜੋੜਨ ਤੋਂ ਬਿਨਾਂ ਅਸੰਭਵ ਹੈ। ਇਸ ਵਿਸਮਾਦੀ ਸੁੰਦਰ ਲੋਕ ਨਾਲ ਸੰਬੰਧ ਜੋੜਨਾ ਜ਼ਰੂਰੀ ਹੈ। ਪ੍ਰਭੂ ਤੇ ਮਨੁੱਖ ਵਿਚਕਾਰ ਇਹ ਪ੍ਰਸਪਰ ਸੰਬੰਧ ਬੜਾ ਸਿਧਾ ਸਾਦਾ ਤੇ ਆਪ ਮੁਹਾਰੇ ਹੀ ਇਸ ਤਰ੍ਹਾਂ ਜੁੜਨ ਵਾਲਾ ਹੁੰਦਾ ਹੈ ਜਿਵੇਂ ਦਰਿਆ ਵਗਦੇ ਆ ਕੇ ਸੰਗਮ ਉਤੇ ਮਿਲ ਜਾਂਦੇ ਹਨ। ਦਰਿਆਵਾਂ ਦੇ ਸੰਗਮ ਉਤੇ ਮਿਲਣ ਦੇ ਦ੍ਰਿਸ਼ਟਾਂਤ ਨੂੰ ਸਨਮੁਖ ਰਖ ਕੇ ਹੀ ਗੁਰੂ ਸਾਹਿਬ ਨੇ ਮਨੁੱਖ ਤੇ ਪ੍ਰਭੂ ਦੇ ਮੇਲ ਨੂੰ 'ਮੇਲਾ ਸੰਜੋਗੀ ਰਾਮ' ਕਿਹਾ ਹੈ। ਇਸੇ ਤਰ੍ਹਾਂ ਹੀ ਗੁਰੂ ਸਾਹਿਬ ਲੋਕਾਂ ਨੂੰ ਮਿਲੇ ਤੇ ਲੋਕ ਗੁਰੂ ਸਾਹਿਬ ਨੂੰ ਮਿਲੇ। ਗੁਰੂ ਸਾਹਿਬ ਦੀ ਬਾਣੀ ਦੇ ਸੰਗੀਤ ਦੇ ਦਰਿਆ ਦੇ ਇਸ ਪ੍ਰਵਾਹ ਨੇ ਉਹਨਾਂ ਨੂੰ ਨਵਾਂ ਜੀਵਨ ਬਖ਼ਸ਼ਿਆ ਤੇ ਲੋਕਾਂ ਨੇ ਆਪਣੇ ਜੀਵਨ ਦਾ ਨਵਾਂ ਆਰੰਭ ਕੀਤਾ। ਇਸ ਨਵ-ਜੀਵਨ ਦੇ ਆਦਿ ਦਾ ਅੰਤ ਕਿਥੇ ਹੋਵੇਗਾ ? ਉਹ ਮੰਜ਼ਿਲ ਹਾਲੀਂ ਦਿਖਾਈ ਨਹੀਂ ਦਿੰਦੀ। "ਮੇਰਾ ਸਿੱਖ ਪ੍ਰੇਮ ਦਾ ਸਾਖਿਆਤ ਸਰੂਪ ਹੋਵੇਗਾ, ਸੇਵਾ ਕਰਨ ਲਈ ਸਦਾ ਤਤਪਰ ਰਹੇਗਾ, ਉਸ ਵਿਚ ਪ੍ਰਭੂ ਦੇ ਮਿਲਾਪ ਲਈ ਭਾਵਨਾ ਇਕ ਗੀਤ ਰੂਪ ਵਿਚ ਸਦਾ ਤੜਪਦੀ ਵੇਦਨਾ ਨੂੰ ਸਾਕਾਰ ਕਰੇਗੀ। ਜੋ ਉਸ ਵਿਸ਼ਵ-ਆਤਮਾ ਲਈ ਤਾਂਘ ਰਹੀ ਹੋਵੇਗੀ ਜੋ ਜਲਾਂ ਤੇ ਥਲਾਂ ਵਿਚ ਸਭ ਥਾਂ ਵਿਆਪਕ ਹੈ। ਮੇਰਾ ਸਿੱਖ ਸਚ-ਮੁਚ ਉਸ ਬ੍ਰਿਛ ਦੀ ਛਾਂ ਸਮਾਨ ਹੋਵੇਗਾ ਜੋ ਸੜਕ ਉਤੇ ਆਉਂਦੇ ਜਾਂਦੇ ਰਾਹੀਆਂ ਨੂੰ ਸੁਖਦਾਈ ਛਾਂ ਦੇਵੇਗਾ, ਉਹਨਾਂ ਦੀ ਟਹਿਲ ਸੇਵਾ ਕਰੇਗਾ, ਉਹਨਾਂ ਲਈ ਲੰਗਰ-ਪਾਣੀ ਦਾ ਪ੍ਰਬੰਧ ਕਰੇਗਾ। ਮੇਰੇ ਧਰਮ ਦਾ ਬਸ ਇਹੋ ਹੀ ਪ੍ਰਚਾਰ ਤੇ ਸਰੂਪ ਹੋਵੇਗਾ। ਸਾਰੇ ਮਨੁੱਖੀ ਕਾਰਜਾਂ ਵਿਚ ਇਸ ਤਰ੍ਹਾਂ ਦਾ ਨਿਜੀ ਰੂਪ ਦਾ ਸਹਿਜ ਮਿਲਾਪ ਹੀ ਸਿਧਾ-ਸਾਦਾ ਤੇ ਪ੍ਰਤੱਖ ਰੂਪ ਦੀ ਸਿਖਿਆ ਦਾ ਮਾਧਿਅਮ ਹੋਵੇਗਾ। ਮੇਰੇ ਸਿੱਖ ਲਈ ਸਭ ਦਰ ਖੁਲ੍ਹ ਜਾਣਗੇ, ਉਸ ਦੇ ਵਿਅਕਤੀਤਵ ਵਿਚੋਂ ਪ੍ਰੇਮ ਦੇ

ਹੜ੍ਹ ਵਹਿ ਤੁਰਨਗੇ, ਵਿਸ਼ਵ-ਵਿਆਪੀ ਸਰਬੱਤ ਦੇ ਭਲੇ ਦੀ ਭਾਵਨਾ ਉਸ ਵਿਚੋਂ ਉਤਪੰਨ ਹੋਵੇਗੀ, ਕਰਤਾਰ ਤੇ ਉਸ ਦੀ ਸਾਜੀ ਹੋਈ ਸ੍ਰਿਸ਼ਟੀ ਲਈ ਡੂੰਘਾ ਪ੍ਰੇਮ ਤੇ ਅਸਗਾਹ ਸਹਾਨੁਭੂਤੀ ਉਸ ਦੀ ਰਾਸ-ਪੂੰਜੀ ਹੋਵੇਗੀ ਅਤੇ ਅੰਤਰੀਵ ਗਿਆਨ ਦੇ ਪ੍ਰਕਾਸ਼ ਅੰਦਰ ਉਹ ਆਪਣੇ ਆਪ ਨੂੰ ਪੂਰਨ ਤੌਰ 'ਤੇ ਪ੍ਰਭੂ-ਪ੍ਰੀਤਮ ਦੇ ਸਮਰਪਿਤ ਕਰ ਦੇਵੇਗਾ। ਇਹੋ ਹੀ ਮੇਰੇ ਧਰਮ ਦੇ ਚਿੰਨ੍ਹ ਜਾਂ ਨਿਸ਼ਾਨ ਹੋਣਗੇ, ਇਹੋ ਹੀ ਆਤਮਿਕ ਤੌਰ 'ਤੇ ਜਾਗੇ ਹੋਏ ਅਰਥਾਤ ਆਤਮਿਕ ਅਨੁਭੂਤੀ ਵਾਲੀ ਮਨੁੱਖਤਾ ਦੀ ਪਛਾਣ ਹੋਵੇਗੀ।''

ਪਹਿਲੀ ਵਾਰ ਜ਼ਬਰਦਸਤੀ ਕੀਤੀ ਗਈ ਧਰਮ ਬਦਲੀ, ਜਿਹਾ ਕਿ ਇਸਲਾਮ-ਮਤ ਤੇ ਇਸਾਈ-ਮਤ ਦੁਆਰਾ ਕੀਤੀ ਜਾਂਦੀ ਸੀ; ਦਾ ਖ਼ਾਤਮਾ ਕਰ ਦਿਤਾ ਗਿਆ। ਪਹਿਲੀ ਵਾਰ ਯੁਗਾਂ ਦੇ ਉਸ ਅਧਿਆਤਮਿਕ ਪ੍ਰਵਾਹ ਦੀ ਨਦੀ ਨੂੰ ਜਾਰੀ ਕਰ ਦਿਤਾ ਗਿਆ ਜੋ ਸਦੀਆਂ ਤੋਂ ਲੋਹੇ ਦੀਆਂ ਜ਼ੰਜੀਰਾਂ ਵਿਚ ਕੈਦ ਸੀ। ਇਸ ਦੇ ਜੰਦਰੇ ਲੋਕਾਂ ਲਈ ਖੋਲ੍ਹ ਦਿਤੇ ਗਏ। ਇਸ ਮੌਨ ਰੂਪ ਦੇ ਅਧਿਆਤਮਿਕ ਮਿਲਾਪ ਲਈ ਜੀਵਨ ਦੇ ਇਸ ਮੌਨ ਸੁਝਾਵਾਂ ਦੀ ਖ਼ਾਤਰ ਆਤਮਿਕ ਤੌਰ 'ਤੇ ਜੀਵਤ ਵਿਅਕਤੀ ਦੇ ਇਸ ਸੂਖ਼ਮ ਸੰਕੇਤਾਂ ਨੂੰ ਪ੍ਰਾਪਤ ਕਰਨ ਲਈ ਗੁਰੂ, ਜਨ-ਸਮੂਹ ਨੂੰ ਕੀਰਤਨ ਕਰ ਰਹੀ ਪ੍ਰਗੀਤਕ ਸੰਗੀਤ ਮੰਡਲੀ ਦੇ ਸਰੂਪ ਵਿਚ ਜਾ ਮਿਲਿਆ, ਜਿਸ ਨੂੰ ਕਿ ਆਪ ਨੇ ਸਾਧ-ਸੰਗਤ ਕਹਿ ਕੇ ਸੰਬੋਧਿਤ ਕੀਤਾ।

ਅਜਿਹੇ ਸੰਪੂਰਨ ਮਨੁੱਖ ਨੂੰ ਆਪਣੀਆਂ ਖ਼ੁਸ਼ੀਆਂ ਦੂਜੇ ਮਨੁੱਖਾਂ ਤੇ ਕੁਦਰਤ ਨਾਲ ਸਾਂਝੀਆਂ ਕਰਨੀਆਂ ਚਾਹੀਦੀਆਂ ਹਨ। ਗੁਰੂ ਦੁਆਰਾ ਸਿਰਜੇ ਅਜਿਹੇ ਦੇਵ-ਪੁਰਖਾਂ ਨੂੰ ਬ੍ਰਿਛਾਂ ਦੇ ਪੱਤੇ ਵੀ ਘੇਰ ਲੈਂਦੇ ਹਨ, ਦਰਿਆਵਾਂ ਦੀਆਂ ਲਹਿਰਾਂ ਆ ਫੜਦੀਆਂ। ਜਿਹੜੇ ਬਸਤਰ ਉਹ ਪਹਿਨਦਾ, ਜਿਹੜੇ ਸਥਾਨ 'ਤੇ ਉਹ ਬੈਠਦਾ ਤੇ ਜਿਹੜੀ ਧਰਤੀ ਉਤੋਂ ਉਹ ਲੰਘਦਾ, ਉਥੇ ਇਹ ਸੂਖ਼ਮ ਦੈਵੀ ਤਰੰਗਾਂ ਦਾ ਵਿਤਰਨ ਉਸੇ ਤਰ੍ਹਾਂ ਕਾਰਜ ਕਰਦਾ ਜਿਵੇਂ ਕਿਸੇ ਵੀ ਪ੍ਰਕਾਰ ਦੀ ਉਚੇਰੀ ਊਰਜਾ ਆਪਣਾ ਕਾਰਜ ਕਰਦੀ ਹੈ। ਜਦੋਂ ਇਸ ਊਰਜਾ ਦਾ ਸੰਚਾਰ ਹੁੰਦਾ ਹੈ ਤਾਂ ਕਲੀਆਂ ਆਪਣਾ ਮੂੰਹ ਖੋਲ੍ਹ ਫੁੱਲ ਬਣ ਜਾਂਦੀਆਂ ਹਨ। ਇਹ ਪ੍ਰਗੀਤਕ ਰੂਪ ਦੀ ਮੌਨ ਸ਼ਾਂਤੀ ਜੋ ਪੀੜ੍ਹੀਆਂ ਬਧੀ ਸੁਰਖਿਅਤ ਰਹਿੰਦੀ ਹੈ। ਮਨੁੱਖ ਦੀ ਸੁੰਦਰ ਦੇਵਤਿਆਂ ਦੇ ਰੂਪ ਵਿਚ ਕਾਇਆ-ਕਲਪ ਕਰ ਜਾਂਦੀ ਹੈ। ਇਹ ਉਹਨਾਂ ਦੇ ਨੈਣ-ਨਕਸ਼ਾਂ ਨੂੰ ਪ੍ਰਭੂ ਦੇ ਪ੍ਰਤੀਬਿੰਬਾਂ ਵਿਚ ਉਜਾਗਰ ਕਰ ਦਿੰਦੀ ਹੈ, ਇਹ ਉਹਨਾਂ ਦੇ ਸਰੀਰ ਨੂੰ ਮਧੁਰ ਗੀਤ ਵਿਚ ਗੂੰਜਾ ਦਿੰਦੀ ਹੈ ਅਤੇ ਰਸ-ਭਿੰਨੀ ਮਹਿਕ ਨਾਲ ਭਰਪੂਰ ਕਰ ਦਿੰਦੀ ਹੈ।

ਸਾਧ-ਸੰਗਤ ਉਹ ਸਮੂਹ ਨਹੀਂ ਹੈ, ਜਿਥੇ ਭੀੜ ਆ ਜੁੜਦੀ ਹੈ। ਇਹ ਤਾਂ ਉਹ ਸਥਾਨ ਹੈ ਜਿਥੇ ਕੁਦਰਤ ਵਿਚ ਕਾਦਰ ਨੂੰ ਵੇਖਣ ਵਾਲੇ ਸਭ ਹਿਰਦੇ ਉਸ ਪ੍ਰਭੂ-ਪ੍ਰੀਤਮ ਦੇ ਮਿਲਾਪ ਲਈ ਸੰਵੇਦਨਸ਼ੀਲ ਰੂਪ ਵਿਚ ਤੜਪ ਰਹੇ ਹੁੰਦੇ ਹਨ ਅਤੇ ਪ੍ਰੇਮ ਵਿਚ ਇਕਸੁਰ ਹੋ ਜਾਂਦੇ ਹਨ, ਰਲ ਕੇ ਸੇਵਾ ਕਰਦੇ ਹਨ, ਸਮੁੱਚੇ

ਜੀਵਨ ਨਾਲ ਇਕ ਰਹੱਸਮਈ ਸਹਾਨੁਭੂਤੀ ਰਖਦੇ ਹਨ। ਪ੍ਰਭੂ, ਸੱਚ ਤੇ ਨਿਰੰਤਰ ਪੂਰਨਤਾ ਵਲ ਵਧ ਰਹੀ ਸੰਪੂਰਨਤਾ ਲਈ ਪ੍ਰੀਸ਼ਰਮ ਕਰਦੇ ਹਨ। ਸਾਧ-ਸੰਗਤ ਉਹ ਸਥਾਨ ਹੈ, ਜਿਥੇ ਪ੍ਰਭੂ ਦੇ ਇਕੋ ਨਾਮ ਦੀ ਮਹਿਮਾ ਦਾ ਗੁਣ ਗਾਇਨ ਕੀਤਾ ਜਾਂਦਾ ਹੈ, ਉਸ ਦਾ ਬਖਾਨ ਕੀਤਾ ਜਾਂਦਾ ਹੈ। ਜਿਥੇ ਜੀਵਨ ਦੇ ਗਹਿਰ-ਗੰਭੀਰ ਸੰਗੀਤ ਨਾਲ ਮਨੁੱਖ ਤੇ ਕੁਦਰਤ ਦੋਵੇਂ ਹੀ ਇਕਸੁਰ ਹੁੰਦੇ ਹਨ। ਅਜਿਹੇ ਆਤਮਿਕ ਅਨੁਭਵ ਦੀ ਪ੍ਰਾਪਤੀ ਲਈ ਗੁਰੂ ਜੀ ਨੂੰ ਪਹਿਲਾਂ ਹੀ ਕਈ ਫ਼ਿਰਕਿਆਂ ਵਿਚ ਵੰਡੀ ਹੋਈ ਮਨੁੱਖਤਾ ਨੂੰ ਕਿਸੇ ਵਿਸ਼ੇਸ਼ ਪੰਥ ਵਿਚ ਸੰਗਠਿਤ ਕਰਨ ਦਾ ਕਦੀ ਵੀ ਖ਼ਿਅਲ ਨਹੀਂ ਆਇਆ। ਗੁਰੂ ਜੀ ਦਾ ਨਿਸ਼ਾਨਾ ਤਾਂ ਮਨੁੱਖਤਾ ਦੇ ਉਸ ਨਵੇਂ ਸਮਾਜ ਨੂੰ ਸਿਰਜਣਾ ਸੀ ਜੋ ਕਾਦਰ ਦੀ ਕੁਦਰਤ ਦੇ ਐਨ ਅਨੁਸਾਰ ਹੋਵੇ। ਜਿਹੜਾ ਸਮਾਜ ਆਪਣੇ ਆਪ ਨੂੰ ਵਾਲ ਦੀ ਖਲ ਉਤਾਰਨ ਵਾਲੇ ਧਰਮ-ਸ਼ਾਸਤਰਾਂ, ਪ੍ਰਾਭੌਤਿਕ ਸੰਕਲਪਾਂ ਤੇ ਵਿਸ਼ੇਸ਼ ਧਰਮ ਦਾ ਪਾਬੰਦ ਕਰਕੇ ਦੂਖੀ ਕਰਕੇ ਕਿਸੇ ਸੰਤਾਪ ਦਾ ਭਾਗੀ ਨਾ ਬਣਾਵੇ। ਨਾ ਹੀ ਲੋਕਾਂ ਦੀ ਇਸ ਆਤਮਾ ਨੂੰ ਕਿਸੇ ਵੀ ਕਲਪਿਤ ਪੱਧਤੀ ਦੁਆਰਾ ਨਸ਼ਟ ਕਰ ਸਕੇ। ਕੁਝ ਚਿਰ ਤਾਂ ਪਹਿਲੇ ਗੁਰੂ ਸਾਹਿਬਾਨ ਕਾਲੇ ਉਨ ਦੀ ਸੇਲੀ ਪਹਿਨਦੇ ਰਹੇ ਪਰ ਗੁਰੂ ਹਰਿਗੋਬਿੰਦ ਸਾਹਿਬ ਨੇ ਇਸ ਪਰੰਪਰਾ ਦਾ ਤਿਆਗ ਕਰ ਦਿਤਾ। ਆਪ ਨੇ ਦੋ ਤਲਵਾਰਾਂ ਧਾਰਨ ਕੀਤੀਆਂ, ਗੁਰੂ ਅਰਜਨ ਦੇਵ ਜੀ ਦੇ ਸਮੇਂ ਹਰਿਮੰਦਰ ਦਾ ਨਿਰਮਾਣ ਹੋਇਆ, ਅੰਮ੍ਰਿਤਸਰ ਤੇ ਤਰਨ-ਤਾਰਨ ਵਿਖੇ ਸਰੋਵਰ ਬਣਾਏ ਗਏ, ਪਰ ਅਗਲੇ ਗੁਰੂ ਸਾਹਿਬਾਨ ਇਹਨਾਂ ਸਥਾਨਾਂ ਤੋਂ ਦੂਰ ਹੀ ਰਹੇ। ਨੌਵੇਂ ਗੁਰੂ ਸਾਹਿਬ ਨੂੰ ਅੰਮ੍ਰਿਤਸਰ ਨੂੰ ਛਡਣਾ ਪਿਆ। ਕਿਸੇ ਵੀ ਸਥਾਨ ਉਤੇ ਆਪਣੇ ਨਿਜੀ ਕਬਜ਼ੇ ਜਾਂ ਅਧਿਕਾਰ ਦਾ ਦਾਅਵਾ ਕਰਨ ਦਾ ਸਮੁਚੀ ਸਿੱਖ ਚੇਤੰਨਤਾ ਵਿਚ ਅਭਾਵ ਹੈ। ਇਹ ਸਭ ਮਹਾਨ ਚਿੰਨ੍ਹ ਜਾਂ ਪ੍ਰਤੀਕ ਸਨ ਜਿਨ੍ਹਾਂ ਬਾਰੇ ਗੁਰੂ ਸਾਹਿਬ ਆਪਣੇ ਸਿੱਖਾਂ ਨੂੰ ਸੁਚੇਤ ਕਰਨਾ ਚਾਹੁੰਦੇ ਸਨ। ਕਿਸੇ ਵੀ ਸਰੀਰਕ ਜਾਂ ਸਥੂਲ ਰੂਪ ਵਿਚ ਇਹ ਸਿੱਖਾਂ ਦੇ ਨਹੀਂ ਹਨ, ਨਾ ਹੀ ਉਹਨਾਂ ਦੀ ਕਿਸੇ ਪ੍ਰਕਾਰ ਦੀ ਨਿਜੀ ਜਾਇਦਾਦ ਹਨ। ਇਹ ਤਾਂ ਸਾਰੇ ਸੰਸਾਰ ਦੇ ਹੀ ਹਨ ਤੇ ਇਕ ਪ੍ਰਕਾਰ ਦੀ ਵਿਸ਼ਵ-ਵਿਆਪੀ ਲੰਮੀ-ਨਦਰਿ ਦੇ ਪ੍ਰਮਾਣ ਹਨ। ਅੰਮ੍ਰਿਤਸਰ ਵਰਗੇ ਸ਼ਹਿਰਾਂ ਨੂੰ ਵਣਜ-ਵਪਾਰ ਦੇ ਉਦਯੋਗਾਂ ਦੇ ਕੇਂਦਰ ਬਣਾਇਆ ਗਿਆ ਕਿਉਂਜੋ ਕੋਈ ਵੀ ਸਮਾਜ ਪੱਥਰ ਖਾ ਕੇ ਤਾਂ ਗੁਜ਼ਾਰਾ ਨਹੀਂ ਕਰ ਸਕਦਾ। ਇਹ ਠੀਕ ਹੈ ਕਿ ਉਸ ਦੀ ਆਤਮਾ ਨੂੰ ਬਾਣੀ ਤੇ ਸੰਗੀਤ ਦਾ ਆਤਮਿਕ ਆਹਾਰ ਵੀ ਲੋੜੀਂਦਾ ਹੈ। ਗੁਰੂ ਸਾਹਿਬ ਅੰਮ੍ਰਿਤਸਰ ਦਾ ਇਕ ਅਜਿਹੇ ਕੇਂਦਰ ਵਜੋਂ ਹੀ ਨਿਰਮਾਣ ਕਰਨਾ ਚਾਹੁੰਦੇ ਸਨ। ਆਪ ਨੇ ਲੋਕਾਂ ਨੂੰ ਪ੍ਰਸ਼ਾਦਾ-ਪਾਣੀ ਤੇ ਗੁਰਬਾਣੀ ਦਾ ਸੰਗੀਤ ਦੋਵੇਂ ਆਹਾਰ ਦਿਤੇ। ਆਪ ਨੇ ਲੋਕਾਂ ਨੂੰ ਪੂਰੀ ਖੁਲ੍ਹ ਦੇ ਦਿਤੀ ਕਿ ਉਹ ਆਪਣੇ ਇਸ ਆਤਮਿਕ ਸਾਮਰਾਜ ਤੇ ਮਿਲਾਪ ਦਾ ਆਪਣੀ ਇੱਛਾ ਅਨੁਸਾਰ ਸੁਤੰਤਰ ਪ੍ਰਬੰਧ ਚਲਾ ਸਕਣ। ਭਾਰਤ ਦੇ ਧਾਰਮਿਕ ਇਤਿਹਾਸ ਵਿਚ ਪਹਿਲੀ ਵਾਰ ਇਸ ਤਰ੍ਹਾਂ ਦੇ ਰਹੱਸਵਾਦੀ ਸੁਪਨੇ ਸਾਕਾਰ ਹੋਏ। ਵਣਜ-ਵਪਾਰ ਵਿਚ ਵਾਧਾ ਹੋਇਆ। ਲੋਕਾਂ ਦੀ ਭਲਾਈ

ਲਈ ਵੱਡੇ ਤੇ ਯਾਦਗਾਰੀ ਕਾਰਜ ਆਰੰਭੇ ਗਏ, ਪਰ ਇਸ ਸਮੇਂ ਪ੍ਰਭੂ-ਪ੍ਰੀਤਮ ਦੇ ਪ੍ਰੇਮ ਦਾ ਪਰਮਾਨੰਦ ਵੀ ਨਾਲੋਂ ਨਾਲ ਅੰਗ ਸੰਗ ਰਿਹਾ।

ਗੁਰੂ ਸਾਹਿਬਾਨ ਨੂੰ ਪਾਤਸ਼ਾਹ ਕਹਿ ਕੇ ਸੰਬੋਧਨ ਕੀਤਾ ਜਾਂਦਾ ਸੀ, ਪਰ ਲੋਕਾਂ ਲਈ ਉਹ ਸੇਵਕਾਂ ਵਾਂਗ ਕਾਰਜ ਕਰਦੇ ਸਨ। ਜਦੋਂ ਇਕ ਵਾਰ ਗੁਰੂ ਅਰਜਨ ਸਾਹਿਬ ਦਾ ਕੋਈ ਸੰਬੰਧੀ ਉਹਨਾਂ ਨੂੰ ਮਿਲਣ ਆਇਆ ਤਾਂ ਆਪ ਦੀ ਮਾਤਾ ਨੇ ਉਸ ਪ੍ਰਾਹੁਣੇ ਅਗੇ ਮੋਟੇ ਅੰਨ ਦਾ ਪ੍ਰਸ਼ਾਦਾ ਤੇ ਸਾਗ ਪਰੋਸਿਆ। ਲੋਕਾਂ ਦਾ ਪਾਤਸ਼ਾਹ ਅਰਥਾਤ ਗੁਰੂ, ਮਹਾਂ ਕਵੀ ਤੇ ਸਿੱਖਾਂ ਦਾ ਪ੍ਰੀਤਮ ਪਿਆਰਾ ਇਸ ਤਰ੍ਹਾਂ ਦੀ ਗ਼ਰੀਬੀ ਦਾ ਜੀਵਨ ਬਤੀਤ ਕਰਦਾ ਸੀ। ਗੁਰੂ ਦੇ ਇਸ ਆਤਮਿਕ ਸੰਗੀਤ ਉਤੇ ਉਸਾਰੇ ਗਏ ਇਸ ਸਵਰਾਜ ਵਿਚ ਵੋਟਾਂ ਦੀ ਸਥੂਲ ਵਿਧੀ ਦੁਆਰਾ ਪ੍ਰਤੀਨਿਧਤਾ ਨਹੀਂ ਸੀ ਦਿਤੀ ਜਾਂਦੀ, ਪਰ ਇਸ ਰਾਜ ਵਿਚ ਉਹਨਾਂ ਵਿਅਕਤੀਆਂ ਦਾ ਮੌਨ ਰੂਪ ਵਿਚ ਸਤਿਕਾਰ ਕੀਤਾ ਜਾਂਦਾ ਸੀ, ਜਿਨ੍ਹਾਂ ਦਾ ਆਪਣਾ ਜੀਵਨ ਗੁਰੂ ਦੀ ਆਤਮਾ ਪ੍ਰਤੀ ਸ਼ਰਧਾ ਤੇ ਸਤਿਕਾਰ ਦਾ ਪ੍ਰਜਵਲਿਤ ਉਦਾਹਰਨ ਬਣ ਚੁਕਾ ਸੀ। ਇਹ ਵਿਅਕਤੀ ਗੁਰੂ ਜੀ ਦੇ ਪ੍ਰੇਮ ਤੇ ਸਚਿਆਰਤਾ ਨਾਲ ਭਰਪੂਰ ਸਨ। ਇਹ ਪ੍ਰੇਮ-ਅਗਨੀ ਹੀ ਉਹਨਾਂ ਲਈ ਲੋਕਾਂ ਦੇ ਪ੍ਰਤੀਨਿਧ ਹੋਣ ਦਾ ਪ੍ਰਤੀਕ ਹੁੰਦੀ ਸੀ।

ਗੁਰੂ ਹਰਿਰਾਇ ਜੀ ਭਾਵੇਂ ਆਪ ਸੰਤੋਖਵਾਦੀ ਸਨ, ਪਰ ਉਹਨਾਂ ਨੇ ਗੁਰੂ ਹਰਿਗੋਬਿੰਦ ਦੁਆਰਾ ਚਲਾਈ ਗਈ ਸ਼ਿਕਾਰ ਦੀ ਪਰੰਪਰਾ ਨੂੰ ਜਾਰੀ ਰਖਿਆ। ਗੁਰੂ ਤੇਗ਼ ਬਹਾਦਰ ਜੀ ਪਰਬਤਾਂ ਦੀ ਕੁਖ ਵਿਚ ਜਾ ਵਸੇ ਤਾਂ ਜੋ ਗੁਰੂ ਨਾਨਕ ਦੇਵ ਜੀ ਦੁਆਰਾ ਬੀਜੇ ਗਏ ਬੀਜ ਅੰਕੁਰ-ਫੁਟਣ ਉਪਰੰਤ ਵਧ-ਫੁਲ ਸਕਣ, ਪਰ ਕਿਉਂਜੋ ਗੁਰੂ ਗੋਬਿੰਦ ਸਿੰਘ ਜੀ ਨੂੰ ਅਗਿਆਨ ਤੇ ਕਟੜਤਾ ਦੀਆਂ ਸ਼ਕਤੀਆਂ ਨੇ ਵੰਗਾਰਿਆ ਸੀ, ਇਸ ਲਈ ਆਪ ਨੇ ਇਹਨਾਂ ਸਭ ਨੂੰ ਪ੍ਰਚੰਡ ਅਗਨੀ ਵਿਚ ਸਾੜ ਦਿਤਾ ਤੇ ਮਨੁੱਖ ਦੇ ਅਗਿਆਨ ਦੀ ਇਸ ਅੰਧਕਾਰਮਈ ਅਵਸਥਾ ਵਿਚ ਗੁਰੂ ਨਾਨਕ ਦੀ ਬਾਣੀ ਦਾ ਕ੍ਰਾਂਤੀ ਦੀ ਪ੍ਰਚੰਡ ਅਗਨੀ ਅਰਥਾਤ ਬੀਰ-ਰਸੀ ਧੁਨੀ ਵਿਚ ਗਾਇਨ ਕੀਤਾ। ਆਪ ਨੇ ਗੁਰਤਾ ਦੀ ਪਰੰਪਰਾ ਨੂੰ ਇਸ ਲਈ ਸਮਾਪਤ ਕਰ ਦਿਤਾ ਤਾਂ ਜੋ ਇਹ ਮੁੜ ਭਾਰਤੀ ਵਾਤਾਵਰਣ ਦੀਆਂ ਦੋਸ਼-ਪੂਰਨ ਪ੍ਰਸਥਿਤੀਆਂ ਅਨੁਸਾਰ ਮੁੜ ਵਹਿਮਾਂ-ਭਰਮਾਂ ਦਾ ਸ਼ਿਕਾਰ ਨਾ ਹੋ ਸਕੇ। ਦਸ ਗੁਰੂ ਸਾਹਿਬਾਨ ਨੇ ਆਪਣੇ ਜੀਵਨ ਦੁਆਰਾ ਆਤਮਿਕ ਜੀਵਨ ਦੇ ਕਾਫੀ ਚਿੰਨ੍ਹ ਉਜਾਗਰ ਕਰ ਦਿਤੇ ਸਨ ਤੇ ਆਪ ਗੁਰੂ ਸਾਹਿਬਾਨ ਦੀ ਵੀ ਇਹ ਇਛਾ ਸੀ ਕਿ ਉਹਨਾਂ ਦੇ ਸਿੱਖ ਵੀ ਇਹਨਾਂ ਆਤਮਿਕ ਆਦਰਸ਼ਾਂ ਉਪਰ ਪੂਰਾ ਉਤਰਨ। ਜੇ ਇਹ ਗੁਰਆਈ ਦੀ ਮਰਿਆਦਾ ਅਗੇ ਵੀ ਤੁਰਦੀ ਤਾਂ ਇਸ ਦਾ ਕੋਈ ਬਹੁਤਾ ਲਾਭ ਨਹੀਂ ਹੋਣਾ ਸੀ। ਇਸ ਮਰਿਆਦਾ ਨੂੰ ਰੋਕਣਾ ਹੀ ਉਚਿਤ ਸੀ, ਇਸ ਲਈ ਇਹ ਖ਼ਤਮ ਕਰ ਦਿਤੀ ਗਈ। ਫਿਰ ਵੀ ਇਸ ਪਰੰਪਰਾ ਨੂੰ ਸਮਾਪਤ ਨਾ ਕੀਤਾ ਗਿਆ। ਇਸ ਸਭ ਕੁਝ ਤੋਂ ਇਹ ਸੰਕੇਤ ਮਿਲਦਾ ਹੈ ਕਿ ਜਿਨ੍ਹਾਂ ਗੁਰੂ ਵਿਅਕਤੀਆਂ ਨੇ ਮਨੁੱਖੀ ਚੇਤੰਨਤਾ ਨੂੰ ਸੁਤੰਤਰ ਕਰ ਦਿਤਾ ਸੀ, ਉਹ ਇਹ ਨਹੀਂ

ਸਨ ਚਾਹੁੰਦੇ ਕਿ ਉਹਨਾਂ ਦੇ ਅਨੁਆਈ ਇਕ ਸੀਮਤ ਫਿਰਕੇ ਜਾਂ ਸੰਪਰਦਾਇ ਵਿਚ ਆਪਣੇ ਆਪ ਨੂੰ ਸੰਕੁਚਿਤ ਕਰ ਲੈਣ ਅਤੇ ਇਸ ਪ੍ਰਕਾਰ ਆਤਮਿਕ ਭੋਖੜੇ ਦਾ ਸ਼ਿਕਾਰ ਹੋ ਕੇ ਆਪਣੀ ਆਤਮਿਕ ਮੌਤ ਨਾ ਵਿਹਾਜ ਲੈਣ। ਇਹ ਇਕ ਪ੍ਰਕਾਰ ਦੀ ਦੈਵੀ ਆਵੇਸ਼ ਦੀ ਅਜਿਹੀ ਅਕਥਨੀ ਅਵਸਥਾ ਸੀ ਜਿਸ ਨੂੰ ਗੁਰੂ ਸਾਹਿਬਾਨ ਨੇ ਆਪਣੇ ਸਿੱਖਾਂ ਵਿਚ ਜਾਗਰੂਪ ਕਰ ਦਿਤਾ ਸੀ। ਜੀਵਨ ਦੀਆਂ ਸਹੰਸਰ ਵਿਭਿੰਨ ਪ੍ਰਸਥਿਤੀਆਂ ਵਿਚ ਸੰਸਾਰ ਦੀਆਂ ਸਾਰੀਆਂ ਪਦਾਰਥਕ ਖਿਚਾਂ ਦੇ ਹੁੰਦਿਆਂ ਹੋਇਆਂ ਵੀ ਸਿੱਖਾਂ ਨੇ ਆਤਮਿਕ ਜੀਵਨ ਦੇ ਇਹਨਾਂ ਉਚੇ ਆਦਰਸ਼ਾਂ ਨੂੰ ਸਥਿਰ ਰਖਿਆ। ਭਾਰਤ ਵਿਚ ਧਾਰਮਿਕ ਆਦਰਸ਼ਾਂ ਨੂੰ ਨਵੀਂ ਸੁਤੰਤਰਤਾ ਪ੍ਰਦਾਨ ਕੀਤੀ ਗਈ।

ਇਕੋ ਪੱਧਰ ਦੇ ਸਾਧਾਰਨ ਮਨੁੱਖ ਇਕ ਦੂਜੇ ਦਾ ਉਚੀ ਪੱਧਰ ਤਕ ਉਥਾਨ ਨਹੀਂ ਕਰ ਸਕਦੇ। ਇਸ ਲਈ ਜ਼ਰੂਰੀ ਹੈ ਕਿ ਉਚੇ ਮੰਡਲਾਂ ਦੀ ਆਤਮਕ ਜੀਵਨ-ਕਣੀ ਹੇਠਲੇ ਮੰਡਲਾਂ ਵਿਚ ਆ ਕੇ ਪ੍ਰਵੇਸ਼ ਕਰੇ ਅਤੇ ਨੀਵੇਂ ਥਾਂ 'ਤੇ ਖੜ੍ਹੇ ਵਿਅਕਤੀਆਂ ਦਾ ਉਚਾ ਉਥਾਨ ਕਰ ਦੇਵੇ। ਸਾਰੇ ਗੁਰੂ ਗਰੰਥ ਸਾਹਿਬ ਵਿਚ ਅਜਿਹਾ ਕੋਈ ਵੀ ਸ਼ਬਦ ਨਹੀਂ ਹੈ ਜਿਥੇ ਇਹ ਕਿਹਾ ਗਿਆ ਹੋਵੇ, ''ਮੇਰੇ ਪਿਛੇ ਤੁਰੋ ਜਾਂ ਸਾਡੇ ਪਿਛੇ ਲਗੋ।'' ਇਸਾਈ-ਮਤ ਵਿਚ ਸ਼ਬਦ 'ਮੈਂ' ਤੇ 'ਅਸਾਂ' ਨੇ ਆਤਮਾ ਦੇ ਸਮੁਚੇ ਜੀਵਨ ਨੂੰ ਸੀਮਿਤ ਕਰ ਦਿਤਾ ਹੈ। ਭਾਵੇਂ ਮਸੀਹ ਦੇ ਉਸ ਮਹਾਨ ਪ੍ਰੇਮ ਨੂੰ ਇਸ ਪ੍ਰਕਾਰ ਸੀਮਤ ਕਰ ਦੇਣ ਦਾ ਵਿਚਾਰ ਕਦੀ ਵੀ ਉਤਪੰਨ ਨਹੀਂ ਸੀ ਹੋਇਆ। ਹਜ਼ਰਤ ਈਸਾ ਦੇ ਦੈਵੀ ਵਿਅਕਤੀਤਵ ਨੂੰ 'ਮੈਂ' ਤੇ 'ਮੇਰਾ' ਕਹਿ ਕੇ ਇਸਾਈ ਚਿੰਤਕ ਉਸ ਦੀ ਅਖਰੀ ਵਿਆਖਿਆ ਕਰਦੇ ਹਨ। 'ਸਿਧ-ਗੋਸ਼ਟਿ' ਵਿਚ ਵੀ ਯੋਗੀ ਗੁਰੂ ਨਾਨਕ ਦੇਵ ਜੀ ਨੂੰ ਵਾਰ ਵਾਰ ਇਹ ਪ੍ਰਸ਼ਨ ਪੁਛਦੇ ਹਨ ਕਿ ''ਆਪ ਦਾ ਗੁਰੂ ਕੌਣ ਹੈ ?'' ਗੁਰੂ ਜੀ ਵਾਰ ਵਾਰ ਇਸ ਦਾ ਉਤਰ ਇੰਜ ਦਿੰਦੇ ਹਨ, ''ਇਹ ਤਾਂ ਇਕ ਉਚੇਰੇ ਦੈਵੀ ਆਵੇਸ਼ ਦੀ ਅਵਸਥਾ ਹੈ, ਇਹ ਤਾਂ ਧਾਰਮਿਕ ਪ੍ਰਤਿਭਾ ਦੀ ਇਕ ਵਿਸ਼ੇਸ਼ ਮਨੋਦਸ਼ਾ ਹੈ, ਇਹ ਤਾਂ ਸਚੇ ਅਰਥਾਂ ਵਿਚ ਦੇਵ ਲੋਕ ਵਲੋਂ ਆਵੇਸ਼ਗਤ ਮਨੁੱਖ ਦੀ ਹਾਲਤ ਹੈ, ਜਿਸ ਵਿਚ ਮਨੁੱਖ ਪ੍ਰਭੂ-ਪ੍ਰੀਤਮ ਦੀ ਆਤਮਾ ਦਾ ਵਾਹਣ ਮਾਤਰ ਬਣ ਜਾਂਦਾ ਹੈ। 'ਸਿਧ-ਗੋਸ਼ਟਿ' ਵਿਚ ਇਸ ਤਰ੍ਹਾਂ ਦੇ ਵਿਚਾਰਾਂ ਨੂੰ ਵਾਰ ਵਾਰ ਦੁਹਰਾਉਣਾ ਬਹੁਤ ਹੀ ਮਹੱਤਵਪੂਰਨ ਹੈ। ਅਜਿਹਾ ਕਰਨਾ ਬੜਾ ਜ਼ਰੂਰੀ ਸੀ ਕਿਉਂਜੋ ਅਗਿਆਨ ਦਾ ਅੰਧਕਾਰ ਬਹੁਤ ਸੰਘਣਾ ਸੀ। ਗੁਰੂ ਜੀ ਦੀ ਆਤਮਾ ਵਿਚੋਂ ਵਾਰ ਵਾਰ ਬਿਜਲੀ ਦੇ ਲਿਸ਼ਕਾਰੇ ਚਮਕਦੇ ਹਨ। ਇਸ ਲਈ ਗੁਰੂ ਨਾਨਕ ਦੇਵ ਜੀ ਨੇ ਕਦੀ ਵੀ ਆਪਣੇ ਦੇਹ ਸਰੂਪ ਨੂੰ ਗੁਰੂ ਨਹੀਂ ਜਾਤਾ। ਭਾਵੇਂ ਫਿਰ ਵੀ ਆਪ ਦੀ ਦੇਹ ਵਿਚ ਗੁਰੂ ਵਿਦਮਾਨ ਸੀ, ਆਪ ਨੇ ਉਸ ਗੁਰੂ ਰੂਪੀ ਸੁਆਸਾਂ ਨੂੰ ਗੁਰੂ ਅੰਗਦ ਦੇ ਸਰੀਰ ਵਿਚ ਕਿਰਿਆਸ਼ੀਲ ਕਰ ਦਿਤਾ ਅਤੇ ਗੁਰੂ ਅੰਗਦ ਨੂੰ ਗੁਰੂ ਨਾਨਕ ਕਹਿ ਕੇ ਸੰਬੋਧਿਤ ਕੀਤਾ। ਇਸ ਤਰ੍ਹਾਂ ਆਪ ਨੇ ਗੁਰੂ ਦੇ ਦੇਹ ਧਾਰੀ ਸਰੂਪ ਵਿਚ ਦੈਵੀ ਨਛੱਤਰ ਮੰਡਲ ਦਾ ਵਿਸ਼ੇਸ਼ ਪ੍ਰਬੰਧ ਸਥਾਪਤ ਕਰ ਦਿਤਾ। ਆਪ ਗੁਰਮੁਖ ਨੂੰ

ਕੇਂਦਰ ਵਿਚ ਸਥਾਪਤ ਕਰ ਦਿੰਦੇ ਹਨ ਜੋ ਕਿ ਇਕ ਹੱਡ ਚੰਮ ਦਾ ਬਣਿਆ ਹੋਇਆ ਵਿਅਕਤੀ ਹੈ ਤੇ ਦੂਜਿਆਂ ਮਨੁੱਖਾਂ ਸਮਾਨ ਹੀ ਆਪਣਾ ਜੀਵਨ ਗੁਜ਼ਾਰਦਾ ਹੈ। ਇਹ ਗੁਰਮੁਖ ਵਿਅਕਤੀ ਪ੍ਰਭੂ ਦੇਸ਼ ਤੋਂ ਪ੍ਰਾਪਤ ਹੋਈ ਆਤਮਿਕ ਜੋਤੀ ਦੇ ਪ੍ਰਕਾਸ਼ ਦੇ ਪ੍ਰਵਾਹ ਨੂੰ ਦੂਜਿਆਂ ਵਿਚ ਸੰਚਤ ਕਰਦਾ ਹੈ। ਗੁਰਮੁਖ ਦੀ ਹੋਂਦ ਮਹਾਨ ਆਤਮਾ ਦੇ ਹਜ਼ੂਰੀ ਦਰਸ਼ਨ ਲਈ ਸੰਵੇਦਨਸ਼ੀਲ ਤਾਂਘ ਨੂੰ ਜਗਾ ਦਿੰਦੀ ਹੈ ਅਤੇ ਉਹ ਸਾਰੇ ਜਨ-ਸਮੂਹ ਦੇ ਰੂਪ ਵਿਚ ਉਸ ਦੇ ਦੁਆਲੇ ਘੁੰਮਦੇ ਹਨ ਤੇ ਉਹ ਆਪ ਗੁਰੂ ਦੇ ਦੁਆਲੇ ਪਰਿਕਰਮਾ ਕਰਦਾ ਹੈ। ਇਸ ਤਰ੍ਹਾਂ ਸਾਧ-ਸੰਗਤ ਤੇ ਨਾਮ ਸਿਮਰਨ ਦਾ ਆਰੰਭ ਹੋ ਜਾਂਦਾ ਹੈ। ਇਸ ਤਰ੍ਹਾਂ ਸ਼ੁਧ ਆਤਮਾ ਹੋਰ ਪਵਿੱਤਰ ਤੇ ਪੁਨੀਤ ਹੋ ਜਾਂਦੀ ਹੈ ਅਤੇ ਇਸ ਆਤਮਕ ਉਥਾਨ ਦੀ ਅਵਸਥਾ ਵਿਚ ਪ੍ਰਭੂ-ਪ੍ਰੀਤਮ ਸਦਾ ਹਾਜ਼ਰ-ਨਾਜ਼ਰ ਹੁੰਦਾ ਹੈ। ਪ੍ਰਭੂ ਦੀ ਸ਼ਾਨ ਦਾ ਤੇਜ਼ ਪ੍ਰਤਾਪ ਹੋਰ ਵਡੇਰੀ ਸ਼ਾਨ ਵਿਚ ਜਗਮਗਾਉਣ ਲਗ ਪੈਂਦਾ ਹੈ। ਗੁਰੂ ਤਾਂ ਸ਼ਬਦ ਰੂਪੀ ਸੰਗੀਤਕ ਨਛੱਤਰ ਸਿਰਜਦਾ ਹੈ ਅਤੇ ਸਮੂਹ ਸ੍ਰਿਸ਼ਟੀ ਸ਼ਬਦ ਰੂਪ ਹੋ ਜਾਂਦੀ ਹੈ।

ਗੁਰੂ ਨਾਨਕ ਦੇਵ ਜੀ ਉਪਨਿਸ਼ਦਾਂ ਦੇ ਵਾਦ-ਵਿਵਾਦ ਦਾ ਖੰਡਨ ਕਰਦੇ ਹਨ ਕਿਉਂਜੋ ਅਜਿਹੇ ਅਦਾਰਸ਼ਕ ਅਮੂਰਤੀਕਰਨ ਵਿਚ ਕੋਈ ਵੀ ਆਤਮ-ਸਤਾ ਨਹੀਂ ਹੋ ਸਕਦੀ। ਆਪ ਤਾਂ ਇਕ ਸ਼ਿਲਪਕਾਰ ਹਨ ਤੇ ਆਪ ਦਾ ਇਹ ਵਿਸ਼ਵਾਸ ਹੈ ਕਿ ਇਕ ਅਕਥਨੀ ਸਰੂਪ ਦੀ ਅਕਲ-ਕਲਾ ਵਿਸ਼ਵ-ਆਤਮਾ ਦੀ ਇਛਾ ਅਨੁਸਾਰ ਕਲਾਧਾਰੀ ਕਾਰਜ ਕਰ ਰਹੀ ਹੈ। ਆਤਮਾ ਦਾ ਪ੍ਰਕਾਸ਼ ਅਨੰਤ ਵੇਗ ਦਾ ਧਾਰਨੀ ਹੀ ਹੋ ਸਕਦਾ ਹੈ। ਪ੍ਰਭੂ ਕੋਈ ਕਰਮਹੀਣ ਸਾਖੀ (ਦਰਸ਼ਕ) ਨਹੀਂ ਹੈ। ਉਹ ਤਾਂ ਕਰਤਾਪੁਰਖ ਹੈ ਤੇ ਕਲਾਧਾਰੀ ਹਸਤੀ ਹੈ, ਵਡਾ ਸ਼ਿਲਪਕਾਰ ਹੈ। ਆਪਣੀ ਜੀਵਨ-ਸਤਾ ਵਿਚ ਸੱਚੀ ਆਤਮਾ ਸਦਾ ਕਰਮਸ਼ੀਲ ਹੁੰਦੀ ਹੈ। ਜੀਵਨ ਤਾਂ ਤੇਜ਼ਗਤੀ ਦਾ ਧਾਰਨੀ ਹੁੰਦਾ ਹੈ। ਜੀਵਨ ਤਾਂ ਇਕ ਕਿਰਤੀ ਕਾਮਾ ਹੈ, ਨਵ-ਸਿਰਜਕ ਹੈ। ਗੁਰੂ ਨਾਨਕ ਸਾਹਿਬ ਨੇ ਗੁਰੂ ਅੰਗਦ ਦੇ ਸਿਰ ਉਤੇ ਗਿਲੇ ਘਾਹ ਦੀ ਪੰਡ ਚੁਕਾ ਦਿਤੀ ਤੇ ਉਹਨਾਂ ਨੂੰ ਖੇਤਾਂ ਵਿਚ ਕੰਮ ਕਰਨ ਲਈ ਹੁਕਮ ਕੀਤਾ। ਆਪ ਮੁਹਾਰੀ ਕਿਰਤ ਵਿਚ ਬਿਤਾਇਆ ਗਿਆ ਜੀਵਨ ਭਾਵੇਂ ਉਹ ਕਿੰਨਾਂ ਵੀ ਸੁਆਰਥੀ ਕਿਉਂ ਨਾ ਹੋਵੇ, ਸੱਚੇ ਰੂਪ ਵਿਚ ਪਰਉਪਕਾਰੀ ਹੁੰਦਾ ਹੈ। ਧਰਮ ਸ਼ਾਸਤਰੀ ਤੇ ਪ੍ਰਾਭੌਤਿਕ ਰੂਪ ਦਾ ਚਿੰਤਨ ਨਿਪਟ ਰੂਪ ਵਿਚ ਸਾਰਹੀਣ ਹੀ ਹੁੰਦਾ ਹੈ। ਪਰ-ਉਪਕਾਰਵਾਦ ਉਦੋਂ ਕੇਵਲ ਕਲਪਿਤ ਆਦਰਸ਼ ਤੇ ਥੋਥਾ ਹੀ ਰਹਿ ਜਾਂਦਾ ਹੈ ਜਦੋਂ ਉਹ ਪੂਰਨਤਾ ਦੀ ਖ਼ਾਤਰ ਆਪਣੇ ਵਿਅਕਤੀਤਵ ਦੇ ਕੇਂਦਰ-ਬਿੰਦੂ ਦਾ ਤਿਆਗ ਕਰਕੇ ਕਿਸੇ ਹੋਂਦ ਰਹਿਤ ਅਮੂਰਤ ਧੁੰਦਲੇ ਆਦਰਸ਼ਾਂ ਦੀ ਢੂੰਡ-ਭਾਲ ਕਰਦਾ ਹੋਇਆ ਮਨੁੱਖਤਾ ਦੀ ਭਲਾਈ ਕਰਨ ਦਾ ਫੋਕਾ ਦਾਅਵਾ ਕਰਦਾ ਹੈ। ਕਿਰਸਾਨ ਜਦੋਂ ਹਾਲ ਵਾਹ ਰਿਹਾ ਹੁੰਦਾ ਹੈ, ਗੋਡੀ ਕਰ ਰਿਹਾ ਹੁੰਦਾ ਹੈ ਤੇ ਆਪਣਾ ਖ਼ੂਨ-ਪਸੀਨਾ ਡੋਲ੍ਹ ਰਿਹਾ ਹੁੰਦਾ ਹੈ ਤਾਂ ਉਹ ਸੱਚਾ ਪਰਉਪਕਾਰੀ ਹੀ ਹੁੰਦਾ ਹੈ। ਸਭ ਪ੍ਰਕਾਰ ਦੀ ਕਿਰਤ ਆਪਣੇ ਮੂਲ ਰੂਪ ਵਿਚ ਕਿਰਸਾਨੀ ਦੀ ਨਿਆਈਂ ਹੀ ਹੁੰਦੀ ਹੈ। ਕੋਈ ਬਾਲ ਜਵਾਲਾਮੁਖੀ ਨੂੰ ਸ਼ਾਂਤ ਨਹੀਂ ਕਰ ਸਕਦਾ,

ਾ ਹੀ ਕੋਈ ਫੁੱਲ ਕਿਸੇ ਅਨਾਥ-ਯਤੀਮ ਨੂੰ ਪ੍ਰਸੰਨ ਕਰ ਸਕਦਾ ਹੈ। ਦੁਖਾਂ ਕਸ਼ਟਾਂ ਦਾ ਕੇਵਲ ਇਕੋ ਹੀ ਇਲਾਜ ਕਿਰਤ ਕਰਨਾ ਹੈ। ਇਸ ਨਾਲ ਵਿਅਕਤੀ ਆਪਣੇ ਜੀਵਨ ਦੇ ਕੇਂਦਰ-ਬਿੰਦੂ ਨਾਲ ਤੇਜ਼ ਗਤੀ ਨਾਲ ਜੁੜ ਜਾਂਦਾ ਹੈ। ਇਸੇ ਤਰ੍ਹਾਂ ਗੁਰੂ ਘਰ ਵਿਚ ਸਾਧ-ਸੰਗਤ ਦੀ ਪ੍ਰੇਮ ਨਾਲ ਕੀਤੀ ਗਈ ਸੇਵਾ ਮਨੁੱਖਤਾ ਦੀ ਸੱਚੀ ਸੇਵਾ ਹੈ। ਇਥੇ ਪ੍ਰਤੀਕ ਰੂਪ ਵਿਚ ਨਾਮ ਸਿਮਰਨ ਵਿਚ ਜੁੜ ਕੇ ਮਨੁੱਖ ਦੀ ਸਵਾਰਥੀ ਭਾਵਨਾ ਮਿਟ ਜਾਂਦੀ ਹੈ। ਇਸ ਪ੍ਰਕਾਰ ਜਦੋਂ ਉਸ ਦੀ ਸਵਾਰਥੀ ਭਾਵਨਾ ਦੂਰ ਹੋ ਜਾਂਦੀ ਹੈ ਤਾਂ ਉਹ ਮਨੁੱਖ ਤੇ ਪ੍ਰਭੂ ਦੋਹਾਂ ਦਾ ਸੱਚਾ ਸੇਵਕ ਬਣ ਜਾਂਦਾ ਹੈ। ਪ੍ਰਭੂ ਦੀ ਸਭ ਤੋਂ ਉਤਮ ਸੇਵਾ ਪ੍ਰੇਮ ਅਤੇ ਪ੍ਰੇਮ ਦੁਆਰਾ ਕੀਤੀ ਗਈ ਕਿਰਤ ਵਿਚ ਸੁਆਰਥਹੀਣ ਹੋਣਾ ਹੀ ਹੈ। ਸਭ ਤੋਂ ਉਚਾ ਧਰਮ ਸਕਰਮਕ ਦਇਆ, ਸਕਰਮਕ ਪ੍ਰੇਮ, ਸਕਰਮਕ ਸਹਾਨੁਭੂਤੀ ਹੀ ਹੈ। ਭਾਵੇਂ ਉਸ ਦੇ ਸਵੈ-ਚਾਲਣ ਲਈ ਕਿੰਨੀ ਵੀ ਥੋੜ੍ਹੀ ਥਾਂ 'ਤੇ ਕਿੰਨਾਂ ਵੀ ਨਿਗੂਣਾ ਕਰਮ ਮਨੁੱਖ ਦੇ ਕਰਨ ਯੋਗ ਕਿਉਂ ਨਾ ਹੋਵੇ। ਸੂਰਜ ਅਤੇ ਪ੍ਰਮਾਣੂ ਦੋਵੇਂ ਹੀ ਆਤਮਾ ਦੇ ਵਾਹਣ ਹਨ ਅਤੇ ਦੋਹਾਂ ਨੇ ਹੀ ਆਪਣੇ ਆਪਣੇ ਹਿੱਸੇ ਦਾ ਜ਼ਰੂਰੀ ਕਾਰਜ ਨਿਭਾਉਣਾ ਹੁੰਦਾ ਹੈ। ਸਾਰੀਆਂ ਵਸਤੂਆਂ ਨੂੰ ਦੇਵ ਰੂਪ ਜਾਣਨਾ ਜਿਹਾ ਕਿ ਵੈਦਿਕ ਦੇਵਮਾਲਾ ਤੇ ਬਹੁਦੇਵਵਾਦ ਵਿਚ ਪ੍ਰਧਾਨ ਹੈ, ਦੁਆਰਾ ਨਹੀਂ, ਸਗੋਂ ਮਨੁੱਖ ਦੇ ਆਪਣੇ ਵਿਅਕਤੀਤਵ ਨੂੰ ਨਾਮ ਸਿਮਰਨ ਦੇ ਮਧੂ-ਰਸ ਨਾਲ ਭਰਪੂਰ ਤੇ ਮਿੱਠੜਾ ਬਣਾ ਕੇ ਹੀ ਤੁਸੀਂ ਸੱਚੇ ਅਰਥਾਂ ਵਿਚ ਸੁੰਦਰ ਤੇ ਦੂਜਿਆਂ ਲਈ ਭਲਾਈ ਦੇ ਪਾਤਰ ਬਣ ਸਕਦੇ ਹੋ। ਇਸ ਉਪਰੋਕਤ ਨਾਮ ਸਿਮਰਨ ਦੇ ਮਧੂ-ਰਸ ਤੋਂ ਵਿਹੂਣੇ ਤੁਸੀਂ ਘਾਹ-ਫੂਸ ਦੇ ਬਲਦੇ ਢੇਰ ਸਮਾਨ ਹੋ। ਗੁਰੂ ਅਰਜਨ ਦੇਵ ਜੀ ਦੇ ਕਥਨ ਅਨੁਸਾਰ ਨਾਮ ਵਿਹੂਣਾ ਜੀਵਨ ਤਾਂ ਅਗਨੀ ਦੇ ਭਾਂਬੜ ਸਮਾਨ ਹੈ।

ਨਾਮ ਦੇ ਸ਼ਹਿਦ ਰਸ ਨੂੰ ਆਪਣੀ ਆਤਮਾ ਵਿਚ ਸਮੋ ਕੇ ਅਤੇ ਆਪਣੇ ਭਰਾਵਾਂ ਨਾਲ ਆਪਣੀ ਕਿਰਤ ਨੂੰ ਵੰਡ ਕੇ ਛੱਡਣ ਨਾਲ ਇਹ ਕਿਰਤ ਪਾਵਨ ਹੋ ਜਾਂਦੀ ਹੈ ਤੇ ਇਹ ਨਿਰੰਤਰ ਭਲਾਈ ਦੇ ਕਾਰਜਾਂ ਵਿਚ ਜ਼ੋਰਦਾਰ ਵਾਧਾ ਕਰਦੀ ਹੈ, ਜਿਸ ਨਾਲ ਸਾਡੇ ਵਿਅਕਤੀਤਵ ਵਿਚ ਹੋਰ ਲੁਕੀਆਂ ਹੋਈ ਸੰਭਾਵਨਾਵਾਂ ਉਜਾਗਰ ਹੋ ਜਾਂਦੀਆਂ ਹਨ। ਪਹਿਲਾਂ ਲੋਕਾਂ ਦਾ ਕਚੂੰਬਰ ਕਢ ਕੇ ਪੈਸਾ ਕਮਾਉਣਾ ਤੇ ਫਿਰ ਉਹਨਾਂ ਦੇ ਦੁਖੜਿਆਂ ਨੂੰ ਨਿਵਿਰਤ ਕਰਨ ਲਈ ਸੰਸਥਾਵਾਂ ਜਥੇਬੰਦ ਕਰਨਾ—ਸਭ ਪਰਉਪਕਾਰੀਆਂ ਦਾ ਅੰਤਿਮ ਨਿਸ਼ਾਨਾ ਬਣ ਗਿਆ ਹੈ। ਮੰਦੇ ਭਾਗਾਂ ਨੂੰ ਆਧੁਨਿਕ ਸਭਿਅਤਾ ਵਿਚ ਇਹ ਵਰਤਾਰਾ ਵਿਸ਼ਵ-ਵਿਆਪੀ ਰੂਪ ਹੀ ਧਾਰਨ ਕਰ ਗਿਆ ਹੈ। ਪਰ ਗੁਰੂ ਸਾਹਿਬ ਦਾ ਮਨੁੱਖ ਉਤੇ ਵਿਸ਼ਵਾਸ ਤੇ ਪੈਸੇ ਉਤੇ ਅਵਿਸ਼ਵਾਸ ਮੂਲ ਸਿਧਾਂਤ ਹੈ। ਪੈਸਾ ਤਾਂ ਮਨੁੱਖ ਨੂੰ ਨਿਰਜਿੰਦ ਮਸ਼ੀਨ ਬਣਾ ਦਿੰਦਾ ਹੈ। ਪਰ ਦੂਜਿਆਂ ਨਾਲ ਹਮਦਰਦੀ ਮਨੁੱਖ ਵਿਚ ਆਤਮਕ ਭਾਵਨਾ ਦਾ ਵਾਧਾ ਕਰਦੀ ਹੈ। ਇਸ ਲਈ ਮਨੁੱਖ ਅਤੇ ਪ੍ਰਭੂ ਬਾਰੇ ਗਿਆਨ ਪ੍ਰਾਪਤੀ ਦਾ ਸਹਾਨੁਭੂਤੀ ਸਭ ਤੋਂ ਵੱਡਾ ਮਾਧਿਅਮ ਹੈ। ਮਨੁੱਖ ਦੇ ਮਨੁੱਖ ਨੂੰ ਆਤਮਕ ਤੌਰ ਤੇ ਕਤਲ ਕਰਨ ਲਈ ਅਨੇਕ ਵਿਧੀਆਂ ਤੇ ਜੁਗਤਾਂ ਨੂੰ ਲਭਣ ਦੀ ਤੁਲਨਾ ਵਿਚ

ਸਹਾਨੁਭੂਤੀ ਦਾ ਮਾਧਿਅਮ ਵਧੇਰੇ ਚੰਗੇਰਾ ਹੈ।

ਸੱਚੀ ਪਰਉਪਕਾਰਤਾ ਦਾ ਨਿਰੋਲ ਪੈਸਾ ਹੀ ਆਧਾਰ ਨਹੀਂ ਬਣ ਸਕਦਾ ਸਗੋਂ ਇਸ ਦਾ ਆਧਾਰ ਕਿਰਤ, ਪ੍ਰੇਮ ਅਤੇ ਪ੍ਰਸਪਰ ਰੂਪ ਵਿਚ ਇਕ ਦੂਜੇ ਦੀ ਸੇਵਾ ਕਰਨਾ ਹੀ ਹੋ ਸਕਦਾ ਹੈ। ਸਭ ਤੋਂ ਉਤਮ ਰੂਪ ਵਿਚ ਸੁਤੰਤਰ ਮਨੁੱਖ ਦਾ ਸੱਚਾ-ਸੁੱਚਾ ਵਿਅਕਤੀਤਵ ਹੀ ਮਨੁੱਖੀ ਕਸ਼ਟਾਂ ਕਲੇਸ਼ਾਂ ਤੇ ਗ਼ਮਾਂ ਦਾ ਇਲਾਜ ਹੋ ਸਕਦਾ ਹੈ। ਸਹਾਨੁਭੂਤੀ ਰਖਣ ਵਾਲਾ ਮਨੁੱਖ ਤਾਂ ਅਮੋਲ ਮਾਣਕ ਹੈ। ਹੋਰ ਕਿਸੇ ਵੀ ਪ੍ਰਕਾਰ ਦੀ ਮਨੁੱਖੀ ਵਿਅਕਤੀਤਵ ਤੋਂ ਰਹਿਤ ਮਾਨਵਵਾਦੀ ਕੀਤੀ ਗਈ ਸੇਵਾ ਨਾਲ ਮਨੁੱਖੀ ਸ੍ਰਿਸ਼ਟਾਚਾਰ ਦੀ ਸਾਰੀ ਆਤਮਿਕਤਾ ਤੇ ਮਨੁੱਖੀ ਗੁਣਾਂ ਦੇ ਸਹਿਜ ਪ੍ਰਵਾਹ ਜਾਂ ਆਪ-ਮੁਹਾਰਤਾ ਦਾ ਵਿਗਾਸ਼ ਹੋ ਜਾਂਦਾ ਹੈ।

ਕਿਸੇ ਵੀ ਕਰਮ ਨਾਲ ਸੰਬੰਧਿਤ ਖੇਤਰ ਤੋਂ ਘਬਰਾ ਕੇ ਮਨੁੱਖ ਲਿਤਾੜਿਆ ਜਾਂਦਾ ਹੈ। ਅਜਿਹਾ ਹੋਣ ਨਾਲ ਜਿਹੜੀ ਮਿੱਟੀ ਘਟੇ ਦੀ ਧੂੜ ਉਸ ਨੇ ਆਪਣੇ ਕਦਮਾਂ ਨਾਲ ਛਾਣੀ ਹੁੰਦੀ ਹੈ, ਉਹ ਉਸ ਦੇ ਦਿਲ ਨੂੰ ਇਹ ਆਭਾਸ ਕਰਾ ਦਿੰਦੀ ਹੈ ਕਿ ਉਸ ਦੇ ਸਾਰੇ ਜੀਵਨ ਭਰ ਦੇ ਯਤਨ ਅੰਤਿਮ ਰੂਪ ਵਿਚ ਅਕਾਰਥ ਹੀ ਗਏ ਹਨ। ਨਿਰਾਸ਼ਾ, ਸਰੀਰ ਅਤੇ ਆਤਮਾ ਦੀ ਥਕਾਨ, ਕਲਪਨਾ ਦਾ ਸੌੜਾਪਣ ਅਤੇ ਆਪਣੀ ਆਤਮਾ ਨੂੰ ਬੌਣਾ ਕਰਨਾ, ਇਹ ਸਭ ਮਕਾਨਕੀ ਪੂਰਨਤਾ ਦਾ ਨਿਰਾਸ਼ਾਜਨਕ ਅੰਤ ਹੁੰਦਾ ਹੈ।

ਇਹ ਤਾਂ ਮਨੁੱਖ ਦਾ ਅਭਿਮਾਨ ਹੈ ਕਿ ਉਹ ਪਹਿਲਾਂ ਇਸ ਗੱਲ ਦਾ ਐਲਾਨ ਕਰੇ ਕਿ ਉਹ ਇਹ ਭਲਾ ਕੰਮ ਕਰਨ ਲਗਾ ਹੈ ਤੇ ਫਿਰ ਉਸ ਨੂੰ ਸ਼ੁਰੂ ਕਰੇ। ਇਹ ਤਾਂ ਇਸੇ ਗੱਲ ਨੂੰ ਪ੍ਰਗਟ ਕਰਦਾ ਹੈ ਕਿ ਇਹ ਵਿਅਕਤੀ ਸੇਵਾ ਤੇ ਭਲਾਈ ਦੇ ਕੰਮ ਕਰਨ ਦੇ ਯੋਗ ਨਹੀਂ ਹੈ। ਜੇ ਉਹ ਇਸ ਦੇ ਯੋਗ ਹੁੰਦਾ ਤਾਂ ਉਸ ਨੂੰ ਕਿਸੇ ਵੀ ਪ੍ਰਤਿਗਿਆ ਕਰਨ ਦੀ ਅਤੇ ਨਾ ਕੋਈ ਪ੍ਰਸਤਾਵ ਕਰਨ ਦੀ ਲੋੜ ਸੀ। ਭਾਈ ਵੀਰ ਸਿੰਘ ਜੀ ਦਾ ਕਥਨ ਹੈ, ''ਪਵਨਾਂ ਆਪਣੇ ਹੀ ਉਚੇਰੇ ਵੇਗ ਵਿਚ ਜਲਾਂ ਤੇ ਥਲਾਂ ਉਪਰੋਂ ਲੰਘ ਜਾਂਦੀਆਂ ਹਨ। ਮਨੁੱਖਤਾ ਦੇ ਰਖਿਅਕ ਆਪਣੇ ਹੀ ਨਿਆਰੇ ਕਦਮਾਂ ਨਾਲ ਚਲ ਕੇ ਆਉਂਦੇ ਹਨ।'' ਉਹਨਾਂ ਦਾ ਹਰ ਕਦਮ ਬੋਲਦਾ ਹੈ, ਹਰ ਸੁਆਸ ਅਗੇ ਵਧਣ ਤੇ ਵਿਸ਼ੇਸ਼ ਕਾਰਜ ਕਰਨ ਵਲ ਸੰਕੇਤ ਕਰਦਾ ਹੈ। ਕੋਈ ਵੀ ਉਹਨਾਂ ਨੂੰ ਆਪਣੇ ਮਾਰਗ ਤੋਂ ਰੋਕ ਨਹੀਂ ਸਕਦਾ। ਉਸ ਵਿਚ ਅੜਿਕਾ ਨਹੀਂ ਪਾ ਸਕਦਾ ਅਤੇ ਨਾ ਹੀ ਉਸ ਨੂੰ ਬਦਲ ਸਕਦਾ ਹੈ।

ਇਹ ਸਭ ਕੁਝ ਤਾਂ ਸਾਡੀ ਛੋਟੀ ਇਛਾ ਸ਼ਕਤੀ ਨੂੰ ਸਚੇਤ ਕਰਨ ਲਈ ਹੈ ਤਾਂ ਜੋ ਇਸ ਦੇ ਰਾਹ ਵਿਚ ਕੋਈ ਰੋਕ ਨਾ ਪੈ ਸਕੇ। ਇਹ ਤਾਂ ਪ੍ਰਭੂ-ਪ੍ਰੀਤਮ ਦੀ ਰਜ਼ਾ ਦਾ ਸਾਡੇ ਦੁਆਰਾ ਕਰਮਸ਼ੀਲ ਹੋਣਾ ਹੈ। ਇਸ ਦਾ ਇਹ ਭਾਵ ਨਹੀਂ ਕਿ ਜੇ ਸਿਧੀਆਂ ਪੈਣ ਵਾਲੀਆਂ ਰੋਕਾਂ ਸਾਡਾ ਸਮਰਥਨ ਨਹੀਂ ਕਰਦੀਆਂ ਤਾਂ ਨਾਕਾਰਾਤਮਿਕ ਰੋਕਾਂ ਅਰਥਾਤ ਨੀਰਸ ਪ੍ਰਕਾਰ ਦੀ ਅਕਰਮਕਤਾ ਵੀ ਦੂਜੇ ਬੰਨੇ ਘਟ ਪ੍ਰਭਾਵਕਾਰੀ ਨਹੀਂ ਹੁੰਦੀਆਂ। ਅਜਿਹਾ ਤੀਖਣ ਭਾਵੀ ਵਿਅਕਤੀਤਵ ਜਿਸ

ਵਚੋਂ ਕਿ ਪ੍ਰਭੂ ਪ੍ਰਤੀਬਿੰਬਤ ਹੁੰਦਾ ਹੈ—ਨੂੰ ਹੀ ਗੁਰੂ ਸਾਹਿਬ 'ਗੁਰਮੁਖ' ਦੀ ਸਿੰਗਿਆ ਦਿੰਦੇ ਹਨ। ਅਜਿਹੇ ਵਿਅਕਤੀਤਵ ਵਿਚੋਂ ਅੰਬਰੀ ਕਾਂਗਾਂ ਦੇ ਨਿਰੰਤਰ ਉਛਾਲੇ ਹੀ ਸਿੱਖ ਦੀ ਆਤਮਕ ਅਵਸਥਾ ਹੁੰਦੀ ਹੈ। ਪੰਛੀਆਂ ਹਾਰ ਉਹ ਤਾਂ ਕੇਵਲ ਕੰਮ ਕਰਦੇ ਤੇ ਗੀਤ ਗਾਉਂਦੇ ਹਨ ਤੇ ਬੱਸ ਹੋਰ ਕੁਝ ਨਹੀਂ ਕਰਦੇ। ਸਹਿਜ-ਪ੍ਰਵਿਰਤੀ ਹੀ ਉਹਨਾਂ ਦੀ ਪ੍ਰਮੁਖ ਵਿਸ਼ੇਸ਼ਤਾ ਹੁੰਦੀ ਹੈ। ਇਹਨਾਂ ਦੇ 'ਸਦਗੁਣ' ਤੇ 'ਪ੍ਰਾਪਤੀਆਂ' ਜੇ ਉਹ ਉਸ ਵਿਸ਼ੇਸ਼ ਧਾਰਮਿਕ ਪ੍ਰਤਿਭਾ ਦੇ ਨਿਰਧਾਰਿਤ ਸਿਧਾਂਤਾਂ ਤੇ ਨਿਯਮਾਂ ਉਤੇ ਪੂਰਾ ਨਹੀਂ ਉਤਰਦੇ, ਜਿਸ ਦੇ ਪਿਛੇ ਕਿ ਕਰਤਾਰ ਦੀ ਸ਼ਕਤੀ ਕੰਮ ਕਰ ਰਹੀ ਹੁੰਦੀ ਹੈ ਤਾਂ ਗੁਰੂ ਦਾ ਉਸ ਨਾਲ ਕੋਈ ਵਾਸਤਾ ਨਹੀਂ ਹੁੰਦਾ। ਪ੍ਰੇਮ ਨੂੰ ਕਿਸੇ ਵੀ ਨਿਰੰਤਰ ਰੂਪ ਦੇ ਸੰਜਮ ਧਾਰਨ ਕਰਨ ਦੀ ਲੋੜ ਨਹੀਂ ਹੈ। ਇਹ ਤਾਂ ਆਤਮਾ ਵਿਚ ਬਝਿਆ ਬਿਜਲੀ ਦਾ ਉਹ ਲਿਸ਼ਕਾਰਾ ਹੁੰਦਾ ਹੈ ਜਿਸ ਨਾਲ ਕਿ ਮਨੁੱਖ ਵਿਲਖਣ ਵਿਅਕਤੀਤਵ ਦਾ ਧਾਰਨੀ ਹੋ ਜਾਂਦਾ ਹੈ।

ਇਸ ਮਾਰਗ ਵਿਚ ਉਨਾਂ ਚਿਰ ਤਕ ਆਰਾਮ ਕਰਨ ਦੀ ਖੁਲ੍ਹ ਨਹੀਂ ਦਿੰਦੀ ਜਿੰਨਾਂ ਚਿਰ ਤਕ ਉਹ ਮੁੜ੍ਹਕੋ-ਮੁੜ੍ਹਕੀ ਹੋ ਕੇ ਥਕ ਨਹੀਂ ਜਾਂਦਾ। ਉਸ ਦਾ ਆਰਾਮ ਤਾਂ ਲਗਾਤਾਰ ਕਿਰਤ ਕਰਨ ਤੇ ਕੁਝ ਕਰਦੇ ਰਹਿਣ ਵਿਚ ਹੀ ਹੈ। ਉਹ ਤਾਂ ਵਿਸ਼ਵ-ਆਤਮਾ (ਪ੍ਰਮਾਤਮਾ) ਦੀ ਅਗਿਆਤ ਰਜ਼ਾ ਦਾ ਪਾਲਕ, ਧਾਰਕ ਤੇ ਮਾਧਿਅਮ ਹੁੰਦਾ ਹੈ। ਇਹ ਤਾਂ ਉਹ ਭਾਵਨਾ ਹੈ ਜੋ ਪ੍ਰਭੂ ਦੇ ਦਰ ਉਤੇ ਕੁਰਬਾਨਗੀ ਹਿਤ ਕੀਤੀ ਗਈ ਭੇਟਾ ਹੋ ਨਿਬੜਦੀ ਹੈ। ਇਹ ਤਾਂ ਉਸ ਪ੍ਰਤੀ ਪਵਿੱਤਰ ਗੀਤ ਦੇ ਰੂਪ ਵਿਚ ਪ੍ਰੇਮ ਦੀਆਂ ਜਿੰਦ ਧੜਕਣਾਂ ਦੀ ਭੇਟਾ ਹੁੰਦੀ ਹੈ, ਜਿਸ ਨੂੰ ਕਿ ਅਸੀਂ ਗੁਰੂ ਆਖਦੇ ਹਾਂ। ਪ੍ਰੇਮ ਦੀ ਕਿਸੇ ਅੰਤਿਮ ਮੰਜ਼ਿਲ ਦੀ ਭਾਲ ਕਰਨਾ ਉਸ ਦੈਵੀ ਪ੍ਰੇਮ ਵਲੋਂ ਅਗਿਆਤ ਹੋਣਾ ਹੈ। ਇਹ ਤਾਂ ਪ੍ਰੇਮ ਦੀ ਨਿਰੰਤਰ ਕ੍ਰਿਆ ਹੁੰਦੀ ਹੈ, ਜਿਸ ਦਾ ਕੋਈ ਅੰਤ ਨਹੀਂ ਹੁੰਦਾ। ਇਸ ਦੀ ਅਨੰਤਤਾ ਹੀ ਉਸ ਦੀ ਸੁੰਦਰਤਾ ਹੈ ਅਤੇ ਪ੍ਰੇਮ ਦੇ ਕਾਰਜ ਵਿਚ ਕਿਸੇ ਵੀ ਪ੍ਰਾਪਤੀ ਦੀ ਆਵਸ਼ਕਤਾ ਨਹੀਂ ਹੁੰਦੀ। ਇਹ ਤਾਂ ਇਕ ਸਰਬ ਸਾਧਾਰਨ ਰੂਪ ਦੀ ਭਾਵਨਾ ਹੁੰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਇਸੇ ਪ੍ਰਥਾਇ ਹੀ ਕਥਨ ਹੈ, "ਪ੍ਰੇਮ ਤੋਂ ਬਿਨਾਂ ਪ੍ਰਭੂ ਨੂੰ ਕਿਵੇਂ ਪਾਇਆ ਜਾ ਸਕਦਾ ਹੈ ?"

# ਯਥਾਰਥ ਅਤੇ ਗੁਰਮਤ

ਪੂਰਵ ਵਿਗਿਆਨਕ ਕਾਲਾਂ ਵਿਚ ਯਥਾਰਥ ਦੇ ਸਰੂਪ ਤੇ ਪ੍ਰਕ੍ਰਿਤੀ ਬਾਰੇ ਬਹੁਤ ਸਾਰੇ ਅਨੁਮਾਨ ਲਗਾਏ ਜਾਂਦੇ ਰਹੇ। ਅਤਿ ਦੇ ਸੂਖਮ ਭਾਵੀ ਅਮੂਰਤੀਕਰਨ ਦੁਆਰਾ ਬ੍ਰਹਮ ਨੂੰ ਸਤ, ਚਿਤ, ਅਨੰਦ ਦੇ ਰੂਪ ਵਿਚ ਜਾਣਿਆ ਜਾਂਦਾ ਸੀ। ਇਹ ਅਹੰ (ਮੈਂ-ਤਵ), ਚੇਤੰਨਤਾ ਤੇ ਅਨੰਦ ਦਾ ਸੁਮੇਲ ਮੰਨਿਆ ਜਾਂਦਾ ਸੀ। ਇਸ ਯਥਾਰਥ ਤਕ ਪੁਜਣ ਲਈ ਦਾਰਸ਼ਨਿਕਾਂ ਨੂੰ ਵਚਿਤਰ ਭਾਂਤ ਦੇ ਅਸੰਗਤ ਪ੍ਰਕਾਰ ਦੇ ਤਰਕਾਂ ਵਿਤਰਕਾਂ ਵਿਚੋਂ ਲੰਘਣਾ ਪਿਆ ਹੈ। ਇਸ ਨੂੰ ਅਸੀਂ ਨੈਬੁਲੇ ਸਮਾਨ ਧੁੰਦਲਾ ਜਿਹਾ ਦਾਰਸ਼ਨਿਕ ਵਿਚਾਰ ਤਾਂ ਮੰਨ ਸਕਦੇ ਹਾਂ, ਪਰ ਇਸ ਨੂੰ ਕੋਈ ਗੰਭੀਰ ਦਰਸ਼ਨ ਨਹੀਂ ਮੰਨਿਆ ਜਾ ਸਕਦਾ। ਕ੍ਰੋਚੇ (Croce) ਨੇ ਸਿੱਖ ਦ੍ਰਿਸ਼ਟੀਕੋਣ ਦੇ ਸੰਬੰਧ ਵਿਚ ਵਿਸ਼ੇਸ਼ ਟਿਪਣੀ ਕੀਤੀ ਹੈ ਕਿ ਜਿਸ ਦਰਸ਼ਨ ਸ਼ਾਸਤਰ ਨੂੰ ਪੁਰਾਤਨ ਧਰਮਾਂ ਨੇ ਵਿਕਸਿਤ ਕੀਤਾ ਸੀ ਤੇ ਜਿਸ ਨੂੰ ਉਹ ਆਤਮ ਦਰਸ਼ਨ ਆਖਦੇ ਸਨ, ਹੁਣ ਨਿਮਨ ਕੋਟੀ ਦਾ ਗਿਆਨ ਹੀ ਰਹਿ ਗਿਆ ਹੈ। ਇਹ ਇੰਨੇ ਨੀਵੇਂ ਪੱਧਰ ਦਾ ਹੈ ਕਿ ਇਸ ਨੂੰ ਮਨੁੱਖ ਦੀ ਸਿਧਾਂਤਕ ਪ੍ਰਕ੍ਰਿਆ ਜਿਥੇ ਕਿ ਉਸ ਦੀ ਕਲਾ, ਸਮਾਲੋਚਨਾ ਤੇ ਦਰਸ਼ਨ ਪਹੁੰਚ ਚੁਕਾ ਹੈ, ਨਾਲ ਕਿਸੇ ਤਰ੍ਹਾਂ ਵੀ ਖੜ੍ਹਾ ਨਹੀਂ ਕੀਤਾ ਜਾ ਸਕਦਾ। ਦੂਜੇ ਬੰਨੇ ਗੁਰੂ ਸਾਹਿਬਾਨ ਨੇ ਆਪਣੀ ਵਿਸ਼ੇਸ਼ ਧਾਰਮਿਕ ਪ੍ਰਤਿਭਾ ਦੁਆਰਾ ਅਜਿਹੀ ਪ੍ਰੇਰਨਾ ਨੂੰ ਜਗਾਇਆ ਜਿਸ ਨਾਲ ਇਕ ਵਿਸ਼ੇਸ਼ ਸੰਸਕ੍ਰਿਤੀ ਦਾ ਜਨਮ ਹੋਇਆ। ਜਿਸ ਵਿਚ ਮਨੁੱਖ ਦਾ ਉਚਤਮ ਬੌਧਿਕ ਗਿਆਨ ਮਨੁੱਖੀ ਸਮਾਜ ਨੂੰ ਸਮਾਨ ਰੂਪ ਵਿਚ ਸਹਿਜ-ਅਨੰਦ ਤੇ ਆਤਮ ਪ੍ਰਸੰਨਤਾ ਪ੍ਰਦਾਨ ਕਰਨ ਲਈ ਕਦਮ ਨਾਲ ਕਦਮ ਮੇਲ ਕੇ ਤੁਰਦਾ ਹੈ।

ਬ੍ਰਹਮ ਮਾਇਆ ਤੇ ਮਿਥਿਆ ਤੋਂ ਪਰਾ-ਯਥਾਰਥ ਹੈ, ਪਰ ਇਸ ਮਨੁੱਖੀ ਤੰਤਰ ਅਨੁਸਾਰ ਯਥਾਰਥ ਦੀ ਤੁਲਨਾ ਵਿਚ ਮਾਇਆ ਆਤਮਗਤ ਭਰਮ ਜਾਂ ਛਲਾਵਾ ਹੈ ਅਤੇ ਇਸ ਆਤਮ ਬੋਧ ਦੁਆਰਾ ਬ੍ਰਹਮ ਜੋ ਨਾਮ ਅਤੇ ਰੂਪ ਤੋਂ ਰਹਿਤ ਹੈ, ਨੂੰ ਜਾਣ ਸਕਣਾ ਹੀ ਬ੍ਰਹਮ-ਗਿਆਨ ਹੈ। ਨਾਮ ਤਾਂ ਉਹ ਚਿੰਨ੍ਹਾਤਮਕ ਪ੍ਰਤੀਕ ਹੈ ਜੋ ਅਸੀਂ ਆਪਣੀਆਂ ਗਿਆਨ ਇੰਦਰੀਆਂ ਦੁਆਰਾ ਉਹਨਾਂ ਵਸਤੂਆਂ ਦੇ ਪ੍ਰਤੱਖਣ ਨੂੰ ਦਿੰਦੇ ਹਾਂ, ਜਿਨ੍ਹਾਂ ਨੂੰ ਕਿ ਅਸੀਂ ਦੇਖਦੇ ਤੇ ਪਰਸਦੇ ਹਾਂ, ਉਹ ਸਾਰਾ ਗਿਆਨ ਜੋ ਅਸੀਂ ਆਪਣੀਆਂ ਗਿਆਨ ਇੰਦਰੀਆਂ ਦੁਆਰਾ ਗ੍ਰਹਿਣ ਕਰਦੇ ਹਾਂ ਯਥਾਰਥ ਨਹੀਂ ਹੋ ਸਕਦਾ। ਜਿਵੇਂ ਹਨੇਰੇ ਵਿਚ ਰੱਸੀ ਸੱਪ ਹੋਣ ਦਾ ਭਰਮ ਪੈਦਾ ਕਰ ਦਿੰਦੀ ਹੈ ਅਤੇ ਇਸ ਨੂੰ ਅਸੀਂ ਸੱਚ ਮੰਨ ਲੈਂਦੇ ਹਾਂ। ਇਸੇ ਤਰ੍ਹਾਂ ਬਾਹਰੀ ਸੰਸਾਰ ਦਾ ਗਿਆਨ ਬ੍ਰਹਮ ਉਪਰ ਅਰੋਪਤ ਕਰ ਦਿਤਾ ਜਾਂਦਾ ਹੈ। ਵੇਦਾਂਤ-ਦਰਸ਼ਨ ਦੀ ਸਾਰੀ ਸੁੰਦਰਤਾ ਇਸੇ ਦ੍ਰਿਸ਼ਟਟਾਂਤ ਵਿਚ ਸਮਾਈ ਹੋਈ ਹੈ। ਅਜਿਹੇ

ਨੁਮਾਨਾਂ ਦੁਆਰਾ ਯਥਾਰਥ ਦਾ ਅਜਿਹਾ ਪ੍ਰਤੀਕਾਤਮਕ ਬੋਧ ਜਾਂ ਗਿਆਨ ਹੀ ਕਰਾਚਾਰੀਆ ਦਾ ਵਿਸ਼ੇਸ਼ ਦਰਸ਼ਨ ਹੈ। ਸ਼ੁਧ ਮਾਨਸਿਕ ਚਿੰਤਨ ਦੇ ਰੂਪ ਵਿਚ ਇਹ ਬਹੁਤ ਆਕਰਸ਼ਕ ਪ੍ਰਤੀਤ ਹੁੰਦਾ ਹੈ ਅਤੇ ਹੁਣ ਵੀ ਇਹ ਕੁਝ ਮਹਾਨ ਚਿੰਤਕਾਂ ਨੂੰ ਆਪਣੇ ਵਲ ਆਕਰਸ਼ਿਤ ਕਰਦਾ ਹੈ। ਸਾਡੇ ਭਾਰਤੀਆਂ ਲਈ ਇਹਨਾਂ ਦਾਰਸ਼ਨਿਕ ਸੰਕਲਪਾਂ ਦੁਆਲੇ ਜਿਹੜੀ ਪਵਿੱਤਰ ਭਾਵਨਾ ਦੀ ਸੁਗੰਧੀ ਜੁੜੀ ਹੋਈ ਹੈ, ਉਹ ਸਾਨੂੰ ਇਹਨਾਂ ਨਾਲ ਜੁੜੇ ਰਹਿਣ ਲਈ ਕਾਫ਼ੀ ਵੱਡੀ ਖਿਚ ਦਾ ਕਾਰਨ ਬਣਦੀ ਹੈ, ਪਰ ਮਾਨਸਿਕ ਮੰਡਲ ਵਿਚ ਆ ਕੇ ਇਹ ਆਕਰਸ਼ਨ ਇਕਦਮ ਸਮਾਪਤ ਹੋ ਜਾਂਦਾ ਹੈ। ਇਸ ਮਿਥਿਆਵਾਦੀ ਦਰਸ਼ਨ ਨੇ ਹਿੰਦੂਆਂ ਤੇ ਕੁਝ ਹੱਦ ਤਕ ਮੁਸਲਮਾਨਾਂ ਨੂੰ ਵੀ ਰਾਸ਼ਟਰਾਂ ਦੇ ਮੰਡਲ ਵਿਚ ਹੇਠਲੇ ਪੱਧਰ ਉਤੇ ਲੈ ਆਂਦਾ ਹੈ ਤੇ ਉਹਨਾਂ ਦੀ ਸੰਗਰਾਮ ਕਰਨ ਦੀ ਸ਼ਕਤੀ ਨੂੰ ਖੀਣ ਕੀਤਾ ਹੈ।

ਅਜ ਤੋਂ ਦਸ ਸਾਲ ਪਹਿਲਾਂ ਹਰ ਭਗਵੇ ਭੇਖ ਵਾਲਾ ਸਾਧੂ ਗੰਗਾ ਦੇ ਕੰਢਿਆਂ ਉਤੇ ਬੈਠ ਕੇ ਰਿਸ਼ੀਕੇਸ਼ ਤੇ ਉਤਰਕਾਸ਼ੀ ਵਿਖੇ ਇਸ ਦਰਸ਼ਨ ਦੀ ਬੜੀ ਸੁੰਦਰ ਵਿਆਖਿਆ ਕਰਦਾ ਸੀ। ਧਰਮ ਪੋਥੀਆਂ ਦੇ ਪਾਠ ਨੂੰ ਵਾਚ ਕੇ ਇਹ ਕਹਿਣ ਦਾ ਕੋਈ ਕਸ਼ਟ ਨਹੀਂ ਸੀ ਕਰਦਾ ਕਿ "ਇਸ ਦੇ ਅਰਥ ਹਨ, ਮਨੁੱਖੀ ਕਰਮ।" ਤਿਆਗ ਦਾ ਭਾਵ ਇਹ ਕਦਾਚਿਤ ਨਹੀਂ ਕਿ ਆਪਣੇ ਘਰ ਕਾਰੋਬਾਰ ਤੇ ਪਤਨੀ ਦਾ ਤਿਆਗ ਕਰ ਦਿਉ। ਖੁਲ੍ਹੇ ਅਰਥਾਂ ਵਿਚ ਵੇਦਾਂਤ ਅਨੁਸਾਰ ਯਥਾਰਥ ਉਹ ਨਹੀਂ ਹੈ, ਜਿਸ ਨੂੰ ਕਿ ਅਸੀਂ ਵੇਖਦੇ-ਪੇਖਦੇ ਤੇ ਛੂੰਹਦੇ-ਪਰਸਦੇ ਹਾਂ। ਇਹ ਬਜਰ ਚੱਟਾਨਾਂ, ਨਦੀਆਂ ਅਤੇ ਤਾਰਿਆਂ ਦਾ ਪ੍ਰਤੀਤ ਹੁੰਦਾ ਸਦੀਵੀ ਸੰਸਾਰ ਸ਼ੰਕਰ ਦੇ ਵੇਦਾਂਤ ਮਤ ਅਨੁਸਾਰ ਗਿਆਨ ਇੰਦਰੀਆਂ ਦੇ ਭੁਲਾਵੇ ਮਾਤਰ ਹਨ। ਜੇ ਅਸੀਂ ਇਸ ਧਾਰਨਾ ਦਾ ਚਿੰਤਨ ਕਰੀਏ ਤੇ ਇਸ ਦੇ ਸੰਕਲਪਾਂ ਦਾ ਮਾਨਸਿਕ ਤੌਰ 'ਤੇ ਅਭਿਆਸ ਕਰੀਏ ਤਾਂ ਇਹ ਬਹੁਤ ਹੀ ਮਸਤ ਕਰਨ ਵਾਲਾ ਤੇ ਅਨੰਦਦਾਇਕ ਜਾਪਦਾ ਹੈ। ਇਸ ਚਿੰਤਨ-ਪੱਧਤੀ ਵਿਚ ਮਨ ਦੀ ਅੰਤਰੀਵ ਦਸ਼ਾ ਜੋ ਕਿ ਇਕ ਰੱਜੇ-ਪੁਜੇ ਤੇ ਰਿਸ਼ਟ-ਪੁਸ਼ਟ ਸਰੀਰ ਵਾਲੇ ਦਾ ਪ੍ਰਤੀਫਲ ਹੁੰਦੀ ਹੈ—ਇਕ ਤਰ੍ਹਾਂ ਨਾਲ ਵਸਤੂਮੁਖੀ ਸੰਸਾਰ ਦਾ ਗਿਆਨ ਇੰਦਰੀਆਂ ਦੁਆਰਾ ਗ੍ਰਹਿਣ ਕੀਤਾ ਗਿਆ ਪ੍ਰਤੀਕਰਮ ਹੀ ਹੁੰਦਾ ਹੈ, ਇਸੇ ਨੂੰ ਵਧੇਰੇ ਯਥਾਰਥ ਮੰਨ ਲਿਆ ਜਾਂਦਾ ਹੈ। 'ਮੈਂ' ਜੋ ਇਕ ਮਨੁੱਖ ਦੇ ਬੱਚੇ ਦੁਆਰਾ ਖਾਧੀ ਗਈ ਖੁਰਾਕ ਦੀ ਰਸਾਇਣਿਕ ਕਿਰਿਆ ਦਾ ਪ੍ਰਤੀਫਲ ਹੈ—ਨੂੰ ਕਰਤਾ ਮੰਨਿਆ ਜਾਂਦਾ ਹੈ। ਇਹ ਕਿਸੇ ਤਾਰਕਿਕ ਵਿਚਾਰ ਦਾ ਕਿੰਨਾਂ ਨਿਰਾਰਥਕ ਤੇ ਖੀਣ ਕਰ ਦੇਣ ਵਾਲਾ ਪੱਖ ਹੈ ਕਿ 'ਮੈਂ' ਹੀ ਸਭ ਕਾਰਜ ਕਰ ਰਿਹਾ ਹਾਂ, ਮੈਂ ਹੀ ਗੂੜ੍ਹੀ ਨੀਂਦ ਵਿਚ ਸੁੱਤਾ ਪਿਆ ਹਾਂ ਅਤੇ ਮੈਂ ਹੀ ਇਹ ਕਹਿੰਦਾ ਹਾਂ ਕਿ 'ਮੈਨੂੰ ਚੰਗੀ ਨੀਂਦ ਆਈ ਹੈ।' ਕੇਵਲ ਇਹ ਪੜਨਾਂਵ 'ਮੈਂ' ਹੀ ਯਥਾਰਥ ਹੈ ਜਿਸ ਬਾਰੇ ਕੋਈ ਕੁਝ ਵੀ ਨਹੀਂ ਕਹਿ ਸਕਦਾ ਤੇ ਨਾ ਹੀ ਇਸ ਬਾਰੇ ਕੋਈ ਬੋਧ ਪ੍ਰਾਪਤ ਕਰ ਸਕਦਾ। ਇਸ ਤੋਂ ਵਧੇਰੇ ਭੱਦੀ ਗੱਲ ਕੋਈ ਹੋਰ ਨਹੀਂ ਹੋ ਸਕਦੀ। ਫਿਰ ਵੀ ਇਸ ਨੂੰ ਲਗਾਤਾਰ ਦੁਹਰਾਇਆ ਜਾਂਦਾ ਰਿਹਾ ਹੈ ਤੇ ਇਸ ਨੂੰ ਬ੍ਰਹਮ-ਗਿਆਨ ਵਜੋਂ ਪ੍ਰਵਾਨ

ਕੀਤਾ ਜਾਂਦਾ ਰਿਹਾ ਹੈ। ਬਾਹਰਮੁਖੀ ਜਾਂ ਵਸਤੂਗਤ ਸੰਸਾਰ ਤਾਂ ਇਕ ਭਰਮ ਹੈ, ਪਰ ਇਹ 'ਮੈਂ' ਜੋ ਕਰਤਾ ਹਾਂ—ਯਥਾਰਥ ਹੈ। ਸੱਚ ਹੀ ਇਥੇ ਇਕ ਸੁਪਨੇ ਦਾ ਸ਼ੇਰ ਸੁਪਨੇ ਦੇ ਰੋਝ ਦਾ ਸ਼ਿਕਾਰ ਕਰ ਰਿਹਾ ਹੈ। ਇਹ ਵਿਚਾਰ ਕਿਸੇ ਦਾਰਸ਼ਨਿਕ ਪੱਧਤੀ ਦੀ ਉਪਜ ਨਹੀਂ ਹੋ ਸਕਦਾ, ਸਗੋਂ ਇਹ ਤਾਂ ਸ਼ਕਤੀ ਦੇ ਮਦ ਵਿਚ ਮਤੀ, ਸੁਤੰਤਰ ਤੇ ਜੇਤੂ ਆਰੀਆ ਜਾਤੀ ਦੀ ਸੋਚ ਦੀ ਦੇਣ ਸੀ। ਇਹ ਤਾਂ ਇਕ ਸੂਖ਼ਮ ਰੂਪ ਦੀ ਬ੍ਰਾਹਮਣਵਾਦੀ ਨਿਰੰਕੁਸ਼ਤਾ ਹੀ ਸੀ। ਇਹ ਤਾਂ ਇਕ ਰੱਜੀ ਪੁਜੀ ਕੁਲੀਨ ਜਾਤੀ ਦੀ ਭਾਵਨਾ ਸੀ। ਇਹ ਵਿਚਾਰਧਾਰਾ ਤਾਂ ਮਨੁੱਖ ਦੀ ਪਿੱਠ ਉਤੇ ਇਕ ਬੋਝ ਵਾਂਗ ਲੱਦ ਦਿਤੀ ਗਈ ਜਿਸ ਨੇ ਉਸ ਨੂੰ ਦੋਫਾੜ ਕਰਕੇ ਰਖ ਦਿਤਾ। ਦੋ ਵਿਅਕਤੀ ਇਕ ਦੂਜੇ ਨੂੰ ਮਿਲਦੇ ਤੇ ਖ਼ੁਸ਼ ਹੁੰਦੇ ਹਨ, ਪਰ ਇਸ ਵਿਸ਼ੇਸ਼ ਦਰਸ਼ਨ ਅਨੁਸਾਰ ਦੋ ਮਨੁੱਖ ਜੋ ਇਕ ਦੂਜੇ ਨੂੰ ਮਿਲਦੇ ਹਨ, ਇਕ ਦੂਜੇ ਦੇ ਨੈਣਾਂ ਵਿਚ ਤੱਕਦੇ ਹਨ—ਯਥਾਰਥ ਨਹੀਂ ਹਨ, ਪਰ ਜਿਹੜੀ ਇਹਨਾਂ ਦੀ ਮਿਲਣੀ ਦੁਆਰਾ ਅੰਤਰੀਵ ਪ੍ਰਸੰਨਤਾ ਉਤਪੰਨ ਹੁੰਦੀ ਹੈ, ਉਹ ਯਥਾਰਥ ਹੈ। ਇਸ ਤਰ੍ਹਾਂ ਨਾਲ ਵਿਅਕਤੀਤਵ ਦੇ ਨਿਖੇਧ ਕਰਨ ਦਾ ਯਤਨ ਕੀਤਾ ਗਿਆ ਹੈ ਤੇ ਇਕ ਧੁੰਦਲੇ ਜਿਹੇ ਅਸੀਮ ਨੂੰ ਯਥਾਰਥ ਬਣਾ ਦਿਤਾ ਗਿਆ ਹੈ ਅਤੇ ਗਿਆਨ ਇੰਦਰੀਆਂ ਦੁਆਰਾ ਉਤਪੰਨ ਹੋਏ ਸਾਰੇ ਗਿਆਨ ਨੂੰ ਭਰਮ ਤੇ ਮਿਥਿਆ ਮੰਨਿਆ ਗਿਆ ਹੈ, ਪਰ ਗੁਰੂ ਸਾਹਿਬ ਤਾਂ ਮਨੁੱਖੀ ਸਰੀਰ ਦੀ ਉਪਮਾ ਕਰਦੇ ਹਨ। ਗੁਰੂ ਸਾਹਿਬ ਦਾ ਕਥਨ ਹੈ ਕਿ ਕਿਰਤ ਕਰਨਾ ਹੀ ਪ੍ਰੇਮ ਕਰਨਾ ਹੈ। ਬਹੁਤ ਸਾਰੀਆਂ ਥਾਵਾਂ 'ਤੇ ਗੁਰੂ ਸਾਹਿਬ ਨੇ ਅਤੇ ਵਿਸ਼ੇਸ਼ ਤੌਰ 'ਤੇ 'ਆਸਾ ਦੀ ਵਾਰ' ਵਿਚ ਸਪਸ਼ਟ ਭਾਂਤ ਇਹ ਗੱਲ ਆਖੀ ਹੈ ਕਿ "ਇਹ ਵਿਸ਼ਵ ਯਥਾਰਥ (ਸੱਚ) ਹੈ ਅਤੇ ਇਹ ਕੋਈ ਭਰਮ ਜਾਂ ਮਿਥਿਆ ਨਹੀਂ ਹੈ।"

ਵੇਦਾਂਤ ਰਜੇ-ਪੁਜੇ ਵਿਹਲੜਾਂ ਲਈ ਉਸ ਸਮੇਂ ਬੜਾ ਮਨਮੋਹਣਾ, ਪ੍ਰਾਭੌਤਿਕ ਅਨੁਮਾਨਾਂ ਉਤੇ ਆਧਾਰਿਤ ਦਰਸ਼ਨ ਬਣ ਜਾਂਦਾ ਹੈ, ਜਦੋਂ ਇਹ ਬਾਹਰਮੁਖੀ ਸੰਸਾਰ ਵਿਚੋਂ ਸਾਰੇ ਯਥਾਰਥ ਨੂੰ ਖਾਰਜ ਕਰ ਦਿੰਦਾ ਹੈ ਅਤੇ ਸਾਰੇ ਵਿਸ਼ਵ ਨੂੰ ਇਕ ਤਰ੍ਹਾਂ ਦਾ ਅੰਤਰਮੁਖੀ ਮੰਨਦਾ ਹੈ ਅਤੇ ਇਸ ਪੱਖ ਤੋਂ ਇਹ ਮਨੁੱਖੀ ਸੰਕਲਪਾਂ ਦਾ ਮਾਨਸਿਕ ਰੂਪ ਦਾ ਅੰਤਿਮ ਵਿਸਥਾਰ ਹੀ ਹੈ। ਹੇਗਲ ਅਤੇ ਹੋਰ ਆਤਮਵਾਦੀ ਤੇ ਨਿਰਪੇਖਵਾਦੀ ਚਿੰਤਕ ਵੇਦਾਂਤ ਦਰਸ਼ਨ ਦੇ ਸੰਕਲਪਾਂ ਦੇ ਹੀ ਨਾਨਾ ਰੂਪਾਂ ਨੂੰ ਪ੍ਰਸਤੁਤ ਕਰਦੇ ਹਨ। ਡਿਯੂਸਨ (Deussen) ਸੱਚ ਹੀ ਕਹਿੰਦਾ ਹੈ ਕਿ ਕੋਈ ਵੀ ਦਾਰਸ਼ਨਿਕ ਅਨੁਮਾਨ ਹਿੰਦੂ ਵੇਦਾਂਤ ਦੀ ਮਾਨਸਿਕ ਚਮਕ-ਦਮਕ ਤੇ ਸ਼ਾਨ ਨੂੰ ਮਾਤ ਨਹੀਂ ਪਾ ਸਕਦਾ, ਪਰ ਜਦੋਂ ਇਸ ਦਰਸ਼ਨ ਨੂੰ ਜੀਵਨ ਦੀ ਕਲਾ ਤੇ ਕਿਰਤ ਉਤੇ ਲਾਗੂ ਕਰਕੇ ਕਿਸੇ ਦਾਰਸ਼ਨਿਕ ਸਿਧਾਂਤ ਨੂੰ ਉਸਾਰਨ ਦਾ ਯਤਨ ਕੀਤਾ ਜਾਂਦਾ ਹੈ ਤਾਂ ਇਹ ਨਿਰੀ ਉਪ-ਭਾਵੁਕਤਾ ਹੀ ਪ੍ਰਤੀਤ ਹੁੰਦਾ ਹੈ। ਆਪਣੇ ਸਨਾਤਨ ਸਾਹਿਤ ਦੀ ਆਧੁਨਿਕ ਹਿੰਦੂ ਚਿੰਤਕਾਂ ਦੁਆਰਾ ਕੀਤੀ ਗਈ ਵਿਆਖਿਆ ਵੀ ਹਾਸੋਹੀਣੀ ਹੀ ਲਗਦੀ ਹੈ।

ਗੁਰੂ ਨਾਨਕ ਵੇਦਾਂਤ ਦੇ ਸੰਕਲਪਾਂ ਨੂੰ ਯਥਾਰਥ ਨਹੀਂ ਮੰਨਦੇ। ਆਪ

ਃਹਨਾਂ ਨੂੰ ਨਿਰਜਿੰਦ ਵਸਤੂ ਕਹਿੰਦੇ ਹਨ, ਜੋ ਮਨੁੱਖੀ ਵਿਚਾਰਾਂ ਦੇ ਪੁਰਾਲੇਖ ਵਨਾਂ (ਅਜਾਇਬਘਰਾਂ) ਵਿਚ ਹੀ ਸਾਂਭਣ ਯੋਗ ਹਨ। ਜੀਵਨ ਦੇ ਖੇਤਰ ਵਿਚ ਃਹਨਾਂ ਦਾ ਕੋਈ ਉਪਯੋਗ ਨਹੀਂ ਹੋ ਸਕਦਾ। ਗੁਰੂ ਨਾਨਕ ਕਹਿੰਦੇ ਹਨ, ਸੂਰਜ ਵੀ ਸੱਚ ਹੈ, ਧਰਤੀ ਵੀ ਯਥਾਰਥ ਹੈ।'' ਜੋ ਕੁਝ ਵੀ ਅਸੀਂ ਵੇਖਦੇ ਰਸਦੇ ਹਾਂ, ਜਿਸ ਕਿਸੇ ਨੂੰ ਵੀ ਅਸੀਂ ਮਿਲਦੇ, ਪ੍ਰੇਮ ਕਰਦੇ, ਉਸ ਬਾਰੇ ਕੁਝ ਤ੍ਰਸ਼ੇਸ਼ ਮਨੋਭਾਵਾਂ ਦਾ ਅਨੁਭਵ ਕਰਦੇ ਹਾਂ ਅਤੇ ਇਹਨਾਂ ਬਾਰੇ ਖ਼ੁਸ਼ੀ ਅਤੇ ਗ਼ਮੀ ਾ ਪ੍ਰਗਟਾਵਾ ਕਰਦੇ ਹਾਂ, ਆਦਿ ਸਭ ਯਥਾਰਥ ਹੈ। ਇਹ ਇਕ ਪ੍ਰਕਾਰ ਦੇ ੜਾਵੇ ਯਥਾਰਥ ਦਾ ਅੰਸ਼ ਮਾਤਰ ਹੈ। ਇਹ ਕੇਵਲ ਇਸ ਲੋਕ ਦਾ ਯਥਾਰਥ ਹੀਂ ਹੈ, ਸਗੋਂ ਇਸ ਲੋਕ ਤੋਂ ਪਰੇ ਦੇ ਲੋਕ, ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਪ੍ਰਭੂ-ਦੇਸ' ਆਖਦੇ ਹਨ—ਦਾ ਵੀ ਯਥਾਰਥ ਹੈ। ਇਹ ਤਾਂ ਯਥਾਰਥ ਦਾ 'ਵਲ ਇਕ ਭਾਗ ਹੈ ਜੋ ਇਥੇ ਅਸੀਂ ਆਪਣੀਆਂ ਗਿਆਨ ਇੰਦਰੀਆਂ ਦੁਆਰਾ ਨੁਭਵ ਕਰਦੇ ਹਾਂ। ਇਸ ਦਾ ਵਧੇਰਾ ਭਾਗ ਅਸੀਂ ਪਰਲੋਕ ਵਿਚ ਜਾ ਕੇ ਖਾਂਗੇ। ਇਹ ਧਰਤੀ ਤਾਂ ਕੇਵਲ ਇਕ ਗ੍ਰਹਿ ਹੀ ਹੈ। ਕਈ ਹੋਰ (ਪਾਤਾਲਾਂ ਾਤਾਲ ਆਕਾਸ਼ਾਂ ਆਕਾਸ਼) ਗ੍ਰਹਿ ਮੌਜੂਦ ਹਨ। ਇਹ ਸੰਸਾਰ ਤਾਂ ਉਚੇਰੇ ਜੀਵਨ ਕ ਪੁਜਣ ਲਈ ਇਕ ਮਾਰਗ ਹੈ ਅਤੇ ਉਚੇਰੀ ਜੀਵਨ ਮੰਜ਼ਿਲ ਪਿਛੋਂ ਹੋਰ ਚੇਰੀ ਜੀਵਨ-ਮੰਜ਼ਿਲ ਵੀ ਹੁੰਦੀ ਹੈ। ਇਸ ਦਾ ਕੋਈ ਅੰਤ ਨਹੀਂ ਹੈ, ਸੁੰਦਰਤਾ ਆਕਾਰ ਤੇ ਸਰੂਪ ਦਾ ਵੀ ਕੋਈ ਅੰਤਿਮ ਸਿਰਾ ਨਹੀਂ ਹੈ ਅਤੇ ਨਾ ਹੀ ਪ੍ਰਭੂ ੀ ਪਵਿਤਰਤਾ ਦਾ ਕੋਈ ਅੰਤ ਹੈ। ਸਾਡੀ ਇਹ ਧਰਤੀ, ਸਾਡਾ ਇਹ ਮਨ, ਭਾਸ਼ਾ ਤੇ ਸਾਡੇ ਵਰਤਮਾਨ ਵਿਚਾਰ ਸੰਕਲਪ ਅੰਤਿਮ ਯਥਾਰਥ ਬਾਰੇ ਚਰਚਾ ਕਰਨ ਜਾਣ ਸਕਣ ਦੇ ਸਮਰੱਥ ਨਹੀਂ ਹਨ। ਉਸ ਬਾਰੇ ਵਰਣਨ ਕਰਨ ਦਾ ਕੋਈ ਭ ਨਹੀਂ ਹੈ, ਜਿਸ ਨੂੰ ਕਿ ਸਾਡੀ ਭਾਸ਼ਾ, ਇਸ ਧਰਤ ਦੀਆਂ ਪ੍ਰਸਥਿਤੀਆਂ ਤੇ ੀਮਾਵਾਂ ਵਰਣਨ ਕਰ ਸਕਣ ਤੋਂ ਅਸਮਰਥ ਹਨ, ਪਰ ਇਹ ਗੱਲ ਯਕੀਨੀ ਹੈ ਕ ਜਿਵੇਂ ਅਸੀਂ ਇਸ ਸੰਸਾਰ ਵਿਚ ਇਕ ਵਿਅਕਤੀ ਹਾਂ, ਇਸੇ ਤਰ੍ਹਾਂ ਅਗਲੇ ੰਸਾਰ ਵਿਚ ਵੀ ਸਾਡਾ ਇਕ ਨਿਜ ਜਾਂ ਵਿਅਕਤੀਤਵ ਹੋਵੇਗਾ ਅਤੇ ਉਸ ਸੰਸਾਰ ਵਚ ਪੁਜ ਕੇ ਸਾਡਾ ਯਥਾਰਥ ਦਾ ਅਨੁਭਵ ਤੇ ਦ੍ਰਿਸ਼ਟੀ ਵੀ ਚੰਗੇਰੀ ਹੋਵੇਗੀ। ੱਖ-ਮਤ ਵਿਚ ਇਹ ਗੱਲ ਭਲੀ-ਭਾਂਤ ਸਪਸ਼ਟ ਕਰ ਦਿਤੀ ਗਈ ਹੈ ਕਿ ਤ੍ਰਅਕਤੀਤਵ ਜਾਂ ਨਿਜ ਸਰੂਪ ਅਨਿਜਤਾ ਤੋਂ ਵਡੇਰੀ ਆਦਰਸ਼ਕਤਾ ਹੈ। ਵਿਅਕਤੀ ਾਂ ਅਨਾਮ, ਨਿਰਾਕਾਰ ਤੇ ਅਨੀਲ ਅਨੰਤ ਦਾ ਸਾਕਾਰ ਹੋਇਆ ਮਨੁੱਖੀ ਸਰੂਪ , ਪਰ ਇਹ ਅਨਿਜਤਾ ਤਾਂ ਕੇਵਲ ਧੁੰਦਲੇ ਪਦਾਰਥ ਦਾ ਇਕ ਸੋਧਿਆ ਹੋਇਆ ਰੂਪ ਹੈ, ਜੋ ਮਨੁੱਖ ਦੀ ਖੋਪਰੀ ਵਿਚ ਵਿਦਮਾਨ ਹੁੰਦਾ ਹੈ। ਮਨੁੱਖ ਤਾਂ ਕੁਦਰਤ ਾ ਸੁਪਨਾ ਹੈ, ਕੁਦਰਤ ਇਸ ਨੂੰ ਸਾਕਾਰ ਕਰਨ ਲਈ ਪ੍ਰਸੂਤ-ਪੀੜਾ ਨੂੰ ਝਲਦੀ । ਫਿਰ ਵੀ ਹਿੰਦੂ ਪ੍ਰਾਭੌਤਿਕ ਦਰਸ਼ਨ ਇਸ ਨੂੰ ਇਕ ਸਰਾਪ ਦਸਦਾ ਹੈ ਜਿਸ ਕਿ ਜਨਮ-ਮਰਨ ਦੇ ਗੇੜ ਤੋਂ ਪਰੇ ਦੇ ਰੂਪ-ਰਹਿਤ ਅਨੰਤ ਵਿਚ ਜਾ ਸਮਾਉਣਾ ਾਹੀਦਾ ਹੈ। ਹਿੰਦੂ ਚਿੰਤਕ ਇਸ ਨੂੰ ਪੀੜਾ ਜਾਂ ਸੰਤਾਪ ਦੀ ਸੰਗਿਆ ਦਿੰਦੇ ਹਨ।

ਅਜਿਹੀ ਸੰਕਲਪਗਤ ਨਿਪੁੰਨਸਕਤਾ ਦਾ ਖੰਡਨ ਕਰਨਾ ਜ਼ਰੂਰੀ ਹੈ।

ਸਾਡੀਆਂ ਗਿਆਨ ਇੰਦਰੀਆਂ ਕਿਸੇ ਭਰਮ ਜਾਂ ਭ੍ਰਾਂਤੀ ਦਾ ਸ਼ਿਕਾਰ ਨਹੀਂ ਹੁੰਦੀਆਂ, ਸਗੋਂ ਇਹਨਾਂ ਦੇ ਹੋਰ ਵਿਸਤਾਰ ਜਾਂ ਵ੍ਰਿਧੀ ਦੀ ਲੋੜ ਹੈ ਤਾ ਜੋ ਇਹ ਅਕਾਲ ਪੁਰਖ ਵਲੋਂ ਕੀਤੇ ਜਾ ਰਹੇ ਸਹਿਜ ਸੁਭਾਵਕ ਕਾਰਜ ਨੂੰ ਵਧੇਰੇ ਸ਼ੀਘਰ ਤਰ੍ਹਾਂ ਲਖ-ਪੇਖ ਸਕਣ। ਇਥੋਂ ਤਕ ਕਿ ਇਕ ਨਿਕੀ ਕੀੜੀ ਵੀ ਯਥਾਰਥ ਦਾ ਅੰਸ਼ ਹੁੰਦੀ ਹੈ। ਇਸ ਲਈ ਯਥਾਰਥ ਦੀ ਪ੍ਰਕ੍ਰਿਤੀ ਦੇ ਬੋਧ ਸੰਬੰਧੀ ਅਸੀਂ ਕਿਸੇ ਨਿਜ ਭਰਮ ਜਾਂ ਭ੍ਰਾਂਤੀ ਦਾ ਸ਼ਿਕਾਰ ਨਹੀਂ ਹੁੰਦੇ। ਇਹ ਸੰਸਾਰ ਤਾਂ ਉਹ ਰਾਜ ਮਹੱਲ ਹੈ ਜਿਥੇ ਸੱਚਾ ਪਾਤਸ਼ਾਹ ਜੋ ਸੱਚ ਸਰੂਪ ਪ੍ਰਭੂ ਹੈ, ਆਪਣਾ ਨਿਵਾਸ ਰਖਦਾ ਹੈ ਅਤੇ ਇਹ ਇਕ ਪਰਮ ਯਥਾਰਥ ਹੈ।

ਗੁਰੂ ਨਾਨਕ ਅਨੁਸਾਰ ਧਰਮ ਤਾਂ ਨਿਰੰਤਰ ਰੂਪ ਦੀ ਉਚੇਰੀ ਚੇਤੰਨਤਾ ਦੀ ਅਵਸਥਾ ਹੈ, ਜੋ ਸ੍ਰਿਸ਼ਟੀ ਨਾਲ ਇਕਸੁਰ ਹੋ ਕੇ ਪ੍ਰਗੀਤਕ ਰੂਪ ਵਿਚ ਲਗਾਤਾਰ ਕਿਰਤ ਦੇ ਉਚੇਰੇ ਕਾਰਜਾਂ ਵਿਚ ਲਗੀ ਰਹਿੰਦੀ ਹੈ। ਸਾਰੇ ਹੱਥ ਮੁਸ਼ੱਕਤ ਕਰਨ ਵਿਚ ਰੁਝੇ ਰਹਿਣੇ ਚਾਹੀਦੇ ਹਨ। ਜਾਨਵਰ ਵੀ ਆਪਣੇ ਅਤੇ ਆਪਣੀ ਸੰਤਾਨ ਲਈ ਕੰਮ ਕਰਦੇ ਹਨ। ਸਾਰੀ ਸ੍ਰਿਸ਼ਟੀ, ਬ੍ਰਿਛ, ਪਸ਼ੂ ਤੇ ਪੰਛੀ ਆਪਣੇ ਆਹਾਰ ਤੇ ਖ਼ੁਸ਼ੀ ਲਈ ਕੰਮ ਕਰਦੇ ਹਨ। ਮਨੁੱਖਾਂ ਨੂੰ ਆਪਣੇ ਪ੍ਰਭੂ-ਪ੍ਰੀਤਮ ਲਈ ਕਿਰਤ ਕਰਨੀ ਚਾਹੀਦੀ ਹੈ, ਤਾਂ ਜੋ ਉਹ ਜੀਵਨ ਦੀਆਂ ਮਹਾਨ ਯਾਦਾਂ ਨੂੰ ਸਿੰਚਤ ਕਰ ਸਕਣ ਅਤੇ ਉਚੇਰੇ ਤੇ ਸੰਵੇਦਨਸ਼ੀਲ ਆਤਮਕ ਅਨੰਦ ਦੀ ਪ੍ਰਾਪਤੀ ਨੂੰ ਮਾਣ ਸਕਣ। ਇਹ ਸਰੀਰਕ ਅਨੰਦ-ਭੋਗ ਤਾਂ ਉਸ ਆਤਮਕ ਅਨੰਦ ਦੇ ਧੁੰਦਲੇ ਜਿਹੇ ਪਰਛਾਵੇਂ ਮਾਤਰ ਹੀ ਹੁੰਦੇ ਹਨ। ਇਹ ਸਰੀਰਕ ਭੋਗ-ਵਿਲਾਸ ਇਕ ਤਰ੍ਹਾਂ ਦੇ ਬ੍ਰਿਛਾਂ, ਪਸ਼ੂ-ਪੰਛੀਆਂ ਸਮਾਨ ਹੀ ਹੁੰਦੇ ਹਨ, ਕਿਉਂਜੋ ਮਨੁੱਖ ਦਾ ਜੀਵਨ ਆਪਣੀ ਪ੍ਰਕ੍ਰਿਤੀ ਕਾਰਨ ਇਹਨਾਂ ਸਭ ਨਾਲ ਜੁੜਿਆ ਹੋਇਆ ਹੈ। ਵਾਸਤਵ ਵਿਚ ਮਨੁੱਖ ਤੇ ਪ੍ਰਭੂ ਦੀ ਕੀਤੀ ਗਈ ਸੇਵਾ ਹੀ ਮਨੁੱਖ ਦੇ ਵਿਅਕਤੀਤਵ ਦੇ ਸੇਵਕ ਹੋਣ ਦਾ ਵਿਸ਼ਾਲਤਰ ਖੇਤਰ ਹੈ। ਜੋ ਮਨੁੱਖ ਇਸ ਉਚੇਰ ਆਦਰਸ਼ ਲਈ ਘਾਲ ਕਰਦਾ ਹੈ, ਉਹ ਸੱਚੇ ਅਰਥਾਂ ਵਿਚ ਪ੍ਰਭੂ ਲਈ ਘਾਲ ਕਰ ਰਿਹਾ ਹੁੰਦਾ ਹੈ। ਬੂਟੇ ਉਤੇ ਖਿੜਿਆ ਗੁਲਾਬ ਸਾਰੇ ਵਿਸ਼ਵ ਨੂੰ ਮਹਿਕ ਵੰਡ ਰਿਹਾ ਹੁੰਦਾ ਹੈ। ਗੁਲਾਬ ਦੇ ਵਿਪਰੀਤ ਮਨੁੱਖ ਕੋਲ ਤਾਂ ਹੱਥ ਤੇ ਪੈਰ ਹਨ, ਫਿਰ ਵੀ ਉਸ ਨੂੰ ਆਪਣੇ ਯੋਗ ਕੋਈ ਕੰਮ ਕਰਨ ਲਈ ਗੁਰੂ ਦੇ ਹਿਰਦੇ ਵਿਚ ਆਪਣੀਆਂ ਜੜ੍ਹਾਂ ਨੂੰ ਡੂੰਘਾ ਗਡਣਾ ਚਾਹੀਦਾ ਹੈ। ਜਿਹੜਾ ਆਪਣੀਆਂ ਜੜ੍ਹਾਂ ਨੂੰ ਪ੍ਰਭੂ ਤੇ ਮਾਨਵਤਾ ਨਾਲੋਂ ਤੋੜ ਲੈਂਦਾ ਹੈ ਅਤੇ ਆਪਣੇ ਆਪ ਨੂੰ ਵਿਛੁੰਨ ਤੇ ਇਕਲਾਪਾ ਕਰਕੇ ਨਿਰਜਿੰਦ ਕਰ ਬੈਠਦਾ ਹੈ। ਅਮੂਰਤ ਰੂਪ ਦੀ ਬੌਧਿਕਤਾ ਤਾਂ ਨਿਪਟ ਦਿਵਾਲੀਆਪਣ ਹੈ।

ਵਿਸ਼ਵ ਦੇ ਨਾਗਰਿਕ ਬਣਨ ਲਈ ਆਪਣੇ ਵਿਅਕਤੀਤਵ ਨੂੰ ਸਾਧਣਾ ਨਿਜੀ ਯੋਗਤਾ ਤੇ ਪੂਰਨਤਾ ਲਈ ਜ਼ਰੂਰੀ ਹੈ। ਕਿਸੇ ਬੱਚੇ ਨੂੰ ਇਹ ਕਹਿਣਾ ਕਿ ਉਹ ਸਾੜ ਰਹੀ ਅੱਗ ਨੂੰ ਬੁਝਾ ਦੇਵੇ, ਮਨੁੱਖੀ ਸ਼ਕਤੀ ਨੂੰ ਜ਼ਾਇਆ ਕਰਨਾ ਹੈ।

ਇਹ ਤਾਂ ਉਸੇ ਤਰ੍ਹਾਂ ਦੀ ਗੱਲ ਹੈ, ਜਿਵੇਂ ਅੱਗ ਬੁਝਾਉਣ ਵਾਲਾ ਕਰਮਚਾਰੀ ਉਦੋਂ ਘੂਕ ਸੁੱਤਾ ਰਹੇ ਜਦੋਂ ਕਿ ਸ਼ਹਿਰ ਬਲ ਰਿਹਾ ਹੋਵੇ।

ਮਨੁੱਖੀ ਕਾਰਜਾਂ ਵਿਚ ਇਕ ਖ਼ੁਸ਼ੀ ਭਰਪੂਰ ਭਾਗ ਵੀ ਹੈ, ਜਿਸ ਨੂੰ ਸੁਰੱਖਿਅਤ ਰਖਣਾ ਬੜਾ ਜ਼ਰੂਰੀ ਹੈ। ਇਸ ਸੁਖਦਾਇਕ ਭਾਗ ਨੂੰ ਸੁਰੱਖਿਅਤ ਰਖਣ ਦੀ ਪ੍ਰਕ੍ਰਿਆ ਨੂੰ ਗੁਰੂ ਸਾਹਿਬ 'ਸਹਿਜ ਯੋਗ' ਦੀ ਸੰਗਿਆ ਦਿੰਦੇ ਹਨ। ਗੁਰੂ ਨਾਨਕ ਦੇਵ ਜੀ ਨੇ ਪ੍ਰਮਾਤਮਾ ਬਾਰੇ ਕੋਈ ਵਿਸ਼ੇਸ਼ ਸਿਧਾਂਤ ਪੇਸ਼ ਨਹੀਂ ਕੀਤਾ। ਗੁਰੂ ਸਾਹਿਬ ਸਾਰੰਬਾਰ ਇਸ ਗੱਲ ਨੂੰ ਦ੍ਰਿੜਾਉਂਦੇ ਹਨ ਕਿ ਇਹ ਜੀਵਨ ਤਾਂ ਨਿਰੋਲ ਰਸਾਇਣਿਕ ਕਿਰਿਆ ਦੀ ਸਾੜ-ਫੂਕ ਹੀ ਬਣ ਜਾਂਦਾ ਹੈ। ਜੇਕਰ ਇਸ ਦੀਆਂ ਜੜ੍ਹਾਂ ਨੂੰ ਗੁਰੂ ਦੇ ਹਿਰਦੇ ਨਾਲ ਨਹੀਂ ਜੋੜਿਆ ਜਾਂਦਾ। ਇਸ ਅਦ੍ਰਿਸ਼ਟ ਨਾਲ ਬਹਿੰਦਿਆਂ ਉਠਦਿਆਂ, ਚਲਦਿਆਂ-ਫਿਰਦਿਆਂ ਡੂੰਘੇ ਸਨੇਹ ਭਾਵ ਵਿਚ ਜੁੜੇ ਰਹਿਣਾ ਹੀ ਸਿਮਰਨ ਹੈ। ਸਿਮਰਨ ਤੋਂ ਬਿਨਾਂ ਸਭ ਮੌਤ ਹੈ। ਭਾਵੇਂ ਕਿਸੇ ਦੀ ਬੁਧੀ ਕਿੰਨੀ ਵੀ ਸ਼ਕਤੀਸ਼ਾਲੀ ਕਿਉਂ ਨਾ ਹੋਵੇ, ਉਸ ਦੀ ਸਰੀਰਕ ਸੁੰਦਰਤਾ ਕਿੰਨੀ ਵੀ ਮਨਮੋਹਣੀ ਕਿਉਂ ਨਾ ਹੋਵੇ, ਭਾਵੇਂ ਉਹ ਕਿੰਨੀ ਵੀ ਉਚ ਜਾਤੀ ਦਾ ਕਿਉਂ ਨਾ ਹੋਵੇ, ਉਸ ਦੀ ਪਦਵੀ ਵੀ ਕਿੰਨੀ ਵੱਡੀ ਕਿਉਂ ਨਾ ਹੋਵੇ, ਉਹ ਬ੍ਰਹਮ ਅਤੇ ਬ੍ਰਹਮ-ਗਿਆਨ ਬਾਰੇ ਕਿੰਨਾਂ ਵੀ ਪ੍ਰਭਾਵਸ਼ਾਲੀ ਸ਼ਾਸਤਰਾਰਥ ਕਿਉਂ ਨਾ ਕਰ ਸਕਦਾ ਹੋਵੇ, ਜੇ ਉਸ ਨੇ ਪ੍ਰਭੂ ਦੀ ਹੋਂਦ ਨੂੰ ਕੁਦਰਤ ਤੇ ਮਨੁੱਖਤਾ ਵਿਚ ਨਹੀਂ ਪਛਾਤਾ ਅਤੇ ਉਸ ਨਾਲ ਪ੍ਰੇਮ ਦਾ ਨਾਤਾ ਨਹੀਂ ਜੋੜਿਆ ਤਾਂ ਉਹ ਲੋਥ ਸਮਾਨ ਹੈ। ਜਿਹੜਾ ਹਿਰਦਾ ਪ੍ਰਭੂ ਦੇ ਪ੍ਰੇਮ ਵਿਚ ਨਹੀਂ ਧੜਕਦਾ, ਉਹ ਮੁਰਦਾ ਹੀ ਹੁੰਦਾ ਹੈ। ਗੁਰੂ ਗਰੰਥ ਸਾਹਿਬ ਦਾ ਕੇਵਲ ਇਹ ਇਕੋ ਨਿਸ਼ਚੇ ਪੂਰਵਕ ਕਥਨ ਹੀ ਸਿੱਖ-ਮਤ ਅਤੇ ਪੁਰਾਤਨ ਵੇਦਾਂ ਤੇ ਉਪਨਿਸ਼ਦਾਂ ਦੇ ਮਤ ਦੇ ਅੰਤਰ ਨੂੰ ਸਪਸ਼ਟ ਕਰਨ ਲਈ ਕਾਫੀ ਹੈ।

ਇਸ ਲਈ ਗੁਰੂ-ਘਰ ਵਿਚ ਸੇਵਾ ਦਾ ਇਸ ਤਰ੍ਹਾਂ ਦਾ ਸੰਕਲਪ ਜਿਵੇਂ ਕਿ ਇਕ ਦ੍ਰਿਸ਼ਟੀਹੀਣ ਦੂਜੇ ਦ੍ਰਿਸ਼ਟੀਹੀਣ ਨੂੰ ਫੜ ਕੇ ਲੈ ਜਾ ਰਿਹਾ ਹੈ, ਜਿਹਾ ਕਿ ਇਹਨਾਂ ਨਿਰਜਿੰਦ ਸੰਸਥਾਵਾਂ ਦਾ ਮਤ ਹੈ—ਦਾ ਪ੍ਰਸ਼ਨ ਹੀ ਨਹੀਂ ਉਠਦਾ। ਜਿਹੜੇ ਦੂਜੇ ਦੀ ਸਹਾਇਤਾ ਕਰ ਸਕਦੇ ਹਨ, ਉਹਨਾਂ ਨੂੰ ਦੂਜਿਆਂ ਦੀ ਸਹਾਇਤਾ ਕਰਨੀ ਚਾਹੀਦੀ ਹੈ ਤੇ ਇਸ ਬਾਰੇ ਉਹਨਾਂ ਨੂੰ ਕਿਸੇ ਸਿਖਿਆ ਦੀ ਲੋੜ ਨਹੀਂ ਹੈ। ਉਹ ਅਜਿਹੀ ਸਹਾਇਤਾ ਕਰਨ ਲਈ ਸਦਾ ਤਤਪਰ ਰਹਿੰਦੇ ਹਨ, ਕਿਉਂਜੋ ਅਜਿਹਾ ਕਰਨ ਤੋਂ ਬਿਨਾਂ ਉਹ ਰਹਿ ਹੀ ਨਹੀਂ ਸਕਦੇ। ਕਿਉਂਜੋ ਉਹਨਾਂ ਵਿਚਲੀ ਪ੍ਰੇਮ ਅਗਨੀ ਆਪਣਾ ਰਾਹ ਉਸ ਦਰਿਆ ਦੀ ਨਿਆਈਂ ਬਣਾ ਲੈਂਦੀ ਹੈ ਜੋ ਆਪਣੇ ਆਪ ਹੀ ਬੱਜਰ ਚੱਟਾਨਾਂ ਵਿਚੋਂ ਬਾਹਰ ਆ ਜਾਂਦਾ ਹੈ। ਉਹ ਤਾਂ ਸੇਵਾ ਕਰਨ ਲਈ ਬਣੇ ਹਨ। ਉਹਨਾਂ ਦੇ ਹਿਰਦੇ ਅੰਦਰ ਤਾਂ ਉਹ ਪ੍ਰੇਮ-ਵੇਦਨਾ ਉਠ ਰਹੀ ਹੁੰਦੀ ਹੈ, ਜਿਸ ਨੂੰ ਅਸੀਂ ਆਪਣੇ ਬਚਿਆਂ, ਪਤਨੀ ਤੇ ਹੋਰ ਸਨੇਹੀਆਂ ਬਾਰੇ ਆਪਣੇ ਅੰਦਰ ਅਨੁਭਵ ਕਰ ਰਹੇ ਹੁੰਦੇ ਹਾਂ। ਇਹੋ ਹੀ ਪਰਉਪਕਾਰ ਦੀ ਭਾਵਨਾ ਹੈ, ਜਿਸ ਨੂੰ ਸੱਚਾ ਪਰਉਪਕਾਰਵਾਦ ਕਿਹਾ ਜਾ ਸਕਦਾ ਹੈ। ਪਰਉਪਕਾਰ

ਦਾ ਇਹ ਗੁਣ ਤਾਂ ਹਰ ਮਨੁੱਖ ਦੇ ਅੰਦਰ ਮੌਜੂਦ ਹੈ। ਕੇਵਲ ਇਸ ਨੂੰ ਮਿੱਠੜੇ ਵਿਵੇਕਸ਼ੀਲ, ਸਹਿਜ-ਸੁਭਾਵਕ ਰੂਪ ਦੇ ਆਪ ਮੁਹਾਰੇ ਕਾਰਜਾਂ ਤੇ ਪ੍ਰਗੀਤਕ ਕਿਰਿਆਵਾਂ ਦੇ ਅਭਿਆਸ ਦੁਆਰਾ ਹੋਰ ਪਰਪੱਕ ਤੇ ਨਿਪੁੰਨ ਕਰਨ ਦੀ ਲੋੜ ਹੈ। ਪ੍ਰਭੂ-ਪ੍ਰੀਤਮ ਦਾ ਨਾਮ ਸਿਮਰਨ ਹੀ ਸੱਚਾ ਪਰਉਪਕਾਰ ਹੈ ਅਤੇ ਇਹੋ ਹੀ ਮਨੁੱਖ ਦੀ ਵਾਸਤਵਿਕ ਯੋਗਤਾ ਹੈ।

ਬੁਧ ਨੇ 'ਆਤਮਾ' ਦੇ ਦਰਸ਼ਨ ਦਾ ਖੰਡਨ ਕਰਕੇ ਠੀਕ ਗੱਲ ਹੀ ਕੀਤੀ ਸੀ। ਇਸ 'ਮੈਂ' ਨੂੰ ਨਿਰੰਕੁਸ਼ ਬ੍ਰਾਹਮਣਾਂ ਨੇ ਇਕ ਮਾਨਸਿਕ ਮਿਥ ਦੇ ਤੌਰ 'ਤੇ ਸਿਰਜ ਲਿਆ ਤਾਂ ਜੋ ਭੌਤਿਕ ਰੂਪ ਵਿਚ ਉਹਨਾਂ ਦਾ ਸ਼ਾਸਨ ਤੋਂ ਥਕੇ ਹੋਏ ਲੋਕ ਉਹਨਾਂ ਦੀ ਮਾਨਸਿਕ ਪ੍ਰਭੁਤਾ ਨੂੰ ਸਵੀਕਾਰ ਕਰ ਸਕਣ। ਗੁਰੂ ਸਾਹਿਬ ਤਾਂ ਇਸ ਗੱਲ ਵਲ ਸੰਕੇਤ ਕਰਦੇ ਹਨ ਕਿ ਪ੍ਰੇਮ-ਉਮਾਹ ਵਿਚ ਰੱਤਾ ਸਮੁਚਾ ਮਨੁੱਖੀ ਵਿਅਕਤੀਤਵ ਆਪਣੇ ਹੀ ਨਿਜੀ ਪ੍ਰਕਾਸ਼ ਤੇ ਰੰਗ ਵਿਚ ਚਮਕ ਉਠਦਾ ਹੈ। ਜੋ ਇਸ ਧਰਤੀ ਉਤੇ ਪ੍ਰਭੂ ਦੀ ਹੋਂਦ ਨੂੰ ਵੀ ਵਧੇਰੇ ਸੁੰਦਰ ਸਰੂਪ ਵਿਚ ਸਾਕਾਰ ਕਰ ਦਿੰਦਾ ਹੈ। ਅਜਿਹੇ ਵਿਅਕਤੀਤਵ ਦੀ ਸੁੰਦਰਤਾ ਆਪਣੇ ਆਪ ਵਿਚ ਵੀ ਬੜੀ ਆਕਰਸ਼ਕ ਤੇ ਮਨਮੋਹਣੀ ਹੁੰਦੀ ਹੈ। ਮਨੁੱਖ ਦੇ ਅੰਦਰ ਦੇ ਖੇੜੇ ਤੇ ਵਿਗਾਸ ਦੀ ਇਹ ਚੇਤੰਨਤਾ ਆਤਮਾ ਦੀ ਵੱਥ ਹੁੰਦੀ ਹੈ। ਇਸ ਪੂਰਨ ਖੇੜੇ ਦਾ ਅਨੁਭਵ ਕਰ ਰਹੀ ਮੂਕ 'ਮੈਂ' ਭਾਵੇਂ ਇਸ ਗੱਲ ਦਾ ਦਾਅਵਾ ਨਹੀਂ ਕਰਦੀ ਕਿ 'ਮੈਂ' ਹੀ ਇਹ ਪਰਮ ਸੁੰਦਰਤਾ ਹਾਂ। ਪਰ ਇਹ 'ਮੈਂ' ਜਦੋਂ ਇਸ ਨੂੰ ਇਸ ਗੱਲ ਦਾ ਪੂਰਨ ਆਭਾਸ ਹੋ ਜਾਂਦਾ ਹੈ ਕਿ ਇਹ ਮੇਰੇ ਨਿਜਤਵ ਦਾ ਹੀ ਸਰੂਪ ਹੈ, ਉਸ ਸਮੇਂ ਹੀ ਆਤਮਾ ਨੂੰ ਮੁਕਤ ਕਿਹਾ ਜਾ ਸਕਦਾ ਹੈ। ਇਹਨਾਂ ਅਰਥਾਂ ਵਿਚ ਹੀ ਲਘੂ 'ਮੈਂ' ਦਾ ਅੰਤ ਹੋ ਜਾਂਦਾ ਹੈ ਤੇ ਸਮੂਹ ਵਿਸ਼ਵ ਉਸ ਦੀ 'ਮੈਂ' ਬਣ ਜਾਂਦਾ ਹੈ। ਗੁਰੂ ਸਾਹਿਬ ਦਾ ਕਥਨ ਹੈ ਕਿ ਹਉਮੈ ਹੀ ਦੀਰਘ ਰੋਗ ਹੈ, ਪਰ ਇਸ ਦਾ ਦਾਰੂ ਵੀ ਇਸੇ ਹਉਮੈ ਵਿਚ ਹੀ ਹੈ। ਇਹਨਾਂ ਵਿਚੋਂ ਪਹਿਲੀ (ਲਘੂ 'ਮੈਂ') ਤਾਂ ਇੰਦਰੀਗਤ ਬਣਤਰ ਜਾਂ ਵਿਕਾਸ ਦਾ ਹੀ ਇਕ ਅਸਥਿਰ ਪੜਾ ਹੁੰਦਾ ਹੈ ਅਤੇ ਦੂਜੀ (ਗੁਰੂ 'ਮੈਂ') ਆਤਮਕ ਵੱਥ ਹੁੰਦੀ ਹੈ। ਮਨੁੱਖ ਦੀ ਆਤਮਾ, ਉਸ ਦਾ ਵਿਅਕਤੀਤਵ, ਉਸ ਦੇ ਨਾਮ ਦੀ ਹੋਂਦ ਹੈ ਜੋ ਪ੍ਰਕਾਸ਼, ਮਹਿਕ ਤੇ ਸੁੰਦਰ ਸਰੂਪ ਵਾਲੀ ਹੈ।

ਮਨੁੱਖ ਦੇ ਇਕ ਵਿਅਕਤੀਤਵ ਨੂੰ, ਜਿਸ ਦੀ ਕਿ ਇਕ ਨਾਮ ਰੂਪੀ ਹੋਂਦ ਹੈ—ਵਿਕਾਸ ਕਰਨ ਲਈ ਕਈ ਯੁਗ ਲਗੇ ਹਨ। ਇਸ ਉਪਰੰਤ ਹੀ ਇਹ ਇਕੱਲਾ ਸਦੀਵਤਾ ਦੇ ਸਨਮੁਖ ਖੜ੍ਹਾ ਹੋ ਸਕਣ ਦੇ ਯੋਗ ਹੋਇਆ ਹੈ। ਇਹੋ ਹੀ 'ਗੁਰਮੁਖ-ਆਤਮਾ' ਹੈ, ਜਿਥੇ ਆ ਕੇ ਮਨੁੱਖ ਅਵਿਨਾਸ਼ੀ ਬਣ ਜਾਂਦਾ ਹੈ। ਕੁਦਰਤ ਦੀ ਆਤਮਾ ਦੇ ਦੁਆਲੇ ਮਨੁੱਖ ਦੀਆਂ ਸਰੀਰਕ ਤੇ ਮਾਨਸਿਕ ਸ਼ਕਤੀਆਂ ਅਤੇ ਇਸ ਦੇ ਸੁੰਦਰਤਾ ਦੇ ਝਲਕਾਰੇ—ਅੰਤਰੀਵ ਮਨੁੱਖ ਦੇ ਅੰਤਰੀਵ ਵਿਕਾਸ ਤੇ ਖੇੜੇ ਲਈ ਸਹਾਰੇ ਜਾਂ ਟੇਕ ਦਾ ਕੰਮ ਦਿੰਦੇ ਹਨ। ਵਿਅਕਤੀਤਵ ਦੇ ਇਸ ਰੂਪਾਂਤਰਣ ਜਾਂ ਕਾਇਆ-ਕਲਪ ਦੀ ਕਿਰਿਆ ਨੂੰ ਸੁੰਦਰ ਤੇ ਸ਼ਕਤੀਵਰ ਹਸਤੀਆਂ

ਨਿਰਦਿਸ਼ਟ ਕਰਦੀਆਂ ਹਨ। ਇਹ ਹਸਤੀਆਂ ਇਹਨਾਂ ਦੀ ਇਸ ਤਰ੍ਹਾਂ ਨਿਗਰਾਨੀ ਕਰਦੀਆਂ ਹਨ, ਜਿਵੇਂ ਮਾਲੀ ਆਪਣੇ ਨਵਜਾਤ ਪੌਦਿਆਂ ਦੀ ਸੰਭਾਲ ਕਰਦਾ ਹੈ। ਧਰਤੀ ਦੇ ਸਾਰੇ ਸੰਗੀ-ਸਾਥੀ ਇਸ ਦੇ ਸਹਾਇਕ ਹਨ। ਸਾਰੇ ਵਸਤੂ ਵਿਅਕਤੀਤਵ ਦੇ ਵਿਕਾਸ ਤੇ ਨਿਸਤਾਰੇ ਲਈ ਟੇਕ ਦਾ ਕਾਰਜ ਨਿਭਾਉਂਦੇ ਹਨ। ਇਸ ਜਨ-ਸਮੂਹ ਤੇ ਸਮਾਜ ਨਾਲ ਓਤ-ਪ੍ਰੋਤ ਜੀਵਨ; ਜਿਸ ਦੇ ਰਿਸ਼ਤੇ ਨਾਤੇ ਤੇ ਸੰਬੰਧ ਬੜੇ ਜਟਿਲ ਤੇ ਗੁੰਝਲਦਾਰ ਹਨ—ਹੀ ਵਿਅਕਤੀਤਵ ਦੀ ਉਨਤੀ ਲਈ ਕੇਵਲ ਇਕੋ ਇਕ ਮਾਰਗ ਹੈ। ਗੁਰੂ ਸਾਹਿਬ ਦਾ ਕਥਨ ਹੈ ਕਿ "ਸਮਾਜ ਹੀ ਵਿਅਕਤੀਤਵ ਦੇ ਨਿਰਮਾਣ ਦਾ ਆਧਾਰ ਹੈ ਤੇ ਅਜਿਹੇ ਸੰਪੂਰਨ ਵਿਅਕਤੀਤਵ ਦਾ ਨਿਰਮਾਣ ਕਰ ਸਕਣਾ ਹੀ ਯੁਗਾਂ-ਯੁਗਾਂਤਰਾਂ ਤੋਂ ਸ੍ਰਿਸ਼ਟੀ ਦਾ ਪ੍ਰਯਤਨ ਰਿਹਾ ਹੈ।"

ਮਨੁੱਖੀ ਹਿਰਦੇ ਵਿਚ ਭਾਵਨਾਵਾਂ ਦਾ ਉਤਪੰਨ ਹੋਣਾ ਇਸ ਤਰ੍ਹਾਂ ਹੈ, ਜਿਵੇਂ ਮਾਰੂਥਲ ਵਿਚ ਚਸ਼ਮਾ ਫੁਟ ਪਿਆ ਹੋਵੇ। ਇਸ ਲਈ ਅਜਿਹਾ ਹੋਣ ਲਈ ਸ੍ਰਿਸ਼ਟੀ ਵਿਚ ਕਈ ਭੂ-ਗਰਭਕ ਪਰਿਵਰਤਨ ਆਉਣੇ ਲੋੜੀਂਦੇ ਹਨ। ਮੁਕਤਗਾਮੀ ਆਤਮਾ ਨੂੰ ਜਨਮ ਦੇਣ ਲਈ ਸਾਰੀ ਸ੍ਰਿਸ਼ਟੀ ਵਿਅੰਮ-ਪੀੜਾ ਵਿਚੋਂ ਲੰਘਦੀ ਹੈ। ਅਜਿਹੇ ਵਿਅਕਤੀ ਦੇ ਜਦੋਂ ਦਰਸ਼ਨ ਹੁੰਦੇ ਹਨ ਤਾਂ ਕੰਢਿਆਂ ਦੀ ਸੇਜ ਵੀ ਸੁਖਦਾਈ ਹੋ ਜਾਂਦੀ ਹੈ। ਹਿਮਾਲਾ ਪਰਬਤ ਵਿਖੇ ਸਿਧਾਂ ਨੇ ਗੁਰੂ ਨਾਨਕ ਦੇਵ ਜੀ ਤੋਂ ਪੁਛਿਆ, "ਇਥੇ ਕਿਸ ਨੂੰ ਲਭ ਰਹੇ ਹੋ ?" ਗੁਰੂ ਜੀ ਨੇ ਉਤਰ ਦਿਤਾ, "ਮੈਂ ਤਾਂ ਪ੍ਰਭੂ-ਪ੍ਰੀਤਮ ਦੇ ਪ੍ਰੇਮ ਵਿਚ ਰੱਤੇ ਵਿਅਕਤੀ ਦੀ ਤਲਾਸ਼ ਵਿਚ ਹਾਂ।" ਗੁਰੂ ਗੋਬਿੰਦ ਸਿੰਘ ਦਾ ਕਥਨ ਹੈ, "ਮੈਂ ਸਭ ਸਿਧਾਂ, ਯੋਗੀਆਂ ਤੇ ਜਤੀਆਂ ਦੇ ਫਿਰਕਿਆਂ ਦੀ ਘੋਖ ਕੀਤੀ ਹੈ। ਸਭ ਵੇਦ-ਵੇਦਾਂਤੀਆਂ ਨੂੰ ਖੋਜਿਆ ਹੈ। ਮੈਨੂੰ ਤਾਂ ਉਹ ਪ੍ਰੇਮ ਦੀ ਚਿਣਗ ਕਿਤੇ ਵੀ ਦਿਖਾਈ ਨਹੀਂ ਦਿਤੀ।"

ਇਕ ਵਾਰ ਕੁਝ ਸੰਨਿਆਸੀ ਕਾਲੇ ਰੰਗ ਦੇ ਲੰਬੂਤਰੇ ਕਰਮੰਡਲ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਕੋਲ ਆਏ ਤੇ ਕਹਿਣ ਲਗੇ, "ਮਹਾਰਾਜ ਜੀ ! ਆਪ ਤਿਆਗ ਦੇ ਸਨਾਤਨ ਮਾਰਗ ਨੂੰ ਛੱਡ ਰਹੇ ਹੋ।" ਗੁਰੂ ਜੀ ਨੇ ਉਤਰ ਦਿਤਾ, "ਹਾਂ ਭਾਈ, ਤਿਆਗ ਤਾਂ ਪ੍ਰਭੂ-ਪ੍ਰੀਤਮ ਪ੍ਰਤੀ ਆਤਮਾ ਦੇ ਰੁਝਾਨ ਦਾ ਨਾਮ ਹੈ। ਮਾਨਸਿਕ ਪ੍ਰਤਿਗਿਆਵਾਂ ਤੇ ਕੁਝ ਮਨੋਵਰਤ ਲੈ ਲੈਣ ਦਾ ਨਾਮ ਤਿਆਗ ਨਹੀਂ। ਜਦੋਂ ਅਸੀਂ ਪ੍ਰਭੂ ਵਲ ਆਉਂਦੇ ਹਾਂ ਤਾਂ ਹੋਰ ਸਭ ਵਲ ਪਿੱਠ ਕਰ ਲੈਂਦੇ ਹਾਂ। ਸੋਨੇ ਦੀਆਂ ਮੁਹਰਾਂ ਨੂੰ ਕਰਮੰਡਲਾਂ ਵਿਚ ਗੁਪਤ ਢੰਗ ਨਾਲ ਛੁਪਾਉਣ ਦੀ ਥਾਂ ਮੇਰੇ ਸਿੱਖ ਇਹਨਾਂ ਨੂੰ ਜੇਬਾਂ ਵਿਚ ਪਾ ਕੇ ਰਖਦੇ ਹਨ। ਇਸ ਨਾਲ ਪ੍ਰਭੂ ਪ੍ਰਤੀ ਪ੍ਰੇਮ ਕਰਨ ਦੀ ਕਿਰਿਆ ਵਿਚ ਕੋਈ ਫ਼ਰਕ ਨਹੀਂ ਪੈਂਦਾ ਜੋ ਕਿ ਇਕ ਪ੍ਰਕਾਰ ਦਾ ਆਤਮ-ਸਮਰਪਣ ਤੇ ਆਪੇ ਦਾ ਤਿਆਗ ਹੁੰਦਾ ਹੈ। ਮੇਰੇ ਸਿੱਖਾਂ ਵਿਚ ਸੋਨੇ ਚਾਂਦੀ ਦੀ ਕੋਈ ਲਾਲਸਾ ਨਹੀਂ ਹੈ। ਉਹਨਾਂ ਦੀ ਆਤਮਾ ਤਾਂ ਪ੍ਰਭਾਤ ਦੇ ਫੁੱਲਾਂ ਦੀ ਤਰ੍ਹਾਂ ਸਦਾ ਉਪਰ ਸੂਰਜ ਵਲ ਤੱਕਦੀ ਹੈ।"

ਜਦੋਂ ਸੰਨਿਆਸੀ ਕੁਝ ਹੋਰ ਗੂੜ੍ਹੀ ਗੱਲ-ਕਥ ਕਰਨ ਲਗੇ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਉਹਨਾਂ ਦੇ ਕਰਮੰਡਲਾਂ ਦੇ ਅੰਦਰਲੇ ਢਕਣਾਂ ਉਤੇ ਲਗੀ

ਲਾਖ ਨੂੰ ਪਿਘਲਾ ਦਿਤਾ ਤੇ ਇਹਨਾਂ ਵਿਚੋਂ ਸੋਨੇ ਦੀਆਂ ਮੁਹਰਾਂ ਬਾਹਰ ਨਿਕਲ ਆਈ। ਹਰ ਇਕ ਕਰਮੰਡਲ ਵਿਚ ਅਜਿਹੀਆਂ 15-15 ਸੋਨੇ ਦੀਆਂ ਮੁਹਰਾਂ ਸਨ।

ਗੁਰੂ ਨਾਨਕ ਦੇਵ ਜੀ ਨੇ ਆਪਣੇ ਵਿਚਾਰਾਂ ਨੂੰ ਕਦੀ ਵੀ ਇਸ ਤਰ੍ਹਾਂ ਮਾਂਦਾ ਨਹੀਂ ਸੀ ਪੈਣ ਦਿਤਾ ਕਿ ਉਹ ਹਾਸੋਹੀਣੀ ਫਕੜਤਾ ਤਕ ਜਾ ਸਮਾਉਣ। ਸਾਰੇ ਮਨੁੱਖੀ ਵਿਚਾਰ ਇਕ ਹੱਦ ਤਕ ਹੀ ਜਾ ਸਕਦੇ ਹਨ। ਅਹਿੰਸਾ ਜਾਂ ਕਿਸੇ ਵੀ ਜੀਵ ਨੂੰ ਦੁਖ ਨਾ ਦੇਣ ਦੇ ਸਿਧਾਂਤ ਨੂੰ ਜੀਵਨ ਦਾ ਰੋਗ ਗ੍ਰਸਤ ਵਹਿਮ-ਭਰਮ ਬਣਾ ਦਿਤਾ ਗਿਆ ਹੈ। ਇਸੇ ਕਾਰਨ ਗੁਰੂ ਨਾਨਕ ਦੇਵ ਜੀ ਨੇ ਕੁਰਕਸ਼ੇਤਰ ਦੇ ਪਰਵ ਉਤੇ ਮਾਸ ਦੀ ਹਾਂਡੀ ਚਾੜ੍ਹੀ। ਗੁਰੂ ਅੰਗਦ ਦੇ ਲੰਗਰ ਵਿਚ ਕਦੀ ਕਦੀ ਬੱਕਰੇ ਦਾ ਮਾਸ ਰਿੰਨਿਆ ਜਾਂਦਾ ਸੀ। ਗੁਰੂ ਅੰਗਦ ਦੇ ਦਰਸ਼ਨ ਕਰਨ ਤੋਂ ਪਹਿਲਾਂ ਇਸ ਲੰਗਰ ਵਿਚ ਬੈਠ ਕੇ ਪ੍ਰਸਾਦ ਛਕਣਾ ਪੈਂਦਾ ਸੀ। ਬ੍ਰਾਹਮਣਾਂ ਨੇ ਖਾਣ-ਪਾਣ ਦੇ ਸੰਬੰਧ ਵਿਚ ਮਨੁੱਖੀ ਵਿਤਕਰਿਆਂ ਅਰਥਾਤ ਮਨੁੱਖ ਦੀ ਜਾਤ ਦੇ ਉਚੇ ਤੇ ਨੀਵੇਂ ਹੋਣ ਨੂੰ ਸਾਹਮਣੇ ਰਖਿਆ, ਪਰ ਗੁਰੂ ਸਾਹਿਬ ਨੇ ਲੰਗਰ ਦੀ ਅਜਿਹੀ ਪ੍ਰਥਾ ਚਲਾਈ ਜਿਥੇ ਸਭ ਖੁਧਿਆਰਥੀਆਂ (ਭੁਖਿਆਂ) ਨੂੰ ਪਹਿਲਾਂ ਪ੍ਰਸ਼ਾਦਿ ਛਕਾਇਆ ਜਾਂਦਾ ਸੀ, ਫਿਰ ਹੀ ਉਹਨਾਂ ਨੂੰ ਗੁਰੂ ਦੇ ਸ਼ਬਦ ਦੇ ਸੰਗੀਤ ਨੂੰ ਸਰਵਣ ਕਰ ਸਕਣ ਦੀ ਆਗਿਆ ਹੁੰਦੀ ਸੀ। ਜਦੋਂ ਇਹ ਸਾਰੇ ਮਿਲ ਬੈਠ ਕੇ ਗੁਰੂ ਦੀ ਹਜ਼ੂਰੀ ਵਿਚ ਪ੍ਰਸਾਦ ਛਕਦੇ ਸਨ ਤਾਂ ਰਸੋਈ ਜਾਂ ਖਾਣ-ਪਾਣ ਸੰਬੰਧੀ ਸਭ ਭਰਮ ਭੁਲੇਖੇ ਨਿਵਿਰਤ ਹੋ ਜਾਂਦੇ ਸਨ। ਸਚਮੁਚ, ਸਭ ਲਈ ਸਦਾ-ਵਰਤ ਲੰਗਰ ਹੀ ਲੋਕ ਸੇਵਾ ਦਾ ਸਭ ਤੋਂ ਵੱਡਾ ਮਤ ਜਾ ਸਿਧਾਂਤ ਹੈ। ਅਮਰੀਕਾ, ਫਰਾਂਸ ਤੇ ਸੋਵੀਅਤ ਰਸ਼ੀਆ ਵਿਚ ਹਾਲੀ ਗੁਰੂ ਸਾਹਿਬਾਨ ਦੇ ਆਦਰਸ਼ਾਂ ਦਾ ਲੋਕਤੰਤਰ ਸੱਚਾ ਆਦਰਸ਼ ਦੂਰ ਦੀ ਗੱਲ ਹੈ। ਜਿਥੇ ਸਮਾਜ ਵਲੋਂ ਸਮਾਜ ਨੂੰ ਮੁਫ਼ਤ ਪ੍ਰਸ਼ਾਦੇ ਤੇ ਲੀੜੇ ਬਸਤਰ ਵੰਡੇ ਜਾਂਦੇ ਹਨ। ਇਹੋ ਹੀ ਸੱਚੇ ਲੋਕਤੰਤਰ ਦੀ ਸੱਚੀ ਭਾਵਨਾ ਹੋ ਸਕਦੀ ਹੈ। ਜਿਥੇ ਵੀ ਇਹ ਭਾਵਨਾ ਉਤਪੰਨ ਹੋ ਜਾਂਦੀ ਹੈ, ਉਥੇ ਪ੍ਰੇਮ ਤੇ ਸ਼ਾਂਤੀ ਦਾ ਪਹਿਰਾ ਸਥਾਪਤ ਹੋ ਜਾਂਦਾ ਹੈ। ਗੁਰੂ ਸਾਹਿਬ ਦਾ ਕਥਨ ਹੈ, "ਜਿਥੇ ਇਹ ਸਭ ਕੁਝ ਆ ਜਾਂਦਾ ਹੈ, ਉਥੇ ਮੈਂ ਆਪ ਹਾਜ਼ਰ-ਨਾਜ਼ਰ ਹੁੰਦਾ ਹਾਂ।"

ਸਰੀਰਕ ਅਰੋਗਤਾ, ਪ੍ਰਸ਼ਾਦ ਪਾਣੀ, ਜੀਵਨ ਦੇ ਹੋਰ ਨਿਕੇ ਨਿਕੇ ਸੁਖ ਆਰਾਮ ਦਾ ਸਭ ਵਿਚ ਇਕ ਸਮਾਨ ਵੰਡਿਆ ਜਾਣਾ ਅਤੇ ਇਸ ਤਰ੍ਹਾਂ ਇਹ ਸਭ ਕੁਝ ਪ੍ਰਾਪਤ ਕਰਕੇ ਸਾਦ-ਮੁਰਾਦੇ ਜੀਵਨ ਦਾ ਸਕਰਮਕ ਨਿਰਬਾਹ ਤੇ ਸਾਰੇ ਮਨੁੱਖੀ ਹਿਰਦਿਆਂ ਵਿਚ ਇਕ ਸਮਾਨ ਪ੍ਰੇਮ ਤੇ ਸਹਾਨੁਭੂਤੀ ਦੇ ਭਾਵਾਂ ਦੀ ਧੜਕਣ—-ਇਹੋ ਹੀ ਜੀਵਨ ਦਾ ਪਰਮ ਆਦਰਸ਼ ਹੈ।

ਇਸ ਉਪਰੰਤ ਗੁਰੂ ਜੀ ਸੈਨਿਕਾਂ ਵਾਂਗ ਸਭ ਨੂੰ ਹੁਕਮ ਦਿੰਦੇ ਹਨ, "ਅਗੇ ਵਧੋ, ਉਪਰ ਨੂੰ ਜਾਉ, ਉਪਰਲੀਆਂ ਚੋਟੀਆਂ ਨੂੰ ਸਰ ਕਰੋ। ਇਸ ਸੰਸਾਰ ਵਿਚ ਅਸੀਂ ਕਿਸੇ ਉਦੇਸ਼ ਦੀ ਪੂਰਤੀ ਲਈ ਭੇਜੇ ਗਏ ਹਾਂ।" ਗੁਰੂ ਜੀ ਦਾ ਫੁਰਮਾਨ ਹੈ ਕਿ ਇਹ ਸਭ ਕੁਝ ਕੁਦਰਤ ਦੇ ਪ੍ਰਸੂਤ-ਪੀੜਾ ਨੂੰ ਗ੍ਰਹਿਣ ਕਰਨ

ਸਮਾਨ ਸਾਡੇ ਅੰਦਰ ਸਨੇਹ ਭਾਵ ਦੇ ਸਚੇ ਮਨੋਭਾਵਾਂ ਨੂੰ ਉਤਪੰਨ ਕਰਨ ਲਈ ਹੈ। ਜੀਵਨ ਦੀਆਂ ਸਾਰੀਆਂ ਘਟਨਾਵਾਂ ਇਸ ਅਮੋਲਕ ਜਨਮ ਦੀ ਪ੍ਰਾਪਤੀ ਵਲ ਨਿਰਦਿਸ਼ਟ ਕੀਤੀਆਂ ਗਈਆਂ ਹਨ। ਗ਼ੁਲਾਮਾਂ ਨੂੰ ਆਜ਼ਾਦ ਕਰਨ ਦਾ ਤਦੋਂ ਤਕ ਕੋਈ ਲਾਭ ਨਹੀਂ ਹੈ, ਜਦੋਂ ਤਕ ਕਿ ਉਹ ਅੰਤਰੀਵ ਸੁਤੰਤਰਤਾ ਦੇ ਅਨੰਦ ਨੂੰ ਨਹੀਂ ਜਾਣ ਲੈਂਦੇ। ਉਹ ਅਕਾਦਮਿਕ ਤੇ ਵੋਟਾਂ ਦਾ ਰਾਜਨੀਤਕ ਲੋਕਤੰਤਰ ਕੀ ਹੋ ਸਕਦਾ ਹੈ ਜਿਸ ਵਿਚ ਕਿ ਮਨੁੱਖ ਦਾ ਕੋਈ ਆਪਣਾ ਵਿਅਕਤੀਤਵ ਨਹੀਂ ਹੈ ? ਵਿਅਕਤੀਤਵ ਦੀ ਭਾਵਨਾ ਤੋਂ ਰਹਿਤ ਸਭ ਸੰਸਥਾਵਾਂ ਤੇ ਸੰਗਠਿਤ ਨਿਰਜਿੰਦ ਮਸ਼ੀਨਾਂ ਹਨ। ਇਹਨਾਂ ਵਿਚ ਮਨੁੱਖ ਦੇ ਮਨੁੱਖ ਪਰਸਪਰ ਮਿੱਠੜੇ ਸਨੇਹ ਦਾ ਅਭਾਵ ਹੈ, ਪਰ ਗੁਰੂ ਜੀ ਦਾ ਇਹ ਵਿਅਕਤੀਗਤ ਰੂਪ ਦਾ ਲੋਕਤੰਤਰ ਕਿਸ ਤਰ੍ਹਾਂ ਸਥਾਪਿਤ ਹੋ ਸਕਦਾ ਹੈ ? ਇਹ ਤਾਂ ਤਦੋਂ ਹੀ ਸੰਭਵ ਹੋਵੇਗਾ, ਜਦੋਂ ਕਿਸੇ ਵਿਅਕਤੀ ਦੇ ਅੰਦਰੋਂ ਆਤਮਕ ਚੇਤੰਨਤਾ ਦਾ ਆਪ-ਮੁਹਾਰਾ ਪ੍ਰਵਾਹ ਵਹਿ ਤੁਰੇਗਾ ਅਤੇ ਇਸ ਤਰ੍ਹਾਂ ਗੁਰੂ ਜੀ ਦਾ ਵਿਰੋਸਾਇਆ ਹੋਇਆ ਆਦਰਸ਼ ਵਿਅਕਤੀ ਜਨ-ਸਮੂਹ ਦਾ ਰੂਪ ਧਾਰਨ ਕਰ ਲਵੇਗਾ। ਕਿਸੇ ਮਨੁੱਖ ਨੂੰ ਸੁੰਦਰਤਾ ਦੇ ਮੰਡਲ ਵਿਚ ਪ੍ਰਵੇਸ਼ ਕਰਾਉਣ ਦਾ ਉਨਾਂ ਚਿਰ ਤਕ ਕੀ ਲਾਭ ਹੋ ਸਕਦਾ ਹੈ, ਜਿੰਨਾਂ ਚਿਰ ਤਕ ਕਿ ਉਸ ਦੇ ਅੰਦਰ ਸੁੰਦਰਤਾ ਨੂੰ ਮਾਣਨ ਦੀ ਭਾਵਨਾ ਜਾਗਰੂਪ ਨਹੀਂ ਹੁੰਦੀ। ਗਣਤੰਤਰਾਂ ਤੇ ਸੋਵੀਅਤਾਂ ਦੀ ਹੋਣੀ ਵੀ ਪੁਰਾਣੀਆਂ ਸਰਕਾਰਾਂ ਵਰਗੀ ਹੀ ਭ੍ਰਸ਼ਟਾਚਾਰੀ ਤੇ ਦੂਸ਼ਿਤ ਹੈ। ਕਾਨੂੰਨਾਂ ਜਾਂ ਸੰਵਿਧਾਨ ਦੇ ਬਦਲਣ ਨਾਲ ਲੋਕਾਂ ਦੀ ਪ੍ਰਕ੍ਰਿਤੀ ਵਿਚ ਤਾਂ ਕੋਈ ਪਰਿਵਰਤਨ ਨਹੀਂ ਹੋ ਸਕਿਆ। "ਜਿਨ੍ਹਾਂ ਨੂੰ ਆਤਮ-ਗਿਆਨ ਨਹੀਂ ਹੈ, ਉਹਨਾਂ ਦੀ ਉਸਤਤ ਤੇ ਨਿੰਦਾ ਸਭ ਸਾੜਨ ਯੋਗ ਹੈ।" ਇੰਜ ਹੀ ਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ, ਖਾਲੀ ਬੌਧਿਕਤਾ ਪ੍ਰਦਾਨ ਕਰਨ ਦਾ ਕਾਰਜ (ਬੋਧੀ-ਕਰਣ) ਚੀਜ਼ਾਂ ਨੂੰ ਮੁਰਦਾ ਕਰਨ ਸਮਾਨ ਹੈ ਤੇ ਇਹ ਇਸ ਤਰ੍ਹਾਂ ਦੀ ਗੱਲ ਹੋ ਨਿਬੜਦੀ ਹੈ, ਜਿਵੇਂ ਜੀਵਨ ਵਿਚੋਂ ਫੰਡਰ ਜਾਨਵਰਾਂ ਦੀ ਤਰ੍ਹਾਂ ਅਮੂਰਤ ਸਿਧਾਂਤਾਂ ਨੂੰ ਛਾਂਟ ਕੇ ਬਾਹਰ ਕਢ ਦਿਤਾ ਜਾਵੇ। ਅਜਿਹੀ ਧਾਰਨਾ ਸਦਾ ਗੁੰਝਲਦਾਰ ਹੋ ਨਿਬੜਦੀ ਹੈ। ਉਪਨਿਸ਼ਦਾਂ ਦੀ ਸਿਆਣਪ ਵੀ ਪੱਥਰਾ ਚੁਕੀ ਅਵਸਥਾ ਨੂੰ ਧਾਰਨ ਕਰ ਚੁਕੀ ਹੈ। ਭਾਵੇਂ ਇਹ ਬੜੀ ਰੌਚਿਕ ਪ੍ਰਤੀਤ ਹੁੰਦੀ ਹੈ ਅਤੇ ਕਿਤੇ ਕਿਤੇ ਤਾਂ ਅਤਿ ਦੀ ਸੁੰਦਰ ਵੀ ਹੈ, ਪਰ ਹੁਣ ਇਹ ਸਭ ਨਿਰਜਿੰਦ ਹੋ ਚੁਕੀ ਹੈ। ਇਸ ਲਈ ਗੁਰੂ ਜੀ ਨੇ ਇਸ ਨੂੰ ਸਮੁਚੇ ਰੂਪ ਵਿਚ ਹੀ ਰੱਦ ਕਰ ਦਿਤਾ ਹੈ। ਵਾਸਤਵ ਵਿਚ ਤਾਂ ਉਹ ਇਸ ਵਲ ਕੋਈ ਧਿਆਨ ਹੀ ਨਹੀਂ ਦਿੰਦੇ। ਕੋਈ ਵੀ ਗੰਭੀਰ ਚਿੰਤਕ ਤੇ ਮਨੁੱਖਤਾ ਦਾ ਪ੍ਰੇਮੀ ਬੀਤੇ ਯੁਗ ਦੀ ਇਸ ਪੱਥਰਾ ਚੁਕੀ ਸੰਪਤੀ ਨੂੰ ਆਪਣੇ ਹੱਥਾਂ ਵਿਚ ਨਹੀਂ ਲੈ ਸਕਦਾ। ਇਹ ਅਗਾਮੀ ਭਵਿੱਖ ਲਈ ਨਵੀਂ ਜਾਗ ਦੇ ਰੂਪ ਵਿਚ ਸਹਾਈ ਨਹੀਂ ਹੋ ਸਕਦੀ, ਕਿਉਂਜੋ ਬੀਤੇ ਵਿਚ ਵੀ ਇਸ ਦਾ ਲੋਕਾਂ ਉਤੇ ਕੋਈ ਅਰੋਗ ਪ੍ਰਭਾਵ ਨਹੀਂ ਪਿਆ।

# ਸੁਹਜਵਾਦੀ ਦ੍ਰਿਸ਼ਟੀਕੋਣ

ਗੁਰੂ ਨਾਨਕ, ਜਿਨ੍ਹਾਂ ਦੇ ਦਿਲ ਵਿਚ ਲੋਕਾਈ ਲਈ ਨਾ ਮੁਕਣ ਵਾਲਾ ਅਥਾਹ ਪ੍ਰੇਮ ਸੀ, ਸਦਾ ਕਿਰਤ ਉਤੇ ਬਲ ਦਿੰਦੇ ਹਨ ਅਰਥਾਤ ਹਰ ਵਿਅਕਤੀ ਆਪਣੀ ਰੋਜ਼ੀ ਸੁੱਚੀ ਕਿਰਤ ਦੁਆਰਾ ਮਿਹਨਤ ਕਰਕੇ ਆਪ ਕਮਾਵੇ। ਇਸ ਪ੍ਰਕਾਰ ਉਹ ਆਪ ਮੁਹਾਰੇ ਹੀ ਆਪਣੀ ਇਸ ਮੂਲ ਪ੍ਰਵਿਰਤੀ ਸਦਕਾ ਚੰਗਾ, ਮਿੱਠੜਾ ਅਤੇ ਪਿਆਰਾ ਬਣ ਜਾਂਦਾ ਹੈ। ਇਹੋ ਹੀ ਸੱਚੇ ਇਨਸਾਨ ਹੋਣ ਦਾ ਵਿਧੀ-ਵਿਧਾਨ ਹੈ। ਆਪ ਹਰ ਮਨੁੱਖ ਨੂੰ ਇਹ ਗੱਲ ਦ੍ਰਿੜ੍ਹ ਕਰਵਾਉਣਾ ਚਾਹੁੰਦੇ ਹਨ ਕਿ ਨਿਤ ਦੇ ਜੀਵਨ ਤੇ ਦੁਖਾਂ ਕਸ਼ਟਾਂ ਨੂੰ ਨਿਹਾਰ ਕੇ ਹੀ ਹਰ ਕਿਸੇ ਨੂੰ ਆਪਣੇ ਨੈਣਾਂ ਅੰਦਰ ਸੁੰਦਰਤਾ ਦੀ ਜੋਤ ਨੂੰ ਜਗਾਉਣਾ ਚਾਹੀਦਾ ਹੈ ਅਤੇ ਆਪਣੇ ਸਾਰੇ ਕਾਰ-ਵਿਹਾਰ ਨੂੰ ਇਸ ਪ੍ਰਕਾਰ ਭਰਪੂਰ ਕਰ ਲੈਣਾ ਚਾਹੀਦਾ ਹੈ ਕਿ ਇਹ ਇਕ ਪੂਜਾ ਬਣ ਜਾਵੇ। ਸਿਤਾਰਿਆਂ ਵਲ ਵੇਖੋ, ਇਹ ਕਿੰਨੇ ਸੁੰਦਰ ਹਨ। ਮਨੁੱਖ ਦੇ ਬੱਚੇ ਤੱਕੋ, ਇਹ ਕਿੰਨਾਂ ਦੈਵੀ ਹੈ। ਇਹੋ ਹੀ ਗੁਰੂ ਨਾਨਕ ਦੇਵ ਜੀ ਦੇ ਮਤ ਦਾ ਸਾਰ ਤਤ ਹੈ। ਇਹ ਮਤ ਕਿੰਨਾਂ ਵਿਲਖਣ, ਆਧੁਨਿਕ ਤੇ ਜੀਵਨ ਦੇ ਨਿਰਜਿੰਦ ਧਰਮ-ਸ਼ਾਸਤਰੀ ਗਿਆਨ ਤੋਂ ਪੂਰੀ ਤਰ੍ਹਾਂ ਸੁਤੰਤਰ ਹੈ।

ਜਿਵੇਂ ਕਿ ਪਹਿਲਾਂ ਵੀ ਕਿਤੇ ਉਲੇਖ ਕੀਤਾ ਜਾ ਚੁਕਾ ਹੈ, ਗੁਰੂ ਸਾਹਿਬ ਤਾਂ ਪ੍ਰਾਭੌਤਿਕ ਸ਼ਬਦਾਂ ਦਾ ਪ੍ਰਯੋਗ ਤਾਂ ਕੇਵਲ ਦ੍ਰਿਸ਼ਟਾਂਤ ਦੇਣ ਦੀ ਖ਼ਾਤਰ ਹੀ ਕਰਦੇ ਹਨ। ਉਹ ਵਧੇਰੇ ਕਰਕੇ ਸੁੰਦਰਤਾ ਲਈ ਅੰਤਰੀਵ ਤੜਪ ਵਲ ਵਧੇਰੇ ਧਿਆਨ ਦਿੰਦੇ ਹਨ ਤੇ ਇਸ ਪ੍ਰੇਮ ਦੀ ਵੇਦਨਾ ਦੁਆਰਾ ਮਨੁੱਖ ਨੂੰ ਸੁਤੰਤਰ ਹੋਣ ਦਾ ਮਾਰਗ ਦਰਸਾਉਂਦੇ ਹਨ। ਇੰਜ ਆਪ ਦੂਜੇ ਉਹਨਾਂ ਲੋਕਾਂ ਨੂੰ ਵੀ ਸੁਤੰਤਰ ਕਰਨਾ ਲੋਚਦੇ ਹਨ ਜਿਨ੍ਹਾਂ ਨੇ ਆਪਣੇ ਅਗਿਆਨ ਦੁਆਰਾ ਹੀ ਮਾਨਸਿਕ ਕੈਦ-ਕੋਠੜੀ ਦੀ ਨੀਰਸਤਾ ਵਿਚ ਆਪਣੇ ਆਪ ਨੂੰ ਗ੍ਰਸਿਆ ਹੋਇਆ ਹੈ। ਇਹ ਅਗਿਆਨ ਆਪਣੀਆਂ ਇਛਾਵਾਂ ਤੇ ਜਬਰ ਅਤੇ ਆਪਣੇ ਆਲੇ-ਦੁਆਲੇ ਦੇ ਵਾਤਾਵਰਨ ਦੇ ਜਬਰ ਥਲੇ ਪਿਸਦੇ ਰਹਿਣ ਕਾਰਨ ਹੈ। ਕੇਵਲ ਪ੍ਰਭੂ-ਪ੍ਰੀਤਮ ਦੇ ਪ੍ਰੇਮ ਦੁਆਰਾ ਆਪਣੇ ਆਪ ਦਾ ਉਥਾਨ ਕਰ ਲੈਣਾ ਹੀ ਕਾਫ਼ੀ ਨਹੀਂ ਹੈ। ਗੁਰੂ ਜੀ ਦਾ ਤਾਂ ਇਹ ਕਥਨ ਹੈ, "ਉਹ ਵਿਅਕਤੀ ਧੰਨ ਹਨ, ਆਦਰਯੋਗ ਹਨ, ਜਿਨ੍ਹਾਂ ਦੇ ਹਿਰਦੇ ਵਿਚ ਪ੍ਰੇਮ ਦੀ ਜੋਤ ਜਗ ਰਹੀ ਹੈ ਅਤੇ ਜੋ ਦੂਜਿਆਂ ਦੇ ਹਿਰਦਿਆਂ ਅੰਦਰ ਵੀ ਇਸੇ ਪ੍ਰੇਮ ਦੀ ਜੋਤ ਨੂੰ ਜਗਾ ਦਿੰਦੇ ਹਨ।" ਮਾਨਸਿਕ ਵਰਤਾਂ ਤੇ ਪ੍ਰਤਿਗਿਆਵਾਂ ਦੁਆਰਾ ਕੀਤਾ ਗਿਆ ਤਿਆਗ ਸਾਨੂੰ ਔਜੜੇ ਪਾਉਂਦਾ ਹੈ। ਇਸ ਨਾਲ ਦੁਖ, ਨਿਰਾਸ਼ਾ, ਮੁਰਦੇਹਾਣੀ, ਆਲਸ, ਕਰੋਧ ਅਤੇ ਮਨ ਦਾ ਅਸਾਵਾਂਪਣ ਪੈਦਾ ਹੁੰਦੇ ਹਨ। ਆਪਣੇ ਘਰ ਪਰਿਵਾਰ ਵਿਚ ਖਚਿਤ ਹੋਣ ਨਾਲ

ਵੀ ਸੌੜੇਪਣ ਤੇ ਸੁਹਦੇਪਣ ਦੁਆਰਾ ਵਿਅਕਤੀਤਵ ਦਾ ਵਿਨਾਸ਼ ਹੋ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਦਾ ਕਥਨ ਹੈ, ''ਜਿਹੜਾ ਵਿਅਕਤੀ ਨਿਰੰਤਰ ਸਿਮਰਨ ਵਿਚ ਰੱਤਾ ਰਹਿ ਕੇ ਪ੍ਰਭੂ-ਪ੍ਰੀਤਮ ਦੇ ਵਰੋਸਾਏ ਹੋਏ ਸਾਦ-ਮੁਰਾਦੇ ਜੀਵਨ ਨੂੰ ਬਤੀਤ ਕਰਦਾ ਹੈ, ਉਹੋ ਹੀ ਧੰਨਤਾ ਤੇ ਆਦਰ ਦਾ ਪਾਤਰ ਹੈ।'' ਗੁਰੂ ਜੀ ਤਾਂ ਇਹ ਚਾਹੁੰਦੇ ਹਨ ਕਿ ਮਨੁੱਖ ਸੱਚ ਵਿਚ ਰੱਤਾ ਰਹੇ, ਪੌਣ ਸਮਾਨ ਸੱਚ ਦਾ ਆਹਾਰ ਕਰੇ, ਇਥੋਂ ਤਕ ਕਿ ਠੱਗਾਂ ਤੇ ਕਉਡੇ ਰਾਖ਼ਸ਼ ਵਰਗੇ ਮਾਨਸਖਾਣੇ ਵਿਅਕਤੀਆਂ ਦੇ ਹਿਰਦਿਆਂ ਵਿਚ ਵੀ ਲੁਕੇ ਸੰਤ-ਪੁਰਸ਼ ਦੀ ਡੋਡੀ ਜਾਂ ਕਲੀ ਨੂੰ ਲਖ ਸਕੇ। ਆਪ ਇਹਨਾਂ ਸੰਤ-ਪੁਰਸ਼ਾਂ ਵਿਚ ਵਿਕਸਿਤ ਹੋਣ ਵਾਲੀਆਂ ਬੰਦ ਕਲੀਆਂ ਨੂੰ ਆਪਣੀ ਛੁਹ ਮਾਤਰ ਨਾਲ ਖਿੜੇ ਫੁੱਲ ਵਿਚ ਬਦਲ ਦਿੰਦੇ ਹਨ।

ਅਮਿਤ ਖਿਮਾਂ ਯਾਚਨਾ ਦੀ ਭਾਵਨਾ ਮਨੁੱਖ ਨੂੰ ਪੂਰਨ ਬਣਾਉਂਦੀ ਹੈ। ਸੱਚ ਦੀ ਉਚੇਰੀ ਹੋਂਦ ਨੂੰ ਆਪ ਅਨੁਭਵ ਕਰ ਸਕਣ ਲਈ ਉਸ ਨੂੰ ਦੂਜਿਆਂ ਪ੍ਰਤੀ ਅਸੀਮ ਕਰੁਣਾ-ਭਾਵ ਦੇ ਪ੍ਰਗਟਾਉਣ ਦਾ ਅਭਿਆਸ ਕਰਨਾ ਚਾਹੀਦਾ ਹੈ। ਜਿਨ੍ਹਾਂ ਨੇ ਆਪਣੇ ਆਪ ਨੂੰ ਬੰਧਨ-ਮੁਕਤ ਕਰ ਲਿਆ ਹੈ, ਉਹਨਾਂ ਨੂੰ ਬੰਧਨਾਂ ਵਿਚ ਫਾਥੇ ਹੋਰਾਂ ਨੂੰ ਮੁਕਤ ਕਰਨ ਲਈ ਅਨੰਤ ਜਾਂ ਵਿਸ਼ਾਲ ਹਮਦਰਦੀ ਜਤਾਉਣੀ ਚਾਹੀਦੀ ਹੈ। ਇਥੋਂ ਤਕ ਕਿ ਆਪਣੀ ਸੁਤੰਤਰਤਾ ਦਾ ਤਿਆਗ ਕਰਕੇ ਵੀ ਹੋਰਨਾਂ ਨੂੰ ਸੁਤੰਤਰ ਕਰਨਾ ਚਾਹੀਦਾ ਹੈ। ਆਤਮਾ ਦੀ ਪਵਿੱਤਰਤਾ ਦਾ ਇਹ ਇਕ ਆਵੱਸ਼ਕ ਗੁਣ ਜਾਂ ਵਿਸ਼ੇਸ਼ਤਾ ਹੈ ਕਿ ਉਹ ਦਇਆ ਅਤੇ ਪ੍ਰੇਮ ਦੇ ਗੁਣਾਂ ਨਾਲ ਭਰਪੂਰ ਹੁੰਦੀ ਹੈ। ਕੋਈ ਵਿਅਕਤੀ ਆਪ ਉਦੋਂ ਕਦ ਖ਼ੁਸ਼ ਰਹਿ ਸਕਦਾ ਹੈ ਜਦੋਂ ਕਿ ਹੋਰ ਸਾਰੇ ਨਾ-ਖ਼ੁਸ਼ ਹੋਣ ਅਤੇ ਦੂਜਿਆਂ ਵਿਚ ਖ਼ੁਸ਼ੀ ਲਿਆਉਣ ਦਾ ਇਕੋ ਇਕ ਮਾਰਗ ਮਨੁੱਖ ਦੇ ਆਪਣੇ ਹਿਰਦੇ ਤੇ ਆਤਮਾ ਦੇ ਨਿਜੀ ਮਨੁੱਖੀ ਗੁਣਾਂ ਵਾਲਾ ਹੀ ਹੈ। ਨਿਤਸ਼ੇ ਦਾ 'ਇੱਜੜ' ਤੇ 'ਮਹਾਂ-ਮਾਨਵ' ਦਾ ਸਿਧਾਂਤ ਇਸ ਦ੍ਰਿਸ਼ਟੀ ਤੋਂ ਇਕ ਜ਼ਹਿਰੀਲੀ ਬੂਟੀ ਸਿਧ ਹੁੰਦਾ ਹੈ। ਗੁਰੂ ਜੀ ਵੀ ਮਹਾਂ-ਮਾਨਵ ਦੀ ਸਿਰਜਣਾ ਕਰਦੇ ਹਨ, ਪਰ ਉਹ ਸੰਗਮਰਮਰੀ ਚੀਨੀ ਮਿੱਟੀ ਦਾ ਪੁੱਤਰ ਹੋਣਾ ਚਾਹੀਦਾ ਹੈ। ਨਿਤਸ਼ੇ ਤਾਂ ਵਿਸ਼ੇਸ਼ ਭਾਂਤ ਦੀ ਸ਼ਕਤੀ ਤੇ ਉਸ ਸ਼ਕਤੀ ਨੂੰ ਗ੍ਰਹਿਣ ਕਰਨ ਦੀ ਇੱਛਾ ਉਤੇ ਲੋੜ 'ਤੇ ਵਧੇਰੇ ਬਲ ਦਿੰਦਾ ਹੈ। ਨਿਤਸ਼ੇ ਦੇ ਮਤ ਅਨੁਸਾਰ ਸ਼ਕਤੀ ਨੂੰ ਸਮਝਣ ਉਪਰੰਤ ਉਸ ਦੇ ਪੁਨਰ-ਮੁਲਾਂਕਣ ਦੀ ਲੋੜ ਹੈ।

ਕਿਉਂਜੋ ਮਨੁੱਖ ਆਪਣੀ ਅੰਤਰੀਵ ਪ੍ਰਕ੍ਰਿਤੀ ਕਾਰਨ ਆਤਮਕ ਗੁਣਾਂ ਵਾਲਾ ਹੈ, ਇਸ ਲਈ ਉਸ ਨੂੰ ਭੌਤਿਕਤਾ ਤੇ ਅੰਧਕਾਰ ਦੀ ਸਥੂਲਤਾ ਵਿਚੋਂ ਬਾਹਰ ਆਉਣ ਲਈ ਸੰਘਰਸ਼ ਕਰ ਰਹੇ ਵਿਅਕਤੀਆਂ ਦੀ ਸਹਾਇਤਾ ਕਰਨੀ ਚਾਹੀਦੀ ਹੈ। ਇਬਰਾਹਮ ਲਿੰਕਨ ਨੇ ਇਕ ਵਾਰ ਦਲਦਲ ਵਿਚ ਫਸੇ ਇਕ ਸੂਰ ਨੂੰ ਜੋ ਉਸ ਵਿਚੋਂ ਨਿਕਲਣ ਲਈ ਹੱਥ-ਪੈਰ ਮਾਰ ਰਿਹਾ ਸੀ, ਬਾਹਰ ਕਢਿਆ। ਉਹ ਸੂਰ ਸਖ਼ਤ ਬਿਪਤਾ ਵਿਚ ਸੀ। ਜਦੋਂ ਇਬਰਾਹਮ ਲਿੰਕਨ ਦੀ ਕਿਸੇ ਨੇ ਇਸ ਦਇਆ ਭਰਪੂਰ ਕਾਰਜ ਲਈ ਪ੍ਰਸ਼ੰਸਾ ਕੀਤੀ ਤਾਂ ਉਸ ਦਾ ਉਤਰ ਸੀ, ''ਇਹ ਕੋਈ ਦਇਆ ਕਰਨ ਵਾਲੀ ਗੱਲ ਨਹੀਂ ਸੀ। ਮੈਨੂੰ ਤਾਂ ਇੰਜ ਮਹਿਸੂਸ ਹੋ ਰਿਹਾ

ਸੀ ਕਿ ਜਿਵੇਂ ਮੈਂ ਉਸ ਸੂਰ ਵਾਂਗ ਹੀ ਇਸ ਬਿਪਤਾ ਵਿਚ ਫਸਿਆ ਹੋਇਆ ਹੋਵਾਂ।'' ਇਸ ਲਈ ਉਸ ਨੇ ਤਾਂ ਆਪਣੇ ਆਪ ਨੂੰ ਹੀ ਕੁਝ ਸੁਖ ਪਹੁੰਚਾਉਣ ਲਈ ਉਸ ਸੂਰ ਨੂੰ ਉਸ ਜਿੱਲਣ ਵਿਚੋਂ ਬਾਹਰ ਕਢ ਦਿਤਾ ਸੀ। ਆਪਣੀ ਆਤਮ-ਸਤਾ ਨੂੰ ਸਥਿਰ ਤੇ ਸੁਰੱਖਿਅਤ ਰਖਣ ਲਈ ਅਰਥਾਤ ਆਪਣੀ ਹੋਣੀ ਦੀ ਖ਼ਾਤਰ ਸਾਨੂੰ ਬਿਪਤਾ ਮਾਰੇ ਸੂਰ ਦੀ ਸਹਾਇਤਾ ਕਰਨੀ ਹੀ ਪੈਂਦੀ ਹੈ। ਮਹਾਂ-ਮਾਨਵ ਨੂੰ ਇੱਜੜ ਅਰਥਾਤ ਸਮੂਹ ਨੂੰ ਸਕਰਮਕ (ਕਰਮਸ਼ੀਲ) ਕਰਨਾ ਹੀ ਪਵੇਗਾ। ਗੁਰੂ ਸਾਹਿਬ ਨੇ ਇਹੋ ਕੁਝ ਹੀ ਕੀਤਾ ਹੈ।

ਜਦੋਂ ਅਸੀਂ ਇਸ ਨੈਤਿਕ ਸ਼ਾਸਤਰ ਅਤੇ ਸੁਹਜ-ਸ਼ਾਸਤਰ ਨੂੰ ਜੀਵਨ ਨਾਲੋਂ ਤੋੜ ਲੈਂਦੇ ਹਾਂ ਅਤੇ ਇਹਨਾਂ ਨੂੰ ਕੇਵਲ ਪੁਸਤਕ ਦੇ ਅਧਿਆਵਾਂ ਤਕ ਸੀਮਤ ਕਰ ਦਿੰਦੇ ਹਾਂ ਤਾਂ ਇਹ ਕੇਵਲ ਨਿਰਜਿੰਦ ਸੂਤਰ (ਸਿਧਾਂਤ) ਹੀ ਰਹਿ ਜਾਂਦੇ ਹਨ। ਦੂਜੇ ਬੰਨੇ ਜੀਵਨ ਤਾਂ ਆਪਣੇ ਪ੍ਰਵਾਹ ਨੂੰ ਜਾਰੀ ਰਖਣ ਲਈ ਆਪਣੇ ਹੀ ਕੰਢੇ, ਲਹਿਰਾਂ ਤੇ ਖ਼ੁਸ਼ੀਆਂ ਨੂੰ ਸਿਰਜ ਲੈਂਦਾ ਹੈ। ਇਹਨਾਂ ਨਿਯਮਾਂ ਨੂੰ ਬਣਾਉਣ ਲਈ ਕਿਸੇ 'ਮਨੂੰ' ਦੀ ਲੋੜ ਨਹੀਂ ਪੈਂਦੀ।

ਗੁਰੂ ਸਾਹਿਬ ਤਾਂ ਜੀਵਨ ਨੂੰ ਸੁਤੰਤਰ ਕਰਨਾ ਲੋਚਦੇ ਹਨ ਤਾਂ ਜੋ ਨਾ ਤਾਂ ਕੋਈ ਦੂਜਾ ਇਸ ਨੂੰ ਸੀਮਤ ਕਰ ਸਕੇ ਤੇ ਨਾ ਹੀ ਅਜਿਹਾ ਵਿਅਕਤੀ ਕਿਸੇ ਦੂਜੇ ਦੇ ਜੀਵਨ ਉਤੇ ਭਾਰੂ ਹੋਵੇ। ਨਾ ਹੀ ਕੋਈ ਵਿਅਕਤੀ ਆਪਣੀਆਂ ਯੋਗਤਾਵਾਂ ਉਤੇ ਵਧੇਰੇ ਬੋਝ ਪਾਵੇ ਤੇ ਨਾ ਹੀ ਇਹਨਾਂ ਨੂੰ ਢਿਲਿਆਂ ਪੈਣ ਦੇਵੇ, ਸਗੋਂ ਸਦਾ ਕਰਮਸ਼ੀਲ, ਸਦਾ ਸਾਵਧਾਨ, ਸਦਾ ਕਿਰਤ ਵਿਚ ਮਗਨ ਅਤੇ ਸਦਾ ਪ੍ਰੇਮ ਵਿਚ ਰੱਤਾ ਰਹੇ। ਗੁਰੂ ਜੀ ਤਾਂ ਮਨੁੱਖ ਨੂੰ ਇਹ ਸੱਦਾ ਦਿੰਦੇ ਹਨ ਕਿ ਉਹ ਸਦਾ ਕੁਦਰਤ ਦੇ ਨੇਮਾਂ ਦਾ ਪਾਲਣ ਕਰੇ। ਜਿਵੇਂ ਕਿ ਨੰਨੇ ਪੌਦੇ ਕਰਦੇ ਹਨ ਜੋ ਸਹਿਜੇ ਸਹਿਜੇ ਵਧਦੇ ਫੂਲਦੇ ਵੱਡੇ ਬੋਹੜ ਦੇ ਬ੍ਰਿਛ ਦਾ ਰੂਪ ਧਾਰਨ ਕਰ ਜਾਂਦੇ ਹਨ, ਪਰ ਤਦੋਂ ਤਕ ਇਕ ਜੀਵਤ ਵਿਅਕਤੀ ਨੂੰ ਪ੍ਰਗਤੀਸ਼ੀਲ ਰੂਪ ਵਿਚ ਕਰਮਸ਼ੀਲ ਰਹਿਣਾ ਚਾਹੀਦਾ ਹੈ ਅਤੇ ਦੈਵੀ ਸਤਾ ਤਕ ਪਹੁੰਚਣ ਲਈ ਸਦਾ ਵੇਗਵਾਨ ਰੂਪ ਵਿਚ ਵਿਕਾਸ ਕਰਨ ਲਈ ਤਤਪਰ ਰਹਿਣਾ ਚਾਹੀਦਾ ਹੈ। ਕੋਈ ਵੀ ਮਨੁੱਖ ਸ਼ੁਧ ਆਤਮਾ ਨਾਲ ਸਾਂਝ ਤੇ ਸਹਾਨੁਭੂਤੀ ਰਖਣ ਤੋਂ ਬਿਨਾਂ ਆਪਣੀ ਪੂਰਨ ਮਨੁੱਖਤਾ ਦੇ ਟੀਚੇ ਤਕ ਨਹੀਂ ਪਹੁੰਚ ਸਕਦਾ। ਜੀਵਨ ਲਈ ਖ਼ੁਸ਼ੀ ਬੜੀ ਜ਼ਰੂਰੀ ਹੈ, ਪਰ ਇਸ ਨੂੰ ਆਲਸ, ਲਾਪ੍ਰਵਾਹੀ ਅਤੇ ਬੌਧਿਕ ਸਨਕਵਾਦ ਤੋਂ ਬਚਾ ਕੇ ਰਖਣਾ ਚਾਹੀਦਾ ਹੈ।

ਗੁਰੂ ਨਾਨਕ ਤਾਂ ਮਨੁੱਖ ਨੂੰ ਸਹਾਨੁਭੂਤੀ ਦੀ ਭਖ਼ਦੀ ਜੀਵਨ ਚੰਗਿਆੜੀ ਨਾਲ ਜੋੜਨਾ ਚਾਹੁੰਦੇ ਸਨ ਤਾਂ ਜੋ ਉਹ ਸ਼ੁਧ ਆਤਮਾ ਨਾਲ ਆਪਣੇ ਜੀਵਨ ਨੂੰ ਜੋੜ ਸਕੇ। ਅਜਿਹਾ ਕਾਰਜ 'ਗੁਰਮੁਖ' ਦੇ ਰੂਪ ਵਿਚ ਸਾਕਾਰ ਸਰੂਪ ਵਿਚ ਵੇਖਿਆ ਜਾ ਸਕਦਾ ਹੈ। ਗੁਰਮੁਖ ਵਾਲੀ ਪ੍ਰੇਰਨਾ ਜਾਂ ਅੰਬਰੀ ਕਾਂਗ ਦੀ ਹੋਂਦ ਤੋਂ ਬਿਨਾਂ ਉਚੇਰੇ ਆਤਮਕ ਜੀਵਨ ਦੀ ਜਾਗ ਨਹੀਂ ਲਗ ਸਕਦੀ। ਬਾਕੀ ਸਭ ਕੁਝ ਨਿਰਜਿੰਦ ਮਾਨਸਿਕਤਾ ਹੈ। ਇਸ ਨੂੰ ਆਤਮਕਤਾ ਨਹੀਂ ਮੰਨਿਆ ਜਾ

ਦਾ। ਕਾਰਲਾਇਲ ਆਪਣੇ 'ਸੱਚੇ ਪਾਤਸ਼ਾਹ' ਤੇ 'ਮਹਾਂ-ਮਾਨਵ' (ਕਲਾਧਾਰੀ) ਸਿਧਾਂਤ ਵਿਚ ਗੁਰੂ ਸਾਹਿਬ ਨਾਲ ਮਿਲਦਾ ਜੁਲਦਾ ਦ੍ਰਿਸ਼ਟੀਕੋਣ ਹੀ ਪੇਸ਼ ਕਰ ਤਾ ਹੈ। ਕਾਰਲਾਇਲ ਦਾ 'ਕਲਾਧਾਰੀ' (ਮਹਾਂ-ਮਾਨਵ), ਜੋ ਯਥਾਰਥ ਉਤੇ ਮਾਨ ਕੇਂਦ੍ਰਿਤ ਕਰੀ ਬੈਠਾ ਹੈ, ਗੁਰੂ ਜੀ ਦੇ 'ਗੁਰਮੁਖ' ਸਮਾਨ ਹੈ। ਪਰ ਇਸ ਧ ਵਿਚ ਪਰਿਭਾਸ਼ਾਵਾਂ ਸੰਕੀਰਨ ਤੇ ਸੌੜ ਦ੍ਰਿਸ਼ਟਤਾ ਦੀਆਂ ਧਾਰਨੀ ਹਨ। ਝੂਤ ਮਾਨਸਿਕਤਾ ਦੀ ਹਾਲਤ ਵਿਚ ਮਹਾਨ ਚੰਗਿਆਈਆਂ ਤੇ ਸਦਗੁਣਾਂ ਕਾਰਨ ਤਮਕਤਾ ਦੀ ਅੰਬਰੀ ਕਾਂਗ ਦਾ ਭਰਪੂਰ ਕਾਂਗ ਉਛਾਲਾ ਵੀ ਆ ਸਕਦਾ ਹੈ। ਤੀ ਰੂਪ ਦੀ ਸੰਪੂਰਨ ਆਤਮਕਤਾ ਇਕ ਪ੍ਰਕਾਰ ਦਾ ਬੰਜਰ ਰੀਤੀਚਾਰ ਵੀ ਸਕਦਾ ਹੈ। ਇਸ ਲਈ ਗੁਰੂ ਨਾਨਕ ਦੇਵ ਜੀ ਵਾਰ ਵਾਰ ਸਾਵਧਾਨ ਕਰਦੇ ਕਿ ਜਿਨ੍ਹਾਂ ਵਿਅਕਤੀਆਂ ਨੂੰ ਸੱਚਾ ਆਤਮ-ਗਿਆਨ ਹੈ, ਉਹ ਸੱਚੀ ਤਮਕਤਾ ਦੇ ਪਰਮਾਨੰਦ ਨੂੰ ਮਾਣਦੇ ਹਨ। ਗੁਰੂ ਨਾਨਕ ਦੇ ਭਗਤ 'ਸਦਾ-ਗਾਸ' ਦੀ ਆਤਮਕ ਅਵਸਥਾ ਵਿਚ ਵਿਚਰਦੇ ਹਨ। (ਸਦਾ-ਸਥਿਰ; ਵਿਗਾਸ ਪੂਰਨ ਖੇੜਾ) ਜੀਵਨ ਦੇ ਸ਼ਕਤੀਵਰ ਸੰਕੇਤਾਂ ਨੂੰ ਜੀਵਨ ਨਾਲੋਂ ਤੋੜ-ਵਿਛੋੜ ਉਹਨਾਂ ਦਾ ਭਾਵਵਾਚਕ ਰੂਪ ਵਿਚ ਅਮੂਰਤੀਕਰਣ ਕਰ ਦੇਣਾ, ਇਸ ਦੁਆਰਾ ਵਨ ਤੇ ਮੌਤ ਸੰਬੰਧੀ ਕਿਸੇ ਵਿਸ਼ੇਸ਼ ਸਿਧਾਂਤਾਂ ਨੂੰ ਰਚ ਕੇ ਕਿਸੇ ਵਿਸ਼ੇਸ਼ ਜੀਵਨ ਤਸ਼ਨ ਦਾ ਨਿਰਮਾਣ ਕਰ ਲੈਣਾ ਵਿਅਰਥ ਹੈ। ਫਿਰ ਇਹ ਸੋਚ ਲੈਣਾ ਕਿ ਹਨਾਂ ਦਿਮਾਗੀ ਤੌਰ 'ਤੇ ਨਿਰਮਿਤ ਵਸਤੂਆਂ ਦੇ ਢੇਰ ਵਿਚੋਂ ਅਸੀਂ ਭਖਦੀਆਂ ਵਨ ਚੰਗਿਆੜੀਆਂ ਧੜਕਾ ਸਕਾਂਗੇ—ਮਨੁੱਖੀ ਅਭਿਮਾਨ ਤੇ ਆਤਮ ਛਲਾਵੇ ਵੱਧ ਹੋਰ ਕੁਝ ਨਹੀਂ ਹੈ। ਗੁਰੂ ਸਾਹਿਬ ਇਸ ਨੂੰ ਬਚਗਾਨਾ ਨਿਰਾਰਥਕਤਾ ਹਿ ਕੇ ਇਸ ਦਾ ਖੰਡਨ ਕਰਦੇ ਹਨ। ਇਹ ਤਾਂ ਜੀਵਨ ਹੀ ਹੁੰਦਾ ਹੈ, ਜੋ ਸੈਂਕੜੇ ਰਸ਼ਨ ਸ਼ਾਸਤਰਾਂ ਦਾ ਮੰਥਨ ਕਰਕੇ ਸੂਖਮ ਸੁਭਾ ਅਰਥਾਤ ਸੰਕੇਤ ਦਿੰਦਾ ਹੈ ਅਤੇ ਵਨ ਦੇ ਅਸਲ ਮਨੋਰਥ ਨੂੰ ਅਗੇ ਵਧਾਉਂਦਾ ਹੈ। ਉਹ ਕੇਵਲ ਸਦੀਆਂ ਦੇ ਢ-ਪੁਰਾਣੇ ਸਿਧਾਂਤਾਂ ਤੇ ਸੰਕਲਪਾਂ ਨੂੰ ਜੱਫਾ ਮਾਰ ਕੇ ਬੈਠਾ ਨਹੀਂ ਰਹਿੰਦਾ। ਜੀਵਨ ਵਿਚੋਂ ਹੀ ਜੀਵਨ ਅਗੇ ਤੁਰਦਾ ਹੈ।'' ਅਤੀਤ ਨਾਲੋਂ ਟੁੱਟ ਕੇ ਅਗੇ ਧਣਾ ਸਚਮੁਚ ਬੜਾ ਵਿਸਮਾਦ-ਜਨਕ ਹੈ।

ਭਾਰਤ ਵਿਚ ਵੇਦਾਂਤ ਦਰਸ਼ਨ ਦੇ ਇਤਿਹਾਸ ਦਾ ਜੋ ਲਖਾਂ ਲੋਕਾਂ ਉਤੇ ਭਾਵ ਪਿਆ, ਉਸ ਤੋਂ ਤਾਂ ਇਹੀ ਸਿਧ ਹੁੰਦਾ ਹੈ ਕਿ ਇਹ ਮਨੁੱਖ ਨੂੰ ਕਿਸ ਰ੍ਹਾਂ ਬਹੁਰੂਪੀਆ ਬਣਾ ਦਿੰਦਾ ਹੈ। ਇਸ ਲਈ ਗੁਰੂ ਸਾਹਿਬਾਨ ਇਸ ਹੱਤਵਪੂਰਨ ਸਿਟੇ ਉਤੇ ਪਹੁੰਚੇ ਕਿ ਬੌਧਿਕ ਵਸਤੂ ਜਾਂ ਬੁਧੀਵੇਤਾ ਭਾਵੇਂ ਕਿੰਨਾਂ ੀ ਚਮਕ-ਦਮਕ ਵਾਲਾ ਕਿਉਂ ਨਾ ਹੋਵੇ, ਸ਼ੁਧ ਆਤਮਾ ਵਾਲੇ ਵਿਅਕਤੀ ਜੋ ਕਿ ੀਵਨ ਦੀ ਦੇਣ ਹੁੰਦਾ ਹੈ, ਨਾਲ ਸਹਾਨੁਭੂਤੀ ਰਖਣ ਤੋਂ ਬਿਨਾਂ ਇਕ ਨਿਰਜਿੰਦ ਸਤੂ ਹੀ ਹੁੰਦਾ ਹੈ। ਉਹ ਵਿਚਾਰ ਜੋ ਕੇਵਲ ਬੌਧਿਕਤਾ ਦੀ ਦੇਣ ਹੁੰਦੇ ਹਨ। ਰਜਿੰਦ ਵਸਤੂ ਹੀ ਹਨ। ਗੁਰਮਤਿ ਅਨੁਸਾਰ ਭਾਵਨਾ ਸ਼ੁਧ ਵਿਵੇਕ ਜਾਂ ਨਿਆਏ ਵਧੇਰੇ ਸਾਕਾਰ ਕਰਨ ਵਾਲੀ ਹੈ। ਬੁਧੀ ਤਾਂ ਉਸ ਦੀ ਦਾਸੀ ਹੁੰਦੀ ਹੈ। ਭਾਵਨਾ

ਦਾ ਸਥਾਨ ਮਾਲਕਾਂ ਵਾਲਾ ਹੈ। ਗੋਇਟੇ ਦੇ ਆਧੁਨਿਕ ਸ਼ਬਦਾਂ ਵਿਚ "ਭਾਵ ਹੀ ਸਭ ਕੁਝ ਹੁੰਦੀ ਹੈ।" ਗੁਰੂ ਗਰੰਥ ਸਾਹਿਬ ਦੇ ਹਰ ਪੰਨੇ ਉਤੇ ਗੁ ਸਾਹਿਬਾਨ ਦੀ ਉਪਰੋਕਤ ਦ੍ਰਿਸ਼ਟੀ ਨੂੰ ਅੰਕਿਤ ਵੇਖਿਆ ਜਾ ਸਕਦਾ ਹੈ।

ਇਸ ਤਰ੍ਹਾਂ ਵਿਚਰੋ ਕਿ ਨਾਮ ਦਾ ਪ੍ਰਵਾਹ ਇਥੇ ਤੇ ਉਥੇ ਅਰਥਾਤ ਲੋ ਪਰਲੋਕ ਵਿਚ ਆਲੇ ਦੁਆਲੇ ਦੇ ਵਾਤਾਵਰਣ ਨਾਲ ਇਕਸੁਰ ਹੋ ਜਾਵੇ ਉਪਨਿਸ਼ਦਾਂ ਦੇ ਖ਼ਾਲੀ ਹਿਰਦਿਆਂ ਵਾਲੇ ਪਾਠੀਆਂ ਦੀ ਤੁਲਨਾ ਵਿਚ ਗੁਰੂ ਨਾਨ ਦੇਵ ਡਾਕੂਆਂ ਤੇ ਲੁਟੇਰਿਆਂ ਦੇ ਜੀਵਨ ਵਿਚ ਵਧੇਰੇ ਦਿਲਚਸਪੀ ਲੈਂਦੇ ਹਨ ਸੱਜਣ ਠੱਗ ਦੇ ਮਨ ਨੂੰ ਯੁਗਾਂ-ਯੁਗਾਂਤਰਾਂ ਤੇ ਵਹਿਮਾਂ-ਭਰਮਾਂ ਦੇ ਬੰਧਨਾਂ ਤੋਂ ਮੁਕ ਕਰਨ ਦੀ ਲੋੜ ਸੀ। ਇਸ ਦੇ ਮਾਰਗ ਨੂੰ ਨਿਰਧਾਰਿਤ ਕਰਨ ਲਈ ਅਰਥਾ ਇਸ ਵਿਚ ਖੇੜਾ ਲਿਆਉਣ ਲਈ ਇਸ ਦੇ ਮੂੰਹ ਨੂੰ ਸੂਰਜ ਵਲ ਕਰਨਾ ਜ਼ਰੂ ਸੀ। ਇਹ ਕਾਰਜ ਗੁਰੂ ਜੀ ਦੀ ਹਜ਼ੂਰੀ ਵਿਚ ਸਿਰੇ ਚਾੜ੍ਹਿਆ ਗਿਆ ਤੇ ਗੁ ਜੀ ਨੇ ਆਪ ਉਸ ਲਈ ਅਰਦਾਸ ਕੀਤੀ ਤੇ ਅਸੀਸ ਦਿਤੀ। ਇਹ ਕਾਰਜ ਉ ਨੇਪਰੇ ਚੜ੍ਹਦਾ ਹੈ, ਜਦੋਂ ਗੁਰੂ ਆਪਣੀ ਸ਼ਕਤੀ ਤੇ ਉਤਸ਼ਾਹ ਨੂੰ ਜਿਗਿਆਸੂਅ ਵਿਚ ਭਰ ਦਿੰਦਾ ਹੈ। ਗੁਰ-ਪ੍ਰਸਾਦਿ ਅਰਥਾਤ ਗੁਰਮਤਿ ਵਿਚ ਗੁਰੂ ਦੀ ਕਿਰਪ ਜਾਂ ਬਖ਼ਸ਼ਿਸ਼ ਦਾ ਸਿਧਾਂਤ ਇਕ ਤਰ੍ਹਾਂ ਦਾ ਪ੍ਰਤੀਕਰਮ ਹੀ ਹੁੰਦਾ ਹੈ। ਇਹ ਇਕ ਵਰਤਾਰਾ ਹੈ। ਜਦੋਂ ਵੀ ਕਿਸੇ ਮਨੁੱਖ ਦਾ ਉਥਾਨ ਹੁੰਦਾ ਹੈ, ਉਸ ਵਿਚ ਜਾਗ੍ਰ ਆਉਂਦੀ ਹੈ, ਉਹ ਪਵਿੱਤਰ-ਪੁਨੀਤ ਹੋ ਜਾਂਦਾ ਹੈ ਅਤੇ ਦੈਵੀ ਪ੍ਰੇਰਨਾ ਨਾਲ ਭਰਪੂ ਹੋ ਜਾਂਦਾ ਹੈ ਤਾਂ ਇਹ ਸਭ ਕੁਝ ਇਸੇ ਪ੍ਰਤੀਕਰਮ ਦੁਆਰਾ ਹੀ ਵਾਪਰਦਾ ਹੈ ਇਸ ਪ੍ਰਤੀਕਰਮ ਤੋਂ ਪਿਛੋਂ ਹੀ ਮਨੁੱਖ ਦੇ ਜੀਵਨ ਵਿਚ ਅਜਿਹੀ ਤਬਦੀਲ ਆਉਂਦੀ ਹੈ ਕਿ ਉਸ ਦੇ ਜੀਵਨ ਦਾ ਨਵਾਂ ਆਰੰਭ ਹੁੰਦਾ ਹੈ। ਇਸ ਤੋਂ ਬਿਨ ਮਨੁੱਖ ਦੇ ਆਪਣੇ ਸਾਰੇ ਨਿਜੀ ਯਤਨ ਵਿਅਰਥ ਅਤੇ ਆਤਮਾ ਤੋਂ ਵਿਹੂਣੇ ਹੁੰਦੇ ਹਨ।

ਗੁਰੂ ਦੀ ਛੁਹ ਤੋਂ ਬਿਨਾਂ ਮਨੁੱਖ ਦੇ ਸੁਭਾ ਵਿਚ ਤਬਦੀਲੀ ਨਹੀ ਆਉਂਦੀ। ਜਿਹੜੀ ਗੱਲ ਇਕ ਬੁਧੀਵੇਤਾ ਸੰਸਾਰ ਪ੍ਰਤੀ ਨਿਰਾਸ਼ ਕਰ ਦਿੰਦੀ ਹੈ ਉਹ ਗੁਰੂ ਜੀ ਦੇ ਕਰੁਣਾ ਭਰਪੂਰ ਸਿੱਖ ਨੂੰ ਅਸ਼ਾਂਤ ਨਹੀਂ ਕਰਦੀ। ਕਿਹਾ ਜਾਂਦ ਹੈ ਕਿ ਭਰਥਰੀ ਹਰੀ ਨੇ ਆਪਣੇ ਰਾਜ ਭਾਗ ਦਾ ਉਦੋਂ ਤਿਆਗ ਕਰ ਦਿਤ ਜਦੋਂ ਉਸ ਨੂੰ ਇਹ ਪਤਾ ਲਗਾ ਕਿ ਜਿਸ ਇਸਤਰੀ ਨੂੰ ਉਹ ਉਮਰ ਭਰ ਸੱਚੇ ਦਿਲੋਂ ਪ੍ਰੇਮ ਕਰਦਾ ਹੈ, ਉਹ ਹੋਰ ਕਿਸੇ ਉਤੇ ਮੋਹਿਤ ਸੀ। ਉਸ ਇਸਤਰੀ ਨੇ ਸਾਰੀ ਉਮਰ ਉਸ ਨੂੰ ਧੋਖਾ ਦਿਤਾ। ਇਸ ਤਰ੍ਹਾਂ ਦੀ ਨਿਜੀ ਕਾਰਨਾਂ ਵਾਲੀ ਉਦਾਸੀ ਇਸ ਵਿਸ਼ਾਲ ਪ੍ਰਬੰਧ ਵਿਚ ਤਿਆਗ ਦੀ ਸਾਰੀ ਭਾਵਨਾ ਨੂੰ ਹੀ ਦੂਸ਼ਿਤ ਤੇ ਜ਼ਹਿਰੀਲੀ ਕਰ ਦਿੰਦੀ ਹੈ। ਅਜਿਹਾ ਤਿਆਗ ਅਸਾਵੀਂ ਘਰੋਗੀ ਜ਼ਿੰਦਗੀ ਤੇ ਅਸੰਤੁਲਿਤ ਸਮਾਜ ਵਿਚੋਂ ਉਤਪੰਨ ਹੁੰਦੀ ਹੈ। ਮਨੁੱਖ ਦੇ ਵਾਸ਼ਨਾਵਾਂ ਤੇ ਤ੍ਰਿਸ਼ਨਾਵਾਂ ਦੇ ਬੰਧਨਾਂ ਵਿਚ ਫਾਥੇ ਹੋਣ ਕਾਰਨ ਅਜਿਹੀਆਂ ਸੋਗੀ ਘਟਨਾਵਾਂ ਵਾਪਰਦੀਆਂ ਹਨ। ਗੁਰੂ ਜੀ ਤਾਂ ਆਖਦੇ ਹਾਂ ਕਿ ਇਸਤਰੀ ਤੇ ਪੁਰਸ਼ ਦੇ ਪ੍ਰੇਮ ਦਾ ਆਧਾਰ

ਤਾਂ ਪਤਲੀ ਨੜੀ ਉਤੇ ਟੇਕ ਰਖਣ ਸਮਾਨ ਹੈ। ਸੁੰਦਰਤਾ ਦੀ ਕੋਈ ਵੀ ਵਸਤੂ ਤਾਂ ਤੁਹਾਡੇ ਲਈ ਸਦਾ ਲਈ ਖ਼ੁਸ਼ੀ ਦਾ ਕਾਰਨ ਬਣਨੀ ਚਾਹੀਦੀ ਹੈ—ਭਾਵੇਂ ਤੁਸੀਂ ਉਸ ਦੇ ਮਾਲਕ ਹੋਵੋ ਜਾਂ ਨਾ।

ਅੰਧਕਾਰ ਵਿਚ ਕਬਜ਼ੇ ਦੀ ਭਾਵਨਾ ਨਿਪਟ ਜੜ੍ਹਤਾ ਹੈ, ਨਿਰੋਲ ਪਦਾਰਥਕ ਖਿਚ ਹੈ। ਗੁਰੂ ਜੀ ਦਾ ਨੈਤਿਕ ਸ਼ਾਸਤਰ ਮਨੁੱਖੀ ਆਤਮਾ ਦੇ ਸੁਹਜ-ਸ਼ਾਸਤਰ ਨਾਲ ਇਕਸੁਰ ਹੈ। ਆਤਮਾ ਅਨੰਦ ਦੁਆਰਾ ਤਰੰਗਤ ਹੋ ਜਾਂਦੀ ਹੈ। ਪਰ ਇਸ ਦੀ ਤੁਲਨਾ ਵਿਚ ਕਬਜ਼ੇ ਦੀ ਭਾਵਨਾ ਤਾਂ ਮਨੁੱਖੀ ਜੀਵਨ ਵਿਚ ਜੋ ਕੁਝ ਸਥੂਲ ਤੇ ਗੰਦਗੀ ਭਰਪੂਰ ਹੈ, ਉਸ ਤੋਂ ਉਤਪੰਨ ਹੁੰਦੀ ਹੈ। ਇਹ ਸਭ ਕੁਝ ਤਾਂ ਉਸ ਨੂੰ ਨਿਰਜਿੰਦ ਚਟਾਨਾਂ ਨਾਲ ਬੰਨ੍ਹਣ ਸਮਾਨ ਹੈ। ਸੁੰਦਰਤਾ ਦਾ ਬ੍ਰਹਿਮੰਡ ਤਾਂ ਜੀਵਨਵਾਦੀ ਭਾਵਨਾਵਾਂ ਨੂੰ ਜਗਾਉਣ ਵਾਲਾ ਹੁੰਦਾ ਹੈ। ਗੁਰੂ ਜੀ ਦੀ ਸੁਹਜ-ਸ਼ਾਸਤਰੀ ਪੱਧਤੀ ਅਨੁਸਾਰ ਕੋਈ ਵੀ ਸੱਚਾ ਸੁਹਜਵਾਦੀ ਆਪਣੇ ਵਸਤੂ-ਵਿਸ਼ੇਸ਼ ਦੇ ਨਿਕੇ ਜਿੰਨੇ ਭਾਗ ਨੂੰ ਵੀ ਆਪਣੇ ਤੋਂ ਬਾਹਰ ਪ੍ਰੇਮ ਜਾਂ ਕਿਸੇ ਹੋਰ ਅਜਿਹੀ ਸਥੂਲ ਭਾਵਨਾ ਦੇ ਮਾਇਆ ਜਾਲ ਖ਼ਾਤਰ ਨਸ਼ਟ ਕਰਨ ਨੂੰ ਤਿਆਰ ਨਹੀਂ ਹੈ। ਇਥੇ ਹੀ ਗੁਰੂ ਜੀ ਦੇ ਸੁਹਜਵਾਦੀ ਤੇ ਕੇਵਲ ਇੰਦਰੀਗਤ ਖਿਚਾਂ ਤੋਂ ਪ੍ਰਭਾਵਿਤ ਹੋਣ ਵਾਲੇ ਸੁਹਜਵਾਦੀ ਵਿਚ ਅੰਤਰ ਹੈ। ਇੰਦਰੀਗਤ ਖਿਚਾਂ ਤੋਂ ਪ੍ਰਭਾਵਿਤ ਹੋਣ ਵਾਲੇ ਸੁਹਜਵਾਦੀ ਦੀ ਹਾਲਤ ਉਸ ਬੱਚੇ ਸਮਾਨ ਹੁੰਦੀ ਹੈ ਜੋ ਅੱਗ ਨਾਲ ਕੇਵਲ ਉਸ ਦੇ ਲਾਲ ਰੰਗ ਦੀ ਸੁੰਦਰਤਾ ਕਾਰਨ ਖੇਡ ਰਿਹਾ ਹੁੰਦਾ ਹੈ, ਪਰ ਗੁਰੂ ਜੀ ਦਾ ਸੁਹਜਵਾਦੀ ਤਾਂ ਉਸ ਬੁਲਬੁਲ ਸਮਾਨ ਹੈ ਜੋ ਟਟਹਿਣੇ ਦੀਆਂ ਜੀਵਨ ਚੰਗਿਆੜੀਆਂ ਉਤੇ ਜਿਉਂਦਾ ਹੈ। ਸੱਚ ਤੇ ਸੁੰਦਰਤਾ ਤੋਂ ਉਤਪੰਨ ਹੋਣ ਵਾਲੀਆਂ ਜਿੰਦ-ਧੜਕਣਾਂ ਜੋ ਬੜੀਆਂ ਪ੍ਰੇਰਨਾ ਭਰਪੂਰ ਤੇ ਸ਼ਾਨਦਾਰ ਹੁੰਦੀਆਂ ਹਨ, ਉਸ ਦਾ ਨਿਤ ਦਾ ਆਹਾਰ ਹੁੰਦੀਆਂ ਹਨ। ਅਜਿਹਾ ਵਿਅਕਤੀ ਮਸਤਾਨਾ ਜਿਹਾ ਹੁੰਦਾ ਹੈ ਅਤੇ ਆਪਣੀ ਆਤਮਾ ਵਿਚ ਡੂੰਘਾ ਉਤਰ ਜਾਂਦਾ ਹੈ। ਉਹ ਮਨੁੱਖ ਦੀ ਕਿਸੇ ਵੀ ਹੋਰ ਸੇਵਾ ਲਈ ਨਹੀਂ ਬਣਿਆ ਹੁੰਦਾ, ਸਗੋਂ ਉਹ ਤਾਂ ਜੀਵਨ ਦੀਆਂ ਚੰਗਿਆੜੀਆਂ ਦਾ ਰਾਖਵਾਂ ਭੰਡਾਰ ਹੁੰਦਾ ਹੈ। ਆਤਮਕ ਤੌਰ 'ਤੇ ਥੱਕੇ-ਟੁੱਟੇ ਤੇ ਰੁਸ ਜੀਵਨ ਵਿਚ ਉਦਾਸ ਤੇ ਨਿਰਾਸ਼ਾ, ਜਿਨ੍ਹਾਂ ਦੇ ਦੁਖੜਿਆਂ ਨੂੰ ਕੋਈ ਵੀ ਵਿਚਾਰ ਸੁਖ ਨਹੀਂ ਪਹੁੰਚਾ ਸਕਦਾ, ਬੁਧੀ ਦੀ ਕੋਈ ਵੀ ਉਪਜ ਜਿਨ੍ਹਾਂ ਦੀ ਆਤਮਾ ਵਿਚ ਚਮਕ ਨਹੀਂ ਲਿਆ ਸਕਦੀ ਅਤੇ ਜਿਨ੍ਹਾਂ ਦੀ ਆਤਮਾ ਨੂੰ ਕੋਈ ਗਲਬਾਤ ਪ੍ਰਸੰਨ ਨਹੀਂ ਕਰ ਸਕਦੀ, ਅਜਿਹੇ ਵਿਅਕਤੀਆਂ ਦਾ ਦਾਰੂ ਆਤਮਕ ਤੌਰ 'ਤੇ ਜਾਗੇ ਹੋਏ ਵਿਅਕਤੀ ਕੋਲ ਹੁੰਦਾ ਹੈ। ਅਜਿਹੇ ਮੁਰਦਾ ਤੇ ਅਧਮੋਏ ਵਿਅਕਤੀ ਉਸ ਕੋਲ ਪੁਜਦੇ ਹਨ। ਅਜਿਹੇ ਮਹਾਂ-ਮਾਨਵ ਦੀ ਇਕ ਛੁਹ, ਇਕ ਮੁਸਕਾਨ, ਉਸ ਦੇ ਹੱਥਾਂ ਦੁਆਰਾ ਦਿਤਾ ਗਿਆ ਪ੍ਰਸ਼ਾਦੇ ਦਾ ਇਕ ਟੁਕੜਾ ਜਾਂ ਇਕ ਫੁੱਲ ਉਸ ਮੁਰਦਾ ਵਿਅਕਤੀ ਨੂੰ ਜੀਅ-ਦਾਨ ਦੇ ਸਕਦਾ ਹੈ। ਇਸ ਤਰ੍ਹਾਂ ਰੋਗੀ ਤੰਦਰੁਸਤ ਹੋ ਜਾਂਦੇ ਹਨ। ਉਸ ਦਾ ਇਹ ਵਰਦਾਨ ਇਨਾਂ ਸਿਧਾ-ਸਾਦਾ ਹੈ ਕਿ ਕੋਈ ਵਿਰਲਾ ਹੀ ਇਸ ਨੂੰ ਅਨੁਭਵ ਕਰ ਸਕਦਾ ਹੈ। ਉਹ ਵੀ ਉਸ ਸਮੇਂ ਜਦੋਂ ਮੁੜ ਉਹ ਉਸੇ

ਤਰ੍ਹਾਂ ਦੀ ਮਨੋਦਸ਼ਾ ਦਾ ਸ਼ਿਕਾਰ ਹੋ ਜਾਂਦਾ ਹੈ ਅਤੇ ਉਹ ਉਸ ਵਿਚ ਦੁਬਾਰਾ ਜੀਵਨ ਦੀ ਜਿੰਦ ਧੜਕਣ ਅਜਿਹੇ ਵਿਰੋਸਾਏ ਵਿਅਕਤੀ ਦੀ ਮਿਹਰ ਦੀ ਕਰਾਮਾਤ ਸਦਕਾ ਮੁੜ ਪਰਤਦੀ ਹੈ। ਜਿਹੜੇ ਵਿਰਲੇ ਇਸ ਪ੍ਰਭੂ ਵਿਰੋਸਾਏ ਸੇਵਕ ਤੋਂ ਜਾਣੂੰ ਹੁੰਦੇ ਹਨ, ਉਹਨਾਂ ਨੂੰ ਹੀ ਆਭਾਸ ਹੁੰਦਾ ਹੈ ਕਿ ਅਜਿਹੇ ਵਿਅਕਤੀ ਦੇ ਮਸਤਕ ਦਾ ਇਕ ਕਟਾਖ਼ਸ਼ ਜਾਂ ਸਿਰ ਦੇ ਇਕ ਵਾਰ ਹਿਲਾਉਣ ਨਾਲ ਉਸ ਵਿਚੋਂ ਅਜਿਹੀ ਅੰਮ੍ਰਿਤਧਾਰਾ ਪ੍ਰਭਾਵਿਤ ਹੁੰਦੀ ਹੈ ਅਤੇ ਉਹਨਾਂ ਵਿਅਕਤੀਆਂ ਵਿਚ ਜਾ ਤਰੰਗਤ ਹੁੰਦੀ ਹੈ ਜੋ ਆਪਣੀ ਆਤਮਾ ਦੇ ਭਿੱਤਾਂ ਨੂੰ ਅਜਿਹੀ ਬਖ਼ਸ਼ਿਸ਼ ਲਈ ਖੋਲ੍ਹ ਦਿੰਦੇ ਹਨ। ਪ੍ਰਭੂ ਦੇ ਇਸ ਸੇਵਕ ਦੀਆਂ ਦਾਤਾਂ ਅਦ੍ਰਿਸ਼ਟ ਤੇ ਕੇਵਲ ਭਾਵਨਾਵਾਂ ਦੁਆਰਾ ਹੀ ਅਨੁਭਵ ਕਰਨ ਯੋਗ ਹੁੰਦੀਆਂ ਹਨ। ਜਦ ਅਜਿਹਾ ਸਿਧਾ-ਸਾਦਾ ਗੁਰੂ ਦਾ ਸਿੱਖ ਕਿਸੇ ਮਨੁੱਖ ਨੂੰ ਦੁਖੀ ਹਾਲਤ ਵਿਚ ਤੱਕਦਾ ਹੈ ਤਾਂ ਉਹ ਆਪਣੇ ਨੈਣਾਂ ਨੂੰ ਮੁੰਦ ਕੇ ਅੰਦਰ ਤੱਕਦਾ ਹੈ, ਤਾਂ ਇਕਦਮ ਬਖ਼ਸ਼ਿਸ਼ ਦੀ ਭਾਵਨਾ ਉਸ ਦੁਖਿਆਰੇ ਵਿਅਕਤੀ ਲਈ ਵਿਆਪਕ ਹੋ ਜਾਂਦੀ ਹੈ। ਇਸ ਤਰ੍ਹਾਂ ਉਹ ਉਸ ਵਿਅਕਤੀ ਦੇ ਦੁਖੜੇ ਨੂੰ ਅਦ੍ਰਿਸ਼ਟ ਰੂਪ ਵਿਚ ਹੀ ਨਵਿਰਤ ਕਰ ਦਿੰਦਾ ਹੈ ਜੋ ਕਿ ਉਸ ਦਾ ਜਾਣੂੰ ਵੀ ਨਹੀਂ ਹੁੰਦਾ। ਅਜਿਹਾ ਵਿਅਕਤੀ ਮਨੁੱਖੀ ਆਤਮਾ ਦੇ ਇਤਿਹਾਸ ਦਾ ਨਿਰਮਾਤਾ ਹੁੰਦਾ ਹੈ। ਉਸ ਦੁਖੀ ਵਿਅਕਤੀ ਨੂੰ ਤਾਂ ਇਸ ਗੱਲ ਦਾ ਵੀ ਪਤਾ ਨਹੀਂ ਹੁੰਦਾ ਕਿ ਕਿਸ ਨੇ ਉਸ ਦੇ ਦੁਖੜੇ ਨੂੰ ਹਰਿਆ ਹੈ। ਅਜਿਹਾ ਪ੍ਰਭੂ ਵਿਰੋਸਾਇਆ ਵਿਅਕਤੀ ਸਾਦ-ਮੁਰਾਦੇ ਕਪੜੇ ਪਹਿਨਦਾ ਹੈ, ਕਈ ਵਾਰ ਤਾਂ ਲੱਤਾਂ-ਬਾਹਵਾਂ ਵੀ ਢਕੀਆਂ ਨਹੀਂ ਹੁੰਦੀਆਂ ਅਤੇ ਖੇਤਾਂ ਵਿਚ ਕੰਮ ਕਰ ਰਿਹਾ ਹੁੰਦਾ ਹੈ, ਕਣਕ ਤੇ ਮੱਕੀ ਨੂੰ ਬੀਜਣ ਤੇ ਉਗਾਉਣ ਵਿਚ ਰੁਝਿਆ ਹੁੰਦਾ ਹੈ। ਉਹੋ ਹੀ ਸੱਚੇ ਅਰਥਾਂ ਵਿਚ ਦਾਤਾ ਹੁੰਦਾ ਹੈ। ਉਹੋ ਹੀ ਗੁਰੂ ਜੀ ਦਾ ਸਿਰਜਿਆ ਹੋਇਆ ਆਦਰਸ਼ ਮਨੁੱਖ ਹੈ, ਗੁਰੂ ਦਾ ਸੱਚਾ ਸਿੱਖ ਹੈ। ਤੁਸੀਂ ਉਸ ਨੂੰ ਜਾਣ ਨਹੀਂ ਸਕਦੇ ਕਿਉਂਜੋ ਉਹ ਸਦਾ ਚੁੱਪ ਰਹਿੰਦਾ ਹੈ। ਕੇਵਲ ਉਸ ਦੇ ਨੈਣ ਹੀ ਅਨੰਤ ਭਾਵਨਾਵਾਂ ਤੇ ਸਹਿਜ ਸ਼ਾਂਤੀ ਨਾਲ ਭਰਪੂਰ ਹੁੰਦੇ ਹਨ।

ਦਾਤਾ ਰੂਪ ਵਿਚ ਅਜਿਹਾ ਆਦਰਸ਼ ਵਿਅਕਤੀ ਪ੍ਰਭੂ ਦੇ ਸਦਗੁਣਾਂ ਨਾਲ ਭਰਪੂਰ ਹੁੰਦਾ ਹੈ। ਜਿਥੋਂ ਤਕ ਲੈਣ ਦਾ ਸੰਬੰਧ ਹੈ ਉਹ ਨਿਪਟ ਪਦਾਰਥ ਸਮਾਨ ਅਕਰਮਕ ਹੁੰਦਾ ਹੈ। ਵੱਡੇ ਵੱਡੇ ਪਾਤਸ਼ਾਹ ਆਤਮਕ ਜੀਵਨ ਦੀ ਇਸ ਵੱਧ ਨੂੰ ਨਹੀਂ ਜਾਣ ਸਕਦੇ ਕਿਉਂਜੋ ਉਹ ਸਦਾ ਲੈਣ ਵਾਲੇ ਹੀ ਹੁੰਦੇ ਹਨ। ਪ੍ਰਭੂ ਦੇ ਸੱਚੇ ਸੇਵਕ ਨੇ ਤਾਂ ਕਬਜ਼ੇ ਦੀ ਸਭ ਲਾਲਸਾ ਦਾ ਤਿਆਗ ਕੀਤਾ ਹੁੰਦਾ ਹੈ। ਬਾਕੀ ਗੱਲਾਂ ਲਈ ਤਾਂ ਉਹ ਸਦਾ ਅਦ੍ਰਿਸ਼ਟ ਹੁੰਦਾ ਹੈ, ਕੇਵਲ ਮਿਹਨਤ-ਮੁਸ਼ੱਕਤ ਕਰਦਾ ਹੀ ਨਜ਼ਰੀਂ ਪੈਂਦਾ ਹੈ। ਇਹ ਸੰਸਾਰ ਤਾਂ ਉਸ ਨੂੰ ਇਕ ਕਿਰਤੀ ਦੇ ਤੌਰ 'ਤੇ ਹੀ ਜਾਣਦਾ ਹੈ, ਪਰ ਪ੍ਰਭੂ ਤੇ ਉਸ ਦੇ ਫ਼ਰਿਸ਼ਤਿਆਂ ਲਈ ਉਹ ਮਨੁੱਖਾਂ ਦਾ ਮੁਕਤੀ ਦਾਤਾ ਹੁੰਦਾ ਹੈ। ਆਤਮਾ ਨੂੰ ਸੁਖ-ਸ਼ਾਂਤੀ ਪਹੁੰਚਾਉਣ ਵਾਲੇ ਇਸ ਵਿਅਕਤੀ ਨੂੰ ਸਮਝਣ ਲਈ ਸੰਸਾਰ ਨੂੰ ਕਾਫੀ ਲੰਮਾ ਸਮਾਂ ਲਗੇਗਾ। ਹਜ਼ਰਤ ਈਸਾ (ਯਸੂ ਮਸੀਹ) ਅਜਿਹੇ ਦਾਤਾ ਵਿਅਕਤੀ ਦਾ ਪ੍ਰਗਟ ਪ੍ਰਮਾਣ ਹਨ। ਅਜਿਹੇ

ਆਦਰਸ਼ਕ ਵਿਅਕਤੀ ਦਾ ਹੀ ਗੁਰੂ ਗਰੰਥ ਸਾਹਿਬ ਵਿਚ ਵਰਣਨ ਕੀਤਾ ਗਿਆ ਹੈ। ਫਿਰ ਵੀ ਇਸ ਗੱਲ ਨੂੰ ਭਲੀ-ਭਾਂਤ ਸਮਝ ਲੈਣਾ ਚਾਹੀਦਾ ਹੈ ਕਿ ਗੁਰੂ ਜੀ ਅਜਿਹੇ ਆਦਰਸ਼ ਵਿਅਕਤੀ ਨੂੰ ਜੀਵਨ ਤੇ ਉਸ ਦੇ ਵਾਤਾਵਰਣ ਨਾਲੋਂ ਤੋੜਦੇ ਜਾਂ ਛੇਕਦੇ ਨਹੀਂ ਹਨ ਅਤੇ ਨਾ ਹੀ ਇਹ ਦਸਦੇ ਹਨ ਕਿ ਇਹ ਸੰਸਾਰਕ ਕਾਰ-ਵਿਹਾਰ ਇਸ ਤਰ੍ਹਾਂ ਦੀ ਸ਼ੁਧ ਪਵਿਤਰਤਾ ਦੇ ਰਾਹ ਵਿਚ ਕੋਈ ਸੂਖ਼ਮ ਰੋਕਾਂ ਹਨ। ਗੁਰੂ ਨਾਨਕ ਸਾਹਿਬ ਦੀ ਵੀ ਆਪਣੀ ਸੰਤਾਨ ਸੀ, ਉਹ ਆਪ ਉਹਨਾਂ ਦੀ ਖ਼ਾਤਰ ਘਾਲ-ਕਮਾਈ ਕਰਦੇ ਸਨ, ਉਹਨਾਂ ਲਈ ਅਰਦਾਸਾਂ ਵੀ ਕਰਦੇ ਸਨ, ਇਹ ਇਸ ਗੱਲ ਦਾ ਸਪਸ਼ਟ ਸੰਕੇਤ ਹੈ ਕਿ ਆਪ ਨੂੰ ਅਮੂਰਤ ਸੰਕਲਪਾਂ ਦੀ ਤੁਲਨਾ ਵਿਚ ਜੀਵਨ ਵਧੇਰੇ ਪਿਆਰਾ ਸੀ। ਘਰ ਗ੍ਰਿਹਿਸਥੀਆਂ ਵਿਚ ਆਪ ਵੱਡੇ ਗ੍ਰਿਹਿਸਥੀ ਸਨ, ਸੁਹਜਵਾਦੀਆਂ ਵਿਚ ਵੱਡੇ ਸੁਹਜਵਾਦੀ ਸਨ, ਯੋਗੀਆਂ ਵਿਚ ਪਰਮਯੋਗੀ ਅਤੇ ਰਾਜਿਆਂ ਵਿਚ ਵੱਡੇ ਮਹਾਰਾਜਾ ਸਨ।

ਗੁਰੂ ਗੋਬਿੰਦ ਸਿੰਘ ਜਦੋਂ ਆਗਰਾ ਦੇ ਨੇੜੇ ਕਿਤੇ ਡੇਰਾ ਲਾਈ ਬੈਠੇ ਸਨ ਤਾਂ ਆਪ ਨੇ ਇਕ ਸਿੱਖ ਨੂੰ ਜਲ ਲਿਆਉਣ ਲਈ ਹੁਕਮ ਕੀਤਾ। ਉਹ ਸਿੱਖ ਇਕ ਐਸੀ ਨਿਰਸੰਤਾਨ ਇਸਤਰੀ ਦੇ ਘਰ ਤੋਂ ਇਹ ਸਮਝ ਕੇ ਜਲ ਲੈ ਆਇਆ ਕਿ ਇਸ ਦਾ ਜਲ ਵਧੇਰੇ ਪਵਿੱਤਰ ਹੋਵੇਗਾ। ਗੁਰੂ ਜੀ ਨੂੰ ਮਿਲਣ ਪਿਛੋਂ ਵੀ ਲੋਕਾਂ ਦੇ ਮਨਾਂ ਵਿਚ ਸੁਚਤਾ ਬਾਰੇ ਬ੍ਰਾਹਮਣਵਾਦੀ ਧਰਮ-ਸ਼ਾਸਤਰੀ ਸੰਸਕਾਰਾਂ ਦੇ ਅਧੀਨ ਅਜਿਹੇ ਵਹਿਮ ਭਰਮ ਮੌਜੂਦ ਸਨ। ਸਿੱਖ ਦੇ ਇਸੇ ਇਕ ਕਰਮ ਤੋਂ ਇਹ ਗੱਲ ਭਲੀ ਭਾਂਤ ਪ੍ਰਗਟ ਹੈ ਕਿ ਬ੍ਰਾਹਮਣਵਾਦੀ ਸੰਸਕਾਰ ਲੋਕਾਂ ਦੇ ਮਨਾਂ ਵਿਚ ਕਿੰਨਾਂ ਡੂੰਘਾ ਘਰ ਕਰ ਚੁਕੇ ਸਨ। ਗੁਰੂ ਜੀ ਨੇ ਉਸ ਜਲ ਨੂੰ ਡੋਲ੍ਹ ਦਿਤਾ ਤੇ ਸਿੱਖ ਨੂੰ ਹੁਕਮ ਦਿਤਾ ਕਿ ਉਹ ਕਿਸੇ ਅਜਿਹੇ ਘਰ ਵਿਚੋਂ ਜਲ ਲਿਆਵੇ ਜਿਸ ਵਿਚ ਬਾਲ ਬੱਚੇ ਖੇਡ ਰਹੇ ਹੋਣ। ਕੀ ਗੁਰੂ ਦੇ ਸਿੱਖ ਸਚਮੁਚ ਹੀ ਗੁਰੂ ਜੀ ਦੀ ਵਡਿਆਈ ਨੂੰ ਜਾਣ ਗਏ ਸਨ ?

ਅਜਿਹੀਆਂ ਮਹਾਨ ਆਤਮਾਵਾਂ ਬਾਰੇ ਜਾਣ ਸਕਣ ਲਈ ਜੀਵਨ ਦੇ ਸਾਧਾਰਨ ਪ੍ਰਮਾਦ ਸਦਾ ਗ਼ਲਤੀ ਖਾ ਜਾਂਦੇ ਹਨ। ਜਦੋਂ ਅਜਿਹੇ ਵਿਅਕਤੀ ਪ੍ਰਤੱਖ ਰੂਪ ਵਿਚ ਕਿਸੇ ਨਿਜ ਨੂੰ ਜਤਾਉਣ ਵਾਲੀ ਗੱਲ ਕਰ ਰਹੇ ਜਾਪਦੇ ਹਨ ਤਾਂ ਅਜਿਹੇ ਸਮੇਂ ਵੀ ਉਹ ਉਚਤਮ ਰੂਪ ਦਾ ਆਤਮ ਤਿਆਗ ਕਰ ਰਹੇ ਹੁੰਦੇ ਹਨ। ਅਜਿਹੇ ਮਹਾਂਪੁਰਸ਼ਾਂ ਦੀ ਹਾਲਤ ਵਿਚ ਉਹਨਾਂ ਦਾ ਹਰ ਕਰਮ ਭਲਿਆਈ ਦੇ ਭਰਪੂਰ ਕਾਰਜ ਕਰ ਰਿਹਾ ਹੁੰਦਾ ਹੈ। ਜਦੋਂ ਹਜ਼ਰਤ ਈਸਾ ਨੇ ਮੈਕਡਾਨਲ ਨੂੰ ਆਪਣੇ ਚਰਨਾਂ ਉਤੇ ਇੱਤਰ ਦੀ ਝਾਸ ਕਰਨ ਦੀ ਆਗਿਆ ਕੀਤੀ ਤੇ ਆਪਣੇ ਚਰਨਾਂ ਨੂੰ ਉਸ ਦੇ ਕੇਸਾਂ ਨਾਲ ਸਾਫ਼ ਕਰਨ ਲਈ ਹੁਕਮ ਕੀਤਾ। ਮੈਕਡਾਨਲ ਦੀ ਆਤਮਕ ਸ਼ਾਂਤੀ ਲਈ ਆਪਣੇ ਚਰਨਾਂ ਨੂੰ ਉਸ ਦੇ ਹੱਥਾਂ ਉਤੇ ਘੁਟਣ ਲਈ ਰਖ ਦਿਤਾ ਤਾਂ ਸਾਰੇ ਇਸਾਈ-ਮਤ ਦੇ ਇਤਿਹਾਸ ਵਿਚ ਆਤਮ ਤਿਆਗ ਦਾ ਇਹ ਸਭ ਤੋਂ ਪਵਿੱਤਰ ਕਰਮ ਸੀ। ਇਹ ਤਾਂ ਪੂਰਨ ਰੂਪ ਦਾ ਆਤਮ ਤਿਆਗ ਸੀ। ਜੋ ਇੰਜ ਪ੍ਰਤੀਤ ਹੁੰਦਾ ਹੈ ਕਿ ਪ੍ਰਭੂ ਆਪ ਸਰਗੁਣ ਸਰੂਪ ਵਿਚ ਆ ਕੇ

ਇਹ ਸਭ ਕੁਝ ਕਰਵਾ ਰਿਹਾ ਸੀ।

ਜਦੋਂ ਤੁਸੀਂ ਪ੍ਰਭੂ ਦੀ ਆਤਮਾ ਦੇ ਸ-ਪ੍ਰਤੱਖ ਦਰਸ਼ਨ ਕਰ ਲੈਂਦੇ ਹੋ ਤਾਂ ਸਰੀਰਕ ਕਾਮਨਾਵਾਂ ਦਾ ਦਮਨ ਗ਼ੈਰ-ਜ਼ਰੂਰੀ ਹੋ ਜਾਂਦਾ ਹੈ। ਜਦੋਂ ਤੁਸੀਂ ਅਜਿਹਾ ਦਰਸ਼ਨ ਨਹੀਂ ਵੀ ਕੀਤਾ ਹੁੰਦਾ ਤਾਂ ਵੀ ਇਹ ਅਣ-ਲੋੜੀਂਦਾ ਹੈ। ਅਜਿਹੀ ਤਿਆਗ ਪ੍ਰਧਾਨ ਮਾਨਸਿਕਤਾ ਦੇ ਪ੍ਰਤੀਕਰਮ ਵਜੋਂ ਹੀ ਰੋਮਨ ਕੈਥੋਲਿਕ ਮਤ ਦਾ ਖਿੰਡਾਰਾ ਹੋਇਆ। ਟਾਲਸਟਾਏ ਲਈ ਵੀ ਪ੍ਰਭੂ ਇਕ ਦੁਖਿਆਰਾ ਕਿਰਸਾਨ ਤੇ ਉਪਰਾਮ ਤਿਆਗੀ ਸੀ। ਸ੍ਰਿਸ਼ਟੀ ਵਿਚ ਵਿਦਮਾਨ ਪ੍ਰਭੂ ਦੇ ਸੂਰਜ, ਤਾਰੇ, ਫੁੱਲ ਭਰਪੂਰ ਰੂਪ ਦੀਆਂ ਖ਼ੁਸ਼ੀਆਂ ਤੇ ਅਨੰਦ ਅਜਿਹੇ ਵਿਸ਼ਿਆਂ ਉਤੇ ਇਸ ਤਰ੍ਹਾਂ ਦੇ ਸੋਗੀ ਸੋਚਣ ਵਾਲਿਆਂ ਨੂੰ ਸ਼ਰਮਿੰਦਾ ਕਰਨ ਲਈ ਕਾਫੀ ਹਨ। ਇਸ ਤਰ੍ਹਾਂ ਦੇ ਜੀਵਨ ਦੇ ਅਸਾਧਾਰਨ ਤੇ ਅਸਾਵੇਂ ਸੰਕਲਪ ਅਜਿਹੇ ਹੀ ਉਤਪੰਨ ਕਰਦੇ ਹਨ, ਜਿਨ੍ਹਾਂ ਦੀ ਕਰੋਧ-ਅਗਨੀ ਵਿਚ ਸਭ ਕੁਝ ਦਾ ਸਫ਼ਾਇਆ ਹੋ ਜਾਂਦਾ ਹੈ। ਟਾਲਸਟਾਏ ਵਰਗੇ ਵਿਅਕਤੀ ਮਨੁੱਖਤਾ ਦੇ ਪ੍ਰੇਮ ਨੂੰ ਇਕ ਮਾਨਸਿਕ ਵਰਤਾਰਾ ਮੰਨਦੇ ਹਨ—ਯੋਗੀ ਮਨੋਵਰਤਾਂ ਦਾ ਇਸ ਤਰ੍ਹਾਂ ਦਾ ਅਭਿਆਸ ਕਰਮ ਬਣਾ ਲੈਂਦੇ ਹਨ, ਜਿਸ ਤਰ੍ਹਾਂ ਕਿ ਜੈਨੀਆਂ ਨੇ ਅਹਿੰਸਾ ਨੂੰ ਕਰੜੇ ਅਨੁਸ਼ਾਸਨ ਜਾਂ ਆਤਮ-ਸੰਜਮ ਦਾ ਸਾਧਨ ਬਣਾਇਆ ਹੋਇਆ ਹੈ। ਆਪਣੇ ਅੰਦਰ ਤਾਂ ਉਹ ਆਤਮ ਤਿਆਗ ਦੀ ਭਾਵਨਾ ਪੈਦਾ ਕਰਦੇ ਹਨ ਤੇ ਇਸੇ ਦੁਆਰਾ ਹੀ ਉਹ ਦੂਜਿਆਂ ਦੀ ਸਹਾਇਤਾ ਕਰਨਾ ਲੋਚਦੇ ਹਨ। ਮਨੁੱਖ ਆਪ ਹੀ ਆਪਣੇ ਘੜੇ ਸਿਧਾਂਤਾਂ ਤੇ ਸੰਕਲਪਾਂ ਦੁਆਰਾ ਆਪਣੇ ਆਪ ਹੀ ਆਪਣੀ ਹੱਤਿਆ ਕਰ ਲੈਂਦਾ ਹੈ।

ਇਕ ਦੁਖੀ ਆਦਮੀ ਦੇ ਕਮਰੇ ਵਿਚ ਪੂਰਨ ਰੂਪ ਵਿਚ ਖਿੜੇ ਫੁੱਲ ਨਾਲੋਂ ਵਧੇਰੇ ਹੋਰ ਕਿਹੜੀ ਪੂਜਾ ਹੋ ਸਕਦੀ ਹੈ ? ਇਹ ਫੁੱਲ ਜਿਥੇ ਉਸ ਵਾਤਾਵਰਣ ਨੂੰ ਸੁਗੰਧਿਤ ਕਰ ਦਿੰਦਾ ਹੈ, ਉਥੇ ਉਸ ਦੁਖਿਆਰੇ ਦੀ ਆਤਮਾ ਨੂੰ ਵੀ ਆਪਣੀ ਭਿੰਨੀ ਮਹਿਕ ਨਾਲ ਪ੍ਰਫੁਲਿਤ ਕਰ ਦਿੰਦਾ ਹੈ।

ਸੱਚੇ ਆਤਮਕ ਪੁਰਸ਼ ਕਦੀ ਕੋਈ ਦਾਅਵਾ ਨਹੀਂ ਕਰਦੇ। ਆਪਣੀ ਛੁਹ ਨਾਲ ਹੀ ਉਹ ਆਕਾਸ਼ ਨੂੰ ਧਰਤੀ ਉਤੇ ਲੈ ਆਉਂਦੇ ਹਨ। ਆਪਣੀ ਮਾਨਵਤਾ ਨਾਲ ਉਹ ਚੱਟਾਨਾਂ ਪਿਘਲਾ ਦਿੰਦੇ ਹਨ। ਜਦੋਂ ਉਹ ਉਪਰ ਵਲ ਤੱਕਦੇ ਹਨ ਤਾਂ ਆਕਾਸ਼ ਨੂੰ ਧਰਤੀ ਕੋਲ ਖਿਚ ਲਿਆਉਂਦੇ ਹਨ। ਜਦੋਂ ਉਹ ਕੁਝ ਕਰਨ ਲਈ ਦੈਵੀ ਆਵੇਸ਼ ਦੀ ਹਾਲਤ ਵਿਚ ਹੁੰਦੇ ਹਨ ਤਾਂ ਉਹ ਇਹ ਵੀ ਕਦੀ ਨਹੀਂ ਕਹਿੰਦੇ ਕਿ ਉਹ ਨਿਰਬਲ ਤੇ ਸ਼ਕਤੀਹੀਣ ਹਨ; ਗੁਰੂ ਜੀ ਤਾਂ ਸੋਗੀ ਤਿਆਗੀਆਂ ਨਾਲੋਂ ਸੱਚੇ ਸੁਹਜਵਾਦੀਆਂ ਦੀ ਸਿਰਜਣਾ ਵਿਚ ਵਧੇਰੇ ਰੁਚੀ ਰਖਦੇ ਹਨ। ਇਹ ਤਿਆਗੀ ਲੋਕ ਤਾਂ ਸ਼ੁਧ ਆਤਮਾ ਦੀ ਹੋਂਦ ਬਾਰੇ ਹਨੇਰੇ ਵਿਚ ਹਨ। ਉਹੋ ਆਪਣੀਆਂ ਦਿਮਾਗ਼ੀ ਘੁਤਰਾਂ ਦੀਆਂ ਤੰਦਾਂ ਵਿਚ ਹੀ ਬੁਰੀ ਤਰ੍ਹਾਂ ਫਾਥੇ ਹੁੰਦੇ ਹਨ। ਇਹੋ ਜਿਹੀ ਹੀ ਉਦਾਸੀ ਭਰੀ ਉਹਨਾਂ ਦੀ ਸਾਰੀ ਮਨੋਦਸ਼ਾ ਹੁੰਦੀ ਹੈ। ਜੀਵਨ ਦੀ ਕਿਰਤ, ਦੁਖਾਂ ਤਕਲੀਫਾਂ ਤੇ ਗ਼ਮਾਂ-ਦਰਦਾਂ ਵਿਚ ਪਹਿਲਾਂ ਹੀ ਇਹ ਤਿਆਗੀ ਪ੍ਰਵਿਰਤੀ ਲੋੜ ਤੋਂ ਵਧੇਰੇ ਮੌਜੂਦ ਹੈ। ਮਨੁੱਖ ਦੇ ਮਨ ਦੇ ਦੁਖਾਂ ਕਲੇਸ਼ਾਂ ਦੀ

ਵੇਰਤੀ ਲਈ ਸੁਹਜਵਾਦ ਦੀ ਹੀ ਲੋੜ ਹੈ। ਜਦੋਂ ਇਸ ਦੁਆਰਾ ਉਸ ਦੇ ਮਨ ਸੁਖ ਤੇ ਚੈਨ ਮਿਲਦਾ ਹੈ ਤਾਂ ਉਸ ਦੀ ਆਤਮਾ ਆਪਣੇ ਆਪ ਹੀ ਖਿੜਾਉ ਤ ਆ ਜਾਂਦੀ ਹੈ। ਸੱਚੇ ਆਤਮਕ ਲੋਕਾਂ ਦੇ ਜੀਵਨ ਵਿਚ, ਜਿਵੇਂ ਕਿ ਗੁਰੂ ਹੇਬ ਨੇ ਸੰਕੇਤ ਕੀਤਾ ਹੈ—'ਸਦਾ-ਵਿਗਾਸ' ਦੀ ਭਾਵਨਾ ਦਾ ਸਥਾਈ ਪਹਿਰਾ ਹੁੰਦਾ ਹੈ। ਵਿਗਾਸ ਤੋਂ ਭਾਵ ਹੈ ਆਤਮਾ ਦਾ ਪੂਰਨ ਖੇੜੇ ਵਿਚ ਹੋਣਾ। ਦੁਖ ਸੁਖ, ਖ਼ੁਸ਼ੀ ਤੇ ਗਮੀ ਕੇਵਲ ਬਾਹਰਮੁਖੀ ਹਾਲਤਾਂ ਹੀ ਹੁੰਦੀਆਂ ਹਨ ਜੋ ਖਿੜੇ ੇ ਫੁੱਲ ਨੂੰ ਇਕ ਸਮਾਨ ਆਹਾਰ ਪਹੁੰਚਾਉਂਦੀਆਂ ਹਨ। ਮਨੁੱਖੀ ਆਤਮਾ ਦੇ ਪ ਲਈ ਜੀਵਨ ਦੇ ਆਲੇ ਦੁਆਲੇ ਦਾ ਵਾਤਾਵਰਣ ਧਰਤੀ ਦਾ ਕਾਰਜ ਦਾ ਹੈ। ਉਦਾਤ ਭਾਵੀ ਸੋਗ ਅਤੇ ਉਦਾਤ-ਭਾਵੀ ਅਨੰਦ ਦੀਆਂ ਹਾਲਤਾਂ ਤੋਂ ਤਮਾ ਦਾ ਅੰਤਰੀਵ ਖੇੜਾ ਸਦਾ ਸੁਤੰਤਰ ਹੁੰਦਾ ਹੈ।

ਸਮੂਹ ਅੰਧਕਾਰ-ਮਈ ਭੌਤਿਕ ਪ੍ਰਸਥਿਤੀਆਂ ਵਿਚ ਇਸਥਿਤ ਸੈਂਕੜੇ ਰਸ਼ਨਿਕ ਪੱਧਤੀਆਂ ਮਨੁੱਖ ਵਿਰੁੱਧ ਇਕੱਠੀਆਂ ਹੋ ਕੇ ਇਹ ਘੋਸ਼ਣਾ ਕਰਨ ਲਈ ਤਪਰ ਰਹਿੰਦੀਆਂ ਹਨ ਕਿ ਉਹ ਹਾਰ ਚੁਕਾ ਹੈ, ਪਰ ਇਸ ਦੀ ਤੁਲਨਾ ਵਿਚ ਰਮੁਖ ਸਦਾ ਜੇਤੂ ਹੁੰਦਾ ਹੈ। ਮ੍ਰਿਤੂ ਪਿਛੋਂ ਜਦੋਂ ਉਸ ਦਾ ਉਥਾਨ ਹੁੰਦਾ ਹੈ ਤਾਂ ਗਨ ਮੰਡਲ ਉਸ ਦਾ ਸਵਾਗਤ ਕਰਦਾ ਹੈ। ਜਿਤ ਤੇ ਹਾਰ ਤਾਂ ਅੰਤਰਮੁਖੀ ਵਨਾਵਾਂ ਹਨ। ਇਹ ਸਭ ਕੁਝ ਤਾਂ ਆਤਮਾ ਦੀ ਚੇਤੰਨਤਾ ਦੇ ਚੜ੍ਹਾ ਤੇ ਉਤਰਾ ਲੀ ਗੱਲ ਹੁੰਦੀ ਹੈ, ਪਰ ਮਨੁੱਖ ਦੀ ਜਿਤ ਤਾਂ ਇਸ ਗੱਲ ਵਿਚ ਹੈ ਕਿ ਉਹ ਰੰਤਰ ਤੌਰ 'ਤੇ ਆਤਮਕ ਖੇਤਰ ਵਿਚ ਪ੍ਰਭੂ ਵਲ ਤੇ ਗੁਰੂ ਵਲ ਕਿੰਨਾਂ ਉਥਾਨ ਰਦਾ ਹੈ।

ਸੱਚੀ ਮਹਾਨਤਾ ਆਤਮਾ ਦੇ ਅੰਤਰੀਵ ਉਥਾਨ (ਚੜ੍ਹਦੀਕਲਾ) ਵਿਚ ਹੁੰਦੀ ਜੋ ਮਨੁੱਖ ਨੂੰ ਇਹ ਗਿਆਨ ਹੈ ਕਿ ਉਹ ਇਸ ਆਤਮਾ ਦੀ ਚੜ੍ਹਦੀਕਲਾ ਸਥਿਰ ਤੇ ਸੁਰੱਖਿਅਤ ਕਰਨ ਲਈ ਸੰਗਰਾਮ ਕਰ ਰਿਹਾ ਹੈ ਤਾਂ ਇਹ ਸੰਘਰਸ਼ ੜਾ ਪਵਿਤਰ ਤੇ ਸ਼ੁਭ ਹੁੰਦਾ ਹੈ। 'ਫਾਊਸਟ' ਪ੍ਰਯਤਨਸ਼ੀਲ ਮਨੁੱਖ ਦਾ ਅਧਿਐਨ ਤਤੁਤ ਕਰਦਾ ਹੈ, ਪਰ ਇਹ ਹਾਲੀ ਉਸ ਮਨੁੱਖ ਦਾ ਅਧਿਐਨ ਨਹੀਂ ਹੈ ਜੋ ਪਣੀ ਚੇਤੰਨਤਾ ਦੇ ਉਤਰਾਵਾਂ-ਚੜ੍ਹਾਵਾਂ ਦਾ ਅਧਿਐਨ ਕਰ ਰਿਹਾ ਹੁੰਦਾ ਹੈ ਅਤੇ ਪਣੇ ਅੰਤਰੀਵ ਖੇੜੇ ਦੇ ਰੰਗਾਂ ਤੇ ਹਾਲਤਾਂ ਨੂੰ ਵਾਚ ਰਿਹਾ ਹੁੰਦਾ ਹੈ। ਸਿਮਰਨ ਲੇ ਮਨੁੱਖ ਦੀ ਛਿਣ-ਛਿਣ ਦੀ ਜੀਵਨੀ ਨੂੰ ਲਿਖਣ ਲਈ ਇਕ ਹੋਰ ਨਵੇਂ ੀਇਟੇ' ਦੀ ਲੋੜ ਹੈ। ਅਜਿਹੇ ਮਨੁੱਖ ਦੀ ਹਾਲਤ ਵਿਚ ਉਸ ਦੇ ਆਤਮਕ ਵਿਨ ਦੀਆਂ ਅਵਸਥਾਵਾਂ ਨਾਲ ਸੰਬੰਧਿਤ ਸੰਪੂਰਨ ਬ੍ਰਹਿਮੰਡ, ਆਕਾਸ਼ ਤੇ ਧਰਤ ਚਾਨਣ ਤੇ ਪਰਛਾਵੇਂ ਹੁੰਦੇ ਹਨ। ਪ੍ਰਭੂ ਅੰਤਰੀਵ ਖੇੜੇ ਨੂੰ ਨਵੀਨ ਚਮਕ ਦੁਆਰਾ ਰ ਪ੍ਰਕਾਸ਼ਮਾਨ ਕਰਦਾ ਹੈ ਅਤੇ ਸ਼ੈਤਾਨ ਉਹ ਹੈ ਜੋ ਇਸ ਦੀ ਜੋਤੀ ਨੂੰ ਟਾਉਂਦਾ ਹੈ। ਉਸ ਮਨੁੱਖ ਉਤੇ ਕੋਈ ਪਰਿਭਾਸ਼ਾ ਲਾਗੂ ਨਹੀਂ ਹੁੰਦੀ। ਕੇਵਲ ਸ ਦੀ ਆਤਮਾ ਦੇ ਪ੍ਰਕਾਸ਼ ਦੀ ਪਰਿਭਾਸ਼ਾ ਹੀ ਸੂਤ ਬੈਠਦੀ ਹੈ। ਆਤਮਕ ਵਿਨ ਵਾਲੇ ਪੁਰਸ਼ ਲਈ ਅਜਿਹੀ ਸਰਬ-ਗਿਆਤਾ ਸੰਵੇਦਨਸ਼ੀਲਤਾ ਲੋੜੀਂਦੀ ਹੈ,

ਜੋ ਮਨੁੱਖਾਂ ਤੋਂ ਵਸਤੂਆਂ, ਚਾਨਣ ਤੇ ਪਰਛਾਵਿਆਂ ਦੇ ਵਿਅਕਤੀਗਤ ਪ੍ਰਭਾਵਾਂ ਜਾਣ ਕੇ ਉਹਨਾਂ ਦਾ ਅੰਤਰ-ਨਿਖੇੜ ਕਰ ਸਕੇ। ਭੋਲੀ ਭਾਲੀ ਮਾਰਗਰੇ ਮਫਿਸਟੋਫਿਲਸ ਦੇ ਬੋਝ ਨੂੰ ਮਹਿਸੂਸ ਕਰਦੀ ਹੈ। ਪਰ ਫਾਉਸਟ ਵਰਗ ਬੁਧੀਵੇਤਾ ਡਾਕਟਰ ਆਪਣੀ ਹੀ ਦੇਖ ਰੇਖ ਦੀਆਂ ਭਰਮ ਭਰਾਂਤੀਆਂ ਦਾ ਸ਼ਿਕਾ ਹੁੰਦਾ ਹੈ। ਗੁਰਮਤਿ ਅਨੁਸਾਰ ਆਤਮਾ ਦੀ ਅਜਿਹੀ ਹਲਕੀ ਫੁੱਲ ਅਵਸਥਾ ਵਿ ਆਤਮਕ ਸੋਝੀ ਮਾਰਗਰੇਟ ਦੇ ਪੱਲੇ ਵਿਚ ਹੁੰਦੀ ਹੈ। ਬੁਧੀ ਧੋਖਾ ਦੇ ਜਾਂਦੀ ਹ ਪਰ ਮਨੁੱਖ ਦੀ ਆਤਮਕ ਸੋਝੀ ਪ੍ਰਭੂ ਨੂੰ ਸ਼ੈਤਾਨ ਤੋਂ ਇਕਦਮ ਨਿਖੇੜ ਕੇ ਪਛਾ ਲੈਂਦੀ ਹੈ। ਗੁਰੂ ਜੀ ਦੀ ਸੁਘੜ ਸਿਆਣਪ ਪ੍ਰਭੂ ਤੇ ਮਨੁੱਖਾਂ ਦੀ ਆਤਮਾ ਉ ਪਏ ਪ੍ਰਭਾਵਾਂ ਦਾ ਪ੍ਰਯੋਗਿਕ ਅਧਿਐਨ ਹੁੰਦਾ ਹੈ। ਇਹਨਾਂ ਵਿਸ਼ੇਸ਼ ਪ੍ਰਭਾਵਾਂ ਤੋਂ ਪ ਮਨੁੱਖ ਦੀ ਅੰਤਰੀਵ ਆਤਮਕ ਵਰਣਨ ਰਹਿਤ ਅਵਸਥਾ ਤੋਂ ਬਿਨਾਂ ਗੁਰੂ ਜੀ ਹੋ ਫ਼ਰਿਸ਼ਤਿਆਂ ਤੇ ਸ਼ੈਤਾਨ ਜਾਂ ਪ੍ਰਮੁੱਖ ਫ਼ਰਿਸ਼ਤੇ ਬਾਰੇ ਕਿਸੇ ਹੋਰ ਨਾਂ ਦਾ ਉਲੇ ਨਹੀਂ ਕਰਦੇ। ਗੁਰਮੁਖ ਨਾ ਤਾਂ ਭੈਅ ਵਿਚ ਕੰਬਦਾ ਹੈ, ਨਾ ਹੀ ਉਸ ਨੂੰ ਅਨੰ ਵਿਚ ਖੀਵੇ ਦਾ ਅਨੁਭਵ ਹੁੰਦਾ ਹੈ। ਆਪਣੇ ਜੀਵਨ ਦੀਆਂ ਬਾਹਰਮੁਖ ਪ੍ਰਸਥਿਤੀਆਂ ਦੇ ਚਲਾਏਮਾਨ ਪ੍ਰਭਾਵਾਂ ਤੋਂ ਉਹ ਆਪਣੇ ਆਪ ਨੂੰ ਮੁਕਤ ਤੇ ਸੁਤੰਤ ਰਖਦਾ ਹੈ।

ਕਤਲ ਕਰ ਦੇਣ ਦਾ ਇਨਾਂ ਘਾਓ ਨਹੀਂ ਹੁੰਦਾ, ਜਿੰਨਾਂ 'ਮੈਕਬਥ' ਵਿ ਕਤਲ ਦੀ ਸਾਜਿਸ਼ ਘੜਨ ਦਾ ਹੁੰਦਾ ਹੈ। 'ਮੈਕਬਥ' ਨਾਲੋਂ 'ਲੇਡੀ ਮੈਕਬਥ ਵਧੇਰੇ ਗੁਨਾਹਗਾਰ ਹੈ। ਮੌਤ ਪਿਛੋਂ ਉਹ ਇਸ ਤਰ੍ਹਾਂ ਦੇ ਭਿਅੰਕਰ ਕਤ ਨਿਰੰਤਰ ਕਰ ਰਹੀ ਹੋਵੇਗੀ ਅਤੇ ਉਸੇ ਤਰ੍ਹਾਂ ਭੈਅ ਵਿਚ ਕੰਬ ਰਹੀ ਹੋਵੇਗੀ ਜਿ ਤਰ੍ਹਾਂ ਕਿ ਉਹ ਉਸ ਕਤਲ ਦੀ ਰਾਤ ਕੰਬ ਉਠੀ ਸੀ। ਇਹਨਾਂ ਅਰਥਾਂ ਵਿ ਹੀ ਕਰੋਧ, ਲੋਭ, ਦਵੈਖ ਤੇ ਕਬਜ਼ੇ ਦੀ ਭਾਵਨਾ ਦੀਆਂ ਹਿੰਸਕ ਕਾਮਨਾਵਾਂ ਆਤਮ ਨੂੰ ਆਪਣੇ ਹੀ ਘੜੇ ਬੰਧਨਾਂ ਵਿਚ ਜਕੜ ਦਿੰਦੀਆਂ ਹਨ ਤੇ ਮੌਤ ਤੋਂ ਪਿਛੋਂ ਵ ਸਦੀਆਂ ਤਕ ਇਹਨਾਂ ਬੰਧਨਾਂ ਵਿਚ ਗ੍ਰਸੀ ਰਖਦੀਆਂ ਹਨ। ਸਿੱਖ ਮਤ ਵਿ ਨੈਤਿਕਤਾ ਦੇ ਮਾਨਸਿਕ ਆਧਾਰ ਤੇ ਉਚਿਤ ਆਤਮਕ ਮਾਣਦੰਡ ਮੌਜੂਦ ਤਾਂ ਹਨ ਪਰ ਇਸ ਦਾ ਕੋਈ ਪ੍ਰਾਭੌਤਿਕ ਤੇ ਦਾਰਸ਼ਨਿਕ ਸੰਕਲਪ ਮੌਜੂਦ ਨਹੀਂ ਹੈ ਲੇਡੀ ਮੈਕਬਥ ਵਰਗੀਆਂ ਆਤਮਾਵਾਂ ਨੂੰ ਆਤਮ-ਸੰਤਾਪ ਦੇ ਭਾਗੀ ਕਹਿ ਕੇ ਨਿਖੇੜਿਆ ਗਿਆ ਹੈ। ਆਪਣੀ ਆਤਮਾ ਨੂੰ ਸੰਪੂਰਨ ਰਖਣ ਲਈ ਇਹਨਾਂ ਸਭ ਮਾਨਸਿਕ ਖਬਤਾਂ ਤੋਂ ਸੁਤੰਤਰ ਰਹਿਣਾ ਚਾਹੀਦਾ ਹੈ। ਅਸੀਂ ਸਦਾ ਆਤਮਘਾਤ ਕਰਦੇ ਹਾਂ। ਪ੍ਰਭੂ ਤਾਂ ਇਸ ਦੀ ਕੋਈ ਸਜ਼ਾ ਨਹੀਂ ਦਿੰਦਾ। ਕੇਵਲ ਨਾਮ ਤੇ ਸਿਮਰਨ ਵਾਲੇ ਗੁਰਸਿਖ ਦੀ ਕਿਰਪਾ ਦ੍ਰਿਸ਼ਟੀ ਹੀ ਅਜਿਹੀਆਂ ਆਤਮਾਵਾਂ ਨੂੰ ਬੰਧਨ-ਮੁਕਤ ਕਰ ਸਕਦੀਆਂ ਹਨ। ਛੋਟੀਆਂ ਛੋਟੀਆਂ ਖ਼ੁਸ਼ੀਆਂ ਤੇ ਭੋਗ ਵਿਲਾਸ ਝਗਹਾਰ ਤੇ ਚੰਚਲ ਹੁੰਦੀਆਂ ਹਨ, ਜਿਵੇਂ ਕਿ ਇਕ ਸ਼ਰਾਬ ਦਾ ਜਾਮ ਤੇ ਮਧੂ ਮੱਖੀ ਲਈ ਫੁੱਲ ਦੀ ਮੁਕਰੰਦ ਦਾ ਰਖਣਾ ਆਦਿ। ਆਤਮਾ ਦੀ ਛਿਨ-ਭੰਗਰ ਅਵਸਥਾ ਵਿਚ ਮਧੂ-ਮੱਖੀ ਦੇ ਸ਼ਹਿਦ ਨੂੰ ਚਖਣ ਸਮਾਨ ਮਨੁੱਖ ਦੇ ਨਿਸ਼ਕਪਟ

ਕਰਮ ਹੀ ਹੁੰਦੇ ਹਨ; ਜੋ ਇਸ ਤਰ੍ਹਾਂ ਦੇ ਅਹਿੰਸਕ ਹੁੰਦੇ ਹਨ ਜਿਵੇਂ ਮਾਨਵ ਬ੍ਰਿਛ ਦੀਆਂ ਉਚਤਮ ਟੀਸੀਆਂ ਉਤੇ ਸਮੀਰੀ ਪਵਨ ਦੇ ਰੁਮਕਿਆਂ ਦੀ ਛੁਹ, ਅਸਤ ਹੁੰਦੇ ਸੂਰਜ ਤੇ ਚੜ੍ਹ ਰਹੇ ਚੰਦਰਮਾ ਦੇ ਮਿੱਠੇ ਚੁੰਮਣ। ਜਿਹੜਾ ਵੀ ਚਸ਼ਮਾ ਫੁਟ ਨਿਕਲਿਆ ਹੈ, ਉਸ ਨੂੰ ਕੁਦਰਤੀ ਰੂਪ ਵਿਚ ਲਹਿਰਨ, ਨੱਚਣ ਅਤੇ ਇਥੋਂ ਤਕ ਕਿ ਅੰਤ ਹੋਣ ਦੀ ਵੀ ਖੁਲ੍ਹ ਹੈ। ਜੀਵਨ ਦੀਆਂ ਨਿਕੀਆਂ ਨਿਕੀਆਂ ਖ਼ੁਸ਼ੀਆਂ ਆਤਮਾ ਨੂੰ ਜ਼ਖ਼ਮੀ ਨਹੀਂ ਕਰਦੀਆਂ, ਕੇਵਲ ਹਿੰਸਕ ਅਪਰਾਧ ਹੀ ਅਜਿਹਾ ਘਾਉ ਕਰਦੇ ਹਨ। ਆਪਣੀ ਆਤਮਾ ਉਤੇ ਕੀਤੀ ਗਈ ਹਿੰਸਾ ਆਪਣੀ ਨਿਜ ਉਤੇ ਕੀਤਾ ਸਰਵ-ਉਚ ਉਪਕਾਰ ਹੁੰਦਾ ਹੈ।

# ਪ੍ਰਭੂ ਤੇ ਸਮਾਜ

ਗੁਰੂ ਸਾਹਿਬ ਇਹ ਗੱਲ ਜ਼ੋਰ ਦੇ ਕੇ ਆਖਦੇ ਹਨ ਕਿ ਕੋਈ ਵੀ ਸੰਗਠਨ ਭਾਵੇਂ ਉਹ ਵਿਅਕਤੀਗਤ ਹੋਵੇ ਜਾਂ ਸਮਾਜਕ, ਕੇਂਦਰ-ਬਿੰਦੂ ਤੋਂ ਬਿਨਾਂ ਸਿਰਜਿਆ ਹੀ ਨਹੀਂ ਜਾ ਸਕਦਾ। ਇਹ ਕੇਂਦਰ-ਬਿੰਦੂ ਪ੍ਰਭੂ ਦੇ ਪ੍ਰੇਮ ਜਾਂ ਵਿਸ਼ਵਾਸ ਦਾ ਨਿਕੇ ਦਾਣੇ ਜਾਂ ਕਿਣਕੇ ਵਰਗੀ ਕੋਈ ਵਸਤੂ ਹੁੰਦੀ ਹੈ। "ਕਿਨਕਾ ਏਕ ਜਿਸੁ ਜੀਅ ਬਸਾਵੈ ਤਾਕੀ ਮਹਿਮਾ ਗਨੀ ਨ ਆਵੈ।" ਅਰਥਾਤ ਜਿਸ ਦੇ ਹਿਰਦੇ ਵਿਚ ਪ੍ਰਭੂ-ਪ੍ਰੀਤਮ ਆਪਣੇ ਪ੍ਰੇਮ ਦਾ ਇਕ ਕਿਣਕਾ ਮਾਤਰ ਬੀਜ ਦਿੰਦਾ ਹੈ, ਉਸ ਦੀ ਮਹਿਮਾ ਦਾ ਵਰਣਨ ਨਹੀਂ ਕੀਤਾ ਜਾ ਸਕਦਾ। ਨਾਮ ਦਾ ਇਹ ਕਿਣਕਾ ਮਾਤਰ ਉਚੇਰੀ ਵਿਸ਼ਵ-ਚੇਤਨਾ ਦਾ ਰੂਪ ਹੁੰਦਾ ਹੈ। ਜੋ ਜੀਵਨ ਦੇ ਅਣਜੰਮੇ ਦੁੱਧ ਵਿਚ ਦਹੀਂ ਦੀ ਫੁੱਟੀ ਅਰਥਾਤ ਜਾਗ ਦਾ ਕੰਮ ਕਰਦਾ ਹੈ। ਇਕ ਵਾਰ ਇਕ ਵਿਦਵਾਨ ਪੰਡਤ ਨੇ ਗੁਰੂ ਸਾਹਿਬ ਨੂੰ ਪ੍ਰਸ਼ਨ ਕੀਤਾ ਕਿ "ਆਪ ਜੀ ਨੇ 'ਮਹਾਨ ਸੱਚ ਦੀ ਬਾਤ' ਪੰਜਾਬ ਦੀ ਜਟਕੀ ਜਿਹੀ ਗਵਾਰੂ ਭਾਸ਼ਾ ਵਿਚ ਕਿਉਂ ਲਿਖ ਦਿਤੀ ਹੈ ? ਇਸ ਬਾਣੀ ਨੂੰ ਸੰਸਕ੍ਰਿਤ ਵਰਗੀ ਕੋਮਲ, ਸੁਰੀਲੀ, ਅਲੰਕਾਰਕ ਤੇ ਪਵਿੱਤਰ (ਦੇਵ) ਭਾਸ਼ਾ ਵਿਚ ਕਿਉਂ ਨਹੀਂ ਲਿਖਿਆ ?" ਗੁਰੂ ਸਾਹਿਬ ਨੇ ਉਤਰ ਦਿਤਾ, "ਸੰਸਕ੍ਰਿਤ ਤਾਂ ਖੂਹ ਦੇ ਪਾਣੀ ਦੀ ਨਿਆਈਂ ਹੈ, ਪਰ ਲੋਕ ਭਾਸ਼ਾ ਜਿਸ ਵਿਚ ਕਿ ਮੈਂ ਉਹਨਾਂ ਨੂੰ ਸੰਬੋਧਿਤ ਕੀਤਾ ਹੈ, ਮੇਘ ਜਲ ਦੀ ਨਿਆਈਂ ਹੈ। ਖੂਹ ਦਾ ਪਾਣੀ ਤਾਂ ਜਤਨ ਕੀਤਿਆਂ ਧਰਤੀ ਦੇ ਥੋੜ੍ਹੇ ਭਾਗ ਨੂੰ ਹੀ ਸਿੰਜ ਸਕਦਾ ਹੈ, ਪਰ ਬੱਦਲ ਤਾਂ ਸਾਰੀ ਧਰਤੀ ਨੂੰ ਜਲਥਲ ਕਰ ਦਿੰਦੇ ਹਨ। ਗੁਰੂ ਜੀ ਦਾ ਵਿਚਾਰ ਹੈ ਕਿ ਕੋਈ ਵੀ ਮਨੁੱਖ ਜਾਂ ਸਮਾਜ ਦੀ ਹੋਂਦ ਆਤਮਕ ਕੇਂਦਰ-ਬਿੰਦੂ ਤੋਂ ਬਿਨਾਂ ਸੰਭਵ ਨਹੀਂ ਹੈ। ਇਹ ਆਤਮਕ ਜੀਵਨ ਉਸ ਸਮੇਂ ਹੋਂਦ ਵਿਚ ਆਉਂਦਾ ਹੈ, ਜਦੋਂ ਸ਼ਬਦ ਦਾ ਕਿਸੇ ਦੇਹ ਸਰੂਪ ਅਰਥਾਤ ਗੁਰੂ ਵਿਚ ਨਿਵਾਸ ਹੁੰਦਾ ਹੈ। ਇਹ ਉਥੇ ਵਿਸ਼ੇਸ਼ ਸਰੂਪ ਧਾਰਨ ਕਰਕੇ ਜੋਤ ਤੋਂ ਜੋਤ ਦੇ ਜਗਣ ਵਾਂਗ ਆਪਣੇ ਪ੍ਰਮਾਣੂ ਦੇ ਨਿਕੇ ਜਿਹੇ ਚਾਨਣ ਦੇ ਕੇਂਦਰ-ਬਿੰਦੂ ਤੋਂ ਪ੍ਰਕਾਸ਼ਮਾਨ ਹੁੰਦਾ ਹੈ। ਸਮਾਜ ਦੇ ਸੰਗਠਨ ਲਈ ਵੀ ਉਹਨਾਂ ਮਹਾਂਪੁਰਖਾਂ ਦੇ ਕੇਂਦਰ-ਬਿੰਦੂ ਬਣ ਜਾਣ ਦੀ ਲੋੜ ਹੁੰਦੀ ਹੈ, ਜੋ ਮਨੁੱਖਾਂ ਨੂੰ ਸੁਤੰਤਰ ਕਰਨ ਲਈ ਜੂਝ ਮਰਦੇ ਹਨ। ਮਾਨਸਿਕ ਤੇ ਸਰੀਰਕ ਗ਼ੁਲਾਮੀ ਤੋਂ ਮੁਕਤੀ ਉਹ ਮਹਾਨਤਮ ਸੇਵਾ ਹੈ ਜੋ ਕੋਈ ਵਿਅਕਤੀ ਦੂਜਿਆਂ ਲਈ ਕਰ ਸਕਦਾ ਹੈ। ਮਨੁੱਖਾਂ ਦੇ ਅਜਿਹੇ ਰਖਿਅਕ ਹੀ ਮੁਕਤਗਾਮੀ ਮਾਨਵਤਾ ਦੇ ਸੱਚੇ ਦੇਵਤੇ ਹੁੰਦੇ ਹਨ। ਇਹਨਾਂ ਆਦਰਸ਼ਾਂ ਤੋਂ ਬਿਨਾਂ ਇਸ ਧਰਤੀ ਉਤੇ ਵਿਚਰ ਰਹੇ ਮਨੁੱਖਾਂ ਵਿਚ ਆਤਮਕ ਜੀਵਨ ਦੀ ਪ੍ਰਾਪਤੀ ਲਈ ਸਮੂਹਕ ਅਭਿਲਾਸ਼ਾ ਨਹੀਂ ਜਾਗ ਸਕਦੀ। ਇਥੋਂ ਤਕ ਕਿ ਸੁਤੰਤਰਤਾ ਲਈ ਪ੍ਰੇਮ ਵੀ ਉਤਪੰਨ ਨਹੀਂ ਹੋ ਸਕਦਾ। ਇਹ ਸੁਤੰਤਰਤਾ ਦਾ ਪ੍ਰੇਮ ਵੀ ਕੌਮ ਦੇ ਮਹਾਨ ਰਾਸ਼ਟਰ-ਨਾਇਕਾਂ ਦੇ

ਜੀਵਨ ਵਿਚੋਂ ਚਮਕਦੇ ਦਾਨਿਆਂ ਦੀ ਨਿਆਈਂ ਮਨੁੱਖ ਦੇ ਹਿਰਦਿਆਂ ਵਿਚ ਬੀਜਣਾ ਹੁੰਦਾ ਹੈ।

ਨਵੀਂ ਸਮਾਜਕ ਉਸਾਰੀ ਲਈ ਕੇਂਦਰ-ਬਿੰਦੂ ਸ਼ਬਦ ਦਾ ਦੇਹ-ਸਰੂਪ ਗੁਰੂ ਹੀ ਹੁੰਦਾ ਹੈ। ਗੁਰੂ ਤੋਂ ਬਿਨਾਂ ਹੋਰ ਕੋਈ ਦੇਵਤਾ ਇਹ ਪਦਵੀ ਨਹੀਂ ਲੈ ਸਕਦਾ। ਜੀਵਨ ਦਾ ਸੰਚਲਨ ਗੁਰੂ ਲਈ ਨਿਜੀ ਭਾਵਨਾ ਰਖਣਾ ਹੀ ਬਣ ਜਾਂਦਾ ਹੈ ਅਤੇ ਉਸ ਤੀਬਰ ਨਿਜੀ ਭਾਵਨਾ ਅਧੀਨ ਪੂਰਨ ਰੂਪ ਵਿਚ ਆਪਣੇ ਆਪ ਨੂੰ ਗੁਰੂ ਪ੍ਰਤੀ ਸਮਰਪਿਤ ਕਰ ਦੇਣਾ ਹੀ ਨਿਬੜਦਾ ਹੈ। ਕੇਵਲ ਇਹੋ ਸੱਚ ਹੀ ਇਕ ਵਿਖਿਆਤ ਸੱਚ ਦਾ ਰੂਪ ਧਾਰਨ ਕਰ ਲੈਂਦਾ ਹੈ ਜਿਸ ਵਿਚ ਇਕ ਵਿਅਕਤੀ ਸਭ ਕੁਝ ਗੁਰੂ ਭਰੋਸੇ ਛਡ ਦਿੰਦਾ ਹੈ। ਵਿਅਕਤੀ ਪਹਿਲਾਂ ਤਾਂ ਆਪਣੇ ਆਪ ਨੂੰ ਗੁਰੂ ਨਾਲ ਅਭੇਦ ਕਰ ਦਿੰਦਾ ਹੈ, ਫਿਰ ਸਮਾਜ ਨਾਲ ਅਭੇਦ ਕਰਦਾ ਹੈ, ਫਿਰ ਉਸ ਸ਼ੁਧ ਦੈਵੀ ਸਤਾ ਨਾਲ ਅਭੇਦ ਕਰ ਦਿੰਦਾ ਹੈ। ਅਜਿਹੀਆਂ ਹਾਲਤਾਂ ਵਿਚ ਉਹ ਨਿਰਸੁਆਰਥ ਵਿਅਕਤੀ ਬਣ ਜਾਂਦਾ ਹੈ। ਪ੍ਰਭੂ-ਪ੍ਰੀਤਮ ਦਾ ਮਧੁਰ ਗੀਤ ਉਸ ਨੂੰ ਸਦਾ ਤੇ ਨਿਰੰਤਰ ਆਤਮ-ਬਲੀਦਾਨ ਲਈ ਸੱਦਾ ਦਿੰਦਾ ਹੈ। ਪ੍ਰਭੂ-ਪ੍ਰੀਤਮ ਦਾ ਇਹ ਗੀਤ (ਗੁਰਬਾਣੀ) ਉਸ ਵਿਅਕਤੀ ਅੰਦਰ ਅਜਿਹੀ ਨਿਰੰਤਰ ਅਨੰਦ ਦੀ ਭਾਵਨਾ ਨੂੰ ਵੀ ਜਗਾ ਦਿੰਦਾ ਹੈ ਜਿਸ ਦੁਆਰਾ ਉਹ ਆਪਣੇ ਸਾਰੇ ਜ਼ਖ਼ਮਾਂ ਦੀ ਪੀੜਾ ਨੂੰ ਭੁਲ ਜਾਂਦਾ ਹੈ ਤੇ ਹਰ ਕੋਈ ਸੰਤ-ਸਿਪਾਹੀ ਬਣ ਜਾਂਦਾ ਹੈ।

ਕਿਸੇ ਵਿਸ਼ੇਸ਼ ਉਦੇਸ਼ ਲਈ ਮਨ ਦੇ ਤਰਕ ਦੁਆਰਾ ਕਲਪਤ ਪ੍ਰਭੂ ਸੁੰਦਰ ਮਥ ਤਾਂ ਹੋ ਸਕਦਾ ਹੈ, ਇਸ ਤੋਂ ਵਧੇਰੇ ਹੋਰ ਕੁਝ ਨਹੀਂ ਹੋ ਸਕਦਾ। ਪ੍ਰਭੂ ਤਾਂ ਕੇਵਲ ਗੁਰੂ ਦੇ ਸਰੂਪ ਵਿਚ ਹੀ ਮੂਰਤੀਮਾਨ ਹੁੰਦਾ ਹੈ। ਇਹੋ ਹੀ ਇਸ ਵਿਸ਼ਵ ਵਿਚ ਸਭ ਤੋਂ ਕਲਾਮਈ ਚੇਤੰਨਤਾ ਹੁੰਦੀ ਹੈ। ਗੁਰੂ ਨਾਨਕ ਦੇ ਜੀਵਨ ਸਮਾਚਾਰਾਂ ਵਿਚ ਇਕ ਸੁੰਦਰ ਸਾਖੀ ਦਾ ਬਿਰਤਾਂਤ ਆਉਂਦਾ ਹੈ। ਗੁਰੂ ਨਾਨਕ ਤੇ ਮਰਦਾਨਾ ਇਕੱਠੇ ਤੁਰੇ ਜਾ ਰਹੇ ਸਨ। ਉਹਨਾਂ ਨੇ ਸਾਗਰ ਨੂੰ ਪਾਰ ਕਰਨਾ ਸੀ। ਗੁਰੂ ਨਾਨਕ ਜੀ ਨੇ ਮਰਦਾਨੇ ਨੂੰ ਕਿਹਾ, "ਮੇਰੇ ਪਿਛੇ ਗੁਰੂ ਗੁਰੂ ਜਪਦੇ ਤੁਰੇ ਆਉ।" ਮਰਦਾਨੇ ਨੇ ਇਵੇਂ ਹੀ ਕੀਤਾ ਤੇ ਗੁਰੂ ਜੀ ਦੇ ਪਿਛੇ ਪਿਛੇ ਤੁਰਿਆ ਗਿਆ। ਗੁਰੂ ਜੀ ਪਾਣੀ ਉਤੇ ਤੁਰ ਰਹੇ ਸਨ ਤੇ ਮਰਦਾਨਾ ਵੀ ਪਿਛੇ ਪਿਛੇ ਜਾ ਰਿਹਾ ਸੀ। ਮਰਦਾਨੇ ਦੇ ਕੰਨੀਂ ਆਵਾਜ਼ ਪਈ ਕਿ ਗੁਰੂ ਜੀ ਤਾਂ ਇਹ ਬੋਲ ਰਹੇ ਹਨ, "ਮੈਂ ਪ੍ਰਭੂ ਹਾਂ ! ਮੈਂ ਪ੍ਰਭੂ ਹਾਂ !" ਮਰਦਾਨੇ ਨੇ ਇਹ ਸੋਚਿਆ ਕਿ "ਮੈਂ ਪ੍ਰਭੂ ਹਾਂ ! ਮੈਂ ਪ੍ਰਭੂ ਹਾਂ !" ਵਧੇਰੇ ਸ਼ਕਤੀਸ਼ਾਲੀ ਸ਼ਬਦ ਹਨ ਤੇ ਉਸ ਨੇ ਵੀ "ਗੁਰੂ-ਗੁਰੂ" ਦੀ ਥਾਂ "ਮੈਂ ਪ੍ਰਭੂ ਹਾਂ ! ਮੈਂ ਪ੍ਰਭੂ ਹਾਂ !" ਉਚਾਰਨਾ ਸ਼ੁਰੂ ਕਰ ਦਿਤਾ। ਹੁਣ ਮਰਦਾਨਾ ਲਗਾ ਡੁਬਣ। ਗੁਰੂ ਜੀ ਨੇ ਪਿਛੇ ਤੱਕਿਆ ਤੇ ਇੰਜ ਫੁਰਮਾਇਆ, "ਮਰਦਾਨਿਆ ! 'ਮੈਂ ਪ੍ਰਭੂ ਹਾਂ, ਮੈਂ ਪ੍ਰਭੂ ਹਾਂ' ਨਾ ਕਹਿ ਤੇ 'ਗੁਰੂ-ਗੁਰੂ ਹੀ ਜਪੋ।" ਇਹ ਕਲਾ ਬੜੀ ਸੁੰਦਰ ਸਿਰਜਣਾ ਹੈ, ਪਰ ਇਸ ਵਿਚ ਸਚਾਈ ਅੰਕਿਤ ਹੈ। ਵਿਸ਼ੇਸ਼ ਉਦੇਸ਼ ਲਈ ਵੀ ਮਨ ਦੁਆਰਾ ਕਲਪਿਤ ਪ੍ਰਭੂ ਸਹਾਈ ਨਹੀਂ ਹੁੰਦਾ, ਇਹ ਸਾਨੂੰ ਡੁਬਣ ਤੋਂ ਨਹੀਂ ਬਚਾ ਸਕਦਾ। ਕੇਵਲ ਗੁਰੂ ਹੀ ਬਚਾ ਸਕਦਾ ਹੈ।

ਉਹ ਸਭ ਕੌਮਾਂ ਜੋ ਕਿਸੇ ਅਨਿਜੀ ਦੇਵ-ਸਤਾ ਦੀ ਮਾਨਸਿਕ ਕਲਪਨਾ ਦੁਆਰਾ ਇਕ ਗੋਲ ਸਮੂਹ ਵਿਚ ਬਝਣਾ ਲੋਚਦੀਆਂ ਹਨ—ਉਹ ਸੱਚ ਤੋਂ ਅਤੇ ਆਪਣੇ ਆਪ ਤੋਂ ਵੀ ਪਰੇ ਡਿਗ ਪੈਂਦੀਆਂ ਹਨ। ਸਭ ਪ੍ਰਕਾਰ ਦਾ ਬੇਨਿਯਮ ਵਿਅਕਤੀਵਾਦ ਸਾਰੀ ਸਮਾਜਕ ਭਾਵਨਾ ਨੂੰ ਨਸ਼ਟ ਕਰ ਦਿੰਦਾ ਹੈ। ਲਾਪ੍ਰਵਾਹੀ ਵਾਲੀ ਬੇਧਿਆਨੀ ਤੇ ਸਨਕਵਾਦ ਸਾਰੇ ਜੀਵਨ ਨੂੰ ਹੀ ਮਾਰ ਦਿੰਦਾ ਹੈ। ਆਪਣੇ ਅੱਲ੍ਹਾ ਦੇ ਸਿਧਾਂਤ ਕਾਰਨ ਇਸਲਾਮ ਇਤਨਾ ਰੋਚਕ ਮਤ ਨਹੀਂ ਹੈ, ਪਰ ਮੁਹੰਮਦ ਸਾਹਿਬ ਦੇ ਨਾਮ ਦੁਆਰਾ ਬਹੁਤ ਸਾਰੀਆਂ ਕੌਮਾਂ ਨੂੰ ਇਕ ਸੂਤਰ ਵਿਚ ਪਰੋ ਲੈਣ ਕਾਰਨ ਬੜਾ ਆਕਰਸ਼ਕ ਹੈ। ਅੱਲ੍ਹਾ ਤਾਂ ਪਿਛੋਕੜ ਵਿਚ ਹੀ ਰਹਿੰਦਾ ਹੈ ਜਿਵੇਂ ਕਿ ਮੁਹੰਮਦ ਸਾਹਿਬ ਤੋਂ ਪਹਿਲਾਂ ਦੇ ਸਮੇਂ ਵਿਚ ਵੀ ਉਹ ਪਿਛੋਕੜ ਵਿਚ ਹੀ ਰਹਿੰਦਾ ਸੀ। ਇਤਿਹਾਸ ਵਿਚਲਾ ਇਹ ਸਾਰਾ ਪ੍ਰਤੀਕਰਮ ਅੱਲ੍ਹਾ ਦੇ ਕਾਰਨ ਨਹੀਂ, ਸਗੋਂ ਮੁਹੰਮਦ ਸਾਹਿਬ ਦੀ ਵਿਸ਼ਵ-ਚੇਤਨਾ ਕਾਰਨ ਹੈ।

ਇੰਜ ਮੁਹੰਮਦ ਸਾਹਿਬ ਦਾ ਇਕ ਨਾਮ ਹੀ ਉਹ ਕੇਂਦਰ-ਬਿੰਦੂ ਹੈ, ਜਿਸ ਦੀਆਂ ਪ੍ਰਕਾਸ਼ ਕਿਰਨਾਂ ਸਭ ਇਸਲਾਮੀ ਕੌਮਾਂ ਵਿਚ ਉਤਸ਼ਾਹ ਭਰ ਦਿੰਦੀਆਂ ਹਨ। ਪਰ ਧੁੰਦਲੇ ਤੇ ਅਸਪਸ਼ਟ ਵੇਦ-ਮਤ ਤੇ ਵੇਦਾਂਤ-ਦਰਸ਼ਨ ਦੇ ਮਾਨਸਿਕ ਧੁੰਦਲਕੇ ਕਾਰਨ ਹਿੰਦੂ ਦੇਵ ਰਾਮ ਅਤੇ ਕ੍ਰਿਸ਼ਨ, ਈਸਾ ਤੇ ਬੁਧ ਦੀ ਤਰ੍ਹਾਂ ਇਕੋ ਕੌਮ ਨੂੰ ਹੀ ਸੰਗਠਿਤ ਕਰਨ ਤੋਂ ਅਸਮਰਥ ਰਹੇ ਹਨ। ਪਰ ਹਾਲੀਂ ਵੀ ਇਹ ਦੋਵੇਂ ਨਾਮ ਪ੍ਰਾਭੌਤਿਕ ਸੜਿਆਂਦ ਵਿਚ ਵੀ ਚਮਕ ਰਹੇ ਹਨ। ਇਹ ਗੱਲ ਵੇਖ ਕੇ ਖ਼ੁਸ਼ੀ ਹੁੰਦੀ ਹੈ ਕਿ ਕਿਵੇਂ ਇਕ ਗ਼ਰੀਬ ਅਧ-ਨੰਗ ਬਿਹਾਰੀ ਮਜ਼ਦੂਰ 'ਰਾਮ-ਰਾਮ' ਜਪਦਾ ਹੈ। ਮਨੁੱਖ ਲਈ ਇਸ ਤੋਂ ਵੱਡਾ ਕੋਈ ਹੋਰ ਪ੍ਰਮਾਤਮਾ ਨਹੀਂ ਹੈ ਜਿਸ ਨੂੰ ਕਿ ਉਹ ਸਰਗੁਣ ਸਰੂਪ ਵਿਚ ਆਪਣੇ ਗੁਰੂ ਵਿਚੋਂ ਤੱਕਦਾ ਹੈ। ਗੁਰੂ ਗਰੰਥ ਸਾਹਿਬ ਵਿਚ ਅਨੰਤ ਵਿਸ਼ੇ ਅੰਕਿਤ ਹਨ। ਮੇਰਾ ਇਹ ਵਿਚਾਰ ਨਹੀਂ ਕਿ ਗੁਰੂ ਸਾਹਿਬ ਮੁਹੰਮਦ ਸਾਹਿਬ ਵਾਂਗ ਅੱਲ੍ਹਾ ਬਾਰੇ ਕਥਨ ਕਰਦੇ ਹਨ ਜਾਂ ਹਿੰਦੂਆਂ ਸਮਾਨ ਪ੍ਰਮਾਤਮਾ ਬਾਰੇ ਕੁਝ ਕਹਿੰਦੇ ਹਨ। ਆਪ ਇਸ ਤੱਤ ਉਤੇ ਵਾਰ ਵਾਰ ਜ਼ੋਰ ਦਿੰਦੇ ਹਨ ਤੇ ਇਸ ਸੰਬੰਧ ਵਿਚ ਦੁਹਰਾਉ ਨੂੰ ਵੀ ਅੱਖੋਂ ਪਰੋਖੇ ਕਰ ਦਿੰਦੇ ਹਨ ਕਿ ਪ੍ਰਭੂ-ਪ੍ਰੀਤਮ ਤੇ ਗੁਰਮੁਖ ਦੇ ਰੂਪ ਵਿਚ ਪ੍ਰਤੱਖ ਰੂਪ ਵਿਚ ਪ੍ਰਗਟ ਹੁੰਦਾ ਹੈ। ਗੁਰੂ ਸਾਹਿਬ ਦਾ ਇਹ ਕਥਨ ਬੜਾ ਅਦੁਤੀ ਹੈ ਕਿ ਪ੍ਰਭੂ ਦਾ ਨਿਵਾਸ ਸੰਤ ਪੁਰਸ਼ਾਂ ਦੇ ਬਚਨਾਂ ਵਿਚ ਹੈ।

ਇਹ ਗੱਲ ਬੜੀ ਮੰਦਭਾਗੀ ਹੈ ਕਿ ਇਹ ਨਾਮ ਹਿੰਦੂਆਂ ਦੇ ਅਨਿਜੀ (ਨਿਰਗੁਣ) ਬ੍ਰਹਮ ਵਿਚ ਸਮੇਟਿਆ ਜਾ ਰਿਹਾ ਹੈ ਅਤੇ ਹਿੰਦੂ ਜਗਤ ਦੇ ਰਾਮ ਤੇ ਕ੍ਰਿਸ਼ਨ ਅਵਤਾਰ ਹੁਣ ਕੇਵਲ ਧੁੰਦਲੇ ਜਿਹੇ ਆਕਾਰ ਹੀ ਰਹਿ ਗਏ ਹਨ। ਇਸੇ ਤਰ੍ਹਾਂ ਇਸਾਈ ਮਤ ਵਾਲਿਆਂ ਨੇ ਵੀ ਹਜ਼ਰਤ ਈਸਾ ਦੇ ਨਾਮ ਨੂੰ ਵੀ ਧੀਮਾ ਪਾ ਦਿਤਾ ਹੈ ਜੋ ਕਦੀ ਇਸਾਈ-ਮਤ ਦੇ ਰੋਮਨ ਕੈਥੋਲਿਕ ਪੈਰੋਕਾਰਾਂ ਵਿਚ ਬੜੀ ਸ਼ਰਧਾ ਨਾਲ ਉਚਾਰਿਆ ਜਾਂਦਾ ਸੀ। ਪ੍ਰੋਸਟੈਸਟੈਂਟਵਾਦ ਨੇ ਇਸ ਉਚ ਨਾਮ ਨੂੰ ਆਪਣੇ ਵਰਗੇ ਸਾਧਾਰਨ ਬੰਦਿਆਂ ਵਰਗਾ ਹੀ ਬਣਾ ਦਿਤਾ ਹੈ। ਇਥੇ ਹੀ

ਸਾਈ-ਮਤ ਦਾ ਅੰਤ ਹੋ ਜਾਂਦਾ ਹੈ। ਪਰ ਬੁਧ ਦੀਆਂ ਪੈਰੋਕਾਰ ਕੌਮਾਂ ਬੁਧ ਦੇ ਮ ਕਾਰਨ ਸੁਰੱਖਿਅਤ ਹਨ, ਕਿਉਂਜੋ ਬੁਧ ਦਾ ਨਾਮ ਹਾਲੀਂ ਵੀ ਉਹਨਾਂ ਦਾ ਸ਼ਟ ਦੇਵ ਹੈ। ਇਹ ਤਾਂ ਇਕ ਪ੍ਰਕਾਰ ਦਾ ਦ੍ਰਿਸ਼ਟਮਾਨ ਪ੍ਰਭੂ ਹੈ, ਸੱਚਾ ਤੇ ਮਸਤਵਿਕ ਭਗਵਾਨ ਹੈ ਤੇ ਇਹ ਕਿਸੇ ਮਨ ਦੀ ਮਿਥਕ ਕਲਪਨਾ ਨਹੀਂ ਹੈ। ਸੇ ਤਰ੍ਹਾਂ ਦੇ ਦ੍ਰਿਸ਼ਟਮਾਨ ਰੱਖਿਅਕ ਵਲ ਹੀ ਗੁਰੂ ਸਾਹਿਬ ਸੰਕੇਤ ਕਰਦੇ ਹਨ। ਵਿਨ ਦੇ ਵਿਸ਼ਵ-ਵਿਆਪੀ ਪ੍ਰਵਾਹ ਵਿਚ ਇਹ ਸੱਚ ਪ੍ਰਗਟ-ਭਾਂਤ ਵਿਦਮਾਨ ਹੈ। ਵੇਂ ਇਹ ਲਘੂ-ਮਨੁੱਖਾਂ ਦੇ ਘੇਰੇ ਦੀ ਗੱਲ ਹੋਵੇ ਜਾਂ ਪ੍ਰਤਿਭਾਵਾਨ ਵਿਅਕਤੀਆਂ ੀ ਪੂਰਨ ਭਰਪੂਰਤਾ ਦੀ। ਜੀਵਨ ਇਹਨਾਂ ਮਨੋਹਰ ਨਾਮਾਂ ਦੇ ਦੁਆਲੇ ਹੀ ਕਰਮਾ ਕਰਦਾ ਹੈ। ਕੋਈ ਵੀ ਸਮਾਜ ਆਪਣੇ ਮਹਾਂਪੁਰਖਾਂ ਦੀ ਅਣਹੋਂਦ ਵਿਚ ਾਹ ਨਹੀਂ ਲੈ ਸਕਦਾ।

ਖ਼ਾਲਸਾ ਵਿਚ ਵੀ ਇਸ ਤਰ੍ਹਾਂ ਦਾ ਇਕ ਪਿਛਲਗਾਮੀ ਮੋੜ ਆਇਆ , ਭਾਵੇਂ ਕਿ ਇਹ ਅਸਥਾਈ ਰੂਪ ਦਾ ਹੀ ਹੈ। ਇਸ ਦੇ ਪ੍ਰਭਾਵ ਅਧੀਨ ਖ਼ਾਲਸੇ ਚ ਵੀ ਅਨਿਜੀ ਅਥਵਾ ਨਿਰਗੁਣਵਾਦੀ ਦ੍ਰਿਸ਼ਟੀਕੋਣ ਵਲ ਵਧੇਰੇ ਰੁਚੀ ਵਧ ਹੀ ਹੈ, ਪਰ ਆਪਣੇ ਵਿਵਹਾਰਕ ਜੀਵਨ ਤੇ ਆਪਣੀ ਅਰਦਾਸ ਵਿਚ ਖ਼ਾਲਸਾ ਸ ਗੁਰੂ ਸਾਹਿਬਾਨ ਦੀ ਹੀ ਓਟ ਲੈਂਦਾ ਹੈ ਤੇ ਉਹਨਾਂ ਦੁਆਲੇ ਹੀ ਪ੍ਰਕਰਮਾ ਰਦਾ ਹੈ। ਇਸ ਪ੍ਰਕਾਰ ਉਹ ਕਿਸੇ ਅਲੱਖ ਜਾਂ ਅਗਿਆਤ ਅਨੰਤ ਆਕਰਸ਼ਕ ਮਾਂ ਦੇ ਚਕਰਾਂ ਵਿਚ ਨਹੀਂ ਪੈਂਦਾ, ਨਾ ਹੀ ਉਹ ਵਰਤਮਾਨ ਕਾਲ ਦੇ ਧਾਰਮਿਕ ਨਰ ਜਾਗ੍ਰਤੀ ਦੇ ਪ੍ਰਭਾਵਾਂ ਅਧੀਨ ਅਬਿਨਾਸ਼ੀ ਕਾਲ-ਰਹਿਤ ਨਿਰਗੁਣ ਹਸਤੀ ਸੱਚੇ ਦਿਲੋਂ ਪ੍ਰਵਾਨ ਕਰਦਾ ਹੈ, ਜਿਸ ਤਰ੍ਹਾਂ ਕਿ ਇਹ ਨਵੇਂ ਧਾਰਮਿਕ ਪ੍ਰਵਕਤਾ ਆਖਿਆ ਕਰਦੇ ਹਨ। ਗੁਰੂ ਸਾਹਿਬ ਤੋਂ ਪਹਿਲਾਂ ਵੀ ਅਕਾਲ ਪੁਰਖ ਮੌਜੂਦ ਤੇ ਉਹਨਾਂ ਤੋਂ ਪਿਛੋਂ ਵੀ ਇਹ ਹਸਤੀ ਮੌਜੂਦ ਹੈ, ਪਰ ਜੋ ਸੱਚੇ ਅਰਥਾਂ ਵਿਚ ਹਨਾਂ ਨੂੰ ਪ੍ਰਭਾਵਿਤ ਕਰਦਾ ਹੈ, ਉਹ ਤਾਂ ਗੁਰੂ ਦਾ ਨਾਮ ਹੀ ਹੈ। ਸਿਖੀ ਜੀਵਨ ਇਸ ਵਿਚਾਰ ਨੂੰ ਹੀ ਮੈਂ ਚੂਲ ਜਾਂ ਅੰਦਰਲੀ ਗਿਰੀ ਅਰਥਾਤ ਸਾਰ-ਤਤ ਨਦਾ ਹਾਂ।

ਸਿੱਖਾਂ ਦੇ ਮਨਾਂ ਉਤੇ ਬ੍ਰਾਹਮਣਵਾਦੀ ਪ੍ਰਾਭੌਤਿਕ ਸੰਕਲਪਾਂ ਤੇ ਆਲੇ-ਆਲੇ ਦੇ ਵਾਤਾਵਰਣ ਦੁਆਰਾ ਨਿਰਗੁਣਵਾਦੀ ਦੀ ਪੁਨਰ-ਪਕੜ ਸਿੱਖਾਂ ਦੀ ਜਤਵ ਪ੍ਰਧਾਨ ਅਰਦਾਸ ਉਤੇ ਵੀ ਆਪਣਾ ਪਰਛਾਵਾਂ ਪਾਉਣ ਲਗ ਪਈ ਹੈ। ੀ ਰੂਪ ਵਿਚ ਗੁਰੂ ਗਰੰਥ ਸਾਹਿਬ ਸਿੱਖਾਂ ਨੂੰ ਇਸ ਲਈ ਪਿਆਰਾ ਹੈ ਕਿਉਂਜੋ ਤਮ ਗੁਰੂ ਜੀ ਨੇ ਇਹ ਹੁਕਮ ਕਰ ਦਿਤਾ ਸੀ ਕਿ ਉਹ ਗੁਰੂ ਦੀ ਭਾਲ ਲਈ ਬਦ ਦੀ ਖੋਜ ਕਰਨ। ਗੁਰਬਾਣੀ ਦੇ ਸ਼ਬਦ ਇਸ ਲਈ ਜੀਵਨ-ਦਾਤਾਂ ਹਨ ਉਂਜੋ ਸੰਤ-ਪੁਰਸ਼ਾਂ ਦੇ ਬੋਲ ਜਾਂ ਸ਼ਬਦ ਹੀ ਗੁਰੂ ਹਨ।

ਖ਼ਾਲਸਾ ਗੁਰੂ ਗਰੰਥ ਸਾਹਿਬ ਨੂੰ ਪ੍ਰੇਮ ਕਰਦਾ ਹੈ ਕਿਉਂਜੋ ਅਜਿਹਾ ਤਮ ਗੁਰੂ ਜੀ ਦਾ ਆਦੇਸ਼ ਹੈ। ਇਹ ਗੱਲ ਬੜੀ ਮਹੱਤਵਪੂਰਨ ਹੈ। ਇਹਨਾਂ ਖਾਂ ਨੇ ਹੀ ਦੇਹਰਾਦੂਨ ਵਿਖੇ ਰਾਮ ਰਾਇ ਦਾ ਜੋ ਰਾਜ-ਯੋਗ ਦਾ ਅਨੁਆਈ

ਹੋਣ ਕਾਰਨ ਰਿਧੀਆਂ ਸਿਧੀਆਂ ਦਾ ਸੁਆਮੀ ਸੀ—ਨੂੰ ਸਮਾਧੀ ਦੀ ਹਾਲਤ ਵਿਚ ਹੀ ਕੁਝ ਸ਼ਰਾਰਤੀਆਂ ਦੇ ਉਕਸਾਉਣ ਉਤੇ ਦਾਹ ਸੰਸਕਾਰ ਕਰ ਦਿਤਾ ਸੀ। ਸਿੱਖ-ਮਤ ਵਿਚ ਤਾਂ ਅਜਿਹੀਆਂ ਕਰਾਮਾਤਾਂ ਤੇ ਰਿਧੀਆਂ ਸਿਧੀਆਂ ਦਾ ਖੰਡਨ ਕੀਤਾ ਗਿਆ ਹੈ। ਰਾਮ ਰਾਇ ਕਟੜ ਤੇ ਤਅਸਬੀ ਬਾਦਸ਼ਾਹ ਔਰੰਗਜ਼ੇਬ ਤੋਂ ਵੀ ਆਪਣੀ ਇਸ ਕਰਾਮਾਤੀ ਸ਼ਕਤੀ ਕਾਰਨ ਪ੍ਰਸ਼ੰਸਾ ਪ੍ਰਾਪਤ ਕਰ ਚੁਕਾ ਸੀ, ਪਰ ਗੁਰੂ ਜੀ ਨੇ ਤਾਂ ਆਪਣੇ ਸਿੱਖਾਂ ਨੂੰ ਉਸ ਕੋਲ ਜਾਣ ਤੋਂ ਵੀ ਵਰਜ ਦਿਤਾ ਸੀ। ਗੁਰੂ ਜੀ ਦੇ ਹੁਕਮਾਂ ਦੁਆਰਾ ਅਜਿਹੀ ਪ੍ਰਤੀਤੀ ਗੁਰੂ ਜੀ ਦੇ ਸ਼ਬਦਾਂ ਜਾਂ ਆਦੇਸ਼ਾਂ ਨੂੰ ਸਿੱਖਾਂ ਲਈ ਨੇਮ ਹੀ ਬਣਾ ਦਿੰਦੀ ਹੈ। ਇਹ ਗੱਲ ਕਿਸੇ ਦਬਾ ਕਾਰਨ ਨਹੀਂ ਹੁੰਦੀ, ਸਗੋਂ ਇਹ ਤਾਂ ਸਿੱਖਾਂ ਦਾ ਗੁਰੂ ਪ੍ਰਤੀ ਪ੍ਰੇਮ ਦੇ ਰਿਸ਼ਤੇ ਦਾ ਪ੍ਰਗਟਾ ਹੈ। ਗੁਰੂ ਜੀ ਦਾ ਵੀ ਆਪਣੇ ਸਿੱਖਾਂ ਪ੍ਰਤੀ ਪ੍ਰੇਮ ਸਿੱਖਾਂ ਦੀ ਇਸ ਜਿਉਂਦੀ ਜਾਗਦੀ ਪ੍ਰਵਿਰਤੀ ਤੋਂ ਪ੍ਰਗਟ ਹੁੰਦਾ ਹੈ ਕਿ ਉਹ ਗੁਰੂ ਨੂੰ ਹੀ ਪਰਮ ਯਥਾਰਥ ਮੰਨਦੇ ਹਨ—ਗੁਰੂ ਦੁਆਰਾ ਹੀ ਪ੍ਰਭੂ-ਪ੍ਰੀਤਮ ਤਕ ਪਹੁੰਚਿਆ ਜਾ ਸਕਦਾ ਹੈ। ਇਸੇ ਗੱਲ ਵਿਚ ਹੀ ਉਹਨਾਂ ਦੀ ਆਤਮਾ ਦੇ ਪ੍ਰਗਤੀਸ਼ੀਲ ਹੋਣ ਦਾ ਰਹੱਸ ਲੁਕਿਆ ਹੋਇਆ ਹੈ। ਉਹ ਭਖਦੀ ਚੰਗਿਆੜੀ ਦੀ ਤਰ੍ਹਾਂ ਸਾਧਾਰਨ ਲੋਕਾਂ ਵਿਚ ਵੀ ਗੁਰੂ ਦੀ ਹਸਤੀ ਲਈ ਅਥਾਹ ਪ੍ਰੇਮ ਦੀ ਭਾਵਨਾ ਜਗਾ ਦਿੰਦੇ ਹਨ।

ਆਪਣੇ ਗੁਰੂ ਲਈ ਸਿੱਖ ਸਭ ਕੁਝ ਝਲ ਸਕਦਾ ਹੈ, ਔਰ ਅਗਨੀ ਵਿਚੋਂ ਗੁਜ਼ਰ ਸਕਦਾ ਹੈ ਅਤੇ ਜਦੋਂ ਵੀ ਉਸ ਨੂੰ ਗੁਰੂ ਦੇ ਨਾਮ ਉਤੇ ਵੰਗਾਰ ਪੈਂਦੀ ਹੈ ਤਾਂ ਗੁਰੂ ਖ਼ਾਤਰ ਉਹ ਜੀਅ ਤੇ ਮਰ ਸਕਦਾ ਹੈ। ਇਹੋ ਹੀ ਚੰਗੇ ਪ੍ਰਭੂ ਵਾਲੇ ਮਨੁੱਖਾਂ ਦੀ ਸਿਰਜਣਾ ਦਾ ਰਹੱਸ ਹੈ। ਖ਼ਾਲਸਾ ਉਸ ਦਿਨ ਨਿਰਜਿੰਦ ਹੋ ਜਾਵੇਗਾ ਜਦੋਂ ਹਿੰਦੂਆਂ ਸਮਾਨ ਉਹ ਆਪਣੇ ਗੁਰੂ ਪ੍ਰਤੀ ਆਪਣੇ ਮਨ ਤੇ ਹਿਰਦੇ ਵਿਚ ਅਨਿਜੀਕਰਨ ਤੇ ਬੁਧੀਕਰਨ ਦੇ ਭਾਵ ਲੈ ਆਵੇਗਾ। ਸਮਾਜਕ ਬੰਧਾਨ ਸਦਾ ਕਿਸੇ ਜੀਵਤ ਵਿਅਕਤੀ ਦੁਆਲੇ ਉਸਾਰਿਆ ਜਾਂਦਾ ਹੈ ਨਾ ਕਿ ਕਿਸੇ ਅਮੂਰਤ ਸੰਕਲਪ ਜਾਂ ਨੇਮ ਨੂੰ ਮੁਖ ਰਖ ਕੇ ਸਾਹਮਣੇ ਆਉਂਦਾ ਹੈ। ਬ੍ਰਹਮ ਦੇ ਅਨਿਜਤਾ ਪੂਰਵਕ ਸਰੂਪ ਕਾਰਨ ਹਿੰਦੂ ਵਿਅਕਤੀ ਤੇ ਹਿੰਦੂ ਸਮਾਜ ਦਾ ਕੋਈ ਵੀ ਕੇਂਦਰ ਬਿੰਦੂ ਹੋਂਦ ਵਿਚ ਨਹੀਂ ਆ ਸਕਿਆ। ਇਹ ਇਕ ਤਰ੍ਹਾਂ ਦਾ ਮਾਨਸਿਕ ਧੁੰਦਲਕਾ ਹੀ ਹੈ। ਇਸ ਪ੍ਰਕਾਰ ਦੀ ਉਪਰ-ਆਤਮਾ (ਬ੍ਰਹਮ) ਦੁਆਰਾ ਮਨੁੱਖੀ ਪ੍ਰਮਾਣੂਆਂ ਦਾ ਖਿੰਡਾਰਾ ਹੀ ਹੁੰਦਾ ਹੈ। ਇਹ, ਇਸੇ ਤਰ੍ਹਾਂ ਹੀ ਹੋਇਆ ਹੈ। ਅਜਿਹੇ ਧੁੰਦਲਕੇ ਪਿੰਡ ਵਿਚੋਂ ਕੇਂਦਰਗਤ ਸ਼ਕਤੀਆਂ ਦੇ ਆਭਾਵ ਕਾਰਨ ਕੋਈ ਸੂਰਜ-ਮੰਡਲ ਹੋਂਦ ਵਿਚ ਨਹੀਂ ਆ ਸਕਦਾ। ਸਭ ਪ੍ਰਕਾਰ ਦਾ ਅਨੁਮਾਨ-ਪੂਰਵਕ ਆਦਰਸ਼ਵਾਦ ਆਪ ਹੀ ਮਰ ਜਾਂਦਾ ਹੈ। ਪ੍ਰਾਭੌਤਿਕ ਸੰਕਲਪਾਂ ਉਤੇ ਉਸਾਰੇ ਗਏ ਸਭ ਧਰਮ ਕੁਝ ਚਿਰ ਲਈ ਆਪਣੀ ਚਮਕ-ਦਮਕ ਦਿਖਾ ਕੇ ਮਰ ਜਾਂਦੇ ਹਨ ਤੇ ਕਿਸੇ ਵੀ ਜਨ ਸਮੂਹ ਦੇ ਵਿਵਹਾਰਿਕ ਧਰਮ-ਕਰਮ ਨਹੀਂ ਬਣ ਸਕਦੇ। ਉਹਨਾਂ ਦੀ ਮੌਤ ਯਕੀਨ ਹੈ ਕਿਉਂਜੋ ਅਜਿਹੇ ਧਰਮ ਆਤਮਕ ਪ੍ਰਗਤੀ ਦੀ ਦਿਸ਼ਾ ਵਲ ਅਗੇ ਨਹੀਂ ਤੁਰਦੇ, ਸਗੋਂ ਇਸ ਦੀ ਗਤੀ ਰੇਖਾ ਤੋਂ ਬਾਹਰ ਆ ਕੇ ਉਪਰ ਜਾਂ ਹੇਠਾਂ ਰਹਿ

ਜਾਂਦੇ ਹਨ। ਦੋਹਾਂ ਹਾਲਤਾਂ ਵਿਚ ਇਹਨਾਂ ਵਿਚ ਨਿਘਾਰ ਆ ਜਾਂਦਾ ਹੈ।

ਜਦੋਂ ਮਨੁੱਖ ਆਪਣੇ ਧੁਰੇ ਦੁਆਲੇ ਬ੍ਰਿਛ ਸਮਾਨ ਉਗਦਾ, ਵਧਦਾ-ਫੁਲਦਾ ਅਤੇ ਫੁੱਲਾਂ-ਫਲਾਂ ਦੀ ਅਵਸਥਾ ਤਕ ਪੁਜ ਜਾਂਦਾ ਹੈ ਤਾਂ ਉਸ ਨੂੰ ਆਪਣੀਆਂ ਜੜ੍ਹਾਂ ਤੋਂ ਬਾਹਰ ਆ ਕੇ ਕਿਸੇ ਪ੍ਰਮਾਤਮਾ ਦੀ ਭਾਲ ਕਰਨ ਦੀ ਲੋੜ ਨਹੀਂ ਪੈਂਦੀ। ਪ੍ਰਭੂ ਤਾਂ ਉਸ ਦੀਆਂ ਨਾੜੀਆਂ ਵਿਚ ਗੇੜਾ ਲਾ ਰਹੇ ਰਸ ਵਿਚ ਵਿਆਪਕ ਹੁੰਦਾ ਹੈ। ਜੀਵਨ ਵਿਚਲਾ ਰਕਤ-ਸਮੂਹ ਪ੍ਰਭੂ ਹੀ ਤਾਂ ਹੈ। ਬੀਜ ਕੇਂਦਰ-ਬਿੰਦੂ ਦਾ ਕੰਮ ਕਰਦਾ ਹੈ। ਮਾਨਵ ਸਿਰਜਕ ਨੂੰ ਤਾਂ ਇਸ ਕੇਂਦਰ-ਬਿੰਦੂ ਨੂੰ ਹੀ ਪ੍ਰਵਾਨ ਕਰਨਾ ਚਾਹੀਦਾ ਹੈ ਅਤੇ ਇਸ ਪਿਛੋਂ ਜੀਵਨ ਨੂੰ ਆਪਣੇ ਆਪ ਵਧਣ-ਫੁਲਣ ਤੇ ਵਿਕਾਸ ਕਰਨ ਲਈ ਛਡ ਦੇਣਾ ਚਾਹੀਦਾ ਹੈ। ਮਾਨਵ-ਸਿਰਜਕ ਨੂੰ ਤਾਂ ਇਸ ਮਾਨਵ-ਬ੍ਰਿਛ ਦਾ ਧਿਆਨ ਹੀ ਰਖਣਾ ਚਾਹੀਦਾ ਹੈ, ਸਮੇਂ ਸਮੇਂ ਸਿੰਜਣਾ ਚਾਹੀਦਾ ਹੈ ਅਤੇ ਇਸ ਦੇ ਸਦੀਵੀ ਵਧਣ-ਫੁਲਣ ਲਈ ਵਰਦਾਨ ਦੇਣਾ ਚਾਹੀਦਾ ਹੈ। ਖੇੜੇ ਦੀ ਪ੍ਰਕ੍ਰਿਆ ਤਾਂ ਕੰਡਿਆਲੀ ਪੂਹਲੀ ਅਤੇ ਸ਼ਾਨਦਾਰ ਲਾਲਾ ਫੁੱਲ ਵਿਚ ਇਕ ਸਮਾਨ ਹੀ ਹੁੰਦੀ ਹੈ।

ਇਕ ਸਿਆਣਾ ਮਾਲੀ ਨੰਨ੍ਹੇ ਤੋਂ ਨੰਨ੍ਹੇ ਪੌਦੇ ਨੂੰ ਵੀ ਆਪਣੀ ਕਲਪਨਾ ਜਾਂ ਅਨੁਮਾਨ ਉਤੇ ਆਧਾਰਿਤ ਨਹੀਂ ਰਹਿਣ ਦਿੰਦਾ, ਜਿਸ ਦੀ ਕਿ ਉਸ ਨੇ ਪਰਖ ਨਾ ਕਰ ਲਈ ਹੋਵੇ। ਸੱਚ ਦਾ ਅੰਤਮ ਪ੍ਰਮਾਣ ਤਾਂ ਜੀਵਨ ਦੇ ਵਿਕਾਸ ਵਿਚ ਅਰਥਾਤ ਜੀਵਨ ਵਿਚ ਹੀ ਹੁੰਦਾ ਹੈ। ਜੇ ਵਿਅਕਤੀਗਤ ਤੇ ਸਮਾਜਕ ਜੀਵਨ ਦਾ ਵਿਕਾਸ ਪ੍ਰੇਰਕ-ਸ਼ਕਤੀ ਦੁਆਰਾ ਨਹੀਂ ਹੋ ਸਕਿਆ ਤਾਂ ਨਿਸਚੇ ਹੀ ਉਹ ਪ੍ਰੇਰਕ-ਸ਼ਕਤੀ ਸੱਚੇ ਅਰਥਾਂ ਵਿਚ ਆਤਮਕ ਸੁਭਾ ਵਾਲੀ ਨਹੀਂ ਹੋ ਸਕਦੀ। ਅਜਿਹੀ ਪ੍ਰੇਰਕ-ਸ਼ਕਤੀ ਨਾ ਤਾਂ ਪ੍ਰਭੂ ਹੁੰਦੀ ਹੈ, ਨਾ ਉਸ ਵਿਚ ਪ੍ਰਭੂ ਦਾ ਕੋਈ ਵਿਸ਼ੇਸ਼ ਗੁਣ ਵਿਦਮਾਨ ਹੁੰਦਾ ਹੈ।

ਗੁਰੂ ਸਾਹਿਬ ਅਨੰਤ 'ਵਾਹੁ-ਵਾਹੁ' ਨੂੰ ਦੁਹਰਾਉਂਦੇ ਹਨ। ਗੁਰੂ ਗਰੰਥ ਸਾਹਿਬ ਵਿਚ ਸੰਗੀਤ ਦੀਆਂ ਤਰੰਗਾਂ ਲਗਾਤਾਰ ਲਹਿਰਦੀਆਂ ਹਨ ਅਤੇ 'ਵਾਹੁ-ਵਾਹੁ' ਦੇ ਗੀਤ ਨੂੰ ਗਾਉਂਦੀਆਂ ਹਨ। ਨਾਮ ਦੀ ਇਸ ਵਿਸ਼ਾਲਤਾ ਦੇ ਬਾਰੰਬਾਰ ਦੁਹਰਾਓ ਦੁਆਰਾ ਗੁਰੂ ਗਰੰਥ ਸਾਹਿਬ ਦੇ ਹਰ ਪੰਨੇ ਉਤੇ ਪ੍ਰਭੂ-ਪ੍ਰੀਤਮ ਦਾ ਚਿਤਰ ਉਲੀਕਿਆ ਜਾਂਦਾ ਹੈ।

ਸਾਧਾਰਨ ਭਾਸ਼ਾ ਵਿਚੋਂ ਹੀ ਉਚਤਮ ਸੰਗੀਤ ਦਾ ਪ੍ਰਵਾਹ ਚਲਦਾ ਹੈ ਜਿਸ ਦੀ ਤਾਲਗਤੀ ਬੜੀ ਵਿਆਪਕ ਤੇ ਮਧੁਰ ਹੈ। ਜਿਵੇਂ ਕੋਈ ਦਰਿਆ ਆਪਣੀ ਵਿਸ਼ਾਲਤਾ ਵਿਚ ਸ਼ਾਂਤ ਵਹਿ ਰਿਹਾ ਹੋਵੇ। ਕਿਸੇ ਪ੍ਰਕਾਰ ਦਾ ਸੁਬੱਧ-ਸੰਗੀਤ ਤਾਂ ਨੀਰਸ ਤੇ ਅਕੇਵੇਂ ਦਾ ਕਾਰਨ ਹੋ ਨਿਬੜਦਾ ਹੈ, ਪਰ ਆਤਮਾ ਦਾ ਅਜਿਹਾ ਸਿਧਾ ਸਾਦਾ ਪ੍ਰਵਾਹ ਕਈ ਇਸ ਤਰ੍ਹਾਂ ਦਾ ਬੇਰਸ ਨਹੀਂ ਹੁੰਦਾ, ਸਗੋਂ ਉਹ ਤਾਂ ਕਿਸੇ ਪ੍ਰੀਤਮਾ ਦੇ ਮਿੱਠੇ ਬੋਲਾਂ ਵਰਗਾ ਹੁੰਦਾ ਹੈ। ਗੁਰੂ ਦਾ ਗੀਤ ਤਾਂ ਉਛਲ ਰਹੇ ਚਸ਼ਮੇ ਦੀ ਨਿਆਈਂ ਹੈ। ਇਹ ਤਾਂ ਸਮੀਰੀ ਪਵਨ ਦੀ ਭਿੰਨੀ ਮਹਿਕ ਦੇ ਰੁਮਕਿਆਂ ਸਮਾਨ ਹੈ। ਜਿਹੜੇ ਲੋਕ ਗੁਰੂ ਨੂੰ ਪ੍ਰੇਮ ਕਰਦੇ ਹਨ, ਉਹ ਜੀਵਨ ਭਰ ਇਸ

ਨੂੰ ਨਿਰੰਤਰ ਰੂਪ ਵਿਚ ਦੁਹਰਾ-ਦੁਹਰਾ ਕੇ ਕਦੀ ਨਹੀਂ ਥੱਕਦੇ, ਸਗੋਂ ਉਹਨਾਂ ਨੂੰ ਤਾਂ ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਉਹਨਾਂ ਦੀ ਹਾਲੀਂ ਵੀ ਤ੍ਰਿਪਤੀ ਨਹੀਂ ਹੋਈ। ਇਹ ਸੰਗੀਤ ਤਾਂ ਉਹਨਾਂ ਦੀ ਆਤਮਾ ਦੇ ਤਾਣੇ-ਬਾਣੇ ਵਿਚ ਅੰਤਰੀਵ ਤੌਰ 'ਤੇ ਰਮਿਆ ਹੋਇਆ ਹੈ। ਇਹ ਉਹਨਾਂ ਲੋਕਾਂ ਦੇ ਮੁਖੜਿਆਂ ਦੀ ਸੁੰਦਰਤਾ ਸਮਾਨ ਹੈ, ਜਿਸ ਨੂੰ ਤੱਕ ਤੱਕ ਕੇ ਉਹ ਕਦੀ ਨਹੀਂ ਥੱਕਦੇ। ਇਸ ਲਈ ਉਹ ਸਹੰਸਰ ਰੂਪਾਂ ਅਤੇ ਅਣਗਿਣਤ ਮੁਦਰਾਵਾਂ ਵਿਚ ਗੁਰੂ ਦੇ ਇਸ ਸੰਗੀਤ ਨੂੰ ਵਾਰ ਵਾਰ ਉਚਾਰਨਾ ਲੋਚਦੇ ਹਨ। ਇਹ ਤਾਂ ਉਹ ਤਰਲ ਭਾਵਨਾ ਹੈ ਜੋ ਜੀਵਨ ਦੇ ਕੇਂਦਰਾਂ ਨੂੰ ਨਹਾਉਂਦੀ-ਧੁਆਉਂਦੀ, ਪਾਲਦੀ-ਪੋਸਦੀ ਅਤੇ ਸ਼ਕਤੀ ਪ੍ਰਦਾਨ ਕਰਦੀ ਹੈ। ਆਪਣੇ ਲੋਕਾਂ ਨੂੰ ਪਿਆਰ ਕਰਨ ਦੇ ਪੱਖ ਤੋਂ ਵਾਲਟ ਵਿਟਮੈਨ ਗੁਰੂ ਸਾਹਿਬਾਨ ਦੇ ਮਨੋਵੇਗਾਂ ਦੇ ਨੇੜੇ ਨੇੜੇ ਪੁਜ ਜਾਂਦਾ ਹੈ। ਆਪਣੇ ਪ੍ਰੀਤਮ ਦਾ ਨਾਮ ਲੈਣਾ ਹੀ ਗੀਤ ਹੁੰਦਾ ਹੈ ਜਿਸ ਪ੍ਰਕਾਰ ਵਾਲਟ ਵਿਟਮੈਨ ਨੇ ਨਾਮਾਂ ਦੀ ਸੂਚੀ ਨੂੰ ਆਪਣੀ ਰਚਨਾ ਦਾ ਅੰਗ ਬਣਾਇਆ ਹੈ, ਇਹ ਗੁਰੂ ਸਾਹਿਬਾਨ ਦੇ ਨੇੜੇ ਤੇੜੇ ਦੀ ਗੱਲ ਹੀ ਬਣ ਜਾਂਦੀ ਹੈ।

ਗੁਰੂ ਸਾਹਿਬ ਦੀ ਆਤਮਾ ਨੂੰ ਅੰਗਰੇਜ਼ੀ ਵਿਚ ਅਨੁਵਾਦ ਕਰਨ ਦੇ ਸਾਰੇ ਯਤਨ, ਜੋ ਹੁਣ ਤਕ ਕੀਤੇ ਗਏ ਹਨ—ਨੀਰਸ ਹੀ ਸਿਧ ਹੋਏ ਹਨ। ਮੈਕਾਲਿਫ, ਟਰੰਪ ਅਤੇ ਹੋਰ ਵਿਦਵਾਨਾਂ ਨੇ ਜੋ ਸ਼ਬਦ ਦੀ ਵਿਆਖਿਆ ਕੋਸ਼ਾਂ ਦੀ ਸਹਾਇਤਾ ਨਾਲ ਕਰਦੇ ਹਨ, ਨੇ ਕੇਵਲ ਭੱਦੇ ਤੇ ਊਲ-ਜਲੂਲ ਰੂਪ ਦੇ ਅਨੁਵਾਦ ਹੀ ਕੀਤੇ ਹਨ। ਗੁਰੂ ਗਰੰਥ ਸਾਹਿਬ ਦੀ ਮੂਲ ਬਾਣੀ ਸੱਚੀ ਮੁਚੀ ਜੀਅ-ਦਾਨ ਦੇਣ ਵਾਲੇ ਸੰਗੀਤ ਨਾਲ ਭਰਪੂਰ ਹੈ, ਜਿਸ ਦੇ ਸ਼ਬਦਾਂ ਦੀ ਸਰੀਰਕ ਛੁਹ ਪੀੜਤ ਤੇ ਰੋਗੀ ਵਿਅਕਤੀਆਂ ਨੂੰ ਸੁਖ-ਚੈਨ ਦਿੰਦੀ ਹੈ ਅਤੇ ਜਿਸ ਦਾ ਦੁਹਰਾਓ ਜੀਵਨ ਨੂੰ ਸੰਪੂਰਨ ਬਣਾ ਦਿੰਦਾ ਹੈ ਜਿਵੇਂ ਕਿ ਪਿਆਸੇ ਨੂੰ ਪਾਣੀ ਮਿਲ ਗਿਆ ਹੋਵੇ। ਸ਼ਾਇਦ ਗੁਰੂ ਗਰੰਥ ਸਾਹਿਬ ਦਾ ਪੰਜਾਬੀ ਭਾਸ਼ਾ ਵਿਚ ਵੀ ਕਦੀ ਸਫਲ ਅਨੁਵਾਦ ਨਾ ਕੀਤਾ ਜਾ ਸਕੇ। ਇਹ ਕਾਰਜ ਤਾਂ ਕੇਵਲ ਗੁਰੂ ਵਿਰੋਸਾਏ ਉਹ ਗੁਰਸਿਖ ਹੀ ਕਰ ਸਕਦੇ ਹਨ ਜਿਨ੍ਹਾਂ ਦਾ ਜੀਵਨ ਤੇ ਵਿਅਕਤੀਤਵ ਅੰਬਰੀ-ਕਾਂਗ ਦੇ ਪ੍ਰੇਮ ਉਛਾਲਿਆਂ ਦੁਆਰਾ ਆਤਮਕ ਉਥਾਨ ਤਕ ਪਹੁੰਚ ਚੁਕਾ ਹੁੰਦਾ ਹੈ। ਆਤਮਾ ਦਾ ਸੰਗੀਤ ਤਾਂ ਸਦਾ ਬੜਾ ਮਿੱਠੜਾ ਤੇ ਸਰਲ ਹੁੰਦਾ ਹੈ, ਜਿਵੇਂ ਇਹ ਨਿਰਛਲ ਬਾਲ ਦਾ ਮੁਖੜਾ ਹੋਵੇ। ਇਹ ਸੰਗੀਤ ਤਾਂ ਅਜਿਹੇ ਵਿਰੋਸਾਏ ਮਨੁੱਖਾਂ ਦੀ ਜਾਗ੍ਰਿਤ ਨਿੰਦਰਾ ਤੇ ਸੁਪਨ ਅਵਸਥਾ ਵਿਚ ਸਦਾ ਗੂੰਜਦਾ ਰਹਿੰਦਾ ਹੈ। ਇਹ ਸੰਗੀਤ ਤਾਂ ਆਤਮਾ ਦੇ ਸਦਾ ਅੰਗ ਸੰਗ ਰਹਿੰਦਾ ਹੈ, ਜਿਵੇਂ ਇਹ ਉਹਨਾਂ ਦੇ ਜੀਵਨ, ਮੌਤ ਤੇ ਉਸ ਤੋਂ ਪਰੇ ਦਾ ਨਾਦ ਹੋਵੇ। ਭਾਵੇਂ ਗੁਰੂ ਗਰੰਥ ਸਾਹਿਬ ਦੀ ਬਾਣੀ ਦੇ ਭਾਗ ਸਰਬ-ਸਮਿਆਂ ਲਈ ਪਵਿੱਤਰ ਹਨ, ਸਭ ਬਾਣੀਕਾਰਾਂ ਦੇ ਸ਼ਬਦ ਪੁਨੀਤ ਹਨ, ਫਿਰ ਵੀ ਕਈ ਥਾਵਾਂ ਤੇ ਗੁਰੂ ਦੀ ਚੇਤੰਨਤਾ ਦੁਆਰਾ ਕੀਤਾ ਗਿਆ ਦੁਹਰਾਓ, ਛਾਇਆ-ਚਿਤਰਾਂ ਦੇ ਰੂਪ ਵਿਚ ਗੁਰੂ ਗਰੰਥ ਸਾਹਿਬ ਦੇ ਪੰਨਿਆਂ ਉਤੇ ਸੰਪੂਰਨ ਮਨੁੱਖੀ ਕਿਰਦਾਰ ਨੂੰ ਅੰਕਿਤ ਕਰ ਦਿੰਦਾ ਹੈ। ਅੰਸ਼ਕ ਰੂਪ ਵਿਚ ਤਾਂ ਭਾਵੇਂ ਇਹ

ਮਕਤੀਤਵ ਪੁਰਾਤਨ ਤੇ ਨਵੀਨ ਧਰਮ ਗਰੰਥਾਂ ਵਿਚ ਮੱਧਮ ਰੂਪ ਵਿਚ ਨਜ਼ਰੀਂ ਾ ਹੋਵੇ, ਪਰ ਜਿਸ ਸ਼ਖ਼ਸੀਅਤ ਨੂੰ ਗੁਰੂ ਸਾਹਿਬ ਗੁਰਮੁਖ ਦੀ ਸੰਗਿਆ ਦਿੰਦੇ , ਅਜਿਹੇ ਪੁਰਸ਼ ਨੂੰ ਨਿਤਸ਼ੇ ਵੀ ਆਪਣੇ 'ਮਹਾਂ-ਮਾਨਵ' ਵਿਚ ਬੜੀ ਮਿਹਨਤ ਨ ਢੂੰਡ ਰਿਹਾ ਹੈ ਜਿਸ ਵਿਚ ਕਿ ਸਾਰੀ ਮਨੁੱਖੀ ਮਿਠਾਸ, ਭਲਿਆਈ, ਦਇਆ, ਤੇ ਸੇਵਾ ਉਪਕਾਰ ਦੇ ਭਾਵ ਭਰੇ ਪਏ ਹੁੰਦੇ ਹਨ। ਭਵਿੱਖ ਦੇ ਅਜਿਹੇ ਪੂਰਨ ੁੱਖ ਦਾ ਆਕਾਰ ਤੇ ਕਿਰਦਾਰ ਗੁਰਬਾਣੀ ਦੇ ਸਾਗਰ ਵਿਚ ਤਰਦਾ ਦਿਖਾਈ ਦਾ ਹੈ। ਅਸੀਂ ਇਸ ਨੂੰ ਤੱਕ ਸਕਦੇ ਹਾਂ, ਇਸ ਵਿਚ ਲੀਨ ਹੋ ਸਕਦੇ ਹਾਂ, ਸ ਨੂੰ ਆਪਣੇ ਅੰਦਰ ਸ਼ਾਕਾਰ ਹੋਇਆ ਪ੍ਰਤੀਤ ਕਰਦੇ ਹਾਂ। ਪਰ ਇਸ ਦਾ ਨੁਵਾਂਦ ਤਾਂ ਕੇਵਲ ਗੁਰੂ ਵਿਰੋਸਾਏ ਜਿਉੜੇ ਹੀ ਕਰ ਸਕਦੇ ਹਨ ਜੋ ਇਸ ਤ ਵਿਚ ਵਿਚਰ ਰਹੀ ਕਿਸੇ ਵੀ ਕੌਮ ਵਿਚ ਕਿਸੇ ਵੀ ਸਮੇਂ ਜਨਮ ਧਾਰ ਸਕਦੇ ਨ।

ਇਸ ਦਾਣੇ-ਦਾਰ ਪ੍ਰੇਮ ਦਾ ਨਾਮ ਹੀ ਬੀਜ ਰੂਪ ਹੈ। ਗੁਰੂ ਜੀ ਦਾ ਇਹ ਵ-ਮਾਨਵ ਬ੍ਰਿਛ ਨਿਆਈਂ ਉਗ ਕੇ ਉਪਰ ਵਲ ਨੂੰ ਵਧੇਗਾ। ਇਸ ਨਵ-ਮਾਨਵ ਕੋਈ ਅਤੀਤ ਨਹੀਂ ਹੈ, ਇਹ ਤਾਂ ਪ੍ਰਭੂ ਦੇ ਬੀਜ ਤੋਂ ਨਵੇਂ ਰੂਪ ਵਿਚ ਉਗਣਾ ਰੰਭ ਕਰਦਾ ਹੈ ਜੋ ਸਭ ਭਵਿੱਖ ਦੀ ਖੇਡ ਹੈ। ਇਸ ਪ੍ਰਕਾਰ ਆਤਮਾ ਜਾਇਆ ਨੁੱਖ ਸਾਧਾਰਨ ਧਾਰਮਿਕ ਪੁਰਖਾਂ ਵਰਗਾ ਨਹੀਂ ਹੁੰਦਾ। ਉਹ ਕਿਸੇ ਵੀ ਅਤੀਤ ਲ ਬੱਝਾ ਨਹੀਂ ਹੁੰਦਾ, ਸਗੋਂ ਉਸ ਦੇ ਸਨਮੁਖ ਸਾਰਾ ਭਵਿੱਖ ਰੌਸ਼ਨ ਹੁੰਦਾ ਹੈ।

ਜਿਸ ਤਰ੍ਹਾਂ ਚੀਲ ਦੇ ਬ੍ਰਿਛ ਦੇ ਪੌਦੇ ਦੀ ਸੁਗੰਧੀ, ਪੱਤੇ ਤੇ ਪੁਰਾਣੇ ਦੁਬਲੇ ਛ ਦੀ ਲਕੜੀ ਵਿਚ ਇਕ ਸਮਾਨ ਹੁੰਦੀ ਹੈ, ਇਸੇ ਤਰ੍ਹਾਂ ਨਿਸ਼ਚੇ ਹੀ ਆਤਮਾ ਏ ਇਸ ਨਵ-ਮਾਨਵ ਵਿਚ ਆਪਣੇ ਮਾਪਿਆਂ ਵਾਲੇ ਗੁਣ ਜ਼ਰੂਰ ਹੋਣਗੇ। ਮਨੁੱਖ ਦੈਵੀ ਵਰਨ-ਰੂਪ ਤੇ ਗੁਣ ਇਸ ਬਾਲ ਵਿਚ ਆਪਣੇ ਆਪ ਹੀ ਉਤਪੰਨ ਹੋ ਦੇ ਹਨ। ਗੁਰੂ ਨਾਨਕ ਦੇਵ ਇਸੇ ਲਈ ਆਪਣੇ ਅੰਦਰ ਨਾਮ ਦੇ ਬੀਜਾਂ ਨੂੰ ਚਿਤ ਕਰਦੇ ਹਨ ਅਤੇ ਇਹਨਾਂ ਨਾਮ ਦੇ ਬੀਜਾਂ ਨੂੰ ਚਾਰ ਚੁਫੇਰੇ ਖਿਲਾਰ ਦਿੰਦੇ ਨ। ਨਦੀਆਂ ਇਹਨਾਂ ਨੂੰ ਗ੍ਰਹਿਣ ਕਰਦੀਆਂ ਹਨ। ਪਵਨਾਂ ਇਹਨਾਂ ਦਾ ਪ੍ਰਸਾਰ ਰਦੀਆਂ ਹਨ। ਇਹ ਬੀਜ-ਬਿੰਦੂ ਤਾਂ ਖ਼ਾਲਸਾ ਹੈ, ਜਿਸ ਨੂੰ ਆਪਣੀ ਪੂਰਨ ਸ਼ਾਨ ਚ ਵੇਖਿਆ ਜਾ ਸਕਦਾ ਹੈ। ਗੰਗਾ, ਮਿਸਸਪੀ ਤੇ ਥੇਮਸ ਆਦਿ ਦਰਿਆਵਾਂ ਕੰਢਿਆਂ 'ਤੇ ਜੁੜੇ ਮਨੁੱਖ ਗੁਰੂ ਦੇ ਆਤਮ-ਸਰੂਪ ਵਿਚ ਨਵਾਂ ਜਨਮ ਣਗੇ, ਜਿਨ੍ਹਾਂ ਦਾ ਅਤੀਤ ਦੇ ਇਤਿਹਾਸ ਨਾਲ ਕੋਈ ਸੰਬੰਧ ਨਹੀਂ ਹੋਵੇਗਾ, ਸਗੋਂ ਮ ਦੀ ਪ੍ਰੇਰਨਾ ਦੁਆਰਾ ਉਹ ਭਵਿੱਖ ਦੀ ਨਵੀਂ ਸ਼ਾਨ ਹੋਣਗੇ।

# ਪ੍ਰੇਮ

ਗੁਰੂ ਗਰੰਥ ਸਾਹਿਬ ਵਿਚ ਪ੍ਰੇਮ ਕੋਈ ਦਾਰਸ਼ਨਿਕ ਸੰਕਲਪ ਨਹੀਂ ਹੈ। ਇਹ ਤਾਂ ਪ੍ਰਭੂ ਦੀ ਆਤਮਾ ਦੀ ਨਿਰੰਤਰ ਚਲ ਰਹੀ ਸੁਆਸ-ਗਤੀ ਹੈ ਅ ਵਿਸ਼ਵ-ਵਿਆਪੀ ਹਮਦਰਦੀ ਤੋਂ ਜਾਣੂੰ ਜੀਵਨ ਦਾ ਸਰੂਪ ਹੈ। ਪ੍ਰੇਮ ਤਾਂ ਗੁ ਦੁਆਰਾ ਕਾਇਆ-ਕਲਪ ਹੋ ਚੁਕੇ ਵਿਅਕਤੀ ਦੀ ਨਿਤ ਵਹਿੰਦੀ ਡੂੰਘੀ ਮਸਤ ਦਾ ਪ੍ਰਵਾਹ ਹੈ। ਪ੍ਰੇਮ ਤਾਂ ਜੀਵਨ ਦੀਆਂ ਸਾਧਾਰਨ ਹਾਲਤਾਂ ਵਿਚ ਵਿਦਮਾਨ ਤੇ ਇਹ ਕਿਸੇ ਬਾਹਰੀ ਪ੍ਰਸਥਿਤੀਆਂ ਉਤੇ ਨਿਰਭਰ ਨਹੀਂ ਹੁੰਦਾ। ਜਿਸ ਤਰ੍ਹਾਂ ਇਕ ਚੀਲ ਦੇ ਬ੍ਰਿਛ ਲਈ ਬੀਜ ਹੈ, ਤਿਵੇਂ ਹੀ ਇਕ ਸੁਹਿਰਦ ਪੁਰਸ਼ ਲਈ ਪ੍ਰੇਮ ਹੈ। ਪ੍ਰੇਮ ਤਾਂ ਇਕ ਸੰਪੂਰਨ ਰੂਪ ਦੀ ਹਸਤੀ ਹੈ ਜਿਸ ਦੇ ਉਗਣ, ਵਧਣ-ਫੁਲਣ ਪੱਤੀਆਂ ਨਿਕਲਣ, ਫਿਰ ਖੇੜੇ ਵਿਚ ਖਿੜਨ ਤੇ ਫੁੱਲ ਬਣਨ ਤਕ ਦਾ ਅਧਿਐ ਕੀਤਾ ਜਾ ਸਕਦਾ ਹੈ। ਪ੍ਰੇਮ ਦੇ ਵੀ ਹੱਥ ਪੈਰ ਹੁੰਦੇ ਹਨ ਤੇ ਇਹ ਕਾਰ ਕਮਾਉਂ ਹਨ। ਪ੍ਰੇਮ ਤਾਂ ਭਰਪੂਰ ਰੂਪ ਦਾ ਮਨੋਭਾਵ ਹੈ ਜਿਸ ਦਾ ਸਰੂਪ ਯਾਕੂਤੀ ਹੋਠ ਵਰਗਾ ਹੈ ਜੋ ਪ੍ਰਭੂ ਦੇ ਨਾਮ ਸਿਮਰਨ ਸਮੇਂ ਕੰਬ ਰਹੇ ਹੁੰਦੇ ਹਨ। ਗੁਰੂ ਦਾ ਰੂ ਰੰਗ ਗੁਲਾਬ ਵਰਗਾ ਹੈ, ਜਿਸ ਦੇ ਸਰੀਰ ਵਿਚੋਂ ਭਿੰਨੀ ਮਹਿਕ ਪਸਰ ਰਹੀ ਹੁੰਦ ਹੈ। ਪ੍ਰੇਮ ਦੇ ਸ਼ਬਦ ਧਿਆਨੀ-ਦ੍ਰਿਸ਼ਟੀ ਹੁੰਦੇ ਹਨ। ਗੁਰੂ ਨਾਨਕ ਦੇਵ ਇਸ ਪ੍ਰੇਮ ਦੀ ਮਹਾਨ ਆਤਮਾ ਦੇ ਵਿਸ਼ਲੇਸ਼ਣਾਮਕ ਵਰਣਨ ਦਾ ਵਿਰੋਧ ਕਰਦੇ ਹਨ ਅਤੇ ਇਹ ਸਭ ਸੁਹਿਰਦ ਵਿਚਾਰ, ਜਿਨ੍ਹਾਂ ਵਿਚ ਮੂਰਖਤਾ ਦਾ ਅੰਸ਼ ਨਹੀਂ ਹੁੰਦਾ ਅਚੰਭਾ ਕਰ ਦੇਣ ਵਾਲੇ ਹੁੰਦੇ ਹਨ। ਹਰਬਰਟ ਸਪੈਂਸਰ ਵੀ ਸਭ ਵਸਤੂਆਂ ਦੀ ਵਾਸਤਵਿਕ ਪ੍ਰਕ੍ਰਿਤੀ ਨੂੰ ਨਿਹਾਰ ਕੇ ਅਜਿਹਾ ਹੀ ਅਨੁਭਵ ਕਰਦਾ ਹੈ। ਇਥੋਂ ਤਕ ਕਿ ਘਾਹ ਦੀ ਪੱਤੀ ਨੂੰ ਸਮਝਣ ਲਈ ਵੀ ਮਨੁੱਖੀ ਦਲੀਲ ਹਾਰ ਜਾਂਦੀ ਹੈ ਤੇ ਇਹ ਠੀਕ ਤਰ੍ਹਾਂ ਇਸ ਦਾ ਨਾਮ ਵੀ ਨਹੀਂ ਧਰ ਸਕਦੀ। ਇਹਨਾਂ ਵਸਤੂਆਂ ਪ੍ਰਤੀ ਗੁਰੂ ਨਾਨਕ ਦਾ ਦ੍ਰਿਸ਼ਟੀਕੋਣ ਵਿਸਮਾਦਜਨਕ ਤੇ ਪੂਜਾ ਵਾਲਾ ਹੈ ਜੋ ਇਕ ਪ੍ਰਕਾਰ ਦੇ ਸੰਗੀਤ ਦੀ ਸੁਰ-ਲਿਪੀ ਦੇ ਉਹ ਅੱਖਰ ਹਨ ਜਿਸ ਦੁਆਰਾ ਸੰਗੀਤ ਦੀਆਂ ਧੁਨੀਆਂ ਦੀ ਸੰਰਚਨਾ ਹੁੰਦੀ ਹੈ। ਗੁਰੂ ਸਾਹਿਬ ਲਈ ਤਾਂ ਸਗਲ ਸ੍ਰਿਸ਼ਟੀ ਮਹਾਨ ਸੋਦਰੀ ਸੰਗੀਤ ਹੈ। ਸਮੱਸਤ ਵਣ-ਤ੍ਰਿਣ ਵਿਚ ਆਪ ਪ੍ਰਭੂ-ਪ੍ਰੀਤਮ ਦੀ ਜੋਤ ਨੂੰ ਜਗਦੀ ਵੇਖਦੇ ਹਨ। ਇਸ ਸ਼ੁਧ ਆਤਮਾ ਦੀ ਹਸਤੀ ਦੀ ਉਪਮਾ ਦੇ ਸੋਹਲੇ ਗਾਉਂਦੇ ਹੋਏ ਆਪ ਸਾਰੀ ਗਿਆਤ ਸ਼ਬਦਾਵਲੀ ਦਾ ਉਪਯੋਗ ਕਰਕੇ ਇਸ ਦੇ ਭੰਡਾਰ ਨੂੰ ਮੁਕਾ ਬੈਠਦੇ ਹਨ।

ਪ੍ਰੇਮ ਦਾ ਵਰਣਨ ਕਰਨ ਲਈ ਸਭ ਪ੍ਰਾਭੌਤਿਕ ਸੰਕਲਪ ਊਰੇ ਹਨ। ਸਾਰੇ ਸੰਸਾਰ ਦਾ ਮਿਥਿਹਾਸ ਇਸ ਦੇ ਕੰਨ ਨੂੰ ਭਰਪੂਰ ਕਰਨ ਲਈ ਲੋੜੀਂਦਾ ਹੈ। ਇਸ ਦੇ ਦਿਲ ਦੀ ਬੱਤੀ ਨੂੰ ਸੀਖਣ ਲਈ ਸਾਰੇ ਧਰਮਾਂ ਦੀ ਲੋੜ ਹੁੰਦੀ

ਹੈ। ਉਹ ਤਾਂ ਪ੍ਰਭੂ-ਪ੍ਰੀਤਮ ਦੇ ਵਿਚ ਬਲ ਰਿਹਾ ਹੁੰਦਾ ਹੈ। ਜਿਥੇ ਗੁਰੂ ਜੀ ਦਾ ਸਰਵ-ਉਚ ਭਾਵ ਮੌਜੂਦ ਹੋਵੇ, ਉਥੇ ਬਾਕੀ ਸਭ ਸਮੱਗਰੀ ਤਾਂ ਉਸ ਦੀ ਪੂਰਤੀ ਕਰਨ ਲਈ ਹੁੰਦੀ ਹੈ। ਪ੍ਰੇਮ ਦੀ ਭਾਵਨਾ ਦੇ ਹਵਨ-ਕੁੰਡ ਵਿਚ ਸਭ ਸਿਧਾਂਤਾਂ ਦੀ ਆਹੂਤੀ ਪਾ ਦਿਤੀ ਜਾਂਦੀ ਹੈ। ਭਾਰਤ ਦਾ ਸਾਰਾ ਪੂਰਬਲਾ ਇਤਿਹਾਸ ਤਾਂ ਇਕੋ ਵਿਸਫੋਟ ਦੁਆਰਾ ਛਾਈਂ ਮਾਈਂ ਹੋ ਜਾਂਦਾ ਹੈ। ਗੁਰੂ ਜੀ ਦਾ ਪ੍ਰਭੂ-ਪ੍ਰੀਤਮ ਤਾਂ 'ਵਰ' (ਲਾੜਾ) ਹੈ ਤੇ ਆਪ ਗੁਰੂ ਜੀ ਉਸ ਦੀ ਲਾੜੀ। ਉਸ ਦਾ ਇਹ ਭਾਵਾਵੇਗ ਕੁਦਰਤੀ ਸੁਭਾ ਵਾਲਾ ਹੁੰਦਾ ਹੈ ਤੇ ਸੁਹਾਗਵੰਤੀ ਦੀ ਨਿਆਈਂ ਇਹ ਉਸ ਦੀ ਆਤਮਾ ਵਿਚ ਸੁਹਾਗ-ਗੀਤ ਦੇ ਸੰਗੀਤ ਦੀ ਤਰ੍ਹਾਂ ਨਿਰੰਤਰ ਰਾਤ ਦਿਨ ਉਸ ਦੀ ਆਤਮਾ ਵਿਚ ਗੂੰਜਦਾ ਰਹਿੰਦਾ ਹੈ। ਇਹ ਤਾਂ ਇਕ ਸੁਪਤਨੀ ਦਾ ਆਪਣੇ ਪਤੀ ਪ੍ਰਤੀ ਆਪ-ਮੁਹਾਰਾ ਸੰਜੋਗ ਹੈ ਜਿਸ ਦੇ ਗੁਣਾਂ ਦਾ ਵਰਣਨ ਨਹੀਂ ਕੀਤਾ ਜਾ ਸਕਦਾ। ਇਹ ਰਿਸ਼ਤਾ ਜਾਂ ਸੰਬੰਧ ਬਾਹਰੀ ਚਮਕ-ਦਮਕ ਤੇ ਵਿਖਾਵੇ ਵਾਲਾ ਨਹੀਂ ਹੁੰਦਾ, ਨਾ ਹੀ ਇਹ ਕਿਸੇ ਅਖੌਤੀ ਕਲਾ-ਕ੍ਰਿਤ ਸਮਾਨ ਪ੍ਰਦਰਸ਼ਿਤ ਕੀਤਾ ਜਾ ਸਕਦਾ ਹੈ, ਸਗੋਂ ਇਹ ਤਾਂ ਸਾਗਰ ਜਿੰਨਾਂ ਅਸਗਾਹ ਅਤੇ ਧਰਤੀ ਤੇ ਆਕਾਸ਼ ਸਮਾਨ ਸਦੀਵੀ ਹੁੰਦਾ ਹੈ। ਉਸ ਲਈ ਪ੍ਰਭੂ-ਪ੍ਰੀਤਮ ਕੋਈ ਹੋਂਦ ਰਹਿਤ ਅਨਿਜੀ ਹਸਤੀ ਨਹੀਂ ਹੈ। ''ਹੇ ਅਨੰਤ ! ਮੈਂ ਤੇਰੇ ਸਰੂਪ ਨੂੰ ਕਿਵੇਂ ਲਖ ਸਕਦਾ ਹਾਂ ? ਮੈਂ ਤਾਂ ਤੇਰੀ ਸੁੰਦਰਤਾ ਤੋਂ ਬਲਿਹਾਰ ਜਾਂਦਾ ਹਾਂ ਅਤੇ ਇਸ ਦੇ ਵਿਸਮਾਦ ਵਿਚ ਮਤਾ ਤੇਰੇ ਪਵਿੱਤਰ ਧਾਮ ਉਤੇ ਵਾਰੀ ਘੋਲੀ ਜਾਂਦਾ ਹੋਇਆ ਆਪਣੇ ਆਪ ਨੂੰ ਭੇਟ ਕਰ ਦਿੰਦਾ ਹਾਂ। ਕੇਵਲ ਇਕ ਵਾਰ ਆਪਣੇ ਮਨ ਦੀ ਇਛਾ ਪੂਰਤੀ ਲਈ ਪ੍ਰੀਤਮ ! ਮੈਂ ਤਾਂ ਨਿਤਾਣਾ ਤੇ ਨਿਮਾਣਾ ਹਾਂ। ਹੇ ਸੁੰਦਰ ਪ੍ਰਭੂ ! ਤੇਰੀ ਰਜ਼ਾ ਭਲੀ ਹੈ। ਹੇ ਅਰੂਪ ਪ੍ਰਭੂ ! ਤੇਰੇ ਚੋਜ ਨਿਆਰੇ ਹਨ। ਤੂੰ ਸਦਾ ਸਲਾਮਤ ਹੈਂ।'' ਇਸ ਅਧਿਆਤਮਿਕ ਸਤਾ ਦੇ ਕੁਦਰਤ ਵਿਚ ਵਿਆਪਕ ਹੋਣ ਦੇ ਵਰਤਾਰੇ ਬਾਰੇ ਜਦ ਆਪ ਪੂਰਵ-ਕਾਲੀ ਪ੍ਰੇਮ-ਸਾਧਕਾਂ ਦੇ ਵਰਤੇ ਗਏ ਸ਼ਬਦਾਂ ਦਾ ਪ੍ਰਯੋਗ ਕਰਦੇ ਹਨ ਤਾਂ ਆਪ ਜਾਣ ਬੁਝ ਕੇ ਆਪਣੇ ਆਪ ਨੂੰ ਅਣਜਾਣ ਦਸ ਕੇ ਚਕ੍ਰਿਤ ਕਰ ਲੈਂਦੇ ਹਨ ਅਤੇ ਕਹਿ ਉਠਦੇ ਹਨ, ''ਸਾਰੇ ਉਸ ਪ੍ਰਭੂ ਦਾ ਵਰਣਨ ਤਾਂ ਕਰਦੇ ਹਨ, ਪਰ ਉਸ ਨੂੰ ਜਾਣ ਨਹੀਂ ਸਕਦੇ।'' ਜਿਵੇਂ ਪਾਣੀ ਵਿਚ ਮਛਲੀ ਇਹ ਜਾਣ ਨਹੀਂ ਸਕਦੀ ਕਿ ਸਾਗਰ ਕਿੰਨਾਂ ਅਸੀਮ ਤੇ ਅਨੰਤ ਹੈ, ਤਿਵੇਂ ਹੀ ਹੇ ਪ੍ਰਭੂ ! ਮੈਂ ਤੇਰਾ ਆਰ ਪਾਰ ਨਹੀਂ ਜਾਣ ਸਕਦਾ। ਫਿਰ ਵੀ ਹੇ ਪ੍ਰਭੂ ! ਮੈਂ ਤੇਰਾ ਹਾਂ, ਤੇਰੇ ਅੰਕ ਸਮਾ ਕੇ ਵੀ ਮੈਂ ਤੇਰੇ ਦਰਸ਼ਨ ਨੂੰ ਲੋਚਦਾ ਹਾਂ।

ਉਸ ਦੀ ਪ੍ਰਾਰਥਨਾ ਪ੍ਰਭੂ-ਪ੍ਰੀਤਮ ਸੰਦੀ ਅਜਿਹੀ ਹੁੰਦੀ ਹੈ, ਜਿਹੀ ਕਿ ਇਕ ਇਸਤਰੀ ਦੀ ਆਪਣੇ ਪ੍ਰੀਤਮ ਪਿਆਰੇ ਬਾਰੇ ਹੋ ਸਕਦੀ ਹੈ। ਪ੍ਰਭੂ-ਪ੍ਰੀਤਮ ਉਸ ਦੇ ਮਨੋਭਾਵ ਭਰਪੂਰ ਅਤੇ ਪੂਰਨ ਹੁੰਦੇ ਹਨ। ਉਸ ਦੇ ਪ੍ਰੇਮ ਦੀ ਤੀਬਰਤਾ ਬਿਜਲੀ ਦੀ ਚਮਕ ਦੀ ਨਿਆਈਂ ਹੁੰਦੀ ਹੈ, ਪਰ ਉਹ ਉਸ ਦੀਆਂ ਚੰਗਿਆੜੀਆਂ ਨੂੰ ਆਪਣੇ ਅੰਦਰ ਨਿਘਾਰ ਜਾਂਦਾ ਹੈ ਤੇ ਉਸ ਦੀ ਸੁੰਦਰਤਾ ਦੀ ਭੁਖ ਅਨੰਤਾਂ ਤਕ ਪੁਜੀ ਹੋਈ ਝਲ-ਮਸਤਾਨੀ ਹੁੰਦੀ ਹੈ।

ਪ੍ਰੇਮ ਨੂੰ ਤਾਂ 'ਅਜਰ ਵਸਤੂ' ਕਿਹਾ ਜਾਂਦਾ ਹੈ, ਜਿਸ ਨੂੰ ਆਪਣੇ ਅੰਦਰ ਸਮੋਇਆ ਨਹੀਂ ਜਾ ਸਕਦਾ। ਇਹ ਤਾਂ ਹਿਰਦੇ ਦੇ ਕੰਢਿਆਂ ਤੋਂ ਉਛਲ ਕੇ ਬਾਹਰ ਆ ਜਾਂਦਾ ਹੈ। ਗੁਰੂ ਦਾ ਸਿੱਖ ਤਾਂ ਭਿਅੰਕਰਤਾ ਦੇ ਝਟਕਿਆਂ ਨੂੰ ਜਰ ਜਾਣ ਵਾਲਾ ਹੁੰਦਾ ਹੈ ਅਤੇ ਚੰਗਿਆਈਆਂ ਨੂੰ ਅੰਦਰ ਨਿਘਾਰ ਜਾਣ ਵਾਲਾ ਹੁੰਦਾ ਹੈ। ਅਧ-ਮੁੰਦੇ ਨੈਣਾਂ ਦੀ ਮਸਤੀ ਤੇ ਇਕ ਮੁਸਕਣੀ ਦੀ ਨਿਕੀ ਨੰਨ੍ਹੀ ਲੋਅ ਹੀ ਪ੍ਰੇਮ ਦੇ ਜਾਣੂੰਆਂ ਨੂੰ ਖੀਵੀ ਕਰ ਦੇਣ ਲਈ ਕਾਫ਼ੀ ਹੁੰਦੀ ਹੈ। ਗੁਰੂ ਨਾਨਕ ਇਸ ਵਿਸ਼ੇ ਉਤੇ ਕੀਤੇ ਗਏ ਸਭ ਵਿਚਾਰਾਂ ਤੇ ਬੁਧੀਕਰਨ ਨੂੰ ਫੋਟਕ ਤੇ ਮੁਰਦਾ ਦਸਦੇ ਹਨ। ਜਿੰਨਾਂ ਚਿਰ ਤਕ ਮਨੁੱਖ ਦੇ ਅੰਦਰ ਆਤਮਾ ਦੀ ਇਹ ਮਹਾਨ ਭਿੰਨੀ ਮਹਿਕ ਨਹੀਂ ਆਉਂਦੀ, ਉਨਾਂ ਚਿਰ ਤਕ ਆਪ ਸਾਰੇ ਜੀਵਨ ਦੇ ਵਰਤਾਰੇ ਨੂੰ ਜਲਣ ਬਲਣ ਦੀ ਪ੍ਰਕ੍ਰਿਆ ਹੀ ਦਸਦੇ ਹਨ।

ਗੁਰੂ ਨਾਨਕ ਸਾਹਿਬ ਨਾਮ ਨੂੰ ਆਤਮਕ ਹਸਤੀ ਮੰਨਦੇ ਹਨ ਤੇ ਉਹਨਾਂ ਦਾ ਫੁਰਮਾਨ ਹੈ ਕਿ "ਨਾਮ ਸਿਮਰਨ ਨਾਲ, ਇਸ ਵਿਚ ਰੱਤੇ ਜਾਣ ਨਾਲ, ਇਸ ਦਾ ਸਾਖਿਆਤ ਸਰੂਪ ਹੋ ਜਾਣ ਨਾਲ ਪ੍ਰਾਣੀ ਪ੍ਰਭੂ ਸਮਾਨ ਹੋ ਜਾਂਦਾ ਹੈ।" ਆਪ ਤਾਂ ਇਥੋਂ ਤਕ ਕਹਿ ਦਿੰਦੇ ਹਨ ਕਿ ਸ਼ਬਦ ਵਿਚ ਵੀ ਪ੍ਰਭੂ ਹਾਜ਼ਰ ਨਾਜ਼ਰ ਹੈ। ਬਾਣੀ ਦੇ ਸ਼ਬਦ ਵਿਚ ਵੀ ਇਸ ਦਾ ਨਿਰੰਤਰ ਦੁਹਰਾਓ ਹੈ ਤੇ ਇਹ ਤਾਂ ਆਤਮਾ ਦੀ ਆਵਾਜ਼ ਹੈ।

> "ਜੇ ਪ੍ਰਭੂ ਦੀ ਉਪਮਾ ਦੇ ਸ਼ਬਦਾਂ ਦੁਆਰਾ ਰਸਨਾ ਸ਼ਹਿਦ-ਅੰਮ੍ਰਿਤ ਨੂੰ ਚਖਦੀ ਹੈ ਤਾਂ ਇਹ ਗੱਲ ਉਸ ਪ੍ਰਾਣੀ ਮਾਤਰ ਨੂੰ ਅਕਾਲ-ਪੁਰਖ ਦੀ ਆਤਮਕ ਹਜ਼ੂਰੀ ਵਿਚ ਲੈ ਜਾਂਦੀ ਹੈ। ਗੁਰੂ ਜੀ ਤਾਂ ਪ੍ਰਭੂ-ਪ੍ਰੀਤਮ ਦੇ ਉਪਮਾ ਦੇ ਗੀਤ ਨੂੰ 'ਵਾਹੁ-ਵਾਹੁ' ਦੇ ਗੁਣ ਗਾਇਨ ਤਕ ਮੰਤਰ ਰੂਪ ਵਿਚ ਲੈ ਆਉਂਦੇ ਹਨ ਤੇ 'ਵਾਹੁ-ਵਾਹੁ' ਨੂੰ ਹੀ ਉਹ ਪ੍ਰਭੂ-ਪ੍ਰੀਤਮ ਦੀ ਮਹਾਨਤਮ ਉਪਮਾ ਦਸਦੇ ਹਨ।"

ਪ੍ਰਭੂ-ਪ੍ਰੀਤਮ ਦੇ ਇਸ 'ਵਾਹੁ-ਵਾਹੁ' ਦੇ ਗਾਇਨ ਨੂੰ ਆਪ ਮੁਹਾਰੇ ਹੀ ਅਨੰਤ ਵਾਰ ਗਾਉਣਾ ਚਾਹੀਦਾ ਹੈ ਜਿਸ ਨਾਲ ਸਾਡੀਆਂ ਡੂੰਘੀਆਂ ਭਾਵਨਾਵਾਂ ਨੂੰ ਸੁਖ ਸ਼ਾਂਤੀ ਪ੍ਰਾਪਤ ਹੁੰਦੀ ਹੈ। ਬੋਲਦਿਆਂ, ਸਾਹ ਲੈਂਦਿਆਂ, ਚਲਦਿਆਂ, ਫਿਰਦਿਆਂ, ਅੱਖੀਆਂ ਦੇ ਝਮਕਦਿਆਂ ਅਤੇ ਦਿਲ ਦੇ ਧੜਕਦਿਆਂ ਇਹ ਪ੍ਰਭੂ-ਗਾਇਨ ਜਾਰੀ ਰਹਿਣਾ ਚਾਹੀਦਾ ਹੈ। ਵਾਸਤਵ ਵਿਚ ਇਹ 'ਵਾਹੁ-ਵਾਹੁ' ਦਾ ਗੁਣ-ਗਾਇਨ ਸਾਡੇ ਨਿਮਨ-ਚੇਤੰਨ ਆਪੇ ਦਾ ਮੁਖ ਕਾਰਜ ਬਣ ਜਾਣਾ ਚਾਹੀਦਾ ਹੈ ਤੇ ਉਦੋਂ ਤਕ ਇਹ ਜਾਰੀ ਰਹਿਣਾ ਚਾਹੀਦਾ ਹੈ ਜਦੋਂ ਤਕ ਕਿ ਇਹ ਸਹਿਜ ਅਰਥਾਤ ਕੁਦਰਤੀ ਰੂਪ ਵਿਚ ਸਾਡੇ ਜੀਵਨ ਦਾ ਅੰਗ ਨਹੀਂ ਬਣ ਜਾਂਦਾ। ਇਸ ਦਾ ਪ੍ਰਵਾਹ ਇਸ ਤਰ੍ਹਾਂ ਮੁਹਾਰੇ ਚਲਣਾ ਚਾਹੀਦਾ ਹੈ ਜਿਵੇਂ ਸਾਡੇ ਸਰੀਰ ਉਤੇ ਕੇਸ ਅਥਵਾ ਰੋਮ ਵਧਦੇ ਹਨ, ਜਿਵੇਂ ਨਾੜੀਆਂ ਵਿਚ ਖ਼ੂਨ ਗੇੜੇ ਲਾਉਂਦਾ ਹੈ, ਜਿਵੇਂ ਦਿਮਾਗ਼ ਦੇ ਤੰਤੂ ਕੰਮ ਕਰਦੇ ਹਨ। ਇਹ ਗੁਣ ਗਾਇਨ ਸਾਡੇ ਜੀਵਨ ਨੂੰ ਭਰਪੂਰਤਾ ਤੇ ਜੀਅ-ਦਾਨ

ਦੇਣ ਵਾਲਾ ਹੈ। ਮਨੁੱਖ ਦਾ ਸਾਰਾ ਜੀਵਨ ਖ਼ੁਸ਼ੀ ਤੇ ਖੇੜੇ ਨਾਲ ਭਰ ਜਾਂਦਾ ਹੈ ਅਤੇ ਉਸ ਵਿਅਕਤੀ ਦੀਆਂ ਅਰਦਾਸਾਂ ਦਾ ਚਾਨਣ-ਪ੍ਰਵਾਹ ਸਾਧਾਰਨ ਮਨੁੱਖ ਵਾਂਗ ਕੰਮ ਧੰਦਾ ਕਰਦਿਆਂ, ਕਿਰਤ-ਕਮਾਈ ਕਰਦਿਆਂ ਤੇ ਜੀਵਨ ਦੇ ਸਾਧਾਰਨ ਕਾਰ-ਵਿਹਾਰ ਵਿਚ ਵੀ ਲਗਾਤਾਰ ਚਲਦਾ ਰਹਿੰਦਾ ਹੈ। ਜੀਵਨ ਦੀ ਇਹ ਜੀਵਤ ਪ੍ਰਗੀਤਕ ਅਵਸਥਾ, ਮਨੁੱਖ ਦੇ ਸਰੀਰ ਤੇ ਆਤਮਾ ਵਿਚ ਇਸ ਜੀਵਨ ਦੀ ਕਾਵਿਮਈ ਭਾਵਨਾ ਦਾ ਸੰਚਾਰ ਮਨੁੱਖ ਦੇ ਸਮੁਚੇ ਦ੍ਰਿਸ਼ਟੀਕੋਣ ਨੂੰ ਸੁਰਾਂਗਲਾ ਬਣਾ ਦਿੰਦਾ ਹੈ ਅਤੇ ਮਨੁੱਖ ਦੀ ਆਤਮਾ ਪ੍ਰਭੂ-ਪ੍ਰੀਤਮ ਦੇ ਹੋਠਾਂ ਦੀ ਯਾਕੂਤੀ ਲਾਲੀ ਨਾਲ ਚਲੂਲੇ ਰੰਗ ਵਿਚ ਰੰਗੀ ਜਾਂਦੀ ਹੈ—ਇਸੇ ਨੂੰ ਹੀ ਗੁਰੂ ਦੀ ਆਤਮਕ ਜੀਵਨ ਦੀ ਸੰਗਿਆ ਦਿੰਦੇ ਹਨ। ਪ੍ਰਭੂ ਦੇ ਨਾਮ ਸਿਮਰਨ ਦੀ ਇਹ ਪ੍ਰਕ੍ਰਿਆ ਗੁਰੂ ਦੇ ਗੁਰਧਾਮਾਂ ਤੇ ਉਹਨਾਂ ਸੰਤ-ਪੁਰਸ਼ਾਂ ਵਲੋਂ ਮਿਲਣ ਵਾਲੀ ਪ੍ਰੇਰਨਾ ਦੀ ਅਣਹੋਂਦ ਵਿਚ ਅਸੰਭਵ ਹੈ। ਇਹਨਾਂ ਸੰਤ-ਮਹਾਂਪੁਰਸ਼ਾਂ ਤੇ ਗੁਰਮੁਖਾਂ ਨੂੰ ਗੁਰੂ ਵਲੋਂ ਇਸ ਨਾਮ ਧਨ ਨੂੰ ਅਗੇ ਵੰਡਣ ਦੀ ਆਗਿਆ ਅਰਥਾਤ ਅਧਿਕਾਰ ਮਿਲਿਆ ਹੋਇਆ ਹੈ। ਹਜ਼ਰਤ ਈਸਾ ਨੇ ਵੀ ਆਪਣੇ ਵਿਸ਼ੇਸ਼ ਚੇਲਿਆਂ ਨੂੰ ਅਜਿਹੀ ਖ਼ਮੀਰ ਵਰਗੀ ਵਸਤੂ ਨੂੰ ਅਗੇ ਹੋਰਾਂ ਨੂੰ ਪ੍ਰਦਾਨ ਕਰਕੇ ਉਹਨਾਂ ਵਿਚ ਆਤਮਕ ਪ੍ਰੇਰਨਾ ਜਗਾਉਣ ਦਾ ਅਧਿਕਾਰ ਦਿਤਾ ਹੋਇਆ ਸੀ। ਇਹ ਭਾਵਾਵੇਸ਼ ਅਥਵਾ ਪ੍ਰੇਰਨਾ ਦੀ ਘੜੀ ਇੰਜ ਕਦੀ ਕਦਾਈਂ ਆਉਣ ਵਾਲੀ ਹੁੰਦੀ ਹੈ। ਇਸ ਦਾ ਮਨੁੱਖ ਵਿਚ ਮੌਤ ਸਮਾਨ ਆ ਜਾਣਾ ਯਕੀਨੀ ਵੀ ਹੁੰਦਾ ਹੈ ਤੇ ਗ਼ੈਰ-ਯਕੀਨੀ ਵੀ। ਇਸ ਦਾ ਗ਼ੈਰ-ਯਕੀਨੀ ਹੋਣਾ ਕੇਵਲ ਦੇਵ-ਨੇਤ ਦੀ ਗੱਲ ਨਹੀਂ ਹੁੰਦੀ, ਸਗੋਂ ਪੂਰਨਤਾ ਦੇ ਨਿਸ਼ਚਿਤ ਪਰ ਨਾ ਜਾਣੇ ਜਾਣ ਵਾਲੇ ਸਮੇਂ ਕਰਕੇ ਹੁੰਦੀ ਹੈ। ਇਹ ਨਛੱਤਰੀ ਘੜੀ ਹਰ ਵਸਤੂ ਉਤੇ ਆਉਂਦੀ ਹੈ, ਪਰ ਗੁਰੂ ਜੀ ਆਖਦੇ ਹਨ, ''ਇਹ ਕਦੋਂ ਆਵੇਗੀ, ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ।''

ਪ੍ਰੇਮ ਤਦੋਂ ਨਿਰਜਿੰਦ ਵਸਤੂ ਬਣ ਜਾਂਦਾ ਹੈ ਜਦੋਂ ਇਹ ਆਪਣੀ ਉਸ ਪ੍ਰਕਾਸ਼ ਦੀ ਜੋਤੀ ਨੂੰ ਨਸ਼ਟ ਕਰ ਦਿੰਦਾ ਅਤੇ ਇਸ ਨੂੰ ਖਿੰਡਾ ਦਿੰਦਾ ਹੈ ਜਿਸ ਦੇ ਭਾਵਾਵੇਸ਼ਾਂ ਦਾ ਉਥਾਨ ਇਸ ਦੀਆਂ ਉਦਾਤ-ਉਡਾਰੀਆਂ ਅਤੇ ਆਤਮਾ ਵਿਚ ਪਰਮਾਨੰਦ ਦਾ ਅਨੁਭਵ ਜੀਵਨ ਨੂੰ ਹੁਲਾਰਾ ਬਖ਼ਸ਼ਦਾ ਹੈ। ਦਾਂਤੇ, ਬੀਟਰਸ ਦੀ ਯਾਦ ਵਿਚ ਰੱਤਾ ਰਹਿੰਦਾ ਸੀ ਜਿਸ ਦਾ ਪ੍ਰੇਮ ਉਸ ਦੀ ਆਤਮਾ ਦਾ ਸੰਚਾਲਕ ਸੀ। ਦਾਂਤੇ ਦੀ ਜਿਹੜੀ 'ਮੈਂ' (ਆਪਾ) ਉਦਾਸੀ ਨਾਲ ਵਿੰਨ੍ਹੀ ਹੋਈ ਸੀ, ਉਹ ਵਾਸਤਵ ਵਿਚ ਸਿਮਰਨ ਦਾ ਹੀ ਇਕ ਪੱਖ ਸੀ। ਜੇ ਦਾਂਤੇ ਦੀਆਂ ਮਨ ਦੀਆਂ ਅੰਦਰਲੀਆਂ ਅੱਖਾਂ ਵਿਚ ਉਸ ਦੀ ਪ੍ਰੇਮਿਕਾ ਬੀਟਰਸ ਦਾ ਚਿਤਰ ਧੁੰਦਲਾ ਪੈ ਜਾਂਦਾ ਤਾਂ ਉਸ ਲਈ ਦੇਵ ਲੋਕ ਦੇ ਫ਼ਰਿਸ਼ਤੇ ਵੀ ਅੰਧਕਾਰ ਵਿਚ ਗੁੰਮ ਹੋ ਜਾਂਦੇ ਸਨ। ਇਸ ਦੇ ਬਾਵਜੂਦ ਦਾਂਤੇ ਨੇ ਜੇਮਾ ਨਾਲ ਸ਼ਾਦੀ ਕੀਤੀ। ਉਸ ਦਾ ਸਾਰਾ ਜੀਵਨ ਹੀ ਆਪਣੀ ਪ੍ਰੇਮਿਕਾ ਦੀ ਯਾਦ ਵਿਚ ਕਵਿਤਾ ਦਾ ਸਾਕਾਰ ਸਰੂਪ ਬਣ ਗਿਆ ਹੈ। ਅਧ-ਮੁੰਦੇ ਨੈਣ, ਭਖ਼ਦੇ ਰੁਖ਼ਸਾਰ, ਸਾਰੇ ਵਜੂਦ ਨੂੰ ਕੰਬਾ ਦੇਣ ਵਾਲੀ ਤਰੰਗ ਸੁਖਦਾਈ ਭਾਵਨਾ ਨਾਲ ਰੋਮਾਂ ਨੂੰ ਥਰਥਰਾ ਦੇਣ ਵਾਲੀ ਮਿੱਠੀ ਕੰਬਣੀ,

ਸਾਰੇ ਸਰੀਰ ਦਾ ਪੀੜਾ ਵਿਚ ਗ੍ਰਸਿਆ ਹੋਣਾ, ਦਿਲ ਤੋਂ ਦਿਮਾਗ਼ ਤਕ ਖ਼ੂਨ ਦਾ ਰੋੜਾ ਅਤੇ ਪ੍ਰੇਮ ਦੇ ਪੀੜ ਤੇ ਅਨੰਦ ਦੇ ਮਨੋਭਾਵਾਂ ਵਿਚ ਭਿਜ ਜਾਣਾ ਆਦਿ ਇਹੋ ਹੀ ਹੈ। ਉਸ ਭਗਤ ਦੇ ਬੁੱਤ ਦਾ ਸਰੂਪ, ਜੋ ਗੁਰੂ ਗਰੰਥ ਸਾਹਿਬ ਦੇ ਪੰਨਿਆਂ ਉਤੇ ਸਿਰਜਿਆ ਗਿਆ ਹੈ। ਇਹ ਤਾਂ ਆਪਣੀਆਂ ਹੀ ਭਾਵਨਾਵਾਂ ਨਾਲ ਮਖ਼ਮੂਰ ਹੈ। ਪ੍ਰੇਮ ਦੇ ਨਿਰੰਤਰ ਉਥਾਨ ਵਿਚ ਇਹ ਸਾਖਿਆਤ ਸੁੰਦਰਤਾ ਹੀ ਤਾਂ ਹੈ। ਭਗਤ ਅਰਥਾਤ ਜਿਗਿਆਸੂ ਦੀ ਕਾਇਆ-ਕਲਪ ਇਸਤਰੀ ਤੇ ਪੁਰਸ਼ ਦੇ ਪ੍ਰੇਮ ਉਦਗਾਰਾਂ ਦੀ ਹੀ ਵਿਥਿਆ ਹੈ, ਜੋ ਇਕ ਤਰ੍ਹਾਂ ਨਾਲ ਪ੍ਰਭੂ ਦੀ ਹੀ ਵਿਆਖਿਆ ਹੈ ਜੋ ਇਕ ਤਰ੍ਹਾਂ ਨਾਲ ਪ੍ਰਭੂ ਦੀ ਕਿਰਪਾ ਤੇ ਪ੍ਰਸਾਦਿ ਦਾ ਕਰਮ ਹੀ ਹੁੰਦਾ ਹੈ। ਪ੍ਰੇਮ ਤਾਂ ਭਾਰੀ ਬੰਧਨਾਂ ਵਿਚ ਕੈਦ ਆਤਮਾ ਨੂੰ ਮੁਕਤੀ ਦਿਵਾਉਣ ਵਾਲਾ ਹੈ, ਇਸੇ ਦੇ ਕਾਰਨ ਹੀ ਆਤਮਾ ਸੁਤੰਤਰ ਹੁੰਦੀ ਹੈ। ਪ੍ਰੇਮ ਸੰਪੂਰਨ ਰੂਪ ਵਿਚ ਆਤਮਕ ਵਥ ਹੈ। ਵਿਗਿਆਨਕ ਲਭਤਾਂ ਦੇ ਮੂਲ ਸਿਧਾਂਤਾਂ ਬਾਰੇ ਭਾਵੇਂ ਉਹ ਕੁਝ ਵੀ ਕਹਿੰਦੇ ਹੋਣ, ਪਰ ਬਿਜਲਾਣੂ-ਤਰੰਗ ਦੇ ਉਪਰ ਵੀ ਇਕ ਹੋਰ ਦੈਵੀ-ਮਨੁੱਖੀ ਤਰੰਗ ਹੈ ਜਿਹੜੀ ਆਪਣੀ ਛੁਹ ਮਾਤਰ ਨਾਲ ਵਰਦਾਨ ਬਖ਼ਸ਼ਦੀ ਹੈ। ਵਿਚਾਰਾਂ ਦੇ ਬੋਝ ਨੂੰ ਦੂਰ ਕਰਕੇ ਕਿਸੇ ਵਿਅਕਤੀ ਨੂੰ ਅਸਰੀਰੀ, ਭਰਪੂਰ, ਮਸਤੀ ਵਿਚ ਖੀਵਾ, ਫੁਰਤੀਲਾ ਅਤੇ ਪ੍ਰਭੂ ਸਮਾਨ ਬਣਾ ਦਿੰਦੀ ਹੈ। ਗੁਰੂ ਸਾਹਿਬ ਨੇ ਗੁਰੂ ਗਰੰਥ ਸਾਹਿਬ ਵਿਚ ਆਤਮਾ ਦੀਆਂ ਇਹਨਾਂ ਤਰੰਗਾਂ ਬਾਰੇ ਪੂਰਨ ਯਥਾਰਥਵਾਦੀ ਰੂਪ ਵਿਚ ਕਥਨ ਕੀਤਾ ਹੈ, ਜੋ ਮਨੁੱਖਾਂ ਤੇ ਪ੍ਰਕ੍ਰਿਤੀ ਦੋਹਾਂ ਵਿਚਕਾਰ ਹੀ ਚਲ ਰਹੀਆਂ ਹਨ। ਗੁਰੂ ਸਾਹਿਬ ਦੇ ਇਸ ਕਥਨ ਦੀ ਪੁਸ਼ਟੀ ਵਿਚ ਉਹੋ ਵਿਅਕਤੀ ਹੀ ਇਸ ਦੇ ਮੂਲ ਤੱਤਾਂ ਬਾਰੇ ਕੁਝ ਕਹਿ ਸਕਦੇ ਹਨ, ਜਿਨ੍ਹਾਂ ਨੂੰ ਇਹਨਾਂ ਦਾ ਸਾਖਿਆਤ ਅਨੁਭਵ ਪ੍ਰਾਪਤ ਹੋ ਚੁਕਾ ਹੈ। ਹੋਰ ਕੋਈ ਵੀ ਇਸ ਦੀ ਪੁਸ਼ਟੀ ਨਹੀਂ ਕਰ ਸਕਦਾ। ਅਸੀਂ ਇਹਨਾਂ ਦੈਵੀ ਮਾਨਵੀ-ਤਰੰਗਾਂ ਬਾਰੇ ਪ੍ਰਭੂ ਯਸੂ-ਮਸੀਹ ਦੇ ਜੀਵਨ ਸਮਾਚਾਰਾਂ ਤੋਂ ਜਾਣੂੰ ਹੋ ਸਕਦੇ ਹਾਂ। ਆਪ ਦੇ ਕਿਰਪਾ-ਕਟਾਖ਼ ਦੁਆਰਾ ਮਾਹੀਗੀਰਾਂ ਦਾ ਫ਼ਰਿਸ਼ਤਿਆਂ ਦੇ ਰੂਪ ਵਿਚ ਆਤਮਕ ਰੂਪਾਂਤਰਨ ਹੋ ਗਿਆ ਸੀ। ਇਸ ਵਰਤਾਰੇ ਨੂੰ ਪ੍ਰਸਾਦਿ-ਕਰਮ ਹੀ ਮੰਨਿਆ ਜਾਵੇਗਾ ਕਿਉਂਜੋ ਇਹ ਕਿਸੇ ਵਿਅਕਤੀ ਨੂੰ ਆਪਣੀ ਬੌਧਿਕ ਚਤੁਰਤਾ ਤੇ ਦਾਨਸ਼ਮੰਦੀ ਦੁਆਰਾ ਵਸੀਕਾਰ ਕਰਨ ਤੋਂ ਬੜੀ ਵਖਰੀ ਗੱਲ ਹੁੰਦੀ ਹੈ। ਮਨੁੱਖ ਦਾ ਭਵਿੱਖਾਰਥੀ ਵਿਕਾਸ ਹੀ ਕੇਵਲ ਗੁਰੂ ਸਾਹਿਬ ਦੀ ਇਸ ਕਰਾਮਾਤ ਦੀ ਸ਼ਾਹਦੀ ਭਰੇਗਾ, ਪਰ ਇਹ ਉਸ ਦਿਨ ਹੋਵੇਗਾ ਜੱਦੋਂ ਮਨੁੱਖ ਨੂੰ ਪ੍ਰਭੂ ਦਾ ਸਾਖਿਆਤ ਅਨੁਭਵ ਪ੍ਰਾਪਤ ਹੋ ਜਾਵੇਗਾ। ਹੁਣ ਤਾਂ ਵਰਤਮਾਨ ਸਮੇਂ ਅਸੀਂ ਸਥੂਲ ਰੂਪ ਵਿਚ ਇਹੋ ਹੀ ਕਹਿ ਸਕਦੇ ਹਾਂ ਕਿ ਪ੍ਰਮਾਤਮਾ ਇਕ ਸਜੀਵ ਤਰੰਗ ਹੈ, ਜੋ ਆਪਣੇ ਹੀ ਨੇਮ ਦੁਆਰਾ ਹਰ ਰੂਪ ਜਾਂ ਆਕਾਰ ਵਿਚ ਸਾਕਾਰ ਹੋ ਰਹੀ ਜਾਂ ਚਲ ਰਹੀ ਹੈ ਅਤੇ ਇਸ ਦਾ ਸਭ ਤੋਂ ਵਧੀਆ ਪ੍ਰਗਟਾਉ 'ਗੁਰਮੁਖ' ਦੀ ਅਵਸਥਾ ਵਿਚ ਹੁੰਦਾ ਹੈ। ਇਸ ਦੀ ਕੁਝ ਝਲਕ ਕਾਰਲਾਇਲ ਦੇ 'ਕਲਾਧਾਰੀ ਪੁਰਖ' ਵਿਚੋਂ ਵੀ ਮਿਲ ਸਕਦੀ ਹੈ। ਅਜਿਹੇ ਮਹਾਂਪੁਰਖ ਤੋਂ ਬਿਨਾਂ ਇਹ ਮਨੁੱਖ

ਆਤਮਾ ਵਿਚ ਪ੍ਰਵੇਸ਼ ਨਹੀਂ ਕਰ ਸਕਦੀ। ਪ੍ਰਭੂ ਤਾਂ ਆਪ ਇਕ ਜੀਵਨ ਹੈ, ਜੇ ਰੂਪ ਵਿਚ ਪ੍ਰਭੂ ਗੁਰਬਾਣੀ ਦੇ ਸ਼ਬਦਾਂ (ਗੀਤਾਂ) ਵਿਚ ਦੈਵੀ ਜੀਵਨ ਦੇ ਰੂਪ ਤ ਮੌਜੂਦ ਹੈ।

ਸਰੀਰਕ ਤੇ ਮਾਨਸਿਕ ਵਾਤਾਵਰਨ ਵਿਚ ਪ੍ਰੇਮ ਦੇ ਸੰਘਰਸ਼ ਕਰਦਿਆਂ ਤਆਂ ਜਿਹੜਾ ਗੰਦ-ਮੰਦ ਉਸ ਦੇ ਆਲੇ-ਦੁਆਲੇ ਇਕੱਠਾ ਹੋ ਜਾਂਦਾ ਹੈ, ਉਹ ਤਾ ਪ੍ਰਭੂ-ਪ੍ਰੀਤਮ ਦੀ ਛੁਹ ਅਤੇ ਗੁਰੂ ਦੇ ਪ੍ਰੇਮ ਦੀ ਪ੍ਰਸੰਨਤਾ ਦੁਆਰਾ ਹੀ ਧੋਤਾ ਣਾ ਹੈ। ਗੁਰਮੁਖ ਦਾ ਹਿਰਦਾ ਤਾਂ ਪ੍ਰਭੂ ਦਾ ਹਿਰਦਾ ਹੀ ਹੁੰਦਾ ਹੈ। ਗੁਰਮੁਖ ਪ੍ਰੇਮ ਤਾਂ ਪੂਰਨ ਪੁਰਖਾਂ ਵਾਲਾ ਪ੍ਰੇਮ ਹੁੰਦਾ ਹੈ ਜੋ ਪਰਲੋਕ ਅਰਥਾਤ ਮ੍ਰਿਤ-ਲ ਤੋਂ ਪਰੇ ਅਦ੍ਰਿਸ਼ਟ-ਮੰਡਲ ਦੇ ਵਾਸੀ ਹੁੰਦੇ ਹਨ। ਜਿਥੇ ਸਤਵਾਦੀ (ਨੈਤਿਕ) ਤਸ਼ਾਹਤ ਵਿਚ ਮਨੁੱਖਤਾ ਦੇ ਰੱਖਿਅਕ ਨਿਵਾਸ ਕਰਦੇ ਹਨ। ਗੁਰੂ ਸਾਹਿਬ ਇਸ ਰੇਰੇ ਮੰਡਲ ਦਾ ਵਰਣਨ ਬਾਹਰਮੁਖੀ ਤੇ ਸਪਸ਼ਟ ਭਾਸ਼ਾ ਵਿਚ ਨਹੀਂ ਕਰਦੇ ਉਂਜੋ ਇਸ ਤਰ੍ਹਾਂ ਕਰਨ ਨਾਲ ਸਾਰਾ ਵਰਣਨ ਵਹਿਮ-ਭਰਮ ਜਿਹਾ ਪ੍ਰਤੀਤ ਹੋਗਾ। ਪਰ ਆਪ 'ਜਪੁਜੀ' ਤੇ 'ਗੁਰੂ ਗਰੰਥ ਸਾਹਿਬ' ਵਿਚ ਇਹ ਉਲੇਖ ਰਦੇ ਹਨ ਕਿ ਅਜਿਹਾ ਰੱਖਿਅਕ ਮੰਡਲ ਮੌਜੂਦ ਹੈ। ਆਪ ਆਧੁਨਿਕ ਅਕਤੀਆਂ ਦੀ ਨਿਰਾਰਥਕ ਉਤਸੁਕਤਾ ਵਲੋਂ ਬੇਧਿਆਨ ਹੋ ਜਾਂਦੇ ਹਨ ਤੇ ਹੋ ਨੇ ਮੰਡਲਾਂ, ਜਿਥੇ ਪਿਤਰਾਂ ਦੀਆਂ ਮ੍ਰਿਤਕ ਰੂਹਾਂ ਨਿਵਾਸ ਕਰਦੀਆਂ ਹਨ, ਨੂੰ ਅਖੋਂ ਪਰੋਖੇ ਕਰ ਦਿੰਦੇ ਹਨ। ਇਹਨਾਂ ਅਦ੍ਰਿਸ਼ਟ ਮੰਡਲਾਂ ਤੋਂ ਜਿਹੜੀ ਦੈਵੀ-ਨਾ ਦੀ ਅੰਬਰੀ-ਕਾਂਗ ਪੈਦਾ ਹੁੰਦੀ ਹੈ, ਗੁਰਮੁਖ ਤਾਂ ਉਸ ਦੇ ਵਾਹਨ ਮਾਤਰ ਦੇ ਹਨ। ਕਾਇਆ-ਕਲਪ ਹੋ ਚੁਕੇ ਵਿਅਕਤੀ ਪਦਾਰਥਕ ਖਿਚਾਂ ਦੀ ਗੁਰਤਾ-ਕਰਸ਼ਣ ਤੋਂ ਉਪਰ ਵਿਚਰਦੇ ਹਨ ਅਤੇ ਉਹ ਉਹਨਾਂ ਕਾਮਨਾਵਾਂ ਤੋਂ ਉਪਰ ਹ ਜਾਂਦੇ ਹਨ, ਜਿਨ੍ਹਾਂ ਵਿਚ ਕਿ ਆਮ ਕਰਕੇ ਉਹ ਲੋਕ ਜਿਹੜੇ ਹਾਲੀਂ ਧਰਤ ਆਂ ਖਿਚਾਂ ਦੇ ਜਕੜ ਕਾਰਨ ਛਾਥੇ ਹੁੰਦੇ ਹਨ, ਪਰ ਮਾਨਸਿਕ ਤੌਰ 'ਤੇ ਉਹ ਦੂਤੀ ਰੂਪ ਵਿਚ ਪ੍ਰਭੂ ਦੇ ਸੰਤ-ਜਨ ਅਤੇ ਗੁਰੂ ਦੇ ਸੇਵਕ ਹੁੰਦੇ ਹਨ। ਜੇ ਇਆ-ਕਲਪ ਹੋ ਚੁਕੇ ਵਿਅਕਤੀ ਦੇ ਰਾਹ ਵਿਚ ਮਨਸਾ-ਤ੍ਰਿਸ਼ਨਾ ਦੀ ਤਰੰਗ ਠਦੀ ਵੀ ਹੈ ਤਾਂ ਇਸ ਦਾ ਇਕ ਕਾਰਨ ਇਹ ਵੀ ਹੈ ਕਿ ਹਰ ਕੋਈ ਗੁਰੂ ਨਕ ਤੇ ਬੁਧ ਨਹੀਂ ਹੋ ਸਕਦਾ, ਜਿਨ੍ਹਾਂ ਨੇ ਕਿ ਮਾਇਆ ਨੂੰ ਜਿਤ ਲਿਆ ਸੀ। ਹ ਲਹਿਰਾਂ ਆਤਮਾ ਦੀਆਂ ਬਿਜਲੀ ਤਰੰਗਾਂ ਦੀ ਲਚਕ ਕਾਰਨ ਸਿਮਰਨ ਵਾਲੇ ਤ-ਪੁਰਸ਼ਾਂ ਦੇ ਹਿਰਦੇ ਵਿਚ ਉਤਪੰਨ ਹੁੰਦੀਆਂ ਹਨ ਜੋ ਉਹਨਾਂ ਨੂੰ ਮੋੜਵੇਂ ਰੂਪ ਚ ਪਰਤ ਤੋਂ ਉਚੇਰੇ ਤੋਂ ਉਚੇਰਾ ਉਠਣ ਦਾ ਕੰਮ ਕਰਦੀਆਂ ਹਨ। ਅਜਿਹੇ ਅਕਤੀ ਲੱਖਾਂ ਵਿਚੋਂ ਇਕ ਹਨ, ਸਗੋਂ ਕਰੋੜਾਂ ਵਿਚੋਂ ਇਕ ਹਨ। ਅਜਿਹੇ ਅਕਤੀ ਸਚਮੁਚ ਬੜੇ ਵਿਰਲੇ ਹਨ ਜਿਨ੍ਹਾਂ ਨੇ ਪ੍ਰੇਮ ਦੀ ਆਤਮਕਤਾ ਨੂੰ ਪ੍ਰਾਪਤ ਤ ਲਿਆ ਹੈ। ਅਜਿਹੇ ਪੁਰਖ ਆਮ ਲੋਕਾਂ ਵਿਚੋਂ ਨਹੀਂ ਹੁੰਦੇ ਅਤੇ ਨਾ ਹੀ ਇਥੇ ਸ ਲੋਕ ਵਿਚ ਤੇ ਨਾ ਪਰਲੋਕ ਵਿਚ।

ਜੋ ਜੀਵਨ ਦੀਆਂ ਸੱਚੀਆਂ ਆਤਮਕ ਤੇ ਸੁਹਜਾਤਮਕ ਖ਼ੁਸ਼ੀਆਂ ਦਾ

ਪ੍ਰਗਟਾ ਕਰਦੇ ਹਨ ਅਤੇ ਪ੍ਰੇਮ ਦੇ ਨਾਂ ਥੱਲੇ ਅਤਿ ਦਾ ਹਠ-ਯੋਗ ਕਰਦੇ ਹਨ
ਗੁਰੂ ਸਾਹਿਬ ਇਸ ਨੂੰ ਦੈਵੀ-ਸਤਾ ਪ੍ਰਤੀ ਠੀਕ ਪ੍ਰਵਿਰਤੀ ਨਹੀਂ ਮੰਨਦੇ। ਇ
ਮਨੁੱਖੀ ਸੁਭਾ ਦੇ ਪ੍ਰਤੀਕੂਲ ਹੈ ਤੇ ਜੀਵਨ ਦੇ ਕੁਦਰਤੀ ਆਪ-ਮੁਹਾਰੀ ਸੰਤੁਲਿ
ਧੀਰੇ-ਧੀਰੇ ਪ੍ਰਗਤੀ ਕਰਨ ਵਾਲੀ ਅਤੇ ਸਹਿਜ-ਵਿਕਾਸ ਦੇ ਪ੍ਰਤੀਕੂਲ ਹੈ। ਗੁ
ਜੀ ਦੇ ਪ੍ਰਭਾਵ ਸਦਕਾ ਅਜਿਹੇ ਵਿਅਕਤੀ ਦੀ ਕਾਇਆ-ਕਲਪ ਹੋ ਜਾਂਦੀ ਹੈ ਅ
ਉਸ ਵਿਚ ਪ੍ਰੇਮ ਪੂਰੇ ਵੇਗ ਵਿਚ ਉਤਪੰਨ ਹੋ ਜਾਂਦਾ ਹੈ ਜਿਸ ਦੇ ਫਲਸਰੂਪ ਉ
ਦੀ ਨਬਜ਼ ਵੀ ਕਈ ਵਾਰ ਧੀਮੀ ਪੈ ਜਾਂਦੀ ਹੈ ਤੇ ਜੀਵਨ ਦੀ ਨੀਵੀਂ-ਸਤਾ ਦੀਅ
ਸਾਰੇ ਧੂੰਏਂ ਤੇ ਧੂੰਆਖਾਂ ਖਤਮ ਹੋ ਜਾਂਦੀਆਂ ਹਨ। ਗੁਰੂ ਸਾਹਿਬ ਨੇ ਯੋਗੀਆਂ ਵਾ
ਅਸੰਤੁਲਿਤ ਤਿਆਗ ਦਾ ਖੰਡਨ ਕੀਤਾ ਹੈ। ਸੁੰਨ-ਸਮਾਧੀ ਅਤੇ ਇਸ ਪਿਛੋਂ ਚ
ਤੋਟ ਵਾਲੀ ਮਨੋਦਸ਼ਾ ਵਿਚੋਂ ਲੰਘਣ ਅਤੇ ਇਸ ਨੂੰ ਧਰਮ ਮੰਨ ਲੈਣ ਕਾਰਨ ਗੁ
ਸਾਹਿਬ ਜੈਨ-ਮਤ ਦੇ ਤਿਆਗ ਨੂੰ ਚੰਗਾ ਨਹੀਂ ਸਮਝਦੇ। ਇਸ ਸੰਸਾਰ ਵਿਚ ਕਿ
ਤ੍ਰੀ ਬ੍ਰਹਿਮੰਡ-ਵਿਆਪੀ ਘਟਨਾ ਨੂੰ ਤੱਕਣ ਸਮਾਨ ਸਿੱਖ ਅਤੇ ਗੁਰੂ ਦਾ ਮਿਲਾ
ਅਨੁਪਮ ਤੇ ਅਨੰਦ-ਦਾਇਕ ਸ੍ਰੇਸ਼ਟ ਘਟਨਾ ਹੁੰਦੀ ਹੈ। ਸੱਚਾ ਧਰਮ ਤਾਂ ਪ੍ਰਤਿਭ
ਦਾ ਹੀ ਕਰਤੱਵ ਹੁੰਦਾ ਹੈ ਤੇ ਸਰਬ-ਸਾਧਾਰਨ ਲੋਕਾਂ ਦਾ ਉਸ ਪ੍ਰਤਿਭਾ ਨਾ
ਮੇਲ ਤੋਂ ਜੀਵਨ ਦੇ ਸੰਚਾਲਨ ਵਿਚ ਪ੍ਰੇਰਨਾ ਦੀ ਅੰਬਰੀ-ਕਾਂਗ ਆਉਂਦੀ ਹੈ।

ਮਨੁੱਖ ਤਾਂ ਤਿਤਲੀਆਂ ਫੜਨ ਦਾ ਸ਼ੌਕੀਨ ਹੈ ਅਤੇ ਇਸ ਛਲੇਡੇਹਾ
ਚੰਚਲ ਕੰਬਦੀ ਸੁੰਦਰਤਾ ਨੂੰ ਪਕੜਨ ਦੀ ਲਾਲਸਾ ਵਿਚ ਉਹ ਝਾੜੀ ਝਾੜੀ ਛਾ
ਮਾਰਦਾ ਹੈ। ਉਸ ਦੀ ਇਕੋ ਛੁਹ ਨਾਲ ਤਿਤਲੀ ਦੀ ਸੁੰਦਰਤਾ ਭਸਮ ਹੋ ਜਾਂਦ
ਹੈ। ਸੁੰਦਰਤਾ ਦੀ ਇਹ ਉਤੇਜਨਾ ਬੜੀ ਸ਼ਕਤੀਸ਼ਾਲੀ ਹੁੰਦੀ ਹੈ। ਪਰ ਮਨੁੱ
ਵਿਚਲਾ ਆਵੇਗ ਇਸ ਤੋਂ ਵੀ ਵਧੇਰੇ ਸ਼ਕਤੀਵਰ ਹੁੰਦਾ ਹੈ। ਇਹ ਮਨੁੱਖੀ ਪ੍ਰੇਰਨ
ਉਸ ਨੂੰ ਅੰਤਰੀਵ ਵਿਵੇਕ ਤੇ ਸਿਆਣਪ ਵਲ ਲੈ ਜਾਂਦੀ ਹੈ ਜੋ ਦੂਜਿਆਂ ਦ
ਸੁਤੰਤਰਤਾ ਵਿਚ ਵਿਘਨ ਪਾਉਣ ਦੀ ਥਾਂ ਸੁੰਦਰਤਾ ਨੂੰ ਆਪਣੇ ਅੰਦਰ ਸਮੋ ਲੈ
ਨੂੰ ਵਧੇਰੇ ਚੰਗਾ ਸਮਝਦਾ ਹੈ ਤੇ ਆਪ ਉਸ ਵਿਚ ਲਿਵਲੀਨ ਹੋ ਜਾਂਦਾ ਹੈ
ਇਸ ਪ੍ਰਕਾਰ ਸੁੰਦਰਤਾ ਦੀ ਤੀਬਰ ਸੰਵੇਦਨਸ਼ੀਲਤਾ ਨੂੰ ਨਿਰੰਤਰ ਪ੍ਰਦਾਨ ਕਰ
ਮਨੁੱਖ ਦਾ ਸਾਰਾ ਵਜੂਦ ਤਰੰਗਤ ਹੋ ਜਾਂਦਾ ਹੈ। ਗੁਰੂ ਜੀ ਨੂੰ ਵਿਸ਼ਵਾਸ ਹੈ ਕਿ
ਇਸ ਸੱਚ ਤੋਂ ਜਾਣੂੰ ਮਨੁੱਖ ਸੁੰਦਰਤਾ ਨੂੰ ਕਬਜ਼ੇ ਵਿਚ ਕਰਨ ਦੀ ਤਾਮਸੀ ਪ੍ਰਵਿਰਤ
ਦਾ ਟਾਕਰਾ ਕਰੇਗਾ। ਸਮੱਸਤ ਸੁੰਦਰਤਾ ਤਾਂ ਪ੍ਰਭੂ ਦਾ ਸਰੂਪ ਹੈ। ਇਸ ਤੋਂ ਬਾਹ
ਕੁਝ ਵੀ ਨਹੀਂ ਹੈ। ਭਾਵੇਂ ਇਹ ਸੁੰਦਰਤਾ ਫੁੱਲ ਦੀ ਹੋਵੇ ਜਾਂ ਪੱਤੀ ਦੀ, ਹਿ
ਚੋਟੀ ਦੀ ਹੋਵੇ ਜਾਂ ਵਣਾਂ ਦੀ, ਸੂਰਜ ਦੀ ਜਾਂ ਤਾਰਿਆਂ ਦੀ, ਇਸਤਰੀ ਦੀ ਹੋ
ਜਾਂ ਕਿਸੇ ਫ਼ਰਿਸ਼ਤੇ ਦੀ—ਜਿਹੜੀ ਵਸਤੂ ਵੀ ਸਾਨੂੰ ਖਿਚ ਪਾਉਂਦੀ ਹੈ, ਉ
ਆਤਮਾ ਨੂੰ ਟੁੰਬਦੀ ਜਾਂ ਸੁਪਨ-ਮੰਡਲ ਵਿਚ ਲੈ ਜਾਂਦੀ ਹੈ ਅਤੇ ਉਸ ਨੂੰ ਮਿੱਟ
ਦੇ ਤਨ ਵਿਚੋਂ ਬਾਹਰ ਲੈ ਆਉਂਦੀ ਹੈ। ਉਹ ਮੂਲ ਰੂਪ ਵਿਚ ਸ਼ੁਧ ਆਤਮਾ ਦ
ਸਰਵੋਤਮ ਕਲਪਨਾ ਹੀ ਹੁੰਦੀ ਹੈ। ਸਭ ਪ੍ਰਕਾਰ ਦੀਆਂ ਖਿਚਾਂ ਤੇ ਸੰਵੇਦਨਾਵ
ਸਚਮੁੱਚ ਹੀ ਆਤਮਕ ਸੁਭਾ ਵਾਲੀਆਂ ਹੁੰਦੀਆਂ ਹਨ। ਆਤਮਾ ਬਾਹਰ ਆ ਕੇ

ਸੁੰਦਰਤਾ ਕੋਲ ਪੁਜਦੀ ਹੈ ਤੇ ਸੁੰਦਰਤਾ ਨੂੰ ਆ ਮਿਲਦੀ ਹੈ। ਦੋਹਾਂ ਦਾ ਇਹ ਮੇਲ ਅਸਰੀਰੀ ਰੂਪ ਵਿਚ ਹੁੰਦਾ ਹੈ। ਇਹ ਸੰਜੋਗੀ-ਮੇਲ ਮਨੁੱਖ ਤੋਂ ਬਾਹਰ, ਸੁੰਦਰਤਾ ਦੇ ਖੇਤਰ ਵਿਚ ਤੇ ਆਤਮਾ ਦੇ ਵਿਚਕਾਰ ਕਿਸੇ ਥਾਂ 'ਤੇ ਹੁੰਦਾ ਹੈ। ਇਹ ਸੰਜੋਗ ਉਹ ਬਿੰਦੂ ਹੈ ਜਿਥੇ ਸਰਬ-ਸੁੰਦਰ ਸਰੂਪ ਸੰਵੇਦਨਾ ਵਿਚ ਆ ਜੁੜਦੇ ਹਨ। ਇਸ ਮਿਲਣੀ ਵਿਚ ਸਭ ਦ੍ਰਿਸ਼ਟ ਤੇ ਅਦ੍ਰਿਸ਼ਟ ਸੰਸਾਰ ਆ ਇਕੱਠੇ ਹੁੰਦੇ ਹਨ। ਇਸ ਮੇਲ ਦੇ ਅਨੰਦ ਨੂੰ ਅਨੁਭਵ ਕਰਨ ਦੀ ਲਾਲਸਾ ਤੋਂ ਕੋਈ ਬਚ ਨਹੀਂ ਸਕਦਾ। ਗੁਰੂ ਜੀ ਦਾ ਫੁਰਮਾਨ ਹੈ ਕਿ ''ਇਹ ਮੇਲ ਉਹਨਾਂ ਵਸਤੂਆਂ ਵਾਲਾ ਹੋਣਾ ਚਾਹੀਦਾ ਹੈ ਜੋ ਸਿਮਰਨ ਦੀ ਸਿਰਜਣਾ ਹਨ।'' ਅਰਥਾਤ ਲਗਾਤਾਰ ਯਾਦ ਵਿਚ ਪੀੜਤ ਹਨ। ਇਹ ਸੰਵੇਦਨਾ ਕੇਵਲ ਯਾਦ ਵਿਚ ਹੀ ਨਹੀਂ, ਸਗੋਂ ਇਸ ਦੀ ਤੀਬਰ ਅਨੰਦ-ਵਿਭੋਰ ਅਵਸ਼ਥਾ ਵੀ ਹੁੰਦੀ ਹੈ। ਇਹ ਯਾਦ ਤਾਂ ਸਰੀਰ ਦੇ ਰੋਮ ਰੋਮ ਵਿਚ ਰਚ ਜਾਣੀ ਚਾਹੀਦੀ ਹੈ। ਇਹੋ ਹੀ ਸਿਮਰਨ ਹੈ ਜਿਸ ਦੀ ਯਾਦ ਰੋਮ ਰੋਮ ਵਿਚ ਰਚ ਜਾਂਦੀ ਹੈ। ਇਸੇ ਨੂੰ ਗੁਰੂ ਜੀ ਪ੍ਰੇਮ ਦੀ ਸੰਗਿਆ ਦਿੰਦੇ ਹਨ। ''ਇਸ ਪ੍ਰੇਮ ਦੀ ਤੀਬਰਤਾ, ਵਿਸਥਾਰ ਤੇ ਸੂਖ਼ਮ ਉਥਾਨ ਦੀ ਵੀ ਮਾਤਰਾ ਹੁੰਦੀ ਹੈ।'' ਸਭ ਮਨੁੱਖੀ ਪ੍ਰੇਮ ਸਿਮਰਨ ਦਾ ਹੀ ਪ੍ਰਗਟਾਉ ਹੈ। ਪੋਤੀਫਰ ਦੀ ਪਤਨੀ ਜ਼ੁਲੇਖਾਂ ਦੀ ਯੂਸਫ਼ ਲਈ ਵੇਦਨਾ, ਭਾਵੇਂ ਉਸ ਵਿਚ ਪਦਾਰਥਕ ਖਿਚਾਂ ਦੀਆਂ ਰੋਕਾਂ ਵੀ ਸਨ, ਇਸੇ ਪਵਿੱਤਰ ਮਨੋਵੇਗ ਦੀ ਧਾਰਨੀ ਹੈ। ਇਹ ਉਸ ਤਰ੍ਹਾਂ ਦਾ ਪ੍ਰੇਮ ਸੀ, ਜਿਹੋ ਜਿਹਾ ਅਨੰਦ ਦਾ 'ਬੁੱਧ' ਲਈ ਸੀ ਅਤੇ ਮੇਰੀ ਮੈਗਲੇਨ ਦਾ ਪ੍ਰਭੂ ਯਸੂ ਦੇ ਨਾਲ ਸੀ। ਇਸ ਭਾਵਨਾ ਦੀ ਪਵਿਤਰਤਾ ਅਥਵਾ ਸ਼ੁਧਤਾ ਇਸ ਦੀ ਅਟੁਟ ਲਗਾਤਾਰਤਾ ਵਿਚ ਹੈ। ਇਹ ਨਿਰੰਤਰ ਯਾਦ ਹੀ ਪ੍ਰੇਮ ਹੈ। ਸਿਮਰਨ ਵਿਚ ਕਾਇਆ-ਕਲਪ ਕਰ ਦੇਣ ਵਾਲਾ ਗੁਣ ਹੈ, ਜਿਸ ਦੁਆਰਾ ਸੁਆਰਥ ਆਪਮੁਹਾਰੇ ਹੀ ਨਿਰ-ਸੁਆਰਥ ਵਿਚ ਬਦਲ ਜਾਂਦਾ ਹੈ ਅਤੇ ਸਕਰਮਕ ਨਿਰ-ਸੁਆਰਥ ਉਸ ਆਤਮ-ਬਲੀਦਾਨ ਵਿਚ ਵਟ ਜਾਂਦਾ ਹੈ ਜਿਸ ਦੀ ਕੋਈ ਸੀਮਾ ਨਹੀਂ ਹੈ।

ਗੁਰੂ ਸਾਹਿਬ ਆਪਣੇ ਸਿੱਖਾਂ ਦੇ ਵਿਆਹ ਰਚਾਉਂਦੇ ਹਨ। ਕਈਆਂ ਦੀ ਤਾਂ ਆਪ ਜੀ ਨੇ ਆਪਣੇ ਵਰਦਾਨ ਦੁਆਰਾ ਸ਼ਾਦੀ ਕੀਤੀ। ਪਹਿਲੀ ਵਾਰ ਭਾਰਤ ਦੇ ਧਾਰਮਿਕ ਇਤਿਹਾਸ ਵਿਚ ਇਸਤਰੀ ਨੂੰ ਸਹੀ ਅਰਥਾਂ ਵਿਚ ਸੁਤੰਤਰਤਾ ਪ੍ਰਦਾਨ ਕੀਤੀ ਗਈ ਕਿਉਂ ਜੋ ਗੁਰੂ ਜੀ ਨੇ ਉਹਨਾਂ ਨੂੰ ਆਤਮਾ ਦੀ ਪੂਰਨ-ਸੁਤੰਤਰਤਾ ਬਖ਼ਸ਼ੀ ਹੈ। ਗੁਰੂ ਸਾਹਿਬਾਨ ਨੇ ਇਸਤਰੀ ਜਾਤੀ ਨੂੰ ਬੜੀ ਖੁਲਦਿਲੀ ਨਾਲ ਆਪਣੇ ਸਿੱਖ ਸਮਾਜ ਵਿਚ ਸ਼ਾਮਲ ਹੋਣ ਦੀ ਆਗਿਆ ਦਿਤੀ। ਬੁਧ-ਮਤ ਦੇ ਆਰੰਭਕ ਇਤਿਹਾਸ ਵਿਚ ਕੇਵਲ ਅਨੰਦ ਹੀ ਇਸਤਰੀ ਜਾਤੀ ਦੀ ਸੰਘ ਵਿਚ ਸ਼ਾਮਲ ਕਰਨ ਦੀ ਵਕਾਲਤ ਕਰਦਾ ਹੈ, ਪਰ ਸਿੱਖ ਇਤਿਹਾਸ ਵਿਚ ਇਸਤਰੀਆਂ ਨੂੰ ਇਸ ਦਾ ਨਿਜ-ਅਨੁਭਵ ਸੀ। ਜਦੋਂ ਸਿੱਖ ਗੁਰੂ ਗੋਬਿੰਦ ਸਿੰਘ ਜੀ ਨੂੰ ਬੇਦਾਵਾ ਦੇ ਕੇ ਘਰੀਂ ਪੁਜੇ ਤਾਂ ਸਿੱਖ ਸੁਆਣੀਆਂ ਨੇ ਉਹਨਾਂ ਨੂੰ ਅਪਨਾਉਣ ਤੋਂ ਨਾਂਹ ਕਰ ਦਿਤੀ। ਭੈਣਾਂ ਨੇ ਭਰਾਵਾਂ ਨੂੰ, ਮਾਵਾਂ ਨੇ ਪੁੱਤਰਾਂ ਨੂੰ ਤੇ ਪਤਨੀਆਂ ਨੇ ਪਤੀਆਂ

ਨੂੰ ਮਿਲਣ ਤੋਂ ਇਨਕਾਰ ਕਰ ਦਿਤਾ। ਸਿੱਖ ਸੁਆਣੀਆਂ ਨੇ ਇਹਨਾਂ ਗੁਰੂ ਦੇ ਭਗੌੜਿਆਂ ਲਈ ਆਪਣੇ ਘਰਾਂ ਦੇ ਬੂਹੇ ਬੰਦ ਕਰ ਦਿਤੇ। ਗੁਰੂ ਸਾਹਿਬ ਦੀ ਅਨਿਨ ਭਗਤ ਮਾਈ ਭਾਗੋ ਨੇ ਇਹਨਾਂ ਚਾਲੀ ਸਿੱਖਾਂ (ਮੁਕਤਿਆਂ) ਦੀ ਸ਼ਹੀਦੀ ਪ੍ਰਾਪਤ ਕਰਨ ਲਈ ਅਗਵਾਈ ਕੀਤੀ ਤਾਂ ਜੋ ਇਹਨਾਂ ਵਲੋਂ ਕੀਤੀ ਗਈ ਗੁਰੂ ਜੀ ਪ੍ਰਤੀ ਆਰਜ਼ੀ-ਕੁਤਾਹੀ ਦਾ ਧੋਣਾ ਧੋਤਾ ਜਾ ਸਕੇ। ਇਹਨਾਂ ਸਿੱਖਾਂ ਨੇ ਮਾਈ ਭਾਗੋ ਦੀ ਸਰਪ੍ਰਸਤੀ ਨੂੰ ਪ੍ਰਵਾਨ ਕੀਤਾ। ਇਹਨਾਂ ਨੂੰ ਹੀ ਅਸੀਂ ਚਾਲੀ ਮੁਕਤੇ (ਮੁਕਤਗਾਮੀ ਆਤਮਾਵਾਂ) ਦੇ ਰੂਪ ਵਿਚ ਯਾਦ ਕਰਦੇ ਹਾਂ। ਮਾਈ ਭਾਗੋ ਵੀ ਇਹਨਾਂ ਸਿੰਘਾਂ ਨਾਲ ਸੂਰਬੀਰ ਸੈਨਿਕਾਂ ਵਾਂਗ ਲੜੀ ਸੀ। ਸੁੰਦਰੀ ਸਿੱਖ ਇਸਤਰੀਤਵ ਦੀ ਇਕ ਹੋਰ ਮਿਸਾਲ ਹੈ ਜੋ ਖ਼ਾਲਸੇ ਨਾਲ ਜੰਗਲਾਂ ਵਿਚ ਵੀ ਵਿਚਰਦੀ ਰਹੀ। ਜੋ ਜ਼ਖ਼ਮੀ ਸਿੱਖਾਂ ਦਾ ਇਲਾਜ ਤੇ ਸੇਵਾ-ਸੰਭਾਲ ਕਰਦੀ ਸੀ। ਗੁਰੂ ਨਾਨਕ ਦੇਵ ਜੀ ਦੀ ਭੈਣ ਬੇਬੇ ਨਾਨਕੀ ਆਪ ਦੀ ਸਭ ਤੋਂ ਪਹਿਲਾਂ ਸਿੱਖ ਬਣੀ। ਉਸ ਵਿਚ ਉਹ ਆਤਮਕ ਪ੍ਰਤਿਭਾ ਸੀ ਜੋ ਆਪਣੇ ਭਰਾਤਾ (ਗੁਰੂ ਨਾਨਕ) ਦੇ ਅਵਤਾਰ ਹੋਣ ਨੂੰ ਲਖ ਸਕਦੀ ਸੀ। ਬੇਬੇ ਨਾਨਕੀ ਵਿਚ ਆਤਮਾ ਦੀ ਉਹ ਮਿੱਠਤ ਮੌਜੂਦ ਸੀ ਜੋ ਗੁਰੂ ਨਾਨਕ ਦੇਵ ਜੀ ਨੂੰ ਵਾਰ ਵਾਰ ਘਰ ਪਰਤਣ ਲਈ ਮਜਬੂਰ ਕਰ ਦਿੰਦੀ ਸੀ। ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ ਦੁੱਧ ਰਿੜਕਦੀ ਹੋਈ 'ਜਪੁਜੀ' ਦਾ ਗਾਇਨ ਕਰ ਰਹੀ ਸੀ। ਉਸ ਦੇ ਇਸ ਮਧੁਰ ਉਚਾਰਨ ਨੇ ਅਮਰਦਾਸ ਜੀ ਦੀ ਕਲਪਨਾ ਨੂੰ ਟੁੰਬਿਆ। ਅਮਰਦਾਸ ਜੀ ਬੀਬੀ ਅਮਰੋ ਦੇ ਪਤੀ ਦੇ ਚਾਚੇ ਸਨ ਅਤੇ ਪਿਛੋਂ ਜਾ ਕੇ ਆਪ ਸਿੱਖਾਂ ਦੇ ਤੀਜੇ ਗੁਰੂ ਹੋਏ।

ਇਸਤਰੀ ਦਾ ਆਪਣੇ ਘਰ ਗ੍ਰਹਿਸਥ ਪਤੀ ਪ੍ਰੇਮ ਗੁਰਸਿਖੀ ਦੀ ਆਤਮਾ ਦੇ ਐਨ ਅਨੁਕੂਲ ਹੈ। ਗੁਰੂ ਜੀ ਇਸ ਤੱਥ ਨੂੰ ਪ੍ਰਵਾਨ ਕਰਦੇ ਹਨ ਕਿ ਅਸੀਂ ਮਨੁੱਖ ਪਹਿਲਾਂ ਹਾਂ ਤੇ ਪ੍ਰਭੂ ਪਿਛੋਂ।

ਬਹੁਤ ਸਾਰੇ ਵਿਅਕਤੀ ਗੁਰੂ ਜੀ ਦੀ ਹਜ਼ੂਰੀ ਵਿਚ ਪੁਜਦੇ ਰਹੇ, ਪਰ ਗੁਰੂ ਅੰਗਦ ਦੇਵ ਜੀ ਵਿਚ ਇਹ ਪ੍ਰੇਮ ਅਦੁਤੀ ਪੂਰਨਤਾ ਤਕ ਪੁਜ ਗਿਆ ਸੀ। ਆਪ ਦੀ ਆਤਮਾ ਪਾਰਦਰਸ਼ੀ ਰੂਪ ਵਿਚ ਪਵਿੱਤਰ ਤੇ ਸ਼ੁਧ ਸੀ। ਗੁਰੂ ਅਮਰਦਾਸ ਜੀ ਵਿਚ ਇਹ ਪ੍ਰੇਮ ਦੀ ਭਾਵਨਾ ਪਦਾਰਥਕ ਘੇਰੇ ਤੋਂ ਪੂਰੀ ਤਰ੍ਹਾਂ ਸੁਤੰਤਰ ਹੈ ਅਤੇ ਇਸ ਆਪਣੀ ਪੂਰਨ ਸ਼ਾਨ ਤੇ ਬੇਦਾਗ਼ ਸਰੂਪ ਵਿਚ ਜਗਮਗਾਉਂਦੀ ਹੈ।

ਗੁਰੂ ਅਰਜਨ ਦੇਵ ਜੋ ਸ਼ਬਦ ਦੇ ਮਹਾਨ ਤੇ ਮਧੁਰ ਗਾਇਕ ਸਨ, ਦੀ ਸਤਿਕਾਰਯੋਗ ਮਾਤਾ ਬੀਬੀ ਭਾਨੀ ਜੀ ਨੂੰ ਜਦੋਂ ਉਹ ਬਾਲੜੀ ਅਵਸਥਾ ਵਿਚ ਸਨ, ਇਕ ਸਿੱਖ ਨੇ ਕਾਫੀ ਮਾਇਆ ਭੇਟ ਕਰਨੀ ਚਾਹੀ ਕਿਉਂਜੋ ਉਹਨਾਂ ਦੇ ਸਾਧਾਰਨ ਤੇ ਮੈਲੇ ਬਸਤਰਾਂ ਨੂੰ ਵੇਖ ਕੇ ਉਸ ਵਿਅਕਤੀ ਨੂੰ ਦੁਖ ਹੋਇਆ ਸੀ। ਬੀਬੀ ਭਾਨੀ ਜੀ ਨੇ ਬੜੇ ਸਤਿਕਾਰ ਨਾਲ ਉਸ ਵਿਅਕਤੀ ਦੀ ਭੇਟ ਨੂੰ ਅਸਵੀਕਾਰ ਕਰ ਦਿਤਾ ਤੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚੋਂ ਇਹ ਤੁਕਾਂ ਬੋਲ ਕੇ ਸੁਣਾਈਆਂ :

"ਕੂੜ ਸੋਇਨਾ ਕੂੜ ਰੂਪਾ ਕੂੜ ਪਹਿਨਣਹਾਰ।।"

ਜਦੋਂ ਗੁਰੂ ਰਾਮਦਾਸ ਜੀ ਨੇ ਗੁਰੂ ਅਰਜਨ ਦੇਵ ਜੀ ਨੂੰ ਇਹ ਹੁਕਮ ਕੀਤਾ ਕਿ ਆਪ ਲਾਹੌਰ ਜਾ ਕੇ ਰਹੋ ਤੇ ਉਥੇ ਉਦੋਂ ਤਕ ਟਿਕੋ ਜਦੋਂ ਤਕ ਅਸੀਂ ਤੁਹਾਨੂੰ ਬੁਲਾ ਨਹੀਂ ਭੇਜਦੇ ਤਾਂ ਮਾਤਾ ਭਾਨੀ ਜੀ ਨੇ ਗੁਰੂ ਅਰਜਨ ਦੇਵ ਜੀ ਨੂੰ ਵਿਦਾਇਗੀ ਸਮੇਂ ਇਹ ਅਸੀਸ ਦਿਤੀ ਜਿਸ ਦੇ ਮਨੋਭਾਵਾਂ ਨੂੰ ਗੁਰੂ ਅਰਜਨ ਦੇਵ ਜੀ ਨੇ ਗੁਜਰੀ ਰਾਗ ਦੇ ਇਕ ਸ਼ਬਦ ਵਿਚ ਬੜੇ ਸੁੰਦਰ ਢੰਗ ਨਾਲ ਉਚਾਰਿਆ ਹੈ :

ਗੁਜਰੀ ਮਹਲਾ 5

ਜਿਸੁ ਸਿਮਰਤ ਸਭਿ ਕਿਲਵਿਖ ਨਾਸਹਿ ਪਿਤਰੀ ਹੋਇ ਉਧਾਰੋ।।
ਸੋ ਹਰਿ ਹਰਿ ਤੁਮ ਸਦ ਹੀ ਜਾਪਹੁ ਜਾ ਕਾ ਅੰਤ ਨ ਪਾਰੋ।।1।।
ਪੂਤਾ ਮਾਤਾ ਕੀ ਆਸੀਸ।।
ਨਿਮਖ ਨ ਬਿਸਰਉ ਤੁਮ ਕਉ ਹਰਿ ਹਰਿ ਸਦਾ ਭਜਹੁ ਜਗਦੀਸ।।ਰਹਾਉ।।
ਸਤਿਗੁਰੂ ਤੁਮ ਕਉ ਹੋਇ ਦਇਆਲਾ ਸੰਤ ਸੰਗਿ ਤੇਰੀ ਪ੍ਰੀਤਿ।।
ਕਾਪੜੁ ਪਤਿ ਪਰਮੇਸਰੁ ਰਾਖੀ ਭੋਜਨੁ ਕੀਰਤਨੁ ਨੀਤਿ।।2।।
ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ ਹਰਿ ਸਿਮਰਤ ਅਨੰਦ ਅਨੰਤਾ।।
ਰੰਗ ਤਮਾਸਾ ਪੂਰਨ ਆਸਾ ਕਬਹਿ ਨ ਬਿਆਪੈ ਚਿੰਤਾ।।3।।
ਭਵਰੁ ਤੁਮਾਰਾ ਇਹੁ ਮਨ ਹੋਵਉ ਹਰਿ ਚਰਣਾ ਹੋਹੁ ਕਉਲਾ।।
ਨਾਨਕ ਦਾਸੁ ਉਨ ਸੰਗਿ ਲਪਟਾਇਓ ਜਿਉ ਬੂੰਦਹਿ ਚਾਤ੍ਰਿਕ ਮਉਲਾ।।4।।3।।4।।

(ਗੁਰੂ ਗਰੰਥ ਸਾਹਿਬ, ਪੰਨਾ 496)

ਇਕ ਸਿੱਖ ਯੁਵਤੀ, ਜੋ ਗੁਰੂ ਅਰਜਨ ਦੇਵ ਨੂੰ ਤਸੀਹੇ ਦੇਣ ਵਾਲੇ ਜ਼ਾਲਮ ਚੰਦੂ ਜੋ ਸ਼ਹਿਨਸ਼ਾਹ ਜਹਾਂਗੀਰ ਦਾ ਦੀਵਾਨ ਸੀ, ਦੀ ਨੂੰਹ ਸੀ, ਗੁਰੂ ਅਰਜਨ ਦੇਵ ਜੀ ਨੂੰ ਉਸ ਕਾਲ ਕੋਠੜੀ ਵਿਚ ਆ ਕੇ ਮਿਲਦੀ, ਜਿਥੇ ਆਪ ਜੀ ਨੂੰ ਮ੍ਰਿਤੂ-ਦੰਡ ਦੇਣ ਲਈ ਤਸੀਹੇ ਦਿਤੇ ਜਾ ਰਹੇ ਸਨ ਤੇ ਇੰਜ ਬੇਨਤੀ ਕਰਦੀ ਹੈ, "ਗੁਰੂ ਜੀ ! ਮੈਂ ਤਾਂ ਆਪ ਜੀ ਦੇ ਇਕ ਸਿੱਖ ਦੀ ਸਪੁੱਤਰੀ ਹਾਂ। ਮੈਂ ਮੰਦੇ ਭਾਗਾਂ ਨੂੰ ਇਸ ਜ਼ਾਲਮ ਦੇ ਪੁੱਤਰ ਦੀ ਪਤਨੀ ਦੇ ਰੂਪ ਵਿਚ ਉਹਨਾਂ ਦੇ ਘਰ ਵਿਚ ਰਹਿ ਰਹੀ ਹਾਂ। ਮੈਂ ਤਾਂ ਐਸੀ ਥਾਂ ਵਿਆਹ ਨਹੀਂ ਸੀ ਕਰਵਾਉਣਾ ਚਾਹੁੰਦੀ, ਪਰ ਮੇਰੇ ਕੀਤੇ ਬੁਰੇ ਕਰਮਾਂ ਕਰਕੇ ਸ਼ਾਇਦ ਇਹ ਸੰਜੋਗ ਹੋ ਗਿਆ। ਗੁਰੂ ਜੀ ! ਮੈਂ ਇਸ ਮਿੱਟੀ ਦੇ ਭਾਂਡੇ (ਸਰੀਰ) ਵਿਚ ਹੁਣ ਹੋਰ ਨਹੀਂ ਰਹਿਣਾ ਚਾਹੁੰਦੀ। ਮੈਂ ਆਪ ਜੀ ਦਾ ਇਹ ਕਸ਼ਟ ਜਰ ਨਹੀਂ ਸਕਦੀ। ਆਪ ਜੀ ਨੇ ਕਈ ਦਿਨਾਂ ਤੋਂ ਕੁਝ ਨਹੀਂ ਖਾਧਾ। ਮੈਂ ਆਪ ਜੀ ਲਈ ਸ਼ਰਬਤ ਤੇ ਕੁਝ ਖਾਣ-ਪੀਣ ਦੀਆਂ ਤੁਛ ਵਸਤਾਂ ਲੈ ਕੇ ਆਈ ਹਾਂ। ਕਿਰਪਾ ਕਰਕੇ, ਮੇਰੇ ਤੇ ਮਿਹਰ ਕਰੋ ਤੇ ਮੇਰੀ ਇਹ ਭੇਟ ਸ੍ਵੀਕਾਰ ਕਰੋ। ਗੁਰੂ ਜੀ ! ਮੈਂ ਤੁਹਾਡੇ ਦਾਸਾਂ ਦੀ ਦਾਸੀ ਹਾਂ।" ਗੁਰੂ ਅਰਜਨ ਦੇਵ ਜੀ ਨੇ ਉਸ ਨੂੰ ਅਸ਼ੀਰਵਾਦ ਦਿੱਤੀ ਤੇ ਕਿਹਾ, "ਪੁੱਤਰੀ ! ਤੇਰੀ ਸ਼ਰਧਾ ਬਹੁਤ ਵੱਡੀ ਹੈ। ਤੂੰ ਜਿਵੇਂ ਤੇਰੀ ਮਨੋਕਾਮਨਾ ਹੈ, ਮੇਰੇ ਨਾਲ ਪਰਲੋਕ

ਗਮਨ ਕਰੇਗੀ। ਪਰ ਪੁੱਤਰੀ ! ਮੈਂ ਚੰਦੂ ਦੇ ਘਰ ਦਾ ਕੁਝ ਵੀ ਸੇਵਨ ਨਹੀਂ ਕਰ ਸਕਦਾ। ਪੁੱਤਰੀ ! ਹੁਣ ਜਾਉ ਤੇ ਜਿਹੜੀ ਗੱਲ ਮੈਂ ਤੁਹਾਨੂੰ ਕਹੀ ਹੈ, ਉਸ ਨੂੰ ਕਿਸੇ ਹੋਰ ਨਾਲ ਸਾਂਝੀ ਨਾ ਕਰਨਾ।''

ਮਾਤਾ ਸਾਹਿਬ ਦੇਵਾਂ ਗੁਰੂ ਜੀ ਦੀ ਅਨਿਨ ਭਗਤ ਤੇ ਪੂਰੀ ਤਰ੍ਹਾਂ ਗੁਰੂ ਪ੍ਰਤੀ ਸਮਰਪਿਤ ਇਕ ਮਹਾਨ ਇਸਤਰੀ ਸੀ। ਆਪ ਆਪਣੇ ਆਪ ਨੂੰ ਗੁਰੂ ਜੀ ਦੀ ਉਸੇ ਤਰ੍ਹਾਂ ਪਤਨੀ ਦਸਦੀ ਹੈ ਜਿਵੇਂ ਸੰਤ ਥਰੇਸਾ ਆਪਣੇ ਆਪ ਨੂੰ ਈਸਾ ਜੀ ਦੀ ਪਤਨੀ ਕਹਿੰਦੀ ਹੈ। ਜਦੋਂ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਖੰਡ ਦੀ ਪਾਹੁਲ ਤਿਆਰ ਕਰ ਰਹੇ ਸਨ ਤਾਂ ਉਸ ਅੰਮ੍ਰਿਤ-ਸੰਸਕਾਰ ਸਮੇਂ ਮਾਤਾ ਸਾਹਿਬ ਦੇਵਾਂ ਨੇ ਉਸ ਅੰਮ੍ਰਿਤ-ਬਾਟੇ ਵਿਚ ਆਪਣੇ ਇਸਤਰੀਤਵ ਦੀ ਸਾਰੀ ਮਿਠਾਸ ਘੋਲ ਦਿਤੀ। ਇਸ ਕਾਰਨ ਗੁਰੂ ਜੀ ਨੇ ਮਾਤਾ ਸਾਹਿਬ ਦੇਵਾਂ ਨੂੰ 'ਖ਼ਾਲਸੇ ਦੀ ਮਾਤਾ' ਹੋਣ ਦਾ ਐਲਾਨ ਕੀਤਾ। ਜਦੋਂ ਵੀ ਅਸੀਂ ਅੰਮ੍ਰਿਤ ਛਕ ਕੇ ਖ਼ਾਲਸਾ-ਸਮੂਹ ਵਿਚ ਪ੍ਰਵੇਸ਼ ਕਰਦੇ ਹਾਂ ਤਾਂ ਅਸੀਂ ਮਾਤਾ ਸਾਹਿਬ ਦੇਵਾਂ ਦੀ ਸੰਤਾਨ ਬਣ ਜਾਂਦੇ ਹਾਂ। ਸਾਰੇ ਅੰਮ੍ਰਿਤਧਾਰੀ ਸਿੰਘ ਇਹ ਕਹਿ ਉਠਦੇ ਹਨ, ''ਸਾਡਾ ਸਭ ਦਾ ਪਿਤਾ ਗੁਰੂ ਗੋਬਿੰਦ ਸਿੰਘ ਹੈ ਤੇ ਮਾਤਾ ਸਾਹਿਬ ਦੇਵਾਂ (ਸਾਡਾ ਸਭ ਦਾ ਨਿਵਾਸ ਅਨੰਦਪੁਰ ਵਿਚ ਹੈ)।''

ਸਿੱਖ ਇਸਤਰੀਆਂ ਦੇ ਬੀਰ-ਰਸੀ ਕਾਰਨਾਮਿਆਂ ਦੀਆਂ ਇਤਿਹਾਸਕ ਮਿਸਾਲਾਂ ਨੂੰ ਸਾਹਮਣੇ ਰਖ ਕੇ ਵਰਤਮਾਨ ਸਮੇਂ ਵੀ ਸਿੱਖ ਇਸਤਰੀਆਂ ਪੰਥਕ ਕਾਰਜਾਂ ਵਿਚ ਮਰਦਾਂ ਦੇ ਬਰਾਬਰ ਹਿੱਸਾ ਲੈਂਦੀਆਂ ਹਨ। ਸਿੱਖ ਇਸਤਰੀਆਂ ਦੀ ਇਹ ਇਕ ਬਹੁਤ ਵੱਡੀ ਸਫ਼ਲਤਾ ਹੈ ਕਿ ਨਵੇਂ ਬਣੇ ਗੁਰਦੁਆਰਾ ਐਕਟ (ਕਾਨੂੰਨ) ਵਿਚ ਸਿੱਖ ਇਸਤਰੀਆਂ ਨੂੰ ਵੋਟ ਦੇਣ ਦਾ ਅਧਿਕਾਰ ਦਿਤਾ ਗਿਆ ਹੈ।

ਗੁਰੂ ਵਲੋਂ ਦਰਸਾਏ ਗਏ ਪ੍ਰੇਮ ਦੇ ਕਈ ਤਰ੍ਹਾਂ ਦੇ ਪ੍ਰਭਾਵ ਪੈਂਦੇ ਹਨ। ਗੁਰੂ ਨਾਲ ਨਾਤਾ ਜੋੜ ਕੇ ਮਨੁੱਖ ਦੀਆਂ ਸਭ ਗਿਆਨ ਤੇ ਕਰਮ ਇੰਦਰੀਆਂ ਵਿਚ ਫੁਰਤੀ ਆ ਜਾਂਦੀ ਹੈ। ਸਿੱਖ ਦਿਆਲੂ ਪਤੀ ਪਿਆਰ ਕਰਨ ਵਾਲਾ ਪਿਤਾ, ਬਹਾਦਰ ਤੇ ਸਨੇਹ ਰਖਣ ਵਾਲਾ ਭਰਾ ਅਤੇ ਦੇਸ਼-ਭਗਤ ਹੁੰਦਾ ਹੈ, ਜਿਸ ਦੇ ਪ੍ਰੇਮ ਦੀ ਵਿਸ਼ਾਲਤਾ ਨੂੰ ਤੱਕਣ ਤੋਂ ਪਹਿਲਾਂ ਹੀ ਅਸੀਂ ਉਸ ਨੂੰ ਦੇਸ਼ ਦੀ ਖ਼ਾਤਰ ਆਤਮ-ਬਲੀਦਾਨ ਕਰਨ ਵਾਲਾ ਤੇ ਦੇਸ਼ ਤੋਂ ਮਰ ਮਿਟਣ ਵਾਲਾ ਵੇਖ ਸਕਦੇ ਹਾਂ। ਵਾਲਟ ਵਿਟਮੈਨ ਦਾ ਕਥਨ ਹੈ, ''ਵੇਖੋ ! ਮੈਂ ਨਾ ਤਾਂ ਦਾਨ ਦਿੰਦਾ ਹਾਂ, ਨਾ ਭਾਸ਼ਣ ਕਰਦਾ ਹਾਂ; ਜਦੋਂ ਮੈਂ ਕੁਝ ਕਿਸੇ ਨੂੰ ਦਿੰਦਾ ਹਾਂ ਤਾਂ ਮੈਂ ਆਪਣਾ ਸਾਰਾ ਆਪਾ ਉਸ ਨੂੰ ਦੇ ਦਿੰਦਾ ਹਾਂ।'' ਇਸੇ ਤਰ੍ਹਾਂ ਦਾ ਮਹਾਨ ਲਗਾਉ ਇਕ ਸਿੱਖ ਦਾ ਆਪਣੇ ਘਰ ਨਾਲ, ਆਪਣੇ ਦਿਲ ਨਾਲ, ਆਪਣੀ ਧਰਤੀ ਨਾਲ ਤੇ ਆਪਣੇ ਦੇਸ਼ ਨਾਲ ਹੁੰਦਾ ਹੈ। ਉਸ ਦੀ ਹਮਦਰਦੀ ਤਾਂ ਵਿਸ਼ਵ-ਵਿਆਪੀ ਹੁੰਦੀ ਹੈ। ਬੱਦਲ ਸਮਾਨ ਉਹ ਉਥੇ ਪੁਜਦਾ ਹੈ, ਜਿਥੇ ਪਵਨ ਉਸ ਨੂੰ ਲੈ ਜਾਂਦੀ ਹੈ ਅਤੇ ਮੇਘ ਭੇਜਣ ਵਾਲੇ ਕਰਤਾ-ਪੁਰਖ ਦੇ ਆਦੇਸ਼ ਅਨੁਸਾਰ ਉਹ ਉਥੇ ਹੀ ਵਰਖਾ ਕਰਦਾ ਹੈ ਜਿਥੋਂ ਲਈ ਕਿ ਉਸ ਨੂੰ ਆਗਿਆ ਕੀਤੀ ਗਈ ਹੁੰਦੀ ਹੈ। ਗੁਰੂ ਜੀ ਦੇ

ਨੇਜੀ ਸੰਪਰਕ ਵਿਚ ਆਉਣ ਨਾਲ ਪੰਜਾਬ ਵਿਚ ਸੱਚੀ ਨਾਗਰਿਕਤਾ ਦਾ ਜਨਮ ਹੋਇਆ ਤੇ ਲੋਕ ਆਪਣੇ ਨਿਜ ਨਾਲ ਵੀ ਨੇੜੇ ਦਾ ਸੰਬੰਧ ਰਖਣ ਲਗੇ। ਲੋਕਾਂ ਪ੍ਰਤੀ ਉਸ ਦਾ ਪ੍ਰੇਮ ਇਸ ਗੱਲ ਤੋਂ ਹੀ ਵੇਖਿਆ ਜਾ ਸਕਦਾ ਹੈ ਕਿ ਉਸ ਨੇ ਪੇਤਾ ਸਮਾਨ ਆਪਣੇ ਲੋਕਾਂ ਨੂੰ ਪ੍ਰੇਮ ਕੀਤਾ ਹੈ। ਲੋਕਾਂ ਵਿਚ ਲੋੜ ਤੋਂ ਵਧੇਰੇ ਅਧਿਆਤਮਕ ਪ੍ਰਚਾਰ ਕਰਨ ਦਾ ਭਾਵ ਹੈ ਕਿ ਉਸ ਵਿਅਕਤੀ ਵਿਚ ਲੋਕਾਂ ਲਈ ਸੱਚੀ ਹਮਦਰਦੀ ਦੀ ਘਾਟ ਹੈ। ਜਿਸ ਦਾ ਯਕੀਨੀ ਭਾਵ ਦੁਪਰਿਆਰਤਾ ਹੀ ਹੁੰਦਾ ਹੈ। ਗੁਰੂ ਜ਼ੀ ਤਾਂ ਮਨੁੱਖ ਦੀਆਂ ਸਰੀਰਕ ਲੋੜਾਂ ਨੂੰ ਮਨੁੱਖੀ ਹਮਦਰਦੀ ਦੁਆਰਾ ਨਿਵਾਜਦੇ ਹਨ। ਗੁਰੂ ਜੀ ਕਿਸੇ ਦੇ ਔਗੁਣਾਂ ਤੇ ਅਪੂਰਨਤਾਵਾਂ ਨੂੰ ਨਹੀਂ ਚਿਤਾਰਦੇ ਤੇ ਉਸ ਵਿਅਕਤੀ ਵਿਚਲੀ ਸੁੰਦਰਤਾ ਦੀ ਪੂਰਨਤਾ ਨੂੰ ਵੇਖਦੇ ਹਨ, ਉਸ ਨੂੰ ਹੋਰ ਉਤਸ਼ਾਹਿਤ ਕਰਦੇ ਹਨ। ਪ੍ਰੇਮ ਦਾ ਉਹ ਪੱਕਾ-ਗੂੜ੍ਹਾ ਰੰਗ ਨਹੀਂ ਹੈ ਜੋ ਕਿ ਪੁਸਤਕਾਂ ਵਿਚ ਵਰਣਨ ਕੀਤਾ ਜਾਂਦਾ ਹੈ, ਸਗੋਂ ਪ੍ਰੇਮ ਦਾ ਰੰਗ ਤਾਂ ਧਰਤੀ ਵਰਗਾ ਭੂਸਲਾ ਹੁੰਦਾ ਹੈ ਅਤੇ ਇਹ ਧਰਤੀ ਸਮਾਨ ਹੀ ਸਿਧ-ਪਧਰਾ ਤੇ ਔਖਰਾ ਜਿਹਾ ਹੁੰਦਾ ਹੈ। ਆਪਣੀ ਕਿਰਤ ਦੇ ਫਲ ਨੂੰ ਆਲੇ-ਦੁਆਲੇ ਲੋਕਾਂ ਵਿਚ ਵੰਡ ਦੇਣਾ, ਆਪਣੇ ਭਰਾਵਾਂ ਨੂੰ ਰੋਟੀ ਕਪੜਾ ਤੇ ਹੋਰ ਵਸਤਾਂ ਦੇ ਕੇ ਸੁਖ ਆਰਾਮ ਪਹੁੰਚਾਉਣਾ ਹੀ ਸਿੱਖ ਦਾ ਕਰਤੱਵ ਹੁੰਦਾ ਹੈ। ਇਸ ਤਰ੍ਹਾਂ ਦਾ ਹੀ ਹੁੰਦਾ ਹੈ, ਇਕ ਸਿੱਖ ਦਾ ਸਿਧ-ਪਧਰਾ ਤੇ ਸਾਦਾ ਜਿਹਾ ਜੀਵਨ। ਇਹ ਤਾਂ ਪ੍ਰੇਮ ਭਾਵਾਂ ਵਿਚ ਰੱਤਾ ਨਿਮਾਣਾ ਜਿਹਾ ਜੀਵਨ ਹੁੰਦਾ ਹੈ। ਇਸ ਵਿਚ ਅਭਿਮਾਨ ਤੇ ਫੋਕੀ ਸ਼ਾਨ ਦੀ ਲੇਸ ਮਾਤਰ ਵੀ ਨਹੀਂ ਹੁੰਦੀ।

ਜਿਵੇਂ ਇਕ ਬ੍ਰਿਛ ਆਪਣੀ ਛਾਂ ਦਾ ਪਾਸਾਰ ਕਰਦਾ ਹੈ, ਤਿਵੇਂ ਹੀ ਸਿੱਖ ਆਪਣਾ ਅੰਨ-ਪਾਣੀ ਆਪਣੇ ਭਰਾਵਾਂ ਨਾਲ ਸਾਂਝਾ ਕਰਦਾ ਹੈ ਤੇ ਆਪਣੇ ਬਸਤਰਾਂ ਨੂੰ ਦੂਜਿਆਂ ਵਿਚ ਵੰਡ ਦਿੰਦਾ ਹੈ। ਇਸ ਵੰਡ ਛਕਣ ਤੋਂ ਬਿਨਾਂ ਸਿੱਖ ਦਾ ਹੋਰ ਕੋਈ ਵੀ ਵਿਵਹਾਰ ਨਹੀਂ ਹੁੰਦਾ।

ਭਾਈ ਕਨ੍ਹਈਆ ਪਿਠ ਪਿਛੇ ਪਾਣੀ ਦੀ ਮਸ਼ਕ ਲਟਕਾ ਕੇ ਰਣ-ਖੇਤਰ ਵਿਚ ਜ਼ਖ਼ਮੀ ਸਿਪਾਹੀਆਂ ਨੂੰ ਜਲ ਛਕਾਉਂਦਾ ਸੀ। ਭਾਈ ਕਨ੍ਹਈਏ ਲਈ ਸਭ ਵੈਰੀ ਮੀਤ ਇਕ ਸਮਾਨ ਸਨ। ਭਾਈ ਕਨ੍ਹਈਆ ਜੀ ਨੂੰ ਸਿੱਖ ਗੁਰੂ ਜੀ ਕੋਲ ਪਕੜ ਕੇ ਲੈ ਗਏ ਤੇ ਸ਼ਿਕਾਇਤ ਕੀਤੀ ਕਿ ਤੁਹਾਡਾ ਇਹ ਸਿੱਖ ਜ਼ਖ਼ਮੀ ਮੁਗ਼ਲਾਂ ਦੀ ਵੀ ਸਹਾਇਤਾ ਕਰ ਰਿਹਾ ਹੈ।

ਜਦੋਂ ਗੁਰੂ ਜੀ ਨੇ ਭਾਈ ਕਨ੍ਹਈਆ ਜੀ ਨੂੰ ਇਸ ਬਾਰੇ ਪੁਛਗਿਛ ਕੀਤੀ ਤਾਂ ਭਾਈ ਕਨ੍ਹਈਏ ਨੇ ਉਤਰ ਦਿਤਾ, "ਪਾਤਸ਼ਾਹ ! ਮੈਨੂੰ ਕੋਈ ਹੋਰ ਓਪਰਾ ਬੰਦਾ ਨਹੀਂ ਦਿਸਦਾ, ਮੈਂ ਤਾਂ ਹਰ ਥਾਂ ਆਪ ਨੂੰ ਹੀ ਲੇਟਿਆ ਹੋਇਆ ਵੇਖਦਾ ਹਾਂ। ਇਸ ਲਈ ਮੈਂ ਤਾਂ ਪਾਣੀ ਆਪ ਜੀ ਨੂੰ ਹੀ ਪਿਲਾਉਂਦਾ ਹਾਂ। ਪਾਤਸ਼ਾਹ ! ਮੈਨੂੰ ਤਾਂ ਆਪ ਹੀ ਜ਼ਖ਼ਮੀਆਂ ਦੇ ਰੂਪ ਵਿਚ ਦਿਖਾਈ ਦਿੰਦੇ ਹੋ।" ਹਰ ਕੋਈ ਤਾਂ ਭਾਈ ਕਨ੍ਹਈਆ ਨਹੀਂ ਹੋ ਸਕਦਾ, ਪਰ ਭਾਈ ਕਨ੍ਹਈਏ ਦੀ ਆਤਮਾ ਹਰ ਸਿੱਖ ਦੇ ਖ਼ੂਨ ਵਿਚ ਰਚੀ ਹੋਈ ਹੈ।

ਚੌਧਰੀ ਡੱਲਾ ਨੇ ਗੁਰੂ ਜੀ ਕੋਲ ਆਪਣੇ ਸ਼ਸਤਰਾਂ ਅਤੇ ਬਹਾਦਰ ਸੈਨਿਕਾਂ ਬਾਰੇ ਸ਼ੇਖ਼ੀ ਮਾਰੀ ਤੇ ਇੰਜ ਕਿਹਾ, "ਆਪ ਨੇ ਜੰਗ ਸਮੇਂ ਮੈਨੂੰ ਕਿਉਂ ਨਾ ਹੁਕਮ ਕਰਕੇ ਸੱਦ ਭੇਜਿਆ ? ਮੇਰੇ ਸੈਨਿਕ ਬਲਕਾਰ ਯੋਧੇ ਹਨ।"

ਗੁਰੂ ਜੀ ਨੇ ਉਤਰ ਦਿਤਾ, "ਡੱਲਾ ! ਤੇਰੇ ਸੈਨਿਕ ਬੀਰ-ਯੋਧੇ ਨਹੀਂ ਹਨ।"

ਕੁਝ ਦਿਨ ਪਿਛੋਂ ਇਕ ਸਿੱਖ ਤੋੜੇਦਾਰ ਬੰਦੂਕ ਲੈ ਕੇ ਆ ਗਿਆ। ਗੁਰੂ ਜੀ ਨੇ ਉਸ ਦੇ ਨਿਸ਼ਾਨੇ ਦੀ ਪਰਖ ਕਰਨ ਲਈ ਡੱਲੇ ਨੂੰ ਇਕ ਸੈਨਿਕ ਭੇਜਣ ਲਈ ਕਿਹਾ। ਆਪਣੇ ਸਾਰੇ ਯੋਧਿਆਂ ਵਿਚੋਂ ਡੱਲਾ ਕਿਸੇ ਨੂੰ ਵੀ ਉਸ ਬੰਦੂਕ ਦਾ ਨਿਸ਼ਾਨਾ ਬਣਨ ਲਈ ਨਾ ਭੇਜ ਸਕਿਆ। ਕਿੰਨੇ ਸ਼ੋਕ ਦੀ ਗੱਲ ਹੈ ਕਿ ਉਹ ਇਸ ਉਦੇਸ਼ ਲਈ ਆਪਣੇ ਆਪ ਨੂੰ ਵੀ ਪੇਸ਼ ਨਾ ਕਰ ਸਕਿਆ। ਫਿਰ ਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਕਹਿ ਭੇਜਿਆ। ਦੋ ਸਿੱਖ ਨੱਠੇ-ਨੱਠੇ ਆਏ ਤੇ ਉਹ ਦੋਵੇਂ ਇਕ ਦੂਜੇ ਤੋਂ ਪਹਿਲਾਂ ਗੁਰੂ ਜੀ ਦਾ ਨਿਸ਼ਾਨਾ ਬਣ ਕੇ ਮੌਤ ਪ੍ਰਵਾਨ ਕਰਨ ਲਈ ਝਗੜਨ ਲਗੇ। ਗੁਰੂ ਜੀ ਨੇ ਉਹਨਾਂ ਨੂੰ ਇਕ ਦੂਜੇ ਦੇ ਪਿਛੇ ਹੋ ਕੇ ਖੜ੍ਹਨ ਲਈ ਕਿਹਾ। ਗੋਲੀ ਉਹਨਾਂ ਦੇ ਸਿਰ ਉਪਰੋਂ ਦੀ ਲੰਘ ਗਈ ਤੇ ਉਹਨਾਂ ਦੋਹਾਂ ਨੂੰ ਇਸ ਗੱਲ ਦਾ ਅਫਸੋਸ ਹੋਇਆ ਕਿ ਕਿਉਂ ਗੁਰੂ ਜੀ ਦੇ ਹਥੋਂ ਉਹਨਾਂ ਨੂੰ ਮੌਤ ਦੀ ਦਾਤ ਪ੍ਰਾਪਤ ਨਹੀਂ ਹੋ ਸਕੀ। ਕੇਵਲ ਗ਼ਰੀਬ ਹੋਣ ਨੂੰ ਹੀ ਗੁਰੂ ਜੀ ਆਤਮ-ਸਮਰਪਣ ਪ੍ਰਵਾਨ ਨਹੀਂ ਕਰਦੇ। ਇਹ ਤਾਂ ਇਕ ਤਰ੍ਹਾਂ ਦੀ ਮਨੁੱਖੀ ਪ੍ਰਤਿਗਿਆ ਤਾਂ ਹੋ ਸਕਦੀ ਹੈ ਤੇ ਆਪਣੇ ਆਪ ਵਿਚ ਸ਼ੁਭ ਗੱਲ ਹੈ, ਪਰ ਦੂਜੇ ਬੰਨੇ ਇਹ ਇਕ ਅਗਿਆਨ ਦੇ ਅੰਧਕਾਰ ਵਿਚ ਕੀਤਾ ਗਿਆ ਕਰਮ ਹੀ ਹੁੰਦਾ ਹੈ ਜਿਸ ਵਿਚ ਇਹ ਭਾਵਨਾ ਰਲੀ ਹੁੰਦੀ ਹੈ ਕਿ 'ਇਹ ਮੈਂ ਹੀ ਹਾਂ ਤੇ ਮੈਂ ਇਹ ਕੰਮ ਕੀਤਾ ਹੈ' ਅਮੀਰ ਹੋਣ ਨੂੰ ਵੀ ਗੁਰੂ ਜੀ ਕੇਵਲ ਇਸੇ ਕਾਰਨ ਕੋਈ ਬੁਰਾ ਜਾਂ ਅਪਰਾਧ-ਕਰਮ ਨਹੀਂ ਮੰਨਦੇ ਕਿ ਉਸ ਨੂੰ ਕੇਵਲ ਅਮੀਰ ਹੋਣ ਕਰਕੇ ਹੀ ਗੁਨਾਹਗਾਰ ਗਰਦਾਨਿਆ ਜਾਵੇ। ਇਸ ਸੰਬੰਧ ਵਿਚ ਆਤਮਕ ਪਰਖ-ਕਸਵਟੀ ਜਾਂ ਮਾਨਦੰਡ ਤਾਂ ਇਹ ਹੈ ਕਿ ਜਿਸ ਨੇ ਵੀ ਆਪਣੇ ਅਗਿਆਨ ਰੂਪੀ ਅਭਿਮਾਨ ਤੇ 'ਇਹ ਮੈਂ ਹਾਂ' ਦੇ ਭਾਵ ਨੂੰ ਸੁਟ ਪਾਇਆ ਹੈ ਅਤੇ ਜਿਸ ਨੇ ਗੁਰੂ ਜੀ ਦੀ ਰਜ਼ਾ ਨੂੰ ਹੀ ਆਪਣੀ ਰਜ਼ਾ ਜਾਂ ਹੋਣੀ ਪ੍ਰਵਾਨ ਕਰ ਲਿਆ ਹੈ, ਉਹੋ ਹੀ ਇਸ ਉਤੇ ਪੂਰਾ ਤੁਲ ਸਕਦਾ ਹੈ। ਬੁਧੀ ਤੇ ਇਛਾ-ਸ਼ਕਤੀ ਕੇਵਲ ਉਸ ਸਮੇਂ ਹੀ ਸਦਗੁਣ ਹੁੰਦੇ ਹਨ, ਜਦੋਂ ਮਨੁੱਖ ਦੇ ਅੰਦਰਲਾ ਮਾਨਵ ਖੰਡ-ਖੰਡ ਹੋ ਕੇ ਬਦਰੰਗ ਨਹੀਂ ਬਣ ਜਾਂਦਾ ਅਰਥਾਤ ਉਸ ਦਾ ਅੰਦਰਲਾ ਮਾਨਵ ਸੁਰਖਿਅਤ ਰਹਿੰਦਾ ਹੈ। ਅਜਿਹੀ ਮਨੋ-ਭਾਵਨਾ ਅਰਥਾਤ ਖਿੜੇ ਮੱਥੇ ਗੁਰੂ ਜੀ ਦੀ ਰਜ਼ਾ ਪ੍ਰਵਾਨ ਕਰਨ ਨਾਲ ਥੁੜੋਂ ਅਤੇ ਬਹੁਲਤਾ (ਗਰੀਬੀ ਅਤੇ ਅਮੀਰੀ) ਦੀ ਅਵਸਥਾ ਵਿਚ ਕੋਈ ਅੰਤਰ ਬਾਕੀ ਨਹੀਂ ਰਹਿੰਦਾ। ਗੁਰੂ ਜੀ ਦੀ ਅਜਿਹੀ ਰਜ਼ਾ ਨੂੰ ਪ੍ਰਵਾਨ ਕਰਨ ਨਾਲ ਅਸੀਂ ਸਰੀਰਕ ਤੇ ਮਾਨਸਿਕ ਰੂਪ ਵਿਚ ਗੁਰੂ ਦੀ ਰਜ਼ਾ ਦੇ ਵਾਹਨ ਮਾਤਰ ਹੀ ਹੁੰਦੇ ਹਾਂ ਅਤੇ ਅਜਿਹੀ ਅਵਸਥਾ ਵਿਚ ਅਮੀਰੀ ਤੇ ਗ਼ਰੀਬੀ ਦੋਵੇਂ ਹੀ ਇਕ ਸਮਾਨ

ਹਨ। ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ :

''ਉਹਨਾਂ ਸੌਦਾਗਰਾਂ ਦੇ ਘੋੜੇ ਤੇ ਉਹਨਾਂ ਦੇ ਦੌੜਨ ਦੀਆਂ ਟਾਪਾਂ ਸ਼ੁਭ ਹਨ, ਜਿਨ੍ਹਾਂ ਦੀਆਂ ਕਾਠੀਆਂ ਉਤੇ ਸੌਦਾਗਰੀ ਦਾ ਮਾਲ-ਅਸਬਾਬ ਲੱਦਿਆ ਹੋਇਆ ਹੁੰਦਾ ਹੈ।''

ਜੇ ਦੈਵੀ-ਸਤਾ ਵਲ ਉਥਾਨ ਦੇ ਮੰਤਵ ਲਈ ਗ਼ਰੀਬੀ ਦੀ ਭਾਵਨਾ ਨੂੰ ਅਪਣਾਇਆ ਜਾਂਦਾ ਹੈ ਤਾਂ ਇਹ ਇਕ ਪ੍ਰਕਾਰ ਦੀ ਅਮੀਰੀ ਹੀ ਹੁੰਦੀ ਹੈ। ਅਜਿਹੇ ਸਮੇਂ ਗਰੀਬੜੇ ਪ੍ਰਭੂ ਦੇ ਵਧੇਰੇ ਨੇੜੇ ਹੁੰਦੇ ਹਨ, ਪਰ ਜਦੋਂ ਕੋਈ ਜੇਤੂ ਲੋਕ ਅਤੇ ਉਹਨਾਂ ਦੀ ਸਰਕਾਰ ਅਜਿਹੇ ਸਰਕਾਰੀ ਤੰਤਰ ਨੂੰ ਸਥਾਪਿਤ ਕਰਕੇ ਗ਼ੁਲਾਮ ਪਰਜਾ ਉਤੇ ਜ਼ੁਲਮ ਕਰਦੀ ਤੇ ਸ਼ੋਸਣ ਦੁਆਰਾ ਉਹਨਾਂ ਨੂੰ ਕੰਗਾਲ ਕਰ ਦਿੰਦੀ ਹੈ ਤਾਂ ਇਹ ਗ਼ਰੀਬੀ ਪਾਪ ਤੇ ਸਰਾਪ ਹੈ। ਉਸ ਸਮੇਂ ਇਹ ਧਿਰਕਾਰ ਹੋ ਨਿਬੜਦੀ ਹੈ, ਜ਼ੁਲਮੀ ਖੇਡ ਤੇ ਅਨੈਤਿਕ ਗੱਲ ਬਣ ਜਾਂਦੀ ਹੈ।

ਕੁਝ ਸਿੱਖਾਂ ਨੂੰ ਟਾਲਸਟਾਏ ਦਾ ਮਤ ਗੁਰੂ ਨਾਨਕ ਦੇ ਦ੍ਰਿਸ਼ਟੀਕੋਣ ਦੇ ਬੜਾ ਨੇੜੇ ਜਾਪਦਾ ਹੈ। ਗੁਰੂ ਸਾਹਿਬ ਨੇਂ ਮਲਿਕ ਭਾਗੋ ਦੇ ਪਕਵਾਨਾਂ ਨੂੰ ਪ੍ਰਵਾਨ ਨਹੀਂ ਸੀ ਕੀਤਾ ਕਿਉਂਜੋ ਜਦੋਂ ਗੁਰੂ ਸਾਹਿਬ ਨੇ ਉਹਨਾਂ ਨੂੰ ਆਪਣੇ ਹੱਥਾਂ ਵਿਚ ਘੁਟਿਆ ਤਾਂ ਉਸ ਵਿਚੋਂ ਲਹੂ ਦੇ ਟੇਪੇ ਡਿਗੇ ਸਨ। ਆਪ ਨੇ ਭਾਈ ਲਾਲੋ ਦੀ ਰੋਟੀ ਨੂੰ ਸ੍ਵੀਕਾਰ ਕਰ ਲਿਆ ਕਿਉਂਜੋ ਉਸ ਨੂੰ ਘੁਟਣ ਨਾਲ ਉਸ ਵਿਚੋਂ ਦੁੱਧ ਦੀਆਂ ਬੂੰਦਾਂ ਨਿਕਲੀਆਂ ਸਨ। ਭਾਈ ਲਾਲੋ ਤਰਖਾਣ ਸੀ ਤੇ ਮਲਿਕ ਭਾਗੋ ਕਰ ਉਗਰਾਹੁਣ ਵਾਲਾ ਅਹਿਲਕਾਰ। ਪਰ ਜਦੋਂ ਦੋਵੇਂ ਸੁਆਰਥੀ ਭਾਵਨਾ ਦਾ ਤਿਆਗ ਕਰਕੇ ਗੁਰੂ ਦੀ ਸੰਗਤ ਵਿਚ ਆ ਮਿਲੇ ਤਾਂ ਫਿਰ ਇਸ ਪਿਛੋਂ ਗੁਰੂ ਜੀ ਨੇ ਦੋਹਾਂ ਵਿਚ ਕੋਈ ਵਖਰੇਵਾਂ ਨਹੀਂ ਸੀ ਕੀਤਾ। ਟਾਲਸਟਾਏ ਤਾਂ ਸਿੱਖਾਂ ਨਾਲੋਂ ਬ੍ਰਾਹਮਣਾਂ ਨਾਲ ਵਧੇਰੇ ਮੇਲ ਖਾਂਦਾ ਹੈ। ਉਸ ਦਾ ਵਿਸ਼ਵਾਸ ਇਸ ਗੱਲ ਵਿਚ ਸੀ ਕਿ ਮਨੁੱਖ ਨੂੰ ਪ੍ਰਤਿਗਿਆ ਤੇ ਮਾਨਸਿਕ ਇਛਾ ਸ਼ਕਤੀ ਦੀ ਦ੍ਰਿੜ੍ਹਤਾ ਦੁਆਰਾ ਤਿਆਗ ਕਰਨਾ ਚਾਹੀਦਾ ਹੈ। ਟਾਲਸਟਾਏ ਦੇ ਮਤ ਵਿਚ ਅਜਿਹਾ ਤਿਆਗ ਕੇਵਲ ਯਤਨਾਂ ਦੁਆਰਾ ਹੀ ਕੀਤਾ ਜਾ ਸਕਦਾ ਹੈ, ਪਰ ਇਸ ਦੇ ਸਿਟੇ ਵਜੋਂ ਵਿਪਰੀਤ ਪ੍ਰਤੀਕਰਮ ਉਤਪੰਨ ਹੁੰਦੇ ਹਨ। ਟਾਲਸਟਾਏ ਵਰਗੇ ਮਹਾਤਮਾ ਅਤੇ ਅਜਿਹੇ ਵਿਚਾਰਾਂ ਵਾਲੇ ਕੁਝ ਬ੍ਰਾਹਮਣਵਾਦੀ ਆਦਰਸ਼ਵਾਦੀ ਹੀ ਇਹ ਗੱਲ ਕਹਿਣਗੇ ਕਿ ਅਮੀਰੀ ਤੇ ਤਿਆਗ ਦੋਵੇਂ ਸਵੈ-ਵਿਰੋਧੀ ਪਦ ਹਨ। ਜੇ ਮੈਨੂੰ ਆਤਮਾ ਦੀ ਸੁਤੰਤਰਤਾ ਦਾ ਬੋਧ ਹੈ ਤਾਂ ਨਿਰਾਰਥਕ ਸਿਧਾਂਤਵਾਦੀਆਂ ਦੀ ਅਮੀਰੀ ਮੇਰੀ ਆਤਮਾ ਨੂੰ ਚਿੰਬੜ ਨਹੀਂ ਜਾਂਦੀ, ਨਾ ਹੀ ਤਦੋਂ ਗ਼ਰੀਬੀ ਮੇਰੀ ਆਤਮਾ ਨੂੰ ਵਢ ਖਾਂਦੀ ਹੈ। ਗਿਆਨ ਦੇ ਚਾਨਣ ਤੋਂ ਬਿਨਾਂ ਦੋਵੇਂ ਹੀ ਸਰਾਪ ਹਨ। ਮਨੁੱਖ ਆਪਣੀ ਅੰਤਰੀਵ ਪ੍ਰਵਿਰਤੀ ਦੁਆਰਾ ਦਇਆ ਦੀ ਨਦਰਿ-ਕਰਮ ਤਕ ਪਹੁੰਚਣ ਤੋਂ ਜੇ ਵਿਹੂਣਾ ਹੈ ਤਾਂ ਉਸ ਦੀ ਗ਼ਰੀਬੀ ਵੀ ਬੇਲੋੜੀ ਗੱਲ ਬਣ ਜਾਂਦੀ ਹੈ। ਦਇਆ-ਪੁੰਜ ਬਣ ਕੇ ਹੀ ਆਤਮਾ ਦਾ ਉਥਾਨ ਹੁੰਦਾ ਹੈ। ਵਾਸਤਵ ਵਿਚ ਉਹ ਜਦੋਂ ਗ਼ਰੀਬ ਹੁੰਦਾ ਹੈ ਤਾਂ ਅਮੀਰ ਨਾਲੋਂ ਵੀ ਭੈੜਾ ਹੁੰਦਾ ਹੈ। ਉਸ ਤਿਆਗ

ਦਾ ਕੀ ਲਾਭ ਹੋ ਸਕਦਾ ਹੈ ਕਿ ਜਿਥੇ ਵੀ ਤੁਸੀਂ ਜਾਂਦੇ ਹੋ, ਉਥੇ ਤੁਹਾਨੂੰ ਕਰੋਧ, ਲੋਭ, ਬੇਰਹਿਮੀ ਤੇ ਸੁਆਰਥ ਬਾਰੇ ਸਾਵਧਾਨ ਰਹਿਣਾ ਪੈਂਦਾ ਹੈ, ਪਰ ਜੇ ਤੁਸੀਂ ਇਹਨਾਂ ਤੋਂ ਨਿਰਲੇਪ ਹੋ ਗਏ ਹੋ ਤਾਂ ਫਿਰ ਇਹ ਕੋਈ ਫ਼ਰਕ ਵਾਲੀ ਗੱਲ ਨਹੀਂ ਹੁੰਦੀ ਕਿ ਤੁਸੀਂ ਸੋਨੇ ਦੇ ਪਰਬਤਾਂ ਉਤੇ ਵਿਚਰਦੇ ਹੋ ਜਾਂ ਮਿੱਟੀ ਦੀ ਧੂੜ ਵਿਚ ਲੇਟੇ ਰਹਿੰਦੇ ਹੋ। ਇਹ ਤਾਂ ਤੁਹਾਡੀ ਆਤਮਾ ਦੇ ਜ਼ਰੂਰੀ ਭਾਗ ਨਹੀਂ ਹਨ। ਇਸ ਲਈ ਗੁਰੂ ਜੀ ਇਹਨਾਂ ਜੀਵਨ ਦੀਆਂ ਬਾਹਰਮੁਖੀ ਤੇ ਸਾਪੇਖਕ ਪ੍ਰਸਥਿਤੀਆਂ ਉਤੇ ਬਹੁਤਾ ਬਲ ਨਹੀਂ ਦਿੰਦੇ, ਜੋ ਬਹੁਤੀ ਵਾਰ ਅਪ੍ਰਵਰਤਨਸ਼ੀਲ ਹੁੰਦੀਆਂ ਹਨ, ਪਰ ਗੁਰੂ ਜੀ ਮਨੁੱਖ ਵਿਚਲੀ ਦਇਆ ਦੀ ਸ਼ਾਨ ਉਤੇ ਜ਼ੋਰ ਦਿੰਦੇ ਹਨ ਤੇ ਇਹ ਨਿਰਦੇਸ਼ ਦਿੰਦੇ ਹਨ ਕਿ ਅਜਿਹੀਆਂ ਵਧ ਤੋਂ ਵਧ ਅਨੁਕੂਲ ਪ੍ਰਸਥਿਤੀਆਂ ਪੈਦਾ ਕੀਤੀਆਂ ਜਾਣ, ਜਿਸ ਵਿਚ ਉਪਰੋਕਤ ਦਇਆ ਦੀ ਭਾਵਨਾ ਨੂੰ ਸੁਰੱਖਿਅਤ ਰਖਿਆ ਜਾ ਸਕੇ। ਇਸ ਅੰਤਰੀਵ ਪ੍ਰਵਿਰਤੀ ਨੂੰ ਸਥਿਰ ਰਖਣ ਲਈ ਸਾਨੂੰ ਸ਼ਬਦ ਦੇ ਨਿਜ ਸਰੂਪ 'ਗੁਰੂ ਦੇ ਪ੍ਰੇਮ' ਨੂੰ ਨਿਰੰਤਰ ਆਪਣੇ ਅੰਦਰ ਵਸਾਈ ਰਖਣਾ ਚਾਹੀਦਾ ਹੈ। ਇਹ ਉਹ ਕੇਂਦਰ-ਬਿੰਦੂ ਹੈ ਜਿਸ ਤੋਂ ਇਹਨਾਂ ਕਰੁਣਾ ਦੇ ਭਾਵਾਂ ਦਾ ਦੂਰ ਦੂਰ ਤਕ ਪ੍ਰਸਾਰ ਹੁੰਦਾ ਹੈ ਅਤੇ ਇਸ ਦੇ ਦੁਆਲੇ ਹੀ ਉਹਨਾਂ ਵਿਚ ਵਾਰ ਵਾਰ ਚਾਬੀ ਭਰੀ ਜਾਂਦੀ ਹੈ। ਇਹ ਵਿਸ਼ਵ-ਵਿਆਪੀ ਹਮਦਰਦੀ (ਕਰੁਣਾ-ਭਾਵ) ਦਾ ਪ੍ਰਸਾਰ ਇਕ ਸਚਿਆਰੇ ਪੁਰਸ਼ ਦਾ ਕੁਦਰਤੀ ਸਦਗੁਣ ਹੁੰਦਾ ਹੈ ਜਿਵੇਂ ਕਿ ਛਾਂਦਾਰ ਬ੍ਰਿਛ ਦੀ ਛਾਂ ਦਾ ਸਦਗੁਣ ਠੰਡ ਵਰਤਾਉਣਾ ਹੁੰਦਾ ਹੈ। ਅੰਤਰੀਵ ਸਦਗੁਣਾਂ ਦੀ ਸੰਜਮ ਪੂਰਵਕ ਸੰਭਾਲ ਤੇ ਵਰਤੋਂ ਹੋਣੀ ਚਾਹੀਦੀ ਹੈ ਤੇ ਆਪਣੇ ਅੰਦਰੋਂ 'ਮੈਂ' ਦੀ ਭਾਵਨਾ ਨੂੰ ਬਾਹਰ ਕਢਣਾ ਚਾਹੀਦਾ ਹੈ। ਜੇ ਮਨੁੱਖ ਨੇ ਹਾਲੀਂ ਇਸ 'ਮੈਂ' ਨੂੰ ਪੂਰੀ ਤਰ੍ਹਾਂ ਨਿਸ਼ਕਾਸ਼ਿਤ ਨਹੀਂ ਕੀਤਾ ਤਾਂ ਉਹ ਹਾਲੀਂ ਆਪਣੇ ਆਪ ਵਿਚ ਸੰਪੂਰਨ ਨਹੀਂ ਹੋ ਸਕਿਆ ਹੈ। ਮਨੁੱਖ ਤਾਂ ਹਾਲੀਂ ਆਪਣੇ ਆਪੇ ਦਾ ਅੰਸ਼ਕ-ਭਾਗ ਹੀ ਹੁੰਦੇ ਹਨ ਕਿਉਂਜੋ ਉਹਨਾਂ ਨੇ ਹਾਲੀਂ ਆਪਣੇ ਮਨਸ਼ਾ-ਤ੍ਰਿਸ਼ਨਾ ਤੇ ਮੈਂ-ਮਮਤਾ ਨੂੰ ਵਸ ਵਿਚ ਨਹੀਂ ਕੀਤਾ ਹੁੰਦਾ ਤੇ ਉਹ ਵਧੇਰੇ ਕਰਕੇ ਮਨ ਦੀਆਂ ਭਟਕਣਾਂ ਪਿਛੇ ਹੀ ਲਗੇ ਫਿਰਦੇ ਹਨ।

ਇੰਦਰੀਗਤ ਵਿਸ਼ੇ-ਭੋਗਾਂ, ਕਰੋਧ, ਲੋਭ-ਲਾਲਸਾ, ਸੁਆਰਥੀਪੁਣੇ ਹੋਣ ਜਾਂ ਕਿੰਨੇ ਵੀ ਚੰਗੇ ਲਗਦੇ ਐਸ਼ਵਰਜ਼ਾਂ ਨਾਲ ਜੁੜੇ ਹੋਏ ਹੋਣ-ਮੂਲ ਰੂਪ ਵਿਚ ਮਨੁੱਖ ਦੀ ਮੈਂ-ਮਮਤਾ ਨਾਲ ਹੀ ਸੰਬੰਧਿਤ ਹੁੰਦੇ ਹਨ। ਨਿਸ਼ਚੇ ਹੀ ਇਹ ਆਤਮਕ ਅਨੁਭਵਾਂ ਦੀ ਕੀਮਤ ਉਤੇ ਸੁਆਰਥੀ ਭਾਵਨਾ ਦੇ ਆਕਰਮਣ ਦਾ ਹੀ ਫਲ ਹੁੰਦੇ ਹਨ। ਇਸੇ ਲਈ ਗੁਰੂ ਜੀ ਇਸ ਵਲ ਸੰਕੇਤ ਕਰਦੇ ਹੋਏ ਇਹ ਕਥਨ ਕਰਦੇ ਹਨ ਕਿ ਵਿਸ਼ੇ ਭੋਗਾਂ ਦੀਆਂ ਇੰਦਰੀਗਤ ਵਾਸ਼ਨਾਵਾਂ ਦੇ ਪਿਛੇ ਸੂਰਾਂ ਵਾਂਗ ਜਾਣਾ ਤਾਂ ਬਹੁਤ ਹੀ ਸਥੂਲ ਗੱਲ ਹੁੰਦੀ ਹੈ। ਪਰ ਗੁਰੂ ਜੀ ਇਹ ਵੀ ਸਵੀਕਾਰ ਕਰਦੇ ਹਨ ਕਿ ਅਜਿਹੀ ਸੂਰਾਂ ਵਾਲੀ ਪ੍ਰਵਿਰਤੀ ਨੂੰ ਕੇਵਲ ਪ੍ਰਤਿਗਿਆਵਾਂ, ਮਾਨਸਿਕ ਸੰਕਲਪਾਂ ਤੇ ਆਤਮ-ਸੰਜਮ ਦੁਆਰਾ ਸ਼ਾਂਤ ਨਹੀਂ ਕੀਤਾ ਜਾ ਸਕਦਾ। ਜੇ ਅਜਿਹਾ ਹੁੰਦਾ ਤਾਂ ਰਿਸ਼ੀ ਵਿਸ਼ਵਾਮਿਤਰ ਮੇਨਕਾ ਦੇ ਪਿਛੇ ਦੌੜਦਾ ਨਾ ਫਿਰਦਾ। ਜੇ ਅਜਿਹਾ

ਦਾ ਤਾਂ ਉਸ ਵਰਗੇ ਮਾਨਸਿਕ ਸੰਜਮ ਵਾਲਾ ਦ੍ਰਿੜ੍ਹ ਵਿਅਕਤੀ ਉਸ ਯੁਵਤੀ ਬੇਸਬਰੀ ਨਾਲ ਆਪਣੀ ਵਾਸ਼ਨਾ-ਪੂਰਤੀ ਲਈ ਆਪਣੀਆਂ ਬਾਹਾਂ ਵਿਚ ਨਾ ਟ ਲੈਂਦਾ, ਜਿਸ ਲਈ ਕਿ ਉਸ ਨੇ ਪਿਛੋਂ ਬੜਾ ਸ਼ਰਮਸਾਰ ਮਹਿਸੂਸ ਕੀਤਾ । ਹਾਲੀਂ ਮਨੁੱਖ ਨੇ ਆਪਣੀ ਮਿੱਠੀ, ਰਸਕ, ਸੁਘੜ, ਸੁੰਦਰ ਤੇ ਪ੍ਰੌੜ੍ਹ ਮਾਨਵਤਾ ਪ੍ਰਾਪਤ ਨਹੀਂ ਕੀਤਾ। ਹਾਲੀਂ ਵੀ ਉਹ ਪਸ਼ੂਆਂ ਵਾਲੀਆਂ ਹੱਡ-ਚੰਮ ਦੀਆਂ ਸ਼ੀਆਂ ਦੇ ਮਗਰ ਮਗਰ ਫਿਰਨ ਲਈ ਬੇਵਸ ਹੈ। ਇਹਨਾਂ ਸਭ ਸਰੀਰਕ ਤੇ ਇੰਦਰੀਗਤ ਖ਼ੁਸ਼ੀਆਂ ਨੂੰ ਉਹ ਇਸਤਰੀ ਦੇ ਸਰੀਰ ਵਿਚੋਂ ਭਾਲਦਾ ਹੈ ਤੇ ਉਸ ਆਪਣੀ ਆਤਮਾ ਦੀ ਪਿਆਰੀ ਸੁੰਦਰਤਾ ਦਾ ਬੋਧ ਨਹੀਂ ਹੈ। ਹਾਲੀਂ ਉਹ ਕ ਆਤਮਾ ਦੇ ਧਰਮ ਤੋਂ ਕਿੰਨੇ ਦੂਰ ਹਨ, ਜਿਹੜੇ ਆਪਣੇ ਆਪੇ ਵਿਚ ਮਸਤ ਕੇ ਸਰੀਰਕ ਭੋਗਾਂ ਵਿਚੋਂ ਹੀ ਖ਼ੁਸ਼ੀ ਲਭ ਰਹੇ ਹਨ।

ਗੁਰੂ ਜੀ ਮਨੁੱਖੀ ਸੁਭਾ ਦੇ ਅਨੰਤ ਵਿਸ਼ਵਾਸ ਉਤੇ ਭਰੋਸਾ ਰਖਦੇ ਹਨ ਜਿਵੇਂ ਮਨੁੱਖ ਡਿਗਿਆਂ-ਢੱਠਿਆਂ ਦੇ ਸਾਥ ਵਿਚੋਂ ਪ੍ਰੇਮ ਭਾਲਦਾ ਹੈ ਤਿਵੇਂ ਹੀ ਗੁਰੂ ਜੀ ਸਿਧ-ਪਧਰੇ ਲੋਕਾਂ ਦੇ ਸਾਥ ਵਿਚ ਪ੍ਰੇਮ ਨੂੰ ਦੇਖਦੇ ਹਨ। ਜੋ ਕਿ ਸ਼ੁਧ ਆਤਮਕ ਪ੍ਰੇਮ ਦੀ ਉਚਿਆਣਯੋਗ ਪ੍ਰਵਿਰਤੀ ਹੁੰਦੀ ਹੈ। ਪਰਉਪਕਾਰਵਾਦ ਤਾਂ ਇਮਾਨਦਾਰੀ ਨਾਲ ਮੁੜ੍ਹਕਾ ਡੋਲ੍ਹ ਕੇ ਕਿਰਤ ਕਰਨ ਵਾਲੇ ਜੀਵਨ ਵਿਚ ਹੁੰਦਾ ਜੋ ਦੂਜੇ ਦੀ ਸਹਾਇਤਾ ਕਰਨ ਵਾਲਾ ਜੀਵਨ ਹੁੰਦਾ ਹੈ। ਇਸ ਜੀਵਨ ਦਾ ਗੁਰੂ ਜੀ ਦੀ ਪਾਵਨ ਛੁਹ ਦੁਆਰਾ ਉਥਾਨ ਹੋ ਜਾਂਦਾ ਹੈ ਅਤੇ ਇਸ ਵਿਚ ਉਚਾ ਠ ਸਕਣ ਦੀ ਪ੍ਰਵਿਰਤੀ ਮੌਜੂਦ ਹੁੰਦੀ ਹੈ। ਅਜਿਹਾ ਜੀਵਨ ਗੁਰੂ ਜੀ ਦੇ ਨਾਮ ਤੋਂ ਸਭ ਕੁਝ ਬਲੀਦਾਨ ਕਰਨ ਅਰਥਾਤ ਆਪਣਾ ਆਪਾ ਵਾਰਨ ਲਈ ਸਦਾ ਤਪਰ ਹੁੰਦਾ ਰਹਿੰਦਾ ਹੈ। ਨਦੀ ਵਹਿੰਦੀ ਹੈ, ਤਾਰੇ ਚਮਕਦੇ ਹਨ, ਦੀਪਕ ਲਦਾ ਹੈ। ਇਹ ਸਾਰੇ ਵਿਸ਼ਵ-ਵਿਆਪੀ ਰੂਪ ਦੀ ਭਲਾਈ ਹੀ ਕਰ ਰਹੇ ਹਨ। ਦਰਤਾ ਤਾਂ ਸਦਾ ਪਰਉਪਕਾਰਵਾਦੀ ਹੁੰਦੀ ਹੈ, ਭੌਤਿਕ ਨਾਲੋਂ ਵਧੇਰੇ ਬੌਧਿਕ ਦੀ ਹੈ ਅਤੇ ਬੌਧਿਕ ਨਾਲੋਂ ਵਧੇਰੇ ਆਤਮਕ। ਮਨੁੱਖ ਦੇ ਕਸ਼ਟਾਂ ਨੂੰ ਨਿਵਿਰਤ ਰਨਾ ਤੇ ਸੰਗਰਾਮ ਵਿਚ ਰੁਝੀ ਆਤਮਾ ਨੂੰ ਸ਼ਾਂਤੀ ਤੇ ਸ਼ਕਤੀ ਪ੍ਰਦਾਨ ਕਰਨਾ ੀ ਪਰਉਪਕਾਰਵਾਦ ਹੈ। ਇਸ ਲਈ ਜਦੋਂ ਕੋਈ ਵੰਗਾਰ ਪੈਂਦੀ ਹੈ ਤਾਂ ਇਕ ਿੱਖ, ਸੱਚਾ-ਸੁੱਚਾ ਗ੍ਰਿਹਿਸਥੀ, ਸ੍ਰੇਸ਼ਠ ਨਾਗਰਿਕ, ਸਤਿਕਾਰਯੋਗ ਦੇਸ਼-ਭਗਤ ਅਤੇ ਾਨਵਤਾਵਾਦੀ ਵਿਅਕਤੀ ਹੁੰਦਾ ਹੈ। ਇਹਨਾਂ ਸਾਰੇ ਸਰੂਪਾਂ ਵਿਚ ਉਹ ਇਕ ਵੇਦਨਸ਼ੀਲ ਮਨੁੱਖ ਹੁੰਦਾ ਹੈ। ਇਥੋਂ ਤਕ ਕਿ ਇਕ ਬ੍ਰਹਮ-ਗਿਆਨੀ ਸਿੱਖ ਵੀ ਕੀ ਸੜਕ ਬਣਾਉਣ ਵਿਚ ਵਿਸ਼ਵਾਸ ਰਖਦਾ ਹੈ ਤਾਂ ਜੋ ਉਸ ਦੀ ਮਨੁੱਖੀ ਕਿਰਤ ਆਰਾ ਪੈਦਲ ਚਲਣ ਵਾਲੇ ਰਾਹੀਆਂ ਨੂੰ ਵਧੇਰੇ ਸੁਖ ਆਰਾਮ ਮਿਲ ਸਕੇ। ਉਹ ਪਤੀ ਰੱਖਣ ਤੇ ਕਬਜ਼ੇ ਦੀ ਭਾਵਨਾ ਤੋਂ ਨਿਰਲੇਪ ਹੁੰਦਾ ਹੈ। ਅੰਬ ਦੀ ਟਹਿਣੀ ਤੇ ਬੈਠਾ ਪੰਛੀ ਚਹਿਚਹਾਉਂਦਾ ਹੈ, ਗੀਤ ਗਾਉਂਦਾ ਹੈ। ਉਹ ਵਧੇਰੇ ਆਤਮਕ ਦਾ ਹੈ, ਉਸ ਪੰਛੀ ਵਿਚ ਕੋਈ ਕਬਜ਼ੇ ਦੀ ਭਾਵਨਾ ਨਹੀਂ ਹੁੰਦੀ। ਮਨੁੱਖ ਨੂੰ ਹ ਸੋਚ ਕੇ ਲੱਜਾ ਆਉਣੀ ਚਾਹੀਦੀ ਹੈ ਕਿ ਉਹ ਇਕ ਗਾਉਂਦੇ ਪੰਛੀ ਜਿੰਨਾਂ

ਵੀ ਆਤਮਕ ਨਹੀਂ ਹੈ। ਜਾਪਾਨੀ ਲੋਕਾਂ ਦੇ ਜੀਵਨ ਵਿਚੋਂ ਕੁਝ ਉਦਾਹਰਣ ਵਧੇਰੇ ਪ੍ਰੇਰਨਾ ਦੇ ਸਕਦੇ ਹਨ ਅਤੇ ਇਹ ਗੁਰੂ ਜੀ ਦੇ ਮਤ ਨਾਲ ਕਿੰਨਾਂ ਮੇਲ ਖਾਂਦੇ ਹਨ। ਉਹਨਾਂ ਲੋਕਾਂ ਦਾ ਜੀਵਨ ਕਿੰਨਾਂ ਸਾਦਾ ਤੇ ਬੀਰ-ਭਾਵੀ ਹੈ ਜੋ ਦੁਖ ਤੇ ਸੁਖ ਵਿਚ ਇਕ ਸਮਾਨ ਵਿਚਰਦੇ ਹਨ।

ਜਾਪਾਨੀ ਲੋਕ ਲਕੜੀ, ਕਾਗਜ਼ ਦੇ ਬਣੇ ਹੋਏ ਨਿਕੇ ਘਰਾਂ ਵਿਚ ਰਹਿ ਕੇ ਬੜਾ ਹਲਕਾ ਫੁੱਲ ਮਹਿਸੂਸ ਕਰਦੇ ਹਨ। ਉਹਨਾਂ ਦੀਆਂ ਖ਼ੁਸ਼ੀਆਂ ਵੀ ਨਿਕੀਆਂ ਨਿਕੀਆਂ ਅਤੇ ਤਰਦੀਆਂ ਅਨੰਦ-ਤਰੰਗਾਂ ਸਮਾਨ ਹੁੰਦੀਆਂ ਹਨ, ਜਿਨ੍ਹਾਂ ਵਿਚ ਆਤਮਾ ਦੀ ਮਹਿਕ ਮੌਜੂਦ ਹੁੰਦੀ ਹੈ। ਜਾਪਾਨੀ ਲੋਕਾਂ ਦੇ ਜੀਵਨ ਵਿਚ ਗੁਰੂ ਜੀ ਦੇ ਪ੍ਰੇਮ ਵਰਗੀ ਨਿਘੀ ਸਮਾਨਤਾ ਹੈ। ਉਹਨਾਂ ਦੇ ਜੀਵਨ ਵਿਚੋਂ ਅਸੀਂ ਗੁਰੂ ਨਾਨਕ ਤੇ ਭਗਵਾਨ ਬੁਧ ਦੀ ਝਲਕ ਵੇਖ ਸਕਦੇ ਹਾਂ ਜੋ ਕਿ ਇਕ ਬੜਾ ਉਪਯੋਗੀ ਅਧਿਐਨ ਸਿਧ ਹੋ ਸਕਦਾ ਹੈ। ਅਮੂਰਤ ਤੇ ਭਾਵ-ਵਾਚਕ ਸੰਕਲਪਾਂ ਦੀ ਆਚਾਰ-ਸੰਘਤਾ ਨੂੰ ਘੜਨ ਵਾਲੀ ਧਰਮ-ਸ਼ਾਸਤਰੀ ਤੇ ਪਵਿੱਤਰ ਪ੍ਰਤਿਭਾ ਵਾਲੀ ਮਾਨਸਿਕਤਾ ਨੇ ਅਜਿਹੀ ਆਚਾਰ-ਸੰਘਤਾ ਦੇ ਅਸਹਿ ਭਾਰ ਨੂੰ ਲੋਕਾਂ ਦੇ ਸਿਰਾਂ ਉਤੇ ਲੱਦ ਦਿਤਾ ਹੈ, ਜੋ ਉਹਨਾਂ ਨੂੰ ਡੋਬਣ ਤੋਂ ਬਿਨਾਂ ਹੋਰ ਕੁਝ ਸੁਆਰ ਨਹੀਂ ਸਕਦਾ। ਅਜਿਹਾ ਪਰਬਤ-ਭਾਰ ਹੀ ਬਦਕਿਸਮਤ ਭਾਰਤ ਦੇ ਲੋਕਾਂ ਦੇ ਸਿਰਾਂ ਉਤੇ ਧਰ ਦਿਤਾ ਗਿਆ ਹੈ ਜਿਸ ਦੇ ਬੋਝ ਥਲਿਉਂ ਉਹ ਕਦੀ ਵੀ ਨਿਕਲ ਕੇ ਉਚਾ ਨਹੀਂ ਉਠ ਸਕਦੇ। ਭਾਰਤ ਦੇ ਲੋਕ ਇਸ ਆਚਾਰ-ਸੰਘਤਾ ਦੀ ਅਵੱਗਿਆ ਕਰਨ ਤੋਂ ਬਚਣ ਲਈ ਬੜੇ ਸਾਵਧਾਨ ਤੇ ਸੋਘੇ ਰਹਿਣ ਦਾ ਯਤਨ ਕਰਦੇ ਰਹਿੰਦੇ ਹਨ, ਪਰ ਉਹ ਸਦਾ ਇਸ ਦੀ ਉਲੰਘਣਾ ਹੀ ਕਰਦੇ ਹਨ। ਇਸ ਨੇ ਭਾਰਤ ਦੇ ਲੋਕਾਂ ਦੇ ਆਤਮਕ ਜੀਵਨ ਨੂੰ ਬੌਧਿਕ ਭਾਰ ਨਾਲ ਲੱਦ ਦਿਤਾ ਹੈ। ਇਹ ਮੰਦਭਾਗੇ, ਖ਼ੁਸ਼ਕ, ਰਸਮੀ ਤੇ ਪੱਕੀ-ਪੀਢੀ, ਆਪਣੇ ਵਿਊ-ਚਕਰ ਵਿਚੋਂ ਬਾਹਰ ਨਾ ਨਿਕਲਣ ਦੇਣ ਵਾਲੇ ਸਦਾਚਾਰ, ਧਰਮ-ਸ਼ਾਸਤਰ, ਕਰਮ-ਕਾਂਡ ਤੇ ਧਰਮ ਦੀ ਥਾਂ ਉਹ ਕਿਸੇ ਹੋਰ ਥਾਂ ਤੋਂ ਆਤਮਕ ਮੁਕਤੀ ਢੂੰਡਦੇ ਹਨ। ਲੋਕਾਂ ਲਈ ਤਾਂ ਇਹ ਸਭ ਕੁਝ ਇਕ ਮੁਸੀਬਤ ਬਣ ਚੁਕਾ ਹੈ। ਗੁਰੂ ਦੀ ਅਗਵਾਈ ਵਿਚ ਚਲ ਰਹੇ ਸਿੱਖਾਂ ਦੇ ਜੀਵਨ ਵਿਚੋਂ ਬਹੁਤ ਸਾਰੇ ਪ੍ਰਮਾਣ ਪੇਸ਼ ਕੀਤੇ ਜਾ ਸਕਦੇ ਹਨ। ਉਹਨਾਂ ਦਾ ਜੀਵਨ ਸਾਧਾਰਨ ਵਰਗਾ ਕੁਦਰਤੀ ਤੇ ਵਿਸ਼ਾਲਤਾ ਵਾਲੀਆਂ ਕਿਰਿਆਵਾਂ ਤੇ ਖ਼ੁਸ਼ੀਆਂ ਨਾਲ ਭਰਪੂਰ ਹੁੰਦਾ ਹੈ।

ਗੁਰੂ ਜੀ ਜੰਗਲਾਂ ਵਿਚ ਸ਼ਿਕਾਰ ਖੇਡਣ ਜਾਂਦੇ ਸਨ ਤੇ ਸਿੱਖਾਂ ਨੂੰ ਵੀ ਬੀਰਤਾ ਵਾਲੀਆਂ ਖੇਡਾਂ ਖੇਡਣ ਲਈ ਹੁਕਮ ਕੀਤਾ ਜਾਂਦਾ ਸੀ। ਸਿੱਖਾਂ ਲਈ ਤਾਂ ਘੋੜ-ਸਵਾਰੀ ਮੰਦਰ ਵਾਂਗ ਸੀ। ਗੁਰੂ ਸਾਹਿਬ ਦੇ ਦੀਵਾਨਾਂ ਵਿਚ ਹਾਸ-ਬਿਨੋਦ ਚਲਦਾ ਰਹਿੰਦਾ ਸੀ ਅਤੇ ਗੁਰੂ ਜੀ ਦੀ ਹਜ਼ੂਰੀ ਵਿਚ ਹੀ ਬਹੁਤ ਸਾਰਾ ਹਾਸਾ ਠੱਠਾ ਤੇ ਮਖੌਲ ਹੁੰਦਾ ਰਹਿੰਦਾ ਸੀ। ਭਾਈ ਨੰਦ ਲਾਲ ਜੀ ਇਸ ਗੱਲ ਦਾ ਵੇਰਵੇ ਸਹਿਤ ਵਰਣਨ ਕਰਦੇ ਹਨ ਕਿ ਕਿਵੇਂ ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਨਾਲ ਰਲ ਕੇ ਹੋਲਾ-ਮਹੱਲਾ ਮਨਾਉਂਦੇ ਸਨ, ਕਿਵੇਂ ਆਪ ਨਕਲੀ ਲੜਾਈਆਂ

ਜਥੇਬੰਦ ਕਰਦੇ ਸਨ ਅਤੇ ਲੋਕਾਂ ਵਿਚ ਖੇਡਾਂ ਵਾਲੀ ਖ਼ੁਸ਼ੀ ਤੇ ਚਾਅ ਦੀ ਭਾਵਨਾ ਭਰ ਦਿੰਦੇ ਸਨ। ਆਪ ਵਿਚ ਹਾਸ-ਰਸ ਦੀ ਵਿਸ਼ੇਸ਼ ਪ੍ਰਵਿਰਤੀ ਸੀ। ਆਪ ਨੇ ਸੰਪੂਰਨ 'ਕ੍ਰਿਸ਼ਨ ਅਵਤਾਰ' ਕਾਵਿ-ਗਰੰਥ ਰਚਿਆ ਹੈ, ਜਿਸ ਵਿਚ ਸ੍ਰੀ ਕ੍ਰਿਸ਼ਨ ਜੀ ਦੀ ਲੀਲ੍ਹਾ ਦਾ ਸੰਪੂਰਨ ਵਰਣਨ ਤੇ ਬਿਰਤਾਂਤ ਹੈ। ਕਿਸੇ ਵੀ ਹਿੰਦੂ ਧਾਰਮਿਕ ਕਥਾ ਦਾ ਇਹ ਸ਼ਾਇਦ ਸਭ ਤੋਂ ਮਨੋਹਰ ਤੇ ਜੀਵਤ ਬਿਰਤਾਂਤ ਹੈ।

ਇਕ ਵਾਰੀ ਇਕ ਫ਼ਕੀਰ ਆਪ ਦੀ ਹਜ਼ੂਰੀ ਵਿਚ ਆਇਆ ਤੇ ਉਸ ਨੇ ਗੁਰੂ ਜੀ ਨੂੰ ਚਮੇਲੀ ਦਾ ਫੁੱਲ ਭੇਟ ਕੀਤਾ। ਗੁਰੂ ਜੀ ਨੇ ਉਸ ਤੋਂ ਪੁੱਛਿਆ, "ਰੋੜਾ ! ਤੂੰ ਮੇਰੇ ਲਈ ਸੋਨੇ ਦੀਆਂ ਮੁਹਰਾਂ ਲੈ ਕੇ ਕਿਉਂ ਨਹੀਂ ਆਇਆ ?"

ਰੋੜੇ ਨੇ ਉਤਰ ਦਿਤਾ, "ਮਹਾਰਾਜ ! ਦਰਵੇਸ਼ ਕਦੀ ਸੋਨੇ ਦੀਆਂ ਮੋਹਰਾਂ ਕੋਲ ਨਹੀਂ ਰਖਦੇ।" ਤਾਂ ਗੁਰੂ ਜੀ ਨੇ ਕਿਹਾ, "ਤਾਂ ਤੇ ਦਰਵੇਸ਼ਾਂ ਨੂੰ ਖਾਲੀ ਹੱਥ ਹੀ ਆਉਣਾ ਚਾਹੀਦਾ ਹੈ ਤੇ ਆਪਣੇ ਨਾਲ ਕੁਝ ਨਹੀਂ ਲਿਆਉਣਾ ਚਾਹੀਦਾ।" ਦਰਵੇਸ਼ ਨੇ ਮੋੜਵਾਂ ਉਤਰ ਦਿਤਾ "ਫਿਰ ਵੀ ਮਹਾਰਾਜ ਜੀ ! ਗੁਰੂ ਜੀ ਦੀ ਭੇਟਾ ਤਾਂ ਕੁਝ ਕਰਨਾ ਹੀ ਚਾਹੀਦਾ ਹੈ।"

ਗੁਰੂ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਅੱਖ ਨਾਲ ਇਸ਼ਾਰਾ ਕਰਕੇ ਕਿਹਾ ਕਿ "ਅਛੋਪਲੇ ਜਿਹੇ ਪਿਛੇ ਜਾ ਕੇ ਰੋੜੇ ਦੀ ਨੁਕੀਲੀ ਟੋਪੀ ਉਤਾਰ ਦਿਉ।" ਜਦੋਂ ਇੰਜ ਕੀਤਾ ਗਿਆ ਤਾਂ ਇਸ ਵਿਚੋਂ ਸੋਨੇ ਦੀਆਂ ਮੋਹਰਾਂ ਛੰਨ-ਛੰਨ ਕਰਕੇ ਜ਼ਮੀਨ 'ਤੇ ਡਿਗ ਪਈਆਂ।

ਜਦੋਂ ਸ਼ਿਵ ਦੱਤ ਗੁਰੂ ਜੀ ਦੇ ਅਨੰਦਪੁਰ ਦਰਸ਼ਨ ਕਰਨ ਆਇਆ। (ਸ਼ਿਵ ਦੱਤ ਗੁਰੂ ਜੀ ਦੇ ਪਟਨੇ ਵਿਚ ਰਹਿਣ ਸਮੇਂ ਉਹਨਾਂ ਨੂੰ ਬੜਾ ਪਿਆਰ ਕਰਦਾ ਸੀ) ਤਾਂ ਗੁਰੂ ਜੀ ਨੇ ਉਸ ਦੇ ਸਵਾਗਤ ਕਰਨ ਦੀ ਵਿਉਂਤ ਬਣਾਈ। ਗੁਰੂ ਜੀ ਅਨੰਦਪੁਰ ਤੋਂ ਘੋੜੇ ਉਤੇ ਸਵਾਰ ਹੋ ਕੇ ਯਾਤਰੂਆਂ ਦੇ ਕਾਫਲੇ ਦੇ ਪਿਛੇ ਹੋ ਗਏ। ਸਭ ਨੂੰ ਗੁਰੂ ਜੀ ਦੇ ਦਰਸ਼ਨ ਕਰਕੇ ਬੜੀ ਹੈਰਾਨੀ ਤੇ ਖ਼ੁਸ਼ੀ ਹੋਈ। ਯਾਤਰੀ ਤਾਂ ਇਸ ਖ਼ੁਸ਼ੀ ਵਿਚ ਲਰਜ਼ ਉਠੇ।

ਸਾਰੇ ਸਿੱਖ ਯਾਤਰੀਆਂ ਤੇ ਰਾਹੀ ਮੁਸਾਫਰਾਂ ਲਈ ਮੁਫ਼ਤ ਲੰਗਰ ਚਲਾਉਂਦੇ ਸਨ। ਕਈ ਵਾਰ ਗੁਰੂ ਜੀ ਯਾਤਰੀਆਂ ਦੇ ਭੇਸ ਵਿਚ ਸਾਰੇ ਲੰਗਰਾਂ ਵਿਚ ਜਾਂਦੇ ਸਨ। ਇਕ ਥਾਂ ਤੋਂ ਉਹਨਾਂ ਨੂੰ ਇਹ ਉਤਰ ਮਿਲਿਆ, "ਭਾਈ ਸਾਹਿਬ ਜੀ ! ਹਾਲੀਂ ਤਾਂ ਬੜਾ ਸਵੇਰਾ ਹੈ, ਲੰਗਰ ਤਿਆਰ ਨਹੀਂ ਹੋਇਆ।" ਦੂਜੀ ਥਾਂ ਤੋਂ ਜੁਆਬ ਮਿਲਿਆ, "ਭਾਈ ਸਾਹਿਬ ਜੀ ! ਦੁਪਹਿਰ ਨੂੰ ਆਉਣਾ, ਲੰਗਰ ਵਰਤਾਉਣ ਦਾ ਉਹੋ ਹੀ ਸਮਾਂ ਹੈ।" ਜਦ ਆਪ ਭਾਈ ਨੰਦ ਲਾਲ ਜੀ ਦੇ ਲੰਗਰ ਵਿਚ ਪੁਜੇ ਤਾਂ ਆਪ ਅੱਧਾ ਗੁੰਨ੍ਹਿਆ ਆਟਾ ਤੇ ਅੱਧ-ਪੱਕੀ ਦਾਲ ਲੈ ਕੇ ਹਾਜ਼ਰ ਹੋ ਕੇ ਇਹ ਕਹਿਣ ਲਗੇ, "ਹਜ਼ੂਰ ! ਜੇ ਥੋੜ੍ਹਾ ਹੋਰ ਰੁਕਣ ਦੀ ਖੇਚਲ ਕਰੋ ਤਾਂ ਤੁਹਾਡੇ ਲਈ ਝਟਪਟ ਸਭ ਕੁਝ ਤਿਆਰ ਕੀਤਾ ਜਾ ਸਕਦਾ ਹੈ।" ਗੁਰੂ ਜੀ ਦਾ ਇਹ ਭੇਸ ਬਦਲ ਕੇ ਕੀਤਾ ਗਿਆ ਦੌਰਾ ਬੜਾ ਸਫਲ ਰਿਹਾ। ਅਗਲੇ ਦਿਨ ਗੁਰੂ ਜੀ ਨੇ ਮੁਸਕਰਾਉਂਦਿਆਂ ਹੋਇਆਂ ਫੁਰਮਾਇਆ,

''ਕੇਵਲ ਭਾਈ ਨੰਦ ਲਾਲ ਜੀ ਦਾ ਲੰਗਰ ਹੀ ਸੰਪੂਰਨ ਹੈ। ਮੈਂ ਆਪ ਕੋਲ ਯਾਤਰੀ ਦੇ ਭੇਸ ਵਿਚ ਜਾ ਕੇ ਸਭ ਕੁਝ ਪਰਖ ਲਿਆ ਹੈ।''

ਜਦੋਂ ਆਪ ਪਉਂਟਾ ਸਾਹਿਬ ਵਿਖੇ ਯੁੱਧ ਕਰ ਰਹੇ ਸਨ ਤਾਂ ਉਸ ਸਮੇਂ ਵੀ ਆਪ ਕਵੀ-ਜਨਾਂ ਦੀ ਮਹਿਫਿਲ ਵਿਚ ਵਿਖਾਏ ਜਾ ਰਹੇ ਬੀਰ-ਕਰਤਵ ਲਈ ਸੁੰਦਰ ਤੇ ਢੁਕਵੇਂ ਰੂਪਕਾਂ ਦੀ ਚੋਣ ਤੇ ਸਿਰਜਣਾ ਬਾਰੇ ਹਾਸ-ਬਿਨੋਦ ਕਰਦੇ ਰਹਿੰਦੇ ਸਨ। ਆਪ ਹਾਸ-ਕਟਾਖ਼ ਦੀ ਸਦਾ ਛਹਿਬਰ ਲਾਈ ਰਖਦੇ ਸਨ। ਸਭ ਗੁਰੂ ਸਾਹਿਬਾਨ ਵਿਚ ਹਾਸ-ਰਸ ਦੀ ਪ੍ਰਵਿਰਤੀ ਮੌਜੂਦ ਸੀ। ਗੁਰੂ ਅਰਜਨ ਦੇਵ ਜੀ ਦੇ ਸਮੇਂ ਵਿਚ ਸੁਥਰਾ ਗੁਰੂ ਜੀ ਦੀ ਹਜ਼ੂਰੀ ਵਿਚ ਸਾਧ ਸੰਗਤ ਨੂੰ ਨਿਹਾਲ ਕਰਦਾ ਰਹਿੰਦਾ ਸੀ। ਇਕ ਵਾਰ ਗੁਰੂ ਜੀ ਨੇ ਸੁਥਰੇ ਨੂੰ ਦੀਵਾਨ ਵਿਚ ਆਉਣ ਦੀ ਮਨਾਹੀ ਕਰ ਦਿਤੀ। ਸੁਥਰੇ ਨੇ ਜਾ ਕੇ ਕਈ ਹਜ਼ਾਰ ਠੀਕਰੀਆਂ ਭੰਨ ਕੇ ਬੋਰੀ ਵਿਚ ਪਾ ਲਈਆਂ ਤੇ ਜੱਟ ਸਿੱਖ ਦੇ ਭੇਸ ਵਿਚ ਆ ਕੇ ਦਰਬਾਨ ਨੂੰ ਕਹਿਣ ਲਗਾ, ''ਮੈਂ ਗੁਰੂ ਜੀ ਲਈ ਮੋਹਰਾਂ ਭੇਟ ਕਰਨ ਆਇਆ ਹਾਂ।'' ਦਰਬਾਨ ਨੇ ਸੁਥਰੇ ਨੂੰ ਅੰਦਰ ਜਾਣ ਦਿਤਾ। ਉਸ ਨੇ ਅੰਦਰ ਜਾ ਕੇ ਠੀਕਰੀਆਂ ਦੀ ਬੋਰੀ ਨੂੰ ਵਿਚਕਾਰ ਖਿਲਾਰ ਦਿਤਾ ਤੇ ਬੇਅਦਬੀ ਵਾਲੇ ਅੰਦਾਜ਼ ਵਿਚ ਗੁਰੂ ਜੀ ਵਲ ਪਿਠ ਕਰਕੇ ਠੀਕਰੀਆਂ ਨੂੰ ਝੁਕ ਝੁਕ ਨਮਸਕਾਰ ਕਰਨ ਲਗਾ ਅਤੇ ਕਹਿਣ ਲਗਾ, ''ਇਹ ਠੀਕਰੀਆਂ ਧੰਨ ਹਨ, ਜਿਨ੍ਹਾਂ ਦੀ ਕਿਰਪਾ ਦੁਆਰਾ ਮੈਨੂੰ ਗੁਰੂ ਜੀ ਦੇ ਦਰਸ਼ਨ ਹੋਏ ਹਨ।''

ਇਕ ਵਾਰ ਸੁਥਰੇ ਨੂੰ ਦੂਜੇ ਹੋਰ ਸਿੱਖਾਂ ਨਾਲ ਅੰਮ੍ਰਿਤ ਸਰੋਵਰ ਦੀ ਖੁਦਾਈ ਸਮੇਂ ਸੇਵਾ 'ਤੇ ਲਾਇਆ ਗਿਆ, ਪਰ ਸਰੀਰੋਂ ਮਾੜਾ ਹੋਣ ਕਰਕੇ ਇਹ ਕੰਮ ਉਸ ਦੇ ਵਸ ਦਾ ਰੋਗ ਨਹੀਂ ਸੀ। ਜਦੋਂ ਗੁਰੂ ਅਰਜਨ ਸਾਹਿਬ ਸਾਹਮਣੇ ਆਏ ਤਾਂ ਉਸ ਨੇ ਮਿੱਟੀ ਦੀ ਟੋਕਰੀ ਗੁਰੂ ਜੀ ਦੇ ਚਰਨਾਂ ਕੋਲ ਸੁਟ ਦਿਤੀ ਤੇ ਕਹਿਣ ਲਗਾ, ''ਸਾਡਾ ਗੁਰੂ ਕਿਹੋ ਜਿਹਾ ਹੈ ਜਿਹੜਾ ਸਾਡੀ ਰਖਿਆ ਵੀ ਨਹੀਂ ਕਰ ਸਕਦਾ ? ਅਸੀਂ ਤਾਂ ਮਿੱਟੀ ਢੋਂਦੇ ਢੋਂਦੇ ਮਰ ਗਏ ਹਾਂ।''

ਗੁਰੂ ਨਾਨਕ ਸਾਹਿਬ ਆਪ ਵੀ ਹਾਸ-ਬਿਨੋਦ ਤੇ ਕਈ ਨਾਟਕੀ ਚੋਜ ਕਰਦੇ ਰਹਿੰਦੇ ਸਨ। ਆਪ ਦਾ ਰਬਾਬੀ ਸਾਥੀ ਭਾਈ ਮਰਦਾਨਾ ਵੀ ਆਪ ਦੇ ਜੀਵਨ ਵਿਚ ਬੌਧਿਕ ਤੇ ਦਾਰਸ਼ਨਿਕ ਕਟਾਖ਼ਾਂ ਰਾਹੀਂ ਆਪ ਦੇ ਜੀਵਨ ਨੂੰ ਰਸ ਭਰਪੂਰ ਬਣਾ ਦਿੰਦਾ ਸੀ। ''ਗੁਰਦੇਵ ! ਆਪ ਤਾਂ ਪਵਨਾਂ-ਹਾਰੀ ਹੋ। ਦਾਸ ਨੂੰ ਤਾਂ ਅੰਨ ਦੀ ਲੋੜ ਹੈ। ਆਪ ਨੂੰ ਤਾਂ ਘਰਦਿਆਂ ਦੀ ਕੋਈ ਪ੍ਰਵਾਹ ਨਹੀਂ; ਪਰ ਮੈਨੂੰ ਤਾਂ ਘਰ ਦੇ ਚੇਤੇ ਆਉਂਦੇ ਨੇ।''

ਭਾਈ ਮਰਦਾਨਾ ਲੋਕਤੰਤਰਕ ਰੁਚੀਆਂ ਵਾਲਾ ਸੀ ਅਤੇ ਗੁਰੂ ਜੀ ਨੂੰ ਆਪਣਾ ਸਾਥੀ ਸਮਝਦਾ ਸੀ। ਉਸ ਦਾ ਗੁਰੂ ਜੀ ਪ੍ਰਤੀ ਅਥਾਹ ਸਤਿਕਾਰ ਸੀ ਪਰ ਉਹ ਉਹਨਾਂ ਨਾਲ ਬਚਿਆਂ ਵਰਗੀਆਂ ਖੁਲ੍ਹੀਆਂ ਗੱਲਾਂ ਕਰ ਲੈਂਦਾ ਸੀ। ਜਦੋਂ ਗੁਰੂ ਜੀ ਕਿਸੇ ਗੰਭੀਰ ਸੋਚ ਵਿਚ ਮਗਨ ਹੁੰਦੇ ਤਾਂ ਭਾਈ ਮਰਦਾਨਾ ਹਾਸ-ਰਸ ਦੀ ਮੋਤੀ-ਲੜੀਆਂ ਵਰਗਾ ਇਕੋ ਵਾਕ ਇਸ ਤਰ੍ਹਾਂ ਦਾ ਉਚਾਰਦਾ ਕਿ ਗੁਰੂ

ਸੁਣ ਕੇ ਖਿੜਖਿੜਾ ਕੇ ਹਸ ਪੈਂਦੇ। ਜਦੋਂ ਸੰਗਤ ਵਿਚ ਗੁਰੂ ਜੀ ਦੇ ਜੀਵਨ-
ਾਚਾਰਾਂ ਅਰਥਾਤ ਸਾਖੀਆਂ ਨੂੰ ਸੁਣਾਇਆ ਜਾਂਦਾ ਹੈ ਤਾਂ ਮਰਦਾਨੇ ਦੇ ਬੋਲੇ
ਤੇ ਸ਼ਬਦ ਬਚਿਆਂ ਨੂੰ ਵੀ ਬੜੇ ਜ਼ਿੰਦਾ-ਦਿਲੀ ਵਾਲੇ ਪ੍ਰਤੀਤ ਹੁੰਦੇ ਹਨ। ਜਨਮ
ਰਨ ਭਾਈ ਮਰਦਾਨਾ ਮੁਸਲਮਾਨ ਸੀ, ਪਰ ਉਸ ਦਾ ਜਿਸ ਦਿਨ ਤੋਂ ਗੁਰੂ ਜੀ
ਲ ਮੇਲ ਹੋਇਆ, ਉਸੇ ਦਿਨ ਤੋਂ ਉਹ ਗੁਰੂ ਜੀ ਦਾ ਮੁਰੀਦ ਬਣ ਗਿਆ ਤੇ
ਪਣੇ ਜੀਵਨ ਦੇ ਅੰਤਮ ਛਿਣਾਂ ਤਕ ਉਹ ਗੁਰੂ ਜੀ ਦਾ ਸੱਚਾ ਸਿਦਕੀ ਸਿੱਖ
ਰਿਹਾ। ਗੁਰੂ ਜੀ ਦੀਆਂ ਉਦਾਸੀਆਂ ਸਮੇਂ ਜਦੋਂ ਮਰਦਾਨਾ ਜੰਗਲੀ ਜਾਨਵਰਾਂ,
ਤਖਾ, ਹੜ੍ਹਾਂ ਅਤੇ ਕੁਦਰਤ ਦੇ ਹੋਰ ਆਉਣ ਵਾਲੇ ਕਹਿਰਾਂ ਤੋਂ ਭੈਭੀਤ ਹੋ ਜਾਂਦਾ
ਗੁਰੂ ਜੀ ਉਸ ਦੇ ਡਰ ਨੂੰ ਦੂਰ ਕਰਦੇ ਤੇ ਬਚਨ ਕਰਦੇ, "ਵੇਖ ਭਾਈ
ਰਦਾਨਿਆਂ ! ਰੰਗ ਕਰਤਾਰ ਦੇ।"

ਕਈ ਵਾਰ ਤਾਂ ਗੁਰੂ ਜੀ ਨੂੰ ਭੁਖ, ਤ੍ਰੇਹ ਦਾ ਵੀ ਕੋਈ ਖ਼ਿਆਲ ਨਾ
ਹੋਂਦਾ। ਪਰ ਅਜਿਹੇ ਸਮੇਂ ਮਰਦਾਨਾ ਕੂਕ ਉਠਦਾ, "ਗੁਰੂ ਜੀ ! ਤੁਹਾਨੂੰ ਤਾਂ
ਖ, ਤ੍ਰੇਹ ਨਹੀਂ ਸਤਾਉਂਦੀ, ਪਰ ਮੈਂ ਤਾਂ ਖੁਧਿਆ ਹਥੋਂ ਮਰ ਰਿਹਾ ਹਾਂ।" ਗੁਰੂ
ਮੁਸਕਰਾ ਪੈਂਦੇ ਤੇ ਬਚਨ ਕਰਦੇ, "ਮਰਦਾਨਿਆਂ ! ਜਾਹ, ਜਾ ਕੇ ਰੁਖਾਂ ਉਤੋਂ
ਲ਼ ਤੋੜ ਲਿਆ ਜਾਂ ਨੇੜੇ ਦੇ ਕਿਸੇ ਵਸੋਂ ਵਾਲੇ ਪਿੰਡ ਜਾ ਕੇ ਰੋਟੀਆਂ ਲੈ ਆ।"
ਰ ਇਕਾਂਤ ਵਿਚ ਦੋਵੇਂ ਗੁਰੂ ਤੇ ਸਿੱਖ ਰਲ ਕੇ ਭੋਜਨ ਕਰਦੇ।

ਇਕ ਵਾਰ ਭਾਈ ਮਰਦਾਨਾ ਗੁਰੂ ਜੀ ਲਈ ਕੁਝ ਬਸਤਰਾਂ ਤੇ ਮਾਇਆ
ਭੇਟ ਲੈ ਆਇਆ। ਗੁਰੂ ਜੀ ਇਹਨਾਂ ਵਸਤਾਂ ਨੂੰ ਵੇਖ ਕੇ ਹਸਣ ਲਗੇ ਤੇ
ਹਾ, "ਇਹ ਤੂੰ ਕੀ ਲੈ ਆਇਆ ਹੈ ?" ਭਾਈ ਮਰਦਾਨੇ ਨੇ ਕਿਹਾ, "ਸੱਚੇ
ਤਸ਼ਾਹ ! ਪਿੰਡ ਵਾਸੀਆਂ ਨੇ ਇਹਨਾਂ ਬਸਤਰਾਂ ਤੇ ਮਾਇਆ ਦੀ ਭੇਟਾ ਕੀਤੀ
ਤਾਂ ਮੈਂ ਜਾਤਾ ਕਿ ਕਿਉਂ ਨਾ ਇਹਨਾਂ ਨੂੰ ਮੈਂ ਗੁਰੂ ਜੀ ਲਈ ਲੈ ਜਾਵਾਂ।"
ਰੂ ਜੀ ਨੇ ਉਤਰ ਦਿਤਾ, "ਇਹ ਵਸਤਾਂ ਉਹਨਾਂ ਦੀਆਂ ਨਹੀਂ ਸਨ।" ਮਰਦਾਨੇ
ਪੁੱਛਿਆ, "ਗੁਰੂ ਜੀ ! ਆਪਾਂ ਇਹਨਾਂ ਦਾ ਕੀ ਕਰੀਏ ?" ਗੁਰੂ ਜੀ ਨੇ
ਤਨ ਕੀਤਾ, "ਇਹਨਾਂ ਨੂੰ ਸੁਟ ਪਾਉ।" ਮਰਦਾਨੇ ਨੇ ਤੁਰੰਤ ਹੁਕਮ ਦੀ ਪਾਲਣਾ
ਤੀ। ਫਿਰ ਗੁਰੂ ਜੀ ਨੇ ਭਾਈ ਮਰਦਾਨੇ ਨੂੰ ਸਮਝਾਇਆ, "ਅਨਜਾਣ ਲੋਕਾਂ
ਲੋਂ ਕੀਤੀ ਗਈ ਭੇਟਾ ਦਾ ਪ੍ਰਭੂ ਦੇ ਭਗਤ-ਜਨਾਂ ਦੀ ਪਾਰਦਰਸ਼ੀ ਚੇਤੰਨਤਾ ਉਤੇ
ੜਾ ਮਾੜਾ ਅਸਰ ਹੁੰਦਾ ਹੈ। ਅਜਿਹੀ ਭੇਟਾ ਤਾਂ ਜ਼ਹਿਰ ਦੀ ਨਿਆਈਂ ਹੁੰਦੀ
ਜਿਸ ਨੂੰ ਹਜ਼ਮ ਨਹੀਂ ਕੀਤਾ ਜਾ ਸਕਦਾ। ਇਹ ਲੋਕ ਹਰ ਪਲ ਕਰਤਾਰ
ਉਸਤਤ ਕਰਕੇ (ਨਾਮ ਜਪ ਕੇ) ਸਭ ਤੋਂ ਵੱਡੀ ਭੇਟਾ ਕਰ ਸਕਦੇ ਹਨ। ਜਦੋਂ
ਤੀ ਮਨੁੱਖ ਸੰਤ-ਪੁਰਸ਼ ਦੇ ਰੂਪ ਵਿਚ ਪ੍ਰਭੂ ਦਾ ਨਾਮ ਜਪਦਾ ਹੈ ਤੇ ਇਸ ਤਰ੍ਹਾਂ
ਭੇਟਾ ਲੋਕਾਂ ਵਲੋਂ ਦਿਤੀ ਮਾਇਕ ਭੇਟਾ ਉਤੇ ਆਪਣਾ ਗੁਜ਼ਰਾਨ ਕਰਦਾ ਹੈ
ਉਸ ਦਾ ਅਸਰ ਇਸ ਤਰ੍ਹਾਂ ਦਾ ਹੁੰਦਾ ਹੈ ਜਿਵੇਂ ਉਸ ਨੇ ਕੋਈ ਜ਼ਹਿਰ ਖਾ
ਿਆ ਹੋਵੇ।"

ਇਸ ਲਈ ਗੁਰੂ ਜੀ ਦੇ ਮਤ ਅਨੁਸਾਰ ਕੋਈ ਵੀ ਵਿਅਕਤੀ ਜੀਵਨ

ਦੇ ਕਿਸੇ ਇਕ ਪੱਖ ਨੂੰ ਇਸ ਦੇ ਉਸ ਜਟਿਲ ਸਮੂਹ ਤੋਂ ਵਖ ਨਹੀਂ ਕਰ ਸਕਦ ਜਿਸ ਦਾ ਇਹ ਇਕ ਭਾਗ ਹੁੰਦਾ ਹੈ। ਕਿਸੇ ਵੀ ਇਕ ਪੱਖ ਦਾ ਜੀਵਨ ਜਟਿਲ ਸਮੂਹ ਤੋਂ ਬੋਧਿਕ ਤੌਰ 'ਤੇ ਵਖ ਕਰਕੇ ਇਸ ਦਾ ਅਮੂਰਤੀਕਰਨ ਕਰ ਕਿਸੇ ਤਰ੍ਹਾਂ ਵੀ ਉਚਿਤ ਨਹੀਂ ਹੁੰਦਾ। ਜੀਵਨ ਨੂੰ ਤਾਂ ਇਸ ਦੇ ਉਸ ਕੁਦਰ ਖੇੜੇ ਵਿਚ ਵਿਗਸਣ ਤੇ ਮੌਲਣ ਲਈ ਹੀ ਸਹਾਈ ਹੋਣਾ ਚਾਹੀਦਾ ਹੈ ਜੋ ਅਨੰ ਸਮੂਹ ਨਾਲ ਜੁੜਿਆ ਹੋਇਆ ਹੁੰਦਾ ਹੈ।

ਸਿੱਖ ਤਾਂ ਪ੍ਰਮੁਖ ਰੂਪ ਵਿਚ ਇਕ ਕਿਰਤੀ, ਸ਼ਿਲਪੀ, ਕਿਰਸਾ ਹਲਵਾਹਕ, ਉਦਾਰਚਿਤ ਮਨੋ-ਪ੍ਰਵਿਰਤੀਆਂ ਦਾ ਸੁਆਮੀ ਅਤੇ ਜੀਵਨ ਅਮਲ ਵਿ ਸੱਚਾ ਯੋਧਾ ਹੁੰਦਾ ਹੈ। ਪਰਉਪਕਾਰ ਬਾਰੇ ਮਾਨਸਿਕ ਸੂਖ਼ਮਤਾਈਆਂ ਤੇ ਬਾਰੀਕ ਬੀਨੀਆਂ ਤਾਂ ਉਸ ਦੀ ਸਮਝ ਤੋਂ ਪਰੇ ਦੀਆਂ ਗੱਲਾਂ ਹਨ। ਸਭ ਤੋਂ ਵ ਪਰਉਪਕਾਰ ਤਾਂ ਇਹ ਹੁੰਦਾ ਹੈ ਕਿ ਅਸੀਂ ਮਨਮੁਖਾਂ ਵਾਲੇ ਜੀਵਨ ਤੋਂ ਹੋੜ ਕਿਸੇ ਵਿਅਕਤੀ ਨੂੰ ਗੁਰਮੁਖ ਬਣਾ ਦਈਏ। ਇਹ ਤਾਂ ਦੂਜਿਆਂ ਲ ਪਰਉਪਕਾਰ ਕਰਨ ਵਾਲਾ ਮੂਲ ਤੱਤ ਹੈ। ਜੇ ਕੋਈ 'ਗੁਰਮੁਖਾਂ' ਵਾਲਾ ਚੰਗ ਨਿਰਸੁਆਰਥ ਜੀਵਨ ਜਿਸ ਵਿਚ ਸਰਲ-ਸਿਧੀਆਂ ਭਾਵਨਾਵਾਂ ਦੇ ਕੁਦਰਤੀ ਸਰ ਵਾਲੀ ਮਹਿਕ ਹੋਵੇ ਅਤੇ ਜੀਵਨ ਦੇ ਸਿਧੇ-ਪਧਰੇ ਅਥਰੇ ਵਿਚਾਰ ਸਮਲਿਤ ਹੋ ਤਾਂ ਉਹ ਸਦਗੁਣਾਂ ਵਾਲਾ ਤੇ ਸੱਚੇ ਅਰਥਾਂ ਵਿਚ ਗੁਰਮੁਖਾਂ ਵਾਲਾ ਜੀਵਨ ਹੁੰਦ ਹੈ। ਮਾਪਿਆਂ ਦੀ ਛੋਟੀ ਉਮਰ ਵਿਚ ਮੌਤ ਉਤੇ ਮਨੁੱਖੀ ਸਮਾਜ ਵਿਚ ਬਿਮਾਰੀਅ ਫੈਲਾ ਕੇ ਹਸਪਤਾਲ ਤੇ ਯਤੀਮਖ਼ਾਨੇ ਖੋਲ੍ਹਣ ਨਾਲੋਂ ਸਿਧੀਆਂ ਸਾਦੀਆਂ ਆਦਤ ਤੇ ਸਰਲ ਸੁਭਾ ਵਾਲਾ ਜੀਵਨ ਬਤੀਤ ਕਰਨਾ ਕਿਤੇ ਵਧੇਰੇ ਚੰਗਾ ਹੈ। ਇਹ ਬਹੁ ਚੰਗਾ ਹੋਵੇਗਾ ਜੇ ਪੂੰਜੀਪਤੀ ਕਿਰਤੀਆਂ ਉਤੇ ਧੱਕਾ ਨਾ ਕਰਨ, ਇਹ ਚੰਗ ਹੋਵੇਗਾ ਜੇ ਬਾਦਸ਼ਾਹ ਅਜਿਹੇ ਚੰਗੇ ਕਾਨੂੰਨ ਬਣਾਉਣ ਜਿਨ੍ਹਾਂ ਨਾਲ ਜੀਵਨ ਦੀਅ ਲੋੜਾਂ, ਸਿਹਤ-ਸੇਵਾਵਾਂ ਤੇ ਖ਼ੁਸ਼ੀਆਂ ਦੀ ਸਾਵੀਂ ਵੰਡ ਹੋ ਸਕੇ। ਇਹ ਨਹੀਂ ਹੋਣ ਚਾਹੀਦਾ ਕਿ ਮੁੱਠੀ ਭਰ ਵਿਅਕਤੀ ਸਦਾਚਾਰਕ ਤੇ ਨਿਆਂ ਦੇ ਨੇਮਾਂ ਦੀਅ ਧਜੀਆਂ ਉਡਾ ਕੇ ਦੂਜਿਆਂ ਨੂੰ ਡੇਗ ਤੇ ਲਿਤਾੜ ਕੇ ਆਪ ਵਡੇ ਧਨਵਾਨ ਤੇ ਨਾ ਖ਼ਾਨ ਬਣ ਜਾਣ। ਗੁਰੂ ਅਰਜਨ ਦੇਵ ਜੀ ਦਾ ਫਰਮਾਨ ਹੈ "ਉਹ ਪਰਉਪਕਾਰ ਜਿਉੜੇ ਹੁੰਦੇ ਹਨ, ਜਿਹੜੇ ਨਿਰਸੁਆਰਥ ਪ੍ਰੇਮ, ਨਾਮ ਤੇ ਸਿਮਰਨ ਦੇ ਜੀਵਨ ਜਿਉਂਦੇ ਹਨ।" ਸੇਵਾ, ਮਨੁੱਖਤਾ ਲਈ ਕੀਤਾ ਗਿਆ ਕੋਈ ਭਲਾਈ ਦਾ ਕਾਰ ਸਿੱਖ-ਮਤ ਵਿਚ ਵਿਭਿੰਨ ਤੇ ਵਿਸ਼ੇਸ਼ ਅਰਥ ਰਖਦਾ ਹੈ। ਇਹ ਅਮੀਰ ਧਨਾਢ ਦੀ ਮਰ ਚੁਕੀ ਦਇਆ-ਭਾਵਨਾ ਜੋ ਸੰਸਥਾਵਾਂ ਨੂੰ ਸਥਾਪਿਤ ਕਰਨ ਦਾ ਵਿਖਾਵ ਕਰਦੀ ਹੈ—ਤੋਂ ਵਖਰੀ ਹੀ ਕੋਈ ਗੱਲ ਹੁੰਦੀ ਹੈ। ਕਿਸੇ ਦੇ ਪ੍ਰੇਮ-ਵਿਹੂਣੀ ਜੂ ਭੋਰਿਆਂ ਉਤੇ ਜਿਉਂਦੇ ਰਹਿਣ ਨਾਲੋਂ ਮਰ ਜਾਣਾ ਵਧੇਰੇ ਚੰਗਾ ਹੈ। ਉਹਨ ਯਤੀਮ-ਖ਼ਾਨਿਆਂ ਦਾ ਕੀ ਲਾਭ ਹੈ, ਜਦੋਂ ਕਿ ਮਨੁੱਖਾਂ ਦੇ ਹਿਰਦਿਆਂ ਵਿਚ ਜਿਉਂ ਬਚਿਆਂ ਲਈ ਕੋਈ ਪ੍ਰੇਮ ਨਹੀਂ ਹੈ। ਇਥੋਂ ਤਕ ਕਿ ਉਹਨਾਂ ਲੋਕਾਂ ਦਾ ਆਪ ਬਚਿਆਂ ਨਾਲ ਵੀ ਪਿਆਰ ਨਹੀਂ ਹੁੰਦਾ, ਭਾਵੇਂ ਉਸ ਦਾ ਕਾਰਨ ਕੁਝ ਵ

ਹੋਵੇ, ਭਾਵੇਂ ਉਹ ਵਿਸ਼ੇ ਭੋਗਾਂ ਵਿਚ ਖਚਿਤ ਹੋਣਾ ਹੋਵੇ ਜਾਂ ਮਾਨਸਿਕ ਖੋਜਾਂ ਵਿਚ ਲੀਨ ਰਹਿਣਾ ਹੋਵੇ। ਮਰਿਆ ਹੋਇਆ ਤਾਂ ਕੋਈ ਸੇਵਾ ਨਹੀਂ ਕਰ ਸਕਦਾ। ਸੇਵਾ ਤਾਂ ਮਨੁੱਖ ਦੀਆਂ ਯੋਗਤਾਵਾਂ ਦੇ ਵਿਕਾਸ ਦੁਆਰਾ ਹੀ ਵਧਦੀ ਫੁਲਦੀ ਹੈ।

ਗੁਰੂ ਜੀ ਨੇ ਇਸ ਉਪਰ ਬਲ ਦਿਤਾ ਹੈ ਕਿ ਕਿਸੇ ਨਿਰਜਿੰਦ ਮਾਨਸਿਕਤਾ, ਮਕਾਨਕੀ ਪਰਿਭਾਸ਼ਾਵਾਂ, ਕਿਸੇ ਅਜਿਹੇ ਵਿਅਕਤੀਗਤ ਦ੍ਰਿਸ਼ਟੀਕੋਣ ਜੋ ਜੀਵਨ ਦੇ ਸਮੁਚੇ ਸਮੂਹ ਤੋਂ ਉਪਰ ਜਾਂ ਹੇਠਾਂ ਦੀ ਗੱਲ ਹੋਵੇ, ਨੂੰ ਰਹੱਸਮਈ ਨੇਕ-ਆਤਮਾ ਦੀ ਅਗਵਾਈ ਕਰਨ ਦੀ ਆਗਿਆ ਨਹੀਂ ਦਿਤੀ ਜਾਣੀ ਚਾਹੀਦੀ। ਜੀਵਨ ਦੇ ਸਭ ਅਵਸਰਾਂ ਨੂੰ ਜੋੜ ਦੇਣਾ ਚਾਹੀਦਾ ਹੈ। ਕਿਸੇ ਵੀ ਵਚਿਤਰ ਭਾਂਤ ਦੇ ਬ੍ਰਹਮਚਾਰੀ ਰਹਿਣ ਜਾਂ ਜਤ-ਸਤ ਦੀ ਹਠੀ ਪ੍ਰਤਿਗਿਆ ਨਹੀਂ ਹੋਣੀ ਚਾਹੀਦੀ, ਨਾ ਹੀ ਆਪ ਸਹੇੜੀ ਅਸਾਧਾਰਣ ਰੂਪ ਦੀ ਗ਼ਰੀਬੀ, ਜੋਗ ਤੇ ਭੋਗ ਆਦਿ ਨੂੰ ਜੀਵਤ ਲੋਕਾਂ ਦੇ ਜੀਵਤ ਵਿਵਹਾਰ ਵਿਚ ਕਿਸੇ ਦਖ਼ਲ ਦੇਣ ਦੀ ਆਗਿਆ ਹੋਣੀ ਚਾਹੀਦੀ ਹੈ। ਇਹ ਤਾਂ ਸਾਥੀਆਂ ਤੇ ਹਮਜੋਲੀਆਂ ਵਾਲਾ ਪ੍ਰੇਮ ਹੈ। ਭਾਈ ਕਹਿ ਕੇ ਸੰਬੋਧਨ ਕਰਦੇ ਹਨ। 'ਭਾਈ' ਸ਼ਬਦ ਤਾਂ ਭਲੇ ਸਿੱਖ-ਪੁਰਸ਼ਾਂ ਦਾ ਸਨਮਾਨ-ਸੂਚਕ ਪਦ ਵੀ ਬਣ ਗਿਆ ਹੈ। ਸਿੱਖ ਨੂੰ ਤਾਂ ਉਸ ਪ੍ਰੇਮ ਦੀ ਮਦਿਰਾ ਦੇ ਪਿਆਲੇ ਨੂੰ ਚਖਣਾ ਚਾਹੀਦਾ ਹੈ ਜੋ ਗੁਰੂ ਜੀ ਵਲੋਂ ਉਹਨਾਂ ਦੇ ਹਿਰਦਿਆਂ ਅੰਦਰ ਪਾਇਆ ਜਾਂਦਾ ਹੈ। ਇਸ ਅੰਤਰੀਵ ਅਨੁਭਵ ਵਿਚ ਪ੍ਰੇਮ ਤਾਂ ਅਖੁੱਟ ਮਸਤੀ ਦਾ ਰੂਪ ਧਾਰਨ ਕਰ ਜਾਂਦਾ ਹੈ। ਭਾਈ ਗੁਰਦਾਸ ਜੋ ਸਿੱਖ-ਮਤ ਦੇ ਅਨਿਨ ਸੇਵਕ ਹਨ—ਦਾ ਕਥਨ ਹੈ, "ਗੁਰੂ ਜੀ ! ਸਾਨੂੰ ਆਪਣੀ ਮਦਿਰਾ ਦੀ ਸੁਰਾਹੀ ਵਿਚੋਂ ਇਕ ਬੂੰਦ ਬਖ਼ਸ਼ ਦਿਓ ਤਾਂ ਜੋ ਅਸੀਂ ਖ਼ੁਸ਼ਕ ਨੀਤੀ ਉਪਦੇਸ਼ਕਾਂ ਤੇ ਇਖ਼ਲਾਕ ਪ੍ਰਸਤਾਂ ਵਿਚ ਨਾ ਗਿਣੇ ਜਾਈਏ।" ਭਾਈ ਵੀਰ ਸਿੰਘ ਜੋ ਸਿੱਖ-ਮਤ ਦੇ ਮਹਾਨ ਪੰਥ-ਪ੍ਰਦਰਸ਼ਕ ਹਨ, ਆਪਣੀਆਂ ਕਵਿਤਾਵਾਂ ਵਿਚ ਅਜਿਹਾ ਹੀ ਕਥਨ ਕਰਦੇ ਹਨ। ਅਜਿਹਾ ਨਾਮ-ਰਸੀਆ ਸਿੱਖ ਦੂਜਿਆਂ ਨੂੰ ਸੁਖ-ਆਰਾਮ ਪਹੁੰਚਾਉਣ ਵਿਚ ਆਪਣੀਆਂ ਤੱਕਣੀਆਂ ਨਾਲ ਜੀਵਨ-ਚੰਗਿਆੜੀਆਂ ਪ੍ਰਦਾਨ ਕਰਨ ਵਿਚ, ਆਤਮਾ ਦੀਆਂ ਡੂੰਘਾਣਾਂ ਵਿਚੋਂ ਮੁਸਕਾਨਾਂ ਵੰਡਣ ਵਿਚ ਅਤੇ ਛੋਟੀਆਂ ਛੋਟੀਆਂ ਮਿਹਰਬਾਨੀਆਂ ਕਰਨ ਵਿਚ ਬੜਾ ਉਦਾਰਚਿਤ ਤੇ ਹਮਦਰਦ ਹੁੰਦਾ ਹੈ। ਸਿੱਖ ਦੇ ਵਿਸਮਾਦਜਨਕ ਵਿਅਕਤੀਤਵ ਵਿਚ ਵਿਭਿੰਨ ਭਾਂਤ ਦੀਆਂ ਸ਼ਖ਼ਸੀਅਤਾਂ ਦਾ ਸੁਮੇਲ ਹੋ ਜਾਂਦਾ ਹੈ। ਕੋਈ ਵੀ ਆਚਾਰ-ਸੰਘਤਾ ਦਾ ਨੁਕਤਾ, ਜੋ ਸਿਧਾਂਤ ਰੂਪ ਵਿਚ ਨੀਤੀ-ਪੁਸਤਕਾਂ ਵਿਚ ਅੰਕਿਤ ਹੁੰਦਾ ਹੈ। ਸਿੱਖ ਦੇ ਸਦਾਚਾਰਕ ਪ੍ਰੇਮ ਤੇ ਸੇਵਾ ਭਾਵ ਦਾ ਨਿਰਣਾ ਕਰਨ ਵਿਚ ਸਹਾਈ ਨਹੀਂ ਹੋ ਸਕਦਾ। ਉਹ ਤਾਂ ਕੁਦਰਤ ਨਾਲ ਪੂਰਨ ਤੌਰ 'ਤੇ ਇਕਸੁਰ ਹੋ ਜਾਂਦਾ ਹੈ। ਉਸ ਦਾ ਜੀਵਨ ਤਾਂ ਪ੍ਰੇਰਨਾਸ਼ੀਲ ਮਨੋਵੇਗਾਂ ਦੇ ਨਿਰਦੇਸ਼ਾਂ ਅਨੁਸਾਰ ਚਲਦਾ ਹੈ। ਭਾਵੇਂ ਉਹ ਹਲ ਵਾਹ ਰਿਹਾ ਹੋਵੇ ਜਾਂ ਰਣ-ਖੇਤਰ ਵਿਚ ਯੁਧ ਕਰ ਰਿਹਾ ਹੋਵੇ। ਰਹੱਸਮਈ ਇੱਛਾ-ਸ਼ਕਤੀ ਵਿਚੋਂ ਹੀ ਉਹ ਭਾਵਨਾ ਜਨਮ ਲੈਂਦੀ ਹੈ ਜੋ ਉਸ ਨੂੰ ਅੰਤਿਮ ਰੂਪ ਵਿਚ ਆਤਮਕ ਸੁਤੰਤਰਤਾ ਦੀ ਪ੍ਰਵਿਰਤੀ ਪ੍ਰਦਾਨ ਕਰਦੀ ਹੈ। ਜੋ ਅਗੇ ਜਾ ਕੇ ਉਸ ਨੂੰ ਜੀਵਨ ਵਿਚ ਕੋਈ

ਕਰਮ ਕਰ ਸਕਣ ਲਈ ਉਤਸ਼ਾਹਿਤ ਕਰਦੀ ਹੈ। ਉਹ ਕਿਸੇ ਵੀ ਨਿਸ਼ਚਿਤ ਤਾਰਕਿਕ-ਪੱਧਤੀ ਅਨੁਸਾਰ ਨਹੀਂ ਚਲ ਸਕਦਾ, ਨਾ ਹੀ ਕਿਸੇ ਅਜਿਹੇ ਵਿਸ਼ਵ-ਵਿਆਪੀ ਪ੍ਰੇਮ ਦੇ ਬੰਧਨਾਂ ਵਿਚ ਬਝਾ ਹੁੰਦਾ ਹੈ, ਜਿਸ ਬਾਰੇ ਪੁਸਤਕਾਂ ਵਿਚ ਅਕਾਦਮਿਕ ਚਰਚਾ ਕੀਤੀ ਗਈ ਹੁੰਦੀ ਹੈ। ਉਸ ਦਾ ਜੀਵਨ ਇਕ ਸਜੀਵ ਇਕਾਈ ਹੁੰਦਾ ਹੈ ਜਿਸ ਦੇ ਨੇਮਾਂ ਨੂੰ ਉਹ ਭਲੀ ਭਾਂਤ ਜਾਣਦਾ ਹੈ। ਟਾਲਸਟਾਏ ਮਨੁੱਖ ਦੇ ਜੀਵਨ ਨੂੰ ਜੁਤੇ ਹੋਏ ਘੋੜਿਆਂ ਦੀ ਜੋੜੀ ਜਾਂ ਸਮੂਹ ਨਾਲ ਤੁਲਨਾ ਦਿੰਦਾ ਹੈ, ਜਿਨ੍ਹਾਂ ਨੂੰ ਨਿਰਦੇਸ਼ ਦੇਣ ਵਾਲਾ ਉਹ ਚਾਲਕ ਹੁੰਦਾ ਹੈ ਜਿਸ ਦੇ ਹੱਥਾਂ ਵਿਚ ਕਿ ਉਹਨਾਂ ਦੀਆਂ ਰਾਸਾਂ ਹੁੰਦੀਆਂ ਹਨ।

ਜਿਹੜੇ ਸੋਚਾਂ ਸੋਚਦੇ ਹਨ, ਉਹ ਸਚਿਆਰਾ ਜੀਵਨ ਜਿਉ ਨਹੀ ਸਕਦੇ। ਉਹ ਕਈ ਵਾਰ ਸੱਚ ਨੂੰ ਚਿਤਰ ਤਾਂ ਦਿੰਦੇ ਹਨ, ਉਸ ਨੂੰ ਪ੍ਰਮਾਣਿਤ ਵੀ ਕਰ ਦਿੰਦੇ ਹਨ, ਉਸ ਦੀ ਪ੍ਰਸ਼ੰਸਾ ਵੀ ਕਰ ਸਕਦੇ ਹਨ, ਪਰ ਉਹ ਸੱਚ ਨੂੰ ਜੀਵਨ ਵਿਚ ਢਾਲ ਨਹੀਂ ਸਕਦੇ। ਨਿਰੋਲ ਸੋਚਵਾਨ ਤਾਂ ਕੇਵਲ ਸੱਚ ਦਾ ਚਿਤਰ ਹੀ ਉਲੀਕਦੇ ਹਨ, ਜੋ ਬੜਾ ਮਨੋਹਰ ਲਗਦਾ ਹੈ, ਪਰ ਹੁੰਦਾ ਤਾਂ ਇਹ ਨਿਰਜਿੰਦ ਚਿਤਰ ਹੀ ਹੈ। ਜਿਹੜੇ ਸਚਿਆਰਾ ਜੀਵਨ ਜਿਉਂਦੇ ਹਨ, ਉਹ ਤਾਂ ਆਤਮਕ ਅਨੁਭਵ ਦੇ ਖੇਤਰ ਦੇ ਵਿਅਕਤੀ ਹੁੰਦੇ ਹਨ। ਪ੍ਰਭੂ ਤਾਂ ਦਿਨ ਰਾਤ ਗੁਰੂ ਵਲ ਤੱਕਣ ਤੋਂ ਬਿਨਾਂ ਹੀ ਸਾਨੂੰ ਰਹਿਣ ਦੀ ਜੁਗਤ ਸੁਝਾ ਸਕਦਾ ਹੈ। ਜਦੋਂ ਅਸੀ ਆਪਣੀਆਂ ਲਤਾਂ-ਬਾਹਾਂ ਦੁਆਰਾ ਪ੍ਰਭੂ-ਪ੍ਰੀਤਮ ਦੀ ਕਿਰਤ ਕਰਦੇ ਹਾਂ ਤਾਂ ਇਹ ਉਸ ਦੀ ਰਜ਼ਾ ਅਨੁਸਾਰ ਰਹਿਣਾ ਹੀ ਹੁੰਦਾ ਹੈ। ਸਭ ਪ੍ਰਕਾਰ ਦੀ ਕਿਰਤ ਕਰਨਾ ਤੇ ਆਪਣਾ ਮੁੜ੍ਹਕਾ ਡੋਲ੍ਹ ਕੇ ਘਾਲ ਕਮਾਉਣਾ ਅੰਤਿਮ ਰੂਪ ਵਿਚ ਅਤੇ ਸਚਿਆਰੇ ਰੂਪ ਵਿਚ ਸਮਾਜ ਦੀ ਖ਼ਾਤਰ ਅਜਿਹਾ ਕਰਨਾ ਹੀ ਹੁੰਦਾ ਹੈ। ਹਰ ਪ੍ਰਕਾਰ ਦਾ ਲਗਾਤਾਰ ਕੀਤਾ ਗਿਆ ਕੰਮ, ਭਾਵੇਂ ਉਹ ਬੌਧਿਕ ਹੋਵੇ ਜਾਂ ਵਿਗਿਆਨੀ ਵਾਲਾ, ਭਾਵੇਂ ਇਕ ਕਿਰਸਾਨ ਵਾਲਾ ਸਰੀਰਕ ਹੋਵੇ ਜਾਂ ਮਾਨਸਿਕ-ਅੰਤਿਮ ਰੂਪ ਵਿਚ ਸਮਾਜਕ ਪ੍ਰਾਰਥਨਾ ਹੀ ਹੁੰਦਾ ਹੈ। ਨਿਰੰਤਰ ਕੀਤੇ ਗਏ ਕੰਮ ਵਿਚ ਮੈਂ-ਮਮਤਾ ਆਪਣੇ ਆਪ ਹੀ ਮਰ ਜਾਂਦਾ ਹੈ।

ਜੇ ਬੀਜ ਦੇ ਕੋਸ਼ ਸਜੀਵ ਹਨ ਤਾਂ ਧਰਤੀ ਦੀ ਕੋਈ ਵੀ ਸ਼ਕਤੀ ਉਸ ਨੂੰ ਧਰਤੀ ਦੀ ਤਹਿ ਵਿਚੋਂ ਬਾਹਰ ਆ ਕੇ ਨੰਨ੍ਹੇ ਪੌਦੇ ਦੇ ਰੂਪ ਵਿਚ ਵਧਣ ਫੂਲਣ ਤੋਂ ਰੋਕ ਨਹੀਂ ਸਕਦੀ। ਇਸ ਵਿਚ ਭਾਵੇਂ ਲਘੂ ਸ਼ਕਤੀ ਹੁੰਦੀ ਹੈ, ਪਰ ਉਹ ਇਤਨੀ ਅਨੰਤ ਹੁੰਦੀ ਹੈ ਕਿ ਉਹ ਨੰਨ੍ਹਾ ਪੌਦਾ ਆਪਣਾ ਸਿਰ ਸੂਰਜ ਵਲ ਉਚਾ ਕਰਕੇ ਵਧਦਾ ਹੈ। ਉਹ ਸ਼ਕਤੀ ਮਨੁੱਖ ਵਿਚ ਵੀ ਮੌਜੂਦ ਹੈ, ਜਿਸ ਨੂੰ ਪ੍ਰੇਮ ਸਜੀਵ ਬਣਾ ਦਿੰਦਾ ਹੈ। ਪ੍ਰੇਮ ਨੂੰ ਸਹੁੰਆਂ ਦੁਆਰਾ ਭਰਮਾਇਆ ਨਹੀਂ ਜਾ ਸਕਦਾ। ਕੋਈ ਵੀ ਸਿੱਖ ਅਜਿਹੀ ਸਹੁੰ ਨਹੀਂ ਖਾਏਗਾ। ਭਾਰਤ ਦੇ ਸਾਧਾਰਨ ਲੋਕ-ਮਤ ਲਈ ਨਾਟਕੀ ਢੰਗ ਨਾਲ ਕਿਸੇ ਵਿਅਕਤੀ ਦਾ ਹਠੀ ਰੂਪ ਦੀਆਂ ਪ੍ਰਤਿਗਿਆਵਾਂ ਕਰਕੇ ਤਿਆਗ ਕਰਨਾ ਬੜਾ ਉਤੇਜਿਤ ਕਰਨ ਵਾਲਾ ਅਤੇ ਸ੍ਰੇਸ਼ਠ ਕਰਮ ਹੁੰਦਾ ਹੈ ਅਤੇ ਕਈ ਇਸ ਤਰ੍ਹਾਂ ਕਰਨ ਲਈ ਮਜਬੂਰ ਹੋ ਜਾਂਦੇ ਹਨ। ਪਰ ਉਹਨਾਂ ਵਿਚੋਂ ਬਹੁਤੇ

ਵਿਰਲੇ ਹੀ ਉਚ-ਮਾਨਸਿਕਤਾ ਦੇ ਧਾਰਨੀ ਬਣਦੇ ਹਨ, ਜਿਨ੍ਹਾਂ ਤੋਂ ਕਿ ਲੋਕ ਭਖਦੀ ਜੀਵਨ-ਚੰਗਿਆੜੀ ਪ੍ਰਾਪਤ ਕਰ ਸਕਦੇ ਹਨ। ਮੰਦੇ ਭਾਗਾਂ ਨੂੰ ਸਿੱਖ ਗੁਰੂ ਸਾਹਿਬਾਨ ਦੇ ਕਰਮ ਖੇਤਰ ਦੇ ਘੇਰੇ ਵਿਚ ਆਉਣ ਵਾਲੀਆਂ ਮਹਾਨ ਤੇ ਸੱਚੇ ਲੋਕਤੰਤਰ ਵਿਚ ਵਿਸ਼ਵਾਸ ਰਖਣ ਵਾਲੀਆਂ ਕੌਮਾਂ ਜਾਂ ਜਾਤੀਆਂ ਅਜਿਹੇ ਧਰਮਾਂ ਵਿਚੋਂ ਹੋਂਦ ਵਿਚ ਆਈਆਂ, ਜਿਨ੍ਹਾਂ ਨੂੰ ਧਰਮ-ਸ਼ਾਸਤਰ ਨੇ ਗ਼ੁਲਾਮ ਬਣਾ ਕੇ ਦੁਖੀ ਕਰ ਦਿਤਾ ਸੀ। ਜੋ ਵਹਿਮਾਂ-ਭਰਮਾਂ ਦੇ ਭਾਰ ਥਲੇ ਦਬੇ ਤੇ ਨਿਰਾਰਥਕ ਕਿਆਸਾਂ ਵਿਚ ਵਿਸ਼ਵਾਸ ਰਖਣ ਵਾਲੇ ਭਾਰਤ ਦੀ ਦੇਣ ਸਨ। ਗੁਰੂ ਨਾਨਕ ਦੇਵ ਜੀ ਭਾਰਤ ਤੋਂ ਬਾਹਰਲੇ ਦੇਸ਼ਾਂ ਵਿਚ ਵੀ ਗਏ ਤੇ ਆਪ ਨੇ ਆਪਣੀ ਵਿਸ਼ਵ-ਵਿਆਪੀ ਹਮਦਰਦੀ ਨੂੰ ਸਭ ਵਿਚ ਵੰਡਿਆ। ਆਪ ਵਿਭਿੰਨ ਕੌਮਾਂ ਦੇ ਲੋਕਾਂ ਤਕ ਪੁਜੇ ਤੇ ਉਹਨਾਂ ਦੇ ਸਨਮਾਨਯੋਗ ਅਤਿਥੀ ਬਣੇ। ਆਪ ਹੁਣ ਵੀ ਅਜਿਹੇ ਹੀ ਹਨ। ਪ੍ਰੇਮ ਦੁਆਰਾ ਆਪ ਜੀ ਨੂੰ ਨਿਰੰਤਰ ਯਾਦ ਕੀਤਾ ਜਾਂਦਾ ਹੈ। ਪ੍ਰੇਮ ਦੀ ਛੁਹ ਮਨੁੱਖ ਦੇ ਸਰੀਰ ਨੂੰ ਅੰਧਕਾਰਮਈ ਅਗਿਆਨ ਵਿਚ ਵੀ ਖ਼ੁਸ਼ੀ ਦਾ ਆਭਾਸ ਕਰਾਉਂਦੀ ਹੈ ਤੇ ਉਸ ਦੀਆਂ ਹੱਡੀਆਂ ਨੂੰ ਇੰਜ ਆਭਾਸ ਹੁੰਦਾ ਹੈ ਜਿਵੇਂ ਕਿਸੇ ਨੇ ਉਹਨਾਂ ਨੂੰ ਆ ਕੇ ਅਤੇ ਚੁੰਮ ਕੇ ਸੁਆਦ ਸੁਆਦ ਕਰ ਦਿਤਾ ਹੋਵੇ। ਸਿਮਰਨ ਤਾਂ ਜੁਆਨੀ ਵਾਲੀ ਜੀਵਨ-ਤਰੰਗ ਹੁੰਦਾ ਹੈ। ਕੇਵਲ ਘਟ ਵਿਕਸਿਤ ਜੀਵਨ ਹੀ ਇਸ ਦੇ ਵੇਗ ਨੂੰ ਕਦੀ ਕਦਾਈਂ ਅਨੁਭਵ ਕਰਦਾ ਹੈ। ਪਰ ਉਚੇਰੇ ਪ੍ਰਗੀਤਮਈ ਪ੍ਰਤਿਭਾਵਾਨ ਵਿਅਕਤੀ ਦੀ ਹਾਲਤ ਵਿਚ ਸਿਮਰਨ ਪ੍ਰਭੂ-ਪ੍ਰੀਤਮ ਤੋਂ ਵਿਯੋਗ-ਅਵਸਥਾ ਵਿਚ ਵੀ ਸੰਜੋਗ ਦੇ ਅਨੰਦ ਨੂੰ ਪ੍ਰਦਾਨ ਕਰਦਾ ਹੈ। ਇਸੇ ਲਈ ਅਜਿਹੇ ਵਿਅਕਤੀ ਨਿਰੰਤਰ ਸਿਮਰਨ ਤੇ ਪ੍ਰਭੂ ਨਾਮ ਦੇ ਬਾਰੰਬਾਰ ਦੁਹਰਾਉ ਨੂੰ ਨਾ ਤਾਂ ਕੋਈ ਭਾਰ ਮਹਿਸੂਸ ਕਰਦੇ ਹਨ, ਨਾ ਕਿਸੇ ਦਾ ਕੋਈ ਬੰਧਨ। ਗੁਰੂ ਨਾਨਕ ਦੇਵ ਜੀ ਤਾਂ ਚੰਨ-ਚਾਨਣੀ ਦੀਆਂ ਰਿਸ਼ਮਾਂ, ਸੂਰਜ ਦੀਆਂ ਕਿਰਨਾਂ, ਵਣਾਂ ਦੇ ਕੰਬਦੇ ਸਰਸਰਾਂਦੇ ਪੱਤਿਆਂ ਅਤੇ ਉਹਨਾਂ ਵਣਾਂ ਨੂੰ ਨਿਹਾਰ ਕੇ ਭਾਵਾਵੇਸ਼ ਦੀ ਅਜਿਹੀ ਪ੍ਰੇਰਨਾਸ਼ੀਲ ਅਵਸਥਾ ਵਿਚ ਆ ਜਾਂਦੇ ਹਨ, ਜਿਹੜੇ ਪ੍ਰਭੂ ਦਾ ਨਿਰੰਤਰ ਨਾਮ-ਸਿਮਰਨ ਕਰ ਰਹੇ ਹਨ। ਅਸੀਂ ਲੋਕ ਜਿਹੜੇ ਇਸਤਰੀਆਂ ਤੇ ਬਚਿਆਂ ਦੇ ਪ੍ਰੇਮ ਵਿਚ ਕਦੀ ਕਦੀ ਪ੍ਰੇਮ ਦੀ ਅਜਿਹੀ ਤੀਬਰ ਅਵਸਥਾ ਨੂੰ ਅਨੁਭਵ ਕਰਦੇ ਹਾਂ, ਗੁਰੂ ਜੀ ਦੇ ਨਾਮ ਅਤੇ ਸਿਮਰਨ ਵਲ ਵਾਰ ਵਾਰ ਜ਼ੋਰ ਦੇਣ ਬਾਰੇ ਕਦੀ ਵੀ ਜਾਣ ਨਹੀਂ ਸਕਦੇ। ਸਿਮਰਨ ਜਾਂ ਨਾਮ-ਅਭਿਆਸ ਸਾਨੂੰ ਬੜਾ ਨਿਰਾਰਥਕ ਤੇ ਨਾ-ਸਮਝ ਵਿਚ ਆਉਣ ਵਾਲੀ ਕਿਰਿਆ ਜਾਪਦੀ ਹੈ। ਕੇਵਲ ਇਹੋ ਗੱਲ ਹੀ ਸਿਧ ਕਰਦੀ ਹੈ ਕਿ ਸਾਡੀ ਮਾਨਸਿਕ ਦਸ਼ਾ ਤੇ ਗੁਰੂ ਸਾਹਿਬ ਦੀ ਉਚੇਰੀ ਪ੍ਰਗੀਤਕ ਅਵਸਥਾ ਵਿਚ ਕਿੰਨਾਂ ਅੰਤਰ ਹੈ ! ਪਰ ਅਸੀਂ ਆਪਣੇ ਪ੍ਰੇਮ ਦੁਆਰਾ ਉਤੇਜਿਤ ਮਨੋਦਸ਼ਾ ਵਿਚ ਵਿਚਰ ਕੇ ਉਸ ਉਚੇਰੀ ਪ੍ਰਗੀਤਕ ਅਵਸਥਾ ਬਾਰੇ ਥੋੜ੍ਹਾ ਬਹੁਤ ਹੀ ਅਨੁਭਵ ਕਰ ਸਕਦੇ ਹਾਂ, ਜੋ ਸਾਡੀ ਕਲਪਨਾ ਤੋਂ ਪਰੇ ਦੀ ਅਵਸਥਾ ਹੈ ਤੇ ਜਿਸ ਨੂੰ ਗੁਰੂ ਜੀ ਨਾਮ ਤੇ ਸਿਮਰਨ ਦੀ ਸੰਗਿਆ ਦਿੰਦੇ ਹਨ। ਪੈਗੰਬਰ ਮੁਹੰਮਦ ਇਸ ਅਵਸਥਾ ਵਿਚ ਪਹੁੰਚ ਕੇ ਉਹਨਾਂ ਲੋਕਾਂ ਨੂੰ ਕਾਫ਼ਿਰ ਆਖਦੇ ਹਨ

ਜਿਹੜੇ ਇਸ ਅਵਸਥਾ ਨੂੰ ਪ੍ਰਾਪਤ ਨਹੀਂ ਕਰ ਸਕਦੇ ਅਤੇ ਉਹਨਾਂ ਦੇ ਜੀਵਨ ਨੂੰ ਲੰਮੇ ਦੁਖਾਂ ਨਾਲ ਭਰਪੂਰ ਦਸਦੇ ਹਨ। ਸ਼ੋਕ ! ਪੈਗੰਬਰ ਸਾਹਿਬ ਦੀ ਇਹ ਤੀਬਰ ਅਨੰਦਮਈ ਅਵਸਥਾ ਕਾਫ਼ਿਰਾਂ ਦੀ ਮ੍ਰਿਤੂ ਦਾ ਕਾਰਨ ਬਣ ਗਈ। ਪਰ ਗੁਰੂ ਸਾਹਿਬ ਨੇ ਤਾਂ, ਜੋ ਵੀ ਉਹਨਾਂ ਦੀ ਹਜ਼ੂਰੀ ਵਿਚ ਆਇਆ, ਨੂੰ ਆਪਣੀ ਇਕ ਛੁਹ ਮਾਤਰ (ਨਦਰਿ-ਕਰਮ) ਨਾਲ ਮਨੁੱਖ ਤੋਂ ਦੇਵਤਾ ਬਣਾ ਦਿਤਾ। ਗੁਰੂ ਗਰੰਥ ਸਾਹਿਬ ਦਾ ਵਾਕ ਹੈ :

'ਗੁਰੂ ਜੀ ਨੇ ਤਾਂ ਆਪਣੇ ਹੱਥ ਮੇਰੇ ਮਸਤਕ ਉਤੇ ਰਖੇ ਅਤੇ ਇਸ ਨਾਲ ਮੇਰੇ ਅੰਦਰਲੇ ਸਾਰੇ ਔਗੁਣਾਂ ਨੂੰ ਬਾਹਰ ਕਢ ਦਿਤਾ।'

ਗੁਰੂ ਜੀ ਤਾਂ ਉਚੇਰਾ ਉਠਦੇ ਹਨ, ਮਨੁੱਖ ਦੇ ਸਦਾਚਾਰਾਂ ਨੂੰ ਹੀ ਧਰਮ ਥਾਪਦੇ ਹਨ। ਆਖ ਉਹਨਾਂ ਦੀ ਮਨੁੱਖ ਤੋਂ ਗੀਤ ਦੇ ਸ਼ਬਦ ਦੇ ਰੂਪ ਵਿਚ ਕਾਇਆ-ਕਲਪ ਕਰ ਜਾਂਦੇ ਹਨ। "ਸੰਗੀਤ ਤਾਂ ਅੰਮ੍ਰਿਤ ਧਾਰਾ ਦੀ ਰਿਮਝਿਮ ਵਰਖਾ ਹੁੰਦੀ ਹੈ।" ਮਨੁੱਖ ਦਾ ਸਾਰਾ ਵਜੂਦ ਸੰਗੀਤ ਦਾ ਰੂਪ ਧਾਰਨ ਕਰ ਲੈਂਦਾ ਹੈ। ਅਜਿਹੀ ਉਚੇਰੀ ਅਵਸਥਾ ਵਿਚ ਸੰਗੀਤਕ ਥਰਥਰਾਹਟ ਤੋਂ ਬਿਨਾਂ ਹੋਰ ਕੁਝ ਹੋ ਹੀ ਨਹੀਂ ਸਕਦਾ। ਗੁਰੂ ਜੀ ਤਾਂ ਈਸਾਈਆਂ, ਯਹੂਦੀਆਂ, ਮੁਸਲਮਾਨਾਂ ਤੇ ਹਿੰਦੂਆਂ ਸਭਨਾਂ ਦੇ ਹਨ। ਉਹਨਾਂ ਦੇ ਸਿੱਖ ਵਿਸ਼ਵ-ਵਿਆਪੀ ਹਨ। ਗੁਰੂ ਜੀ ਦੇ ਸਿੱਖ ਤਾਂ ਉਹ ਸੈਨਿਕ ਹਨ, ਜੋ ਸਾਰੀ ਮਾਨਵਜਾਤੀ ਦੀ ਸੇਵਾ ਲਈ ਹਾਜ਼ਰ ਰਹਿੰਦੇ ਹਨ। ਗੁਰੂ ਜੀ ਦੇ ਸਿੱਖ ਤਾਂ ਮਨੁੱਖਤਾ ਦੀ ਸੇਵਾ ਦੇ ਤੁਰੰਤ ਪ੍ਰਾਪਤ ਹੋਏ ਅਵਸਰ ਨੂੰ ਪ੍ਰੇਮ ਕਰਦੇ ਹਨ ਅਤੇ ਇਸ ਵਿਚੋਂ ਗੁਰੂ ਜੀ ਦੀ ਤੀਬਰ ਪ੍ਰੇਮ-ਭਾਵਨਾ ਨੂੰ ਅਨੁਭਵ ਕਰਦੇ ਹਨ। ਗੁਰੂ ਜੀ ਦੇ ਇਸ ਕੇਂਦਰੀ ਪ੍ਰਕਾਸ਼ ਦੀ ਅਣਹੋਂਦ ਵਿਚ ਸਿੱਖ ਦਾ ਸਮਰਪਣ-ਭਾਵ ਪਾਪ ਹੋ ਨਿਬੜਦਾ ਹੈ, ਉਸ ਦੀ ਸੇਵਾ ਨਿਰਜਿੰਦ ਤੇ ਸਰਾਪ-ਸੰਤਾਪ ਬਣ ਜਾਂਦੀ ਹੈ।

# ਮੌਤ

ਰੂਪ ਟੁੱਟ ਜਾਂਦੇ ਹਨ ਅਤੇ ਇਹ ਪ੍ਰਵਰਤਿਤ ਹੋ ਕੇ ਨਵਾਂ ਰੂਪ ਧਾਰਨ ਕਰ ਲੈਂਦੇ ਹਨ। ਆਤਮਾ ਜੋ ਉਹਨਾਂ ਦੁਆਰਾ ਸੁੰਦਰਤਾ ਦੇ ਰੂਪ ਵਿਚ ਸਾਕਾਰ ਹੁੰਦੀ ਹੈ—ਵਿਨਾਸ਼, ਮੌਤ ਤੇ ਪਰਿਵਰਤਨ ਤੋਂ ਪਰੇ ਹੈ। ਫਿਰ ਵੀ ਇਹਨਾਂ ਤੋਂ ਬਿਨਾਂ ਕਿਸੇ ਆਤਮਾ ਦੀ ਹੋਂਦ ਨਹੀਂ ਹੋ ਸਕਦੀ। ਜਿਹੜੇ ਆਤਮਾ ਦੀ ਅਬਿਨਾਸ਼ੀ ਸੁੰਦਰਤਾ ਨੂੰ ਪ੍ਰਾਪਤ ਕਰਦੇ ਹਨ, ਉਹ ਆਪਣੇ ਆਪ ਵਿਚ ਲੀਨ ਹੋ ਜਾਂਦੇ ਹਨ ਤੇ ਪ੍ਰੇਮ, ਜੀਵਨ ਤੇ ਸੁੰਦਰਤਾ ਦੀ ਸ਼ੁਧ ਆਤਮਾ ਵਿਚ ਆਪਣੇ ਆਪ ਨੂੰ ਅਭੇਦ ਕਰ ਲੈਂਦੇ ਹਨ। ਪਰ ਜਿਨ੍ਹਾਂ ਨੇ ਹੁਣ ਤਕ ਪ੍ਰਭੂ-ਪ੍ਰੀਤਮ ਦੇ ਦਰਸ਼ਨ ਨਹੀਂ ਕੀਤੇ, ਉਹ ਮੌਤ ਤੇ ਵਿਗਠਨ ਦੇ ਰਾਹ ਵਲ ਚਲੇ ਜਾਂਦੇ ਹਨ।

ਜੀਵ-ਆਤਮਾ ਸਿਰਜਣਾ ਦੇ ਵਰਤਾਰੇ ਵਿਚ ਰਹਿੰਦੀ ਹੈ। ਇਹ ਪਦਾਰਥ ਵਿਚੋਂ ਵਿਕਾਸ ਕਰਦੀ ਹੈ ਅਤੇ ਮੌਤ ਤੇ ਇੱਛਾ ਦੇ ਦੂਹਰੇ ਬੰਧਨਾਂ ਤੋਂ ਮੁਕਤ ਹੋਣਾ ਚਾਹੁੰਦੀ ਹੈ। ਸੁਤੰਤਰਤਾ ਦੇ ਸੁਪਾਤਰ ਬਣਨ ਲਈ ਇਸ ਦਾ ਰੂਪਾਂਤਰਣ ਹੋਣਾ ਜ਼ਰੂਰੀ ਹੈ। ਜੀਵ-ਆਤਮਾ ਸੁਤੰਤਰਤਾ ਦੇ ਵਖ ਵਖ ਪੜਾਵਾਂ ਵਿਚ ਹੁੰਦੀ ਹੈ ਤੇ ਹਉਮੈ ਦੇ ਘੇਰੇ ਵਿਚ ਬਧੀ ਜਨਮ ਤੇ ਮਰਨ ਦੇ ਚਕਰ ਵਿਚ ਪਈ ਰਹਿੰਦੀ ਹੈ। ਇਹ ਇਸ ਆਵਾਗਵਣ ਦੇ ਚਕਰ ਵਿਚ ਉਨਾਂ ਚਿਰ ਤਕ ਪਈ ਰਹਿੰਦੀ ਹੈ, ਜਿੰਨਾਂ ਚਿਰ ਤਕ ਕਿ ਇਸ ਦਾ ਸੰਪੂਰਨ ਵਿਕਾਸ ਨਹੀਂ ਹੋ ਜਾਂਦਾ ਅਤੇ ਇਹ ਸ਼ੁਧ ਆਤਮਾ ਵਿਚ ਆਪਣੇ ਆਪ ਨੂੰ ਸਮਾਂ ਨਹੀਂ ਲੈਂਦੀ। ਤਦੋਂ ਆ ਕੇ ਦੈਵੀ ਪ੍ਰਸਾਦਿ-ਕਰਮ ਦੁਆਰਾ ਇਸ ਦਾ ਉਥਾਨ ਹੋ ਜਾਂਦਾ ਹੈ ਤੇ ਇਹ ਜਨਮ ਮਰਨ ਦੇ ਗੇੜ ਤੋਂ ਮੁਕਤ ਹੋ ਜਾਂਦੀ ਹੈ। ਉਸ ਸਮੇਂ ਇਹ ਸੁਤੰਤਰ ਹੋ ਜਾਂਦੀ ਹੈ। ਇਹ ਕਾਰਨ ਕਾਰਜ ਦੇ ਨੇਮ ਤੋਂ ਉਪਰ ਉਠ ਖਲੋਂਦੀ ਹੈ। ਇਕੋ ਛਿਣ ਦੀ ਇਕੋ ਤੱਕਣੀ ਦੁਆਰਾ ਇਹ ਪੂਰਨਤਾ ਨੂੰ ਪ੍ਰਾਪਤ ਕਰ ਲੈਂਦੀ ਹੈ। ਪ੍ਰਭੂ ਦੀ ਮਿਹਰ ਇਸ ਨੂੰ ਬੰਧਨ-ਮੁਕਤ ਕਰ ਦਿੰਦੀ ਹੈ। ਆਤਮਾ ਦੇ ਵੀ ਕਈ ਲੋਕ ਹਨ ਜੋ ਵਖ ਵਖ ਅਸਰੀਰੀ ਅਵਸਥਾਵਾਂ ਵਿਚ ਹੁੰਦੇ ਹਨ। ਕਈ ਤਾਂ ਆਪਣੇ ਹੀ ਵਿਚਾਰਾਂ ਤੇ ਕਰਮਾਂ ਦੀ ਹਿੰਸਾ ਵਿਚ ਜਕੜੇ ਹੁੰਦੇ ਹਨ, ਕੁਝ ਆਪਣੇ ਹੀ ਮਾਨਸਿਕ ਅਸੂਲਾਂ ਦੀ ਕਠੋਰ ਸੀਮਾ ਵਿਚ ਬਧੇ ਹੋਏ ਹੁੰਦੇ ਹਨ ਅਤੇ ਵਿਚਾਰਾਂ ਦੇ ਦ੍ਰਿਸ਼ਟੀਕੋਣਾਂ ਦੇ ਭਾਰ ਥੱਲੇ ਦਬੇ ਹੋਏ ਹੁੰਦੇ ਹਨ। ਭਲੇ ਲੋਕ ਆਪਣੀ ਹੀ ਯੰਤ੍ਰਾਤਮਿਕ ਭਲਾਈ ਦੇ ਭਾਰ ਨਾਲ ਦਬੇ ਹੁੰਦੇ ਹਨ ਅਤੇ ਬਾਹਰੋਂ ਦਿਸਦੇ ਬੁਰੇ ਆਦਮੀ ਆਤਮਾ ਵਲੋਂ ਹੀਣੇ ਹੁੰਦੇ ਹਨ। ਭਾਵੇਂ ਇੰਜ ਜਾਪਦਾ ਹੈ, ਜਿਵੇਂ ਉਹ ਪੂਰੀ ਤਰ੍ਹਾਂ ਪਾਪਾਂ ਵਿਚ ਗ੍ਰਸਤ ਹੋਣ ਤੇ ਉਹ ਆਪਣੀ ਸਵੈ-ਚੇਤੰਨਤਾ ਵਿਚ ਹੀ ਪੂਰੀ ਤਰ੍ਹਾਂ ਖਚਿਤ ਹੋਣ—ਕਿਸੇ ਹੋਰ ਨਾਲ ਜੁੜੇ ਹੋਏ ਨਾ ਹੋਣ ਜਾਂ ਸੁਤੰਤਰ ਹੋਣ। ਕੁਝ ਆਪਣੀਆਂ ਹਾਲਤਾਂ ਦੀਆਂ ਪਾਬੰਦੀਆਂ ਵਿਚ ਕੈਦ ਹਨ ਅਤੇ ਕੁਝ ਸੁਪਨਿਆਂ ਦੇ ਮਿਥਿਆ-

ਜਾਲ ਵਿਚ ਗ੍ਰਸਤ ਹੁੰਦੇ ਹਨ। ਇਸ ਪ੍ਰਕਾਰ ਹਰ ਜੀਵ-ਆਤਮਾ 'ਜਿਹਾ ਬੀਜੋਗੇ, ਸੋਈ ਲੁਣੋਗੇ' ਦੇ ਨੇਮ ਅਨੁਸਾਰ ਆਪਣੀ ਆਪਣੀ ਹੋਣੀ ਦਾ ਸ਼ਿਕਾਰ ਹੈ।

ਸੁਤੰਤਰਤਾ (ਮੁਕਤੀ) ਤਾਂ ਮਿਥਿਆ ਹੋਇਆ ਨਿਸ਼ਾਨਾ ਹੈ ਅਤੇ ਗੁਰੂ ਜੀ ਦਾ ਕਥਨ ਹੈ ਕਿ "ਇਹ ਨਿਸ਼ਾਨਾ ਸਿਮਰਨ ਦੁਆਰਾ ਪ੍ਰਾਪਤ ਹੁੰਦਾ ਹੈ।" ਪ੍ਰਭੂ ਦੇ ਨਾਮ ਦਾ ਨਿਰੰਤਰ ਜਾਪ ਤੇ ਬਾਰੰਬਾਰ ਦੁਹਰਾਉ ਅਤੇ ਪ੍ਰਭੂ ਨਾਲ ਅੰਦਰ ਦੀਆਂ ਮਾਨਸਿਕ ਡੂੰਘਾਣਾਂ ਦੁਆਰਾ ਪ੍ਰੇਮ ਸਭ ਪ੍ਰਕਾਰ ਦੀ ਮਨਸ਼ਾ-ਤ੍ਰਿਸ਼ਨਾ (ਇਛਾਵਾਂ) ਤੋਂ ਸੁਤੰਤਰ ਕਰ ਦਿੰਦਾ ਹੈ।

ਨਾਮ ਦੀ ਅੰਤਰੀਵ ਖੁਮਾਰੀ ਕਾਫੀ ਵੱਡੀ ਵਸਤੂ ਹੁੰਦੀ ਹੈ ਅਤੇ ਅਜਿਹੇ ਵਿਅਕਤੀ ਇਛਾਵਾਂ ਦੇ ਕਾਰਨ ਕਦੀ ਵੀ ਆਤਮਾ ਦੀ ਉਲੰਘਣਾ ਨਹੀਂ ਕਰਦੇ।

ਸਿਮਰਨ ਰਾਹੀਂ ਅਜਿਹੀ ਮਾਨਸਿਕ ਅਵਸਥਾ ਪ੍ਰਾਪਤ ਹੋ ਜਾਂਦੀ ਹੈ ਜਿਸ ਦੁਆਰਾ ਦੇਸ਼ ਤੇ ਕਾਲ ਦਾ ਖ਼ਾਤਮਾ ਹੋ ਜਾਂਦਾ ਹੈ। ਜੀਵ-ਆਤਮਾ ਉਚੇਰੇ ਆਤਮਕ-ਮੰਡਲਾਂ ਨਾਲ ਸੰਪਰਕ ਸਥਾਪਿਤ ਕਰ ਲੈਂਦੀ ਹੈ ਅਤੇ ਸਤਿ-ਸੰਗਤ ਨਾਲ ਸੰਬੰਧ ਜੋੜ ਕੇ ਉਹਨਾਂ ਵਿਚ ਭਖਦੀਆਂ ਜੀਵਨ ਚੰਗਿਆੜੀਆਂ ਦਾ ਆਹਾਰ ਕਰਨ ਦੀ ਰੁਚੀ ਜਾਗ ਪੈਂਦੀ ਹੈ। ਉਹਨਾਂ ਦੀ ਸੁਰੱਖਿਆ ਅਧੀਨ ਉਹ ਸਦੀਆਂ ਤਕ ਇਸੇ ਤਰ੍ਹਾਂ ਵਿਚਰਦੇ ਰਹਿੰਦੇ ਹਨ।

ਸੱਚਾ ਆਤਮਕ ਜੀਵਨ ਜੀਵ-ਆਤਮਾ ਦੇ ਉਚੇਰੇ ਮੰਡਲ ਦੀਆਂ ਮੁਕਤਗਾਮੀ ਆਤਮਾਵਾਂ ਨਾਲ ਸੰਬੰਧ ਜੋੜਨ ਵਿਚ ਹੁੰਦਾ ਹੈ। ਇਸ ਤੋਂ ਹੇਠਲੀ ਅਵਸਥਾ ਵਿਚ ਹਾਲੀਂ ਸਾਰੇ ਸੰਘਰਸ਼ ਦੀ ਸਥਿਤੀ ਵਿਚ ਹੁੰਦੇ ਹਨ। ਇਹ ਸੰਘਰਸ਼ ਪਦਾਰਥ ਤੋਂ ਵਿਕਾਸ ਕਰਕੇ ਧੀਰੇ ਧੀਰੇ ਸ਼ੁਧ ਆਤਮਾ ਵਿਚ ਰੂਪਾਂਤਰਿਤ ਹੋਣ ਵਿਚ ਹੈ। ਇਸ ਦੇ ਹਰ ਭਾਗ ਦੀ ਹੋਣੀ ਆਤਮਕ ਹੋਂਦ ਵਿਚ ਬਦਲ ਜਾਣ ਵਿਚ ਨਿਸ਼ਚਿਤ ਹੁੰਦੀ ਹੈ।

ਆਤਮਕ ਸਮੂਹ ਦੇ ਮੰਡਲ ਵਿਚ ਹਰ ਜੀਵ-ਆਤਮਾ ਦਾ ਵਿਅਕਤੀਗਤ ਪ੍ਰਕਾਸ਼ ਇਕ ਬੜਾ ਅਦਭੁਤ ਦ੍ਰਿਸ਼ ਹੁੰਦਾ ਹੈ ਅਤੇ ਇਸੇ ਦੀ ਪ੍ਰਾਪਤੀ ਲਈ ਕਸ਼ਟ ਵੀ ਝਲੇ ਜਾਂਦੇ ਹਨ। ਵਾਸਤਵ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਇਕ ਸੰਪੂਰਨ ਜੀਵ-ਆਤਮਾ ਦਾ ਇਸ ਤਰ੍ਹਾਂ ਵਾਧਾ ਹੁੰਦਾ ਹੈ, ਜਿਵੇਂ ਉਹ ਸ਼ੁਧ-ਆਤਮਾ ਦੀ ਭਰਪੂਰਤਾ ਹੋਵੇ।

ਬੁਧ ਅਤੇ ਈਸਾ ਵਰਗੀਆਂ ਜੀਵ-ਆਤਮਾਵਾਂ ਦੀ ਸਿਰਜਣਾ ਵੀ ਇਸ ਵਿਕਾਸ ਦੁਆਰਾ ਹੀ ਹੁੰਦੀ ਹੈ। ਸਾਰੀਆਂ ਜੀਵ-ਆਤਮਾਵਾਂ ਅਮਰ ਅਤੇ ਅਬਿਨਾਸ਼ੀ ਨਹੀਂ ਹੋ ਚੁਕੀਆਂ ਹੁੰਦੀਆਂ। ਕੇਵਲ ਪ੍ਰੇਮ ਦੁਆਰਾ ਪ੍ਰੌੜ੍ਹ ਹੋ ਚੁਕੀ ਆਤਮਾ ਹੀ ਗੁਰੂ ਦੀ ਕਿਰਪਾ ਦੁਆਰਾ ਅਮਰ-ਪਦ ਨੂੰ ਪ੍ਰਾਪਤ ਕਰਦੀ ਹੈ।

ਅੰਤਰ-ਪ੍ਰੇਰਿਤ ਆਤਮਾ ਨੂੰ ਮੌਤ ਦਾ ਕੋਈ ਭੈਅ ਨਹੀਂ ਹੁੰਦਾ। ਗੁਰੂ ਜੀ ਵਲੋਂ ਪ੍ਰੇਰਨਾ ਪ੍ਰਾਪਤ ਕਰ ਚੁਕੇ ਸਿੱਖਾਂ ਨੇ ਆਪਣੇ ਜੀਵਨ ਦੁਆਰਾ ਇਹ ਗੱਲ

ਸਿਧ ਕਰ ਦਿਤੀ ਸੀ ਕਿ ਉਹ ਮੌਤ ਤੋਂ ਡਰਦੇ ਨਹੀਂ ਹਨ। ਉਹ ਮੌਤ ਨੂੰ ਪ੍ਰੇਮ ਕਰਦੇ ਹਨ, ਉਸ ਦਾ ਟਾਕਰਾ ਕਰਦੇ ਹਨ ਅਤੇ ਸੱਚੇ ਦਿਲੋਂ ਖ਼ੁਸ਼ੀ ਖ਼ੁਸ਼ੀ ਇਸ ਨੂੰ ਗਲਵਕੜੀ ਪਾਉਂਦੇ ਹਨ। ਸਿੱਖ ਵੀ ਹੈ ਤਾਂ ਮਨੁੱਖ, ਹਰ ਪ੍ਰੇਮ ਦਾ ਅਮਰ-ਪਦ ਪ੍ਰਾਪਤ ਕਰਨ ਲਈ ਉਹ ਮੌਤ ਦੇ ਭੈਅ ਨੂੰ ਜਿਤ ਲੈਂਦਾ ਹੈ। ਇਹ ਉਹ ਲੋਕ ਹਨ ਜੋ ਆਪਣੇ ਵਿਸ਼ਵਾਸ ਦੀ ਜੋਤੀ ਨੂੰ ਜਗਦੀ ਰਖਣ ਲਈ ਮੌਤ ਨੂੰ ਪ੍ਰਵਾਨ ਕਰਦੇ ਹਨ।

"Es Leuchtis mir ein" (ਮੈਂ ਇਸ ਦੀ ਝਲਕ ਵੇਖਦਾ ਹਾਂ) ਮਨੁੱਖ ਖ਼ੁਸ਼ੀ ਤੋਂ ਵੀ ਵਧੇਰੇ ਕਿਸੇ ਹੋਰ ਨੂੰ ਪ੍ਰੇਮ ਕਰਦਾ ਹੈ, ਪਰ ਉਹ ਖ਼ੁਸ਼ੀ ਤੋਂ ਬਿਨਾਂ ਕਿਵੇਂ ਰਹਿ ਸਕਦਾ ਹੈ ? ਇਸ ਤੋਂ ਬਿਨਾਂ ਵੀ ਉਹ ਆਪਣੇ ਆਪ ਨੂੰ ਭਾਗਸ਼ਾਲੀ ਸਮਝਦਾ ਹੈ। ਕੀ ਇਹ ਇਸੇ ਗੱਲ ਦਾ ਪ੍ਰਚਾਰ ਨਹੀਂ ਸੀ ਕਿ ਰਿਸ਼ੀਆਂ, ਮੁਨੀਆਂ, ਸ਼ਹੀਦਾਂ, ਕਵੀ-ਜਨਾਂ ਤੇ ਧਰਮਾਚਾਰੀਆਂ (ਪ੍ਰੋਹਤਾਂ-ਪਾਦਰੀਆਂ) ਨੇ ਹਰ ਕਾਲ ਵਿਚ ਇਸ ਦੀ ਚਰਚਾ ਕੀਤੀ ਹੈ, ਇਸ ਦੀ ਖ਼ਾਤਰ ਕਸ਼ਟ ਝਲੇ ਹਨ ਅਤੇ ਆਪਣੇ ਜੀਵਨ ਵਿਚ ਤੇ ਮ੍ਰਿਤੂ ਦੁਆਰਾ ਪ੍ਰਭੂ ਸਮਾਨ ਹੋਣ ਦਾ ਪ੍ਰਮਾਣ ਪੇਸ਼ ਕੀਤਾ ਹੈ। ਸ਼ੁਕਰ ਹੈ, ਇਹਨਾਂ ਦੀ ਹੋਣੀ ਦਾ ਤੇ ਉਹਨਾਂ ਦਾ ਵੀ ਜਿਨ੍ਹਾਂ ਕਾਰਨ ਅਜ ਵੀ ਇਹਨਾਂ ਦਾ ਕੁਝ ਅੰਸ਼ ਬਾਕੀ ਹੈ। ਤੁਸੀਂ ਉਹਨਾਂ ਬਾਰੇ ਪੜ੍ਹ ਚੁਕੇ ਹੋ। ਇਹਨਾਂ ਵਿਚ ਤਾਂ ਆਪਾ-ਭਾਵ ਪੂਰੀ ਤਰ੍ਹਾਂ ਮਿਟ ਗਿਆ ਹੁੰਦਾ ਹੈ। ਇਸ ਸ਼ੁਭ ਆਵੇਗ ਦਾ ਆਦਿ ਕਰਨ ਲਈ ਕਾਲ ਦੀਆਂ ਲਹਿਰਾਂ ਦੇ ਹੇਠੋਂ ਡੂੰਘੀਆਂ ਤਹਿਆਂ ਵਿਚੋਂ ਜੀਵਨ ਜੜ੍ਹਾਂ ਪਕੜ ਕੇ ਉਪਰ ਵਧਦਾ ਰਿਹਾ ਹੈ। ਆਪ ਲੋਕ ਕਿਸੇ ਬੰਧਨਾਂ ਨਾਲ ਘਿਰੇ ਹੋਏ ਨਹੀਂ ਹੋ, ਸਗੋਂ ਉਚਤਮ ਅਨੰਤ ਨੀਲੇ ਆਕਾਸ਼ਾਂ ਵਿਚ ਵਿਚਰਦੇ ਹੋ। ਵਿਸ਼ੇ-ਭੋਗਾਂ ਦੀਆਂ ਖ਼ੁਸ਼ੀਆਂ ਨੂੰ ਪ੍ਰੇਮ ਨਾ ਕਰੋ, ਸਗੋਂ ਪ੍ਰਭੂ ਨੂੰ ਪ੍ਰੇਮ ਕਰੋ। ਇਹ ਤਾਂ ਉਹ ਸਦਾ ਰਹਿਣ ਵਾਲਾ ਕਾਲ ਹੈ, ਜਿਥੇ ਸਭ ਸਵੈ-ਵਿਰੋਧ ਮਿਟ ਜਾਂਦੇ ਹਨ। ਇਹਨਾਂ ਵਿਅਕਤੀਆਂ ਦੀ ਚਾਲ-ਢਾਲ ਤੇ ਕਾਰਜ-ਖੇਤਰ ਸਭ ਅੰਦਰੋਂ ਸੰਚਾਲਤ ਹੁੰਦਾ ਹੈ।''

(ਕਾਰਲਾਇਲ)

ਸੱਚਾ ਆਤਮਕ ਅਨੰਦ ਵਿਸ਼ੇ-ਭੋਗਾਂ ਦੀਆਂ ਖ਼ੁਸ਼ੀਆਂ ਵਿਚ ਨਹੀਂ ਮਿਲਦਾ। ਇਹ ਤਾਂ ਤੇਜ਼ਧਾਰ ਇਸਪਾਤ ਦੀਆਂ ਚੰਗਿਆੜੀਆਂ ਵਿਚੋਂ ਮਿਲਦਾ ਹੈ। ਜਦੋਂ ਗੁਰੂ ਅਰਜਨ ਦੇਵ ਜੀ ਤੱਤੀ ਲੋਹ 'ਤੇ ਬੈਠੇ ਸਨ ਤਾਂ ਵੀ ਉਹ ਬਾਣੀ ਦਾ ਗਾਇਨ ਕਰ ਰਹੇ ਸਨ। ਗੁਰੂ ਤੇਗ਼ ਬਹਾਦਰ ਵੀ ਜਦੋਂ ਮੁਗ਼ਲਾਂ ਦੀ ਕਾਲ ਕੋਠੜੀ ਵਿਚ ਕਸ਼ਟ ਝਲ ਰਹੇ ਸਨ ਤਾਂ ਬਾਣੀ ਰਚ ਤੇ ਗਾ ਰਹੇ ਸਨ। ਸਰਹਿੰਦ ਵਿਖੇ ਦੋ ਸਾਹਿਬਜ਼ਾਦਿਆਂ ਦੇ ਸ਼ਹੀਦ ਹੋਣ ਦਾ ਸਮਾਚਾਰ ਸੁਣ ਕੇ ਵੀ ਗੁਰੂ ਗੋਬਿੰਦ ਸਿੰਘ ਜੀ ਨੇ ਸ਼ੁਕਰਾਨੇ ਵਜੋਂ ਬਾਣੀ ਦੇ ਬੋਲ ਉਚਾਰਨ ਕੀਤੇ ਸਨ। ਗੁਰੂ ਹਰਿਗੋਬਿੰਦ ਸਾਹਿਬ ਜੀ ਤਾਂ ਘੋੜੇ ਦੀ ਅਸਵਾਰੀ ਕਰਨ ਸਮੇਂ ਹੀ ਪ੍ਰਭੂ ਨਾਲ ਲਿਵ ਜੋੜ ਲੈਂਦੇ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਇਸ ਦੈਵੀ-ਗਾਨ ਦਾ ਗਾਇਨ ਕਰਨ ਲਈ ਮਨੁੱਖੀ ਹਿਰਦੇ ਦੇ ਸਭ ਵਾਦੀ-ਸੁਰਾਂ ਨੂੰ ਛੇੜਿਆ ਹੈ।

ਮਨੁੱਖੀ ਦ੍ਰਿਸ਼ਟੀਕੋਣ ਤੋਂ ਵੇਖਿਆਂ ਵੀ ਸਾਰੇ ਗੁਰੂ ਸਾਹਿਬਾਨ ਦਾ ਕਸ਼ਟਾਂ ਨੂੰ ਖਿੜੇ-ਮੱਥੇ ਝਲ ਕੇ ਅੰਤਰੀਵ ਨੂੰ ਜਿਤ ਲੈਣਾ ਹੀ ਉਹਨਾਂ ਦੇ ਸੁਭਾ ਦਾ ਮੁਖ ਲਛਣ ਰਿਹਾ ਹੈ। ਗੁਰੂ ਗੋਬਿੰਦ ਸਿੰਘ ਜੀ ਆਪਣੇ ਦੂਜੇ ਦੋ ਸਾਹਿਬਜ਼ਾਦਿਆਂ ਨੂੰ ਆਪਣੇ ਹੱਥੀਂ ਸੈਨਿਕਾਂ ਦੀ ਵਰਦੀ ਪੁਆ ਕੇ ਜ਼ੁਲਮ ਵਿਰੁਧ ਯੁਧ ਕਰਨ ਲਈ ਭੇਜਦੇ ਹਨ। ਆਪ ਦੀਆਂ ਅੱਖਾਂ ਦੇ ਸਾਹਮਣੇ ਉਹ ਦੋਵੇਂ ਲੜਦੇ ਲੜਦੇ ਸ਼ਹੀਦ ਹੋ ਜਾਂਦੇ ਹਨ। ਆਪ ਦੇ ਸਿੱਖ ਤਾਂ ਹਜ਼ਾਰਾਂ ਦੀ ਗਿਣਤੀ ਵਿਚ ਮੌਤ ਨੂੰ ਵਰਦੇ ਹਨ। ਭੁਖ ਤੇ ਕਸ਼ਟਾਂ ਨੇ ਉਹਨਾਂ ਦੇ ਦਿਲਾਂ ਨੂੰ ਤੋੜ ਦਿਤਾ ਸੀ, ਪਰ ਗੁਰੂ ਸਾਹਿਬ ਨੇ ਉਹਨਾਂ ਦੀ ਧੀਰ ਬਨ੍ਹਾਈ ਰਖੀ। ਸਿੱਖ ਬੀਬੀਆਂ ਨੇ ਆਪਣੇ ਸੂਰਜ ਅਰਥਾਤ ਗੁਰੂ ਵਲੋਂ ਮੁਖ ਮੋੜਨ ਦੀ ਥਾਂ ਮੌਤ ਦਾ ਸਾਹਮਣਾ ਕੀਤਾ। ਗੁਰੂ ਤਾਂ ਸ਼ੁਧ ਆਤਮਾ ਦਾ ਸਾਖਿਆਤ ਸਰੂਪ ਤੇ ਉਹਨਾਂ ਲਈ ਇਸ਼ਟ ਤੇ ਆਦਰਸ਼ ਦਾ ਪ੍ਰਮਾਣ ਸੀ। ਉਹਨਾਂ ਨੇ ਪ੍ਰਭੂ-ਚਰਨਾਂ ਨੂੰ ਪਰਸ ਲਿਆ ਸੀ। ਇਹ ਲੋਕ ਸੰਸਾਰਕ ਸੁਖਾਂ-ਭੋਗਾਂ ਤੇ ਐਸ਼ਵਰਜ਼ਾਂ ਵਲੋਂ ਬੇਧਿਆਨ ਹੋ ਕੇ ਪ੍ਰੇਮ ਵਿਚ ਮੌਤ ਨੂੰ ਵਰਨ ਲਈ ਉਠ ਖਲੋਤੇ ਸਨ।

ਭਾਰਤ ਦੇ ਸਮੁਚੇ ਇਤਿਹਾਸ ਵਿਚ ਮੌਤ ਦੇ ਸ਼ੁਧ ਪ੍ਰੇਮ ਦੀ ਅਜਿਹੀ ਭਾਵਨਾ ਕਦੀ ਵੀ ਦ੍ਰਿਸ਼ਟੀਗੋਚਰ ਨਹੀਂ ਹੋਈ ਜਿਸ ਤਰ੍ਹਾਂ ਕਿ ਇਹ ਬੜੇ ਸ਼ਾਨਦਾਰ ਰੂਪ ਵਿਚ ਸਿੱਖ ਇਤਿਹਾਸ ਵਿਚ ਪ੍ਰਗਟ ਹੋਈ ਹੈ। ਰਾਜਪੂਤ ਪ੍ਰੇਮ ਵੀ ਇਸ ਅੰਤਰੀਵ ਪ੍ਰੇਰਨਾ ਤੋਂ ਅਗਿਆਤ ਸਨ। ਉਹ ਤਾਂ ਆਪਣੇ ਕੁਲ ਅਭਿਮਾਨ ਤੇ ਉਸ ਮਾਣ ਮਰਿਆਦਾ ਦੀ ਖ਼ਾਤਰ ਮਰਦੇ ਸਨ, ਜਿਸ ਦੀ ਸੂਰਬੀਰਤਾ ਦੀ ਧਾਕ ਪਹਿਲਾਂ ਮੰਨੀ ਜਾ ਚੁਕੀ ਸੀ ਤੇ ਸੰਸਾਰ ਦੇ ਸਾਹਮਣੇ ਉਹਨਾਂ ਦਾ ਨਾਮ ਉਚਾ ਹੋ ਗਿਆ ਸੀ। ਉਹ ਲੜਦੇ ਲੜਦੇ ਜੂਝ ਮਰਦੇ, ਉਹਨਾਂ ਦੀਆਂ ਇਸਤਰੀਆਂ ਉਹਨਾਂ ਦੀਆਂ ਚਿਤਾਵਾਂ ਉਤੇ ਸੜ ਮਰ ਕੇ ਸਤੀ ਹੋ ਜਾਂਦੀਆਂ। ਇਹ ਸਭ ਕੁਝ ਉਚੀ ਕੁਲ ਦੀ ਮਾਣ-ਮਰਿਆਦਾ ਤੇ ਪ੍ਰਤਿਸ਼ਠਤਾ ਨੂੰ ਬਣਾਈ ਰਖਣ ਲਈ ਕੀਤਾ ਜਾਂਦਾ ਸੀ। ਇਸ ਵਿਚ ਮਹਾਨਤਾ ਵਾਲੀ ਗੱਲ ਤਾਂ ਸੀ, ਪਰ ਇਸ ਉਤੇ ਪ੍ਰਭੂ-ਪ੍ਰੇਮ ਵਾਲਾ ਹਾਲੀਂ ਰੰਗ ਨਹੀਂ ਸੀ ਚੜ੍ਹਿਆ। ਅਕਬਰ ਦੀ ਨੀਤੀ ਦੁਆਰਾ ਰਾਜਪੂਤਾਂ ਦਾ ਪਤਨ ਇਥੋਂ ਤਕ ਹੋ ਗਿਆ ਕਿ ਮੁੜ ਕੇ ਉਹ ਆਪਣੀ ਕੁਲ-ਰਖਿਆ ਲਈ ਵੀ ਅਜਿਹੀ ਬੀਰਤਾ ਦੇ ਦੌਰ ਨੂੰ ਨਹੀਂ ਦੁਹਰਾ ਸਕੇ। ਕੁਲ-ਅਭਿਮਾਨ ਤਾਂ ਮੌਤ ਲਾੜੀ ਨੂੰ ਵਰਨ ਲਈ ਇਕ ਨਿਸ਼ਚਿਤ ਸੀਮਾ ਤਕ ਹੀ ਪ੍ਰੇਰਨਾ ਜਗਾ ਸਕਦਾ ਹੈ। ਜੀਵਨ ਵਿਚ ਵਧੇਰੇ ਆਕਰਸ਼ਣ ਉਸ ਸਮੇਂ ਪੈਦਾ ਹੋ ਜਾਂਦੇ ਹਨ, ਜਦੋਂ ਕਿਸੇ ਹੋਰ ਸ੍ਰੇਸ਼ਠ ਜਾਤੀ ਦੁਆਰਾ ਉਹਨਾਂ ਨੂੰ ਸਭਿਅਤਾ ਦਾ ਪਾਠ ਪੜ੍ਹਾਇਆ ਜਾਂਦਾ ਹੈ।

ਭਾਰਤ ਵਿਚ ਰਾਜਪੂਤਾਂ ਦੇ ਉਤਰਾਧਿਕਾਰੀ ਮਰਾਠੇ ਹੀ ਸਨ, ਜੋ ਬੜੀ ਸਖ਼ਤ ਮਿੱਟੀ ਦੇ ਬਣੇ ਹੋਏ ਸਨ। ਉਹ ਆਪਣੇ ਲਾਭ ਦੀ ਖ਼ਾਤਰ ਵਡੇ ਤੋਂ ਵਡਾ ਕਸ਼ਟ ਝਲ ਸਕਦੇ ਅਤੇ ਸੂਰਬੀਰਤਾ ਨੂੰ ਦਰਸਾ ਸਕਦੇ ਸਨ। ਮੌਤ ਬਾਰੇ ਸ਼ੁਧ ਪ੍ਰੇਮ ਦੀ ਭਾਵਨਾ ਤਾਂ ਕੇਵਲ ਸਿੱਖ ਇਤਿਹਾਸ ਵਿਚ ਆ ਕੇ ਪ੍ਰਗਟ ਹੋਈ ਹੈ।

ਗੁਰੂ ਗੋਬਿੰਦ ਸਿੰਘ ਜੀ ਆਪਣੀ ਬੀਰ-ਰਸੀ ਭਾਸ਼ਾ ਵਿਚ ਇਸ ਸ਼ੁਧ ਆਤਮਾ ਨੂੰ ਮਹਾਂਕਾਲ ਕਹਿ ਕੇ ਸੰਬੋਧਿਤ ਕਰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਭੂ ਲਈ ਵੀ ਅਨੇਕ ਸ਼ਬਦ ਸਿਰਜੇ ਹਨ ਯਥਾ ਸਰਬ-ਲੋਹ, ਸ੍ਰੀ-ਕਾਲ, ਮਹਾਂ-ਕਾਲ ਆਦਿ। ''ਸਭ ਨੇ ਜ਼ਿੰਦਾ ਰਹਿਣਾ ਹੈ, ਕਿਸੇ ਨੇ ਵੀ ਕਾਲਵਾਸ ਨਹੀਂ ਹੋਣਾ'' ਇਹੋ ਹੀ ਗੁਰੂ ਗੋਬਿੰਦ ਸਿੰਘ ਜੀ ਦੇ ਕਰਮਸ਼ੀਲ ਜੀਵਨ ਦੇ ਗੀਤ ਦੀ ਸਥਾਈ ਹੈ। ਗਰੀਬ ਤੇ ਦਲਿਤ ਲੋਕਾਂ ਦੀ ਬਿਨਾਂ ਕਿਸੇ ਸੁਰੱਖਿਆ ਦੇ ਸਾਧਨਾਂ ਤੋਂ ਇਕ ਵਡੇ ਸ਼ਕਤੀਸ਼ਾਲੀ ਸਾਮਰਾਜ ਦੀ ਸੈਨਾ ਨਾਲ ਯੁਧ ਕਿਸੇ ਯੁਧ ਦੀ ਭਾਵਨਾਂ ਨੂੰ ਸਾਕਾਰ ਨਹੀਂ ਕਰਦਾ, ਸਗੋਂ ਉਸ ਲਾਸਾਨੀ ਮੌਤ ਦੇ ਆਦਰਸ਼ ਵਲ ਸੰਕੇਤ ਕਰਦਾ ਹੈ ਜਿਸ ਦੁਆਰਾ ਪਰਵਾਨੇ ਸ਼ਮ੍ਹਾ ਉਤੇ ਮਰ ਮਿਟਦੇ ਹਨ।

ਜੀਵਨ, ਪ੍ਰੇਮ, ਮੌਤ, ਪ੍ਰਭੂ, ਮਨੁੱਖ ਆਦਿ ਵਿਸ਼ਿਆਂ ਬਾਰੇ ਆਪਣੇ ਵਿਸਮਾਦਜਨਕ ਦ੍ਰਿਸ਼ਟੀਕੋਣ ਦੇ ਦੁਹਰਾਉ ਦੁਆਰਾ ਇਹਨਾਂ ਸਭ ਮਹਾਨ ਵਿਸ਼ਿਆਂ ਉਪਰ ਕੀਤੇ ਗਏ ਧਿਆਨੀ ਚਿੰਤਨ ਰਾਹੀਂ ਅਤੇ ਆਪਣੇ ਸਪੁੱਤਰਾਂ (ਖ਼ਾਲਸਾ) ਦੇ ਜੀਵਨ ਵਿਚ ਇਹਨਾਂ ਭਾਵਨਾਵਾਂ ਨੂੰ ਜਗਾ ਕੇ ਆਪਣੀਆਂ ਰਚਨਾਵਾਂ ਵਿਚ ਗੁਰੂ ਜੀ 'ਅਜਿਤ ਆਤਮਕ ਮਨੁੱਖ' ਦੀ ਸਿਰਜਣਾ ਨੂੰ ਮੂਰਤੀਮਾਨ ਕਰ ਰਹੇ ਹਨ।

ਇਸ ਤਰ੍ਹਾਂ ਸਦਾ ਪ੍ਰਯਤਨਸ਼ੀਲ ਮਨੁੱਖ ਜੋ ਸੈਨਿਕਾਂ ਵਾਂਗ ਸਦਾ ਉਚੀਆਂ ਪਰਬਤ ਸਿਖ਼ਰਾਂ ਨੂੰ ਸਰ ਕਰਦਾ ਹੈ—ਜੋ ਮਰਦਾ, ਡਿਗਦਾ ਤੇ ਫਿਰ ਉਠ ਖਲੋਂਦਾ ਤੇ ਆਪਣੀ ਅਗਲੀ ਮੰਜ਼ਿਲ ਵਲ ਵਧਦਾ ਹੈ; ਅਜਿਹੇ ਮਨੁੱਖ ਦਾ ਕਲਮੀ ਚਿਤਰ ਸਿੱਖ ਇਤਿਹਾਸ ਵਿਚੋਂ ਮਿਲ ਜਾਂਦਾ ਹੈ।

ਜਿਵੇਂ ਇਕ ਸਿਤਾਰਾ ਜਗਮਗਾਉਂਦਾ ਹੈ, ਤਿਵੇਂ ਹੀ ਇਸ ਸੰਸਾਰ ਦੀ ਕੋਈ ਵੀ ਹਵਾ ਉਸ ਦੀ ਜਗਦੀ ਜੋਤ ਨੂੰ ਬੁਝਾ ਨਹੀਂ ਸਕਦੀ।

ਗੁਰੂ ਨਾਨਕ ਸਾਹਿਬ ਤੇ ਹੋਰ ਗੁਰੂ ਸਾਹਿਬਾਨ ਦੀ ਤੁਲਨਾ ਵਿਚ ਸ੍ਰੀ ਗੁਰੂ ਤੇਗ਼ ਬਹਾਦਰ ਜੀ ਇਸ ਦੁਖ ਤੇ ਵੈਰਾਗ ਬਾਰੇ ਆਪਣੀ ਬਾਣੀ ਵਿਚ ਸਪਸ਼ਟ ਰੂਪ ਵਿਚ ਉਲੇਖ ਕਰਦੇ ਹਨ ਕਿਉਂਜੋ ਆਪ ਜੀ ਨੂੰ ਸਪਸ਼ਟ ਦਿਖਾਈ ਦੇ ਰਿਹਾ ਸੀ ਕਿ ਸਿੱਖ ਇਤਿਹਾਸ ਵਿਚ ਉਹ ਸਮਾਂ ਆਉਣ ਵਾਲਾ ਹੈ ਜਦੋਂ ਗੁਰੂ ਦੀ ਥਾਂ ਸਿੱਖਾਂ ਨੂੰ ਧਰਮ, ਹੱਕ-ਨਿਆਂ ਤੇ ਸੱਚ ਦੀ ਖ਼ਾਤਰ ਮੌਤ ਨੂੰ ਪ੍ਰਵਾਨ ਕਰਨਾ ਪਵੇਗਾ। ਮੌਤ, ਜਿਸ ਦਾ ਰੂਪ ਪਹਿਲਾਂ ਬੜਾ ਭਿਅੰਕਰ ਤੇ ਡਰਾਉਣਾ ਸੀ—ਅੰਤਰ ਪ੍ਰੇਰਨਾ ਦੁਆਰਾ ਸਿੱਖਾਂ ਲਈ ਲਾੜੀ ਦਾ ਚਿੰਨ੍ਹ ਬਣ ਗਿਆ ਸੀ। ਮੌਤ ਬਾਰੇ ਇਹ ਭਾਵਨਾ ਜਾਪਾਨ ਦੇ ਯਾਮੂਟੋ ਦੇ ਬੋਸ਼ੀਦੋ ਨਾਲ ਮਿਲਦੀ ਜੁਲਦੀ ਹੈ। ਇਸ ਪ੍ਰੇਰਨਾ ਨੂੰ ਗੁਰੂ ਅਰਜਨ ਦੇਵ, ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਤੇਗ਼ ਬਹਾਦਰ ਤੇ ਸਭ ਤੋਂ ਵਧ ਗੁਰੂ ਗੋਬਿੰਦ ਸਿੰਘ ਜੀ ਨੇ ਸਿਰਜਿਆ ਤੇ ਸੁਦ੍ਰਿੜ੍ਹ ਕੀਤਾ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਸ਼ਬਦ ਸ਼ਾਇਦ ਇਸੇ ਉਦੇਸ਼ ਲਈ ਰਚੇ ਗਏ ਹਨ ਤਾਂ ਜੋ ਸਿੱਖਾਂ ਦੇ ਮਨਾਂ ਵਿਚ ਇਹ ਗੱਲ ਭਰ ਦਿਤੀ ਜਾਵੇ ਕਿ ਪੂਰਨ ਭਰੋਸੇ ਵਿਚ ਮੌਤ ਦਾ ਸਾਹਮਣਾ ਕਰਨਾ ਕਿਸੇ ਦੈਵੀ-ਪ੍ਰਬੰਧ ਦਾ ਹੀ ਇਕ ਭਾਗ ਹੁੰਦਾ ਹੈ। ਜਦੋਂ ਮਨੁੱਖ ਅਸਹਿ ਕਸ਼ਟਾਂ ਨੂੰ ਮਹਾਂ-ਮਾਨਵ ਦੀ ਤਰ੍ਹਾਂ ਝਲਦਾ ਹੈ ਤਾਂ

ਉਹ ਦੇਵਤਾ ਹੀ ਪ੍ਰਤੀਤ ਹੁੰਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਤੇਗ਼ ਤੇ ਮੌਤ (ਕਾਲ) ਬਾਰੇ ਪੂਰਾ ਅਧਿਆਇ ਲਿਖਿਆ ਹੈ। ਮ੍ਰਿਤੂ ਬਾਰੇ ਜੇ ਅਸੀਂ ਇਹ ਚੇਤੇ ਰਖੀਏ ਕਿ ਹਰ ਕਿਸੇ ਉਤੇ ਮੌਤ ਆਉਣੀ ਹੈ ਤਾਂ ਇਹ ਮਨੁੱਖੀ ਮਨ ਨੂੰ ਸੋਧ ਸਕਣ ਵਾਲੀ ਮਹਾਨ ਸ਼ਕਤੀ ਸਿਧ ਹੁੰਦੀ ਹੈ। ਜਿਹੜਾ ਮਨੁੱਖ ਮੌਤ ਦੇ ਰਹੱਸ ਨੂੰ ਸਹਾਨੁਭੂਤੀ ਦੀ ਦ੍ਰਿਸ਼ਟੀ ਤੋਂ ਵੇਖਦਾ ਹੈ, ਉਹ ਜੀਵਨ ਦੀਆਂ ਛਿਣ-ਭੰਗਰ ਖ਼ੁਸ਼ੀਆਂ ਗ਼ਮੀਆਂ ਤੇ ਸਦਗੁਣਾਂ ਆਦਿ ਨੂੰ ਜਾਣਦਾ ਹੋਇਆ ਕਿਸੇ ਕੋਲੋਂ ਬਦਲਾ ਨਹੀਂ ਲੈਂਦਾ। ਉਹ ਵਧੇਰੇ ਗੰਭੀਰ ਤੇ ਕਰੁਣਾ-ਭਰਪੂਰ ਹੁੰਦਾ ਹੈ ਤੇ ਦੂਜੇ ਕਿਸੇ ਨੂੰ ਕਸ਼ਟ ਦੇਣ ਬਾਰੇ ਕਦੀ ਸੋਚ ਵੀ ਨਹੀਂ ਸਕਦਾ। ਉਹ ਤਾਂ ਉਸ ਤਰ੍ਹਾਂ ਦੁਖ ਝਲਦਾ ਹੈ ਜਿਵੇਂ ਵਣ ਦਾ ਕੋਈ ਬ੍ਰਿਛ ਹੁੰਦਾ ਹੈ। ਉਹ ਕੋਈ ਨਿਰਣਾ ਨਹੀਂ ਲੈਂਦਾ ਕਿਉਂਜੋ ਨਿਰਣਾ ਤਾਂ ਉਹੀ ਕਰ ਸਕਦਾ ਹੈ ਜੋ ਭੂਤ ਤੇ ਭਵਿੱਖ ਦੋਹਾਂ ਤੋਂ ਜਾਣੂੰ ਹੁੰਦਾ ਹੈ। ਉਹ ਆਪਣੇ ਅਸੂਲਾਂ ਤੇ ਵਿਚਾਰਾਂ ਨੂੰ ਕਿਸੇ ਨਿਰਜਿੰਦ ਅੰਤਿਮਤਾ ਦਾ ਰੂਪ ਨਹੀਂ ਦਿੰਦਾ ਤੇ ਦੂਜਿਆਂ ਨੂੰ ਵੀ ਇਹੋ ਅਧਿਕਾਰ ਦਿੰਦਾ ਹੈ ਕਿ ਉਹ ਵੀ ਅਜਿਹਾ ਹੀ ਕਰਨ। ਇਸ ਪਰਮ-ਵੈਰਾਗ ਦੀ ਅਵਸਥਾ ਵਿਚ ਸੱਚਾ ਤਿਆਗ ਤਾਂ ਉਹਨਾਂ ਅਸੂਲਾਂ ਤੇ ਵਿਚਾਰਾਂ ਦਾ ਹੁੰਦਾ ਹੈ ਜੋ ਮਨੁੱਖਤਾ ਨੂੰ ਦੁਖ ਦਿੰਦੇ ਹਨ।

ਇਹ ਗੱਲ ਖ਼ਾਸ ਤੌਰ 'ਤੇ ਮਹੱਤਵਪੂਰਨ ਹੈ ਕਿ ਗੁਰੂ ਸਾਹਿਬ ਭਾਵੇਂ ਕਈ ਵਾਰ ਵਿਕ੍ਰਿਤ ਮਨੁੱਖਤਾ ਦੀ ਸਥੂਲਤਾ ਤੇ ਅਪੂਰਨਤਾ ਬਾਰੇ ਆਪਣੇ ਵਿਚਾਰ ਖੁਲ੍ਹ ਕੇ ਪ੍ਰਗਟਾਉਂਦੇ ਹਨ ਅਤੇ ਇਹ ਵਿਚਾਰ ਬੜੇ ਨੈਤਿਕ, ਸ਼ੁਧ ਰੂਪ ਦੀ ਘਿਰਣਾ ਵਿਚੋਂ ਉਤਪੰਨ ਹੋਏ ਪ੍ਰਤੀਤ ਹੁੰਦੇ ਹਨ, ਪਰ ਫਿਰ ਇਹ ਆਪਣੇ ਵਿਚਾਰਾਂ ਨੂੰ ਅਨੰਤ ਦੇ ਸਤਿਕਾਰ ਨਾਲ ਅਭੇਦ ਕਰ ਦਿੰਦੇ ਹਨ ਜੋ ਇਸ ਸਿਧਾਂਤ ਨੂੰ ਸ੍ਵੀਕਾਰ ਕਰਦਾ ਹੈ ਕਿ "ਸਭ ਕੁਝ ਪ੍ਰਭੂ ਦੀ ਰਜ਼ਾ ਅਨੁਸਾਰ ਹੀ ਹੁੰਦਾ ਹੈ।"

ਜਿਸ ਕਿਸੇ ਨੂੰ ਵੀ ਮਨੁੱਖਤਾ ਦੇ ਦੁਖਾਂ ਤੇ ਗਮਾਂ ਦਾ ਅਹਿਸਾਸ ਹੈ, ਉਹ ਕਦੀ ਵੀ ਆਪਣੇ ਆਪ ਨੂੰ ਆਤਮ-ਛਲਾਵੇ ਵਿਚ ਨਹੀਂ ਪੈਣ ਦਿੰਦਾ। ਉਹ ਕਿਸੇ ਨੂੰ ਧੋਖਾ ਨਹੀਂ ਦਿੰਦਾ। ਮਨੁੱਖ ਦੇ ਭਿਅੰਕਰ ਦੁਖ, ਦਰਦ ਅਤੇ ਕਰੁਣਾ, ਸਭ ਪ੍ਰਕਾਰ ਦੇ ਪਾਪਾਂ ਨੂੰ ਧੋ ਦਿੰਦੇ ਹਨ। ਭਗਵਾਨ ਬੁਧ ਨੂੰ ਵੀ ਅਜਿਹਾ ਹੀ ਅਨੁਭਵ ਹੋਇਆ ਸੀ। ਸੰਸਾਰ ਦੇ ਕਿਸੇ ਬੰਦੇ ਨਾਲ ਕਿਸੇ ਗਿਲੇ-ਸ਼ਿਕਵੇ ਨੂੰ ਕਰਨ ਦੀ ਕੀ ਲੋੜ ਹੈ, ਜਦੋਂ ਕਿ ਅਸੀਂ ਜਾਣ ਜਾਂਦੇ ਹਾਂ ਕਿ ਮੌਤ ਸਭ ਨੂੰ ਜ਼ਰੂਰ ਆਉਣੀ ਹੈ। ਇਸ ਪ੍ਰਕਾਰ ਆਪ ਦਾਰਸ਼ਨਿਕ ਸੰਤੁਲਨ ਨੂੰ ਪ੍ਰਾਪਤ ਕਰ ਲੈਂਦੇ ਹਨ। ਪਰ ਜਿਹੜੀ ਉਪਰਾਮਤਾ ਤੇ ਵੈਰਾਗ ਗੁਰੂ ਦੁਆਰਾ ਸਿੱਖ-ਸੰਗਤ ਵਿਚ ਉਤਪੰਨ ਕੀਤਾ ਗਿਆ ਹੈ, ਇਹ ਕੋਈ ਨਿਰਾਰਥਕ ਰੂਪ ਦਾ ਨਿਰਾਸ਼ਾਵਾਦ ਨਹੀਂ ਸੀ। ਗੁਰੂ ਜੀ ਨੇ ਸਮੁਚੀ ਜਾਤੀ ਨੂੰ ਪ੍ਰਭੂ ਦਾ ਨਦਰਿ-ਕਰਮ ਪ੍ਰਾਪਤ ਕਰਨ ਲਈ ਨਿਰੰਤਰ ਸੰਘਰਸ਼ ਕਰਨ ਲਈ ਸੰਗਠਿਤ ਕੀਤਾ ਅਤੇ ਗੁਰੂ ਜੀ ਨੂੰ ਤਾਂ ਇਹ ਗੱਲ ਪ੍ਰਵਾਨ ਸੀ ਕਿ "ਜੇ ਮਰੋ ਤਾਂ ਬਹਾਦਰੀ ਨਾਲ ਤੇ ਜੇ ਜੀਉ ਤਾਂ ਵੀ ਪ੍ਰਸੰਨਚਿਤ ਰੂਪ ਵਿਚ।" ਸਿੱਖ-ਇਤਿਹਾਸ ਵਿਚ ਗਮ ਜਾਂ ਸੰਕਟ ਦੀਆਂ ਘੜੀਆਂ ਮਹਾਨਤਮ ਤੇ

ਰਤਮ ਕਾਰਗੁਜ਼ਾਰੀਆਂ ਦੇ ਛਿਣ ਹੁੰਦੇ ਹਨ। ਆਪ ਤਾਂ ਸਮੁਚੀ ਕੌਮ ਨੂੰ ਾਤਾਰ ਕੁਰਬਾਨੀ ਦੇਣ ਲਈ ਤਿਆਰ-ਬਰ-ਤਿਆਰ ਕਰਦੇ ਹਨ।

ਪਰ ਖ਼ਾਲਸੇ ਦੀ ਸਮੁਚੀ ਆਤਮਾ ਭੋਗ-ਵਿਲਾਸ ਤੇ ਐਸ਼ਵਰਜ਼ ਦੇ ਜੀਵਨ ਤਾਂ ਤ੍ਰਿਸਕਾਰ ਕਰਦੀ ਹੈ। ਦੁਖ, ਕਸ਼ਟ ਤੇ ਮੌਤ ਤਾਂ ਕੋਈ ਅਦੁਤੀ ਵਸਤੂ ਹਨ। ਗੁਰੂ ਜੀ ਨੇ ਇਸ ਮੌਤ ਦੀ ਭਾਵਨਾ ਨੂੰ ਆਪਣੇ ਸਿੱਖਾਂ ਵਿਚ ਭਰ ਤਾ। ਇਹੋ ਹੀ ਉਹ ਤਿਆਗ ਦਾ ਇਕੋ ਇਕ ਸਰੂਪ ਹੈ ਜਿਸ ਬਾਰੇ ਗੋਇਟੇ ਕਾਰਲਾਇਲ ਇੰਜ ਕਥਨ ਕਰਦੇ ਹਨ, ''ਕੇਵਲ ਤਿਆਗ ਦੀ ਭਾਵਨਾ ਨਾਲ ਜੀਵਨ ਦਾ ਸਹੀ ਰੂਪ ਵਿਚ ਆਦਿ ਹੁੰਦਾ ਹੈ।''

## ਯੁਧ

ਅਤਿ ਪਿਆਰੇ ਸਾਥੀਓ ! ਸਭ ਖੇਡ ਮੁਕ ਚੁਕੀ ਹੈ, ਬੀਤੇ ਦੀ ਗੱਲ ਬਣ ਚੁਕੀ ਹੈ। ਪਰ ਪ੍ਰੇਮ ਦਾ ਅੰਤ ਤਾਂ ਨਹੀਂ ਹੋਇਆ। ਇਸ ਦੀ ਸੁਗੰਧੀ ਯੁਧ ਖੇਤਰ ਵਿਚੋਂ ਵੀ ਆ ਰਹੀ ਹੈ ਤੇ ਸ਼ਤਰੂਆਂ ਵਿਚੋਂ ਵੀ। ਇਸ ਲਈ ਹੇ ਪ੍ਰੀਤ ! ਤੂੰ ਮੇਰੇ ਇਸ ਗੀਤ ਨੂੰ ਆਪਣੀ ਭਿੰਨੀ ਮਹਿਕ ਵਿਚ ਰੰਗ ਦੇ। ਮੈਨੂੰ ਸਭ ਬੀਰ-ਗਤੀ ਪ੍ਰਾਪਤ ਕਰ ਚੁਕੇ ਸੈਨਿਕਾਂ ਦੀ ਯਾਦ ਵਿਚ ਇਸ਼ਨਾਨ ਕਰ ਲੈਣ ਦਿਉ। ਉਹਨਾਂ ਉਤੇ ਕਫ਼ਨ ਪਾ ਲੈਣ ਦਿਉ, ਉਹਨਾਂ ਉਤੇ ਇਤਰ-ਫੁਲੇਲ ਛਿੜਕ ਲੈਣ ਦਿਉ ਤੇ ਉਹਨਾਂ ਨੂੰ ਕੋਮਲ ਮਾਨ-ਸਨਮਾਨ ਨਾਲ ਢਕ ਲੈਣ ਦਿਉ। ਹੇ ਮੇਰੇ ਪ੍ਰੀਤ-ਭਿੰਨੇ ਗੀਤ ! ਤੂੰ ਇਹਨਾਂ ਸਭ ਨੂੰ ਆਪਣੀ ਭਿੰਨੀ ਮਹਿਕ ਵਿਚ ਰੰਗ ਦੇ, ਇਹਨਾਂ ਸਭ ਨੂੰ ਲਪੇਟ ਵਿਚ ਲੈ ਲੈ। ਇਹਨਾਂ ਦਾ ਅੰਤਿਮ ਕਿਰਿਆ-ਕਰਮ ਕਰ ਲੈਣ ਦੇ। ਮੈਨੂੰ ਅਖੁਟ ਬਣਾ ਦੇ, ਮੈਨੂੰ ਉਹ ਚਸ਼ਮਾ ਬਣਾਉ ਤਾਂ ਜੋ ਮੈਂ ਇਹਨਾਂ ਬੀਰ-ਗਤੀ ਨੂੰ ਪ੍ਰਾਪਤ ਕਰ ਚੁਕੇ ਸੈਨਿਕਾਂ ਲਈ ਜਿਥੇ ਵੀ ਜਾਵਾਂ—ਉਸ ਅਨਾਦੀ ਸੇਜਲ ਤ੍ਰੇਲ-ਤੁਪਕੇ ਦੀ ਨਿਆਈਂ ਪ੍ਰੇਮ ਦਾ ਸਤੋਤਰ ਗਾ ਸਕਾਂ।

(ਵਾਲਟ ਵਿਟਮੈਨ)

ਯੁਧ ਤਾਂ ਵਡੇ ਪੈਮਾਨੇ ਉਤੇ ਹੋਣ ਵਾਲੀ ਸਮਾਜਕ ਬੁਰਾਈ ਹੈ। ਇਹ ਤਾਂ ਕਤਲ, ਘਿਰਣਾ ਤੇ ਸੁਆਰਥ ਦਾ ਵਡ-ਆਕਾਰੀ ਪਾਸਾਰ ਹੁੰਦਾ ਹੈ। ਕਈ ਵਾਰ ਭਲਾਈ ਵਾਂਗ ਬੁਰਾਈ ਵੀ ਮਨੁੱਖੀ ਪ੍ਰਗਤੀ ਲਈ ਗੁਣਕਾਰੀ ਸਿਧ ਹੁੰਦੀ ਹੈ, ਵਿਸ਼ੇਸ਼ ਕਰਕੇ ਉਸ ਸਮੇਂ ਜਦੋਂ ਕਿ ਇਸ ਦੇ ਦਮਨ ਦਾ ਪਲੜਾ ਬਹੁਤ ਭਾਰਾ ਤੇ ਵਿਆਪਕ ਹੋ ਜਾਂਦਾ ਹੈ। ਮਨੁੱਖ ਦੀ ਮੌਤ ਹੀ ਕੇਵਲ ਯੁਧ ਦਾ ਕਰੁਣਾਮਈ ਤੇ ਦੁਖਾਂਤਕ ਪੱਖ ਨਹੀਂ ਹੁੰਦਾ। ਮਨੁੱਖ ਨੇ ਤਾਂ ਮਰਨਾ ਹੀ ਹੁੰਦਾ ਹੈ। ਮੌਤ ਨੂੰ ਰੋਕਿਆ ਨਹੀਂ ਜਾ ਸਕਦਾ। ਪਰ ਯੁਧ ਤਾਂ ਨਿਜੀ ਪ੍ਰੇਮ ਦੇ ਸੰਬੰਧਾਂ ਨੂੰ ਭੰਨ-ਤੋੜ ਦਿੰਦਾ ਹੈ ਅਤੇ ਭੁਚਾਲ ਵਰਗੇ ਝਟਕੇ ਉਤਪੰਨ ਕਰ ਦਿੰਦਾ ਹੈ, ਜਿਸ ਨਾਲ ਸਥਾਪਿਤ ਪ੍ਰਬੰਧ ਦੇ ਨਾਗਰਿਕ ਤੇ ਸਮਾਜਕ ਰਿਸ਼ਤੇ ਖੇਰੂੰ ਖੇਰੂੰ ਹੋ ਜਾਂਦੇ ਹਨ। ਬਦਲੇ ਦੀ ਪਸ਼ੂ-ਭਾਵਨਾ ਵਿਚ ਮੱਤਾ ਮਨੁੱਖ ਵਹਿਸ਼ੀ ਹੋ ਜਾਂਦਾ ਹੈ। ਯੁਧ ਤਾਂ ਇਕ ਤਰ੍ਹਾਂ ਮਨੁੱਖੀ ਮੁਆਮਲਿਆਂ ਵਿਚ ਭੂ-ਗਰਭਕ ਝਟਕਿਆਂ ਸਮਾਨ ਹੁੰਦਾ ਹੈ, ਜਿਸ ਨੂੰ ਹੋਰ ਚੰਗੇਰਾ ਬਣਾਉਣ ਤੇ ਸੋਧਣ ਲਈ ਇਹਨਾਂ ਦੀ ਲੋੜ ਪ੍ਰਤੀਤ ਹੁੰਦੀ ਹੈ।

ਯੁਧ ਨੂੰ ਅੰਧ-ਵਿਸ਼ਵਾਸ ਜਾਂ ਖਬਤ ਬਣਾ ਬਹਿਣਾ ਤਾਂ ਪੁਰਾਤਨ ਆਦਮ-ਖਾਣਿਆਂ ਵਾਲੀ ਗੱਲ ਹੁੰਦੀ ਹੈ। 'ਤਾਤਾਰ' ਤੇ 'ਹੁਨ' ਆਦਿ ਜਾਤੀਆਂ ਨੇ ਤਾਂ ਇਸ ਨੂੰ ਧਾਰਮਿਕ ਇਸ਼ਟ ਹੀ ਥਾਪ ਲਿਆ ਸੀ, ਪਰ ਹਿੰਦੂਆਂ ਸਮਾਨ ਸ਼ਾਂਤੀ ਜਾਂ ਅਮਨ ਨੂੰ ਵੀ ਅੰਤਰ-ਰਾਸ਼ਟਰੀ ਤੇ ਸਮਾਜਕ ਸੁਮੇਲ ਸੁਲਝਾਊ ਬਣਾ ਲੈਣਾ ਵੀ ਇਕ ਖਬਤ ਹੀ ਹੁੰਦਾ ਹੈ। ਜੋ ਇਹ ਕਹਿੰਦੇ ਹਨ, "ਸਭ ਇਕ ਹੈ। ਇਸ

ਣਈ ਦਲਿਤਾਂ-ਦੁਖੀਆਂ ਨੂੰ ਬਚਾਉਣ ਹਿਤ ਵੀ ਕਿਸੇ ਨੂੰ ਸੱਟ ਫੇਟ ਨਾ ਲਾਉ।
ਤਹ ਗੱਲ ਤਾਂ ਮਨੁੱਖ ਦੇ ਦੁਖਾਂ-ਗਮਾਂ ਨਾਲ ਲੱਦੇ ਵਾਤਾਵਰਨ ਦੀਆਂ ਪੀਢੀਆਂ
ਕੜਾਂ ਵਲੋਂ ਅੱਖਾਂ ਮੀਟਣ ਤੇ ਮੂੰਹ ਮੋੜਨ ਵਾਲਾ ਅਪਰਾਧ ਹੈ। ਕਿਸੇ ਨੂੰ ਦੁਖ
ਾ ਦਿਉ ! ਇਹ ਤਾਂ ਮੁਖ ਰੂਪ ਵਿਚ ਉਹਨਾਂ ਦਾ ਮਤ ਹੋ ਸਕਦਾ ਹੈ ਜਿਹੜੇ
ਕਸੇ ਨੂੰ ਦੁਖ ਦੇਣ ਦੀ ਸ਼ਕਤੀ ਰਖਦੇ ਹਨ, ਪਰ ਦਬੇ ਲਿਤਾੜੇ ਹੋਏ ਲੋਕਾਂ ਨੂੰ
ਖ ਦੇਣ ਵਾਲੇ ਨੂੰ ਤਾਂ ਦੁਖ ਪਹੁੰਚਾਉਣਾ ਉਸੇ ਤਰ੍ਹਾਂ ਦੀ ਮਾਨਸਿਕ ਸ਼ਾਂਤੀ ਦਿੰਦਾ
ੈ, ਜਿਸ ਤਰ੍ਹਾਂ ਦੀ ਕਿ ਜ਼ੋਰਾਵਰ ਨੂੰ ਆਪਣੇ ਦੁਖ ਦੇਣ ਵਾਲਿਆਂ ਨੂੰ ਨਾ ਦੁਖ
ੇਣ ਨਾਲ ਸ਼ਾਂਤੀ ਮਿਲਦੀ ਹੈ।''

ਇਸ ਲਈ ਗੁਰੂ ਸਾਹਿਬ ਉਹਨਾਂ ਲੋਕਾਂ ਨੂੰ, ਜੋ ਦੁਖ ਪਹੁੰਚਾ ਸਕਦੇ ਨ, ਇਹ ਨਿਰਦੇਸ਼ ਦਿੰਦੇ ਹਨ ਕਿ ਤੁਸੀਂ ਉਹਨਾਂ ਨੂੰ ਦੁਖ ਦੇਣ ਦੀ ਥਾਂ ਆਪ ੁਖ ਝਲੋ। ਹਰ ਪ੍ਰਕਾਰ ਦੀ ਹਿੰਸਾ ਨੂੰ ਬਰਦਾਸ਼ਤ ਕਰੋ, ਪਰ ਕਿਸੇ ਨੂੰ ਦੁਖ ਨਾ ਤਉ। ਪਰ ਜਿਹੜੇ ਕਿਸੇ ਨੂੰ ਦੁਖ ਨਹੀਂ ਦੇ ਸਕਦੇ, ਉਹਨਾਂ ਲਈ ਤਾਂ ਇਹ ਦੇਸ਼ ਹੈ ਕਿ ਉਹ ਹਰ ਪ੍ਰਕਾਰ ਦੇ ਜਾਬਰਾਂ ਵਿਰੁਧ ਆਪਣੇ ਨੈਤਿਕ ਬਲ ਨੂੰ ਕੜਾ ਕਰਕੇ ਉਠ ਖੜ੍ਹੇ ਹੋਣ। ਇਹੋ ਹੀ ਸੱਚੇ ਨਾਗਰਿਕਾਂ ਦਾ ਸਰਵੁਚ ਕਰਤੱਵ ੋ ਸਕਦਾ ਹੈ। ਸ਼ਾਨਦਾਰ ਮੌਤ ਮਰਨਾ, ਨਮੋਸ਼ੀ ਭਰੀ ਮੌਤ ਦੇ ਮਰਨ ਨਾਲੋਂ ਧੇਰੇ ਚੰਗੇਰਾ ਹੈ। ਅਹਿੰਸਾ ਦੇ ਹਿੰਦੂ-ਪ੍ਰਵਕਤਾ ਸਰੀਰਕ ਜੀਵਨ ਨਾਲ ਵਧੇਰੇ ਚੰਬੜੇ ਹੋਏ ਹਨ। ਇਹਨਾਂ ਦੀ ਤੁਲਨਾ ਵਿਚ ਸਿੱਖਾਂ ਨੂੰ ਮੌਤ ਦਾ ਟਾਕਰਾ ਕਰਨ ਣਈ ਵੰਗਾਰ ਪਾਈ ਗਈ ਹੈ, ਕਿਉਂਜੋ ਮੌਤ ਤੇ ਇਸ ਤੋਂ ਪਰੇ ਦੇ ਮੰਡਲਾਂ ਵਿਚ ੀਵਨ ਦੇ ਵਿਸ਼ਾਲ ਤੇ ਅਤਿ-ਭਰਪੂਰ ਮੰਡਲ ਖੁਲ੍ਹ ਜਾਂਦੇ ਹਨ। ਇਹ ਉਹਨਾਂ ਾਬਰਾਂ ਦੀਆਂ ਅਡੀਆਂ ਥਲੇ ਰੁਲਣ ਤੇ ਜ਼ੁਲਮ ਸਹਿਣ ਨਾਲੋਂ ਕਈ ਗੁਣਾਂ ਚੰਗੇ ਨ, ਜਿਹੜੇ ਕਿ ਦਬੇ ਲੋਕਾਂ ਨੂੰ ਦਬਾਉਣ, ਕੁਚਲਣ ਤੇ ਨਿਘਾਰ ਲੈਣ ਤਕ ਤੁਲੇ ੋਏ ਹਨ। ਸਿਧਾਂਤਾਂ ਨੂੰ ਪਰੇ ਰੱਖ ਕੇ ਜੇ ਵੇਖਿਆ ਜਾਵੇ ਤਾਂ ਜੋ ਕਿਸੇ ਪਾਪ ਜਾਂ ਪਰਾਧ ਵਿਰੁਧ ਮਨੁੱਖ ਦਾ ਖ਼ੂਨ ਨੇਕੀ ਤੇ ਸੱਚਾਈ ਘਿਰਣਾ ਵਿਚ ਨਹੀਂ ਖੌਲਦਾ ਾਂ ਉਹ ਮੁਰਦਾ ਹੀ ਹੁੰਦਾ ਹੈ। ਭਾਵੇਂ ਅਜਿਹੇ ਵਿਅਕਤੀ ਦੇ ਦਿਮਾਗ਼ ਦੇ ਨਿਕੇ ਜਹੇ ਖਾਨੇ ਵਿਚ ਕਿੰਨੇ ਵੀ ਸ਼ਾਨਦਾਰ ਸਿਧਾਂਤ ਜਾਂ ਆਦਰਸ਼ ਕਿਉਂ ਨਾ ਸਮਾਏ ੋਏ ਹੋਣ। ਯੁਧ ਭਾਵੇਂ ਭੁਚਾਲ ਵਾਂਗ ਇਕ ਭੈੜੀ ਗੱਲ ਹੈ, ਪਰ ਇਸ ਵਿਚੋਂ ੀ ਲੰਘਣਾ ਮਨੁਖਤਾ ਲਈ ਕੁਦਰਤੀ ਅਨੁਸ਼ਾਸਨ ਦਾ ਕਾਰਜ ਹੁੰਦਾ ਹੈ। ਘਟਾਵਾਂ ੁਠਦੀਆਂ ਹਨ, ਮੀਂਹ ਵਰ੍ਹਦਾ ਹੈ, ਸੂਰਜ ਚਮਕਦਾ ਹੈ—ਕੋਈ ਵੀ ਇਸ ਕੁਦਰਤ ੇ ਵਰਤਾਰੇ ਵਿਚ ਦਖ਼ਲ ਨਹੀਂ ਦੇ ਸਕਦਾ, ਨਾ ਹੀ ਇਸ ਨੂੰ ਬਦਲ ਸਕਦਾ ੈ। ਇਸੇ ਤਰ੍ਹਾਂ ਗੁਰੂ ਜੀ ਨੇ ਵੀ ਯੁਧ ਬਾਰੇ ਕਿਸੇ ਕਿਸਮ ਦੀ ਝਿਜਕ ਨੂੰ ਨਹੀਂ ਰਸਾਇਆ। ਵਿਸ਼ੇਸ਼ ਕਰਕੇ ਉਸ ਸਮੇਂ ਯੁਧ ਨੂੰ ਉਚਿਤ ਦਸਿਆ ਹੈ, ਜਦੋਂ ਇਹ ਕਸੇ ਜਾਬਰ ਤੇ ਅਨਿਆਂ-ਪੂਰਵਕ ਬਾਦਸ਼ਾਹਾਂ ਵਲੋਂ ਕਿਸੇ ਉਤੇ ਠੋਸ ਦਿਤਾ ਾਵੇ। ਉਸ ਸਮੇਂ ਯੁਧ ਕਰਨਾ ਜ਼ਰੂਰੀ ਤੇ ਨੈਤਿਕ ਹੁੰਦਾ ਹੈ। ਗੁਰੂ ਨਾਨਕ ਸਾਹਿਬ ਦਾ ਕਥਨ ਹੈ, ''ਮਰਨਾ ਮੁਨਸਾ ਤੇ ਸੂਰਿਆਂ ਲਈ ਹੱਕ ਤੇ ਇਨਸਾਫ ਦੀ ਗੱਲ

ਹੁੰਦੀ ਹੈ।'' ਗੁਰੂ ਨਾਨਕ ਦੇਵ ਜੀ ਦਾ ਵਿਅਕਤੀਤਵ ਹੀ ਸਾਰੇ ਸਿੱਖ ਇਤਿਹਾਸ ਵਿਚ ਪ੍ਰਤੀਬਿੰਬਤ ਹੁੰਦਾ ਹੈ। ਆਪ ਨਾ ਤਾਂ ਉਪ-ਭਾਵਕ ਵਿਅਕਤੀ ਸਨ, ਨਾ ਹੀ ਕਿਸੇ ਮਠ ਜਾਂ ਆਸ਼ਰਮ ਵਿਚ ਬੈਠੇ ਅਜਿਹੇ ਰਹੱਸਵਾਦੀ ਸਨ, ਜੋ ਕੇਵਲ ਸੁਪਨਿਆਂ ਵਿਚ ਹੀ ਮਸਤ ਹੋਣ। ਰਹੱਸਵਾਦੀ ਸੁਪਨੇ ਤਾਂ ਆਪ ਦੇ ਸਿਰ-ਮਸਤਕ ਤੋਂ ਇਸ ਤਰ੍ਹਾਂ ਲੰਘ ਜਾਂਦੇ ਹਨ ਜਿਵੇਂ ਉਚੇ ਪਰਬਤਾਂ ਦੀਆਂ ਚੋਟੀਆਂ ਤੋਂ ਬੱਦਲ ਗੁਜ਼ਰਦੇ ਹਨ। ਆਪ ਤਾਂ ਲੋਕਾਂ ਦੇ ਹਿਤੈਸ਼ੀ ਤੇ ਪ੍ਰੇਮੀ ਸਨ ਅਤੇ ਆਪ ਦੇ ਆਪਦੇ ਪੈਰੋਕਾਰਾਂ ਨੇ ਲੋਕਾਂ ਦੇ ਹਿਤ ਵਿਚ ਹੀ ਕਾਰਜ ਕੀਤੇ ਹਨ। ਉਹਨਾਂ ਨੇ ਲੋਕਾਂ ਦੀ ਸੁਤੰਤਰਤਾ ਲਈ ਸੰਗਰਾਮ ਕੀਤਾ। ਗੁਰੂ ਗੋਬਿੰਦ ਸਿੰਘ ਦਾ ਫਰਮਾਨ ਹੈ, ''ਕਿਰਪਾਨ ਤਾਂ ਜੀਵਨ ਦੇ ਤੰਤਰ ਦਾ ਹੀ ਇਕ ਭਾਗ ਹੈ। ਜਿਵੇਂ ਪ੍ਰਭੂ ਨੇ ਆਪ ਹੀ ਕਿਰਪਾਨ ਨੂੰ ਆਪਣੇ ਵਿਚੋਂ ਪੈਦਾ ਕੀਤਾ ਹੋਵੇ। ਕਿਰਪਾਨ ਤਾਂ ਲੋਕ-ਮਾਨਸਿਕਤਾ ਦੇ ਨੈਤਿਕ ਨੇਮ ਦਾ ਪ੍ਰਗਟਾਉ ਹੈ।'' ਗੁਰੂ ਨਾਨਕ ਸਾਹਿਬ ਦਾ ਕਥਨ ਹੈ, ''ਜਿਹੜੇ ਪ੍ਰਭੂ ਨੂੰ ਭੁਲਾ ਦਿੰਦੇ ਹਨ, ਉਹ ਆਪ ਦੁਖਾਂ-ਕਸ਼ਟਾਂ ਵਿਚ ਫਸ ਜਾਂਦੇ ਹਨ।'' ਫਰਾਂਸ ਦੀ ਕ੍ਰਾਂਤੀ ਬਾਰੇ ਲਿਖੀ ਗਈ ਪੁਸਤਕ ਵਿਚ ਕਾਰਲਾਇਲ ਨੇ ਵੀ ਇਹੋ ਪਾਠ ਪੜ੍ਹਾਇਆ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਫਰਮਾਨ ਹੈ, 'ਜੈ-ਤਰਗੰ' ਅਰਥਾਤ ਤੇਗ਼ ਦੀ ਜਿੱਤ ਹੋਵੇ। ਮਨੁੱਖੀ ਵਿਕਾਸ ਨਾਲ ਸਾਪੇਖਕ ਰੂਪ ਵਿਚ ਸੰਬੰਧਿਤ ਇਸ ਧਰਤੀ ਦੇ ਸਭ ਰਾਸ਼ਟਰਾਂ ਦੇ ਨੀਤੀਵ੍ਹਾਨ ਭਲੀ ਪ੍ਰਕਾਰ ਸਮਝਦੇ ਹਨ ਕਿ ਇਸ 'ਜੈ-ਤਰਗੰ' ਦੇ ਕੀ ਅਰਥ ਹਨ। ਗੁਰੂ ਗੋਬਿੰਦ ਸਿੰਘ ਜੀ ਮਹਾਨ ਨੀਤੀਵਾਨ ਸਨ। ਇਸ ਸੰਸਾਰ ਵਿਚ ਉਹਨਾਂ ਦਾ ਧਰਮ ਤੇਗ਼ ਦੀ ਚਮਕਾਰ ਤੋਂ ਬਿਨਾਂ ਜੀਵਿਤ ਨਹੀਂ ਰਹਿ ਸਕਦਾ। ਹੋਰ ਕਿਹੜਾ ਧਰਮ ਇਸ ਬਿਨਾਂ ਜਿਉਂਦਾ ਖੜ੍ਹਾ ਰਹਿ ਸਕਦਾ ਹੈ ? ਇਥੋਂ ਤਕ ਕਿ ਬੁਧ ਧਰਮ ਵੀ ਰਾਜਿਆਂ ਮਹਾਰਾਜਿਆਂ ਤੇ ਸਮਰਾਟਾਂ ਦੀ ਸਹਾਇਤਾ ਨਾਲ ਹੀ ਫੈਲਿਆ ਸੀ। ਇਸੇ ਤਰ੍ਹਾਂ ਸਮਰਾਟਾਂ ਤੇ ਅੰਤਰ-ਰਾਸ਼ਟਰੀ ਸੈਨਿਕ-ਬਲ ਦੁਆਰਾ ਹੀ ਗੁਰੂ ਗੋਬਿੰਦ ਸਿੰਘ ਦੇ ਮਤ ਦਾ ਵੀ ਪਸਾਰਾ ਕੀਤਾ ਜਾ ਸਕਦਾ ਹੈ। ਯੁਧ ਭਾਵੇਂ ਬੜਾ ਹੈਂਸਿਆਰਾ ਤੇ ਜ਼ੁਲਮ ਕਰਨ ਵਾਲਾ ਨਿਰਦਈ ਹੁੰਦਾ ਹੈ, ਪਰ ਜਦੋਂ ਅਸੀਂ ਪ੍ਰਭੂ ਦੇ ਦ੍ਰਿਸ਼ਟੀਕੋਣ ਨੂੰ ਲਾਂਭੇ ਰਖ ਕੇ ਇਸ ਸੰਸਾਰ ਦੇ ਜੀਵਨ ਵਲ ਝਾਤੀ ਮਾਰਦੇ ਹਾਂ ਤਾਂ ਇਹ ਨਾ ਮੁਕਣ ਵਾਲੀ ਜ਼ੁਲਮੀ ਖੇਡ ਤੋਂ ਬਿਨਾਂ ਹੋਰ ਹੈ ਵੀ ਕੀ ? ਇਕ, ਦੂਜੇ ਨੂੰ ਦਬਾ ਤੇ ਮਾਰ ਰਿਹਾ ਹੈ। ਇਸ ਲਈ ਤੇਗ਼ ਜਾਂ ਕਿਰਪਾਨ ਹੀ ਹੈ, ਜੋ ਅੰਧਕਾਰ ਦਾ ਖ਼ਾਤਮਾ ਕਰਨ ਦੀ ਸ਼ਕਤੀ ਰਖਦੀ ਹੈ। ਇਸ ਲਈ ਇਸ ਦੀ ਵਰਤੋਂ ਕਰਨੀ ਉਚਿਤ ਹੀ ਹੈ। ਨੈਤਿਕ ਨੇਮ ਜ਼ਰੂਰ ਕਾਇਮ-ਦਾਇਮ ਰਹਿਣੇ ਚਾਹੀਦੇ ਹਨ। ਹੇ ਮਨੁੱਖ ! ਜੇ ਤੂੰ ਆਪਣੇ ਗੁਆਂਢੀ ਨਾਲ ਅਮਨ-ਸ਼ਾਂਤੀ ਨਾਲ ਨਹੀਂ ਰਹਿ ਸਕਦਾ ਤਾਂ ਤੇਗ਼ ਸੂਤ ਲੈ। ਜਿੰਨਾਂ ਚਿਰ ਤਕ ਸਾਡੇ ਵਿਚੋਂ ਹਰ ਕੋਈ ਸੱਚਾ ਸਿੱਖ, ਸੱਚਾ ਈਸਾਈ ਨਹੀਂ ਬਣ ਜਾਂਦਾ ਤੇ ਉਹ ਇਸ ਤਰ੍ਹਾਂ ਦੇ ਇਨਸਾਨ ਵਿਚ ਨਹੀਂ ਬਦਲ ਜਾਂਦਾ, ਜਿਸ ਦੇ ਤਨ ਤੇ ਮਨ ਵਿਚ ਕੇਵਲ ਦਇਆ ਹੀ ਪ੍ਰਮੁਖ ਹੁੰਦੀ ਹੈ, ਉਨਾਂ ਚਿਰ ਤਕ ਯੁਧ ਤੋਂ ਵੀ ਭੈੜੀਆਂ ਗੱਲਾਂ ਵਾਪਰਨਗੀਆਂ। ਮਹਾਂਮਾਰੀ, ਭੂਚਾਲ ਤੇ ਕਾਲ ਇਹ ਸਭ ਕੁਝ ਆਉਂਦੇ

ਰਹਿਣਗੇ। ਉਹੋ ਚੀਜ਼ਾਂ ਹੀ ਜਿਉਂਦੀਆਂ ਰਹਿ ਸਕਦੀਆਂ ਹਨ, ਜਿਨ੍ਹਾਂ ਦੀਆਂ ਜੜ੍ਹਾਂ ਡੂੰਘੀਆਂ ਗਡੀਆਂ ਹੋਈਆਂ ਹੁੰਦੀਆਂ ਹਨ। ਜਿਨ੍ਹਾਂ ਦੀਆਂ ਜੜ੍ਹਾਂ ਉਖੜ ਚੁਕੀਆਂ ਹਨ, ਉਹਨਾਂ ਨੂੰ ਜਾਂ ਤਾਂ ਹਵਾਵਾਂ ਉਡਾ ਕੇ ਲੈ ਜਾਣਗੀਆਂ ਜਾਂ ਸੁਕੀਆਂ ਜੜ੍ਹਾਂ ਅੱਗ ਵਿਚ ਸੜ ਜਾਣਗੀਆਂ। ਤੁਲਸੀਦਾਸ ਜੀ ਦਾ ਕਥਨ ਹੈ, "ਦਇਆ ਧਰਮ ਦਾ ਮੂਲ ਹੈ।" ਜਿਉਂਦੀਆਂ ਕੌਮਾਂ ਦੀ ਰਤ ਇਸਪਾਤ ਹੁੰਦੀ ਹੈ। ਕੇਵਲ ਮੁਰਦਾ ਲੋਕ ਹੀ ਅਹਿੰਸਾ ਦੀਆਂ ਗੱਲਾਂ ਕਰਦੇ ਹਨ, ਕੇਵਲ ਗ਼ੁਲਾਮ ਲੋਕ ਹੀ, ਜਿਹੜੇ ਵਿਚਾਰੇ ਕੁਝ ਨਹੀਂ ਕਰ ਸਕਦੇ—ਕਬੂਤਰ ਸਮਾਨ ਬਿੱਲੀ ਨੂੰ ਵੇਖ ਕੇ ਆਪਣੀਆਂ ਅੱਖਾਂ ਬੰਦ ਕਰ ਲੈਂਦੇ ਹਨ ਤੇ ਇਹ ਸਮਝਦੇ ਹਨ ਕਿ ਖ਼ਤਰਾ ਟਲ ਗਿਆ ਹੈ। ਗੁਰੂ ਜੀ ਤਾਂ ਸੁਹਣੀਆਂ ਗੱਲਾਂ-ਬਾਤਾਂ ਨਾਲ ਘਰ ਪੂਰਾ ਨਹੀਂ ਕਰਦੇ। ਸਾਨੂੰ ਤਾਂ ਆਪਣੇ ਮਨ ਵਿਚ ਇਸ ਗੱਲ ਦੀ ਕਲਪਨਾ ਕਰਨੀ ਹੋਵੇਗੀ ਕਿ ਕਿਵੇਂ ਯੁਧ ਖੇਤਰ ਵਿਚ ਗੁਰੂ ਜੀ ਖੜ੍ਹੇ ਸਨ। ਗੁਰੂ ਹਰਿਗੋਬਿੰਦ ਸਾਹਿਬ ਘੋੜੇ 'ਤੇ ਸਵਾਰ, ਹੱਥ ਵਿਚ ਤੇਗ ਨੂੰ ਸੂਤ, ਮੁਗ਼ਲ ਕੁਮੇਦਾਨ ਨਾਲ ਲੜ ਰਹੇ ਹਨ। ਮੁਗ਼ਲ ਵਾਰ 'ਤੇ ਵਾਰ ਕਰੀ ਜਾਂਦਾ ਹੈ। ਗੁਰੂ ਜੀ ਬੜੀ ਫੁਰਤੀ ਨਾਲ ਉਸ ਦੇ ਤਾਬੜਤੋੜ ਵਾਰਾਂ ਨੂੰ ਬਚਾ ਰਹੇ ਹਨ। ਜਦੋਂ ਆਪ ਦੀ ਵਾਰ ਕਰਨ ਦੀ ਵਾਰੀ ਆਈ ਤਾਂ ਆਪ ਨੇ ਮੁਗ਼ਲ ਕੁਮੇਦਾਨ ਨੂੰ ਲਲਕਾਰ ਕੇ ਕਿਹਾ, ਜਿਵੇਂ ਉਸ ਨੂੰ ਮਖੌਲ ਕਰ ਰਹੇ ਹੋਣ, "ਵਾਰ ਇੰਜ ਕਰੀਦਾ ਹੈ ਜਿਵੇਂ ਤੂੰ ਕਰਦਾ ਸੈਂ, ਉਵੇਂ ਨਹੀਂ। ਵੇਖ ! ਇਸ ਤਰ੍ਹਾਂ ਕਰਨਾ ਚਾਹੀਦਾ ਹੈ।" ਗੁਰੂ ਜੀ ਨੇ ਭਰਵਾਂ ਵਾਰ ਕੀਤਾ ਤੇ ਮੁਗ਼ਲ ਕੁਮੇਦਾਨ ਧਰਤ 'ਤੇ ਡਿਗ ਪਿਆ। ਸਿੱਖ ਇਤਿਹਾਸ ਦੇ ਨਾਟਕ ਵਿਚ ਜਿਸ ਗੱਲ ਦੀ ਪੂਰੀ ਪੂਰੀ ਪ੍ਰਸ਼ੰਸਾ ਹੁਣ ਤਕ ਨਹੀਂ ਕੀਤੀ ਗਈ, ਉਹ ਇਹ ਹੈ ਕਿ ਭਾਵੇਂ ਯੁਧ ਹੋਵੇ ਜਾਂ ਅਮਨ, ਚੁਪਚਾਪ ਕਰਨ ਵਾਲਾ ਕੋਈ ਸਹਿਜ ਕਰਮ ਹੋਵੇ ਜਾਂ ਕੋਈ ਸੁਹਜਾਤਮਕ ਜਾਂ ਕਲਾਤਮਕ ਕਾਰਜ—ਇਹਨਾਂ ਸਭ ਵਿਚ ਭੈਅ ਜਾਂ ਡਰ ਗੁਰੂ ਜੀ ਦੇ ਨੇੜੇ-ਤੇੜੇ ਨਹੀਂ ਛੂੰਹਦਾ। ਸਭ ਸਮਿਆਂ ਵਿਚ ਗੁਰੂ ਦੀ ਚੇਤੰਨਤਾ, ਪ੍ਰਭੂ-ਚੇਤੰਨਤਾ ਦਾ ਸਾਖਿਆਤ ਪ੍ਰਮਾਣ ਹੁੰਦੀ ਹੈ, ਭਾਵੇਂ ਕਿੰਨੀਆਂ ਵਡੀਆਂ ਮੁਸ਼ਕਿਲਾਂ ਦਾ ਸਮਾਂ ਹੋਵੇ, ਦੁਖਾਂ ਤੇ ਮੁਸੀਬਤਾਂ ਨੂੰ ਝਲਣ ਜਾਂ ਜ਼ੁਲਮ ਦੇ ਸ਼ਿਕਾਰ ਹੋਣ ਦਾ ਜਾਂ ਯੁਧ ਦਾ। ਭਾਈ ਵੀਰ ਸਿੰਘ ਮਹਾਨ ਸਿੱਖ ਇਤਿਹਾਸਕਾਰ ਕਵੀ ਵੀ ਇੰਜ ਹੀ ਉਲੇਖ ਕਰਦੇ ਹਨ।

ਗੁਰੂ-ਆਤਮਾ ਦੀ ਇਹ ਅਦ੍ਰਿਸ਼ਟ ਚੇਤੰਨਤਾ ਸਿੱਖ ਜੀਵਨ ਨੂੰ ਸਭ ਤੋਂ ਵੱਡੀ ਸਿੱਖਿਆ ਹੈ, ਜੋ ਉਥਾਨ ਕਰਦੀ ਹੈ, ਮਨ ਦਾ ਰੂਪਾਂਤਰਣ ਕਰਦੀ ਹੈ, ਬੜੀ ਅਮੀਰ ਤੇ ਭਰਪੂਰ ਹੈ ਅਤੇ ਮੌਤ ਦੇ ਔਕੜ ਦੇ ਸਮੇਂ ਪ੍ਰਭੂ ਵਲ ਤੱਕਦੀ ਹੈ, ਤਾਂ ਜੋ ਉਸ ਦੀ ਰਜ਼ਾ ਨੂੰ ਜਾਣਿਆ ਜਾ ਸਕੇ। ਗੁਰੂ ਜੀ ਦੇ ਜੀਵਨ-ਸਮਾਚਾਰਾਂ ਦੇ ਨਿਤ ਦੇ ਨਿੱਕੇ ਨਿੱਕੇ ਕਾਰ-ਵਿਹਾਰ ਤਾਂ ਉਹ ਛੋਟੇ ਝਰੋਖੇ ਜਾਂ ਬਾਰੀਆਂ ਹਨ, ਜਿਨ੍ਹਾਂ ਵਿਚੋਂ ਆਪ ਦੀ ਆਤਮਕ-ਸ਼ਾਨ ਨੂੰ ਨਿਹਾਰਿਆ ਜਾ ਸਕਦਾ ਹੈ। ਇਹ ਆਤਮਕ ਝਲਕਾਂ ਹਿਮਾਲੀਆ ਦੀਆਂ ਚੋਟੀਆਂ ਸਮਾਨ ਅਝੁਕ ਹਨ ਅਤੇ ਨੈਤਿਕ ਨੇਮਾਂ ਦੀ ਤਰ੍ਹਾਂ ਠੋਸ ਯਥਾਰਥ ਦੀ ਵਿਸ਼ਾਲਤਾ ਤੇ ਬਹੁਲਤਾ ਇਹਨਾਂ ਵਿਚ ਸਾਫ ਪ੍ਰਗਟ ਹੁੰਦੀ

ਹੈ।

ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੀ ਸਪੁੱਤਰੀ ਦਾ ਵਿਆਹ ਕਰਨਾ ਸੀ ਕਿ ਮੁਗ਼ਲਾਂ ਦੇ ਦਲ ਨੇ ਅੰਮ੍ਰਿਤਸਰ ਉਤੇ ਹੱਲਾ ਬੋਲ ਦਿਤਾ। ਜਦੋਂ ਇਹ ਹੱਲਾ ਹੋਇਆ ਤਾਂ ਗੁਰੂ ਜੀ ਹਾਲੀਂ ਬਿਸਤਰੇ ਉਤੇ ਹੀ ਬਿਰਾਜੇ ਹੋਏ ਸਨ। ਸਿੱਖ ਕਾਹਲੀ ਵਿਚ ਨਸੇ ਨਸੇ ਆਏ ਤੇ ਕਹਿਣ ਲਗੇ, "ਸੱਚੇ ਪਾਤਸ਼ਾਹ ! ਮੁਗ਼ਲ ਸੈਨਾ ਇਧਰ ਇਸ ਬੰਨੇ ਹੀ ਆ ਰਹੀ ਹੈ।" ਗੁਰੂ ਜੀ ਨੇ ਤਾਂ ਹਾਲੀਂ ਸ਼ਸਤਰ ਧਾਰਨ ਨਹੀਂ ਸਨ ਕੀਤੇ, ਪਰ ਇਸ ਉਦੇਸ਼ ਲਈ ਹਾਲੀਂ ਤਿਆਰ ਨਾ ਹੋਣ ਕਾਰਨ ਵੀ ਆਪ ਨੇ ਕਿਸੇ ਘਬਰਾਹਟ ਦਾ ਪ੍ਰਗਟਾਵਾ ਨਹੀਂ ਕੀਤਾ। ਆਪ ਨੇ ਆਪਣੀ ਸੁਪਤਨੀ, ਸਪੁੱਤਰੀ ਤੇ ਹੋਰ ਘਰ ਦੇ ਜੀਆਂ ਨੂੰ ਇਹ ਹੁਕਮ ਕੀਤਾ ਕਿ, "ਤੁਸੀਂ ਲਾਗਲੇ ਪਿੰਡ ਚਲੇ ਜਾਉ ਅਤੇ ਉਥੇ ਰੁਕ ਕੇ ਮੇਰੀ ਉਡੀਕ ਕਰੋ।" ਇਹ ਹੁਕਮ ਦੇ ਕੇ ਆਪ ਪੂਰੀ ਸ਼ਾਂਤੀ ਨਾਲ ਆਉਣ ਵਾਲੇ ਯੁਧ ਲਈ ਆਪਣੇ ਆਪ ਨੂੰ ਤਿਆਰ ਕਰਦੇ ਰਹੇ। ਇਹ ਟਾਕਰਾ ਅੰਮ੍ਰਿਤਸਰ ਤੋਂ ਥੋੜ੍ਹੀ ਦੂਰੀ 'ਤੇ ਹੋਇਆ। ਕਾਹਲੀ ਵਿਚ ਗੁਰੂ ਜੀ ਦੀ ਸਪੁੱਤਰੀ ਜਿਸ ਦਾ ਵਿਆਹ ਹੋਣਾ ਸੀ—ਘਰ ਵਿਚ ਹੀ ਰਹੀ। ਸਿੱਖ ਜਾ ਕੇ ਬੀਬੀ ਨੂੰ ਘਰੋਂ ਸੁਰਖਿਅਤ ਲੈ ਆਏ। ਪਰ ਗੁਰੂ ਜੀ ਜ਼ਖ਼ਮੀਆਂ ਦੀ ਸੇਵਾ ਸੰਭਾਲ ਕਰਦੇ ਰਹੇ ਅਤੇ ਰਾਤ ਵੇਲੇ ਹੀ ਉਸ ਨਿਸ਼ਚਿਤ ਸਥਾਨ ਉਤੇ ਪੁਜ ਕੇ ਬੀਬੀ ਦਾ ਵਿਆਹ ਰਚਾਇਆ।

ਅਨੇਕ ਵਾਰ ਗੁਰੂ ਨਾਨਕ ਦੇਵ ਜੀ ਆਦਮ-ਖਾਣੇ ਰਾਖ਼ਸ਼ਾਂ ਜਾਂ ਆਸਾਮ ਦੇ ਤਾਂਤਰਿਕਾਂ ਅਤੇ ਕਲਿਯੁਗ ਦੇ ਘੇਰੇ ਵਿਚ ਆ ਜਾਂਦੇ ਰਹੇ। ਆਪ ਉਤੇ ਅਨੇਕ ਤਰ੍ਹਾਂ ਦੇ ਛਲ-ਕਪਟ ਤੇ ਮੰਤਰ-ਤੰਤਰ ਛਡੇ ਜਾਂਦੇ। ਕਈ ਵਾਰ ਭਾਈ ਮਰਦਾਨੇ ਨੂੰ ਇਹ ਸਭ ਕੁਝ ਵੇਖ ਕੇ ਆਪਣੀ ਜਾਨ ਬਾਰੇ ਭੈਅ ਹੋਣ ਲਗਦਾ, ਪਰ ਗੁਰੂ ਜੀ ਹਰ ਸਮੇਂ ਵਾਂਗ ਇਸ ਸਮੇਂ ਵੀ ਮਰਦਾਨੇ ਨਾਲ ਇਹੋ ਬਚਨ ਕਰਦੇ, "ਵੇਖ ਮਰਦਾਨਿਆਂ ! ਰੰਗ ਕਰਤਾਰ ਦੇ।" ਅਰਥਾਤ ਵੇਖ, ਮੇਰਾ ਚੋਜੀ ਪ੍ਰੀਤਮ ਕੀ ਖੇਲ ਰਚਾਉਂਦਾ ਹੈ।

ਮੁਗ਼ਲ ਸਹਿਨਸ਼ਾਹ ਹਿੰਦੂ ਪਰਜਾ ਉਤੇ ਜ਼ੁਲਮ ਢਾਹੁੰਦੇ ਸਨ। ਗੁਰੂ ਤੇਗ਼ ਬਹਾਦਰ ਜੀ ਨੇ ਹਿੰਦੂਆਂ ਦੀ ਰੱਖਿਆ ਲਈ ਆਤਮ-ਬਲੀਦਾਨ ਕੀਤਾ।

ਗੁਰੂ ਗੋਬਿੰਦ ਸਿੰਘ ਜੀ ਨੇ ਮੁਗ਼ਲ ਜਰਨੈਲ ਸੈਦ ਖ਼ਾਂ ਨੂੰ ਯੁਧ ਖੇਤਰ ਵਿਚ ਹੀ ਦੀਖਿਆ ਦੇ ਕੇ ਆਪਣਾ ਮੁਰੀਦ ਬਣਾ ਲਿਆ ਸੀ। ਸੈਦ ਖ਼ਾਂ ਮੁਗ਼ਲ ਸੈਨਾ ਦੀ ਉਸ ਯੁਧ ਵਿਚ ਕਮਾਨ ਕਰ ਰਿਹਾ ਸੀ। ਸੈਦ ਖ਼ਾਂ ਨੇ ਗੁਰੂ ਜੀ ਦੇ ਸਾਹਮਣੇ ਆ ਕੇ ਪੁਛਿਆ, "ਆਪ ਜੀ ਕੋਲ ਉਹ ਕਿਹੜਾ ਰਹੱਸ ਹੈ, ਜਿਸ ਨਾਲ ਬੁਧੂ ਸ਼ਾਹ ਨੂੰ ਤੁਸੀਂ ਆਪਣਾ ਮੁਰੀਦ ਬਣਾ ਲਿਆ ਹੈ ?" ਗੁਰੂ ਜੀ ਨੇ ਬਚਨ ਕੀਤਾ, "ਆਉ ! ਆਪਣਾ ਸਿਰ ਮੇਰੇ ਘੋੜੇ ਦੀ ਰਕਾਬ 'ਤੇ ਰਖੋ।" ਸੈਦ ਖ਼ਾਂ ਨੇ ਆਪਣਾ ਸਿਰ ਗੁਰੂ ਜੀ ਦੇ ਚਰਨਾਂ 'ਤੇ ਝੁਕਾ ਦਿਤਾ। ਗੁਰੂ ਜੀ ਆਪਣੇ ਤੀਰ ਨਾਲ ਸੈਦ ਖ਼ਾਂ ਦੇ ਜਿਸਮ ਨੂੰ ਛੂਹਿਆ ਤੇ ਚਲੇ ਗਏ। ਉਸੇ ਛਿਣ ਸੈਦ ਖ਼ਾਂ ਤਾਂ ਸਿਮਰਨ-ਰੱਤੇ ਜਿਉੜੇ ਦੇ ਰੂਪ ਵਿਚ ਮੁੜ ਜਿਉ ਉਠਿਆ। ਸੈਦ ਖ਼ਾਂ ਨੇ

ਗ਼ਲ ਸੈਨਾ ਦੇ ਕੁਮੇਦਾਨ ਦੇ ਪਦ ਦਾ ਤਿਆਗ ਕਰਕੇ ਪਰਬਤਾਂ ਵਲ ਰੁਖ ਤਾ, ਜਿਥੇ ਉਹ ਨਾਮ-ਸਿਮਰਨ ਦੇ ਅਭਿਆਸ ਵਿਚ ਰੰਗਿਆ ਰਹਿੰਦਾ ਸੀ। ਰੂ ਜੀ ਤਾਂ ਯੁਧ ਸਮੇਂ ਵੀ ਆਪਣੇ ਸਿੱਖਾਂ ਦਾ ਨਾਮ ਸਿਮਰਨ ਦੇ ਅਜਿਹੇ ਰੰਗ ਚ ਆਤਮਕ ਉਥਾਨ ਕਰ ਦਿੰਦੇ ਸਨ ਤੇ ਉਹਨਾਂ ਵਿਚ ਆਤਮਕ ਪ੍ਰੇਰਨਾ ਭਰ ਦੇ ਸਨ। ਇਹ ਕਾਰਜ ਯੁਧ ਦੇ ਸਮੇਂ ਵੀ ਨਿਰੰਤਰ ਚਲਦਾ ਰਹਿੰਦਾ ਸੀ। ਘੋੜੇ ਪਰ ਅਸਵਾਰ ਹੋ ਕੇ ਵੀ ਆਪ ਉਸੇ ਸਮੇਂ ਹੀ ਯੁਧ ਲੜਦੇ ਹਨ, ਜਦੋਂ ਗੁਰੂ ਨਕ ਦੇਵ ਜੀ ਦੇ ਬੋਲੇ ਵਾਕ ਅਨੁਸਾਰ 'ਸਕਤਾ-ਸੀਹੁ ਗਊਆਂ ਦੇ ਵਗ ਉਤੇ ੲ ਪੈਂਦਾ ਸੀ, ਕੋਈ ਵੀ ਗੱਲ ਆਪ ਦੀ ਆਤਮਕ ਅਡੋਲਤਾ ਨੂੰ ਭੰਗ ਨਹੀਂ ਕਰ ਸਕਦੀ। ਆਪ ਯੁਧ, ਅਮਨ, ਖ਼ੁਸ਼ੀ ਤੇ ਗ਼ਮੀ ਸਭ ਅਵਸਥਾਵਾਂ ਵਿਚ ਕ ਸਮਾਨ ਅਡੋਲ ਰਹਿੰਦੇ।

ਇਕ ਵਾਰ ਗੁਰੂ ਗੋਬਿੰਦ ਸਿੰਘ ਜੀ ਨੇ ਮਨ ਦੀ ਮੌਜ ਅਨੁਸਾਰ ਹੀ ਧ ਖੇਤਰ ਵਿਚ ਉਸ ਬੰਨੇ ਤੀਰ ਚਲਾ ਦਿਤਾ, ਜਿਥੇ ਮੁਗ਼ਲ ਜਰਨੈਲ ਦੀਵਾਨ ਤੇ ਬੈਠੇ ਹੋਣ ਵਾਲੇ ਯੁਧ ਦੀਆਂ ਵਿਉਂਤਾਂ ਬਣਾ ਰਹੇ ਸਨ। ਉਸ ਸਮੇਂ ਉਹ ਹ ਗੱਲਾਂ ਕਰ ਰਹੇ ਸਨ, ''ਲੋਕ ਕਹਿੰਦੇ ਹਨ ਕਿ ਗੁਰੂ ਜੀ ਕੋਲ 'ਕਸ਼ਫ' ਗੁਣ ਮੌਜੂਦ ਹੈ। ਅਸੀਂ ਕਿਉਂ ਉਹਨਾਂ ਨੂੰ ਇੰਜ ਪਰੇਸ਼ਾਨ ਕਰ ਰਹੇ ਹਾਂ ? ਤੇ ਵੇਲੇ ਗੁਰੂ ਜੀ ਵਲੋਂ ਸੁਨਹਿਰੀ ਨੁਕੇ ਵਾਲਾ ਇਕ ਤੀਰ ਆਇਆ ਜੋ ਉਸ ਵਾਨ ਦੇ ਇਕ ਪਾਵੇ ਵਿਚ ਆ ਕੇ ਵਜਾ, ਜਿਥੇ ਇਹ ਮੁਗ਼ਲ ਸੈਨਾਪਤੀ ਬੈਠੇ ਨ। ਉਹ ਸਾਰੇ ਹੈਰਾਨ ਹੋ ਗਏ ਕਿ ਕਿਵੇਂ ਗੁਰੂ ਜੀ ਨੇ ਉਹਨਾਂ ਦੇ ਮਨ ਦੀ ਲ ਨੂੰ ਬੁਝ ਕੇ ਉਸੇ ਸਮੇਂ ਇਹ ਸਬੂਤ ਦੇ ਦਿਤਾ ਹੈ ਕਿ ਉਹ 'ਕਸ਼ਫ' ਤੋਂ ਣੂੰ ਹਨ। ਜਦੋਂ ਉਹ ਹਾਲੀਂ ਇਹ ਗੱਲਾਂ ਕਰ ਹੀ ਰਹੇ ਸਨ ਤਾਂ ਇਕ ਹੋਰ ਰ ਆ ਕੇ ਵਜਾ, ਜਿਸ ਨਾਲ ਇਕ ਪੱਤਰ ਵੀ ਬਝਾ ਹੋਇਆ ਸੀ ਜਿਸ ਉਤੇ ਹ ਲਿਖਿਆ ਹੋਇਆ ਸੀ, ''ਇਹ 'ਕਸ਼ਫ' ਨਹੀਂ। ਇਹ ਤਾਂ ਤੀਰ-ਅੰਦਾਜ਼ੀ ਯੁਧ-ਕੌਸ਼ਲ ਦਾ ਕਸ਼ਫ (ਪ੍ਰਮਾਣ) ਹੈ।'' ਇਸ ਉਤੇ ਉਹਨਾਂ ਮੁਗ਼ਲ ਨਾਪਤੀਆਂ ਨੂੰ ਹੋਰ ਵੀ ਹੈਰਾਨੀ ਹੋਈ।

ਅਨੰਦਪੁਰ ਦਾ ਘੇਰਾ ਬੜੇ ਲੰਮੇ ਸਮੇਂ ਤਕ ਚਲਦਾ ਰਿਹਾ। ਗੁਰੂ ਜੀ ਆਪਣੇ ਸਿੱਖਾਂ ਨੂੰ ਹੁਕਮ ਦਿਤਾ ਕਿ ਉਹ ਡਟੇ ਰਹਿਣ। ਇਸ ਘੇਰੇ ਵਿਚ ਸਾਮ ਦੀ ਸੰਗਤ ਵਲੋਂ ਭੇਟ ਕੀਤਾ ਗਿਆ ਹਾਥੀ, ਜਿਸ ਨੂੰ ਗੁਰੂ ਜੀ ਨੇ ਹਿੰਦੂ ਜਿਆਂ ਵਲੋਂ ਮੰਗਣ 'ਤੇ ਵੀ ਨਹੀਂ ਸੀ ਦਿਤਾ—ਹੀ ਇਸ ਘੇਰੇ ਦਾ ਵੱਡਾ ਕਾਰਨ । ਇਸ ਘੇਰੇ ਵਿਚ ਉਹ ਹਾਥੀ ਸੁਕ ਕੇ ਪਿੰਜਰ ਹੋ ਗਿਆ। ਫਿਰ ਵੀ ਗੁਰੂ ਇਸ ਗੱਲ ਉਤੇ ਦ੍ਰਿੜ੍ਹ ਸਨ ਕਿ ਸਿੱਖਾਂ ਨੂੰ ਕਿਲ੍ਹਾ ਨਹੀਂ ਛਡਣਾ ਚਾਹੀਦਾ, ਤ ਕੁਝ ਸਿੱਖ ਗੁਰੂ ਜੀ ਵਲੋਂ ਕੰਡ ਮੋੜ ਕੇ ਉਥੋਂ ਚਲੇ ਗਏ। ਦੂਜੇ ਹੋਰ ਸਿੱਖ ਰੂ ਜੀ ਉਤੇ ਦਬਾ ਪਾ ਰਹੇ ਸਨ ਕਿ ਉਹਨਾਂ ਨੂੰ ਮੁਗ਼ਲਾਂ ਵਲੋਂ ਉਸ ਧੋਖੇਭਰੀ ਸ਼ੀ, ਜਿਸ ਦੀ ਕਿ ਉਹਨਾਂ ਨੇ ਪੇਸ਼ਕਸ਼ ਕੀਤੀ ਹੈ—ਮੰਨ ਕੇ ਕਿਲ੍ਹਾ ਛਡ ਣਾ ਚਾਹੀਦਾ ਹੈ। ਗੁਰੂ ਜੀ ਕਿਲੇ ਤੋਂ ਬਾਹਰ ਆ ਗਏ। ਮੁਗ਼ਲ ਫ਼ੌਜ ਵਲੋਂ

ਆਪ ਜੀ ਦਾ ਪਿਛਾ ਕੀਤਾ ਗਿਆ। ਗੁਰੂ ਜੀ ਦੀ ਮਾਤਾ ਤੇ ਦੋ ਸਾਹਿਬਜ਼ਾਦਿ ਨੂੰ ਕਿਸੇ ਹੋ ਦਿਸ਼ਾ ਵਲ ਜਾਣਾ ਪਿਆ ਤੇ ਆਪ ਜੀ ਦੀ ਸੁਪਤਨੀ (ਮਾਤਾ ਜ ਨੂੰ ਕਿਸੇ ਹੋਰ ਦਿਸ਼ਾ ਵਲ ਜਾਣ ਲਈ ਮਜਬੂਰ ਹੋਣਾ ਪਿਆ। ਗੁਰੂ ਜੀ ਨੂੰ ਅ ਦੋ ਸਾਹਿਬਜ਼ਾਦਿਆਂ ਤੇ ਹੋਰ ਸਿੱਖਾਂ ਸਮੇਤ ਕਿਸੇ ਹੋਰ ਬੰਨੇ ਦਾ ਰੁਖ ਕਰ ਪਿਆ। ਸਾਰਿਆਂ ਨੂੰ ਵਖ ਵਖ ਦਿਸ਼ਾ ਵਲ ਖਿੰਡਰਨਾ-ਪੁੰਡਰਨਾ ਪਿਆ। ਉਹ ਸ ਮਹਾਂ-ਕਾਵਿ ਤੇ ਹੋਰ ਗਰੰਥ, ਜੋ ਅਨੰਦਪੁਰ ਸਾਹਿਬ ਵਿਖੇ ਗੁਰੂ ਜੀ ਦੀ ਹਜ਼ੂ ਵਿਚ ਰਚੇ ਗਏ ਸਨ, ਸਰਸਾ ਨਦੀ ਦੀ ਧਾਰ ਵਿਚ ਰੋੜ੍ਹਨੇ ਪਏ। ਜਦੋਂ ਅ ਇਸ ਅਵਸਥਾ ਵਿਚ ਜਾ ਰਹੇ ਸਨ ਤਾਂ ਪ੍ਰਭੂ ਉਸਤਤੀ ਦਾ ਸਮਾਂ ਹੋ ਗਿਆ ਆਪ ਸਾਰਿਆਂ ਨੇ ਰੁਕ ਕੇ ਗੁਰੂ ਨਾਨਕ ਦੇਵ ਜੀ ਦੀ 'ਆਸਾ ਦੀ ਵਾਰ' ਕੀਰਤਨ ਕੀਤਾ। ਜਦੋਂ ਇਹ ਕੀਰਤਨ ਚਲ ਰਿਹਾ ਸੀ ਤਾਂ ਮੁਗ਼ਲ ਸੈਨਾ ਨੇ ਹੱ ਬੋਲ ਦਿਤਾ। ਸਭ ਕੁਝ ਜਾਂਦਾ ਰਿਹਾ, ਪਰ ਹਾਲੀ ਵੀ ਬਹੁਤ ਸਾਰੇ ਗੁਰਧਾ ਤੇ ਹਰ ਰੋਜ਼ 'ਆਸਾ ਦੀ ਵਾਰ' ਦਾ ਕੀਰਤਨ ਹੁੰਦਾ ਹੈ। ਗੁਰੂ ਜੀ ਦੇ ਸਾਹਿਬਜ਼ਾਦੇ ਚਮਕੌਰ ਦੀ ਜੰਗ ਵਿਚ ਸ਼ਹੀਦ ਹੋ ਗਏ। ਬਹੁਤ ਸਾਰੇ ਸ਼ਰਧਾ ਸਿੱਖ ਇਥੇ ਸ਼ਹੀਦ ਹੋਏ। ਐਨਾ ਸਭ ਕੁਝ ਗਵਾ ਕੇ ਵੀ ਇਕੱਲੇ ਗੁਰੂ ਗੋਬਿੰ ਸਿੰਘ ਜੀ ਹਾਲੀ ਵੀ ਅਡੋਲ ਸਨ। ਆਪ ਨੂੰ ਜੰਗਲਾਂ ਵਿਚ ਝਾੜੀਆਂ ਵਿਚੋਂ ਲੰਮਾ ਪੰਧ ਇਕਲਿਆਂ ਹੀ ਕਰਨਾ ਪਿਆ ਤੇ ਜਦੋਂ ਆਪ ਨੂੰ ਸਿੱਖ ਦੁਬਾਰਾ ਕੇ ਮਿਲੇ ਤਾਂ ਆਪ ਜੀ ਦੀਆਂ ਜੰਘਾਂ ਬੜੀਆਂ ਸੁਜੀਆਂ ਹੋਈਆਂ ਸਨ। ਸਿੱ ਨੇ ਕੈਂਚੀ ਤੇ ਚਾਕੂ ਲਿਆ ਕੇ ਗੁਰੂ ਸਾਹਿਬ ਦੇ ਬਸਤਰਾਂ ਨੂੰ ਥੋੜ੍ਹਾ ਥੋੜ੍ਹਾ ਕਰ ਕਤਰਨ ਦਾ ਯਤਨ ਕੀਤਾ ਤਾਂ ਜੋ ਉਹਨਾਂ ਨੂੰ ਉਤਾਰਨ ਸਮੇਂ ਗੁਰੂ ਜੀ ਨੂੰ ਕੋ ਤਕਲੀਫ ਨਾ ਹੋਵੇ। ਪਰ ਗੁਰੂ ਜੀ ਨੇ ਇਹਨਾਂ ਬਸਤਰਾਂ ਨੂੰ ਇਕੋ ਵਾਰ ਪਾ ਦਿਤਾ। ਗੁਰੂ ਜੀ ਨੂੰ ਆਪਣੇ ਆਪ ਨੂੰ ਜਿਉਂਦਾ ਰਖਣ ਲਈ ਕਈ ਦਿ ਲਗਾਤਾਰ ਅੱਕ ਦੇ ਪੱਤੇ ਖਾ ਕੇ ਗੁਜ਼ਰਾਨ ਕਰਨੀ ਪਈ। ਕੋਈ ਵੀ ਸਮਰਪ ਵਿਅਕਤੀ ਆਤਮ-ਬਲੀਦਾਨ ਦੀ ਭਾਵਨਾ ਤੋਂ ਰੰਚਕ ਮਾਤਰ ਵੀ ਇਧਰ ਉਧ ਨਹੀਂ ਹੋ ਸਕਦਾ। ਕਈ ਵਾਰ ਤਾਂ ਜੀਵਨ ਦੀ ਚੰਗਿਆੜੀ ਨੂੰ ਬਚਾ ਲੈਣਾ ਸਭ ਤੋਂ ਵਡੀ ਨਿਜੀ ਕੁਰਬਾਨੀ ਹੁੰਦੀ ਹੈ। ਅਜਿਹੇ ਸਮੇਂ ਗੁਰੂ ਗੋਬਿੰਦ ਸਿੰਘ ਦਾ ਅੱਕ ਦੇ ਪੱਤੇ ਖਾ ਕੇ ਝਟ ਲੰਘਾਉਣਾ ਤੇ ਮੌਤ ਦੀ ਥਾਂ ਆਪਣੇ ਆਪ ਜੀਵਤ ਰਖ ਸਕਣਾ ਹੀ ਸਭ ਤੋਂ ਪਵਿੱਤਰ ਤੇ ਸ਼ੁਧ ਮਨੁੱਖੀ ਕਾਰਜ ਸੀ। ਗੁ ਜੀ ਵਲੋਂ ਲਿਆ ਗਿਆ ਹਰ ਸੁਆਸ ਪ੍ਰਭੂ-ਪ੍ਰੀਤਮ ਦੇ ਧਾਮ ਉਤੇ ਕੀਤੀ ਗਈ ਸਭ ਤੋਂ ਵੱਡੀ ਪੂਜਾ ਅਰਚਾ ਸੀ।

ਆਪ ਮਾਛੀਵਾੜਾ ਵਿਖੇ ਰਾਤ ਦੇ ਹਨੇਰੇ ਵਿਚ ਆਪਣੇ ਇਕ ਸਿੱ ਗੁਲਾਬੇ ਦੇ ਘਰ ਚਲੇ ਗਏ। ਉਹੋ ਹੀ ਆਪ ਨੂੰ ਪਹਿਲਾਂ ਜੰਗਲ ਵਿਚ ਜਾ ਮਿਲਿਆ ਸੀ। ਗੁਰੂ ਜੀ ਉਸ ਦੀ ਨਿਜੀ ਬੇਨਤੀ ਉਤੇ ਰਾਤ ਦੇ ਹਨੇਰੇ ਵਿ ਉਸ ਸਿੱਖ ਦੇ ਘਰ ਚਲੇ ਗਏ। ਗੁਲਾਬਾ ਭਾਵੇਂ ਗੁਰੂ ਜੀ ਦਾ ਸ਼ਰਧਾਲੂ ਮਿਤ ਸੀ, ਪਰ ਡਰਪੋਕ ਤੇ ਕਮਜ਼ੋਰ ਦਿਲ ਵਾਲਾ ਬੰਦਾ ਸੀ। ਉਸ ਨੇ ਗੁਰੂ ਜੀ

ਬੇਨਤੀ ਕੀਤੀ ਕਿ ਆਪ ਘਾਹ ਦੇ ਢੇਰ ਵਿਚ ਲੁਕ ਜਾਉ, ਪਰ ਗੁਲਾਬੇ ਨੂੰ ਉਸ ਸਮੇਂ ਨਿਰਾਸ਼ਾ ਹੋਈ ਜਦੋਂ ਗੁਰੂ ਜੀ ਨੇ ਉਥੋਂ ਦੀ ਮੁਸਲਮਾਨ ਵਸੋਂ ਵਿਚ ਆਪਣੇ ਆਉਣ ਦਾ ਵਚਿੱਤਰ ਢੰਗ ਨਾਲ ਪ੍ਰਗਟਾਵਾ ਕਰ ਦਿਤਾ। ਗੁਰੂ ਜੀ ਕਿਸੇ ਤਰ੍ਹਾਂ ਵੀ ਆਪਣੇ ਆਪ ਨੂੰ ਲੁਕਾ ਛਿਪਾ ਕੇ ਨਹੀਂ ਸਨ ਰਖਣਾ ਚਾਹੁੰਦੇ। ਗੁਲਾਬੇ ਨੇ ਗੁਰੂ ਜੀ ਅਗੇ ਬੇਨਤੀ ਕੀਤੀ, ''ਆਪ ਕੀ ਛਕੋਗੇ ?'' ਗੁਰੂ ਜੀ ਨੇ ਉਤਰ ਦਿਤਾ, ''ਅਸੀਂ ਤਾਂ ਬਕਰੇ ਦਾ ਮਾਸ ਆਹਾਰ ਕਰਾਂਗੇ ਤੇ ਉਹ ਵੀ ਗੋਲੀ ਨਾਲ ਮਾਰਨਾ ਚਾਹੀਦਾ ਹੈ। ਮੇਰੇ ਸੈਨਿਕ ਇਹ ਕਾਰਜ ਕਰ ਦੇਣਗੇ।'' ਜਦੋਂ ਬਕਰੇ ਦਾ ਮਾਸ ਦਾ ਆਹਾਰ ਤਿਆਰ ਹੋ ਗਿਆ ਤਾਂ ਗੁਰੂ ਜੀ ਨੇ ਇਸ ਦਾ ਸੇਵਨ ਕਰਕੇ, ਬਚੀਆਂ ਹੱਡੀਆਂ ਤੇ ਬੋਟੀਆਂ ਨੂੰ ਲਾਗਲੇ ਮੁਸਲਮਾਨ ਗੁਆਂਢੀ ਦੇ ਵਿਹੜੇ ਵਿਚ ਸੁਟ ਦਿਤਾ ਅਤੇ ਉਹਨਾਂ ਵਿਚੋਂ ਕੁਝ ਹੱਡੀਆਂ ਘਰ ਦੇ ਦੂਜੇ ਬੰਨੇ ਬ੍ਰਾਹਮਣ ਗੁਆਂਢੀਆਂ ਦੇ ਵਿਹੜੇ ਵਿਚ ਸੁਟ ਦਿਤੀਆਂ। ਉਹ ਹੈਰਾਨ ਹੋਣ ਲਗੇ ਕਿ ਇਹ ਕੋਈ ਅਜੀਬ ਪ੍ਰਾਹੁਣਾ ਹੈ ਜੋ ਸਾਡੇ ਘਰਾਂ ਵਿਹੜਿਆਂ ਨੂੰ ਭ੍ਰਸ਼ਟ ਕਰਨ ਲਗਾ ਹੈ। ਗੋਲੀ ਦੇ ਖੜਾਕ ਨੇ ਪਹਿਲਾਂ ਹੀ ਲੋਕਾਂ ਦੇ ਮਨਾਂ ਵਿਚ ਸ਼ਕ ਪੈਦਾ ਕਰ ਦਿਤਾ ਸੀ ਤੇ ਹੁਣ ਹੱਡੀਆਂ ਦੇ ਸੁਟਣ ਨਾਲ ਇਹ ਸ਼ਕ ਹੋਰ ਵੀ ਪੱਕਾ ਹੋ ਗਿਆ ਸੀ। ਮੁਸਲਮਾਨ ਤੇ ਬ੍ਰਾਹਮਣ ਪਰਿਵਾਰ ਉਚੀ ਉਚੀ ਰੌਲਾ ਪਾਉਣ ਲਗ ਪਏ, ''ਗੁਰੂ ਇਥੇ ਆਇਆ ਹੈ।'' ਬਾਦਸ਼ਾਹ ਦੇ ਅਹਿਲਕਾਰ ਗੁਰੂ ਜੀ ਦੀ ਭਾਲ ਕਰ ਰਹੇ ਸਨ। ਬਾਦਸ਼ਾਹ ਦੀ ਸੈਨਾ ਗੁਰੂ ਜੀ ਦਾ ਪਿਛਾ ਕਰ ਰਹੀ ਸੀ। ਗੁਰੂ ਜੀ ਨੂੰ ਘਾਹ ਦੇ ਢੇਰ ਵਿਚ ਲੁਕਾਇਆ ਨਹੀਂ ਸੀ ਜਾ ਸਕਦਾ, ਜਿਹਾ ਕਿ ਗੁਲਾਬੇ ਨੇ ਪਹਿਲਾਂ ਕਿਹਾ ਸੀ। ਜਦੋਂ ਗੁਆਂਢੀਆਂ ਦੀਆਂ ਆਵਾਜ਼ਾਂ ਹੋਰ ਉਚੀਆਂ ਹੋ ਗਈਆਂ ਤਾਂ ਗੁਰੂ ਜੀ ਨੇ ਸੋਨੇ ਦੀਆਂ ਮੁਹਰਾਂ ਦੋਹਾਂ ਘਰਾਂ ਵਿਚ ਉਸੇ ਤਰ੍ਹਾਂ ਸੁਟ ਦਿਤੀਆਂ ਜਿਵੇਂ ਪਹਿਲਾਂ ਆਪ ਜੀ ਨੇ ਬਕਰੇ ਦੀਆਂ ਹੱਡੀਆਂ ਸੁਟੀਆਂ ਸਨ। ਮੁਸਲਮਾਨਾਂ ਨੇ ਤਾਂ ਅਲ੍ਹਾ ਅਲ੍ਹਾ ਕਹਿ ਕੇ ਹੱਡੀਆਂ ਨੂੰ ਲਾਂਭੇ ਕਰ ਦਿਤਾ ਤੇ ਸੋਨੇ ਦੀਆਂ ਮੁਹਰਾਂ ਚੁਕ ਲਈਆਂ। ਫਿਰ ਬ੍ਰਾਹਮਣ ਜਨੇਊ ਲੈ ਕੇ ਗੁਰੂ ਜੀ ਨੂੰ ਆਸ਼ੀਰਵਾਦ ਦੇਣ ਲਈ ਹਾਜ਼ਰ ਹੋ ਗਿਆ। ਗੁਰੂ ਜੀ ਨੇ ਉਸ ਨੂੰ ਹੋਰ ਸੋਨੇ ਦੀਆਂ ਮੁਹਰਾਂ ਦੇ ਦਿਤੀਆਂ। ਗੁਲਾਬਾ ਤੇ ਉਸ ਦੀ ਪਤਨੀ ਦਿਲੋਂ ਡਰ ਰਹੇ ਸਨ। ਤਦੋਂ ਤਕ ਮੁਗ਼ਲ ਸੈਨਾ, ਜੋ ਗੁਰੂ ਜੀ ਦਾ ਪਿਛਾ ਕਰ ਰਹੀ ਸੀ, ਉਥੇ ਪਹੁੰਚ ਗਈ। ਮਾਛੀਵਾੜੇ ਨੂੰ ਘੇਰਾ ਪਾ ਲਿਆ ਗਿਆ, ਪਰ ਹੁਣ ਗੁਲਾਬਾ ਆਪਣੇ ਡਰ ਨੂੰ ਛੁਪਾ ਕੇ ਨਾ ਰਖ ਸਕਿਆ। ਉਹ ਕਹਿਣ ਲਗਾ, ''ਤੁਹਾਨੂੰ ਉਹ ਆ ਲਭਣਗੇ ਤੇ ਮੇਰਾ ਕੁਝ ਵੀ ਬਾਕੀ ਨਹੀਂ ਬਚੇਗਾ।'' ਗੁਰੂ ਜੀ ਨੇ ਉਤਰ ਦਿਤਾ, ''ਡਰੋ ਨਹੀਂ ! ਉਹ ਮੈਨੂੰ ਫੜ ਨਹੀਂ ਸਕਦੇ ਤੇ ਨਾ ਤੇਰਾ ਕੋਈ ਵਾਲ ਵਿੰਗਾ ਕਰ ਸਕੇਗਾ।''

ਗੁਲਾਬਾ ਭਾਵੇਂ ਗੁਰੂ ਜੀ ਦਾ ਪਿਆਰਾ ਸਿੱਖ ਸੀ, ਪਰ ਉਸ ਦਾ ਪ੍ਰੇਮ ਕਮਜ਼ੋਰ ਤੇ ਡਰ ਬਲਵਾਨ ਸੀ। ਛੇਕੜ ਉਸ ਨੇ ਗੁਰੂ ਜੀ ਨੂੰ ਉਥੋਂ ਜਾਣ ਲਈ ਕਹਿ ਹੀ ਦਿਤਾ। ਸਥੂਲ ਇਨਸਾਨੀ ਅੱਖ ਦੂਰ ਤਕ ਨਹੀਂ ਝਾਕ ਸਕਦੀ

ਅਤੇ ਨੇੜੇ ਦੇ ਦ੍ਰਿਸ਼ ਉਸ ਨੂੰ ਵਧੇਰੇ ਭੈਅਭੀਤ ਕਰ ਦਿੰਦੇ ਹਨ।

ਮਾਛੀਵਾੜਾ ਪਿੰਡ ਵਿਚ ਇਕ ਹੋਰ ਵਿਅਕਤੀ ਨਿਹਾਲਾ ਚੌਧਰੀ ਵੀ ਸੀ। ਉਸ ਦੀ ਮਾਤਾ ਗੁਰੂ ਦੇਵੀ ਉਤਮ ਸਿੱਖ ਦੀ ਮਿਸਾਲ ਸੀ। ਉਸ ਮਾਤਾ ਨੇ ਗੁਰੂ ਜੀ ਲਈ ਮਹੀਨ ਸੂਤ ਕਤ ਕੇ ਬਸਤਰ ਤਿਆਰ ਕਰਵਾਏ ਸਨ ਤੇ ਉਸ ਦੀ ਇਹ ਇਛਾ ਸੀ ਕਿ ਗੁਰੂ ਜੀ ਉਸ ਨੂੰ ਆਪ ਪਹਿਨਣ ਅਤੇ ਉਸ ਨੂੰ ਅਸੀਸ ਦੇਣ। ਗੁਰੂ ਜੀ ਨੇ ਗੁਲਾਬੇ ਨੂੰ ਕਿਹਾ ਕਿ ਉਸ ਮਾਤਾ ਨੂੰ ਇਥੇ ਬੁਲਾ ਲਿਆਉ। ਉਹ ਮਾਤਾ ਗੁਰੂ ਜੀ ਦੇ ਦਰਸ਼ਨ ਕਰਨ ਲਈ ਆ ਗਈ ਤੇ ਗੁਰੂ ਜੀ ਨੇ ਉਸ ਦਾ ਆਤਮਕ ਰੂਪਾਂਤਰਣ ਕਰ ਦਿਤਾ। ਮਾਤਾ ਦੀ ਭੇਟ ਗੁਰੂ ਜੀ ਵਲੋਂ ਪ੍ਰਵਾਨ ਕਰ ਲਈ ਗਈ। ਗੁਰੂ ਜੀ ਨੇ ਉਸ ਨੂੰ ਆਸ਼ੀਰਵਾਦ ਦਿਤੀ। ਗੁਰਸਿਖਾਂ ਦੀ ਦਰਦ-ਭਰੀ ਅਰਦਾਸ ਦਾ ਗੁਰੂ ਜੀ ਵਲੋਂ ਮੋੜਵਾਂ ਉਤਰ ਦੇ ਕੇ ਨਿਵਾਜਣਾ ਅਨੰਤ ਦੀ ਹੱਦ ਤਕ ਪੁਜ ਜਾਂਦਾ ਹੈ। ਸਿੱਖ ਗੁਲਾਬੇ ਦੇ ਘਰ ਗੁਰੂ ਜੀ ਦਾ ਜਨਮ ਪੁਰਬ ਮਨਾਉਣ ਲਈ ਇਕੱਤਰ ਹੋਏ। ਇਹ ਪੁਰਬ ਤਾਂ ਦੁਸ਼ਮਣਾਂ ਦੀ ਤਲਵਾਰ ਦੀ ਛਾਂ ਥਲੇ ਹੀ ਮਨਾਇਆ ਜਾ ਰਿਹਾ ਸੀ। ਉਸ ਸਮੇਂ ਇਕ ਬੀਬੀ ਵਲੋਂ ਲਿਆਂਦਾ ਗਿਆ ਪ੍ਰਸ਼ਾਦ ਛੋਟੀ ਜਿਹੀ ਜੁੜੀ ਸੰਗਤ ਵਿਚ ਵਰਤਾਇਆ ਜਾ ਰਿਹਾ ਸੀ। ਇਸ ਪੁਰਬ ਦੀ ਸਮਾਪਤੀ ਪਿਛੋਂ ਗੁਰੂ ਜੀ ਨੇ ਗੁਲਾਬੇ ਨੂੰ ਗਨੀ ਖ਼ਾਂ ਤੇ ਨਬੀ ਖ਼ਾਂ ਨੂੰ ਬੁਲਾਉਣ ਲਈ ਕਿਹਾ, ਜੋ ਘੋੜਿਆਂ ਦੇ ਵਪਾਰੀ ਸਨ ਤੇ ਗੁਰੂ ਜੀ ਦੇ ਜਾਣਕਾਰ ਮਿਤਰਾਂ ਵਿਚੋਂ ਸਨ। ਗਨੀ ਖ਼ਾਂ, ਨਬੀ ਖ਼ਾਂ ਆ ਗਏ। ਉਹਨਾਂ ਨੇ ਦਸਿਆ ਕਿ ਗੁਰੂ ਜੀ ਦੀ ਭਾਲ ਲਈ ਫੌਜੀ ਦਲ ਫਿਰ ਰਹੇ ਹਨ ਅਤੇ ਗੁਰੂ ਜੀ ਨੂੰ ਨਿਜੀ ਤੌਰ 'ਤੇ ਪਕੜਨ ਲਈ ਸਿਰ ਤੋੜ ਕੋਸ਼ਿਸ਼ ਕੀਤੀ ਜਾ ਰਹੀ ਹੈ। ਸ਼ਕ ਵਿਚ ਕਈ ਸਾਧੂ ਤੇ ਫ਼ਕੀਰ ਪਕੜੇ ਜਾ ਚੁਕੇ ਹਨ। ਜਦੋਂ ਖਵਾਜਾ ਦੀ ਫ਼ੌਜ ਇਸ ਨਗਰ ਨੂੰ ਘੇਰਾ ਪਾ ਰਹੀ ਸੀ ਤਾਂ ਗਨੀ ਖ਼ਾਂ ਤੇ ਨਬੀ ਖ਼ਾਂ ਨੇ ਬਦਲੇ ਹੋਏ ਭੇਸ ਵਿਚ ਗੁਰੂ ਜੀ ਨੂੰ ਮੋਢਿਆਂ 'ਤੇ ਚੁਕ ਕੇ ਨਗਰੋਂ ਬਾਹਰ ਲੈ ਆਂਦਾ ਅਤੇ ਪਿਛੋਂ ਆਪ ਲਖੀ ਜੰਗਲ ਵਲ ਚਲੇ ਗਏ।

ਲਖੀ ਜੰਗਲ ਵਿਖੇ ਖਿੰਡਰੇ-ਪੁੰਡਰੇ ਸਿੱਖ ਫਿਰ ਗੁਰੂ ਜੀ ਨੂੰ ਆ ਮਿਲੇ, ਇਸ ਸਮੇਂ ਗੁਰੂ ਜੀ ਦੀ ਹਾਲਤ ਦੁਖੀ ਪਿਤਾ ਵਾਲੀ ਸੀ। ਆਪ ਜੀ ਨੇ ਆਪਣੇ ਦੋ ਸਾਹਿਬਜ਼ਾਦਿਆਂ ਬਾਰੇ ਪੁਛਗਿਛ ਕੀਤੀ ਜੋ ਗੁਰੂ ਜੀ ਦੀ ਮਾਤਾ (ਮਾਤਾ ਗੁਜਰੀ) ਜੀ ਨਾਲ ਸਰਹਿੰਦ ਨੂੰ ਗਏ ਸਨ। ਇਕ ਸਿੱਖ ਨੂੰ ਤੁਰੰਤ ਉਸ ਸਮੇਂ ਖ਼ਬਰ ਲਿਆਉਣ ਲਈ ਭੇਜਿਆ ਗਿਆ। ਗੁਰੂ ਜੀ ਨੇ ਉਤਸੁਕ ਹੋ ਕੇ ਪੁਛਿਆ, "ਸਿੱਖ ਖ਼ਬਰ ਲੈ ਕੇ ਆ ਗਿਆ ਹੈ ?" "ਨਹੀਂ ਜੀ ! ਹਾਲੀ ਨਹੀਂ। ਉਹ ਤਾਂ ਹਾਲੀ ਹੁਣੇ ਹੀ ਗਿਆ ਹੈ।" ਗੁਰੂ ਜੀ ਨੇ ਪੁਛਿਆ, "ਹੁਣੇ ਗਿਆ ਹੈ ? ਰੁਖ 'ਤੇ ਚੜ੍ਹ ਕੇ ਵੇਖੋ ਕਿ ਉਹ ਹੁਣੇ ਵਾਪਸ ਆ ਰਿਹਾ ਹੋਵੇਗਾ।" "ਨਹੀਂ ਮਹਾਰਾਜ ਜੀ ! ਹਾਲੀ ਤਾਂ ਉਹ ਹੁਣੇ ਹੀ ਗਿਆ ਹੈ।" "ਫਿਰ ਜਾ ਕੇ ਵੇਖੋ।" "ਨਹੀਂ ਮਹਾਰਾਜ ਜੀ ! ਹਾਲੀ ਨਹੀਂ ਆਇਆ।" ਇਹ ਉਤਸੁਕਤਾ ਦੀਆਂ ਘੜੀਆਂ ਲੰਘ ਗਈਆਂ। ਖ਼ਬਰ ਮਿਲੀ ਕਿ ਮਾਤਾ ਜੀ ਤਾਂ ਸਦਮੇ ਨੂੰ ਬਰਦਾਸ਼ਤ

ਨਾ ਕਰਦੇ ਹੋਏ ਅਕਾਲ ਚਲਾਣਾ ਕਰ ਗਏ ਹਨ ਅਤੇ ਸਾਹਿਬਜ਼ਾਦਿਆਂ ਨੂੰ ਦੀਵਾਰ ਵਿਚ ਚਿਣਵਾ ਕੇ ਸ਼ਹੀਦ ਕਰ ਦਿਤਾ ਗਿਆ ਹੈ। ਗੁਰੂ ਜੀ ਨੇ ਸ਼ੁਕਰਾਨੇ ਵਜੋਂ ਬਾਣੀ ਦਾ ਗਾਇਨ ਕੀਤਾ ਅਤੇ ਫਿਰ 'ਖ਼ਾਲਸੇ' ਨੇ ਵੀ ਦੀਵਾਨ ਵਿਚ ਬੈਠ ਕੇ ਗੁਰਬਾਣੀ ਦਾ ਗਾਇਨ ਕੀਤਾ।

ਗੁਰੂ ਜੀ ਦਾ ਅਜਿਹੀਆਂ ਬਦਲੇ ਅਤੇ ਯੁਧ ਦੀਆਂ ਸਥਿਤੀਆਂ ਵਿਚ ਵਿਚਰਨਾ ਉਹਨਾਂ ਦੇ ਆਪਣੇ ਵਲੋਂ ਛੇੜਿਆ ਗਿਆ ਯੁਧ ਨਹੀਂ ਸੀ। ਉਹਨਾਂ ਦੀ ਆਪਣੀ ਆਤਮਾ ਤਾਂ ਗੌਰੀ-ਸ਼ੰਕਰ ਦੀ ਉਸ ਉਚੀ ਚੋਟੀ ਸਮਾਨ ਸੀ, ਜਿਸ ਦੇ ਆਲੇ-ਦੁਆਲੇ ਬਰਫ਼ਾਨੀ ਝੱਖੜ ਝੁਲ ਰਿਹਾ ਹੋਵੇ। ਗੁਰੂ ਜੀ ਦਾ ਮਸਤਕ ਤਾਂ ਉਸ ਗੌਰੀਸ਼ੰਕਰ ਦੀ ਚੋਟੀ ਸਮਾਨ ਅਡੋਲ ਅਤੇ ਆਪਣੀ ਹੀ ਉਚੀ ਸ਼ਾਨ ਵਿਚ ਚਮਕ ਰਿਹਾ ਸੀ। ਸਿੱਖ ਇਤਿਹਾਸ ਵਿਚ ਅਜਿਹੇ ਮਹਾਨ ਵਿਅਕਤੀਤਵ ਦਾ ਪੈਦਾ ਹੋਣਾ ਕਲਾਧਾਰੀ ਦੀ ਬਹੁਤ ਅਦਭੁਤ ਲੀਲ੍ਹਾ ਸੀ ਜਿਸ ਦੇ ਰਹੱਸ ਨੂੰ ਸੰਸਾਰ ਆਸਾਨੀ ਨਾਲ ਸਮਝ ਨਹੀਂ ਸਕਦਾ। ਅਜਿਹੀ ਸ਼ਾਨਦਾਰ ਪ੍ਰਕ੍ਰਿਤੀ ਵਾਲੇ ਮਨੁੱਖ ਵਿਰੁਧ ਕੁਦਰਤ ਵੀ ਕਈ ਗੋਦਾਂ ਰਚਦੀ ਹੈ ਤਾਂ ਜੋ ਕਿਸੇ ਨਾ ਕਿਸੇ ਰੂਪ ਵਿਚ ਉਸ ਦੀ ਸੂਰਤ ਨੂੰ ਵਿਗਾੜਿਆ ਜਾ ਸਕੇ। ਪਰ ਗੁਰੂ ਜੀ ਇਹਨਾਂ ਯੁਧ ਦੇ ਤੂਫ਼ਾਨਾਂ ਵਿਚੋਂ ਵਿਜੇਈ, ਅਡੋਲ ਤੇ ਅਝੁਕ ਰੂਪ ਵਿਚ ਪ੍ਰਗਟ ਹੋਏ। ਇਹੋ ਹੀ ਆਪ ਜੀ ਦੀ ਨੈਤਿਕ ਸ਼ਕਤੀ ਦੀ ਸਭ ਤੋਂ ਸੱਚੀ ਸ਼ਾਨਦਾਰ ਕਰਾਮਾਤ ਹੈ। ਯੁਧ ਵਿਚ ਮਹਾਨ ਸਦਗੁਣਾਂ ਨੂੰ ਉਤਪੰਨ ਕਰਨ ਦੀ ਸਮਰੱਥਾ ਹੁੰਦੀ ਹੈ। ਇਸ ਲਈ ਜਦੋਂ ਇਕ ਵਿਸ਼ਾਲ ਅੰਤਰ-ਦ੍ਰਿਸ਼ਟੀ ਤੋਂ ਇਸ ਦਾ ਨਿਰੀਖਣ ਕੀਤਾ ਜਾਂਦਾ ਹੈ ਤਾਂ ਇਸ ਦਾ ਕੋਈ ਨਾ ਕੋਈ ਮੰਤਵ ਜ਼ਰੂਰ ਹੁੰਦਾ ਹੈ। ਜਿਨ੍ਹਾਂ ਦਾ ਜੀਵਨ ਦਾ ਟੀਚਾ ਇਹ ਹੁੰਦਾ ਹੈ ਕਿ ਉਹਨਾਂ ਨੇ ਅਗਮ ਤੇ ਅਬੋਧ ਪ੍ਰਭੂ ਨਾਲ ਸਦਾ ਪ੍ਰੇਮ ਵਿਚ ਜੁੜੇ ਰਹਿਣਾ ਹੈ। ਯੁਧ ਉਹਨਾਂ ਲਈ ਕੋਈ ਹੋਰ ਅਰਥ ਰਖਦਾ ਹੈ। ਉਹ ਆਪਣੇ ਮਨ ਵਿਚੋਂ ਉਤਪੰਨ ਹੋਈਆਂ ਯੋਜਨਾਵਾਂ ਨਾਲ ਜੁੜੇ ਨਹੀਂ ਰਹਿ ਸਕਦੇ ਕਿਉਂਜੋ ਉਹਨਾਂ ਲਈ ਪ੍ਰਭੂ ਦੀ ਮਹਾਨ ਰਜ਼ਾ ਹੀ ਸਭ ਕੁਝ ਹੁੰਦੀ ਹੈ। ਅਜਿਹੀ ਨਿਗੂਣੀ ਤੇ ਧੁੰਦਲੀ ਜਿਹੀ ਨੈਤਿਕਤਾ ਤੁਛ ਜਿਹਾ ਨਿਰਾਰਥਕ ਅਭਿਮਾਨ ਭਾਵ ਹੀ ਹੁੰਦਾ ਹੈ। ਇਹ ਤਾਂ ਕੁਝ ਇਸ ਤਰ੍ਹਾਂ ਕਰਨ ਵਾਲੀ ਗੱਲ ਹੁੰਦੀ ਹੈ ਕਿ, "ਆਉ, ਇਸ ਸਮੁੱਚੇ ਸੰਸਾਰ ਨੂੰ ਕੁਝ ਚੰਗੇਰਾ ਬਣਾ ਦਈਏ।" ਇਹ ਇਸੇ ਤਰ੍ਹਾਂ ਦੀ ਗੱਲ ਹੋ ਸਕਦੀ ਹੈ ਜਿਵੇਂ ਕਿਸੇ ਬ੍ਰਿਛ ਦਾ ਇਕ ਨਿਕਾ ਜਿਹਾ ਕੋਸ਼ਠ ਇਹ ਗੱਲ ਆਖੇ ਕਿ ਉਹ ਇਸ ਬ੍ਰਿਛ ਦੇ ਵਜੂਦ ਨਾਲੋਂ ਬਾਹਰ ਆ ਕੇ ਇਸ ਨੂੰ ਬਦਲ ਸਕਦਾ ਹੈ ਅਰਥਾਤ ਇਸ ਨੂੰ ਬਾਂਦਰ ਬਣਾ ਸਕਦਾ ਹੈ। ਅਜਿਹੀਆਂ ਸਾਰੀਆਂ ਯੋਜਨਾਵਾਂ ਭਾਵੇਂ ਬੜੀਆਂ ਮਨੋਹਰ ਤੇ ਆਕਰਸ਼ਕ ਪ੍ਰਤੀਤ ਹੁੰਦੀਆਂ ਹਨ, ਪਰ ਇਹ ਨਿਰੋਲ ਮਾਨਸਿਕ ਹੁੰਦੀਆਂ ਹਨ ਨਾ ਕਿ ਆਤਮਕ ਸਰੂਪ ਦੀਆਂ। ਮਨੁੱਖਤਾ ਦਾ ਆਪ-ਮੁਹਾਰਾ ਇਹ ਸਹਿਜ ਸਰੂਪ ਹੀ ਆਪਣੇ ਮੂਲ-ਭੂਤ ਸੁਭਾ ਵਜੋਂ ਨੈਤਿਕ ਹੁੰਦਾ ਹੈ। ਜਿਨ੍ਹਾਂ ਨੂੰ ਨੈਤਿਕਤਾ ਦਾ ਪਾਠ ਪੜ੍ਹਾਇਆ ਜਾਂਦਾ ਹੈ, ਉਹ ਵਧੇਰੇ ਚੇਤੰਨ ਸਰੂਪ, ਨੈਤਿਕਤਾਵਾਦੀ ਬਣ ਜਾਂਦੇ ਹਨ। ਇਹ ਚੇਤੰਨਤਾ, ਜੋ ਸੁਹਿਰਦ ਹੋਣ ਦੀ ਚੇਤੰਨਤਾ

ਨਾਲ ਵੀ ਮਿਲਦੀ ਜੁਲਦੀ ਹੈ, ਅੰਤਿਮ ਰੂਪ ਵਿਚ ਅਨੈਤਿਕਤਾ ਵਾਲੀ ਹੀ ਕੋਈ ਵਸਤੂ ਬਣ ਜਾਂਦੀ ਹੈ। ਨੈਤਿਕ ਦਰਸ਼ਨਵੇਤਾ ਆਪਣੇ ਕਰਮਾਂ ਨੂੰ ਨਿਆਏ-ਉਚਿਤ ਸਿਧ ਕਰਨ ਲਈ ਦਲੀਲਾਂ ਘੜਦੇ ਰਹਿੰਦੇ ਹਨ ਤੇ ਆਪਣੇ ਮਿਤਰਾਂ ਦੇ ਕਾਰਨਾਮਿਆਂ ਨੂੰ ਉਚਿਤ ਸਿਧ ਕਰਨ ਲਈ ਵੀ ਇਹੋ ਕਾਰਜ ਨਿਭਾਉਂਦੇ ਹਨ। ਪਰ ਸਿਧੇ-ਸਾਦੇ ਤੇ ਭੋਲੇ-ਭਾਲੇ ਲੋਕਾਂ ਨੂੰ ਪ੍ਰਭੂ ਉਤੇ ਭਰੋਸਾ ਹੁੰਦਾ ਹੈ ਅਤੇ ਉਹ ਨਾ ਤਾਂ ਅਜਿਹੀ ਕੋਈ ਗੋਲ-ਮੋਲ ਗੱਲ ਹੀ ਕਰਦੇ ਹਨ, ਨਾ ਪ੍ਰਭੂ ਨੂੰ ਧੋਖਾ ਦਿੰਦੇ ਹਨ। ਯੁਧ ਵਿਚ ਵਿਚਰਨ ਤੋਂ ਬਿਨਾਂ, ਜਿਹੜਾ ਕਿ ਗੁਰੂ ਜੀ ਉਤੇ ਠੋਸਿਆ ਗਿਆ ਸੀ, ਆਪ ਵਲੋਂ ਖ਼ਾਲਸੇ ਲਈ ਕਿਸੇ ਨਵੀਂ ਤਰ੍ਹਾਂ ਦੇ ਪ੍ਰਬੰਧ ਦੀ ਸਿਰਜਣਾ ਨਹੀਂ ਸੀ ਕੀਤੀ ਜਾ ਸਕਦੀ।

ਇਥੇ ਫਿਰ ਅਸੀਂ ਵੇਖਦੇ ਹਾਂ ਕਿ ਕਿਵੇਂ ਅਮਰੀਕਾ ਦਾ ਆਧੁਨਿਕ ਕਵੀ ਗੁਰੂ ਜੀ ਦੀ ਯੁਧ ਵਿਚ ਨਿਭਾਈ ਗਈ ਭੂਮਿਕਾ ਤੇ ਯੁਧ ਦੁਆਰਾ ਸਾਖਿਆਤ ਹੋਈ ਆਤਮਾ ਦਾ ਗੁਣ ਗਾਇਨ ਕਰ ਰਿਹਾ ਹੈ। ਹਿੰਦੂ ਜੋ ਪ੍ਰਭੂ ਦੇ ਵਧੇਰੇ ਨੇੜੇ ਹਨ, ਹਾਲੀ ਵੀ ਜੈਨ-ਮਤ ਦੇ ਅਹਿੰਸਾ ਕਿ 'ਕਿਸੇ ਜੀਵ ਨੂੰ ਦੁਖ ਨਾ ਦਿਉ' ਦੇ ਸਿਧਾਂਤ ਨੂੰ ਅਪਣਾ ਰਹੇ ਹਨ ਅਤੇ ਸਾਡੇ ਜੀਵਨ ਨੂੰ ਅਕਾਰਥ ਹੀ ਰਸ-ਹੀਣ ਬਣਾ ਰਹੇ ਹਨ :

ਤੱਕੋ ! ਮੈਂ ਵੀ ਯੁਧ ਦੇ ਗੀਤ
ਗਾਉਂਦਾ ਆ ਰਿਹਾ ਹਾਂ।
ਸਭ ਤੋਂ ਪਹਿਲਾਂ ਮੈਂ
ਬੀਰ ਸੈਨਿਕਾਂ ਦਾ ਅਭਿਨੰਦਨ ਕਰਦਾ ਹਾਂ
ਉਹਨਾਂ ਦੀ ਤਰੱਕੀ ਤੇ ਵਿਰਧੀ
ਲੋਚਦਾ ਹਾਂ।
ਇਹ ਹੈ ਉਹ ਦ੍ਰਿਸ਼
ਜੋ ਇਕ ਤੰਬੂ ਦੇ ਨੇੜੇ
ਸਵੇਰ-ਸਾਰ ਹਾਲੀ
ਧੁੰਦਲਾ ਤੇ ਸਾਵਾ
ਦਿਖਾਈ ਦਿੰਦਾ ਹੈ।
ਜਦੋਂ ਮੈਂ ਆਪਣੇ ਤੰਬੂ ਤੋਂ
ਬਾਹਰ ਆਉਂਦਾ ਹਾਂ
ਉਨੀਂਦੇ ਮਾਰਿਆ
ਤਾਂ ਹੌਲੀ ਹੌਲੀ
ਠੰਡੀ ਤਾਜ਼ਾ ਹਵਾ ਵਿਚ
ਕਦਮ ਪੁਟਦਾ ਹਾਂ।
ਇਹ ਰਸਤਾ ਹਸਪਤਾਲ ਦੇ ਨੇੜੇ

ਤੋਂ ਲੰਘਦਾ ਹੈ।

ਕੀ ਵੇਖਦਾ ਹਾਂ ਮੈਂ
ਤਿੰਨ ਸਰੀਰ ਸਟੈਚਰਾਂ 'ਤੇ
ਲੰਮੇ ਪਏ ਹਨ।
ਉਹ ਬਿਨਾਂ ਕਿਸੇ
ਟਹਿਲ ਸੇਵਾ ਦੇ
ਇਥੇ ਲਿਆਂਦੇ ਗਏ ਹਨ।
ਉਹਨਾਂ ਸਭ ਉਪਰ
ਭੂਰੇ ਰੰਗ ਦੇ ਕੰਬਲ
ਸਿਧੇ ਕਰਕੇ
ਪਾ ਦਿਤੇ ਗਏ ਹਨ।
ਇਹਨਾਂ ਭੂਰੇ ਰੰਗ ਦੇ ਕੰਬਲਾਂ ਨੇ
ਉਹਨਾਂ ਦੇ ਸਾਰੇ ਸਰੀਰ ਨੂੰ
ਢਕਿਆ ਹੋਇਆ ਹੈ।
ਇਹ ਵੇਖ ਕੇ ਮੈਂ ਥੋੜ੍ਹਾ ਜਿਹਾ
ਉਤਸੁਕ ਤੇ ਉਤੇਜਿਤ ਹੋ ਜਾਂਦਾ ਹਾਂ
ਅਤੇ ਆਪਣੇ ਤੋਂ ਨੇੜੇ ਵਾਲੇ ਦੇ
ਕੰਬਲ ਨੂੰ ਉਠਾਉਂਦਾ ਹਾਂ,
ਆਪਣੇ ਨਿਕੇ ਕੋਮਲ ਹੱਥਾਂ ਨਾਲ।
ਤੂੰ ਕੌਣ ਹੈਂ ? ਢਲੀ ਉਮਰ ਵਾਲਾ
ਦੁਬਲਾ ਪਤਲਾ ਤੇ ਗੰਭੀਰ
ਚੇਹਰੇ ਵਾਲਾ
ਜਿਸ ਦੇ ਵਾਲ ਸੁਹਣੀ ਤਰ੍ਹਾਂ
ਵਾਹੇ ਹੋਏ ਤੇ
ਅੱਖਾਂ ਕੋਲੋਂ ਮਾਸ ਹੇਠਾਂ ਨੂੰ
ਢਲਕਿਆ ਹੋਇਆ ?
ਮੇਰੇ ਪਿਆਰੇ ਸਾਥੀ !
ਤੂੰ ਕੌਣ ਹੈਂ ?

ਫਿਰ ਮੈਂ ਦੂਜੇ ਕੋਲੋਂ
ਪੁਛਦਾ ਹਾਂ,
ਤੂੰ ਕੌਣ ਹੈਂ
ਮੇਰੇ ਪਿਆਰੇ ਬੱਚੇ ?

ਤੇਰੀਆਂ ਗੱਲ੍ਹਾਂ ਤਾਂ ਹਾਲੀ ਵੀ
ਖੇੜੇ ਵਿਚ ਹਨ।

ਫਿਰ ਮੈਂ ਤੀਜੇ ਕੋਲ
ਜਾਂਦਾ ਹਾਂ।
ਇਹ ਉਹ ਚਿਹਰਾ ਹੈ
ਜੋ ਜੁਆਨੀ ਲੰਘਾ ਚੁਕਾ ਹੈ,
ਪਰ ਹਾਲੀ ਬੁਢਾ ਨਹੀਂ ਹੋਇਆ।
ਬਹੁਤ ਸ਼ਾਂਤ-ਚਿਤ
ਜਿਵੇਂ ਪੀਲੇ ਹਾਥੀ-ਦੰਦ ਦਾ
ਕੋਈ ਘੜਿਆ ਬੁੱਤ ਹੋਵੇ।
ਨੌਜੁਆਨ ! ਮੈਂ ਤੈਨੂੰ
ਜਾਣਦਾ ਪਛਾਣਦਾ ਹਾਂ
ਇਹ ਤਾਂ ਮੇਰੇ ਈਸਾ ਜੀ ਵਰਗਾ
ਚਿਹਰਾ ਹੈ।
ਭਾਵੇਂ ਮਰ ਚੁਕਾ ਹੈ,
ਪਰ ਕਿੰਨਾਂ ਦੈਵੀ ਹੈ,
ਜਿਵੇਂ ਸਭ ਦਾ ਭਾਈ ਹੋਵੇ
ਅਤੇ ਇਥੇ ਆ ਕੇ
ਲੇਟ ਗਿਆ ਹੈ।

(ਇਹ ਉਸੇ ਤਰ੍ਹਾਂ ਦਾ ਦ੍ਰਿਸ਼ ਹੈ, ਜਿਵੇਂ ਅਸੀਂ ਗੁਰੂ ਜੀ ਨੂੰ ਯੁਧ-ਖੇਤਰ ਵਿਚ ਆਪਣੇ ਜ਼ਖ਼ਮੀ ਤੇ ਸ਼ਹੀਦ ਹੋ ਚੁਕੇ ਸੈਨਿਕਾਂ ਵਿਚਕਾਰ ਵਿਚਰਦੇ ਵੇਖਦੇ ਹਾਂ।)

ਇਕ ਰਾਤ ਮੈਂ ਸਾਰੇ
ਰਣ-ਖੇਤਰ ਵਿਚ
ਜਾਗਰਨ ਕੀਤਾ, ਪਹਿਰਾ ਦਿਤਾ।
ਜਦੋਂ ਤੁਸੀਂ ਮੇਰੇ ਕੋਲ ਹੀ
ਲੜਦੇ ਲੜਦੇ ਢਹਿ ਢੇਰੀ
ਹੋ ਗਏ ਸੀ।
ਇਕ ਵਾਰ ਜਦੋਂ ਮੈਂ
ਤੇਰੇ ਨੈਣਾਂ ਵਿਚ ਤੱਕਿਆ
ਤਾਂ ਤੇਰੇ ਉਹਨਾਂ ਪਿਆਰੇ ਨੈਣਾਂ ਨੇ
ਇਸ ਤਰ੍ਹਾਂ ਦਾ ਹੁੰਗਾਰਾ ਦਿਤਾ

ਜਿਸ ਨੂੰ ਮੈਂ ਸਾਰੀ ਉਮਰ
ਨਹੀਂ ਭੁਲਾ ਸਕਦਾ।
ਤੇਰੇ ਹੱਥ ਨੇ ਇਕ ਵਾਰ
ਉਚਾ ਹੋ ਕੇ
ਮੇਰੇ ਹੱਥ ਨੂੰ ਛੁਹਿਆ
ਤੇ ਫ਼ਿਰ ਉਹ ਧਰਤ ਉਤੇ
ਪਟਕ ਕੇ ਡਿਗ ਪਿਆ।
ਫਿਰ ਮੈਂ ਯੁਧ ਦੇ ਮੈਦਾਨ ਵਿਚ
ਹੋਰ ਅਗੇ ਵਧਿਆ
ਜਿਥੇ ਘਮਸਾਨ ਦਾ ਯੁਧ
ਹੋ ਰਿਹਾ ਸੀ।
ਫਿਰ ਰਾਤ ਸਮੇਂ
ਦੇਰ ਨਾਲ ਮੈਂ ਵਾਪਸ
ਆਪਣੇ ਸਥਾਨ ਵਲ ਪਰਤਿਆ।
ਫਿਰ ਤੈਨੂੰ ਮੌਤ ਦੀ ਠੰਡੀ
ਗੋਦ ਵਿਚ ਲੇਟਿਆ ਤੱਕਿਆ।
ਮੇਰੇ ਮਰ ਚੁਕੇ ਸਾਥੀ !
ਤੇਰੇ ਸਰੀਰ ਨੂੰ ਚੁੰਮਣ ਨਾਲ
ਮੈਨੂੰ ਇੰਜ ਹੋਇਆ ਅਹਿਸਾਸ
ਜਿਵੇਂ ਮੈਂ ਸੂਰਜ ਨੂੰ ਚੁੰਮ
ਰਿਹਾ ਹੋਵਾਂ।
ਤਾਰਿਆਂ ਭਰੀ ਰਾਤ 'ਚ
ਮੈਂ ਤੇਰਾ ਮੂੰਹ ਨੰਗਾ ਕੀਤਾ
ਬੜਾ ਵਚਿਤਰ ਸੀ ਉਹ ਦ੍ਰਿਸ਼
ਹਲਕੀ ਹਲਕੀ ਠੰਡੀ ਪਵਨ
ਚਲ ਰਹੀ ਸੀ।
ਇਥੇ ਕਾਫੀ ਸਮਾਂ
ਮੈਂ ਖੜ੍ਹਾ ਰਿਹਾ
ਜਾਗਦਾ, ਪਹਿਰਾ ਦਿੰਦਾ,
ਫਿਰ ਮੇਰੇ ਆਲੇ-ਦੁਆਲੇ
ਧੁੰਦਲਾ ਜਿਹਾ ਯੁਧ-ਖੇਤਰ
ਪਸਰਦਾ ਗਿਆ।
ਇਹ ਜਾਗਰਣ ਦਾ ਪਹਿਰਾ
ਕਿੰਨਾਂ ਵਚਿਤਰ—ਕਿੰਨਾਂ ਮਿੱਠੜਾ,

ਰਾਤ ਵਿਚ ਘੁਲੀ ਹੋਈ
ਭਿੰਨੀ—ਮਹਿਕ।
ਮੇਰੀ ਅੱਖ 'ਚੋਂ ਕੋਈ
ਹੰਝੂ ਨਾ ਡਿਗਾ,
ਨਾ ਹੀ ਕੋਈ ਲੰਮਾ ਹਉਕਾ
ਮੇਰੇ ਸੀਨੇ ਵਿਚੋਂ ਨਿਕਲਿਆ,
ਮੈਂ ਲੰਮੀ ਨਦਰੇ ਤੱਕਦਾ ਗਿਆ।
ਫਿਰ ਤੇਰੇ ਕੋਲ ਹੀ ਮੈਂ
ਆਰਾਮ ਕਰਨ ਲਈ
ਧਰਤੀ 'ਤੇ ਬੈਠ ਗਿਆ
ਅਤੇ ਆਪਣੇ ਹੱਥਾਂ ਵਿਚ
ਠੋਡੀ ਨੂੰ ਪਕੜ ਕੇ
ਚਿੰਤਨ ਕਰਨ ਲਗਾ।
ਇਹ ਮਿੱਠੀਆਂ ਰਹੱਸਮਈ ਘੜੀਆਂ
ਮੈਂ ਤੇਰੇ ਸਾਥ ਵਿਚ ਗੁਜ਼ਾਰੀਆਂ।
ਮੇਰੇ ਪਿਆਰੇ ਸਾਥੀ !
ਮੇਰੇ ਕੋਲ ਤੇਰੇ ਲਈ
ਨਾ ਕੋਈ ਹੰਝੂ
ਨਾ ਕੋਈ ਸ਼ਬਦ ਸੀ।
ਇਹ ਤਾਂ ਚੁੱਪ ਦਾ
ਜਾਗਰਣ ਸੀ,
ਮੌਨ ਜਗਰਾਤਾ
ਪ੍ਰੇਮ ਦਾ—ਮੌਤ ਦਾ।
ਤੇਰੇ ਲਈ ਕੀਤਾ ਗਿਆ ਜਗਰਾਤਾ
ਮੇਰੇ ਬੱਚੇ ! ਮੇਰੇ ਸਾਥੀ ਸੈਨਿਕ !
ਪੂਰਬ ਵਲੋਂ ਤਾਰੇ ਨਿਕਲ ਕੇ
ਚੋਰੀ ਚੋਰੀ ਉਪਰ ਵਲ
ਸਰਕਦੇ ਗਏ।
ਮੇਰੇ ਪਿਆਰੇ ਨੌਜਵਾਨ !
ਇਹ ਤੇਰੇ ਲਈ
ਅੰਤਿਮ ਜਾਗਰਣ ਸੀ,
ਤੇਰੀ ਮੌਤ ਇਤਨੀ
ਤੇਜ਼ੀ ਨਾਲ ਵਾਪਰੀ
ਕਿ ਮੈਂ ਤੇਰੀ ਕੋਈ

ਟਹਿਲ-ਸੇਵਾ ਵੀ ਨਾ
ਕਰ ਸਕਿਆ।
ਮੈਂ ਸੱਚੇ ਦਿਲੋਂ ਤੈਨੂੰ
ਜਿਉਂਦੇ ਨੂੰ ਪਿਆਰ ਕੀਤਾ ਹੈ
ਅਤੇ ਤੇਰੇ ਬਾਰੇ
ਧਿਆਨ-ਮਗਨ ਰਿਹਾ ਹਾਂ।
ਮੇਰਾ ਖ਼ਿਆਲ ਹੈ
ਅਸੀਂ ਫਿਰ ਕਿਸੀ ਦਿਨ ਮਿਲਾਂਗੇ।
ਇੰਜ ਸੋਚਦਿਆਂ ਸੋਚਦਿਆਂ
ਰਾਤ ਲੜਖੜਾਂਦੀ ਹੋਈ
ਤੁਰਦੀ ਬਣੀ ਤੇ
ਪਹੁ-ਫੁਟਾਲਾ ਹੋ ਗਿਆ।
ਮੇਰੇ ਸਾਥੀ ! ਮੈਂ ਤੇਰੇ
ਕੰਬਲ ਨੂੰ ਆਪਣੇ ਉਤੇ
ਲਪੇਟ ਲਿਆ
ਤੇ ਤੇਰੇ ਵਾਂਗ ਲੇਟ ਗਿਆ ਹਾਂ।
ਕੰਬਲ ਦੀ ਤਹਿ ਖੋਲ੍ਹੀ
ਅਤੇ ਚੰਗੀ ਤਰ੍ਹਾਂ ਸਿਰ ਹੇਠਾਂ
ਤੇ ਪੈਰਾਂ ਹੇਠ ਦਬ ਲਿਆ।
ਫਿਰ ਉਥੇ ਹੀ ਮੈਂ
ਧੁੱਪ ਵਿਚ ਇਸ਼ਨਾਨ ਕੀਤਾ
ਤੇ ਉਥੇ ਹੀ ਮਾੜੀ ਮੋਟੀ
ਕਬਰ ਬਣਾ ਕੇ, ਮੇਰੇ ਬੇਟੇ !
ਮੈਂ ਤੇਰੇ ਫਾਨੀ ਸਰੀਰ ਨੂੰ
ਉਸ ਨੂੰ ਸੌਂਪ ਦਿਤਾ।
ਇਸ ਤਰ੍ਹਾਂ ਮੇਰਾ ਉਸ ਰਾਤ ਦਾ
ਸ਼ੋਰ-ਸ਼ਰਾਬੇ ਵਾਲੇ ਯੁਧ-ਖੇਤਰ ਦਾ
ਜਾਗਰਣ ਸਮਾਪਤ ਹੋਇਆ।
ਇਹ ਉਸ ਨੌਜੁਆਨ ਲਈ
ਜਾਗਰਣ ਸੀ ਜਿਸ ਨੇ
ਮੇਰੇ ਚੁੰਮਣਾ ਦਾ
ਭਰਵਾਂ ਹੁੰਗਾਰਾ ਭਰਿਆ ਸੀ।
ਇਹ ਉਸ ਲਈ ਜਾਗਰਣ ਸੀ
ਜਿਹੜਾ ਬੜੀ ਤੇਜ਼ੀ ਨਾਲ

ਮਾਰਿਆ ਗਿਆ ਸੀ
ਅਤੇ ਇਸ ਜਾਗਰਣ ਨੂੰ
ਮੈਂ ਕਦੀ ਨਹੀਂ ਭੁਲਾ ਸਕਾਂਗਾ।
ਹੁਣ ਜਦੋਂ ਚਿੱਟਾ ਦਿਨ
ਚੜ੍ਹ ਪਿਆ ਹੈ ਤਾਂ
ਮੈਂ ਠੰਡੀ ਧਰਤੀ ਤੋਂ ਉਠਿਆ
ਅਤੇ ਆਪਣੇ ਸੈਨਿਕ ਨੂੰ
ਉਸ ਦੇ ਕੰਬਲ ਵਿਚ
ਮੁੜ ਲਪੇਟ ਦਿਤਾ।
ਮੈਂ ਉਸ ਨੂੰ ਉਥੇ ਹੀ
ਦਫਨਾ ਦਿਤਾ
ਜਿਥੇ ਉਹ ਡਿਗਿਆ ਸੀ।
ਹਾਲੀ ਕੋਈ ਵੀ ਮੱਲਾਹ
ਆਪਣੇ ਬੇੜੇ ਨੂੰ
ਇਥੇ ਨਹੀਂ ਲਿਆਇਆ।
ਸੰਭਵ ਹੈ, ਉਸ ਨੂੰ ਮੁੜ
ਵਾਪਸ ਜਾਣਾ ਪਿਆ ਹੋਵੇ,
ਹੈਰਾਨ-ਪਰੇਸ਼ਾਨ ਹੋਣਾ ਪਿਆ ਹੋਵੇ।
ਨਾ ਹੀ ਕੋਈ ਮਾਰਗ
ਨਾ ਹੀ ਕੋਈ ਰਾਹ
ਇਸ ਧਰਤੀ ਦੇ ਅੰਦਰ
ਇਥੋਂ ਤਕ ਪੁਜ ਸਕਿਆ ਹੈ।
ਇਥੇ ਰੇਤ ਤਪਦੀ ਹੈ,
ਠੰਡੀ ਬਰਫ ਪੈਂਦੀ ਹੈ,
ਨਦੀਆਂ ਵਗਦੀਆਂ ਹਨ
ਅਤੇ ਇਹ ਸਭ ਕੁਝ,
ਉਸ ਨੂੰ ਇਥੇ ਸਾਂਭ ਰਖੇਗਾ,
ਜਦੋਂ ਤਕ ਕਿ ਉਹ ਆਪਣੀ
ਮੰਜ਼ਿਲ ਉਤੇ ਨਹੀਂ ਪਹੁੰਚ ਜਾਂਦਾ।
ਮੈਂ ਇਹਨਾਂ ਰਾਜਾਂ ਲਈ
ਚਾਹੇ ਜਾਂ ਅਣਚਾਹੇ
ਇਹ ਯਾਤਰਾ ਕੀਤੀ
ਤੇ ਲੋਕਾਂ ਲਈ ਇਹ
ਯੁਧ ਦਾ ਗੀਤ ਰਚਿਆ

ਤਾਂ ਜੋ ਲੋੜ ਪੈਣ 'ਤੇ
ਸਾਲਾਂ ਤੇ ਸਦੀਆਂ ਤਕ
ਲੋਕ ਯੁਧ ਲਈ
ਤਿਆਰ-ਬਰ-ਤਿਆਰ
ਹੋ ਸਕਣ।
ਇਸ ਤਰ੍ਹਾਂ ਮੌਨ ਰੂਪ ਵਿਚ
ਇਹਨਾਂ ਸੁਪਨਿਆਂ ਵਿਚ
ਮੈਂ ਇਸ ਗੀਤ ਦਾ
ਤਾਣਾ ਬਾਣਾ ਬੁਣਿਆਂ ਹੈ,
ਹਸਪਤਾਲ ਵਿਚ ਜ਼ਖ਼ਮੀਆਂ
ਤੇ ਮੁਰਦਿਆਂ ਨੂੰ
ਮੈਂ ਆਪਣੇ ਸੁਖਦਾਈ
ਤੇ ਕੋਮਲ ਹੱਥਾਂ ਨਾਲ
ਸ਼ਾਂਤ ਕੀਤਾ।
ਮੈਂ ਉਹਨਾਂ ਬੇਕਰਾਰ ਮਨੁੱਖਾਂ
ਦੇ ਕੋਲ ਰਾਤ ਨੂੰ ਬੈਠਾ ਰਿਹਾ।
ਉਹਨਾਂ ਵਿਚੋਂ ਕਈ ਬੜੀ
ਅਲ੍ਹੜ ਵਰੇਸ 'ਤੇ ਸਨ,
ਕਈਆਂ ਨੇ ਬੜੇ ਦੁਖ ਝਲੇ ਸਨ।
ਮੈਂ ਉਹਨਾਂ ਸਾਰੇ ਮਿੱਠੜੇ ਤੇ
ਗ਼ਮਾਂ ਨਾਲ ਭਰਪੂਰ
ਅਨੁਭਵਾਂ ਨੂੰ ਯਾਦ ਕਰਦਾ ਹਾਂ।
(ਬਹੁਤ ਸਾਰੇ ਉਹ ਸੈਨਿਕ
ਜਿਨ੍ਹਾਂ ਨੇ ਮੋਢਿਆਂ ਉਤੇ
ਸ਼ਸਤਰ ਲਟਕਾਏ ਹੋਏ ਸਨ,
ਹੁਣ ਇਸ ਵਿਚੋਂ ਗੁਜ਼ਰ
ਚੁਕੇ ਹਨ ਜਾਂ—
ਆਰਾਮ ਕਰ ਰਹੇ ਹਨ।
ਕਈਆਂ ਸੈਨਿਕ-ਯੋਧਿਆਂ
ਦੇ ਚੁੰਮਣ ਮੇਰੇ ਇਸ
ਦਾੜ੍ਹੀ ਵਾਲੇ ਹੋਠਾਂ ਵਿਚ
ਹਾਲੀ ਵੀ ਸੁਰਜੀਤ ਹਨ।)

(ਵਾਲਟ ਵਿਟਮੈਨ)

# ਨੈਤਿਕ-ਸ਼ਾਸਤਰ

ਸਾਰੇ ਨੈਤਿਕ-ਸ਼ਾਸਤਰ ਜੀਵਨ ਦੇ ਭੌਤਿਕ ਸੰਘਰਸ਼ ਨਾਲ ਸੰਬੰਧ ਰਖਦੇ ਹਨ। ਇਹ ਪਦਾਰਥ ਦੇ ਵਿਕਾਸ-ਕ੍ਰਮ ਦੇ ਯਤਨ ਹੁੰਦੇ ਹਨ, ਜਿਨ੍ਹਾਂ ਨੂੰ ਸਾਧਾਰਨ ਭਾਸ਼ਾ ਵਿਚ ਕਰਮਾਂ ਦੀ ਸੰਗਿਆ ਦਿਤੀ ਜਾਂਦੀ ਹੈ। ਵਿਸ਼ਵ-ਵਿਆਪੀ ਦ੍ਰਿਸ਼ਟੀਕੋਣ ਤੋਂ ਵੇਖਿਆਂ ਚੰਗਿਆਈ ਤੇ ਬੁਰਿਆਈ ਅਰਥਾਤ ਸਦਗੁਣਾਂ ਤੇ ਔਗੁਣਾਂ ਦਾ ਇਕ ਸਮਾਨ ਮਹੱਤਵ ਹੀ ਹੁੰਦਾ ਹੈ ਕਿਉਂਜੋ ਦੋਵੇਂ ਹੀ ਸਥੂਲਤਾ ਦੀ ਦਸ਼ਾ ਦੇ ਧਾਰਨੀ ਹੁੰਦੇ ਹਨ, ਜਿਨ੍ਹਾਂ ਤੋਂ ਕਿ ਉਪਰ ਉਠਣਾ ਹੁੰਦਾ ਹੈ। ਬੁਰਾ ਤੇ ਭਲਾ ਨਾ ਕੇਵਲ ਸਾਪੇਖਕ ਰੂਪ ਦੇ ਮਾਨਸਿਕ ਪਦ ਹੀ ਹਨ, ਸਗੋਂ ਸੰਪੂਰਨ ਰੂਪ ਵਿਚ ਇਹ ਸਰੀਰ-ਵਿਗਿਆਨਕ ਪ੍ਰਸਥਿਤੀਆਂ ਉਤੇ ਆਧਾਰਿਤ ਹੁੰਦੇ ਹਨ। ਸਰੀਰ-ਵਿਗਿਆਨ ਦੀ ਉਨਤੀ ਨਾਲ ਇਹ ਗੱਲ ਸੰਭਵ ਹੋ ਜਾਵੇਗੀ ਕਿ ਚੋਰ ਨੂੰ ਇਕ ਗੋਲੀ ਦੁਆਰਾ ਅਰੋਗ ਕਰ ਦਿਤਾ ਜਾਵੇ ਅਤੇ ਕਾਤਲ ਨੂੰ ਇਕ ਖੁਰਾਕ ਦੇ ਕੇ ਸਰੀਰਕ ਗ੍ਰੰਥੀਆਂ ਵਿਚੋਂ ਨਿਕਲੇ ਰਸ ਦੁਆਰਾ ਠੀਕ ਕਰ ਦਿਤਾ ਜਾਵੇ। ਇਥੋਂ ਤਕ ਕਿ ਕਿਸੇ ਸਰਜਨ ਦੀ ਛੁਰੀ ਨਾਲ 'ਮੂੜ੍ਹ' ਨੂੰ ਵੀ ਪ੍ਰਤਿਭਾ ਵਿਚ ਬਦਲਿਆ ਜਾ ਸਕੇਗਾ। ਪਰ ਜਦੋਂ ਤਕ ਇਹਨਾਂ ਮਸਲਿਆਂ ਸੰਬੰਧੀ ਭਰਮ-ਅਗਿਆਨ ਪ੍ਰਚਲਿਤ ਹੈ ਤਦੋਂ ਤਕ ਨੈਤਿਕ-ਸ਼ਾਸਤਰ ਦੁਆਰਾ ਮਨੁੱਖ ਦੇ ਸੁਧਾਰ ਕਰਨ ਦੇ ਉਤਸ਼ਾਹ ਨੂੰ ਅਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ। ਪਰ ਇਹ ਗੱਲ ਹਾਲੀਂ ਸਪਸ਼ਟ ਨਹੀਂ ਹੈ ਕਿ ਇਹੋ ਜਿਹਾ ਸਰਵੋਤਮ ਸੰਸਾਰ ਛੇਤੀ ਸਿਰਜਿਆ ਜਾ ਸਕੇਗਾ, ਜਿਸ ਵਿਚ ਮੂੜ੍ਹਤਾ, ਵਿਸ਼ੇ-ਵਿਕਾਰਾਂ, ਅਪਰਾਧ-ਗ੍ਰਸਤ ਹਿੰਸਾ ਅਤੇ ਜੁਰਮ ਨੂੰ ਸਮੂਲ ਰੂਪ ਵਿਚ ਮੇਟਿਆ ਜਾ ਸਕੇਗਾ।

ਪ੍ਰਭੂ ਦੀ ਆਤਮਾ ਤਾਂ ਆਪਣੇ ਸਵੈ-ਪ੍ਰਕਾਸ਼ ਵਿਚ ਜਗਮਗਾ ਰਹੀ ਹੈ ਅਤੇ ਇਹ ਪੂਰਨ-ਭਾਂਤ ਸੁਤੰਤਰ ਹੈ। ਨੈਤਿਕ-ਸ਼ਾਸਤਰ ਤਾਂ ਸੰਸਾਰ ਨੂੰ ਸਾਪੇਖਕ ਦ੍ਰਿਸ਼ਟੀਕੋਣ ਤੋਂ ਵੇਖਦਾ ਹੈ, ਪਰ ਪ੍ਰਭੂ ਦੀ ਸਤਾ ਵਿਚ ਤਾਂ ਅਨੰਤ ਪ੍ਰਕਾਰ ਦੇ ਪ੍ਰਬੰਧ ਕੀਤੇ ਜਾ ਸਕਦੇ ਹਨ ਅਤੇ ਇਹਨਾਂ ਵਿਚ ਅਨੰਤ ਪਰਿਵਰਤਨ ਹੋ ਸਕਦੇ ਹਨ। ਇਸ ਪ੍ਰਕਾਰ ਨੈਤਿਕ-ਸ਼ਾਸਤਰ ਤਾਂ ਔਸ਼ਧੀਆਂ ਤੇ ਗੋਲੀਆਂ ਦੁਆਰਾ ਉਪਚਾਰ ਕਰ ਸਕਣ ਦਾ ਇਕ ਅਸਥਾਈ ਬਦਲ ਹੈ। ਜਦੋਂ ਤਕ ਸਰਜਨ ਦੇ ਯੰਤਰ ਦੁਆਰਾ ਇਲਾਜ ਬਾਰੇ ਸਾਡਾ ਸਰੀਰ ਵਿਗਿਆਨ ਤੇ ਸਰੀਰਕ ਬਣਤਰ ਉਤੇ ਵਧੇਰੇ ਪ੍ਰਕਾਸ਼ ਨਹੀਂ ਪੈਂਦਾ, ਤਦੋਂ ਤਕ ਨੈਤਿਕ-ਸ਼ਾਸਤਰ ਦੀ ਇਹ ਅਸਥਾਈ ਵਿਧੀ ਵੀ ਉਪਯੋਗੀ ਸਿਧ ਹੋ ਸਕਦੀ ਹੈ। ਪਰ ਆਤਮਾ-ਮੁਖੀ ਸਾਡੇ ਵਾਸਤਵਿਕ ਸੰਬੰਧ ਤੇ ਆਤਮਾ-ਮੁਖੀ ਦਿਸ਼ਾ ਵਲ ਆਤਮਾ ਦੇ ਅੰਤਰ-ਸੰਬੰਧ ਸਾਡੀ ਸਰੀਰਕ ਤੇ ਮਾਨਸਿਕ ਬਣਤਰ ਤੋਂ ਸੁਤੰਤਰ ਹੁੰਦੇ ਹਨ ਅਤੇ ਇਹ ਸਰੀਰਕ ਰੂਪ ਦੀਆਂ ਮਜਬੂਰੀਆਂ ਤੇ ਤਣਾਵਾਂ ਤੋਂ ਵੀ ਮੁਕਤ ਹੁੰਦੇ ਹਨ। ਇਕ ਮਾਤਾ ਲਈ ਆਪਣੇ

ਚੇ ਦਾ 'ਕੋਹੜ ਰੋਗ' ਕੀ ਅਰਥ ਰਖ ਸਕਦਾ ਹੈ ? ਪ੍ਰਕ੍ਰਿਤੀ ਦਾ ਮਹਾਨ ਮ ਸ੍ਰਿਸ਼ਟੀ ਦੀ ਸੁੰਦਰਤਾ ਤੇ ਤਦਰੂਪ ਹੋਣਾ ਚਾਹੀਦਾ ਹੈ। ਇਹ ਆਪਣੇ ਪੂਰਨ ਪ ਵਿਚ ਸ਼ੇਰ ਦੇ ਹਿਰਦੇ, ਕਾਤਲ ਦੀ ਆਤਮਾ ਅਤੇ ਇਥੋਂ ਤਕ ਕਿ ਇੰਦਰ ਵਿਸ਼ਨੂੰ ਵਿਚ ਵੀ ਇਕ ਸਮਾਨ ਕਰਮਸ਼ੀਲ ਹੋਣਾ ਚਾਹੀਦਾ ਹੈ। ਨੈਤਿਕ ਮਾਂ ਵਿਚ ਵੀ ਜਿਵੇਂ ਕਿ ਸ੍ਰਿਸ਼ਟੀ ਦੀ ਸੁੰਦਰਤਾ ਦੇ ਸੰਬੰਧ ਵਿਚ ਹੁੰਦਾ ਹੈ, ਸਾਨੂੰ ਭੂ ਦੀ ਆਤਮਾ ਦੇ ਤਦਰੂਪ ਹੋਣਾ ਪਵੇਗਾ। ਸੁੰਦਰਤਾ ਦੀ ਆਤਮਾ ਤਾਂ ਜਿਸ ੀ ਇਕ ਝਲਕ ਜਾਂ ਅੰਤਰ-ਦ੍ਰਿਸ਼ਟੀ ਸਾਨੂੰ ਇਸ ਅੰਧਕਾਰਮਈ ਦੁਖਾਂ-ਗ੍ਰਸਤ ਦਾਰਥ ਦੇ ਸੰਸਾਰ ਵਿਚ ਪ੍ਰਭੂ ਦੇ ਸ਼ੁਕਰਾਨੇ ਵਿਚ ਬੰਨ੍ਹ ਦਿੰਦੀ ਹੈ। ਇਸ ਲਈ ਤਿਕ ਨੇਮ ਵੀ ਸ਼ੇਰ, ਮਨੁੱਖ, ਹਿਰਨੀ ਆਦਿ ਸਭ ਵਿਚ ਆਪਮੁਹਾਰੇ ਜੀਵਨ ਮਾਨ ਸੁਤੇ-ਸਿਧ ਰੂਪ ਵਿਚ ਹੀ ਆ ਜਾਂਦੇ ਹਨ। ਸ਼ੇਰ ਤੇ ਕਾਤਲ ਆਪਣੇ ਆਪਣੇ ਂਗ ਨਾਲ ਯਤਨਸ਼ੀਲ ਹੁੰਦੇ ਹਨ ਅਤੇ ਇਹ ਉਥਾਨਮੁਖੀ ਪ੍ਰਵਿਰਤੀ ਪਦਾਰਥ ਨੂੰ ਾੜ ਝਾੜ ਕੇ ਸ਼ੁਧ ਪ੍ਰਭੂ ਵਲ ਨਿਰੰਤਰ ਰੂਪ ਵਿਚ ਪਰਿਵਰਤਿਤ ਕਰਦੀ ਰਹਿੰਦੀ । ਸਾਰੇ ਪਾਪ ਵੀ ਅੰਤਿਮ ਰੂਪ ਵਿਚ ਪ੍ਰਭੂ ਦੇ ਅਨੁਭਵ ਨੂੰ ਜਗਾਉਣ ਵਿਚ ਸੇ ਤਰ੍ਹਾਂ ਹੀ ਸਹਾਈ ਹੋਣੇ ਚਾਹੀਦੇ ਹਨ ਜਿਵੇਂ ਸਾਰੇ ਪੁੰਨ-ਕਰਮ। ਸ਼ੁਧੀਕਰਨ ੀ ਦਸ਼ਾ ਵਿਚ ਪੁੰਨ ਵੀ ਪਾਪ ਸਮਾਨ ਹੀ ਕਰਮਸ਼ੀਲ ਹੁੰਦਾ ਹੈ। ਪ੍ਰਭੂ-ਪ੍ਰੀਤਮ ਅਨੁਭਵ ਨੂੰ ਪ੍ਰਾਪਤ ਕਰਨ ਲਈ ਮਨ ਦੁਆਰਾ ਨਿਰਧਾਰਿਤ ਨੈਤਿਕ-ਨੇਮਾਂ ਦਾ ਸਖਾ ਇਤਨਾਂ ਹੀ ਹਾਸੋਹੀਣਾ ਹੈ, ਜਿਵੇਂ ਸਾਰੀਆਂ ਵਸਤੂਆਂ ਦੇ ਪ੍ਰਬੰਧ ਨੂੰ ਕਿਸੇ ਕਰੀ ਦੇ ਛੇਲੇ ਨੂੰ ਸੁਗੰਧਿਤ ਤਾਜ਼ਾ ਘਾਹ ਚਾਰ ਕੇ ਬਦਲਣ ਦਾ ਯਤਨ ਕੀਤਾ ਾਵੇ।

ਗੁਰੂ ਜੀ ਦੇ ਮਤ ਵਿਚ ਪਹਿਲੀ ਵਾਰ ਪ੍ਰਭੂ ਦੀ ਆਤਮਾ ਦੇ ਸੰਗਠਿਤ ਰੂਪ ਦੇ ਸਨਮੁਖ ਸਿਧੇ ਤੇ ਆਪ-ਮੁਹਾਰੇ ਰੂਪ ਵਿਚ ਹੋਣ ਦਾ ਵਿਧਾਨ ਹੈ ਅਤੇ ਤਸ ਦੁਆਰਾ ਪਦਾਰਥ ਤੇ ਇਸ ਦੇ ਆਕਾਰ-ਪ੍ਰਕਾਰਾਂ ਦਾ ਅਨੰਤ ਰੂਪ ਵਿਚ ਪਾਂਤਰਣ ਹੋ ਜਾਂਦਾ ਹੈ। ਪ੍ਰਭੂ ਦਾ ਸ਼ੁਧ ਸਰੂਪ ਵੀ ਪਦਾਰਥ ਦਾ ਅਨੰਦਮਈ ਰਿਵਰਤਨ ਤੇ ਖ਼ੁਸ਼ੀਆਂ ਭਰੇ ਪਦਾਰਥ ਦੇ ਆਕਾਰਾਂ ਪ੍ਰਕਾਰਾਂ ਦਾ ਪਰਿਵਰਤਨ ਣਾ ਚਾਹੀਦਾ ਹੈ। ਮਨ ਦੁਆਰਾ ਨਿਰਧਾਰਿਤ ਸਾਰੇ ਨੈਤਿਕ-ਸ਼ਾਸਤਰ ਪਦਾਰਥਕ ਭੌਤਿਕ ਸਰੂਪ ਦੇ ਹੁੰਦੇ ਹਨ। ਸਾਰੇ ਮਨ ਆਪਣੀ ਬਣਤਰ ਵਜੋਂ ਵਧੇਰੇ ਕਰਕੇ ਰੀਰਕ ਹੁੰਦੇ ਹਨ। ਉਨਾਂ ਚਿਰ ਤਕ ਸਾਰਾ ਜੀਵਨ ਪਦਾਰਥ ਸਰੂਪ ਦਾ ਭੌਤਿਕ ੀ ਹੁੰਦਾ ਹੈ ਜੋ ਜਿੰਨਾਂ ਚਿਰ ਤਕ ਕਿ ਉਸ ਵਿਚਲੇ ਉਹ ਅੰਤਰੀਵ ਨੈਣ ਨਹੀਂ ਲ੍ਹਦੇ ਜੋ ਪੂਰਨ ਬਹੁਲਤਾ ਤੇ ਭਰਪੂਰ ਰੂਪ ਵਿਚ ਪ੍ਰਭੂ ਨੂੰ ਹੀ ਤੱਕਦੇ ਹਨ। ਤਸ ਲਈ ਗੁਰੂ ਸਾਹਿਬ ਤਾਂ ਪ੍ਰਭੂ ਦੀ ਆਤਮਾ ਨੂੰ ਇਸ ਤਰ੍ਹਾਂ ਨਿਹਾਰ ਲੈਂਦੇ ਨ, ਜਿਸ ਤਰ੍ਹਾਂ ਕਿ ਅਸੀਂ ਸੂਰਜ ਦੇ ਪ੍ਰਕਾਸ਼ ਨੂੰ ਵੇਖਦੇ ਹਾਂ। ਜਿਨ੍ਹਾਂ ਨੇ ਇਸ ਤਿਰ-ਪ੍ਰਕਾਸ਼ ਨੂੰ ਨਿਹਾਰ ਲਿਆ ਹੈ, ਉਹਨਾਂ ਲਈ ਨੈਤਿਕ ਨੇਮ, ਸੁੰਦਰਤਾ, ਪ੍ਰਭੂ ੀ ਆਤਮਾ, ਸਭ ਉਚੀਆਂ ਤੇ ਨੀਵੀਆਂ ਵਸਤੂਆਂ ਦੀ ਆਤਮਕਤਾ ਉਹਨਾਂ ਦੇ ਂਦਰ ਤੇ ਬਾਹਰ ਆਤਮ ਤੇ ਅਨਾਤਮ ਦੋਹਾਂ ਵਿਚ ਸੱਚੇ ਅਰਥਾਂ ਵਿਚ ਸਾਕਾਰ

ਹੋ ਜਾਂਦੀ ਹੈ। ਉਹ ਸੱਚੇ ਅਰਥਾਂ ਵਿਚ ਸਹਿਜ-ਟਿਕਾਓ ਦੀ ਅਵਸਥਾ ਵਿਚ ਹੁੰਦੇ ਹਨ। ਉਹਨਾਂ ਲਈ ਤਾਂ ਜੀਵਨ ਦੇ ਸਾਰੇ ਸੰਘਰਸ਼ ਜੋ ਪਦਾਰਥ ਦੀ ਦੇਣ ਹਨ —ਸਮਾਪਤ ਹੋ ਜਾਂਦੇ ਹਨ। ਉਹਨਾਂ ਲਈ ਜੀਵਨ ਦਾ ਸਰਵੁਚ ਕਰਤੱਵ ਸੰਗਰਾਮ ਨਹੀਂ ਰਹਿੰਦਾ, ਸਗੋਂ ਸੰਘਰਸ਼-ਰਹਿਤ ਦਸ਼ਾ ਹੋ ਜਾਂਦੀ ਹੈ।

ਗੁਰੂ ਨਾਨਕ ਦੇਵ ਜੀ ਤਾਂ ਸ੍ਰਿਸ਼ਟੀ ਦੀ ਆਤਮਕ ਸੁੰਦਰਤਾ ਦੇ ਸਨਮੁਖ ਹੋ ਕੇ ਅਨੰਦ-ਵਿਭੋਰ ਹੋ, ਗਾਇਨ ਕਰਨ ਲਗ ਪੈਂਦੇ ਹਨ।

ਉਹਨਾਂ ਲਈ ਇਹ ਖ਼ਿਆਲ ਕਰਨਾ ਕਿ ਅਸੀਂ ਆਪਣੇ ਕਰਤੱਵ ਨੂੰ ਨਿਭਾ ਰਹੇ ਹਾਂ, ਬੇਲੋੜੀ ਗੱਲ ਜਾਪਦੀ ਹੈ। ਆਪਣੇ ਕਰਤੱਵ ਦੀ ਪਾਲਣਾ ਕਰਨਾ ਤਾਂ ਇਕ ਤਰ੍ਹਾਂ ਦਾ ਆਪ-ਮੁਹਾਰਾ ਸਹਿਜ-ਕਰਮ ਹੁੰਦਾ ਹੈ ਅਤੇ ਮੁਕਤਗਾਮੀ ਵਿਅਕਤੀ ਲਈ ਇਹ ਉਸ ਪ੍ਰਕਾਰ ਕੁਦਰਤੀ ਸੁਭਾ ਵਾਲਾ ਹੁੰਦਾ ਹੈ ਜਿਵੇਂ ਸ਼ੇਰਨੀ ਆਪਣੇ ਛੋਟੇ ਬਚਿਆਂ ਦੀ ਰੱਖਿਆ ਕਰਦੀ ਹੈ। ਗੁਰੂ ਨਾਨਕ ਸਾਹਿਬ ਦਾ ਸੁਧਾਰ ਦਾ ਢੰਗ ਕੁਝ ਇਸ ਪ੍ਰਕਾਰ ਦਾ ਹੈ—ਆਪ ਮਨੁੱਖ ਦੇ ਮਿੱਟੀ ਦੇ ਬੁੱਤ ਵਿਚ ਚਮਕਦਾਰ ਮੋਤੀ ਮਾਣਕ ਰੁਖ ਦਿੰਦੇ ਹਨ। ਇਹ ਮਿੱਟੀ ਦਾ ਬੁੱਤ ਉਸ ਸਮੇਂ ਹਾਲੀ ਆਪਣੀ ਮੁਕਤੀ-ਰਹਿਤ ਅਵਸਥਾ ਵਿਚ ਹੁੰਦਾ ਹੈ। ਗੁਰੂ ਸਾਹਿਬ ਉਸ ਦੀ ਜਾਤ-ਪਾਤ ਤੇ ਸੁੰਦਰ ਨੈਣ-ਨਕਸ਼ਾਂ ਦੀ ਸੁੰਦਰਤਾ ਤੇ ਕਰੂਪਤਾ ਨੂੰ ਨਹੀਂ ਗੌਲਦੇ, ਨਾ ਹੀ ਉਹ ਉਸ ਦੇ ਕਾਲੇ ਗੋਰੇ ਰੰਗ, ਜਾਤ-ਪਾਤ, ਨਸਲ ਜਾਂ ਨਾਮ ਵੱਲ ਧਿਆਨ ਦਿੰਦੇ ਹਨ। ਆਪ ਦੇ ਉਦੇਸ਼ ਦੀ ਪੂਰਤੀ ਲਈ 'ਤਾਂਤੀਆ ਭੀਲ' ਤੇ 'ਗਲੈਡ ਸਟੋਨ' ਦੋਵੇਂ ਇਕ ਸਮਾਨ ਹਨ। ਆਪ ਇਸ ਸੰਬੰਧ ਵਿਚ ਨਾ ਕੋਈ ਸ਼ਰਤ ਰਖਦੇ ਹਨ, ਨਾ ਕੋਈ ਸੰਵਾਦ ਜਾਂ ਗੋਸ਼ਟੀ ਕਰਦੇ ਹਨ, ਨਾ ਹੀ ਕੁਝ ਇਸ ਤਰ੍ਹਾਂ ਦੇ ਹੁਕਮੀ ਲਹਿਜ਼ੇ ਵਿਚ ਇਹ ਨਿਰਦੇਸ਼ ਦਿੰਦੇ ਹਨ ਕਿ ਇਹ ਗੱਲ ਕਰੋ ਜਾਂ ਇਹ ਨਾ ਕਰੋ। ਆਪ ਤਾਂ ਉਸ ਮਾਣਕ ਨੂੰ ਉਸ ਬੁੱਤ ਦੇ ਸੀਨੇ ਵਿਚ ਮਘਦੀ ਦਸ਼ਾ ਵਿਚ ਰਖ ਦਿੰਦੇ ਹਨ। ਇਸ ਮਾਣਕ ਦੀ ਚਮਕਦੀ ਜੋਤੀ ਆਪਣੇ ਆਪ ਹੀ ਉਸ ਮਿੱਟੀ ਦੇ ਬੁੱਤ ਵਿਚ ਕਾਰਜ ਕਰਦੀ ਰਹਿੰਦੀ ਹੈ। ਉਹ ਦਿਵਸ ਆ ਜਾਂਦਾ ਹੈ, ਉਹ ਘੜੀ ਆ ਪਹੁੰਚਦੀ ਹੈ ਤੇ ਇਕ ਛਿਣ ਵਿਚ ਹੀ ਇਸ ਤਰ੍ਹਾਂ ਜਗਮਗਾ ਉਠਦੀ ਹੈ ਕਿ ਜਿਵੇਂ ਲੰਮੀ ਸਦੀਵਤਾ ਵਾਪਰ ਗਈ ਹੋਵੇ। ਉਸ ਸਮੇਂ ਇਹ ਬੁੱਤ ਗੁਰੂ ਨਾਨਕ ਸਾਹਿਬ ਦੇ ਉਸ ਮਾਣਕ ਦੀ ਜੋਤੀ ਨਾਲ ਸੰਪੂਰਨ ਰੂਪ ਵਿਚ ਪ੍ਰਕਾਸ਼ਮਾਨ ਹੋ ਜਾਂਦਾ ਹੈ ਤੇ ਨਿੰਮ੍ਹੀ ਨਿੰਮ੍ਹੀ ਆਤਮਕ ਸੁੰਦਰਤਾ ਜਗਮਗਾਉਣ ਲਗ ਪੈਂਦੀ ਹੈ। ਇਹ ਮੁਰਦਾ ਬੁੱਤ ਜਿਉ ਉਠਦਾ ਹੈ। ਉਸ ਦੇ ਸੁਆਸਾਂ ਅੰਦਰ ਨਾਮ ਦਾ ਸੰਗੀਤ ਗੂੰਜ ਪੈਂਦਾ ਹੈ ਤੇ ਫਿਰ ਉਹ ਮਨੁੱਖ ਇਸ ਵਿਸ਼ਵ ਦੇ ਭੀੜ-ਭੜੱਕੇ ਵਿਚ ਇਸ ਤਰ੍ਹਾਂ ਚਲਦਾ ਫਿਰਦਾ ਦ੍ਰਿਸ਼ਟੀਗੋਚਰ ਹੁੰਦਾ ਹੈ ਜਿਸ ਨੇ ਚਾਨਣ ਦੀ ਮਸ਼ਾਲ ਨੂੰ ਪਕੜਿਆ ਹੋਇਆ ਹੋਵੇ।

ਸਭ ਪਦਾਰਥ ਬੇਚੈਨ ਅਵਸਥਾ ਵਿਚ ਹਨ। ਸਭ ਇਛਾਵਾਂ ਤੇ ਅਕਾਂਖਿਆਵਾਂ ਅਸ਼ਾਂਤ ਮਨੋਦਸ਼ਾ ਵਿਚ ਹੁੰਦੀਆਂ ਹਨ। ਪਦਾਰਥ ਵਿਚੋਂ ਵਿਕਸਤ ਹੋਣ ਵਾਲਾ ਸਾਰਾ ਜੀਵਨ ਵੇਗਵਾਨ ਅਵਸਥਾ ਵਿਚ ਹੁੰਦਾ ਹੈ। ਪਰ ਜਿਹੜੇ/

ਵਿਅਕਤੀ ਪ੍ਰਭੂ ਦੀ ਆਤਮਾ ਦੀ ਸੁੰਦਰਤਾ ਦੇ ਮੰਡਲ ਵਿਚ ਪ੍ਰਵੇਸ਼ ਕਰਦੇ ਹਨ, ਉਹਨਾਂ ਦੀ ਹਾਲਤ ਬੜੀ ਸਹਿਜ-ਸ਼ਾਂਤੀ ਵਾਲੀ ਹੋ ਜਾਂਦੀ ਹੈ। ਗੁਰੂ ਨਾਨਕ ਸਾਹਿਬ ਦਾ ਕਥਨ ਹੈ ਕਿ ਨਾਮ ਵਿਚ ਰੱਤੇ ਤੇ ਨਾਮ ਦੁਆਰਾ ਉਥਾਨ ਪ੍ਰਾਪਤ ਕਰ ਚੁਕੇ ਵਿਅਕਤੀ ਕੋਲ ਅੰਤਰ-ਦ੍ਰਿਸ਼ਟੀ ਦੀ ਉਹ ਸ਼ਕਤੀ ਆ ਜਾਂਦੀ ਹੈ ਕਿ ਉਹ ਸਾਰੀ ਸ੍ਰਿਸ਼ਟੀ ਨਾਲ ਹਮਦਰਦੀ ਦੇ ਰਿਸ਼ਤੇ ਵਿਚ ਬੱਝ ਜਾਂਦਾ ਹੈ। ਉਸ ਦੀ ਕਰਾਮਾਤੀ (ਕੀਮੀਆ-ਗਿਰੀ) ਛੁਹ ਮਾਤਰ ਨਾਲ ਮਨੁੱਖ ਦੀ ਕਾਇਆ-ਕਲਪ ਹੋ ਜਾਂਦੀ ਹੈ। ਸਭ ਉਤੇਜਨਾਵਾਂ ਮੁਕ ਜਾਂਦੀਆਂ ਹਨ। ਗੁਰੂ ਗਰੰਥ ਸਾਹਿਬ ਦੀ ਬਾਣੀ ਵਿਚ ਪ੍ਰੇਮ ਤੀਬਰ ਰੂਪ ਦੀ ਪ੍ਰਾਰਥਨਾ ਬਣ ਜਾਂਦਾ ਹੈ, ਪਰੰ ਇਸ ਦੀ ਛੁਹ ਸੁਖਦਾਈ ਹੁੰਦੀ ਹੈ, ਉਤੇਜਨਾ ਪੂਰਵਕ ਨਹੀਂ। ਪ੍ਰੇਮ ਤੇ ਮਨੋਵੇਗ ਗੁਰੂ ਨਾਨਕ ਦੀ ਛੁਹ ਮਾਤਰ ਨਾਲ ਇਸ ਤਰ੍ਹਾਂ ਰੂਪਾਂਤ੍ਰਿਤ ਹੋ ਜਾਂਦੇ ਹਨ ਕਿ ਇਹ ਸ਼ੁਧ ਆਤਮਾ ਦੇ ਉਚੇਰੇ ਪਰਮਾਨੰਦ ਦਾ ਰੂਪ ਧਾਰਨ ਕਰ ਲੈਂਦੇ ਹਨ। ਨੈਤਿਕ ਵਿਕਾਸ ਦਾ ਵਰਤਾਰਾ, ਜੋ ਕਿ ਆਤਮਕ ਰੂਪ ਵਿਚ ਯੋਗ-ਸਾਧਨਾ ਦੀ ਪੱਧਤੀ ਅਨੁਸਾਰ ਕੀਤਾ ਜਾਂਦਾ ਹੈ—ਇਕ ਤਰ੍ਹਾਂ ਨਾਲ ਮਨੁੱਖ ਅਤੇ ਦੇਵਤਿਆਂ ਨੂੰ ਪੂਰਨ ਬਣਾਉਣ ਲਈ ਕੀਤਾ ਜਾਂਦਾ ਹੈ। ਹੇਠਲੇ ਸੰਸਾਰ ਦੀ ਰਹੱਸਮਈ ਰਿਧੀਆਂ ਸਿਧੀਆਂ ਪ੍ਰਾਪਤ ਕਰਨ ਦੀ ਇੱਛਾ ਇਕ ਤਰ੍ਹਾਂ ਨਾਲ ਪਦਾਰਥ ਦੇ ਉਸ ਸੰਘਰਸ਼ ਦੀ ਉਤੇਜਨਾ ਪੂਰਵਕ ਕਿਰਿਆ ਹੀ ਹੁੰਦੀ ਹੈ, ਜਿਸ ਦੁਆਰਾ ਉਹ ਆਤਮਕ ਜੀਵਨ ਨੂੰ ਪ੍ਰਾਪਤ ਕਰਨ ਦਾ ਯਤਨ ਕਰਦਾ ਹੈ। ਕਰਮ-ਸਿਧਾਂਤ ਜਿਸ ਦਾ ਕਿ ਨਿਸ਼ਚਿਤ ਰੂਪ ਵਿਚ ਭਗਵਾਨ ਬੁਧ ਨੇ ਨਿਰਮਾਣ ਕੀਤਾ—ਕੇਵਲ ਸੰਘਰਸ਼ ਕਰ ਰਹੇ ਸੰਸਾਰ ਉਤੇ ਹੀ ਲਾਗੂ ਹੁੰਦਾ ਹੈ। ਇਹ ਉਹਨਾਂ ਉਤੇ ਘਟਦਾ ਹੈ, ਜਿਹੜੇ ਹਾਲੀ ਆਪਣੀ ਮਨਸਾ ਤ੍ਰਿਸ਼ਨਾ ਦੀ ਪੂਰਤੀ ਤੋਂ ਆਪਣੇ ਆਪ ਨੂੰ ਸੁਤੰਤਰ ਨਹੀਂ ਕਰ ਸਕੇ। ਇਸ ਆਤਮਾ ਦੇ ਸੰਸਾਰ ਉਪਰ ਇਕ ਹੋਰ ਵੀ ਆਤਮਾ ਦਾ ਸੰਸਾਰ ਹੈ, ਜੋ ਸੰਪੂਰਨ ਰੂਪ ਵਿਚ ਆਤਮਕ ਸਰੂਪ ਵਾਲਾ ਹੈ, ਜਿਸ ਵਿਚ ਪਦਾਰਥਕ ਵਸਤੂ ਬੜੇ ਧੁੰਦਲੇ ਹੋ ਕੇ ਲੋਪ ਹੋ ਜਾਂਦੇ ਹਨ। ਇਸ ਉਚੇਰੇ ਆਤਮਕ ਜਗਤ ਵਿਚ ਆ ਕੇ ਕਰਮ ਦੇ ਨੇਮ ਦਾ ਵੀ ਉਥਾਨ ਹੋ ਜਾਂਦਾ ਹੈ। ਜਿਨ੍ਹਾਂ ਨੇ ਆਪਣੇ ਜੀਵਨ ਵਿਚ ਗੁਰੂ ਜੀ ਦੇ ਦਰਸ਼ਨ ਕਰ ਲਏ ਹਨ ਜਾਂ ਜਿਨ੍ਹਾਂ ਨੂੰ ਗੁਰੂ ਜੀ ਦਾ ਸੰਜੋਗੀ-ਮੇਲ ਪ੍ਰਾਪਤ ਹੋ ਚੁਕਾ ਹੁੰਦਾ ਹੈ, ਉਹਨਾਂ ਲਈ ਸਭ ਪ੍ਰਕਾਰ ਦੇ ਕਰਮਾਂ ਦੀ ਸਮਾਪਤੀ ਦਾ ਰਾਹ ਖੁਲ੍ਹ ਜਾਂਦਾ ਹੈ। ਗੁਰੂ ਜੀ ਤਾਂ ਉਸ ਆਤਮਕ ਜਗਤ ਵਲ ਸੰਕੇਤ ਕਰਦੇ ਹਨ, ਜਿਥੇ ਪਦਾਰਥ ਦੀ ਅਣਹੋਂਦ ਹੁੰਦੀ ਹੈ ਅਤੇ ਸਭ ਪਾਸੇ ਆਤਮਾ ਹੀ ਪ੍ਰਧਾਨ ਹੁੰਦੀ ਹੈ। ਕੇਵਲ ਇਥੇ ਆ ਕੇ ਹੀ ਉਸ ਸੱਚੀ ਸੁਤੰਤਰਤਾ ਦਾ ਜਗਤ ਵਿਆਪਕ ਹੁੰਦਾ ਹੈ, ਜੋ ਪਦਾਰਥ ਦੇ ਬੰਧਨਾਂ ਤੇ ਕਾਰਨ-ਕਰਮ ਦੇ ਨੇਮ ਤੋਂ ਬੰਧਨ-ਮੁਕਤ ਹੋ ਜਾਂਦੀ ਹੈ।

ਕਿਹਾ ਜਾ ਸਕਦਾ ਹੈ ਕਿ "ਇਹ ਗੱਲ ਕਰੋ ਤੇ ਇਹ ਗੱਲ ਨਾ ਕਰੋ" ਆਦਿ ਨੈਤਿਕ ਸ਼ਾਸਤਰ ਦੀਆਂ ਸਾਰੀਆਂ ਪੱਧਤੀਆਂ ਅਤੇ ਆਪਣੇ ਕਰਤੱਵ ਦਾ ਪਾਲਣ ਕਰਨ ਦੀ ਸਿੱਖਿਆ ਦੇਣ ਵਾਲੇ ਸਭ ਦਰਸ਼ਨ, ਮਨੁੱਖੀ ਨੇਮਾਂ ਦੇ ਸਾਰੇ

ਸਿਧਾਂਤ ਅਤੇ ਰਸਹੀਣ ਬੁਧੀਵਾਦ ਦੁਆਰਾ ਪਰਉਪਕਾਰਵਾਦ ਤੇ ਆਤਮ-ਤਿਆਗ ਦੇ ਸਾਰੇ ਵਿਧੀ-ਵਿਧਾਨ ਸੰਸਾਰਕ ਰੂਪ ਦੇ ਹੀ ਹੁੰਦੇ ਹਨ, ਕਿਉਂਜੋ ਇਹ ਕੇਵਲ ਯਤਨ ਮਾਤਰ ਹੀ ਮੰਨੇ ਜਾ ਸਕਦੇ ਹਨ।'' ਅਜਿਹੀ ਭਲਾਈ ਬੌਧਿਕ ਤਰਕ ਵਿਤਰਕ ਉਤੇ ਆਧਾਰਤ ਹੁੰਦੀ ਹੈ ਅਤੇ ਇਸ ਨੇ ਹਾਲੀ ਆਤਮਕ ਸਰੂਪ ਨੂੰ ਧਾਰਨ ਨਹੀਂ ਕੀਤਾ ਹੁੰਦਾ। ਉਸ ਮਨੁੱਖ ਲਈ ਜੋ ਹਾਲੀ ਸੰਘਰਸ਼ਸ਼ੀਲ ਅਵਸਥਾ ਵਿਚ ਹੈ—ਸਾਪੇਖਕ ਰੂਪ ਵਿਚ ਇਹ ਬਹੁਤ ਮਹੱਤਵਪੂਰਨ ਹੋ ਸਕਦੀ ਹੈ। ਸਾਡੇ ਅਸਤਿਤਵ ਦੇ ਅਗਲੇਰੇ ਪੜਾਵਾਂ ਉਤੇ ਇਹਨਾਂ ਦੇ ਨੇਮ ਲਾਗੂ ਨਹੀਂ ਹੋ ਸਕਦੇ।

ਗੁਰੂ ਨਾਨਕ ਦੇਵ ਜੀ ਉਸ ਸਮੇਂ ਬੜੇ ਸਾਰਥਕ ਹਨ, ਜਦੋਂ ਆਪ ਕੇਵਲ ਨੈਤਿਕ ਸ਼ਾਸਤਰੀ ਨੇਮਾਂ ਤੇ ਸਿਧਾਂਤਾਂ ਨੂੰ ਨਿਮਨ-ਕੋਟੀ ਦੇ ਮਹੱਤਵ ਵਾਲੇ ਦਸਦੇ ਹਨ। ਜਦੋਂ ਆਪ ਉਚੇਰਾ ਤੱਕ ਕੇ ਨਦਰਿ-ਕਰਮ ਦੀ ਮਿਹਰ ਭਰੀ ਵਰਖਾ ਦਾ ਵਰਣਨ ਕਰਦੇ ਹਨ, ਜੋ ਜਦੋਂ ਹੁੰਦੀ ਹੈ ਤਾਂ ਸਭ ਕੁਝ ਨੂੰ ਜੀਵਤ ਕਰ ਦਿੰਦੀ ਹੈ। ਇਹ ਉਹ ਅਵਸਥਾ ਹੁੰਦੀ ਹੈ ਜਦੋਂ ਕਿਸੇ ਵਿਅਕਤੀ ਦੀ ਦ੍ਰਿਸ਼ਟੀ ਅਬਿਨਾਸ਼ੀ ਸੁੰਦਰਤਾ ਨੂੰ ਨਿਹਾਰ ਰਹੀ ਹੁੰਦੀ ਹੈ। ਇਸ ਅਵਸਥਾ ਵਿਚ ਕਿਸੇ ਵੀ ਮਨੁੱਖੀ ਯਤਨ ਦੀ ਲੋੜ ਨਹੀਂ ਹੁੰਦੀ। ਇਸ ਸਮੇਂ ਸਦੀਵੀ ਨਾਮ ਹੀ ਆਪ ਜੀ ਦਾ ਮੁਖ ਵਿਸ਼ਾ ਬਣ ਜਾਂਦਾ ਹੈ।

ਆਪ ਤਾਂ ਬ੍ਰਿਛ ਹੇਠ ਬੈਠ, ਪ੍ਰਭੂ ਦਾ ਗੁਣ ਗਾਇਨ ਕਰਦੇ ਹਨ। ਸਾਡੇ ਨੈਤਿਕ ਸ਼ਾਸਤਰ ਦੇ ਯਤਨਾਂ-ਪ੍ਰਯਤਨਾਂ ਤੋਂ ਬਿਨਾਂ ਹੀ ਪ੍ਰਭੂ ਦਾ ਨੈਤਿਕ ਨੇਮ ਤੇ ਵਿਧਾਨ ਕਾਰਜ ਕਰਦਾ ਰਹਿੰਦਾ ਹੈ। ਗੁਰੂ ਨਾਨਕ ਦੇਵ ਜੀ ਦਾ ਕਥਨ ਹੈ, ''ਪ੍ਰਭੂ ਪ੍ਰੀਤਮ ਸੰਗ ਵਿਚਰੋ, ਬਾਕੀ ਸਭ ਉਸ ਦੀ ਰਜ਼ਾ ਅਨੁਸਾਰ ਭਲਾ ਤੇ ਸ਼ੁਧ ਹੀ ਹੁੰਦਾ ਹੈ।'' ਕੇਵਲ ਇਕੋ ਗੱਲ ਦੀ ਲੋੜ ਹੈ ਕਿ ਪ੍ਰਭੂ ਦੀ ਮਹਾਨ ਸੁੰਦਰਤਾ ਦੀ ਵਿਸਮਾਦੀ ਸ਼ਾਨ ਵਿਚ ਅਸੀਂ ਵਿਚਰੀਏ, ਜਿਸ ਨੂੰ ਕਿ ਮਨੁੱਖ ਅਬਿਨਾਸ਼ੀ ਜਗਤ ਦੇ ਮੰਡਲ ਵਿਚ ਨਿਹਾਰ ਲੈਂਦਾ ਹੈ। ਧਰਮ ਤਾਂ ਬੀਤੇ ਦੀਆਂ ਪਿਛਲੀਆਂ ਸਾਰੀਆਂ ਸ਼ਤਾਬਦੀਆਂ ਵਿਚ ਬੁਧੀਵਾਦ ਦੀ ਖੜੋਤ ਦਾ ਹੀ ਸ਼ਿਕਾਰ ਰਿਹਾ ਹੈ। ਕੇਵਲ ਉਸ ਸਮੇਂ ਹੀ ਇਹ ਆਪਣੀ ਸ਼ਾਨ ਵਿਚ ਚਮਕਿਆ ਹੈ, ਜਦੋਂ ਇਹ ਪੈਗੰਬਰਾਂ ਤੇ ਅਵਤਾਰਾਂ ਦੀ ਧਿਆਨੀ-ਦ੍ਰਿਸ਼ਟੀ ਦਾ ਪਾਤਰ ਬਣਿਆ ਤੇ ਜਦੋਂ ਇਹ ਨਾਮ ਦੇ ਅਸਤਿਤਵ ਦੀ ਸ਼ੁਭ ਸਿਰਜਣਾਤਮਕ ਪ੍ਰਕ੍ਰਿਆ ਦਾ ਭਾਗੀ ਬਣਿਆ।

## ਸੁਹਜ-ਸ਼ਾਸਤਰ

ਹਰ ਸਿੱਖ ਗੁਰੂ ਗਰੰਥ ਸਾਹਿਬ ਬਾਰੇ ਇਨਬਿਨ ਇਸੇ ਤਰ੍ਹਾਂ ਹੀ ਸੋਚਦਾ ।—ਉਹ ਸਭ ਕੁਝ ਗੁਰੂ ਦੇ ਬਾਣੀ ਦੇ ਸ਼ਬਦਾਂ ਤੋਂ ਹੀ ਪ੍ਰਾਪਤ ਕਰਦਾ ਹੈ। ਗੁਰੂ ਜੀ ਤਾਂ ਸੁੰਦਰਤਾ ਦੇ ਸੁਆਮੀ ਹਨ। ਸੁਹਜ-ਸ਼ਾਸਤਰ ਤਾਂ ਨੈਤਿਕ-ਸ਼ਾਸਤਰ ਨਾਲੋਂ ਜੀ ਵਧੇਰੇ ਆਤਮਕ ਸਰੂਪ ਵਾਲਾ ਹੁੰਦਾ ਹੈ। ਇਸ ਦੇ ਅੰਤਰਗਤ ਆਤਮਕ-ਮਨੁੱਖ ਅੰਤਰਮੁਖੀ ਅਨੰਤ ਦੀ ਪ੍ਰਾਪਤੀ ਲਈ ਬਾਹਰ ਜਾਂਦਾ ਹੈ ਜੋ ਆਤਮਕ ਰੂਪਾਂ ਨਾਲ ਘਨੇਰੇ ਰੂਪ ਵਿਚ ਜੁੜਿਆ ਹੋਇਆ ਹੈ। ਇਹ ਬੜਾ ਜਟਿਲ ਸੁਭਾ ਵਾਲਾ ਹੁੰਦਾ ਹੈ, ਜਿਵੇਂ ਇਸ ਨੂੰ ਪਦਾਰਥਕ ਰੂਪਾਂ ਵਿਚੋਂ ਕਢ ਕੇ ਬਾਹਰ ਲਿਆਉਣਾ ਹੋਵੇ। ਇਸ ਉਦੇਸ਼ ਲਈ ਸੰਘਰਸ਼ ਜਾਰੀ ਰਹਿੰਦਾ ਹੈ। ਕਈ ਵਾਰ ਤਾਂ ਉਸ ਨੂੰ ਭੌਰ ਜਾਂ ਮਧੂ-ਮੱਖੀ ਦੀ ਤਰ੍ਹਾਂ ਫੁੱਲ ਦੇ ਹਿਰਦੇ ਅੰਦਰ ਨਿਵਾਸ ਕਰਕੇ ਮਧੂ-ਰਸ ਨੂੰ ਚਖ ਕੇ ਬਾਹਰ ਉਡਣਾ ਪੈਂਦਾ ਹੈ। ਕਈ ਵਾਰ ਉਹ ਉਥੇ ਹੀ ਦਬਿਆ ਜਾਂਦਾ ਹੈ ਅਤੇ ਆਪਣੀ ਮੌਤ ਤਕ ਉਥੇ ਹੀ ਬਲਦਾ ਸੜਦਾ ਰਹਿੰਦਾ ਹੈ। ਇੰਦਰੀਆਂ ਦੀ ਇਹ ਸਭ ਤੋਂ ਖ਼ਤਰਨਾਕ ਪਰ ਸਰਵੋਤਮ ਢੂੰਡ-ਭਾਲ ਹੁੰਦੀ ਹੈ।

ਆਪਣੇ ਵਸਤੂਗਤ ਸੁਭਾ ਕਾਰਨ ਸੁਹਜਾਤਮਕ ਅਨੰਦ ਸੱਚੇ ਅਰਥਾਂ ਵਿਚ ਆਤਮਕ ਗੁਣਾਂ ਵਾਲਾ ਹੁੰਦਾ ਹੈ ਅਤੇ ਇਹ ਇਤਨਾ ਤੀਖਣ ਕਦੀ ਵੀ ਨਹੀਂ ਹੁੰਦਾ ਕਿ ਉਹ ਆਪਣੇ ਅਸਤਿਤਵ ਦਾ ਹੀ ਵਿਘਟਨ ਜਾਂ ਖਿੰਡਾਰਾ ਹੋ ਸਕੇ। ਅਨੰਦ ਵਿਸਫੋਟਕ ਮਨੋਵੇਗ ਹੁੰਦਾ ਹੈ, ਇਹ ਪਟਾਖ਼ੇ ਦੀ ਤਰ੍ਹਾਂ ਫਟਦਾ ਹੈ। ਸੱਚਾ ਤੇ ਸ਼ੁਧ ਸਰੂਪ ਦਾ ਸੁਹਜਾਨੰਦ ਸਾਰੀਆਂ ਸੁੰਦਰ ਵਸਤੂਆਂ ਦੇ ਵਿਸ਼ੇ-ਵਸਤੂ ਨੂੰ ਅੰਤਰ-ਮੁਖੀ ਦਿਲੀ ਧੜਕਣਾਂ ਵਿਚ ਪ੍ਰਵਰਤਿਤ ਕਰ ਦਿੰਦਾ ਹੈ, ਜੋ ਉਹਨਾਂ ਨੂੰ ਆਪਣੇ ਅੰਦਰ ਜਮਾਂ ਲੈਂਦੀਆਂ ਹਨ। ਸੁਤੰਤਰਤਾ ਦੇ ਵਸਤੂਆਂ ਵਿਚੋਂ ਨਿਕਲ ਰਹੀਆਂ ਚਿੰਗਿਆੜੀਆਂ ਨੂੰ ਉਹ ਇਸ ਤਰ੍ਹਾਂ ਖਾਂਦਾ ਹੈ ਜਿਵੇਂ ਰਾਤ ਦੇ ਪੰਛੀ ਜੁਗਨੂੰਆਂ ਨੂੰ ਖਾ ਜਾਂਦੇ ਹਨ। ਪ੍ਰਭੂ ਦੀ ਆਤਮਾ ਜਾਂ ਸੱਚ ਦੀ ਹਸਤੀ ਸੰਗੀਤ ਦਾ ਆਹਾਰ ਕਰਦੀ ਹੈ ਅਤੇ ਜੀਵਨ ਦੇ ਰੰਗਾਂ ਦੀ ਪੁਸ਼ਾਕ ਪਹਿਨਦੀ ਹੈ। ਸੱਚਾ ਆਤਮ-ਵੇਤਾ ਰੂਪ ਦੀ ਮਨੋਹਰ ਸੁੰਦਰਤਾ ਨਾਲ ਲਿਪਟਿਆ ਰਹਿੰਦਾ ਹੈ। ਉਹਨਾਂ ਦਾ ਪ੍ਰਭੂ-ਸੰਸਾਰ ਵੀ ਉਹਨਾਂ ਲੋਕਾਂ ਨਾਲ ਭਰਪੂਰ ਹੁੰਦਾ ਹੈ, ਜਿਨ੍ਹਾਂ ਦੇ ਰੂਪ, ਨੈਣ-ਨਕਸ਼ ਤੇ ਮੁਖੜੇ ਸ਼ੁਧ ਤੇ ਪਵਿੱਤਰ ਰੂਪ ਦੀ ਸੁੰਦਰਤਾ ਦੀ ਆਭਾ ਵਿਚ ਚਮਕ ਰਹੇ ਹੁੰਦੇ ਹਨ। ਪਰੇਰੇ ਵੀ ਇਕ ਆਤਮਕ ਸੰਸਾਰ ਹੁੰਦਾ ਹੈ ਤੇ ਉਹਨਾਂ ਵਿਅਕਤੀਆਂ ਨੂੰ ਪੂਰਨ ਤੇ ਮੁਕਤਗਾਮੀ ਆਤਮਾਵਾਂ ਦੀ ਸੰਗਤ ਵਿਚੋਂ ਹੀ ਅਨੰਦ ਪ੍ਰਾਪਤ ਹੁੰਦਾ ਹੈ। ਇਕਾਂਤ ਤਾਂ ਨਰਕ ਸਮਾਨ ਹੁੰਦਾ ਹੈ। ਉਹਨਾਂ ਦਾ ਇਹ ਵਿਸ਼ਵਾਸ ਨਹੀਂ ਹੁੰਦਾ ਕਿ ਦੇਹਧਾਰੀਆਂ ਲਈ ਅਨੰਤ ਤੋਂ ਬਾਹਰ ਵੀ ਕੋਈ ਅਨੰਦਦਾਇਕ ਅਨੰਦ ਹੁੰਦਾ ਹੈ। ਉਹਨਾਂ ਲਈ ਤਾਂ ਪ੍ਰਭੂ ਵੀ ਮਨੁੱਖ ਦੇ ਕੁਦਰਤ ਦੇ ਰੂਪ ਵਿਚ ਹੀ ਪ੍ਰਗਟ ਹੁੰਦਾ ਹੈ।

ਉਹਨਾਂ ਲਈ ਤਾਂ ਹਿੰਦੂਆਂ ਦਾ ਨਿਰਾਕਾਰ ਬ੍ਰਹਮ ਤਾਰਕਿਕ ਵਿਚਾਰ ਦਾ ਹੀ ਅਰਥਹੀਨ ਪੇਤਲਾਪਣ ਹੁੰਦਾ ਹੈ। ਜਿਹੜੇ ਉਪਨਿਸ਼ਦਾਂ ਦੇ ਇਸ ਛਾਇਆ-ਰੂਪੀ ਵਿਚਾਰ ਦੇ ਅਨੁਆਈ ਹਨ, ਉਹਨਾਂ ਨੂੰ ਤਾਂ ਰੂਪਾਂ ਤੇ ਰੂਪਾਂ ਨਾਲ ਮਿਟੀ ਹੋਈ ਸੁੰਦਰਤਾ ਦਾ ਤਿਆਗ ਕਰਨਾ ਜ਼ਰੂਰੀ ਹੈ। ਜਦੋਂ ਕੋਈ ਦੋ ਪ੍ਰੇਮੀ ਲੰਮੇ ਵਿਛੋੜੇ ਪਿਛੋਂ ਇਕ ਦੂਜੇ ਨਾਲ ਮਿਲਦੇ ਹਨ ਅਤੇ ਆਪਸ ਵਿਚ ਗਲਵਕੜੀ ਪਾ ਮਿਲਾਪ ਦੀ ਖ਼ੁਸ਼ੀ ਵਿਚ ਆਪਣੇ ਸਰੀਰਕ ਰੂਪਾਂ ਦੀ ਸੁਧਬੁਧ ਭੁਲਾ ਬੈਠਦੇ ਹਨ, ਤਾਂ ਇਹ ਸਭ ਰੂਪਾਂ ਦਾ ਅਨੰਦ ਵਿਚ ਪ੍ਰਵਰਤਿਤ ਹੋਣ ਵਾਲਾ ਰੂਪਾਂਤਰਣ ਹੀ ਹੁੰਦਾ ਹੈ. ਪਰ ਇਹ ਸੁਹਜਾਨੰਦ ਆਪਣੇ ਆਪ ਨੂੰ ਰੂਪਾਂ ਨਾਲ ਭਰਪੂਰ ਕਰ ਲੈਂਦਾ ਹੈ। ਇਸ ਸੰਬੰਧ ਵਿਚ ਰੂਪਾਂ ਦਾ ਤਿਆਗ ਤਾਂ ਮਹਾਂ-ਕੁਫਰ ਹੁੰਦਾ ਹੈ। ਬ੍ਰਹਮ ਦੇ ਅਮੂਰਤ ਵਿਚਾਰ-ਸੰਕਲਪ ਦੀ ਖ਼ੁਸ਼ੀ ਤਾਂ ਕੇਵਲ ਰੂਪ-ਰਹਿਤ ਕਲਾ ਵਾਲੀ ਹੀ ਹੋ ਸਕਦੀ ਹੈ। ਇਸ ਲਈ ਰੂਪ ਦੇ ਪ੍ਰੇਮ ਵਿਚੋਂ ਗੁਰੂ ਜੀ ਦਾ ਰੂਪ ਬਾਰੇ ਵਿਚਾਰ ਦ੍ਰਿਸ਼ਟੀਗੋਚਰ ਹੁੰਦਾ ਹੈ ਅਤੇ ਇਹ ਰੂਪ-ਸਰੂਪ ਵਾਲੀ ਆਤਮਾ ਜੋ ਗੁਣਾਤੀਤ ਵੀ ਹੁੰਦੀ ਹੈ, ਇਹੋ ਹੀ ਸੱਚੇ ਅਰਥਾਂ ਵਿਚ ਆਤਮਕ ਸੁਭਾ ਵਾਲੀ ਹੁੰਦੀ ਹੈ। ਇਹ ਉਸ ਸੰਕਲਪਗਤ ਨਿਰਾਕਾਰ-ਬ੍ਰਹਮ ਦੀ ਸਾਰਹੀਣਤਾ ਤੋਂ ਭਿੰਨ ਹੈ, ਜਿਸ ਨੂੰ ਗ਼ਲਤੀ ਨਾਲ ਇਸ ਸੰਸਾਰ ਵਿਚ ਆਤਮ-ਸਤਾ ਕਿਹਾ ਜਾਂਦਾ ਹੈ। ਇਹ ਦ੍ਰਿਸ਼ਟੀਕੋਣ ਸੱਚ ਨੂੰ ਰੂਪ-ਰਹਿਤ ਦਸ ਕੇ ਪਰਿਭਾਸ਼ਿਤ ਕਰਦਾ ਹੈ। ਸੁੰਦਰਤਾ ਤਾਂ ਰੂਪ ਹੈ। ਇਥੋਂ ਤਕ ਕਿ ਨੈਣ ਨਕਸ਼ਾਂ ਦੇ ਕੁਹਜ ਵੀ ਸੁੰਦਰ ਹੁੰਦੇ ਹਨ। ਇਹੋ ਹੀ ਹਰ ਸੱਚੀ ਕਲਾ ਦੀ ਅੰਤਰੀਵ ਆਤਮਾ ਹੁੰਦੀ ਹੈ। ਰੂਪਹੀਣਤਾ ਤਾਂ ਕੁਹਜਾਤਮਿਕਤਾ ਹੈ। ਨਿਰਪੇਖ ਸੁੰਦਰਤਾ ਉਹ ਪਰਮਾਨੰਦ ਹੈ ਜੋ ਸਭ ਰੂਪਾਂ ਦੀਆਂ ਪੁਸ਼ਾਕੀਆਂ ਪਹਿਨ, ਸੂਰਜ ਵਾਂਗ ਪ੍ਰਕਾਸ਼ਮਾਨ ਹੁੰਦੀ ਹੈ। ਜਿਸ ਤਰ੍ਹਾਂ ਪ੍ਰਕਾਸ਼ ਦੀਪਕ ਵਿਚ ਸਮੋਂ ਜਾਂਦਾ ਹੈ, ਇਸੇ ਤਰ੍ਹਾਂ ਅਨੰਦ ਉਸ 'ਮੈਂ' (ਆਪੇ) ਦਾ ਕੇਂਦਰਬਿੰਦੂ ਬਣ ਜਾਂਦਾ ਹੈ ਜੋ ਉਸ ਦੇ ਰੂਪ-ਸਰੂਪ ਤੇ ਮੁਖੜੇ ਨੂੰ ਪੂਰਨਤਾ ਪ੍ਰਦਾਨ ਕਰਦਾ ਹੈ। ਪਰਿਵਰਤਨ, ਇਥੋਂ ਤਕ ਕਿ ਮੌਤ ਵਿਚ ਵੀ ਕਿਸੇ ਪਰਿਵਰਤਨ ਕਲਾਕਾਰ ਦੀ ਤੂਲਕਾ ਜਾਂ ਛੈਣੀ ਦੀ ਦੇਣ ਹੁੰਦਾ ਹੈ ਜੋ ਪੂਰਨਤਾ ਨੂੰ ਆਪਣੇ ਹਿਰਦੇ ਦੀ ਇਛਾ ਅਨੁਸਾਰ ਨਿਰੰਤਰ ਪੜ੍ਹਦਾ ਤੇ ਵਾਰ ਵਾਰ ਉਸ ਦੀ ਪੁਨਰ-ਘਾੜਤ ਕਰਦਾ ਹੈ।

ਬੁਧ-ਮਤ ਨੇ ਹੀ ਕਲਾ ਨੂੰ ਇਸ ਆਤਮ-ਅਨੁਭੂਤੀ ਦੀ ਪੂਰਨਤਾ ਤਕ ਪਹੁੰਚਾ ਦਿੱਤਾ ਸੀ। ਕਾਮਾਕੁਰੂ ਵਿਖੇ ਬੁਧ ਜੀ ਦਾ ਸਥਾਪਿਤ ਬੁੱਤ ਅਤੇ ਉਸ ਦੇ ਲਘੂ ਕਲਾ-ਚਿਤਰ ਭਗਵਾਨ ਬੁਧ ਦੀ ਵਿਸ਼ਵ-ਵਿਆਪੀ ਮਿਤਰਤਾ ਦੇ ਮਹਾਂ-ਅਨੰਦ ਦੇ ਹੀ ਪ੍ਰਤੀਬਿੰਬ ਅਰਥਾਤ ਘੜੇ-ਤਰਾਸ਼ੇ ਹੋਏ ਬੁੱਤ ਹਨ।

ਇਸ ਦ੍ਰਿਸ਼ਟੀ ਤੋਂ ਵੇਖਿਆਂ ਇਹ ਮਹਾਨ ਕਲਾਕਾਰ ਹਾਲੀ ਕੁਲੀਨ ਪ੍ਰਵਿਰਤੀ ਦੇ ਹੀ ਧਾਰਨੀ ਸਨ। ਇਹਨਾਂ ਕਲਾਕਾਰਾਂ ਦੇ ਸਰੀਰ ਦੇ ਲਿੰਗਾਂ ਬਾਰੇ ਢੁਕਵੇਂ ਅਨੁਪਾਤ ਦੀ ਪ੍ਰਾਥਮਿਕਤਾ, ਸਿਧੀਆਂ ਰੇਖਾਵਾਂ, ਵਿੰਗ ਅਤੇ ਮਨੁੱਖੀ ਰੂਪ ਦੀਆਂ ਰੇਖਾਵਾਂ ਦੀਆਂ ਲਹਿਰਾਂ ਵਿਚੋਂ ਉਤਪੰਨ ਹੋਣ ਵਾਲਾ ਸੁਹਜ-ਅਨੰਦ ਇਹਨਾਂ

ਕਲਾਕਾਰਾਂ ਨੂੰ ਮੋਟੇ ਨੱਕਾਂ ਤੇ ਨਥਣਿਆਂ ਵਾਲੇ ਭਾਰਤ ਦੇ ਨਿਮਨ ਜਾਤੀਆਂ ਦੇ ਲੋਕਾਂ ਨਾਲ ਸਾਂਝ ਪਾਉਣ ਦੀ ਆਗਿਆ ਨਹੀਂ ਸੀ ਦਿੰਦਾ। ਪਰ ਇਹਨਾਂ ਨਿਮਨ ਜਾਤੀ ਦੇ ਲੋਕਾਂ ਵਿਚ ਵੀ ਭਾਵਨਾਵਾਂ, ਸਦਗੁਣਾਂ ਤੇ ਆਤਮਾ ਦੇ ਮੁਖ ਦੈਵੀ-ਗੁਣਾਂ ਦੀ ਅੰਤਰੀਵ ਸੁੰਦਰਤਾ ਵਿਦਮਾਨ ਹੈ।

ਨਟਰਾਜ ਦੇ ਸ਼ਿਵ ਦੇ ਮਹਾਂ-ਨਾਚ ਦੇ ਚਿਤਰ ਵਿਚ ਕਾਮਾਕੁਰਾ ਦੇ ਭਗਵਾਨ ਬੁਧ ਦੇ ਬੁੱਤ ਵਰਗਾ ਸਮਾਪ ਤੇ ਸੁਹਜ-ਸ਼ਾਸਤਰੀ ਮੁਦਰਾ ਦੇ ਸੰਤੁਲਨ ਦਾ ਅਭਾਵ ਹੈ। ਨਟਰਾਜ ਵਿਚ ਮਾਨਸਿਕ ਤਾਲਗਤੀ ਵਿਦਮਾਨ ਹੈ, ਪਰ ਬੁਧ ਵਰਗੇ ਆਤਮਕ ਸੰਵੇਦਨਾਵਾਂ ਤੇ ਬਾਲਾਂ ਵਾਲੇ ਭੋਲੇਪਣ ਦਾ ਅਭਾਵ ਹੈ।

ਬੁਧ ਤੋਂ ਪੂਰਵ-ਕਾਲੀ ਤੇ ਉਤਰ-ਕਾਲੀ ਹਿੰਦੂ ਕਲਾ-ਕ੍ਰਿਤਾਂ ਵਿਚ ਬੌਧਿਕ ਪ੍ਰਯਤਨਾਂ ਦੁਆਰਾ ਦੈਵੀ-ਸਤਾ ਲਈ ਮਾਨਸਿਕ-ਅਸ਼ਾਂਤੀ ਪ੍ਰਦਰਸ਼ਿਤ ਹੁੰਦੀ ਹੈ। ਪਰ ਇਸ ਦੀ ਤੁਲਨਾ ਵਿਚ ਬੁਧ ਦੇ ਬੁੱਤਾਂ ਵਿਚ ਅਕੁਲ-ਕਲਾ ਵਾਲੇ ਸਹਿਜ-ਆਵੇਸ਼ ਵਿਚ ਬਾਲਪਣ ਵਾਲੀ ਨਿਰਛਲਤਾ ਵਿਦਮਾਨ ਹੈ।

ਗਰੁੜ ਦੇ ਵਾਹਨ ਦੁਆਰਾ ਵਿਸ਼ਨੂੰ ਜੀ ਦੀ ਅਨੰਤ ਵਲ ਉਡਾਨ ਮਨੁੱਖ ਦੇ ਸਵੈ-ਯਤਨਾਂ ਦਾ ਪ੍ਰਤੀਕ ਹੈ, ਜਿਸ ਦੁਆਰਾ ਉਹ ਇਕੋ ਛਾਲ ਵਿਚ ਜਿਸਮ ਦੀ ਕੈਦ ਵਿਚੋਂ ਨਿਕਲ ਕੇ ਆਤਮਕ ਸਤਾ ਵਲ ਜਾਣਾ ਲੋਚਦਾ ਹੈ। ਭਾਵੇਂ ਇਹ ਵਿਸ਼ਾ ਕਿੰਨਾਂ ਵੀ ਗੰਭੀਰ ਤੇ ਸੂਖ਼ਮ ਹੈ, ਫਿਰ ਵੀ ਇਹ ਆਤਮਕ ਯਥਾਰਥ ਦੇ ਪ੍ਰਗਟਾਉ ਵਾਲੀ ਕਲਾ ਨਹੀਂ ਹੈ।

ਅਨੰਦ-ਕੁਮਾਰ ਸੁਆਮੀ ਤੇ ਹੋਰ ਕਲਾ-ਆਲੋਚਕਾਂ ਨੇ ਅਦਵੈਤ-ਵੇਦਾਂਤ ਦੀ ਗਤੀ-ਰਹਿਤ ਮਾਨਸਿਕਤਾ ਨੂੰ ਕਲਾ ਦੇ ਖੇਤਰ ਵਿਚ ਬੁਧ ਜੀ ਦੇ ਗਤੀਸ਼ੀਲ ਪਰਮਾਨੰਦ ਨਾਲ ਰਲਗਡ ਕਰਨ ਦਾ ਯਤਨ ਕੀਤਾ ਹੈ। ਇਹ ਸਮਾਲੋਚਕ ਆਤਮਕ ਵਿਅਕਤੀ ਦੇ ਅਨੁਭਵ ਦੀ ਵਿਆਖਿਆ ਮਾਨਸਿਕ ਸੂਤਰ ਦੇ ਰੂਪ ਵਿਚ ਕਰਦੇ ਹਨ। ਇਹ ਨਵੀਨ ਖੋਜ ਦੀਆਂ ਲਭਤਾਂ ਦੇ ਸਾਧਾਰਣੀਕਰਨ ਦੇ ਪ੍ਰਮਾਣਾਂ ਦੇ ਵਧੇਰੇ ਨੇੜੇ ਹਨ। ਸੱਚੀ ਅਰਥਾਤ ਵਾਸਤਵਿਕ ਆਤਮਕ ਪਰਿਭਾਸ਼ਾ ਤਾਂ ਮੂਲ ਤੱਤਾਂ ਦੇ ਵਧੇਰੇ-ਗਹਿਰ-ਗੰਭੀਰ ਬੋਧ ਉਤੇ ਆਧਾਰਿਤ ਹੋਣੀ ਚਾਹੀਦੀ ਹੈ। ਨਿਰਸੰਦੇਹ, ਇਹ ਕਿਹਾ ਜਾ ਸਕਦਾ ਹੈ ਕਿ ਉਪਨਿਸ਼ਦਾਂ ਦਾ ਬ੍ਰਾਹਮਣਵਾਦੀ ਦਰਸ਼ਨ ਜਿਹੜਾ ਕਿ ਪਾਰਬ੍ਰਹਮ ਅਤੇ ਬ੍ਰਹਮ ਦਾ ਅਨੰਤ ਦੇ ਨਿਖੇਧ ਦੁਆਰਾ ਨਾਮ ਧਰਦਾ ਹੈ, ਕਲਾ ਦਾ ਪਿਤਰ ਅਰਥਾਤ ਜਨਮ-ਦਾਤਾ ਨਹੀਂ ਹੋ ਸਕਦਾ। ਕਾਲੀਦਾਸ ਦੇ ਸ਼ਬਦਾਂ ਵਿਚ ਆਤਮਕ ਤੌਰ 'ਤੇ ਲੂਠਿਆ ਜਾਂ ਸੜਿਆ ਸੰਨਿਆਸੀ ਉਰਵਸ਼ੀ ਵਰਗੀ ਸੁੰਦਰੀ ਦਾ ਪਿਤਾ ਨਹੀਂ ਹੋ ਸਕਦਾ। ਕਲਾ ਗਤੀ-ਰਹਿਤ ਜਾਂ ਖੜੋਤ-ਭਰਪੂਰ ਮਾਨਸਿਕ ਸੰਕਲਪਾਂ ਦੀ ਸਿਰਜਣਾ ਨਹੀਂ ਹੋ ਸਕਦੀ। ਕਲਾ ਤਾਂ ਭਾਵਨਾਵਾਂ ਦਾ ਸਮੂਰਤੀਕਰਣ ਜਾਂ ਸਾਕਾਰ ਹੋਣਾ ਹੈ, ਜਿਸ ਵਿਚ ਆਤਮਕ-ਅਨੁਭਵ ਨੂੰ ਜਗਾਉਣ ਲਈ ਪ੍ਰੇਮ ਦੁਆਰਾ ਪ੍ਰਜਵਲਿਤ ਦਵੈਤ ਅਤੇ ਰੂਪਾਂ ਤੇ ਹਸਤੀਆਂ ਦੀ ਸਦੀਵੀ ਅਨੰਤਤਾ ਦੀ ਲੋੜ ਹੁੰਦੀ ਹੈ। ਮਾਨਵਤਾ ਦੇ ਰੂਪ ਵਿਚ ਕਲਾ ਤੀਖਣ ਰੂਪ ਦੀ ਈਰਖਾ ਜਗਾਉਣ ਵਾਲੀ ਵੀ ਹੁੰਦੀ ਹੈ। ਇਹ ਅਡੋਲ

ਰੂਪ ਦੀ ਸਹਿਜ-ਸ਼ਾਂਤੀ ਅਤੇ ਆਪਣੀ ਦੈਵੀ-ਸਤਾ ਵਿਚ ਸੰਨਿਆਸੀਆਂ ਵਾਲੀ ਘੁਟ ਕੇ ਤਹਿ ਕੀਤੇ ਜਾਂ ਬਝੇ ਅਨੰਦ ਤੋਂ ਕੋਈ ਵਿਭਿੰਨ ਵਸਤੂ ਜਾਂ ਅਨੁਭਵ ਹੁੰਦਾ ਹੈ।

ਇਸ ਤਰ੍ਹਾਂ ਦੀ ਗਤੀ-ਰਹਿਤ ਮਾਨਸਿਕਤਾ ਮੁਖ ਰੂਪ ਵਿਚ ਕਲਾ-ਰਹਿਤ ਪ੍ਰਵਿਰਤੀ ਹੁੰਦੀ ਹੈ। ਇਹ ਇਕੋ ਇਕ ਸਿਰਜਣਾ-ਰਹਿਤ ਰੋਕ ਕਲਾ ਦੇ ਵਿਪਰੀਤ ਹੁੰਦੀ ਹੈ ਤੇ ਇਹ ਵਸਤੂਆਂ ਨੂੰ ਅੰਧਕਾਰਮਈ ਬਣਾ ਦਿੰਦੀ ਹੈ। ਟੈਗੋਰ ਦਾ ਕਥਨ ਹੈ ਕਿ ਸਭ ਤੋਂ ਸੁੰਦਰ ਤੇ ਸ਼ਾਨਦਾਰ ਮੰਦਰ ਤਾਂ ਕੁਦਰਤ ਦੇ ਦ੍ਰਿਸ਼ਾਂ ਵਿਚ ਮੂਰਤੀਮਾਨ ਹੁੰਦੇ ਹਨ। ਪਰ ਪ੍ਰਕ੍ਰਿਤੀ ਦੀ ਇਹ ਪੂਜਾ ਵੀ ਭਰਮ-ਅਗਿਆਨ ਹੋ ਨਿਬੜਦੀ ਹੈ। ਸਵਿਟਜ਼ਰਲੈਂਡ ਭਾਰਤ ਨਾਲੋਂ ਵਧੇਰੇ ਆਪਣੇ ਵਾਤਾਵਰਨ ਦੀ ਸੁੰਦਰਤਾ ਦੀ ਪੂਜਾ ਕਰਦਾ ਹੈ, ਭਾਵੇਂ ਇਹ ਵਧੇਰੇ ਕਰਕੇ ਬਾਹਰਮੁਖੀ ਅੰਸ਼ਾਂ ਵਾਲੀ ਹੁੰਦੀ ਹੈ। ਇਸ ਦੇ ਵਿਪਰੀਤ ਭਾਰਤ ਵਿਚ ਪ੍ਰਕ੍ਰਿਤਕ ਦ੍ਰਿਸ਼ਾਵਲੀ ਦੀ ਸੁੰਦਰਤਾ ਨੂੰ ਇਸ ਦੇ ਪੂਜਕਾਂ ਦੁਆਰਾ ਨਿਮਨ-ਕੋਟੀ ਦੀ ਬਣਾ ਦਿਤਾ ਜਾਂਦਾ ਹੈ। ਕੇਸ਼ਵ ਚੰਦਰ ਸੇਨ ਨੇ ਇਕ ਵਾਰ ਇਹ ਵਿਸ਼ੇਸ਼ ਟਿਪਣੀ ਕੀਤੀ ਸੀ ਕਿ, ''ਹਿੰਦੂ ਜਾਤੀ ਤਾਂ ਧਾਰਮਿਕ ਤੌਰ 'ਤੇ ਵੀ ਵਧੇਰੇ ਅਧਾਰਮਿਕ ਹੈ।'' ਰਿਸ਼ੀਕੇਸ਼ ਤੇ ਹਰਿਦੁਆਰ ਇਸ ਰੋਗਾਚਾਰੀ ਪ੍ਰਵਿਰਤੀ ਦੀਆਂ ਮੂੰਹ ਬੋਲਦੀਆਂ ਤਸਵੀਰਾਂ ਹਨ। ਪ੍ਰਕ੍ਰਿਤੀ ਦੇ ਇਹਨਾਂ ਸ਼ਾਨਦਾਰ ਦ੍ਰਿਸ਼ਾਂ ਦੇ ਸਨਮੁਖ ਭਗਤੀ-ਭਾਵਾਂ ਵਿਚ ਰੱਤੇ ਹਿੰਦੂ ਆਪਣੇ ਆਪਣੇ ਨੈਣ ਮੁੰਦ ਲੈਂਦੇ ਹਨ। ਜਦੋਂ ਕੋਈ ਹਿੰਦੂ ਭਗਤ ਪ੍ਰਭੂ ਨੂੰ ਮਿਲਦਾ ਹੈ ਤਾਂ ਉਹ ਆਪਣੇ ਨੇਤਰ ਬੰਦ ਕਰ ਲੈਂਦਾ ਹੈ। ਪਰ ਜਦੋਂ ਸਿੱਖ ਆਪਣੇ ਗੁਰੂ ਦੇ ਦਰਸ਼ਨ ਕਰਦਾ ਹੈ ਤਾਂ ਉਹ ਆਪਣੇ ਇਸ਼ਟ-ਦੇਵ ਦੀ ਸੁੰਦਰਤਾ ਨੂੰ ਨੈਣਾਂ ਨਾਲ ਡੀਕ ਲਾ ਕੇ ਪੀਂਦਾ ਹੈ। ਉਹ ਤਾਂ ਕੇਵਲ ਉਸ ਸਮੇਂ ਹੀ ਆਪਣੇ ਨੈਣ ਮੁੰਦ ਲੈਂਦਾ ਹੈ ਜਦੋਂ ਉਹ ਪ੍ਰਭੂ-ਪ੍ਰੀਤਮ ਤੋਂ ਵਿਛੋੜੇ ਦੀ ਅਵਸਥਾ ਨੂੰ ਅਨੁਭਵ ਕਰ ਰਿਹਾ ਹੋਵੇ।

ਸਿੱਖ ਵਿਅਕਤੀਤਵ ਤਾਂ ਬੋਧੀਆਂ ਦੀ ਤਰ੍ਹਾਂ ਸੰਪੂਰਨ ਰੂਪ ਵਿਚ ਕਲਾ ਬਾਰੇ ਸੁਚੇਤ ਹੁੰਦਾ ਹੈ। ''ਆਪਣੇ ਅੰਦਰਵਾਰ ਗੁਰੂ ਦੇ ਸਰੂਪ ਨੂੰ ਘੜਨ ਜਾਂ ਸਿਰਜਣ ਦਾ ਯਤਨ ਕਰੋ।'' ਇਹੋ ਹੀ ਹੈ ਗੁਰੂ ਨਾਨਕ ਦੇਵ ਜੀ ਦੇ ਵਿਅਕਤੀਤਵ ਦਾ ਸੂਖ਼ਮ ਸੰਕੇਤ। ਇਹ ਆਤਮਕ ਭਾਵਨਾ ਹੀ ਸਭ ਕਲਾ-ਕ੍ਰਿਤਾਂ ਦੀ ਜਣਨੀ ਹੁੰਦੀ ਹੈ।

ਆਪਣੇ ਅੰਦਰ ਦੀ ਸਾਰੀ ਸਖਣੀ ਥਾਂ ਨੂੰ ਗੁਰੂ ਜੀ ਦੇ ਸਰੂਪ ਦੁਆਰਾ ਭਰਪੂਰ ਕਰ ਲੈਣਾ ਹੀ ਸਿੱਖਾਂ ਦੇ ਸਿਮਰਨ ਵਾਲੇ ਜੀਵਨ ਦਾ ਸਰੂਪ ਹੁੰਦਾ ਹੈ। ਸੁੰਦਰ ਇਸ਼ਟ ਨੂੰ ਆਪਣੇ ਹੀ ਸਿਰਜੇ ਹੋਏ ਨੈਣ-ਨਕਸ਼ਾਂ ਵਿਚ ਸਾਖਿਆਤ ਕਰ ਲੈਣਾ ਹੀ ਨਾਮ-ਸਿਮਰਨ ਦੀ ਵਿਸ਼ੇਸ਼ਤਾ ਹੁੰਦੀ ਹੈ। ਆਤਮਾ, ਬੁਧੀ ਤੇ ਇੱਛਾ ਦੇ ਖੇਤਰਾਂ ਤੋਂ ਉਚੇਰੀ ਹੁੰਦੀ ਹੈ ਅਤੇ ਗੁਰੂ ਨਾਨਕ ਦੇਵ ਜੀ ਦੀ ਸਿਮਰਨ ਦੀ ਕਲਾ ਨਿਰੋਲ ਆਤਮਕ ਮੰਡਲ ਦੀ ਵਥ ਹੈ। ਬੌਧਿਕ-ਸ਼ਕਤੀ ਤੇ ਇੱਛਾ ਸ਼ਕਤੀ ਦੋਹਾਂ ਨੂੰ ਹੀ ਆਤਮਕ ਸੰਸਕ੍ਰਿਤੀ ਦੇ ਅਧੀਨ ਕਰਮਸ਼ੀਲ ਰਹਿਣਾ ਚਾਹੀਦਾ ਹੈ, ਨਹੀਂ ਤਾਂ ਇਸ ਤੋਂ ਬਿਨਾਂ ਇਹ ਸ਼ੈਤਾਨੀ-ਸ਼ਕਤੀਆਂ ਬਣ ਜਾਂਦੀਆਂ ਹਨ।

# ਪ੍ਰਭੂ-ਪ੍ਰੀਤਮ ਦੇ ਚਰਨ-ਕਮਲਾਂ ਦੀ ਟੇਕ

ਮੇਰਾ ਦਾੜ੍ਹਾ, ਮੇਰੇ ਕੇਸ, ਮੇਰਾ ਕੜਾ, ਮੇਰਾ ਸਿਖੀ-ਸਰੂਪ ਪ੍ਰਭੂ-ਪ੍ਰੀਤਮ ਦੀ ਰਖਣਹਾਰ ਛੁਹ ਦੀ ਯਾਦ ਹੈ। ਮੈਨੂੰ ਆਪਣੇ ਪ੍ਰਭੂ-ਪ੍ਰੀਤਮ ਨਾਲ ਇਸ ਰਿਸ਼ਤੇ ਉਤੇ ਮਾਣ ਹੈ। ਮੇਰਾ ਦਾੜ੍ਹਾ ਤਾਂ ਮੇਰਾ ਦੈਵੀ ਗਿਆਨ ਹੈ, ਇਸ ਵਿਚ ਮੇਰੀ ਮੁਕਤੀ ਹੈ। ਇਹ ਪਰਮ ਪਵਿਤਰ ਹੈ। ਜੋ ਕੁਝ ਵੀ ਮੈਂ ਪ੍ਰਭੂ-ਪ੍ਰੀਤਮ ਦੀ ਸ਼ਾਨ ਦੇ ਰੂਪ ਵਿਚ ਨਿਹਾਰਦਾ ਹਾਂ, ਮੈਨੂੰ ਉਸ ਉਤੇ ਮਾਣ ਹੈ। ਮੈਂ ਤਾਂ ਉਸ ਨੂੰ ਆਪਣੇ ਨਿਜ ਵਿਚ ਦੇਖ ਰਿਹਾ ਹਾਂ। ਮੈਂ ਹੀ ਪ੍ਰਭੂ-ਪ੍ਰੀਤਮ ਦੀ ਟਹਿਲ ਸੇਵਾ ਕਰਦਾ ਹਾਂ। ਮੈਂ ਹੀ ਉਸ ਨੂੰ ਇਸ਼ਨਾਨ ਕਰਵਾਉਂਦਾ ਹਾਂ, ਮੈਂ ਹੀ ਉਸ ਨੂੰ ਪੁਸ਼ਾਕ ਪਹਿਨਾਉਂਦਾ ਹਾਂ, ਮੈਂ ਹੀ ਉਸ ਨੂੰ ਭੋਜਨ ਛਕਾਉਂਦਾ ਹਾਂ। ਮੇਰਾ ਤਾਂ ਸਾਰਾ ਜੀਵਨ ਹੀ ਪ੍ਰਭੂ-ਪ੍ਰੀਤਮ ਅਗੇ ਪ੍ਰੇਮ ਦੀ ਭੇਟ ਹੈ।

ਇਕ ਵਾਰ ਮੇਰੇ ਮਨ ਵਿਚ ਮੁੜ ਚਾਹ ਉਠੀ ਕਿ ਮੈਂ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਵਿਤਰ ਮੁਖਾਰਬਿੰਦ ਤੋਂ ਉਸੇ ਸ਼ਬਦ ਧੁਨੀ ਨੂੰ ਸੁਣਾਂ, ਜੋ ਮੇਰੇ ਵਡੇਰਿਆਂ ਨੇ ਆਪ ਜੀ ਤੋਂ ਸਰਵਣ ਕੀਤੀ ਸੀ। ਮੈਂ ਇਸ ਲਈ ਸਹਿਕ ਰਿਹਾ ਸਾਂ। ਮੈਂ ਇਸ ਲਈ ਬੜਾ ਤ੍ਰਿਖਾਵੰਤ ਸਾਂ। ਮੈਂ ਇਸ ਲਈ ਬਾਲ ਹਾਰ ਵਿਆਕੁਲ ਤੇ ਕੂਕ ਰਿਹਾ ਸਾਂ। ਮੈਂ ਗੁਰੂ ਅਰਜਨ ਸਾਹਿਬ ਦੇ ਦਰਸ਼ਨ ਕਰਨਾ ਲੋਚਦਾ ਸਾਂ। ਜੋ ਦੈਵੀ-ਪ੍ਰੇਮ ਦਾ ਸਭ ਤੋਂ ਮਿੱਠੜਾ ਗਾਇਕ ਸੀ। ਜਿਹੜਾ ਸਾਡੇ ਵਿਚ ਕਦੀ ਵਿਚਰਿਆ ਸੀ ਅਤੇ ਜਿਸ ਨੇ ਸਾਡੇ ਲਈ ਅਜਿਹੀ ਮਿੱਠੜੀ ਧੁਨੀ ਅਲਾਪੀ ਸੀ ਜੋ ਆਪ ਤੋਂ ਬਿਨਾਂ ਹੋਰ ਕੋਈ ਵੀ ਸਾਨੂੰ ਪ੍ਰਦਾਨ ਨਹੀਂ ਸੀ ਕਰ ਸਕਿਆ। ਕੀ ਆਪ ਗੁਰੂ ਅਰਜਨ ਸਾਹਿਬ ਮੈਨੂੰ ਮਿਲ ਸਕਣਗੇ ? ਆਪ ਕਿਥੇ ਚਲੇ ਗਏ ਹਨ ? ਆਪ ਦਾ ਹੁਣ ਨਿਵਾਸ ਕਿਥੇ ਹੈ ?

ਇਨੇ ਨੂੰ ਦੂਧੀਆ ਜੋਤਾਂ ਵਿਚ ਚਮਕਦਾ ਚਿੱਟੇ ਬਸਤਰ ਪਹਿਨੀਂ ਇਕ ਪ੍ਰਾਹੁਣਾ-ਦੂਤ ਮੇਰੇ ਘਰ ਆਇਆ। ਮੈਨੂੰ ਆਪਣੇ ਘਰ ਦੇ ਇਕ ਉਜਲੇ ਮਹਿਕਾਂ-ਭਰੇ ਚਾਨਣ-ਕੋਠੇ ਵਿਚ ਲੈ ਗਿਆ। ਜਿਥੇ ਆਪ ਜੀ ਦੇ ਬਾਣੀ-ਗੀਤਾਂ ਦਾ ਖ਼ਜਾਨਾ ਭਰਿਆ ਪਿਆ ਸੀ। ਮੈਂ ਆਪ ਦੇ ਸਿਖ ਦੂਤ ਦੇ ਚਰਨੀਂ ਲਗਾ, ਮੈਂ ਆਪ ਦੇ ਗੀਤ ਦੇ ਚਰਨਾਂ ਉਤੇ ਢਹਿ ਪਿਆ। ਉਸ ਪ੍ਰਾਹੁਣੇ-ਦੂਤ ਨੇ ਉਹ ਖ਼ਜਾਨਾ ਮੇਰੇ ਹਵਾਲੇ ਕਰ ਦਿਤਾ ਅਤੇ ਇਸ ਦੇ ਪਵਿੱਤਰ ਪ੍ਰਕਾਸ਼ ਦੀ ਪ੍ਰਾਪਤੀ ਲਈ ਮੇਰੀ ਆਤਮਾ ਅੰਦਰ ਉਤਸ਼ਾਹ ਜਗਾ ਦਿਤਾ। ਉਸ ਦੂਧੀਆ ਬਸਤਰਧਾਰੀ ਪ੍ਰਾਹੁਣੇ-ਦੂਤ ਨੇ ਮੇਰੀ ਆਤਮਾ ਦਾ ਉਥਾਨ ਕਰ ਦਿਤਾ ਅਤੇ ਫ਼ਰਿਸ਼ਤੇ ਮੇਰੇ ਸੰਗ ਉਸ ਗੀਤ-ਖ਼ਜਾਨੇ ਦੇ ਨਿਕਟ ਆ ਬੈਠੇ। ਇਹਨਾਂ ਫ਼ਰਿਸ਼ਤਿਆਂ ਨੇ ਮੇਰੇ ਅੰਦਰ ਪ੍ਰਵੇਸ਼ ਕਰਕੇ ਉਸ ਗੀਤਾਂ ਦੀ ਪੋਥੀ ਦਾ ਪ੍ਰਕਾਸ਼ ਕੀਤਾ ਅਤੇ ਉਸ ਦਾ ਗਾਇਨ ਕਰਨ ਲਗੇ, ਉਸ ਦੀ ਮਿੱਠੜੀ ਧੁਨੀ ਨੂੰ ਸਰਵਣ ਕਰਨ ਲਗੇ। ਇਸ ਸਮੇਂ ਮੈਨੂੰ ਇੰਜ ਪ੍ਰਤੀਤ ਹੋਇਆ ਜਿਵੇਂ ਗੁਰੂ ਅਰਜਨ ਦੇਵ ਜੀ ਆਪ ਮੇਰੀ ਪੁਕਾਰ ਨੂੰ ਸੁਣ ਕੇ

ਮੇਰੇ ਅੰਦਰ ਆ ਗਏ ਹੋਣ ਅਤੇ ਮੈਨੂੰ ਉਸੇ ਤਰ੍ਹਾਂ ਆਪਣੇ ਮਧੁਰ-ਬੋਲ ਸੁਣਾ ਰਹੇ ਹੋਣ, ਜਿਵੇਂ ਆਪ ਨੇ ਕਦੀ ਪੰਜਾਬ ਵਿਚ ਆ ਕੇ ਮੇਰੇ ਵਡੇਰਿਆਂ ਨੂੰ ਇਹ ਮਿੱਠੜੇ ਬਾਣੀ ਦੇ ਬੋਲ ਸੁਣਾ ਕੇ ਨਿਹਾਲ ਕੀਤਾ ਸੀ। ਹੁਣ ਵੀ ਇਸ ਤਰ੍ਹਾਂ ਉਹ ਮੇਰੇ ਅੰਗ ਸੰਗ ਸਨ। ਇਸ ਅਨੁਭਵ ਦੁਆਰਾ ਮੈਨੂੰ ਅਥਾਹ ਸੁਖ-ਸ਼ਾਂਤੀ ਪ੍ਰਾਪਤ ਹੋਈ ਸੀ।

ਹਾਲੀ ਵੀ ਆਪ ਦੇ ਮਧੁਰ ਬੋਲ ਸਿੱਖਾਂ ਦੀ ਰਸਨਾ ਦੁਆਰਾ ਸੁਣਾਈ ਦਿੰਦੇ ਹਨ। ਸਿੱਖ ਤਾਂ ਇਕ ਚਿੰਨ੍ਹ ਨਿਸ਼ਾਨ ਹੈ, ਇਕ ਹਰਿਮੰਦਰ ਹੈ। ਗੁਰੂ ਜੀ ਨੇ ਤਾਂ ਸਿੱਖ ਨੂੰ ਗੀਤ ਦਾ ਹੀ ਪ੍ਰਤੀਰੂਪ ਬਣਾ ਦਿਤਾ ਹੈ। ਸਿਮਰਨ ਤਾਂ ਪ੍ਰੇਮ-ਅਕਾਂਖਿਆ ਦਾ ਬਾਰੰਬਾਰ ਦੁਹਰਾਉ ਹੈ। ਇਹ ਤਾਂ ਜੀਵਨ ਦੀ ਸ਼ੁਭ-ਪ੍ਰੇਰਨਾ ਹੈ ਅਤੇ ਜੀਵਨ ਦੀ ਨਿਤ ਵਧਦੀ ਮਿਠਾਸ ਹੈ। ਕੋਈ ਵੀ ਸਿਮਰਨ ਦੀ ਪ੍ਰੇਰਨਾ ਤੋਂ ਬਚ ਨਹੀਂ ਸਕਦਾ। ਇਹ ਤਾਂ ਉਹ ਮਨੋਹਰ ਸ਼ਕਤੀ ਹੈ ਜੋ ਰਾਤ ਦਿਨ ਦੇ ਗੇੜਿਆਂ ਦੇ ਬੇਰਸ ਦੁਹਰਾਉ ਨੂੰ ਰਸਵੰਤ ਤੇ ਮਨੋਹਰ ਬਣਾ ਦਿੰਦੀ ਹੈ। ਇਸ ਵਿਚ ਪ੍ਰੇਮ ਦੀ ਤੜਪ ਭਰੀ ਹੋਈ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਦਾ ਕਥਨ ਹੈ, ''ਸਿਮਰਨ ਤਾਂ ਮਨੁੱਖ ਨੂੰ ਜੀਅ-ਦਾਨ ਦਿੰਦਾ ਹੈ।'' ਸਿਮਰਨ ਤਾਂ ਮਨੁੱਖ ਦੀ ਆਤਮਾ ਤੇ ਵਿਅਕਤੀਤਵ ਦਾ ਸੱਚਾ ਨਿਰਮਾਤਾ ਹੈ ਅਤੇ ਮੌਨ ਰੂਪ ਵਿਚ ਇਸ ਦੀ ਰੇਖ-ਭੇਖ ਨੂੰ ਘੜਨ ਵਾਲਾ ਕਲਾਧਾਰੀ ਹੈ।

ਵੰਡ ਛਕਣਾ

ਆਪਣੀ ਰੋਟੀ-ਰੋਜ਼ੀ, ਘਾਲ-ਕਮਾਈ, ਖ਼ੁਸ਼ੀ, ਪ੍ਰੇਮ ਨੂੰ ਸਭ ਨਾਲ ਸਾਂਝਾ ਕਰਕੇ ਪ੍ਰਭੂ ਦੇ ਅਨੁਭਵ ਨੂੰ ਪ੍ਰਾਪਤ ਕਰਨਾ ਹੀ ਵੰਡ ਛਕਣਾ ਹੈ। ਇਹ ਤਾਂ ਆਪਣੇ ਰਤ ਤੇ ਮਾਸ ਦਾ ਨਾ-ਕੇਵਲ ਮਾਨਵ-ਮਾਤਰ ਨੂੰ, ਸਗੋਂ ਬੁਧ ਤੇ ਈਸਾ ਵਰਗੀਆਂ ਹਸਤੀਆਂ ਨੂੰ ਪ੍ਰੇਮ-ਭੋਜ ਦਾ ਨਿਉਤਾ ਦੇਣਾ ਹੈ। ਇਹ ਤਾਂ ਮਨੁੱਖਤਾ ਤੋਂ ਉਪਰ ਉਠ ਕੇ ਆਪਣੇ ਸਰੀਰਾਂ ਤੋਂ ਉਚੇਰਾ ਹੋ ਕੇ ਉਚੇਰੇ ਮੰਡਲਾਂ ਦੇ ਮਹਾਂ-ਮਾਨਵਾਂ ਨਾਲ ਸਾਂਝ ਪਾਉਣਾ ਹੈ।

ਸਿੱਖੀ ਦਾ ਆਦਰਸ਼ ਤਾਂ ਰਾਜਨੀਤਕ ਅਰਥ-ਸ਼ਾਸਤਰ ਦੇ ਵਿਪਰੀਤ ਹੁੰਦਾ ਹੈ। ਪ੍ਰੇਮ ਦੀ ਬਾਦਸ਼ਾਹਤ ਵਿਚ ਕਿਸੇ ਵੀ ਰਾਜਨੀਤਕ ਆਰਥਿਕਤਾ ਦਾ ਪਹਿਰਾ ਨਹੀਂ ਹੈ। ਮਾਤਾ ਤੇ ਪਿਤਾ ਆਪਣੇ ਬਚਿਆਂ ਦੇ ਆਹਾਰ ਲਈ ਆਪ ਫ਼ਾਕਾ ਝਾਗਦੇ ਹਨ। ਇਹ ਤਾਂ ਆਪਣੇ ਲਈ ਕਿਸੇ ਬਾਦਸ਼ਾਹਤ ਦੀ ਭਾਲ ਕਰਨਾ ਨਹੀਂ, ਸਗੋਂ ਇਹ ਤਾਂ ਅਤਿ ਕੰਗਲੇ ਮਨੁੱਖਾਂ ਨਹੀਂ ਬਾਦਸ਼ਾਹਤ ਪ੍ਰਦਾਨ ਕਰਨ ਦੇ ਸਮਾਨ ਹੈ। ਦਵੈਤ-ਭਾਵ ਅਤੇ ਵਿਤਕਰੇ ਵਾਲੇ ਧਰਮਾਂ ਵਿਚ ਫਾਥੇ ਮਨੁੱਖ ਬਣਨ ਨਾਲੋਂ ਜੰਗਲ ਦੇ ਜਾਨਵਰ ਬਣਨਾ ਚੰਗੇਰਾ ਹੈ। ਜੇ ਕੋਈ ਮਨੁੱਖ ਸਭ ਧਰਮਾਂ ਦੀ ਸਹਿਹੋਂਦ ਬਾਰੇ ਸਹਿਣਸ਼ੀਲ ਹੈ ਤਾਂ ਉਸ ਦੀ ਹਾਲਤ ਤਾਂ ਉਸ ਕੂਕਰ ਦੀ ਨਿਆਈਂ ਹੁੰਦੀ ਹੈ ਜੋ ਹਿੰਦੂ, ਮੁਸਲਮਾਨ, ਈਸਾਈ ਆਦਿ ਸਭ ਦੀ ਪੁਚਕਾਰ ਸੁਣ ਕੇ ਆਪਣੀ ਪੂਛ ਹਿਲਾਉਂਦਾ ਹੈ। ਉਹਨਾਂ ਮਨੁੱਖਾਂ ਨਾਲੋਂ ਤਾਂ ਜਾਨਵਰ ਚੰਗੇ ਹਨ, ਜੋ ਆਪਣੇ ਧਾਰਮਿਕ ਮਤਭੇਦਾਂ ਕਾਰਨ ਇਕ ਦੂਜੇ ਨਾਲ ਘਿਰਣਾ ਕਰਦੇ ਹਨ।

ਉਹਨਾਂ ਜੀਭਾਂ ਦਾ
ਨਾ ਹੋਣਾ ਚੰਗਾ ਹੈ,
ਜੋ ਅਕਾਰਥ ਹੀ
ਪ੍ਰਭੂ ਦਾ ਨਾਮ ਤਾਂ ਰਟਦੀਆਂ ਹਨ ਪਰ
ਅਕਾਰਥ ਹੀ ਪਸ਼ੂ-ਭਾਵਨਾ ਨੂੰ
ਉਤੇਜਿਤ ਕਰਨ ਵਾਲੇ
ਮਨੋਵੇਗਾਂ ਦੀ ਅਗਨੀ ਨੂੰ
ਭੜਕਾਉਂਦੀਆਂ ਹਨ।
ਇਕ ਦੂਜੇ ਨਾਲ ਨਫ਼ਰਤ ਕਰਕੇ
ਜੀਉਂਦੇ ਰਹਿਣ ਨਾਲੋਂ
ਜੰਗ ਵਿਚ ਲੜ ਕੇ
ਮਰ ਜਾਣਾ ਚੰਗੇਰਾ ਹੈ।
ਇਕ ਛਿਣ ਲਈ ਵੀ
ਆਪਣੇ ਤਨ ਤੇ ਆਤਮਾ ਨੂੰ
ਗ਼ੁਲਾਮ ਬਣਾ ਦੇਣ ਨਾਲੋਂ
ਸਮੂਲ ਨਾਸ਼ ਕਰ ਲੈਣਾ
ਚੰਗੇਰਾ ਹੈ।
ਆਪਣੀ ਸੰਤਾਨ ਨੂੰ
ਸੁਤੰਤਰਤਾ ਦੀ ਪਾਤਸ਼ਾਹੀ ਦੀ
ਖ਼ੁਸ਼ੀ ਪ੍ਰਦਾਨ ਕਰਕੇ ਜਾਉ
ਅਤੇ ਉਹਨਾਂ ਨੂੰ ਕਦੀ ਵੀ
ਜਾਇਦਾਦ ਦੀ ਲਾਲਸਾ
ਦਾ ਰੋਗ ਨਾ ਦਿਉ।
ਸਭ ਤੋਂ ਸਰਵੋਤਮ ਨੇਮ
ਤਾਂ ਪ੍ਰੇਮ ਦਾ ਹੀ ਹੈ
ਤੇ ਸਭ ਤੋਂ ਸਰਵੋਤਮ ਸੇਵਾ
ਤਾਂ ਪ੍ਰੇਮ ਦੁਆਰਾ ਕੀਤੀ ਗਈ
ਸੁੱਚੀ ਕਿਰਤ ਹੁੰਦੀ ਹੈ।
ਸਭ ਤੋਂ ਸਰਵੋਤਮ ਵਿਚਾਰ
ਮਨੁੱਖ ਦੀ ਮੁਕਤੀ ਦਾ
ਵਿਚਾਰ ਹੈ।
ਮਨੁੱਖ ਦਾ ਮਨੁੱਖ ਪ੍ਰਤੀ
ਕੀਤਾ ਗਿਆ ਨਿਆਂ ਤਾਂ
ਨਿਰ-ਸੁਆਰਥ ਹੋਣਾ ਹੀ ਹੈ।

ਸਭ ਤੋਂ ਸਰਵੋਤਮ ਸ਼ਿਸ਼ਟਾਚਾਰ
ਨਿਰੰਤਰ ਰੂਪ ਵਿਚ
ਆਪਣੇ ਨਿਜ ਨੂੰ
ਦੂਜਿਆਂ ਤਾਈਂ ਵੰਡਣਾ
ਅਤੇ ਨਿਰੰਤਰ ਖਿਮਾਂ
ਕਰਨ ਵਿਚ ਹੈ।
ਸਰਵੋਤਮ ਨੈਤਿਕਤਾ
ਆਦਰਸ਼-ਸੁੰਦਰਤਾ ਦੇ ਪ੍ਰੇਮ ਵਿਚ
ਪਿਘਲ ਜਾਣਾ ਹੈ।
ਤੁਹਾਡਾ ਸਭ ਕੁਝ
ਉਸ ਦਾ ਹੋਣਾ ਚਾਹੀਦਾ ਹੈ
ਜਿਸ ਨੂੰ ਕਿ ਇਸ ਦੀ
ਸਭ ਤੋਂ ਵਧੇਰੇ ਲੋੜ ਹੈ।

ਜਦੋਂ ਆਲੇ ਦੁਆਲੇ ਦੁਖ ਹੀ ਦੁਖ ਹੋਣ ਤਾਂ ਇਕ ਸ਼ਿਸ਼ਟਾਚਾਰੀ ਤੇ ਸਾਂਸਕ੍ਰਿਤਿਕ ਮਨੁੱਖ ਲਈ ਆਪਣੇ ਗਿਰਦੇ ਸੰਪਤੀ ਜੋੜਨਾ ਇਕ ਵੱਡਾ ਮਨੁੱਖੀ ਭਾਰ ਹੁੰਦਾ ਹੈ। ਅਮੀਰ ਤੇ ਸ਼ਹਿਜ਼ਾਦੀਆਂ ਉਦੋਂ ਕਿਵੇਂ ਆਰਾਮ ਨਾਲ ਸੌਂ ਸਕਦੀਆਂ ਹਨ, ਜਦੋਂ ਕਿ ਉਹਨਾਂ ਦੇ ਆਲੇ ਦੁਆਲੇ ਦੁਧੋਂ ਸਖਣੀਆਂ ਛਾਤੀਆਂ ਨੂੰ ਭੁਖੇ ਭਾਣੇ ਬਾਲ ਵਿਲਕ ਵਿਲਕ ਕੇ ਚੁੰਘ ਰਹੇ ਹੋਣ ? ਮਨੁੱਖ ਅੰਦਰ ਉਦੋਂ ਸੱਚਾ ਧਰਮ ਕਦੋਂ ਜਾਗ ਸਕਦਾ ਹੈ ਜਦੋਂ ਕਿ ਜ਼ੋਰਾਵਰ ਕਾਤਲ ਗ਼ਰੀਬਾਂ ਦਾ ਖ਼ੂਨ ਵੀਟ ਰਿਹਾ ਹੁੰਦਾ ਹੈ ? ਕੋਈ ਵੀ ਜਾਤੀ ਉਦੋਂ ਤਕ ਆਪਣੇ ਆਪ ਨੂੰ ਸਭਿਆ ਹੋਣ ਦਾ ਦਾਅਵਾ ਕਿਵੇਂ ਕਰ ਸਕਦੀ ਹੈ ਜਦੋਂ ਕਿ ਦੂਜੀਆਂ ਜਾਤੀਆਂ ਦੇ ਜੇਤੂ ਲੋਕ ਦੂਜੀਆਂ ਕੌਮਾਂ ਦਾ ਜਾਨਵਰਾਂ ਵਾਂਗ ਸ਼ਿਕਾਰ ਕਰ ਰਹੇ ਹੋਣ ?

ਸੰਜੋਗ ਅਵਸਥਾ ਤਾਂ
ਆਤਮਾ ਦੀ ਹੁੰਦੀ ਹੈ
ਨਾ ਕਿ ਤਨ ਤੇ ਮਨ ਦੀ
ਇਹ ਸੰਚਾਰ ਤਾਂ,
ਪੂਰਨਤਾ ਦੇ ਮਾਰਗ ਉਤੇ
ਸਰਾਂ ਦੀ ਨਿਆਈਂ ਹੈ।

# ਸਿੱਖ ਇਤਿਹਾਸ, ਧਰਮ, ਕਿਰਤੀ ਤੇ ਪ੍ਰੇਮ

ਸਿੱਖ ਇਤਿਹਾਸ ਸੰਪੂਰਨਤਾ ਤਕ ਪਹੁੰਚ ਚੁਕੇ ਪੁਰਖ ਦੁਆਲੇ ਘੁੰਮਦਾ ਹੈ। ਸਾਰਾ ਜਨ-ਸਮੂਹ ਗੁਰੂ ਨੂੰ 'ਸੱਚਾ ਪਾਤਸ਼ਾਹ' ਕਹਿ ਕੇ ਸੰਬੋਧਨ ਕਰਦਾ ਹੈ। 300 ਸਾਲ ਪਿਛੋਂ ਅਸੀਂ ਇੰਗਲੈਂਡ ਦੇ ਇਕ ਹੋਰ ਪਰਮ ਅੰਤਰ-ਦ੍ਰਿਸ਼ਟੀ ਰਖਣ ਵਾਲੇ ਪੁਰਖ ਕਾਰਲਾਇਲ ਨੂੰ ਵੇਖਦੇ ਹਾਂ, ਜੋ ਸਮੁਚੇ ਤੌਰ 'ਤੇ ਸਾਰੇ ਪਛਮੀ ਜਗਤ ਦਾ ਹੀ ਪ੍ਰਤੀਨਿਧ ਪ੍ਰਵਕਤਾ ਹੈ। ਇਸ ਮਹਾਨ ਦ੍ਰਿਸ਼ਟੇਤਾ ਨੇ ਉਦਾਤ ਸਾਹਿਤ ਦੇ ਸੰਪੂਰਨ ਪੁਸਤਕ-ਭੰਡਾਰ ਨੂੰ ਆਲੋਚਨਾਤਮਕ ਤੌਰ 'ਤੇ ਇਕੱਤਰ ਕਰਕੇ ਇਸ ਦੀ ਉਸੇ ਮੂਲ ਤੱਤ ਅਰਥਾਤ ਸਿੱਖ ਵਿਅਕਤੀਤਵ ਅਨੁਸਾਰ ਪੁਸ਼ਟੀ ਕਰ ਦਿਤੀ ਹੈ ਜਿਸ ਆਦਰਸ਼ ਨੂੰ ਕਿ 300 ਸਾਲ ਪਹਿਲਾਂ ਪੰਜਾਬ ਦੇ ਅਨਪੜ੍ਹ ਸਿੱਖ ਕਿਰਸਾਨੀ ਨੇ ਅਪਣਾਇਆ ਸੀ। ਸਿੱਖ ਗੁਰੂ ਸਾਹਿਬਾਨ ਦੇ ਵਿਅਕਤੀਤਵ ਵਿਚ ਕੋਈ ਗੱਲ ਚਾਣਚਕ ਨਹੀਂ ਘਟੀ। ਗੁਰੂ ਜੀ ਦਾ ਜਗਮਗਾਂਦਾ ਆਦਰਸ਼ ਤਾਂ ਆਕਾਸ਼ ਤੋਂ ਹੀ ਅਵਤਰਤ ਹੋਇਆ ਹੈ।

ਆਧੁਨਿਕ ਮਾਨਸਿਕਤਾ ਦੀ ਪ੍ਰਤੀਨਿਧਤਾ ਪਛਮ ਦੇ ਕਾਰਲਾਇਲ, ਗੋਇਟੇ ਤੇ ਵਿਟਮੈਨ ਵਰਗੇ ਮਹਾਨ ਲੇਖਕ ਕਰਦੇ ਹਨ। ਇਹਨਾਂ ਨੇ ਸਮੁੱਚੇ ਬ੍ਰਹਿਮੰਡ ਵਿਚ ਮਨੁੱਖ ਦੀ ਆਤਮਕ-ਦ੍ਰਿਸ਼ਟੀ ਦੇ ਮੰਡਲ ਦੇ ਸਥਾਨ ਨੂੰ ਸੁਨਿਸ਼ਚਿਤ ਕਰਨ ਦਾ ਯਤਨ ਕੀਤਾ ਹੈ। ਸਿੱਖ ਇਤਿਹਾਸ ਤੇ ਗੁਰੂ ਗਰੰਥ ਸਾਹਿਬ ਦਾ ਡੂੰਘੇਰਾ, ਗਹਿਰ-ਗੰਭੀਰ ਤੇ ਸੁਹਿਰਦ ਅਧਿਐਨ ਇਹਨਾਂ ਮਹਾਨ-ਭਾਵੀ ਲੇਖਕਾਂ ਦੇ ਸ਼ਕਤੀਵਰ ਦ੍ਰਿਸ਼ਟੀਕੋਣ ਦੀ ਸੱਚਾਈ ਨੂੰ ਪ੍ਰਗਟ ਕਰ ਦੇਵੇਗਾ ਕਿ ਕਿਵੇਂ ਦਸ ਗੁਰੂ ਸਾਹਿਬਾਨ ਨੇ ਸੰਸਾਰ ਦੇ ਆਧੁਨਿਕ ਰਿਸ਼ਤਿਆਂ ਵਿਚ ਨਵਾਂ ਮਾਰਗ ਰੌਸ਼ਨ ਕੀਤਾ ਹੈ। ਆਧੁਨਿਕ ਮਾਨਸਿਕਤਾ ਦੀਆਂ ਮੂਲ-ਭੂਤ ਪ੍ਰਵਿਰਤੀਆਂ ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਿਰਜੇ ਗਏ ਨਵੇਂ ਸ਼ਬਦਾਂ ਤੇ ਉਕਤੀਆਂ (ਪਦਾਂ ਤੇ ਸੂਕਤੀਆਂ) ਦੁਆਰਾ ਦ੍ਰਿਸ਼ਟੀਗੋਚਰ ਹੋ ਜਾਂਦੀਆਂ ਹਨ। ਪ੍ਰੇਮ ਦੇ ਇਸ ਨਿਰਅੱਖਰ ਅਤੇ ਅਨਪੜ੍ਹ ਕਿਰਤੀ-ਵਰਗ ਅਰਥਾਤ ਸਿੱਖਾਂ ਤੇ ਉਹਨਾਂ ਦੇ ਹਾਲੀ ਤਕ ਅਪ੍ਰਤੱਖ ਤੇ ਭਵਿੱਖ ਵਿਚ ਸਾਕਾਰ ਹੋਣ ਵਾਲੇ ਆਦਰਸ਼ਾਂ ਵਿਚ, ਭਵਿੱਖ ਵਿਚ ਪ੍ਰਗਟ ਹੋਣ ਵਾਲੇ ਵਿਸ਼ਵ-ਮਨੁੱਖ ਬਾਰੇ ਭਵਿੱਖਬਾਣੀ ਕੀਤੀ ਗਈ ਹੈ ਜਾਂ ਦੂਜੇ ਸ਼ਬਦਾਂ ਵਿਚ ਉਸ ਵਿਸ਼ਵ-ਮਨੁੱਖ ਦੇ ਚਿਹਨ-ਚੱਕਰਾਂ ਤੇ ਰੇਖ-ਭੇਖ ਵਲ ਸੰਕੇਤ ਕੀਤੇ ਗਏ ਹਨ। ਕਾਰਲਾਇਲ ਦਾ ਕਥਨ ਹੈ ਕਿ "ਮੈਨੂੰ ਉਸ ਸਰਵੁਚ ਪਾਤਸ਼ਾਹ (True Konig King) ਅਤੇ ਸਮਰਥ ਪੁਰਖ ਦੇ ਦਰਸ਼ਨ ਕਰਵਾ ਦਿਉ, ਉਸ ਦਾ ਮੇਰੇ ਉਤੇ ਦੈਵੀ ਤੇ ਛਤਰ-ਅਧਿਕਾਰ ਹੋਵੇਗਾ।" ਗੁਰੂ ਗਰੰਥ ਦੀ ਬਾਣੀ ਦੀ ਵੀ ਇਹੋ ਹੀ ਮੁਖ ਧੁਨੀ ਹੈ, "ਮੈਨੂੰ ਇਕ ਗੁਰਮੁਖ ਨੂੰ

ਢੂੰਡ ਕੇ ਲਿਆ ਦਿਉ, ਉਸ ਦਾ ਮੇਰੇ ਉਤੇ ਦੈਵੀ ਅਧਿਕਾਰ ਹੋਵੇਗਾ।'' ਇਸੇ ਵਿਚਾਰ-ਸੰਕਲਪ ਨੂੰ ਗੁਰਬਾਣੀ ਵਿਚ ਸਹੰਸਰ ਵਾਰ ਦੁਹਰਾਇਆ ਗਿਆ ਹੈ ਤਾਂ ਜੋ ਇਸ ਦੀ ਸਪਸ਼ਟਤਾ ਬਾਰੇ ਕੋਈ ਸ਼ੰਕਾ ਜਾਂ ਪ੍ਰਸ਼ਨ ਦੀ ਸੰਭਾਵਨਾ ਨਾ ਰਹੇ। ਜਦੋਂ ਗੁਰੂ ਨਾਨਕ ਸਾਹਿਬ ਜੀ ਆਪਣੀਆਂ ਉਦਾਸੀਆਂ ਵਿਚ ਭ੍ਰਮਣ ਕਰ ਰਹੇ ਸਨ ਤਾਂ ਉਦੋਂ ਆਪ ਜੀ ਤੋਂ ਇਹ ਪੁਛਿਆ ਗਿਆ ਕਿ ਆਪ ਉਦਾਸੀ ਦੇ ਭੇਖ ਵਿਚ ਕਿਸ ਦੀ ਭਾਲ ਕਰ ਰਹੇ ਹੋ, ਤਾਂ ਆਪ ਜੀ ਦਾ ਉਤਰ ਸੀ, ''ਮੈਂ ਪ੍ਰਭੂ ਪ੍ਰੀਤਮ ਦੇ ਸੱਚੇ ਮਨੁੱਖ ਅਰਥਾਤ ਗੁਰਮੁਖ ਦੀ ਭਾਲ ਕਰ ਰਿਹਾ ਹਾਂ।'' ਪ੍ਰਭੂ ਕੀ ਹੈ ? ਇਸ ਪੁਛ ਦੇ ਉਤਰ ਵਜੋਂ ਗੁਰੂ ਜੀ ਜਾਂ ਤਾਂ ਬਾਣੀ ਦੇ ਕਿਸੇ ਸ਼ਬਦ ਦਾ ਗਾਇਨ ਕਰਨ ਲਗ ਪੈਂਦੇ ਹਨ ਜਾਂ ਫਿਰ ਮੁਸਕਰਾ ਪੈਂਦੇ ਹਨ ਅਤੇ ਪ੍ਰਸ਼ਨ-ਕਰਤਾ ਵਲ ਮਿਹਰ ਦੀ ਨਿਗਾਹ ਨਾਲ ਤੱਕ ਕੇ ਉਸ ਨੂੰ ਨਦਰਿ-ਨਿਹਾਲ ਕਰ ਦਿੰਦੇ ਹਨ। ਆਪ ਪ੍ਰਸ਼ਨ-ਕਰਤਾ ਦੀ ਚੇਤਨਾ ਵਿਚ ਉਸ ਨਿੰਮ੍ਹੀ-ਅਗਨੀ ਨੂੰ ਪ੍ਰਜਵਲਿਤ ਕਰ ਦਿੰਦੇ ਹਨ ਜਿਸ ਨੂੰ ਉਸ ਸਮੇਂ ਉਹ ਆਪ ਵੀ ਜਾਣ ਨਹੀਂ ਸਕਦਾ। ਕਾਰਲਾਇਲ ਦੇ ਸ਼ਬਦਾਂ ਵਿਚ ਇਹ ਪ੍ਰਜਵਲਿਤ ਕੀਤੀ ਗਈ ਅਗਨੀ ਬੜੀ ਵਿਸਮਾਦ-ਜਨਕ ਤੇ ਅਨਾਮ ਹੁੰਦੀ ਹੈ। ਇਹ ਅਨੁਭਵ ਧੀਰੇ ਧੀਰੇ ਉਸ ਮਨੁੱਖ ਦੇ ਅੰਤਹਿਕਰਣ ਵਿਚ ਵਿਕਸਿਤ ਹੁੰਦਾ ਰਹਿੰਦਾ ਹੈ ਅਤੇ ਉਸ ਦੇ ਆਪਣੇ ਵਿਅਕਤੀਤਵ ਵਿਚ ਸਾਰੀ ਸ੍ਰਿਸ਼ਟੀ ਲਈ ਇਕ ਐਸੀ ਅਦੁਤੀ ਸਾਂਝ ਦੀ ਭਾਵਨਾ ਵਿਚ ਉਜਾਗਰ ਹੁੰਦਾ ਹੈ ਕਿ ਇਸ ਰਾਹੀਂ ਸ੍ਰਿਸ਼ਟੀ ਦੇ ਕਰਤਾ-ਪੁਰਖ ਲਈ ਨਿਜੀ ਪ੍ਰੇਮ ਦੀ ਬਲਵਾਨ ਭਾਵਨਾ ਜਾਗ ਉਠਦੀ ਹੈ। ਕੇਵਲ ਮੂੰਹ ਜ਼ਬਾਨੀ ਇਹ ਪ੍ਰਚਾਰ ਕਰਨਾ ਕਿ ਪ੍ਰਭੂ ਇਹ ਹੈ, ਪ੍ਰਭੂ ਉਹ ਹੈ ਅਤੇ ਇਸ ਵਰਣਨ-ਰਹਿਤ ਬਾਰੇ ਗੱਲ-ਕੱਥ ਕਰੀ ਜਾਣਾ, ਭਾਸ਼ਣ ਤੇ ਵਿਖਿਆਨ ਕਰਨਾ ਆਦਿ ਸਭ ਗਤਕੇਬਾਜ਼ੀ ਵਾਲੀਆਂ ਚਤੁੱਰ ਖੇਡਾਂ, ਦਲੀਲਾਂ ਤੇ ਛਛੋਰੀਆਂ ਗੱਲਾਂ ਹਨ। ਗੁਰੂ ਜੀ ਤਾਂ ਇਥੋਂ ਤਕ ਕਹਿੰਦੇ ਹਨ, ''ਇਹਨਾਂ ਬਾਰੇ ਕਥਨ ਕਰਨ ਵਾਲੀ ਰਸਨਾ ਜਲ ਜਾਵੇ।'' ਗੁਰੂ ਗਰੰਥ ਸਾਹਿਬ ਵਿਚ ਗੁਰੂ ਜੀ ਨੇ ਇਸ ਵਰਤਾਰੇ ਦੇ ਪ੍ਰਤੱਖ ਪ੍ਰਮਾਣ ਨੂੰ ਹੀ ਪ੍ਰਦਰਸ਼ਿਤ ਕੀਤਾ ਹੈ ਅਤੇ ਇਸ ਦੇ ਉਦਾਹਰਣ ਆਪਣੇ ਅੰਤਹਿਕਰਣ ਦੀ ਅੰਤਰ-ਪ੍ਰੇਰਨਾ ਦੁਆਰਾ ਸਿਧ ਕੀਤੇ ਹਨ। ਆਪ ਦਾ ਕਥਨ ਹੈ, ''ਗੁਰੂ, ਗੁਰਮੁਖ ਅਤੇ ਸੰਤ-ਜਨਾਂ ਤੋਂ ਬਿਨਾਂ ਅੰਤਰ-ਪ੍ਰੇਰਨਾ ਤੇ ਪ੍ਰਭੂ-ਪ੍ਰੀਤਮ ਨਾਲ ਇਸ ਪੈਣ ਵਾਲੇ ਰਿਸ਼ਤੇ ਦੇ ਨਿਜੀ ਵਰਤਾਰੇ ਬਾਰੇ ਕੋਈ ਗੱਲ ਕਰਨੀ ਜਾਂ ਇਹਨਾਂ ਪਦਾਂ ਦੀ ਵਿਆਖਿਆ ਕਰਨ ਦਾ ਯਤਨ ਕਰਨਾ ਨਿਰਾਰਥਕ ਹੀ ਹੁੰਦਾ ਹੈ। ਕੋਈ ਵੀ ਵਿਅਕਤੀ ਆਪਣੇ ਆਪ ਉਸ ਅਨੁਪਮ ਦੈਵੀ ਆਵੇਸ਼ ਦੀ ਆਤਮਕ ਅਵਸਥਾ ਤਕ ਨਹੀਂ ਪੁਜ ਸਕਦਾ, ਜਿਥੇ ਪਹੁੰਚ ਕੇ ਗੁਰੂ, ਗੁਰਮੁਖ ਜਾਂ ਸੰਤ-ਪੁਰਸ਼ ਇਕ ਮਿਹਰ ਦੀ ਤੱਕਣੀ ਦੁਆਰਾ ਆਤਮਾ ਨੂੰ ਬੰਧਨ-ਮੁਕਤ ਕਰ ਦਿੰਦੇ ਹਨ।

ਮਨੁੱਖੀ ਇਤਿਹਾਸ ਵਿਚ ਦਸ ਗੁਰੂ ਸਾਹਿਬਾਨ ਉਹ ਪਹਿਲੇ ਪਰਮ ਪੁਰਖ ਹਨ, ਜਿਨ੍ਹਾਂ ਨੇ ਇਸ ਵਿਚਾਰ-ਸੰਕਲਪ ਨੂੰ ਸਭ ਤੋਂ ਪਹਿਲਾਂ ਪ੍ਰਸਤੁਤ ਕੀਤਾ। ਜੋ ਪਿਛੋਂ ਜਾ ਕੇ ਤੁਲਨਾਤਮਕ ਧਰਮ-ਸ਼ਾਸਤਰ ਦੇ ਰੂਪ ਵਿਚ ਵਿਕਸਿਤ ਹੋਇਆ।

ੁ ਸਾਹਿਬ ਤਾਂ ਆਪਣੀ ਨਿਖੜਵੀਂ ਵਿਸ਼ੇਸ਼ ਧੁਨੀ ਵਿਚ ਇਸ ਗੱਲ ਦਾ ਐਲਾਨ ਦੇ ਹਨ ਕਿ 'ਰਾਮ' ਤੇ 'ਰਹੀਮ' ਇਕ ਹਨ। 'ਫਰੰਗੀ', 'ਤੁਰਕ', 'ਹਿੰਦੂ' 'ਮੁਸਲਮਾਨ' ਸਭ ਤੋਂ ਪਹਿਲਾਂ ਮਨੁੱਖ ਹਨ, ਫਿਰ ਹੋਰ ਕੁਝ। ਅੰਤਰੀਵ ਮਨੁੱਖ, ਵੇਂ ਉਹ ਪੂਰਬ ਦਾ ਹੋਵੇ ਜਾਂ ਪਛਮ ਦਾ ਇਕ ਦੂਜੇ ਤੋਂ ਭਿੰਨ ਨਹੀਂ ਹੈ। ਸਾਰੇ ਤਰ ਤੇ ਭੇਦ ਭੂਗੋਲਿਕ ਸੰਜੋਗਵਸ ਉਪਜੇ, ਵਿਰਸੇਗਤ ਪਰੰਪਰਾ ਤੇ ਵਿਅਕਤੀ ਸ਼ੇਸ਼ ਦੀਆਂ ਰੁਚੀਆਂ ਅਤੇ ਵਿਸ਼ੇਸ਼ ਮਾਨਸਿਕ ਰੂਪ ਦੇ ਪੂਰਵ-ਸੰਸਕਾਰਾਂ ਦੇ ਰਨ ਉਤਪੰਨ ਹੁੰਦੇ ਹਨ। ਸਾਰੀ ਮਨੁੱਖਤਾਂ ਦਾ ਤਾਂ ਇਕੋ ਹੀ ਧਰਮ ਹੈ ਕਿ ਤ ਸਿਧਾ-ਸਾਦਾ ਅਜਿਹਾ ਜੀਵਨ ਬਤੀਤ ਕਰਦੇ ਹੋਏ ਉਪਰ ਪ੍ਰਭੂ-ਪ੍ਰੀਤਮ ਵਲ ਦੇ ਰਹਿਣ ਅਤੇ ਪ੍ਰਭੂ-ਪ੍ਰੀਤਮ ਦੀ ਪ੍ਰੇਮ-ਭਾਵਨਾ ਦੀ ਦੈਵੀ-ਪ੍ਰੇਰਨਾ ਲਈ ਆਪਣੀ ਤਮਾ ਦੇ ਸਾਰੇ ਭਿੱਤਾਂ ਨੂੰ ਖੋਲ੍ਹ ਕੇ ਰਖਣ। ਪ੍ਰਭੂ ਤਾਂ ਪ੍ਰੇਮ ਹੈ। ਜੀਵਨ ਤਾਂ ਣਾ ਤੇ ਹਮਦਰਦੀ ਦੀ ਭਾਵਨਾ ਵਿਚ ਵਿਚਰਨਾ ਹੁੰਦਾ ਹੈ। ਗੁਰੂ ਜੀ ਨੇ ਕੇ 5 ਇਹ ਉਪਰੋਕਤ ਗੱਲਾਂ ਜ਼ਬਾਨੀ-ਕਲਾਮੀ ਨਹੀਂ ਕੀਤੀਆਂ, ਸਗੋਂ ਉਹਨਾਂ ਇਕ ਜੇਹੀ ਮਨੁੱਖ ਜਾਤੀ ਦਾ ਨਿਰਮਾਣ ਕੀਤਾ ਹੈ, ਜਿਸ ਨੇ ਅਜਿਹੇ ਸਾਰੇ ਮਤਭੇ ਨੂੰ ਰੱਦ ਕਰਕੇ ਅਸ੍ਵੀਕਾਰ ਕਰ ਦਿਤਾ। ਇਹੋ ਹੀ ਅਗਾਮੀ ਭਵਿੱਖ ਦੀ ਨਵਤਾ ਹੈ, ਜੋ ਹਾਲੀ ਆਪਣੀ ਗਰਭਾਸ ਅਵਸਥਾ ਵਿਚ ਹੈ ਅਤੇ ਜੇ ਕੋਈ ਜੇਹੀ ਮਾਨਵਤਾ ਹਾਲੀ ਹੋਂਦ ਵਿਚ ਨਹੀਂ ਆ ਸਕੀ ਤਾਂ ਇਹ ਨਿਕਟ ਭਵਿੱਖ ਚ ਪ੍ਰਗਟ ਹੋਣ ਵਾਲੀ ਹੈ। ਪਰੇ ਦੂਰ ਤੱਕੋ ! ਤੁਹਾਡੇ ਸਨਮੁਖ ਗੁਰੂ ਜੀ ਦੀ ਵ-ਆਤਮਾ ਨੇ ਇਸ ਮਾਨਵਤਾ ਦਾ ਸੰਕਲਪ ਸਿਰਜ ਦਿਤਾ ਹੈ, ਇਸ ਪ੍ਰਤੀ ਦ੍ਰਿੜ੍ਹ ਇਛਾ-ਸ਼ਕਤੀ ਨੂੰ ਪ੍ਰਗਟਾਇਆ ਹੈ ਅਤੇ ਗਗਨ-ਮੰਡਲ ਵਿਚ ਤਾਂ ਇਹ ਮ ਵੀ ਧਾਰ ਚੁੱਕੀ ਹੈ। ਭਾਵੇਂ ਸੂਰਜ ਅਸਤ ਹੋ ਜਾਵੇ, ਚੰਦਰਮਾ ਵੀ ਲੋਪ ਜਾਵੇ, ਸਭ ਕੁਝ ਦਾ ਆਭਾਵ ਹੋ ਜਾਵੇ, ਫਿਰ ਵੀ 'ਸਾਧ-ਬਚਨ ਅਟਲਾਧਾ' ਤਾ ਹੈ ਅਤੇ ਇਸ ਨੂੰ ਜ਼ਰੂਰ ਫਲ ਲਗਦਾ ਹੈ। ਆਪਣੇ ਸਾਰੇ ਬਾਣੀ ਦੇ ਸ਼ਬਦਾਂ ਚ ਗੁਰੂ ਜੀ ਵਾਰ ਵਾਰ ਇਹ ਐਲਾਨ ਕਰਦੇ ਹਨ ਕਿ 'ਭਾਵਨਾ ਹੀ ਸਰਬ-ਰਥ ਅਤੇ ਸਰਬ-ਸ਼ਕਤੀਮਾਨ ਹੁੰਦੀ ਹੈ।' ਇਸੇ ਗੱਲ ਨੂੰ ਆਪ ਸਹੰਸਰ ਵਾਰ ਹਰਾਉਂਦੇ ਹਨ। ਗੁਰੂ ਗੋਬਿੰਦ ਸਿੰਘ ਜੀ ਦਾ ਮਹਾਂਵਾਕ ਹੈ "ਪ੍ਰਭੂ-ਪ੍ਰੀਤਮ ਪ੍ਰਤੀ ਹੋਰਦ ਭਾਵਨਾ ਰਖਣ ਤੋਂ ਬਿਨਾਂ ਪ੍ਰਭੂ-ਪ੍ਰੀਤਮ ਤਕ ਕਿਵੇਂ ਪਹੁੰਚਿਆ ਜਾ ਸਕਦਾ ?"

ਪੰਜਾਬ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਜਿਸ ਖ਼ਾਲਸੇ ਦੀ ਸਿਰਜਣਾ ਤੀ, ਉਸ ਵਿਚੋਂ ਅਸੀਂ ਅਤਿ-ਅਧਿਕ ਆਧੁਨਿਕ ਪ੍ਰਵਿਰਤੀਆਂ ਨੂੰ ਲਭ ਸਕਦੇ । ਸਾਡੇ ਵਿਚੋਂ ਕੁਝ ਵਿਅਕਤੀ ਗੁਰੂ ਗੋਬਿੰਦ ਸਿੰਘ ਦੇ ਸਿਰਜੇ ਹੋਏ ਖ਼ਾਲਸੇ ਚੋਂ ਉਸ ਰਾਜ ਤੇ ਸਮਾਜ ਦੇ ਭਵਿੱਖਾਰਥੀ ਉਹਨਾਂ ਲਕਸ਼ਾਂ ਨੂੰ ਵੇਖਦੇ ਹਨ, ਜਿਨ੍ਹਾਂ ਆਰਾ ਸਮਾਜਵਾਦੀ ਸਮਾਜ ਦੀ ਸਥਾਪਨਾ ਦਾ ਆਰੰਭ ਕੀਤਾ ਜਾ ਸਕਦਾ ਹੈ। ਤ ਇਸ ਸਭ ਵਿਚੋਂ ਤਾਂ ਗੁਰੂ ਸਾਹਿਬ ਦੇ ਦ੍ਰਿਸ਼ਟੀਕੋਣ ਦੀ ਵਿਸ਼ਾਲਤਾ ਹੀ ਪ੍ਰਗਟ ਤੀ ਹੈ, ਨਾ ਕਿ ਇਹ ਸਿਟਾ ਨਿਕਲਦਾ ਹੈ ਕਿ ਗੁਰੂ ਸਾਹਿਬ ਨੇ ਖ਼ਾਲਸੇ ਦੇ

ਆਦਰਸ਼ ਰਾਜ ਰਾਹੀਂ ਕਿਸੇ ਸਮਾਜਵਾਦੀ ਸਮਾਜ ਦੀ ਰੂਪ ਰੇਖਾ ਨੂੰ ਉਲੀਕਿਆ ਸੀ। ਗੁਰੂ ਸਾਹਿਬ ਨੇ ਤਾਂ ਇਸ ਸਮਾਜ ਨੂੰ ਮਨੁੱਖ ਦੀ ਭਲਿਆਈ ਦ ਮਹੱਤਵਪੂਰਨ ਪ੍ਰਵਿਰਤੀ ਅਰਥਾਤ ਪ੍ਰੇਮ ਉਤੇ ਆਧਾਰ ਰਖ ਕੇ ਹੀ ਸਥਾਪਿਤ ਕਰ ਦਾ ਯਤਨ ਕੀਤਾ ਹੈ। ਬਾਕੀ ਹੋਰ ਸਾਰੇ ਪ੍ਰਬੰਧਕੀ ਮਸਲੇ ਤੇ ਪਰਿਵਰਤਨ ਤ ਦੂਜੇ ਦਰਜੇ ਦੀ ਮਹੱਤਤਾ ਦੇ ਧਾਰਨੀ ਹਨ, ਜਿਨ੍ਹਾਂ ਦੁਆਰਾ ਸਮਾਜਕ ਪੁਨਰ ਨਿਰਮਾਣ ਦੇ ਮਸ਼ੀਨੀ ਜਾਂ ਭੌਤਿਕ ਯਤਨ ਕੀਤੇ ਜਾਂਦੇ ਹਨ, ਤਾਂ ਜੋ ਅਜਿਹੇ ਸਮਾ ਦੀ ਸਿਰਜਣਾ ਕੀਤੀ ਜਾ ਸਕੇ। ਆਧੁਨਿਕ ਮਾਨਵਤਾ ਤਾਂ ਹਾਲੀ ਇਸ ਸੰਬੰਧ ਵਿ ਖ਼ਮੀਰ ਬਣਾਉਣ ਅਰਥਾਤ ਇਸ ਬੰਨੇ ਨੂੰ ਵਿਕਸਿਤ ਹੋਣ ਵਾਲੀ ਪਰਿਵਰਤਨਸ਼ੀਲ ਦਸ਼ਾ ਵਿਚ ਹੀ ਹੈ। ਸਮਾਜਕ ਪੁਨਰ-ਨਿਰਮਾਣ ਦੇ ਸੰਬੰਧ ਵਿਚ ਜਿਹੜਾ ਆਦਰ ਹਾਲੀ ਵੀ ਗਤੀਸ਼ੀਲ ਸਿਧ ਹੋ ਸਕਦਾ ਹੈ, ਉਸ ਸੰਬੰਧ ਵਿਚ ਸਾਨੂੰ ਗੁਰੂ ਜ ਦੇ ਆਦਰਸ਼ਾਂ ਨੂੰ ਪ੍ਰਮਾਣ ਰੂਪ ਵਿਚ ਪ੍ਰਵਾਨ ਕਰ ਲੈਣਾ ਚਾਹੀਦਾ ਹੈ।

ਇਹ ਗੱਲ ਮਹੱਤਵਪੂਰਨ ਹੈ ਕਿ ਗੁਰੂ ਸਾਹਿਬ ਦੇ ਵਿਅਕਤੀਤਵ ਵਿ ਉਹ ਸਾਰੇ ਕਲਾਧਾਰੀ ਨਾਇਕ ਆ ਸਮਾਉਂਦੇ ਹਨ, ਜਿਨ੍ਹਾਂ ਦਾ ਵਰਣ ਕਾਰਲਾਇਲ ਨੇ ਆਪਣੀ ਪੁਸਤਕ 'ਕਲਾ ਤੇ ਕਲਾਧਾਰੀ ਪੂਜਾ' ਵਿਚ ਕੀਤਾ ਹੈ ਗੁਰੂ ਸਾਹਿਬ ਦੇ ਵਿਅਕਤੀਤਵ ਵਿਚ ਓਡਨ, ਮੁਹੰਮਦ ਤੇ ਕਰੌਮਹੈਲ ਸਭ ਰਲ ਗਡ ਹੋ ਗਏ ਹਨ। ਗੁਰੂ ਸਾਹਿਬ ਤਾਂ ਗਿਆਨਦਾਤਾ, ਸਾਹਿਤ-ਸਿਰਜਕ ਅ ਪ੍ਰਭੂ ਸਰੂਪ ਹਨ। ਆਪ ਦੇ ਦੁਆਲੇ ਧੁੰਦਲਾ ਅਤੀਤ ਅਤੇ ਅਗਿਆਤ ਭਵਿੱ ਘੁੰਮਰ ਪਾ ਰਿਹਾ ਹੈ। ਕਾਰਲਾਇਲ ਆਪਣੀ ਰਚਨਾ ਦੇ ਆਦਰਸ਼ ਪਾਤਸ਼ਾਹ ਤੋ ਸਭ ਪ੍ਰਕਾਰ ਦੇ ਕਲਾਧਾਰੀ ਨਾਇਕਾਂ ਨੂੰ ਗੁਰੂ ਸਾਹਿਬ ਦੇ ਸਿੱਖਾਂ ਵਿਚੋਂ ਲ ਸਕਦਾ ਸੀ।

ਮਨੁੱਖੀ ਚੇਤੰਨਤਾ ਦੇ ਦੁਆਲੇ ਵਹਿਮਾਂ-ਭਰਮਾਂ ਦਾ ਜਾਲ ਇਸ ਤਰ੍ ਘਨੇਰੀ ਭਾਂਤ ਤਣਿਆ ਰਿਹਾ ਹੈ ਕਿ ਕੇਵਲ ਉਦਾਸੀ ਤੇ ਉਪਰਾਮਤਾ ਦਾ ਪ੍ਰਚਾ ਲੋਕ-ਆਤਮਾ ਨੂੰ ਸਿਧੇ-ਸਾਦੇ ਕੁਦਰਤੀ ਜੀਵਨ ਨੂੰ ਬਤੀਤ ਕਰਨ ਲਈ ਪ੍ਰੇਰ ਦੇਣ ਦੇ ਅਸਮਰਥ ਸੀ। ਜੋ ਵਿਸਮਾਦ-ਜਨਕ ਅਨਾਮ-ਪ੍ਰਭੂ ਦੀ ਆਤਮਕ ਚੇਤੰਨਤ ਵਿਚ ਗੂੜ੍ਹੀ ਤਰ੍ਹਾਂ ਰੰਗਿਆ ਹੋਇਆ ਹੈ। ਮਨੁੱਖੀ ਚੇਤੰਨਤਾ ਨੂੰ ਹਜ਼ਾਰਾਂ ਪ੍ਰਕਾ ਦੇ ਵਹਿਮਾਂ-ਭਰਮਾਂ ਦੇ ਇੰਦਰਜਾਲ ਤੋਂ ਮੁਕਤ ਕਰ ਸਕਣਾ ਅਸੰਭਵ ਹੋ ਜਾਣ ਸੀ। ਲੋਕ-ਮਨਾਂ ਅੰਦਰ ਅਸਲੀ ਧਰਮ ਦੀ ਚੇਤੰਨਤਾ ਨੂੰ ਜਗਾਉਣ ਲਈ ਉਹਨ ਦੇ ਸਮੁੱਚੇ ਦ੍ਰਿਸ਼ਟੀਕੋਣ ਦੇ ਦਿਸਹੱਦੇ ਨੂੰ ਵਿਸ਼ਾਲ ਕਰਨ ਦੀ ਲੋੜ ਹੈ। ਭਾਰ ਦੇ ਬਹੁਤ ਸਾਰੇ ਪ੍ਰਦੇਸ਼ਾਂ ਵਿਚ ਗੁਰੂ ਸਾਹਿਬਾਨ ਦੇ ਆਗਮਨ ਤੋਂ ਪਹਿਲਾਂ ਸ਼ੁ ਤੇ ਸਦਗੁਣਾਂ ਵਾਲੇ ਵੈਰਾਗ ਤੇ ਸਹਿਜ-ਮਾਰਗ ਦੇ ਬੀਜ ਬੀਜਣ ਦਾ ਯਤਨ ਕੀਤ ਗਿਆ ਤਾਂ ਜੋ ਲੋਕਾਂ ਦੇ ਮਨਾਂ ਨੂੰ ਕਈ ਜੁਗਾਂ ਦੀ ਗ਼ੁਲਾਮੀ ਤੋਂ ਮੁਕਤ ਕੀਤ ਜਾ ਸਕੇ। ਮਧਕਾਲ ਦੇ ਭਗਤਾਂ ਵਿਚੋਂ ਕਬੀਰ ਜੀ ਦੀ ਉਦਾਹਰਣ ਸਭ ਤੋ ਵਧੇਰੇ ਮਹੱਤਵਪੂਰਨ ਤੇ ਵਰਣਨਯੋਗ ਹੈ, ਜਿਨ੍ਹਾਂ ਨੇ ਇਸ ਸੰਬੰਧ ਵਿਚ ਸੁਹਿਰਦ ਯਤਨ ਕੀਤੇ। ਪਰ ਪਿਛੋਂ ਇਹ ਸਮੁਚੀ ਭਗਤੀ ਲਹਿਰ ਹਿੰਦੂ-ਮਤ ਦੇ ਸੰਨਿਆਸੀ

ਰੂਪ ਵਿਚ ਹੀ ਸਮਾਪਤ ਹੋ ਗਈ ਅਤੇ ਕਬੀਰ ਸਾਹਿਬ ਦੇ ਅਨੁਆਈ ਵੀ ਭੂਤੀ ਰਮਾ ਕੇ ਧਤੂਰੇ ਦੇ ਨਸ਼ੇ ਵਿਚ ਗੜੂੰਦ ਸੁਰਖ ਨੈਣਾਂ ਵਾਲੇ ਸਾਧੂ ਹੱਸਵਾਦੀ) ਬਣ ਗਏ ਅਤੇ ਪੁਰਾਣੇ ਲੋਕਾਂ ਸਮਾਨ ਹੀ ਪਿਪਲ ਦੇ ਬ੍ਰਿਛ ਥਲੇ 5 ਕੇ ਸਾਧਾਰਨ ਜਿਹੀ ਭਗਤੀ-ਭਾਵ ਦੀ ਤੁਕਬੰਦੀ ਦਾ ਗਾਇਨ ਕਰਕੇ ਜੀਵਨ ਤੀਤ ਕਰਨ ਲਗੇ। ਇਹਨਾਂ ਕੋਲ ਜੀਵਨ ਦਾ ਕੋਈ ਵੀ ਵਿਸ਼ੇਸ਼ ਆਦਰਸ਼ ਬਾਕੀ ਹੀਂ ਸੀ ਰਹਿ ਗਿਆ।

ਭਗਤ-ਜਨ ਮੁੜ ਉਸੇ ਰਹੱਸਵਾਦੀ ਸੁਪਨ-ਆਦਰਸ਼ਾਂ ਦੀਆਂ ਸਨਾਤਨੀ ਹਾਂ ਵਿਚ ਧਸ ਗਏ। ਉਚ ਅਧਿਆਤਮਕ ਅਵਸਥਾ ਤਾਂ ਵਿਰਲੇ ਤੇ ਉਚ-ਟੀ ਦੇ ਧਾਰਮਿਕ ਮਹਾਂ-ਪੁਰਸ਼ਾਂ ਨੂੰ ਹੀ ਪ੍ਰਾਪਤ ਹੁੰਦੀ ਹੈ, ਪਰ ਪਿਛੋਂ ਜਾ ਕੇ ਹਨਾਂ ਦੀ ਰੀਸੇ ਹਿੰਦੂ-ਮਤ ਦੇ ਧਾਰਮਿਕ ਸਥਾਨਾਂ ਤੇ ਮਠਾਂ ਆਦਿ ਉਤੇ ਜਿਹੀਆਂ ਕਈ ਸੰਨਿਆਸੀ ਤੇ ਵੈਰਾਗੀ ਸੰਪਰਦਾਵਾਂ ਦਾ ਧਰਮ ਹੀ ਬਣ ਗਿਆ, ਨ੍ਹਾਂ ਨੂੰ ਸਾਧਾਰਨ ਲੋਕ ਸ਼ਰਧਾ ਦੀ ਦ੍ਰਿਸ਼ਟੀ ਤੋਂ ਵੇਖਦੇ ਸਨ। ਉਚੀਆਂ ਵਿਸ਼ੇ ਸਤੂਆਂ ਤੇ ਨਾਮ ਹੇਠਾਂ ਲਿਖੀ ਗਈ ਆਤਮ-ਛਲਾਵੇ ਵਾਲੀ ਰਚਨਾ ਦੀ ਨਾ ਕਲਪਨਾ ਕੀਤੀ ਜਾ ਸਕਦੀ ਹੈ ਤੇ ਨਾ ਹੀ ਇਹ ਉਸ ਦਾ ਸਥਾਨ ਲੈ ਸਕਦੀ । ਗੁਰੂ ਸਾਹਿਬ ਨੇ ਪਹਿਲਾਂ ਹੀ ਇਸ ਬਾਰੇ ਸੋਚ ਲਿਆ ਸੀ ਕਿ ਉਹਨਾਂ ਦਾ ਤਮਕ ਦ੍ਰਿਸ਼ਟੀਕੋਣ ਵਾਲਾ ਧਰਮ, ਜਿਸ ਦਾ ਨਿਰਮਾਣ ਉਹਨਾਂ ਦੇ ਨਿਰੰਤਰ ਤੇ ਗਏ ਪ੍ਰਿਸ਼ਰਮ ਦੁਆਰਾ ਕੀਤਾ ਹੈ ਤੇ ਜਿਸ ਨੂੰ ਆਪ ਨੇ ਖੁਲ੍ਹੇ ਦਿਲ ਨਾਲ ਡੋਆ ਹੈ—ਸਮਾਂ ਪਾ ਕੇ ਬ੍ਰਾਹਮਣ-ਮਤ ਦੇ ਧਰਮ-ਸ਼ਾਸਤਰੀ ਤੇ ਰਹੱਸਵਾਦੀ ਪਨ ਆਦਰਸ਼ਾਂ ਨਾਲ ਰਲ-ਗਡ ਹੋ ਕੇ ਸਮਾਪਤ ਨਾ ਹੋ ਜਾਵੇ। ਭਾਰਤ ਵਿਚ ਜਿਹਾ ਖ਼ਤਰਾ ਸੱਚਾ ਸਿਧ ਹੋ ਸਕਦਾ ਸੀ। ਇਥੇ ਇਸ ਦੇਸ਼ ਵਿਚ ਮਾਨਵ-ਮੂਹਾਂ ਦੁਆਲੇ ਹਜ਼ਾਰਾਂ ਕਿਸਮਾਂ ਦੀਆਂ ਧਰਮ ਸ਼ਾਸਤਰੀ ਤੇ ਬ੍ਰਹਿਮੰਡ-ਵਿਆਪੀ ਪਰਦਾਵਾਂ, ਸੰਸਥਾਵਾਂ ਤੇ ਸਭਿਅਤਾਵਾਂ ਦੀਆਂ ਅਨੇਕ-ਪਰਤਾਂ ਦਬੀਆਂ ਹੋਈਆਂ 5 ਅਤੇ ਇਹਨਾਂ ਨੇ ਲੋਕ-ਮਨਾਂ ਦੀ ਨਿਮਨ ਚੇਤੰਨਤਾ ਵਿਚ ਆਪਣਾ ਪੱਕਾ ਪੀਢਾ ਬਣਾਇਆ ਹੋਇਆ ਸੀ। ਇਕ ਕਾਰਨ ਹੋਰ ਵੀ ਹੈ ਅਤੇ ਉਹ ਇਹ ਕਿ ਰੂ ਸਾਹਿਬਾਨ ਨੂੰ ਵੀ ਇਹਨਾਂ ਦਾਰਸ਼ਨਿਕ ਪਧਤੀਆਂ ਦੀ ਪਰਿਭਾਸ਼ਕ ਬਦਾਵਲੀ ਤੇ ਭਾਸ਼ਾ ਦਾ ਉਪਯੋਗ ਕਰਨਾ ਪਿਆ ਸੀ, ਪਰ ਗੁਰੂ ਸਾਹਿਬਾਨ ਇਸ ਖ਼ਤਰੇ ਨੂੰ ਭਾਂਪ ਲਿਆ ਸੀ। ਆਪ ਤੋਂ ਪਹਿਲਾਂ ਕਿਸੇ ਨੇ ਵੀ ਇਸ ਖ਼ਤਰੇ ਇਸ ਤਰ੍ਹਾਂ ਨਹੀਂ ਸੀ ਪਛਾਣਿਆ। ਇਸ ਲਈ ਆਪ ਨੇ ਵਿਅਕਤੀ ਅਤੇ ਮਸ਼ਟੀ ਅਰਥਾਤ ਸਮਾਜ ਦੇ ਪੁਨਰ-ਨਿਰਮਾਣ ਲਈ ਇਸੇ ਬੁਸੀ ਹੋਈ ਤੇ ਸਪਸ਼ਟਤਾ ਦੇ ਵਹਿਮਾਂ-ਭਰਮਾਂ ਨਾਲ ਘਸੀ ਪਿਟੀ ਭਾਸ਼ਾ ਤੇ ਸ਼ਬਦਾਵਲੀ ਦੀ ਤਤੋਂ ਕਰਕੇ ਵੀ ਉਸ ਵਿਚ ਨਵੇਂ ਅਰਥ ਭਰ ਦਿਤੇ। ਇਸ ਲਈ ਇਹ ਖ਼ਤਰਾ ਰੂਰ ਮੌਜੂਦ ਸੀ ਕਿ ਸਮਾਂ ਪੈਣ ਉਤੇ ਗੁਰੂ ਸਾਹਿਬ ਦਾ ਨਵਾਂ ਦ੍ਰਿਸ਼ਟੀਕੋਣ ਵੀ ਸੇ ਭਰਮ ਅਗਿਆਨ ਦੀ ਜਿਲ੍ਹਣ ਵਿਚ ਫਸ ਕੇ ਆਪਣੀ ਨਵੀਂ ਸਾਰਥਿਕਤਾ ਗਵਾ ਸਕਦਾ ਹੈ। ਇਸ ਲਈ ਗੁਰੂ ਸਾਹਿਬ ਆਪ ਇਸ ਤਰ੍ਹਾਂ ਵਿਚਰਦੇ ਰਹੇ

ਹਨ ਅਤੇ ਉਹਨਾਂ ਨੇ ਆਪਣੇ ਆਪ ਨੂੰ ਸੈਆਂ ਅਗਨੀ-ਪ੍ਰੀਖਿਆਵਾਂ ਵਿਚੋਂ ਕ
ਕੇ ਕੁੰਦਨ ਬਣਾਇਆ ਹੈ ਅਤੇ ਇਸੇ ਤਰ੍ਹਾਂ ਹੀ ਉਹਨਾਂ ਨੇ ਆਪਣੇ ਪੈਰੋਕਾਰਾਂ
ਜੀਵਨ ਦੀ ਵਿਸ਼ੇਸ਼ ਜੁਗਤੀ ਵਿਚ ਵਿਚਰਨ ਲਈ ਪੱਕੇ ਤੌਰ 'ਤੇ ਸੰਗਠਿਤ ਕ
ਦਿਤਾ। ਆਪ ਨੇ ਇਹ ਯਤਨ ਵੀ ਕੀਤੇ ਕਿ ਉਹਨਾਂ ਦੇ ਸੰਦੇਸ਼ ਨਾਲ ਕਿਸੇ ਤ
ਵੀ ਗ਼ਲਤ ਅਰਥ ਤੇ ਭਾਵ ਨਾ ਜੁੜ ਜਾਣ। ਇਸੇ ਲਈ ਇਹ ਸੰਦੇ
ਵਿਅਕਤੀਗਤ ਰੂਪ ਵਿਚ ਇਕ ਗੁਰੂ ਸਾਹਿਬ ਨੇ ਦੂਜੇ ਨੂੰ ਪ੍ਰਦਾਨ ਕੀਤਾ ਅ
ਗੁਰੂ ਗਰੰਥ ਸਾਹਿਬ ਦੀ ਬਾਣੀ ਦੇ ਸ਼ਬਦਾਂ ਵਿਚ ਇਹਨਾਂ ਨੂੰ ਨਿਜੀ ਛੂਹ
ਸਮਾਜਕ ਚੇਤੰਨਤਾ ਪ੍ਰਦਾਨ ਕਰਕੇ ਇਹਨਾਂ ਆਦਰਸ਼ਾਂ ਨੂੰ ਨਵੇਂ ਸੰਦਰਭਾਂ ਵਿ
ਪ੍ਰਗਟ ਕਰ ਦਿਤਾ। ਪਰ ਜਿਨ੍ਹਾਂ ਨੂੰ ਗੁਰੂ ਸਾਹਿਬਾਨ ਦੀ ਉਸ ਨਿਜੀ ਪ੍ਰੇਰਨਾ ਦ
ਛੂਹ ਪ੍ਰਾਪਤ ਨਹੀਂ ਹੈ ਅਤੇ ਉਹ ਇਹਨਾਂ ਦੇ ਨਿਜੀ ਪੱਖ ਤੇ ਸਮਾਜਕ ਵਾਤਾਵਰ
ਤੋਂ ਪ੍ਰੀਚਿਤ ਨਹੀਂ ਹਨ—ਉਹ ਹੁਣ ਵੀ ਗੁਰੂ ਸਾਹਿਬ ਦੀ ਬਾਣੀ ਦੇ ਸ਼ਬਦਾਂ
ਮਧਕਾਲ ਦੇ ਭਗਤਾਂ ਦੀ ਬਾਣੀ ਦਾ ਪਰਿਵਰਤਿਤ ਸਰੂਪ ਮੰਨ ਕੇ ਇਸ ਦ
ਵਿਆਖਿਆ ਕਰਦੇ ਹਨ। ਇਥੋਂ ਤਕ ਕਿ ਇਕ ਹਿੰਦੂ ਇਤਿਹਾਸਕਾਰ 'ਜਾਦੂ ਨਾ
ਸਰਕਾਰ' ਜਿਸ ਨੇ ਔਰੰਗਜ਼ੇਬ-ਕਾਲ ਬਾਰੇ ਲਿਖਿਆ ਹੈ—ਉਹ ਇਸ ਤ
ਲਿਖਦਾ ਹੈ, "ਗੁਰੂ ਨਾਨਕ ਸਾਹਿਬ ਨੇ ਮਧਕਾਲ ਦੇ ਭਗਤਾਂ ਦੇ ਇ
ਈਸ਼ਵਰਵਾਦੀ ਵਿਚਾਰ-ਸੰਕਲਪਾਂ ਵਿਚ ਸੋਧ ਕੀਤੀ ਹੈ।" ਇਸ ਤੋਂ ਵੀ ਵਚਿੱਤ
ਗੱਲ ਇਕ ਹੋਰ ਹੈ ਕਿ ਇਹ ਲੇਖਕ ਗੁਰੂ ਗੋਬਿੰਦ ਸਿੰਘ ਜੀ ਦੀ ਤੁਲਨਾ ਵਿ
ਸ਼ਿਵਾ ਜੀ ਦਾ ਵਧੇਰੇ ਪ੍ਰਸ਼ੰਸਕ ਹੈ। ਇਸ ਤਰ੍ਹਾਂ ਦਾ ਵਿਕ੍ਰਿਤ-ਦ੍ਰਿਸ਼ਟੀਕੋਣ ਕਈ
ਇਤਿਹਾਸਕਾਰਾਂ ਦੀਆਂ ਪੁਸਤਕਾਂ ਵਿਚ ਪ੍ਰਸਤੁਤ ਕੀਤਾ ਗਿਆ ਹੈ।

ਪਰ ਜਦੋਂ ਜੀਵਨ ਦੇ ਪ੍ਰਕਰਨ ਵਿਚ ਇਹਨਾਂ ਦ੍ਰਿਸ਼ਟੀਕੋਣਾਂ ਦਾ ਸਪਸ਼ਟ
ਭਾਂਤ ਬੋਧ ਹੋ ਜਾਂਦਾ ਹੈ ਤਾਂ ਕੋਈ ਵੀ ਵੱਡਾ ਜਨ-ਸਮੂਹ ਜਾਂ ਸਿੱਖ-ਮਤ ਦੇ ਧਾਰਕ
ਗੁਰੂ ਸਿਧਾਂਤਾਂ ਦੀ ਗ਼ਲਤ ਵਿਆਖਿਆ ਨਹੀਂ ਕਰ ਸਕਦੇ, ਭਾਵੇਂ ਉਹ ਸਨਾਤ
ਬ੍ਰਾਹਮਣਵਾਦੀ ਭਾਸ਼ਾ ਤੇ ਸ਼ਬਦਾਵਲੀ ਦੁਆਰਾ ਹੀ ਕਿਉਂ ਨਾ ਪ੍ਰਗਟਾਏ ਗ
ਹੋਣ। ਮਹਾਨ ਵਿਸ਼ਿਆਂ ਦੇ ਪ੍ਰਗਟਾਉ ਲਈ ਮਨੁੱਖ ਦੀ ਹਰ ਭਾਸ਼ਾ ਵਿਚ ਸ਼ਬਦ
ਭੰਡਾਰ ਸੀਮਿਤ ਹੀ ਹੁੰਦਾ ਹੈ। ਕਾਰਲਾਇਲ ਨੂੰ ਵੀ ਇਹ ਗੱਲ ਪ੍ਰਗਟਾਉਣ ਲਈ
ਕਿ ਉਸ ਦਾ ਆਪਣਾ ਤੇ ਗੋਇਟੇ ਦਾ 'ਪ੍ਰਮਾਤਮਾ' ਬਾਰੇ ਵਿਸ਼ੇਸ਼ ਦ੍ਰਿਸ਼ਟੀਕੋਣ ਹੈ
ਅੰਗਰੇਜ਼ੀ ਭਾਸ਼ਾ ਦੀ ਸਾਰੀ ਸ਼ਬਦਾਵਲੀ ਨੂੰ ਪਰੇ ਸੁਟ ਦੇਣਾ ਪਿਆ ਸੀ, ਕਿਉਂ
ਉਹਨਾਂ ਲਈ ਪ੍ਰਭੂ ਬੜਾ ਵਿਸਮਾਦਜਨਕ ਤੇ ਅਨਾਮ ਹਸਤੀ ਸੀ। ਮਨੁੱਖ ਦੀ ਹ
ਭਾਸ਼ਾ ਵਿਚ ਸ੍ਰਿਸ਼ਟੀ ਦੇ ਇਸ ਮੂਲ ਤੇ ਪਰਮ-ਰਹੱਸ ਨੂੰ ਪ੍ਰਗਟਾਉਣ ਲਈ ਭਾਸ਼
ਦੀ ਸਮਰਥਾ ਕਿੰਨੀ ਊਣੀ ਤੇ ਅਪੂਰਨ ਹੈ। ਗੁਰੂ ਸਾਹਿਬਾਨ ਨੂੰ ਵੀ ਇਸ ਸੰਬੰ
ਵਿਚ 'ਬ੍ਰਾਹਮਣਵਾਦੀ ਪ੍ਰਾਭੌਤਿਕ' ਅਤੇ 'ਭਗਵਾਨ ਬੁਧ' ਦੇ 'ਨਿਰਵਾਣ'
ਆਦਰਸ਼ਾਂ ਦੀ ਸ਼ਬਦਾਵਲੀ ਦੀ ਵਰਤੋਂ ਕਰਨੀ ਪਈ ਹੈ। ਕਈ ਵਾਰ ਤਾਂ ਆ
ਸ਼ਬਦ 'ਪਾਰਬ੍ਰਹਮ' ਅਤੇ 'ਨਿਰਵਾਣ-ਪਦ' ਦੀ ਉਚੇਰੀ ਆਤਮਕ ਅਵਸਥਾ
ਪ੍ਰਗਟਾਉ ਲਈ ਇਕੋ ਅਰਥਾਂ ਵਿਚ ਵਰਤੋਂ ਕਰ ਦਿੰਦੇ ਹਨ ਕਿਉਂਜੋ ਅਜਿਕ

ਆਤਮਕ ਅਵਸਥਾ ਤਾਂ ਵਰਣਨ-ਰਹਿਤ ਹੁੰਦੀ ਹੈ। ਅਜਿਹੀ ਅਵਸਥਾ ਵਿਚ ਤਾਂ ਗੁਰੂ ਸਾਹਿਬ ਅੰਤਮ ਰੂਪ ਵਿਚ ਇਹੋ ਕਥਨ ਹੀ ਕਰ ਦਿੰਦੇ ਹਨ, "ਪ੍ਰਭੂ ! ਇਸ ਤੱਤ ਨੂੰ ਤੂੰ ਆਪ ਹੀ ਜਾਣਦਾ ਹੈਂ, ਅਸੀਂ ਨਹੀਂ ਜਾਣ ਸਕਦੇ।" ਇਸ ਲਈ ਉਸ ਆਤਮਕ ਅਵਸਥਾ ਵਿਚ ਵੀ ਜਿਸ ਵਿਚ ਕਿ ਗੁਰੂ ਸਾਹਿਬ ਉਸ ਸਮੇਂ ਵਿਚਰ ਰਹੇ ਹੁੰਦੇ ਹਨ—ਇਕ ਸਾਪੇਖਕ ਪੱਖ ਤੇ ਵਿਸ਼ੇਸ਼ ਅਨੁਭਵ ਦੀ ਹੀ ਵਿਆਖਿਆ ਕਰ ਰਹੇ ਹੁੰਦੇ ਹਨ। ਗੁਰੂ ਸਾਹਿਬ ਧਰਮ ਤੇ ਸਮਾਜ ਵਿਚ ਜੋ ਕੁਝ ਵੀ ਗ਼ਲਤ ਅਨੁਭਵ ਕਰ ਰਹੇ ਸਨ, ਉਸ ਦਾ ਜ਼ੋਰਦਾਰ ਸ਼ਬਦਾਂ ਵਿਚ ਖੰਡਨ ਕਰਦੇ ਹਨ, ਪਰ ਆਪਣੇ ਸ਼ਬਦਾਂ ਦੀ ਅੰਤਮ ਪੰਕਤੀ ਵਿਚ ਆਪ ਇਸ ਗੱਲ ਨੂੰ ਦ੍ਰਿੜ੍ਹ ਕਰਵਾਉਂਦੇ ਹਨ, "ਪ੍ਰਭੂ ਜੀ ! ਇਸ ਵਿਚ ਮਨੁੱਖ ਦਾ ਕੀ ਦੋਸ਼ ਹੈ ? ਤੂੰ ਆਪ ਹੀ ਸਭ ਕੁਝ ਜਾਣਦਾ ਹੈਂ ਅਤੇ ਇਹ ਸਭ ਕੁਝ ਤੇਰੇ ਭਾਣੇ ਵਿਚ ਹੀ ਚਲ ਰਿਹਾ ਹੈ।" ਜਦੋਂ ਇਸ ਤਰ੍ਹਾਂ ਸਪਸ਼ਟ-ਭਾਂਤ ਤੇ ਵਿਚਾਰ ਪ੍ਰਗਟਾਏ ਜਾਂਦੇ ਹਨ ਤਾਂ ਇਹ ਲੋਕਾਂ ਵਿਚ ਨਵ-ਜੀਵਨ ਦੀ ਸਿਰਜਣਾ ਕਰਦੇ ਹਨ। ਜਦੋਂ ਕਿਸੇ ਇਕ ਵਿਸ਼ੇਸ਼ ਦ੍ਰਿਸ਼ਟੀਕੋਣ ਜਾਂ ਮਤ ਨੂੰ ਪ੍ਰਗਟਾਉਣ ਲਈ ਲਗਾਤਾਰ ਇਕੋ ਤਰ੍ਹਾਂ ਦੇ ਜ਼ਹਿਰ ਦੀ ਵਰਤੋਂ ਕਰਕੇ ਇਕੋ ਤਰ੍ਹਾਂ ਦੀ ਵਿਆਖਿਆ ਕਰਨ ਉਤੇ ਹਠ ਕੀਤਾ ਜਾਂਦਾ ਹੈ ਤਾਂ ਅਜਿਹਾ ਦ੍ਰਿਸ਼ਟੀਕੋਣ ਕਈ ਵਾਰ ਉਚੇ ਧਰਮ-ਸੰਦੇਸ਼ ਦੀ ਜੀਵਨ-ਦਾਨੀ ਸ਼ਕਤੀ ਨੂੰ ਵੀ ਚਟਮ ਕਰ ਜਾਂਦਾ ਹੈ। ਹੁਣ ਤਕ ਸਭ ਧਰਮਾਂ ਦਾ ਸੰਤਾਪ ਇਹੋ ਹੀ ਰਿਹਾ ਹੈ ਕਿ ਉਹ ਰਹੱਸ ਦੇ ਇਕੋ ਪੱਖ ਉਤੇ ਹੀ ਵਧੇਰੇ ਜ਼ੋਰ ਦੇਣ ਦੀ ਹਠ-ਧਰਮੀ ਦੀ ਵਰਤੋਂ ਕਰਦੇ ਰਹੇ ਹਨ ਅਤੇ ਇਸ ਸੰਬੰਧ ਵਿਚ ਪ੍ਰਾਪਤ ਕੀਤੇ ਗਏ ਸੰਜੀਵ ਅਨੁਭਵ ਨੂੰ ਇਕ ਨਿਰਜਿੰਦ ਆਦਤ ਹੀ ਸਮਝਦੇ ਰਹੇ ਹਨ, ਪਰ ਗੁਰੂ ਜੀ ਤਾਂ ਇਹ ਕਹਿੰਦੇ ਹਨ, "ਸੱਚ ਤਾਂ ਅਨੰਤ ਹੈ। ਸਭ ਦ੍ਰਿਸ਼ਟੀਕੋਣ ਤੇ ਮਤ ਠੀਕ ਹਨ। ਪ੍ਰਭੂ ਜੀ ! ਜਗਤ ਤਾਂ ਸੜ ਰਿਹਾ ਹੈ। ਲੋਕਾਂ ਦੀ ਆਤਮਾ ਦੁਖੀ ਹੈ। ਆਪਣੀ ਕਿਰਪਾ ਧਾਰ ਕੇ ਇਸ ਦੇ ਅਨੇਕ ਦਰਵਾਜ਼ਿਆਂ ਵਿਚੋਂ ਕਿਸੇ ਇਕ ਦੁਆਰਾ ਇਸ ਜਗਤ-ਜਲੰਦੇ ਨੂੰ ਰਖ ਲਉ।" ਗੁਰੂ ਜੀ ਤਾਂ ਨਿਰਜਿੰਦ ਵਿਚਾਰ-ਸੰਕਲਪਾਂ ਅਤੇ ਕਰਮ-ਕਾਂਡ ਦੀ ਪਾਲਣਾ ਕਰਨ ਦੀ ਤੁਲਨਾ ਵਿਚ ਮਨੁੱਖੀ ਦੁਖਾਂ-ਕਸ਼ਟਾਂ ਦੇ ਨਿਵਾਰਨ ਨੂੰ ਵਧੇਰੇ ਮਹੱਤਵ ਦਿੰਦੇ ਹਨ।

ਗੁਰੂ ਨਾਨਕ ਦੇਵ ਜੀ ਨੇ ਬਾਬਰ ਦੇ ਹੱਲੇ ਦੀ ਨਿੰਦਾ ਕੀਤੀ ਹੈ ਜਿਸ ਬਾਰੇ ਆਪ ਜੀ ਦਾ ਇਹ ਕਥਨ ਸੀ ਕਿ, "ਇਹ ਤਾਂ 'ਸਕਤਾ-ਸੀਹੁ' ਗਊਆਂ ਦੇ ਵਗ ਉਤੇ ਟੁੱਟ ਪਿਆ ਹੈ।" ਆਪ ਉਸ ਸਮੇਂ ਇਕ ਸੁਹਿਰਦ ਪਿਤਾ ਦੀ ਨਿਆਈਂ ਰੁਦਨ ਕਰਦੇ ਹਨ, ਜਦੋਂ ਆਪ ਇਹ ਵੇਖਦੇ ਹਨ ਕਿ ਭਾਰਤੀ ਨਾਰੀਆਂ ਨੂੰ ਕਿਵੇਂ ਕੈਦੀ ਬਣਾ ਕੇ ਲਿਜਾਇਆ ਜਾ ਰਿਹਾ ਹੈ, ਉਹਨਾਂ ਦੇ ਕੇਸ ਕੈਂਚੀਆਂ ਨਾਲ ਮੁੰਨ ਦਿਤੇ ਗਏ ਹਨ ਅਤੇ ਉਹਨਾਂ ਦੀ ਪੱਤ ਘਟੇ ਰੁਲ ਰਹੀ ਹੈ। ਆਪ ਇਸ ਹਾਲਤ ਨੂੰ ਵੇਖ ਕੇ ਕਰੁਣਾਤਰ ਹੋ ਸ਼ੋਕ ਪ੍ਰਗਟਾ ਰਹੇ ਹਨ, ਰੁਦਨ ਕਰ ਰਹੇ ਹਨ, ਪਰ ਆਪਣੀ ਬਾਣੀ ਦੇ ਸ਼ਬਦ ਦੇ ਅੰਤ ਵਿਚ ਆਪ ਇਹ ਫ਼ਰਮਾਨ ਵੀ ਕਰਦੇ ਹਨ "ਪ੍ਰਭੂ ਜੀ ! ਇਹ ਵੀ ਤੇਰੇ ਭਾਣੇ ਦਾ ਅਗੰਮ-ਅਗਾਧ ਰਹੱਸ

ਹੈ।'' ਗੁਰੂ ਸਾਹਿਬ ਮਨੁੱਖ ਦੇ ਸੱਚੇ ਆਗੂ ਹਨ ਅਤੇ ਸੱਚੀ ਆਤਮਕ ਭਾਵਨਾ ਉੱਤੇ ਆਧਾਰਿਤ ਉਸ ਆਦਰਸ਼ ਮਨੁੱਖੀ ਸਮਾਜ ਦੇ ਸੰਸਥਾਪਕ ਹਨ, ਜਿਸ ਵਿਚ ਅਨੰਤ ਵਿਕਾਸ ਕਰਨ ਦੀ ਸੰਭਾਵਨਾ ਮੌਜੂਦ ਹੈ। ਸਿੱਖ ਮਾਨਸਿਕਤਾ ਦੀ ਇਕ ਪ੍ਰਮੁਖ ਵਿਸ਼ੇਸ਼ਤਾ ਇਹ ਹੈ ਕਿ ਕਿਸੇ ਹੋਰ ਭਾਰਤੀ ਜਾਤੀ ਦੀ ਤੁਲਨਾ ਵਿਚ ਇਹ ਵਧੇਰੇ ਆਧੁਨਿਕ, ਵਿਗਿਆਨਕ ਸੰਚੇ ਵਿਚ ਢਲੀ ਹੋਈ ਹੈ ਅਤੇ ਸੁਭਾ ਵਜੋਂ ਇਸ ਦੀਆਂ ਪ੍ਰਵਿਰਤੀਆਂ ਵਧੇਰੇ ਵਿਗਿਆਨਕ ਤੇ ਆਧੁਨਿਕ ਗੁਣਾਂ ਵਾਲੀਆਂ ਹਨ। ਗੁਰੂ ਸਾਹਿਬ ਨੇ ਸਮੂਹ ਲੋਕ-ਮਨਾਂ ਨੂੰ ਸਦੀਆਂ ਦੇ ਵਹਿਮਾਂ-ਭਰਮਾਂ ਤੇ ਸੜਿਆਂਦ ਛਡਦੀਆਂ ਜੜੀ ਬੂਟੀਆਂ ਤੋਂ ਮੁਕਤ ਕਰਨ ਲਈ ਕੀਟ-ਨਾਸ਼ਕਾਂ ਵਾਲਾ ਕਾਰਜ ਕੀਤਾ ਹੈ। ਇਹਨਾਂ ਲੋਕਾਂ ਨੂੰ ਹਜ਼ਾਰਾਂ ਅਗਨੀਆਂ ਦੇ ਕੇ ਕੁੰਦਨ ਵਾਂਗ ਸ਼ੁਧ ਕਰਨ ਲਈ ਅਤੇ ਭਵਿੱਖ ਵਿਚ ਆਉਣ ਵਾਲੇ ਹਜ਼ਾਰਾਂ ਸੰਗਰਾਮਾਂ ਲਈ ਤਿਆਰ ਕਰਨ ਲਈ ਇੰਜ ਕਰਨਾ ਬੜਾ ਜ਼ਰੂਰੀ ਸੀ। ਜੀਵਨ ਦਾ ਸੱਚਾ ਪ੍ਰੇਮ ਮਨੁੱਖ ਦੇ ਹਿਰਦੇ ਵਿਚ ਉਸ ਸਮੇਂ ਹੀ ਉਤਪੰਨ ਹੁੰਦਾ ਹੈ ਜਦੋਂ ਇਸ ਨੂੰ ਜੀਵਨ ਦੇ ਸੰਗਰਾਮ ਨਾਲ ਜੂਝਣਾ ਪੈਂਦਾ ਹੈ। ਇਸ ਉਦੇਸ਼ ਲਈ ਨੈਤਿਕ ਘਾਲਣਾ ਕਰਨੀ ਪੈਂਦੀ ਹੈ ਅਤੇ ਇਥੋਂ ਤਕ ਕਿ ਸਰੀਰਕ ਰੂਪ ਦਾ ਯੁਧ ਛੇੜਨਾ ਪੈਂਦਾ ਹੈ, ਤਾਂ ਜੋ ਭੇਡਾਂ ਦੇ ਵਗ ਨੂੰ ਬਚਾਉਣ ਲਈ ਬਘਿਆੜਾਂ ਨਾਲ ਲੜਿਆ ਜਾ ਸਕੇ ਅਤੇ ਬੱਚਿਆਂ, ਇਸਤਰੀਆਂ ਤੇ ਦਲਿਤ ਲੋਕਾਂ ਦੀ ਸੁਤੰਤਰਤਾ ਦੀ ਸੁਰੱਖਿਆ ਖ਼ਾਤਰ ਜੰਗਲੀ ਤੇ ਵਹਿਸ਼ੀ ਪ੍ਰਵਿਰਤੀ ਵਾਲੇ ਲੋਕਾਂ ਨਾਲ ਲੋਹਾ ਲਿਆ ਜਾ ਸਕੇ। ਮਨੁੱਖੀ ਉਦੇਸ਼ ਦੀ ਪ੍ਰਗਤੀ ਲਈ ਪਸ਼ੂ-ਪ੍ਰਵਿਰਤੀ ਵਾਲੇ ਆਕਰਮਣ ਵਿਰੁੱਧ ਡਟਿਆ ਜਾ ਸਕੇ। ਭਾਵੇਂ ਇਹ ਵਿਰੋਧਾਭਾਸ ਪ੍ਰਤੀਤ ਹੁੰਦਾ ਹੈ, ਪਰ ਇਹ ਸੱਚ ਹੈ ਕਿ ਕਿਸੇ ਆਦਰਸ਼ ਸਮਾਜ ਦੀ ਸਥਾਪਨਾ ਦੁਖਾਂ-ਕਸ਼ਟਾਂ, ਜ਼ੁਲਮਾਂ, ਤਸ਼ੱਦਦਾਂ ਅਤੇ ਮੌਤਾਂ ਉਤੇ ਹੀ ਕੀਤੀ ਜਾ ਸਕਦੀ ਹੈ—ਨਾ ਕਿ ਫੁੱਲਾਂ ਦੀ ਸੇਜ ਉਤੇ। ਕੁਝ ਵੀ ਮਰਦਾ ਨਹੀਂ ਹੈ। ਸਮਾਜ ਦਾ ਸਦਾ ਵਿਗਾਸੀ\ ਜੀਵਨ ਹਮੇਸ਼ਾਂ ਅਗੇ ਨੂੰ ਤੁਰਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਦਾ ਫ਼ਰਮਾਨ ਹੈ, ''ਕਰਤਾ ਪੁਰਖ ਨੇ ਆਪ ਹੀ ਪਹਿਲਾਂ ਖੰਡੇ ਨੂੰ ਸਾਜਿਆ ਹੈ। ਸ੍ਰਿਸ਼ਟੀ ਦੀ ਵੀ ਖੰਡੇ ਦੀ ਦੋਧਾਰੀ ਸ਼ਕਤੀ ਦੁਆਰਾ ਸਿਰਜਣਾ ਹੋਈ ਹੈ।'' ਆਪ ਫਰਮਾਉਂਦੇ ਹਨ, ''ਕਾਲ ਹੀ ਕਿਰਪਾਨ ਹੈ।'' ਅਰਥਾਤ ਸਮਾਂ ਹੀ ਤੇਗ ਹੈ। ਨਿਰੰਤਰ ਯੁਧ ਵਿਚ ਸੰਗਰਾਮ ਮੰਡ ਰਿਹਾ ਯੋਧਾ ਨਿਸ਼ਚੇ ਹੀ ਇਕ ਆਤਮਕ ਵਿਅਕਤੀ ਹੁੰਦਾ ਹੈ। ਅਜਿਹਾ ਹੀ ਗੁਰੂ ਜੀ ਦਾ ਫਰਮਾਨ ਹੈ। ਇਸ ਦੀ ਤੁਲਨਾ ਵਿਚ ਉਹ ਵਿਅਕਤੀ ਜੋ ਕੇਵਲ ਆਪਣੇ ਨੱਕ ਦੀ ਘੋੜੀ ਵਲ ਹੀ ਤੱਕਦਾ ਹੈ, ਆਪਣੇ ਪੇਟ ਅਰਥਾਤ ਸਵਾਰਥ ਨੂੰ ਹੀ ਸਨਮੁਖ ਰਖਦਾ ਹੈ, ਨਰਮ ਗਦੈਲਿਆਂ ਉਤੇ ਬੈਠਾ ਸਿਗਰਟਾਂ ਦੇ ਕਸ਼ ਤੇ ਕਸ਼ ਲਾਈ ਜਾਂਦਾ ਹੈ ਤੇ ਧੂੰਏਂ ਦੇ ਛੱਲੇ ਸੁੰਦਰ ਇਸਤਰੀਆਂ ਦੇ ਚਿਹਰਿਆਂ ਵਲ ਛਡੀ ਜਾਂਦਾ ਹੈ, ਚਹਿਚਹਾ ਰਿਹਾ ਹੈ, ਨਚ ਰਿਹਾ ਹੈ, ਹੱਸ ਰਿਹਾ ਹੈ, ਖ਼ੁਸ਼ੀ ਵਿਚ ਮੱਤਾ ਹੈ ਅਤੇ ਕਹਿ ਰਿਹਾ ਹੈ, ''ਮੈਂ ਹੀ ਰੱਬ ਹਾਂ, ਮੇਰੇ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਹੈ।'' ਅਜਿਹਾ ਵਿਅਕਤੀ ਨਿਪਟ ਤਨ-ਪੂਜ ਹੁੰਦਾ ਹੈ। ਮੌਤ ਜਾਂ ਤਾਂ ਐਸ਼ਵਰਜ਼

ਵਚ ਮਤਿਆਂ ਦੀ ਹੁੰਦੀ ਹੈ ਤੇ ਜਾਂ ਫਿਰ ਯੁਧ ਦੇ ਸੰਗਰਾਮ ਵਿਚ ਜੂਝ ਰਹੇ ੋਧਿਆਂ ਦੀ। ਗੁਰੂ ਜੀ ਨੇ ਯੁਧ ਦੀ ਪ੍ਰਸ਼ੰਸਾ ਕੀਤੀ ਹੈ, ਕਿਉਂਜੋ ਇਹ ਚਿੜੀਆਂ ਨੂੰ ਬਾਜ਼ਾਂ ਵਿਰੁੱਧ ਲੜਨ ਲਈ ਉਤਸ਼ਾਹਿਤ ਕਰਦੀ ਹੈ। ਮੇਰਾ ਵਿਸ਼ਵਾਸ ਹੈ ਕਿ ਾਤਮਕ ਦ੍ਰਿਸ਼ਟੀਕੋਣ ਤੋਂ ਨਵੇਂ ਆਦਰਸ਼ਕ ਸਮਾਜ ਦੀ ਸਥਾਪਨਾ ਲਈ ਯੁਧ ਦੀ ੂਲ-ਭੂਤ ਭੂਮਿਕਾ ਹੁੰਦੀ ਹੈ।

ਮਨੁੱਖ ਉਸ ਸਮੇਂ ਘੁਰਨਿਆਂ ਵਿਚ ਚੂਹਿਆਂ ਵਰਗੇ ਜੀਵਨ ਨੂੰ ਬਤੀਤ ਰਨ ਲਈ ਕਿਵੇਂ ਤਰਜੀਹ ਦੇ ਸਕਦਾ ਹੈ ਜਦੋਂ ਕਿ ਵਿਚਾਰ ਤੇ ਚੇਤੰਨਤਾ ਦੀ ੰਤਰੀਵ ਸੁਤੰਤਰਤਾ ਦੀਆਂ ਸ਼ਕਤੀਆਂ ਨੂੰ ਕੁਚਲਣ ਦਾ ਯਤਨ ਕੀਤਾ ਜਾ ਰਿਹਾ ੋਵੇ ਅਤੇ ਮਨੁੱਖੀ ਸਮਾਜ ਦਾ ਵਧੇਰੇ ਬਰਾਬਰੀ, ਸੁਤੰਤਰਤਾ, ਭਲਿਆਈ ਅਤੇ ਦਇਆ ਦੇ ਆਧਾਰ ਤੇ ਪੁਨਰ-ਨਿਰਮਾਣ ਕੀਤਾ ਜਾ ਰਿਹਾ ਹੋਵੇ। ਇਸ ਦੇ ਸੰਬੰਧ ਵਚ ਗੁਰੂ ਗੋਬਿੰਦ ਸਿੰਘ ਜੀ, ਗੁਰੂ ਨਾਨਕ ਦੇਵ ਜੀ ਦੇ ਆਤਮਕ ਦ੍ਰਿਸ਼ਟੀ ਦੀ ਿਰਜਣਾ ਦੇ ਸਿਖਰ ਉਤੇ ਖੜ੍ਹੇ ਹਨ।

ਬਰਟਰੈਂਡ ਰੱਸਲ ਦਾ ਕਥਨ ਹੈ, "ਸਭ ਧਰਮਾਂ ਦਾ ਜਨਮ ਭੈਅ ਤੋਂ ਹੁੰਦਾ ੈ। ਪਰ ਅਜਿਹੇ ਸਾਰੇ ਭੈਅ ਤੋਂ ਉਤਪੰਨ ਹੋਏ ਧਰਮ ਕੇਵਲ ਮਾਨਸਿਕ ਹੀ ਹੁੰਦੇ ਨ ਨਾ ਕਿ ਆਤਮਕ ਸੁਭਾ ਵਾਲੇ। ਜਿਨ੍ਹਾਂ ਵਿਅਕਤੀਆਂ ਵਿਚ ਸ੍ਰਿਸ਼ਟੀ ਦੀ ਸੁੰਦਰ ਾਤਮਾ ਵਿਦਮਾਨ ਹੁੰਦੀ ਹੈ, ਉਹ ਸਦਾ ਭੈਅ ਤੋਂ ਮੁਕਤ ਹੁੰਦੇ ਹਨ। ਗੁਰੂ ਨਾਨਕ ੇਵ ਜੀ ਤਾਂ ਆਤਮਕ ਪ੍ਰਵਿਰਤੀ ਵਾਲੇ ਉਸ ਮਨੁੱਖ ਦੀ ਸਿਰਜਣਾ ਕਰਦੇ ਹਨ, ੋ ਨਿਰਭੈਅ ਹੁੰਦਾ ਹੈ ਅਤੇ ਕਿਸੇ ਪ੍ਰਕਾਰ ਦੇ ਭੈਅ ਨੂੰ ਉਤਪੰਨ ਕਰਨ ਦੇ ਸਮਰਥ ਹੈ। ਇਹੋ ਗੁਣ ਉਚੀ ਆਤਮਕ ਮਨੁੱਖਤਾ ਦੀ ਸਰਵੁਚ ਵਿਸ਼ੇਸ਼ਤਾ ਹੁੰਦਾ ੈ। ਹਰ ਸੰਘਰਸ਼ ਕਰ ਰਹੇ ਪ੍ਰਮਾਣੂ ਵਿਚ ਧਰਮ ਦੀ ਹੋਂਦ ਮੌਜੂਦ ਹੈ। ਕੋਈ ੀ ਉਸ ਧਰਮ ਦੀ ਭਾਵਨਾ ਤੋਂ ਨਿਰਲੇਪ ਨਹੀਂ ਹੈ, ਜੋ ਹਰ ਪ੍ਰਮਾਣੂ ਵਿਚ ਪੂਰਨਤਾ ਕ ਪਹੁੰਚਣ ਦੀ ਅਭਿਲਾਸ਼ਾ ਰਖਦਾ ਹੈ। ਸੱਚੀ ਆਤਮਕਤਾ ਕਿਸੇ ਭੈਅ ਨੂੰ ਨਹੀਂ ਿਨਦੀ। ਇਹ ਸਰੀਰਕ ਸੁਰੱਖਿਆ ਅਤੇ ਮੌਤ ਦੇ ਭੈਅ ਦੀ ਮੂਲ ਪ੍ਰਵਿਰਤੀ ਦੇ ਾਨਸਿਕ ਤਣਾਵਾਂ ਤੋਂ ਮੁਕਤ ਤੇ ਉਚੇਰੀ ਹੁੰਦੀ ਹੈ। ਸੱਚਾ ਆਤਮਕ ਵਿਅਕਤੀ ੋਤ ਤੋਂ ਕਦੀ ਭੈਅਭੀਤ ਨਹੀਂ ਹੁੰਦਾ। ਜਿੰਨਾਂ ਚਿਰ ਤਕ ਮਨੁੱਖ ਦਾ ਦ੍ਰਿਸ਼ਟੀਕੋਣ ਾਤਮਕ ਨਹੀਂ ਬਣਦਾ, ਜੋ ਕਿ ਮਾਨਸਿਕ ਤੇ ਖ਼ਿਆਲੀ ਕਲਪਨਾ ਜਾਂ ਅਨੁਮਾਨਾਂ ੋਂ ਭਿੰਨ ਹੁੰਦਾ ਹੈ, ਉਨਾਂ ਚਿਰ ਤਕ ਇਹ ਯੁਧ ਅਤੇ ਸ਼ਾਂਤੀ, ਖ਼ੁਸ਼ੀ ਤੇ ਗ਼ਮੀ, ਮਾਜ ਤੇ ਇਕਾਂਤ ਵਿਚ ਸਾਵਾਂਪਣ ਜਾਂ ਸਮਤੋਲ ਨਹੀਂ ਰਖ ਸਕਦਾ। ਗੁਰੂ ਜੀ ਉਸ ਪ੍ਰਵਿਰਤੀ ਨੂੰ ਆਤਮਕ ਪ੍ਰਵਿਰਤੀ ਨਹੀਂ ਮੰਨਦੇ ਜਿਸ ਵਿਚ ਕਿ ਭੈਅ ਦੇ ੰਸ਼ ਮੌਜੂਦ ਹੋਣ। ਗੁਰੂ ਨਾਨਕ ਦੇਵ ਜੀ ਮਨੁੱਖ ਅੰਦਰ ਨਿਰਭੈਤਾ ਤੇ ਨਿਰਵੈਰਤਾ ਨੂੰ ਜਗਾਉਂਦੇ ਹਨ। ਜਦੋਂ ਕੋਈ ਪੰਡਤ ਆਤਮ-ਸਤਾ ਦੀ ਚਰਚਾ ਕਰਦਾ ਹੈ ਅਤੇ ਨਿਰਪੇਖ ਨਿਰਭੈਤਾ ਦੀ ਆਤਮਕ ਅਵਸਥਾ ਵਲ ਸੰਕੇਤ ਕਰਦਾ ਹੈ, ਪਰ ਉਸ ਦੇ ਮਨ ਵਿਚ ਨਿਮਰਤਾ ਦੇ ਭਾਵ ਉਤਪੰਨ ਨਹੀਂ ਹੁੰਦੇ, ਉਸ ਦਾ ਦਿਲ ਕਿਸੇ ਦੇ ਦਰਦ ਵਿਚ ਨਹੀਂ ਪਸੀਜਦਾ, ਤਾਂ ਉਹ ਕੇਵਲ ਗਲਾਧੜ ਹੀ ਹੁੰਦਾ ਹੈ ਅਤੇ

ਗੁਰੂ ਜੀ ਉਸ ਨੂੰ ਇਕ ਤਰ੍ਹਾਂ ਦੇ ਮੁਰਦੇਹਾਰ ਵਾਂਗ ਹੀ ਸਮਝਦੇ ਹਨ। ਸੱਚੇ ਆਤਮਕ ਪੁਰਸ਼ ਸਦਾ ਭੈਅ ਤੋਂ ਮੁਕਤ ਹੁੰਦੇ ਹਨ। ਇਸ ਤਰ੍ਹਾਂ ਇਕ ਸੈਨਿਕ ਯੋਧਾ ਪੰਡਤ ਨਾਲੋਂ ਵਧੇਰੇ ਆਤਮਕ ਹੁੰਦਾ ਹੈ।

ਇਕ ਯੋਧਾ ਨਾਇਕ ਕਿਸੇ ਖ਼ੂੰਖ਼ਾਰ ਜੰਗਲੀ ਜਾਨਵਰ, ਮਨੁੱਖ ਜਾਂ ਸ਼ੈਤਾਨ ਤੋਂ ਡਰਦਾ ਨਹੀਂ ਹੈ ਅਤੇ ਗੁਰੂ ਅਰਜਨ ਦੇਵ ਜੀ ਜਿਨ੍ਹਾਂ ਨੇ ਗੁਰੂ ਗਰੰਥ ਸਾਹਿਬ ਦੀ ਬਾਣੀ ਦਾ ਸਭ ਤੋਂ ਵਡੇਰਾ ਭਾਗ ਰਚਿਆ ਹੈ, ਇਸ ਦੇ ਕਈ ਉਦਾਹਰਣ ਪ੍ਰਸਤੁਤ ਕਰਦੇ ਹਨ। ਗੁਰੂ ਅਰਜਨ ਸਾਹਿਬ ਵਰਗੇ ਮਧੁਰਤਮ ਗਾਇਕ, ਅਤਿ-ਸੰਵੇਦਨਸ਼ੀਲ ਪੈਗੰਬਰ, ਕਵੀ, ਮਨੁੱਖੀ ਪ੍ਰੇਮ ਤੇ ਕਰੁਣਾ ਦੀ ਅਤਿ ਕੋਮਲ ਮੂਰਤ ਅਤੇ ਦਰਦ ਭਿੰਨੀ ਸੀਰਤ ਦੇ ਸੁਆਮੀ ਆਪਣੇ ਜੀਵਨ ਦੁਆਰਾ ਹੱਡ-ਚੰਮ ਦੇ ਬਣੇ ਹੋਏ ਇਨਸਾਨ ਦਾ ਸਭ ਤੋਂ ਸੁੰਦਰ ਉਦਾਹਰਣ ਪੇਸ਼ ਕਰਦੇ ਹਨ। ਇਹ ਕਿਹੋ ਜਿਹੀ ਜੀਵਨ ਅਵਸਥਾ ਹੈ ਅਤੇ ਕਿਸ ਵਸਤੂ ਦੀ ਬਣੀ ਹੋਈ ਹੈ। ਬਰਟਰੈਂਡ ਰੱਸਲ ਕੋਲ ਅਜਿਹੇ ਜੀਵਨ ਦਾ ਕੋਈ ਵੀ ਨਿਗਰ ਪ੍ਰਮਾਣ ਜਾਂ ਸਮਗਰੀ ਮੌਜੂਦ ਨਹੀਂ ਹੈ। ਜਿਥੇ ਮਨੁੱਖ ਭੈਅ ਤੋਂ ਉਚੇਰਾ ਹੋ ਗਿਆ ਹੋਵੇ ਅਤੇ ਜਿਸ ਅਵਸਥਾ ਵਿਚ ਜਾ ਕੇ ਮਨੁੱਖ ਨੂੰ ਆਪਣੇ ਨੈਤਿਕ ਜੀਵਨ ਦੀ ਪੂਰਨਤਾ ਦਾ ਅਨੁਭਵ ਪ੍ਰਾਪਤ ਹੋ ਗਿਆ ਹੋਵੇ। ਅਜਿਹੀ ਉਚ ਅਵਸਥਾ ਬੜੀ ਦੁਰਲਭ ਜਾਂ ਵਿਰਲੀ ਹੁੰਦੀ ਹੈ, ਪਰ ਇਸ ਦੁਰਲਭ ਅਵਸਥਾ ਨੂੰ ਕਿਸੇ ਤਰ੍ਹਾਂ ਵੀ ਜੀਵਨ ਦੇ ਯਥਾਰਥ ਤੋਂ ਖਾਰਜ ਨਹੀਂ ਕੀਤਾ ਜਾ ਸਕਦਾ। ਅਜਿਹਾ ਜੀਵਨ ਉਸੇ ਤਰ੍ਹਾਂ ਦੀ ਸਿਰਜਣਾ ਹੁੰਦਾ ਹੈ ਜਿਵੇਂ ਗੁਲਾਬ ਦੇ ਫੁੱਲ ਜਾਂ ਰੇਤ ਦੇ ਕਿਣਕੇ ਅਰਥਾਤ ਇਹਨਾਂ ਨੂੰ ਕਿਸੇ ਹੋਰ ਕ੍ਰਿਤਰਮ ਜਾਂ ਬਨਾਵਟੀ ਢੰਗ ਨਾਲ ਪੈਦਾ ਨਹੀਂ ਕੀਤਾ ਜਾ ਸਕਦਾ। ਇਸ ਤਰ੍ਹਾਂ ਦੇ ਕੁਝ ਵਿਸ਼ੇਸ਼ ਮਤਾਂ-ਮਤਾਂਤਰਾਂ ਵਲੋਂ ਯਤਨ ਕਿ ਇਹਨਾਂ ਵਿਅਕਤੀਆਂ ਨੂੰ ਐਸ਼ਵਰਜ਼ ਮਹਿਲਾਂ ਵਿਚ ਸਿਰਜਿਆ ਜਾਵੇ, ਸਭ ਪ੍ਰਕਾਰ ਦੇ ਗੰਭੀਰ ਚਿੰਤਕਾਂ ਨੂੰ ਨਿਰਾਸ਼ ਹੀ ਕਰਦੇ ਰਹੇ ਹਨ। ਵਾਸਤਵ ਵਿਚ ਧਰਮ ਵਿਚ ਵੀ ਅਜਿਹਾ ਬਹੁਤ ਕੁਝ ਗੰਦ ਗੁਧੜ ਮੌਜੂਦ ਹੈ, ਜਿਨ੍ਹਾਂ ਨੂੰ ਕਿ ਕਈ ਵਾਰ ਗ਼ਲਤੀ ਨਾਲ ਧਰਮ ਦੀ ਸੰਗਿਆ ਦਿਤੀ ਜਾਂਦੀ ਹੈ। ਅਜਿਹੇ ਵਿਚਾਰਾਂ ਤੇ ਸੰਕਲਪਾਂ ਨੂੰ ਸਾਰੇ ਗੰਭੀਰ ਚਿੰਤਕਾਂ ਨੇ ਰਦ ਹੀ ਕੀਤਾ ਹੈ, ਪਰ ਇਸ ਸਭ ਕੁਝ ਦੇ ਵਿਪਰੀਤ ਅਜਿਹੀਆਂ ਕਈ ਵਿਲਖਣ ਪ੍ਰਤੀਭਾਵਾਂ ਹੋਈਆਂ ਹਨ, ਜਿਨ੍ਹਾਂ ਨੇ ਇਸ ਸਰੀਰਕ ਜਾਮਿਆਂ ਵਿਚ ਹੀ ਇਸ ਤਰ੍ਹਾਂ ਕੁਦਰਤੀ ਜੀਵਨ ਨੂੰ ਬਤੀਤ ਕੀਤਾ ਹੈ, ਜਿਸ ਤਰ੍ਹਾਂ ਅਸੀਂ ਆਪਣੇ ਪੰਚ-ਭੂਤਕ ਇੰਦਰੀਗਤ ਸੰਸਾਰ ਵਿਚ ਸਦਾ ਵਿਚਰਦੇ ਹਾਂ। ਬਾਦਸ਼ਾਹ ਜਹਾਂਗੀਰ ਨੇ ਗੁਰੂ ਅਰਜਨ ਦੇਵ ਜੀ ਨੂੰ ਇਹ ਆਦੇਸ਼ ਕੀਤਾ ਸੀ ਕਿ ਆਪ ਨੇ ਆਦਿ ਗਰੰਥ ਦੀ ਰਚਨਾ ਵਿਚ ਹਿੰਦੂ ਤੇ ਮੁਸਲਮਾਨ ਦੋਹਾਂ ਦੇ ਸਨਾਤਨੀ ਵਿਚਾਰਾਂ ਦੀ ਅਵਗਿਆ ਕੀਤੀ ਹੈ ਅਤੇ ਉਹਨਾਂ ਨਾਲ ਨਿਆਂ ਕਰਨ ਲਈ ਆਪ ਨੂੰ ਇਸ ਬਾਣੀ ਵਿਚੋਂ ਕੁਝ ਅੰਸ਼ ਕਢ ਦੇਣੇ ਚਾਹੀਦੇ ਹਨ। ਪਰ ਗੁਰੂ ਜੀ ਦਾ ਬੜਾ ਸ਼ਾਂਤਚਿਤ ਤੇ ਸੰਖੇਪ ਉਤਰ ਇਹ ਸੀ, "ਇਹ ਤਾਂ ਧੁਰ ਕੀ ਅਰਥਾਤ ਪ੍ਰਭੂ ਦੀ ਬਾਣੀ ਹੈ। ਇਕ ਵਿਅਕਤੀ ਦੇ ਤੌਰ 'ਤੇ ਜੋ ਕੁਝ ਮੈਨੂੰ ਦੈਵੀ ਪ੍ਰੇਰਨਾ ਜਾਂ ਦੈਵੀ-

ਆਵੇਸ਼ ਵਜੋਂ ਪ੍ਰਾਪਤ ਹੋਇਆ ਹੈ, ਉਸ ਨੂੰ ਮੈਂ ਬਦਲ ਨਹੀਂ ਸਕਦਾ। ਇਹ ਤਾਂ ਸੱਚੀ ਬਾਣੀ ਹੈ ਅਤੇ ਇਹ ਵਿਸ਼ੇਸ ਤਰ੍ਹਾਂ ਹੀ ਸਥਿਰ ਰਹੇਗੀ।''

ਇਸ ਉਪਰੰਤ ਬਾਦਸ਼ਾਹ ਜਹਾਂਗੀਰ ਨੇ ਗੁਰੂ ਜੀ ਦੇ ਉਤੇ ਇਹ ਦੋਸ਼ਾਰੋਪਣ ਕੀਤਾ ਕਿ ਆਪ ਨੇ ਬਾਗੀ ਸ਼ਹਿਜ਼ਾਦੇ ਖੁਸਰੋ ਦੀ ਸਹਾਇਤਾ ਕੀਤੀ ਹੈ। ਪਰ ਗੁਰੂ ਜੀ ਨੇ ਉਤਰ ਦਿਤਾ, ''ਸ਼ਹਿਜ਼ਾਦਾ (ਖੁਸਰੋ) ਇਕ ਮਨੁੱਖ ਦੇ ਰੂਪ ਵਿਚ ਗੁਰੂ ਦੀ ਸ਼ਰਨ ਵਿਚ ਆਇਆ ਸੀ ਤੇ ਇਸ ਘਟਨਾ ਦਾ ਮੇਰੇ ਵਿਅਕਤੀਗਤ ਜੀਵਨ ਨਾਲ ਕੋਈ ਸੰਬੰਧ ਨਹੀਂ ਹੈਂ। ਮੈਂ ਗੁਰੂ ਦੀ ਕਾਰਗੁਜ਼ਾਰੀ ਵਿਚ ਵਿਅਕਤੀਗਤ ਰੂਪ ਵਿਚ ਕੋਈ ਦਖ਼ਲ ਨਹੀਂ ਦੇ ਸਕਦਾ। ਮੈਂ ਕਿਸੇ ਬਾਗੀ ਦੀ ਸਹਾਇਤਾ ਨਹੀਂ ਕੀਤੀ। ਗੁਰੂ ਤਾਂ ਉਹਨਾਂ ਸਭ ਨੂੰ ਸ਼ਰਨ ਦਿੰਦਾ ਹੈ, ਜੋ ਡਿਗੇ ਢੱਠੇ ਜਾਂ ਤ੍ਰਿਸਕਾਰੇ ਹੋਏ ਉਸ ਦੀ ਸ਼ਰਨ ਵਿਚ ਆ ਜਾਂਦੇ ਹਨ।''

ਇਥੋਂ ਤਕ ਕਿ ਬਾਦਸ਼ਾਹ ਤੇ ਬਾਗੀ ਲੋਕ ਵੀ ਜਦੋਂ ਦੁੱਖ ਤੇ ਕਸ਼ਟ ਵਿਚ ਹੁੰਦੇ ਹਨ ਤਾਂ ਉਹ ਆਪਣੇ ਹਿਰਦੇ ਤੇ ਆਤਮਕ ਭਾਵਾਂ ਵਜੋਂ ਗ਼ਰੀਬ, ਨਿਮਾਣੇ ਤੇ ਤ੍ਰਿਸਕਾਰੇ ਵਿਅਕਤੀ ਹੀ ਹੁੰਦੇ ਹਨ। ਗੁਰੂ ਜੀ ਤਾਂ ਅਜਿਹੇ ਸਭ ਵਿਅਕਤੀਆਂ ਦੀ ਸਹਾਇਤਾ ਕਰਦੇ ਹਨ ਤੇ ਇਸ ਸੰਬੰਧ ਵਿਚ ਰਾਉ-ਰੰਕ ਜਾਂ ਉਚੇ ਤੇ ਨੀਵੇਂ ਵਿਚ ਕੋਈ ਵਿਤਕਰਾ ਨਹੀਂ ਕਰਦੇ। ਗੁਰੂ ਜੀ ਤਾਂ ਮਨੁੱਖ ਦੀ ਆਤਮਾ ਦੀ ਰੱਖਿਆ ਕਰਦੇ ਹਨ। ਅਜਿਹੇ ਕਾਰਜਾਂ ਵਿਚ ਗੁਰੂ ਜੀ ਦਾ ਕਰਤੱਵ ਨਿਰੋਲ ਮਨੁੱਖੀ ਹੁੰਦਾ ਹੈ ਅਤੇ ਇਸ ਵਿਚ ਗੁਰੂ ਦੇ ਦਇਆ ਦੇ ਨੇਮ ਤੋਂ ਬਿਨਾਂ ਹੋਰ ਕੋਈ ਨੇਮ ਕਾਰਜਸ਼ੀਲ ਨਹੀਂ ਹੁੰਦਾ। ਇਸ ਲਈ ਇਹ ਕੋਈ ਰਾਜਨੀਤਕ ਕਾਰਵਾਈ ਨਹੀਂ ਹੈ। ਇਹ ਤਾਂ ਇਕ ਮਨੁੱਖੀ ਕਾਰਜ ਹੈ, ਜਿਸ ਵਿਚ ਇਕ ਮਨੁੱਖ ਦੂਜੇ ਮਨੁੱਖ ਨਾਲ ਹਮਦਰਦੀ ਕਰਦਾ ਹੋਇਆ ਆਪਣੇ ਕਰਤੱਵ ਨੂੰ ਨਿਭਾ ਰਿਹਾ ਹੈ। ਗੁਰੂ ਦੇ ਘਰ ਵਿਚ ਅਜਿਹੇ ਵਿਅਕਤੀ ਲਈ ਕੋਈ ਸਜ਼ਾ ਨਹੀਂ ਹੈ ਜਦੋਂ ਕਿ ਕੋਈ ਇਕ ਮਨੁੱਖ, ਮਨੁੱਖ ਰੂਪ ਵਿਚ ਕਿਸੇ ਦੂਜੇ ਮਨੁੱਖ ਕੋਲੋਂ ਸਹਾਇਤਾ ਦੀ ਮੰਗ ਕਰਦਾ ਹੈ।

ਬਾਦਸ਼ਾਹ ਦੇ ਹਿੰਦੂ ਅਹਿਲਕਾਰ ਚੰਦੂ, ਜਿਸ ਵਿਚ ਆਪਣੀ ਸ਼ਾਹੀ ਪਦਵੀ ਤੇ ਉਚ ਜਾਤੀ ਦਾ ਅਭਿਮਾਨ ਮੌਜੂਦ ਸੀ—ਨੇ ਗੁਰੂ ਜੀ ਨੂੰ ਕਸ਼ਟ ਤੇ ਤਸੀਹੇ ਦਿਤੇ। ਰਾਜਮਦ ਵਿਚ ਮਤੇ ਅਧਿਕਾਰੀ ਸਦਾ ਇਸ ਤਰ੍ਹਾਂ ਹੀ ਲੋਕਾਂ ਉਤੇ ਅਤਿਆਚਾਰ ਕਰਦੇ ਹਨ। ਮਹਾਨ ਸੂਫ਼ੀ ਸੰਤ ਹਜ਼ਰਤ ਮੀਆਂ ਮੀਰ ਨੇ ਇਹਨਾਂ ਸਭ ਕਸ਼ਟਾਂ ਨੂੰ ਆਪਣੀ ਅੱਖੀਂ ਵੇਖਿਆ। ਗੁਰੂ ਜੀ ਦੇ ਤਨ ਉਤੇ ਤੱਤੀ ਰੇਤ ਪਾਈ ਗਈ। ਪਰ ਫੁੱਲ ਨੂੰ ਜਦੋਂ ਵੀ ਦਬਾਇਆ ਜਾਂਦਾ ਹੈ, ਉਹ ਭਿੰਨੀ ਮਹਿਕ ਹੀ ਵੰਡਦਾ ਹੈ। ਅਜਿਹੇ ਸਮੇਂ ਵੀ ਗੁਰੂ ਜੀ ਨੇ ਵਾਹੁ-ਵਾਹੁ ਦੀ ਸ਼ਾਨ ਨੂੰ ਪ੍ਰਗਟਾਉਣ ਵਾਲੇ ਸ਼ਬਦਾਂ ਦਾ ਗਾਇਨ ਕੀਤਾ। ਇਹ ਕੋਈ ਕੂੜ ਕਲਪਨਾ ਦੀ ਗੱਲ ਨਹੀਂ ਹੈ, ਸਗੋਂ ਵਰਤਿਆ ਬੀਤਿਆ ਸੱਚਾ ਇਤਿਹਾਸ ਹੈ। ਗੁਰੂ ਤੇਗ਼ ਬਹਾਦਰ ਜੀ ਨੇ ਵੀ, ਆਪਣੀ ਸਵੈ-ਰੱਖਿਆ ਦੀ ਪ੍ਰਵਾਹ ਨਾ ਕਰਕੇ ਅਜਿਹਾ ਹੀ ਕੀਤਾ। ਗੁਰੂ ਗੋਬਿੰਦ ਸਿੰਘ ਜੀ ਅਤੇ ਉਹਨਾਂ ਦੇ ਚਾਰ ਸਾਹਿਬਜ਼ਾਦਿਆਂ ਨੇ ਵੀ ਅਜਿਹੀ

ਕੁਰਬਾਨੀ ਕੀਤੀ। ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਜੀ, ਉਹਨਾਂ ਦੀ ਸੁਪਤਨੀ ਵੀ ਇਸੇ ਰਾਹ ਦੇ ਹੀ ਪਾਂਧੀ ਬਣੇ। ਗੁਰੂ ਦੇ ਸਿੱਖਾਂ ਨੇ ਵੀ ਇਸੇ ਤਰ੍ਹਾਂ ਦੀਆਂ ਕੁਰਬਾਨੀਆਂ ਕੀਤੀਆਂ ਅਤੇ ਕਿਸੇ ਬਾਰੇ ਕੋਈ ਗਿਲਾ ਸ਼ਿਕਵਾ ਨਾ ਕੀਤਾ। 'ਵਾਹੁ ਵਾਹੁ' ਦਾ ਗੁਣ ਗਾਇਨ ਕਰਦੇ ਤੇ 'ਧੰਨ ਗੁਰੂ-ਧੰਨ ਗੁਰੂ' ਕਹਿੰਦੇ ਉਹ ਸ਼ਹੀਦੀਆਂ ਪਾ ਗਏ। ਇਸ ਪ੍ਰਕਾਰ ਗੁਰੂ ਸਾਹਿਬਾਨ ਨੇ ਇਹਨਾਂ ਕਸ਼ਟਾਂ ਤੇ ਅਤਿਆਚਾਰਾਂ ਦਾ ਮਹਾਂ-ਮਾਨਵ ਲਈ ਸ਼ਾਂਤ ਚਿਤ ਤੇ ਸਹਿਜ ਅਵਸਥਾ ਨਾਲ ਟਾਕਰਾ ਕੀਤਾ ਅਤੇ ਇਸੇ ਭਾਵਨਾ ਨੂੰ ਲੋਕਾਂ ਦੀ ਆਤਮਾ ਵਿਚ ਭਰ ਦਿਤਾ। ਜਿਹੜੀ ਗੱਲ ਨੂੰ ਉਹ ਸਿਧ ਨਹੀਂ ਸਨ ਕਰ ਸਕਦੇ, ਉਥੇ ਉਹਨਾਂ ਨੇ ਗੁਰੂ ਦੇ ਬਚਨਾਂ ਦੀ ਟੇਕ ਲਈ/ ਅਤੇ ਉਹਨਾਂ ਉਤੇ ਪੂਰਨ ਭਰੋਸਾ ਕੀਤਾ। ਜਦੋਂ ਗੁਰੂ ਜੀ ਵਲੋਂ ਮਿਲੀ ਦੈਵੀ ਪ੍ਰੇਰਨਾ ਅਧੀਨ ਕੁਝ ਸਿੱਖਾਂ ਨੇ ਉਸੇ ਤਰ੍ਹਾਂ ਦੀ ਆਤਮਕ ਸ਼ਕਤੀ ਨੂੰ ਦਰਸਾਇਆ ਅਤੇ ਅਗਨੀ ਜਾਂ ਤਲਵਾਰ ਦੀ ਮਾਰ ਮ੍ਰਿਤੂ ਸਮੇਂ ਉਹਨਾਂ ਨੂੰ ਪੋਹ ਨਾ ਸਕੀ, ਤਾਂ ਸਾਰੇ ਲੋਕਾਂ ਨੂੰ ਉਹਨਾਂ ਉਚੇਰੇ ਆਦਰਸ਼ਾਂ ਦਾ ਬੋਧ ਹੋ ਗਿਆ, ਜਿਨ੍ਹਾਂ ਤਕ ਸਾਧਾਰਨ-ਗੋਚਰ ਜਗਤ ਦਾ ਇੰਦਰੀਗਤ ਅਨੁਭਵ ਪਹੁੰਚ ਨਹੀਂ ਸਕਦਾ ਤੇ ਨਾ ਹੀ ਜਿਨ੍ਹਾਂ ਦਾ ਤਰਕ ਜਾਂ ਦਲੀਲ ਦੁਆਰਾ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਉਹਨਾਂ ਨੂੰ ਜੀਵਨ ਦੇ ਨਵੇਂ ਵਿਸਮਾਦਜਨਕ ਤੇ ਮਹਾਨ ਅਨੁਭਵ ਦਾ ਆਭਾਸ ਹੋਇਆ, ਜਿਸ ਨਾਲ ਉਹਨਾਂ ਦੇ ਗਿਆਨ ਬੋਧ ਵਿਚ ਗਹਿਰ ਗੰਭੀਰ ਡੂੰਘਾਈ ਉਤਪੰਨ ਹੋ ਗਈ। ਇਹ ਵਿਅਕਤੀ ਗਗਨ ਮੰਡਲ ਵਲ ਉਚੀ ਨਦਰਿ ਨਾਲ ਨਿਹਾਰਦੇ ਹੋਏ 'ਵਾਹੁ ਵਾਹੁ' ਦੀ ਸ਼ਾਨ ਤੇ ਗੁਣ ਗਾਇਨ ਵਿਚ ਲੀਨ ਹੋ ਗਏ।

ਗੁਰੂ ਜੀ ਸਨਾਤਨੀ ਬ੍ਰਾਹਮਣਵਾਦੀ ਜਾਤਪਾਤ ਜਾਂ ਵਰਣ-ਵੰਡ ਤੋਂ ਬਿਲਕੁਲ ਨਿਰਲੇਪ ਸਨ, ਨਾ ਹੀ ਉਹਨਾਂ ਅੰਦਰ ਕਿਸੇ ਕਿਸਮ ਦੀ ਦਵੈਤ-ਭਾਵਨਾ ਉਤਪੰਨ ਹੋਈ। ਜਿਹੜੇ ਜਬਰ ਇਹਨਾਂ ਵਲੋਂ ਢਾਹੇ ਗਏ, ਗੁਰੂ ਜੀ ਨੇ ਉਸ ਦੇ ਅੰਧਕਾਰ ਨੂੰ ਆਪਣੀ ਕਿਰਪਾਨ ਦੀ ਚਮਕ ਨਾਲ ਦੂਰ ਕਰ ਦਿਤਾ। ਹਿੰਦੂਆਂ ਨੇ ਗੁਰੂ ਜੀ ਵਲੋਂ ਮੂੰਹ ਫੇਰ ਲਿਆ, ਇਸੇ ਤਰ੍ਹਾਂ ਉਹਨਾਂ ਨੇ ਕਿਸੇ ਸਮੇਂ ਬੁਧ-ਮਤ ਵਲੋਂ ਵੀ ਮੂੰਹ ਫੇਰ ਲਿਆ ਸੀ। ਹਿੰਦੂ ਉਹਨਾਂ ਲੋਕਾਂ ਨੂੰ ਅਵਿਧਾਨਕ ਢੰਗ ਨਾਲ ਪ੍ਰਾਣ-ਦੰਡ ਜਾਂ ਸਜ਼ਾਵਾਂ ਵੀ ਦੇ ਦਿੰਦੇ ਸਨ, ਹਾਲਾਂ ਕਿ ਉਹਨਾਂ ਦੀ ਪ੍ਰਸਿਧੀ ਸਹਿਣਸ਼ੀਲ ਹੋਣ ਕਰਕੇ ਵੀ ਜਾਣੀ ਜਾਂਦੀ ਹੈ। ਹਿੰਦੂ ਮਤ ਦੇ ਭਰਮ ਅਗਿਆਨ ਵਿਰੁੱਧ ਗੁਰੂ ਜੀ ਦੇ ਸ਼ਕਤੀਵਰ ਕਥਨਾਂ ਨੇ ਵਹਿਮਾਂ-ਭਰਮਾਂ ਦੇ ਮਜ਼ਬੂਤ ਗੜ੍ਹ ਨੂੰ ਤੋੜ ਦਿਤਾ ਅਤੇ ਮਨੁੱਖ ਦੇ ਹਿਰਦੇ ਅੰਦਰ ਪ੍ਰਭੂ ਦਾ ਨਵਾਂ ਮੰਦਰ ਸਥਾਪਿਤ ਕਰ ਦਿਤਾ। ਗੁਰੂ ਜੀ ਨੇ ਨਵਾਂ ਮਤ ਸਥਾਪਿਤ ਕਰ ਦਿਤਾ। ਆਪ ਜੀ ਦੇ ਕਥਨ ਅਨੁਸਾਰ, "ਸੰਸਾਰ ਵਿਚ ਪ੍ਰਭੂ ਦਾ ਇਕੋ ਹੀ ਮੰਦਰ ਹੈ ਅਤੇ ਉਹ ਮੰਦਰ ਹੈ ਮਨੁੱਖ ਦਾ ਸਰੀਰ। ਇਸ ਉਚੇਰੇ ਰੂਪ ਨਾਲੋਂ ਵਧ ਕੁਝ ਵੀ ਹੋਰ ਵਧੇਰੇ ਪਵਿੱਤਰ ਨਹੀਂ ਹੈ। ਇਸ ਲਈ ਮਨੁੱਖ ਅਗੇ ਨਮਸਕਾਰ ਕਰਨ ਦਾ ਭਾਵ ਹੈ—ਉਸ ਵਿਚਲੇ ਅੰਤਰੀਵ ਗਿਆਨ ਦਾ ਸਨਮਾਨ ਕਰਨਾ। ਜਦੋਂ ਅਸੀਂ ਮਨੁੱਖ ਦੇ ਸਰੀਰ ਨੂੰ

ਪਰਸਦੇ ਹਾਂ ਤਾਂ ਆਕਾਸ਼ ਨੂੰ ਹੀ ਛੂਹ ਲੈਂਦੇ ਹਾਂ। ਗੁਰੂ ਅਮਰਦਾਸ ਜੀ ਨੇ ਇਸ ਬਾਰੇ ਵਿਸ਼ੇਸ਼ ਉਲੇਖ ਕਰ ਦਿਤਾ ਹੈ ਅਤੇ ਇਹ ਪਦਵੀ ਗੁਰਮੁਖ ਨੂੰ ਪ੍ਰਦਾਨ ਕੀਤੀ ਹੈ, "ਜੋ ਪ੍ਰਭੂ-ਮੁਖੀ ਪ੍ਰਵਿਰਤੀ ਰਖਣ ਵਾਲਾ ਪੂਰਨ ਮਨੁੱਖ ਹੁੰਦਾ ਹੈ।" ਮਨੁੱਖ ਦੇ ਦੇਹ ਸਰੂਪ ਦੀ ਤਾਂ ਉਸ ਸਮੇਂ ਹੀ ਪੂਜਾ ਕੀਤੀ ਜਾਂਦੀ ਹੈ, ਜਦੋਂ ਇਹ ਅੰਤਰੀਵ ਮਨੁੱਖ ਦਾ ਵਾਹਨ ਹੁੰਦਾ ਹੈ ਤੇ ਇਸ ਵਿਚਲੇ ਅੰਦਰਲੇ ਪਸ਼ੂ ਦਾ ਆਭਾਵ ਹੁੰਦਾ ਹੈ। ਗੁਰੂ ਗਰੰਥ ਸਾਹਿਬ ਵਿਚ ਅਜਿਹੇ ਬਹੁਤ ਸਾਰੇ ਗੁਰਬਾਣੀ ਦੇ ਸ਼ਬਦ ਮੌਜੂਦ ਹਨ, ਜਿਨ੍ਹਾਂ ਵਿਚ ਇਹ ਗੱਲ ਆਖੀ ਗਈ ਹੈ ਕਿ ਸੰਤਾਂ ਦੇ ਚਰਨ-ਕੰਵਲਾਂ ਦੀ ਧੂੜੀ ਸਾਡੇ ਲਈ ਮਸਤਕ ਉਤੇ ਲਾਉਣ ਵਾਲੀ ਸਭ ਤੋਂ ਪਵਿੱਤਰ ਵਸਤੂ ਹੈ। ਸਾਨੂੰ ਸੰਤਾਂ ਦੀ ਚਰਨ-ਧੂੜੀ ਵਿਚ ਇਸ਼ਨਾਨ ਕਰਨਾ ਚਾਹੀਦਾ ਹੈ।

ਆਉ, ਅਤੇ ਆਪਣੇ ਆਪ ਨੂੰ ਸੰਤ-ਜਨਾਂ ਦੇ ਅਗੇ ਪੂਰਨ ਰੂਪ ਵਿਚ ਸਮਰਪਿਤ ਕਰ ਦਿਉ। ਸੰਤ-ਜਨਾਂ ਦੀ ਸੰਗਤ ਸਾਨੂੰ ਸ਼ੁਭ ਤੇ ਪਵਿੱਤਰ ਕਰ ਦਿੰਦੀ ਹੈ। ਨਾਮ ਸਿਮਰਨ ਵਾਲੇ ਸੰਤ-ਪੁਰਸ਼ ਨੂੰ ਨਮਸਕਾਰ ਕਰੋ, ਇਸ ਨਾਲ ਤੁਹਾਨੂੰ ਸਰਵੁਚ ਪਦਾਰਥ ਪ੍ਰਾਪਤ ਹੋਵੇਗਾ। ਪ੍ਰਭੂ ਮਨੁੱਖ ਦੇ ਦਰਸ਼ਨ ਕਰਕੇ ਸਾਨੂੰ ਪ੍ਰਭੂ ਦੇ ਦੀਦਾਰ ਹੀ ਹੋ ਜਾਂਦੇ ਹਨ। ਪ੍ਰਭੂ ਦੇ ਸੰਤ-ਜਨ ਮਨੁੱਖੀ ਹਿਰਦਿਆਂ ਵਿਚ ਪ੍ਰੇਮ ਦੀ ਜੋਤ ਜਗਾ ਦਿੰਦੇ ਹਨ। ਉਹਨਾਂ ਦੀ ਛੂਹ ਮਾਤਰ ਨਾਲ ਮਨੁੱਖ ਵਿਚਲਾ ਅੰਤਰੀਵ ਮਨੁੱਖ ਜਾਗ ਉਠਦਾ ਹੈ। ਭਾਵੇਂ ਹਜ਼ਾਰ ਯਤਨ ਕੀਤੇ ਜਾਣ, ਪ੍ਰਭੂ ਦੀ ਮਿਹਰ ਜਾਂ ਨਦਰਿ ਕਰਮ ਤੋਂ ਬਿਨਾਂ ਸਾਨੂੰ ਉਚੇਰਾ ਆਤਮਕ ਅਨੁਭਵ ਪ੍ਰਾਪਤ ਨਹੀਂ ਹੋ ਸਕਦਾ।

ਉਹ ਨਿਰਭੈਤਾ ਜੋ ਆਤਮਾ ਦੀ ਸੁਤੰਤਰਤਾ ਦੀ ਦੇਣ ਹੁੰਦੀ ਹੈ, ਸਾਨੂੰ ਗੁਰੂ ਸਾਹਿਬ ਤੇ ਸਿੱਖ ਸ਼ਹੀਦਾਂ ਦੀ ਪ੍ਰੇਮ ਭਾਵਨਾ ਤੋਂ ਮਿਲ ਸਕਦੀ ਹੈ। ਇਹ ਸ਼ਹੀਦ ਸੱਚੇ ਅਰਥਾਂ ਵਿਚ ਗੁਰੂ ਵਿਰੋਸਾਏ ਤੇ ਗੁਰੂ ਦੀ ਦੈਵੀ-ਪ੍ਰੇਰਨਾ ਦੇ ਪਾਤਰ ਸਨ। ਗੁਰੂ ਜੀ ਵਲੋਂ ਬਖ਼ਸ਼ੀ ਗਈ ਇਹ ਸੁਤੰਤਰਤਾ ਗੁਰੂ ਜੀ ਦੇ ਉਸ ਵਿਅਕਤੀਤਵ ਦੀ ਦੇਣ ਹੈ, ਜਿਸ ਨੂੰ ਛੂਹ ਕੇ ਲੋਹਾ ਕੰਚਨ ਬਣ ਜਾਂਦਾ ਹੈ। ਇਹ ਤਾਂ ਸੰਪੂਰਨ ਮਨੁੱਖ ਤੇ ਉਸ ਦੀ ਸੰਪੂਰਨ ਆਤਮਾ ਦੀ ਸੁਤੰਤਰਤਾ ਹੈ। ਇਹ ਤਾਂ ਉਹ ਸੁਤੰਤਰਤਾ ਹੈ, ਜੋ ਅਨੰਤ ਸਾਧਨਾ ਦੇ ਕਰਨ ਪਿਛੋਂ ਵੀ ਪ੍ਰਭੂ-ਪ੍ਰੀਤਮ ਦੀ ਨਦਰਿ-ਕਰਮ ਦੁਆਰਾ ਪ੍ਰਾਪਤ ਹੁੰਦੀ ਹੈ, ਜਿਹੜੀ ਕਿ ਨੇਤਰਫੋਰ ਵਿਚ ਇਕ ਤੱਕਣੀ ਰਾਹੀਂ ਮਨੁੱਖ ਦੀ ਕਾਇਆ-ਕਲਪ ਕਰ ਦਿੰਦੀ ਹੈ। ਗੁਰੂ ਨੇ ਮੈਨੂੰ ਆਪਣੀ ਪਾਵਨ-ਛੂਹ ਬਖ਼ਸ਼ੀ ਤੇ ਮੈਨੂੰ ਪੂਰਨ ਕਰ ਦਿਤਾ।" ਹੁਣ ਤਾਂ ਮੈਂ ਪ੍ਰਭੂ-ਪ੍ਰੀਤਮ ਦਾ ਮੰਦਰ ਬਣ ਗਿਆ ਹਾਂ। ਮੈਂ ਉਹ 'ਸ਼ਬਦ' ਹਾਂ; ਜਿਸ ਨੂੰ ਕੋਈ ਅਗਨੀ ਸਾੜ ਨਹੀਂ ਸਕਦੀ, ਕੋਈ ਜਲ ਰੋੜ੍ਹ ਨਹੀਂ ਸਕਦਾ ਅਤੇ ਕੋਈ ਪਵਨ ਸੁਕਾ ਨਹੀਂ ਸਕਦੀ। ਮੈਂ ਤਾਂ ਅਬਿਨਾਸ਼ੀ ਹਾਂ। ਸਭ ਰੂਪ ਮੇਰੀ ਆਤਮਾ ਦੀਆਂ ਪੁਸ਼ਾਕਾਂ ਹਨ। ਅਜਿਹੀ ਅਦੁੱਤੀ ਹੁੰਦੀ ਹੈ, ਗੁਰਮੁਖ ਦੀ ਅਵਸਥਾ। ਮਨੁੱਖੀ ਇਤਿਹਾਸ ਵਿਚ ਨਕਲ ਅਤੇ ਰੀਸ ਕਰਨਾ ਬੜੀ ਸਾਧਾਰਨ ਗੱਲ ਹੁੰਦੀ ਹੈ, ਪਰ ਪ੍ਰਭੂ-ਮੁਖੀ ਪ੍ਰਵਿਰਤੀ ਦੇ ਧਾਰਨੀ ਮਨੁੱਖ ਬੜੇ ਵਿਰਲੇ ਹੁੰਦੇ ਹਨ। ਅਜਿਹੇ ਗੁਰਮੁਖ ਤਾਂ ਉਚੇ

ਦਰੋਂ ਅਰਥਾਤ ਧੁਰੋਂ ਵਿਰੋਸਾਏ ਹੁੰਦੇ ਹਨ। ਇਹ ਨਾਮ ਤੇ ਸਿਮਰਨ ਵਿਚ ਰੱਤੇ ਮਨੁੱਖ ਪ੍ਰਭੂ-ਪ੍ਰੀਤਮ ਦੀ ਦੈਵੀ ਪ੍ਰੇਰਨਾ ਨਾਲ ਭਰਪੂਰ ਹੁੰਦੇ ਹਨ। ਗੁਰੂ ਜੀ ਵਲੋਂ ਬਖ਼ਸ਼ੀ ਗਈ ਇਸ ਦੈਵੀ ਪ੍ਰੇਰਨਾ ਨੂੰ ਕਈ ਵਾਰ ਯੁਧਾਂ, ਦੁਖਾਂ-ਕਸ਼ਟਾਂ, ਤਸੀਹੇ ਸਹਿੰਦਿਆਂ ਤੇ ਮੌਤਾਂ ਦੀ ਤਕੜੀ ਵਿਚ ਤੋਲ ਕੇ ਪਰਖਿਆ ਗਿਆ ਅਤੇ ਹਰ ਸਮੇਂ ਇਹ ਪਾਸੇ ਦਾ ਖਰਾਂ ਸੋਨਾ ਹੀ ਸਿਧ ਹੋਇਆ। ਉਹ ਕਿਹੋ ਜਿਹੀ ਸੁਤੰਤਰਤਾ ਹੈ, ਜੋ ਦੂਜਿਆਂ ਨੂੰ ਗ਼ੁਲਾਮ ਬਣਾ ਕੇ ਮਿਲਦੀ ਹੈ ? ਉਹ ਕਿਹੜੀ ਖ਼ੁਸ਼ੀ ਤੇ ਅਭਿਮਾਨ ਹੈ, ਉਹ ਕਿਹੜੀ ਪਦਵੀ ਤੇ ਸਨਮਾਨ ਹੈ, ਜੋ ਹਜ਼ਾਰਾਂ ਮਨੁੱਖਾਂ ਦੀ ਤਬਾਹੀ ਪਿਛੋਂ ਮਿਲਦਾ ਹੈ ? ਗੁਰੂ ਜੀ ਤਾਂ ਇਹ ਕਹਿੰਦੇ ਹਨ ਕਿ ਉਹ ਜੀਵਨ ਕਿੰਨਾਂ ਸੁੰਦਰ ਤੇ ਆਦਰਸ਼ਕ ਹੈ, ਜੋ ਨਾ ਕਿਸੇ ਨੂੰ ਭੈਅ ਦਿੰਦਾ ਹੈ ਤੇ ਨਾ ਹੀ ਕਿਸੇ ਦੇ ਭੈਅ ਨੂੰ ਮੰਨਦਾ ਹੈ। ਪਿਛਲੇ ਸਮੇਂ ਦੇ ਸਿੱਖ ਸ਼ਹੀਦਾਂ ਦੇ ਉਦਾਹਰਣ ਹੀ ਲੈ ਲਵੋ। ਭਾਈ ਮਨੀ ਸਿੰਘ ਜੋ ਉਸ ਸਮੇਂ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਮੁਖ ਪ੍ਰਬੰਧਕ ਸਨ, ਨੇ ਮੁਗ਼ਲ ਅਹਿਲਕਾਰ ਵਲੋਂ ਲਾਏ ਗਏ ਅਨਿਆਂ-ਪੂਰਵਕ ਕਰ ਨੂੰ ਭਰਨ ਤੋਂ ਇਨਕਾਰ ਕਰ ਦਿਤਾ ਸੀ ਤੇ ਉਹਨਾਂ ਨੂੰ ਬੰਦ ਬੰਦ ਕਟ ਕੇ ਸ਼ਹੀਦ ਕੀਤਾ ਗਿਆ ਸੀ। ਭਾਈ ਮਤੀ ਦਾਸ ਜੀ ਨੂੰ ਦਿੱਲੀ ਵਿਖੇ ਆਰੇ ਨਾਲ ਦੋਫਾੜ ਚੀਰ ਦਿਤਾ ਗਿਆ ਸੀ। ਸ਼ਹੀਦੀ ਪਾਉਣ ਸਮੇਂ ਇਹਨਾਂ ਸ਼ਹੀਦਾਂ ਦੇ ਅੰਦਰੋਂ 'ਵਾਹਿਗੁਰੂ ਵਾਹਿਗੁਰੂ' ਦੀ ਨਾਮ ਧੁਨੀ ਹੀ ਗੂੰਜਦੀ ਰਹੀ। ਸਿੱਖਾਂ ਦੇ ਸੀਨਿਆਂ ਵਿਚ ਇਹ ਆਤਮਕ ਭਾਵਨਾ ਹਾਲੀ ਵੀ ਪ੍ਰਜਵਲਿਤ ਹੈ, ਭਾਵੇਂ ਸਦੀਆਂ ਦੇ ਵਿਰੋਧ ਨੇ ਸਿੱਖਾਂ ਦੀ ਨੈਤਿਕ ਭਾਵਨਾ ਦੀ ਤੰਦ ਨੂੰ ਕੁਝ ਹੱਦ ਤਕ ਕਮਜ਼ੋਰ ਕਰ ਦਿਤਾ ਹੈ। ਇਹ ਤਾਂ ਕੁਝ ਉਹ ਉਦਾਹਰਣ ਹੀ ਹਨ, ਜੋ ਇਸ ਗੱਲ ਨੂੰ ਮੂਰਤੀਮਾਨ ਕਰਦੇ ਹਨ ਕਿ ਕਿਵੇਂ ਇਕ ਸਿੱਖ ਸੱਚੇ ਅਰਥਾਂ ਵਿਚ ਪ੍ਰਭੂ-ਮਨੁੱਖ ਬਣ ਗਿਆ ਹੈ।

ਗੁਰੂ ਸਾਹਿਬਾਨ ਨੇ ਪੰਜਾਬ ਦੀ ਕਿਰਸਾਨੀ ਦਾ ਉਥਾਨ ਕਰਨਾ ਆਰੰਭ ਕੀਤਾ। ਉਹਨਾਂ ਦੀ ਸਿੱਖਿਆ ਦੀਖਿਆ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਬਹੁਤ ਸਾਰੇ ਵਿਦਵਾਨਾਂ ਤੇ ਕਵੀਆਂ ਨੂੰ ਭਰਤੀ ਕੀਤਾ, ਤਾਂ ਜੋ ਪੁਰਾਤਨ ਸੰਸਕ੍ਰਿਤ ਸਾਹਿਤ ਦਾ ਲੋਕ ਭਾਸ਼ਾ ਵਿਚ ਅਨੁਵਾਦ ਕੀਤਾ ਜਾ ਸਕੇ। ਗੁਰੂ ਅੰਗਦ ਦੇਵ ਜੀ ਨੇ ਨਵਾਂ ਆਤਮਕ ਸਿਖਿਆ-ਧਾਮ ਸਥਾਪਿਤ ਕੀਤਾ। ਆਪ ਨੇ ਸਿੱਖਾਂ ਨੂੰ ਗੁਰਮੁਖੀ ਅੱਖਰਾਂ ਦੀ ਨਵੀਂ ਸੋਧੀ ਹੋਈ ਵਰਣ-ਮਾਲਾ ਪ੍ਰਦਾਨ ਕੀਤੀ। ਆਪ ਜੀ ਨੇ ਕੌਮ ਦੇ ਬੱਚਿਆਂ ਨੂੰ ਆਪਣੇ ਨਾਲ ਜੋੜ ਕੇ ਉਹਨਾਂ ਨੂੰ ਸਿਖਿਅਤ ਕੀਤਾ। ਆਪ ਜੀ ਨੇ ਗੁਰੂ ਨਾਨਕ ਸਾਹਿਬ ਦੀਆਂ ਉਦਾਸੀਆਂ (ਯਾਤਰਾਵਾਂ) ਦੇ ਵੇਰਵੇ ਇਕੱਤਰ ਕਰਵਾਏ। ਇਸ ਤਰ੍ਹਾਂ ਆਪ ਜੀ ਨੇ ਆਪਣੇ ਲੋਕਾਂ ਲਈ ਨਵੇਂ ਸਾਹਿਤ ਦੀ ਨੀਂਹ ਰਖੀ। ਭਾਈ ਨੰਦ ਲਾਲ ਜੀ, ਗੁਰੂ ਗੋਬਿੰਦ ਸਿੰਘ ਜੀ ਦੇ ਅਨਿਨ ਸਿੱਖ ਸਨ। ਆਪ ਅਰਬੀ ਦੇ ਬਹੁਤ ਵਡੇ ਵਿਦਵਾਨ ਤੇ ਫ਼ਾਰਸੀ ਦੇ ਉਚ ਕੋਟੀ ਦੇ ਕਵੀ ਸਨ। ਜਦੋਂ ਆਪ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਅਨੰਦਪੁਰ ਆਏ ਤਾਂ ਫਿਰ ਆਪ ਗੁਰੂ ਜੀ ਦੀ ਹਜ਼ੂਰੀ ਤੋਂ ਦੂਰ ਨਹੀਂ ਗਏ। ਹਰ ਰੋਜ਼ ਆਪ ਗੁਰੂ ਜੀ ਦੀ

ਜ਼ੂਰੀ ਵਿਚ ਆਪਣੇ ਸ਼ਿਅਰ ਪੜ੍ਹਦੇ ਸਨ, ਜੋ ਗੁਰੂ ਜੀ ਦੀ ਉਪਮਾ ਵਿਚ ਰਚੇ ਿਏ ਹੁੰਦੇ। ਗੁਰੂ ਗੋਬਿੰਦ ਸਿੰਘ ਜੀ ਦਾ ਵਿਅਕਤੀਤਵ ਆਪ ਜੀ ਦਾ ਸਭ ਤੋਂ ਡਾ ਪ੍ਰੇਰਨਾ-ਸਰੋਤ ਸੀ। ਭਾਈ ਨੰਦ ਲਾਲ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਾਤਮਕ ਪ੍ਰਭੂਤਾ ਦਾ ਵਿਸਤ੍ਰਿਤ ਚਿਤਰ ਰੇਖਾਂਕ੍ਰਿਤ ਕੀਤਾ ਹੈ। ਆਪ ਜੀ ਨੇ ਾਪਣੇ ਪ੍ਰੀਤਮ ਪਿਆਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਉਪਮਾ ਵਿਚ ਫ਼ਾਰਸੀ ਾਸ਼ਾ ਵਿਚ ਮਿੱਠੇ ਪ੍ਰਗੀਤ ਰਚੇ ਹਨ। ਇਕ ਵਾਰ ਜਦੋਂ ਭਾਈ ਨੰਦ ਲਾਲ ਜੀ ' ਇਹ ਤਕਿਆ ਕਿ ਗੁਰੂ ਗੋਬਿੰਦ ਸਿੰਘ ਜੀ ਆਪਣੀ ਸੈਨਾ ਦੀ ਭਰਤੀ ਕਰ ਹੇ ਹਨ ਤਾਂ ਆਪ ਵੀ ਗਾਤਰੇ ਵਿਚ ਕਿਰਪਾਨ ਧਾਰਨ ਕਰਕੇ ਗੁਰੂ ਜੀ ਦੀ ਜ਼ੂਰੀ ਵਿਚ ਪੁਜ ਗਏ ਤੇ ਆਪ ਜੀ ਨੇ ਗੁਰੂ ਜੀ ਨੂੰ ਆਪਣੇ ਆਪ ਨੂੰ ਸਿੱਖ ਨਾ ਵਿਚ ਭਰਤੀ ਕਰਨ ਦੀ ਬੇਨਤੀ ਕੀਤੀ। ਗੁਰੂ ਗੋਬਿੰਦ ਸਿੰਘ ਜੀ ਨੇ ਾਪਣੀ ਜੇਬ ਵਿਚੋਂ ਕਲਮ ਕਢ ਕੇ ਉਸ ਵਲ ਤੱਕਿਆ ਤੇ ਭਾਈ ਨੰਦ ਲਾਲ । ਨੂੰ ਦੇ ਦਿਤੀ। "ਮਿੱਠੇ ਪਿਆਰੇ ਨੰਦ ਲਾਲ ਜੀ ! ਇਹ ਹੈ ਤੁਹਾਡੀ ਕਿਰਪਾਨ। ਆਪ ਤੁਹਾਡੀ ਖ਼ਾਤਰ ਉਹ ਕਿਰਪਾਨ ਧਾਰਨ ਕਰਾਂਗਾ, ਜੋ ਤੁਸੀਂ ਆਪਣੀ ਸਵੈ-ਖਿਆ ਲਈ ਲੈ ਕੇ ਆਏ ਹੋ।" ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੀ ਇਹ ਹੁਤ ਹੀ ਸ਼ਾਨਦਾਰ ਘਟਨਾ ਹੈ। ਆਪ ਆਪਣੇ ਸੈਨਿਕ ਮੁਰੀਦ ਦੀ ਖ਼ਾਤਰ ਨਿਕ ਬਣੇ, ਤਾਂ ਜੋ ਆਪ ਆਪਣੇ ਵਿਦਵਾਨ ਤੇ ਕਵੀ ਮੁਰੀਦ ਦੀ ਖ਼ਾਤਰ ਲੜ ਕਣ। ਗੁਰੂ ਜੀ ਵਲੋਂ ਆਪਣੀ ਇਸ ਗੁਣਵੰਤ ਤੇ ਵਿਰੋਸਾਏ ਹੋਏ ਕਵੀ ਤੇ ਦਵਾਨ ਮੁਰੀਦ ਲਈ ਦਰਸਾਇਆ ਗਿਆ ਇਹ ਪ੍ਰੇਮ ਸਾਡੇ ਅੰਦਰ ਮਿੱਠੀ ਬਣੀ ਛੋੜ ਦਿੰਦਾ ਹੈ।

ਕਿਰਤ ਨੂੰ ਸਰੀਰਕ ਅਕੇਵੇਂ ਦੀ ਥਾਂ ਪ੍ਰੇਮ ਦੀ ਭਾਵਨਾ ਵਿਚ ਬਦਲ ਤਾ ਗਿਆ। ਸਿੱਖੀ ਦੀ ਇਸ ਖ਼ੁਸ਼ੀ ਦੀ ਭਾਵਨਾ ਵਿਚ ਹੁਣ ਕਿਰਤ ਕਿਸੇ ਸ਼ਿਤ ਵਿਅਕਤੀ ਲਈ ਵਗਾਰ ਜਾਂ ਗਿਲੇ ਸ਼ਿਕਵੇ ਵਾਲਾ ਰੋਸ ਨਾ ਰਹੀ, ਵੇਂ ਇਸ ਦਾ ਸਰੂਪ ਤੇ ਵਿਵਹਾਰ ਹਾਲੀ ਪਹਿਲਾਂ ਵਾਲਾ ਹੀ ਰਿਹਾ। ਹਾਲੀ । ਕਿਰਤੀ ਦੇ ਗਲ ਉਹ ਪਹਿਲਾਂ ਵਰਗੇ ਹੀ ਮੈਲੇ ਕੁਚੈਲੇ ਕਪੜੇ ਸਨ, ਉਹੋ । ਸਾਧਾਰਨ, ਅਥਰਾ, ਘਟੇ-ਮਿੱਟੀ ਲਿਬੜਿਆ ਬਾਣਾ ਤੇ ਉਹੋ ਜਿਹੀ ਹੀ ਪਹਿਲਾਂ ਤਰਗੀ ਤਰਸਯੋਗ ਹਾਲਤ; ਜੋ ਨਾ ਤਾਂ ਆਪਣੇ ਲਈ ਤੇ ਨਾ ਹੀ ਆਪਣੇ ਬਾਲ ਚਿਆਂ ਤੇ ਟੱਬਰ ਲਈ ਚੰਗੇ ਕਪੜੇ ਜਾਂ ਗਹਿਣੇ-ਗਟੇ ਬਣਵਾ ਸਕਦਾ ਸੀ। ਤ ਇਸ ਦੇ ਬਾਵਜੂਦ ਕਿਰਤੀ ਦੀਆਂ ਅੱਖਾਂ ਵਿਚ ਚਮਕ ਆ ਗਈ ਸੀ ਅਤੇ ਰੂ ਦੇ ਨਾਮ ਨੂੰ ਜਪ ਕੇ ਉਸ ਦੇ ਹਿਰਦੇ ਅੰਦਰ ਸੁਖ ਸ਼ਾਂਤੀ ਦਾ ਸਹਿਜ ਵਾਸਾ ਗਿਆ ਸੀ। ਇਹ ਪ੍ਰੇਮ ਭਾਵਨਾ ਕੁਝ ਉਸੇ ਪ੍ਰਕਾਰ ਦੀ ਸੀ, ਜਿਸ ਤਰ੍ਹਾਂ ਦੀ ' ਇਕ ਪ੍ਰੇਮੀ ਨੂੰ ਆਪਣੀ ਪ੍ਰੀਤਮਾ ਦੀ ਛੂਹ ਪਾ ਕੇ ਪ੍ਰਾਪਤ ਹੁੰਦੀ ਹੈ, ਜੋ ਇਕ ਤਾ ਨੂੰ ਆਪਣੇ ਚਿਰਾਂ ਤੋਂ ਵਿਛੜੇ ਹੋਏ ਪੁਤਰ ਨੂੰ ਮਿਲ ਕੇ ਪ੍ਰਾਪਤ ਹੁੰਦੀ ਹੈ। ਣ ਉਹਨਾਂ ਦੀ ਪਿੱਠ ਉਤੇ ਆਪਣੇ ਕੀਤੇ ਕਰਮਾਂ ਦੇ ਫਲ ਭੋਗਣ ਦੀ ਹੋਣੀ : ਕੋਈ ਭਾਰ ਨਹੀਂ ਸੀ ਤੇ ਨਾ ਹੀ ਉਹਨਾਂ ਵਿਚ ਹੁਣ ਉਹ ਆਲਸ ਰਿਹਾ

ਸੀ ਜੋ ਮਾਲਕ ਦੇ ਚਾਬੁਕ ਖਾ ਕੇ ਛੰਡਿਆ ਜਾਂਦਾ ਹੈ। ਨਾ ਹੀ ਹੁਣ ਇਹਨਾਂ ਕਿਰਤੀਆਂ ਵਿਚ ਕਿਸੇ ਹੋਰ ਵਿਅਕਤੀ ਦੀ ਦੌਲਤ ਤੇ ਪਦਵੀ ਨੂੰ ਵੇਖ ਕੇ ਸਾੜਾ ਪੈਦਾ ਹੁੰਦਾ ਸੀ। ਹੁਣ ਉਹ ਪੂਰਨ ਤੌਰ 'ਤੇ ਇਨਸਾਨ ਬਣ ਗਏ ਸਨ। ਉਹਨਾਂ ਨੂੰ ਸੁੱਚੀ ਕਿਰਤ ਕਰਨ ਵਿਚ ਹੀ ਖ਼ੁਸ਼ੀ ਪ੍ਰਾਪਤ ਹੁੰਦੀ ਸੀ। ਇਕ ਦੂਜੇ ਦੀ ਸਹਾਇਤਾ ਕਰਕੇ, ਗੁਰੂ ਜੀ ਨਾਲ ਪ੍ਰੇਮ ਕਰਕੇ ਅਤੇ ਮਿਹਨਤ ਮੁਸ਼ੱਕਤ ਕਰਕੇ ਉਹਨਾਂ ਨੂੰ ਅਨੰਦ ਪ੍ਰਾਪਤ ਹੁੰਦਾ ਸੀ। ਜਿਵੇਂ ਗੁਰੂ ਸਾਹਿਬਾਨ ਦੇ ਸਮੇਂ ਹੋਇਆ, ਕਦੀ ਵੀ ਇਸ ਤੋਂ ਪਹਿਲਾਂ ਕਿਰਤ ਪ੍ਰੇਮ ਦਾ ਧਰਮ ਨਹੀਂ ਬਣੀ ਸੀ।

ਸਾਡੀ ਸਭਿਅਤਾ ਉਸ ਨਾਟਕ ਮੰਡਪ ਤੇ ਸਿਨਮਾ-ਹਾਲ ਲਈ ਆਪਣੇ ਆਪ ਨੂੰ ਤਿਆਰ ਕਰ ਰਹੀ ਹੈ। ਇਹਨਾਂ ਇੰਦਰੀਗਤ ਭੋਗ-ਵਿਲਾਸਾਂ ਦੀ ਪੂਰਤੀ ਲਈ ਜੀਵਨ ਦੀ ਕਿਸੇ ਡੂੰਘੀ ਤਹਿ ਵਿਚ ਜਾਣ ਦੀ ਲੋੜ ਨਹੀਂ ਹੈ। ਇਹ ਸਭਿਅਤਾ ਆਪਣੇ ਆਪ ਨੂੰ ਕੁਦਰਤ ਦੇ ਗੁਪਤ ਰਹੱਸਾਂ ਨਾਲੋਂ ਤੋੜ ਵਿਛੋੜ ਤੇ ਬੇਸੁਰ ਕਰਕੇ ਰਹਿ ਸਕਦੀ ਹੈ ਕਿਉਂਜੋ ਇਸ ਸਭਿਅਤਾ ਲਈ ਤਾਂ ਲਕਸ਼ ਕੇਵਲ ਉਤੇਜਨਾ ਹੀ ਹੈ, ਭਾਵੇਂ ਉਹ ਇੰਦਰੀਗਤ ਉਤੇਜਨਾ ਹੋਵੇ ਜਾਂ ਮਨ ਤੇ ਬੁਧੀ ਦੀ। ਇਸ ਸਭਿਅਤਾ ਨੂੰ ਤਾਂ ਈਸਾ ਜੀ ਦੇ ਕੇਸ ਕਤਲ ਕਰਨ ਦੀ ਲੋੜ ਹੈ, ਸੰਤ ਥਰੇਸਾ ਦੇ ਕੇਸਾਂ ਨੂੰ ਬੋਦਿਆਂ ਵਿਚ ਬਦਲਣ ਦੀ ਲੋੜ ਹੈ ਅਤੇ ਸੰਤ ਕੈਥਰੀਨ ਤੇ ਮੇਰੀ ਦੇ ਸਿਰਾਂ ਨੂੰ ਮੁੰਨਣ ਦੀ ਲੋੜ ਹੈ, ਕਿਉਂਜੋ ਇਹਨਾਂ ਨੂੰ ਤਾਂ ਵਰਤਮਾਨ ਕਾਲ ਦੀਆਂ ਅਭਿਨੇਤਰੀਆਂ ਦੇ ਰੰਗ ਢੰਗ ਨੂੰ ਅਪਨਾਉਣਾ ਵਧੇਰੇ ਚੰਗਾ ਲਗਦਾ ਹੈ ਤਾਂ ਜੋ ਉਹ ਮੰਚ ਉਤੇ ਨੰਗਾ ਨਾਚ ਨਚ ਸਕਣ ਤੇ ਭੂਤ ਕਾਲ ਦੇ ਗਰਿਸਲਦਾਸ ਦੀ ਸ਼ਾਸਤਰੀ-ਮਰਿਆਦਾ ਨੂੰ ਬਿਲਕੁਲ ਹੀ ਭੁਲਾ ਦੇਣ। ਪਰ ਜਿਵੇਂ ਕਿ ਸੂਰਜ ਅਵਸ਼ ਚੜ੍ਹਦਾ ਹੈ ਤਿਵੇਂ ਹੀ ਇਹ ਮੂੰਹ ਸਿਰ ਮੁੰਨੇ ਲੋਕ ਕਲ੍ਹ ਨੂੰ ਇਹ ਮਹਿਸੂਸ ਕਰਨਗੇ ਕਿ ਕੋਈ ਵੀ ਬ੍ਰਿਛ ਆਪਣੇ ਪੱਤਿਆਂ ਤੋਂ ਬਿਨਾਂ ਨਹੀਂ ਰਹਿ ਸਕਦਾ ਅਤੇ ਕੋਈ ਵੀ ਪੰਛੀ ਆਪਣੇ ਖੰਭਾਂ ਤੋਂ ਬਿਨਾਂ ਨਹੀਂ ਵਿਚਰ ਸਕਦਾ। ਉਤੇਜਿਤ ਇੰਦਰੀਆਂ ਦੀ ਇਹ ਸਭਿਅਤਾ, ਜਿਸ ਨੂੰ ਹਜਾਮਾਂ ਨੇ ਸੁੰਦਰ ਰਫ਼ਸ਼ਾਂ ਤੇ ਕੱਟਾਂ ਵਾਲੇ ਮਨੁੱਖੀ ਚਿਹਰਿਆਂ ਵਿਚ ਬਦਲ ਦਿਤਾ ਹੈ। ਇਹਨਾਂ ਸਭ ਨੂੰ ਛੇਤੀ ਹੀ ਪਤਾ ਲਗ ਜਾਵੇਗਾ ਕਿ ਕਿਵੇਂ ਅਚਾਨਕ ਹੀ ਜੀਵਨ ਉਹਨਾਂ ਦੇ ਅੰਦਰੋਂ ਲੋਪ ਹੋ ਗਿਆ ਹੈ। ਇਸ ਦੇ ਕਾਰਨਾਂ ਨੂੰ ਉਹ ਕਦੀ ਵੀ ਜਾਣ ਨਹੀਂ ਸਕਣਗੇ, ਭਾਵੇਂ ਬੁਧੀ ਇਹ ਤਰਕ ਕਰਨ ਨੂੰ ਬੜੀ ਚਤੁਰ ਹੈ ਕਿ ਕੇਸਾਂ ਦੀ ਸੁਰੱਖਿਆ ਵਿਚ ਕੀ ਰਖਿਆ ਪਿਆ ਹੈ ? "ਇਹ ਕੇਸ ਤਾਂ ਘਾਹ ਹਨ ਤੇ ਹੱਡੀਆਂ ਬਾਲਣ ਦੀਆਂ ਲਕੜੀਆਂ" ਜਿਵੇਂ ਕਿ ਕਬੀਰ ਜੀ ਨੇ ਆਪਣੀ ਬਾਣੀ ਵਿਚ ਸੰਕੇਤ ਕੀਤਾ ਹੈ। ਜਦੋਂ ਮਨੁੱਖ ਦੇ ਅੰਦਰ ਜੀਵਨ, ਪ੍ਰੇਮ ਤੇ ਪੁਰਾਤਨ ਦੈਵੀ ਅਛਾਈ ਦੀ ਉਹ ਗਹਿਰ-ਗੰਭੀਰਤਾ ਤੇ ਡੂੰਘਾਈ ਹੀ ਬਾਕੀ ਨਹੀਂ ਰਹੀ ਅਤੇ ਕੇਵਲ ਬੁਧੀ ਦੀ ਉਤੇਜਨਾ ਹੀ ਬਾਕੀ ਰਹਿ ਗਈ ਹੈ ਅਤੇ ਇਸਤਰੀ-ਪੁਰਸ਼ ਭੋਗ ਵਿਲਾਸ ਦੇ ਚਸਕਿਆਂ ਵਿਚ ਲਕ ਲਕ ਡੁਬੇ ਪਏ ਹਨ ਤਾਂ ਮਨੁੱਖਾਂ ਨੂੰ ਕੇਸ ਰਖਣ ਦੀ ਲੋੜ ਵੀ ਕੀ ਹੈ ? ਵਣ ਦੇ ਬਿਰਛਾਂ ਦੇ ਪੱਤੇ ਮੌਜੂਦ ਹਨ, ਚੀਲ ਬਿਰਛਾਂ ਦੀਆਂ ਵੀ

ਸੂਈਆਂ ਹਨ, ਇਸੇ ਤਰ੍ਹਾਂ ਸਿੱਖਾਂ ਦੇ ਕੇਸ ਹਨ। ਗੁਰੂ ਜੀ ਦਾ ਅਜਿਹਾ ਹੀ ਹੁਕਮ ਹੈ। ਗੁਰੂ ਜੀ ਦਾ ਆਦੇਸ਼ ਹੈ, "ਕੇਸ਼ਾਂ ਨੂੰ ਧਾਰਨ ਕਰੋ, ਨਹੀਂ ਤਾਂ ਜੀਵਨ ਦੀ ਉਹ ਸੂਖ਼ਮ ਚੰਗਿਆਈ ਤੁਹਾਡੇ ਕੋਲੋਂ ਦੂਰ ਨਸ ਜਾਵੇਗੀ। ਜੇ ਤੁਸੀਂ ਮੈਨੂੰ ਅਰਥਾਤ ਆਪਣੇ ਗੁਰੂ ਨੂੰ ਪ੍ਰੇਮ ਕਰਦੇ ਹੋ ਤਾਂ ਦੇਖਣਾ ! ਰੋਮਾਂ ਦੀ ਬੇਅਦਬੀ ਨਾ ਕਰਨਾ। ਇਕ ਸਿੱਖ ਦੇ ਰੂਪ ਵਿਚ ਜੇ ਮੇਰਾ ਗੁਰੂ ਨਾਲ ਪ੍ਰੇਮ ਹੈ ਤਾਂ ਮੈਨੂੰ ਗੁਰੂ ਦੇ ਸਰੂਪ ਨੂੰ ਵੀ ਜ਼ਰੂਰ ਧਾਰਨ ਕਰਨਾ ਚਾਹੀਦਾ ਹੈ।"

ਇਕ ਦਿਨ ਇਕ ਸਿੱਖ ਰਾਜ ਮਿਸਤਰੀ ਕਿਸੇ ਦੂਜੇ ਸਿੱਖ ਦੇ ਘਰ ਪੱਕਾ ਫਰਸ਼ ਲਾ ਰਿਹਾ ਸੀ। ਉਸ ਰਾਜ ਮਿਸਤਰੀ ਨੂੰ ਇਹ ਪਤਾ ਸੀ ਕਿ ਇਸ ਸਿੱਖ ਪਰਿਵਾਰ ਵਿਚ ਇਕ ਸਿਮਰਨ ਵਿਚ ਰੱਤਾ ਗੁਰਮੁਖ ਵੀ ਹੈ, ਜਿਸ ਦੀ ਪ੍ਰਤਿਭਾ ਰਬ ਰੂਪ ਦੀ ਸ਼ਾਨ ਵਾਲੀ ਹੈ। ਇਹ ਰਾਜ ਮਿਸਤਰੀ ਸਿਮਰਨ ਵਾਲੇ ਪੁਰਸ਼ ਦਾ ਉਪਾਸ਼ਕ ਸੀ, ਇਸ ਲਈ ਉਹ ਫਰਸ਼ ਨੂੰ ਆਪਣੇ ਹਿਰਦੇ ਦੀ ਪੂਰਨ ਖ਼ੁਸ਼ੀ ਵਿਚ ਸੀਮਿੰਟ ਕਰ ਰਿਹਾ ਸੀ। ਫਰਸ਼ ਬਣਾਉਂਦਾ ਹੋਇਆ ਉਹ 'ਵਾਹਿਗੁਰੂ ਵਾਹਿਗੁਰੂ' ਦਾ ਜਾਪ ਵੀ ਕਰਦਾ ਜਾ ਰਿਹਾ ਸੀ। ਜਿਸ ਵਿਅਕਤੀ ਨੇ ਉਸ ਨੂੰ ਇਸ ਕੰਮ 'ਤੇ ਲਗਾਇਆ ਸੀ, ਉਹ ਉਸ ਦੇ ਮਨ ਦੀ ਮੌਜ ਨਾਲ ਕੰਮ ਕਰਨ ਦੇ ਢੰਗ ਤੋਂ ਚਿੜ ਗਿਆ ਸੀ ਅਤੇ ਇਕ ਪੂੰਜੀਪਤੀ ਮਾਲਕ ਦੀ ਤਰ੍ਹਾਂ ਉਸ ਢਿਲੇ ਮੱਠੇ ਕੰਮ ਕਰਨ ਉਤੇ ਕੋਸ ਰਿਹਾ ਸੀ ਅਤੇ ਕਹਿ ਰਿਹਾ ਸੀ, "ਮੈਂ ਤੇਰੇ ਹੱਥ ਤੋੜ ਦਿਆਂਗਾ।" ਪਰ ਉਸ ਵਚਿਤਰ ਰਾਜ ਮਿਸਤਰੀ ਨੇ ਆਪਣਾ ਸਿਰ ਉਤਾਂਹ ਚੁਕ ਕੇ ਉਸ ਵਲ ਤੱਕਿਆ ਤੇ ਮੁਸਕਰਾ ਕੇ ਕਿਹਾ, "ਕੀ ਸੱਚੀ ਮੁਚੀਂ ਤੁਸੀਂ ਮੇਰੇ ਹੱਥ ਤੋੜ ਦਿਉਗੇ ?" ਉਸ ਰਾਜ ਮਿਸਤਰੀ ਨੇ ਉਸ ਦੀ ਗੱਲ ਸੁਣੀ ਅਣਸੁਣੀ ਕਰ ਦਿਤੀ ਅਤੇ 'ਵਾਹਿਗੁਰੂ ਵਾਹਿਗੁਰੂ' ਦਾ ਜਾਪ ਜਪਦਾ ਆਪਣੇ ਕੰਮ ਨੂੰ ਕਰਦਾ ਰਿਹਾ। ਜਦੋਂ ਫਰਸ਼ ਤਿਆਰ ਹੋ ਗਿਆ ਤਾਂ ਉਸ ਕਿਰਤੀ ਦੀ ਆਤਮਾ ਉਸ ਵਿਚ ਸਾਕਾਰ ਹੋ ਰਹੀ ਦਿਖਾਈ ਦਿੰਦੀ ਸੀ।

ਗੁਰੂ ਜੀ ਨੇ ਤਾਂ ਕਿਰਤੀਆਂ ਦੀ ਆਤਮਾ ਵਿਚ ਭਿੰਨੀ ਮਹਿਕ ਨੂੰ ਭਰ ਦਿਤਾ ਹੈ। ਕਿਰਤ ਕਰਨਾ ਹੀ ਪੂਜਾ ਹੈ, ਕਿਰਤ ਕਰਨਾ ਹੀ ਸੇਵਾ ਹੈ। ਪਰ ਕੇਵਲ ਮਾਨਸਿਕ ਤੌਰ 'ਤੇ ਅਮੂਰਤ ਸੰਕਲਪ ਨੂੰ ਘੜਨਾ ਤੇ ਇਹਨਾਂ ਉਤੇ ਜਿਉਣਾ ਤਾਂ ਆਤਮਕ ਮੌਤ ਦੇ ਤੁਲ ਹੈ। ਕਿਸੇ ਵਿਅਕਤੀ ਦੇ ਅੰਦਰ ਸਿੰਚਿਤ ਕੀਤਾ ਗਿਆ ਜ਼ਹਿਰ ਮਾਨਵ-ਸਮੂਹਾਂ ਵਿਚ ਜਾ ਕੇ ਨਕਾਰਿਆ ਜਾਂਦਾ ਹੈ। ਗੁਰੂ ਸਾਹਿਬ ਦਾ ਫਰਮਾਨ ਹੈ, "ਕਿ ਸਾਧ ਸੰਗਤ ਕੋਲ ਉਸ ਜ਼ਹਿਰ ਦੀ ਔਸ਼ਧੀ ਹੈ, ਜੋ ਕੋਈ ਵਿਅਕਤੀ ਆਪਣੇ ਅੰਦਰ ਪੈਦਾ ਕਰਕੇ ਉਸ ਦੁਆਰਾ ਆਪਣੀ ਮੌਤ ਨੂੰ ਵਿਹਾਜ ਲੈਂਦਾ ਹੈ। ਨਿਸ਼ਚੇ ਹੀ ਸਾਧ-ਸੰਗਤ ਕੋਲ ਇਸ ਦੀ ਔਸ਼ਧੀ ਮੌਜੂਦ ਹੈ। ਪਰ ਸਾਧ-ਸੰਗਤ ਤਾਂ ਉਹਨਾਂ ਮਹਾਂ-ਪੁਰਸ਼ਾਂ ਦਾ ਸਮੂਹ ਹੁੰਦਾ ਹੈ ਜਿਨ੍ਹਾਂ ਦੇ ਮੁਖੜੇ ਗੁਰੂ ਵਲ ਤੱਕ ਰਹੇ ਹੁੰਦੇ ਹਨ ਅਤੇ ਉਹ ਗੁਰੂ ਦੇ ਉਚੇ ਆਦਰਸ਼ਾਂ ਵਿਚ ਇਸ਼ਨਾਨ ਕਰ ਰਹੇ ਹੁੰਦੇ ਹਨ।

ਗੁਰੂ ਜੀ ਤਾਂ ਉਸ ਵਿਸਮਾਦਜਨਮ ਤੇ ਅਨਾਮ (ਪ੍ਰਭੂ) ਨੂੰ ਸਦਾ

ਨਮਸਕਾਰ ਕਰਦੇ ਹਨ ਅਤੇ ਉਸੇ ਲਈ ਸਿਰ ਨੀਵਾਂ ਕਰਕੇ ਕਾਰ ਕਰਦੇ ਹਨ, ਹੱਥਾਂ ਵਿਚ ਸੰਦ ਲੈ ਕੇ ਅਸੀਂ ਕਾਰ ਕਰਦੇ ਹਾਂ ਅਤੇ ਸਾਨੂੰ ਆਪਣੇ ਨਿਜ ਦਾ ਕੋਈ ਵੀ ਵਿਅਰਥ ਅਭੀਮਾਨ ਨਹੀਂ ਹੁੰਦਾ। ਨਿਰੰਤਰ ਕਿਰਤ ਕਰਕੇ ਅਤੇ ਇਸ ਨੇਕ ਘਾਲ ਵਿਚ ਅਸੀਂ ਸਾਰੇ ਸਥੂਲ ਸੁਆਰਥ, ਅੰਧਕਾਰ ਤੇ ਪਸ਼ੂ-ਬਿਰਤੀਆਂ ਵਾਲੀਆਂ ਸਾਰੀਆਂ ਨੀਵੀਆਂ ਕਾਮਨਾਵਾਂ ਤੇ ਲੋਭ ਲਾਲਸਾਵਾਂ ਆਦਿ ਨੂੰ ਭੁਲਾ ਦਿੰਦੇ ਹਾਂ। ਇਮਾਨਦਾਰ ਤੇ ਸੱਚੇ ਸੁਚੇ ਕਿਰਤੀ ਦਾ ਪ੍ਰੇਮ ਧਰਮ ਹੁੰਦਾ ਹੈ। ਪ੍ਰੇਮ ਹੀ ਕਿਰਤੀ ਦੇ ਬਸਤਰ ਹੁੰਦੇ ਹਨ ਅਤੇ ਉਹਨਾਂ ਲਈ ਕਿਰਤ ਹੀ ਸੱਚੀ ਪੂਜਾ ਅਰਚਾ ਹੁੰਦੀ ਹੈ। ਮਨੁੱਖਾਂ ਲਈ ਰੋਟੀ ਰੋਜ਼ੀ ਕਮਾਉਣਾ ਤੇ ਉਸ ਨੂੰ ਵੰਡ ਕੇ ਛਕਣਾ ਹੀ ਸਭ ਤੋਂ ਵੱਡੀ ਨੈਤਿਕਤਾ ਤੇ ਸਦਾਚਾਰ ਹੈ। ਜਦੋਂ ਤਕ ਆਲੇ ਦੁਆਲੇ ਦੇ ਮਨੁੱਖ ਭੁਖੇ ਹਨ ਤਦੋਂ ਤਕ ਮਨੁੱਖ ਕਿਰਤ ਕਰਨ ਤੋਂ ਬਿਨਾਂ ਕਿਵੇਂ ਰਹਿ ਸਕਦਾ ਹੈ ? ਕਿਰਤੀ ਉਹ ਵਿਅਕਤੀ ਨਹੀਂ ਹੈ ਜੋ ਆਪਣੀ ਕਮਾਈ ਨੂੰ ਇਕੱਲਾ ਹੀ ਖਾਂਦਾ ਹੈ।

ਗੁਰੂ ਗਰੰਥ ਸਾਹਿਬ ਕੀ ਹੈ ? ਇਹ ਤਾਂ ਬਾਣੀ ਦੇ ਸੰਗੀਤ ਦੁਆਰਾ ਨਿਰੰਤਰ ਤੇ ਜੀਅ ਦਾਨ ਦੇਣ ਵਾਲਾ ਉਹ ਪ੍ਰਗਟਾਉ ਹੈ ਜਿਸ ਵਿਚ ਇਸ ਗੱਲ ਨੂੰ ਥਾਂ ਥਾਂ ਉਤੇ ਦੁਹਰਾਇਆ ਗਿਆ ਹੈ ਕਿ ਮਨੁੱਖ ਦੀ ਸਰਵੁਚ ਆਤਮਕਤਾ ਪ੍ਰਭੂ, ਮਨੁੱਖ ਤੇ ਪ੍ਰਕ੍ਰਿਤੀ ਨਾਲ ਪ੍ਰਤੀਤਕ ਅਰਥਾਤ ਤੀਬਰ ਪ੍ਰੇਮ ਤੇ ਹਮਦਰਦੀ ਵਿਚ ਇਕਸੁਰ ਹੋ ਜਾਣ ਵਿਚ ਹੈ। ਇਹ ਹਮਦਰਦੀ ਤੇ ਪ੍ਰੇਮ ਆਪਣੇ ਸੰਗਠਿਤ ਤੇ ਏਕਾਤਮਿਕ ਸਰੂਪ ਬਾਰੇ ਸਦਾ ਅਗਿਆਤ ਹੁੰਦਾ ਹੈ, ਪਰ ਇਹ ਉਚ ਗਿਆਨ ਤੇ ਅਗਿਆਨ ਹੀ ਸਾਡੀ ਆਪਣੀ ਨਿਜ ਆਤਮਾ ਬਾਰੇ ਸੱਚਾ ਬੋਧ ਹੁੰਦਾ ਹੈ। ਜਦੋਂ ਅਸੀਂ ਇਕ ਵਾਰ ਅਨੰਤ ਦੇ ਸਤਿਕਾਰ ਵਿਚ ਰਚਮਿਚ ਜਾਂਦੇ ਹਾਂ ਤਾਂ ਫਿਰ ਮਨੁੱਖਾਂ ਨੂੰ ਕਿਰਤ ਕਰਨੀ ਚਾਹੀਦੀ ਹੈ—ਭਾਵੇਂ ਉਹ ਵਿਗਿਆਨ ਦਾ ਖੇਤਰ ਹੋਵੇ ਜਾਂ ਕਲਾ ਦਾ ਜਾਂ ਫਿਰ ਉਦਯੋਗ ਦਾ। ਇਸ ਉਪਰੋਕਤ ਇਕਸੁਰਤਾ ਜਾਂ ਤਾਲਮੇਲ ਤੋਂ ਬਿਨਾਂ ਮਨੁੱਖ ਜੋ ਕੁਝ ਵੀ ਕਰਦਾ ਹੈ ਅਤੇ ਜੋ ਲਾਭ ਖਟਦਾ ਤੇ ਉਨਤੀ ਕਰਦਾ ਹੈ, ਉਹ ਉਸ ਦੇ ਆਪਣੇ ਵਲੋਂ ਹੀ ਨਕਾਰੇ ਗਏ ਕਰਮ ਹੋ ਜਾਣਗੇ, ਜਿਵੇਂ ਕਿ ਇਹਨਾਂ ਦੀ ਕੋਈ ਹੋਂਦ ਹੀ ਨਾ ਹੋਵੇ। ਜੇ ਉਸ ਵਿਸਮਾਦ ਜਨਕ ਤੇ ਅਨਾਮ ਪ੍ਰਭੂ ਨਾਲ ਸਮਾਨ ਰੂਪ ਦੀ ਇਕਸੁਰਤਾ ਉਤਪੰਨ ਨਹੀਂ ਹੁੰਦੀ, ਤਾਂ ਉਸ ਲਈ ਸਨਮਾਨ ਦੀ ਭਾਵਨਾ ਸਾਡੇ ਅੰਦਰ ਜਾਗਰੂਪ ਨਹੀਂ ਹੁੰਦੀ ਜਾਂ ਜਿਵੇਂ ਗੁਰੂ ਜੀ ਇਸ ਨੂੰ 'ਗੁਰਮੁਖਤਾ' ਦੀ ਸੰਗਿਆ ਦਿੰਦੇ ਹਨ ਜੋ ਕਿ ਉਪਰ ਪ੍ਰਭੂ ਵਲ ਤੱਕਣ ਦੀ ਪ੍ਰਵਿਰਤੀ ਹੁੰਦੀ ਹੈ ਤਾਂ ਇਸ ਦੀ ਅਣਹੋਂਦ ਵਿਚ ਵਿਗਿਆਨ ਪੂਰਨ ਜਾਨਵਰਾਂ ਦੀ ਮਸ਼ੀਨੀ ਘਾਲ ਤਾਂ ਹੋ ਸਕਦਾ ਹੈ, ਪੂਰਨ ਮਨੁੱਖਾਂ ਦੀ ਦੇਣ ਨਹੀਂ ਹੋ ਸਕਦਾ।

ਇਸ ਤਰ੍ਹਾਂ ਦੇ ਦ੍ਰਿਸ਼ਟੀਕੋਣ ਦੇ ਨੇੜੇ ਪੁਜਣ ਦਾ ਸਮਾਂ ਆ ਰਿਹਾ ਹੈ। ਸਰ ਓਲੀਵਰ ਲੋਜ਼ ਵਰਗੇ ਵਿਅਕਤੀ ਇਸ ਗੱਲ ਵਲ ਸੰਕੇਤ ਕਰਦੇ ਹਨ ਕਿ ਵਿਗਿਆਨ ਨੂੰ ਇਸ ਤਰ੍ਹਾਂ ਦਾ ਸਨਮਾਨਜਨਕ ਤੇ ਮਨੁੱਖਤਾ ਪ੍ਰਤੀ ਸਚਿਆਰਾ

ਦ੍ਰਿਸ਼ਟੀਕੋਣ ਅਪਣਾਉਣਾ ਹੋਵੇਗਾ। ਸੱਚ ਦੇ ਉਸ ਵਿਡਾਣੇ ਵਿਸਮਾਦ ਨੂੰ ਪ੍ਰਵਾਨ ਕਰਨਾ ਹੋਵੇਗਾ, ਜਿਸ ਦੀਆਂ ਸੀਮਾਵਾਂ ਮੌਤ ਦੇ ਦਰ ਤੋਂ ਵੀ ਪਰੇ ਤਕ ਪੁਜ ਜਾਂਦੀਆਂ ਹਨ। ਭਾਵੇਂ ਇਹ ਵਿਸ਼ਵ ਇਕ ਸ-ਅੰਤ ਜਾਂ ਮਕਾਨੀ ਹੈ, ਫਿਰ ਵੀ ਇਹ ਏਕ ਲਾ-ਮਕਾਨ ਜਾਂ ਅਨੰਤ ਸਮੂਹ ਦਾ ਹੀ ਇਕ ਭਾਗ ਹੈ। ਜਿੰਨਾਂ ਅਸੀਂ ਇਸ ਸੱਚ ਨੂੰ ਵਧੇਰੇ ਜਾਣਾਂਗੇ, ਉਨਾਂ ਹੀ ਵਧੇਰੇ ਚੰਗੀ ਤਰ੍ਹਾਂ ਸਾਡੇ ਅਨੰਤ ਬਾਰੇ ਅਗਿਆਨ ਸੰਬੰਧੀ ਵਧੇਰੇ ਸੋਝੀ ਤੇ ਸੰਤੁਲਨ ਉਤਪੰਨ ਹੋਵੇਗਾ। ਉਨਾਂ ਹੀ ਵਧੇਰੇ ਅਸੀਂ ਸੱਚ ਦੀ ਨਿਜੀ ਸੁੰਦਰਤਾ ਨੂੰ ਜਾਣ ਸਕਾਂਗੇ ਤੇ ਉਹਨਾਂ ਦਾ ਸਨਮਾਨ ਕਰ ਸਕਾਂਗੇ। ਉਸ ਸਮੇਂ ਸਾਰੇ ਲੋਕ ਵਿਗਿਆਨ ਦਾ ਵਿਸ਼ੇਸ਼ ਦਿਸ਼ਾ ਵਿਚ ਅਧਿਐਨ ਕਰਨਗੇ ਅਤੇ ਉਪਯੋਗੀ ਕਿਰਤ ਵੀ ਕਰਨਗੇ। ਮਨੁੱਖਤਾ ਸੰਬੰਧੀ ਸਮੁਚਾ ਦ੍ਰਿਸ਼ਟੀਕੋਣ ਕੁਝ ਇਸ ਪ੍ਰਕਾਰ ਦਾ ਬਣ ਜਾਵੇਗਾ ਜਿਵੇਂ ਕੋਈ ਫੁੱਲ ਸੂਰਜ ਦੀਆਂ ਰਿਸ਼ਮਾਂ ਦੇ ਉਸ ਉਤੇ ਪੈਣ ਨਾਲ ਖਿੜ ਉਠਦਾ ਹੈ। ਇਸੇ ਨੂੰ ਹੀ ਗੁਰੂ ਜੀ ਗੁਰਮੁਖ ਦਾ ਨਮੂਨਾ ਦਸਦੇ ਹਨ। ਮਾਨਵਤਾ ਬੌਧਿਕ ਉਤੇਜਨਾਵਾਂ ਅਤੇ ਇੰਦਰੀਗਤ ਤੁਛ ਖਿਚਾਂ ਦੀ ਉਪਜ ਨਹੀਂ ਹੋਵੇਗੀ, ਨਾ ਹੀ ਇਹ ਵਿਅਕਤੀਗਤ ਤੇ ਸਮਸ਼ਟੀਗਤ, ਰਾਸ਼ਟਰੀ ਜਾਂ ਨਸਲੀ ਵਿਨਾਸ਼ਕਾਰੀ ਯਤਨਾਂ ਦਾ ਫਲ ਹੋਵੇਗੀ, ਸਗੋਂ ਇਹ ਤਾਂ ਇਕ ਪ੍ਰਾਰਥਨਾ ਦੀ ਤਰ੍ਹਾਂ ਮਨੁੱਖੀ ਹਿਰਦੇ ਵਿਚੋਂ ਭਿੰਨੀ ਮਹਿਕ ਦੀ ਤਰ੍ਹਾਂ ਉਤਪੰਨ ਹੋਵੇਗੀ। ਗੁਰੂ ਸਾਹਿਬ ਦੇ ਸ਼ਬਦਾਂ ਵਿਚ ਮਾਨਵਤਾ ਗੁਰਮੁਖ ਦਾ ਹੀ ਵਾਸਤਵਿਕ ਸਰੂਪ ਹੋਵੇਗੀ। ਕਾਲੀਦਾਸ ਤੇ ਸ਼ੈਕਸਪੀਅਰ ਦਾ ਆਮ ਬਾਜ਼ਾਰੀ ਭੀੜ ਦੇ ਵਿਨੋਦੀ ਚਸਕੇ ਦੀ ਛਿਣ-ਭੰਗਰ ਪੁਸ਼ਟੀ ਲਈ ਹੀ ਸਨਮਾਨ ਕੀਤਾ ਜਾਵੇਗਾ। ਇਸ ਦੇ ਵਿਪਰੀਤ ਅੰਜੀਲ ਅਤੇ ਗੁਰੂ ਗਰੰਥ ਸਾਹਿਬ ਇਸਤਰੀ-ਪੁਰਸ਼ਾਂ ਦੀਆਂ ਆਤਮਾਵਾਂ ਵਿਚ ਵਸ ਰਹੇ ਹੋਣਗੇ। ਵਿਗਿਆਨਕ ਖੋਜੀ ਤੇ ਚਿੰਤਕ, ਯੰਤਰ-ਵਿਗਿਆਨੀ, ਬਿਜਲੀ-ਵਿਗਿਆਨੀ, ਮੱਲਾਹ, ਸੈਨਿਕ, ਕਿਸਾਨ, ਇੰਜੀਨੀਅਰ ਤੇ ਰਸਾਇਣ-ਵਿਗਿਆਨੀ ਸਭ ਦਾ ਇਕੋ ਹੀ ਧਰਮ ਹੋਵੇਗਾ, ਇਹ ਸਾਰੇ ਮਨੁੱਖਤਾ ਦੀ ਹੋਣੀ ਬਾਰੇ ਹੀ ਤੀਬਰਤਾ ਨਾਲ ਮਹਿਸੂਸ ਕਰ ਰਹੇ ਹੋਣਗੇ। ਮਨੁੱਖਤਾ ਦੇ ਦੁਖਾਂ-ਕਸ਼ਟਾਂ ਨਾਲ ਹਮਦਰਦੀ ਰਖਣ ਵਾਲੀ ਸੰਸਕ੍ਰਿਤੀ ਜਾਂ ਸਭਿਆਚਾਰ ਇਕ ਨਵੇਂ ਲੋਕਤੰਤਰ ਧਰਮ, ਕਲਾ, ਕਵਿਤਾ ਤੇ ਸੰਗੀਤ ਨੂੰ ਜਨਮ ਦੇਵੇਗਾ। ਗੁਰੂ ਗੋਬਿੰਦ ਸਿੰਘ ਜੀ ਨੇ ਜਿਹੜਾ ਸੈਨਿਕਾਂ ਵਾਲਾ ਬਾਣਾ ਬਖ਼ਸ਼ਿਆ ਹੈ, ਆਪ ਜੀ ਦੇ ਯੁਧ ਬਾਰੇ ਨਿਜੀ ਵਿਚਾਰ ਭਾਵੇਂ ਕੁਝ ਵੀ ਹੋਣ ਪਰ ਇਸ ਤੋਂ ਪ੍ਰਗਟ ਹੁੰਦਾ ਹੈ ਕਿ ਕਵੀਆਂ, ਚਿਤਰਕਾਰਾਂ ਤੇ ਪੈਗੰਬਰਾਂ ਦੀ ਕੋਈ ਵਖਰੀ ਵਿਸ਼ੇਸ਼ ਜਾਤੀ ਦਾ ਕੋਈ ਸ੍ਰੇਸ਼ਟ ਵਰਗ ਨਹੀਂ ਹੋਣਾ ਚਾਹੀਦਾ। ਸਿੱਖ ਚੇਤੰਨਤਾ ਵਿਚ ਜੋ ਗੀਤ ਵਿਦਮਾਨ ਹੈ, ਉਸ ਨੂੰ ਪ੍ਰੇਮ ਦੀ ਕਿਰਤ ਤੋਂ ਨਿਖੇੜਿਆ ਨਹੀਂ ਜਾ ਸਕਦਾ। ਇਹ ਤਾਂ ਉਸ ਸੇਵਾ ਦਾ ਭਾਗ ਹੈ ਜੋ ਕਿਸੇ ਵੀ ਛੋਟੇ ਤੋਂ ਛੋਟੇ ਰੂਪ ਵਿਚ ਮਨੁੱਖਤਾ ਦੇ ਦੁੱਖਾਂ-ਕਸ਼ਟਾਂ ਨੂੰ ਘਟਾਉਣ ਜਾਂ ਨਿਵ੍ਰਿਤ ਕਰਨ ਲਈ ਕੀਤੀ ਜਾਂਦੀ ਹੈ।

ਗੁਰੂ ਜੀ ਦੇ ਪਰਿਪੂਰਨ ਸਿੱਖ ਵਿਚ ਸੰਪਤੀ ਦੀ ਭਾਵਨਾ ਕਦੀ ਵੀ

ਉਤਪੰਨ ਨਹੀਂ ਹੁੰਦੀ। ''ਖ਼ਾਲਸਾ ਦੇ ਕਾਰਨਾਮਿਆਂ ਵਿਚੋਂ ਸਰਵੁਚ ਪ੍ਰਭੁਸਤਾ ਦੀ ਸੁਗੰਧੀ ਆਉਂਦੀ ਹੈ।'' ਇਹ ਗੱਲ ਕਿਸੇ ਸਮੇਂ ਵਿਜੇਈ ਨਾਦਰ ਸ਼ਾਹ ਨੇ ਇਕ ਆਲੋਚਨਾਤਮਕ ਟਿਪਣੀ ਕਰਦਿਆਂ ਹੋਇਆਂ ਆਖੀ ਸੀ।

ਧਰਮ ਤਾਂ ਭਾਵਨਾਵਾਂ ਦੀ ਵਿਸ਼ਾਲਤਾ ਹੈ। ਇਹ ਤਾਂ ਵਿਸਮਾਦਜਨਕ ਪ੍ਰਗੀਤਕ ਤੀਬਰਤਾ ਹੁੰਦੀ ਹੈ ਜਿਸ ਦੀ ਨਿਗ੍ਹਾ ਹਰ ਵਸਤ ਨੂੰ ਸੁੰਦਰ ਬਣਾ ਦਿੰਦੀ ਹੈ, ਜਿਸ ਦੀ ਛੁਹ ਸੁਤੰਤਰਤਾ ਹੋ ਨਿਬੜਦੀ ਹੈ। ਗੁਰਮਤਿ ਅਨੁਸਾਰ ਧਰਮ ਤਾਂ ਪ੍ਰਤਿਭਾਵਾਨ ਮਨੁੱਖ ਦਾ ਵਿਸ਼ੇਸ਼ ਗੁਣ ਹੁੰਦਾ ਹੈ। ਇਹ ਤਾਂ ਕਿਸੇ ਰਚਨਾ ਦਾ ਆਪਣੇ ਰਚਣਹਾਰ ਵਲ ਤੱਕਣ ਦੀ ਉਤਾਂਹ-ਮੁਖੀ ਪ੍ਰਵਿਰਤੀ ਹੈ। ਮਾਨਵਤਾ ਇਕ ਹੈ। ਮਨੁੱਖਤਾ ਦਾ ਕਰਤਾ-ਪੁਰਖ ਪ੍ਰਭੂ ਵੀ ਇਕ ਹੈ। ਸੱਚੇ ਅਰਥਾਂ ਵਿਚ ਸਭਿਅ ਜਾਂ ਸਾਂਸਕ੍ਰਿਤਕ ਅਤੇ ਮੁਕਤਗਾਮੀ ਵਿਅਕਤੀ ਦਾ ਧਰਮ ਸਭ ਥਾਵਾਂ ਤੇ ਸਭ ਸਮਿਆਂ ਵਿਚ ਇਕੋ ਹੀ ਹੁੰਦਾ ਹੈ। ਇਹ ਤਾਂ ਆਪਣੀਆਂ ਅਪੂਰਨਤਾਵਾਂ ਵਿਚੋਂ ਪ੍ਰਭੂ ਦੀ ਪੂਰਨਤਾ ਨੂੰ ਤੱਕਣਾ ਹੈ। ਇਹ ਤਾਂ ਪ੍ਰਭੂ-ਪ੍ਰੀਤਮ ਦੀ ਸੁੰਦਰਤਾ ਵਿਚ ਵਿਚਰਨਾ ਅਤੇ ਉਸ ਨੂੰ ਡੀਕ ਲਾ ਕੇ ਪੀਣਾ ਹੈ ਤਾਂ ਜੋ ਅਸੀਂ ਉਸ ਦੀ ਸ਼ਾਨ ਵਿਚ ਸਾਹ ਲੈ ਸਕੀਏ। ਇਹ ਤਾਂ ਪੈਗੰਬਰਾਂ ਵਰਗੇ ਮਹਾਂ-ਅਨੰਦ ਦੀ ਪ੍ਰੇਰਨਾ ਦੁਆਰਾ 'ਵਾਹੁ ਵਾਹੁ' ਦਾ ਗੁਣ ਗਾਇਨ ਕਰਨਾ ਹੈ। ਜੀਵਨ ਤਾਂ ਉਸ ਦੈਵੀ ਸਿਮਰਨ ਜਾਂ ਯਾਦ ਵਿਚ ਹੈ ਜੋ ਹਿਰਦੇ ਵਿਚ ਛਿਪੇ ਹਰਿਮੰਦਰ ਉਤੇ ਪ੍ਰਭੂ-ਪ੍ਰੀਤਮ ਦੀ ਸਗਲ ਸ੍ਰਿਸ਼ਟੀ ਦੇ ਨਿਸ਼ਾਨ ਨੂੰ ਝੁਲਦਾ ਵੇਖਦਾ ਹੈ। ਦੈਵੀ ਯਾਦ ਜਾਂ ਸਿਮਰਨ ਪ੍ਰੇਮ ਹੈ। ਸ਼ਬਦ ਵਿਚ ਸੰਜੋਗ ਹੈ, ਰੂਪ ਵਿਚ ਵਿਜੋਗ—ਪਰ ਰੂਪ ਸ਼ਬਦ ਦਾ ਸਰਗੁਣ ਸਰੂਪ ਹੈ। ਸ੍ਰਿਸ਼ਟੀ ਸੱਚ ਹੈ ਤੇ ਇਸ ਦੇ ਦ੍ਰਿਸ਼ਟਮਾਨ ਪੱਖ ਨਾਲੋਂ ਇਸ ਦੇ ਅਦ੍ਰਿਸ਼ਟ ਪੱਖ ਵਿਚ ਵਧੇਰੇ ਕੁਝ ਰਹੱਸ ਭਰਪੂਰ ਹੈ। ਸ੍ਰਿਸ਼ਟੀ ਵਿਚ ਦਿਸਦੇ ਪਿਸਦੇ ਸਾਰੇ ਅੰਤਰ ਪ੍ਰਭੂ ਦੀ ਰਜ਼ਾ ਅਨੁਸਾਰ ਹਨ ਅਤੇ ਇਸ ਦੀ ਸੁੰਦਰਤਾ ਵਿਚੋਂ ਖ਼ੁਸ਼ੀ ਤੇ ਅਨੰਦ ਪ੍ਰਾਪਤ ਹੁੰਦਾ ਹੈ।

ਮਕਾਨ ਜਾਂ ਸਸੀਮ ਵਿਚੋਂ ਹੀ ਲਾ-ਮਕਾਨ ਜਾਂ ਅਸੀਮ ਅਨੰਤ ਦੇ ਚਿੰਨ੍ਹ ਦਿਖਾਈ ਦਿੰਦੇ ਹਨ। ਇਹ ਤਾਂ ਇਕ ਪ੍ਰਕਾਰ ਸਸੀਮ ਜਾਂ ਮਕਾਨ ਦਾ ਹੀ ਰੇਡੀਆਈ ਪ੍ਰਸਾਰ ਹੈ। ਸਾਡੇ ਲਈ ਪ੍ਰਭੂ ਤਾਂ ਆਪਣੀਆਂ ਵਰਤਮਾਨ ਸੀਮਾਵਾਂ ਵਿਚ ਮਨੁੱਖ ਹੀ ਹੁੰਦਾ ਹੈ ਜਿਸ ਵਿਚ ਪ੍ਰਭੂ ਦੀ ਅਗਨੀ ਵਿਦਮਾਨ ਹੈ। ਇਸ ਲਈ ਮਨੁੱਖ ਤਾਂ ਸੰਪੂਰਨ ਆਤਮਕ ਬ੍ਰਹਿਮੰਡ ਹੈ, ਇਹ ਤਾਂ ਸੁੰਦਰਤਾ ਦਾ ਦ੍ਰਿਸ਼ਟਮਾਨ ਸਰੂਪ ਹੈ ਅਤੇ ਇਹ ਸਥੂਲ ਜਗਤ ਦਾ ਕੋਈ ਸਥੂਲ ਤੱਥ ਨਹੀਂ ਹੈ। ਪ੍ਰਭੂ ਦੀ ਹੋਂਦ ਤੋਂ ਬਿਨਾਂ ਮਨੁੱਖ ਨਿਪਟ ਮਿੱਟੀ ਦਾ ਡਲਾ ਹੈ। ਪਰ ਮਨੁੱਖ ਦੀ ਹੋਂਦ ਤੋਂ ਬਿਨਾਂ ਪ੍ਰਭੂ ਵੀ ਇਕ ਅਸਪਸ਼ਟ ਮਨੁੱਖੀ ਕਲਪਨਾ ਜਾਂ ਅਨੁਮਾਨ ਦੀ ਇਕ ਧੁੰਦਲੀ ਜਾਂ ਅਸਪਸ਼ਟ ਸਿਰਜਣਾ ਹੀ ਹੈ ਜੋ ਆਤਮਾ ਦਾ ਵਿਗਠਨ ਕਰ ਦਿੰਦੀ ਹੈ ਤੇ ਜੀਵਨ ਦਾ ਵੀ ਖਿੰਡਾਰਾ ਕਰ ਦਿੰਦੀ ਹੈ।

ਗੁਰੂ ਸਾਹਿਬ ਕਰਤਾਰ ਵਲੋਂ ਰਚੀ ਗਈ ਇਸ ਸ੍ਰਿਸ਼ਟੀ ਨੂੰ ਯਥਾਰਥ ਰੂਪ ਵਿਚ ਨਿਹਾਰਦੇ ਹਨ। ਗੁਰੂ ਜੀ ਲਈ ਇਹ ਰਚਨਾ ਸੁੰਦਰ ਹੈ ਅਤੇ ਵਿਸ਼ਵ-

ੰਦ ਦੀ ਪਰਮ-ਸੁੰਦਰਤਾ ਸੰਪੂਰਨ ਸੱਚ ਹੈ। ਗੁਰੂ ਜੀ ਤਾਂ ਆਪਣੀ ਇਸ ਲੰਮੀ ਨਦਰਿ ਵਾਲੀ ਦਿਭ-ਦ੍ਰਿਸ਼ਟੀ ਨਾਲ ਨਿਹਾਲ ਹੋ ਜਾਂਦੇ ਹਨ ਅਤੇ ਨਿਰੰਤਰ ਇਸ ਦੀ ਮਿੱਠੀ ਥਰਹਰੀ ਕੰਬਣੀ ਨੂੰ ਅਨੁਭਵ ਕਰਦੇ ਹਨ। ਗੁਰੂ ਜੀ ਲਈ ਤਾਂ ਸੱਚਾ ਮਨੁੱਖ ਉਹ ਹੈ ਜੋ ਕੁਦਰਤ ਦੀ ਆਤਮਾ ਦੇ ਸਪਰਸ਼ ਦੁਆਰਾ ਫੁੱਲ ਵਾਂਗ ਖਿੜ ਉੱਠਦਾ ਹੈ। ਗੁਰੂ ਜੀ ਇਸ ਸੰਸਾਰ ਨੂੰ ਵਾਸਤਵਿਕ ਰੂਪ ਵਿਚ ਨਿਹਾਰਦੇ ਤੇ ਪ੍ਰਸੰਨ ਹੁੰਦੇ ਹਨ। ਆਪ ਤਾਂ ਜੀਵਿਤ ਵਰਤਮਾਨ ਵਿਚ ਵਿਚਰਦੇ ਹਨ ਤੇ ਇਸ ਦੀ ਸਮੱਸਤ ਸੁੰਦਰਤਾ ਦੀ ਖ਼ੁਸ਼ੀ ਵਿਚ ਅਨੰਦ ਵਿਭੋਰ ਹੋ ਜਾਂਦੇ ਹਨ। ਜੀਵਨ ਦੇ ਇਸ ਅਨੰਤ ਰੰਗ ਦਾ ਅਨੰਦ ਹੀ ਕਾਫੀ ਹੈ। ਗੁਰੂ ਜੀ ਲਈ ਤਾਂ ਪ੍ਰਭੂ-ਪ੍ਰੀਤਮ ਨਿਰੰਤਰ ਰੂਪ ਦਾ ਉਹ ਖੀਵਾ-ਪਣ ਹੈ ਜੋ ਉਹ ਭਰਪੂਰਤਾ ਵਿਚ ਪ੍ਰਦਾਨ ਕਰਦਾ ਹੈ ਜਿਸ ਵਿਚ ਕਿਸੇ ਹੋਰ ਗੱਲ ਦਾ ਕੋਈ ਮਹਤਵ ਨਹੀਂ ਹੁੰਦਾ ਤੇ ਹੋਰ ਸਭ ਚੀਜ਼ਾਂ ਇਸ ਦੀ ਤੁਲਨਾ ਵਿਚ ਬੜੀਆਂ ਤੁੱਛ ਪ੍ਰਤੀਤ ਹੁੰਦੀਆਂ ਹਨ। ਕੁਦਰਤ ਗੁਰੂ ਜੀ ਨੂੰ ਹਲੂਣਾ ਦੇ ਜਾਂਦੀ ਹੈ ਕਿਉਂਜੋ ਆਪ ਨੂੰ ਕੁਦਰਤ ਵਿਚ ਕਾਦਰ ਦੀ ਆਤਮਾ ਵਿਆਪ ਰਹੀ ਦਿਸਦੀ ਹੈ ਤੇ ਆਪ ਇਸ ਤੋਂ ਬਲਿਹਾਰੀ ਜਾਂਦੇ ਹਨ। ਆਪ ਇਸ ਪਰਮ-ਰਹੱਸ ਦਾ ਵਿਸ਼ਲੇਸ਼ਣ ਨਹੀਂ ਕਰਦੇ, ਸਗੋਂ ਇਸ ਦੀ ਸੁੰਦਰਤਾ ਨੂੰ ਡੀਕਾਂ ਨਾ ਲਾ ਪੀਂਦੇ ਹਨ। ਜਦੋਂ ਆਲੇ ਦੁਆਲੇ ਦਾ ਮੁਸਲਿਮ ਭਾਈਚਾਰਾ ਸੱਤਾਂ ਬਹਿਸ਼ਤਾਂ ਦੀ ਗੱਲ ਕਰਦਾ ਹੈ ਤਾਂ ਗੁਰੂ ਜੀ ਅਸੰਖ ਆਕਾਸ਼ਾਂ, ਲੱਖਾਂ ਪਾਤਾਲਾਂ ਤੇ ਅਸੰਖ ਲੋਕਾਂ (ਲੋਆਂ) ਦਾ ਗਾਇਨ ਕਰਦੇ ਹਨ।

ਗੁਰੂ ਜੀ ਉਹਨਾਂ ਰੂਪਾਂ ਦਾ ਸਤਿਕਾਰ ਕਰਦੇ ਹਨ ਜਿਨ੍ਹਾਂ ਵਿਚ ਪ੍ਰਭੂ ਆਪ ਵਿਆਪਕ ਹੈ। ਇਹ ਵਸਤੂ ਤਾਂ ਉਸ ਦੇ ਸਚਿਆਰੇ ਅੱਖਰ ਹਨ। ਇਹਨਾਂ ਅੱਖਰਾਂ ਦੁਆਰਾ ਹੀ ਅਸੀਂ ਪ੍ਰਭੂ ਦਾ ਨਾਮ ਧਰਦੇ ਹਾਂ। ਕੇਵਲ ਆਪ ਦਾ ਮਸਤਕ ਹੀ ਇਹਨਾਂ 'ਸਿਰ-ਸੰਜੋਗ' ਦਾ ਬਖਾਨ ਕਰਨ ਵਾਲੇ ਅੱਖਰਾਂ ਤੋਂ ਸੁਤੰਤਰ ਹੈ।

ਲੋਕਾਂ ਨਾਲ ਗੁਰੂ ਜੀ ਦਾ ਪ੍ਰੇਮ ਬੜਾ ਡਾਢਾ ਤੇ ਅਦੁੱਤੀ ਹੈ। ਪ੍ਰੇਮ ਤੇ ਕਿਰਤ ਦੀ ਸਾਵੀਂ ਵੰਡ ਆਪ ਜੀ ਦੇ ਸਮਾਜਕ ਆਦਰਸ਼ ਹਨ। ਆਪ ਜੀ ਨੇ ਖਾਲਸਾ ਦੇ ਰੂਪ ਵਿਚ ਇਕ ਅਜਿਹੇ ਆਦਰਸ਼ ਸਮਾਜ ਦੀ ਸਥਾਪਨਾ ਕੀਤੀ ਹੈ ਜਿਸ ਦਾ ਆਧਾਰ ਦੈਵੀ ਪ੍ਰੇਮ ਦੀ ਨਿਰ-ਸੁਆਰਥ ਨਿਸ਼ਕਾਮ ਭਾਵਨਾ ਹੈ। ਗੁਰੂ ਜੀ ਲਈ ਦੈਵੀ-ਪ੍ਰੇਰਨਾ ਵਾਲੀ ਇਹ ਨਿਰਸੁਆਰਥੀ ਨਿਸ਼ਕਾਮ ਭਾਵਨਾ ਹੀ ਇਸ ਧਰਤ ਉਤੇ ਮਨੁੱਖੀ ਭਾਈਚਾਰੇ ਦਾ ਇਕ ਮਾਤਰ ਲੋਕਤੰਤਰ ਰਾਜਨੀਤਕ ਆਦਰਸ਼ ਦਾ ਆਧਾਰ ਹੈ। ਗੁਰੂ ਜੀ ਦਾ ਮਤ ਤਾਂ ਇਹੋ ਹੀ ਹੈ ਕਿ ਮਨੁੱਖ ਦੀ ਨੰਗ ਤੇ ਭੁੱਖ ਦੀ ਨਿਵਿਰਤੀ ਲਈ ਲਗਾਤਾਰ ਕਿਰਤ ਕੀਤੀ ਜਾਵੇ ਅਤੇ ਪ੍ਰਭੂ ਦੇ ਅਡਿਗ ਵਿਸ਼ਵਾਸ ਵਿਚ ਦਿਨ ਰਾਤ ਅਸੀਂ ਘਾਲ ਕਮਾਈ ਕਰਦੇ ਰਹੀਏ। ਆਪਣੇ ਜੀਵਨ ਵਿਚ ਅਸੀਂ ਪ੍ਰਭੂ ਦੀ ਰਜ਼ਾ ਦੀ ਪੂਰਤੀ ਦੀ ਸਦਾ ਉਡੀਕ ਕਰਦੇ ਰਹੀਏ। ਇਹੋ ਹੀ ਗੁਰੂ ਜੀ ਲਈ ਕੀਤੀ ਗਈ ਸੇਵਾ ਹੈ। ਗੁਰੂ ਜੀ ਨਾਲ ਸਿੱਖ ਇਨਾਂ ਪ੍ਰੇਮ ਕਰੇ ਕਿ ਹਰ ਚਿਹਰੇ ਵਿਚੋਂ ਗੁਰੂ ਦੇ ਸਿੱਖ ਨੂੰ ਗੁਰੂ ਦੀ ਸੂਰਤ ਹੀ ਦਿਖਾਈ ਦੇਵੇ। ਜਿਵੇਂ ਭਾਈ ਕਨ੍ਹਈਆ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਅਗੇ ਅਰਜ਼ ਕੀਤੀ

ਸੀ, ''ਪਾਤਸ਼ਾਹ ! ਨਾ ਮੈਂ ਕਿਸੇ ਸਿੱਖ ਨੂੰ ਜਾਣਦਾ ਹਾਂ, ਨਾ ਕਿਸੇ ਮੁਸਲਮਾਨ ਨੂੰ ਪਛਾਣਦਾ ਹਾਂ। ਮੈਂ ਤਾਂ ਕੇਵਲ, ਗੁਰੂ ਜੀ ! ਆਪ ਜੀ ਦੀ ਸੂਰਤ ਨੂੰ ਹੀ ਹਰ ਚਿਹਰੇ ਵਿਚੋਂ ਨਿਹਾਰਦਾ ਹਾਂ। ਮੈਂ ਤਾਂ ਗੁਰੂ ਜੀ ਦੀ ਦਇਆ ਦਾ ਜਲ ਜ਼ਖ਼ਮੀ ਤੇ ਤਿਰਹਾਏ ਗੁਰੂ ਜੀ ਨੂੰ ਹੀ ਛਕਾਉਂਦਾ ਹਾਂ।'' ਇਸ ਲਈ ਸੇਵਾ ਦੁਆਰਾ ਤਾਂ ਗੁਰੂ ਜੀ ਦੇ ਹੀ ਦਰਸ਼ਨ ਹੁੰਦੇ ਹਨ, ਸੇਵਾ ਤਾਂ ਗੁਰੂ ਜੀ ਦੇ ਨਿਜੀ ਪ੍ਰੇਮ ਦਾ ਸਰੂਪ ਹੈ।

ਇਸ ਪ੍ਰੇਮ ਤੇ ਕਰੁਣਾ-ਭਾਵਨਾ ਤੋਂ ਬਿਨਾਂ ਮਨੁੱਖ ਮੁਰਦੇਹਾਰ ਹੈ, ਭਾਵੇਂ ਉਹ ਕਿੰਨੀ ਵੀ ਉਚੀ ਪਦਵੀ ਦਾ ਸੁਆਮੀ ਅਤੇ ਉਚੀ ਬੁਧ ਦਾ ਮਾਲਕ ਕਿਉਂ ਨਾ ਹੋਵੇ। ਗੁਰੂ ਜੀ ਨਾਲ ਪ੍ਰੇਮ ਕਰਨਾ ਤਾਂ ਪ੍ਰਭੂ-ਪ੍ਰੀਤਮ ਨਾਲ ਪ੍ਰੇਮ ਕਰਨ ਦੇ ਤੁਲ ਹੀ ਹੈ।

ਆਤਮਕਤਾ ਕੇਵਲ ਬੌਧਿਕ ਕਲਪਨਾ ਹੀ ਨਹੀਂ ਹੈ, ਭਾਵੇਂ ਉਹ ਆਪਣੇ ਆਪ ਵਿਚ ਕਿੰਨੀ ਵੀ ਉਜਵਲ ਤੇ ਪਰਿਪੂਰਨ ਕਿਉਂ ਨਾ ਹੋਵੇ। ਵਿਤੰਡਾਵਾਦੀ ਤੇ ਸ਼ਾਸਤਰਾਰਥੀ ਮਨੁੱਖ ਦੀ ਤੁਲਨਾ ਵਿਚ ਬਾਲ ਪ੍ਰਭੂ ਦੇ ਨੇੜੇ ਹੁੰਦਾ ਹੈ। ਇਕ ਸਿਧਾ ਪੱਧਰਾ ਅੱਖੜ ਮਨੁੱਖ ਦਰਸ਼ਨ-ਸ਼ਾਸਤਰ ਦੇ ਪ੍ਰਾਧਿਆਪਕ ਨਾਲੋਂ ਜੀਵਨ ਦਾ ਵਧੇਰੇ ਬੋਧ ਰਖਦਾ ਹੈ। ਹਰ ਵਿਅਕਤੀ ਦੀਆਂ ਹੱਡੀਆਂ ਅਤੇ ਖ਼ੂਨ ਵਿਚ ਮਨੁੱਖੀ ਇਤਿਹਾਸ ਦਾ ਗਿਆਨ ਰਚਿਆ ਹੋਇਆ ਹੈ ਅਤੇ ਇਹ ਉਸ ਵਿਦਵਾਨ ਇਤਿਹਾਸਕਾਰ ਦੇ ਗਿਆਨ ਨਾਲੋਂ ਵਧੇਰੇ ਮਹੱਤਵਪੂਰਨ ਹੈ ਜੋ ਧਰਤੀ ਦੀਆਂ ਤਹਿਆਂ ਨੂੰ ਪੁਟ ਪੁਟ ਕੇ ਨਵੀਆਂ ਖੋਜਾਂ ਬਾਰੇ ਜਾਣਕਾਰੀ ਦਿੰਦਾ ਹੈ। ਇਹ ਤਾਂ ਰੱਜੇ ਪੁਜੇ ਵਿਹਲੜ ਮਨੁੱਖ ਦੀ ਸੁੰਦਰ ਕਾਲਪਨਿਕ ਖੇਡ ਹੈ ਜਿਸ ਉਤੇ ਉਹ ਇਸ ਲਈ ਬੜਾ ਅਭਿਮਾਨ ਕਰਦਾ ਹੈ ਕਿ ਇਹੋ ਹੀ ਸੱਚਾ ਗਿਆਨ ਹੈ।

ਇਕ ਮੁਕਤਗਾਮੀ ਆਤਮਾ ਪ੍ਰਭੂ-ਪ੍ਰੀਤਮ ਦੇ ਅਨੁਭਵ ਵਿਚ ਵਾਧਾ ਕਰਦੀ ਹੈ। ਅਸੀਂ ਪ੍ਰਭੂ ਦੀ ਉਸ ਸਮੇਂ ਸਹਾਇਤਾ ਕਰ ਰਹੇ ਹੁੰਦੇ ਹਾਂ ਜਦੋਂ ਅਸੀਂ ਉਸ ਦੀ ਭਲਿਆਈ, ਉਸ ਦੀ ਦਇਆ ਅਤੇ ਉਸ ਦੇ ਪ੍ਰੇਮ ਨੂੰ ਅਪਣਾ ਰਹੇ ਹੁੰਦੇ ਹਾਂ। ਜਦੋਂ ਅਸੀਂ ਪ੍ਰਭੂ-ਪ੍ਰੀਤਮ ਦੀ ਸੁੰਦਰਤਾ ਵਿਚ ਰੰਗੇ ਜਾਂਦੇ ਹਾਂ ਜੋ ਅਗਿਆਤ ਹੀ ਸਾਡੇ ਅੰਦਰੋਂ ਬਿਜਲੀ ਦੀ ਚਮਕ ਵਾਂਗ ਹਰ ਥਾਂ ਤੇ ਹਰ ਵਸਤੂ ਵਿਚ ਪ੍ਰੇਮ ਦੀ ਪ੍ਰੇਰਨਾ ਜਗਾਉਣ ਵਾਲੇ ਅਨੁਭਵ ਦੇ ਰੂਪ ਵਿਚ ਪ੍ਰਗਟ ਹੁੰਦੀ ਹੈ। ਇਸ ਤਰ੍ਹਾਂ ਅਜਿਹੇ ਪ੍ਰਭੂ-ਰੱਤੜੇ ਜਿਉੜੇ ਭਲਿਆਈ, ਪ੍ਰੇਮ ਤੇ ਮਧੁਰਤਾ ਦੇ ਸਦਗੁਣਾਂ ਨੂੰ ਇਕੱਤਰ ਕਰਦੇ ਹਨ। ਅਜਿਹੇ ਵਿਅਕਤੀ ਨਾਮ-ਧਨ ਸਿੰਚਿਤ ਕਰਦੇ ਹਨ। ਇਸ ਦੀਆਂ ਬਿਜਲੀ ਚਮਕਾਂ ਦਾ ਆਹਾਰ ਕਰਦੇ ਤੇ ਮਨੁੱਖਾਂ ਦੀ ਭਲਿਆਈ ਦੇ ਕਾਰਜਾਂ ਵਿਚ ਰਤੇ ਰਹਿੰਦੇ ਹਨ। ਅਜਿਹੀ ਆਤਮਕ ਅਵਸਥਾ ਵਿਚ ਤੁਸੀਂ ਦਰਸ਼ਨ-ਸ਼ਾਸਤਰ ਤੇ ਧਰਮ-ਸ਼ਾਸਤਰ ਦੇ ਮਿਥਕ ਪ੍ਰਮਾਤਮਾ ਨੂੰ ਵਿਸਾਰ ਦਿੰਦੇ ਹੋ। ਇਸ ਤਰ੍ਹਾਂ ਕਰਕੇ ਵੀ ਤੁਸੀਂ ਇੰਜ ਅਨੁਭਵ ਕਰਦੇ ਹੋ ਕਿ ਤੁਸੀਂ ਸੱਚੇ ਪ੍ਰਭੂ-ਪ੍ਰੀਤਮ ਦੇ ਨਿਕਟੀ ਹੋ ਅਤੇ ਉਸ ਦੇ ਸੱਤ, ਸ਼ਿਵ ਤੇ ਸੁੰਦਰ ਸਰੂਪ ਨੂੰ ਨਿਹਾਰ ਰਹੇ ਹੋ। ਜਿਨ੍ਹਾਂ ਨੇ ਪ੍ਰਭੂ ਨੂੰ ਨਹੀਂ ਜਾਤਾ, ਉਸ ਪ੍ਰੀਤਮ ਪਿਆਰੇ ਦੇ ਦਰਸ਼ਨ ਨਹੀਂ ਕੀਤੇ

—ਉਹ ਇਸ ਸ੍ਰਿਸ਼ਟੀ ਨੂੰ ਵੇਖ ਕੇ ਦੁਖੀ ਹੁੰਦੇ ਹਨ। ਉਹਨਾਂ ਨੂੰ ਇਸ ਗੱਲ ਦੀ ਲੋੜ ਮਹਿਸੂਸ ਹੁੰਦੀ ਹੈ ਕਿ ਉਹ ਆਵਾਗਵਨ, ਪੁਨਰ-ਜਨਮ ਤੇ ਰਹੱਸਮਈ ਤੇ ਪੂਰਬਲੇ ਕਰਮਾਂ ਦੇ ਅਸੰਗਤ ਤੇ ਬਾਹਰੀ ਸਿਧਾਂਤਾਂ ਨੂੰ ਘੜ ਲੈਣ, ਤਾਂ ਜੋ ਸ੍ਰਿਸ਼ਟੀ ਵਿਚਲੇ ਤੇ ਇਸ ਦੀਆਂ ਭਿੰਨ ਭਿੰਨ ਅਵਸਥਾਵਾਂ ਦੇ ਅੰਤਰਾਂ ਦੀ ਵਿਆਖਿਆ ਕੀਤੀ ਜਾ ਸਕੇ। ਅਨੰਤ ਪ੍ਰਕਾਰ ਦੀ ਵੰਨ-ਸੁਵੰਨਤਾ ਅਤੇ ਅਨੰਤ ਪ੍ਰਕਾਰ ਦੇ ਅੰਤਰ ਤਾਂ ਪ੍ਰਭੂ-ਪ੍ਰੀਤਮ ਦੀ ਰਜ਼ਾ ਤੇ ਉਸ ਦੀਆਂ ਮੌਜਾਂ ਹਨ। ਗੁਰੂ ਜੀ ਦੇ ਦ੍ਰਿਸ਼ਟੀਕੋਣ ਅਨੁਸਾਰ ਤਾਂ ਇਹ ਸਭ ਕੁਝ ਸੁੰਦਰ ਹੀ ਹੈ। ਜੇ ਜਨਮ ਮਰਨ ਦਾ ਗੇੜ ਜਾਂ ਇਸ ਤੋਂ ਮੁਕਤੀ ਪ੍ਰਭੂ ਦੀ ਰਜ਼ਾ ਹੈ ਤਾਂ ਇਹ ਇਵੇਂ ਹੀ ਭਲਾ ਹੈ। ਗੁਰੂ ਜੀ ਕੋਲ ਤਾਂ ਬਸ ਇਕੋ ਹੀ ਰੁਝੇਵਾਂ ਹੈ ਅਤੇ ਉਹ ਹੈ ਪ੍ਰਭੂ-ਪ੍ਰੀਤਮ ਲਈ ਵੇਦਨਾ ਤੇ ਦਰਦ ਨਾਲ ਭਰਪੂਰ ਪ੍ਰੇਮ। ਗੁਰੂ ਗਰੰਥ ਸਾਹਿਬ ਤਾਂ ਨਾਮ ਦਾ ਸਾਗਰ ਹੈ। ਪ੍ਰਭੂ-ਪ੍ਰੀਤਮ ਦੀ ਉਪਮਾ ਵਿਚ ਰਚੇ ਗਏ ਬਾਣੀ ਦੇ ਸ਼ਬਦ ਤਾਂ ਸਦੀਵਤਾ ਤਕ ਪੁਜਣ ਵਾਲੀਆਂ ਤੀਖਣ ਚੋਭਾਂ ਦੀਆਂ ਜਿੰਦ ਧੜਕਣਾਂ ਹਨ। ਜਪੁਜੀ ਵਿਚ ਕਥਨ ਹੈ :

'ਜਿਸ ਨੋ ਬਖਸੇ ਸਿਫਤਿ ਸਾਲਾਹ।।
ਨਾਨਕ ਪਾਤਿਸਾਹੀ ਪਾਤਿਸਾਹੁ।।'

ਮਨੁੱਖ ਤਾਂ ਉਹ ਕੁਝ ਹੀ ਹੈ, ਜਿਹੋ ਜਿਹੇ ਕਿ ਉਹ ਕਰਮ ਕਰਦਾ ਹੈ। ਇਹ ਤਾਂ ਇਕ ਤਰ੍ਹਾਂ ਨਾਲ ਪ੍ਰਤੱਖ ਰੂਪ ਦਾ ਪ੍ਰਮਾਣ ਹੈ। ਗੁਰੂ ਜੀ ਤਾਂ ਮਨੁੱਖ ਨੂੰ ਆਪਣੀ ਅੰਤਰੀਵ ਪਵਿੱਤਰਤਾ, ਆਪਣੇ ਅੰਤਰੀਵ ਸਦਗੁਣਾਂ ਅਤੇ ਆਪਣੀ ਅੰਤਰੀਵ ਦੈਵੀ ਮਾਨਵਤਾ ਵਲ ਤੱਕਣ ਦੀ ਪ੍ਰੇਰਨਾ ਦਿੰਦੇ ਹਨ। ਇਸ ਉਪਰੰਤ ਉਸ ਨੂੰ ਆਪਣੀ ਸੁਤੰਤਰ ਚੋਣ ਅਨੁਸਾਰ ਵਿਚਰਨ ਲਈ ਨਿਰਦੇਸ਼ ਕਰਦੇ ਹਨ। ਗੁਰੂ ਜੀ ਕਰਮਾਂ ਤੇ ਉਹਨਾਂ ਦੇ ਫਲ ਜਾਂ ਸਜ਼ਾ ਨੂੰ ਭੋਗਣ ਉਤੇ ਜ਼ੋਰ ਨਹੀਂ ਦਿੰਦੇ, ਜਿਹਾ ਕਿ ਨਾਸਤਿਕ ਅਤੇ ਬੋਧੀ ਮਸਤਾਨੇ ਆਦਿ ਦਸਦੇ ਹਨ। ਨਾ ਹੀ ਉਹ ਜੈਨ-ਮਤ ਦੀ ਅਕਾਦਮਿਕ ਨੈਤਿਕਤਾ ਨੂੰ ਪ੍ਰਵਾਨ ਕਰਦੇ ਹਨ। ਗੁਰੂ ਜੀ ਕਰਮਾਂ ਦੇ ਬੰਧਨ ਨੂੰ ਪ੍ਰਵਾਨ ਨਹੀਂ ਕਰਦੇ, ਜਿਹਾ ਕਿ ਹਿੰਦੂਆਂ ਦਾ ਮਤ ਹੈ—ਗੁਰੂ ਜੀ ਲਈ ਇਹ ਤਾਂ ਉਸੇ ਤਰ੍ਹਾਂ ਦਾ ਹੀ ਸੰਜੋਗੀ ਵਰਤਾਰਾ ਹੈ, ਜਿਸ ਤਰ੍ਹਾਂ ਕਿ ਪ੍ਰਕ੍ਰਿਤੀ ਦੀਆਂ ਸ਼ਕਤੀਆਂ ਤੇ ਕੁਦਰਤ ਦੇ ਹੋਰ ਨੇਮ ਭੌਤਿਕ ਸੰਸਾਰ ਵਿਚ ਵਿਆਪਕ ਹਨ। ਗੁਰੂ ਜੀ ਤਾਂ ਇਥੋਂ ਤਕ ਆਖ ਦਿੰਦੇ ਹਨ, "ਮਨੁੱਖ ਦੇ ਰਖਣਹਾਰ ਪ੍ਰਭੂ ਦੀ ਰਜ਼ਾ ਹੋਵੇ ਤਾਂ ਉਹ ਉਸ ਨੂੰ ਕਰਮਾਂ ਦੇ ਚੱਕਰ ਵਿਚੋਂ ਵੀ ਬਾਹਰ ਕਢ ਲੈਂਦਾ ਹੈ।" ਪ੍ਰਭੂ ਦੀ ਦਇਆ ਉਹ ਸੱਚ ਹੈ ਜੋ ਮਨੁੱਖ ਦੇ ਪੂਰਬਲੇ ਤੇ ਇਸ ਜਨਮ ਦੇ ਕਰਮਾਂ ਉਤੇ ਵੀ ਭਾਰੂ ਹੁੰਦੀ ਹੈ। ਅਸੀਂ ਤਾਂ ਸਦਾ ਔਗੁਣਾਂ ਵਲ ਨਠਦੇ ਹਾਂ, ਪਰ ਪ੍ਰਭੂ-ਪ੍ਰੀਤਮ ਸਾਨੂੰ ਆਪਣੇ ਹੀ ਕੀਤੇ ਕਰਮਾਂ ਦੇ ਦੁਖਾਂ, ਕਲੇਸ਼ਾਂ ਤੇ ਕਸ਼ਟਾਂ ਤੋਂ ਬਚਾਉਂਦਾ ਹੈ। ਇਕ ਮੁਕਤਗਾਮੀ ਆਤਮਾ ਜਿਹਾ ਕਿ 'ਜਪੁਜੀ' ਦੇ ਅੰਤਿਮ ਸਲੋਕ ਵਿਚ ਫ਼ਰਮਾਇਆ ਗਿਆ ਹੈ, ਕਈ ਹੋਰਾਂ ਨੂੰ ਵੀ ਭਵ-ਸਾਗਰ ਤੋਂ ਪਾਰ ਕਰ ਦਿੰਦੀ ਹੈ :

"ਜਿਨੀ ਨਾਮੁ ਧਿਆਇਆ
ਗਏ ਮਸਕਤਿ ਘਾਲਿ।।
ਨਾਨਕ ਤੇ ਮੁਖ ਉਜਲੇ
ਕੇਤੀ ਛੁਟੀ ਨਾਲਿ।।"

ਜਦੋਂ ਮਨੁੱਖ ਆਪਣੇ ਅੰਤਰੀਵ ਪ੍ਰਭੂਤਵ ਨੂੰ ਪ੍ਰਾਪਤ ਕਰ ਲੈਂਦਾ ਹੈ ਤਾਂ ਉਸ ਉਪਰ ਕਾਰਨ-ਕਰਮ ਦਾ ਨੇਮ ਲਾਗੂ ਨਹੀਂ ਹੁੰਦਾ। ਇਸ ਨਿਰਵਾਨ ਪਦ ਦੀ ਉਚਤਮ ਅਵਸਥਾ ਵਿਚ ਕਰਮਾਂ ਦਾ ਕਾਰਜ ਸਮਾਪਤ ਹੋ ਜਾਂਦਾ ਹੈ। ਗੁਰੂ ਜੀ ਦੇ ਮਤ ਅਨੁਸਾਰ ਨਿਰਵਾਨ ਪਦ ਤਾਂ ਨਿਰੰਕਸ਼ ਸੁਤੰਤਰਤਾ ਦੀ ਉਹ ਅਵਸਥਾ ਹੁੰਦੀ ਹੈ ਜੋ ਪ੍ਰਾਣੀ ਨੂੰ ਪ੍ਰਭੂ ਤੇ ਇਸ ਦੇ ਪਰਮ-ਸੱਚ ਨਾਲ ਅਭੇਦ ਕਰ ਦਿੰਦੀ ਹੈ।

ਗੁਰੂ ਜੀ ਲਈ ਤਾਂ ਇਹ ਗੱਲ ਕੋਈ ਅਰਥ ਨਹੀਂ ਰਖਦੀ ਕਿ ਮਨੁੱਖ ਦਾ ਪੁਨਰ ਜਨਮ ਹੁੰਦਾ ਹੈ ਜਾਂ ਨਹੀਂ। ਗੁਰੂ ਜੀ ਤਾਂ ਜੀਵਨ ਨੂੰ ਪ੍ਰਭੂ-ਪ੍ਰੀਤਮ ਦੀ ਨਿਰੰਤਰ ਯਾਦ ਦਸਦੇ ਹਨ। ਜੇ ਮਨੁੱਖ ਦੀ ਆਤਮਕ ਸੁਰਤ ਜਾਂ ਚੇਤੰਨਤਾ ਪ੍ਰਭੂ-ਪ੍ਰੀਤਮ ਦੀ ਯਾਦ ਜਾਂ ਸੰਜੋਗੀ ਮੇਲ ਦੇ ਅਨੰਦ ਵਿਚ ਰੰਗੀ ਗਈ ਹੈ ਤਾਂ ਉਸ ਨੂੰ ਹੋਰ ਕਿਸ ਦੀ ਲੋੜ ਹੈ ?

# ਸਮਰੂਪਤਾ

ਜੇ ਇਸ ਧਰਤੀ ਦੀਆਂ ਕੌਮਾਂ ਨੂੰ ਗੁਰੂ ਸਾਹਿਬ ਦੇ ਉਪਦੇਸ਼ਾਂ ਦੀ ਪੂਰਨ ਵਿਆਖਿਆ ਕਰਕੇ ਦਸੀ ਜਾਵੇ ਤਾਂ ਸੰਸਾਰ ਦੇ ਹਰ ਰਾਸ਼ਟਰ ਨੂੰ ਇੰਜ ਪ੍ਰਤੀਤ ਹੋਵੇਗਾ ਜਿਵੇਂ ਗੁਰੂ ਗਰੰਥ ਸਾਹਿਬ ਉਹਨਾਂ ਦਾ ਆਪਣਾ ਹੀ ਧਰਮ-ਗਰੰਥ ਹੈ।

ਧਰਤੀ ਦੀਆਂ ਸਾਰੀਆਂ ਕੌਮਾਂ ਗੁਰੂ ਜੀ ਨੂੰ ਉਹਨਾਂ ਦੇ ਜੀਵਨ ਦੀ ਕਿਰਤ ਅਤੇ ਪ੍ਰੇਮ ਦੀ ਉਚਤਮ ਕਵਿਤਾ ਦੁਆਰਾ ਆਪਣੇ ਅੰਗ-ਸੰਗ ਅਨੁਭਵ ਕਰਨਗੀਆਂ। ਜਿਨ੍ਹਾਂ ਲੋਕਾਂ ਵਿਚ ਜੀਵਨ ਦੀ ਚਿੰਗਿਆੜੀ ਮੌਜੂਦ ਹੈ, ਉਹਨਾਂ ਨੂੰ ਇਹ ਗੱਲ ਪ੍ਰਭਾਤ ਦੇ ਆਗਮਨ ਸਮਾਨ ਲਗੇਗੀ। ਜੀਵਨ ਦੇ ਮਹਾਨ ਸੰਗੀਤ ਵਿਚ ਪੂਰਬ ਤੇ ਪਛਮ ਦਾ ਕੋਈ ਭੇਦ ਨਹੀਂ ਹੈ। ਇਸਾਈ ਕੌਮਾਂ ਨੂੰ ਗੁਰੂ ਗਰੰਥ ਸਾਹਿਬ ਵਿਚੋਂ ਅੰਜੀਲ ਤੇ ਮੁਸਲਿਮ ਕੌਮਾਂ ਨੂੰ ਕੁਰਾਨ ਲਭ ਪਵੇਗਾ। ਸੰਸਕ੍ਰਿਤ ਭਾਸ਼ਾ ਵਿਚ ਉਪਨਿਸ਼ਦਾਂ ਦੇ ਪ੍ਰੇਮੀਆਂ ਨੂੰ ਗੁਰੂ ਦੀ ਬਾਣੀ ਦੇ ਸੰਗੀਤ ਵਿਚ ਭਾਰਤ ਦੀ ਪ੍ਰਾਚੀਨ ਸਿਆਣਪ ਦਿਸ ਪਵੇਗੀ। ਵਿਗਿਆਨਕ ਮਨ ਨੂੰ ਗੁਰੂ ਜੀ ਦੇ ਮਨ ਵਿਚ ਆਪਣੀ ਚਿੰਤਨਸ਼ੀਲ ਮਨੋ-ਬਿਰਤੀ ਦੇ ਪ੍ਰਤੀਬਿੰਬ ਦਿਖਾਈ ਦੇਣਗੇ। ਗੁਰੂ ਜੀ ਦੇ ਵਿਚਾਰ ਜੀਵਨ, ਪ੍ਰੇਮ ਤੇ ਕਿਰਤ ਦੇ ਸੰਬੰਧ ਵਿਚ ਹੈਰਾਨ ਕਰ ਦੇਣ ਦੀ ਹੱਦ ਤਕ ਕ੍ਰਾਂਤੀਕਾਰੀ ਹਨ। ਆਧੁਨਿਕ ਸਮਾਜਾਂ ਦੇ ਲੋਕ ਗੁਰੂ ਜੀ ਦੇ ਯੰਤਰਵਤ ਵਹਿਮਾਂ-ਭਰਮਾਂ ਨਾਲ ਭਰਪੂਰ ਧਾਰਮਿਕਤਾ ਤੇ ਦੰਭੀ ਪਵਿੱਤਰਤਾ ਦੇ ਖੰਡਨ ਨਾਲ ਪੂਰੀ ਤਰ੍ਹਾਂ ਸਹਿਮਤ ਹਨ।

ਕਰਮ-ਸਿਧਾਂਤ ਦਾ ਨੇਮ ਇਥੇ ਲਾਗੂ ਵੀ ਹੈ ਤੇ ਨਹੀਂ ਵੀ। ਇਹੋ ਕੁਝ ਹੀ ਬੁਧ ਤੇ ਜ਼ੋਰਾਸਟਰ ਦੇ ਦ੍ਰਿਸ਼ਟੀਕੋਣ ਬਾਰੇ ਕਿਹਾ ਜਾ ਸਕਦਾ ਹੈ।

ਆਤਮਵੇਤਾ ਤੇ ਭੌਤਿਕ-ਵਿਗਿਆਨ ਦੇ ਖੋਜੀ ਇਹ ਗੱਲ ਜਾਣ ਲੈਣਗੇ ਕਿ ਗੁਰੂ ਜੀ ਨੇ ਵਿਸ਼ੇਸ਼ ਤੌਰ 'ਤੇ ਇਸ ਗੱਲ ਵਲ ਸੰਕੇਤ ਕੀਤਾ ਹੈ ਕਿ ਦ੍ਰਿਸ਼ਟਮਾਨ ਸੰਸਾਰ ਤੋਂ ਪਰੇ ਆਤਮਾ ਦੇ ਸੰਸਾਰ ਦੀ ਹੋਂਦ ਵੀ ਮੌਜੂਦ ਹੈ। ਇਸ ਆਤਮਕ ਸਮਾਜ ਵਿਚ ਵੀ ਆਤਮਾਵਾਂ ਦੇ ਕਈ ਵਿਦਮਾਨ ਹਨ—ਕੁਝ ਭਲੇ, ਕੁਝ ਬੁਰੇ ਤੇ ਕੁਝ ਨਿਰਲੇਪ ਰਹਿਣ ਵਾਲੇ। ਇਹਨਾਂ ਸਭ ਤੋਂ ਉਪਰ ਸ਼ੁਧ ਆਤਮਾਵਾਂ ਦਾ ਮੰਡਲ ਹੈ, ਜਿਥੇ ਆਤਮਾ ਸ਼ੁਧ ਸੁਤੰਤਰਤਾ ਵਿਚ ਪੂਰਨ ਰੂਪ ਵਿਚ ਜਗਮਗਾ ਰਹੀ ਹੈ। ਇਹ ਸ਼ੁਧ ਸੁਤੰਤਰਤਾ ਜਾਂ ਨਿਰੰਕੁਸ਼ ਆਤਮਕਤਾ ਸਭ ਪ੍ਰਕਾਰ ਦੇ ਜੀਵਨ ਦੀ ਅੰਤਿਮ ਸਿਧੀ ਜਾਂ ਲਕਸ਼ ਹੁੰਦਾ ਹੈ।

ਵਿਸ਼ਵ-ਵਿਆਪੀ ਇਕਸੁਰਤਾ ਦੇ ਆਤਮਕ ਰੰਗ ਵਿਚ ਰੰਗਿਆ ਹੋਇਆ ਵੇਦਾਂਤੀ ਇਹ ਵੇਖ ਸਕਦਾ ਹੈ ਕਿ ਗੁਰੂ ਜੀ ਮਨੁੱਖ ਤੇ ਪ੍ਰਕ੍ਰਿਤੀ ਦੀ ਪੂਜਾ ਕਰਦੇ

ਹਨ ਤੇ ਇਸ ਦਾ ਉਸੇ ਤਰ੍ਹਾਂ ਸਨਮਾਨ ਕਰਦੇ ਹਨ ਜਿਵੇਂ ਉਹ ਪ੍ਰਭੂ-ਪ੍ਰੀਤਮ ਦਾ ਕਰਦੇ ਹਨ।

ਇਕ ਬੋਧੀ ਨੂੰ ਗੁਰੂ ਜੀ ਵਿਚ ਆਪਣਾ ਹੀ ਮਾਰਗ ਦਿਖਾਈ ਦੇਵੇਗਾ, ਜਿਸ ਤਰ੍ਹਾਂ ਉਹ ਇਕ ਇਸਾਈ ਨੂੰ ਮਿਲ ਰਿਹਾ ਹੁੰਦਾ ਹੈ।

''ਜੋ ਬੀਜੋਗੇ, ਉਹੋ ਹੀ ਲੁਣੋਗੇ।'' ''ਤੁਹਾਡੇ ਸਾਹਮਣੇ ਤੁਹਾਡੇ ਕਰਮਾਂ ਦਾ ਲੇਖਾ ਜੋਖਾ ਕੀਤਾ ਜਾਵੇਗਾ ਅਤੇ ਇਸ ਵਿਚ ਰਾਈ ਜਿੰਨੀ ਵੀ ਵਾਧ ਘਾਟ ਨਹੀਂ ਹੋ ਸਕੇਗੀ।'' ''ਪ੍ਰਭੂ ਦਾ ਪ੍ਰੇਮ ਤਾਂ ਖ਼ਿਮਾਂ ਕਰ ਦੇਣ ਵਿਚ ਹੈ। ਇਸ ਦੁਆਰਾ ਪ੍ਰਭੂ ਦਾ ਨਿਵਾਸ ਮਨੁੱਖ ਦੇ ਅੰਦਰ ਹੁੰਦਾ ਹੈ ਤੇ ਇਹੀ ਸਭ ਤੋਂ ਉਚਾ ਸਦਾਚਾਰ ਹੈ।'' ਪ੍ਰਭੂ ਦੀ ਕਿਰਪਾ-ਦ੍ਰਿਸ਼ਟੀ ਦੁਆਰਾ ਹੀ ਕਰਮਾਂ ਦੇ ਬੰਧਨ ਤੋਂ ਮੁਕਤੀ ਮਿਲ ਸਕਦੀ ਹੈ।

ਗੁਰੂ ਜੀ ਤਾਂ ਇਥੋਂ ਤਕ ਕਹਿ ਦਿੰਦੇ ਹਨ, ''ਹੇ ਮੁਸਲਮਾਨੋ ! ਜਿਹੜਾ ਵਿਵਹਾਰ ਤੁਸੀਂ ਕਰ ਰਹੇ ਹੋ, ਉਹ ਨਿਪਟ ਅਗਿਆਨ ਹੈ। ਸੱਚਾ ਇਸਲਾਮ ਤਾਂ ਰੱਬ ਦੀ ਰਜ਼ਾ ਵਿਚ ਵਿਚਰ ਕੇ ਸਭ ਕੁਝ ਦਾ ਤਿਆਗ ਕਰਨ ਵਿਚ ਹੈ। ਸੱਚਾ ਇਸਲਾਮ ਤਾਂ ਪ੍ਰੇਮ ਜਾਂ ਮੁਹੱਬਤ ਵਿਚ ਹੈ। ਇਹ ਬੜਾ ਮੁਸ਼ਕਿਲ ਹੈ। ਕੇਵਲ ਆਪਣੇ ਆਪ ਨੂੰ ਮੁਸਲਿਮ ਕਹਾ ਕੇ ਤੁਸੀਂ ਸਚਮੁਚ ਹੀ ਅਜਿਹਾ ਬਣ ਸਕਦੇ ਹੋ।'' ''ਹੇ ਹਿੰਦੂ ! ਸੱਚਾ ਯੋਗ ਤਾਂ ਨਾਮ ਵਿਚ ਹੈ, ਨਾ ਕਿ ਤੁਹਾਡੀਆਂ ਅਨਿਕ ਪ੍ਰਕਾਰ ਦੇ ਵਰਤਾਂ-ਨੇਮਾਂ ਵਿਚ।'' ''ਹੇ ਯੋਗੀ ! ਜੇ ਤੇਰਾ ਚਿਤ ਕਰਤਾ ਪੁਰਖ ਦੀ ਪਰਮ ਸ਼ਾਂਤੀ ਨਾਲ ਇਕਸੁਰ ਹੈ ਤਾਂ ਇਹੋ ਹੀ ਆਤਮ ਵਸੀਕਾਰ ਹੈ ਜਿਸ ਨੇ ਆਤਮ ਨੂੰ ਜਿਤ ਲਿਆ ਹੈ ਅਰਥਾਤ ਮਨ ਉਤੇ ਕਾਬੂ ਪਾ ਲਿਆ ਹੈ, ਉਸ ਨੇ ਸੰਸਾਰ ਨੂੰ ਵੀ ਜਿਤ ਲਿਆ ਹੈ।'' ਇਸ ਦੇ ਬਾਵਜੂਦ ਹਿੰਦੂਆਂ, ਜੈਨੀਆਂ ਤੇ ਮੁਸਲਮਾਨਾਂ ਦੇ ਦੰਭਾਂ ਦਾ ਨਿਖੇਧ ਕੀਤਾ ਗਿਆ ਹੈ ਕਿਉਂਜੋ ਦੰਭ ਮਨੁੱਖ ਵਲੋਂ ਮੰਨੇ ਜਾਂਦੇ ਸਾਰੇ ਧਰਮਾਂ ਵਿਚ ਜ਼ਹਿਰ ਘੋਲ ਦਿੰਦਾ ਹੈ।

ਗੁਰੂ ਜੀ ਦੇ ਇਸ ਵਿਸ਼ਵ-ਵਿਆਪੀ ਧਰਮ ਦੀ ਪ੍ਰੇਰਨਾ ਵਿਚ ਕਈਆਂ ਨੂੰ ਨਵਾਂ ਸੰਕਲਨਵਾਦੀ ਦ੍ਰਿਸ਼ਟੀਕੋਣ ਤੇ ਨਵਾਂ ਸੰਸ਼ਲੇਸ਼ਣ ਦ੍ਰਿਸ਼ਟੀਗੋਚਰ ਹੁੰਦਾ ਹੈ। ਪਰ ਇਹ ਵਿਸ਼ਵ ਵਿਆਪਕਤਾ ਵਿਦਵਾਨਾਂ ਵਾਲੀ ਮਾਨਸਿਕ ਸਰੂਪ ਵਾਲੀ ਨਹੀਂ ਹੈ, ਸਗੋਂ ਆਤਮਕ ਸਰੂਪ ਵਾਲੀ ਹੈ। ਇਹ ਤਾਂ ਇਕ ਤਰ੍ਹਾਂ ਦਾ ਸਜੀਵ ਸਮੂਹ ਹੈ ਜੋ ਧਰਤ ਤੇ ਆਕਾਸ਼ ਵਿਚੋਂ ਸਫੁਟਿਤ ਹੋ ਰਿਹਾ ਹੈ। ਸਾਰਾ ਅਤੀਤ ਇਸ ਵਰਤਮਾਨ ਵਿਚ ਵਿਆਪਕ ਹੈ। ਇਹ ਮਤ ਕਿਸੇ ਮਾਨਸਿਕ ਤੇ ਨੈਤਿਕ ਪ੍ਰਿਸ਼ਰਮ ਦੀ ਦੇਣ ਨਹੀਂ ਹੈ, ਨਾ ਹੀ ਇਹ ਕਿਸੇ ਨਿਰਗੁਣੀ ਪ੍ਰਯੋਗਸ਼ਾਲਾ ਦੀ ਉਪਜ ਹੈ। ਇਹ ਤਾਂ ਕਰਤਾ-ਪੁਰਖ ਦਾ ਆਪਣੇ ਵਲੋਂ ਕੀਤਾ ਗਿਆ ਸੰਸ਼ਲੇਸ਼ਣ ਹੈ, ਜੋ ਪ੍ਰਕ੍ਰਿਤੀ ਦੇ ਅਗਾਧ-ਬੋਧ ਰਹੱਸ ਦੀ ਮੌਨ ਸ਼ਾਂਤੀ ਵਿਚੋਂ ਉਤਪੰਨ ਹੁੰਦਾ ਹੈ ਅਤੇ ਇਹ ਇਸ ਤਰ੍ਹਾਂ ਉਤਪੰਨ ਹੁੰਦਾ ਹੈ, ਜਿਵੇਂ ਸੂਰਜ ਤੇ ਤਾਰੇ ਆਕਾਸ਼-ਗੰਗਾ ਵਿਚ ਜਗਮਗਾਉਂਦੇ ਹਨ।

ਗੁਰੂ ਜੀ ਨੇ ਹਿੰਦੂ-ਮਤ ਵਲੋਂ ਵਰਤੀ ਜਾਂਦੀ ਭਾਸ਼ਾ ਦਾ ਉਪਯੋਗ ਕੀਤਾ

ਹੈ। ਚੇਤੰਨਯ ਦਾ 'ਹਰੀ ਹਰੀ' ਜਪਣਾ ਵੈਸ਼ਨਵ-ਮਤ ਦਾ ਸਿਖਰ ਹੈ, ਜੋ ਉਸ ਦੇ ਸੁਪਨਿਆਂ ਵਿਚ ਸਾਕਾਰ ਹੋਇਆ ਹੈ। ਗੁਰੂ ਜੀ ਉਸ ਨਾਲ ਵੀ ਗੋਸ਼ਟਿ ਕਰਦੇ ਹਨ। ਆਪ ਕੋਲ ਫ਼ਰੀਦ ਅਤੇ ਮੀਆਂ ਮੀਰ ਵਰਗੇ ਮੁਸਲਿਮ ਦਰਵੇਸ਼ ਆਉਂਦੇ ਹਨ। ਗੁਰੂ ਜੀ ਅਤੇ ਉਹਨਾਂ ਦੇ ਸਿੱਖਾਂ ਲਈ 'ਰਾਮ' ਤੇ 'ਰਹੀਮ' 'ਦੇਹੁਰਾ' ਤੇ 'ਮਸੀਤ' ਇਕ ਸਮਾਨ ਹਨ। ਇਸਾਈਆਂ ਦਾ ਗਿਰਜਾ ਵੀ ਇਹਨਾਂ ਤੋਂ ਵਖਰਾ ਨਹੀਂ ਹੈ।

ਗੁਰੂ ਜੀ ਤਾਂ ਲੋਕਾਂ ਤੋਂ ਬਸ ਇਹੋ ਹੀ ਸਵਾਲ ਪੁੱਛਦੇ ਹਨ ਕੀ ਮਨੁੱਖ ਪ੍ਰਭੂ-ਪ੍ਰੀਤਮ ਨਾਲ ਜੁੜ ਕੇ ਸਿਧਾ-ਸਾਦਾ ਜੀਵਨ ਬਤੀਤ ਕਰ ਰਿਹਾ ਹੈ ? ਕੀ ਉਹ ਖਿਮਾਂ ਕਰਨ, ਗਿਲੇ-ਰਹਿਤ ਪ੍ਰੇਮ ਦੁਆਰਾ ਸੇਵਾ ਤੇ ਕਿਰਤ ਕਰਦੇ ਅਤੇ ਵੰਡ ਕੇ ਛਕਦੇ ਹਨ ? ਕੀ ਉਹ ਗੁਰਮੁਖ਼ ਵਲ ਇਸ ਤਰ੍ਹਾਂ ਆਕਰਸ਼ਿਤ ਹਨ ਜਿਵੇਂ ਅਨੰਤ ਵਿਚ ਵਿਭਿੰਨ ਨਛੱਤਰ ਆਪਣੇ ਕੇਂਦਰ-ਬਿੰਦੂ ਸੂਰਜ ਦੁਆਲੇ ਪ੍ਰਕਰਮਾ ਕਰ ਰਹੇ ਹਨ ? ਕੀ ਉਹ ਆਪ ਮੁਹਾਰੇ ਉਤਪੰਨ ਹੋਈ ਭਲਾਈ ਦੀ ਭਿੰਨੀ ਮਹਿਕ ਨੂੰ, ਜੋ ਕਿ ਮਨੁੱਖਤਾ ਦਾ ਸਾਰ ਤੱਤ ਹੈ। ਸਾਰੀ ਧਰਤ ਉਤੇ ਵੰਡ ਰਹੇ ਹਨ ? ਕੀ ਬਾਹਰ-ਮੁਖੀ ਸਥੂਲਤਾ, ਜਿਸ ਨੇ ਮਨੁੱਖ ਦੀ ਰੱਬਤਾ ਨੂੰ ਢਕਿਆ ਹੋਇਆ ਹੈ, ਉਹ ਉਸ ਤੋਂ ਉਪਰ ਉਠ ਖਲੋਤੇ ਹਨ ਅਤੇ ਉਸ ਉਤੇ ਭਾਰੂ ਹੋ ਗਏ ਹਨ ? ਕੀ ਮਨੁੱਖ ਨੇ ਆਪਣੀ ਆਤਮਾ ਦੀ ਸੁੰਦਰਤਾ ਨੂੰ ਸਭ ਵਸਤਾਂ ਵਿਚੋਂ ਤੱਕ ਸਕਣ ਦੇ ਅਨੁਭਵ ਨੂੰ ਪ੍ਰਾਪਤ ਕਰ ਲਿਆ ਹੈ ? ਕੀ 'ਮੈਂ-ਮਮਤਾ' ਦੇ ਅੰਨ੍ਹੇ ਅਭਿਮਾਨ, ਧਨ-ਦੌਲਤ, ਬੁਧੀ ਅਤੇ ਉਚ-ਪਦਵੀ ਦੇ ਅਭਿਮਾਨ-ਭਾਵ ਦਾ ਤਿਆਗ ਕਰ ਦਿਤਾ ਹੈ ? ਰੰਗਾਂ, ਜਾਤੀ ਤੇ ਮਤ-ਮਤਾਂਤਰਾਂ ਦੇ ਦਿਸਦੇ ਪਿਸਦੇ ਅੰਤਰ ਤਾਂ ਉਹ ਜ਼ਹਿਰ ਹਨ, ਜੋ ਮਨੁੱਖ ਦਾ ਪਤਨ ਕਰ ਦਿੰਦੇ ਹਨ। ਕੀ ਇਹਨਾਂ ਜ਼ਹਿਰਾਂ ਨੂੰ ਨਕਾਰ ਦਿਤਾ ਗਿਆ ਹੈ ?

ਜੀਵਿਤ ਹਮਦਰਦੀ ਹੀ ਸਭ ਕੁਝ ਹੈ। ਮਨੁੱਖ ਇਕ ਹੈ। ਜਿਹੜੇ ਲੋਕ ਪ੍ਰਸਪਰ ਮਤਭੇਦਾਂ ਅਤੇ ਮਿਥਾਂ ਦੇ ਕਾਰਨ ਬਣਦੇ ਹਨ, ਉਹ ਅੰਧਕਾਰ ਦੀਆਂ ਸ਼ਕਤੀਆਂ ਹੀ ਹੁੰਦੀਆਂ ਹਨ। ਜਿਹੜੇ ਮਨੁੱਖ ਅਤੇ ਮਨੁੱਖ ਇਕ ਤੇ ਦੂਜੀ ਕੌਮ ਦੀ ਗਲਵਕੜੀ ਪਾ ਕੇ ਉਹਨਾਂ ਵਿਚ ਏਕਤਾ ਸਥਾਪਿਤ ਕਰਦੇ ਹਨ, ਉਹ ਚਾਨਣ ਦੀਆਂ ਸ਼ਕਤੀਆਂ ਹੁੰਦੀਆਂ ਹਨ। ਪੁਰਸ਼ ਤੇ ਇਸਤਰੀ ਦੀ ਪ੍ਰਸਪਰ ਸਾਂਝ ਸਰਵੋਤਮ ਸਾਂਝ ਹੈ, ਜੋ ਇਕ ਮਨੁੱਖ ਨੂੰ ਦੂਜੇ ਨਾਲ ਅਤੇ ਮਨੁੱਖ ਨੂੰ ਗੁਰੂ ਤੇ ਪ੍ਰਭੂ ਨਾਲ ਜੋੜਦੀ ਹੈ। ਜਿਨ੍ਹਾਂ ਨੇ ਬੁਧ, ਹਜ਼ਰਤ ਈਸਾ ਤੇ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕੀਤੇ ਹਨ, ਉਹ ਧੰਨ ਹਨ। ਜਿਨ੍ਹਾਂ ਨੇ ਕਿਸੇ ਵੀ ਮੰਡਲ ਜਾਂ ਕਿਸੇ ਵੀ ਯੁਗ ਵਿਚ ਗੁਰਮੁਖ ਨਾਲ ਸਾਂਝ ਪਾਈ ਹੈ, ਉਹ ਸੱਚੇ ਅਰਥਾਂ ਵਿਚ ਆਤਮਕ ਪੁਰਸ਼ ਹਨ। ਸਿਧ ਗੋਸ਼ਟਿ ਵਿਚ ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ ਕਿ "ਇਸ ਯੁਗ ਵਿਚ ਗੁਰੂ ਹੀ ਧਰਮ ਦਾ ਕੇਂਦਰ-ਬਿੰਦੂ ਹੈ।" ਜਿੰਨਾਂ ਚਿਰ ਤਕ ਤੁਸੀਂ ਗੁਰੂ ਜੀ ਦੇ ਦਰਸ਼ਨ ਨਹੀਂ ਕਰ ਲੈਂਦੇ, ਉਦੋਂ ਤਕ ਤੁਹਾਨੂੰ ਪ੍ਰਭੂ-ਪ੍ਰੀਤਮ ਦੇ ਸੰਜੋਗੀ-ਮੇਲ ਦਾ ਅਨੰਦਮਈ ਅਨੁਭਵ ਪ੍ਰਾਪਤ ਨਹੀਂ ਹੋ ਸਕਦਾ। ਪਾਠ-ਪੂਜਾ ਆਦਿ

ਨਿਹਫਲ ਕਰਮ ਹੈ, ਪੰਡਤਾਈ ਦਾ ਦਾਅਵਾ ਵੀ ਝੂਠਾ ਅਭਿਮਾਨ ਹੈ। ਵਾਸਤਵਿਕਤਾ ਤਾਂ ਇਸ ਵਿਚ ਹੈ ਕਿ ਤੁਸੀਂ ਨਾਮ-ਰਤੀਆਂ ਆਤਮਾਵਾਂ ਨੂੰ ਮਿਲ ਕੇ ਅਤੇ ਪ੍ਰਭੂ ਦਾ ਨਾਮ ਸਿਮਰਨ ਕਰਕੇ ਜੀਵਨ ਦੇ ਸਦਾ ਪ੍ਰਵਾਹਤ ਹੁੰਦੇ ਸ਼ਹਿਦ ਅੰਮ੍ਰਿਤ ਨੂੰ ਚਖ ਲਿਆ ਹੈ। ਪ੍ਰਭੂ ਦਾ ਨਾਮ ਜਪਣਾ ਹੀ ਸਿਮਰਨ ਹੈ, ਜਿਵੇਂ ਕਿ ਨੋਰ ਵਿਚ ਜੂਲੀਅਨ ਨੂੰ ਇਹ ਅਦੁੱਤੀ ਅਨੁਭਵ ਪ੍ਰਾਪਤ ਹੋ ਗਿਆ ਸੀ।'' ਉਸ ਨੇ ਪ੍ਰਭੂ-ਪ੍ਰੀਤਮ ਦੇ ਵਾਸਤਵਿਕ ਰੂਪ ਵਿਚ ਦਰਸ਼ਨ ਕਰ ਲਏ ਸਨ, ਉਸ ਦੇ ਅਨੁਭਵ ਨੂੰ ਭਰਪੂਰ ਰੂਪ ਵਿਚ ਮਾਣ ਲਿਆ ਸੀ, ਆਤਮਕ ਤੌਰ 'ਤੇ ਉਸ ਦੇ ਬਚਨਾਂ ਨੂੰ ਸਰਵਣ ਕਰ ਲਿਆ ਸੀ, ਉਸ ਦੀ ਭਿੰਨੀ ਮਹਿਕ ਨੂੰ ਮਾਣ ਲਿਆ ਸੀ ਅਤੇ ਉਸ ਦੇ ਮਧੁਰ ਅਨੁਭਵ ਨੂੰ ਡੀਕ ਲਾ ਕੇ ਚਖ ਲਿਆ ਸੀ।''

# ਪੰਜਾਬ ਦਾ ਸਿੱਖ-ਮੁਸਲਿਮ ਸਕੂਲ

ਇਥੇ ਪੰਜਾਬ ਦੀ ਨਾਮ-ਸੰਸਕ੍ਰਿਤੀ ਦੇ ਇਕ ਸਕੂਲ ਦਾ ਉਲੇਖ ਕਰਨਾ ਅਣ-ਉਚਿਤ ਨਹੀਂ ਹੋਵੇਗਾ, ਜਿਸ ਨੂੰ ਸਥਾਪਿਤ ਸੂਫ਼ੀ-ਮਤ ਤੋਂ ਨਿਖੇੜਨ ਲਈ ਸਿੱਖ-ਮੁਸਲਿਮ ਸਕੂਲ ਦੀ ਸੰਗਿਆ ਦਿਤੀ ਜਾ ਸਕਦੀ ਹੈ। ਇਹ ਗੱਲ ਬੜੀ ਭਲੀ ਪ੍ਰਕਾਰ ਵਿਦਿਤ ਹੈ ਕਿ ਬਾਬਾ ਗੁਰੂ ਨਾਨਕ ਜੀ ਹਿੰਦੂ ਤੇ ਮੁਸਲਮਾਨਾਂ ਦੋਹਾਂ ਨੂੰ ਹੀ ਪਿਆਰੇ ਸਨ। ਦੂਰ-ਦੁਰਾਡੇ ਬਗ਼ਦਾਦ ਵਿਚ ਸ਼ਾਹ ਬਹਿਲੋਲ ਵਰਗੇ ਆਪ ਦੇ ਮੁਰੀਦ ਬਣੇ। ਮੱਕੇ ਵਿਖੇ ਆਪ ਜੀ ਦੀ ਭੇਟ ਕਾਜ਼ੀ ਰੁਕਨਦੀਨ ਅਤੇ ਉਚ ਦੇ ਪੀਰ ਨਾਲ ਹੋਈ, ਜਿਸ ਨੇ ਗੁਰੂ ਸਾਹਿਬ ਨੂੰ ਨਮਸਕਾਰ ਕੀਤੀ। ਉਸ ਨੇ ਗੁਰੂ ਜੀ ਅਗੇ ਬੇਨਤੀ ਕੀਤੀ, "ਆਪ ਮੈਨੂੰ ਕਉਸ (ਪਊਏ ਜਾਂ ਖੜਾਵਾਂ) ਦੀ ਨਿਸ਼ਾਨੀ ਬਖ਼ਸ਼ ਦਿਉ ਤਾਂ ਜੋ ਮੇਰੀ ਬੰਸ ਵਿਚ ਆਪ ਜੀ ਦੀ ਇਸ ਨਿਸ਼ਾਨੀ ਨੂੰ ਆਪ ਜੀ ਦੀ ਯਾਦ ਵਜੋਂ ਸੰਭਾਲ ਕੇ ਰਖਿਆ ਜਾ ਸਕੇ।" ਇਹ ਪਊਏ (ਖੜਾਵਾਂ) ਹਾਲੀ ਵੀ ਉਥੇ ਮੌਜੂਦ ਹਨ। ਫ਼ਰੀਦ ਸਾਨੀ ਅਤੇ ਪੀਰ ਮਖ਼ਦੂਮ ਬਹਾਊਦੀਨ ਵਰਗੇ ਦਰਵੇਸ਼ ਗੁਰੂ ਜੀ ਦੇ ਸ਼ਰਧਾਲੂਆਂ ਵਿਚੋਂ ਸਨ। ਮਰਦਾਨਾ ਤਾਂ ਗੁਰੂ ਜੀ ਦਾ ਮੁਰੀਦ ਤੇ ਸੰਗੀ ਹੈ ਹੀ ਸੀ। ਕੁਰਹਮ ਦਾ ਕਮਾਲ ਗੁਰੂ ਜੀ ਨੂੰ ਪ੍ਰੇਮ ਕਰਦਾ ਸੀ ਅਤੇ ਉਹ ਗੁਰੂ ਜੀ ਵਲੋਂ ਬਖ਼ਸ਼ੇ ਗੁਰਮੰਤਰ 'ਵਾਹਿਗੁਰੂ' ਅਰਥਾਤ 'ਵਾਹੁ-ਵਾਹੁ' ਦਾ ਜਾਪ ਕਰਦਾ ਹੀ ਕਾਲਵਾਸ ਹੋਇਆ।

ਜਿਉਂ ਜਿਉਂ ਗੁਰੂ-ਸੰਸਕ੍ਰਿਤੀ ਦਾ ਪ੍ਰਸਾਰ ਹੋਇਆ ਤਿਉਂ ਤਿਉਂ ਗੁਰੂ ਜੀ ਅਤੇ ਮੁਸਲਿਮ ਦਰਵੇਸ਼ਾਂ ਵਿਚਕਾਰ ਗੋਸ਼ਟੀਆਂ ਦਾ ਸਿਲਸਿਲਾ ਤੇ ਨਿਜੀ ਸਨੇਹ ਦੇ ਰਿਸ਼ਤਿਆਂ ਵਿਚ ਵਾਧਾ ਹੁੰਦਾ ਗਿਆ। ਹਿੰਦੂ 'ਜਪੁਜੀ' ਦਾ ਪਾਠ ਕਰਦੇ ਸਨ, ਗੁਰੂ ਵਲੋਂ ਬਖ਼ਸ਼ੇ ਨਾਮ ਦਾ ਜਾਪ ਕਰਦੇ ਸਨ ਤੇ ਲੰਮੀਆਂ ਮੰਜ਼ਿਲਾਂ ਮਾਰ ਕੇ ਗੁਰੂ ਜੀ ਦੇ ਦਰਸ਼ਨ ਕਰਨ ਜਾਂਦੇ ਸਨ। ਉਹ ਜਾਤ-ਪਾਤ ਦਾ ਤਿਆਗ ਕਰਕੇ ਗੁਰੂ ਜੀ ਦੇ ਸਾਂਝੇ ਲੰਗਰ ਵਿਚੋਂ ਪ੍ਰਸ਼ਾਦ ਛਕਦੇ ਸਨ। ਉਹਨਾਂ ਦੇ ਸਾਰੇ ਵਹਿਮ-ਭਰਮ ਨਵਿਰਤ ਹੋ ਗਏ ਸਨ। ਪਿਛੋਂ ਦੇ ਸਿੱਖ ਇਤਿਹਾਸ ਵਿਚ ਇਹਨਾਂ ਨੂੰ ਸਹਿਜਧਾਰੀ ਸਿੱਖਾਂ ਵਜੋਂ ਜਾਣਿਆ ਜਾਣ ਲੱਗਾ। ਇਹਨਾਂ ਹਿੰਦੂਆਂ ਨੇ ਬ੍ਰਾਹਮਣ-ਮਤ ਦੇ ਅਨੇਕ ਭਾਂਤ ਦੇ ਵਹਿਮਾਂ-ਭਰਮਾਂ ਨੂੰ ਤਿਲਾਂਜਲੀ ਦੇ ਦਿਤੀ ਸੀ ਤੇ ਗੁਰੂ ਜੀ ਦੀ ਸ਼ਰਨ ਵਿਚ ਆ ਗਏ ਸਨ। ਇਹਨਾਂ ਨੇ ਸਿੱਖ-ਹਿੰਦੂ ਸਕੂਲ ਨੂੰ ਸਥਾਪਿਤ ਕੀਤਾ। ਇਹ ਠੀਕ ਹੈ ਕਿ ਇਹ ਸਿੱਖ-ਹਿੰਦੂ ਸਕੂਲ ਮੁੜ ਬ੍ਰਾਹਮਣ-ਮਤ ਵਿਚ ਰਲਗਡ ਹੋ ਗਿਆ, ਜੋ ਇਕ ਦੁਖਦਾਈ ਗੱਲ ਸੀ। ਪਰ ਇਸ ਤੋਂ ਇਹ ਗੱਲ ਵੀ ਸਿੱਧ ਹੁੰਦੀ ਹੈ ਕਿ ਭਾਰਤ ਵਿਚ ਕੋਈ ਵੀ ਨਵਾਂ ਫਿਰਕਾ ਜੋ ਕਿਸੇ ਨਿਕੇ

ਮੋਟੇ ਦਾਰਸ਼ਨਿਕ ਸਿਧਾਂਤ ਜਾਂ ਸਖਣੇ ਉਪਦੇਸ਼ਾਂ ਉਤੇ ਸਥਾਪਿਤ ਕੀਤਾ ਜਾਂਦਾ ਹੈ—ਮੁੜ ਉਸੇ ਜਿਲ੍ਹਣ ਵਿਚ ਜਾ ਸਕਦਾ ਹੈ। ਉਸ ਨੂੰ ਜਿਉਂਦੇ ਰਹਿਣ ਲਈ ਨਾ ਕੇਵਲ ਆਤਮਕ ਇਕਾਂਤ, ਸਗੋਂ ਭੌਤਿਕ ਰੂਪ ਦੀ ਸਰੀਰਕ ਇਕਾਂਤ ਦੀ ਵੀ ਲੋੜ ਪੈਂਦੀ ਹੈ। ਇਹਨਾਂ ਵਿਚੋਂ ਬਹੁਤ ਥੋੜ੍ਹੇ ਸਹਿਜਧਾਰੀ ਹੀ ਆਪਣੇ ਆਪ ਨੂੰ ਜੀਵਿਤ ਰਖ ਸਕੇ ਹਨ; ਪਰ ਇਹਨਾਂ ਵਿਚੋਂ ਜਿਨ੍ਹਾਂ ਨੇ ਦਾੜ੍ਹੀ ਤੇ ਕੇਸ ਧਾਰਨ ਕਰਕੇ ਇਸ ਤਰ੍ਹਾਂ ਦੇ ਭੌਤਿਕ ਵਖਰੇਵੇਂ ਨੂੰ ਸਥਿਰ ਕਰ ਲਿਆ, ਉਹ ਹੀ ਗੁਰੂ ਜੀ ਦੇ ਪਾਏ ਪੂਰਨਿਆਂ ਉਤੇ ਪਹਿਰਾ ਦਿੰਦੇ ਹਨ। ਆਪਣੀਆਂ ਅਪੂਰਨਤਾਵਾਂ ਤੇ ਗਰੀਬੀ ਦੇ ਜੀਵਨ ਦੇ ਹੁੰਦਿਆਂ ਹੋਇਆਂ ਵੀ ਉਹਨਾਂ ਦੇ ਹਿਰਦਿਆਂ ਵਿਚ ਹਾਲੀ ਵੀ ਗੁਰੂ ਦੀ ਜਗਾਈ ਪ੍ਰੇਮ ਦੀ ਜੋਤ ਦੀ ਚਿੰਗਿਆੜੀ ਮਘ ਰਹੀ ਹੈ।

ਗੁਰੂ ਅਰਜਨ ਸਾਹਿਬ ਦੇ ਸਮੇਂ ਹਿੰਦੂ ਤੇ ਮੁਸਲਮਾਨ ਦੋਵੇਂ ਹੀ ਆਪ ਜੀ ਦੇ ਪਾਵਨ ਵਿਅਕਤੀਤਵ ਦੇ ਦੁਆਲੇ ਆ ਜੁੜੇ ਸਨ। ਗੁਰੂ ਜੀ ਦੇ ਦਰਸ਼ਨਾਂ ਦਾ ਸੁਭਾਗ ਸਭ ਲਈ ਇਕ ਨਵੇਂ ਸਭਿਆਚਾਰ ਤੇ ਸੰਸਕ੍ਰਿਤੀ ਦਾ ਚਿੰਨ੍ਹ ਸੀ। 'ਤੁਜ਼ਕੇ ਜਹਾਂਗੀਰੀ' ਵਿਚੋਂ ਲਏ ਗਏ ਨਿਮਨ ਲਿਖਤ ਟੋਟੇ ਤੋਂ ਇਹ ਪਤਾ ਲਗਦਾ ਹੈ ਕਿ ਕਿਵੇਂ ਹਿੰਦੂ ਤੇ ਮੁਸਲਮਾਨ ਦੋਵੇਂ ਹੀ ਗੁਰੂ ਜੀ ਦੇ ਗਿਰਦੇ ਆ ਕੇ ਜੁੜਦੇ ਸਨ। ਬਾਦਸ਼ਾਹ ਜਹਾਂਗੀਰ ਅਸਲ ਵਿਚ ਇਸ ਗੱਲ ਨੂੰ ਉਸ ਤਰ੍ਹਾਂ ਨਾ ਤਾਂ ਸਮਝ ਸਕਦਾ ਸੀ ਤੇ ਨਾ ਹੀ ਇਸ ਦੀ ਪ੍ਰਸ਼ੰਸਾ ਕਰ ਸਕਦਾ ਸੀ ਜਿਸ ਤਰ੍ਹਾਂ ਕਿ ਮਹਾਨ ਅਕਬਰ ਆਪਣੇ ਸਮੇਂ ਕਰਦਾ ਹੁੰਦਾ ਸੀ। 'ਤੁਜ਼ਕੇ ਜਹਾਂਗੀਰੀ' ਵਿਚ ਇਹ ਲਿਖਿਆ ਹੋਇਆ ਹੈ :

"ਬਹੁਤ ਸਾਰੇ ਸਰਬ-ਸਾਧਾਰਨ ਹਿੰਦੂ ਤੇ ਮੂਰਖ ਮੁਸਲਮਾਨ ਵੀ ਵੱਡੀ ਗਿਣਤੀ ਵਿਚ ਉਸ (ਗੁਰੂ ਅਰਜਨ ਦੇਵ) ਦੇ ਜੀਵਨ ਮਾਰਗ ਤੇ ਉਪਦੇਸ਼ਾਂ ਤੋਂ ਪ੍ਰਭਾਵਿਤ ਤੇ ਆਕਰਸ਼ਿਤ ਹੋਏ। ਇਹ ਸਾਰੇ ਉਸ ਨੂੰ ਗੁਰੂ ਆਖਦੇ ਸਨ ਅਤੇ ਸਭ ਦਿਸ਼ਾਵਾਂ ਤੋਂ ਲੋਕਾਂ ਦੀਆਂ ਭੀੜਾਂ ਉਸ (ਗੁਰੂ ਅਰਜਨ ਦੇਵ) ਕੋਲ ਪੁਜਦੀਆਂ ਹਨ।"

ਗੁਰੂ ਹਰਿਗੋਬਿੰਦ ਸਾਹਿਬ ਨੂੰ ਆਪਣੀ ਲਾਹੌਰ ਦੀ ਮੁਸਲਮਾਨ ਸ਼ਰਧਾਲੂ ਇਸਤਰੀ ਨੂੰ ਅੰਮ੍ਰਿਤਸਰ ਵਿਖੇ ਸ਼ਰਨ ਦੇਣੀ ਪਈ ਸੀ। ਇਸ ਬੀਬੀ ਦਾ ਨਾਮ ਸਿੱਖ ਇਤਿਹਾਸ ਵਿਚ 'ਕੌਲਾਂ' ਕਰਕੇ ਜਾਣਿਆ ਜਾਂਦਾ ਹੈ। ਇਸ ਘਟਨਾ ਤੋਂ ਇਹ ਪ੍ਰਗਟ ਹੁੰਦਾ ਹੈ ਕਿ ਮੁਸਲਮਾਨਾਂ ਦੇ ਇਕ ਵਰਗ ਵਿਚ ਗੁਰੂ ਜੀ ਦੇ ਵਿਰੁਧ ਇਕ ਤਿਖਾ ਪ੍ਰਤੀਕਰਮ ਉਠ ਖੜ੍ਹਾ ਹੋਇਆ ਸੀ। ਇਸ ਦੇ ਕੁਝ ਰਾਜਨੀਤਕ ਕਾਰਨ ਵੀ ਹੋ ਸਕਦੇ ਹਨ। ਪਰ ਇਹ ਇਕ ਅਸਲੀਅਤ ਸੀ ਕਿ ਗੁਰੂ ਜੀ ਲਈ ਉਹਨਾਂ ਦੇ ਦਿਲਾਂ ਵਿਚ ਡੂੰਘੀ ਸ਼ਰਧਾ ਮੌਜੂਦ ਸੀ। ਸਾਧਾਰਨ ਰੂਪ ਦੇ ਸਰਸਰੀ ਇਤਿਹਾਸਾਂ ਵਿਚ ਇਸ ਗੱਲ ਦੇ ਵੇਰਵੇ ਭਾਵੇਂ ਨਹੀਂ ਦਿਤੇ ਗਏ ਕਿ ਬੁਲ੍ਹੇ ਸ਼ਾਹ ਅਤੇ ਵਾਰਿਸ ਸ਼ਾਹ ਦੇ ਵਡੇਰੇ ਮੁਰਸ਼ਦ ਰਹੱਸਵਾਦੀ ਦਰਵੇਸ਼ ਗੁਰੂ ਜੀ ਨਾਲ ਮੇਲ ਮੁਲਾਕਾਤ ਤੇ ਸਹਿਚਾਰ ਰਖਦੇ ਸਨ, ਪਰ ਇਸ ਕਾਲ ਵਿਚ ਰਚੇ ਗਏ ਸਾਹਿਤ ਵਿਚ ਇਸ ਗੱਲ ਦੇ ਬਹੁਤ ਸਾਰੇ ਅੰਤਰੀਵ ਪ੍ਰਮਾਣ ਮਿਲਦੇ ਹਨ ਕਿ

ਇਸ ਸਿੱਖ-ਮੁਸਲਮਾਨ ਸਕੂਲ ਦੇ ਰਹੱਸਵਾਦੀ ਦਰਵੇਸ਼ਾਂ ਨੇ ਆਪਣੀਆਂ ਸਾਹਿਤਕ ਰਚਨਾਵਾਂ ਵਿਚ ਗੁਰੂ ਜੀ ਵਲੋਂ ਵਰਤੀ ਗਈ ਭਾਸ਼ਾ ਦਾ ਉਪਯੋਗ ਕੀਤਾ ਹੈ।

ਇਸ ਸਮੇਂ ਤਕ ਅਦ੍ਰਿਸ਼ਟ ਰੂਪ ਵਿਚ ਸਾਹਿਤਕ ਭਾਸ਼ਾ ਵਿਚ ਇਕ ਵੱਡਾ ਤੇ ਉਲੇਖਨੀਏ ਪਰਿਵਰਤਨ ਆ ਚੁਕਾ ਸੀ। ਪੰਜਾਬ ਦੇ ਮੁਸਲਿਮ ਕਵੀਆਂ ਨੇ ਫ਼ਾਰਸੀ ਤੇ ਉਰਦੂ ਦਾ ਤਿਆਗ ਕਰਕੇ ਗੁਰੂ ਸਾਹਿਬ ਵਲੋਂ ਵਰਤੀ ਗਈ ਪੰਜਾਬੀ ਭਾਸ਼ਾ ਦੀ ਵਰਤੋਂ ਕਰਨੀ ਸ਼ੁਰੂ ਕਰ ਦਿਤੀ ਸੀ। ਗੁਰੂ ਅਰਜਨ ਦੇਵ ਜੀ ਦੇ ਸਮੇਂ ਅਤੇ ਇਸ ਤੋਂ ਪਿਛੋਂ ਦੇ ਕਾਲ ਵਿਚ ਸਾਹਿਤਕ ਖੇਤਰ ਵਿਚ ਜਿਹੜੀ ਨਵੀਂ ਜਾਗ੍ਰਿਤੀ ਉਤਪੰਨ ਹੋਈ ਅਤੇ ਜਿਸ ਨੇ ਸਾਹਿਤਕਾਰਾਂ ਤੇ ਕਵੀਆਂ ਦੇ ਮਨਾਂ ਉਤੇ ਡੂੰਘਾ ਪ੍ਰਭਾਵ ਪਾਇਆ—ਸ਼ਾਹ ਹੁਸੈਨ, ਬੁਲ੍ਹੇ ਸ਼ਾਹ ਤੇ ਵਾਰਿਸ ਸ਼ਾਹ ਨੇ ਇਸ ਨਵੀਂ ਸਾਹਿਤਕ ਜਾਗ੍ਰਿਤੀ ਦਾ ਅਨੁਸਰਣ ਕੀਤਾ ਹੈ।

ਪੰਜਾਬ ਦੇ ਇਹ ਰਹੱਸਵਾਦੀ ਸਿੱਖ ਮੁਸਲਿਮ-ਸਕੂਲ ਨਾਲ ਸੰਬੰਧ ਰਖਦੇ ਹਨ। ਭਾਵੇਂ ਇਹ ਸਾਰੇ ਕਹਿਣ ਨੂੰ ਮੁਸਲਮਾਨ ਦਰਵੇਸ਼ ਹਨ, ਪਰ ਇਹਨਾਂ ਨੇ ਗੁਰੂ ਜੀ ਦੇ ਪ੍ਰੇਮ ਮਾਰਗ ਨੂੰ ਹੀ ਪ੍ਰਗਟਾਇਆ ਹੈ ਤੇ ਇਹ ਦਸਿਆ ਹੈ ਕਿ ਇਸ ਧਰਤ ਦੇ ਲੋਕਾਂ ਲਈ ਤਾਂ ਗੁਰੂ ਜਾਂ ਮੁਰਸ਼ਦ ਹੀ ਰੱਬ ਸਮਾਨ ਹੈ।

ਬੁਲ੍ਹੇ ਸ਼ਾਹ ਆਪਣੇ ਮੁਰਸ਼ਦ ਇਨਾਇਤ ਸ਼ਾਹ ਨੂੰ ਸਤਿਗੁਰੂ ਕਰਕੇ ਸੰਬੋਧਨ ਕਰਦਾ ਹੈ। ਸਿੱਖਾਂ ਦਾ ਤਾਂ ਨਾਵਾਂ ਨਾਲ ਕੋਈ ਵਿਵਾਦ ਨਹੀਂ ਹੈ। ਇਹ ਤਾਂ ਇਕ ਤਰ੍ਹਾਂ ਦਾ ਦੈਵੀ ਪ੍ਰੇਰਨਾ ਦਾ ਵਰਤਾਰਾ ਹੁੰਦਾ ਹੈ, ਜੋ ਕਿਸੇ ਨਾਮ ਦੁਆਰਾ ਵੀ ਹੋਂਦ ਵਿਚ ਆ ਸਕਦਾ ਹੈ।

ਸਿੱਖ ਇਸਤਰੀ ਪੁਰਸ਼ਾਂ ਦੇ ਪਵਿਤਰ ਤੇ ਸਮਰਪਿਤ ਜੀਵਨ ਦਾ ਪ੍ਰਭਾਵ ਚਾਰ ਚੁਫੇਰੇ ਹੀ ਪਿਆ ਹੋਵੇਗਾ। ਇਥੋਂ ਤਕ ਕਿ ਇਹ ਗੱਲ ਵੀ ਆਖੀ ਜਾ ਸਕਦੀ ਹੈ ਕਿ ਗੁਰੂ ਸਾਹਿਬਾਨ ਦਾ ਪੰਜਾਬ, ਭਾਵੇਂ ਉਹ ਹਿੰਦੂ ਹੈ, ਮੁਸਲਿਮ ਜਾਂ ਸਿੱਖ ਆਪਣੇ ਸਾਰ-ਭੂਤ ਰੂਪ ਵਿਚ ਸਿੱਖ ਹੀ ਹੈ। ਇਸਲਾਮ ਦੀ ਇਕਬਾਲ ਦੁਆਰਾ ਕੀਤੀ ਗਈ ਨਵ-ਵਿਆਖਿਆ, ਜਿਸ ਵਿਚ ਉਹ ਮੁਹੱਬਤ ਜਾਂ ਪ੍ਰੇਮ ਨੂੰ ਮੁਖ ਤੱਤ ਦਸਦਾ ਹੈ—ਪੰਜਾਬ ਵਿਚ ਗੁਰੂ ਸਾਹਿਬਾਨ ਦੇ ਪੈਦਾ ਹੋਣ ਤੇ ਅਚੇਤ ਪ੍ਰਭਾਵ ਸਦਕਾ ਹੀ ਹੈ। ਇਹ ਮੇਰਾ ਵਿਸ਼ਵਾਸ ਹੈ ਕਿ ਕੋਈ ਵੀ ਪੰਜਾਬੀ ਗੁਰੂ ਸਾਹਿਬਾਨ ਵਲੋਂ ਦਿਤੀ ਗਈ ਇਸ ਪ੍ਰੇਰਨਾ ਤੋਂ ਵੰਚਿਤ ਨਹੀਂ ਰਹਿ ਸਕਦਾ।

ਇਹੀ ਹਾਲ ਸਿੰਧ ਸੂਬੇ ਦਾ ਹੈ। ਗੁਰੂ ਸਾਹਿਬਾਨ ਦੇ ਪੰਜਾਬ ਵਿਚ ਸਿੱਖ ਸੰਗਤਾਂ ਦੇ ਕਾਫ਼ਲੇ ਸਿੰਧ, ਕਾਬਲ, ਕੰਧਾਰ, ਬਗ਼ਦਾਦ ਅਤੇ ਕਾਕੇਸ਼ੀਆ ਦੇ ਪਰਬਤੀ ਖੇਤਰਾਂ ਵਿਚੋਂ ਆਉਂਦੇ ਸਨ ਅਤੇ ਇਹ ਸਾਰੀ ਜੁੜੀ ਸੰਗਤ ਜਾਂ ਜਨ ਸਮੂਹ ਜੋ ਵਿਭਿੰਨ ਜਾਤੀਆਂ, ਰੰਗਾਂ ਤੇ ਕੌਮਾਂ ਉਤੇ ਆਧਾਰਿਤ ਸੀ—ਗੁਰੂ ਜੀ ਦੇ ਦਰਸ਼ਨ ਕਰਕੇ ਇੰਜ ਅਨੁਭਵ ਕਰਦੇ ਸਨ, ਜਿਵੇਂ ਉਹਨਾਂ ਨੂੰ ਪ੍ਰਭੂ ਮਿਲ ਗਿਆ ਹੋਵੇ।

ਵਿਸ਼ਾਲ ਜਨ ਸਮੂਹ ਦਾ ਇਹ ਸ਼ਾਨਦਾਰ ਜਲੂਸ ਗੁਰੂ ਜੀ ਦੇ ਪ੍ਰੇਮ ਦੇ ਮਿਕਨਾਤੀਸੀ ਪ੍ਰਭਾਵ ਦੁਆਰਾ ਜੀਵਿਤ ਹੋ ਉਠਦਾ ਸੀ ਅਤੇ ਗੁਰੂ ਜੀ ਵਲੋਂ ਪ੍ਰਾਪਤ

ਹੋਈ ਦੈਵੀ ਪ੍ਰੇਰਨਾ ਉਹਨਾਂ ਲਈ ਜੀਅ ਦਾਨ ਦੇਣ ਵਾਲੀ ਸਿਧ ਹੁੰਦੀ ਸੀ।

ਸਾਡੇ ਵਰਤਮਾਨ ਸਮੇਂ ਵਿਚ ਹੀ ਗੁਜਰਾਤ ਦਾ ਇਕ ਮੁਸਲਮਾਨ ਫ਼ਕੀਰ ਹੋਇਆ ਹੈ, ਜੋ ਆਪਣੇ ਸਥਾਨ ਤੋਂ ਅੰਮ੍ਰਿਤਸਰ ਦੇ ਕੋਲੋਂ ਲੰਘਦਾ ਜਾਂ ਆਪਣੇ ਸਥਾਨ ਨੂੰ ਵਾਪਸ ਜਾਂਦਾ ਹੋਇਆ, ਅੰਮ੍ਰਿਤਸਰ ਵਿਖੇ ਹਰਿਮੰਦਰ ਸਾਹਿਬ ਦੀ ਜ਼ਿਆਰਤ ਕਰਦਾ ਹੁੰਦਾ ਸੀ। ਉਹ ਕਹਿੰਦਾ ਹੁੰਦਾ ਸੀ, "ਅਜ ਤੋਂ 400 ਸਾਲ ਪਹਿਲਾਂ ਇਸ ਪਾਵਨ ਸਥਾਨ ਦੀ ਕੀ ਅਵਸਥਾ ਹੋਵੇਗੀ ? ਅਜ ਵੀ ਜਦੋਂ ਅਸੀਂ ਇਸ ਹਰਿਮੰਦਰ ਦੇ ਸੰਗਮਰਮਰ 'ਤੇ ਮੱਥਾ ਟੇਕਦੇ ਹਾਂ ਤਾਂ ਇਸ ਦੀ ਛੁਹ ਨਾਲ ਸਾਡੇ ਅੰਤਰਗਤ ਚਲ ਰਹੀ ਸਿਮਰਨ ਜਾਂ ਵਿਰਦ ਦੀ ਧੁਨੀ ਤੇਜ਼ ਹੋ ਜਾਂਦੀ ਹੈ। ਇਥੇ ਤਾਂ ਟੁੱਟੇ ਹੋਏ ਗੰਢੇ ਜਾਂਦੇ ਹਨ। ਕੋਈ ਵੀ ਖੋਟ ਇਥੇ ਨਹੀਂ ਰਹਿ ਸਕਦੀ। ਹਾਲੀ ਵੀ ਦੈਵੀ-ਪ੍ਰੇਰਨਾ ਦਾ ਮਿਕਨਾਤੀਸੀ ਪ੍ਰਵਾਹ ਇਥੇ ਨਿਰੰਤਰ ਕਰਮਸ਼ੀਲ ਹੈ। ਜਿਨ੍ਹਾਂ ਨੂੰ ਆਤਮਕ ਜੀਵਨ ਦੇ ਸਿਮਰਨ ਦੀ ਕਲਾ ਦਾ ਥੋੜ੍ਹਾ ਜਿੰਨਾਂ ਵੀ ਬੋਧ ਹੈ, ਉਹ ਇਸ ਦੈਵੀ-ਪ੍ਰੇਰਨਾ ਦਾ ਅਨੁਭਵ ਕਰ ਸਕਦੇ ਹਨ। ਇਹ ਤਾਂ ਉਸ ਮੁਸਲਿਮ ਦਰਵੇਸ਼ ਦੀ ਗਵਾਹੀ ਹੈ, ਜੋ ਪ੍ਰਤੱਖ ਰੂਪ ਵਿਚ ਸਿੱਖ ਮੁਸਲਿਮ ਸਕੂਲ ਦਾ ਅਨੁਆਈ ਨਹੀਂ ਹੈ।

ਇਸ ਤਰ੍ਹਾਂ ਦੇ ਸੈਂਕੜੇ ਹੋਰ ਮੁਸਲਿਮ ਰਹੱਸਵਾਦੀ ਹਨ, ਜਿਹੜੇ ਗੁਰੂ ਦੇ ਸ਼ਬਦ ਦਾ ਅਭਿਆਸ ਕਰਦੇ ਹਨ ਅਤੇ 'ਵਾਹੁ-ਵਾਹੁ' ਦਾ ਗੁਣ ਗਾਇਨ ਕਰਦੇ ਹੋਏ 'ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ' ਦਾ ਜਾਪ ਜਪਦੇ ਹਨ।

ਭਾਵੇਂ ਇਤਿਹਾਸ ਅਜ ਤੋਂ ਇਕ ਦਹਾਕੇ ਪਹਿਲਾਂ ਦੀ ਉਸ ਸਮਾਜਕ ਰਹੁ-ਰੀਤ ਨੂੰ ਰੇਖਾਂਕਿਤ ਨਹੀਂ ਕਰਦਾ, ਜਿਸ ਨੂੰ ਕਿ ਮੈਂ ਆਪਣੇ ਬਚਪਨ ਵਿਚ ਆਪਣੀ ਅਖੀਂ ਡਿਠਿਆ ਭਾਖਿਆ ਹੈ—ਸਾਡੇ ਪਿੰਡਾਂ ਵਿਚ ਸਿੱਖਾਂ ਤੇ ਮੁਸਲਮਾਨਾਂ ਵਿਚਕਾਰ ਇਤਨੇ ਗੂੜ੍ਹੇ ਪ੍ਰੇਮ ਦੀ ਸਾਂਝ ਸੀ, ਜੋ ਇਕੋ ਸਾਂਝੇ ਖ਼ੂਨ ਦੇ ਰਿਸ਼ਤੇਦਾਰਾਂ ਵਿਚ ਹੁੰਦੀ ਹੈ। ਇਕ ਦਿਨ ਮੈਂ ਕਿਸੇ ਪਿੰਡ ਵਿਚ ਜਾ ਕੇ ਇਕ ਮੁਸਲਮਾਨ ਕਿਰਸਾਨ ਦੇ ਮਹਿਮਾਨ ਵਜੋਂ ਉਸ ਦੇ ਘਰ ਜਾ ਕੇ ਠਹਿਰਿਆ। ਉਹਨਾਂ ਦੇ ਸਿਧੇ ਸਾਦੇ ਵਰਤਾਉ ਤੇ ਸੇਵਾ ਭਾਵ ਨੇ ਮੇਰੇ ਅੰਦਰ ਸਿੱਖ ਦੀ ਯਾਦ ਤਾਜ਼ਾ ਕਰ ਦਿਤੀ ਅਤੇ ਇਸ ਭਾਵਾਵੇਸ਼ ਵਿਚ ਮੈਂ ਦ੍ਰਵ ਗਿਆ। "ਇਹ ਤਾਂ ਮੇਰੇ ਗੁਰੂ ਦੇ ਹੀ ਨਿਰ-ਅੱਖਰ ਤੇ ਅਨਪੜ੍ਹ ਸਿੱਖ ਹਨ ਤੇ ਪ੍ਰਭੂ ਦੇ ਅਖੜ ਤੇ ਅਸਿਖਿਅਤ ਬੱਚੇ ਹਨ। ਇਹਨਾਂ ਨੂੰ ਵੇਖ ਕੇ ਮੇਰੇ ਦਿਲ ਵਿਚੋਂ ਇਹ ਹੂਕ ਉਠੀ ਕਿ ਜੇ ਇਹੋ ਜਿਹਾ ਮਿਠੜਾ ਪ੍ਰੇਮ ਤੇ ਸੇਵਾ ਭਾਵ ਹੀ ਇਸਲਾਮ ਹੈ, ਤਾਂ ਮੁਸਲਮਾਨ ਹੋਣਾ ਕਿੰਨਾਂ ਚੰਗਾ ਹੈ।"

ਸਿੱਖ ਜੀਵਨ ਨੇ ਪੰਜਾਬ ਵਾਸੀਆਂ ਵਿਚ ਇਕ ਕੋਮਲ ਪ੍ਰਭਾ-ਮੰਡਲ ਦਾ ਨਿਰਮਾਣ ਕਰ ਦਿਤਾ ਸੀ ਜੋ ਬੁਧ ਜੀ ਦੇ ਬੁੱਤਾਂ ਦੇ ਕੋਮਲ ਮੁਖੜੇ ਵਾਲਾ ਪ੍ਰਭਾਵ ਦਿੰਦਾ ਸੀ। ਇਸ ਨੇ ਪੰਜਾਂ ਦਰਿਆਵਾਂ ਦੀ ਧਰਤੀ ਅੰਦਰ ਮੁਸਲਮਾਨ ਭਾਈਚਾਰੇ ਦੀ ਭਾਸ਼ਾ ਵਿਚ ਵੀ ਮਿਠਾਸ ਭਰ ਦਿਤੀ। ਇਹ ਸਿੱਖ ਮੁਸਲਿਮ ਸਕੂਲ ਦਾ ਸਮਾਜਕ ਪ੍ਰਭਾਵ ਸੀ।

ਤਲਵੰਡੀ ਦੇ ਭੱਟੀ ਮੁਸਲਮਾਨ ਰਾਇ-ਬੁਲਾਰ ਨੇ ਆਪਣੀ ਸੰਤਾਨ ਦੇ ਖ਼ੂਨ

ਵਿਚ ਗੁਰੂ ਨਾਨਕ ਦੇਵ ਜੀ ਦੇ ਪ੍ਰੇਮ ਨੂੰ ਰਚਾ ਦਿਤਾ ਸੀ।

ਗੁਰੂ ਨਾਨਕ ਦੇ ਇਹ ਪੈਰੋਕਾਰ ਗੁਰੂ ਜੀ ਨੂੰ ਪ੍ਰੇਮ ਕਰਦੇ ਸਨ, ਲੋਕਾਂ ਦੀ ਸੇਵਾ ਕਰਦੇ ਸਨ ਅਤੇ ਕਿਸੇ ਦਾ ਵੀ ਬੁਰਾ ਨਹੀਂ ਸਨ ਚਿਤਵਦੇ। ਇਹਨਾਂ ਦੀ ਵਿਸ਼ਵ-ਵਿਆਪੀ ਸ਼ੁਭ ਭਾਵਨਾ, ਫ਼ਰਿਸ਼ਤਿਆਂ ਵਰਗੀ ਰਹਿਣੀ-ਬਹਿਣੀ, ਆਚਰਣ ਤੇ ਉਹਨਾਂ ਦੇ ਦਰਵੇਸ਼ੀ ਜੀਵਨ ਨੇ ਆਪਣੇ ਆਪ ਹੀ ਪੰਜਾਬ ਦੇ ਲੋਕਾਂ ਨੂੰ ਉਹਨਾਂ ਦਾ ਸ਼ਰਧਾਲੂ ਬਣਾ ਦਿਤਾ ਸੀ। ਇਥੋਂ ਤਕ ਕਿ ਸਰਹੱਦ ਦੇ ਪਠਾਣਾਂ ਦਾ ਵੀ ਇਹ ਵਿਸ਼ਵਾਸ ਹੈ ਕਿ ''ਸਿੱਖ ਤਾਂ ਫ਼ਕੀਰ ਹੁੰਦਾ ਹੈ ਤੇ ਉਸ ਦੀ ਅਰਦਾਸ ਰੱਬ ਦੀ ਦਰਗਾਹ ਵਿਚ ਸੁਣੀ ਜਾਂਦੀ ਹੈ। ਇਸ ਲਈ ਜਦੋਂ ਵੀ ਸਿੱਖ ਨੂੰ ਮਿਲੋ, ਉਸ ਨੂੰ ਪ੍ਰਭੂ ਦਾ ਬੰਦਾ ਸਮਝ ਕੇ ਉਸ ਅਗੇ ਸਿਰ ਝੁਕਾਉ।''

ਗੁਰੂ ਜੀ ਤਾਂ ਸਾਰੇ ਲੋਕਾਂ ਨੂੰ ਪ੍ਰੇਮ ਕਰਦੇ ਸਨ। ਉਹਨਾਂ ਦੇ ਦਿਲ ਵਿਚ ਹਿੰਦੂ ਸਿੱਖ ਦਾ ਕੋਈ ਵਿਤਕਰਾ ਨਹੀਂ ਸੀ। ਗੁਰੂ ਦੇ ਇਸ ਪ੍ਰੇਮ ਨੂੰ ਕੋਈ ਫਿਰਕੂ-ਭਾਵਨਾ ਜਾਂ ਮਤਾਂ-ਮਤਾਂਤਰਾਂ ਦੇ ਭੇਦ ਡੋਲਾ ਨਹੀਂ ਸਕੇ ਤੇ ਇਹ ਪ੍ਰੇਮ ਹੀ ਲੋਕਾਂ ਦੀ ਆਤਮਾ ਵਿਚ ਡੂੰਘੀ ਥਾਂ ਬਣਾ ਚੁਕਾ ਸੀ।

ਬਹੁਤ ਸਾਰੇ ਅਦ੍ਰਿਸ਼ਟ ਆਤਮਕ ਪਰਿਵਰਤਨ ਤਾਂ ਅਨੇਕ ਮਨੁੱਖਾਂ ਵਿਚ ਹੋਏ, ਪਰ ਗੁਰੂਆਂ ਦੀ ਸਭ ਤੋਂ ਵੱਡੀ ਦੇਣ ਤਾਂ ਉਹ ਪ੍ਰੇਰਨਾ ਤੇ ਉਤਸ਼ਾਹ ਸੀ, ਜਿਸ ਨੇ ਮਨੁੱਖ ਤੇ ਮਨੁੱਖ ਵਿਚਕਾਰ ਵਿਸ਼ਵ-ਵਿਆਪੀ ਮਿਤਰਤਾ ਦੀ ਭਾਵਨਾ ਨੂੰ ਸੁਦ੍ਰਿੜ ਕੀਤਾ ਹੈ। ਗੁਰੂ ਜੀ ਨੇ ਤਾਂ ਲੋਕਾਂ ਵਿਚ ਇਕ ਨਵੀਂ ਆਤਮਕ ਤੇ ਸਮਾਜਕ ਚੇਤੰਨਤਾ ਨੂੰ ਜਗਾਇਆ। ਗੁਰੂ ਨੇ ਵਿਅਕਤੀ ਵਿਚ ਵਿਸ਼ਵ-ਵਿਆਪੀ ਚੇਤੰਨਤਾ ਦਾ ਉਥਾਨ ਕੀਤਾ। ਗੁਰੂ ਜੀ ਦੀ ਹਜ਼ੂਰੀ ਵਿਚ ਤਾਂ ਸਾਰੇ ਧਰਮ ਆਪਣੇ ਆਪਣੇ ਵਿਸ਼ੇਸ਼ ਨਾਮ ਦੀ ਹੋਂਦ ਨੂੰ ਭੁਲਾ ਕੇ ਆ ਮਿਲਦੇ ਹਨ। ਸਾਡਾ ਭੂਤ ਕਾਲ ਵੀ ਭਰਪੂਰ ਹੋ ਗਿਆ ਤੇ ਭਵਿੱਖ ਵੀ ਗੁਰੂ ਦੇ ਸ਼ਬਦ ਦੇ ਮਹਾਂ-ਸੰਗੀਤ ਦੁਆਲੇ ਘੁੰਮਰ ਪਾਉਂਦਾ ਹੈ। ਗੁਰੂ ਜੀ ਨੇ ਸਾਰੇ ਲੋਕਾਂ ਲਈ ਪ੍ਰੇਮ ਦੇ ਇਕੋ ਧਰਮ ਨੂੰ ਹੀ ਉਤਪੰਨ ਕਰ ਦਿਤਾ। ਇਹ ਤਾਂ ਇਕ ਨਵੀਂ ਸੁਤੰਤਰਤਾ ਸੀ।

ਬੁਲ੍ਹੇ ਸ਼ਾਹ ਤੇ ਵਾਰਿਸ ਸ਼ਾਹ ਵਰਗੇ ਸ਼ੁਧ ਪੰਜਾਬੀ ਕਵੀਆਂ ਤੇ ਸਾਹਿਤਕਾਰਾਂ ਵਲੋਂ ਰਚੇ ਗਏ ਸਾਹਿਤ ਦਾ ਹਵਾਲਾ ਦਿਤਾ ਜਾ ਸਕਦਾ ਹੈ। ਇਹਨਾਂ ਦੀ ਰਚਨਾ ਵਿਚਲੇ ਸ਼ਬਦਾਂ ਦੀ ਬਣਤਰ ਇਹ ਗੱਲ ਸਿਧ ਕਰਦੀ ਹੈ ਕਿ ਇਹਨਾਂ ਸ਼ਬਦਾਂ ਦੇ ਅੰਤਰਗਤ ਗੁਰੂ ਗਰੰਥ ਸਾਹਿਬ ਦੀ ਭਾਸ਼ਾ ਦਾ ਹੀ ਉਪਯੋਗ ਕੀਤਾ ਗਿਆ ਹੈ, ਜਿਸ ਵਿਚ ਇਹਨਾਂ ਕਵੀਆਂ ਦੇ ਨਿਜੀ ਅਨੁਭਵ ਦੀ ਮਸਤੀ ਤੇ ਖੇੜੇ ਨੇ ਨਵਾਂ ਰੰਗ ਤੇ ਸੁਹਜ ਭਰ ਦਿਤਾ ਹੈ। ਬੁਲ੍ਹੇ ਸ਼ਾਹ ਦੀ ਵਿਸ਼ੇਸ਼ ਧੁਨੀ ਤਾਂ ਗੁਰੂ ਜੀ ਨਾਲ ਬਹੁਤ ਹੱਦ ਤਕ ਮਿਲਦੀ-ਜੁਲਦੀ ਹੈ। ਉਹ ਸੰਸਾਰਕ ਖ਼ੁਸ਼ੀਆਂ ਨੂੰ 'ਕੁਸੰਭੜੇ ਦੇ ਫੁੱਲਾਂ' ਦੇ ਚੁਗਣ ਸਮਾਨ ਦਸਦਾ ਹੈ। ਗੁਰੂ ਜੀ ਵੀ ਕੁਸੰਭੇ ਦੇ ਰੰਗ ਨੂੰ ਕੱਚਾ ਦਸਦੇ ਹਨ। ਇਸ ਦੀ ਤੁਲਨਾ ਵਿਚ ਮਜੀਠੀ ਰੰਗ ਪੱਕਾ ਹੈ, ਜੋ ਆਤਮਕ ਆਨੰਦ ਦਾ ਪ੍ਰਤੀਕ ਹੈ।

''ਜਿਨ੍ਹਾਂ ਮਨੁੱਖਾਂ ਦੀ ਕਰਨੀ ਚੰਗੀ ਹੈ, ਉਹਨਾਂ ਨੇ ਨੇਕ ਅਮਲ ਕੀਤੇ

ਹਨ, ਪ੍ਰਭੂ ਦੇ ਨਾਮ ਦਾ ਵਿਰਦ ਕਮਾਇਆ ਹੈ—ਉਹ ਤਾਂ ਨਦੀ ਤੋਂ ਪਾਰ ਚਲੇ ਗਏ ਹਨ। ਮੈਂ ਪਿਛੇ ਰਹਿ ਗਿਆ ਹਾਂ, ਇਸ ਨਦੀ ਨੂੰ ਪਾਰ ਕਰਨ ਤੋਂ ਅਸਮਰਥ ਰਿਹਾ ਹਾਂ, ਕਿਉਂਜੋ ਮੈਂ ਤਾਂ ਜੀਵਨ ਦੀ ਫੁਲਵਾੜੀ ਵਿਚੋਂ ਕੁਸੰਭੜੇ ਦੇ ਫੁੱਲਾਂ ਨੂੰ ਹੀ ਚੁਗਦਾ ਰਿਹਾ ਹਾਂ।''

ਬੁਲ੍ਹੇ ਸ਼ਾਹ ਸਿਮਰਨ ਦੇ ਜੀਵਨ ਨੂੰ 'ਚਰਖੇ ਦੇ ਕੱਤਣ' ਨਾਲ ਉਪਮਾ ਦਿੰਦਾ ਹੈ। ਉਹ ਵਿਅਕਤੀ ਨੂੰ ਉਹ ਲਾੜੀ ਦਸਦਾ ਹੈ ਜਿਸ ਨੇ ਸਹੁਰੇ ਘਰ ਜਾਣ ਲਈ ਇਸ ਜੀਵਨ ਦੇ ਚਰਖੇ ਉਤੇ ਆਪਣੇ ਦਾਜ ਲਈ ਬਹੁਤ ਸਾਰੇ ਸੂਤ ਨੂੰ ਕੱਤਣਾ ਹੈ। ਬੁਲ੍ਹੇ ਸ਼ਾਹ ਮੌਤ ਤੋਂ ਪਿਛੋਂ ਦੇ ਜੀਵਨ ਨੂੰ ਜੀਵ-ਇਸਤਰੀ ਦਾ ਆਪਣੇ ਸਹੁਰੇ ਘਰ ਜਾਣਾ ਦਸਦਾ ਹੈ ਅਤੇ ਇਸ ਸੰਸਾਰ ਨੂੰ ਪੇਕਾ ਘਰ ਦਸਦਾ ਹੈ। ਇਹ ਗੱਲ ਇਨ-ਬਿਨ ਗੁਰੂ ਜੀ ਦੀ ਭਾਵਨਾ ਸਮਾਨ ਹੈ, ਜੋ ਇਹਨਾਂ ਸ਼ਬਦ ਉਕਤੀਆਂ ਦੀ ਹੀ ਵਰਤੋਂ ਕਰਦੇ ਹਨ।

ਸਤਿਗੁਰੂ ਨੇ ਅਲੱਖ ਨੂੰ ਲਖਾ ਦਿਤਾ ਹੈ :

''ਸਤਿਗੁਰ (ਮੇਰੇ ਮੁਰਸ਼ਿਦ) ਅਲੱਖ ਲਖਾਇਆ ਹੈ''—ਇਹ ਬੁਲ੍ਹੇ ਸ਼ਾਹ ਦੀ ਇਕ ਕਾਫੀ ਦਾ ਸਥਾਈ ਅੰਗ ਹੈ, ਜਿਸ ਦੀ ਧੁਨੀ ਗੁਰੂ ਗਰੰਥ ਸਾਹਿਬ ਦੇ ਸ਼ਬਦਾਂ ਤੋਂ ਲਈ ਗਈ ਹੀ ਪ੍ਰਤੀਤ ਹੁੰਦੀ ਹੈ। ਬੁਲ੍ਹੇ ਸ਼ਾਹ ਤਾਂ ਇਸ ਕਾਫੀ ਨੂੰ ਆਪਣੀ ਆਤਮਾ ਦੇ ਰੰਗ ਵਿਚ ਭਿਜ ਕੇ ਗਾਉਂਦਾ ਹੈ, ਪਰ ਉਹ ਸੱਚੇ ਅਰਥਾਂ ਵਿਚ ਪੰਜਾਬ ਵਿਚ ਵਿਆਪਕ ਤੇ ਗੁਰੂ ਜੀ ਦੁਆਰਾ ਸਥਾਪਿਤ ਵਾਤਾਵਰਣ ਤੋਂ ਹੀ ਪ੍ਰੇਰਿਤ ਹੋਇਆ ਜਾਪਦਾ ਹੈ।

ਸ਼ਾਹ ਹੁਸੈਨ ਦੀਆਂ ਕਾਫੀਆਂ ਅਰਥਾਤ ਗੀਤਾਂ ਵਿਚ ਜਿਹੜਾ ਰੱਬ ਦੇ ਦਰਦ ਵਿਛੋੜੇ ਦਾ ਤੀਖਣ ਅਨੁਭਵ ਮੌਜੂਦ ਹੈ—ਗੁਰੂ ਜੀ ਦੀ ਸੰਸਕ੍ਰਿਤੀ ਦੀ ਪ੍ਰਤੀ ਧੁਨੀ ਹੀ ਗੂੰਜ ਰਹੀ ਹੈ। ਸਭ ਮਹਾਨ ਵਸਤੂਆਂ ਕਿਸੇ ਵਿਸ਼ੇਸ਼ ਵਰਗ ਨਾਲ ਜੁੜਨ ਤੋਂ ਇਨਕਾਰੀ ਹੁੰਦੀਆਂ ਹਨ, ਪਰ ਉਹ ਹਰ ਥਾਂ ਪਹੁੰਚ ਜਾਂਦੀਆਂ ਹਨ ਤੇ ਹਰ ਵਸਤੂ ਨਾਲ ਆਪਣਾ ਰਿਸ਼ਤਾ ਜੋੜ ਲੈਂਦੀਆਂ ਹਨ। ਜਦੋਂ ਵੀ ਘੜੀ ਦਾ ਪੈਂਡੂਲਮ ਹਰਕਤ ਵਿਚ ਆਉਂਦਾ ਹੈ, ਤਾਂ ਉਹ ਨਵੇਂ ਜੀਵਨ ਦਾ ਸਿੰਚਾਰ ਕਰਦਾ ਹੈ। ਸਿੱਖ-ਮਤ ਬਾਰੇ ਇਹ ਆਮ ਮੰਨੌਤ ਰਹੀ ਹੈ ਕਿ ਇਹ ਸ਼ਾਮੀ ਤੇ ਆਰੀਆ ਸੰਸਕ੍ਰਿਤੀਆਂ ਦਾ ਮਿਸ਼ਰਤ ਸੁਮੇਲ ਹੈ। ਪਰ ਗੁਰੂ ਗਰੰਥ ਸਾਹਿਬ ਦੇ ਮੇਰੇ ਆਪਣੇ ਅਧਿਐਨ ਤੋਂ ਇਹ ਕਿਹਾ ਜਾ ਸਕਦਾ ਹੈ ਕਿ ਗੁਰੂ ਗਰੰਥ ਸਾਹਿਬ ਗੁਰੂ ਸਾਹਿਬ ਦੇ ਮਨ ਦਾ ਸਭ ਤੋਂ ਪ੍ਰਮਾਣਿਕ ਸਰੂਪ ਹੈ। ਇਸ ਸੰਬੰਧ ਵਿਚ ਮੈਂ ਕਹਿ ਸਕਦਾ ਹਾਂ ਕਿ ਇਹ ਬੁਧ ਧਰਮ ਦਾ ਹੀ ਇਤਿਹਾਸਕ ਸਿਖ਼ਰ ਹੈ। ਇਹ ਧਰਮ ਤਾਂ ਸੱਚੇ ਅਰਥਾਂ ਵਿਚ ਪ੍ਰਕਾਸ਼ਮਾਨ ਮਨਾਂ ਦਾ ਧਰਮ ਹੈ, ਜੋ ਸਭ ਜਾਤੀਆਂ ਦੇ ਸਭ ਦੇਸ਼ਾਂ ਦੇ ਪ੍ਰਕਾਸ਼ਮਾਨ ਵਿਅਕਤੀਆਂ ਦਾ ਧਰਮ ਹੋ ਸਕਦਾ ਹੈ। ਇਸ ਗੱਲ ਤੋਂ ਬਹੁਤ ਘੱਟ ਲੋਕ ਇਨਕਾਰੀ ਹੋਣਗੇ ਕਿ ਸੰਸਾਰ ਵਿਚ ਸੱਚੀ ਆਤਮਕ ਤੇ ਮਾਨਵੀ ਸੰਸਕ੍ਰਿਤੀ ਦਾ ਆਰੰਭ ਸਭ ਤੋਂ ਪਹਿਲਾਂ ਭਗਵਾਨ ਬੁਧ ਤੋਂ ਹੀ ਹੋਇਆ ਹੈ। ਬੁਧ ਦਾ ਮਤ ਹੀ ਈਸਾ ਜੀ ਦੇ ਜੀਵਨ ਦੁਆਰਾ ਇਸਾਈ ਮਤ ਦਾ ਰੂਪ ਧਾਰਨ ਕਰ ਗਿਆ

ਜੀ। ਇਸਾਈ ਮਤ ਤੋਂ ਮੇਰਾ ਭਾਵ ਈਸਾ ਜੀ ਦੇ ਆਪਣੇ ਮਤ ਤੋਂ ਹੈ। ''ਜਿਨ੍ਹਾਂ ਨੇ ਵੀ ਰੱਬ ਦੇ ਪੁੱਤਰ ਦੇ ਦਰਸ਼ਨ ਕੀਤੇ, ਉਹਨਾਂ ਨੇ ਪ੍ਰਭੂ ਪਿਤਾ ਦੇ ਵੀ ਦਰਸ਼ਨ ਕਰ ਲਏ ਸਨ।'' ਈਸਾ ਜੀ ਦੀ ਦੈਵੀ-ਪ੍ਰੇਰਨਾ ਨੇ ਹੀ ਇਸਲਾਮ ਵਿਚ ਮਾਨਵਤਾ ਨੂੰ ਉਤਪੰਨ ਕੀਤਾ। ਸ਼ਾਮੀ ਤੇ ਆਰੀਆ ਦੋਹਾਂ ਸੰਸਕ੍ਰਿਤੀਆਂ ਵਿਚ ਹੀ ਇਹਨਾਂ ਦੋਹਾਂ ਦੇ ਵਡੇਰੇ ਪਸ਼ੂ-ਬਲੀ ਦੇਣ ਵਿਚ ਵਿਸ਼ਵਾਸ ਰਖਦੇ ਸਨ। ਇਸ ਪੱਖ ਤੋਂ ਇਸਲਾਮ ਵੇਦ-ਮਤ ਸਮਾਨ ਹੈ। ਇਹਨਾਂ ਵਿਚ ਦਵੈਤ-ਭਾਵ ਦੀ ਭਾਵਨਾ ਮੌਜੂਦ ਸੀ। ਮੁਸਲਮਾਨਾਂ ਨੇ ਕਾਫ਼ਰਾਂ ਉਤੇ ਜਿਤ ਪ੍ਰਾਪਤ ਕੀਤੀ ਤੇ ਆਰੀਆ ਨੇ ਗ਼ੈਰ ਆਰੀਆ ਨੂੰ ਆਪਣੇ ਅਧੀਨ ਕੀਤਾ।

ਇਸਲਾਮ ਦੀ ਇਹ ਪ੍ਰਵਿਰਤੀ, ਜੋ ਦੂਜਿਆਂ ਉਤੇ ਜਿਤਾਂ ਪ੍ਰਾਪਤ ਕਰਦੀ ਹੈ, ਕਾਫ਼ਰਾਂ ਨੂੰ ਘਿਰਣਾ ਕਰਦੀ ਹੈ ਅਤੇ ਅਲ੍ਹਾ ਦਾ ਨਾਂ ਲੈ ਕੇ ਜਾਨਵਰਾਂ ਦੀ ਕੁਰਬਾਨੀ ਦਿੰਦੀ ਹੈ, ਆਧੁਨਿਕ ਚਿੰਤਕਾਂ ਨੂੰ ਰਾਸ ਨਹੀਂ ਆਉਂਦੀ। ਇਸਲਾਮ ਤਾਂ ਆਪਣੇ ਪਹਿਲੇ ਖ਼ਲੀਫ਼ਿਆਂ ਸਮੇਂ ਹੀ ਜੀਵਿਤ ਰਿਹਾ। ਇਹਨਾਂ ਤੋਂ ਪਿਛੋਂ ਇਸਲਾਮ ਆਕਰਮਣਕਾਰੀ ਸਾਮਰਾਜ ਸਥਾਪਿਤ ਕਰਨ ਵਾਲੀ ਸ਼ਕਤੀ ਹੀ ਬਣ ਗਿਆ।

ਗੁਰੂ ਨਾਨਕ ਦੇਵ ਜੀ ਇਸ ਪੱਖ ਤੋਂ ਮੁਸਲਮਾਨਾਂ ਨਾਲ ਹਮਦਰਦੀ ਰਖਦੇ ਹਨ ਕਿ ਇਸ ਧਰਮ ਦਾ ਸਚਾਈ ਤੋਂ ਪਤਨ ਹੋ ਗਿਆ ਹੈ ਅਤੇ ਇਹ ਕੇਵਲ ਸਾਮਰਾਜਾਂ ਨੂੰ ਸਥਾਪਿਤ ਕਰਨ ਵਾਲਾ ਧਰਮ ਹੀ ਰਹਿ ਗਿਆ ਹੈ, ਜੋ ਆਪਣੇ ਹੀ ਭਰਾਵਾਂ ਨੂੰ ਪੈਰਾਂ ਥਲੇ ਮਧੋਲਦਾ ਹੈ। ਗੁਰਬਾਣੀ ਵਿਚ ਬਹੁਤ ਸਾਰੇ ਸ਼ਬਦ ਇਹੋ ਜਿਹੇ ਹਨ, ਜਿਨ੍ਹਾਂ ਵਿਚ ਗੁਰੂ ਜੀ ਨੇ ਇਸਲਾਮ ਧਰਮ ਦੇ ਉਪਦੇਸ਼ਕਾਂ ਨੂੰ ਤਾੜਨਾ ਕਰਦੇ ਹੋਇਆਂ ਇਹ ਸੁਝਾ ਦਿਤਾ ਹੈ ਕਿ ਉਹ ਠੀਕ ਆਚਰਣ, ਠੀਕ ਭਾਵਨਾ ਅਤੇ ਠੀਕ ਚਿੰਤਨ ਦੀ ਪੁਨਰ-ਸਥਾਪਨਾ ਕਰਨ। ਇਸ ਲਈ ਉਹਨਾਂ ਵਿਚੋਂ ਦਾਨੇ ਜਾਂ ਸੁਘੜ ਸਿਆਣੇ ਅਤੇ ਧਰਮ ਦੇ ਸੱਚੇ ਅਨੁਆਈਆਂ ਨੇ ਗੁਰੂ ਜੀ ਨੂੰ ਨਮਸਕਾਰ ਕੀਤੀ।

ਇਸ ਪ੍ਰਕਾਰ ਗੁਰੂ ਜੀ ਦਾ ਧਰਮ ਤਾਂ ਮਾਨਵਤਾ ਦੀ ਉਹ ਸਚੀ ਭਾਵਨਾ ਹੈ, ਜੋ ਮਨੁੱਖ ਨੂੰ ਨਿਰਯਤਨ ਰੂਪ ਵਿਚ ਚੰਗਾ ਬਣਾ ਦਿੰਦੀ ਹੈ, ਜਿਸ ਨੂੰ ਕੇਵਲ ਅਜਿਹਾ ਬਣਨ ਲਈ ਪ੍ਰਭੂ-ਪ੍ਰੀਤਮ ਵਲ ਉਪਰ ਨੂੰ ਹੀ ਤੱਕਣਾ ਪੈਂਦਾ ਹੈ। ਇਸਤਰੀ ਪੁਰਸ਼ ਤਾਂ ਸਦੀਵੀ ਤੌਰ 'ਤੇ ਉਸ ਪ੍ਰਭੂ-ਪ੍ਰੀਤਮ ਵਲ ਉਚਾ ਤੱਕਦੇ ਹਨ, ਉਸ ਦੇ ਆਉਣ ਦੀ ਉਡੀਕ ਕਰਦੇ ਹਨ ਤੇ ਆਪਣਾ ਮੂੰਹ ਚਾਤ੍ਰਿਕ ਦੀ ਨਿਆਈਂ ਖੁਲ੍ਹਾ ਰੱਖਦੇ ਹਨ, ਤਾਂ ਜੋ ਉਹਨਾਂ ਨੂੰ ਸਵਾਂਤ-ਬੂੰਦ ਪ੍ਰਾਪਤ ਹੋ ਸਕੇ। ਇਹ ਅਜਿਹੀ ਸੰਜੋਗ ਦੀ ਘੜੀ ਆ ਜਾਂਦੀ ਹੈ; ਜਦੋਂ ਪ੍ਰਭੂ-ਪ੍ਰੀਤਮ ਦੇ ਨਦਰਿ ਕਰਮ ਦੁਆਰਾ ਮਨੁੱਖ ਦੇਵਤਾ ਬਣ ਜਾਂਦਾ ਹੈ। ਸ੍ਰਿਸ਼ਟੀ ਦੇ ਸਾਰੇ ਯਤਨ ਅਜਿਹੇ ਪ੍ਰਭੂ ਦੇ ਮਹਾਨ ਮਨੁੱਖ ਦੀ ਸਿਰਜਣਾ ਵਿਚ ਹੀ ਲਗੇ ਹੋਏ ਹਨ। ਜੋ ਪ੍ਰਭੂ ਦੇ ਪ੍ਰੇਮ ਵਿਚ ਕਿਸੇ ਪਸ਼ੂ ਦੀ ਬਲੀ ਹੀ ਦੇਣੀ ਹੈ ਤਾਂ ਮਨੁੱਖ ਨੂੰ ਆਪਣੇ ਅੰਦਰ ਦੇ ਪਸ਼ੂ ਦੀ ਹੀ ਬਲੀ ਦੇਣੀ ਚਾਹੀਦੀ ਹੈ।

ਬੁਧੀ ਦੇ ਖੇਤਰ ਵਿਚ ਵੀ ਸੰਸ਼ਲੇਸ਼ਣ ਦਾ ਵਰਤਾਰਾ ਘਟਦਾ ਹੈ। ਗੁਰੂ

ਜੀ ਤਾਂ ਉਸ ਵਿਸ਼ਵ-ਆਤਮਾ ਵਿਚ ਵਿਚਰਦੇ ਹਨ, ਜੋ ਜੀਵਨ ਦੀ ਆਤਮਾ ਵੀ ਹੈ, ਪ੍ਰੇਮ ਦੀ ਕਿਰਤ ਵਿਚ ਵਿਸ਼ਵਾਸ ਰਖਦੀ ਹੈ ਅਤੇ ਉਸ ਮਹਾਨ ਸੁੰਦਰ ਪ੍ਰਭੂ ਨੂੰ ਨਿਹਾਰ ਕੇ ਵਿਸਮਾਦ ਵਿਚ ਆ ਜਾਂਦੀ ਹੈ। ਗੁਰੂ ਜੀ ਨਾਲ ਤਾਂ ਨਵੇਂ ਵਰਤਮਾਨ ਦਾ ਆਰੰਭ ਹੋਇਆ ਹੈ, ਨਿਰਸੰਦੇਹ ਭਵਿੱਖ ਵੀ ਗੁਰੂ ਜੀ ਦਾ ਹੀ ਹੈ।

# ਸਿੱਖ-ਮਤ ਤੇ ਬ੍ਰਾਹਮਣ-ਮਤ

ਗੁਰੂ ਸਾਹਿਬਾਨ ਨੇ ਆਪਣੇ ਸਿੱਖਾਂ ਦੀ ਚੇਤੰਨਤਾ ਨੂੰ ਪੂਰੀ ਤਰ੍ਹਾਂ ਸਾਫ ਕਰ ਦਿਤਾ ਅਤੇ ਇਸ ਵਿਚੋਂ ਮਾਨਸਿਕ ਦੁਬਿਧਾ ਤੇ ਪ੍ਰਮੁਖ ਸੰਸਕ੍ਰਿਤ ਵਿਦਵਾਨਾਂ ਦੇ ਸਵੈ-ਅਭਿਮਾਨ ਦੇ ਝੂਠੇ ਅਧਿਆਤਮਕ ਅਭਿਮਾਨ ਦੇ ਸਾਰੇ ਧੁੰਦਲੇ ਅਸਪਸ਼ਟ ਤੇ ਬੁਰੀ ਤਰ੍ਹਾਂ ਚਿੰਬੜੇ ਹੋਏ ਜਾਲਿਆਂ ਤੋਂ, ਇਸ ਸਿੱਖ-ਚੇਤੰਨਤਾ ਨੂੰ ਮੁਕਤ ਕਰ ਦਿਤਾ।

ਜਦੋਂ ਪੰਜਾਬ ਵਿਚ ਸਿੱਖ-ਮਤ ਦਾ ਆਗਮਨ ਹੋਇਆ ਤਾਂ ਬ੍ਰਾਹਮਣ-ਮਤ ਨੇ ਇਸ ਨੂੰ ਆਪਣੀ ਹੀ ਸੰਤਾਨ ਦਸਿਆ। ਇਸ ਨੂੰ ਆਪਣੀ ਮੁੱਠੀ ਵਿਚ ਰਖਣ ਲਈ ਅਤੇ ਕੇਵਲ ਇਸ ਲਈ ਕਿ ਗੁਰੂ ਨਾਨਕ ਦੇਵ ਜੀ ਦੀ ਮਾਤ-ਭਾਸ਼ਾ ਪੰਜਾਬੀ ਸੀ ਤੇ ਪ੍ਰਚਲਿਤ ਧਰਮ-ਸ਼ਾਸਤਰੀ ਭਾਸ਼ਾ ਹਿੰਦੂਆਂ ਵਾਲੀ ਹੀ ਸੀ—ਗੁਰੂ ਸਾਹਿਬ ਦੇ ਜੀਵਨ ਬਾਰੇ ਸੰਪੂਰਨ ਰੂਪ ਦੇ ਮੌਲਿਕ ਦ੍ਰਿਸ਼ਟੀਕੋਣ ਨੂੰ ਉਹਨਾਂ ਵਲੋਂ ਸਮਝਿਆ ਨਾ ਜਾ ਸਕਿਆ।

ਗੁਰੂ ਨਾਨਕ ਸਾਹਿਬ ਦੀ ਪ੍ਰਤਿਭਾ ਨੇ ਵੀ ਬਿਨਾਂ ਕਿਸੇ ਸਮੇਂ ਨੂੰ ਨਸ਼ਟ ਕਰਨ ਦੇ ਇਕ ਨਵੀਂ ਭਾਸ਼ਾ ਨੂੰ ਸਿਰਜ ਲਿਆ। ਆਪ ਜੀ ਦੀ ਮਹਾਨ ਪ੍ਰਤਿਭਾ ਦੀ ਛੁਹ ਮਾਤਰ ਨਾਲ ਕੋਈ ਵੀ ਭਾਸ਼ਾ ਨਵੀਂ ਤੇ ਮਹਾਨ ਬਣ ਸਕਦੀ ਸੀ। ਆਪ ਨੇ ਤਾਂ ਜੋ ਵੀ ਭਾਸ਼ਾ ਆਪ ਦੇ ਨੇੜੇ ਆਈ, ਉਸੇ ਵਿਚ ਹੀ ਆਪਣੀ ਆਤਮਾ ਦੇ ਗੀਤ ਨੂੰ ਰਚ ਦਿਤਾ।

ਕਿਸੇ ਵੀ ਮਹਾਨ ਮੌਲਿਕ ਅਭੀਵਿਅਕਤੀ ਲਈ ਭਾਸ਼ਾ ਦੀਆਂ ਸੂਖਮਤਾਵਾਂ ਮੁਖ ਆਧਾਰ ਨਹੀਂ ਬਣ ਸਕਦੀਆਂ। ਗੁਰੂ ਨਾਨਕ ਦੇਵ ਜੀ ਨੇ ਫ਼ਾਰਸੀ ਭਾਸ਼ਾ ਦੇ ਜਾਣਕਾਰਾਂ ਲਈ ਸਥਾਨਕ ਫ਼ਾਰਸੀ ਭਾਸ਼ਾ ਦੀ ਉਕਤੀ ਦੀ ਵਰਤੋਂ ਕੀਤੀ ਅਤੇ ਸੰਸਕ੍ਰਿਤ ਭਾਸ਼ਾ ਦੇ ਜਾਣਕਾਰਾਂ ਲਈ 'ਪ੍ਰਾਕ੍ਰਿਤ ਤੇ ਗਾਥਾ' ਆਦਿ ਭਾਸ਼ਾਵਾਂ ਦਾ ਉਪਯੋਗ ਕੀਤਾ। ਧਰਮ ਸ਼ਾਸਤਰ ਬਾਰੇ ਜਦੋਂ ਕੋਈ ਗੱਲ ਕਰਨੀ ਹੁੰਦੀ, ਤਾਂ ਆਪ ਮੁਸਲਮਾਨਾਂ ਲਈ ਕੁਰਾਨ ਦੀ ਭਾਸ਼ਾ ਦੀ ਵਰਤੋਂ ਕਰਦੇ ਅਤੇ ਹਿੰਦੂਆਂ ਲਈ ਆਪ ਪੁਰਾਨਾਂ ਦੀ ਭਾਸ਼ਾ ਨੂੰ ਵਰਤ ਲੈਂਦੇ। ਨਿਸ਼ਚੇ ਹੀ ਗੁਰੂ ਸਾਹਿਬ ਉਹਨਾਂ ਸੰਸਕ੍ਰਿਤ ਵਿਦਵਾਨਾਂ ਦੇ ਅਨੁਮਾਨਾਂ ਉਤੇ ਕਿਤੇ ਵੀ ਪੂਰਾ ਨਹੀਂ ਉਤਰਦੇ। ਆਪ ਦਾ ਸੰਦੇਸ਼ ਤਾਂ ਸਾਰੀਆਂ ਭਾਸ਼ਾਵਾਂ ਦੇ ਬਿੰਬਾਂ ਦੁਆਰਾ ਉਜਾਗਰ ਹੁੰਦਾ ਹੈ। ਕੋਈ ਵੀ ਮਹਾਨ ਭਵਨ ਨਿਰਮਾਤਾ ਆਕਾਸ਼ ਤੋਂ ਇੱਟਾਂ ਤੇ ਚੂਨਾ ਨਾਲ ਲੈ ਕੇ ਨਹੀਂ ਆਉਂਦਾ। ਉਹ ਤਾਂ ਉਥੋਂ ਕੇਵਲ ਆਪਣੇ ਮਨ ਨੂੰ ਹੀ ਲੈ ਕੇ ਆਉਂਦਾ ਹੈ। ਕਲਾਕਾਰ ਦੀ ਕਲਾ ਤਾਂ ਆਤਮਾ ਨੂੰ ਆਤਮਾ ਦਾ ਸਾਥੀ ਬਣਾਉਂਦੀ ਹੈ। ਇਸ ਵਿਚ ਉਸ ਵਲੋਂ ਵਰਤੀ ਗਈ ਖੜੀਆ-ਮਿੱਟੀ, ਮਰਮਰ ਪੱਥਰ, ਰੰਗਾਂ, ਛੈਣੀ ਦੇ

ਆਕਾਰ-ਪ੍ਰਕਾਰ, ਤੂਲਕਾ ਅਤੇ ਕਾਨੀ ਦੇ ਆਕਾਰ-ਪ੍ਰਕਾਰ ਤੇ ਰਸਾਇਣਕ ਬਣਤਰ ਆਦਿ ਦੇ ਵੇਰਵੇ ਕੋਈ ਅਰਥ ਨਹੀਂ ਰਖਦੇ।

ਇਕ ਪ੍ਰਤਿਭਾ ਲਈ ਤਾਂ ਉਸ ਦੀ ਸਿਰਜਣਾ ਹੀ ਉਸ ਨੂੰ ਅਰਥ ਭਰਪੂਰ ਬਣਾਉਂਦੀ ਹੈ ਤੇ ਇਸ ਗੱਲ ਦਾ ਕੋਈ ਵਿਸ਼ੇਸ਼ ਮਹੱਤਵ ਨਹੀਂ ਹੁੰਦਾ ਕਿ ਕਲਾਕਾਰ ਕਿਹੜੀ ਭਾਸ਼ਾ ਨੂੰ ਵਰਤਦਾ ਹੈ ਤੇ ਕਿਸ ਦੇਸ਼ ਦਾ ਜੰਮਪਲ ਹੈ। ਉਹ ਖ਼ੂਨ, ਜਾਤ-ਪਾਤ ਅਤੇ ਰੰਗਾਂ ਆਦਿ ਦੇ ਸੰਬੰਧ ਵਿਚ ਸਰੀਰ ਤੇ ਮਨ ਦੇ ਸਭ ਭੂਗੋਲਿਕ ਵਖਰੇਵਿਆਂ ਨਾਲੋਂ ਉਪਰ ਉਠ ਜਾਂਦਾ ਹੈ।

ਇਕ ਮਹਾਨ ਚਿਤਰਕਾਰ ਲਈ ਗਲੀ ਦਾ ਚਿਕੜ ਵੀ ਸ਼ਾਹਕਾਰ ਚਿਤਰ ਸਿਰਜਣ ਲਈ ਢੁਕਵੀਂ ਵਸਤੂ-ਸਮੱਗਰੀ ਹੋ ਸਕਦਾ ਹੈ। ਇਸ ਦੀ ਤੁਲਨਾ ਵਿਚ ਛੋਟੇ ਕਲਾਕਾਰਾਂ ਲਈ ਰੰਗਾਂ ਤੇ ਬੁਰਸ਼ਾਂ ਦੀ ਚੋਣ ਕਰਨ ਦੀ ਚੇਸ਼ਟਾ ਨਾ ਮੁਕਣ ਵਾਲਾ ਤੇ ਸਮੇਂ ਨੂੰ ਵਿਅਰਥ ਗੁਆਉਣ ਵਾਲਾ ਚੱਕਰ ਤੇ ਗੋਰਖ-ਧੰਦਾ ਬਣ ਜਾਂਦੀ ਹੈ।

ਗੁਰੂ ਨਾਨਕ ਜੀ ਕੋਲ ਇਤਨੀ ਵਿਹਲ ਹੀ ਨਹੀਂ ਸੀ ਕਿ ਉਹ ਆਪਣੀ ਬਾਣੀ ਦੇ ਸ਼ਬਦਾਂ ਲਈ ਕੋਸ਼ਕਾਰਾਂ ਨੂੰ ਉਹਨਾਂ ਦੇ ਅਰਥ ਬੋਧ ਕਰਵਾਉਣ ਲਈ ਸੱਦਾ ਦਿੰਦੇ। ਹਰ ਸੱਚਾ ਗੀਤ ਆਪਣੀ ਵਿਆਖਿਆ ਆਪ ਹੁੰਦਾ ਹੈ। ਇਕ ਸੁੰਦਰ ਮੁਖੜੇ ਦੀ ਆਪਣੀ ਹੀ ਭਾਸ਼ਾ ਹੁੰਦੀ ਹੈ, ਜਿਸ ਦੁਆਰਾ ਉਹ ਸਭ ਨੂੰ ਸੰਬੋਧਨ ਕਰਦਾ ਹੈ। ਸੁੰਦਰਤਾ ਇਸ ਧਰਤ ਦੀ ਕਿਸੇ ਵੀ ਭਾਸ਼ਾ ਨੂੰ ਜਾਣਦੇ ਹੋਏ ਵੀ ਸੁੰਦਰ ਹੁੰਦੀ ਹੈ। ਇਸ ਦੇ ਤਾਂ ਟੁੱਟੇ ਫੁਟੇ ਸ਼ਬਦ ਹੀ ਸ਼ੁਧ ਸੰਗੀਤ ਹੁੰਦੇ ਹਨ। ਕੋਸ਼ਕਾਰਾਂ ਦੁਆਰਾ ਇਸ ਦੀ ਵਿਆਖਿਆ ਕਰਨਾ ਤਾਂ ਖਾਹ-ਮਖਾਹ ਮਗਜ਼ਪਚੀ ਵਾਲੀ ਗੱਲ ਹੈ। ਇਸ ਦੀ ਠੀਕ ਵਿਆਖਿਆ ਤਾਂ ਉਸ ਚਰਿਤਰ ਦੇ ਨਿਰਮਾਣ ਵਿਚ ਹੈ, ਜਿਸ ਨੂੰ ਇਸ ਗੀਤ ਨੇ ਸਿਰਜਿਆ ਹੈ। ਜੇ ਉਸ ਦੀ ਇਸ ਪ੍ਰਕਾਰ ਦੀ ਕੋਈ ਸਿਰਜਣਾ ਜੀਵਿਤ ਨਹੀਂ ਰਹਿੰਦੀ ਤਾਂ ਵੀ ਉਸ ਦੇ ਗੀਤ ਦੀ ਅਨੰਤ ਸਿਰਜਣਾਤਮਿਕਤਾ ਜਿਉਂਦੀ ਰਹਿੰਦੀ ਹੈ। ਉਸ ਦਾ ਜੀਅ-ਦਾਨ ਦੇਣ ਵਾਲਾ ਗੀਤ ਤਾਂ ਉਹ ਅਬਿਨਾਸ਼ੀ ਪੁਰਸ਼ ਹੈ, ਜੋ ਆਪਣੇ ਸਮੇਂ ਵਡ-ਆਕਾਰੀ ਚੱਟਾਨਾਂ ਨੂੰ ਵੀ ਹਿਲਾ ਦਿੰਦਾ ਹੈ ਤੇ ਉਹਨਾਂ ਨੂੰ ਗਤੀਸ਼ੀਲ ਕਰ ਦਿੰਦਾ ਹੈ। ਸਿੱਖ ਇਤਿਹਾਸ ਦੇ ਪੰਨਿਆਂ ਉਤੇ ਉਸ ਪ੍ਰਭੂ ਨੂੰ ਚਿਤਰਿਆ ਗਿਆ ਹੈ ਜੋ ਆਕਾਸ਼ ਵਿਚ ਬਿਜਲੀ ਦੇ ਚਮਕਾਰੇ ਸਮਾਨ ਦਿਖਾਈ ਦਿੰਦਾ ਹੈ। ਉਸ ਦੇ ਸ਼ਬਦ ਦੇ ਅਰਥ ਤਾਂ ਉਸ ਸਿਰਜੇ ਗਏ ਪੰਨੇ ਉਤੇ, ਉਸ ਮੁਖੜੇ ਉਤੇ ਚਮਕ ਰਹੇ ਹੁੰਦੇ ਹਨ। ਇਹਨਾਂ ਨੂੰ ਉਸ ਵਲੋਂ ਵਰਤੀ ਗਈ ਭਾਸ਼ਾ ਦੇ ਚਿਕੜ-ਚੋਭੇ, ਦਾਰਸ਼ਨਿਕ ਰੂਪ ਦੇ ਸਾਧਾਰਨੀਕਰਨਾਂ ਵਿਚੋਂ ਢੂੰਡਣਾ ਵਿਅਰਥ ਹੈ, ਜਿਨ੍ਹਾਂ ਦੀ ਕਿ ਉਸ ਨੇ ਆਪਣੀ ਤੂਲਕਾ ਦੁਆਰਾ ਵਰਤੋਂ ਕੀਤੀ ਹੁੰਦੀ ਹੈ। ਗੁਰੂ ਸਾਹਿਬਾਨ ਦੀ ਇਸ ਮਹਾਨ ਸਿਰਜਣਾ ਤੇ ਇਸ ਦੀ ਨਿਰੰਤਰ ਸਿਰਜਣਾਤਮਿਕਤਾ ਨੂੰ ਲਖ ਪੇਖ ਕੇ ਹੀ ਸਾਰੇ ਲੇਖਕਾਂ ਨਾਲੋਂ ਵਧੇਰੇ ਸਪਸ਼ਟਤਾ ਨਾਲ ਕਨਿੰਘਮ ਸਿੱਖ-ਮਤ ਨੂੰ ਬ੍ਰਾਹਮਣ-ਮਤ ਨਾਲੋਂ ਨਿਖੇੜ ਸਕਣ ਦੇ ਸਮਰੱਥ ਹੋਇਆ ਹੈ। ਉਹ ਇਸ ਉਦੇਸ਼ ਵਿਚ ਇਸ

ਲਈ ਸਫਲ ਹੋ ਸਕਿਆ, ਕਿਉਂਜੋ ਉਹ ਸਿੱਖ ਜਨ-ਸਮੂਹ ਨਾਲ ਨੇੜੇ ਤੋਂ ਰਚਮਿਚ ਗਿਆ ਸੀ ਅਤੇ ਉਸ ਨੇ ਸਿੱਖਾਂ ਦੇ ਇਤਿਹਾਸ ਦਾ ਉਹਨਾਂ ਪ੍ਰਤੀ ਸਹਾਨੁਭੂਤੀ ਰਖਦਿਆਂ ਹੋਇਆਂ ਅਧਿਐਨ ਕੀਤਾ ਸੀ। ਉਸ ਕੋਲ ਪੱਛਮ ਦਾ ਸੁਤੰਤਰ ਤੇ ਨਵੀਨ ਸੰਚੇ ਵਿਚ ਢਲਿਆ ਹੋਇਆ ਮਨ ਸੀ ਅਤੇ ਕੇਵਲ ਪੱਛਮੀ ਮਨ ਨੂੰ ਹੀ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਦੀ ਸ਼ਾਨਦਾਰ ਮਹਾਨਤਾ ਨੂੰ ਬੋਧ ਕਰਵਾਉਣ ਦੀ ਲੋੜ ਸੀ।

ਇਹ ਗੱਲ ਬੜੀ ਦੁਖਦਾਈ ਹੈ ਕਿ ਹਿੰਦੂ ਤੇ ਸਿੱਖ ਵਿਦਵਾਨ ਗੁਰੂ ਨਾਨਕ ਦੇਵ ਜੀ ਦੀ ਬੇਤੁਕੀ ਵਿਆਖਿਆ ਉਹਨਾਂ ਦੁਆਰਾ ਵਰਤੇ ਗਏ ਰੰਗਾਂ ਤੇ ਕਲਮਾਂ ਦੁਆਰਾ ਕਰਦੇ ਹਨ। ਉਹ ਗੁਰੂ ਸਾਹਿਬ ਵਲੋਂ ਵਰਤੇ ਗਏ ਸ਼ਬਦਾਂ ਦੀ ਚਮੜੀ ਤੇ ਮਾਸ ਦਾ ਵਿਸ਼ਲੇਸ਼ਣ ਕਰਦੇ ਹਨ ਅਤੇ ਗੁਰੂ ਸਾਹਿਬ ਦੀ ਬਾਣੀ ਦੇ ਅਰਥ ਬੋਧ ਤੋਂ ਜਾਣੂੰ ਹੋਣ ਲਈ ਇਸ ਦੀ ਚੀਰ ਫਾੜ ਇਸ ਤਰ੍ਹਾਂ ਕਰਦੇ ਹਨ, ਤਾਂ ਜੋ ਇਹ ਸਿਧ ਕੀਤਾ ਜਾ ਸਕੇ ਕਿ ਇਹ ਰਚਨਾ ਵੇਦਾਂ ਤੇ ਉਪਨਿਸ਼ਦਾਂ ਦੇ ਸਮਾਨ ਹੀ ਹੈ। ਇਹ ਤਾਂ ਬ੍ਰਾਹਮਣਵਾਦੀ ਪਰੰਪਰਾ ਦੇ ਦਾਸ ਬਣਾਉਣ ਵਾਲੀ ਗੱਲ ਹੈ। ਗੁਰੂ ਜੀ ਦੀ ਆਤਮਾ ਦੀ ਪ੍ਰਜਵਲਿਤ ਅਗਨੀ ਦੀ ਵਿਆਖਿਆ ਨਿਰਜਿੰਦ ਸ਼ਬਦਾਂ ਦੁਆਰਾ ਕੀਤੀ ਜਾਂਦੀ ਹੈ। ਇਸ ਦਾ ਸਿੱਟਾ ਉਹਨਾਂ ਭੱਦੇ ਤੇ ਨੀਰਸ ਅਨੁਵਾਦਾਂ ਵਿਚ ਪ੍ਰਗਟ ਹੋਇਆ ਹੈ, ਜਿਨ੍ਹਾਂ ਦਾ ਕੋਈ ਵਿਸ਼ੇਸ਼ ਅਰਥ ਨਹੀਂ ਹੈ। ਮੈਕਾਲਿਫ਼ ਦਾ ਵੀ ਸਕੂਲ ਦੇ ਵਿਦਿਆਰਥੀਆਂ ਵਰਗਾ ਸ਼ਾਬਦਿਕ ਅਨੁਵਾਦ ਬ੍ਰਾਹਮਣਵਾਦੀ ਗਿਆਨੀਆਂ ਵਲੋਂ ਕੀਤੀ ਗਈ ਵਿਆਖਿਆ ਨੂੰ ਆਧਾਰ ਮੰਨ ਕੇ ਹੀ ਕੀਤਾ ਗਿਆ ਹੈ। ਇਹ ਪ੍ਰਕਾਸ਼-ਵਿਹੂਣੇ ਧਰਮਸ਼ਾਸਤਰੀ ਸਨ, ਜਿਨ੍ਹਾਂ ਵਿਚ ਨਾ ਤਾਂ ਕੋਈ ਅੰਬਰੀ-ਕਾਂਗ ਵਾਲਾ ਆਵੇਸ਼ ਸੀ ਤੇ ਨਾ ਹੀ ਆਧੁਨਿਕ ਰੂਪ ਦੀ ਮਾਨਸਿਕ ਯੋਗਤਾ ਤੇ ਸਮੱਗਰੀ। ਇਹਨਾਂ ਦੀ ਅੰਤਰੀਵ ਸ਼ਕਤੀ ਨੂੰ ਬ੍ਰਾਹਮਣਵਾਦੀ ਮਾਨਸਿਕਤਾ ਦੀ ਉਲੀ ਨੇ ਚੱਟਮ ਕਰਕੇ ਗਾਲ-ਸਾੜ ਦਿਤਾ ਤੇ ਉਹਨਾਂ ਵਿਚਲਾ ਜੀਵਿਤ ਸਿੱਖੀ ਦਾ ਵਿਸ਼ਵਾਸ ਮੁਰਦਾ ਲੋਥ ਸਮਾਨ ਬਣ ਚੁਕਾ ਸੀ। ਇਸ ਲਈ ਨਾ ਤਾਂ ਇਹ ਉਸ ਮੰਦਰ ਤੇ ਉਸ ਦੀ ਮੂਰਤੀ ਵਿਚ ਸੁੰਦਰ ਰੰਗ ਹੀ ਭਰ ਸਕੇ ਹਨ ਤੇ ਨਾ ਹੀ ਇਸ ਵਿਚਲੀ ਪ੍ਰੇਮ ਦੀ ਪ੍ਰੇਰਨਾ ਦੇ ਉਤਸ਼ਾਹ ਨੂੰ ਜਗਾ ਸਕੇ ਹਨ। ਇਸ ਅਨੁਵਾਦ ਦੁਆਰਾ ਸਿੱਖ-ਮਤ ਤਾਂ ਨਿਤਾਣਾ ਜਿਹਾ ਬ੍ਰਾਹਮਣ-ਮਤ ਹੀ ਬਣ ਗਿਆ ਹੈ। ਇਹ ਸਭ ਕੁਝ ਜੋ ਸੰਸਾਰ ਦੇ ਸਰੋਤਾ-ਮੰਡਲ ਦੇ ਸਾਹਮਣੇ ਪੇਸ਼ ਕੀਤਾ ਗਿਆ ਹੈ—ਬੜਾ ਬੇਲੋੜਾ ਜਿਹਾ ਭਾਸਦਾ ਹੈ। ਇਸ ਵਿਚ ਉਹ ਚਾਨਣ ਨਹੀਂ ਹੈ, ਜੋ ਹਰ ਤਿਣਕੇ ਤੇ ਕਿਣਕੇ ਦੇ ਨਿੱਕੇ ਨਿੱਕੇ ਵੇਰਵਿਆਂ ਨੂੰ ਬੜਾ ਚਮਕਦਾਰ ਤੇ ਸੁੰਦਰ ਬਣਾ ਦਿੰਦਾ ਹੈ। ਟਾਹਲੀ ਦੇ ਉਚੇ ਬ੍ਰਿਛ ਦੇ ਹਰੇ ਪੱਤਿਆਂ ਦੇ ਪਿਛੇ ਜੋ ਊਦਾ ਬੱਦਲ ਲਹਿਰ ਰਿਹਾ ਹੈ—ਇੰਜ ਪ੍ਰਤੀਤ ਹੁੰਦਾ ਹੈ, ਜਿਵੇਂ ਕੋਈ ਬਹੁਤ ਵੱਡਾ ਪੰਛੀ ਆਪਣੇ ਖੰਭ ਫੜਫੜਾ ਕੇ ਕਣੀਆਂ ਦਾ ਮੀਂਹ ਵਰ੍ਹਾ ਰਿਹਾ ਹੋਵੇ। ਇਸ ਪ੍ਰਕਾਰ ਉਹ ਧਰਤੀ ਦੇ ਬ੍ਰਿਛ ਨੂੰ ਵੀ ਕੇਵਲ ਇਕ ਬ੍ਰਿਛ ਨਾ ਰਹਿਣ ਦੇ ਕੇ ਸੁੰਦਰਤਾ ਦੇ ਇਕ ਸੁਪਨ-ਦ੍ਰਿਸ਼ ਦੇ ਰੂਪ ਵਿਚ ਸਾਕਾਰ ਕਰ ਦਿੰਦਾ ਹੈ।

ਜੇ ਉਥੇ ਬੱਦਲ ਨਾ ਹੋਵੇ ਤੇ ਸਾਵਣ ਭਾਦੋਂ ਦੀ ਵਰਖਾ ਰੁੱਤ ਨਾ ਹੋਵੇ ਤਾਂ ਇਹ ਇਕ ਦਰਖ਼ਤ ਹੀ ਭਾਸੇਗਾ ਅਤੇ ਆਲੇ ਦੁਆਲੇ ਦਾ ਸਾਰਾ ਮਨੋਹਰ ਵਾਤਾਵਰਨ ਛਾਂਈਂ ਮਾਂਈਂ ਹੋ ਜਾਵੇਗਾ। ਜਦੋਂ ਸੁੰਦਰਤਾ ਨੂੰ ਇਸ ਦੇ ਸ਼ਕਤੀਵਰ ਆਡੰਬਰਾਂ ਤੋਂ ਵੰਚਿਤ ਕਰ ਦਿਤਾ ਜਾਂਦਾ ਹੈ ਤਾਂ ਇਸ ਵਿਚੋਂ ਇਸ ਦੀ ਆਤਮਾ ਲੋਪ ਹੋ ਜਾਂਦੀ ਹੈ।

ਗੁਰੂ ਜੀ ਨੇ ਤਾਂ ਸਾਰੇ ਜਨ-ਸਮੂਹ, ਇਸਤਰੀ-ਪੁਰਸ਼ਾਂ ਤੇ ਬਾਲਾਂ ਨੂੰ ਆਪਣੇ ਵਲ ਖਿਚ ਲਿਆ ਹੈ ਅਤੇ ਉਹਨਾਂ ਦੀ ਆਤਮਾ ਵਿਚ ਆਪਣੇ ਪ੍ਰੇਮ ਗੀਤ ਨੂੰ ਭਰ ਦਿਤਾ ਹੈ। ਗੁਰੂ ਜੀ ਦੀ ਤਾਂ ਉਹ ਹੁਣ ਵੀ ਅਰਾਧਨਾ ਅਤੇ ਪਰਕਰਮਾ ਕਰਦੇ ਹਨ। ਗੁਰੂ ਤਾਂ ਉਹਨਾਂ ਦੀ ਆਤਮਾ ਵਿਚ ਸੁਭਾਇਮਾਨ ਹੈ। ਗੁਰੂ ਜੀ ਤਾਂ ਉਸ ਧਰੂ ਤਾਰੇ ਸਮਾਨ ਹਨ, ਜਿਸ ਦੇ ਦੁਆਲੇ ਸਿੱਖੀ ਰੂਪੀ ਸਾਰੇ ਸਿਤਾਰੇ ਪਰਕਰਮਾ ਕਰਦੇ ਹਨ। ਹਾਲੀ ਵੀ ਆਪਣੀ ਆਤਮਾ ਦੇ ਮਸਤਾਨੇ ਤਾਲ ਉਤੇ ਉਹ ਗੁਰੂ ਜੀ ਦੇ ਸ਼ਬਦਾਂ ਦਾ ਗਾਇਨ ਕਰਦੇ ਹਨ ਤੇ ਸਦੀਆਂ ਤੋਂ ਆਪਣੀ ਆਤਮਾ ਵਿਚ ਵਸਦੇ ਗੁਰੂ ਨੂੰ 'ਧੰਨ ਗੁਰੂ ਨਾਨਕ—ਧੰਨ ਗੁਰੂ ਨਾਨਕ' ਕਹਿ ਕੇ ਸਤਿਕਾਰਦੇ ਹਨ। ਸਦੀਆਂ ਤੋਂ ਪ੍ਰਵਾਹਿਤ ਹੋ ਰਹੇ ਇਸ ਦ੍ਰਿਸ਼ ਨੂੰ ਅਖੋਂ ਪਰੋਖੇ ਕਰਕੇ ਇਹ ਨੀਰਸ ਵਿਦਵਾਨ ਆਪਣੇ ਆਪ ਨੂੰ ਬੰਦ ਕਮਰਿਆਂ ਵਿਚ ਡਕ ਕੇ ਲੋਕਾਂ ਦੇ ਇਹਨਾਂ ਗੀਤਾਂ (ਬਾਣੀ) ਨੂੰ ਸੰਸਕ੍ਰਿਤ ਤੇ ਅੰਗਰੇਜ਼ੀ ਦੇ ਸ਼ਬਦ-ਕੋਸ਼ਾਂ ਦੀ ਸਹਾਇਤਾ ਨਾਲ ਵਿਆਖਿਆ ਕਰ ਰਹੇ ਹਨ। ਗੁਰੂ ਜੀ ਪ੍ਰਤੀ ਪ੍ਰਗਟਾਏ ਗਏ ਨਿਜੀ ਪ੍ਰੇਮ ਤੇ ਇਸ ਪ੍ਰੇਮ ਦੀ ਪ੍ਰੇਰਨਾ ਦੁਆਰਾ ਜਾਗੀ ਆਤਮ-ਤਿਆਗ ਦੀ ਭਾਵਨਾ ਹੀ ਸੱਚੇ ਅਰਥਾਂ ਵਿਚ ਗੁਰੂ ਜੀ ਦੀ ਬਾਣੀ ਦੀ ਵਿਆਖਿਆ ਕਰ ਸਕਦੀ ਹੈ। ਜੀਵਨ ਦਾ ਸੰਗੀਤ ਉਸ ਵਿਅਕਤੀ ਲਈ ਕੋਈ ਵੀ ਅਰਥ ਨਹੀਂ ਰਖਦਾ, ਜਿਸ ਦੇ ਹਿਰਦੇ ਵਿਚ ਇਸ ਲਈ ਅੰਤਰੀਵ ਵੇਦਨਾ ਨਹੀਂ ਜਾਗਦੀ। ਕੇਵਲ ਸੋਚੀ ਜਾਣਾ ਤਾਂ ਰੋਗ ਬਣ ਜਾਂਦਾ ਹੈ। ਭਗਤ-ਜਨ ਤਾਂ ਉਸ ਪ੍ਰਭੂ-ਪ੍ਰੀਤਮ ਦੇ ਮਿਲਾਪ ਲਈ ਸਭ ਹਦਾਂ ਬੰਨੇ ਪਾਰ ਕਰ ਜਾਂਦੇ ਹਨ।

# ਪ੍ਰਤਿਭਾ ਅਤੇ ਸ਼ਬਦਾਵਲੀ

ਭਾਸ਼ਾ ਆਪਣੇ ਆਪ ਵਿਚ ਕੋਈ ਅਰਥ ਨਹੀਂ ਰਖਦੀ। ਇਹ ਉਸੇ ਅਰਥ ਦਾ ਬੋਧ ਕਰਵਾਉਂਦੀ ਹੈ, ਜੋ ਇਕ ਸ਼ਕਤੀਸ਼ਾਲੀ ਆਵਾਜ਼ ਦੁਆਰਾ ਇਸ ਵਿਚ ਭਰੇ ਜਾਂਦੇ ਹਨ ਅਤੇ ਜਿਸ ਨੂੰ ਕਿ ਇਕ ਸੁੰਦਰ ਵਿਅਕਤੀਤਵ ਦਾ ਸੁਆਮੀ ਬੋਲ ਰਿਹਾ ਹੁੰਦਾ ਹੈ। ਗੁਲਾਬ ਦੀ ਮੌਨ ਮਹਿਕ ਸੈਂਕੜੇ ਅਰਥ ਰਖਦੀ ਹੈ, ਸਿਤਾਰਿਆਂ ਦੀ ਚੁੱਪ ਵੀ ਸਭ ਭਾਸ਼ਾਵਾਂ ਤੋਂ ਉਚੇਰੀ ਹੁੰਦੀ ਹੈ। ਇਹ ਸਭ ਕਿਸੇ ਵਿਸ਼ੇਸ਼ ਸਪਤਕ ਦੀ ਸਰਗਮ ਵਿਚ ਬੰਨ੍ਹੇ ਨਹੀਂ ਜਾ ਸਕਦੇ। ਇਸ ਪ੍ਰਕਾਰ ਸਭ ਭਾਸ਼ਾਵਾਂ ਤਾਂ ਇਕ ਤਰ੍ਹਾਂ ਦੇ ਘਸੇ ਪਿਟੇ ਨੇਮ ਹੀ ਹੁੰਦੀਆਂ ਹਨ, ਪਰ ਕੋਈ ਪ੍ਰਤਿਭਾ ਆ ਕੇ ਜਦੋਂ ਇਸ ਵਿਚ ਆਪਣੇ ਵਿਅਕਤੀਤਵ ਨੂੰ ਭਰ ਦਿੰਦੀ ਹੈ, ਤਾਂ ਇਹ ਨਵਾਂ ਰੂਪ ਧਾਰਨ ਕਰ ਜਾਂਦੀਆਂ ਹਨ। ਪ੍ਰਤਿਭਾ ਦੇ ਆਗਮਨ ਤੋਂ ਪਹਿਲਾਂ ਇਹਨਾਂ ਭਾਸ਼ਾਵਾਂ ਦਾ ਕੋਈ ਅਰਥ ਨਹੀਂ ਹੁੰਦਾ। ਇਹ ਉਸੇ ਅਰਥ ਨੂੰ ਧਾਰਨ ਕਰਦੀਆਂ ਹਨ, ਜਿਸ ਨੂੰ ਕਿ ਕੋਈ ਪ੍ਰਤਿਭਾ ਇਹਨਾਂ ਵਿਚ ਭਰ ਦਿੰਦੀ ਹੈ। ਭਾਰਤ ਵਿਚ ਰੂਪ-ਰਹਿਤ 'ਓਮ' ਦੀ ਉਪਾਸ਼ਨਾ ਕੀਤੀ ਜਾਂਦੀ ਸੀ। ਗੁਰੂ ਜੀ ਨੇ ਜਿਵੇਂ ਕਿ ਕਿਹਾ ਜਾਂਦਾ ਹੈ, ਇਹਨਾਂ ਧਾਰਮਿਕ ਸੰਸਕਾਰਾਂ ਵਿਰੁਧ ਵਿਦਰੋਹ ਕਰਕੇ ਵਿਸ਼ਵ ਦੀ ਆਤਮਾ ਨੂੰ ੴ (ਓਅੰਕਾਰ) ਕਹਿ ਕੇ ਸੰਬੋਧਿਤ ਕੀਤਾ। ਇਸ ਬਾਰੇ ਕਹਿੰਦੇ ਹਨ ਕਿ ਇਹ ਸੰਸਕ੍ਰਿਤ ਭਾਸ਼ਾ ਦੇ ਨੇਮਾਂ ਦੇ ਵਿਪਰੀਤ ਹੈ। ਨਹੀਂ ! ਇਹ ਤਾਂ ਰੂਪ-ਰਹਿਤ 'ਓਮ' ਨੂੰ ਰੂਪ ਵਿਚ ਸਾਕਾਰ ਕਰਨ ਦੀ ਪ੍ਰਕ੍ਰਿਆ ਹੈ, ਇਹ ਤਾਂ ਅਨੰਤ ਨੂੰ ਸ੍ਰਿਸ਼ਟੀ ਵਿਚ ਰੂਪਮਾਨ ਕਰਨਾ ਹੈ ਅਰਥਾਤ ਪ੍ਰਭੂ ਨੂੰ ਉਸ ਦੇ ਸਾਖਿਆਤ ਸਰੂਪ ਵਿਚ ਦਰਸਾਉਣਾ ਹੈ। ਗੁਰੂ ਜੀ ਨੇ ਤਾਂ ਸੂਖ਼ਮ ਵਿਚਲੇ ਯਥਾਰਥ ਤੋਂ ਗੱਲ ਆਰੰਭ ਕੀਤੀ ਹੈ। ਹਿੰਦੂਆਂ ਨੇ ਜਪ, ਤਪ, ਵਰਤ, ਨੇਮ, ਧਿਆਨ, ਪ੍ਰਾਸਚਿਤ, ਹਠ-ਯੋਗ, ਤਿਆਗ ਅਤੇ 'ਓਮ' ਸ਼ਬਦ ਦੇ ਬਾਰੰਬਾਰ ਜਾਪ ਦੀ ਸਾਧਨਾ ਨੂੰ ਯੋਗ ਅਤੇ ਧਰਮ ਦਾ ਆਦਿ ਦਸਿਆ ਹੈ। ਇਹਨਾਂ ਸਾਧਨਾਵਾਂ ਉਤੇ ਅਮਲ ਕਰਨ ਤੋਂ ਪਿਛੋਂ ਉਹ ਇਸ ਗੱਲ ਦਾ ਵਾਅਦਾ ਕਰਦੇ ਹਨ ਕਿ ਇਹਨਾਂ ਦੁਆਰਾ ਆਤਮਕ ਪੂਰਨਤਾ ਦੀ ਪ੍ਰਾਪਤੀ ਹੁੰਦੀ ਹੈ। ਇਹ ਅਸਾਧਾਰਨ ਰੂਪ ਦੀਆਂ ਸਾਧਨਾਵਾਂ ਹੀ ਉਹਨਾਂ ਦੀ ਆਤਮਿਕਤਾ ਵਿਚ ਸੰਮਿਲਿਤ ਹਨ। ਪਰ ਗੁਰੂ ਜੀ ਤਾਂ ਆਖਦੇ ਹਨ ਕਿ, "ਧਰਮ ਤਾਂ 'ਗੁਰ ਪ੍ਰਸਾਦਿ' ਅਰਥਾਤ ਪ੍ਰਭੂ ਦੀ ਨਦਰਿ ਕਰਮ ਤੋਂ ਹੀ ਆਰੰਭ ਹੁੰਦਾ ਹੈ। 'ਗੁਰ ਪ੍ਰਸਾਦਿ' ਤਾਂ ਮਨੁੱਖੀ ਵਿਅਕਤੀਤਵ ਦੇ ਅੰਤਹਕਰਣ ਵਿਚ ਘਟਣ ਵਾਲਾ ਇਕ ਪ੍ਰਤੀਕਰਮ ਹੁੰਦਾ ਹੈ। ਜਦੋਂ ਕਿਸੇ ਮਨੁੱਖ ਵਿਚ ਇਹ ਅੰਤਰੀਵ ਪ੍ਰਤੀਕਰਮ ਜਾਂ ਦੂਜੇ ਸ਼ਬਦਾਂ ਵਿਚ ਅੰਤਰੀਵ ਰੂਪਾਂਤਰਣ ਹੋ ਜਾਂਦਾ ਹੈ, ਤਾਂ ਉਹ ਪ੍ਰੇਮ-ਰੱਤਾ ਜਿਉੜਾ ਪ੍ਰਭੂ ਦੇ ਨਾਮ ਦਾ ਗੁਣ

ਗਾਇਨ ਕਰਦਾ ਹੈ। ਅਜਿਹੇ ਵਿਅਕਤੀ ਦਾ ਮਾਸ ਰੂਪੀ ਸਰੀਰ ਹੀ ਜੀਭਾ ਦਾ ਰੂਪ ਧਾਰਨ ਕਰ ਲੈਂਦਾ ਹੈ। ਇਹ ਤਾਂ ਸੁਤੇਸਿਧ ਰੂਪ ਦੀ ਆਪ ਮੁਹਾਰੀ ਪ੍ਰਕ੍ਰਿਆ ਹੀ ਹੁੰਦੀ ਹੈ, ਜਿਸ ਨੂੰ ਦੈਵੀ-ਪ੍ਰੇਰਨਾ ਦੀ ਭਾਵਨਾ ਤੋਂ ਆਧਾਰ ਮਿਲਦਾ ਹੈ। ਬ੍ਰਾਹਮਣਵਾਦੀ ਦਰਸ਼ਨ ਤੋਂ ਅਜਿਹੀ ਵਿਦਰੋਹ ਭਾਵੀ ਵਿਥ ਦੇ ਕਾਰਨ ਹੀ ਬ੍ਰਾਹਮਣਵਾਦੀ ਸਿਧਾਂਤਾਂ ਤੇ ਪ੍ਰਚਲਿਤ ਸ਼ਬਦਾਵਲੀ ਦੇ ਗੁਰੂ ਜੀ ਲਈ ਪੁਰਾਤਨ ਅਰਥ ਢੁਕਵੇਂ ਨਹੀਂ ਸਨ ਹੋ ਸਕਦੇ। ਗੁਰੂ ਜੀ ਦੇ ਮਨ ਦੀ ਨਵੀਂ ਦਿਸ਼ਾ ਨੇ ਇਸ ਦੇ ਨਵੇਂ ਮਹੱਤਵ ਨੂੰ ਉਜਾਗਰ ਕਰ ਦਿਤਾ ਸੀ ਤੇ ਗੁਰੂ ਦੇ ਸਿੱਖ ਨੂੰ ਵੀ ਇਸ ਦੀ ਜਾਣਕਾਰੀ ਸੀ। 'ਰਘੂਨਾਥ' ਦੇ ਅਰਥ 'ਪ੍ਰਭੂ' ਦੇ ਸਨ। ਰਾਮ, ਹਰੀ, ਸ਼ਿਵ, ਵਿਸ਼ਨੂੰ ਆਦਿ ਸਭ ਸ਼ਬਦਾਂ ਦੀ ਗੁਰੂ ਸਾਹਿਬਾਨ ਨੇ ਵਰਤੋਂ ਕੀਤੀ ਹੈ। ਅਸੀਂ ਵੀ ਇਸ ਗੱਲ ਨੂੰ ਮੰਨਦੇ ਹਾਂ, ਪਰ (ਬ੍ਰਾਹਮਣਵਾਦੀ ਸੰਸਕਾਰਾਂ ਅਧੀਨ) ਇਸ ਗੱਲ ਦਾ ਦਾਅਵਾ ਕੀਤਾ ਜਾਂਦਾ ਹੈ ਕਿ ਸਿੱਖ ਰਾਮ ਅਤੇ ਹੋਰ ਹਿੰਦੂ ਦੇਵ-ਮਾਲਾ ਦੇ ਉਪਾਸ਼ਕ ਹਨ।

ਇਸ ਤੋਂ ਵਧੇਰੇ ਕੋਈ ਹੋਰ ਬੇਤੁਕੀ ਗੱਲ ਨਹੀਂ ਹੋ ਸਕਦੀ। ਵੈਰਾਗੀ ਤੇ ਰਾਮ ਨਾਮ ਦੀ ਰੱਟ ਲਾਉਣ ਵਾਲੇ ਅਨੇਕ ਵਿਅਕਤੀ ਨਿਰਾਰਥਕ ਹੀ ਏਕਾਂਤਵਾਸਾਂ ਵਿਚ ਸ਼ਰਨ ਲਈ ਬੈਠੇ ਹਨ। ਪਰ ਇਹਨਾਂ ਦੀ ਤੁਲਨਾ ਵਿਚ ਸਿੱਖ ਤਾਂ ਰਾਮ ਨਾਮ ਦੇ ਗੀਤ ਦਾ ਆਪਣੇ ਨਿਤ ਦੇ ਜੀਵਨ ਵਿਚ ਹੀ ਗਾਇਨ ਕਰਦੇ ਹਨ ਅਤੇ ਆਪਣੇ ਜੀਵਨ ਦੇ ਹਰ ਅਮਲ ਵਿਚ ਇਸ ਨਾਲ ਜੁੜੇ ਰਹਿਣ ਕਾਰਨ ਸਿੱਖ ਪ੍ਰਗਤੀਸ਼ੀਲ ਕੌਮ ਬਣ ਗਈ ਹੈ, ਜਿਸ ਵਿਚ ਹਰ ਵਿਅਕਤੀ ਕਿਸੇ ਨਾ ਕਿਸੇ ਬੀਰ ਕਰਤੱਵ ਦਾ ਧਾਰਨੀ ਹੁੰਦਾ ਹੈ। ਜੋ ਸਿੱਖ ਅਜਿਹਾ ਰਾਸ਼ਟਰ ਨਹੀਂ ਵੀ ਬਣ ਸਕੇ ਤਾਂ ਗੁਰੂ ਜੀ ਦੇ ਸ਼ਬਦਾਂ ਵਿਚ ਤਾਂ ਉਹ ਸਿਰਜਣਾਤਮਿਕ ਸ਼ਕਤੀ ਮੌਜੂਦ ਹੈ ਜੋ ਮਹਾਨ ਜੀਵਿਤ ਕੌਮਾਂ ਦੀ ਸਿਰਜਣਾ ਕਰ ਸਕਦੀ ਹੈ। ਇਤਿਹਾਸਕ ਤੌਰ 'ਤੇ ਵੀ ਇਸ ਨੇ ਇਕ ਵਾਰ ਤਾਂ ਅਦੁਤੀ ਰੂਪ ਵਿਚ ਆਪਣੀ ਸ਼ਕਤੀ ਤੇ ਸਮਰਥਾ ਨੂੰ ਉਜਾਗਰ ਕਰ ਦਰਸਾਇਆ ਹੈ। ਕੀ ਇਹਨਾਂ ਵਿਦਵਾਨਾਂ ਦੇ ਅਰਥ ਬੋਧ ਇਸ ਗੱਲ ਨਾਲ ਮੇਲ ਨਹੀਂ ਖਾਣੇ ਚਾਹੀਦੇ ਕਿ ਇਹਨਾਂ ਸ਼ਬਦਾਂ ਦਾ ਪ੍ਰਭਾਵ ਲੋਕਾਂ ਦੇ ਜੀਵਨ ਉਤੇ ਕੀ ਪਿਆ ਹੈ ਤੇ ਹੁਣ ਵੀ ਕਿਵੇਂ ਪੈ ਰਿਹਾ ਹੈ ? ਕੀ ਇਹਨਾਂ ਵਿਦਵਾਨਾਂ ਦੀ ਤਿਕੜਮ-ਬਾਜ਼ੀ ਪਰੰਪਰਾ ਦੀਆਂ ਮੁਰਦਾ ਲੀਹਾਂ ਨੂੰ ਪੁਟਣ ਦੀ ਥਾਂ ਸੱਚ ਦੀ ਆਤਮਾ ਦਾ ਵਧੇਰੇ ਸਤਿਕਾਰ ਕਰਨ ਵਾਲੀ ਨਹੀਂ ਹੋ ਸਕਦੀ ? ਪਰੰਪਰਾ ਤਾਂ ਉਸ ਵਰਣ ਜਾਂ ਰੰਗ ਦੀ ਨਿਆਈਂ ਹੈ, ਜਿਸ ਵਿਚ ਕਿ ਮੇਰਾ ਜਨਮ ਹੋਇਆ ਹੈ। ਭਾਵੇਂ ਮੈਂ ਕਾਲਾ ਹਾਂ ਜਾਂ ਗੋਰਾ, ਇਸ ਦਾ ਮੇਰੀ ਆਤਮਾ ਨਾਲ ਕੋਈ ਵਾਸਤਾ ਨਹੀਂ ਹੈ। ਆਤਮਾ ਤਾਂ ਇਹਨਾਂ ਹੱਦਾਂ ਬੰਨਿਆਂ ਤੋਂ ਆਜ਼ਾਦ ਹੁੰਦੀ ਹੈ। ਲਾਹੌਰ ਵਿਚ ਸਭ ਤੋਂ ਸੁੰਦਰ ਨਮੂਨੇ ਦੀਆਂ ਇਮਾਰਤਾਂ ਵਿਲੱਖਣ ਸਰੂਪ ਵਾਲੀਆਂ ਹੀ ਹਨ ਤੇ ਇਹਨਾਂ ਦਾ ਸਾਧਾਰਨ ਚੂਨੇ ਗੱਚ, ਕੁਢੱਬੀਆਂ ਇਮਾਰਤਾਂ ਨਾਲ ਦੂਰ ਦਾ ਸੰਬੰਧ ਵੀ ਨਹੀਂ ਹੈ। ਕੋਈ ਵੀ ਇਮਾਰਤ ਇਸ ਵਿਚ ਵਰਤੀ ਗਈ ਘਟੀਆ ਸਮੱਗਰੀ ਦੇ ਅਸਰ ਤੋਂ ਬਚੀ ਨਹੀਂ ਰਹਿ

ਸਕਦੀ। ਠੀਕ ਇਸੇ ਤਰ੍ਹਾਂ ਹੀ ਗੁਰੂ ਜੀ ਨੇ ਧਰਮ ਦੇ ਖੇਤਰ ਵਿਚ ਜਿਹੜੀ ਕ੍ਰਾਂਤੀ ਲਿਆਂਦੀ ਅਤੇ ਜਿਹੜੇ ਆਦਰਸ਼ ਬ੍ਰਿਛ ਨੂੰ ਬੀਜਿਆ—ਉਹ ਬ੍ਰਾਹਮਣਵਾਦੀ ਭਾਸ਼ਾ ਤੇ ਮਿਥਿਹਾਸ ਤੋਂ ਬੜਾ ਉਚੇਰਾ ਹੈ।

ਅਸੀਂ ਗੁਰੂ ਸ਼ਬਦ ਬਾਰੇ ਵਿਸਥਾਰ ਨਾਲ ਵਿਚਾਰ ਕਰਾਂਗੇ ਕਿ ਕਿਸ ਤਰ੍ਹਾਂ ਸਿੱਖ ਇਤਿਹਾਸ ਵਿਚ ਇਸ ਪਦ ਦੀ ਵਰਤੋਂ ਕੀਤੀ ਗਈ ਹੈ; ਤਾਂ ਜੋ ਇਹ ਗੱਲ ਸਿਧ ਹੋ ਸਕੇ ਕਿ ਕਿਵੇਂ ਜਦੋਂ ਕੋਈ ਪ੍ਰਤਿਭਾ ਕਿਸੇ ਭਾਸ਼ਾ ਦੀ ਵਰਤੋਂ ਕਰਦੀ ਹੈ, ਤਾਂ ਉਹ ਭਾਸ਼ਾ ਨਵੀਨ ਅਰਥ ਗ੍ਰਹਿਣ ਕਰ ਜਾਂਦੀ ਹੈ। 'ਗੁਰੂ' ਦਾ ਸੰਕਲਪ, ਜੋ ਕਿ ਗੁਰੂ ਨਾਨਕ ਸਾਹਿਬ ਦੇ ਮਨ ਵਿਚ ਵਿਦਮਾਨ ਸੀ—ਅਜਿਹੇ ਅਰਥ ਰਖਦਾ ਹੈ, ਜਿਸ ਨੂੰ ਅਗਾਮੀ ਭਵਿੱਖ ਵਿਚ ਵਿਕਾਸ ਕਰ ਰਹੀ ਮਾਨਵਤਾ ਵੀ ਇਸ ਦੇ ਸੰਪੂਰਨ ਅਰਥਾਂ ਨੂੰ ਸਮਾਂ ਪਾ ਕੇ ਹੀ ਜਾਣ ਸਕੇਗੀ। 'ਗੁਰੂ' ਤਾਂ ਸਰਬ ਸਾਧਾਰਨ ਲੋਕਾਂ ਵਿਚ ਬੜਾ ਪ੍ਰਚਲਿਤ ਸ਼ਬਦ ਹੈ। ਸ਼ੰਕਰ, ਰਾਮਾਨੰਦ ਅਤੇ ਕਬੀਰ ਦੇ ਪੈਰੋਕਾਰਾਂ ਨੇ ਇਸ ਦੀ ਪੁਨਰ ਸੁਰਜੀਤੀ ਕੀਤੀ। ਮੱਧ ਕਾਲ ਦੇ ਸਾਰੇ ਭਗਤਾਂ ਨੇ ਇਸ ਸ਼ਬਦ ਦੀ ਵਰਤੋਂ ਕੀਤੀ ਹੈ। ਦਸ ਗੁਰੂ ਸਾਹਿਬਾਨ ਨੇ ਵੀ ਇਸੇ ਸ਼ਬਦ ਦੀ ਵਰਤੋਂ ਕੀਤੀ ਹੈ, ਪਰ ਇਸ ਦਾ ਇਹ ਭਾਵ ਕਦਾਚਿਤ ਨਹੀਂ ਕਿ ਗੁਰੂ ਸਾਹਿਬਾਨ ਨੇ ਇਸ ਸ਼ਬਦ ਦੀ ਉਸੇ ਤਰ੍ਹਾਂ ਵਰਤੋਂ ਕੀਤੀ ਹੈ, ਜਿਸ ਤਰ੍ਹਾਂ ਕਿ ਆਪ ਦੇ ਪੂਰਵਕਾਲੀਆਂ ਨੇ ਇਸ ਦਾ ਉਪਯੋਗ ਕੀਤਾ ਸੀ।

ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖ, ਅੰਗਦ ਨੂੰ ਗੁਰਗਦੀ ਬਖ਼ਸ਼ੀ ਤੇ ਉਹਨਾਂ ਨੂੰ ਗੁਰੂ ਅੰਗਦ ਕਹਿ ਕੇ ਸੰਬੋਧਿਤ ਕੀਤਾ। ਜਿਸ ਰੱਬੀ ਗਾਇਕ ਨੇ ਆਰਤੀ ਦਾ ਉਚਾਰਨ ਕੀਤਾ ਸੀ, ਉਸ ਨੇ ਅੰਗਦ ਦੇਵ ਜੀ ਨੂੰ ਨਮਸਕਾਰ ਕੀਤੀ। ਇਹ ਗੱਲ ਬੜੀ ਮਹੱਤਵਪੂਰਨ ਹੈ। ਫਿਰ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਦੀ ਸਮੂਹ ਸੰਗਤ (ਖ਼ਾਲਸਾ) ਨੂੰ ਨਮਸਕਾਰ ਕੀਤੀ ਅਤੇ ਪ੍ਰੇਮ ਰੱਤੜੀਆਂ ਜਿੰਦੜੀਆਂ ਅਰਥਾਤ ਗੁਰਮੁਖ ਨੂੰ ਨਮਸਕਾਰ ਕੀਤੀ। ਫਿਰ ਆਪ ਜੀ ਨੇ ਨੌਵਾਂ ਪਾਤਸ਼ਾਹੀਆਂ ਨੂੰ ਨਮਸਕਾਰ ਕੀਤੀ। ਗੁਰੂ ਅਰਜਨ ਦੇਵ ਜੀ ਸਿੱਖ ਦੇ ਭੇਸ ਵਿਚ ਦਰਸ਼ਨ ਕਰਨ ਲਈ ਆਉਣ ਵਾਲੀ ਸੰਗਤ ਨੂੰ ਅਗਲਵਾਂਡੀ ਹੋ ਕੇ ਸੜਕ ਉਤੇ ਜਾ ਮਿਲਦੇ ਸਨ। ਆਪ ਨੇ ਜਲ ਦੀ ਬਾਲਟੀ ਚੁਕੀ ਹੋਈ ਹੁੰਦੀ ਸੀ ਤੇ ਗੁਰੂ ਜੀ ਦੀ ਪਤਨੀ (ਮਾਤਾ ਜੀ) ਨੇ ਪ੍ਰਸ਼ਾਦਿਆਂ ਦਾ ਟੋਕਰਾ ਚੁਕਿਆ ਹੋਇਆ ਹੁੰਦਾ ਸੀ। ਦੋਵੇਂ ਰਲ ਕੇ ਸਿੱਖਾਂ ਦੇ ਭੇਸ ਵਿਚ ਆਈ ਸੰਗਤ ਦੀ ਅਗਿਆਤ ਰੂਪ ਵਿਚ ਟਹਿਲ ਸੇਵਾ ਕਰਦੇ ਸਨ। ਇਸ ਗੱਲ ਤੇ ਆਪਣੇ ਸਿੱਖਾਂ ਲਈ ਗੁਰੂ ਜੀ ਦੇ ਹਿਰਦੇ ਵਿਚ ਕਿੰਨਾਂ ਪ੍ਰੇਮ ਸੀ—ਭਲੀ ਪ੍ਰਕਾਰ ਪ੍ਰਗਟ ਹੋ ਜਾਂਦਾ ਹੈ। ਗੁਰੂ ਦੇ ਸਿੱਖ 'ਧੰਨ ਗੁਰੂ-ਧੰਨ ਗੁਰੂ' ਦਾ ਜਾਪ ਕਰਦੇ ਹੋਏ ਜਦੋਂ ਅੰਮ੍ਰਿਤਸਰ ਪੁਜਦੇ ਤਾਂ ਇਹ ਵੇਖ ਕੇ ਹੈਰਾਨ ਹੋ ਜਾਂਦੇ ਕਿ ਉਹਨਾਂ ਵਰਗਾ ਇਕ ਸਿੱਖ ਹੀ ਗੁਰੂ ਦੇ ਰੂਪ ਵਿਚ ਸੁਭਾਇਮਾਨ ਹੋ ਗਿਆ ਸੀ। ਸੰਗਤ ਜਾਂ ਸਿੱਖਾਂ ਦਾ ਜਨ-ਸਮੂਹ ਗੁਰੂ ਜੀ ਨੂੰ ਇਨਾਂ ਪਿਆਰਾ ਸੀ ਕਿ ਇਹ ਰੱਬੀ ਮਾਨਵਤਾ ਦਾ ਜੋੜ ਮੇਲ ਹੁੰਦਾ ਸੀ। ਗੁਰੂ ਸਾਹਿਬਾਨ ਤੋਂ ਪਹਿਲਾਂ ਕੋਈ ਵੀ ਪੈਗੰਬਰ ਜਾਂ ਅਵਤਾਰ ਆਪਣੇ ਬਰਾਬਰ

ਦਾ ਕਿਸੇ ਹੋਰ ਨੂੰ ਨਹੀਂ ਸੀ ਸਮਝਦਾ। ਗੁਰੂ ਨਾਨਕ ਦੇਵ ਜੀ ਲਈ ਤਾਂ ਗੁਰੂ ਪ੍ਰੇਰਨਾ ਭਰਪੂਰ ਜੀਵਨ ਦਾ ਉਹ ਸੋਮਾ ਸੀ, ਜਿਸ ਦਾ ਵਰਣਨ ਨਹੀਂ ਸੀ ਕੀਤਾ ਜਾ ਸਕਦਾ, ਜਿਸ ਦੇ ਮਨੁੱਖੀ ਹਿਰਦੇ ਵਿਚ ਪ੍ਰਭੂ-ਪ੍ਰੀਤਮ ਲਈ ਤੀਬਰ ਪ੍ਰੇਮ ਭਾਵਨਾ ਮੌਜੂਦ ਸੀ। ਗੁਰੂ ਤਾਂ ਵਰਣਨ ਤੋਂ ਬਾਹਰ ਸੀ। ਸੰਗਤ ਲਈ ਤਾਂ 'ਗੁਰੂ' ਸ਼ਬਦ ਦਾ ਸਰਗੁਣ ਸਰੂਪ ਸੀ, ਪਰ ਗੁਰੂ ਜੀ ਲਈ ਤਾਂ 'ਗੁਰੂ' ਉਹ ਸੰਗਤ ਸੀ, ਜੋ ਪ੍ਰਭੂ-ਪ੍ਰੀਤਮ ਦੇ ਪ੍ਰੇਮ ਵਿਚ ਪ੍ਰਤੀਕ ਰੂਪ ਵਿਚ ਰੰਗੀ ਹੋਈ ਸੀ।

'ਗੁਰ ਪ੍ਰਸਾਦਿ' ਤਾਂ ਉਹ ਅੰਤਰੀਵ ਪ੍ਰਤੀਕਰਮ ਹੈ, ਜੋ ਮਨੁੱਖ ਰੂਪੀ ਧਾਤ ਦੀ ਕਾਇਆ-ਕਲਪ ਕਰ ਦਿੰਦਾ ਹੈ। ਇਹ ਤਾਂ ਕਿਸੇ ਵਿਅਕਤੀ ਦੇ ਆਤਮਕ ਰੂਪਾਂਤਰਣ ਕਰ ਦੇਣ ਦਾ ਵਰਤਾਰਾ ਹੈ। ਇਸ ਪਿਛੋਂ ਇਸ ਸ਼ਬਦ ਨੇ ਨਵੇਂ ਅਰਥ ਧਾਰਨ ਕਰ ਲਏ ਹਨ। 'ਗੁਰੂ ਪ੍ਰਸਾਦਿ' ਤੋਂ ਪਿਛੋਂ ਲਿਖੇ ਗਏ ਸ਼ਬਦ 'ਜਪੁ' ਦੇ ਅਰਥ ਉਹ ਨਹੀਂ ਹਨ, ਜਿਹੜੇ ਕਿ ਬ੍ਰਾਹਮਣ-ਮਤ ਤੇ ਪਾਤੰਜਲੀ ਦੇ ਯੋਗ-ਸ਼ਾਸਤਰ ਵਿਚ ਮਿਲਦੇ ਹਨ। ਇਹ ਕੋਈ ਸਾਧਨਾ ਨਹੀਂ ਹੈ, ਜਿਸ ਵਿਚ ਬ੍ਰਹਮ ਦੇ ਨਾਮ ਦੀ ਮਾਲਾ ਫੇਰੀ ਜਾਂਦੀ ਹੈ। ਗੁਰੂ ਗੋਬਿੰਦ ਸਿੰਘ ਜੀ ਤੇ ਉਹਨਾਂ ਤੋਂ ਪਹਿਲਾਂ ਹੋਏ ਸਾਰੇ ਗੁਰੂ ਸਾਹਿਬਾਨ ਨੇ ਜਪੁ ਯੰਤਰਵਤ ਮਾਲਾ ਫੇਰਨ ਅਤੇ ਤਪ ਤਿਆਗ ਦੀਆਂ ਪ੍ਰਤਿਗਿਆਵਾਂ ਅਤੇ ਹੋਰ ਸੰਜਮ ਧਾਰਨ ਕਰਨ ਲਈ ਕੀਤੇ ਸਾਧਨਾਂ ਦਾ ਉਨਾਂ ਚਿਰ ਤਕ ਖੰਡਨ ਕੀਤਾ ਹੈ, ਜਿੰਨਾਂ ਚਿਰ ਤਕ ਕਿ ਇਹ ਅੰਤਰੀਵ ਪ੍ਰੇਰਨਾ ਦਾ ਰੂਪ ਧਾਰਨ ਨਹੀਂ ਕਰ ਲੈਂਦੇ। ਧਰਮ ਤਾਂ ਪ੍ਰੇਮ ਹੈ। ਪਹਿਲਾਂ ਪ੍ਰੇਮ ਕਰਨਾ ਸਿਖੋ, ਫਿਰ ਸਭ ਕੁਝ ਸੰਮਿਲਿਤ ਹੋਵੇਗਾ। ਇਹ ਤਾਂ ਗੁਰੂ ਸਾਹਿਬਾਨ ਦੀ ਉਹ ਯੋਜਨਾ ਹੈ, ਜਿਸ ਦੁਆਰਾ ਮਨੁੱਖ ਦੀ ਆਤਮਾ ਵਿਚ ਉਹ ਮਹਾਂ-ਅਨੰਦ ਉਤਪੰਨ ਹੋ ਜਾਂਦਾ ਹੈ, ਜੋ ਉਸ ਅੰਦਰ ਵਿਆਪਕ ਪਵਿੱਤਰ ਆਤਮਾ ਦੇ ਆਗਮਨ ਨਾਲ ਸਾਰੇ ਆਤਮਕ ਮੰਡਲ ਨੂੰ ਪ੍ਰਜਵਲਿਤ ਕਰ ਦਿੰਦਾ ਹੈ। ਇਸ ਦੁਆਰਾ ਮਨੁੱਖ ਦੀ ਕਾਇਆ-ਕਲਪ ਹੋ ਜਾਂਦੀ ਹੈ, ਉਸ ਦਾ ਨਵਾਂ ਆਤਮਕ ਰੂਪਾਂਤਰਣ ਹੋ ਜਾਂਦਾ ਹੈ ਅਤੇ ਉਹ 'ਗੁਰਮੁਖ' ਬਣ ਜਾਂਦਾ ਹੈ। ਪਰ ਇਹ ਸਭ ਕੁਝ ਬੜੇ ਸਹਿਜ ਤੇ ਕੁਦਰਤੀ ਰੂਪ ਵਿਚ ਹੁੰਦਾ ਹੈ। ਕੇਵਲ ਮਨੁੱਖੀ ਯਤਨ ਇਸ ਵਿਚ ਸਹਾਇਕ ਸਿਧ ਨਹੀਂ ਹੋ ਸਕਦੇ। ਬ੍ਰਾਹਮਣ-ਮਤ ਦੇ ਧਰਮ ਸ਼ਾਸਤਰੀ ਅਤੇ ਸੰਸ਼ਲੇਸ਼ਣਾਤਮਿਕ ਮਨੁੱਖ ਦੇ ਯਤਨਾਂ ਦੁਆਰਾ ਕੀਤੇ ਗਏ ਵਿਧੀ ਵਿਧਾਨ ਤੋਂ ਇਹ ਵਖਰੀ ਭਾਂਤ ਦੀ ਗੱਲ ਸੀ, ਜਿਸ ਦੁਆਰਾ ਕਿ ਗੁਰਮਤ ਤੇ ਬ੍ਰਾਹਮਣ-ਮਤ ਦੇ ਮੂਲ ਅੰਤਰ ਨੂੰ ਜਾਣਿਆ ਜਾ ਸਕਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਜੋ ਕੁਝ ਪ੍ਰਦਾਨ ਕੀਤਾ, ਗੁਰੂ ਅੰਗਦ ਦੇਵ ਜੀ ਨੇ ਉਸੇ ਨੂੰ ਗ੍ਰਹਿਣ ਕਰ ਲਿਆ ਅਤੇ ਉਹ ਸਭ ਕੁਝ ਗੁਰੂ ਅੰਗਦ ਦੇਵ ਜੀ ਵਿਚ ਪ੍ਰਵਾਹਿਤ ਹੋ ਗਿਆ। ਜਿਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਨੇ ਨਮਸਕਾਰ ਕੀਤੀ ਸੀ ਤੇ ਕਿਹਾ ਸੀ, ''ਤੁਸੀਂ ਹੁਣ ਗੁਰੂ ਹੋ।'' ਇਸ ਪ੍ਰਕਾਰ ਮਨੁੱਖੀ ਸਰੀਰ ਦਾ ਜੀਵਿਤ ਸ਼ਬਦ ਦੇ ਰੂਪ ਵਿਚ ਰੂਪਾਂਤਰਣ ਹੋ ਗਿਆ, ਮਨੁੱਖੀ ਸਰੂਪ ਹੀ 'ਸ਼ਬਦ ਬ੍ਰਹਮ' ਬਣ ਗਿਆ। 'ਸ਼ਬਦ' ਹੀ ਗੁਰੂ ਨਾਨਕ ਦੇਵ ਜੀ ਦੀ ਸਰਵੁਚ

ਭਾਵਨਾ ਸੀ, ਜਿਸ ਨੂੰ ਗੁਰੂ ਅੰਗਦ ਵਿਚ ਟਿਕਾ ਦਿਤਾ ਗਿਆ। ਗੁਰੂ ਦੇ ਸ਼ਬਦ ਨੇ ਉਹਨਾਂ ਨੂੰ ਦੇਵਤਾ ਬਣਾ ਦਿਤਾ। ਇੰਜ ਗੁਰੂ ਨਾਨਕ ਦੇਵ ਜੀ ਨੇ ਨਵੇਂ ਗੁਰੂ ਨਾਨਕ ਦੀ ਸਿਰਜਣਾ ਕਰ ਦਿਤੀ।

ਗੁਰੂ ਨਾਨਕ ਦੇਵ ਜੀ ਨੇ ਅੰਗਦ ਨਾਮ ਦੇ ਇਕ ਵਿਅਕਤੀ ਨੂੰ ਨਮਸਕਾਰ ਕੀਤੀ। ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਆਪਣੇ ਮਨ ਦੇ ਨਿਗਰ ਯਥਾਰਥ ਅਗੇ ਨਮਸਕਾਰ ਕੀਤੀ ਸੀ—ਉਹ ਸੀ ਸਿੱਖ ਦੇ ਵਿਅਕਤੀਤਵ ਦਾ ਜਾਗ੍ਰਤ-ਜੋਤ ਦੇ ਰੂਪ ਵਿਚ ਕੀਤਾ ਗਿਆ ਨਿਰਮਾਣ। ਇਸ ਸਿਰਜੇ ਗਏ 'ਖ਼ਾਲਸਾ' ਦੇ ਰੱਖਿਅਕ ਸਨ, ਦੇਵ ਲੋਕ ਵਿਚ ਨਿਵਾਸ ਕਰ ਰਹੇ ਨੌਂ ਗੁਰੂ ਸਾਹਿਬਾਨ। ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਉਸ ਮਨੁੱਖ ਸਮੂਹ ਨੂੰ ਨਮਸਕਾਰ ਕੀਤੀ, ਜਿਨ੍ਹਾਂ ਦਾ ਗੁਰੂ ਦੁਆਰਾ ਆਤਮਕ ਰੁਪਾਂਤਰਣ ਕੀਤਾ ਗਿਆ ਸੀ ਤੇ ਜੋ ਗੁਰੂ ਰੂਪ ਬਣ ਗਏ ਸਨ। ਗੁਰੂ ਗੋਬਿੰਦ ਸਿੰਘ ਜੀ ਦਾ ਤਾਂ ਆਪਣਾ ਹੀ ਬ੍ਰਹਿਮੰਡ ਸ਼ੀ, ਜਿਸ ਦੇ ਆਕਾਸ਼ ਦੇ ਸਿਤਾਰੇ ਵੀ ਆਪਣੇ ਹੀ ਸਨ। ਦਸਮ ਗੁਰੂ ਜੀ ਨੇ ਜਿਹੜੀ ਅਰਦਾਸ ਦੀ ਰਚਨਾ ਕੀਤੀ, ਉਹ ਆਤਮਾ ਦੇ ਉਚੇਰੇ ਮੰਡਲ ਵਿਚ ਵਿਚਰ ਰਹੇ ਆਪਣੇ ਨੌਂ ਪੂਰਵਜਾਂ ਨੂੰ ਸੰਬੋਧਿਤ ਕੀਤੀ ਗਈ ਹੈ। ਇਹ ਕਿਸੇ ਅਨਿਜੀ ਜਾਂ ਨਿਰਗੁਣ ਬ੍ਰਹਮ ਨੂੰ ਸੰਬੋਧਿਤ ਪ੍ਰਾਰਥਨਾਵਾਂ ਤਾਂ ਅਰਥਹੀਣ ਹਨ। ਗੁਰੂ ਜੀ ਨੇ ਜਿਥੇ ਇਤਨਾਂ ਕੁਝ ਮਾਨਵ ਅਵਤਾਰ ਦੇਵਤਿਆਂ ਅਤੇ ਸੱਖਣੇ ਪ੍ਰਾਭੌਤਿਕ ਸੰਕਲਪਾਂ ਅਰਥਾਤ ਉਹਨਾਂ ਦੁਆਰਾ ਮਨੋ-ਉਕਤ ਆਤਮਾਵਾਂ ਕਲਪਿਤ ਦੇਵੀ ਦੇਵਤਿਆਂ ਦੇ ਖੰਡਨ ਵਜੋਂ ਇੰਨਾਂ ਕੁਝ ਲਿਖਿਆ ਹੈ—ਉਹ ਆਪਣੇ ਬਾਲਾਂ (ਖ਼ਾਲਸਾ ਸਮੂਹ) ਨੂੰ ਉਹਨਾਂ ਦੀਆਂ ਮਾਤਾਵਾਂ ਦੀਆਂ ਝੋਲੀਆਂ ਵਿਚ ਹੀ ਸੌਂਪ ਸਕਦੇ ਸਨ। ਇਹ ਨਹੀਂ ਸੀ ਹੋ ਸਕਦਾ ਕਿ ਉਹ ਇਹਨਾਂ ਨਵ-ਜਾਇਆਂ ਨੂੰ ਦਰਿਆ ਵਿਚ ਸੁਟ ਦਿੰਦੇ। ਆਪ ਨੇ ਤਾਂ ਆਪਣੇ ਸੁੰਦਰ ਖ਼ਾਲਸਾ ਸਮੂਹ ਅਰਥਾਤ ਸਿੱਖਾਂ ਨੂੰ ਦਸ ਗੁਰੂ ਸਾਹਿਬਾਨ ਦੀ ਸੌਂਪਣਾ ਵਿਚ ਹੀ ਸੌਂਪਿਆ ਹੈ। ਆਪ ਨੇ ਆਪਣੇ ਖ਼ਾਲਸੇ ਨੂੰ ਉਹਨਾਂ ਦੀ ਸੁਰੱਖਿਆ ਵਿਚ ਸੌਂਪ ਦਿਤਾ।

ਮਨੁੱਖ ਦੇ ਸਭ ਗੀਤਾਂ ਨਾਲੋਂ ਸਿੱਖ ਅਰਦਾਸ ਸਭ ਤੋਂ ਵਧੇਰੇ ਅਧਿਆਤਮਕਤਾ ਨਾਲ ਭਰਪੂਰ ਹੈ। ਇਹ ਅਰਦਾਸ ਜੋ ਦਸਾਂ ਪਾਤਸ਼ਾਹੀਆਂ ਨੂੰ ਸੰਬੋਧਿਤ ਹੈ—ਇਸ ਧਰਤ ਉਤੇ ਆਪਣੇ ਪੂਰਵਜਾਂ ਨਾਲ ਮੁੜ ਸੰਜੋਗ ਸਥਾਪਿਤ ਕਰਵਾਉਣ ਵਾਲੀ ਹੈ। ਅਕਾਲ ਪੁਰਖ, ਸਤਿਗੁਰੂ, ਗੁਰੂ ਤੇ ਦਸਾਂ ਪਾਤਸ਼ਾਹੀਆਂ ਤੋਂ ਭਾਵ ਹੈ, ਦਸ ਗੁਰੂ ਸਾਹਿਬਾਨ ਨਾਲ ਇਕ ਅਜਿਹਾ ਆਤਮਕ ਰਿਸ਼ਤਾ ਸਥਾਪਿਤ ਕਰ ਲੈਣਾ ਜਿਸ ਦੀ ਪਰਿਭਾਸ਼ਾ ਨਹੀਂ ਕੀਤੀ ਜਾ ਸਕਦੀ। ਇਸ ਨੂੰ ਤਾਂ ਕੇਵਲ ਸਿਮਰਨ ਰੂਪ ਵਿਚ ਹੀ ਕਿਸੇ ਵਿਸ਼ੇਸ਼ ਨੁਕਤੇ ਉਤੇ ਅਨੁਭਵ ਦੁਆਰਾ ਹੀ ਜਾਣਿਆਂ ਜਾ ਸਕਦਾ ਹੈ। ਗੁਰੂ ਸਾਹਿਬ ਦਾ ਇਸ ਸਿੱਖੀ ਦੀ ਭਾਵਨਾ ਤੋਂ ਭਾਵ ਉਸ ਪ੍ਰੇਮ ਤੋਂ ਹੈ, ਜੋ ਉਹਨਾਂ ਰੱਬੀ ਜੋਤਾਂ ਤੋਂ ਪ੍ਰਵਾਹਿਤ ਹੋ ਕੇ ਉਹਨਾਂ ਦੇ ਅੰਤਹਿਕਰਣ ਵਿਚ ਸਜੀਵ ਹੋ ਉਠਦਾ ਹੈ। ਇਹ ਗੁਰੂ ਆਤਮਾਵਾਂ ਵੀ ਭਾਵੇਂ ਹੁਣ ਆਪਣੇ ਦੇਹ ਸਰੂਪ ਵਿਚ ਮੌਜੂਦ ਨਹੀ ਹਨ, ਪਰ ਇਸ ਤ੍ਰੈ-ਆਯਾਮੀ ਆਕਾਸ਼

ਵਿਚ ਹਾਲੀ ਵੀ ਸੁਭਾਇਮਾਨ ਹਨ ਅਤੇ ਜਦੋਂ ਕੁਝ ਵਿਸ਼ੇਸ਼ ਸ਼ਕਤੀਆਂ ਦੀ ਸੰਤੁਸ਼ਟੀ ਹੋ ਜਾਂਦੀ ਹੈ, ਤਾਂ ਉਹਨਾਂ ਦਾ ਅਨੁਭਵ ਪ੍ਰਾਪਤ ਕੀਤਾ ਜਾ ਸਕਦਾ ਹੈ। ਗੁਰਮਤ ਵਿਚ ਨਾਮ ਦੀ ਵਿਸ਼ੇਸ਼ ਹੋਂਦ ਹੈ। ਸਾਰਾ ਗੁਰੂ ਗਰੰਥ ਸਾਹਿਬ ਇਹਨਾਂ ਉਪਦੇਸ਼ਾਂ ਨਾਲ ਭਰਪੂਰ ਹੈ। ਗੁਰੂ ਨਾਨਕ ਦੇ ਨਾਮ ਦੀ ਵਿਸ਼ੇਸ਼ ਹੋਂਦ ਹੈ। ਇਹ ਗੱਲ ਬੜੀ ਵਿਸ਼ੇਸ਼ ਹੈ ਕਿ ਜਿਥੇ ਗੁਰੂ ਗੋਬਿੰਦ ਸਿੰਘ ਜੀ ਸਭ ਫੋਕਟ ਧਰਮਾਂ ਦਾ ਖੰਡਨ ਕਰਦੇ ਹਨ, ਉਥੇ ਆਪ ਇਹ ਫਰਮਾਉਂਦੇ ਹਨ, "ਨਾਮ ਮੇਰਾ ਆਸਰਾ ਹੈ, ਜਿਵੇਂ ਕਿ ਇਹ ਗਨਿਕਾ ਦੀ ਟੇਕ ਸੀ।"

ਸਾਡੇ ਆਪਣੇ ਦ੍ਰਿਸ਼ਟੀਕੋਣ ਅਤੇ ਪ੍ਰਾਚੀਨ ਮਿਸਰ ਦੇ ਚਿੰਤਨ ਜੋ ਉਥੋਂ ਪ੍ਰਾਪਤ ਹੋਈ ਸਮੱਗਰੀ ਨੂੰ ਘੋਖਣ ਪੜਤਾਲਣ ਉਪਰੰਤ ਬੋਧ ਹੁੰਦਾ ਹੈ—ਦੇ ਪੱਖ ਤੋਂ ਵੀ ਇਹ ਗੱਲ ਸਿਧ ਹੁੰਦੀ ਹੈ ਕਿ ਨਾਮ ਵਿਚ ਬਹੁਤ ਕੁਝ ਹੈ। ਇਥੋਂ ਤਕ ਕਿ ਕੁਝ ਨਾਮਾਂ ਦੇ ਕੇਵਲ ਰੱਟਣ ਮਾਤਰ ਵਿਚ ਬੜੀ ਵਾਸਤਵਿਕ ਸ਼ਕਤੀ ਛੁਪੀ ਹੋਈ ਹੈ, ਜੋ ਕਈ ਵਾਰ ਬੜਾ ਭਿਅੰਕਰ ਰੂਪ ਧਾਰਨ ਕਰ ਸਕਦੀ ਹੈ। ਜਿਸ ਨੂੰ ਅਸੀਂ ਇਸ ਲੋਕ ਵਿਚ ਹੁਣ ਵੀ ਜਾਣ ਸਕਦੇ ਹਾਂ, ਪਰ ਜਿਹੜੀ ਗੱਲ ਤੁਹਾਨੂੰ ਹੁਣ ਮੂਰਖਾਂ ਵਾਲੀ ਜਾਪਦੀ ਹੈ, ਸਾਡੇ ਲਈ ਉਹ ਨਾਮ ਦੀ ਹੋਂਦ ਵਿਸ਼ੇਸ਼ ਤੌਰ 'ਤੇ ਸਤਿਕਾਰਯੋਗ ਹੈ।

ਦੇਵ ਲੋਕ ਦੀਆਂ ਨਿਮਨ ਕੋਟੀਆਂ ਉਤੇ ਹਾਲੀ ਵੀ ਪਰਦਾ ਪਿਆ ਹੋਇਆ ਹੈ।

ਸਿੱਖ ਇਤਿਹਾਸ ਵਿਚ ਸਿੱਖਾਂ ਨੇ ਗੁਰੂ ਜੀ ਨੂੰ ਤਨਖਾਹ ਲਗਾ ਦਿਤੀ ਸੀ। ਗੁਰੂ ਜੀ ਆਪਣੇ ਸਿੱਖਾਂ ਵਿਚ ਇਸ ਸੁਤੰਤਰਤਾ ਦੀ ਭਾਵਨਾ ਨੂੰ ਉਪਜਦੀ ਵੇਖ ਕੇ ਮੁਸਕਰਾ ਪਏ ਅਤੇ ਆਪ ਨੇ ਇਸ ਤਨਖਾਹ ਅਨੁਸਾਰ ਲਗਾਏ ਦੰਡ ਨੂੰ ਭਰ ਦਿਤਾ। ਸਿੱਖ ਗੁਰੂ ਜੀ ਦੀ ਖ਼ਾਤਰ ਜੂਝ ਮਰਦੇ ਸਨ, ਪਰ ਗੁਰੂ ਜੀ ਨੇ ਵੀ ਆਪਦੇ ਸਿੱਖਾਂ ਲਈ ਆਪਣਾ ਸਰਬੰਸ ਵਾਰ ਦਿਤਾ। ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਸਦੀਵੀ ਤੌਰ 'ਤੇ ਵੀ ਆਪਣੇ ਆਪ ਨੂੰ ਖ਼ਾਲਸੇ ਵਿਚ ਤਦਰੂਪ ਕਰ ਲਿਆ ਸੀ। ਖ਼ਾਲਸਾ ਗੁਰੂ ਜੀ ਦਾ ਹੀ ਨਿਜ ਸਰੂਪ ਹੈ—ਖ਼ਾਲਸਾ ਹੀ ਗੁਰੂ ਰੂਪ ਹੈ। ਗੁਰੂ ਜੀ ਵਲੋਂ ਦਰਸਾਏ ਗਏ ਇਸ ਪ੍ਰੇਮ ਨੇ ਸਿੱਖਾਂ ਨੂੰ ਹਲੂਣ ਦਿਤਾ, ਪਰ ਇਕ ਨਵਾਂ ਜੀਵਨ ਪ੍ਰਾਪਤ ਕਰ ਚੁਕੇ ਲੋਕਾਂ ਨੇ ਵੀ ਗੁਰੂ ਜੀ ਲਈ ਅਥਾਹ ਪ੍ਰੇਮ ਦਰਸਾਇਆ। ਕੀ ਸਾਰੇ ਸਿੱਖ ਇਤਿਹਾਸ ਨੇ ਬ੍ਰਾਹਮਣ-ਮਤ ਦੀ ਮਾਨਵ ਪੂਜਾ ਵਿਰੁਧ ਵਿਦਰੋਹ ਨਹੀਂ ਸੀ ਕੀਤਾ ? ਭਾਵੇਂ ਵੇਖਣ ਵਿਚ ਇੰਜ ਹੀ ਲਗਦਾ ਹੈ, ਜਿਵੇਂ ਸਿੱਖ ਗੁਰੂ ਦੇ ਰੂਪ ਵਿਚ ਮਾਨਵ ਪੂਜਾ ਹੀ ਕਰ ਰਹੇ ਹੋਣ। ਇੰਜ ਸਿੱਖ-ਮਤ ਅਨੁਸਾਰ ਗੁਰੂ ਉਸ ਪ੍ਰੇਰਨਾਸ਼ੀਲ ਜਾਂ ਆਵੇਸ਼ਗਤ ਜੀਵਨ ਦਾ ਪ੍ਰਤੀਕ ਹੈ, ਜਿਸ ਦੀ ਪਰਿਭਾਸ਼ਾ ਨਹੀਂ ਕੀਤੀ ਜਾ ਸਕਦੀ ਅਤੇ ਇਸ ਨੂੰ ਕੇਵਲ ਜੀਵਨ ਭਰ ਦੇ ਨਾਮ ਅਭਿਆਸ ਦੀ ਕਮਾਈ ਦੁਆਰਾ ਹੀ ਜਾਣਿਆਂ ਜਾ ਸਕਦਾ ਹੈ। ਸਿੱਖੀ ਜੀਵਨ ਦੀ ਆਤਮਾ ਨਾਲ ਉਸ ਦਾ ਨੇੜੇ ਦਾ ਸੰਬੰਧ ਸਥਾਪਿਤ ਹੋ ਜਾਂਦਾ ਹੈ। ਨਾਮ ਤਾਂ ਇਕ ਬ੍ਰਹਿਮੰਡ-ਵਿਆਪੀ ਨਿਰੰਤਰ ਚਲ ਰਿਹਾ ਵਰਤਾਰਾ ਹੈ। ਗੁਰੂ ਤਾਂ

ਉਸ ਅਗਾਧ ਬੋਧ, ਆਵੇਸ਼ਗਤ, ਆਤਮਸਤਾ ਦਾ ਸਾਖਿਆਤ ਪ੍ਰਮਾਣ ਹੈ ਅਤੇ ਨਾਮ ਉਹ ਅਨੁਭਵ ਹੈ, ਜੋ ਇਸ ਦੀ ਵੰਨ-ਸੁਵੰਨੀ ਭਰਪੂਰਤਾ ਤੇ ਉਚਤਾ ਦਾ ਅਨੁਭਵ ਕਰਵਾਉਂਦਾ ਹੈ। ਸਰਵੋਤਮ ਰੂਪ ਦੀ ਪ੍ਰਮਾਣਿਕ ਵਿਸ਼ੇਸ਼ ਬਾਣੀ 'ਸਿਧ ਗੋਸ਼ਟਿ' ਵਿਚ ਦੈਵੀ-ਅਨੁਭਵ ਦੀ ਪ੍ਰਾਪਤੀ ਲਈ ਮਾਨਵਤਾ ਦੀ ਤੀਬਰ ਸਿਕ ਨੂੰ ਪ੍ਰਗਟਾਇਆ ਗਿਆ ਹੈ—ਗੁਰੂ ਨਾਨਕ ਦੇਵ ਜੀ ਨੂੰ ਸਿਧਾਂ ਤੇ ਗੋਰਖ ਪੰਥੀਆਂ ਵਲੋਂ ਬਟਾਲੇ ਵਿਖੇ ਕੀਤੇ ਗਏ ਵਾਰ ਵਾਰ ਪ੍ਰਸ਼ਨਾਂ ਦੇ ਉਤਰ ਵਿਚ ਗੁਰੂ ਜੀ ਵੀ ਇਸ 'ਨਾਮ' ਦਾ ਵਿਸ਼ੇਸ਼ ਰੂਪ ਵਿਚ ਉਲੇਖ ਕਰਦੇ ਹਨ। ਗੁਰੂ ਨਾਨਕ ਦੇਵ ਜੀ ਨੂੰ ਪ੍ਰਸ਼ਨ ਕੀਤਾ ਗਿਆ, "ਤੁਹਾਡਾ ਗੁਰੂ ਕੌਣ ਹੈ ?" ਇਸ ਪ੍ਰਸ਼ਨ ਦੇ ਉਤਰ ਵਿਚ ਗੁਰੂ ਜੀ ਬੜਾ ਮਹੱਤਵਪੂਰਨ ਉਤਰ ਦਿੰਦੇ ਹਨ, ਜੋ ਸਦਾ ਸਦਾ ਲਈ ਬ੍ਰਾਹਮਣ-ਮਤ ਵਲੋਂ ਉਠਾਏ ਗਏ ਸ਼ੰਕਿਆਂ ਤੇ ਭਰਮਾਂ ਦੀ ਪੂਰਨ ਤੌਰ 'ਤੇ ਨਿਵਿਰਤੀ ਕਰ ਦਿੰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਇਹ ਕਦੀ ਨਹੀਂ ਕਿਹਾ ਕਿ, "ਮੈਂ ਗੁਰੂ ਹਾਂ।" ਜਾਂ "ਮੇਰਾ ਗੁਰੂ ਤਾਂ ਅਮਕਾ ਵਿਅਕਤੀ ਹੈ।" ਜੇ ਉਹਨਾਂ ਦਾ ਬ੍ਰਾਹਮਣ-ਮਤ ਦੀਆਂ ਧਾਰਨਾਵਾਂ ਅਨੁਸਾਰ ਕੋਈ ਗੁਰੂ ਹੁੰਦਾ ਤਾਂ ਆਪ ਨਿਝੱਕ ਹੋ ਕੇ ਇਹ ਕਹਿ ਦਿੰਦੇ ਕਿ ਮੈਂ ਫਲਾਣੇ ਵਿਅਕਤੀ ਦਾ ਚੇਲਾ ਹਾਂ। ਪਰ ਗੁਰੂ ਜੀ ਨੇ ਅਚਲ ਬਟਾਲੇ ਦੀ 'ਸਿਧ ਗੋਸ਼ਟਿ' ਸਮੇਂ ਸਿਧਾਂ ਨੂੰ ਇਹ ਗੱਲ ਨਹੀਂ ਸੀ ਕਹੀ। ਅਜਿਹੀ ਹਾਲਤ ਵਿਚ ਗੁਰਮਤ ਵਿਚ ਵੀ ਕੋਈ ਨਵੀਂ ਗੱਲ ਨਹੀਂ ਸੀ ਹੋਈ। ਇਹ ਵੀ ਮਧਕਾਲ ਦੇ ਭਗਤੀ-ਮਤ ਦੀਆਂ ਧਾਰਨਾਵਾਂ ਵਾਲੀ ਹੀ ਗੱਲ ਹੋਣੀ ਸੀ, ਜਿਸ ਵਿਚ ਨਿਮਨ ਜਾਤੀਆਂ ਨੇ ਇਕ ਵਿਸ਼ੇਸ਼ ਇਤਿਹਾਸਕ ਯੁਗ ਵਿਚ ਨਾਮ ਭਗਤੀ ਦਾ ਬੀਜ ਤਾਂ ਬੀਜਿਆ, ਪਰ ਇਹ ਪ੍ਰਾਚੀਨ ਸ਼ਾਸਤਰਾਂ ਦੀ ਪਰਾਭੌਤਿਕ ਸੜ੍ਹਿਆਂਦ ਵਿਚ ਦਬਿਆ ਗਿਆ।

'ਸਿਧ ਗੋਸ਼ਟਿ' ਗੁਰੂ ਨਾਨਕ ਦੇਵ ਜੀ ਨੇ ਗੁਰੂ ਦੇ ਪਦ ਦਾ ਬਿਲਕੁਲ ਨਵੇਂ ਅਰਥਾਂ ਵਿਚ ਉਪਯੋਗ ਕੀਤਾ ਹੈ। ਆਪ ਫਰਮਾਉਂਦੇ ਹਨ, "ਮੇਰਾ ਮਨ ਚੇਲਾ ਹੈ ਤੇ ਸ਼ਬਦ ਦੀ ਸੂਰਤ ਧੁਨ ਅਰਥਾਤ ਪ੍ਰਭੂ ਦਾ ਨਾਮ ਮੇਰਾ ਗੁਰੂ ਹੈ।" ਜਦੋਂ ਸਿਧ ਆਪ ਨੂੰ ਇਹ ਪੁਛਦੇ ਹਨ ਕਿ ਆਪ ਇਕ ਅਦੁੱਤੀ ਮਹਾਂਪੁਰਸ਼ ਕਿਵੇਂ ਬਣ ਗਏ ਹੋ, ਆਪ ਵਿਚ ਇਹ ਜੀਵਨ ਦੀ ਤਾਜ਼ਗੀ ਤੇ ਭਰਪੂਰਤਾ ਵਿਦਮਾਨ ਹੈ ? ਤਾਂ ਆਪ ਉਤਰ ਦਿੰਦੇ ਹਨ, "ਮੇਰੀ ਆਤਮਾ ਵਿਚ ਵਰਣਨ-ਰਹਿਤ, ਵਰਣਨਯੋਗ ਨਾਮ ਅੱਖਰ ਵਿਆਪਕ ਰਿਹਾ ਹੈ। ਇਹ ਨਾਮ ਅਕਾਲ ਸਰੂਪ ਹੈ ਅਤੇ ਇਹ ਸਭ ਯੁਗਾਂ ਵਿਚ ਇਕ ਸਮਾਨ ਵਿਆਪ ਰਿਹਾ ਹੈ।" ਇਸ ਲਈ ਗੁਰੂ ਤਾਂ ਇਕ ਵਰਤਾਰਾ ਹੈ, ਇਕ ਕਰਾਮਾਤ ਹੈ। ਜੋ ਕੋਈ ਵਿਅਕਤੀ ਨਹੀਂ, ਭਾਵੇਂ ਇਸ ਨੂੰ ਵਿਅਕਤੀ ਤੋਂ ਨਿਖੇੜਿਆ ਵੀ ਨਹੀਂ ਜਾ ਸਕਦਾ।

ਗੁਰੂ ਅੰਗਦ ਗੁਰੂਤਵ ਦੇ ਸਾਰੇ ਨਿਜੀ ਦਾਅਵਿਆਂ ਦਾ ਖੰਡਨ ਕਰਦੇ ਹਨ। ਆਪ ਇੰਜ ਅਨੁਭਵ ਕਰਦੇ ਹਨ, ਜਿਵੇਂ ਗੁਰੂ ਨਾਨਕ ਆਪ ਵਿਚ ਨਿਵਾਸ ਰਖ ਰਹੇ ਹਨ ਤੇ ਉਹੋ ਹੀ ਸੰਗਤ ਨਾਲ ਬਚਨ-ਬਿਲਾਸ ਕਰ ਰਹੇ ਹਨ। ਗੁਰੂ ਅੰਗਦ ਤਾਂ ਗੁਰੂ ਨਾਨਕ ਦੇ ਸਿੱਖਾਂ ਦੀ ਹੀ ਪੂਜਾ ਕਰ ਰਹੇ ਹਨ। ਗੁਰੂ ਨਾਨਕ

ਹੀ ਗੁਰੂ ਅੰਗਦ ਦੇ ਪ੍ਰਭੂ-ਪ੍ਰੀਤਮ ਹਨ। ਗੁਰੂ ਨਾਨਕ ਦੀ ਹੋਂਦ ਤੋਂ ਬਿਨਾਂ ਗੁਰੂ ਅੰਗਦ ਦੇਵ ਜੀ ਲਈ ਆਕਾਸ਼ ਵੀ ਅੰਧਿਆਰਾ ਹੈ। ਇਹ ਪ੍ਰੇਮ ਤਾਂ ਆਪਣੀ ਦੈਵੀ ਪੂਰਨਤਾ ਵਿਚ ਦਾਂਤੇ ਦੇ ਬਿਟਰਸ ਲਈ ਪ੍ਰੇਮ ਸਮਾਨ ਹੈ। ਗੁਰੂ ਨਾਨਕ ਦੇਵ ਜੀ ਦੀ ਹੋਂਦ ਤੋਂ ਬਿਨਾਂ ਗੁਰੂ ਅੰਗਦ ਦੇਵ ਨੂੰ ਜੀਵਨ ਇਕ ਮਹਾਂ-ਵੇਦਨਾ ਪ੍ਰਤੀਤ ਹੁੰਦੀ ਹੈ। ਇਥੇ ਗੁਰੂ ਅੰਗਦ ਦੇਵ ਜੀ ਦੇ ਹਿਰਦੇ ਵਿਚ ਪੂਰਨ ਪ੍ਰੇਮ ਦੀ ਉਹ ਖਿਚ ਉਤਪੰਨ ਹੁੰਦੀ ਹੈ, ਜੋ ਸਹਿਜ ਰੂਪ ਵਿਚ ਹੀ ਇਤਨੀ ਉਚੇਰੀ ਹੋ ਗਈ ਹੈ, ਕਿ ਇਸ ਦੀ ਤੁਲਨਾ ਵਿਚ ਹੋਰ ਸਭ ਪ੍ਰੇਮ ਤੇ ਖਿਚਾਂ ਤੁਛ ਪ੍ਰਤੀਤ ਹੋਣ ਲਗ ਪਈਆਂ ਹਨ। ਇਥੇ ਗੁਰੂ ਅੰਗਦ ਦੇਵ ਜੀ ਦੇ ਸੀਨੇ ਵਿਚ ਗੁਰੂ ਨਾਨਕ ਦੇਵ ਜੀ ਦਾ ਪ੍ਰੇਮ ਆਪਣੇ ਉਚਤਮ ਸਰੂਪ ਵਿਚ ਜਗਮਗਾ ਰਿਹਾ ਹੈ, ਜੋ ਗੁਰੂ ਨਾਨਕ ਦੇਵ ਜੀ ਦੇ ਪ੍ਰੇਮ ਅਨੁਭਵ ਦੀ ਸਹਿਜ ਸ਼ਾਂਤੀ ਵਿਚ ਸਦੀਵੀ ਤੌਰ 'ਤੇ ਜੋਤ ਸਮਾਨ ਬਲ ਰਿਹਾ ਹੈ ਅਤੇ ਜੋ ਮਾਨਵ ਰੂਪੀ ਪ੍ਰਭੁਤਵ ਦੀ ਵੇਗਵਾਨ ਪਰਮ ਸੁੰਦਰਤਾ ਦੀ ਸ਼ਾਨ ਦਾ ਨਿਰੰਤਰ ਗੁਣ ਗਾਇਨ ਕਰ ਰਿਹਾ ਹੈ। ਇਸ ਦੀ ਲਗਾਤਾਰਤਾ ਬੜੀ ਅਦਭੁਤ ਹੈ। ਇਸ ਦੇ ਮੌਨ ਲਿਸ਼ਕਦੇ ਨੈਣ ਅਤੇ ਪ੍ਰੀਤਮ ਪਿਆਰੇ ਦੀ ਨਿਤ ਵਧਦੀ ਪ੍ਰੇਮ-ਪੀੜਾ ਆਪ ਦੇ ਸਮੁਚੇ ਜੀਵਨ ਦੀ ਵਿਸ਼ੇਸ਼ ਕਲਾ-ਜੁਗਤ ਹੀ ਬਣ ਗਈ ਹੈ ਜਿਸ ਦੀ ਤ੍ਰੈਗੁਣਾਤੀਤ ਸੁੰਦਰਤਾ ਇਸ ਧਰਤੀ ਦੇ ਗੁਰੂਤਾ-ਆਕਰਸ਼ਣ ਨੂੰ ਪਾਰ ਕਰਕੇ ਆਤਮਕ ਸੰਸਾਰ ਦੀ ਨਾਮ-ਰੂਪ ਹਸਤੀ ਦੇ ਉਚੇਰੇ ਚੁੰਬਕੀ ਮੰਡਲਾਂ ਵਿਚ ਜਾ ਪ੍ਰਵੇਸ਼ ਕਰਦੀ ਹੈ। ਗੁਰੂ ਅੰਗਦ ਦੇਵ ਜੀ ਦੇ ਵਿਅਕਤੀਤਵ ਵਿਚ ਅਸੀਂ ਪ੍ਰੇਮ ਦੇ ਅਧਿਆਤਮਕ ਸਰੂਪ ਨੂੰ ਪ੍ਰਤੱਖ ਰੂਪ ਵਿਚ ਨਿਹਾਰਦੇ ਹਾਂ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਇਹ ਗੌਰਵ 'ਵਿਸ਼ਨੂੰ' ਤੇ 'ਸ਼ਿਵ' ਨੂੰ ਪ੍ਰਾਪਤ ਨਹੀਂ ਸੀ ਹੋ ਸਕਿਆ। ਬੁਧ-ਮਤ ਵਿਚ ਵੀ ਇਹ ਪਿਛਲੇਰੇ ਕਾਲ ਦੇ ਬੋਧੀ ਵਿਹਾਰਾਂ ਦੇ ਭਿਕਸ਼ੂਆਂ ਦੇ ਆਚਰਣਾਂ ਤੇ ਆਦਤਾਂ ਦੁਆਰਾ ਦੂਸ਼ਿਤ ਹੋ ਗਿਆ ਸੀ। ਬ੍ਰਾਹਮਣ-ਮਤ ਦੇ ਅਧਿਆਤਮਕ ਸੰਕਲਪ ਨਿਪਟ ਮਾਨਸਿਕ ਸੁਭਾ ਦੇ ਹਨ ਤੇ ਸਿੱਖ-ਮਤ ਨੂੰ ਵੀ ਇਸ ਦੀ ਦੁਰਬੋਧ ਪਕੜ ਵਿਚੋਂ ਬਾਹਰ ਆਉਣ ਲਈ ਕਈ ਸਾਲ ਲਗਣਗੇ। ਸਿੱਖਾਂ ਦੀ ਭਾਸ਼ਾ ਅਤੇ ਮਾਨਸਿਕ ਤੇ ਨੈਤਿਕ ਵਾਤਾਵਰਨ ਸਭ ਬ੍ਰਾਹਮਣਵਾਦੀ ਹਨ। ਜਦੋਂ ਸ਼ਿਵ ਤੇ ਵਿਸ਼ਨੂੰ ਵੀ ਆਪਣੇ ਅਮੂਰਤ ਸੰਕਲਪਾਂ ਦੀ ਬੌਧਿਕਤਾ ਦੇ ਰਹੱਸ ਵਿਚੋਂ ਬਾਹਰ ਆਏ ਸਨ, ਤਾਂ ਉਹਨਾਂ ਦੀ ਬੌਧਿਕਤਾ ਨੂੰ ਵੀ ਪਾਰਬਤੀ ਤੇ ਲਕਸ਼ਮੀ ਦੇ ਪ੍ਰੇਮ ਦੁਆਰਾ ਹੀ ਸੰਤੁਲਨ, ਸੁਖ-ਚੈਨ ਤੇ ਸਹਿਜ ਸ਼ਾਂਤੀ ਪ੍ਰਾਪਤ ਹੋਈ ਸੀ। ਹਿੰਦੂ ਰਿਸ਼ੀ ਮੁਨੀ ਜਿਨ੍ਹਾਂ ਰਹੱਸਮਈ ਉਚਾਈਆਂ ਤਕ ਪੁਜੇ ਅਤੇ ਜਿਹੜੀ ਉਹਨਾਂ ਨੂੰ ਪ੍ਰਾਪਤੀ ਹੋਈ—ਉਹ ਜਾਂ ਤਾਂ ਉਹਨਾਂ ਦੀਆਂ ਆਪਣੀਆਂ ਹੀ ਕਲਪਨਾ-ਉਡਾਰੀਆਂ ਦੁਆਰਾ ਮੂਰਛਿਤ ਤੇ ਨਿਰਜਿੰਦ ਹੋ ਗਈ ਜਾਂ ਉਹ ਮਨੁੱਖੀ ਮਨ ਦੀਆਂ ਮਨੋਹਰ ਕਾਮਨਾਵਾਂ ਦਾ ਸ਼ਿਕਾਰ ਹੋ ਗਈ। ਇਸਤਰੀ ਦੀ ਸੁੰਦਰਤਾ ਨੂੰ ਹੀ ਐਸ਼ਵਰਜ ਦਾ ਸਾਧਨ ਮੰਨਿਆ ਗਿਆ। ਗੁਰੂ ਅੰਗਦ ਦੇ ਹਿਰਦੇ ਵਿਚ ਗੁਰੂ ਨਾਨਕ ਲਈ ਉਪਜੇ ਪ੍ਰੇਮ ਦੁਆਰਾ ਇਸ ਪ੍ਰੇਮ ਨੂੰ ਇਹਨਾਂ ਤ੍ਰੈਮੁਖੀ ਆਯਾਮਾਂ ਤੋਂ ਸੁਤੰਤਰ ਕਰ ਦਿਤਾ ਗਿਆ, ਜਿਥੋਂ

ਤਕ ਪਹੁੰਚਣ ਲਈ ਅਸਾਧਾਰਨ ਰੂਪ ਦੇ ਯਤਨਾਂ ਨੂੰ ਕਰਨ ਦੀ ਲੋੜ ਸੀ। ਗੁਰੂ ਜੀ ਨੇ ਮਨੁੱਖੀ ਮਨ ਦੀ ਪ੍ਰਵਿਰਤੀ ਨੂੰ ਬਦਲ ਕੇ ਰਖ ਦਿਤਾ। ਇਹ ਹੁਣ ਇਸ ਪ੍ਰਕਾਰ ਦੀ ਬਣ ਗਈ, ਜਿਵੇਂ ਇਕ ਫੁੱਲ ਸੂਰਜ ਦੀ ਧੁੱਪ ਲਈ ਆਪਣੇ ਆਪ ਨੂੰ ਖੋਲ੍ਹ ਦਿੰਦਾ ਹੈ। ਇਸ ਤਰ੍ਹਾਂ ਮਨੁੱਖਤਾ ਆਪਣੀ ਸੰਪੂਰਨ ਸਹਿਜ-ਰੂਪਤਾ ਵਿਚ ਸੁਤੰਤਰ ਹੋ ਗਈ, ਜਿਸ ਲਈ ਕੁਦਰਤ ਤੇ ਕਾਦਰ ਦੋਵੇਂ ਹੀ ਸਹਾਈ ਸਨ। ਗੁਰੂ ਜੀ ਨੇ ਮਨੁੱਖ ਦੀ ਅੰਤਰ-ਦ੍ਰਿਸ਼ਟੀ ਵਿਚ ਨਦਰਿ-ਕਰਮ ਦੇ ਉਹ ਵਿਸ਼ਾਲ ਦਰ ਖੋਲ੍ਹ ਦਿਤੇ, ਜਿਥੇ ਸੱਚੀ ਆਤਮਕਤਾ ਉਚ-ਮੰਡਲਾਂ ਦੀ ਦਾਤ ਵਜੋਂ ਅਵਤਰਿਤ ਹੁੰਦੀ ਹੈ। ਅਜਿਹੀ ਅਵਸਥਾ ਵਿਚ ਪ੍ਰਭੂ ਦੀ ਆਤਮਾ ਦਾ ਤਾਂ ਮਨੁੱਖ ਕੇਵਲ ਵਾਹਨ ਮਾਤਰ ਹੀ ਬਣ ਜਾਂਦਾ ਹੈ। ਇਸ ਨਦਰਿ-ਕਰਮ ਦੀ ਸੁੱਚੀ ਕਰਾਮਾਤ ਤਾਂ ਉਹ ਸਰਵੁਚ ਵਰਤਾਰਾ ਹੈ, ਜਿਸ ਵਿਚ ਉਚੇਰੇ ਮੰਡਲ ਦੇ ਵਾਸੀ ਆ ਕੇ ਆਪਣੀ ਦਖ਼ਲ-ਅੰਦਾਜ਼ੀ ਦੁਆਰਾ ਮਨੁੱਖੀ-ਪ੍ਰਕ੍ਰਿਤੀ ਦੀ ਕਾਰਜ-ਕੁਸ਼ਲਤਾ ਦੀ ਪੂਰਨਤਾ ਲਈ ਆਪਣੇ ਕਰਤੱਵ ਦੀ ਪਾਲਣਾ ਕਰਦੇ ਹਨ। ਨਦਰਿ-ਕਰਮ ਦੀ ਇਹ ਆਵੇਸ਼ਗਤ ਪ੍ਰੇਰਨਾ-ਸ਼ਕਤੀ ਸਿੱਖ-ਮਤ ਨੂੰ ਬੁਧ-ਮਤ ਨਾਲੋਂ ਵੀ ਈਸਾਈ-ਮਤ ਦੇ ਵਧੇਰੇ ਨੇੜੇ ਲੈ ਆਉਂਦੀ ਹੈ। ਇਥੋਂ ਇਹ ਸੰਕੇਤ ਮਿਲਦਾ ਹੈ ਕਿ ਆਤਮਾ ਦੇ ਜੀਵਨ ਵਿਚ ਇਕ ਵਿਸ਼ੇਸ਼ ਪ੍ਰਕਾਰ ਦੀ ਦਖ਼ਲ-ਅੰਦਾਜ਼ੀ ਕੀਤੀ ਜਾਂਦੀ ਹੈ, ਜਿਸ ਵਿਚ ਅਗਿਆਤ ਤੇ ਅਨੈਤਿਕ ਪ੍ਰਕ੍ਰਿਤੀ ਅਤੇ ਨੈਤਿਕ ਤੇ ਅਨੈਤਿਕ ਅਗਿਆਤ ਪ੍ਰਕ੍ਰਿਤੀ ਦੇ ਨੇਮਾਂ ਨੂੰ ਬਦਲ ਦਿਤਾ ਜਾਂਦਾ ਹੈ। ਦੇਵ-ਮੰਡਲ ਦੀ ਇਹ ਅਦੁੱਤੀ ਕਰਾਮਾਤ ਮਨੁੱਖ ਨੂੰ ਸੱਚੀ ਆਤਮਕਤਾ ਪ੍ਰਦਾਨ ਕਰਦੀ ਹੈ। ਗੁਰੂ ਅੰਗਦ ਦੇਵ ਜੀ ਦੇ ਵਿਅਕਤੀਤਵ ਵਿਚ ਆਦਰਸ਼ ਗੁਰੂ ਤੇ ਆਦਰਸ਼ ਸਿੱਖ ਵਾਲੇ ਦੋਵੇਂ ਗੁਣ ਹੀ ਇਕਸੁਰ ਹੋ ਗਏ ਹਨ। ਆਪ ਦੇ ਹਿਰਦੇ ਵਿਚ ਗੁਰੂ ਜੀ ਦਾ ਪ੍ਰੇਮ ਸਮੁਚੇ ਜੀਵਨ ਦੀ ਪ੍ਰਾਣ-ਸ਼ਕਤੀ ਬਣ ਗਿਆ ਹੈ। ਇਹ ਪ੍ਰੇਮ ਬੜਾ ਵੇਗਵਾਨ, ਪਰ ਸ਼ਾਂਤ ਹੈ; ਬੜਾ ਖ਼ੁਸ਼ੀ ਭਰਪੂਰ, ਥਰਥਰਾ ਦੇਣ ਵਾਲਾ, ਸੁਹਜਵੰਤ, ਪਰ ਵਿਸ਼ੇਸ਼ ਅਨੁਸ਼ਾਸਨ ਦਾ ਧਾਰਨੀ ਹੈ। ਇਹ ਗੁਰੂ ਪ੍ਰੇਮ ਬਹੁਲਤਾ ਤੇ ਭਰਪੂਰਤਾ ਦੇ ਕਾਂਗ-ਉਛਾਲਿਆਂ ਨਾਲ ਭਰਪੂਰ ਹੁੰਦਾ ਹੋਇਆ ਵੀ ਠਹਿਰਾਉ ਤੇ ਟਿਕਾਓ ਵਿਚ ਹੈ। ਇਹ ਸੁੰਦਰਤਾ ਦੇ ਕਲਾਤਮਕ ਅਨੁਭਵ ਦੀ ਸ਼ਾਨ ਤੋਂ ਪੂਰੀ ਤਰ੍ਹਾਂ ਜਾਣੂੰ ਹੈ ਅਤੇ ਸੰਪੂਰਨ ਵਿਅਕਤੀਤਵ ਦੀ ਆਤਮਕ ਅਨੁਭੂਤੀ ਦੀ ਮਹਿਮਾ ਤੇ ਸ਼ਾਨ ਤੋਂ ਵੀ ਅਨਜਾਣ ਨਹੀਂ। ਇਹ ਤਾਂ ਪ੍ਰਭੂ-ਪ੍ਰੀਤਮ ਦੀ ਨਦਰਿ-ਕਰਮ ਦੀ ਆਤਮਕਤਾ ਦੀ ਪੂਰਨਤਾ ਹੈ, ਜਿਸ ਨੂੰ ਅਸੀਂ ਅੰਗਦ ਜੀ ਦੇ ਵਿਅਕਤੀਤਵ ਵਿਚੋਂ ਨਿਹਾਰਦੇ ਹਾਂ।

ਗੁਰੂ ਨਾਨਕ ਸਾਹਿਬ ਨੇ ਆਪਣੇ ਪੁੱਤਰਾਂ ਵਿਚ 'ਗੁਰੂਤਵ' ਦੇ ਅਭਾਵ ਨੂੰ ਲਖ ਕੇ ਹੀ ਉਹਨਾਂ ਨੂੰ 'ਗੁਰੂਤਵ' ਦੀ ਬਖ਼ਸ਼ਿਸ਼ ਨਹੀਂ ਸੀ ਕੀਤੀ। ਪਿਤਾ ਨੇ ਆਪਣੀ ਸੰਤਾਨ ਦੇ ਮੋਹ ਦੀ ਪਰਵਾਹ ਨਾ ਕਰਦਿਆਂ ਹੋਇਆਂ ਅਤੇ ਇਸ ਪਿਤਰੀ-ਮੋਹ ਦੀ ਭਾਵਨਾ ਉਤੇ ਕਾਬੂ ਪਾ ਕੇ ਹੀ ਦਿਬ-ਦ੍ਰਿਸ਼ਟੀ ਨਾਲ 'ਗੁਰੂ' ਦੇ ਸਰੂਪ ਬਾਰੇ ਸਪਸ਼ਟ ਰੂਪ ਵਿਚ ਜਾਣ ਲਿਆ ਸੀ। ਗੁਰੂ ਤਾਂ ਉਹਨਾਂ ਦੇ ਆਪਣੇ ਵਿਅਕਤੀਤਵ ਵਿਚ ਤੇ ਕਿਸੇ ਹੋਰ ਦੇ ਵਿਅਕਤੀਤਵ ਵਿਚ ਵਿਦਮਾਨ ਸੀ। ਗੁਰੂ

ਅੰਗਦ ਦੇਵ ਜੀ ਨੇ ਵੀ (ਆਪਣੇ ਪੁੱਤਰਾਂ ਦਾ ਮੋਹ ਤਿਆਗ ਕੇ) ਗੁਰੂ ਅਮਰਦਾਸ ਜੀ ਨੂੰ ਪ੍ਰਮੁਖਤਾ ਦੇ ਕੇ ਗੁਰਿਆਈ ਦੀ ਬਖ਼ਸ਼ਿਸ਼ ਕੀਤੀ।

ਗੁਰੂ ਅਮਰਦਾਸ ਦੀ ਉਸ ਸਮੇਂ ਦੀ ਹਾਲਤ ਡਾਢੀ ਦਰਦ-ਭਰੀ ਸੀ, ਜਦੋਂ ਆਪ ਨੇ ਆਪਣੇ ਪੁੱਤਰ ਮੋਹਰੀ ਨੂੰ ਛਡ ਕੇ 'ਗੁਰੂਤਵ' ਦੀ ਬਖ਼ਸ਼ਿਸ਼ ਗੁਰੂ ਰਾਮਦਾਸ ਜੀ ਨੂੰ ਕੀਤੀ ਸੀ। ਗੁਰੂ ਰਾਮਦਾਸ ਜੀ ਨੇ ਹੱਥ ਜੋੜ ਕੇ ਗੁਰੂ ਅਮਰਦਾਸ ਜੀ ਅਗੇ ਇਹ ਬੇਨਤੀ ਵੀ ਕੀਤੀ ਸੀ ਕਿ ''ਆਪ ਇਹ ਬਖ਼ਸ਼ਿਸ਼ ਆਪਣੇ ਸਪੁੱਤਰ ਮੋਹਰੀ ਨੂੰ ਕਰ ਦਿਉ।'' ਗੁਰੂ ਅਮਰਦਾਸ ਜੀ ਨੇ ਬਚਨ ਕੀਤਾ ਸੀ, ''ਇੰਜ ਨਹੀਂ ਹੋ ਸਕਦਾ। ਮੈਂ ਤਾਂ ਤੁਹਾਨੂੰ ਤੁਹਾਡੀ ਵਸਤੂ ਹੀ ਪ੍ਰਦਾਨ ਕੀਤੀ ਹੈ। ਮੈਂ ਤਾਂ ਕੇਵਲ ਇਨਾਂ ਕਹਿ ਸਕਦਾ ਹਾਂ ਕਿ ਮੋਹਰੀ ਮੇਰਾ ਗਰੀਬ ਪੁੱਤਰ ਹੈ, ਤੁਸੀਂ ਉਸ ਦਾ ਧਿਆਨ ਰਖਣਾ।'' ਇਥੇ ਇਸ ਉਪਰੋਕਤ ਘਟਨਾ ਤੋਂ ਵੀ ਇਹ ਪ੍ਰਤੱਖ ਹੁੰਦਾ ਹੈ ਕਿ ਗੁਰੂ ਅਮਰਦਾਸ ਜੀ ਇਕ ਬੰਨੇ ਤਾਂ ਮਾਨਵ ਰੂਪ ਰਖਦੇ ਸਨ, ਜਿਹੜੇ ਕਿ ਮੋਹਨ ਤੇ ਮੋਹਰੀ ਸਪੁੱਤਰਾਂ ਦੇ ਪਿਤਾ ਸਨ, ਪਰ ਦੂਜੇ ਬੰਨੇ ਆਪ ਨੇ ਮਾਨਵ ਰੂਪ ਵਿਚ ਉਹ ਸਭ ਕੁਝ 'ਗੁਰੂਤਵ' ਦੀ ਜਗਮਗਾਂਦੀ ਪਰਮ ਸੁੰਦਰਤਾ ਅਗੇ ਸਮਰਪਿਤ ਕਰ ਦਿਤਾ ਸੀ। ਗੁਰੂ ਗੋਬਿੰਦ ਸਿੰਘ ਦਾ ਫਰਮਾਨ ਹੈ ਕਿ, ''ਹਾਥੀ ਦੇ ਢੋਲ ਢਮੱਕੇ ਦੀ ਤੁਲਨਾ ਵਿਚ ਪ੍ਰਭੂ ਨਿਕੀ ਕੀੜੀ ਦੀ ਅਰਦਾਸ ਛੇਤੀ ਸੁਣ ਲੈਂਦਾ ਹੈ।''

ਇਸ ਅਮੋਲਕ ਵਥ ਦੀ ਸੌਂਪਣਾ ਕੇਵਲ ਗੁਰੂ-ਪਦ ਦੇ ਅਧਿਕਾਰੀਆਂ ਨੂੰ ਹੀ ਹੁੰਦੀ ਰਹੀ ਹੈ। ਗੁਰੂ ਹਰਿਗੋਬਿੰਦ ਸਾਹਿਬ ਨੂੰ ਵੀ ਤਤਕਾਲਕ ਗੁਰੂ ਜੀ ਵਲੋਂ ਇਹ ਬਖ਼ਸ਼ਿਸ਼ ਪ੍ਰਾਪਤ ਹੋਈ। ਆਪ ਜੀ ਦੇ ਵਿਅਕਤੀਤਵ ਵਿਚ ਦੋ ਧਾਰਾਵਾਂ ਹੀ ਸੰਯੁਕਤ ਸਨ। ਇਕ ਬੰਨੇ ਤਾਂ ਪੂਰਨ ਆਤਮ-ਸਮਰਪਣ ਸੀ ਅਤੇ ਦੂਜੇ ਬੰਨੇ ਨਿਰੰਤਰ ਚਲ ਰਿਹਾ ਗੁਰ-ਸ਼ਬਦ ਦੇ ਸੰਗੀਤ ਦਾ ਵਿਸਮਾਦ-ਨਾਦ। ਇਹੋ ਹੀ ਪ੍ਰੇਮ ਦੀ ਸੱਚੀ ਸੰਸਕ੍ਰਿਤੀ ਦੇ ਮੂਲ ਤੱਤ ਹਨ। ਇਹਨਾਂ ਦੋਹਾਂ ਦੀ ਪਛਾਣ ਬਾਰੇ ਕੇਵਲ ਅਨੁਮਾਨ ਲਗਾ ਲੈਣਾ ਤਾਂ ਨਿਰਜਿੰਦ ਰੂਪ ਦੀ ਰੋਗੀ ਮਨੋਦਸ਼ਾ ਦੀ ਡੌਰ-ਭੌਰਤਾ ਹੀ ਹੁੰਦੀ ਹੈ। ਦੂਜੇ ਬੰਨੇ ਅਸੀਂ ਵੇਖਦੇ ਹਾਂ ਕਿ ਆਪਣੇ ਪਤਵੰਤੇ ਪ੍ਰਾਹੁਣੇ ਅਣੀ ਰਾਇ ਦੇ ਆਗਮਨ ਉਤੇ ਗੁਰੂ ਹਰਿਗੋਬਿੰਦ ਸਾਹਿਬ ਨੇ ਸਤਿਕਾਰ ਵਜੋਂ ਉਸ ਦੀ ਪਾਲਕੀ ਨੂੰ ਮੋਢਾ ਦਿਤਾ ਸੀ। ਇਹ ਗੁਰੂ ਹਰਿਗੋਬਿੰਦ ਜੀ ਹੀ ਸਨ, ਜੋ ਇਕ ਬੰਨੇ ਗੁਰੂ ਜੀ ਦੀ ਯਾਦ ਨੂੰ ਸੁਰਜੀਤ ਰਖ ਰਹੇ ਸਨ, ਜਦੋਂ ਕਿ ਉਹ ਆਪ ਵੀ ਸਰਬ-ਸਮਰੱਥ ਗੁਰੂ ਸਨ।

ਗੁਰੂ ਗੋਬਿੰਦ ਸਿੰਘ ਜੀ ਦਾ ਕਥਨ ਹੈ, ''ਮੈਂ ਤਾਂ ਪਰਮ-ਪੁਰਖ ਦਾ ਦਾਸ ਹਾਂ, ਮੈਂ ਤਾਂ ਪ੍ਰਭੂ-ਪ੍ਰੀਤਮ ਦੀ ਇਸ ਅਦਭੁਤ ਸ੍ਰਿਸ਼ਟੀ ਦੇ ਜਗਤ ਰੂਪੀ ਤਮਾਸ਼ੇ ਨੂੰ ਵੇਖਣ ਆਇਆ ਹਾਂ।'' ਇਥੇ ਗੁਰੂ ਗੋਬਿੰਦ ਸਿੰਘ ਜੀ ਦਾ ਮਾਨਵ-ਰੂਪ ਅਤੇ ਗੁਰੂ-ਰੂਪ ਦੋਵੇਂ ਹੀ ਪ੍ਰਤੱਖ ਹੁੰਦੇ ਹਨ। ਗੁਰੂ ਦੇ ਰੂਪ ਵਿਚ ਆਪ ਨੇ ਖ਼ਾਲਸੇ ਦੀ ਸਿਰਜਣਾ ਕੀਤੀ, ਗੁਰੂ ਦੇ ਰੂਪ ਵਿਚ ਹੀ ਆਪ ਜੀ ਨੇ 'ਖ਼ਾਲਸੇ' ਵਿਚ ਅਕਾਲ-ਪੁਰਖ ਦੇ ਪ੍ਰੇਮ ਨੂੰ ਉਜਾਗਰ ਕੀਤਾ ਅਤੇ ਗੁਰੂ ਦੇ ਰੂਪ ਵਿਚ ਹੀ ਆਪ ਜੀ ਨੇ

ਗੁਰਗੱਦੀ, ਗੁਰੂ ਦੇ ਸ਼ਬਦ ਨੂੰ ਬਖ਼ਸ਼ ਦਿਤੀ।

ਖ਼ਾਲਸਾ-ਸਮੂਹ, ਸਿੱਖ ਕੌਮ ਅਰਥਾਤ ਸਿੱਖਾਂ ਦੇ ਸੁੰਦਰ ਸਮੂਹ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਬਲ ਰਹੀ ਸ਼ਮ੍ਹਾਂ ਸਮਾਨ ਪਛਾਣ ਲਿਆ, ਜਿਸ ਦੇ ਗਿਰਦੇ ਉਹ ਪਰਵਾਨਿਆਂ ਵਾਂਗ ਇਕੱਤਰ ਹੁੰਦੇ ਸਨ ਅਤੇ ਹਾਲੀ ਵੀ ਆਪ ਜੀ ਦੇ ਨਾਮ ਤੇ ਨਿਜ-ਸਰੂਪ ਦੁਆਲੇ ਉਹ ਪ੍ਰਦਖਣਾ ਲੈਂਦੇ ਹਨ। ਨਿਰਸੰਦੇਹ, ਦਸ ਗੁਰੂ ਸਾਹਿਬਾਨ ਦਾ ਨਿਜੀ ਜੀਵਨ ਇਸ ਗੱਲ ਦਾ ਪ੍ਰਮਾਣ ਪੇਸ਼ ਕਰਦਾ ਹੈ ਕਿ ਸਿੱਖਾਂ ਲਈ ਗੁਰੂ ਦੇ ਕੀ ਅਰਥ ਸਨ ? ਇਸ ਸੰਬੰਧ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਦਾ ਵਰਣਨ ਸਭ ਤੋਂ ਅਖ਼ੀਰ ਉਤੇ ਕਰਨਾ ਬਣਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗਰੰਥ ਸਾਹਿਬ ਨੂੰ 'ਗੁਰੂ' ਕਹਿ ਕੇ ਸੰਬੋਧਿਤ ਕੀਤਾ ਹੈ। ਗੁਰੂ ਦੇ ਸ਼ਬਦਾਂ ਵਿਚਲਾ ਆਤਮਾ ਦਾ ਸੰਗੀਤ ਸਿੱਖ ਦੇ ਮਨ ਨੂੰ ਮਲ ਲੈਂਦਾ ਹੈ। ਇਸ ਦੁਆਰਾ ਮਨੁੱਖ ਦੀ ਨਿਜ-ਚੇਤੰਨਤਾ ਨੂੰ ਉਸ ਨੁਕਤੇ ਉਤੇ ਜੋੜ ਦਿਤਾ ਜਾਂਦਾ ਹੈ, ਜਿਥੇ ਮਨੁੱਖ ਦੇ ਅੰਤਹਕਰਨ ਵਿਚ ਆਕਾਸ਼ ਵਿਚਲੇ ਤ੍ਰੈ-ਆਯਾਮੀ ਤੋਂ ਵਡੇਰੇ ਬ੍ਰਹਿਮੰਡ ਸਮੂਹ ਆ ਮਿਲਦੇ ਹਨ ਅਤੇ ਮਨੁੱਖ ਨੂੰ ਆਪਣੇ ਇਸ ਜੀਵਨ ਵਿਚ ਹੀ ਸਮੱਸਤ ਜੀਵਨ ਦੇ ਕੇਂਦਰ-ਬਿੰਦੂ ਦਾ ਬੋਧ ਹੋ ਜਾਂਦਾ ਹੈ। ਜਦੋਂ ਇਥੇ ਹੀ ਸਿੱਖ ਆਪਣੇ ਗੁਰੂ ਦੇ ਦਰਸ਼ਨ ਕਰਦੇ ਹਨ। ''ਮੇਰਾ ਆਪਣੇ ਸ਼ਬਦ ਵਿਚ ਨਿਵਾਸ ਹੈ। ਜਦੋਂ ਤੁਸੀਂ ਇਸ ਦਾ ਗਾਇਨ ਕਰਦੇ ਹੋ ਤਾਂ ਮੈਂ ਤੁਹਾਡੇ ਅੰਦਰ ਆ ਜਾਂਦਾ ਹਾਂ। ਮੈਂ ਤੁਹਾਡੇ ਅੰਗ-ਸੰਗ ਹੁੰਦਾ ਹਾਂ। ਮੇਰੇ ਦੇਵ-ਸਮੂਹ ਤੁਹਾਡੇ ਨਾਲ ਹੁੰਦੇ ਹਨ। ਨਿਰਭੈ ਹੋਵੋ। ਮੈਂ ਸ਼ਬਦ ਹਾਂ। ਮੈਂ ਸ਼ਬਦ-ਬ੍ਰਹਮ ਹਾਂ। ਜਦੋਂ ਤੁਸੀਂ ਮੇਰੇ ਬਾਣੀ ਰੂਪ ਸ਼ਬਦਾਂ ਦਾ ਗਾਇਨ ਕਰਦੇ ਹੋ ਤਾਂ ਉਸ ਦੇ ਵਿਸਮਾਦ-ਨਾਦ ਵਿਚ ਮੈਂ ਵਿਆਪਕ ਹੁੰਦਾ ਹਾਂ।'' ਇਹੋ ਹੀ ਗੁਰੂ ਗਰੰਥ ਸਾਹਿਬ ਨੂੰ ਗੁਰਤਾ ਬਖ਼ਸ਼ਣ ਸਮੇਂ ਗੁਰੂ ਗੋਬਿੰਦ ਸਿੰਘ ਜੀ ਦੇ ਵਿਚਾਰ-ਸੰਕਲਪ ਸਨ। ਕਲਾ-ਸਿਰਜਕ ਕਲਾਧਾਰੀ ਦੀ ਆਤਮਾ ਉਸ ਦੀ ਕਲਾ-ਕਿਰਤ ਵਿਚੋਂ ਹੀ ਮਿਲ ਜਾਂਦੀ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਵੇਖ ਲਿਆ ਸੀ, ਕਿ ਗੁਰੂ-ਪਦ ਜਾਂ ਉਪਾਧੀ ਸਨਾਤਨੀ ਬ੍ਰਾਹਮਣਵਾਦੀ ਮਹੱਤਵ ਨੂੰ ਧਾਰਨ ਕਰਦੀ ਜਾ ਰਹੀ ਹੈ ਅਤੇ ਕਈ ਲੋਕ ਆਪਣੇ ਆਪ ਨੂੰ 'ਗੁਰੂ' ਹੋਣ ਦਾ ਐਲਾਨ ਕਰ ਰਹੇ ਹਨ। ਜੋ ਕੋਈ ਵੀ ਪੂਰਨਤਾ ਨੂੰ ਪ੍ਰਾਪਤ ਕਰਨਾ ਲੋਚਦਾ ਹੈ, ਉਸ ਨੂੰ ਤਾਂ ਕੇਵਲ ਸੱਚੇ ਬੁਧ ਦੀ ਸ਼ਰਨ ਵਿਚ ਹੀ ਜਾਣਾ ਚਾਹੀਦਾ ਹੈ। ਭਗਵਾਨ ਬੁਧ 'ਧਮ' ਵਿਚ ਫਰਮਾਉਂਦੇ ਹਨ, ''ਭਿਖਸ਼ੂ ਜਨੋ ! ਤੁਸੀਂ ਕੀ ਸੋਚਦੇ ਹੋ ਕਿ ਮੇਰੇ ਹੱਥ ਵਿਚ ਜੋ ਪੱਤੇ ਹਨ, ਉਹ ਗਿਣਤੀ ਵਿਚ ਬ੍ਰਿਛ ਨੂੰ ਲੱਗੇ ਪੱਤਿਆਂ ਤੋਂ ਵਧੇਰੇ ਹਨ ?'' ''ਨਹੀਂ ਭਗਵਾਨ ! ਜਿਹੜੇ ਪੱਤੇ ਬ੍ਰਿਛ ਨੂੰ ਲਗੇ ਹਨ, ਉਹਨਾਂ ਦੀ ਗਿਣਤੀ ਆਪ ਦੇ ਹੱਥ ਵਿਚ ਫੜੇ ਪੱਤਿਆਂ ਨਾਲੋਂ ਵਧੇਰੇ ਹੈ।'' ''ਇਸੇ ਤਰ੍ਹਾਂ ਭਿਖਸ਼ੂ ਜਨੋ ! ਤੁਸੀਂ ਜਾਣ ਲਉ ਕਿ ਧਰਮ ਤੁਹਾਨੂੰ ਦਿਤੇ ਗਏ ਉਪਦੇਸ਼ਾਂ ਤੋਂ ਵਧੇਰੇ ਮਹੱਤਵਪੂਰਨ ਹੈ।'' ਇਨ-ਬਿਨ ਅਜਿਹਾ ਹੀ ਦ੍ਰਿਸ਼ਟੀਕੋਣ ਗੁਰੂ ਗੋਬਿੰਦ ਸਿੰਘ ਜੀ ਦਾ 'ਗੁਰੂ' ਜਾਂ ਨਿਜੀ ਧਰਮ ਦੇ ਬਾਰੇ ਸੀ ਅਤੇ ਇਸੇ ਕਾਰਨ ਉਹਨਾਂ ਨੇ ਇਸ ਸ਼ਾਨਦਾਰ ਗੁਰਿਆਈ ਦੇਣ ਦੀ

ਮਰਿਆਦਾ ਨੂੰ ਸਦਾ ਲਈ ਸਮਾਪਿਤ ਕਰ ਦਿਤਾ। ਇਕਦਮ ਇਸ ਮਰਿਆਦਾ ਨੂੰ ਸਮਾਪਿਤ ਕਰ ਦੇਣ ਪਿਛੋਂ ਗੁਰੂ-ਪਦ ਸੰਬੰਧੀ ਗੁਰੂ ਨਾਨਕ ਦੇਵ ਜੀ ਦਾ ਦ੍ਰਿਸ਼ਟੀਕੋਣ ਹੀ ਕਰਮਸ਼ੀਲ ਸੀ, ਜੋ ਇਸ ਪਦ ਦੀ ਸ਼ਕਤੀ ਨੂੰ ਇਕ ਬ੍ਰਹਿਮੰਡ-ਵਿਆਪੀ ਵਰਤਾਰਾ ਦਸਦੇ ਹਨ। ਇਹੋ ਹੀ ਅਗਾਮੀ ਕਾਲ ਦੇ ਮਨੁੱਖਾਂ ਦੀ ਸੰਭਾਵੀ ਸ਼ਕਤੀ ਹੋ ਸਕਦੀ ਸੀ। ਇਹ ਦਸਮ ਗੁਰੂ ਜੀ ਦਾ ਮਾਨਵ-ਮਾਤਰ ਨੂੰ ਪ੍ਰਤਿਭਾਵਾਨ ਬਣਾਉਣ ਲਈ ਕੀਤਾ ਗਿਆ ਸ਼ਾਨਦਾਰ ਕਰਮ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਪਦ ਦੇ ਸੰਬੰਧ ਵਿਚ ਗੁਰੂ ਨਾਨਕ ਦੇਵ ਜੀ ਦੇ ਮਤ ਨੂੰ ਪ੍ਰਚਲਿਤ ਕਰਨ ਲਈ ਹੀ, ਇਸ ਪਰੰਪਰਾ ਨੂੰ ਸਮਾਪਿਤ ਕਰ ਦਿਤਾ ਸੀ। ਗੁਰੂ ਹਰਿਕ੍ਰਿਸ਼ਨ ਜੀ ਦੇ ਜੋਤੀ-ਜੋਤ ਸਮਾਉਣ ਪਿਛੋਂ ਸੋਢੀ ਕੁਲ ਦੇ ਬਹੁਤ ਸਾਰੇ ਵਿਅਕਤੀ ਬਕਾਲਾ ਵਿਖੇ ਆਪਣੇ ਆਪ ਦੇ ਗੁਰੂ ਹੋਣ ਦਾ ਦਾਅਵਾ ਕਰਨ ਲਗ ਪਏ ਸਨ।

ਇਸ ਤੋਂ ਹੀ ਉਹਨਾਂ ਦੇ ਗੁਰੂ ਪਦ ਦੇ ਸੰਬੰਧ ਵਿਚ ਵੱਡੀ ਬੇਸਮਝੀ ਦਾ ਪਤਾ ਲਗਦਾ ਹੈ। ਸੱਚੇ ਅਰਥਾਂ ਵਿਚ ਗੁਰੂ ਤੋਂ ਭਾਵ ਆਤਮਾ ਤੋਂ ਸੀ, ਨਾ ਕਿ ਕਿਸੇ ਸਥੂਲ ਸਰੀਰ ਤੋਂ।

ਗੁਰੂ ਨਾਨਕ ਸਾਹਿਬ ਦੇ ਇਸ ਮਤ ਨੂੰ ਹਾਲੀ ਪ੍ਰੋਹਤਵਾਦੀ ਤੇ ਧਰਮਸ਼ਾਸਤਰੀ ਵਾਤਾਵਰਨ ਦੇ ਘੇਰੇ ਵਿਚੋਂ ਬਾਹਰ ਲਿਆਉਣ ਦੀ ਲੋੜ ਹੈ, ਤਾਂ ਜੋ ਇਸ ਨੂੰ ਜੀਵਨ ਦੇ ਵਿਗਿਆਨ ਤੇ ਕਲਾ ਦੇ ਰੂਪ ਵਿਚ ਪਾਠ ਪੁਸਤਕ ਵਜੋਂ ਵਰਤਿਆ ਜਾ ਸਕੇ ਅਤੇ ਸਾਰੇ ਸੰਸਾਰ ਦੇ ਨਿਤ ਦੇ ਜੀਵਨ-ਕਰਮ ਵਿਚ ਇਸ ਦਾ ਉਪਯੋਗ ਕੀਤਾ ਜਾ ਸਕੇ। ਜਿਸ ਮਾਨਵੀ ਭਾਵਨਾ (ਆਤਮਾ) ਨੂੰ ਇਹ ਜਗਾਉਂਦੀ ਹੈ, ਉਹ ਬ੍ਰਹਿਮੰਡ-ਵਿਆਪੀ ਹੈ। ਅੰਗਰੇਜ਼ਾਂ, ਅਮਰੀਕਨਾਂ ਤੇ ਕਾਲੇ ਗੋਰੇ ਸਭ ਲੋਕਾਂ ਨੂੰ ਇਸ ਦਾ ਪੂਰਾ ਪੂਰਾ ਹਿੱਸਾ ਮਿਲਣਾ ਚਾਹੀਦਾ ਹੈ। ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਜੀ ਇਹਨਾਂ ਸਭ ਦੇ ਹਨ। ਸਿੱਖ ਆਪਣੀ ਦਿਲੀ ਇੱਛਾ ਅਨੁਸਾਰ ਉਹਨਾਂ ਦੀ ਉਪਮਾ ਕਰ ਸਕਦੇ ਹਨ, ਪਰ ਸੱਚੇ ਅਰਥਾਂ ਵਿਚ ਉਹ ਤਾਂ ਭਵਿੱਖ ਦੇ ਪੈਗੰਬਰ (ਅਵਤਾਰ) ਹਨ। ਗੁਰੂ ਜੀ ਦਾ ਪ੍ਰਤੀਕ ਤੇ ਮਾਨਵੀ-ਧਰਮ ਪੂਰਨ ਰੂਪ ਵਿਚ ਸ਼ਸਤਰਬੱਧ ਹੈ। ਇਸ ਦੀ ਚਮਕਦੀ ਕਿਰਪਾਨ ਉਸ ਦੇ ਗਾਤਰੇ ਵਿਚ ਬਿਜਲੀ ਦੇ ਲਿਸ਼ਕਾਰੇ ਦੀ ਤਰ੍ਹਾਂ ਲਟਕ ਰਹੀ ਹੈ। ਘੋੜੇ ਅਤੇ ਚਿੱਟੇ ਬਾਜ਼ ਦਾ ਧਰਮ ਸਾਰੀ ਮਾਨਵਤਾ ਲਈ ਹੈ। ਸਰੀਰ ਤੇ ਆਤਮਾ ਦੋਵੇਂ ਨਰੋਏ ਹੋਣੇ ਚਾਹੀਦੇ ਹਨ। ਰੋਟੀ ਅਥਵਾ ਆਹਾਰ ਪ੍ਰਾਰਥਨਾ ਦੀ ਨਿਆਈਂ ਸ਼ੁਧ ਤੇ ਪਵਿੱਤਰ ਹੋਣਾ ਚਾਹੀਦਾ ਹੈ। ਮਨੁੱਖ ਦਾ ਨਿਸ਼ਾਨਾ ਐਸ਼ਵਰਜ਼ ਨਹੀਂ ਹੈ, ਪਰ ਉਸ ਨੂੰ ਕਿਸੇ ਗੱਲੋਂ ਵੰਚਿਤ ਵੀ ਨਹੀਂ ਕੀਤਾ ਗਿਆ ਹੈ। ਮਨੁੱਖ ਤਾਂ ਪ੍ਰਭੂ-ਮੁਖੀ ਪ੍ਰਵਿਰਤੀ ਦੁਆਰਾ ਹੀ ਪੂਰਨ ਮਨੁੱਖ ਬਣ ਸਕੇਗਾ।

ਜਦੋਂ ਗੁਰੂ ਗੋਬਿੰਦ ਸਿੰਘ ਜੀ ਦੇ ਵਿਛੋੜੇ ਵਿਚ ਸਭ ਸ਼ੋਕ-ਗ੍ਰਸਤ ਸਨ, ਤਾਂ ਇਕ ਇਕਾਂਤਵਾਸੀ ਸਾਧੂ ਉਥੇ ਪੁਜਾ। ਉਸ ਨੇ ਇਹ ਬਚਨ ਕੀਤੇ, ''ਤੁਸੀਂ ਗੁਰੂ ਜੀ ਨੂੰ ਜੋਤੀ-ਜੋਤ ਸਮਾ ਚੁਕੇ ਸਮਝ ਰਹੇ ਹੋ। ਮੈਂ ਤਾਂ ਅਜ ਸਵੇਰੇ ਹੀ ਉਹਨਾਂ ਦੇ ਆਪਣੇ ਘੋੜੇ 'ਤੇ ਅਸਵਾਰ ਹੋ ਕੇ ਜਾਂਦਿਆਂ ਦੇ ਦਰਸ਼ਨ ਕੀਤੇ ਹਨ। ਜਦੋਂ

ਮੈਂ ਆਪ ਜੀ ਨੂੰ ਨਮਸਕਾਰ ਕੀਤੀ, ਤਾਂ ਬਚਨ ਹੋਇਆ, ''ਸੰਤ ਜੀ ! ਆਉ ਮੇਰੀ ਗੱਲ ਸੁਣੋ ! ਇਸ ਅੰਤਿਮ ਸਮੇਂ ਮੈਨੂੰ ਤੁਹਾਨੂੰ ਮਿਲ ਕੇ ਬੜੀ ਪ੍ਰਸੰਨਤਾ ਹੋਈ ਹੈ।'' ਮੁਸਕਰਾਉਂਦੇ ਹੋਇਆਂ ਆਪ ਨੇ ਫਰਮਾਇਆ, ''ਮੈਂ ਤਾਂ ਵਣਾਂ ਵਿਚ ਸ਼ਿਕਾਰ ਖੇਡਣ ਜਾ ਰਿਹਾ ਹਾਂ।'' ਆਪ ਜੀ ਨੇ ਕਮਾਨ ਹੱਥ ਵਿਚ ਪਕੜੀ ਹੋਈ ਸੀ ਅਤੇ ਤੀਰ ਕਮਰਕਸੇ ਨਾਲ ਬੰਨ੍ਹੇ ਹੋਏ ਸਨ।

## ਸਿੱਖ-ਮਤ ਵਿਚ ਅਧਿਆਤਮੀਕਰਣ ਦਾ ਆਦਰਸ਼

ਅਧਿਆਤਮਕਤਾ ਦੀ ਸਭ ਤੋਂ ਪਿਛਲੇਰੀ ਅਰਥਾਤ ਨਵੀਨਤਮ ਝਲਕ ਸਿੱਖ ਇਤਿਹਾਸ ਵਿਚੋਂ ਵੇਖੀ ਜਾ ਸਕਦੀ ਹੈ। ਗੁਰੂ ਨਾਨਕ ਆਪਣੇ ਯੁਗ ਦੇ ਮਸੀਹਾ ਬਣ ਕੇ ਆਏ। ਗੁਰੂ ਨਾਨਕ ਮਨੁੱਖ ਉਤੇ ਭਰੋਸਾ ਰਖਦੇ ਹਨ, ਲੋਕਾਂ ਨੂੰ ਪ੍ਰੇਮ ਕਰਦੇ ਹਨ। ਆਪ ਕੰਦਰਾਂ ਗੁਫਾਵਾਂ ਵਿਚ ਛੁਪ ਕੇ ਦਿਨ ਕੱਟਣ ਵਾਲੇ (ਸਿਧਾਂ) ਅਤੇ ਕਰਾਮਾਤਾਂ ਅਰਥਾਤ ਰਿਧੀਆਂ ਸਿਧੀਆਂ ਦੀ ਡੀਂਗ ਮਾਰਨ ਵਾਲੇ ਯੋਗੀਆਂ ਤੇ ਬਿਭੂਤੀ ਮਲਣ ਵਾਲੇ ਸਾਧੂਆਂ ਵਲ ਧਿਆਨ ਨਹੀਂ ਦਿੰਦੇ। (ਸਗੋਂ ਉਹਨਾਂ ਦਾ ਤਾਂ ਆਪ ਖੰਡਨ ਕਰਦੇ ਹਨ।) ਇਹਨਾਂ ਦੀ ਤੁਲਨਾ ਵਿਚ ਆਪ ਆਪਣਾ ਖ਼ੂਨ-ਪਸੀਨਾ ਇਕ ਕਰਕੇ ਰੋਜ਼ੀ ਕਮਾਉਣ ਵਾਲੇ ਕਿਰਤੀਆਂ ਨੂੰ ਜੋ ਕਿ ਸਿਧਾ ਸਾਦਾ ਪ੍ਰੇਮ ਭਰਪੂਰ ਜੀਵਨ ਬਤੀਤ ਕਰਦੇ ਹਨ—ਨੂੰ ਸਨਮਾਨ ਦਿੰਦੇ ਹਨ। ਆਪ ਕਿਰਤ ਦੀ ਸੱਚਾ-ਸੁੱਚਾ ਅਧਿਆਤਮਕ ਆਚਰਣ ਜਾਣ ਕੇ ਵਡਿਆਈ ਕਰਦੇ ਹਨ। ਆਪ ਸਭ ਲੋਕਾਂ ਨੂੰ ਠੀਕ ਕੰਮ ਕਰਨ ਤੇ ਠੀਕ ਜੀਵਨ ਜਿਉਣ ਦਾ ਉਪਦੇਸ਼ ਕਰਦੇ ਹਨ ਤੇ ਗੁਰੂ ਨੂੰ ਲੋਕਾਂ ਦੇ ਸਨਮੁਖ ਪ੍ਰਭੂ ਦੇ ਸਰੂਪ ਵਜੋਂ ਲਿਆ ਖੜ੍ਹਾ ਕਰਦੇ ਹਨ। ਜਿਹੜੇ ਉਚੇਰੇ ਅਧਿਆਤਮਕ ਜੀਵਨ ਦੇ ਜਿਗਿਆਸੂ ਹਨ, ਉਹਨਾਂ ਨੂੰ ਆਪ ਇਹ ਸੰਕੇਤ ਕਰਦੇ ਹਨ ਕਿ ਭੌਤਿਕ ਮਨੁੱਖ ਦੇ ਕਰਮਾਂ ਦੁਆਰਾ ਉਸ ਦੇ ਕੁਦਰਤੀ ਮਾਨਵੀ-ਵਿਕਾਸ ਨੂੰ ਉਚਤਮ ਮਾਨਵੀ ਸਿਖਰਾਂ ਤਕ ਪਹੁੰਚਾਉਣ ਲਈ ਇਸ ਦ੍ਰਿਸ਼ਟਮਾਨ ਜੀਵਨ ਦੇ ਪਿਛੋਕੜ ਵਿਚ ਇਕ ਅਕਥਨੀ ਰੂਪ ਦੀ ਉਚਤਾ, ਪ੍ਰੇਮ ਤੇ ਮਹਾਨਤਾ ਦਾ ਉਹ ਮੰਡਲ ਮੌਜੂਦ ਹੈ, ਜਿਥੇ ਸ਼ਕਤੀਵਰ, ਮੁਕਤਗਾਮੀ ਦ੍ਰਿਸ਼ਟ ਤੇ ਅਦ੍ਰਿਸ਼ਟ ਆਤਮਾਵਾਂ ਨਿਵਾਸ ਰਖਦੀਆਂ ਹਨ। ਆਪ ਇਸ ਉਚੇਰੇ ਅਧਿਆਤਮਕ ਮੰਡਲ ਵਲ ਸੰਕੇਤ ਹੀ ਕਰਦੇ ਹਨ, ਇਸ ਪਰਲੋਕ ਜਾਂ ਦਰਗਾਹ ਦਾ ਵਿਸਤ੍ਰਿਤ ਵਰਣਨ ਨਹੀਂ ਕਰਦੇ। ਗੁਰੂ ਗੋਬਿੰਦ ਸਿੰਘ ਜੀ ਇਸ ਅਧਿਆਤਮਕ ਮੰਡਲ ਨੂੰ ਪ੍ਰਭੂ ਲੋਕ ਜਾਂ ਪ੍ਰਭੂ ਦੇਸ਼ ਕਹਿ ਕੇ ਸੰਬੋਧਨ ਕਰਦੇ ਹਨ। ਆਕਾਸ਼ ਬਾਰੇ ਇਹ ਅੰਤਰ-ਦ੍ਰਿਸ਼ਟੀ ਅਧਿਆਤਮਕ ਸਰੂਪ ਵਾਲੀ ਹੈ। ਇਹ ਸਤਿ-ਸੰਗਤ ਹੀ ਹੈ, ਜੋ ਕੁਝ ਵਿਸ਼ੇਸ਼ ਅਗਿਆਤ ਪ੍ਰਸਥਿਤੀਆਂ ਦੁਆਰਾ ਜੀਵਨ ਕਰਮ ਦੇ ਨੇਮ ਵਿਚ ਦਖ਼ਲ ਦੇ ਸਕਦੀ ਹੈ ਅਤੇ ਪ੍ਰਭੂ ਵਲੋਂ ਨਿਵਾਜੇ ਹੋਏ ਕੁਝ ਵਿਸ਼ੇਸ਼ ਵਿਅਕਤੀਆਂ ਨੂੰ ਕਰਮਾਂ ਦੇ ਨੇਮ ਤੇ ਜਨਮ ਮਰਨ ਦੇ ਚਕਰਾਂ ਤੋਂ ਬੰਧਨ-ਮੁਕਤ ਕਰ ਸਕਦੀ ਹੈ।

ਕੇਵਲ ਉਦੋਂ ਹੀ, ਜਦੋਂ ਨਦਰਿ-ਕਰਮ ਦਾ ਵੱਡਾ ਪ੍ਰਾਕਰਮ ਯਤਨਸ਼ੀਲ ਹੁੰਦਾ ਹੈ, ਤਦੋਂ ਹੀ ਆਤਮਾ ਨੂੰ ਵਾਸਤਵਿਕ ਜਾਂ ਸੱਚੀ ਮੁਕਤੀ ਪ੍ਰਾਪਤ ਹੁੰਦੀ ਹੈ। ਨਦਰਿ-ਕਰਮ ਦਾ ਇਹ ਵਰਤਾਰਾ ਵਰਣਨ ਰਹਿਤ ਹੁੰਦਾ ਹੈ ਅਤੇ ਇਹ ਮਨੁੱਖ

ਦੀ ਆਤਮਕ ਚੇਤੰਨਤਾ ਵਿਚ ਹੀ ਘਟਦਾ ਹੈ। ਇਸੇ ਲਈ ਇਸ ਨੂੰ ਅਕੱਥ-ਕਥਾ ਦੀ ਸੰਗਿਆ ਦਿਤੀ ਗਈ ਹੈ। ਜਿਨ੍ਹਾਂ ਨੂੰ ਇਸ ਨਦਰਿ-ਕਰਮ ਦੁਆਰਾ ਨਿਵਾਜਿਆ ਗਿਆ ਹੁੰਦਾ ਹੈ, ਉਹੋ ਹੀ ਵਾਸਤਵ ਵਿਚ ਆਤਮਕ ਪੁਰਸ਼ ਹੁੰਦੇ ਹਨ। ਇਹ ਆਤਮਕ ਪੁਰਸ਼ ਸਤਿ-ਸੰਗਤ ਨਾਲ ਪ੍ਰਗੀਤਕ ਭਾਂਤ ਸੂਰ-ਬਧ ਹੋਏ ਹੁੰਦੇ ਹਨ ਤੇ ਇਸ ਵਿਚ ਵਿਚਰਦਿਆਂ ਹੋਇਆਂ ਹੀ ਉਹ ਦੂਜੇ ਅਗਿਆਤ ਲੋਕਾਂ ਜਾਂ ਮੰਡਲਾਂ ਦੇ ਸਤਿਸੰਗ ਨਾਲ ਜੁੜ ਕੇ ਉਸ ਨੂੰ ਨਿਹਾਰ ਰਹੇ ਹੁੰਦੇ ਹਨ। ਇਹਨਾਂ ਵਿਅਕਤੀਆਂ ਦੇ ਵਿਚਾਰ, ਕਰਮ, ਮਨੋਵੇਗ ਤੇ ਇਛਾਵਾਂ ਆਦਿ ਸਭ ਆਤਮਕ ਸੰਚੇ ਵਿਚ ਢਲ ਜਾਂਦੇ ਹਨ। ਜਿੰਨਾਂ ਚਿਰ ਤਕ ਮਨੁੱਖ ਆਪਣੇ ਕਰਮਾਂ ਲਈ ਆਪ ਜ਼ਿੰਮੇਵਾਰ ਹੈ, ਜਿੰਨਾਂ ਚਿਰ ਤਕ ਇਸ ਬ੍ਰਹਿਮੰਡੀ ਵਿਕਾਸ ਦੇ ਵਰਤਾਰੇ ਵਿਚ ਪਦਾਰਥ ਤੋਂ ਮੁਕਤੀ ਪ੍ਰਾਪਤ ਕਰਨ ਲਈ ਉਸ ਦਾ ਸੰਘਰਸ਼ ਜਾਰੀ ਰਹਿੰਦਾ ਹੈ--ਉਨਾਂ ਚਿਰ ਤਕ ਉਹ ਅਰਧ-ਪਦਾਰਥਕ, ਅਰਧ-ਮਾਨਸਿਕ ਤੇ ਅਰਧ-ਆਤਮਕ ਦਸ਼ਾ ਵਿਚ ਹੁੰਦਾ ਹੈ। ਸ਼ਬਦ 'ਗੁਰਮੁਖ' ਇਸੇ ਸਥਿਤੀ ਵਲ ਸੰਕੇਤ ਕਰਦਾ ਹੈ ਕਿ ਕਿਵੇਂ ਉਹ ਵਿਅਕਤੀ ਨਦਰਿ-ਕਰਮ ਦੀ ਬਖ਼ਸ਼ਿਸ਼ ਦੀ ਉਡੀਕ ਕਰ ਰਿਹਾ ਹੁੰਦਾ ਹੈ ਅਤੇ ਉਹ ਉਤਾਂਹ ਵਲ ਨੂੰ ਤਕਦਾ ਰਹਿੰਦਾ ਹੈ, ਜਿਥੋਂ ਉਸ ਉਤੇ ਨਦਰਿ-ਕਰਮ ਦੀ ਦਾਤ ਨੇ ਅਵਤਰਿਤ ਹੋਣਾ ਹੁੰਦਾ ਹੈ। ਇਹ ਸਭ ਕੁਝ ਉਦੋਂ ਤਕ ਪ੍ਰਕ੍ਰਿਤੀ ਦੇ ਸਹਿਜ ਰੂਪ ਵਿਚ ਚਲ ਰਹੇ ਵਰਤਾਰੇ ਉਤੇ ਹੀ ਛੱਡ ਦੇਣਾ ਚਾਹੀਦਾ ਹੈ, ਜਦੋਂ ਤਕ ਕਿ ਉਹ ਪੂਰਨਤਾ ਦੀ ਘੜੀ ਆ ਨਹੀਂ ਜਾਂਦੀ ਅਤੇ ਉਹਨਾਂ ਮੁਕਤਗਾਮੀ-ਆਤਮਾਵਾਂ ਦਾ ਸਤਿਸੰਗ ਗੁਰੂ ਦੀ ਹਜ਼ੂਰੀ ਵਿਚ ਆ ਕੇ ਜੁੜ ਨਹੀਂ ਜਾਂਦਾ। ਗੁਰਬਾਣੀ ਵਿਚ ਇਹ ਅੰਕਿਤ ਹੈ ਕਿ ਐਸੇ ਪਰਮ-ਪਦ ਨੂੰ ਵਿਰਲੇ ਹੀ ਪ੍ਰਾਪਤ ਕਰ ਸਕਦੇ ਹਨ। ਵਧੇਰੇ ਲੋਕ ਤਾਂ ਆਪਣੇ ਹੋਰ ਭਰਾਵਾਂ ਤੇ ਸਤਿਸੰਗੀਆਂ ਵਿਚੋਂ ਹੀ ਅਜਿਹੀ ਦਿਭ-ਦ੍ਰਿਸ਼ਟੀ ਵਾਲੇ ਮਹਾਂਪੁਰਖਾਂ ਤੇ ਮੁਕਤਗਾਮੀ ਆਤਮਾਵਾਂ ਦੇ ਦਰਸ਼ਨ ਕਰਦੇ ਹਨ। 'ਗੁਰ ਪ੍ਰਸਾਦਿ' ਦਾ ਨਿਰੰਤਰ ਤੇ ਪ੍ਰੇਰਨਾ ਭਰਪੂਰ ਗਾਇਨ ਧੀਰੇ ਧੀਰੇ ਸਹਿਜ ਰੂਪ ਵਿਚ ਹੀ ਅਗੇ ਤੁਰਦਾ ਰਹਿੰਦਾ ਹੈ ਅਤੇ ਜਗਿਆਸੂ ਮਨੁੱਖ ਦੇ ਮੁਖ ਦੇ ਰੁਖ ਨੂੰ ਗੁਰੂ ਵਲ ਮੋੜ ਲੈਂਦਾ ਹੈ। ਸਭ ਇਸਤਰੀ ਪੁਰਸ਼ ਆਪਣੇ ਭਾਗਾਂ ਦੇ ਆਪ ਹੀ ਭਾਗ ਵਿਧਾਤਾ ਹਨ। ਉਹਨਾਂ ਦੇ ਕਰਮ ਮਨੁੱਖ ਦੇ ਵਿਅਕਤੀਤਵ ਤੇ ਆਚਰਣ ਦੀ ਘਾੜਤ ਘੜਦੇ ਹਨ। ਮੈਨੂੰ ਇਹ ਜੀਵਨ ਰੂਪੀ ਕਪੜਾ ਪਿਛਲੇ ਯੁਗਾਂ ਦੇ ਸਿੰਚਿਤ ਕਰਮਾਂ ਦੇ ਫਲਸਰੂਪ ਪ੍ਰਾਪਤ ਹੋਇਆ ਹੈ, ਮੈਨੂੰ ਮੋਖ ਦੁਆਰਾ ਤਾਂ ਪ੍ਰਭੂ ਦੇ ਨਦਰਿ-ਕਰਮ ਦੁਆਰਾ ਹੀ ਪ੍ਰਾਪਤ ਹੋਣਾ ਹੈ 'ਜਪੁਜੀ' ਵਿਚ ਅੰਕਿਤ ਹੈ,

"ਕਰਮੀ ਆਵੈ ਕਪੜਾ ਨਦਰੀ ਮੋਖ ਦੁਆਰੁ।।"

ਗੁਰੂ ਨਾਨਕ ਦੇਵ ਜੀ ਨਾ ਤਾਂ ਗੁਰੂ ਦੀ ਪਰਿਭਾਸ਼ਾ ਕਰਦੇ ਹਨ, ਨਾ ਪਰਮੇਸ਼ਵਰ ਦੀ। ਪਰ ਸਿੱਖ ਇਤਿਹਾਸ ਵਿਚੋਂ ਸਾਨੂੰ ਇਸ ਸੰਬੰਧੀ ਸੂਖ਼ਮ ਸੰਕੇਤ ਮਿਲ ਜਾਂਦੇ ਹਨ। ਗੁਰੂ ਨਾਨਕ ਦੇਵ ਜੀ ਦੇ ਪਰਮ ਵਿਅਕਤੀਤਵ ਵਿਚ ਇਸ

ਅਕੱਥ-ਕਥਾ ਜਾਂ ਵਰਣਨ ਰਹਿਤ ਆਦਰਸ਼ਕ ਦਸ਼ਾ ਦੀ ਸਚਿਤ੍ਰਿਤ ਝਲਕ ਨੂੰ ਵੇਖਿਆ ਜਾ ਸਕਦਾ ਹੈ। ਗੁਰੂ ਨਾਨਕ ਜੀ ਨੂੰ ਪ੍ਰੇਮ ਕਰਕੇ ਅਸੀਂ ਉਸ ਸਭ ਨੂੰ ਪ੍ਰੇਮ ਕਰ ਰਹੇ ਹੁੰਦੇ ਹਾਂ, ਜੋ ਜੀਵਨ ਦੇ ਪਿਛੋਕੜ ਵਿਚ ਰਹੱਸਮਈ ਰੂਪ ਵਿਚ ਵਿਦਮਾਨ ਹੈ। ''ਜਿਨ੍ਹਾਂ ਨੇ 'ਪੁੱਤਰ' ਦੇ ਦਰਸ਼ਨ ਕਰ ਲਏ ਹਨ, ਉਹਨਾਂ ਨੇ ਨਿਸ਼ਚੇ ਹੀ 'ਪਿਤਾ' ਨੂੰ ਵੀ ਨਿਹਾਰ ਲਿਆ ਹੈ।''

ਗੁਰੂ ਨਾਨਕ ਸਾਹਿਬ ਸਿੱਖਾਂ ਦੇ ਪ੍ਰਭੂ-ਪ੍ਰੀਤਮ ਨੂੰ ਨਾ ਤਾਂ ਆਕਾਸ਼ਾਂ ਵਿਚ ਵਸ ਰਿਹਾ ਦਸਦੇ ਹਨ ਤੇ ਨਾ ਹੀ ਕਿਸੇ ਕਲਪਨਾ ਭਰਪੂਰ ਸੁਪਨ-ਮੰਡਲ ਵਿਚ। ਇਸ ਪ੍ਰਿਥਵੀ ਉਤੇ ਮਨੁੱਖ ਵਧੇਰੇ ਕਰਕੇ ਭੌਤਿਕ ਵਜੂਦ ਵਾਲਾ ਹੀ ਹੁੰਦਾ ਹੈ ਤੇ ਉਸ ਨੂੰ ਆਪਣੇ ਸੁਪਨ-ਆਦਰਸ਼ਾਂ ਤੇ ਨਿਰਭਰ ਨਹੀਂ ਹੋਣਾ ਪੈਂਦਾ, ਨਾ ਹੀ ਇਹਨਾਂ ਬਾਰੇ ਉਸ ਨੂੰ ਕੋਈ ਸ਼ੇਖ਼ੀ ਮਾਰਨੀ ਚਾਹੀਦੀ ਹੈ। ਵਣਾਂ ਦਾ ਹਿਰਨ ਵੀ ਜੀਵਨ ਦੀਆਂ ਘੋਰ ਦੁਖਾਂਤਕ ਪ੍ਰਸਥਿਤੀਆਂ ਵਿਚ ਅਜਿਹੀ ਮਨੋਦਸ਼ਾ ਵਿਚ ਵਿਚਰ ਰਿਹਾ ਹੁੰਦਾ ਹੈ, ਜਿਸ ਨੂੰ ਕਿ ਉਚੇਰੀ ਆਤਮਕ ਦਸ਼ਾ ਕਿਹਾ ਜਾ ਸਕਦਾ ਹੈ। ਇਹ ਮਨੋਦਸ਼ਾ ਮਨੁੱਖ ਤੇ ਜਾਨਵਰਾਂ ਦੋਹਾਂ ਵਿਚ ਇਕ ਸਮਾਨ ਹੀ ਹੁੰਦੀ ਹੈ। ਐਂਡਰੋਕਲਸ (Androcles) ਨੇ ਖ਼ੂਨੀ ਸ਼ੇਰ ਦੇ ਪੰਜੇ ਵਿਚੋਂ ਕੰਡਾ ਕਢਿਆ ਸੀ ਅਤੇ ਸ਼ੇਰ ਆਪਣੀ ਮੂਲ ਪ੍ਰਕ੍ਰਿਤੀ ਦੇ ਪ੍ਰਭਾਵ ਅਧੀਨ ਉਸ ਨੂੰ ਪ੍ਰੇਮ ਕਰਨ ਲਗ ਪਿਆ ਸੀ। ਸਭ ਵਿਚ ਇਹ ਮੌਜੂਦ ਲੁਕਵੀਂ ਸ਼ਕਤੀ ਸੰਪੂਰਨ ਰੂਪ ਵਿਚ ਆਤਮਕ ਸੁਭਾ ਵਾਲੀ ਹੈ। ਇਹ ਆਤਮਕ ਪ੍ਰਵਿਰਤੀ ਮਨੁੱਖਾਂ ਤੇ ਮਨੁੱਖ ਤੋਂ ਹੇਠਲੇ ਜੀਵਨ ਸਭ ਵਿਚ ਸਾਂਝੀ ਹੈ। ਗੁਰੂ ਨਾਨਕ ਦੇਵ ਜੀ ਇਸ ਗੱਲ ਵਲ ਸੰਕੇਤ ਕਰਦੇ ਹਨ ਕਿ ਮਹਾਂ-ਮਾਨਵ ਵੀ ਮੌਜੂਦ ਹਨ। ਪ੍ਰੇਮ ਦੀ ਇਹ ਆਤਮਕਤਾ ਮਨੁੱਖਾਂ ਤੇ ਫਰਿਸ਼ਤਿਆਂ (ਦੇਵਤਿਆਂ) ਦੋਹਾਂ ਵਿਚ ਸਾਂਝੀ ਹੈ। ਪਦਾਰਥ ਦਾ ਸਾਰਾ ਸੰਘਰਸ਼ ਇਸ ਭੌਤਿਕਤਾ ਨੂੰ ਮਿਟਾਉਣ ਵਿਚ ਹੈ, ਤਾਂ ਜੋ ਸਿਰਜਣਾ ਦੀ ਜੋਤ ਨੂੰ ਜਗਾਇਆ ਜਾ ਸਕੇ, ਇਸ ਦੀ ਖ਼ੁਸ਼ੀ ਨੂੰ ਮਾਣਿਆਂ ਜਾ ਸਕੇ ਅਤੇ ਮਨੁੱਖਾਂ ਨੂੰ ਇਸ ਦਸ਼ਾ ਦੇ ਆਨੰਦ ਨੂੰ ਮਾਣਨ ਲਈ ਪ੍ਰੇਰਿਆ ਜਾ ਸਕੇ। ਗੁਰਮੁਖ ਦੀ ਇਹ ਵਿਸ਼ੇਸ਼ ਅੰਤਰੀਵ ਦਸ਼ਾ ਜੀਵਨ ਦਾ ਵਿਸ਼ੇਸ਼ ਗੁਣ ਜਾਂ ਲਛਣ ਹੁੰਦੀ ਹੈ। ਜਦੋਂ ਵੀ ਜੀਵਨ ਨੂੰ ਠੀਕ ਦਿਸ਼ਾ ਵਲ ਮੋੜ ਕੇ ਪੂਰੀ ਤਰ੍ਹਾਂ ਸਥਿਰ ਕਰ ਲਿਆ ਜਾਂਦਾ ਹੈ, ਤਾਂ ਉਹ ਅਵੱਸ਼ ਹੀ ਧਰਤੀ ਤੋਂ ਬਾਹਰੇ ਜਾਂ ਉਪਰਲੇ ਮਹਾਂ-ਅਨੰਦ ਦੀ ਅਵਸਥਾ ਵਿਚ ਜਾ ਪ੍ਰਫੁਲਿਤ ਹੁੰਦਾ ਹੈ। ਇਸ ਅਵਸਥਾ ਵਿਚ ਮਨੁੱਖਾਂ ਅਤੇ ਜਾਨਵਰਾਂ ਦੇ ਦੇਹ-ਸਰੂਪ ਭਾਗ ਜਾਂ ਕਿਸਮਤ ਸਾਂਝੇ ਸਰੂਪ ਵਾਲੇ ਹੁੰਦੇ ਹਨ। ਪੁੰਨ ਤੇ ਪਾਪ ਉਹ ਖਿਡੌਣੇ ਹਨ, ਜਿਨ੍ਹਾਂ ਨਾਲ ਅਗਿਆਨੀ ਮਨੁੱਖ ਸਦੀਆਂ ਤਕ ਖੇਡਦਾ ਤੇ ਆਪਣਾ ਸਮਾਂ ਨਸ਼ਟ ਕਰਦਾ ਰਿਹਾ ਹੈ। ਪਦਾਰਥ ਦੇ ਹਰ ਤੱਤ ਵਿਚ ਇਥੋਂ ਤਕ ਕਿ ਸ਼ੇਰ ਜਾਂ ਚੀਤੇ ਦੇ ਦਿਲ ਵਿਚ ਵੀ ਆਤਮਕਤਾ ਦੀ ਸੱਚੀ ਕਿਰਨ ਉਸ ਪ੍ਰਕਾਰ ਜਗਮਗਾ ਰਹੀ ਹੈ, ਜਿਵੇਂ ਇਕ ਨਿਰਜਿੰਦ ਚੱਟਾਨ ਵਿਚ ਗੱਡਿਆ ਹੋਇਆ ਹੀਰਾ ਚਮਕ ਰਿਹਾ ਹੁੰਦਾ ਹੈ। ਇਸ ਹੀਰੇ ਦੇ ਪ੍ਰਕਾਸ਼ ਨੂੰ ਵਧਾਉਣ ਜਾਂ ਘਟਾਉਣ ਦੇ ਕਾਰਜ ਵਿਚ ਕਿਹੜੀ ਮਨੁੱਖੀ ਨੈਤਿਕਤਾ ਜਾਂ ਆਚਾਰ-ਸੰਘਤਾ ਵਿਘਨ ਪਾ ਸਕਦੀ

ਹੈ। ਗੁਰੂ ਨਾਨਕ ਦੇਵ ਜੀ ਨੇ ਪ੍ਰਭੂ ਦੀ ਸ੍ਰਿਸ਼ਟੀ ਨੂੰ ਤੱਕਿਆ ਹੈ ਅਤੇ ਮਨੁੱਖ ਦੀ ਸਥੂਲ-ਪ੍ਰਕ੍ਰਿਤੀ ਵਿਚ ਗੱਡੇ ਹੋਏ ਇਸ ਹੀਰੇ ਵਰਗੀ ਆਤਮਾ ਨੂੰ ਵੀ ਵੇਖ ਲਿਆ ਹੈ—ਜੋ ਵਾਸਤਵਿਕ ਸੁੰਦਰਤਾ ਦੀ ਆਤਮਾ ਨੂੰ ਸਾਖਿਆਤ ਕਰਦੀ ਹੈ। ਆਪ ਇਸ ਨੂੰ ਅਦਭੁਤ ਰੂਪ ਵਿਚ ਜਗਮਗਾ ਰਿਹਾ ਤੱਕਦੇ ਹਨ। ਆਪ ਇਸ ਦੀ ਜੀਅ-ਦਾਨੀ ਸੁੰਦਰਤਾ ਦਾ ਗੁਣ ਗਾਇਨ ਕਰਦੇ ਹਨ ਅਤੇ ਆਤਮਾ ਦੇ ਇਸ ਨਿਰੰਤਰ ਹੁਲਾਰੇ ਵਿਚ ਅਨੰਦ-ਵਿਭੋਰ ਹੋ ਜਾਂਦੇ ਹਨ। ਇਹ ਸਭ ਕੁਝ ਬੜਾ ਸੁੰਦਰ ਹੈ, ਇਥੋਂ ਤਕ ਕਿ ਪਦਾਰਥ ਦੀ ਹੋਣੀ ਵੀ ਇਸ ਦੇ ਆਤਮ-ਸਤਾ ਵਿਚ ਪਰਿਵਰਤਿਤ ਹੋਣ ਵਿਚ ਜੁੜੀ ਹੋਈ ਹੈ। ਗੁਰੂ ਜੀ ਦੇ ਹਿਰਦੇ ਅੰਦਰ ਇਹ ਪ੍ਰਜਵਲਿਤ ਭਾਵਨਾ ਸੀ ਕਿ ਨਦਰਿ-ਕਰਮ ਦੁਆਰਾ ਲੋਕਾਂ ਅੰਦਰ ਪ੍ਰਭੂ ਦੀ ਇਸ ਸੁੰਦਰਤਾ ਨੂੰ ਨਿਹਾਰ ਸਕਣ ਲਈ ਉਸ ਦੀ ਅੰਤਰ-ਦ੍ਰਿਸ਼ਟੀ ਨੂੰ ਜਗਾਇਆ ਜਾ ਸਕੇ।

ਆਪ ਇਸ ਸਾਰੇ ਵਰਤਾਰੇ ਨੂੰ ਅਜਿਹੀ ਸਾਵਧਾਨੀ ਨਾਲ ਵਾਚਦੇ-ਘੋਖਦੇ ਸਨ, ਜਿਵੇਂ ਇਕ ਮਾਲੀ ਕਿਸੇ ਨੰਨ੍ਹੀ ਪੌਦ ਨੂੰ ਵਧ ਫੁਲ ਕੇ ਰੌਸ਼ਨੀ ਨੂੰ ਪ੍ਰਾਪਤ ਕਰ ਸਕਣ ਲਈ ਉਸ ਦੇ ਸਿਰ ਨੂੰ ਉਚਾ ਕਰਨ ਵਿਚ ਸਹਾਇਕ ਸਿਧ ਹੁੰਦਾ ਹੈ। ਪ੍ਰੇਮ ਦੇ ਸੇਵਾ ਭਾਵ ਦੇ ਮਹਾਂ-ਸੰਗੀਤ ਵਿਚ ਵਿਚਰੋ। ਪ੍ਰੇਮ ਤੇ ਆਤਮ-ਸਮਰਪਣ ਚਿੰਤਨ ਤੋਂ ਵਧੇਰੇ ਸ੍ਰੇਸ਼ਟ ਹਨ। ਇਹੋ ਹੀ ਗੁਰੂ ਜੀ ਦਾ ਮਤ ਜਾਂ ਦ੍ਰਿਸ਼ਟੀਕੋਣ ਹੈ। ਇਹ ਤਾਂ ਫੁੱਲ, ਨਦੀ ਤੇ ਤਾਰੇ ਵਰਗੇ ਸਿਧੇ ਸਾਦੇ ਜੀਵਨ ਸਮਾਨ ਹੈ।

ਮੁਹੰਮਦ ਸਾਹਿਬ ਦੇ ਅਦ੍ਰਿਸ਼ਟ ਜੀਵਨ ਦੇ ਪਿਛੋਕੜ ਵਿਚ ਕਈ ਫ਼ਰਿਸ਼ਤੇ ਆ ਕੇ ਰੱਬੀ ਸੰਦੇਸ਼ ਆਪ ਨੂੰ ਇਲਹਾਮ ਦੇ ਰੂਪ ਵਿਚ ਦਿੰਦੇ ਸਨ। ਆਪ ਨੇ ਲੋਕਾਂ ਨੂੰ ਇਸ ਰੱਬੀ ਸੰਦੇਸ਼ ਤੋਂ ਜਾਣੂੰ ਕਰਵਾਉਣ ਲਈ ਅਤੇ ਆਪਣੀ ਹਸਤੀ ਵਿਚਲੇ ਉਤਸ਼ਾਹ ਤੋਂ ਜਾਣੂੰ ਕਰਾਉਣ ਲਈ ਬੜੇ ਸਾਹਸ ਪੂਰਨ ਯਤਨ ਕੀਤੇ, ਤਾਂ ਜੋ ਲੋਕਾਂ ਵਿਚ ਇਸ ਸ਼ਕਤੀ ਤੇ ਉਤਸ਼ਾਹ ਨੂੰ ਜਗਾਇਆ ਜਾ ਸਕੇ। ਤਾਂ ਜੋ ਸਮੂਹ ਮਨੁੱਖ ਜਾਤੀ ਇਕੋ ਭਾਈਚਾਰੇ ਵਿਚ ਪਰੋਈ ਜਾ ਸਕੇ ਪਰ ਗ਼ੈਰ ਮੁਸਲਮਾਨਾਂ ਨੂੰ ਇਸ ਭਾਈਚਾਰੇ ਵਿਚ ਸ਼ਾਮਲ ਨਾ ਕੀਤਾ ਗਿਆ। ਹਾਲੀ ਵੀ ਇਹ ਵਿਤਕਰਾ ਮੁਸਲਮਾਨਾਂ ਦੀ ਮਾਨਸਿਕਤਾ ਨੂੰ ਚਿੰਬੜਿਆ ਹੋਇਆ ਹੈ, ਪਰ ਜੇ ਇਸਲਾਮ ਧਰਮ ਦੇ ਪੈਰੋਕਾਰ ਠੀਕ ਹੀ ਜਿਉਂਦੇ ਜਾਗਦੇ ਲੋਕ ਹਨ, ਤਾਂ ਇਕ ਦਿਨ ਅਜਿਹਾ ਜ਼ਰੂਰ ਆਵੇਗਾ, ਜਦੋਂ ਉਹ ਗ਼ੈਰ ਮੁਸਲਮਾਨਾਂ ਨੂੰ ਵੀ ਆਪਣਾ ਭਰਾ ਸਮਝ ਕੇ ਉਹਨਾਂ ਨੂੰ ਗਲਵਕੜੀ ਪਾਉਣਗੇ। ਤਦੋਂ ਇਸ ਇਕੋ ਝਟਕੇ ਨਾਲ ਹੀ ਇਸਲਾਮ ਗੁਰੂ ਨਾਨਕ ਦੇਵ ਜੀ ਦੇ ਸਿੱਖ-ਮਤ ਨਾਲ ਮੇਲ ਖਾਵੇਗਾ। ਜਿਵੇਂ ਕੁਰਾਨ ਸ਼ਰੀਫ਼ ਵਿਚ ਇਹ ਵਖਰਾਪਣ ਵਿਦਮਾਨ ਹੈ, ਉਥੇ ਗੁਰੂ ਗਰੰਥ ਸਾਹਿਬ ਸਾਰੀ ਮਾਨਵ ਜਾਤੀ ਨੂੰ ਪੂਰਨ ਭਰਾਤ੍ਰੀਅਤਾ ਵਿਚ ਪਰੋਂਦਾ ਹੈ। ਇਸ ਪ੍ਰਕਾਰ ਗੁਰੂ ਗਰੰਥ ਸਾਹਿਬ ਵਿਚ ਇਸਾਈ ਤੇ ਇਸਲਾਮ ਧਰਮਾਂ ਦੇ ਸਾਰੇ ਗੁਣ ਤੇ ਵਿਸ਼ੇਸ਼ਤਾਵਾਂ ਆ ਗਈਆਂ ਹਨ।

ਸਾਰੰਸ਼ ਵਜੋਂ ਗੁਰੂ ਗਰੰਥ ਸਾਹਿਬ ਵਿਚ ਮੈਂ ਉਸ ਸੰਦੇਸ਼ ਨੂੰ ਲਭਦਾ ਹਾਂ ਜੋ ਹੁਣ ਤਕ ਸੰਸਾਰ ਲਈ ਮੋਹਰਬੰਦ ਹੀ ਰਿਹਾ ਹੈ। ਗੁਰੂ ਨਾਨਕ ਸਾਹਿਬ ਦੇ ਨੈਣ ਸ੍ਰਿਸ਼ਟੀ ਵਿਚ ਵਿਦਵਾਨ ਆਤਮਕਤਾ ਉਤੇ ਗੱਡੇ ਹੋਏ ਹਨ ਅਤੇ ਆਪ ਇਸ ਆਤਮਕ ਸੁੰਦਰਤਾ ਦੀ ਸ਼ਾਨ ਨੂੰ ਨੀਵਿਆਂ, ਗ਼ਰੀਬਾਂ, ਪਾਪੀਆਂ ਤੇ ਪੁੰਨੀਆਂ ਸਭ ਵਿਚ ਸਮਾਨ ਰੂਪ ਵਿਚ ਵਿਆਪਕ ਮੰਨਦੇ ਹਨ। ਇਥੋਂ ਤਕ ਕਿ ਇਹ ਸੁੰਦਰਤਾ ਵਣਾਂ ਤੇ ਘਾਹਾਂ ਵਿਚ ਵੀ ਮੌਜੂਦ ਹੈ ਅਤੇ ਸਾਰੇ ਪਦਾਰਥਕ ਵਿਸ਼ਵ ਵਿਚ ਇਸ ਸੁੰਦਰਤਾ ਦੀਆਂ ਰਿਸ਼ਮਾਂ ਚਮਕ ਰਹੀਆਂ ਹਨ। ਗੁਰੂ ਸਾਹਿਬ ਦੇ ਕੰਨਾਂ ਵਿਚ ਇਸ ਸੁੰਦਰਤਾ ਦਾ ਸੰਗੀਤ ਪੌਣ ਪਾਣੀ ਤੇ ਬਸੰਤਰ ਦੁਆਰਾ ਗੂੰਜਦਾ ਸੁਣਾਈ ਦੇ ਰਿਹਾ ਹੈ। ਆਪ ਨਾ ਆਤਮਾ ਬਾਰੇ ਵਿਚਾਰ ਕਰਦੇ ਹਨ, ਨਾ ਪ੍ਰਮਾਤਮਾ ਬਾਰੇ ਅਤੇ ਨਾ ਹੀ ਮਨੁੱਖ ਬਾਰੇ ਕੋਈ ਬਹਿਸ ਛੇੜਦੇ ਹਨ। ਆਪ ਤਾਂ ਉਸ ਅਕੱਥ-ਕਥਾ ਦਾ ਗੀਤ ਗਾ ਰਹੇ ਹਨ, ਜਿਸ ਨੂੰ ਕਿ ਆਪ ਨਿਹਾਰ ਰਹੇ ਹਨ ਤੇ ਸ੍ਰਿਸ਼ਟੀ ਵਿਚ ਵਿਆਪਕ ਇਸ ਸੁੰਦਰਤਾ ਦੀ ਹੀ ਅਰਾਧਨਾ ਕਰਦੇ ਹਨ। ਆਪ ਮਾਨਸਿਕ ਜਾਂ ਨੈਤਿਕ ਵਸੀਕਾਰ ਜਾਂ ਸੰਜਮ ਨੂੰ ਧਾਰਨ ਕਰਨ ਦੇ ਇਛੁਕ ਨਹੀਂ, ਸਗੋਂ ਆਪ ਤਾਂ ਇਸ ਗੀਤ ਦਾ ਗਾਇਨ ਕਰਕੇ ਕੁਦਰਤ ਨੂੰ ਵੀ ਆਪਣੇ ਸਹਿਯੋਗੀ ਬਣਨ ਲਈ ਸੱਦਾ ਦੇ ਰਹੇ ਹਨ, ਤਾਂ ਜੋ ਸਮੱਸਤ ਜਨ-ਸਮੂਹ ਨੂੰ ਉਸ ਪ੍ਰਭੂ-ਪ੍ਰੀਤਮ ਦੀ ਮਹਾਨ ਹਸਤੀ ਤੋਂ ਜਾਣੂੰ ਕਰਵਾਇਆ ਜਾ ਸਕੇ। ਇਸ ਪ੍ਰਕਾਰ ਇਥੇ ਗੁਰੂ ਨਾਨਕ ਜੀ ਤੇ ਉਹਨਾਂ ਦੇ ਸੰਸਾਰ ਨਾਲ ਰਲ ਕੇ ਪ੍ਰਕ੍ਰਿਤੀ ਗਾਉਣ ਲਗ ਪੈਂਦੀ ਹੈ ਅਤੇ ਆਪ ਦੀ ਆਵਾਜ਼ ਤੇ ਨਿਜੀ ਛੁਹ ਸਾਰੇ ਸੱਚੇ ਚਿੰਤਕਾਂ ਨੂੰ ਸਹਿਜ ਸ਼ਾਂਤੀ ਪ੍ਰਦਾਨ ਕਰਦੀ ਹੈ। ਕੁਦਰਤ ਦੇ ਪਦਾਰਥਕ ਸੰਘਰਸ਼ ਦੇ ਇਸ ਪਦਾਰਥਕ ਗੰਦਮੰਦ ਦੇ ਸੰਘਰਸ਼ ਵਿਚ ਮਨੁੱਖ ਤਾਂ ਪ੍ਰਭੂ-ਪ੍ਰੀਤਮ ਦਾ ਸ਼ੁਕਰ ਕਰਦਾ ਹੈ, ਜਿਸ ਨੇ ਉਸ ਨੂੰ ਨਾਨਕ ਦੇਵ ਜੀ ਦੇ ਰੂਪ ਵਿਚ ਗੁਰੂ ਦੇ ਦਰਸ਼ਨ ਕਰਵਾਏ ਹਨ। ਇਹ ਤੱਥ, ਜੋ ਉਹਨਾਂ ਵਿਚ ਵੀ ਗੁਰੂ ਨਾਨਕ ਜੀ ਵਰਗੇ ਮਨੁੱਖ-ਰੂਪ ਦੀਆਂ ਸੰਭਾਵਨਾਵਾਂ ਮੌਜੂਦ ਹਨ; ਤਾਂ ਸਭ ਯੁਗਾਂ ਤੇ ਸਭ ਜਾਤੀਆਂ ਦੇ ਗੰਭੀਰ ਚਿੰਤਕਾਂ ਤੇ ਸਚਿਆਰੇ ਮਨੁੱਖਾਂ ਲਈ ਸਹਿਜ ਸ਼ਾਂਤੀ ਤੇ ਸੁਖ ਪ੍ਰਦਾਨ ਕਰਨ ਵਾਲਾ ਹੈ। ਆਪ ਦੇ ਦਰਸ਼ਨ ਕਰਨ ਵਿਚ ਹੀ ਸਾਰੇ ਨੈਤਿਕ ਸ੍ਰਿਸ਼ਟਾਚਾਰ ਆ ਜਾਂਦੇ ਹਨ। ਇਸ ਆਕਾਸ਼ ਥਲੇ ਮਨੁੱਖ ਗੁਰੂ ਨਾਨਕ ਦੇਵ ਜੀ ਨਾਲ ਖੜ੍ਹਾ ਹੋ ਕੇ ਆਪ ਜੀ ਦੇ ਸ਼ਬਦਾਂ ਦੀਆਂ ਧੁਨਾਂ ਨੂੰ ਸੁਣ ਕੇ ਤਰੰਗਤ ਹੋ ਜਾਂਦਾ ਹੈ ਅਤੇ ਆਪ ਜੀ ਦੇ ਹਜ਼ੂਰੀ ਦਰਸ਼ਨ ਪਾ ਕੇ ਡੂੰਘੀ ਤਰ੍ਹਾਂ ਹਲੂਣਿਆਂ ਜਾਂਦਾ ਹੈ। ਇਸ ਵਿਸਮਾਦਜਨਕ ਮਨੋਦਸ਼ਾ ਵਿਚ ਉਹ ਆਪ ਮੁਹਾਰੇ ਹੀ ਕਹਿ ਉਠਦਾ ਹੈ, "ਪ੍ਰਭੂ-ਪ੍ਰੀਤਮ ਵਿਆਪਕ ਹੈ ਤੇ ਸਭ ਕੁਝ ਬੜਾ ਸੁੰਦਰ ਹੈ। ਕੋਈ ਵੀ ਗੱਲ ਗ਼ਲਤ ਨਹੀਂ ਹੈ। ਵਾਹੁ ! ਵਾਹੁ ! ਵਾਹੁ ! ਇਹ ਜੀਵਨ ਉਸ ਪ੍ਰਭੂ-ਪ੍ਰੀਤਮ ਦੀ ਦਾਤ ਹੈ। ਪ੍ਰੇਮ ਦੀ ਆਵੇਸ਼ਗਤ ਅਵਸਥਾ ਵੀ ਉਸ ਦੀ ਦੇਣ ਹੈ। ਸ੍ਰਿਸ਼ਟੀ ਬੜੀ ਵਿਸਮਾਦਜਨਕ ਹੈ—ਇਸ ਦੀ ਆਤਮਾ ਵਿਚ ਪ੍ਰਭੂ-ਪ੍ਰੀਤਮ ਦੀ ਛੁਹ ਵਿਦਮਾਨ ਹੈ। ਇਸ ਸਮੱਸਤ ਮਹਾਂ-ਆਨੰਦ ਦੇ ਕਾਂਗ ਉਛਾਲਿਆਂ ਦੀ ਅਮੁਕ ਖ਼ੁਸ਼ੀ ਹੀ ਜੀਵਨ ਹੈ।"

# ਯੋਗ ਅਭਿਆਸ

ਬ੍ਰਾਹਮਣਵਾਦੀ ਧਾਰਮਿਕ ਵਿਚਾਰ ਪਧਤੀ ਵਿਚ ਯੋਗ ਅਭਿਆਸ ਉਤੇ ਕਾਫੀ ਬਲ ਦਿਤਾ ਗਿਆ ਹੈ। ਇਹਨਾਂ ਅਭਿਆਸਾਂ ਵਿਚ ਉਹਨਾਂ ਵਚਿੱਤਰ ਰੂਪ ਦੀਆਂ ਸਰੀਰਕ ਤੇ ਮਾਨਸਿਕ ਪ੍ਰਕ੍ਰਿਆਵਾਂ ਦੇ ਇਕ ਜਾਂ ਦੂਜੇ ਰੂਪ ਉਤੇ ਵਧੇਰੇ ਜ਼ੋਰ ਦਿਤਾ ਜਾਂਦਾ ਰਿਹਾ ਹੈ, ਜਿਨ੍ਹਾਂ ਨੂੰ ਕਿ ਹਠ-ਯੋਗ ਦੀ ਸੰਗਿਆ ਦਿਤੀ ਗਈ ਹੈ। ਇਹਨਾਂ ਦੁਆਰਾ ਉਪਨਿਸ਼ਦਾਂ ਵਿਚ ਵਰਣਨ ਕੀਤੀ ਗਈ ਅਕਹਿ ਸ਼ਾਂਤੀ ਦੀ ਪ੍ਰਾਪਤੀ ਨੂੰ ਲਕਸ਼ ਮੰਨਿਆ ਜਾਂਦਾ ਰਿਹਾ ਹੈ। ਇਹਨਾਂ ਉਤੇ ਅਤਿ ਅਧਿਕ ਬਲ ਦੇਣ ਕਾਰਨ ਕਈ ਯੁਗਾਂ ਤੋਂ ਪ੍ਰਾਸਚਿਤ ਤੇ ਤਿਆਗ ਦੀਆਂ ਵਿਧੀਆਂ ਅਰਥਾਤ ਵਿਸ਼ੇਸ਼ ਆਹਾਰ ਅਤੇ ਵਰਤ ਰਖਣ ਆਦਿ ਦੇ ਵਿਧਾਨ ਹੋਂਦ ਵਿਚ ਆਏ। ਪਰ ਆਮ ਲੋਕਾਂ ਲਈ ਤਾਂ ਇਹ ਅਰਥਹੀਣ ਤੇ ਵਾਧੂ ਦੇ ਯਤਨ ਹੀ ਸਨ। ਸਾਰਾ ਦੇਸ਼ ਹੀ ਧਰਮ ਦੇ ਨਾਂ ਥੱਲੇ ਪ੍ਰਚਲਿਤ ਇਹਨਾਂ ਰੂੜੀਵਾਦੀ ਅਭਿਆਸਾਂ ਜਾਂ ਕਰਮ-ਕਾਂਡਾਂ ਦੀ ਪਕੜ ਵਿਚ ਗ੍ਰਸਿਆ ਗਿਆ ਹੈ। ਸੰਸਾਰ ਦੇ ਸਾਰੇ ਧਰਮਾਂ ਨੇ ਅਧਿਆਤਮਕ ਉਨਤੀ ਲਈ ਆਤਮ-ਸੰਜਮ ਜਾਂ ਅੰਤਰੀਵ ਅਨੁਸ਼ਾਸਨ ਬਾਰੇ ਭਰਪੂਰ ਵਿਆਖਿਆ ਤੇ ਵਿਸਥਾਰਾਂ ਦਾ ਵਰਣਨ ਕੀਤਾ ਹੈ। ਇਹਨਾਂ ਆਤਮਕ ਅਭਿਆਸਾਂ ਤੇ ਆਤਮ-ਸੰਜਮ ਦੀਆਂ ਵਿਧੀਆਂ ਦੁਆਰਾ ਮਨੁੱਖ ਮਾਤਰ ਨੂੰ ਸੰਸਾਰਕ ਰੁਚੀਆਂ ਵਿਚ ਲੋੜ ਤੋਂ ਵਧੇਰੇ ਖਚਿਤ ਹੋਣ ਤੇ ਵਾਸ਼ਨਾਂ ਦੇ ਅਤਿ ਅਧਿਕ ਭੋਗਾਂ ਵਲੋਂ ਮੋੜਨ ਦਾ ਯਤਨ ਕੀਤਾ ਗਿਆ ਹੈ, ਤਾਂ ਜੋ ਮਨੁੱਖ ਨੇਕ ਅਤੇ ਚੰਗਾ ਬਣ ਸਕੇ। ਇਸ ਗੱਲ ਦੀ ਤਾਂ ਸਮਝ ਪੈ ਸਕਦੀ ਹੈ ਕਿ ਮਨੁੱਖ ਦੇ ਨੈਤਿਕ ਜੀਵਨ ਵਿਚ ਇਹਨਾਂ ਸਾਧਨਾਂ ਦੀ ਵਰਤੋਂ ਕੁਝ ਇਸ ਤਰ੍ਹਾਂ ਸਹਾਈ ਸਿਧ ਹੋ ਸਕਦੀ ਹੈ, ਜਿਵੇਂ ਕੁਝ ਰੋਗਾਂ ਦੇ ਇਲਾਜ ਲਈ ਅਸੀਂ ਰੋਗੀ ਨੂੰ ਸੰਖੀਏ ਜਾਂ ਅਫੀਮ ਨੂੰ ਦਵਾਈ ਵਜੋਂ ਦਿੰਦੇ ਹਾਂ। ਇਹ ਵੀ ਗੱਲ ਸਮਝ ਵਿਚ ਆ ਸਕਦੀ ਹੈ ਕਿ ਕਿਵੇਂ ਉਪਯੋਗਤਾਵਾਦੀ ਕਾਨੂੰਨਾਂ ਵਲ ਧਿਆਨ ਦੇਣ ਨਾਲ ਮਨੁੱਖਾਂ ਦੇ ਪਰਸਪਰ ਵਿਹਾਰ ਉਤੇ ਕੀ ਪ੍ਰਭਾਵ ਪੈਂਦਾ ਹੈ ਅਤੇ ਉਹਨਾਂ ਨੂੰ ਨੇਕ ਤੇ ਚੰਗਾ ਜੀਵਨ ਬਤੀਤ ਕਰਨ ਲਈ ਠੀਕ ਰਾਹ 'ਤੇ ਲਿਜਾਇਆ ਜਾ ਸਕਦਾ ਹੈ, ਤਾਂ ਜੋ ਉਹ ਸਾਰੇ ਚੰਗੇ ਗੁਆਂਢੀਆਂ ਵਾਂਗ ਰਹਿੰਦੇ ਹੋਏ, ਪ੍ਰੇਮ-ਭਾਵਨਾ ਦੁਆਰਾ ਸਮਾਜ ਤੇ ਰਾਜ ਦੇ ਕਾਰਜਾਂ ਨੂੰ ਚਲਾ ਕੇ ਨਿਭਾ ਸਕਣ ਅਤੇ ਕਿਸੇ ਸਾਂਝੀ ਬਿਪਤਾ ਦਾ ਵੀ ਰਲ ਕੇ ਟਾਕਰਾ ਕਰ ਸਕਣ। ਆਪਣੇ ਆਪ ਨੂੰ ਵਿਸ਼ੇਸ਼ ਸਮਝਣ ਵਾਲੀ ਨਵੇਕਲੀ ਮਾਨਸਿਕਤਾ ਜੋ ਹਿੰਦੂਆਂ ਦੀ ਨਹੀਂ ਹੈ, ਤਾਂ ਬਾਹਰਮੁਖੀ ਤੇ ਨਿਰਪੱਖ ਦ੍ਰਿਸ਼ਟੀਕੋਣ ਤੋਂ ਇਤਿਹਾਸ ਨੂੰ ਵਾਚੇ ਜਾਣ ਉਤੇ ਸਿਧ ਹੋ ਜਾਵੇਗਾ ਕਿ ਹਿੰਦੂ ਜਾਤੀ ਦੀ ਇਤਿਹਾਸਕ ਸੰਸਕ੍ਰਿਤੀ ਸਭ ਤੋਂ ਵਧੇਰੇ ਸ੍ਰੇਸ਼ਟ ਰੂਪ ਵਿਚ ਸਭ ਤੋਂ ਪਹਿਲਾਂ ਬੁਧ-

ਮਤ ਵਿਚ ਹੀ ਪ੍ਰਚਲਿਤ ਹੋਈ ਤੇ ਪਿਛੋਂ ਦਸ ਗੁਰੂ ਸਾਹਿਬਾਨ ਦੇ ਜੀਵਨ ਵਿਚ। ਸਿੱਖ-ਮਤ ਪੂਰਬ ਦਾ ਸਭ ਤੋਂ ਭਰਪੂਰ ਆਤਮਕ-ਖੇੜਾ ਹੈ ਅਤੇ ਪੂਰਬੀ ਸੰਸਕ੍ਰਿਤੀ ਦੀ ਪੁਨਰ-ਸਿਰਜਣਾ ਦੀ ਪ੍ਰਕ੍ਰਿਆ ਸਭ ਤੋਂ ਵਧੇਰੇ ਤੀਬਰ ਰੂਪ ਵਿਚ ਸਿੱਖ-ਮਤ ਵਿਚ ਹੀ ਵਿਦਮਾਨ ਹੈ।

ਇਹ ਗੱਲ ਬੜੀ ਚੰਗੀ ਹੈ ਕਿ ਸਾਨੂੰ ਭਾਰਤੀਆਂ ਨੂੰ ਭਵਿੱਖ ਦੇ ਠੀਕ ਪ੍ਰੇਰਨਾ-ਸਰੋਤਾਂ ਦਾ ਗਿਆਨ ਹੈ। ਅਸੀਂ ਨਵੀਂ ਸ਼ਰਾਬ ਨੂੰ ਪੁਰਾਣੀਆਂ ਬੋਤਲਾਂ ਵਿਚ ਬੰਦ ਨਹੀਂ ਕਰਦੇ। ਸਾਰੇ ਹਿੰਦੂ ਮਤ-ਮਤਾਂਤਰਾਂ ਨਾਲੋਂ ਸਿੱਖ ਗੁਰੂ ਸਾਹਿਬਾਨ ਨੇ ਹੀ ਗੀਤਾ ਦੇ ਸੰਦੇਸ਼ ਨੂੰ ਵਧੇਰੇ ਅਮਲੀ ਰੂਪ ਵਿਚ ਪ੍ਰਗਟਾਇਆ ਹੈ। ਹਿੰਦੂ-ਜਾਤੀ ਦੀ ਆਪਣੇ ਵਿਚਲੀ ਸ੍ਰੇਸ਼ਟਤਾ ਹੋਣ ਦੀ ਮਨੋਭਾਵਨਾ ਹੀ ਉਹਨਾਂ ਦੇ ਪ੍ਰਗਤੀ ਦੇ ਰਾਹ ਵਿਚ ਰੋੜਾ ਬਣਦੀ ਰਹੀ ਹੈ। ਇਹ ਕਲਪਨਾ ਕਰੋ ਕਿ ਸੁਆਮੀ ਵਿਵੇਕਾਨੰਦ ਨੇ ਤਾਂ ਇਹ ਕਹਿ ਦਿਤਾ ਸੀ, "ਮੈਂ ਤਾਂ ਉਸ ਧਰਮ ਦਾ ਅਨੁਆਈ ਹਾਂ, ਜਿਸ ਦਾ ਬਾਗ਼ੀ ਬੱਚਾ ਬੁਧ-ਮਤ ਹੈ।" ਪਰ ਉਹ ਸਚਾਈ ਨੂੰ ਮੰਨਣ ਲਈ ਤਿਆਰ ਨਹੀਂ ਹਨ। ਨਾ ਤਾਂ ਉਹ ਬੁਧ-ਮਤ ਨੂੰ ਪ੍ਰਵਾਨ ਕਰਨਗੇ, ਨਾ ਨਵੇਂ ਧਰਮ ਸਿੱਖ-ਮਤ ਨੂੰ, ਜੋ ਦਸ ਗੁਰੂ ਸਾਹਿਬਾਨ ਦਾ ਦੱਸਿਆ ਹੋਇਆ ਹੈ। ਜਿਸ ਵਿਚ ਪ੍ਰੇਮ, ਨਾਮ—ਸਿਮਰਨ ਦੀ ਸੰਸਕ੍ਰਿਤੀ ਅਤੇ ਮਨੁੱਖਤਾ ਦੀ ਸਹਿਜ ਰੂਪ ਦੀ ਨੈਤਿਕਤਾ ਪ੍ਰਧਾਨ ਹੈ। ਇਹ ਗੱਲ ਵੀ ਭਲੀ ਪ੍ਰਕਾਰ ਸਮਝ ਵਿਚ ਆ ਸਕਦੀ ਹੈ ਕਿ ਮਨੁੱਖੀ ਦ੍ਰਿਸ਼ਟੀਕੋਣ ਦੇ ਪੱਖ ਤੋਂ ਵੇਖਿਆਂ ਇਹ ਉਚਿਤ ਹੀ ਹੈ ਕਿ ਜੀਵਨ ਵਿਚ ਕਿਸੇ ਵਿਅਕਤੀ ਜਾਂ ਸਮੂਹ ਦੀ ਸੁਤੰਤਰਤਾ ਨੂੰ ਖ਼ਤਰੇ ਵਿਚ ਪਾਉਣ ਲਈ ਨਾ ਹਿੰਸਾ ਹੋਣੀ ਚਾਹੀਦੀ ਹੈ, ਨਾ ਜ਼ੁਰਮ। ਜੇ ਵਹਿਸ਼ੀ ਕਿਸਮ ਦੀ ਹਿੰਸਾ ਜਾਰੀ ਰਹਿੰਦੀ ਹੈ, ਤਾਂ ਹਿਹ ਜੀਵਨ ਦੇ ਸਦਭਾਵਨਾਪੂਰਨ ਵਿਕਾਸ ਵਿਚ ਰੋੜਾ ਬਣਦੀ ਹੈ। ਤਾਂ ਇਹ ਉਚਿਤ ਹੀ ਹੈ ਕਿ ਉਹਨਾਂ ਗਿਣਤੀ ਦੇ ਥੋੜ੍ਹੇ ਲੋਕਾਂ ਦੀ ਸੁਤੰਤਰਤਾ ਨੂੰ ਇਸ ਤੋਂ ਵੀ ਵਧੇਰੇ ਹਿੰਸਕ ਬਲ ਦੀ ਵਰਤੋਂ ਨਾਲ ਕੁਚਲ ਦਿਤਾ ਜਾਵੇ, ਤਾਂ ਜੋ ਵਧੇਰੇ ਗਿਣਤੀ ਵਿਚ ਮਨੁੱਖਾਂ ਨੂੰ ਮੌਕੇ ਦਿੱਤੇ ਜਾ ਸਕਣ ਕਿ ਉਹ ਆਪਣੀ ਹੋਰ ਉਨਤੀ ਕਰਕੇ ਵਧੇਰੇ ਉਚੇਰੇ ਜੀਵਨ ਦੇ ਅਨੁਭਵਾਂ ਨੂੰ ਪ੍ਰਾਪਤ ਕਰ ਸਕਣ। ਬਘਿਆੜ ਤੇ ਚੀਤੇ ਜੋ ਆ ਕੇ ਭੇਡਾਂ ਦੇ ਵਗ ਉਤੇ ਹੱਲਾ ਬੋਲ ਦਿੰਦੇ ਹਨ, ਉਹਨਾਂ ਨੂੰ ਤਾਂ ਆਵੱਸ਼ ਹੀ ਮਾਰ ਦੇਣਾ ਚਾਹੀਦਾ ਹੈ।

ਅਜਿਹੇ ਸਮੇਂ ਸਭ ਪ੍ਰਕਾਰ ਦੀ ਧਾਰਮਿਕ ਸਾਧਨਾ ਦਾ ਕਾਰਜ ਅਰਥਹੀਣ ਅਤੇ ਨਿਗੂਣਾ ਜਿਹਾ ਲਗਦਾ ਹੈ। ਜਦੋਂ ਕਿ ਅਜਿਹੇ ਅਭਿਆਸਾਂ ਦਾ ਉਦੇਸ਼ ਮਨੁੱਖ ਨੂੰ ਕੇਵਲ ਅਜਿਹਾ ਸਵੈ-ਚਾਲਿਤ ਮਸ਼ੀਨ ਹੀ ਬਣਾ ਦੇਣਾ ਹੈ ਜਿਸ ਦਾ ਚੌਵੀ ਘੰਟੇ ਦਾ ਵਿਚਾਰ ਹੀ ਧਰਮ-ਸ਼ਾਸਤਰੀ ਵਿਧੀਆਂ ਤੇ ਕਰਮ-ਕਾਂਡਾਂ ਦੇ ਚੱਕਰ ਵਿਚ ਉਲਝੇ ਰਹਿਣਾ ਹੈ। ਇਹ ਤਾਂ ਕੇਵਲ ਆਤਮਕ ਪ੍ਰਤਿਭਾ ਵਾਲਾ ਵਿਅਕਤੀ ਹੀ ਹੋ ਸਕਦਾ ਹੈ, ਜਿਸ ਵਿਚ ਕਿ ਨਿਸ਼ਚਿਤ ਦੈਵੀ ਗੁਣ ਜਨਮ ਸਿਧ ਰੂਪ ਵਿਚ ਹੀ ਵਿਦਮਾਨ ਹੁੰਦੇ ਹਨ ਅਤੇ ਜਿਸ ਵਿਚਲੀਆਂ ਅੰਤਰੀਵ ਸ਼ਕਤੀਆਂ ਹੀ ਉਚਿਤ ਢੰਗ ਨਾਲ ਦਾਰਸ਼ਨਿਕ ਸਿਖ਼ਰਾਂ ਨੂੰ ਸਰ ਕਰ ਸਕਦੀਆਂ ਹਨ—ਕਿਉਂ ਜੋ ਹਾਲੀ

ਤਕ ਅਸੀਂ ਗੁਰੂਤਾ-ਆਕਰਸ਼ਣ ਨੂੰ ਕਾਬੂ ਕਰਨ ਬਾਰੇ ਕੁਝ ਵੀ ਜਾਣ ਨਹੀਂ ਸਕੇ, ਇਸ ਲਈ ਸਾਨੂੰ ਉਹਨਾਂ ਅੰਤਰੀਵ ਸ਼ਕਤੀਆਂ ਨੂੰ ਨਿਯੰਤਰਿਤ ਕਰਨ ਦੀ ਕੋਈ ਵਿਧੀ ਨਹੀਂ ਲਭ ਸਕੀ ਕਿ ਕਿਸ ਤਰ੍ਹਾਂ ਸਰੀਰਕ ਸੁੰਦਰਤਾ ਕੁਝ ਵਿਸ਼ੇਸ਼ ਵਿਅਕਤੀਆਂ ਵਿਚ ਕੁਦਰਤੀ ਰੂਪ ਵਿਚ ਹੀ ਵਿਕਸਿਤ ਹੋ ਜਾਂਦੀ ਹੈ। ਹਿੰਦੂ ਸ਼ਾਸਤਰਾਂ ਦੀ ਯੋਗ-ਪੱਧਤੀ, ਜੋ ਇੰਦਰੀਗਤ ਰੂਪ ਵਿਚ ਅਜਿਹੇ ਪ੍ਰਤਿਭਾਵਾਨ ਵਿਅਕਤੀਆਂ ਦੀ ਸਮਰਥਾ ਬਾਰੇ ਵਿਸਥਾਰ ਨਾਲ ਚਰਚਾ ਕਰਦੀ ਹੈ—ਉਹਨਾਂ ਨੂੰ ਅਸਾਧਾਰਨ ਸ਼ਕਤੀ ਵਾਲੇ ਵਿਅਕਤੀ ਦਰਸਾਉਂਦੀ ਹੈ, ਪਰ ਨਾਲ ਹੀ ਇਹਨਾਂ ਸਿਰਜਣਾਤਮਿਕ ਦਾਤਾਂ ਨੂੰ ਕੇਵਲ ਮਕਾਨਕੀ ਗੁਣਾਂ (ਰਿਧੀਆਂ ਸਿਧੀਆਂ) ਦੀ ਪ੍ਰਾਪਤੀ ਤਕ ਹੀ ਸੀਮਿਤ ਕਰ ਦਿੰਦੀ ਹੈ। ਇਹਨਾਂ ਨੂੰ ਬੀਜ-ਗਣਿਤ ਦੇ ਸੂਤਰਾਂ ਦੀ ਤਰ੍ਹਾਂ ਵਰਤ ਕੇ ਇਕ ਅਜਿਹੇ ਸ਼ਾਸਤਰੀ-ਮਤ ਨੂੰ ਵਿਕਸਿਤ ਕਰਨ ਦਾ ਦਾਅਵਾ ਕਰਦੀ ਹੈ ਕਿ ਇਹਨਾਂ ਸਾਧਨਾਵਾਂ ਦੇ ਵਿਵਹਾਰਿਕ ਪ੍ਰਯੋਗਾਂ ਦੁਆਰਾ ਉਸੇ ਤਰ੍ਹਾਂ ਦੇ ਸ੍ਰੇਸ਼ਟ ਪ੍ਰਤਿਭਾਵਾਨ ਵਿਅਕਤੀਆਂ ਨੂੰ ਪੈਦਾ ਕੀਤਾ ਜਾ ਸਕਦਾ ਹੈ। ਪਾਤੰਜਲੀ ਦਾ ਯੋਗ-ਸੂਤਰ ਯੋਗੀ ਉਤਪੰਨ ਕਰਨ ਵਿਚ ਸਫਲ ਨਹੀਂ ਹੋ ਸਕਿਆ।

ਗੁਰੂ ਘਰ ਵਿਚ ਇਸ ਗੱਲ ਦਾ ਉਲੇਖ ਕੀਤਾ ਗਿਆ ਹੈ ਕਿ ਸਿਮਰਨ ਇਕ ਵਰਤਾਰਾ ਵੀ ਹੈ ਤੇ ਸਿਧੀ ਵੀ। ਜਦੋਂ ਕਿਸੇ ਉਤੇ ਪ੍ਰਭੂ ਦਾ ਨਦਰਿ-ਕਰਮ ਹੁੰਦਾ ਹੈ, ਤਾਂ 'ਗੁਰੂ-ਸ਼ਬਦ' ਦਾ ਪ੍ਰਭਾਵ ਕੀਮੀਆਗਰੀ ਵਾਲਾ ਹੁੰਦਾ ਹੈ। 'ਗੁਰੂ-ਸ਼ਬਦ' ਦਾ ਪ੍ਰਤੀਕ ਦੁਹਰਾਉ ਜਾਂ ਬਾਰੰਬਾਰ ਜਾਪ ਮਨੁੱਖੀ ਮਨ ਨੂੰ ਰੂਪਾਂਤ੍ਰਿਤ ਕਰਕੇ ਆਤਮ-ਮੰਡਲ ਵਿਚ ਲੈ ਜਾਂਦਾ ਹੈ। ਅਜਿਹੀ ਹਾਲਤ ਵਿਚ ਮਨੁੱਖ ਦਾ ਤਾਂ ਉਸ ਪੱਧਰ ਤਕ ਉਥਾਨ ਹੋ ਜਾਂਦਾ ਹੈ, ਜਿਥੇ ਉਹ ਸਰਬ-ਗਿਆਤਾ ਬਣ ਜਾਂਦਾ ਹੈ। ਇਸ ਸੰਬੰਧ ਵਿਚ ਗੁਰੂ ਜੀ ਦਾ ਕਥਨ ਹੈ ਕਿ, "ਜੇ ਅਜਿਹਾ ਮਨ, ਗੋਚਰ ਮਨ ਵਿਚ ਵੀ ਨਿਵਾਸ ਕਰ ਲੈਂਦਾ ਹੈ, ਤਾਂ ਉਸ ਨੂੰ ਵੀ ਤ੍ਰੈ-ਲੋਕੀ ਦਾ ਗਿਆਨ ਹੋ ਜਾਂਦਾ ਹੈ।" ਗੁਰੂ ਜੀ ਚੌਥੇ ਪਦ ਵਲ ਸੰਕੇਤ ਕਰਦੇ ਹਨ। ਜਿਥੇ ਪ੍ਰਕਾਸ਼ਮਾਨ ਦਿਬ-ਦ੍ਰਿਸ਼ਟੀ ਤੀਖਣ ਰੂਪ ਵਿਚ ਇਕ ਨਵੀਂ ਸੋਝੀ ਕਰਾਉਂਦੀ ਹੈ। ਜੋ ਗੁਰਮੁਖ ਜਾਂ ਮਹਾ-ਮਾਨਵ ਵਾਲੀ ਵਿਸ਼ੇਸ਼ ਆਤਮਕ ਦਸ਼ਾ ਹੁੰਦੀ ਹੈ।

ਸਾਡੇ ਸਭ ਵਿਚ ਇਕ ਬੜੀ ਅਦਭੁਤ ਗੁਪਤ ਸ਼ਕਤੀ ਮੌਜੂਦ ਹੈ, ਜੋ ਸਾਨੂੰ ਸਮੇਂ ਜਾਂ ਕਾਲ ਦੇ ਪਰਿਵਰਤਨਾਂ ਤੋਂ ਸੁਤੰਤ੍ਰ ਕਰ ਸਕਦੀ ਹੈ, ਜਿਸ ਦੁਆਰਾ ਅਸੀਂ ਬਾਹਰਮੁਖੀ ਵਸਤੂ-ਜਗਤ ਵਲੋਂ ਪਿਛਾਂਹ ਹਟ ਕੇ ਆਪਣੇ ਉਸ ਗੁਪਤ ਨਿਜ ਵਿਚ ਜਾ ਪ੍ਰਵੇਸ਼ ਕਰਦੇ ਹਾਂ ਤੇ ਸਾਡੇ ਨਿਜ ਵਿਚੋਂ ਹੀ ਉਹ ਅਬਿਨਾਸ਼ੀ-ਤੱਤ ਲਭ ਜਾਂਦਾ ਹੈ, ਜੋ ਅਪਰਿਵਰਤਨਸ਼ੀਲ ਸਰੂਪ ਵਾਲਾ ਹੁੰਦਾ ਹੈ। ਆਪਣੇ ਇਸ ਨਿਜ ਦਾ, ਆਪਣੇ ਦੂਸਰੇ ਉਚੇਰੇ ਨਿਜ ਵਿਚ ਇਹ ਪ੍ਰਵੇਸ਼ ਨਿਜੀ ਰੂਪ ਦਾ ਹੀ ਸੱਚਾ ਅਨੁਭਵ ਹੁੰਦਾ ਹੈ। ਇਸੇ ਦੇ ਆਧਾਰ ਉਤੇ ਹੀ ਅਗੋਚਰ ਜਾਂ ਪਰਾ-ਇੰਦਰਿਆਈ ਸੰਸਾਰ ਬਾਰੇ ਕੁਝ ਜਾਣ ਸਕਣਾ ਨਿਰਭਰ ਕਰਦਾ ਹੈ। ਅਜਿਹਾ ਅਨੁਭਵ ਹੀ ਸਾਨੂੰ ਸਭ ਤੋਂ ਪਹਿਲਾਂ ਇਸ ਗੱਲ ਦਾ ਅਨੁਭਵ ਕਰਵਾ ਸਕਦਾ ਹੈ ਕਿ ਅਜਿਹੇ ਅਨੁਭਵ ਦਾ ਯਥਾਰਥ ਕੀ ਹੁੰਦਾ ਹੈ। ਪਰ ਇਸ ਵਿਪਰੀਤ ਦੂਜੇ ਅਨੁਭਵ ਬਾਰੇ ਤਾਂ

ਅਨੁਮਾਨ ਹੀ ਲਾਇਆ ਜਾ ਸਕਦਾ ਹੈ ਕਿ ਉਹ ਕਿਹੋ ਜਿਹਾ ਜਾਪਦਾ ਹੈ। ਆਪਣੀ ਪੂਰਨ ਸੁਤੰਤਰਤਾ ਵਿਚ ਇਹ ਇੰਦਰਿਆਈ ਜਾਂ ਗੋਚਰ-ਜਗਤ ਦੇ ਹੋਰ ਅਨੁਭਵਾਂ ਨਾਲੋਂ ਨਿਆਰਾ ਤੇ ਵਿਲਖਣ ਹੁੰਦਾ ਹੈ—ਕਿਉਂਜੋ ਦੂਜੇ ਅਨੁਭਵ ਬਾਹਰਮੁਖੀ ਵਸਤੂ ਦੇ ਦਬਾਅ ਥੱਲੇ ਅਸਪਸ਼ਟ ਤੇ ਧੁੰਦਲੇ ਹੁੰਦੇ ਹਨ। ਇਹ ਬੋਧਿਕ ਵਿਆਖਿਆ ਤਾਂ ਉਦੋਂ ਕੀਤੀ ਜਾਂਦੀ ਹੈ, ਜਦੋਂ ਸਾਡਾ ਨਿਜ, ਸਾਡੇ ਅਨੁਭਵ ਦਾ ਵਸਤੂ-ਪਾਤਰ ਨਹੀਂ ਰਹਿੰਦਾ, ਜਦੋਂ ਅਸੀਂ ਆਪਣੇ ਨਿਜ ਵਿਚ ਵਾਪਸ ਪਰਤਦੇ ਹਾਂ, ਤਾਂ ਉਸ ਦਾ ਪ੍ਰਤੀਤ ਕੀਤਾ ਗਿਆ ਬਿੰਬ ਸਾਡੇ ਪਹਿਲਾਂ ਦੇ ਪ੍ਰਤੀਤ ਕੀਤੇ ਗਏ ਅਨੁਭਵ ਵਿਚ ਆ ਸਮਾਉਂਦਾ ਹੈ।

ਅਜਿਹੇ ਸਮੇਂ ਕਾਲ ਮੁਕ ਜਾਂਦਾ ਹੈ। ਕਾਲ ਤੇ ਇਸ ਦੀ ਗਤੀ ਸਮਾਪਤ ਹੋ ਜਾਂਦੀ ਹੈ। ਅਜਿਹੇ ਸਮੇਂ ਅਸੀਂ ਕਾਲ ਸੰਯੁਕਤ ਨਹੀਂ ਹੁੰਦੇ, ਸਗੋਂ ਕਾਲ ਜਾਂ ਸਦੀਵਤਾ (ਅਕਾਲ) ਸਾਡੇ ਅੰਦਰ ਵਿਦਮਾਨ ਹੁੰਦਾ ਹੈ। ਸਦੀਵੀ ਸੰਸਾਰ ਉਸ ਸਮੇਂ ਸਾਡੇ ਲਈ ਕੋਈ ਵਸਤੂ-ਪਾਤਰ ਨਹੀਂ ਹੁੰਦਾ, ਸਗੋਂ ਸਾਡੇ ਵਿਚ ਹੀ ਆ ਕੇ ਤਦਰੂਪ ਹੋ ਜਾਂਦਾ ਹੈ।

ਅਜਿਹੇ ਅਧਿਆਤਮਕ ਵਿਕਾਸ ਦੇ ਪਾਂਧੀ ਜਾਂ ਜਿਗਿਆਸੂ ਨੂੰ ਗੁਰੂ ਅਨੁਸਾਰ ਦਸੇ ਸਿਮਰਨ ਦੀ ਦਸ਼ਾ ਅਤੇ ਆਤਮਕ ਮੰਡਲਾਂ ਵਿਚੋਂ ਪ੍ਰਾਪਤ ਹੋਣ ਵਾਲੀ ਅੰਬਰੀ-ਕਾਂਗ ਦਾ ਅਵਤਰਨ ਇਸ ਅਨੁਭਵ ਦੀਆਂ ਅਦਭੁਤ ਵਿਸ਼ੇਸ਼ਤਾਵਾਂ ਦਾ ਬੋਧ ਤੇ ਅਨੁਭਵ ਕਰਵਾ ਦਿੰਦਾ ਹੈ। ਸਿੱਖ ਸ਼ਹੀਦ ਘੋਰ ਬਿਪਤਾ ਜਾਂ ਕਸ਼ਟਾਂ ਦੇ ਸਮੇਂ ਜਿਹੜੀ ਅਜਿਤ ਪ੍ਰਸੰਨਤਾ ਦੀ ਅਵਸਥਾ ਵਿਚ ਵਿਚਰਦੇ ਰਹੇ ਹਨ, ਉਹ ਇਸੇ ਸੱਚ ਦਾ ਪ੍ਰਗਟ ਪ੍ਰਮਾਣ ਹੈ। ਸਿੱਖ ਤੇ ਇਸਾਈ ਸ਼ਹੀਦ, ਦੋਵੇਂ ਹੀ ਸਿਮਰਨ ਦੀ ਇਸ ਆਵੇਸ਼ਗਤ ਅਵਸਥਾ ਦੇ ਧਾਰਨੀ ਹਨ। ਉਹਨਾਂ ਨੂੰ ਫ਼ਰਿਸ਼ਤੇ ਤੇ ਦੇਵ-ਦੂਤ ਸਹਾਇਤਾ ਕਰ ਰਹੇ ਦਿਖਾਈ ਦਿੰਦੇ ਹਨ, ਜੋ ਉਹਨਾਂ ਨੂੰ ਮਨੁੱਖਾਂ ਹਥੋਂ ਦਿਤੇ ਜਾ ਰਹੇ ਵਹਿਸ਼ੀਆਂ ਵਾਲੇ ਤਸੀਹਿਆਂ ਤੇ ਜਬਰਾਂ ਵਿਚੋਂ ਵੀ ਪਾਰ ਲੰਘਾ ਦਿੰਦੇ ਹਨ। ਉਹਨਾਂ ਦੇ ਅੰਤਰੀਵ ਮਨ ਵਿਚ ਸਦਾ ਵਿਜੇ ਜਾਂ ਫਤਹਿ ਦੀ ਭਾਵਨਾ ਹੀ ਗੂੰਜ ਰਹੀ ਹੁੰਦੀ ਹੈ। ਭਾਈ ਮਨੀ ਸਿੰਘ ਜੀ, ਜਿਨ੍ਹਾਂ ਦੇ ਹੋਂਠ ਸ਼ਹੀਦੀ ਪਾਉਣ ਸਮੇਂ 'ਵਾਹੁ ਵਾਹੁ' ਦੀ ਨਾਮ-ਧੁਨੀ ਵਿਚ ਹਿਲ ਰਹੇ ਸਨ—ਉਸ ਸਮੇਂ ਇੰਜ ਜਾਪਦਾ ਸੀ, ਜਿਵੇਂ ਹਜ਼ਾਰਾਂ ਫ਼ਰਿਸ਼ਤੇ ਉਹਨਾਂ ਦੇ ਹੋਠਾਂ ਨੂੰ ਆ ਕੇ ਚੁੰਮ ਰਹੇ ਹੋਣ। ਆਪ ਨੇ ਅਜਿਹੀ ਆਤਮਕ ਉਚਤਾ ਦੀ ਅਵਸਥਾ ਵਿਚ ਵਿਚਦਿਆਂ ਹੋਇਆਂ ਆਪਣੇ ਜਲਾਦ ਨੂੰ ਇਹ ਕਹਿ ਦਿਤਾ ਸੀ ਕਿ ਉਹ ਦਿਤੀ ਗਈ ਸਜ਼ਾ ਅਨੁਸਾਰ ਆਪਣੇ ਕੁਹਾੜੇ ਨਾਲ ਉਹਨਾਂ ਦਾ ਬੰਦ ਬੰਦ ਹੀ ਕੱਟੇ। ਭਾਈ ਮਤੀ ਦਾਸ ਜੀ ਵੀ ਜਦੋਂ ਉਹਨਾਂ ਨੂੰ ਆਰੇ ਨਾਲ ਦੋਫਾੜ ਚੀਰਿਆ ਜਾ ਰਿਹਾ ਸੀ, ਤਾਂ ਆਪ ਦੇ ਅੰਦਰੋਂ 'ਵਾਹੁ ! ਵਾਹੁ' ਦੀ ਸ਼ਬਦ ਧੁਨ ਤਦੋਂ ਤਕ ਗੂੰਜਦੀ ਰਹੀ ਜਦੋਂ ਤਕ ਆਪ ਮੌਤ ਦੀ ਗੋਦ ਵਿਚ ਨਾ ਜਾ ਬਿਰਾਜੇ। ਭਾਈ ਤਾਰੂ ਸਿੰਘ ਜੀ ਦੀ ਜੀਉਂਦਿਆਂ ਹੀ ਖੋਪੜੀ ਉਤਾਰੀ ਗਈ ਸੀ ਅਤੇ ਇਤਿਹਾਸ ਦਾ ਇਹ ਜੀਉਂਦਾ ਜਾਗਦਾ ਪ੍ਰਮਾਣ ਹੈ ਕਿ ਉਹਨਾਂ ਦੇ ਮੁਖੜੇ ਉਤੇ ਉਸ ਸਮੇਂ ਵੀ ਫ਼ਰਿਸ਼ਤਿਆਂ

ਵਰਗਾ ਨੂਰ ਚਮਕ ਰਿਹਾ ਸੀ। ਗੁਰੂ ਸਾਹਿਬ ਦੇ ਹਜ਼ਾਰਾਂ ਸਿੱਖ ਜੀਉਂਦੇ ਅੱਗ ਵਿਚ ਸਾੜੇ ਗਏ ਤੇ ਉਹਨਾਂ ਨੂੰ ਤਸੀਹੇ ਦੇ ਦੇ ਕੇ ਸ਼ਹੀਦ ਕੀਤਾ ਗਿਆ—ਕਿਸੇ ਨੇ ਵੀ ਕੋਈ ਗਿਲਾ ਸ਼ਿਕਵਾ ਨਹੀਂ ਕੀਤਾ। ਸਾਰਿਆਂ ਨੇ ਇੰਜ ਸਹਿਜ ਸ਼ਾਂਤੀ ਵਿਚ ਪ੍ਰਾਣ ਤਿਆਗੇ, ਜਿਵੇਂ ਉਹ ਦੇਵਤਿਆਂ ਦੀ ਗੋਦ ਵਿਚ ਬੈਠੇ ਹੋਏ ਹੋਣ। ਇਸ ਪ੍ਰਕਾਰ ਗੁਰੂ ਨਾਨਕ ਦੇਵ ਜੀ ਵਲੋਂ ਦੱਸਿਆ ਗਿਆ ਸਿਮਰਨ ਚੌਥੇ ਪਦ (ਪਰਮ-ਪਦ) ਨੂੰ ਸਿਰਜਣ ਵਿਚ ਸਹਾਈ ਹੁੰਦਾ ਹੈ। ਪਰ ਸਰੀਰਕ ਸਰੂਪ ਵਿਚ ਇਹ ਜਿਹਾ ਕਿ ਗੁਰੂ ਗਰੰਥ ਸਾਹਿਬ ਵਿਚ ਉਲੇਖ ਹੈ, ਸਿਮਰਨ ਵਾਲੇ ਪੁਰਸ਼ ਨੂੰ ਚੌਥੇ -ਪਦ ਅਰਥਾਤ ਉਸ ਉਚ ਆਤਮਕ ਚੇਤੰਨਤਾ ਦੇ ਮੰਡਲ ਵਿਚ ਲੈ ਜਾਂਦਾ ਹੈ, ਜਿਥੇ ਉਹ ਸਰੀਰਕ ਦੁਖਾਂ-ਸੁਖਾਂ ਦੇ ਅਨੁਭਵ ਤੋਂ ਨਿਰਲੇਪ ਹੋ ਜਾਂਦਾ ਹੈ। ਜਿਨ੍ਹਾਂ ਵਿਅਕਤੀਆਂ ਨੇ ਆਤਮਕ ਸੁੰਦਰਤਾ ਨੂੰ ਨਿਹਾਰ ਲਿਆ ਹੈ, ਉਹਨਾਂ ਨੂੰ ਪਦਾਰਥ ਦੀ ਸਥੂਲਤਾ ਨਜ਼ਰੀਂ ਹੀ ਨਹੀਂ ਪੈਂਦੀ, ਪਰ ਜਿਨ੍ਹਾਂ ਨੇ ਪਦਾਰਥ ਨੂੰ ਹੀ ਤੱਕਿਆ ਹੈ, ਭਾਵੇਂ ਉਹ ਲੱਖ ਸਾਧਨਾ ਪਏ ਕਰਦੇ ਫਿਰਨ, ਉਹ ਪਦਾਰਥ ਤੋਂ ਛੁਟਕਾਰਾ ਹੀਂ ਨਹੀਂ ਪਾ ਸਕਦੇ।

ਗੁਰੂ ਜੀ ਦੇ ਕਥਨ ਅਨੁਸਾਰ ਸੱਚਾ ਆਤਮਕ-ਜੀਵਨ ਉਸ ਸਮੇਂ ਆਰੰਭ ਹੁੰਦਾ ਹੈ, ਜਦੋਂ ਇਸ ਆਤਮਕ ਵਰਤਾਰੇ ਦੁਆਰਾ ਮਨੁੱਖੀ ਧਾਤ ਦਾ ਰੂਪਾਂਤਰਣ ਹੋ ਜਾਂਦਾ ਹੈ। ਪਾਰਸ ਬਾਰੇ ਇਹ ਕਿਹਾ ਜਾਂਦਾ ਹੈ ਕਿ ਉਹ ਘਟੀਆ ਧਾਤਾਂ ਨੂੰ ਸੋਨੇ ਵਿਚ ਬਦਲ ਦਿੰਦਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਪਾਰਸ ਹੋਰ ਧਾਤਾਂ ਨੂੰ ਕੰਚਨ ਬਣਾਉਣ ਸਮੇਂ ਇਸ ਗੱਲ ਵਿਚ ਕੋਈ ਭਿੰਨ ਭੇਦ ਨਹੀਂ ਕਰਦਾ ਕਿ ਇਹ ਲੋਹਾ ਕਸਾਈ ਦੀ ਛੁਰੀ ਹੈ, ਕਾਤਲ ਦਾ ਖੰਜਰ ਜਾਂ ਮਨੁੱਖਾਂ ਨੂੰ ਮੁਕਤੀ ਦੁਆਉਣ ਵਾਲੇ ਮੁਕਤੀਦਾਤਾ ਦੀ ਤੇਗ ਹੈ। ਪਾਰਸ ਦੀ ਛੁਹ ਦੁਆਰਾ ਹਰ ਪ੍ਰਕਾਰ ਦਾ ਲੋਹਾ ਤੁਰੰਤ ਸੋਨੇ ਵਿਚ ਬਦਲ ਜਾਂਦਾ ਹੈ। ਇਹ ਇਕ ਸਹੀ ਉਪਮਾ ਹੈ, ਜੋ ਇਸ ਗੱਲ ਦੀ ਸਾਖੀ ਭਰਦੀ ਹੈ ਕਿ ਜਦੋਂ ਆਤਮਕ-ਜੀਵਨ ਦਾ ਆਰੰਭ ਹੁੰਦਾ ਹੈ, ਤਾਂ ਉਸ ਸਮੇਂ ਕੀ ਕੁਝ ਤੇ ਕਿਵੇਂ ਵਾਪਰਦਾ ਹੈ। ਮਨੁੱਖ ਦਾ ਰੂਪਾਂਤਰਣ ਹੋ ਜਾਂਦਾ ਹੈ, ਉਸ ਦੀਆਂ ਸ਼ਕਤੀਆਂ ਤੇ ਮਨੋਵੇਗਾਂ ਦੀ ਦਿਸ਼ਾ ਨੂੰ ਬਦਲ ਦਿਤਾ ਜਾਂਦਾ ਹੈ। ਕਿਹਾ ਜਾ ਸਕਦਾ ਹੈ ਕਿ ਉਸ ਨੂੰ ਵਿਸ਼ਵ-ਵਿਆਪੀ ਜੀਵਨਧਾਰਾ ਵਲ ਬਿਜਲੀ ਦੀ ਬੱਤੀ ਜਗਾਉਣ ਸਮਾਨ ਮੋੜ ਦਿਤਾ ਜਾਂਦਾ ਹੈ ਅਤੇ ਇਸ ਨਾਲ ਜੁੜ ਕੇ ਉਹ ਵਿਕਾਸ ਕਰਨ ਲਗ ਪੈਂਦਾ ਹੈ। ਉਹ ਵਿਅਕਤੀ ਇਸ ਵਿਸ਼ਵ-ਵਿਆਪੀ ਜੀਵਨਧਾਰਾ ਨਾਲ ਜੁੜ ਜਾਂਦਾ ਹੈ ਤੇ ਉਹ ਜੀਵਨਧਾਰਾ ਵੀ ਉਸ ਨੂੰ ਆਪਣੇ ਨਾਲ ਜੋੜ ਲੈਂਦੀ ਹੈ। ਜਦੋਂ ਇਸ ਆਤਮਕ ਬੀਜ ਦਾ ਫਲ ਪੱਕ ਜਾਂਦਾ ਹੈ ਤਾਂ ਇਸ ਦੀਆਂ ਸ਼ਕਤੀਆਂ ਸਮਾਂ ਪਾ ਕੇ ਆਪਣੇ ਆਪ ਨੂੰ ਪ੍ਰਗਟ ਕਰਨ ਲਗ ਪੈਂਦੀਆਂ ਹਨ।

ਇਕ ਹਿਰਨੀ ਦੀ ਮਨੋਦਸ਼ਾ ਵੀ, ਜਦੋਂ ਉਹ ਕੁਝ ਅਜਿਹੀਆਂ ਅਨਿਸ਼ਚਿਤ ਪ੍ਰਸਥਿਤੀਆਂ ਵਿਚੋਂ ਲੰਘਦੀ ਹੈ, ਤਾਂ ਉਸ ਦੀ ਮੂਕ ਕੂਕ ਗਗਨ-ਮੰਡਲ ਨੂੰ ਇਥੋਂ ਤਕ ਹਿਲਾ ਦਿੰਦੀ ਹੈ ਕਿ ਉਸ ਨੂੰ ਵੀ ਇਹਨਾਂ ਬਿਖਮ ਹਾਲਤਾਂ ਵਿਚ ਦਖ਼ਲ

ਦੇਣਾ ਪੈਂਦਾ ਹੈ ਕਿ ਇਕ ਗ਼ੁਲਾਮ ਵਲੋਂ ਉਸ ਹਿਰਨੀ ਨੂੰ ਦਰਸਾਈ ਗਈ ਦਇਆ-ਦ੍ਰਿਸ਼ਟੀ ਦੇ ਇਕੋ ਕਰਮ ਦੇ ਕਾਰਨ ਬਾਦਸ਼ਾਹਤ ਪ੍ਰਾਪਤ ਹੋ ਜਾਂਦੀ ਹੈ। ਹਿਰਨੀ ਦੇ ਬੱਚਿਆਂ ਲਈ ਉਸ ਗ਼ੁਲਾਮ ਦੇ ਮਨ ਅੰਦਰ ਜਾਗੀ ਭਾਵਨਾ ਯੋਗ ਸਾਧਨਾ ਤੋਂ ਵਧੇਰੇ ਸ੍ਰੇਸ਼ਟ ਹੈ। ਸਾਡੇ ਵਿਕਾਸ ਦੀ ਗਤੀ ਦੀ ਇਸ ਵਰਤਮਾਨ ਅਵਸਥਾ ਵਿਚ ਕਿਸੇ ਹੋਰ ਬਨਾਵਟੀ ਸਾਧਨਾ ਰਾਹੀਂ ਅਜਿਹੀਆਂ ਬਿਖਮ ਹਾਲਤਾਂ ਵਿਚ ਹਿਰਨੀ ਦੀ ਸਹਾਇਤਾ ਕਰ ਸਕਣਾ ਅਸੰਗਤ ਹੀ ਜਾਪਦਾ ਹੈ। ਅਜਿਹਾ ਯਤਨ ਕਰਨਾ ਵੀ ਅਜਿਹੇ ਜ਼ਿੱਦੀ ਘੁਮੰਡ ਤੋਂ ਵਧ ਕੁਝ ਨਹੀਂ ਹੋ ਸਕਦਾ ਕਿ 'ਮੈਂ ਅਭੁਲ ਹਾਂ ਤੇ ਮੇਰਾ ਕੀਤਾ ਸਤਿ ਹੈ। ਇਹ ਬੜਾ ਦੁਖਦਾਇਕ ਤੇ ਭੱਦੀ ਕਿਸਮ ਦਾ ਹਉਮੈਵਾਦ ਹੀ ਹੈ। ਪਰ ਜੇ ਕੁਝ ਇਕ ਦੋ ਹਾਲਤਾਂ ਵਿਚ ਸਫਲਤਾ ਵੀ ਮਿਲ ਜਾਵੇ ਤਾਂ ਵੀ ਇਤਨੇ ਯਤਨ ਕਰਕੇ ਤੇ ਇਤਨੀ ਸ਼ਕਤੀ ਨੂੰ ਨਸ਼ਟ ਕਰਕੇ ਉਸ ਅਨਿਸ਼ਚਿਤ ਅਵਸਥਾ ਨੂੰ ਪ੍ਰਾਪਤ ਕਰਨ ਦੀ ਕੀ ਲੋੜ ਹੈ ! ਜੋ ਆਪਣੇ ਕੁਦਰਤੀ ਰੂਪ ਵਿਚ ਹੀ ਪਸ਼ੂ-ਪੰਛੀਆਂ ਤੇ ਮਨੁੱਖ ਵਿਚ ਪਹਿਲਾਂ ਹੀ ਮੌਜੂਦ ਹੈ। ਐਮਰਸਨ ਨਿਸ਼ਾਨੇ 'ਤੇ ਠੀਕ ਤੀਰ ਮਾਰਦਾ ਹੈ। ਉਹ ਕਹਿੰਦਾ ਹੈ ਕਿ ਤੁਸੀਂ ਭਾਵੇਂ ਸਦੀਆਂ ਤਕ ਇਹ ਕਲਪਨਾ ਕਰਦੇ ਰਹੋ ਕਿ ਤੁਸੀਂ ਆਤਮਕ ਉਨਤੀ ਕਰ ਰਹੇ ਹੋ, ਪਰ ਸਦੀਆਂ ਪਿਛੋਂ ਵੀ ਤੁਸੀਂ ਇਹ ਵੇਖੋਗੇ ਕਿ ਤੁਸੀਂ ਹਾਲੀ ਉਸੇ ਸਥਾਨ 'ਤੇ ਖੜੇ ਹੋ, ਜਿਥੋਂ ਤੁਸੀਂ ਆਪਣੀ ਯਾਤਰਾ ਨੂੰ ਆਰੰਭ ਕੀਤਾ ਸੀ। ਸੱਚੀ ਆਤਮਕ ਪ੍ਰਗਤੀ ਤਾਂ ਕਿਸੇ ਮਹਾਂਪੁਰਸ਼ ਦੀ ਪ੍ਰਗੀਤਕ ਰੂਪ ਦੀ ਮਿਹਰ ਦੀ ਨਿਗ੍ਹਾ ਦੁਆਰਾ ਹੀ ਹੁੰਦੀ ਹੈ। ਬਿਲਕੁਲ ਇਹੋ ਹੀ ਗੁਰੂ ਨਾਨਕ ਦੇਵ ਜੀ ਦਾ ਭਾਵ ਸੀ। ਆਪ 'ਜਪੁਜੀ ਸਾਹਿਬ' ਵਿਚ 'ਨਾਨਕ ਨਦਰੀ ਨਦਰਿ ਨਿਹਾਲੁ' ਨਾਲ ਇਸੇ ਗੱਲ ਵਲ ਹੀ ਸੰਕੇਤ ਕਰਦੇ ਹਨ। ਇਕੋ ਮਿਹਰ ਦੀ ਨਦਰਿ ਦੁਆਰਾ ਪੂਰਨਤਾ ਆ ਜਾਂਦੀ ਹੈ। ਇਹੋ ਪ੍ਰਭੂ ਮਿਲਾਪ ਹੈ। ਕੋਈ ਵੀ ਇਸ ਸੰਜੋਗੀ ਘੜੀ ਨੂੰ ਲਿਆ ਨਹੀਂ ਸਕਦਾ। ਇਹ ਆਪਣੇ ਸਮੇਂ ਅਨੁਸਾਰ ਹੀ ਆਉਂਦੀ ਹੈ। ਗੁਰੂ ਗਰੰਥ ਸਾਹਿਬ ਦੇ ਹਰ ਪੰਨੇ ਉਤੇ ਇਹ ਗੱਲ ਅੰਕਿਤ ਹੈ ਕਿ ਮਨੁੱਖ ਕੋਲ ਇਹ ਸਭ ਸ਼ਕਤੀਆਂ ਤਾਂ ਆ ਸਕਦੀਆਂ ਹਨ। ਉਹ ਹਵਾ ਵਿਚ ਉਡ ਸਕਦਾ ਹੈ, ਪਾਤਾਲ ਵਿਚ ਜਾ ਸਕਦਾ ਹੈ, ਆਪਣੀ ਇਛਾ ਅਨੁਸਾਰ ਅਦ੍ਰਿਸ਼ਟ ਹੋ ਸਕਦਾ ਹੈ, ਕਿਸੇ ਅਬਿਨਾਸ਼ੀ ਸਰੀਰ ਵਿਚ ਵੀ ਸਦੀਆਂ ਤਕ ਵਿਚਰ ਸਕਦਾ ਹੈ, ਯੋਗੀਆਂ ਵਾਲੀਆਂ ਹਰ ਪ੍ਰਕਾਰ ਦੀਆਂ ਰਿਧੀਆਂ ਸਿਧੀਆਂ ਨੂੰ ਪ੍ਰਾਪਤ ਕਰ ਸਕਦਾ ਹੈ—ਅਜਿਹੀਆਂ ਸਭ ਅਸਾਧਾਰਨ ਕਰਾਮਾਤੀ ਸ਼ਕਤੀਆਂ ਯੋਗ ਸਾਧਨਾ ਦੁਆਰਾ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਬ੍ਰਾਹਮਣ-ਮਤ ਦੀਆਂ ਸਾਰੀਆਂ ਧਾਰਮਿਕ ਪ੍ਰਣਾਲੀਆਂ ਵਿਚ ਇਹਨਾਂ ਬਾਰੇ ਵਿਸਤ੍ਰਿਤ ਚਰਚਾ ਕੀਤੀ ਗਈ ਹੈ ਤੇ ਇਹ ਬੜੀਆਂ ਹਰਮਨ ਪਿਆਰੀਆਂ ਵੀ ਹਨ। ਮਨੁੱਖ ਇਹ ਸਭ ਕੁਝ ਤਾਂ ਹਾਸਲ ਕਰ ਸਕਦਾ ਹੈ, ਪਰ ਉਹ ਆਪਣੀ ਕਾਇਆ-ਕਲਪ ਕਿਸੇ ਵੀ ਸਾਧਨਾ ਦੁਆਰਾ ਨਹੀਂ ਕਰ ਸਕਦਾ। ਜਦੋਂ ਇਹ ਆਤਮਕ ਰੂਪਾਂਤਰਣ ਉਸ ਦੀ ਸਮਰਥਾ ਵਿਚ ਹੀ ਨਹੀਂ ਹੈ, ਭਾਵੇਂ ਉਹ ਕਿੰਨੇ ਵੀ ਸਿਰਤੋੜ ਕੇ ਆਪਣੇ ਆਪ ਨੂੰ ਥਕਾ ਦੇਣ ਵਾਲੇ ਯਤਨ

ਕਿਉਂ ਨਾ ਕਰੇ। ਇਸ ਸੰਬੰਧ ਵਿਚ ਹੋਰ ਸਭ ਨਿਜੀ ਯਤਨ ਜਿਨ੍ਹਾਂ ਦਾ ਵਰਣਨ ਕੀਤਾ ਜਾਂਦਾ ਹੈ—ਨਿਰਮੂਲ ਹਨ। ਕੇਵਲ ਸਿਧਾ ਸਾਦਾ ਜੀਵਨ ਬਤੀਤ ਕਰਨਾ ਤੇ ਪ੍ਰਭੂ ਦੀ ਸ੍ਰਿਸ਼ਟੀ ਵਿਚ ਹਰ ਪ੍ਰਕਾਰ ਦੇ ਦੁਖ-ਸੁਖ ਸਹਿਣਾ ਹੀ ਭਲਾ ਹੈ। ਪ੍ਰਭੂ-ਪ੍ਰੀਤਮ ਦੀ ਮਿਹਰ ਦੀ ਘੜੀ ਦੀ ਉਡੀਕ ਕਰਦੇ ਰਹਿਣਾ ਹੀ ਸਭ ਤੋਂ ਚੰਗਾ ਜੀਵਨ ਮਾਰਗ ਹੈ। ਆਪਣੇ ਆਪ ਨੂੰ ਅਸਾਧਾਰਨ ਬਣਾਉਣ ਦਾ ਯਤਨ ਕਰਨਾ, ਸਹਿਜ ਸੁਭਾਵਿਕ ਜਾਂ ਕੁਦਰਤੀ ਰੂਪ ਦੀ ਆਤਮਕ ਪ੍ਰਕ੍ਰਿਆ ਨਹੀਂ ਹੈ, ਸਗੋਂ ਇਹ ਤਾਂ ਇਕ ਤਰ੍ਹਾਂ ਦਾ ਮਾਨਸਿਕ ਉਲਾਰ ਜਾਂ ਮਾਨਸਿਕ ਦੋਸ਼ ਹੀ ਹੁੰਦਾ ਹੈ। ਮਨੁੱਖ ਭਾਵੇਂ ਕਿੰਨਾਂ ਵੀ ਉਚਾ ਉਡ ਲਵੇ, ਉਹ ਫਿਰ ਵੀ ਆਪਣੇ ਹੀ ਅੰਤਰੀਵ ਪਸ਼ੂਪਣ ਵਾਲੇ ਮਨੋਵੇਗਾਂ, ਯਤਨਾਂ, ਕਾਮਨਾਵਾਂ, ਇਛਾਵਾਂ ਦਾ ਪਾਤਰ ਬਣਿਆ ਰਹਿੰਦਾ ਹੈ। ਇਹ ਸਾਰੀਆਂ ਕਲਪਨਾ-ਉਡਾਰੀਆਂ ਆਤਮਕ ਜੀਵਨ ਦੇ ਗੁਣਾਂ ਵਾਲੀਆਂ ਨਹੀਂ ਹੁੰਦੀਆਂ, ਸਗੋਂ ਇਹ ਤਾਂ ਸਰੀਰਕ ਤੇ ਭੌਤਿਕ ਰੂਪ ਦੀ ਗਤੀਹੀਣਤਾ ਹੀ ਹੁੰਦੀਆਂ ਹਨ। ਮਨੁੱਖ ਦੀ ਬੁਧੀ ਵੀ ਉਸੇ ਮੂਲ ਪ੍ਰਵਿਰਤੀ ਦਾ ਵਿਸਥਾਰ ਹੈ, ਜੋ ਪਸ਼ੂ ਤੇ ਪੰਛੀਆਂ ਵਿਚ ਵੀ ਕਾਰਜਸ਼ੀਲ ਹੁੰਦੀ ਹੈ। ਮੂਲ ਪ੍ਰਵਿਰਤੀਆਂ ਦੁਆਰਾ ਹੀ ਅੰਤਿਮ ਸੀਮਾ ਨਿਰਧਾਰਿਤ ਹੁੰਦੀ ਹੈ। ਮਨੁੱਖਾਂ ਬਾਰੇ ਵੀ ਇਹੋ ਹੀ ਸਤਿ ਹੈ।

ਭਾਈ ਗੁਰਦਾਸ ਜੀ, ਜੋ ਗੁਰੂ ਸਾਹਿਬ ਦੇ ਜੀਵਨ-ਦਰਸ਼ਨ ਦੇ ਧਰਮ ਪ੍ਰਚਾਰਕ ਤੇ ਅਦੁੱਤੀ ਵਿਆਖਿਆਕਾਰ ਹਨ—ਦਾ ਕਥਨ ਹੈ, ਕਿ ਸ਼ਿਵ ਜੀ ਵਿਚ ਗਤੀ ਰਹਿਤ ਤਾਮਸਿਕ ਪ੍ਰਵਿਰਤੀ ਪ੍ਰਧਾਨ ਹੈ। ਸ਼ਿਵ ਜੀ ਜੋ ਭੂਤਾਂ ਪ੍ਰੇਤਾਂ ਅਤੇ ਸੱਪਾਂ ਨਾਲ ਸਨੇਹ ਤੇ ਸਹਿਚਾਰ ਤੇ ਨਸ਼ਿਆਂ ਆਦਿ ਦਾ ਸੇਵਨ ਅਤੇ ਜੀਵਨ ਭਰ ਮਾਨਸਿਕ ਅਭਿਆਸਾਂ ਤੇ ਯੋਗ ਸਾਧਨਾ ਦੁਆਰਾ ਜਿਨ੍ਹਾਂ ਕਾਮਨਾਵਾਂ ਤੋਂ ਉਹ ਸਦਾ ਦੂਰ ਰਹਿਣ ਤੇ ਬਚਣ ਦਾ ਯਤਨ ਕਰਦੇ ਰਹੇ, ਇਸਤਰੀ ਦੀ ਮੋਹਣੀ ਸੁੰਦਰਤਾ ਤੋਂ ਪ੍ਰਭਾਵਿਤ ਹੋਣ ਤੋਂ ਬਿਨਾਂ ਨਾ ਰਹਿ ਸਕੇ। ਭਾਰਤ ਦੇ ਰਿਸ਼ੀ-ਮੁਨੀ ਤੇ ਮਹਾਂ-ਗਿਆਨੀ ਪੰਡਤ, ਵਡੇ ਵਡੇ ਹਠੀ ਜਤੀ ਕਈ ਆਪਣੇ ਗਿਆਨ ਬੋਧ ਦਾ ਸ਼ਿਕਾਰ ਹੋ ਗਏ। ਜਦੋਂ ਇਹ ਆਪਣੇ ਯੋਗ ਅਭਿਆਸਾਂ ਦੇ ਕਠਨ ਸਾਧਨਾਂ ਤੋਂ ਅਕ ਥੱਕ ਗਏ ਤਾਂ ਉਹ ਦੇਵ ਲੋਕ ਦੀਆਂ ਮੇਨਕਾਵਾਂ ਦੇ ਪਿਛੇ ਫਿਰਦੇ ਰਹੇ ਅਤੇ ਉਹਨਾਂ ਨਾਲ ਗੰਦਰਭ ਵਿਆਹ ਰਚਾ ਕੇ ਨਾਜਾਇਜ਼ ਸੰਤਾਨ ਨੂੰ ਜਨਮ ਦੇਣ ਦੇ ਭਾਗੀ ਬਣੇ, ਜਿਨ੍ਹਾਂ ਨੂੰ ਕਿ ਉਹ ਸ੍ਵੀਕਾਰ ਕਰਨ ਤੋਂ ਵੀ ਸ਼ਰਮਾਉਂਦੇ ਸਨ। ਤਪੋਬਨਾਂ ਦੇ ਇਹ ਵਾਸੀ ਆਪਣੀਆਂ ਸਰੀਰਕ ਕਾਮਨਾਵਾਂ ਦੀਆਂ ਖਿਚਾਂ ਤੋਂ ਉਚੇ ਨਾ ਉਠ ਸਕੇ। ਜਿਨ੍ਹਾਂ ਤੋਂ ਦੂਰ ਨਸਣ ਦਾ ਉਹ ਯਤਨ ਕਰਦੇ ਸਨ ਤੇ ਸਦਾ ਪੂਰਾ ਤ੍ਰਾਣ ਲਾ ਕੇ ਉਹਨਾਂ ਦਾ ਖੰਡਨ ਕਰਦੇ ਰਹੇ—ਉਹ ਸੁਪਨਿਆਂ ਵਿਚ ਵੀ ਇਹਨਾਂ ਤੋਂ ਖਹਿੜਾ ਨਾ ਛੁਡਾ ਸਕੇ ਅਤੇ ਆਪਣੇ ਪੈਰਾਂ ਉਤੇ ਇਸ ਧਰਤੀ ਉਤੇ ਹੀ ਖੜ੍ਹੇ ਰਹੇ। ਗੁਰੂ ਨਾਨਕ ਦੇਵ ਜੀ ਦਾ ਕਥਨ ਹੈ, "ਛਾਲਾਂ ਤਾਂ ਸਭ ਮਾਰਦੇ ਹਨ ਪਰ ਹੁੰਦਾ ਉਹ ਕੁਝ ਹੀ ਹੈ ਜੋ ਕਰਤਾ-ਪੁਰਖ ਨੂੰ ਭਾਉਂਦਾ ਹੈ।" ਪ੍ਰਭੂ-ਪ੍ਰੀਤਮ ਦੀ ਪ੍ਰਾਪਤੀ ਬਾਰੇ ਉਹ ਫਿਰ ਆਖਦੇ ਹਨ, "ਜਿੰਨੀ ਕਿਸੇ ਨੇ ਜ਼ੋਰ ਅਜ਼ਮਾਈ ਕਰਨੀ ਹੈ, ਉਹ ਕਰਕੇ ਵੇਖ ਲਏ, ਸਾਰੇ ਯਤਨ ਕਰ ਲੈਣ—ਫਿਰ ਵੀ ਅਸੀਂ ਸਾਰੇ

ਨਿਤਾਣੇ ਹੀ ਰਹਿੰਦੇ ਹਾਂ।''

ਕੋਈ ਵੀ ਮਾਨਸਿਕ ਵਰਤਾਰਾ ਉਸ ਮਾਨਸਿਕ ਪ੍ਰਵਿਰਤੀ ਨੂੰ ਉਤਪੰਨ ਨਹੀਂ ਕਰ ਸਕਦਾ, ਜਿਸ ਦਾ ਵਰਣਨ ਨਹੀਂ ਕੀਤਾ ਜਾ ਸਕਦਾ। ਪਰ ਫਿਰ ਵੀ ਉਸ ਦਾ ਵਰਣਨ ਕੀਤਾ ਜਾਂਦਾ ਹੈ ਅਤੇ ਅਕੱਥ ਨੂੰ ਕਥਿਆ ਕਿਹਾ ਜਾਂਦਾ ਹੈ। ਇਸ ਅਵਸਥਾ ਵਿਚ ਅਜਿਹਾ ਕੁਝ ਵਾਪਰਦਾ ਹੈ ਜੋ ਮਨੁੱਖ ਦੀ ਕਾਇਆ-ਕਲਪ ਕਰ ਦਿੰਦਾ ਹੈ, ਜੋ ਆਪਣੀ ਅਜਿਹੀ ਕੁਦਰਤੀ ਅਵਸਥਾ ਵਿਚ ਉਪਰ ਪ੍ਰਾਕ੍ਰਿਤਕ ਜਾਂ ਮਹਾਂ-ਮਾਨਵ ਦੇ ਰੂਪ ਵਿਚ ਅਗੇ ਵਲ ਵਿਕਾਸ ਕਰਦਾ ਹੈ—ਇਕ ਸੱਚਾ ਪ੍ਰਤਿਭਾਵਾਨ ਵਿਅਕਤੀ, ਦੇਵ-ਮਾਨਵ ਅਤੇ ਯਥਾਰਥ ਰੂਪ ਵਿਚ ਦੇਵਤਾ ਹੀ ਬਣ ਜਾਂਦਾ ਹੈ। ਅਜਿਹੇ ਰੂਪਾਂਤ੍ਰਿਤ ਹੋ ਚੁਕੇ ਵਿਅਕਤੀ ਵਿਚ ਹੀ ਆਤਮਕ ਜੀਵਨ ਦਾ ਆਦਿ ਹੁੰਦਾ ਹੈ। ਗੁਰੂ ਨਾਨਕ ਦੇਵ, ਉਹਨਾਂ ਦੇ ਉਤਰਾਧਿਕਾਰੀ ਗੁਰੂ ਸਾਹਿਬਾਨ, ਉਹਨਾਂ ਦੁਆਰਾ ਸਿਰਜੇ ਗਏ ਗੁਰਮੁਖ (ਧਰਮ-ਪ੍ਰਚਾਰਕ) ਦੇ ਜੀਵਨ-ਸਮਾਚਾਰਾਂ ਵਿਚੋਂ ਅਤੇ ਉਹਨਾਂ ਦੇ ਸਭ ਤੋਂ ਵਧੇਰੇ ਪ੍ਰਮਾਣਿਕ ਗੁਰਬਾਣੀ ਦੇ ਸ਼ਬਦ-ਸੰਗ੍ਰਹਿ ਗੁਰੂ ਗਰੰਥ ਸਾਹਿਬ ਦੁਆਰਾ ਇਸ ਗੱਲ ਦਾ ਐਲਾਨ ਕੀਤਾ ਗਿਆ ਹੈ, ਕਿ ਇਸ ਆਤਮਕ ਰੂਪਾਂਤਰਣ ਤੋਂ ਬਿਨਾਂ ਮਨੁੱਖ ਜੋ ਕੁਝ ਵੀ 'ਧਾਰਮਿਕ' ਅਤੇ 'ਆਤਮਕ' ਪ੍ਰਤਿਭਾ ਨੂੰ ਪ੍ਰਾਪਤ ਕਰਨ ਦੇ ਯਤਨ ਕਰਦਾ ਹੈ, ਉਹ ਸਾਰੇ ਪਰਪੰਚ ਨਿਰੋਲ ਭੁਲ ਹਨ। ਗੁਰਮੁਖ ਦੀ ਛੁਹ ਦੁਆਰਾ ਮਨੁੱਖ ਦੀ ਪੁਨਰ-ਸਿਰਜਣਾ ਜ਼ਰੂਰੀ ਹੈ।

ਸੱਚੀ ਆਤਮਕ ਜਿਗਿਆਸਾ ਨੂੰ ਉਤਪੰਨ ਕਰਨ ਅਤੇ ਇਸ ਦਿਸ਼ਾ ਵਲ ਪ੍ਰਗਤੀ ਕਰਨ ਲਈ ਮਨੁੱਖ ਵਿਚ ਵੀ ਉਹਨਾਂ ਭਾਵਨਾਵਾਂ ਦਾ ਹੋਣਾ ਜ਼ਰੂਰੀ ਹੈ, ਜਿਹੜੀਆਂ ਚਟਾਨਾਂ, ਨਦੀਆਂ ਤੇ ਪਸ਼ੂਆਂ ਵਿਚ ਵਿਦਮਾਨ ਹਨ। ਇਹ ਭਾਵਨਾ ਸਗਲ-ਸ੍ਰਿਸ਼ਟੀ ਵਿਚ ਮੌਜੂਦ ਹੈ। ਇਸੇ ਭਾਵਨਾ ਅਧੀਨ ਹੀ ਆਪਣੀ ਸਬਰ ਭਰਪੂਰ ਯਾਤਰਾ ਵਿਚ ਇਹ ਸਭ ਪ੍ਰਕਾਰ ਦੇ ਪਦਾਰਥ ਨੂੰ ਝਾੜਦੀ ਜਾਂਦੀ ਹੈ ਅਤੇ ਸ਼ੁਧ ਆਤਮਾ ਦੇ ਵਿਕਾਸ ਵਲ ਵਧਦੀ ਜਾਂਦੀ ਹੈ। ਇਹ ਵਿਕਾਸ ਦਾ ਸਫ਼ਰ ਜਾਰੀ ਹੈ ਅਤੇ ਇਹ ਉਸ ਨੁਕਤੇ ਉਤੇ ਲੈ ਜਾਵੇਗਾ, ਜਿਥੇ ਆਤਮਕ ਸੁੰਦਰਤਾ ਸਜੀਵ ਰੂਪ ਧਾਰਨ ਕਰ ਲੈਂਦੀ ਹੈ। ਉਸ ਦੇ ਹੱਥ ਪੈਰ, ਬੋਲ, ਉਸ ਦੇ ਰਚੇ ਗਏ ਗੀਤ ਅਤੇ ਉਸ ਦੀ ਅੰਤਰੀਵ ਸ਼ਕਤੀ ਨੂੰ ਅਜਿਹੀ ਸੁਭਾਗੀ ਮੰਜ਼ਿਲ ਵਲ ਲੈ ਜਾਂਦੀ ਹੈ ਜੋ ਭਾਵੇਂ ਅਗਿਆਤ ਹੈ, ਪਰ ਹੈ ਬੜੀ ਸ਼ਾਨਦਾਰ। ਸਾਰੇ ਸਿਰਜੇ ਗਏ ਜੀਵ ਹਾਲੀ ਆਪਣੀ ਹੋਂਦ ਦੇ ਉਸ ਮੰਡਲ ਵਿਚ ਹਨ, ਜਿਨ੍ਹਾਂ ਨੂੰ ਸਾਡਾ ਇਹ ਤ੍ਰੈ-ਆਯਾਮੀ ਅੰਤਰਿਕਸ਼ ਜਾਣ ਨਹੀਂ ਸਕਦਾ। ਸਾਡਾ ਆਗਾਮੀ ਜੀਵਨ ਤਾਂ ਉਚੇਰੇ ਮੰਡਲਾਂ ਵਿਚ ਪ੍ਰਵੇਸ਼ ਕਰਨ ਲਈ ਹੈ, ਨਾ ਕਿ ਇਸ ਸੰਸਾਰ ਵਿਚ ਪ੍ਰਾਸਚਿਤ ਤੇ ਹੋਰ ਸਾਧਨਾਂ ਤੇ ਅਭਿਆਸਾਂ ਦੁਆਰਾ ਉਹ ਕੁਝ ਕਰਨ ਵਿਚ, ਜੋ ਇਸ ਮੰਡਲ ਵਿਚ ਹੋ ਨਹੀਂ ਸਕੇਗਾ। ਐਂਡਰੋਕਲ ਦਾ ਸ਼ੇਰ, ਆਜੜੀ ਦੀਆਂ ਭੇਡਾਂ, ਬਚਿਆਂ ਵਾਲੀ ਹਿਰਨੀ ਅਤੇ ਸ਼ੇਰਨੀ ਮਾਂ, ਪੁਰਸ਼ ਅਤੇ ਉਸ ਦੀ ਇਸਤਰੀ, ਆਪਣੇ ਸਦਗੁਣਾਂ ਦੀ ਚੰਗਿਆਈ ਅਤੇ ਔਗੁਣਾਂ ਦੀ ਬੁਰਿਆਈ ਸਹਿਤ,

ਉਚੇਰੀ ਨੈਤਿਕਤਾ ਦੇ ਗੁਣ ਰਖਣ ਵਾਲੇ ਸਦਾਚਾਰੀ ਮਨੁੱਖ ਅਤੇ ਨਿਮਨ ਕੋਟੀ ਦੇ ਆਦਮਖੋਰ-ਆਤਮਕ ਦ੍ਰਿਸ਼ਟੀ ਤੋਂ ਵੇਖਿਆਂ ਇਸ ਲੋਕ ਵਿਚ ਸਾਰੇ ਸਮਾਨ ਅਵਸਥਾ ਵਿਚ ਹੀ ਵਿਚਰ ਰਹੇ ਹਨ। ਉਹਨਾਂ ਦਾ ਅਗਿਆਨ ਤੇ ਗਿਆਨ ਇਕੋ ਸੰਚੇ ਵਿਚ ਢਲੇ ਹੋਏ ਇਕ ਸਮਾਨ ਹਨ, ਕੇਵਲ ਉਹਨਾਂ ਵਿਚ ਮਾਤਰਾ ਦਾ ਹੀ ਅੰਤਰ ਹੈ। ਕੋਈ ਵੀ ਇਕ ਦੂਜੇ ਤੋਂ ਉਚੇਰਾ ਨਹੀਂ ਹੈ। ਜਿਥੋਂ ਤਕ ਮੈਂ ਸਮਝਿਆ ਹੈ; ਗੁਰੂ ਗਰੰਥ ਸਾਹਿਬ ਵਿਚ ਇਸੇ ਦ੍ਰਿਸ਼ਟੀਕੋਣ ਨੂੰ ਹੀ ਪ੍ਰਵਾਨ ਕੀਤਾ ਗਿਆ ਹੈ। ਇਹਨਾਂ ਵਿਚੋਂ ਕੇਵਲ ਉਹਨਾਂ ਨੂੰ ਹੀ, ਜਿਨ੍ਹਾਂ ਵਿਚ ਖ਼ਸਮ-ਪ੍ਰਭੂ ਆਪਣੀ ਰਜ਼ਾ ਅਨੁਸਾਰ ਆਤਮਕ ਕੇਂਦਰ-ਬਿੰਦੂ ਦੇ ਬੀਜ ਨੂੰ ਬੀਜ ਦਿੰਦਾ ਹੈ, ਉਹੋ ਹੀ ਵਾਸਤਵਿਕ ਰੂਪ ਵਿਚ ਆਤਮਿਕ ਅਵਸਥਾ ਵਾਲੇ ਹੁੰਦੇ ਹਨ। ਇਹ ਉਹ ਵਿਅਕਤੀ ਹੁੰਦੇ ਹਨ, ਜਿਨ੍ਹਾਂ ਉਤੇ ਉਚੇਰੇ ਮੰਡਲਾਂ ਦੇ ਪੂਰਨ-ਪੁਰਖਾਂ ਦੀ ਨਦਰਿ-ਕਰਮ ਜਾਂ ਬਖ਼ਸ਼ਿਸ਼ ਹੁੰਦੀ ਹੈ।

ਪਤੰਜਲੀ ਦੇ ਯੋਗ-ਦਰਸ਼ਨ ਦੇ ਬੀਜ-ਗਣਿਤ ਰੂਪੀ ਸੂਤਰਾਂ ਵਿਚ ਵਰਣਨ ਕੀਤੇ ਗਏ ਵੇਰਵਿਆਂ ਦੇ ਯਤਨਾਂ ਨੇ ਨਾ ਤਾਂ ਕਿਸੇ ਪ੍ਰਤਿਭਾ ਨੂੰ ਉਤਪੰਨ ਕੀਤਾ ਹੈ ਤੇ ਨਾ ਹੀ ਕਰ ਸਕਦੇ ਹਨ। ਸਾਰਾ ਭਾਰਤ ਸਦੀਆਂ ਤਕ ਇਸ ਸੰਸਕ੍ਰਿਤੀ ਵਿਚ ਡੂੰਘੀ ਤਰ੍ਹਾਂ ਖੁਭਿਆ ਰਿਹਾ ਹੈ, ਪਰ ਇਸ ਦੇ ਸਮਾਜਿਕ-ਜੀਵਨ ਨੂੰ ਭਰਪੂਰ ਬਣਾਉਣ ਤੇ ਵਿਕਸਿਤ ਕਰਨ ਵਿਚ ਕੋਈ ਪ੍ਰਭਾਵ ਨਹੀਂ ਪਾ ਸਕਿਆ। ਇਸ ਦੁਆਰਾ ਕਿਸੇ ਵਿਅਕਤੀ ਦਾ ਨਾ ਤਾਂ ਅਸਾਧਾਰਨ ਰੂਪ ਦਾ ਵਿਕਾਸ ਜਾਂ ਉਥਾਨ ਹੋਇਆ ਹੈ ਤੇ ਨਾ ਹੀ ਉਸ ਦੇ ਸਿਧੇ ਸਾਦੇ ਪ੍ਰਾਕ੍ਰਿਤਕ ਜੀਵਨ ਵਿਚ ਕੋਈ ਤਬਦੀਲੀ ਆਈ ਹੈ। ਧਰਮ ਸ਼ਾਸਤਰੀ ਸੰਸਥਾਵਾਂ ਇਸ ਗਰੰਥ ਨੂੰ ਪਵਿੱਤਰ ਅੰਜੀਲ ਵਾਂਗ ਹੀ ਪ੍ਰਮਾਣਿਤ ਗਰੰਥ ਮੰਨ ਕੇ ਵਾਚਦੀਆਂ ਰਹੀਆਂ ਹਨ। ਪਰ ਫਿਰ ਵੀ ਕਲਯੁਗ ਦੇ ਨਾਸ਼ਵੰਤ ਮਨੁੱਖਾਂ ਨੂੰ ਰਾਜਨੀਤਕ ਆਜ਼ਾਦੀ ਦੀ ਪ੍ਰਾਪਤੀ ਲਈ ਗਾਂਧੀ ਜੀ ਦੇ ਚਰਖ਼ੇ ਨੂੰ ਕੱਤਣ ਵਲ ਹੀ ਰੁਖ ਕਰਨਾ ਪਿਆ ਹੈ।

ਜਿਸ ਢੰਗ ਨਾਲ ਗੁਰੂ ਗਰੰਥ ਸਾਹਿਬ ਜੀਵਨ ਤੇ ਯਥਾਰਥ ਵਲ ਸੰਕੇਤ ਕਰਦੇ ਰਹੇ ਹਨ, ਉਸ ਤੋਂ ਪ੍ਰਗਟ ਹੁੰਦਾ ਹੈ ਕਿ ਗੁਰੂ ਸਾਹਿਬਾਨ ਮਾਨਸਿਕ ਤੌਰ 'ਤੇ ਭਾਵੇਂ ਕੋਈ ਵਸਤੂ ਕਿੰਨੀ ਵੀ ਆਕਰਸ਼ਕ ਕਿਉਂ ਨਾ ਹੋਵੇ, ਉਨਾਂ ਚਿਰ ਤਕ ਪ੍ਰਵਾਨ ਨਹੀਂ ਸਨ ਕਰਦੇ, ਜਿੰਨਾਂ ਚਿਰ ਤਕ ਕਿ ਉਹ ਜੀਵਨ ਦੇ ਕਰਮ-ਖੇਤਰ ਵਿਚ ਵਧ ਤੋਂ ਵਧ ਲੋਕਾਂ ਲਈ ਉਪਯੋਗੀ ਸਿੱਧ ਨਹੀਂ ਸੀ ਹੁੰਦੀ। ਸੱਚ ਸਦਾ ਅੰਤਰਮੁਖੀ ਹੁੰਦਾ ਹੈ, ਪਰ ਇਸ ਦਾ ਪ੍ਰਗਟਾਉ ਸਦਾ ਬਾਹਰਮੁਖੀ ਹੁੰਦਾ ਹੈ। ਗੁਰੂ ਸਾਹਿਬਾਨ ਉਹਨਾਂ ਸਭ ਕਾਲਪਨਿਕ ਅਨੁਮਾਨਾਂ ਦਾ ਤਿਆਗ ਕਰਦੇ ਹਨ, ਜਿਹੜੇ ਜੀਵਨ ਦੇ ਅਨੁਭਵ ਨਾਲ ਮੇਲ ਨਹੀਂ ਖਾਂਦੇ ਅਤੇ ਜਿਨ੍ਹਾਂ ਬਾਰੇ ਬਾਹਰਮੁਖੀ ਵਸਤੂ ਪ੍ਰਯੋਗਿਕ ਰੂਪ ਵਿਚ ਉਹਨਾਂ ਦੇ ਨਿਆਏਸ਼ੀਲ ਹੋਣ ਦਾ ਹੁੰਗਾਰਾ ਨਹੀਂ ਭਰਦੇ। ਇਸ ਪ੍ਰਕਾਰ ਸੱਚ ਦੇ ਅੰਤਰਮੁਖੀ ਅਨੁਭਵ ਨੂੰ ਜੀਵਨ ਦੀ ਵਾਸਤਵਿਕ ਦਸ਼ਾ ਦੇ ਤਰਕ ਉਤੇ ਪੂਰਾ ਉਤਰਨਾ ਜਾਂ ਉਸ ਨਾਲ ਮੇਲ ਖਾਣਾ ਚਾਹੀਦਾ ਹੈ। ਇਸ ਤੋਂ ਭਾਵ ਇਹ ਹੈ ਕਿ ਆਤਮਾ ਦੇ ਅੰਤਰੀਵ ਅਨੁਭਵ ਨੂੰ ਜੀਵਨ ਦੇ ਅਮਲ

ਵਿਚ ਵੀ ਸਾਰਥਕ ਪ੍ਰਤੀਕਰਮਾਂ ਨੂੰ ਉਤਪੰਨ ਕਰਨਾ ਚਾਹੀਦਾ ਹੈ। ਗੁਰੂ ਜੀ ਤਾਂ 'ਮੈਂ' ਦੇ ਸਹਿਜ-ਕਰਮ ਉਤੇ ਬਲ ਦਿੰਦੇ ਹਨ ਤਾਂ ਜੋ ਸਹਿਜ ਰੂਪ ਵਿਚ ਹੀ ਸੱਚ ਦਾ ਅਵਲੋਕਨ ਕੀਤਾ ਜਾ ਸਕੇ ਅਤੇ ਇਸ ਨੂੰ ਜੀਵਨ ਦੀ ਸੁਹਿਰਦਤਾ ਤੇ ਸਾਦਗੀ ਵਿਚੋਂ ਵੇਖਿਆ ਜਾ ਸਕੇ। ਗੁਰੂ ਜੀ ਤਾਂ ਉਸ ਆਪ ਮੁਹਾਰੇ ਤਿਆਗ ਵਲ ਸੰਕੇਤ ਕਰਦੇ ਹਨ ਜੋ ਝੂਠੇ ਅਭੀਮਾਨ, ਝੂਠੀਆਂ ਪਦਵੀਆਂ, ਝੂਠੇ ਧਰਮਾਚਾਰ ਤੇ ਜੀਵਨ ਦੇ ਝੂਠੇ ਦੰਭਾਂ ਪਰਪੰਚਾਂ ਨੂੰ ਅਸ੍ਵੀਕਾਰ ਕਰਕੇ ਸਚਿਆਰੇ ਮਨੁੱਖ ਬਣਨ ਵਿਚ ਹੁੰਦਾ ਹੈ। ਅਸੀਂ ਤਾਂ ਕੇਵਲ ਮਨੁੱਖ ਹਾਂ—ਉਦੋਂ ਚੰਗੇ ਮਨੁੱਖ ਬਣ ਜਾਂਦੇ ਹਾਂ ਜਦੋਂ ਕੋਈ ਚੰਗੀ ਗੱਲ ਕਰਦੇ ਹਾਂ। ਤਦੋਂ ਅਸੀਂ ਦਇਆਵਾਨ ਤੇ ਦੂਜਿਆਂ ਦੇ ਹਮਦਰਦ ਹੁੰਦੇ ਹਾਂ। ਪਰ ਮਨੁੱਖ ਲਈ ਮਨੁੱਖ ਬਣ ਜਾਣਾ ਹੀ ਕਾਫੀ ਨਹੀਂ ਹੈ। ਇਹ ਤਾਂ ਸਾਡੇ ਜੀਵਨ ਦਾ ਸਹਿਜ ਰੂਪ ਦਾ ਹੀ ਕੁਦਰਤੀ ਅੰਸ਼ ਹੋਣਾ ਚਾਹੀਦਾ ਹੈ। ਮਾਨਵਤਾ ਦੀ ਸੰਤਾਨ ਹੋਣ ਕਾਰਨ ਸਾਡਾ ਮਾਨਵ ਹੋਣਾ ਜ਼ਰੂਰੀ ਹੈ। ਦੂਜੇ ਬੰਨੇ ਗੁਰੂ ਸਾਹਿਬ ਦਾ ਇਹ ਫਰਮਾਨ ਹੈ ਕਿ 'ਸਿਮਰਨ ਤੋਂ ਬਿਨਾਂ ਜੀਵਨ ਦਾ ਸਾਰਾ ਵਿਹਾਰ ਬਾਲਣ ਦੇ ਬਲਣ ਸਮਾਨ ਹੈ। ਮਨੁੱਖ ਬਣੋ, ਪਰ ਨਾਲ ਹੀ ਆਪਣੀ ਸਿਮ੍ਰਤੀ ਨੂੰ ਪ੍ਰਭੂ-ਪ੍ਰੀਤਮ ਦੀ ਹੋਂਦ ਨਾਲ ਭਰਪੂਰ ਕਰੋ। ਭਾਵੇਂ ਮਨੁੱਖੀ ਸਰੀਰ ਹੋਰ ਸਾਰੇ ਜੀਵਾਂ ਤੋਂ ਉਚੇਰਾ ਹੈ, ਪਰ ਮਨੁੱਖੀ ਆਤਮਾ ਹੀ ਜੀਵਨ ਦੀ ਉਚੇਰੀ ਪੂਰਨਤਾ ਹੁੰਦੀ ਹੈ। ਇਸ ਲਈ ਆਪਣੇ ਆਪ ਨੂੰ ਵਧ ਤੋਂ ਵਧ ਇਸ ਦੈਵੀ ਅਰਥਾਤ ਆਤਮਕ ਸਰੂਪ ਵਿਚ ਢਾਲਣ ਦਾ ਯਤਨ ਕਰੋ।

ਇਥੇ ਹੀ ਉਹ ਸੰਦੇਸ਼ ਹੈ, ਜਿਸ ਦੁਆਰਾ ਬੁਧ-ਮਤ ਦੇ ਭਿਕਸ਼ੂਆਂ ਤੇ ਬੋਧੀ ਵਿਹਾਰਾਂ ਵਲੋਂ ਕੀਤੀਆਂ ਗਈਆਂ ਗਲਤੀਆਂ ਤੋਂ ਬਚਿਆ ਜਾ ਸਕਦਾ ਹੈ। ਇਹ ਦ੍ਰਿਸ਼ਟੀਕੋਣ ਮਨੁੱਖੀ ਜੀਵਨ ਦੀ ਸਹਿਜ ਰੂਪ ਦੀ ਅੰਤਰੀਵ ਆਤਮਕਤਾ ਨੂੰ ਪ੍ਰਵਾਨ ਕਰਦਾ ਹੈ। ਸਿੱਖ-ਮਤ ਆਤਮਕ ਤੌਰ 'ਤੇ ਜਾਗਰੂਪ ਵਿਅਕਤੀਆਂ ਦਾ ਮਤ ਹੈ, ਜਿਨ੍ਹਾਂ ਦੇ ਮਿਠੜੇ ਘਰ ਹਨ ਜੋ ਨਿਤ ਚਲਦੇ ਧੰਦਿਆਂ ਤੇ ਕਾਰਵਿਹਾਰਾਂ ਨਾਲ ਭਰਪੂਰ ਹਨ। ਬੁਧ-ਮਤ ਬ੍ਰਾਹਮਣਾਂ ਦੀ ਨਿਰਜਿੰਦ ਮਾਨਸਿਕਤਾ ਵਿਰੁੱਧ ਆਤਮਕ ਜੋਤੀ ਦਾ ਪ੍ਰਕਾਸ਼ ਸੀ, ਪਰ ਇਹ ਧਰਮ-ਪ੍ਰਚਾਰਕਾਂ ਦੇ ਉਹਨਾਂ ਪੂਰਨ ਮਨੁੱਖਾਂ ਦੀ ਸੰਗਤ ਨੂੰ ਸਿਰਜ ਨਾ ਸਕਿਆ ਜੋ ਦੂਜਿਆਂ ਲਈ ਆਦਰਸ਼ ਮਨੁੱਖ ਹੋਣ ਦਾ ਉਦਾਹਰਣ ਪੇਸ਼ ਕਰਦੀ, ਪਰ ਅਜਿਹੇ ਸਾਰੇ ਧਰਮ ਪ੍ਰਚਾਰਕ ਚਿਰਕਾਲ ਤਕ ਪਵਿੱਤਰ ਤੇ ਪੁਨੀਤ ਬਣੇ ਨਹੀਂ ਰਹਿ ਸਕਦੇ। ਅਜਿਹੇ ਸਾਰੇ ਨੇਕ ਤੇ ਆਤਮ-ਸੰਜਮ ਧਾਰਨ ਕਰਨ ਵਾਲੇ ਵਿਅਕਤੀ, ਜਿਹੜੇ ਆਪਣੇ ਕਲਪਿਤ ਆਦਰਸ਼ਾਂ, ਪ੍ਰਤਿਗਿਆਵਾਂ ਅਤੇ ਇਥੋਂ ਤਕ ਕਿ ਸਮਰਪਿਤ ਹੁੰਦੇ ਹੋਏ ਵੀ, ਆਪਣੇ ਅੰਦਰੋਂ ਉਤਪੰਨ ਹੋਣ ਵਾਲੇ ਜ਼ਹਿਰਾਂ ਕਾਰਨ ਆਤਮਿਕ ਮੌਤ ਦਾ ਸ਼ਿਕਾਰ ਹੋ ਜਾਂਦੇ ਹਨ। ਕੇਵਲ ਮਨੁੱਖ ਵਿਚਲਾ ਆਪ ਮੁਹਾਰੇ ਉਪਜਿਆ ਸਦਗੁਣ ਹੀ ਚਿਰਕਾਲ ਤਕ ਜੀਵਿਤ ਰਹਿ ਸਕਦਾ ਹੈ ਤੇ ਇਸ ਦਾ ਕੋਈ ਦੁਸ਼-ਪ੍ਰਤੀਕਰਮ ਨਹੀਂ ਹੁੰਦਾ। ਗੁਰੂ ਜੀ ਤਾਂ ਇਹ ਆਦੇਸ਼ ਦਿੰਦੇ ਸਨ ਕਿ ਭਗਵਾਨ ਬੁਧ ਵਲੋਂ ਦਰਸਾਏ ਗਏ ਨੇਕ ਕਰਮਾਂ ਨੂੰ ਦੁਖਾਂ ਤੇ ਕਸ਼ਟਾਂ ਭਰੇ ਜੀਵਨ ਦੇ ਝੱਖੜ-ਝਾਂਜਿਆਂ ਵਿਚ ਵੀ

ਸਥਿਰ ਰਖਣਾ ਚਾਹੀਦਾ ਹੈ। ਮਨੁੱਖ ਨੂੰ ਗ੍ਰਹਿਸਥੀ ਵਾਲਾ ਜੀਵਨ ਬਤੀਤ ਕਰਨਾ ਚਾਹੀਦਾ ਹੈ। ਉਸ ਨੂੰ ਕਿਰਤ ਕਮਾਈ ਕਰਕੇ ਲਹੂ ਪਸੀਨਾ ਵੀਟ ਕੇ ਆਪਣੀ ਰੋਟੀ ਰੋਜ਼ੀ ਕਮਾਉਣੀ ਚਾਹੀਦੀ ਹੈ। ਉਸ ਨੂੰ ਆਪਣੀ ਕਿਰਤ ਤੇ ਪ੍ਰੇਮ ਨੂੰ ਦੂਜਿਆਂ ਵਿਚ ਵੀ ਵੰਡਣਾ ਚਾਹੀਦਾ ਹੈ। ਸਰਬ-ਸਾਧਾਰਨ ਰੂਪ ਵਿਚ ਉਸ ਨੂੰ ਅਜਿਹਾ ਮਨੁੱਖ ਬਣਨਾ ਚਾਹੀਦਾ ਹੈ ਜਿਸ ਵਿਚੋਂ ਸਦਾ ਸਚਿਆਰੇ ਮਾਨਵੀ ਭਾਵ ਹੀ ਪ੍ਰਗਟ ਹੋਣੇ ਚਾਹੀਦੇ ਹਨ। ਪ੍ਰਕਾਸ਼-ਮੰਡਲ ਦੀ ਸੁਖਾਵੀਂ ਕੋਮਲ-ਜੋਤੀ ਸਮਾਨ ਉਸ ਵਿਅਕਤੀ ਵਿਚੋਂ ਨੇਕੀ, ਸ਼ੀਲਤਾ, ਦਇਆ ਤੇ ਹਮਦਰਦੀ ਦੀਆਂ ਕਿਰਨਾਂ ਦਾ ਪ੍ਰਸਾਰ ਹੋਣਾ ਚਾਹੀਦਾ ਹੈ। ਅਜਿਹੇ ਸਚਿਆਰੇ ਮਨੁੱਖ ਨੂੰ ਤੱਕ ਕੇ ਹਰ ਇਕ ਦੇ ਹਿਰਦੇ ਵਿਚ ਇਹ ਭਾਵ ਜਾਗਣੇ ਚਾਹੀਦੇ ਹਨ, ਇਹ ਕਿਡਾ ਭਲਾ ਪੁਰਸ਼ ਹੈ !'

ਇਹ ਹੈ ਮਨੁੱਖ ਦੀ ਸਾਦਗੀ ਨੂੰ ਪ੍ਰਭਾਵਸ਼ਾਲੀ ਭਲਿਆਈ ਦੁਆਰਾ ਉਸ ਦੀ ਸਿਧੀ ਸਾਦੀ ਆਤਮਕਤਾ ਨਾਲ ਸ਼ਿੰਗਾਰ ਦੇਣਾ। ਜੀਵਨ ਦੇ ਐਸ਼ਵਰਜ਼, ਚੰਗੇ ਆਹਾਰ, ਚੰਗਾ ਪਰਿਵਾਰਕ-ਜੀਵਨ, ਚੰਗਾ ਮਿਤਰ-ਮੰਡਲ ਦਾ ਆਤਮਕ ਗੁਣਾਂ ਦੀ ਪ੍ਰਾਪਤੀ ਲਈ ਤਿਆਗ ਕਰਨਾ ਜ਼ਰੂਰੀ ਨਹੀਂ ਹੈ। ਹਰ ਸੱਚੀ ਆਤਮਕਤਾ ਦਾ ਆਰੰਭ ਤਾਂ ਮਨੁੱਖ ਦੀਆਂ ਘਰੇਲੂ ਤੇ ਸਮਾਜਕ ਭਾਵਨਾਵਾਂ ਵਿਚੋਂ ਹੀ ਹੁੰਦਾ ਹੈ। ਗੁਰੂ ਜੀ ਹਰਬਰਟ ਸਪੈਂਸਰ ਨਾਲ ਸਹਿਮਤ ਪ੍ਰਤੀਤ ਹੁੰਦੇ ਹਨ ਜੋ ਇਹ ਕਹਿੰਦਾ ਹੈ ਕਿ ਮਨੁੱਖ ਨੂੰ ਪਹਿਲਾਂ ਚੰਗਾ ਪਸ਼ੂ ਬਣਨਾ ਚਾਹੀਦਾ ਹੈ ਤੇ ਫਿਰ ਉਸ ਤੋਂ ਚੰਗੇਰੇ ਬਣਨ ਵਲ ਵਧਣਾ ਚਾਹੀਦਾ ਹੈ। ਗੁਰੂ ਜੀ ਤਾਂ ਇਹ ਗੱਲ ਜ਼ੋਰ ਦੇ ਕੇ ਕਹਿੰਦੇ ਹਨ ਕਿ ਆਤਮਕ ਗੁਣਾਂ ਦੀ ਪ੍ਰਾਪਤੀ ਲਈ ਨਾ ਤਾਂ ਸਰੀਰਕ ਸੁਖਾਂ ਦਾ ਤਿਆਗ ਕਰਨਾ ਚਾਹੀਦਾ ਹੈ ਤੇ ਨਾ ਹੀ ਆਪ ਸਹੇੜੀਆਂ ਸਰੀਰਕ-ਪੀੜਾਂ ਦੁਆਰਾ ਕੋਈ ਪ੍ਰਾਸਚਿਤ ਕਰਮ ਹੀ ਕਰਨਾ ਚਾਹੀਦਾ ਹੈ। ਇਹ ਸਭ ਤਾਂ ਪਦਾਰਥਕ ਹੋਂਦ ਦੇ ਦੇਵ-ਨੇਤ ਤੋਂ ਉਤਪੰਨ ਹੋਏ ਕਰਮ ਹਨ। ਕੇਵਲ ਇਕੋ ਹੀ ਆਵਸ਼ਕਤਾ ਹੈ, ਕਿ ਮਨੁੱਖ ਦੀ ਪ੍ਰਵਿਰਤੀ ਇਸ ਦਿਸ਼ਾ ਵਲ ਹੋਣੀ ਚਾਹੀਦੀ ਹੈ ਕਿ ਉਹ ਆਪਣੇ ਅੰਦਰ ਤੇ ਬਾਹਰ ਕੁਦਰਤ ਵਿਚ ਪ੍ਰਭੂ ਦੀ ਹੋਂਦ ਨੂੰ ਅਨੁਭਵ ਕਰ ਸਕੇ। ਜਦੋਂ ਤਕ 'ਖ਼ਸਮ-ਪ੍ਰਭੂ' ਦਾ ਨਦਰਿ-ਕਰਮ ਨਹੀਂ ਹੁੰਦਾ ਅਤੇ ਉਹ ਤੁਹਾਡੀ ਆਪਣੇ ਪ੍ਰਗੀਤਕ ਪ੍ਰੇਮ ਦੁਆਰਾ ਕਾਇਆ-ਕਲਪ ਨਹੀਂ ਕਰ ਦਿੰਦਾ— ਤੁਹਾਡੇ ਵਿਚੋਂ ਕੋਈ ਵੀ ਸੱਚੇ ਰੂਪ ਵਿਚ ਆਤਮਕ ਨਹੀਂ ਬਣ ਸਕਦਾ। ਪਹਿਲਾਂ ਤੁਸੀਂ ਚੰਗੇ ਮਨੁੱਖ ਬਣੋ, ਫਿਰ ਆਪਣੇ ਸਮੇਂ ਅਨੁਸਾਰ ਪ੍ਰਭੂ ਦੇ ਪ੍ਰੇਮ ਦੇ ਨੇਮ ਦੁਆਰਾ ਤੁਹਾਡੇ ਉਤੇ ਉਸ ਦੀ ਬਖ਼ਸ਼ਿਸ਼ ਵੀ ਹੋ ਜਾਵੇਗੀ।

ਜਿਥੇ ਤੁਸੀਂ ਖੜ੍ਹੇ ਹੋ, ਉਥੇ ਇਹ ਭਾਵਨਾ ਸਹਿਜੇ ਸਹਿਜੇ ਅਗੇ ਵਧ ਰਹੀ ਹੈ ਤੇ ਇਹ ਸਹਿਜੇ ਸਹਿਜੇ ਪ੍ਰਭੂ ਦੀ ਆਤਮਾ ਵਲ ਜਾ ਰਹੀ ਹੈ। ਫਿਰ ਵੀ ਜਿਵੇਂ ਨਿਰਦੇਸ਼ ਦਿਤਾ ਗਿਆ ਹੈ ਤੇ ਜਿਵੇਂ ਹੁਕਮ ਹੈ, ਸਾਰੇ ਜੀਵਨ ਨੂੰ ਆਪਣੀ ਪੂਰਨਤਾ ਵਲ ਯਾਤਰਾ ਕਰਨੀ ਪੈਂਦੀ ਹੈ ਅਤੇ ਹਰ ਨਵੇਂ ਦਿਨ ਨਵੀਂ ਮੰਜ਼ਿਲ ਵਲ ਵਧਣਾ ਪੈਂਦਾ ਹੈ। ਗੁਰੂ ਨਾਨਕ ਸਾਹਿਬ ਨੇਕ ਅਮਲਾਂ ਵਾਲੇ ਭਲੇ ਪੁਰਸ਼ਾਂ ਨੂੰ ਆਪਣੇ ਉਤੇ ਕੋਈ ਵਾਧੂ ਭਾਰ ਪਾਉਣ ਲਈ ਨਹੀਂ ਕਹਿੰਦੇ। ਅਜਿਹੇ ਤਣਾਉ

ਜਾਂ ਬੋਝ ਦਾ ਪ੍ਰਤੀਕਰਮ ਹੁੰਦਾ ਹੈ ਤੇ ਅਜਿਹੇ ਸਾਰੇ ਯਤਨ ਆਤਮਕ ਸੁਭਾ ਵਾਲੇ ਨਹੀਂ ਹੁੰਦੇ। ਗੁਰੂ ਨਾਨਕ ਸਾਹਿਬ ਦਾ 'ਸਹਿਜ' ਆਤਮਕ ਸਤਾ ਦਾ ਆਪ-ਮੁਹਾਰਾ ਤੇ ਸਦੀਵੀ ਸੰਜੋਗ ਹੈ, ਜੋ ਸਰੀਰਕ, ਮਾਨਸਿਕ ਤੇ ਨੈਤਿਕ ਸਭ ਪ੍ਰਕਾਰ ਦੀਆਂ ਸਥਿਤੀਆਂ ਤੇ ਹਰ ਤਰ੍ਹਾਂ ਦੀਆਂ ਪ੍ਰਸਥਿਤੀਆਂ ਵਿਚ ਸਥਿਰ ਰਹਿੰਦਾ ਹੈ। ਆਤਮਾ ਦੀ ਜੀਵਨ ਜੋਤੀ ਦੀ ਆਪ-ਮੁਹਾਰੀ ਤੇ ਸਹਿਜ ਰੂਪ ਦੀ ਬਖ਼ਸ਼ਿਸ਼ ਦੇ ਨੇਮ ਅਤੇ ਪ੍ਰਸਥਿਤੀਆਂ ਨੂੰ ਜਾਣਿਆਂ ਨਹੀਂ ਜਾ ਸਕਦਾ। ਇਹ ਬਖ਼ਸ਼ਿਸ਼ ਤਾਂ ਪਾਪੀ ਉਤੇ ਇਕੋ ਮਿਹਰ ਭਰੀ ਤੱਕਣੀ ਨਾਲ ਹੋ ਸਕਦੀ ਹੈ, ਪਰ ਨੇਕੀ ਦੀਆਂ ਗੱਲਾਂ ਕਰਨ ਵਾਲੇ ਇਸ ਤੋਂ ਬਿਲਕੁਲ ਹੀ ਵੰਚਿਤ ਰਹਿ ਜਾਂਦੇ ਹਨ। ਆਤਮਾ ਦਾ ਸਚਿਆਰਾ ਜੀਵਨ ਸਦਾ ਕਰਮਸ਼ੀਲ ਤੇ ਗਤੀਮਾਨ ਹੁੰਦਾ ਹੈ, ਆਤਮਕ ਤੌਰ 'ਤੇ ਵਿਰੋਸਾਏ ਗਏ ਵਿਅਕਤੀ ਪਾਤਰ ਦੇ ਕਿਸੇ ਉਚੇਚੇ ਯਤਨ ਤੋਂ ਬਿਨਾਂ ਹੀ ਇਸ ਦੀ ਆਪਣੀ ਤੁਰ ਰਹੀ ਯਾਤਰਾ ਸਹਿਜ ਸੁਭਾ ਹੀ ਹੱਡ ਚੰਮ ਦੀ ਰੁਚੀ ਤੇ ਪਦਾਰਥਿਕਤਾ ਨੂੰ ਖਾ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਸੱਚੇ ਆਤਮਕ ਜੀਵਨ ਨੂੰ ਪ੍ਰਗਟਾਉਣ ਲਈ ਢੁਕਵਾਂ ਦ੍ਰਿਸ਼ਟਾਂਤ ਦਿੰਦੇ ਹਨ। ਪਤੀ ਦਾ ਆਪਣੀ ਪਤਨੀ ਦੀ ਚੋਣ ਕਰਕੇ ਉਸ ਉਤੇ ਬਖ਼ਸ਼ਿਸ਼ ਕਰਨਾ ਕੇਵਲ ਖ਼ਿਆਲੀ ਉਪਮਾ ਮਾਤਰ ਰੂਪਕ ਨਹੀਂ ਹੈ। ਇਥੇ ਵੀ ਚੋਣ ਕੀਤੀ ਜਾਂਦੀ ਹੈ ਤੇ ਮਨੁੱਖੀ ਉਦਾਤੀਕਰਨ ਦੀ ਪ੍ਰਕ੍ਰਿਆ ਦੇ ਇਸ ਵਿਸ਼ਵ-ਵਿਆਪੀ ਵਰਤਾਰੇ ਵਿਚ ਇਹ ਚੋਣ ਜ਼ਰੂਰੀ ਹੈ ਜਿਸ ਦੁਆਰਾ ਉਹ ਫ਼ਰਿਸ਼ਤਿਆਂ ਤੇ ਦੇਵਤਿਆਂ ਦੀ ਪਦਵੀ ਪ੍ਰਾਪਤ ਕਰਦਾ ਹੈ। ਜਦੋਂ ਪ੍ਰਭੂ-ਪ੍ਰੀਤਮ ਇਕ ਵਾਰ ਆਪਣੀ ਮਹਿਲਾ ਦੇ ਰੂਪ ਵਿਚ ਕਿਸੇ ਪਤਨੀ ਦੀ ਚੋਣ ਕਰ ਲੈਂਦਾ ਹੈ ਤਾਂ ਉਹ ਉਸ ਨੂੰ ਮਹਾਰਾਣੀ ਬਣਾ ਦਿੰਦਾ ਹੈ। ਇਸ ਪਦਵੀ ਨੂੰ ਪ੍ਰਾਪਤ ਕਰਕੇ ਉਸ ਨੂੰ ਆਪਣੇ ਕਈ ਵਿਸ਼ੇਸ਼ ਅਧਿਕਾਰ ਵੀ ਮਿਲ ਜਾਂਦੇ ਹਨ। ਜਦੋਂ ਉਹ ਮਹਿਲਾ ਦੀ ਅਵਸਥਾ ਆਤਮਕ ਗੌਰਵ ਨੂੰ ਧਾਰਨ ਕਰਨ ਵਾਲੀ ਮਹੱਤਵਪੂਰਨ ਹੋ ਜਾਂਦੀ ਹੈ ਤਾਂ ਇਹ ਪੂਰਨਤਾ ਤਕ ਵਿਚਰਦੀ ਹੈ ਅਤੇ ਇਸ ਦਾ ਬੋਧ ਵੀ ਸਹਿਜੇ ਸਹਿਜੇ ਵਿਕਸਿਤ ਹੋ ਕੇ ਡੂੰਘੇਰਾ ਅਗਾਧ-ਬੋਧ ਬਣ ਜਾਂਦਾ ਹੈ। ਆਤਮਾ ਦੇ ਅਨੰਦ ਸਰੂਪ ਨਾਟ ਭਵਨ ਵਾਲੇ ਨਾਟਕੀ ਅੰਦਾਜ਼ ਤੇ ਕੋਈ ਗੂੜ੍ਹੇ ਰੰਗਾਂ ਵਾਲੀ ਵੇਸ਼ਭੂਸ਼ਾ ਨਹੀਂ ਹੈ। ਇਸ ਦੇ ਰੰਗ ਬੜੇ ਸਾਧਾਰਨ ਹੁੰਦੇ ਹਨ। ਵਿਆਹੁਤਾ ਜੀਵਨ ਦੀ ਸਾਦਗੀ ਇਸ ਦਾ ਸਭ ਤੋਂ ਉਚੇਰਾ, ਡੂੰਘੇਰਾ ਤੇ ਪ੍ਰਮਾਣਿਤ ਪ੍ਰਤੀਕ ਗੁਣ ਹੈ।

ਮਨੁੱਖ ਦੀ ਇਹ ਕਿੰਨੀ ਮੂਰਖਤਾ ਹੈ ਕਿ ਉਹ ਕੰਮੀ ਰੁਝੀ, ਉਧੜ-ਗੁਧੜੇ ਕੇਸਾਂ ਵਾਲੀ ਤੇ ਪ੍ਰੇਮ ਨਾਲ ਭਰਪੂਰ ਸਵਾਣੀ ਨੂੰ ਛੱਡ ਕੇ, ਆਪਣੀ ਜੀਵਨ-ਸਾਥੀ ਬਣਾਉਣ ਲਈ ਕਿਸੇ ਹੋਰ ਦੀ ਭਾਲ ਕਰ ਰਿਹਾ ਹੈ। ਕਿਸੇ ਹੋਰ ਦੀ ਭਾਲ ਕਰਨ ਵਾਲੇ ਉਤੇ ਤਾਂ ਬਖ਼ਸ਼ਿਸ਼ ਹਾਲੀ ਹੋਣੀ ਹੈ, ਪਰ ਦੂਜੀ ਸਵਾਣੀ ਉਤੇ ਤਾਂ ਪਹਿਲਾਂ ਹੀ ਬਖ਼ਸ਼ਿਸ਼ ਹੋ ਚੁਕੀ ਹੈ।

# ਗੁਰੂ ਗੋਬਿੰਦ ਸਿੰਘ—ਨਵ ਗੀਤਾ ਦਾ ਸਾਕਾਰ ਰੂਪ

ਸਾਰੇ ਮਨੁੱਖੀ ਇਤਿਹਾਸ ਵਿਚ ਮਾਨਵ ਸਮੂਹ ਦਾ ਕੋਈ ਅਜਿਹਾ ਨੇਤਾ ਪੈਦਾ ਨਹੀਂ ਹੋਇਆ, ਜਿਸ ਨੇ ਭਗਵਤ ਗੀਤਾ ਦੇ ਮਤ ਨੂੰ ਉਸ ਰੂਪ ਵਿਚ ਪ੍ਰਮਾਣਿਤ ਕਰ ਦਿਤਾ ਹੋਵੇ, ਜਿਸ ਰੂਪ ਵਿਚ ਕਿ ਇਸ ਦੇ ਸਿਧਾਂਤਾਂ ਦੀ ਅਜੋਕੇ ਸਮੇਂ ਵਿਆਖਿਆ ਕੀਤੀ ਜਾਂਦੀ ਹੈ। ਗੀਤਾ ਦੇ ਸੰਦੇਸ਼ ਦੀ ਜਿਸ ਤਰ੍ਹਾਂ ਵਰਤਮਾਨ ਸਮੇਂ ਵਿਆਖਿਆ ਕੀਤੀ ਜਾਂਦੀ ਹੈ, ਉਸੇ ਅਨੁਸਾਰ ਹੀ ਦਸ ਗੁਰੂ ਸਾਹਿਬਾਨ ਨੇ ਆਪਣਾ ਜੀਵਨ ਗੁਜ਼ਾਰਿਆ ਹੈ। ਗੁਰੂ ਸਾਹਿਬਾਨ ਦੇ ਸਮੇਂ ਭਗਵਤ ਗੀਤਾ ਦੇ ਇਹ ਨਵੇਂ ਵਿਆਖਿਆਕਾਰ ਮੌਜੂਦ ਨਹੀਂ ਸਨ, ਜੋ ਹੁਣ ਸਿੱਖ-ਮਤ ਵਲ ਪਿਛਲ ਝਾਤੀ ਮਾਰ ਕੇ ਅਤੇ ਪਛਮੀ ਵਿਆਖਿਆਕਾਰਾਂ ਤੋਂ ਪ੍ਰਭਾਵਿਤ ਹੋ ਕੇ ਵਧੇਰੇ ਸੂਝਵਾਨ ਬਣ ਗਏ ਹਨ।

ਗੁਰੂ ਗੋਬਿੰਦ ਸਿੰਘ ਜੀ ਤਾਂ ਆਪਣੇ ਸਰੂਪ ਵਿਚ ਅਰਥਾਤ ਆਪਣੇ ਕੀਤੇ ਗਏ ਪ੍ਰਾਕਰਮਾਂ ਅਨੁਸਾਰ ਖ਼ੁਦ ਨਵੀਂ ਗੀਤਾ ਦਾ ਸਾਖਿਆਤ ਪ੍ਰਮਾਣ ਹਨ। ਆਪ ਆਧੁਨਿਕ ਸਰੂਪ ਵਾਲੇ ਪੈਗੰਬਰ ਹਨ, ਜਿਨ੍ਹਾਂ ਨੇ ਸਿਧਾਂਤ ਵਲ ਕੋਈ ਬਹੁਤਾ ਬਲ ਨਹੀਂ ਦਿਤਾ। ਆਪ ਤਾਂ ਜ਼ਾਲਮਾਂ ਨੂੰ ਆਪਣੀ ਖੜਗ ਨਾਲ ਸੋਧਦੇ ਰਹੇ ਹਨ। ਆਪ ਆਪਣੇ ਕਰਤੱਵਾਂ ਨੂੰ ਨਿਭਾਉਣ ਸਮੇਂ ਨਾ ਕਦੇ ਅੱਕੇ ਥੱਕੇ ਤੇ ਨਾ ਕਦੇ ਪਸ਼ੇਮਾਨ ਹੋਏ ਹਨ, ਨਾ ਹੀ ਜਦੋਂ ਆਪ ਜੀ ਨੂੰ ਮਜ਼ਲੂਮਾਂ ਦੀ ਰੱਖਿਆ ਖ਼ਾਤਰ ਜੰਗ ਕਰਨੀ ਅਤੇ ਖ਼ੂਨ ਡੋਲ੍ਹਣਾ ਪਿਆ ਹੈ ਤਾਂ ਉਹਨਾਂ ਕਦੇ ਵੀ ਇਸ ਗੱਲ ਤੋਂ ਸੰਕੋਚ ਨਹੀਂ ਕੀਤਾ। ਆਪ ਤਾਂ ਆਧੁਨਿਕ ਚਿੰਤਨ ਜਾਂ ਦਰਸ਼ਨ ਦੇ ਜਿਉਂਦੇ ਜਾਗਦੇ ਉਦਾਹਰਨ ਹਨ ਅਤੇ ਆਪ ਪਛਮੀ ਜਾਤੀਆਂ ਦੇ ਸਰਵੁਚ ਧਰਮ ਦੇ ਪ੍ਰਤੀਕ ਹਨ, ਜੋ ਵਿਗਿਆਨ ਪ੍ਰਤੀ ਸਮਰਪਿਤ ਹੈ ਅਤੇ ਆਪਣੇ ਜ਼ਿੰਮੇ ਲਗੇ ਕਰਤਵਾਂ ਅਨੁਸਾਰ 'ਨਿਸ਼ਕਾਮ ਕਰਮ' ਨੂੰ ਕਰਦੇ ਹਨ। ਆਪ ਨੇ ਸਮੂਹ ਲੋਕਾਂ ਵਿਚ 'ਸਵਿਸ ਨਾਗਰਿਕਤਾ' ਦੇ ਆਦਰਸ਼ ਨੂੰ ਪ੍ਰਚਲਿਤ ਕੀਤਾ ਅਤੇ ਮਨੁੱਖ ਤੇ ਮਨੁੱਖਤਾ ਦੀ ਮਾਨਵ-ਸਮੂਹ ਦੇ ਰੂਪ ਵਿਚ ਹੀ ਸੰਕਲਪਨਾ ਕੀਤੀ ਸੀ। ਆਪ ਨੇ ਮਨੁੱਖੀ ਚਰਿਤਰ ਨੂੰ ਉਸ ਦੇ ਕੁਦਰਤੀ ਸਾਦਾਪਣ ਤੇ ਸੁੰਦਰਤਾ ਵਿਚ ਸਿਰਜਿਆ ਅਤੇ ਇਸ ਗੱਲ ਉਤੇ ਬਲ ਦਿਤਾ ਕਿ ਸਾਰੇ ਮਨੁੱਖਾਂ ਨੂੰ ਮਨੁੱਖ ਤੇ ਪ੍ਰਭੂ ਦੇ ਪ੍ਰੇਮ ਦੀ ਖ਼ਾਤਰ ਹੀ ਕਰਮ ਕਰਨਾ ਚਾਹੀਦਾ ਹੈ। ਆਪ ਨੇ ਸਾਰੀ ਮਨੁੱਖ-ਜਾਤੀ ਦੀ ਏਕਤਾ ਉਤੇ ਬਲ ਦਿਤਾ। ਆਪ ਦਾ ਫ਼ੁਰਮਾਨ ਸੀ, "ਹਿੰਦੂ, ਅਰਬੀ ਤੇ ਫ਼ਰੰਗੀ ਸਭ ਇਕੋ ਕਰਤਾਰ ਦੀ ਸੰਤਾਨ ਹਨ। ਗੁਰੂ ਗੋਬਿੰਦ ਸਿੰਘ ਜੀ ਦੀ ਆਤਮਾ ਦੁਆਰਾ ਬੁਧ ਦੀ ਆਤਮਕ ਲੋਕਤੰਤਰ ਵਾਲੀ ਨਵ-ਸਿਰਜਣਾ ਕੀਤੀ ਗਈ। ਕੇਵਲ ਗੁਰੂ ਗੋਬਿੰਦ ਸਿੰਘ ਦਾ ਲੋਕਤੰਤਰ ਹੀ ਵਧੇਰੇ ਆਧੁਨਿਕ, ਵਧੇਰੇ ਕੁਦਰਤੀ

ਤੇ ਸੰਪੂਰਨ ਰੂਪ ਦਾ ਸਹਿਜ-ਪ੍ਰਗਟਾਉ ਹੈ। ਇਸ ਦੇ ਸਵਿਧਾਨ ਵਿਚ ਕਿਸੇ ਦਬਾ ਅਧੀਨ ਪ੍ਰਤਿਗਿਆ ਲੈਣ ਦੀ ਕੋਈ ਸ਼ਰਤ ਨਹੀਂ ਹੈ। ਆਪਣੇ ਘੋੜੇ 'ਤੇ ਸਵਾਰ ਆਪ ਅਕਾਲ ਨਾਲ ਅਟੁੱਟ ਰੂਪ ਵਿਚ ਜੁੜੇ ਹੋਏ ਹਨ। ਆਪ ਸਨਾਤਨ ਸਰੂਪ ਦੇ ਬ੍ਰਹਮਗਿਆਨੀ ਹਨ, ਜੋ ਗ਼ਰੀਬਾਂ ਦੇ ਆਦਰਸ਼ਾਂ ਦੀ ਪੂਰਤੀ ਲਈ ਪ੍ਰਵਕਤਾ ਰੂਪ ਵਿਚ ਬੋਲਦੇ, ਯੁਧ ਕਰਦੇ ਅਤੇ ਇਸੇ ਲਈ ਆਪਣਾ ਸਭ ਕੁਝ ਕੁਰਬਾਨ ਕਰ ਦਿੰਦੇ ਹਨ। ਆਪ ਦਾ ਅੰਤਰੀਵ ਅਨੰਦ ਮ੍ਰਿਤੂ ਦੀ ਦਸ਼ਾ ਵਿਚ ਵੀ ਭੰਗ ਨਹੀਂ ਹੁੰਦਾ ਅਤੇ ਉਸ ਇਕੋ ਸੂਰਬੀਰ ਸਿਪਾਹੀ ਵਿਚ ਜਾ ਉਜਾਗਰ ਹੁੰਦਾ ਹੈ, ਜੋ ਇਕੱਲਾ ਹੀ ਉਸ ਹਜੂਮ ਨਾਲ ਲੜ ਸਕਦਾ ਹੈ, ਜਿਹੜਾ ਲੋਕਾਂ ਦੀ ਆਤਮਾ ਜਾਂ ਰੂਹ ਨੂੰ ਕਤਲ ਕਰਨਾ ਚਾਹੁੰਦਾ ਹੈ। ਆਪ ਜੀ ਦਾ 'ਅਕਾਲ' ਹਿੰਦੂ ਦੇਵ-ਮਾਲਾ ਦੇ ਸਭ ਦੇਵੀ-ਦੇਵਤਿਆਂ ਨਾਲੋਂ ਤਾਂ ਉਚੇਰਾ ਹੈ, ਪਰ ਉਹ ਮਨੁੱਖ ਤੇ ਪ੍ਰਕ੍ਰਿਤੀ ਵਿਚ ਵਿਆਪਕ ਹੈ। ਜੋ ਦੋਵੇਂ ਹੀ ਨਿਤ ਪਰਿਵਰਤਨਸ਼ੀਲ ਅਤੇ ਨਾਸ਼ਵੰਤ ਦਸ਼ਾ ਵਿਚੋਂ ਲੰਘ ਰਹੇ ਹੁੰਦੇ ਹਨ। ਫਿਰ ਵੀ ਅਬਿਨਾਸ਼ੀ ਪ੍ਰਭੂ ਉਹਨਾਂ ਅੰਦਰ, ਉਹਨਾਂ ਦੀਆਂ ਭਾਵਨਾਵਾਂ ਵਿਚ, ਉਹਨਾਂ ਦੀ ਸੁਹਿਰਦਤਾ ਵਿਚ ਤੇ ਉਹਨਾਂ ਦੀ ਉਚਗਾਮੀ ਪ੍ਰਵਿਰਤੀ ਵਿਚ ਮੌਜੂਦ ਹੈ। ਬ੍ਰਾਹਮਣ-ਮਤ ਵਾਲੀ 'ਮੈਂ', ਜਿਸ ਦਾ ਪ੍ਰਯੋਗ ਅਰਜਨ ਨੂੰ ਸਿੱਖਿਆ ਦੇਣ ਸਮੇਂ ਸ੍ਰੀ ਕ੍ਰਿਸ਼ਨ ਜੀ ਕਰਦੇ ਹਨ—ਆਧੁਨਿਕ ਮਾਨਵ, ਪੈਗੰਬਰ-ਅਵਤਾਰ ਤੇ ਕਵੀ ਗੁਰੂ ਗੋਬਿੰਦ ਸਿੰਘ ਦੇ ਪ੍ਰਾਕ੍ਰਿਤਿਕ ਸੁਭਾ ਦਾ ਅੰਸ਼ ਨਹੀਂ ਹੈ। ਆਪ ਤਾਂ ਲੋਕਾਂ ਵਿਚ ਉਹਨਾਂ ਦਾ ਇਕ ਅੰਗ ਬਣ ਕੇ ਹੀ ਵਿਚਰਦੇ ਹਨ। ਆਪ ਨੇ ਸਮੂਹ ਲੋਕਾਂ ਦਾ ਇਸ ਤਰ੍ਹਾਂ ਉਥਾਨ ਕਰ ਦਿਤਾ ਹੈ ਕਿ ਭਾਰਤ ਵਰਸ਼ ਵਿਚ ਉਹ ਸਾਰੇ ਸਾਥੀਆਂ ਵਾਂਗ ਰਹਿ ਸਕਦੇ ਹਨ। ਆਪ ਨੇ ਲੋਕਾਂ ਦੇ ਹੱਥਾਂ ਵਿਚ ਹਲਾਂ ਦੀਆਂ ਜੰਘੀਆਂ ਤੇ ਕਿਰਪਾਨਾਂ ਪਕੜਾ ਦਿਤੀਆਂ ਅਤੇ ਉਹਨਾਂ ਦੇ ਮਨਾਂ ਨੂੰ, ਉਹਨਾਂ ਉਚੇ ਆਕਾਸ਼ ਦੇ ਉਹਨਾਂ ਤਾਰਿਆਂ ਨਾਲ ਜੋੜ ਦਿਤਾ, ਜਿਥੇ ਲੋਕ ਸਦੀਵੀ ਰੂਪ ਵਿਚ ਗੁਰੂ ਦਾ ਗੀਤ ਗਾਉਂਦੇ ਹੋਏ ਲੰਘਦੇ ਹਨ। ਆਪ ਕਾਲ ਨੂੰ ਪੁਕਾਰਦੇ ਹਨ, ਅਨੰਤ ਸਰੂਪ ਅਗੰਮ ਅਗੋਚਰ ਤੇ ਅਗਿਆਤ ਜਾਣ ਉਸ ਦੀ ਉਪਮਾ ਕਰਦੇ ਹਨ ਪਰ ਨਾਲ ਹੀ ਆਪ ਇਸ ਧਰਤੀ ਦੇ ਲੋਕਾਂ ਦੇ ਕਲਿਆਣ ਲਈ ਦਸ ਗੁਰੂ ਸਾਹਿਬਾਨ ਦਾ ਉਚਤਮ ਅਧਿਆਤਮਕ ਸੱਚ ਦੇ ਰੂਪ ਵਿਚ ਨਾਮ ਲੈਂਦੇ ਹਨ।

ਇਸ ਆਧਾਰ ਉਤੇ ਕਿਹਾ ਜਾ ਸਕਦਾ ਹੈ, ਕਿ ਅੰਤਰੀਵ ਰੂਪ ਵਿਚ ਭਾਵੇਂ ਭਗਵਤ ਗੀਤਾ ਵਿਚ ਇਹ ਗੱਲ ਇਸ ਤਰ੍ਹਾਂ ਉਲੇਖ ਨਹੀਂ ਕੀਤੀ ਗਈ, ਪਰ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੁਆਰਾ ਆਧੁਨਿਕ ਗੀਤਾ ਦਾ ਪਵਿੱਤਰ ਗੀਤ ਆਰੰਭ ਹੁੰਦਾ ਹੈ। ਇਸ ਨਵੀਂ ਗੀਤਾ ਦੀ ਨਵੀਨ ਧੁਨੀ ਵਿਚ ਕਰਤੱਵ ਦੇ ਪਾਲਣ ਸੰਬੰਧੀ ਵਿਸ਼ਵ-ਵਿਆਪੀ ਪ੍ਰੇਰਨਾ ਮੌਜੂਦ ਹੈ ਅਤੇ ਇਹ ਉਸ ਮਨੁੱਖੀ ਸੰਗਰਾਮ ਦੀ ਭਲੀ ਪ੍ਰਕਾਰ ਸੋਝੀ ਕਰਵਾ ਦਿੰਦੀ ਹੈ, ਜੋ ਪਛਮ ਦੇ ਰਾਸ਼ਟਰਾਂ ਦੇ ਸੁਭਾ ਦੀ ਵਿਸ਼ੇਸ਼ਤਾ ਬਣ ਚੁਕਾ ਹੈ। ਫਿਰ ਵੀ ਇਸ ਵਿਚ ਪੂਰਬ ਵਾਲੇ ਦੈਵੀ ਗੁਣ ਪੂਰੀ ਤਰ੍ਹਾਂ ਸੁਰੱਖਿਅਤ ਹਨ। ਛੇਕੜ, ਇਸ ਸੰਸਾਰ ਦਾ ਜੀਵਨ ਤਾਂ ਪ੍ਰਭੂ

ਵਲ ਜਾਣ ਲਈ ਪਦ-ਯਾਤਰਾ ਹੀ ਤਾਂ ਹੈ। ਗੁਰੂ ਜੀ ਦੇ ਗਿਆਨ ਅਰਥਾਤ ਚਿੰਤਨ ਦੀ ਇਹ ਨਿਮਰਤਾ ਸਭ ਤੋਂ ਪ੍ਰਮੁੱਖ ਵਿਸ਼ੇਸ਼ਤਾ ਹੈ।

ਭਗਵਤ ਗੀਤਾ ਦਾ ਪਾਠ ਮਰ ਰਹੇ ਵਿਅਕਤੀ ਨੂੰ ਸੁਣਾਇਆ ਜਾਂਦਾ ਹੈ। ਪਰ ਹੁਣ ਪੰਜਾਬ ਦੇ ਹਿੰਦੂ ਸਮਾਜ ਵਿਚ ਗੁਰੂ ਨਾਨਕ ਦੇਵ ਜੀ ਦੀ 'ਆਸਾ ਦੀ ਵਾਰ' ਤੇ 'ਜਪੁਜੀ' ਦੀਆਂ ਅੰਮ੍ਰਿਤ ਵੇਲੇ ਦੀਆਂ ਬਾਣੀਆਂ ਦੇ ਪਾਠ ਤੇ ਗਾਇਨ ਤੋਂ ਪ੍ਰਭਾਵਿਤ ਹੋ ਕੇ ਸਵੇਰ ਵੇਲੇ ਵੀ ਇਸ ਦਾ ਪਾਠ ਕੀਤਾ ਜਾਣ ਲਗ ਪਿਆ ਹੈ। ਗੁਰੂ ਜੀ ਦੀਆਂ ਉਪਰੋਕਤ ਬਾਣੀਆਂ ਦਾ ਗਾਇਨ ਤੇ ਸੰਗੀਤ ਅੰਮ੍ਰਿਤ ਵੇਲੇ ਦੇ ਪ੍ਰਕਾਸ਼ ਦੇ ਪ੍ਰਵਾਹ ਵਿਚ ਮਨੁੱਖੀ-ਆਤਮਾ ਨੂੰ ਪੂਰੀ ਤਰ੍ਹਾਂ ਧੋ ਦਿੰਦਾ ਹੈ। ਪਰ ਗੀਤਾ ਵਿਚ ਹਿੰਦੂ ਜੀਵਨ ਦੇ ਪਰਾਭੌਤਿਕ ਪਿਛੋਕੜ ਵਲ ਧਿਆਨ ਕੇਂਦਰਿਤ ਕੀਤਾ ਜਾਂਦਾ ਹੈ ਅਤੇ ਸਾਧਾਰਨ ਮਨੁੱਖੀ ਜੀਵਨ ਵਿਚ ਆਤਮਾ ਦੇ ਅਬਿਨਾਸ਼ੀ ਹੋਣ ਬਾਰੇ ਇੰਨਾਂ ਵਧੇਰੇ ਬਲ ਦਿਤਾ ਜਾਂਦਾ ਹੈ ਕਿ ਮਨੁੱਖੀ ਜੀਵਨ ਦੇ ਕੋਈ ਵਾਸਤਵਿਕ ਅਰਥ ਬਾਕੀ ਹੀ ਨਹੀਂ ਰਹਿ ਜਾਂਦੇ ਹਨ। ਜੇ ਗੀਤਾ ਨੂੰ ਉਪਰੋਕਤ ਭਾਵਾਂ ਅਧੀਨ ਪੜ੍ਹਿਆ ਤੇ ਵਾਚਿਆ ਜਾਵੇ ਤਾਂ ਇਸ ਵਿਚ ਕ੍ਰਿਸ਼ਨ ਜੀ ਵੀ ਬਹੁਤ ਵੱਡੇ, ਬੋਝਲ ਤੇ ਭਾਰੇ ਪ੍ਰਤੀਤ ਹੁੰਦੇ ਹਨ। ਪਰ ਕ੍ਰਿਸ਼ਨ ਜੀ ਆਪਣੇ ਬਾਲ ਤੇ ਕਿਸ਼ੋਰ ਅਵਸਥਾ ਵਿਚ ਇਨੇ ਮਨੋਹਰ ਸਨ ਕਿ ਬਿੰਦਰਾਬਨ ਦੀਆਂ ਗਵਾਲਣਾਂ ਤੇ ਗੋਪੀਆਂ ਨਾਲ ਰਲ ਕੇ ਗਾਉਂਦੇ, ਨੱਚਦੇ ਤੇ ਰਾਸ ਰਚਾਉਂਦੇ ਸਨ। ਪਰ ਜਿਵੇਂ ਕਿ ਗੀਤਾ ਵਿਚ ਆਤਮਾ ਦੇ ਅਬਿਨਾਸ਼ੀ ਹੋਣ ਦੇ ਸਿਧਾਂਤ ਨੂੰ ਪੇਸ਼ ਕੀਤਾ ਗਿਆ ਹੈ, ਉਸ ਨਾਲ ਕਲਪਨਾਸ਼ੀਲ ਵਿਅਕਤੀਆਂ ਨੂੰ ਤਾਂ ਪ੍ਰੇਰਨਾ ਮਿਲ ਸਕਦੀ ਹੈ, ਪਰ ਉਹਨਾਂ ਵਿਚ ਵੀ ਅਜਿਹੇ ਵੈਰਾਗ ਤੇ ਉਪਰਾਮਤਾ ਦੀ ਭਾਵਨਾ ਜਾਗ ਪੈਂਦੀ ਹੈ, ਕਿ ਉਹ ਉਸੇ ਦੀ ਛਾਇਆ ਹੇਠ ਹੀ ਪ੍ਰਾਣ ਤਿਆਗ ਦਿੰਦੇ ਹਨ।

ਪਰ ਗੁਰੂ ਗਰੰਥ ਸਾਹਿਬ ਵਿਚ ਮਨੁੱਖੀ ਵਿਅਕਤੀਤਵ ਦੇ ਉਸ ਸਰੂਪ ਦਾ ਗਾਇਨ ਕੀਤਾ ਗਿਆ ਹੈ, ਜਿਸ ਦੇ ਦਰਸ਼ਨ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਰੂਪ ਵਿਚ ਕਰਦੇ ਹਾਂ। ਗੁਰੂ ਗਰੰਥ ਸਾਹਿਬ ਵਿਚ ਇਸ ਤੋਂ ਬਿਨਾਂ ਕੋਈ ਹੋਰ ਵਿਚਾਰ ਪ੍ਰਮੁਖ ਨਹੀਂ ਹੈ, ਸਗੋਂ ਇਸ ਵਿਚ ਤਾਂ ਪ੍ਰੇਮ ਤੇ ਪ੍ਰੇਮ ਦੀ ਸੁੰਦਰਤਾ ਦੇ ਗੀਤ ਨੂੰ ਗਾਇਆ ਗਿਆ ਹੈ, ਜੋ ਪਦਾਰਥ ਵਿਚ ਉਕਰੀ ਹੋਈ ਚਮਕ ਰਹੀ ਹੈ। ਇਹ ਆਤਮ-ਸਰੂਪ ਵੀ ਹੈ ਤੇ ਭਾਵਨਾ-ਯੁਕਤ ਵੀ। ਪੂਰਬ ਦੇ ਪਵਿੱਤਰ ਗਰੰਥਾਂ ਵਿਚ ਸਭ ਤੋਂ ਸ਼੍ਰੋਮਣੀ ਨਿਜੀ ਭਾਗ ਉਹੋ ਹੀ ਹੈ, ਜੋ ਧਰਤੀ ਦੀ ਸਦੀਵਤਾ ਵਿਚੋਂ ਉਤਪੰਨ ਹੋਇਆ ਹੈ, ਜਿਸ ਵਿਚ ਵਾਰ ਵਾਰ ਇਸ ਦੇ ਹੀ ਸਤੋਤਰਨਾਂ ਤੇ ਸੋਹਲਿਆਂ ਦੀ ਗੂੰਜਾਰ ਹੈ। ਗੁਰੂ ਜੀ ਦੇ ਬੋਲ ਉਸ ਮੌਨ ਉਪਮਾ ਨਾਲ ਭਰਪੂਰ ਹਨ, ਜੋ ਪੰਛੀਆਂ ਦੇ ਕੰਠਾਂ, ਵਣ ਦੇ ਪੱਤਿਆਂ ਦੀਆਂ ਜੀਭਾਂ ਅਤੇ ਚਟਾਨਾਂ ਤੇ ਨਦੀਆਂ ਦੇ ਦਿਲਾਂ ਦੀ ਧੜਕਣਾਂ ਵਿਚੋਂ ਸੁਣਾਈ ਦਿੰਦੀ ਹੈ। ਗੁਰੂ ਜੀ ਤਾਂ ਨਿਰੰਤਰ 'ਵਾਹੁ ਵਾਹੁ' ਦਾ ਗੁਣ ਗਾਇਨ ਕਰਦੇ ਹਨ। ਆਪ ਕੋਲ ਹੋਰ ਕੁਝ ਕਹਿਣ ਲਈ ਵੀ ਬਾਕੀ ਨਹੀਂ ਰਹਿ ਜਾਂਦਾ। ਜਦੋਂ ਆਪ ਪ੍ਰਭੂ-ਪ੍ਰੀਤਮ ਦੇ ਸਨਮੁਖ ਹੁੰਦੇ ਹਨ ਤਾਂ ਉਹਨਾਂ ਨੂੰ ਕਿਸੇ ਦਾਰਸ਼ਨਿਕ ਸੂਤਰ ਦੀ ਰਚਨਾ ਕਰਨ ਦੀ ਲੋੜ

ਨਹੀਂ ਪੈਂਦੀ, ਸਗੋਂ ਇਹ ਤਾਂ ਉਹ ਭਾਵਨਾ ਹੁੰਦੀ ਹੈ, ਜੋ ਸ਼ੁਭ ਕਰਮਾਂ ਵਿਚ ਜਾ ਪ੍ਰਗਟ ਹੁੰਦੀ ਹੈ ਅਤੇ ਇਹ ਕੋਈ ਅਜਿਹਾ ਰੋਗੀ ਬੌਧਿਕ ਸੰਕਲਪ ਨਹੀਂ ਹੁੰਦਾ, ਜੋ ਹਾਲੀ ਆਪਣੀ ਖ਼ਮੀਰ ਵਾਲੀ ਅਵਸਥਾ ਵਿਚ ਹੋਵੇ।

ਜਦੋਂ ਵੀ ਗੁਰੂ ਨਾਨਕ ਦੇਵ ਜੀ ਤੇ ਹੋਰ ਗੁਰੂ ਸਾਹਿਬਾਨ ਮਨੁੱਖ ਤੇ ਕੁਦਰਤ ਦੀ ਘੋਰ-ਦੁਸ਼ਟਤਾ, ਜ਼ੁਲਮਾਂ-ਤਸ਼ਦਦਾਂ ਤੇ ਦਮਨ ਨਾਲ ਦੋ ਚਾਰ ਹੁੰਦੇ ਹਨ, ਤਾਂ ਉਹ ਇਹਨਾਂ ਨੂੰ ਤੱਕਦੇ ਹਨ ਤੇ ਇਹਨਾਂ ਦੀ ਰੂਪਹੀਣ ਕਰੂਪਤਾ ਨੂੰ ਵਾਚ ਲੈਂਦੇ ਹਨ। ਪਰ ਛੇਤੀ ਹੀ ਉਹ ਇਸ ਵਿਚੋਂ ਸ੍ਰਿਸ਼ਟੀ ਦੀ ਸੁੰਦਰਤਾ ਨੂੰ ਨਿਹਾਰ ਲੈਂਦੇ ਹਨ ਤੇ ਆਪ ਦੇ ਨੈਣ ਇਹਨਾਂ ਦੇ ਅੰਧਿਆਰੇਪਣ ਤੋਂ ਉਪਰ ਉਠ ਜਾਂਦੇ ਹਨ। ਆਪ ਪ੍ਰੇਮ, ਸੁੰਦਰਤਾ ਤੇ ਪ੍ਰਭੂ-ਪ੍ਰੀਤਮ ਦੀ ਪ੍ਰਗੀਤਕ ਹਜ਼ੂਰੀ ਅਵਸਥਾ ਨੂੰ ਤੱਕ ਕੇ ਵਿਸਮਾਦ ਵਿਚ ਆ ਜਾਂਦੇ ਹਨ। ਆਪ ਕਹਿੰਦੇ ਹਨ, "ਪ੍ਰਭੂ ਤਾਂ ਪ੍ਰੇਮ ਹੀ ਹੈ।" ਤੀਜੇ ਗੁਰੂ ਅਮਰਦਾਸ ਜੀ ਤੇ ਪੰਜਵੇਂ ਗੁਰੂ ਅਰਜਨ ਦੇਵ ਜੀ ਬਾਬਾ ਫ਼ਰੀਦ ਜੀ ਦੇ ਸ਼ਲੋਕਾਂ ਨੂੰ ਲੈਂਦੇ ਹਨ, ਜਿਨ੍ਹਾਂ ਵਿਚ ਕਿ ਬੌਧਿਕ ਨਿਰਾਸ਼ਾਵਾਦ ਦੀ ਝਲਕ ਮੌਜੂਦ ਹੈ। ਆਪ ਬਾਬਾ ਫ਼ਰੀਦ ਜੀ ਦੀ ਬਾਣੀ ਦੇ ਦ੍ਰਿਸ਼ਟੀਕੋਣ ਨੂੰ ਖ਼ੁਸ਼ੀ, ਸੁੰਦਰਤਾ, ਆਨੰਦ, ਸ਼ਾਨ ਤੇ ਆਸ਼ਾ ਦਾ ਵਾਧਾ ਕਰਕੇ ਸੋਧ ਦਿੰਦੇ ਹਨ। ਆਪ ਜੀਵਨ ਦੇ ਕਿੰਨੇ ਵੱਡੇ ਪ੍ਰੇਮੀ ਹਨ ! ਆਪ ਦੀ ਬਾਣੀ ਵਿਚ ਪਦਾਰਥ ਦੀ ਅਣਹੋਂਦ ਹੈ। ਇਹ ਸਭ ਕੁਝ ਸ਼ੁਧ ਆਤਮ-ਸਰੂਪ ਹੈ। ਆਪ ਦੀ ਆਤਮਾ ਦਾ ਸ਼ੁਧ ਆਨੰਦ ਵਿਪਰੀਤ ਵਾਤਾਵਰਨ ਵਿਚ ਵੀ ਤਾਰਿਆਂਹਾਰ ਚਮਕਦਾ ਰਹਿੰਦਾ ਹੈ ਤੇ ਇਸ ਦਾ ਪ੍ਰਕਾਸ਼ ਮੱਧਮ ਨਹੀਂ ਪੈਂਦਾ। ਆਤਮਾ ਦਾ ਉਥਾਨ ਕੁਲ ਵੇਰਵਿਆਂ ਨੂੰ ਅਖੋਂ ਪਰੋਖੇ ਕਰਕੇ ਜੀਵਨ ਦੇ ਸਰੂਪ ਵਿਚ ਨਿਰੰਤਰ ਆਨੰਦ-ਮਗਨ ਰਹਿੰਦਾ ਹੈ। ਆਪ ਦਾ ਆਸ਼ਾਵਾਦ ਅਨੰਤ ਤੇ ਆਪ-ਮੁਹਾਰੇਪਣ ਜਾਂ ਸਹਿਜ-ਸੁਭਾਵਕਤਾ ਵਿਚੋਂ ਉਤਪੰਨ ਹੁੰਦਾ ਹੈ। ਗੁਰੂ ਸਾਹਿਬਾਨ ਦੇ ਨਿਜ ਵਿਚੋਂ ਪ੍ਰੇਮ ਦੇ ਚਸ਼ਮੇ ਵਹਿ ਰਹੇ ਹਨ ਤੇ ਨਦੀਆਂ ਪ੍ਰਵਾਹਿਤ ਹੋ ਰਹੀਆਂ ਹਨ। ਗੁਰੂ ਅਰਜਨ ਦੇਵ ਜੀ ਦੀ ਪ੍ਰਭੂ ਉਸਤਤ ਵਿਚ ਰਚੀ ਗਈ ਬਾਣੀ ਵਿਚ ਮਧੁਰਤਾ ਦੀ ਕੋਈ ਸੀਮਾ ਨਹੀਂ ਹੈ। ਆਪ ਪ੍ਰਭੂ ਦੇ 'ਵਾਹੁ ਵਾਹੁ' ਦੇ ਗਾਇਨ ਕਰਨ ਵਿਚ ਕਦੀ ਵੀ ਨਹੀਂ ਥੱਕਦੇ। ਇਹ ਬਾਣੀ ਸਭ ਸੰਗੀਤ ਹੀ ਤਾਂ ਹੈ, ਜਿਸ ਦਾ ਹਰ ਪੰਨੇ ਉਤੇ ਨਿਰੰਤਰ ਗਾਇਨ ਕੀਤਾ ਗਿਆ ਹੈ। ਇਹਨਾਂ ਦਾ ਆਕਾਰ ਚੌਦਾਂ ਸੌ ਤੋਂ ਵੀ ਵਧੀਕ ਪੰਨਿਆਂ ਦਾ ਹੈ, ਜਿਨ੍ਹਾਂ ਉਤੇ ਸਮਾਨ ਸ਼ਬਦਾਂ, ਸਮਾਨ ਵਾਕ-ਅੰਸ਼ਾਂ ਨੂੰ ਦੁਹਰਾਇਆ ਗਿਆ ਹੈ। ਇਹ ਤਾਂ ਆਤਮ ਬਲੀਦਾਨ ਤੇ ਗੀਤਾਂ ਦੀਆਂ ਦਸ ਪੀੜ੍ਹੀਆਂ ਹਨ। ਇਹ ਸਭ ਕੁਝ ਤਾਂ ਆਤਮਾ ਦਾ ਸੰਗੀਤ ਹੀ ਹੈ। ਇਸ ਵਿਚ ਕੋਈ ਮਾਨਸਿਕ ਚਤੁਰਤਾ ਦੀ ਵਰਤੋਂ ਨਹੀਂ ਕੀਤੀ ਗਈ, ਜੋ ਕਿਸੇ ਦੀ ਪ੍ਰਸ਼ੰਸਾ ਜਾਂ ਉਪਮਾ ਕਰਨ ਲਈ ਉਤੇਜਿਤ ਕਰਦੀ ਹੈ, ਸਗੋਂ ਇਹ ਤਾਂ ਉਹ ਸੰਗੀਤ ਤੇ ਪ੍ਰੇਮ ਹੈ ਜੋ ਜੀਵਨਦਾਨੀ ਹੁੰਦਾ ਹੈ। ਗੁਰੂ ਜੀ ਤਾਂ ਉਸੇ ਮਹਾਂ-ਸਾਗਰ ਦੀਆਂ ਜੀਵਨ-ਤਰੰਗਾਂ ਨੂੰ ਛਲਕਾ ਦਿੰਦੇ ਹਨ ਤੇ ਇਕ ਤੋਂ ਪਿਛੋਂ ਦੂਜੀ ਲਹਿਰ ਉਠਦੀ ਰਹਿੰਦੀ ਹੈ। ਇਹ ਤਾਂ ਲੋਕ ਸਮੂਹ ਦੀ ਆਤਮਾ ਨੂੰ ਪ੍ਰੇਮ ਕਰਨ ਵਾਲੀ ਹੈ। ਆਪ ਜੀ ਦੇ ਸ਼ਬਦਾਂ ਵਿਚੋਂ ਜੀਵਨ-

ਸ਼ਕਤੀ ਦਾ ਪ੍ਰਵਾਹ ਵਹਿ ਤੁਰਦਾ ਹੈ, ਜੋ ਚੇਤੰਨਤਾ ਦੇ ਨਿਰਜਿੰਦ ਹੋ ਚੁਕੇ ਕੇਂਦਰ-ਬਿੰਦੂਆਂ ਵਿਚ ਵੀ ਦੁਬਾਰਾ ਜਾਨ ਪਾ ਦਿੰਦਾ ਹੈ। ਇਹਨਾਂ ਮਨੋਭਾਵਾਂ ਦੀ ਬਹੁਲਤਾ ਵਿਚ ਆਤਮਾ ਦਾ ਪਰਮਾਨੰਦ ਅਨੰਤ ਸਾਗਰਾਂ ਦੇ ਪ੍ਰਵਾਹ ਵਿਚ ਠਾਠਾਂ ਮਾਰ ਰਿਹਾ ਹੈ ਜਿਸ ਦੇ ਪਵਿੱਤਰ ਪਾਣੀਆਂ ਵਿਚ ਸਭ ਕੁਝ ਨ੍ਹਾਤਾ ਧੋਤਾ ਜਾਂਦਾ ਹੈ। ਜਿਹੜੇ ਲੋਕ ਇਸ ਮਹਾਂ-ਸਾਗਰ ਦੀ ਸੁੰਦਰਤਾ ਨੂੰ ਨਹੀਂ ਨਿਹਾਰ ਸਕਦੇ, ਉਹ ਤਾਂ ਕੰਢਿਆਂ ਉਤੇ ਕਾਗ਼ਜ਼ਾਂ ਦੀਆਂ ਬੇੜੀਆਂ ਦੇ ਡੁਬਣ ਤੇ ਉਹਨਾਂ ਦੇ ਲਕੜੀ ਦੀਆਂ ਫੱਟੀਆਂ ਦੇ ਤਿੜਕਣ ਸਮਾਨ ਫ਼ਰੀਦ ਜੀ ਵਾਲੇ ਸਥਾਨ 'ਤੇ ਹੀ ਖੜ੍ਹੇ ਹਨ।

ਫ਼ਰੀਦ : ਜੇ ਕਾਲੇ ਕੇਸਾਂ ਵਾਲੀ ਜਵਾਨੀ ਵਿਚ ਉਹਨਾਂ ਨੇ ਪ੍ਰਭੂ-ਪ੍ਰੀਤਮ ਨੂੰ ਪ੍ਰੇਮ ਨਹੀਂ ਕੀਤਾ ਤਾਂ ਬਿਰਧ ਵਰੇਸ ਵਿਚ ਜਦੋਂ ਕੇਸ ਸਫ਼ੈਦ ਹੋ ਜਾਂਦੇ ਹਨ, ਉਹ ਪ੍ਰਭੂ ਨੂੰ ਕਿਵੇਂ ਭਾਲ ਸਕਣਗੇ ?

ਮਹਲਾ ਤੀਜਾ : ਫ਼ਰੀਦ ! ਸਾਹਿਬ ਨੂੰ ਤਾਂ ਸਦਾ ਲਭਿਆ ਜਾ ਸਕਦਾ ਹੈ। ਇਸ ਗੱਲ ਨਾਲ ਬਹੁਤਾ ਫ਼ਰਕ ਨਹੀਂ ਪੈਂਦਾ ਕਿ ਕੇਸ ਕਾਲੇ ਹਨ ਜਾਂ ਚਿੱਟੇ ਹੋ ਚੁੱਕੇ ਹਨ। ਪ੍ਰਭੂ ਨੂੰ ਭਾਲਣ ਲਈ ਤਾਂ ਹਿਰਦੇ ਵਿਚ ਉਸ ਦੇ ਪ੍ਰੇਮ ਦੀ ਪੀੜ ਦਾ ਹੋਣਾ ਜ਼ਰੂਰੀ ਹੈ। ਇਹ ਪਿਰਮ-ਪਿਆਲਾ ਤਾਂ ਪ੍ਰਭੂ ਦੀ ਦਾਤ ਹੈ। ਪ੍ਰਭੂ ਜਿਸ ਨੂੰ ਭਾਉਂਦਾ ਹੈ, ਉਸੇ ਨੂੰ ਹੀ ਇਹ ਦਾਤ ਬਖ਼ਸ਼ਦਾ ਹੈ।

ਫ਼ਰੀਦ : ਜੇ ਕੋਈ ਪ੍ਰੇਮ-ਰੱਤੇ ਜੀਉੜੇ ਦੇ ਤਨ ਨੂੰ ਚੀਰ ਕੇ ਵੇਖੇ ਤਾਂ ਉਸ ਵਿਚੋਂ ਇਕ ਬੂੰਦ ਰਤ ਦੀ ਵੀ ਨਹੀਂ ਨਿਕਲੇਗੀ।

ਮਹਲਾ ਤੀਜਾ : ਫ਼ਰੀਦ ! ਇਸ ਸਰੀਰ ਵਿਚ ਲਹੂ ਤਾਂ ਸਦਾ ਮੌਜੂਦ ਰਹਿੰਦਾ ਹੈ। ਲਹੂ ਤੋਂ ਬਿਨਾਂ ਕਿਸੇ ਸਰੀਰ ਦੀ ਹੋਂਦ ਹੋ ਹੀ ਨਹੀਂ ਸਕਦੀ, ਪਰ ਜਿਹੜੇ ਪ੍ਰਭੂ-ਪ੍ਰੀਤਮ ਨੂੰ ਪ੍ਰੇਮ ਕਰਦੇ ਹਨ, ਉਹਨਾਂ ਵਿਚ ਸਵਾਰਥੀ ਭਾਵਨਾ ਵਾਲਾ ਖ਼ੂਨ ਨਹੀਂ ਹੁੰਦਾ।

ਫ਼ਰੀਦ : ਮੈਂ ਤਾਂ ਇਹੋ ਸਮਝਿਆ ਸੀ ਕਿ ਮੈਂ ਹੀ ਦੁਖੀ ਹਾਂ, ਪਰ ਜਦੋਂ ਮੈਂ ਆਪਣੇ ਕੋਠੇ ਉਤੇ (ਆਤਮਕ ਦ੍ਰਿਸ਼ਟੀ ਨਾਲ) ਉਚਾ ਤੱਕ ਕੇ ਦੇਖਿਆ ਹੈ ਤਾਂ ਮੈਨੂੰ ਘਰ ਘਰ ਵਿਚੋਂ ਦੁਖਾਂ ਦੀ ਇਹੋ ਅਗਨੀ ਬਲਦੀ ਦਿਸ ਰਹੀ ਹੈ।

ਮਹਲਾ ਪੰਜਵਾਂ : ਫ਼ਰੀਦ ! ਵੇਖੋ, ਇਹ ਸੰਸਾਰ ਵੰਨ-ਸੁਵੰਨੇ ਸੁਹਣੇ ਰੰਗਾਂ ਨਾਲ ਭਰਿਆ ਪਿਆ ਹੈ ਅਤੇ ਇਸ ਬਾਗ਼ ਦੇ ਅੰਦਰਵਾਰ ਮਖਿਆਲ ਲਗਾ ਹੋਇਆ ਹੈ, ਜਿਸ ਉਤੇ ਸ਼ਹਿਦ ਦੀਆਂ ਮੱਖੀਆਂ ਭਿਣਭਿਣਾ ਰਹੀਆਂ ਹਨ, ਪਰ ਜਿਨ੍ਹਾਂ ਨੇ ਆਪਣੇ ਪ੍ਰਭੂ-ਪ੍ਰੀਤਮ ਨੂੰ ਜਾਣ ਲਿਆ ਹੈ, ਉਹਨਾਂ ਨੂੰ (ਨਾ ਕੋਈ ਮੱਖੀ ਡੰਗ ਮਾਰ ਸਕਦੀ ਹੈ) ਨਾ ਕੋਈ ਵਿਹੁ-ਅਗਨੀ ਪੋਹ ਸਕਦੀ ਹੈ। ਫ਼ਰੀਦ ਇਸ ਸੰਸਾਰ ਦੇ ਬਾਗ਼ ਦਾ ਸਾਰਾ ਜੀਵਨ ਹੀ ਬੜਾ ਸੁੰਦਰ ਹੈ ਅਤੇ ਇਸ ਵਿਚ ਬਿਤਾਏ ਸਾਲ ਬੜੇ ਸੁਹਾਵਣੇ ਤੇ ਖ਼ੁਸ਼ੀ ਭਰਪੂਰ ਹਨ। ਇਹ ਮਨੁੱਖੀ ਸਰੀਰ ਤਾਂ ਬੜਾ ਸੁਖਦਾਈ ਹੈ। ਇਸੇ

ਸਰੀਰ ਵਿਚ ਹੀ ਅਸੀਂ ਉਹਨਾਂ ਵਿਰਲੇ ਜਨਾਂ ਨੂੰ ਮਿਲਦੇ ਹਾਂ, ਜਿਨ੍ਹਾਂ ਦੇ ਹਿਰਦੇ ਅੰਦਰ ਪ੍ਰਭੂ-ਪ੍ਰੀਤਮ ਦੇ ਪ੍ਰੇਮ ਦੀ ਚਿਣਗ ਮਘ ਰਹੀ ਹੈ।

ਫ਼ਰੀਦ : ਜਦੋਂ ਰੁੱਤਾਂ ਬਦਲਦੀਆਂ ਹਨ ਤਾਂ ਬਸੰਤ ਰੁੱਤ ਵੀ ਪੱਤਝੜ ਵਿਚ ਬਦਲ ਜਾਂਦੀ ਹੈ। ਵਣ ਕੰਬ ਉਠਦਾ ਹੈ ਤੇ ਪੱਤੇ ਭੈਅ ਵਿਚ ਝੜ ਝੜ ਕੇ ਡਿਗਦੇ ਹਨ। ਮੈਂ ਤਾਂ ਚਹੁੰ ਕੂੰਟਾਂ ਵਲ ਹੀ (ਪਾਰਦਰਸ਼ੀ ਨਿਗ੍ਹਾ ਨਾਲ) ਵੇਖਿਆ ਹੈ। ਜੀਵਨ ਨਾਸ਼ਵੰਤ ਹੈ। ਕੋਈ ਵੀ ਥਿਰ ਰਹਿਣ ਵਾਲਾ ਨਹੀਂ ਹੈ।

ਮਹਲਾ ਤੀਜਾ : ਆਪਣੇ ਰੇਸ਼ਮੀ ਬਸਤਰਾਂ ਤੋਂ ਤੂੰ ਕਿਉਂ ਡਰਦਾ ਹੈਂ ? ਕਿਉਂ ਉਹਨਾਂ ਦੀ ਥਾਂ ਕੰਬਲੀ ਪਹਿਨਣ ਨੂੰ ਤਿਆਰ ਹੋ ਜਾਂਦਾ ਹੈਂ ? ਵਣ (ਪ੍ਰਭੂ ਮਿਲਾਪ ਲਈ) ਘਰ ਸਮਾਨ ਹੀ ਹਨ ਅਤੇ ਪਟ ਤੇ ਗੁਦੜ ਪਹਿਨਣਾ ਵੀ ਇਕ ਸਮਾਨ ਹੀ ਹੈ। ਜੇ ਸਾਡਾ ਹਿਰਦਾ ਪ੍ਰਭੂ ਦਿਸ਼ਾ ਵਲ ਰੁਖ ਕਰੀ ਬੈਠਾ ਹੈ ਤਾਂ ਪ੍ਰਭੂ-ਪ੍ਰੀਤਮ ਤਾਂ ਹਰ ਥਾਂ ਆ ਮਿਲਦਾ ਹੈ।

ਫ਼ਰੀਦ : ਫ਼ਰੀਦ ! ਜੇ ਤੂੰ ਪਿਛਲ ਰਾਤ ਨੂੰ ਨਹੀਂ ਜਾਗਦਾ ਤਾਂ ਤੇਰਾ ਇਹ ਜੀਵਨ ਮ੍ਰਿਤਕ ਸਮਾਨ ਹੈ। ਜੇ ਤੂੰ ਉਸ ਪ੍ਰਭੂ-ਪ੍ਰੀਤਮ ਨੂੰ ਭੁਲਾ ਬੈਠਾ ਹੈਂ ਤਾਂ ਉਹ ਪ੍ਰਭੂ-ਪ੍ਰੀਤਮ ਤਾਂ ਤੈਨੂੰ ਕਦੀ ਨਹੀਂ ਭੁਲਾਉਂਦਾ।

ਮਹਲਾ ਪੰਜਵਾਂ : ਫ਼ਰੀਦ ! ਖ਼ਸਮ ਪ੍ਰਭੂ ਤਾਂ ਪ੍ਰਗੀਤਾਂ ਨਾਲ ਭਰਪੂਰ ਹੈ, ਉਸ ਦੀ ਸੁੰਦਰਤਾ ਬੜੀ ਮਨੋਹਰ ਤੇ ਆਕਰਸ਼ਕ ਹੈ। ਪ੍ਰਭੂ-ਪ੍ਰੀਤਮ ਨੂੰ ਤਾਂ ਸਾਡੀ ਕਿਸੇ ਵਸਤ ਦੀ ਲੋੜ ਨਹੀਂ ਹੈ, ਉਸ ਨੂੰ ਤਾਂ ਸਾਡੀ ਸ਼ਰਧਾ-ਭਗਤੀ ਦੀ ਵੀ ਲੋੜ ਨਹੀਂ। ਜਦੋਂ ਕੋਈ ਵੀ ਵਿਅਕਤੀ ਪ੍ਰਭੂ-ਪ੍ਰੀਤਮ ਦੇ ਪ੍ਰੇਮ ਨਾਲ ਇਕਸੁਰ ਹੋ ਜਾਂਦਾ ਹੈ ਤਾਂ ਇਹ ਸਰੀਰ ਇਕ ਸੰਗੀਤਕ ਸਾਜ਼ ਦੀ ਨਿਆਈਂ ਸਦਾ ਉਸ ਦੇ ਪ੍ਰੇਮ ਦਾ ਗਾਇਨ ਕਰਦਾ ਹੈ।

ਫ਼ਰੀਦ ! ਜੇ ਤੂੰ ਪ੍ਰਭੂ-ਪ੍ਰੀਤਮ ਨੂੰ ਪਾ ਲਿਆ ਹੈ, ਤਾਂ ਦੁਖ ਤੇ ਸੁਖ ਇਕ ਸਮਾਨ ਲਗਦੇ ਹਨ। ਇਸ ਲਈ ਇਹਨਾਂ ਵਿਚਾਰਾਂ ਤੇ ਚਿੰਤਾਵਾਂ ਦੀਆਂ ਮਨੋਦਸ਼ਾਵਾਂ ਤੋਂ ਆਪਣੇ ਆਪ ਨੂੰ ਮੁਕਤ ਕਰ, ਜੋ ਤੈਨੂੰ ਦੁਖੀ ਕਰ ਰਹੀਆਂ ਹਨ। ਜੋ ਵੀ ਪ੍ਰਭੂ ਦੀ ਰਜ਼ਾ ਹੈ, ਉਹ ਸਭ ਭਲਾ ਹੈ। ਉਸ ਦੀ ਰਜ਼ਾ ਵਿਚ ਰਹਿ ਕੇ ਆਕਾਸ਼ ਦੇ (ਰੱਬੀ) ਪਾਤਸ਼ਾਹ ਨੂੰ ਢੂੰਡੋ। ਇਹ ਸੰਸਾਰ ਤਾਂ ਉਤੇਜਨਾ ਵਿਚ ਵਜ ਰਿਹਾ ਢੋਲ ਹੈ। ਜਦੋਂ ਇਸ 'ਤੇ ਡੱਗਾ ਲਗਦਾ ਹੈ ਤਾਂ ਇਹ ਕੰਬ ਉਠਦਾ ਹੈ, ਵਜਣ ਲਗ ਪੈਂਦਾ ਹੈ ਤੇ ਤੂੰ ਵੀ ਇਸ ਦੇ ਡੱਗਿਆਂ ਨਾਲ ਵਜਣ ਲਗ ਪੈਂਦਾ ਹੈ। ਕੇਵਲ ਉਹ (ਸੁਭਾਗੇ ਹੀ ਇਸ ਢੋਲ ਨਾਲ) ਨਹੀਂ ਵਜਦੇ, ਜਿਨ੍ਹਾਂ ਨੂੰ ਅਲ੍ਹਾ ਨੇ ਆਪਣੀ ਮਿਹਰ ਦੁਆਰਾ ਪਵਿੱਤਰ ਕਰ ਦਿਤਾ ਹੈ। ਇਹੋ ਹੀ ਉਹ ਆਤਮਾ ਹੁੰਦੀ ਹੈ, ਜਿਸ ਨੇ ਆਪਣੇ ਅਨੰਤ ਪ੍ਰਭੂ ਨੂੰ ਪਾ ਲਿਆ ਹੈ।

ਫ਼ਰੀਦ : ਅਸੀਂ ਤਾਂ ਆਪਣਾ ਦਿਲ ਸੰਸਾਰ ਨਾਲ ਜੋੜਿਆ ਹੋਇਆ ਹੈ, ਪਰ ਇਸ ਸੰਸਾਰ ਨਾਲ ਰੱਤੇ ਹੋਣ ਦਾ ਕੋਈ ਲਾਭ ਨਹੀਂ ਹੁੰਦਾ। ਦਰਵੇਸ਼ਾਂ

ਵਾਲਾ ਸੱਚਾ ਜੀਵਨ ਤਾਂ ਚੰਗੇ ਭਾਗਾਂ ਨਾਲ ਹੀ ਮਿਲਦਾ ਹੈ।

ਮਹਲਾ ਪਹਿਲਾ : ਆਤਮਕ ਜੀਵਨ ਦੀਆਂ ਇਹ ਵਡਮੁਲੀਆਂ ਦਾਤਾਂ ਤਾਂ ਖ਼ਸਮ ਪ੍ਰਭੂ ਦੇ ਹੱਥਾਂ ਵਿਚ ਹੁੰਦੀਆਂ ਹਨ। ਕੋਈ ਜ਼ੋਰ ਨਾਲ ਪ੍ਰਭੂ ਤੋਂ ਇਹ ਦਾਤਾਂ ਨਹੀਂ ਲੈ ਸਕਦਾ। ਕਈ ਵਾਰ ਤਾਂ ਜਿਹੜੇ ਜਾਗਦੇ ਹੁੰਦੇ ਹਨ, ਉਹਨਾਂ ਨੂੰ ਇਹ ਦਾਤਾਂ ਪ੍ਰਾਪਤ ਨਹੀਂ ਹੁੰਦੀਆਂ, ਪਰ ਪ੍ਰਭੂ-ਪ੍ਰੀਤਮ ਕਈ ਹੋਰਾਂ ਨੂੰ ਸੁਤਿਆਂ ਹੋਇਆਂ ਨੂੰ ਜਗਾ ਕੇ ਇਹ ਦਾਤਾਂ ਬਖ਼ਸ਼ ਦਿੰਦਾ ਹੈ।

ਫ਼ਰੀਦ : ਮੇਰਾ ਤਨ ਤੰਦੂਰ ਵਾਂਗ ਤਪ ਰਿਹਾ ਹੈ। ਮੇਰੀਆਂ ਹੱਡੀਆਂ ਬਾਲਣ ਵਾਂਗ ਬਲ ਰਹੀਆਂ ਹਨ। ਜੇ ਮੇਰੇ ਪੈਰ ਪ੍ਰਭੂ-ਪ੍ਰੀਤਮ ਵਲ ਯਾਤਰਾ ਕਰਦੇ ਹੋਏ ਥੱਕ ਜਾਣ ਤਾਂ ਮੈਂ ਸਿਰ ਪਰਨੇ ਤੁਰ ਕੇ ਵੀ ਪ੍ਰਭੂ-ਪ੍ਰੀਤਮ ਨੂੰ ਢੂੰਡ ਲਵਾਂਗਾ।

ਮਹਲਾ ਪੰਜਵਾਂ : ਫ਼ਰੀਦ ! ਇਸ ਤਰ੍ਹਾਂ ਆਪਣੇ ਆਪ ਨੂੰ ਸਾੜਨ ਦਾ ਕੀ ਲਾਭ ਹੈ, ਹੱਡੀਆਂ ਨੂੰ ਬਾਲਣ ਵਾਂਗ ਬਾਲਣ ਤੋਂ ਕੀ ਮਿਲ ਸਕੇਗਾ ? ਪੈਰਾਂ ਪਰਨੇ ਜਾਂ ਸਿਰ ਪਰਨੇ ਤੂੰ ਪ੍ਰਭੂ-ਪ੍ਰੀਤਮ ਨੂੰ ਲਭਣ ਲਈ ਕਿਧਰ ਜਾ ਰਿਹਾ ਹੈਂ ? ਪ੍ਰਭੂ-ਪ੍ਰੀਤਮ ਤਾਂ ਤੇਰੇ ਅੰਦਰਵਾਰ ਹੈ ਤੇ ਤੈਨੂੰ ਆਪਣੀਆਂ ਬਖ਼ਸ਼ਿਸ਼ਾਂ ਨਾਲ ਨਿਹਾਲ ਕਰ ਰਿਹਾ ਹੈ।

ਫ਼ਰੀਦ : ਉਹ ਕਿਹੜਾ ਗੁਪਤ ਅੱਖਰ ਹੈ, ਜੋ ਮੈਨੂੰ ਉਸ ਮਾਰਗ ਉਤੇ ਲੈ ਜਾਵੇਗਾ ? ਉਹ ਕਿਹੜੇ ਮੋਤੀ ਮਾਣਕਾਂ ਦੀ ਦੌਲਤ ਹੈ ਅਤੇ ਮੇਰਾ ਆਪਣਾ ਵਿਹਾਰ ਕਿਹੋ ਜਿਹਾ ਹੋਣਾ ਚਾਹੀਦਾ ਹੈ, ਜਿਨ੍ਹਾਂ ਸਦਕਾ ਮੈਂ ਆਪਣੇ ਖ਼ਸਮ ਪ੍ਰਭੂ ਨੂੰ ਆਪਣੇ ਵਸ ਵਿਚ ਕਰ ਸਕਾਂਗਾ, ਉਸ ਦੀ ਰਜ਼ਾ ਵਿਚ ਰਹਿ ਸਕਾਂਗਾ ?

ਗੁਰੂ ਜੀ : ਉਸ ਪ੍ਰਭੂ-ਪ੍ਰੀਤਮ ਦੀ ਸਬਰ ਨਾਲ ਉਡੀਕ ਕਰਨਾ ਤੇ ਉਸ ਦੇ ਪ੍ਰੇਮ ਵਿਚ ਘੋਲ ਘੁੰਮਾਈ ਹੋਣਾ ਹੀ ਉਹ ਗੁਪਤ ਅੱਖਰ ਹੈ, ਜਿਸ ਦੁਆਰਾ ਅਸੀਂ ਉਸ ਦੇ ਮਾਰਗ ਉਤੇ ਚਲ ਸਕਦੇ ਹਾਂ। ਇਹ ਗੁਣ ਹੈ, ਪ੍ਰਭੂ-ਪ੍ਰੀਤਮ ਦੇ ਪ੍ਰੇਮ ਵਿਚ ਆਪਣੇ ਆਪ ਨੂੰ ਇਤਨਾ ਵਿਸ਼ਾਲ ਕਰ ਲੈਣਾ, ਜਿੰਨਾਂ ਕਿ ਇਕ ਮੁਸਕਰਾਉਂਦਾ ਹੋਇਆ ਫੁੱਲ ਖਿੜ ਕੇ ਆਪਣੇ ਆਪ ਨੂੰ ਵਿਸ਼ਾਲ ਕਰ ਲੈਂਦਾ ਹੈ। ਉਹ ਸੰਪਤੀ ਹੈ, ਆਤਮਾ ਦਾ ਰਸਨਾ ਦੁਆਰਾ ਉਸ ਪ੍ਰਭੂ ਦੇ ਮਿਠੜੇ ਨਾਮ ਦੀ ਅਰਾਧਨਾ।

ਹੇ ਭੈਣ ! ਜੇ ਤੇਰਾ ਇਸ ਤਰ੍ਹਾਂ ਦਾ ਵਿਵਹਾਰ ਬਣ ਜਾਏਗਾ, ਤਾਂ ਉਹ ਪ੍ਰਭੂ-ਪ੍ਰੀਤਮ ਤੇਰੇ ਵਸ ਵਿਚ ਆ ਜਾਵੇਗਾ ਤੇ ਤੂੰ ਉਸ ਦੀ ਰਜ਼ਾ ਵਿਚ ਚਲ ਸਕੇਂਗੀ। ਜਦੋਂ ਪ੍ਰਭੂ-ਪ੍ਰੀਤਮ ਦਾ ਅਨੁਭਵ ਪ੍ਰਾਪਤ ਹੋ ਜਾਵੇ ਤਾਂ ਇਸ ਤਰ੍ਹਾਂ ਹੋ ਜਾਣਾ ਚਾਹੀਦਾ ਹੈ, ਜਿਵੇਂ ਪ੍ਰੇਮੀ ਨੂੰ ਪ੍ਰਭੂ-ਪ੍ਰੀਤਮ ਦਾ ਕੋਈ ਬੋਧ ਹੀ ਨਹੀਂ ਹੁੰਦਾ। ਉਸ ਨੂੰ ਤਾਣ ਹੁੰਦਿਆਂ ਨਿਤਾਣਾ ਹੋ ਜਾਣਾ ਚਾਹੀਦਾ ਹੈ। ਉਸ ਵਿਚ ਕੋਈ ਹਉਮੈ ਦੀ ਲੇਸ ਮਾਤਰ ਵੀ ਨਹੀਂ ਹੋਣੀ ਚਾਹੀਦੀ, ਪਰ ਉਸ ਦੀ ਆਤਮਾ ਜਾਂ ਨਿਜ ਵਿਚ ਇਸ ਤਰ੍ਹਾਂ ਦਾ ਅਮੁੱਕ ਖ਼ੁਸ਼ੀਆਂ

ਦੀਆਂ ਦਾਤਾਂ ਦਾ ਭੰਡਾਰ ਭਰਪੂਰ ਹੋਣਾ ਚਾਹੀਦਾ ਹੈ।

ਫ਼ਰੀਦ : ਪ੍ਰਭੂ-ਪ੍ਰੀਤਮ ਨੇ ਸਭ ਦੇ ਹਿਰਦੇ ਨੂੰ ਮੋਤੀ ਮਾਣਕਾਂ ਹਾਰ ਸੂਖ਼ਮ ਬਣਾਇਆ ਹੋਇਆ ਹੈ। ਜੇ ਤੂੰ ਪ੍ਰਭੂ ਦਾ ਪਿਆਰ ਹੈ ਤੇ ਉਸ ਦੇ ਪ੍ਰੇਮ ਲਈ ਤੇਰੇ ਦਿਲ ਅੰਦਰ ਤੜਪ ਹੈ, ਤਾਂ ਕਿਸੇ ਨੂੰ ਦੁਖੀ ਨਾ ਕਰੋ, ਕਿਸੇ ਦਾ ਦਿਲ ਨਾ ਤੋੜੋ। ਇਸ ਨਾਲ ਪ੍ਰਭੂ ਦੇ ਦਿਲ (ਜੋ ਸਭ ਦੇ ਹਿਰਦਿਆਂ ਵਿਚ ਵਿਆਪਕ ਹੈ) ਉਤੇ ਵੀ ਸੱਟ ਵਜਦੀ ਹੈ।

# ਸਿੱਖ ਜਨ-ਸਮੂਹ

ਉਹਨਾਂ ਲੋਕਾਂ ਨੂੰ ਇਸ ਇਤਿਹਾਸ ਨੂੰ ਦੁਹਰਾਉਣ ਦਾ ਕੋਈ ਲਾਭ ਨਹੀਂ ਹੈ, ਜਿਹੜੇ ਸਾਡੇ ਨਾਲ ਹਮਦਰਦੀ ਨਹੀਂ ਰਖਦੇ। ਉਹਨਾਂ ਲਈ ਤਾਂ ਇਸ ਗੱਲ ਦੇ ਕੋਈ ਅਰਥ ਨਹੀਂ ਹਨ। ਪਰ ਦੂਜੇ ਬੰਨੇ ਉਹ ਜਨ-ਸਮੂਹ ਵੀ ਹੈ, ਜਿਨ੍ਹਾਂ ਲਈ ਸਿੱਖ-ਇਤਿਹਾਸ ਦਾ ਹਰ ਪੰਨਾ ਅਮੁੱਕ ਪ੍ਰੇਰਨਾ ਦਾ ਸਰੋਤ ਹੈ।

ਪਿਛਲੇ 400 ਸਾਲਾਂ ਦੇ ਬਿਖੜੇ ਸਮਿਆਂ ਵਿਚ ਸਿੱਖ ਜਨ-ਸਮੂਹ ਨੇ ਸੱਚ ਦੀ ਖ਼ਾਤਰ ਜੂਝਣ ਤੇ ਆਤਮ-ਬਲੀਦਾਨ ਦੀ ਅਦੁੱਤੀ ਮਿਸਾਲ ਪੇਸ਼ ਕੀਤੀ ਹੈ।

ਕਨਿੰਘਮ ਤੇ ਹੋਰ ਲੇਖਕਾਂ ਨੇ, ਜਿਨ੍ਹਾਂ ਨੇ ਸਿੱਖ ਜਨ-ਸਮੂਹ ਬਾਰੇ ਵਿਸ਼ੇਸ਼ ਤੌਰ 'ਤੇ ਲਿਖਿਆ ਹੈ—ਭਾਰਤ ਵਿਚ ਇਕ ਨਵੀਂ ਕੌਮ ਦੇ ਨਿਰਮਾਣ ਨੂੰ ਤੱਕਿਆ ਹੈ। ਇਸ ਜਨ-ਸਮੂਹ ਨੂੰ ਗੁਰੂ ਦੀ ਪ੍ਰਤਿਭਾ ਨੇ ਸੰਗਠਿਤ ਕਰਕੇ ਇਕ ਅਜਿਹੇ ਆਤਮਕ ਭਾਈਚਾਰੇ ਵਿਚ ਬੰਨ੍ਹ ਦਿਤਾ ਹੈ, ਜਿਸ ਦੇ ਕਲਾ, ਧਰਮ, ਜੀਵਨ ਤੇ ਕਿਰਤ ਬਾਰੇ ਆਦਰਸ਼ ਪਿਛਲਿਆਂ ਸਭਨਾਂ ਨਾਲੋਂ ਵਿਲੱਖਣ ਹਨ। ਭਾਰਤ ਦੇ ਹੋਰ ਲੋਕਾਂ ਦੇ ਵਿਪਰੀਤ ਸਿੱਖ ਜਨ-ਸਮੂਹ ਸਿਧੇ-ਸਾਦੇ ਕਰਮਸ਼ੀਲ ਵਿਅਕਤੀਆਂ ਦਾ ਸਮੂਹ ਹੈ। ਜਿਨ੍ਹਾਂ ਦੇ ਸਿਧੇ-ਸਾਦੇ ਮਨਾਂ ਵਿਚ ਗੁਰੂ ਜੀ ਨੇ ਸਦੀਵਤਾ ਦਾ ਗਿਆਨ ਭਰ ਦਿਤਾ ਹੈ। ਫਲਸਰੂਪ ਇਹ ਬ੍ਰਾਹਮਣ-ਮਤ ਦੀ ਆਦਰਸ਼ਵਾਦੀ ਕਲਪਨਾ ਤੋਂ ਵੀ ਸੁਰਖਿਅਤ ਹੈ ਅਤੇ ਮੁਸਲਮਾਨਾਂ ਦੇ ਕਟੜ ਸ਼ਰ੍ਹਾ ਦੇ ਕਾਨੂੰਨਾਂ ਤੇ ਧਰਮ-ਸ਼ਾਸਤਰੀ ਮਾਨਤਾਵਾਂ ਤੋਂ ਵੀ ਨਿਰਲੇਪ ਹੈ। ਖ਼ਾਸ ਤੌਰ 'ਤੇ ਮੁਸਲਮਾਨਾਂ ਦੇ ਉਸ ਪੱਖ ਤੋਂ, ਜਿਸ ਦੁਆਰਾ ਉਹ ਸਾਮਰਾਜ ਸਥਾਪਿਤ ਕਰਨ ਅਤੇ ਦੂਜਿਆਂ ਨੂੰ ਜਿਤ ਕੇ ਹਕੂਮਤ ਕਰਨ ਦੇ ਸਦਾ ਭੁਖੇ ਰਹੇ ਹਨ। ਇਹਨਾਂ ਦੀ ਤੁਲਨਾ ਵਿਚ ਸਿੱਖ ਜਨ-ਸਮੂਹ ਸਿਧਾ-ਸਾਦਾ ਜੀਵਨ ਬਤੀਤ ਕਰਦਾ ਹੋਇਆ, ਲਗਾਤਾਰ ਮਿਹਨਤ ਕਰਕੇ ਉਹਨਾਂ ਵਿਸ਼ੇਸ਼ਤਾਵਾਂ ਦਾ ਧਾਰਨੀ ਬਣ ਗਿਆ ਹੈ; ਜੋ ਹਰ ਥਾਂ ਧਰਤੀ ਨੂੰ ਵਾਹੁਣ-ਬੀਜਣ ਵਾਲੇ ਲੋਕਾਂ ਦਾ ਸੁਭਾ ਹੁੰਦਾ ਹੈ। ਇਸ ਜਨ-ਸਮੂਹ ਵਿਚ ਨਵੀਆਂ ਕਾਢਾਂ ਤੇ ਖੋਜਾਂ ਕਰਨ ਦੀ ਪ੍ਰਤਿਭਾ ਮੌਜੂਦ ਹੈ ਅਤੇ ਇਹ ਜੀਵਨ ਦੇ ਵਿਵਹਾਰਿਕ ਕਾਰਜਾਂ ਅਰਥਾਤ ਖੇਤੀਬਾੜੀ, ਸੰਦ ਬਣਾਉਣ ਅਤੇ ਇੰਜੀਨੀਅਰਿੰਗ ਦੇ ਕਿੱਤਿਆਂ ਵਿਚ ਬੜੀ ਕੌਸ਼ਲਤਾ ਰਖਦਾ ਹੈ। ਇਸ ਜਨ-ਸਮੂਹ ਵਿਚ ਨਵ-ਆਬਾਦਕਾਰੀ ਦੀ ਭਾਵਨਾ ਵੀ ਮੌਜੂਦ ਹੈ। ਜੇ ਇਸ ਜਨ-ਸਮੂਹ ਨੂੰ ਆਧੁਨਿਕ ਸਿੱਖਿਆ ਦੇ ਅਵਸਰ ਪ੍ਰਦਾਨ ਕੀਤੇ ਜਾਣ, ਤਾਂ ਇਸ ਕੌਮ ਵਿਚ ਉਨਤੀ ਕਰਨ ਦੀ ਬਹੁਤ ਸਾਰੀਆਂ ਸੰਭਾਵਨਾਵਾਂ ਮੌਜੂਦ ਹਨ, ਜਿਹੜੀਆਂ ਕਿ ਕੁਦਰਤੀ ਰੂਪ ਵਿਚ ਕਿਸੇ ਹੋਰ ਵਿਸ਼ੇਸ਼ ਜਨ-ਸਮੂਹ ਵਿਚ ਇਤਨੀ ਵੱਡੀ ਮਾਤਰਾ ਵਿਚ ਘਟ ਹੀ ਮਿਲਦੀਆਂ ਹਨ।

ਚਾਰ ਸੌ ਸਾਲ ਪਹਿਲਾਂ ਪੰਜਾਬ ਦੇ ਵਾਸੀ ਗ਼ੁਲਾਮ ਸਨ। ਜਿਹੜੇ ਧਾਵਾਕਾਰ ਖਹਿਬਰ ਦੇ ਮਾਰਗ ਰਾਹੀਂ ਭਾਰਤ ਵਿਚ ਆਉਂਦੇ ਰਹੇ, ਉਹਨਾਂ ਨੇ ਤਲਵਾਰ ਦੀ ਸ਼ਕਤੀ ਦੁਆਰਾ ਭਾਰਤ ਵਾਸੀਆਂ ਦੀ ਆਪਣੀ ਹਕੂਮਤ ਮੁੜ ਕਾਇਮ ਕਰ ਸਕਣ ਦੀਆਂ ਸਾਰੀਆਂ ਆਸਾਂ ਉਤੇ ਪਾਣੀ ਫੇਰ ਦਿਤਾ ਸੀ। ਇਹਨਾਂ ਵਿਦੇਸ਼ੀ ਹਮਲਿਆਂ ਨੇ ਇਥੋਂ ਦੇ ਲੋਕਾਂ ਦੀ ਮਾਨਸਿਕਤਾ ਤੇ ਵਿਸ਼ਵਾਸਾਂ ਦੇ ਖੋਖਲੇ ਪਣ ਨੂੰ ਪ੍ਰਗਟਾ ਦਿਤਾ ਸੀ, ਜਿਸ ਵਿਚ ਜਾਤ-ਪਾਤ, ਰੰਗ-ਭੇਦ ਅਤੇ ਦੂਈ-ਦਵੈਤ ਦੀ ਪਕੜ ਬਹੁਤ ਮਜ਼ਬੂਤ ਸੀ। ਇਹ ਵਿਦੇਸ਼ੀ ਧਾਵਾਕਾਰ ਸ਼ਾਇਦ ਤਦੋਂ ਕੁਝ ਵੀ ਪ੍ਰਾਪਤ ਨਾ ਕਰ ਸਕਦੇ, ਜੇ ਕਿਤੇ ਭਾਰਤ ਦੇ ਲੋਕਾਂ ਦੀ ਆਤਮਾ ਵਿਚ ਸੁਤੰਤਰਤਾ ਦੀ ਖ਼ਾਤਿਰ ਜੂਝ ਮਰਨ ਦੀ ਇਛਾ-ਸ਼ਕਤੀ ਮੌਜੂਦ ਹੁੰਦੀ। ਫਿਰ ਇਸ ਦੇਸ਼ ਵਿਚ ਮੁਗ਼ਲ ਹਕੂਮਤ ਸਥਾਪਿਤ ਹੋਈ। ਅਕਬਰ ਬ੍ਰਾਹਮਣ ਬਣ ਗਿਆ, ਔਰੰਗਜ਼ੇਬ ਮੁਸਲਿਮ ਸਾਮਰਾਜ ਦੀ ਸਥਾਪਤੀ ਦੇ ਸੁਪਨੇ ਲੈਣ ਲਗਾ ਅਤੇ ਬਹਾਦਰ ਸ਼ਾਹ ਨ੍ਰਿਤਕੀਆਂ ਦੇ ਗੀਤ-ਸੰਗੀਤ ਉਤੇ ਮੋਹਿਤ ਹੋ ਕੇ ਉਹਨਾਂ ਦੇ ਇਸ਼ਾਰਿਆਂ 'ਤੇ ਨੱਚਣ ਲਗਾ।

ਇਸਲਾਮ ਨੇ ਤਲਵਾਰ ਦੀ ਸ਼ਕਤੀ ਦੁਆਰਾ ਭਾਰਤ ਵਿਚ ਆਪਣੀ ਕਬਰ ਆਪ ਖੋਦ ਲਈ। ਅਜ ਦਾ ਭਾਰਤੀ ਮੁਸਲਮਾਨ ਕੀ ਹੈ—ਇਕ ਹਿੰਦੂ, ਜੋ ਦੂਜਿਆਂ ਨੂੰ ਨਫ਼ਰਤ ਕਰਦਾ ਹੈ ? ਸ਼ਾਇਦ ਅਜ ਦੇ ਸਾਰੇ ਹਿੰਦੁਸਤਾਨ ਵਿਚ ਕੋਈ ਵੀ ਹੋਰ ਅਜਿਹਾ ਲੋਕ ਸਮੂਹ ਨਹੀਂ ਹੈ ਜੋ ਸਿੱਖਾਂ ਸਮਾਨ ਇਹਨਾਂ ਆਦਰਸ਼ਾਂ ਲਈ ਸੰਗਰਾਮ ਕਰ ਸਕੇ।

ਸ਼ਾਇਦ ਭਾਰਤ ਵਿਚ ਕੋਈ ਅਜਿਹੇ ਸਹਿਜ-ਆਵੇਸ਼ ਵਾਲੀ ਦੈਵੀ ਸ਼ਖ਼ਸੀਅਤ ਨਹੀਂ ਹੈ। ਇਸ ਲਈ ਕਾਫ਼ੀ ਸਾਧਨਾ, ਪ੍ਰਾਸਚਿਤ ਤੇ ਕਠਿਨ ਅਭਿਆਸ ਦੀ ਆਵਸ਼ਕਤਾ ਹੈ। ਹਿੰਦੂ ਸੰਤਾਂ ਨੂੰ ਸੰਤ-ਪਦ ਦੀ ਪ੍ਰਾਪਤੀ ਲਈ ਉਮਰ ਭਰ ਦੀ ਤਪ-ਸਾਧਨਾ ਕਰਨੀ ਪੈਂਦੀ ਹੈ। ਜੇ ਇਨਾਂ ਮੁਲ ਤਾਰ ਕੇ ਹੀ ਪਰਮ-ਪਦ ਪ੍ਰਾਪਤੀ ਕਰਨੀ ਹੈ ਤਾਂ ਇਸ ਦਾ ਕੋਈ ਅਰਥ ਬਾਕੀ ਨਹੀਂ ਰਹਿ ਜਾਂਦਾ। ਦੈਵੀ ਵਿਅਕਤੀਤਵ ਨੂੰ ਵਿਕਸਿਤ ਕਰਨ ਲਈ ਇਤਨੀ ਤਪ-ਸਾਧਨਾ ਇਸ ਗੱਲ ਵਲ ਸੰਕੇਤ ਕਰਦੀ ਹੈ ਕਿ ਹਿੰਦੂ-ਭਾਰਤ ਦੀ ਅਧੋਗਤੀ ਦੀ ਦਸ਼ਾ ਵਿਚ ਹੈ ਅਤੇ ਇਹ ਅੰਦਰੋਂ ਅੰਦਰ ਹੀ ਨਿਘਾਰ ਤੇ ਪਤਨ ਵਲ ਜਾ ਰਿਹਾ ਹੈ।

ਇਸ ਲਈ ਇਹ ਗੱਲ ਬੜੀ ਚਮਤਕਾਰੀ ਪ੍ਰਤੀਤ ਹੁੰਦੀ ਹੈ 'ਕਿ ਇਸ ਮੌਤ ਵਰਗੇ ਵਿਆਪਕ ਅੰਧਕਾਰ ਦੇ ਹੁੰਦਿਆਂ ਹੋਇਆਂ ਵੀ ਸਿੱਖ ਜਨ-ਸਮੂਹ ਨੇ ਆਪਣੀ ਹੋਂਦ ਨੂੰ ਕਾਇਮ ਰਖਿਆ ਤੇ ਇਤਿਹਾਸ ਦੀ ਗਤੀ ਉਤੇ ਆਪਣਾ ਪ੍ਰਭਾਵ ਵੀ ਪਾਇਆ। ਸਿੱਖ ਜਨ-ਸਮੂਹ ਭਾਵੇਂ ਹਿੰਦੂਆਂ ਸਮਾਨ ਬੋਧਿਕ ਤੌਰ 'ਤੇ ਚਤੁਰ ਤੇ ਸੂਖ਼ਮ-ਭਾਵੀ ਨਹੀਂ ਹੈ, ਹਾਲੀ ਉਸ ਨੇ ਆਪਣੇ ਆਪ ਨੂੰ ਗਿਆਨ ਦੀ ਤੁਨ-ਬਤੁਨ ਨਾਲ ਭਰਿਆ ਨਹੀਂ ਹੈ। ਇਥੋਂ ਤਕ ਕਿ ਉਸ ਨੇ ਹਾਲੀ ਆਪਣੇ ਸਭਿਆਚਾਰ ਤੇ ਸੰਸਕ੍ਰਿਤੀ ਦਾ ਵੀ ਪੂਰਾ ਪੂਰਾ ਬੋਧ ਪ੍ਰਾਪਤ ਨਹੀਂ ਕੀਤਾ, ਪਰ ਫਿਰ ਵੀ ਉਸ ਵਿਚ ਜਿੰਦ-ਜਾਨ ਮੌਜੂਦ ਹੈ। ਇਹ ਗੱਲ ਆਸ ਜਗਾਊ ਹੈ। ਸਿੱਖ

ਆਪਣੇ ਗੁਰੂ ਨੂੰ ਪ੍ਰੇਮ ਕਰਦਾ ਹੈ। ਜਿਵੇਂ ਮਾਰਸੇਲ ਦਾ ਗੀਤ ਸਾਰੇ ਫ਼ਰਾਂਸੀਸੀ ਰਾਸ਼ਟਰ ਨੂੰ ਹਲੂਣ ਜਾਂਦਾ ਹੈ, ਇਸੇ ਤਰ੍ਹਾਂ ਜਿਹੜੀਆਂ ਸੰਗੀਤ ਦੀਆਂ ਧੁਨਾਂ ਗੁਰੂ ਜੀ ਦੀ ਆਤਮਾ ਵਿਚੋਂ ਪ੍ਰਵਾਹਿਤ ਹੁੰਦੀਆਂ ਹਨ, ਉਹ ਸਾਰੇ ਸਿੱਖ ਜਗਤ ਨੂੰ ਧੜਕਾ ਦਿੰਦੀਆਂ ਹਨ। ਇਹ ਪ੍ਰਤੀਕਰਮ ਹੀ ਜੀਵਨ ਦਾ ਚਿੰਨ੍ਹ ਹੈ। ਜੇ ਕਿਸੇ ਪੈਗੰਬਰ (ਗੁਰੂ ਅਵਤਾਰ) ਦੇ ਗੀਤ ਦੀ ਸ਼ਕਤੀਵਰ ਅਧਿਆਤਮਕਤਾ ਨੇ ਕਿਸੇ ਸਾਰੇ ਦੇ ਸਾਰੇ ਵਿਸ਼ੇਸ਼ ਜਨ-ਸਮੂਹ ਵਿਚ ਜੀਵਨ ਅਗਨੀ ਦੀ ਜੋਤ ਨੂੰ ਜਗਾ ਦਿਤਾ ਹੈ, ਤਾਂ ਉਸ ਦਾ ਉਦਾਹਰਣ ਸਿੱਖ ਜਨ-ਸਮੂਹ ਹੀ ਹੈ। ਇਹਨਾਂ ਲੋਕਾਂ ਨੇ ਗੁਰਬਾਣੀ ਦੇ ਅੰਤਰੀਵ ਅਰਥਾਂ ਦੀ ਖੋਜ ਕਰਨ ਵਲ ਭਾਵੇਂ ਰੁਚੀ ਘਟ ਦਰਸਾਈ ਹੈ, ਪਰ ਇਹਨਾਂ ਲਈ ਤਾਂ ਇਹ ਇਕ ਧੁਰੋਂ ਵਿਰੋਸਾਇਆ ਹੋਇਆ ਰੱਬੀ ਸੰਗੀਤ ਹੈ, ਜਿਨ੍ਹਾਂ ਦੇ ਸ਼ਬਦ ਦੈਵੀ-ਆਵੇਸ਼ ਤੇ ਪ੍ਰੇਰਨਾ ਦੀਆਂ ਅੰਬਰੀ ਕਾਂਗਾਂ ਨਾਲ ਭਰਪੂਰ ਹਨ। ਪੰਜਾਬ ਦੇ ਦਲਿਤ, ਦੱਬੇ-ਛੱਠੇ ਤੇ ਜਿੰਦਹੀਣ ਲੋਕਾਂ ਵਿਚੋਂ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਨਵੀਂ ਕੌਮ ਦਾ ਨਿਰਮਾਣ ਕੀਤਾ, ਜਿਸ ਵਿਚ ਮਾਨਵ-ਸਮੂਹ ਦੇ ਪ੍ਰਗਤੀਸ਼ੀਲ ਰਾਸ਼ਟਰ ਬਣਨ ਦੀਆਂ ਸੰਭਾਵਨਾਵਾਂ ਮੌਜੂਦ ਹਨ। ਸਾਰੇ ਭਾਰਤ ਵਿਚੋਂ ਸਿੱਖ ਕੌਮ ਹੀ ਇਕ ਚਮਕਦਾ ਬਿੰਦੂ ਹੈ, ਜਿਸ ਵਿਚ ਆਪਣੇ ਆਦਰਸ਼ਾਂ ਦੀ ਖ਼ਾਤਿਰ ਜੂਝ ਮਰਨ ਦੀ ਬਲਵਾਨ ਇਛਾ-ਸ਼ਕਤੀ ਮੌਜੂਦ ਹੈ। ਇਹ ਗੱਲ ਬੜੀ ਵਿਸ਼ੇਸ਼ ਤੇ ਮਹੱਤਵਪੂਰਨ ਹੈ ਕਿ ਇਹ ਪ੍ਰਜਵਲਿਤ ਆਦਰਸ਼ਵਾਦ ਕਿਸੇ ਵਿਸ਼ੇਸ਼ ਭੂਮੀ ਦੇ ਖਿਤੇ ਜਾਂ ਦੇਸ਼ ਜਾਂ ਕਿਸੇ ਜਾਤੀ-ਅਭਿਮਾਨ ਉਤੇ ਆਧਾਰਿਤ ਨਹੀਂ ਹੈ, ਸਗੋਂ ਗੁਰੂ ਦੇ ਨਿਜੀ ਪ੍ਰੇਮ ਉਤੇ ਟੇਕ ਰਖਦਾ ਹੈ। ਜਦੋਂ ਇਹਨਾਂ ਨੂੰ ਵੰਗਾਰ ਪਾਈ ਜਾਂਦੀ ਹੈ ਤਾਂ ਇਹ ਲੋਕ, ਇਸ ਸੱਦੇ ਨੂੰ ਸੁਣ ਕੇ ਇੰਜ ਆ ਜੁੜਦੇ ਹਨ, ਜਿਵੇਂ ਜਗਦੀ ਸ਼ਮ੍ਹਾ ਉਤੇ ਕੁਰਬਾਨ ਹੋਣ ਲਈ ਪਰਵਾਨੇ ਆ ਇਕੱਤਰ ਹੁੰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਕੌਮ ਨੂੰ ਇਸ ਦੇ ਜਾਤੀਗਤ ਬੰਧਨਾਂ ਦੀ ਪਰੰਪਰਾ ਤੋਂ ਮੁਕਤ ਕਰ ਦਿਤਾ ਅਤੇ ਗੁਰੂ ਜੀ ਦੀ ਨਿਜ ਆਤਮਾ ਵਿਚੋਂ ਇਸ ਨਵੀਂ ਆਧੁਨਿਕ ਕੌਮ ਦਾ ਜਨਮ ਹੋਇਆ, ਜਿਸ ਦੀ ਮਾਨਸਿਕਤਾ ਤੇ ਆਤਮਾ ਆਧੁਨਿਕ ਸੁਭਾ ਵਾਲੀ ਹੈ ਅਤੇ ਜਿਸ ਦੀ ਬੜੀ ਉਚ ਪ੍ਰੇਰਨਾ-ਜਗਾਊ ਪਰੰਪਰਾ ਤੇ ਇਤਿਹਾਸ ਹੈ। ਇਹ ਗੱਲ ਬੜੀ ਚਮਤਕਾਰੀ ਪ੍ਰਤੀਤ ਹੁੰਦੀ ਹੈ ਕਿ ਜਦੋਂ ਵੀ ਕੋਈ ਸਿੱਖ ਅੰਮ੍ਰਿਤ-ਪਾਹੁਲ ਦਾ ਸੇਵਨ ਕਰਦਾ ਹੈ ਤਾਂ ਉਸ ਨੂੰ ਇੰਜ ਪ੍ਰਤੀਤ ਹੁੰਦ ਹੈ, ਜਿਵੇਂ ਉਸ ਅੰਦਰ ਇਕ ਨਵੇਂ ਜੀਵਨ ਦਾ ਸਿੰਚਾਰ ਹੋ ਗਿਆ ਹੋਵੇ ਤੇ ਗੁਰੂ ਜੀ ਦੀ ਇਕ ਮਿਹਰ ਦੀ ਨਿਗ੍ਹਾ ਨੇ ਉਸ ਅੰਦਰ ਨਵੀਂ ਪ੍ਰੇਰਨਾ ਨੂੰ ਜਗਾ ਦਿਤਾ ਹੋਵੇ। ਹਾਲੀ ਵੀ ਇਸ ਜਨ-ਸਮੂਹ ਵਿਚ ਬੜੀਆਂ ਸੰਭਾਵਨਾਵਾਂ ਮੌਜੂਦ ਹਨ। ਇਹ ਲੋਕ ਪਰਾਭੌਤਿਕ ਸਾਰਹੀਣਤਾ ਦੀ ਤੁਲਨਾ ਵਿਚ ਕਲਾ ਤੇ ਕਲਾਮਈ ਕਿਰਤ ਨੂੰ ਵਧੇਰੇ ਪ੍ਰੇਮ ਕਰਦੇ ਹਨ। ਇਕ ਤਿਲਕਧਾਰੀ ਬ੍ਰਾਹਮਣ ਦੀ ਵਿਧੀਗਤ ਪਾਠ-ਪੂਜਾ ਵਿਚ ਰੁਝੇ ਹੋਣ ਦੇ ਟਾਕਰੇ ਉਤੇ ਕਿਸੇ ਸਿੱਖ ਤਰਖਾਣ ਨੂੰ ਆਪਣੀ ਕਿਰਤ ਵਿਚ ਮਗਨ ਨੂੰ ਤੱਕ ਲੈਣਾ ਵਧੇਰੇ ਤਾਜ਼ਗੀ ਬਖ਼ਸ਼ਣ ਵਾਲਾ ਦ੍ਰਿਸ਼ ਹੈ।

ਗੁਰੂ ਜੀ ਤੋਂ ਪ੍ਰਾਪਤ ਹੋਈ ਆਪ-ਮੁਹਾਰੀ ਭਲਾ ਕਰਨ ਦੀ ਰੀਤੀ ਜਾਂ

ਪਰੰਪਰਾ ਆਪ ਮੁਹਾਰੇ ਆਤਮ-ਬਲੀਦਾਨ ਜਾਂ ਜੂਝ ਮਰਨ ਦਾ ਗੁਣ, ਗੁਰੂ ਦੀ ਖ਼ਾਤਿਰ ਸਗਲ-ਸ੍ਰਿਸ਼ਟੀ ਨਾਲ ਪ੍ਰੇਮ ਕਰਨ ਦੀ ਵਿਸ਼ੇਸ਼ਤਾ ਅਤੇ ਮਾਨਵ-ਪ੍ਰੇਮ ਵਿਚੋਂ ਪ੍ਰਗਟ ਹੋਇਆ ਸਹਿਜ ਸੁਭਾਵਿਕ ਰੂਪ ਦਾ ਸਿਸ਼ਟਾਚਾਰ ਜੋ ਕਿ ਕਿਸੇ ਪ੍ਰਤਿਗਿਆ ਦੀ ਵਚਨਬਧਤਾ ਜਾਂ ਕਠੋਰ ਸੰਜਮ ਦੇ ਧਾਰਨ ਕਰਨ ਨਾਲ ਨਹੀਂ ਆਉਂਦਾ, ਸਗੋਂ ਆਪ ਮੁਹਾਰੇ ਹੀ ਪ੍ਰਗਟ ਹੁੰਦਾ ਹੈ—ਇਹੋ ਹੀ ਖ਼ਾਲਸਾ ਦੇ ਵਿਸ਼ੇਸ਼ ਮਾਨਵੀ ਗੁਣ ਹਨ। ਇਹਨਾਂ ਦਾ ਪ੍ਰਚਾਰ ਅਮੂਰਤ ਰੂਪ ਦਾ ਨਹੀਂ ਹੁੰਦਾ, ਸਗੋਂ ਦ੍ਰਿਸ਼ਟਮਾਨ ਜੀਵਨ ਵਰਗਾ ਹੁੰਦਾ ਹੈ। ਇਹਨਾਂ ਦਾ ਵਿਸ਼ਵਾਸ ਆਪਣੇ ਵਿਅਕਤੀਤਵ ਦੇ ਅੰਦਰ ਉਹ ਮਿਕਨਾਤੀਸੀ ਸ਼ਕਤੀ ਭਰਨਾ ਹੈ, ਜੋ ਆਪ ਮੁਹਾਰੇ ਹੀ ਆਪਣੇ ਆਪ ਨੂੰ ਪ੍ਰਗਟ ਕਰ ਦਿੰਦੀ ਹੈ ਤੇ ਉਸ ਦੀ ਵਿਆਖਿਆ ਤੇ ਵਿਸ਼ਲੇਸ਼ਣ ਲਈ ਕਿਸੇ ਦਾਰਸ਼ਨਿਕ ਸੂਰਤ ਦੀ ਲੋੜ ਨਹੀਂ ਪੈਂਦੀ। ਇਹਨਾਂ ਲੋਕਾਂ ਨੂੰ ਧਾਰਮਿਕਤਾ ਦੀ ਪ੍ਰੇਰਨਾ ਬਹੁਤਾ ਖਿਚ ਨਹੀਂ ਪਾਉਂਦੀ।

ਗੁਰੂ ਜੀ ਨੇ ਆਪਣਾ ਧਰਮ ਤਾਂ ਜਾਤ-ਰਹਿਤ ਲੰਗਰ ਦੀ ਪ੍ਰਥਾ ਨੂੰ ਚਲਾਉਣ ਨਾਲ ਆਰੰਭ ਕੀਤਾ ਸੀ। ਮਨੁੱਖ ਦੀ ਪਹਿਲੀ ਲੋੜ ਤਾਂ ਰੋਟੀ ਹੈ। ਜਦੋਂ ਉਹ ਚੰਗਾ ਆਹਾਰ ਕਰਕੇ ਪ੍ਰਸੰਨ ਤੇ ਸੰਤੁਸ਼ਟ ਹੋ ਜਾਂਦਾ ਹੈ, ਤਾਂ ਉਸ ਨੂੰ ਜੀਵਨ ਵਿਚ ਇਕ ਅਜਿਹੇ ਸਹਾਰੇ ਦੀ ਲੋੜ ਪੈਂਦੀ ਹੈ, ਜੋ ਉਸ ਨੂੰ ਪਤਨੀ ਤੇ ਬਚਿਆਂ ਦੀਆਂ ਮੁਸਕਾਨਾਂ ਤੋਂ ਮਿਲਦਾ ਹੈ। ਮਾਂ ਦੀ ਮਮਤਾ ਦੀ ਉਦਾਰਤਾ ਅਤੇ ਭੈਣ ਦੇ ਤੀਬਰ ਆਤਮ-ਤਿਆਗ ਵਿਚ ਵੀ ਇਹ ਭਾਵਨਾ ਮੌਜੂਦ ਹੈ। ਇਹ ਉਹਨਾਂ ਦੇ ਮਤ ਦੀ ਦੂਜੀ ਕੜੀ ਹੈ, ਜੋ ਇਹਨਾਂ ਨੂੰ ਅਰੋਗ, ਸਵੱਛ ਤੇ ਇਕਸੁਰਤਾ ਵਾਲਾ ਘਰ-ਗ੍ਰਹਿਸਤ ਦਿੰਦਾ ਹੈ, ਜਿਸ ਨੂੰ ਅਸੀਂ ਮਿੱਠੜੇ ਪਿਆਰੇ ਘਰ ਦੀ ਸੰਗਿਆ ਦੇ ਸਕਦੇ ਹਨ। ਇਹ ਲੋਕ ਅੰਤਰੀਵ ਤੌਰ 'ਤੇ ਪ੍ਰਭੂ-ਪ੍ਰੀਤਮ ਨਾਲ ਇਸ ਤਰ੍ਹਾਂ ਜੁੜੇ ਹੁੰਦੇ ਹਨ ਕਿ ਉਸ ਦਾ (ਪ੍ਰਭੂ ਦਾ) ਨਾਮ ਉਹਨਾਂ ਦੇ ਅੰਤਰੀਵ ਜੀਵਨ ਦਾ ਅਨੰਦਮਈ ਸੋਮਾ ਹੁੰਦਾ ਹੈ। ਪ੍ਰਭੂ-ਪ੍ਰੀਤਮ ਦੀ ਖ਼ਾਤਿਰ ਆਪ-ਮੁਹਾਰੇ ਹੀ ਜੂਝ-ਮਰਨਾ ਉਹਨਾਂ ਦੇ ਜੀਵਨ ਦੀ ਅਦੁੱਤੀ ਵਿਸ਼ੇਸ਼ਤਾ ਹੈ। ਇਹਨਾਂ ਨੂੰ ਇੰਜ ਪ੍ਰਤੀਤ ਹੁੰਦਾ ਹੈ, ਜਿਵੇਂ ਪ੍ਰਭੂ-ਪ੍ਰੀਤਮ ਉਹਨਾਂ ਦੀ ਆਤਮਾ ਤੇ ਉਹਨਾਂ ਦੇ ਗ੍ਰਹਿ ਵਿਚ ਨਿਵਾਸ ਰਖਦਾ ਹੈ। ਪ੍ਰਭੂ-ਪ੍ਰੀਤਮ ਦੇ ਅੰਤਰ-ਨਿਵਾਸ ਤੇ ਪ੍ਰੇਰਨਾਸ਼ੀਲ ਜੀਵਨ ਤੋਂ ਵੰਚਿਤ ਹੋਣਾ ਉਹਨਾਂ ਨੂੰ ਇੰਜ ਪ੍ਰਤੀਤ ਹੁੰਦਾ ਹੈ, ਜਿਵੇਂ ਜੀਵਨ ਇਕ ਜਲਣ-ਬਲਣ ਦੀ ਰਸਾਇਣਿਕ ਪ੍ਰਕ੍ਰਿਆ ਹੀ ਹੋਵੇ। ਜਦੋਂ ਗੁਰੂ ਜੀ ਪ੍ਰਤੀ ਦਰਸਾਇਆ ਗਿਆ ਇਹ ਪ੍ਰੇਮ ਉਹਨਾਂ ਦੇ ਹਿਰਦਿਆਂ ਵਿਚ ਦਿਲ ਦੀ ਧੜਕਣ ਸਮਾਨ ਨਿਰੰਤਰ ਧੜਕਦਾ ਸੁਣਾਈ ਦਿੰਦਾ ਹੈ, ਕੇਵਲ ਤਦੋਂ ਹੀ ਵਿਅਕਤੀਗਤ ਤੇ ਸਮਸ਼ਟੀਗਤ ਰੂਪ ਵਿਚ ਇਸ ਜਨ-ਸਮੂਹ ਨੂੰ ਵਿਸ਼ੇਸ਼ ਜਨ-ਸਮੂਹ ਦੀ ਸੰਗਿਆ ਦਿਤੀ ਜਾ ਸਕਦੀ ਹੈ ਤੇ ਤਦੋਂ ਹੀ ਇਹ ਸੱਚੇ ਅਰਥਾਂ ਵਿਚ ਸਿੱਖ ਜਨ-ਸਮੂਹ ਹੋਣ ਦਾ ਅਧਿਕਾਰੀ ਬਣਦਾ ਹੈ।

ਇਸ ਗੱਲ ਨੂੰ ਜਾਣਿਆਂ ਜਾ ਸਕਦਾ ਹੈ ਕਿ ਸਿੱਖ ਦਾ ਅੰਤਰੀਵ ਹਰਿਮੰਦਰ ਹੈ—ਜਿਸ ਵਿਚ ਪ੍ਰਭੂ-ਪ੍ਰੀਤਮ ਸੁਭਾਇਮਾਨ ਹੈ ਅਤੇ ਉਸ ਨੂੰ ਬਾਹਰੀ

ਪ੍ਰਕਾਰ ਦੀ ਰੀਤੀਗਤ ਪੂਜਾ-ਅਰਚਾ ਦੇ ਕਰਮ-ਕਾਂਡ ਭਾਉਂਦੇ ਨਹੀਂ ਹਨ। ਇਸ ਬਾਣੀ ਰੂਪੀ ਗੀਤ ਦੀ ਪੂਜਾ ਆਰਾਧਨਾ ਪ੍ਰਤੱਖ ਰੂਪ ਵਿਚ ਉਸ ਦੇ ਕੰਠ, ਹਿਰਦੇ ਤੇ ਮਸਤਕ ਵਿਚਲੇ ਅਨੁਭਵ ਨਾਲ ਜੁੜੀ ਹੋਈ ਹੈ। ਇਹ ਤਾਂ ਪ੍ਰਭੂ-ਪ੍ਰੀਤਮ ਦੀ ਪਵਿੱਤਰ ਆਤਮਾ ਦੁਆਰਾ ਆਪਣੇ ਅੰਤਹਿਕਰਣ ਵਿਚ ਉਸ ਦੀ ਹੋਂਦ ਨੂੰ ਜਿਉਂਦੀ ਧੜਕਦੀ ਅਨੁਭਵ ਕਰਨ ਦੀ ਪ੍ਰਕ੍ਰਿਆ ਹੈ। ਇਸ ਗੱਲ ਨੂੰ ਭਲੀ-ਭਾਂਤ ਸਮਝਿਆ ਜਾ ਸਕਦਾ ਹੈ ਕਿ ਕਿਵੇਂ ਸਿੱਖ ਗੁਰੂ ਜੀ ਦੀ ਇਸ ਅੰਤਰ-ਆਤਮਾ ਵਿਚ ਸੁਭਾਇਮਾਨ ਸ਼ਬਦ ਦਾ ਸਿਮਰਨ ਕਰਦਾ ਤੇ ਉਸ ਨੂੰ ਨਮਸਕਾਰ ਕਰਦਾ ਹੈ। ਇਸ ਲਈ ਸਿੱਖ ਆਪਣੀ ਪਵਿੱਤਰ ਧਰਮ-ਪੋਥੀ ਨੂੰ ਗੁਰੂ ਗਰੰਥ ਸਾਹਿਬ ਕਹਿ ਕੇ ਸੰਬੋਧਨ ਕਰਨ ਵਿਚ ਪੂਰੀ ਤਰ੍ਹਾਂ ਨਿਆਏ-ਉਚਿਤ ਹਨ। ਇਹ ਤਾਂ ਉਹ ਵਿਸਮਾਦ ਨਾਦ ਹੈ, ਜੋ ਉਹਨਾਂ ਦੇ ਕੰਨਾਂ ਵਿਚ ਗੂੰਜਦਾ ਹੈ, ਜੋ ਜੀਵਤ ਰੂਪ ਦੇ ਬੀਜ-ਬਿੰਦੂ ਦੇ ਰੂਪ ਵਿਚ ਸਾਕਾਰ ਹੁੰਦਾ ਹੈ, ਕਿਉਂਜੋ ਪੁਰਾਤਨ ਦਰਸ਼ਨ-ਸ਼ਾਸਤਰ ਦੇ ਸੰਸਕਾਰ ਹਾਲੀ ਸਿੱਖ ਦੀ ਰਤ ਵਿਚ ਮੌਜੂਦ ਹਨ, ਇਸ ਲਈ ਉਹ ਹਾਲੀ ਪੂਰੀ ਤਰ੍ਹਾਂ ਸ਼ਬਦ-ਪੂਜਾ ਦੇ ਸਦੀਵੀ ਅਰਥਾਂ ਨੂੰ ਨਹੀਂ ਸਮਝ ਸਕਿਆ, ਕਿ ਕਿਵੇਂ ਇਹ ਗੀਤ ਦੀ ਉਪਾਸ਼ਨਾ ਹੀ ਗੁਰੂ ਦੀ ਉਪਾਸ਼ਨਾ ਹੈ।

ਸਿੱਖ ਨੂੰ ਤਾਂ ਇਸ ਲਈ ਬਣਾਇਆ ਗਿਆ ਸੀ, ਕਿ ਉਹ ਸੜਕ ਕੰਢੇ ਬੈਠ ਕੇ ਆਪਣੇ ਆਪ ਦਾ ਪ੍ਰੀਤੀ-ਭੋਜ ਵੰਡਦਾ ਰਹੇ। ਜੋ ਕੁਝ ਵੀ ਉਹ ਰੋਜ਼ ਕਿਰਤ ਕਮਾਈ ਕਰਦਾ ਹੈ, ਉਸ ਨੂੰ ਉਹ ਦੂਜਿਆਂ ਵਿਚ ਵੰਡ ਦੇਵੇ। ਜੇ ਉਹ ਕੋਈ ਧਨ ਸਿੰਚਿਤ ਕਰੇ ਅਤੇ ਕਲ੍ਹ ਦੀ ਚਿੰਤਾ ਚਿਤ ਵਿਚ ਰਖੇ, ਤਾਂ ਇਹ ਉਸ ਦਾ ਪਤਨ ਹੋਵੇਗਾ। ਸਿੱਖ ਲਈ ਕਲ੍ਹ ਦੀ ਚਿੰਤਾ ਕਰਨਾ ਤੇ ਇਹ ਸੋਚਣਾ ਕਿ ਜਦੋਂ ਅਸੀਂ ਬਿਮਾਰ ਪੈ ਜਾਵਾਂਗੇ ਅਤੇ ਸਾਡੀ ਕਮਾਈ ਦਾ ਕੋਈ ਸਾਧਨ ਨਹੀਂ ਰਹੇਗਾ ਤਾਂ ਕੌਣ ਸਾਡੀ ਪ੍ਰਿਤ-ਪਾਲਣਾ ਕਰੇਗਾ ? ਅਜਿਹਾ ਸੋਚਣਾ ਹੀ ਅਧਾਰਮਿਕ ਹੈ। ਸੱਚੇ ਸਿੱਖ ਲਈ ਬੇਈਮਾਨੀ ਨਾਲ ਪ੍ਰਾਪਤ ਕੀਤੀ ਗਈ ਸੁਰੱਖਿਆ ਨਾਲੋਂ ਮਰ ਜਾਣਾ ਚੰਗਾ ਹੈ। ਗੁਰੂ ਜੀ ਦੀ ਪ੍ਰੇਰਨਾ ਦੁਆਰਾ ਹੋਂਦ ਵਿਚ ਆਇਆ ਸਿੱਖੀ-ਜੀਵਨ ਇਸ ਬਿਨਾਂ ਕੋਈ ਹੋਰ ਹੋ ਹੀ ਨਹੀਂ ਸਕਦਾ। ਸਿੱਖ ਨੂੰ ਆਉਣ ਵਾਲੇ ਭਲਕ ਦੀ ਕੋਈ ਚਿੰਤਾ ਨਹੀਂ ਹੁੰਦੀ। ਜਿੰਨਾਂ ਵੀ ਕੋਈ ਸਿੱਖ ਵਧੇਰੇ ਕਰਤਾਰੀ ਗੁਣਾਂ ਵਾਲਾ ਹੋਵੇਗਾ, ਉਨਾਂ ਹੀ ਵਧੇਰੇ ਜੀਵਨ ਦੇ ਸੜਕ ਕੰਢੇ ਬੈਠ ਕੇ ਉਸ ਦਾ ਆਤਮ-ਵਿਤਰਨ ਵਧੇਰੇ ਹੋਵੇਗਾ। ਜਦੋਂ ਤਕ ਵੀ ਉਸ ਦੇ ਹੱਥ ਵਿਚ ਕੋਈ ਚੀਜ਼ ਬਾਕੀ ਬਚੀ ਰਹਿੰਦੀ ਹੈ, ਉਦੋਂ ਤਕ ਉਸ ਨੂੰ ਹਰ ਲੋੜਵੰਦ ਨੂੰ ਦੇਣਾ ਬਣਦਾ ਹੈ। ਆਪਣੇ ਪ੍ਰੇਮ ਤੇ ਕਿਰਤ ਨੂੰ ਵੰਡਣਾ ਜਾਂ ਦਾਨ ਕਰਨਾ ਸਿੱਖ ਦੀ ਇਸ ਤਰ੍ਹਾਂ ਦੀ ਪ੍ਰਕ੍ਰਿਆ ਹੁੰਦੀ ਹੈ, ਜਿਵੇਂ ਇਕ ਦੀਪਕ ਆਪਣੇ ਪ੍ਰਕਾਸ਼ ਨੂੰ ਵੰਡਦਾ ਹੈ ਜਾਂ ਜਿਵੇਂ ਗੁਲਾਬ ਦਾ ਫੁੱਲ ਆਪਣੀ ਮਹਿਕ ਨੂੰ ਵੰਡ ਰਿਹਾ ਹੁੰਦਾ ਹੈ। ਇਹੋ ਹੀ ਇਕ ਸਿੱਖ ਦਾ ਸਹਿਜ-ਸੁਭਾਵਿਕ ਰੂਪ ਦਾ ਆਪ ਮੁਹਾਰਾ ਕਰਤੱਵ ਹੋ ਸਕਦਾ ਹੈ, ਇਸ ਤੋਂ ਬਿਨਾਂ ਉਹ ਸੱਚਾ ਸਿੱਖ ਹੋ ਹੀ ਨਹੀਂ ਸਕਦਾ। ਗੁਰੂ ਜੀ ਨੇ ਇਸ ਗੱਲ ਨੂੰ ਪ੍ਰਗਟਾਇਆ ਹੈ ਕਿ ਸੱਚੀ ਆਤਮਕ ਸੰਸਕ੍ਰਿਤੀ ਵਿਚ ਮਨੁੱਖ

ਦਾ ਦੂਜੇ ਮਨੁੱਖ ਪ੍ਰਤੀ ਦਰਦ ਵੰਡਾਉਣਾ ਹੀ ਸਭ ਤੋਂ ਵੱਡੀ ਵਿਸ਼ੇਸ਼ਤਾ ਹੁੰਦੀ ਹੈ, ਜਿਸ ਦੀ ਪ੍ਰਤੀਤੀ ਅੰਤਰੀਵ ਤੌਰ 'ਤੇ ਮੌਨ ਪ੍ਰਗੀਤਕ ਪ੍ਰੇਮ ਦੇ ਰੂਪ ਵਿਚ ਕੀਤੀ ਜਾ ਸਕਦੀ ਹੈ, ਜੋ ਆਤਮਾ ਦੀ ਚੜ੍ਹਦੀਕਲਾ ਦੇ ਉਥਾਨ ਦਾ ਪ੍ਰਤੀਕ ਹੈ ਅਤੇ ਇਹੋ ਕੁਝ ਹੀ ਉਸ ਸਮਾਜ ਦਾ ਕੁਦਰਤੀ ਸਰੂਪ ਹੋਣਾ ਚਾਹੀਦਾ ਹੈ, ਜਿਥੇ ਗੁਰੂ ਦੇ ਸੱਚੇ ਸਿੱਖ ਰਹਿੰਦੇ ਹਨ। ਅੰਤਰੀਵ ਤੌਰ 'ਤੇ ਇਹ ਚੜ੍ਹਦੀਕਲਾ ਜਾਂ ਉਥਾਨ ਮੁਖ ਤੱਤ ਹੈ। ਬੁਧੀ ਤੇ ਇਛਾ-ਸ਼ਕਤੀ ਦੇ ਉਹ ਮਾਧਿਅਮ ਹਨ, ਜੋ ਇਸ ਆਤਮਕ ਉਥਾਨ ਜਾਂ ਚੜ੍ਹਦੀਕਲਾ ਨੂੰ ਭੌਤਿਕ ਸਤਾ ਵਲ ਲਿਆਉਂਦੇ ਹਨ।

ਸਿੱਖ ਸਮਾਜ ਵਿਚ ਸਭ ਤੋਂ ਮਹੱਤਵਪੂਰਨ ਤੱਤ ਕਿਹੜਾ ਹੈ ? ਇਹ ਤਾਂ ਬ੍ਰਿਛਾਂ ਸਮਾਨ ਆਪਣੀ ਦ੍ਰਿਸ਼ਟੀ ਅਤੇ ਸ਼ਬਦਾਂ ਨੂੰ ਆਪਣੀਆਂ ਛਿਲਾਂ ਥਲੇ ਢਕੀ ਰਖਦੇ ਹਨ ਅਤੇ ਸੁਖੜ ਖਲੋ ਕੇ ਆਪਣੇ ਜੀਵਨ ਤੇ ਕਿਰਤ ਦੁਆਰਾ ਆਪਣੇ ਸਿਰਜਣਹਾਰ ਦੇ ਸ਼ਾਨਦਾਰ ਦ੍ਰਿਸ਼ ਵਲ ਸੰਕੇਤ ਕਰਦੇ ਹਨ। ਦਸਮ ਗੁਰੂ ਜੀ ਨੇ ਬਹੁਤ ਸਾਰੇ ਉਹਨਾਂ ਮਤਾਂ-ਮਤਾਂਤਰਾਂ ਦਾ ਖੰਡਨ ਕੀਤਾ ਹੈ, ਜਿਨ੍ਹਾਂ ਨੇ ਕਿ ਸਿਰਜਣਹਾਰ ਦੀ ਮਨੁੱਖ ਨੂੰ ਮਨੁੱਖ, ਕੁਦਰਤ ਤੇ ਪ੍ਰਭੂ ਨਾਲ ਜੋੜਨ ਵਾਲੀ ਮਹਾਨ ਯੋਜਨਾ ਨੂੰ ਭੰਗ ਕਰਕੇ ਆਪਣੇ ਆਪ ਨੂੰ ਸੌੜੀ ਦ੍ਰਿਸ਼ਟੀ ਵਾਲੇ ਬਣਾ ਕੇ ਨਿਘਾਰ ਵਲ ਲੈ ਆਂਦਾ ਹੈ। ਪ੍ਰਭੂ ਦੀ ਯੋਜਨਾ ਤਾਂ ਸਭ ਮਨੁੱਖਾਂ ਨੂੰ ਖ਼ੁਸ਼ੀ ਪ੍ਰਦਾਨ ਕਰਨ ਵਾਲੀ ਹੈ। ਗੁਰੂ ਗੋਬਿੰਦ ਸਿੰਘ ਜੀ ਪ੍ਰੇਮ ਨੂੰ ਹੀ ਪ੍ਰਭੂ ਪ੍ਰਾਪਤੀ ਦਾ ਇਕ ਮਾਤਰ ਸਾਧਨ ਦਸਦੇ ਹਨ। ਇਹ ਪ੍ਰੇਮ ਮੌਨ ਹੁੰਦਾ ਹੈ, ਜੋ ਆਪਣੇ ਆਪ ਨੂੰ ਮਾਨਵ-ਜਾਤੀ ਦੀ ਸੇਵਾ ਦੇ ਰੂਪ ਵਿਚ ਪ੍ਰਗਟ ਕਰਦਾ ਹੈ। ਗੁਰੂ ਜੀ ਇਸ ਗੱਲ ਉਤੇ ਬਲ ਦਿੰਦੇ ਹਨ ਕਿ ਧਰਮ ਕੋਈ ਸਤਹੀ ਰੂਪ ਦੀ ਵਸਤੂ ਨਹੀਂ ਹੈ। ਇਸ ਨੂੰ ਤਾਂ ਸਮਾਜ ਦੀਆਂ ਜੜ੍ਹਾਂ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਮੌਖਿਕ ਰੂਪ ਦੀ ਪੂਜਾ ਤਾਂ ਸਮਾਜ ਵਿਚ ਵਿਥਾਂ ਤੇ ਦੋਫਾੜ ਪਾਉਣ ਵਾਲੀ ਹੁੰਦੀ ਹੈ, ਇਸ ਲਈ ਇਸ ਦਾ ਖੰਡਨ ਕਰਨਾ ਚਾਹੀਦਾ ਹੈ। ਅਜਿਹੀ ਝੂਠੀ ਧਾਰਮਿਕਤਾ ਤਾਂ ਇਕ ਸਰਾਪ ਹੁੰਦੀ ਹੈ।

ਕੇਵਲ ਬੁਧੀ ਤੇ ਇਛਾ-ਸ਼ਕਤੀ ਦੀ ਸੰਸਕ੍ਰਿਤੀ ਤਾਂ ਹਿਠਾੜ ਤੇ ਨੀਵੀਂ ਦੂਨ ਵਾਲੀ ਹੈ। ਇਸ ਦੀ ਤੁਲਨਾ ਵਿਚ ਨਾਮ ਦੀ ਸੰਸਕ੍ਰਿਤੀ ਉਚੀਆਂ ਬਰਫਾਨੀ ਚੋਟੀਆਂ ਦੀ ਹਿਮ-ਧਾਰਾ ਵਰਗੀ ਨਿਰਮਲ ਤੇ ਉਜਲ ਹੁੰਦੀ ਹੈ। ਸਿੱਖ-ਸੰਸਕ੍ਰਿਤੀ ਤਾਂ ਪ੍ਰਭੂ ਦੀਆਂ ਨਿਰੰਤਰ ਦਾਤਾਂ ਅਤੇ ਸਦੀਵੀ ਰੂਪ ਦੀ ਕਰਤਾਰਤਾ ਦੀ ਪਛਾਣ ਕਰਵਾਉਣ ਵਾਲੀ ਹੈ। ਸਿੱਖ ਦੀ ਸੱਚੀ ਖ਼ੁਸ਼ੀ ਤਾਂ ਕਿਸੇ ਦਿਆਲੂ ਕਰਮ ਵਿਚ ਹੁੰਦੀ ਹੈ, ਕਿਸੇ ਦੇ ਦਰਦ ਵਿਚ ਹੰਝੂ ਵਹਾਉਣਾ ਜਾਂ ਕਿਸੇ ਦੂਜੇ ਨੂੰ ਦੇਣ ਲਈ ਪ੍ਰਸ਼ਾਦਾ ਮੰਗ ਲਿਆਉਣਾ ਆਦਿ ਇਸੇ ਤਰ੍ਹਾਂ ਚੌਵੀ ਘੰਟਿਆਂ ਵਿਚ ਸਿੱਖ ਇਕ ਵਾਰ ਆਪਣਾ ਮੁਖ ਉਪਰ ਪ੍ਰਭੂ ਵਲ ਕਰਕੇ ਗੁਰੂ ਦੇ ਸੁੰਦਰ ਮੁਖੜੇ ਦੇ ਪ੍ਰਕਾਸ਼ ਵਿਚ ਇਸ਼ਨਾਨ ਕਰਦਾ ਹੈ। ਸਮੱਗਰ ਸੱਚ ਨੂੰ ਪ੍ਰਭੂ-ਪ੍ਰੀਤਮ ਦੇ ਪ੍ਰੇਮ ਤੇ ਸੁੰਦਰਤਾ ਦੀ ਭਾਵਨਾ ਦੁਆਰਾ ਅਨੁਭਵ ਕੀਤਾ ਜਾ ਸਕਦਾ ਹੈ, ਜਿਸ ਵਿਚ ਸਿੱਖ ਗੁਰੂ ਦੀ ਬਾਣੀ ਤੇ ਨਾਮ ਦੀ ਪ੍ਰਗੀਤਕ ਰੂਪ ਵਿਚ ਪੁਨਰ-ਆਵਿਰਤੀ ਕਰਦਾ ਹੈ ਅਤੇ

ਗੁਰੂ ਜੀ ਦੇ ਪ੍ਰੇਮ ਦੀ ਸਿਕ ਵਿਚ ਸਦਾ ਤੜਪਦਾ ਤੇ ਲੁਛਦਾ ਰਹਿੰਦਾ ਹੈ।

ਜਿਵੇਂ ਕਿ ਸੰਸਾਰ ਦੀ ਸਦਾ ਰੀਤ ਰਹੀ ਹੈ, ਇਹ ਪ੍ਰਭੂ ਦਾ ਨਵਾਂ ਸੰਦੇਸ਼ ਦੇਣ ਵਾਲੇ ਪੈਗੰਬਰਾਂ ਵਲੋਂ ਸਦਾ ਹੀ ਆਕਰਮਕ ਰਹਿੰਦੇ ਹਨ ਅਤੇ ਬੜੀ ਦੇਰ ਨਾਲ ਹੀ ਉਹਨਾਂ ਦੀ ਪਛਾਣ ਕਰਦੇ ਹਨ। ਹਿੰਦੂ ਲੋਕ ਇਸ ਗੱਲ ਉਤੇ ਅਭਿਮਾਨ ਕਰਦੇ ਰਹੇ ਹਨ ਕਿ ''ਸਿੱਖ ਉਹਨਾਂ ਵਿਚੋਂ ਹੀ ਹਨ, ਉਹਨਾਂ ਵਿਚੋਂ ਹੀ ਜਨਮੇ ਹਨ।'' ਸਾਂਸਕ੍ਰਿਤਕ ਅਤੇ ਅਕਾਦਮਿਕ ਤੌਰ 'ਤੇ ਭਾਵੇਂ ਇਹ ਗੱਲ ਗ਼ਲਤ ਨਹੀਂ ਹੈ ਅਤੇ ਤਰਕ-ਸੰਗਤ ਵੀ ਜਾਪਦੀ ਹੈ। ਪਰ ਜਿਥੋਂ ਤਕ ਪ੍ਰੇਰਨਾਸ਼ੀਲ ਹੋਣ ਦਾ ਸਵਾਲ ਹੈ, ਇਹ ਇਕ ਤਰ੍ਹਾਂ ਨਾਲ ਗੁਰੂ ਜੀ ਦੇ ਵਿਸ਼ਵ-ਵਿਆਪੀ ਸੰਦੇਸ਼ ਦੇ ਪ੍ਰਸਾਰ ਵਿਚ ਰੋਕ ਪਾਉਣ ਵਾਲੀ ਗੱਲ ਹੀ ਸੀ। ਪਰ ਗੁਰੂ ਜੀ ਦੇ ਸੰਪਰਕ ਤੇ ਮੇਲ-ਮਿਲਾਪ ਦਾ ਤਤਕਾਲਿਕ ਮੁਸਲਮਾਨਾਂ ਨੇ ਵਧੇਰੇ ਲਾਭ ਉਠਾਇਆ। ਫਲਸਰੂਪ ਪੰਜਾਬ ਵਿਚ ਵਿਸ਼ਿਸ਼ਟ ਸਿੱਖ ਮੁਸਲਿਮ ਸਾਂਸਕ੍ਰਿਤਕ ਧਾਰਾ ਦਾ ਜਨਮ ਹੋਇਆ। ਇਸ ਧਾਰਾ ਦੇ ਅਨੁਆਈਆਂ ਨੇ ਪੰਜਾਬੀ ਲੋਕਾਂ ਦੀ ਮਾਤ-ਭਾਸ਼ਾ ਵਿਚ ਕਵਿਤਾ ਤੇ ਗੀਤਾਂ ਦੀ ਰਚਨਾ ਕੀਤੀ, ਜਿਸ ਵਿਚ ਓਪਰੀ ਵਿਦੇਸ਼ੀ ਵਿਚਾਰਧਾਰਾ ਤੇ ਅਰਬੀ ਤੇ ਫ਼ਾਰਸੀ ਦੇ ਕ੍ਰਿਤ੍ਰਮ ਭਾਸ਼ਾਈ-ਉਚਾਰਨ ਦਾ ਤਿਆਗ ਕੀਤਾ ਗਿਆ। ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮਕਾਲੀ ਮੁਸਲਮਾਨਾਂ ਨੂੰ ਇਹ ਗੱਲ ਆਖ ਦਿਤੀ ਕਿ ਹੁਣ ਮੁਸਲਮਾਨ ਪੈਗੰਬਰ (ਹਜ਼ਰਤ ਮੁਹੰਮਦ) ਸਾਹਿਬ ਦੇ ਮੂਲ ਵਿਚਾਰਾਂ ਤੇ ਆਦਰਸ਼ਾਂ ਨੂੰ ਛੱਡ ਚੁਕੇ ਹਨ। ਆਪ ਨੇ ਹਿੰਦੂ ਯੋਗੀਆਂ ਦੇ ਸਿਧਾਂਤਾਂ ਦਾ ਵੀ ਖੰਡਨ ਕੀਤਾ, ਜੋ ਮਨ ਦੀ ਮਸਤਾਨੀ ਦਸ਼ਾ ਨੂੰ ਹੀ ਸੱਚਾ ਧਰਮ ਮੰਨਣ ਲਗ ਪਏ ਸਨ। ਆਪ ਨੇ ਜੈਨ-ਮਤ ਦੇ ਨੈਤਿਕ ਸਿਧਾਂਤਾਂ ਦੀ ਨਾਸਤਿਕਤਾ ਦਾ ਵੀ ਨਿਖੇਧ ਕੀਤਾ। ਆਪ ਜੀ ਨੇ ਤਾਂ ਆਪਣੀ ਪ੍ਰਗੀਤਮਈ ਹਸਤੀ ਦੁਆਰਾ ਮਨੁੱਖੀ ਚੇਤੰਨਤਾ ਦੇ ਨਿਰਜਿੰਦ ਤੇ ਸੁੰਨ ਹੋ ਚੁਕੇ ਬਿੰਦੂਆਂ ਵਿਚ ਮੁੜ ਸ਼ਕਤੀ ਭਰ ਦਿਤੀ। ਆਪ ਨੇ ਲੋਕਾਂ ਨੂੰ ਬਾਣੀ ਦਾ ਉਹ ਸੰਗੀਤ ਪ੍ਰਦਾਨ ਕੀਤਾ ਜਿਸ ਨੇ ਅਨੰਤ ਦੇ ਸੰਗੀਤ ਦੇ ਮਾਧਿਅਮ ਦੁਆਰਾ ਉਹਨਾਂ ਦੀ ਆਤਮਾ ਨੂੰ ਅਰੋਗ ਕਰ ਦਿਤਾ। ਲੋਕਾਂ ਲਈ ਆਪ ਸੱਚ ਦਾ ਸਾਖਿਆਤ ਸਰੂਪ ਸਨ, ਫਲਸਰੂਪ ਆਪ ਨੇ ਦਮਨ ਚਕਰ ਤੋਂ ਲੋਕਾਂ ਦੀ ਮਾਨਸਿਕਤਾ ਨੂੰ ਮੁਕਤ ਤੇ ਵਿਕਸਿਤ ਕਰ ਦਿਤਾ।

ਭਗਵਾਨ ਬੁਧ ਤੋਂ ਪਿਛੋਂ ਭਾਰਤ-ਵਰਸ਼ ਦੇ ਜਾਤ-ਪਾਤ ਗ੍ਰਸਤ ਸਮਾਜ ਵਿਚ ਗੁਰੂ ਨਾਨਕ ਦੇਵ ਜੀ ਨੇ ਹੀ ਲੋਕਾਂ ਦੇ ਹਿਤਾਂ ਤੇ ਆਦਰਸ਼ਾਂ ਲਈ ਆਵਾਜ਼ ਉਠਾਈ। ਉਚ ਵਰਗ ਦੇ ਕੁਲੀਨ ਲੋਕ ਅਤੇ ਪਤਨਸ਼ੀਲ ਅਵਸਥਾ ਤਕ ਨਿਘਰ ਚੁਕੇ ਹਿੰਦੂ ਪ੍ਰੋਹਤਾਂ ਅਤੇ ਮੁਸਲਮਾਨ ਮੌਲਾਣਿਆਂ ਨੇ ਭਾਵੇਂ ਉਹਨਾਂ ਦੀ ਆਵਾਜ਼ ਨੂੰ ਨਾ ਸੁਣਿਆ, ਪਰ ਦੱਬੇ ਢੱਠੇ ਤੇ ਲਿਤਾੜੇ ਲੋਕਾਂ ਨੇ ਖ਼ੁਸ਼ੀ ਖ਼ੁਸ਼ੀ ਉਹਨਾਂ ਦੀ ਅਗਵਾਈ ਨੂੰ ਪ੍ਰਵਾਨ ਕੀਤਾ। ਆਪ ਨੇ ਸਾਰੇ ਜਨ-ਸਮੂਹ ਦੇ ਦਿਲਾਂ ਨੂੰ ਜੀਵਨ ਤੇ ਪ੍ਰੇਮ ਦੀਆਂ ਭਾਵਨਾਵਾਂ ਨਾਲ ਧੜਕਾ ਦਿਤਾ। ਪੂਰੇ ਡੇਢ ਸੌ ਸਾਲ ਤਕ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਲੋਕਾਂ ਦੇ ਹਿਰਦਿਆਂ ਵਿਚ ਇਕ ਗੁਪਤ ਜੋਤ ਦੇ

ਰੂਪ ਵਿਚ ਪ੍ਰਜਵਲਿਤ ਰਿਹਾ ਅਤੇ ਫਿਰ ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਤਿਭਾ ਨੇ ਸਿੱਖ ਜਨ-ਸਮੂਹ ਨੂੰ ਸਦੀਵੀ ਖ਼ਾਲਸਾ ਦੇ ਰੂਪ ਵਿਚ ਸਾਕਾਰ ਕਰ ਦਿਤਾ।

ਨਿਮਾਣੇ ਲੋਕ ਜੋ ਧਰਤੀ ਨੂੰ ਪੁਟ ਰਹੇ ਸਨ, ਹਲ ਵਾਹ ਰਹੇ ਸਨ—ਮਾਨਵਤਾ ਦੇ ਪ੍ਰਭੂ ਨਾਲ ਆ ਜੁੜੇ। ਪੰਜਾਬ ਦੇ ਮਿੱਟੀ ਘਟੇ ਤੇ ਧੂੜ-ਅਟੀ ਕਿਰਸਾਨੀ ਦੇ ਘਰਾਂ ਵਿਚ ਨਵੀਂ ਸੰਸਕ੍ਰਿਤੀ ਤੇ ਸਭਿਆਚਾਰ ਦਾ ਜਨਮ ਹੋਇਆ। ਇਹ ਸਰਬ-ਸਾਧਾਰਨ ਮਨੁੱਖਤਾ ਦੀ ਸੰਸਕ੍ਰਿਤੀ ਸੀ, ਜਿਸ ਵਿਚ ਪ੍ਰਭੂ-ਮੁਖੀ ਭਾਵਨਾ ਵਿਦਮਾਨ ਸੀ। ਇਹ ਆਪ ਮੁਹਾਰੇ ਪ੍ਰਭੂਤਵ ਨਾਲ ਭਰਪੂਰ ਸੰਸਕ੍ਰਿਤੀ ਦਾ ਸਹਿਜ ਰੂਪ ਦਾ ਵਿਕਾਸ ਸੀ। ਇਹ ਪ੍ਰਭੂਤਵ ਦੀ ਪ੍ਰਵਿਰਤੀ 'ਗੁਰਮੁਖ' ਦਾ ਸਰੂਪ ਸੀ, ਜਿਸ ਦਾ ਮੁਖ ਗੁਰੂ ਉਤੇ ਕੇਂਦਰਿਤ ਸੀ—ਇਹੋ ਹੀ ਸਿੱਖ ਜਨ-ਸਮੂਹ ਦਾ ਸਿਧਾ-ਸਾਦਾ ਧਰਮ ਬਣ ਗਿਆ।

ਮੌਨ ਤੇ ਸ਼ਾਂਤ ਰੂਪ ਦਾ ਨਿਰਉਚੇਚ ਯਤਨ, ਜੋ ਪ੍ਰੇਮ ਤੇ ਕਿਰਤ ਦੁਆਰਾ ਪੂਰਨਤਾ ਵਲ ਵਧ ਰਿਹਾ ਸੀ—ਸਾਰੀ ਜਾਤੀ ਦਾ ਹੀ ਆਦਰਸ਼ ਬਣ ਗਿਆ। ਸਮੂਹ ਜਾਤੀ ਗੁਰੂ ਜੀ ਦੇ ਕੇਂਦਰੀ ਵਿਅਕਤੀਤਵ ਦੇ ਦੁਆਲੇ ਪ੍ਰਕਰਮਾ ਕਰਨ ਲਗੀ। ਇਸ ਧਰਤੀ ਉਤੇ ਗੁਰੂ ਹੀ ਆਤਮਾ ਦੇ ਵਿਕਾਸ ਦਾ ਕੇਂਦਰ-ਬਿੰਦੂ ਜਾਂ ਮੁਖ ਸਰੋਤ ਬਣ ਗਿਆ। ਗੁਰੂ ਹੀ ਸ਼ਬਦ ਦਾ ਸਾਖਿਆਤ ਸਰੂਪ ਸੀ ਅਤੇ ਗੁਰੂ ਹੀ ਮਨੁੱਖ ਦੇ ਸਰੂਪ ਵਿਚ ਆਪ ਪ੍ਰਭੂ ਸੀ। ਗੁਰੂ ਕੋਈ ਮਨੁੱਖ ਨਹੀਂ ਹੈ, ਫਿਰ ਵੀ ਉਹ ਇਕ ਅਜਿਹਾ ਮਨੁੱਖ ਹੈ, ਉਹ ਕੇਂਦਰ-ਬਿੰਦੂ ਜਿਥੇ ਮਨੁੱਖੀ ਸਰੀਰ ਦੀ ਭੌਤਿਕਤਾ ਅਤੇ ਪ੍ਰਭੂ ਦੀ ਸ਼ੁਧ ਰੱਬਤਾ ਅਨਿਖੜ ਰੂਪ ਵਿਚ ਇਕ ਦੂਜੇ ਨਾਲ ਆ ਮਿਲਦੀਆਂ ਹਨ ਅਤੇ ਇਹ ਗੁਰੂ ਜੀ ਦੇ ਵਿਅਕਤੀਤਵ ਵਿਚ ਇਸ ਤਰ੍ਹਾਂ ਆ ਸਮਾਉਂਦੀਆਂ ਹਨ, ਜਿਨ੍ਹਾਂ ਦਾ ਵਰਣਨ ਕਰ ਸਕਣਾ ਅਤਿ ਕਠਿਨ ਹੈ। ਦਸ ਗੁਰੂ ਸਾਹਿਬਾਨ ਉਹ ਸੂਰਜ ਹਨ, ਜਿਨ੍ਹਾਂ ਦੇ ਦੁਆਲੇ ਕਈ ਧਰਤੀਆਂ ਪ੍ਰਕਰਮਾ ਕਰਦੀਆਂ ਹਨ। ਗੁਰੂ ਜੀ ਦੇ ਦਰਸ਼ਨ ਕਰਕੇ ਮਨੁੱਖ-ਮਨੁੱਖ ਵਿਚਕਾਰ ਭੇਦ ਕਰ ਸਕਣਾ ਅਸੰਭਵ ਹੋ ਗਿਆ ਸੀ।

ਇਥੇ ਦੀਪਕ ਦਾ ਪ੍ਰਕਾਸ਼ ਹੈ—ਗੁਰੂ ਨਾਨਕ ਦੇਵ ਜੀ ਦੀ ਵਿਚਾਰ ਵਿਧੀ ਮਨੋਹਰ ਕਲਾਮਈ ਜੁਗਤਾਂ ਨਾਲ ਭਰਪੂਰ ਹੈ। ਆਪ ਸਮੁੰਦ-ਸਾਗਰ ਦੀ ਤਹਿ ਉਤੇ ਇਕ ਦੂਧੀਆ ਤਰੰਗ ਦੀ ਤਰ੍ਹਾਂ ਲਹਿਰ ਰਹੇ ਹਨ। ਫਿਰ ਵੀ ਉਸ ਲਹਿਰ ਨੂੰ ਸਾਗਰ ਨਾਲੋਂ ਨਿਖੇੜਿਆ ਤੇ ਵਖਰਾ ਕਲਪਿਤ ਨਹੀਂ ਕੀਤਾ ਜਾ ਸਕਦਾ। ਜੀਵਨ ਦਾ ਕੋਈ ਵੀ ਇਕ ਵਿਚਾਰ, ਜਿਸ ਨੂੰ ਅਨੰਤ ਨਾਲੋਂ ਤੋੜ ਕੇ ਵਾਚਿਆ ਜਾਵੇ—ਗੁਰੂ ਜੀ ਦੀ ਸਮੁਚੀ ਵਿਚਾਰਧਾਰਾ ਤੋਂ ਬਾਹਰੀ ਗੱਲ ਹੈ। ਅਜਿਹਾ ਰਹੱਸਮਈ ਵਿਚਾਰ ਤਾਂ ਨਿਰਜਿੰਦ ਸੰਕਲਪ ਹੀ ਹੁੰਦਾ ਹੈ। ਆਪ ਤਾਂ ਇਸ ਗੱਲ ਉਤੇ ਆ ਕੇ ਤੋੜਾ ਝਾੜਦੇ ਹਨ ਕਿ, "ਪ੍ਰਭੂ ਆਪ ਹੀ ਜਾਣੀ ਜਾਣ ਹੈ, ਉਹੋ ਹੀ ਇਸ ਸ੍ਰਿਸ਼ਟੀ ਦਾ ਭਾਗ ਵਿਧਾਤਾ ਹੈ; ਮਨੁੱਖ ਦੀ ਸੋਚ ਤਾਂ ਸੀਮਿਤ ਹੈ, ਉਹ ਇਸ ਸਭ ਕੁਝ ਦਾ ਜੋ ਵਰਣਨ ਰਹਿਤ ਹੈ—ਦਾ ਕਥਨ ਨਹੀਂ ਕਰ ਸਕਦਾ।"

ਪੰਜਾਬ ਵਿਚ ਸਿੱਖ ਜਨ-ਸਮੂਹ ਦੀ ਹੋਂਦ ਸੈਆਂ ਵਰਣ ਰੂਪਾਂ ਅਥਵਾ

ਮਾਡਲਾਂ ਵਲ ਸੰਕੇਤ ਕਰਦੀ ਸੀ ਕਿਉਂਜੋ ਉਹ ਕਿਸੇ ਨਵੇਂ ਅਸਤਿਤਵ ਦਾ ਧਾਰਨੀ ਨਹੀਂ ਸੀ। ਕੁਝ ਲੋਕ ਖ਼ਿਆਲ ਕਰਦੇ ਸਨ ਕਿ ਉਹ ਮੁਸਲਮਾਨ ਹੈ, ਕੁਝ ਕਹਿੰਦੇ ਸਨ ਉਹ ਗੁਰੂ ਨਾਨਕ ਹਿੰਦੂ ਹੈ, ਕੁਝ ਹੋਰ ਆਪ ਜੀ ਨੂੰ ਹਿੰਦੂ ਤੇ ਮੁਸਲਮਾਨਾਂ ਦੋਹਾਂ ਦਾ ਹੀ ਮਿਸ਼ਰਿਤ ਸਰੂਪ ਦਸਦੇ ਸਨ। ਪਰ ਕਿਸੇ ਨੇ ਇਹ ਨਹੀਂ ਸੀ ਜਾਤਾ ਕਿ ਆਪ ਕਿਸੇ ਨਵੇਂ ਨਕੋਰ ਆਧੁਨਿਕ ਵਿਚਾਰ ਆਦਰਸ਼ ਨੂੰ ਸਹੰਸਰ ਰੂਪਾਂ ਵਿਚ ਲੈ ਕੇ ਆਏ ਹਨ। ਇਹ ਤਾਂ ਇਕ ਨਵੀਂ ਜਾਤੀ ਦਾ ਪ੍ਰਗਟ ਹੋਣਾ ਸੀ, ਜਿਸ ਵਿਚ ਨਵਾਂ ਜੀਵਨ ਧੜਕ ਰਿਹਾ ਸੀ, ਇਹਨਾਂ ਵਿਚ ਨਵਾਂ ਆਤਮਕ ਉਤਸ਼ਾਹ ਸੀ, ਨਵੀਂ ਅੰਤਰ-ਦ੍ਰਿਸ਼ਟੀ ਸੀ—ਜੋ ਇਕ ਸਜੀਵ ਸ਼ਬਦ-ਬ੍ਰਹਮ ਨੂੰ ਆਪਣੇ ਹਿਰਦਿਆਂ ਵਿਚ ਸਮੋਈ ਬੈਠੀ ਸੀ। ਇਹ ਤਾਂ ਇਕ ਨਵੇਂ ਰਾਸ਼ਟਰ ਦਾ ਜਨਮ ਸੀ, ਜਿਸ ਵਿਚ ਅਨੰਤ ਸੰਭਾਵਨਾਵਾਂ ਮੌਜੂਦ ਸਨ। ਇਹ ਤਾਂ ਉਹ ਕੌਮ ਸੀ, ਜੋ ਭਵਿੱਖ ਦੇ ਮਹਾਂਸਾਗਰ ਉਤੇ ਆਪਣੀ ਯਾਤਰਾ ਆਰੰਭ ਕਰ ਰਹੀ ਸੀ। ਇਸ ਪ੍ਰਕਾਰ ਸਿੱਖ ਜਨ-ਸਮੂਹ ਲਈ ਤਾਂ ਹਿੰਦੂਆਂ ਤੇ ਮੁਸਲਮਾਨਾਂ ਵਾਲੇ ਅਤੀਤ ਦਾ ਅੰਤ ਹੋ ਚੁਕਾ ਸੀ।

ਗੁਰੂ ਜੀ ਲਈ ਨਿਜੀ ਪ੍ਰਤੀਬੱਧਤਾ ਦਾ ਵੇਗਵਾਨ ਇਕਰਾਰਨਾਮਾ ਇਸ ਸ਼ਕਤੀ ਦਾ ਰਹੱਸ ਸੀ, ਕਿਉਂਜੋ ਗੁਰੂ ਸਭ ਤੋਂ ਵੱਡਾ ਪ੍ਰੇਰਨਾ ਦਾ ਸੋਮਾ ਸੀ। ਭਾਰਤ ਵਿਚ ਗੁਰੂ ਦੇ ਸਿੱਖਾਂ ਦੀ ਇਕ ਨਵੀਂ ਕੌਮ ਉਠ ਖਲੋਤੀ ਸੀ, ਜਿਸ ਨੇ ਸਪਸ਼ਟ ਭਾਂਤ ਪ੍ਰਾਚੀਨ ਧਰਮ-ਸ਼ਾਸਤਰ ਦੀਆਂ ਸਾਰੀਆਂ ਪਲਚੀਆਂ ਹੋਈਆਂ ਝਾੜੀਆਂ ਦੇ ਜੰਗਲ ਨੂੰ ਕੱਟ ਕੇ ਸਾਫ਼ ਕਰ ਦਿਤਾ। ਰੀਤਾਂ, ਰਸਮਾਂ, ਉਚੀਆਂ-ਨੀਵੀਆਂ ਪਦਵੀਆਂ ਅਤੇ ਜਾਤ-ਪਾਤ ਦੇ ਸਭ ਬੰਧਨਾਂ ਤੋਂ ਮੁਕਤੀ ਪ੍ਰਾਪਤ ਕਰ ਲਈ ਅਤੇ ਸਭ ਪ੍ਰਕਾਰ ਦੀਆਂ ਜ਼ਹਿਰੀਲੀਆਂ ਜੜੀਆਂ ਬੂਟੀਆਂ ਨੂੰ ਪਰੇ ਸੁਟ ਦਿਤਾ। ਹੁਣ ਉਹ ਆਪਣੇ ਹੀ ਸੁਤੰਤਰ ਮਨਾਂ ਦੁਆਰਾ ਰਚੇ ਗਏ ਆਪਣੇ ਕੁਲਿਆਂ ਵਿਚ ਸੁਤੰਤਰ ਰੂਪ ਵਿਚ ਆਜ਼ਾਦ ਮਨੁੱਖਾਂ ਵਾਂਗ ਵਿਚਰਨ ਲਗੇ। ਇਹਨਾਂ ਦਾ ਪ੍ਰੇਮ ਤੇ ਕਿਰਤ ਵੀ ਹੁਣ ਪੂਰਨ ਤੌਰ 'ਤੇ ਸੁਤੰਤਰ ਹੋ ਚੁਕੀ ਸੀ। ਇਸ ਜਨ-ਸਮੂਹ ਨੇ ਆਪਣਾ ਹੀ ਸਾਹਿਤ ਰਚਿਆ, ਜੋ ਇਹਨਾਂ ਦੀ ਆਤਮਾ ਦੀ ਸੁਰੱਖਿਆ ਕਰਦਾ ਸੀ। ਇਹ ਜਨ-ਸਮੂਹ ਗੁਰੂ ਨਾਨਕ ਤੇ ਗੁਰੂ ਅਰਜਨ ਦੇਵ ਦੀ ਬਾਣੀ ਦੇ ਸ਼ਬਦਾਂ ਨੂੰ ਕਿਰਤ ਕਰਦਿਆਂ ਹੋਇਆਂ ਆਪਣੇ ਧੀਆਂ-ਪੁੱਤਰਾਂ ਦੀਆਂ ਵਿਆਹ-ਸ਼ਾਦੀਆਂ ਉਤੇ ਗਾਇਨ ਕਰਦੇ ਸਨ। 'ਧੁਰ ਕੀ ਬਾਣੀ' ਦੀਆਂ ਧੁਨੀਆਂ ਇਹਨਾਂ ਦੇ ਕੰਨਾਂ ਵਿਚੋਂ ਗੂੰਜ ਉਠਦੀਆਂ ਸਨ। ਇਹ ਪ੍ਰੇਮ ਦਾ ਸੰਗੀਤ ਸੀ, ਪ੍ਰਾਰਥਨਾ ਵਿਚ ਜੁੜੇ ਦਿਲਾਂ ਦੀਆਂ ਧੜਕਣਾਂ ਦਾ ਪ੍ਰਗੀਤ ਸੀ। ਇਹ ਤਾਂ ਅਦ੍ਰਿਸ਼ਟ ਮੰਡਲਾਂ ਵਿਚੋਂ ਆ ਰਹੇ ਵਿਸਮਾਦ-ਨਾਦ ਦਾ ਸ਼ਾਂਤੀ ਵਰਦਕ ਵਿਰੋਸਾਇਆ ਹੋਇਆ ਸੰਗੀਤ ਸੀ, ਜੋ ਇਹਨਾਂ ਲੋਕਾਂ ਨੂੰ ਸੁਖ ਸ਼ਾਂਤੀ ਬਖ਼ਸ਼ਦਾ ਸੀ ਅਤੇ ਜੀਵਨ ਦੇ ਖੇਤਰ ਵਿਚ ਉਹਨਾਂ ਦੀ ਅਗਵਾਈ ਕਰਦਾ ਸੀ।

ਇਸ ਪ੍ਰਕਾਰ ਖ਼ਾਲਸਾ ਨੂੰ ਗੁਰੂ ਦੇ ਸੰਗੀਤ ਦੁਆਰਾ ਅਜਿਤ ਬਣਾ ਦਿਤਾ ਗਿਆ ਸੀ। ਅਜ ਵੀ ਜਦੋਂ ਹਜ਼ਾਰਾਂ ਨਰ-ਨਾਰੀ, ਨਢੇ-ਨਢੀਆਂ, ਬਾਲ ਤੇ ਬਿਰਧ

ਰਲ ਕੇ ਗੁਰੂ ਦੀ ਬਾਣੀ ਦਾ ਗਾਇਨ ਕਰਦੇ ਹਨ ਤਾਂ ਇਸ ਦੀ ਸ਼ਕਤੀ ਦੀ ਅਮਿਤਤਾ ਨੂੰ ਵੇਖ ਕੇ ਬੜਾ ਅਚੰਭਾ ਹੁੰਦਾ ਹੈ। ਇੰਜ ਜਾਪਦਾ ਹੈ, ਜਿਵੇਂ ਇਸ ਗੁਰਬਾਣੀ ਦੇ ਗਾਇਨ ਅਥਵਾ ਸੰਗੀਤ ਨੇ ਨਿਰਜਿੰਦ ਪੱਥਰਾਂ ਵਿਚ ਵੀ ਇਨੀ ਜਾਨ ਪਾ ਦਿਤੀ ਹੈ ਕਿ ਉਹ ਉਚੀ ਸੁਰ ਵਿਚ ਸੁਤੰਤਰਤਾ ਦਾ ਹੀ ਗਾਇਨ ਕਰਦੇ ਹਨ। ਇੰਜ ਇਸ ਜਨ-ਸਮੂਹ ਨੇ ਭੂਤਕਾਲ ਦੀਆਂ ਸਾਰੀਆਂ ਵਿਚਾਰ ਪ੍ਰਣਾਲੀਆਂ ਤੇ ਜੀਵਨ ਪਧਤੀਆਂ ਦੀ ਪਕੜ ਤੋਂ ਆਪਣੇ ਆਪ ਨੂੰ ਆਜ਼ਾਦ ਕਰ ਲਿਆ ਹੈ। ਗੁਰੂ ਦਾ ਸਿੱਖ ਆਖਦਾ ਹੈ, ''ਮੈਂ ਨਾ ਮੁਸਲਿਮ ਹਾਂ, ਨਾ ਹਿੰਦੂ, ਨਾ ਜੈਨੀ, ਨਾ ਹੀ ਯਹੂਦੀ, ਨਾ ਹੀ ਕਿਸੇ ਵਿਸ਼ੇਸ਼ ਫਿਰਕੇ ਨਾਲ ਜੁੜਿਆ ਹੋਇਆ। ਮੈਂ ਉਹ ਮਨੁੱਖ ਹਾਂ ਜਿਸ ਦੀ ਨਾ ਕੋਈ ਜਾਤ ਹੈ, ਨਾ ਪਾਤ, ਨਾ ਹੀ ਮੈਨੂੰ ਕਾਲੇ ਗੋਰੇ, ਸਵਰਨ ਤੇ ਅਵਰਨ ਦੇ ਭੇਦਾਂ ਦਾ ਪਤਾ ਹੈ। ਮੇਰਾ ਜੀਵਨ ਤਾਂ ਬਸ ਪ੍ਰੇਮ ਹੈ ਅਤੇ ਮੇਰੀ ਧਿਆਨੀ ਦ੍ਰਿਸ਼ਟੀ ਆਤਮਕ ਸੰਸਾਰ ਵਿਚ ਪਸਰੀ ਹੋਈ ਹੈ। ਮੈਂ ਤਾਂ ਅਸਰੀਰੀ ਹਾਂ, ਮੈਂ ਤਾਂ ਸ਼ੁਧ ਆਤਮਾ ਸਰੂਪ ਹਾਂ। ਮੇਰਾ ਧਰਮ ਤਾਂ ਗੁਰੂ ਜੀ ਨਾਲ ਨਿਜੀ-ਪ੍ਰੇਮ ਦਾ ਹੈ ਅਤੇ ਮੇਰੀ ਅੰਤਰੀਵ ਪ੍ਰਵਿਰਤੀ ਪ੍ਰਭੂ-ਮੁਖੀ ਹੈ।''

ਗੁਰੂ ਗੋਬਿੰਦ ਸਿੰਘ ਜੀ ਨੇ 'ਖ਼ਾਲਸਾ' ਨੂੰ ਨਵਾਂ ਸਵਰਾਜ ਬਖ਼ਸ਼ਿਆ। ਆਪ ਨੇ ਆਪਣੀ ਆਤਮਾ ਦੁਆਰਾ ਉਹਨਾਂ (ਖ਼ਾਲਸਾ) ਦੀ ਸੁਰੱਖਿਆ ਤੇ ਸੰਭਾਲ ਲਈ ਨਵੀਂ ਭਾਸ਼ਾ ਦੀ ਸਿਰਜਣਾ ਕੀਤੀ। ਦਸਮ ਗੁਰੂ ਜੀ ਨੇ ਉਹਨਾਂ ਲਈ 'ਅਕਾਲੀ' ਸ਼ਬਦ ਦੀ ਘਾੜਤ ਕੀਤੀ। 'ਸਤਿ ਸ੍ਰੀ ਅਕਾਲ' ਦਾ ਸਮੂਹਕ ਬੋਲਾ ਵੀ ਆਪ ਨੇ ਹੀ ਉਹਨਾਂ ਨੂੰ ਪ੍ਰਦਾਨ ਕੀਤਾ। ਆਪ ਜੀ ਦੀ ਬਾਣੀ ਖ਼ਾਲਸਾ ਦੇ ਸਦੀਵੀ ਅੰਗਸੰਗ ਰਹਿਣ ਵਾਲੀ ਸਾਥੀ ਹੈ। ਇਸ ਵਿਚ ਮ੍ਰਿਤੂ (ਕਾਲ) ਉਤੇ ਵਿਜੈ ਪਾਉਣ ਵਾਲਾ ਮਹਾਂ-ਨਾਦ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਵੀ ਗੁਰੂ ਨਾਨਕ ਦੇ ਸਮਾਨ ਭਾਰਤ ਵਿਚ ਸਭ ਪੁਰਾਣੇ ਧਰਮਾਂ ਤੇ ਮਤਾਂ-ਮਤਾਂਤਰਾਂ ਦਾ ਵਹਿਮ-ਭਰਮ ਆਖ ਕੇ ਖੰਡਨ ਕੀਤਾ ਹੈ। ਗੁਰੂ ਜੀ ਦੇ ਬਚਨਾਂ ਵਿਚੋਂ ਅਦੁੱਤੀ ਸ਼ਕਤੀ ਧਾਰਾ ਦਾ ਪ੍ਰਵਾਹ ਚਲ ਰਿਹਾ ਹੈ।

ਇੰਜ ਜਾਪਦਾ ਹੈ, ਜਿਵੇਂ ਆਪ ਨੇ ਸਾਰੀਆਂ ਖ਼ਾਲੀ ਥਾਵਾਂ ਨੂੰ ਚਕਾਚੌਂਧ ਕਰ ਦੇਣ ਵਾਲੇ ਪ੍ਰਕਾਸ਼ ਨੂੰ ਜਗਮਗਾ ਦਿਤਾ ਹੈ। ਕੋਈ ਵੀ ਗੁਰੂ ਜੀ ਦੇ ਦਰਸ਼ਨ ਕਰਨ ਸਮੇਂ ਸਦੀਵਤਾ ਦੀਆਂ ਧੜਕਣਾਂ ਨੂੰ ਅਨੁਭਵ ਕਰਨ ਤੋਂ ਬਿਨਾਂ ਨਹੀਂ ਰਹਿ ਸਕਦਾ ਤੇ ਉਸ ਨੂੰ ਅਨਾਮ ਪ੍ਰਭੂ ਦੇ ਵਿਸਮਾਦ ਦਾ ਆਭਾਸ ਹੁੰਦਾ ਹੈ।

ਸ਼ਬਦ 'ਅਕਾਲੀ' ਨਾ ਕੋਈ ਵਿਸ਼ੇਸ਼ ਨਾਮ ਹੈ, ਨਾ ਕੋਈ ਪਦ ਜਾਂ ਖ਼ਿਤਾਬ, ਸਗੋਂ ਇਹ ਤਾਂ ਇਸ ਸਾਰੀ ਕੌਮ ਅਰਥਾਤ ਖ਼ਾਲਸਾ ਦੀ ਆਤਮਾ ਦਾ ਪ੍ਰਤੀਕ ਹੈ। ਖ਼ਾਲਸਾ ਤੋਂ ਭਾਵ ਹੈ ਕਿ ''ਇਹ ਵਾਹਿਗੁਰੂ ਜੀ ਕਾ ਹੈ'' 'ਅਕਾਲੀ' ਤਾਂ ਉਸ ਅਮਰਪਦ ਪ੍ਰਾਪਤ ਕਰ ਚੁਕੇ ਮਾਨਵ ਦਾ ਪ੍ਰਤੀਕ ਹੈ, ਜਿਸ ਨੇ ਆਪਣੀ 'ਭੌਤਿਕਤਾ' ਨੂੰ ਪੂਰਨ ਰੂਪ ਵਿਚ ਆਤਮਾ ਦੇ ਅਧੀਨ ਕਰ ਦਿਤਾ ਹੈ। ਇਹ ਤਾਂ ਪ੍ਰੇਰਨਾ ਦੀ ਉਹ ਜੋਤੀ ਹੈ ਜੋ ਗੁਰਸਿਖਾਂ ਦੇ ਹਿਰਦਿਆਂ ਵਿਚ ਬਲ ਰਹੀ ਹੈ। ਜੋ ਮੌਤ ਅਤੇ ਉਦਾਸੀ ਨੂੰ ਛਾਲਾਂ ਮਾਰ ਕੇ ਪਾਰ ਕਰ ਜਾਂਦੀ ਹੈ ਅਤੇ ਜਨ-ਸਮੂਹ

ਦੇ ਭਵਿੱਖ ਨੂੰ ਉਜਿਆਰ ਜਾਂਦੀ ਹੈ।

'ਅਕਾਲੀ' ਦੀ ਆਤਮਾ ਆਪਣੇ ਤ੍ਰੈ-ਗੁਣ ਅਤੀਤ ਸਰੂਪ ਵਿਚ ਅਦੁੱਤੀ ਉਤਸ਼ਾਹ ਦੀ ਧਾਰਨੀ ਹੈ, ਇਹ ਆਪਣੇ ਆਦਰਸ਼ਵਾਦ ਵਿਚ ਪ੍ਰਜਵਲਿਤ ਹੈ ਅਤੇ ਆਪਣੇ ਸਿਧ ਪਧਰੇ ਰੂਪ ਵਿਚ ਇਹ ਮੌਤ ਨੂੰ ਪ੍ਰਾਜਿਤ ਕਰਕੇ ਉਸ ਉਤੇ ਵਿਜੇ ਪ੍ਰਾਪਤ ਕਰਨ ਲਈ ਨਿਰੰਤਰ ਸੰਘਰਸ਼ ਕਰਦੀ ਰਹਿੰਦੀ ਹੈ।

ਗੁਰੂ ਜੀ ਨੇ ਕਦੀ ਵੀ ਇਸ ਧਰਤ ਦੀ ਕਿਸੇ ਬਾਦਸ਼ਾਹਤ ਨੂੰ ਪ੍ਰਾਪਤ ਕਰਨ ਦਾ ਦਾਅਵਾ ਨਹੀਂ ਕੀਤਾ। ਇਸ ਲਈ 'ਅਕਾਲੀ' ਦੀ ਆਤਮਾ ਵਿਚ ਕੋਈ ਵੀ ਅਜਿਹੀ ਅਭਿਲਾਸ਼ਾ ਮੌਜੂਦ ਨਹੀਂ ਹੈ ਜੋ ਸਾਧਾਰਨ ਰੂਪ ਵਿਚ ਆਮ ਮਨੁੱਖਾਂ ਦੇ ਦਿਲਾਂ ਨੂੰ ਮਲੀ ਬੈਠੀ ਹੁੰਦੀ ਹੈ। ਗੁਰੂ ਜੀ ਨੇ ਕਿਸੇ ਵੀ ਉਚ ਜਾਤ, ਫਿਰਕੇ, ਖ਼ਾਨਦਾਨੀ ਕੁਲ-ਘਰਾਣੇ ਅਤੇ ਉਚ ਬੰਸ ਆਦਿ ਦੀ ਪਦਵੀ ਨੂੰ ਕਦੀ ਕੋਈ ਮਹੱਤਵ ਨਹੀਂ ਦਿਤਾ। ਖ਼ਾਲਸਾ ਦੇ ਪਿੱਤਰ ਜਾਂ ਬੰਸਾਵਲੀ ਤਾਂ ਦਲਿਤ, ਦਬੇ-ਢੱਠੇ ਤੇ ਤ੍ਰਿਸਕਾਰਿਤ ਲੋਕਾਂ ਨਾਲ ਜੁੜੀ ਹੋਈ ਹੈ। ਇਸ ਲਈ 'ਅਕਾਲੀ' ਵਿਚ ਕੋਈ ਅਜਿਹੀ ਉਚ-ਕੁਲੀਨ ਭਾਵਨਾ ਮੌਜੂਦ ਨਹੀਂ ਹੈ, ਜਿਹੋ ਜਿਹੀ ਕਿ ਰਾਜਪੂਤਾਂ ਵਿਚ ਹੁੰਦੀ ਸੀ, ਜੋ ਆਪਣੀ ਹੀ ਤਲਵਾਰ ਨਾਲ ਜੂਝ ਮਰਦੇ ਅਤੇ ਆਪਣੀਆਂ ਇਸਤਰੀਆਂ ਨੂੰ ਜੌਹਰ ਦੀ ਅਗਨੀ ਵਿਚ ਸਤੀ ਕਰ ਦਿੰਦੇ ਸਨ।

ਗੁਰੂ ਜੀ ਨੇ ਆਪਣੇ ਦਰਬਾਰ ਵਿਚ ਧਾਰਮਿਕ ਕਟੜਤਾ ਨੂੰ ਕਦੀ ਵੀ ਦਾਖ਼ਲ ਨਹੀਂ ਹੋਣ ਦਿਤਾ। ਸਿੱਖ ਦੇ ਖ਼ੂਨ ਵਿਚੋਂ ਹੀ ਧਾਰਮਿਕ ਵਹਿਮ-ਭਰਮ ਖ਼ਤਮ ਕਰ ਦਿਤੇ ਗਏ ਸਨ।

ਹਿੰਦੂ-ਮਤ ਤੇ ਜੈਨ-ਮਤ ਦੇ ਵਾਲ ਦੀ ਖਲ ਉਤਾਰਨ ਵਾਲੀਆਂ ਧਾਰਮਿਕ ਪਧਤੀਆਂ ਦੇ ਕਲੂਟੇ ਇੰਦਰਜਾਲ ਨੂੰ ਗੁਰੂ ਜੀ ਨੇ ਆਪਣੀ ਕਿਰਪਾਨ ਦੀ ਨੋਕ ਨਾਲ ਇਕ ਝਟਕੇ ਵਿਚ ਹੀ ਤਾਰ ਤਾਰ ਕਰ ਦਿਤਾ।

ਗੁਰੂ ਜੀ ਦੇ ਸਾਹਮਣੇ ਸਭ ਤੋਂ ਪ੍ਰਮੁਖ ਵਿਚਾਰ ਮਨੁੱਖੀ ਮਨ ਨੂੰ ਸੁਤੰਤਰ ਕਰਨ ਦਾ ਸੀ। ਗੁਰੂ ਜੀ ਨੇ ਦੇਵਾਂ ਤੇ ਵੇਦਾਂ ਦੀ ਮਾਨਸਿਕ ਗ਼ੁਲਾਮੀ ਤੋਂ ਲੋਕ-ਮਨਾਂ ਨੂੰ ਸੁਤੰਤਰ ਕਰ ਦਿਤਾ ਅਤੇ ਉਹਨਾਂ ਨੂੰ ਉਸਾਰੂ ਕਿਰਤ ਕਰਨ ਉਤੇ ਲਗਾ ਦਿਤਾ।

ਅਜ ਵੀ ਗੁਰੂ ਸਾਹਿਬ ਦੇ ਬਹੁਤ ਸਾਰੇ ਸਿੱਖ ਕਿਰਸਾਨ, ਰਾਜ ਮਿਸਤਰੀ, ਤਰਖਾਣ, ਸ਼ਿਲਪਕਾਰ ਅਤੇ ਇੰਜੀਨੀਅਰ ਹਨ ਜਿਹੜੇ ਆਪਣੇ ਆਪ ਨੂੰ ਸਰਮਾਏਦਾਰ, ਉਚ ਕੁਲ ਘਰਾਣੇ ਦੇ ਅਮੀਰ ਅਖਵਾਉਂਦੇ ਹਨ, ਉਹਨਾਂ ਨੇ ਆਪਣੇ ਆਪ ਨੂੰ ਗੁਰੂ ਜੀ ਦੇ ਰਚਨਾਤਮਕ ਕਿਰਤ ਕਰਨ ਵਾਲੇ ਮਹਾਨ ਭਾਈਚਾਰੇ ਦੀ ਕਿਰਤ, ਪ੍ਰੇਮ ਤੇ ਮੌਤ ਨੂੰ ਵਰਨ ਵਾਲੇ ਜਨ-ਸਮੂਹ ਤੋਂ ਵਖਰਾ ਕਰ ਲਿਆ ਹੈ।

ਸਿੱਖਾਂ ਨੂੰ ਜਿਸ ਤਰ੍ਹਾਂ ਕਿ ਇਸ ਜਨ-ਸਮੂਹ ਦਾ ਜਨਮ ਹੋਇਆ ਸੀ, ਸੰਸਾਰ ਤੋਂ ਵਖਰਾ ਰਹਿ ਕੇ ਆਤਮਕ ਤੌਰ 'ਤੇ ਉਨਤੀ ਕਰਨ ਦੇ ਅਵਸਰ ਪ੍ਰਦਾਨ ਕੀਤੇ ਜਾਂਦੇ ਤਾਂ ਉਹਨਾਂ ਦਾ ਸਮਾਜ ਅਜ ਸੰਸਾਰ ਦਾ ਸਰਵੋਤਮ ਸਮਾਜ ਹੁੰਦਾ।

ਕਿਸ ਸਮਾਜ ਵਿਚ ਉਸ ਦੀ ਖੇਤੀਬਾੜੀ, ਕਲਾ ਤੇ ਨਵ-ਆਬਾਦਕਾਰੀ ਦੀ ਮੂਲ ਪ੍ਰਵਿਰਤੀ ਨੇ ਦੈਵੀ ਤੌਰ 'ਤੇ ਆਵੇਸ਼ਗਤ ਪ੍ਰੇਰਨਾਸ਼ੀਲ ਕਿਰਤੀਆਂ ਤੇ ਸਨਅਤਾਂ ਦੇ ਸਮੂਹ ਵਿਚ ਫਲੀਭੂਤ ਹੋਣਾ ਸੀ।

ਪਰ ਇਹਨਾਂ ਦੇ ਅੰਦਰਲਾ ਬ੍ਰਾਹਮਣ-ਮਤ ਇਹਨਾਂ ਨੂੰ ਅੰਦਰੋਂ ਅੰਦਰ ਹੀ ਖਾਈ ਜਾ ਰਿਹਾ ਹੈ ਅਤੇ ਆਪਣੀ ਪਕੜ ਤੋਂ ਬਾਹਰ ਨਹੀਂ ਆਉਣ ਦਿੰਦਾ। ਆਪਣੇ ਜਨਮ-ਕਾਲ ਤੋਂ ਹੀ ਸੁਤੰਤਰਤਾ ਦੇ ਪ੍ਰੇਮ ਤੇ ਉਸ ਦੀ ਸੰਪੂਰਨ ਤੌਰ 'ਤੇ ਹੋ ਚੁਕੀ ਮਾਨਸਿਕ ਮੁਕਤੀ ਨੇ ਸਿੱਖ ਜਨ-ਸਮੂਹ ਨੂੰ ਰਾਜਨੀਤਕ ਤੌਰ 'ਤੇ ਮੁਗ਼ਲਾਂ ਵਿਰੁਧ ਸੰਘਰਸ਼ ਕਰਨ ਲਈ ਤਿਆਰ-ਬਰ-ਤਿਆਰ ਕਰ ਦਿਤਾ। ਉਸ ਕਾਲ ਵਿਚ ਖ਼ਾਲਸਾ ਮੌਤ ਦੇ ਜਬਾੜ੍ਹਿਆਂ ਵਿਚੋਂ ਸੁਰੱਖਿਅਤ ਬਚ ਨਿਕਲਿਆ ਸੀ। ਅਜ ਵੀ ਇਸ ਜਨ-ਸਮੂਹ ਉਤੇ ਬੜੀ ਆਸ ਰਖੀ ਜਾ ਸਕਦੀ ਹੈ। ਹਾਲੀ ਸਭ ਕੁਝ ਬਰਬਾਦ ਨਹੀਂ ਹੋਇਆ ਹੈ। ਉਸ ਸਮੇਂ ਦੇ ਸਿੱਖ ਬੜੇ ਸ਼ਕਤੀਸ਼ਾਲੀ ਮਨੁੱਖ ਸਨ। ਉਹ ਪਰਬਤ ਵਰਗੇ ਵੱਡ-ਆਕਾਰੀ ਵਿਅਕਤੀਤਵ ਦੇ ਸਵਾਮੀ ਸਨ, ਭਾਵੇਂ ਉਹਨਾਂ ਦਾ ਬਾਹਰਮੁਖੀ ਰੰਗ ਰੂਪ ਕਾਲੇ ਚੂਨੇ ਪੱਥਰ ਵਾਂਗ ਖੁਰਦਰਾ ਤੇ ਅਥਰਾ ਸੀ, ਪਰ ਉਹਨਾਂ ਦੇ ਅੰਦਰੋਂ ਮਨੁੱਖੀ ਹਮਦਰਦੀ ਦੇ ਦੁੱਧ ਅੰਮ੍ਰਿਤ ਦੇ ਚਸ਼ਮੇ ਆਪ ਮੁਹਾਰੇ ਹੀ ਵਹਿ ਤੁਰੇ ਸਨ, ਜਿਨ੍ਹਾਂ ਨੇ ਇਸ ਧਰਤੀ ਨੂੰ ਉਪਜਾਊ ਬਣਾ ਦਿਤਾ ਸੀ। ਪ੍ਰਭੂ ਦੇ ਨਾਮ ਦੁਆਰਾ ਉਹ ਤ੍ਰੈ-ਗੁਣ ਅਤੀਤ ਅਵਸਥਾ ਨੂੰ ਪਹੁੰਚੇ ਹੋਏ ਸਨ ਅਤੇ ਸ਼ਬਦ ਸਰੂਪ ਦੁਆਰਾ ਜਿਹੜੀ ਦੈਵੀ ਆਤਮਾ ਉਹਨਾਂ ਦੇ ਅੰਦਰ ਪ੍ਰਵੇਸ਼ ਕਰ ਚੁਕੀ ਸੀ, ਉਸ ਲਈ ਤਾਂ ਅਰਸ਼ ਤੇ ਕੁਰਸ਼ ਦੋਵੇਂ ਹੀ ਜਾਚਕ ਤੇ ਇਛੁਕ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਨੇਤਰਫੋਰ ਵਿਚ ਉਹਨਾਂ ਨੂੰ ਸੰਪੂਰਨਤਾ ਦੀ ਦਾਤ ਬਖ਼ਸ਼ ਦਿਤੀ ਸੀ। ਇਕੋ ਛਿਣ ਵਿਚ ਉਹਨਾਂ ਨੂੰ ਗੁਰੂ ਨੇ ਮਹਾਨ ਬਣਾ ਦਿਤਾ ਸੀ ਅਤੇ ਇਕ ਛੁਹ ਮਾਤਰ ਤੇ ਮਿਹਰ ਦੀ ਤੱਕਣੀ ਦੁਆਰਾ ਉਹਨਾਂ ਨੂੰ ਪਵਿੱਤਰ-ਪੁਨੀਤ ਕਰ ਦਿਤਾ ਸੀ। ਉਹਨਾਂ ਦੀਆਂ ਪ੍ਰਜਵਲਿਤ ਮਿਸਾਲਾਂ ਨੂੰ ਤੱਕ ਕੇ ਪੰਜਾਬ ਦਾ ਸਾਧਾਰਣ ਕਿਰਸਾਨ ਵੀ ਸੰਤ ਤੇ ਦੇਵਤਾ ਬਣ ਗਿਆ ਸੀ, ਕਿਉਂਜੋ ਗੁਰੂ ਗੋਬਿੰਦ ਸਿੰਘ ਜੀ ਦੇ ਹਿਰਦੇ ਵਿਚੋਂ ਉਹਨਾਂ ਦੇ ਦਿਲਾਂ ਵਿਚ ਅਨੰਤ ਆਤਮਾ ਦੀ ਬਹੁਲਤਾ ਨੂੰ ਭਰ ਦਿਤਾ ਗਿਆ ਸੀ। ਇਸ ਤੋਂ ਵੱਡੀ ਹੋਰ ਕਿਹੜੀ ਕਰਾਮਾਤ ਹੋ ਸਕਦੀ ਹੈ ਕਿ ਗੁਰੂ ਅਵਤਾਰ ਨੇ ਉਹਨਾਂ ਨੂੰ ਆਪਣਾ ਹੀ ਨਿਜ ਅਰਥਾਤ ਖ਼ਾਸ ਸਰੂਪ ਪ੍ਰਦਾਨ ਕਰ ਦਿਤਾ ਸੀ ? 'ਵਾਹੁ-ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ।' ਗੁਰੂ ਤੇ ਸਿੱਖ ਇਕ ਰੂਪ ਹੋ ਗਏ ਸਨ। ਇਸ ਪ੍ਰਕਾਰ ਇਸ ਗ਼ੁਲਾਮ ਦੇਸ਼ ਵਿਚ ਇਤਿਹਾਸ ਦੇ ਇਕ ਯੁਗ ਵਿਚ ਅਜਿਹੇ ਸੁਹਿਰਦ ਪੁਰਸ਼ ਪੈਦਾ ਹੋਏ, ਜਿਨ੍ਹਾਂ ਦੀ ਬਹੁ-ਗਿਣਤੀ ਨੇਕੀ ਅਤੇ ਨਿਰਸੁਆਰਥ ਭਾਵਨਾ ਨਾਲ ਭਰਪੂਰ ਸੀ। ਇਹਨਾਂ ਸੰਤ-ਸਿਪਾਹੀਆਂ ਨੇ ਪ੍ਰਭੂ ਦੀ ਖ਼ਾਤਰ ਹਜ਼ਾਰਾਂ ਦੀ ਗਿਣਤੀ ਵਿਚ ਆਪਣੀਆਂ ਜਾਨਾਂ ਨਿਸ਼ਕਾਮ ਰੂਪ ਵਿਚ ਆਤਮ-ਤਿਆਗ ਕਰਦਿਆਂ ਹੋਇਆਂ, ਦੂਜਿਆਂ ਦੀ ਭਲਾਈ ਤੇ ਰੱਖਿਆ ਵਾਸਤੇ ਨਿਛਾਵਰ ਕਰ ਦਿਤੀਆਂ। ਇਸ ਗੱਲ ਨੇ ਸਾਰੇ ਸਿੱਖ ਇਤਿਹਾਸ ਨੂੰ ਨੇਕੀ ਤੇ ਲੋਕ ਭਲਾਈ ਦੇ ਕਰਤਵਾਂ ਨੂੰ ਸਾਖਿਆਤ

ਕਰ ਦੇਣ ਵਾਲਾ ਅਦੁਤੀ ਪ੍ਰਮਾਣ ਬਣਾ ਦਿਤਾ।

ਇਕ ਸਿੱਖ ਲਈ ਕੁਝ ਵਿਸ਼ੇਸ਼ ਭਾਰਤੀ ਸੰਪਰਦਾਵਾਂ ਦੇ ਵਿਪਰੀਤ ਪ੍ਰਭੂ ਦਾ ਨਾਮ ਸਿਮਰਨ ਪ੍ਰਭੂ ਦੇ ਕਿਸੇ ਅਖੌਤੀ ਨਾਮ ਨੂੰ ਭਾਵਨਾ ਰਹਿਤ ਰਟਣ ਦਾ ਨਾਮ ਨਹੀਂ ਹੈ। ਗੁਰੂ ਗੋਬਿੰਦ ਸਿੰਘ ਦਾ ਕਥਨ ਹੈ ਕਿ 'ਜੇ ਪ੍ਰਭੂ ਦਾ ਨਾਮ ਰਟਣ ਨਾਲ ਹੀ ਮੁਕਤੀ ਮਿਲਦੀ ਹੈ ਤਾਂ ਪੂਦਨਾ (ਪੰਛੀ), ਜੋ ਨਿਤ 'ਤੂੰ ਹੀ, ਤੂੰ ਹੀ' ਅਲਾਪਦਾ ਰਹਿੰਦਾ ਹੈ—ਮੁਕਤੀ ਨੂੰ ਪ੍ਰਾਪਤ ਕਿਉਂ ਨਹੀਂ ਕਰ ਸਕਿਆ ?'' ਉਹਨਾਂ ਦੇ ਉਤਸ਼ਾਹ ਪੂਰਵਕ ਸਿੱਖ ਇਤਿਹਾਸ ਦੇ ਕਾਰਨਾਮੇ ਪ੍ਰਭੂ ਦੇ ਅਨੁਭਵ ਨਾਲ ਭਰਪੂਰ ਉਹਨਾਂ ਦੇ ਆਤਮਕ ਅਨੁਭਵ ਦੀ ਦੇਣ ਹਨ, ਜੋ ਉਹਨਾਂ ਦੇ ਅੰਦਰੋਂ ਕਾਂਗ ਉਛਾਲਿਆਂ ਵਾਂਗ ਪ੍ਰਵਾਹਿਤ ਹੁੰਦਾ ਰਿਹਾ ਹੈ। ਉਹਨਾਂ ਦੀ ਬੀਰਤਾ ਤਾਂ ਓਰਲਿਅਨ ਦੀ ਕੁਮਾਰੀ ਦੇ ਬੀਰ ਕਾਰਨਾਮਿਆਂ ਦੀ ਨਿਆਈਂ ਹੈ। ਜਿਸ ਬਾਰੇ ਮਹਾਨ ਨਿਤਸ਼ੇ ਇਹ ਕਥਨ ਕਰਦਾ ਹੈ, ''ਆਤਮ-ਸਤਾ ਦਾ ਦੈਵੀ ਪ੍ਰਵਾਹ ਚਲ ਰਿਹਾ ਸੀ।'' ਨਾਮ ਤਾਂ ਪ੍ਰਭੂ ਦਾ ਉਹ ਨਿਜ ਸਰੂਪ ਹੈ, ਜੋ ਇਕ ਬ੍ਰਹਿਮੰਡ ਦੇ ਰੂਪ ਵਿਚ ਅਨੰਤ ਵਿਚੋਂ ਘੜ ਤੇ ਤਰਾਸ਼ ਲਿਆ ਜਾਂਦਾ ਹੈ ਅਤੇ ਇਸ ਬ੍ਰਹਿਮੰਡ ਦੇ ਕੇਂਦਰ ਵਿਚ ਮਨੁੱਖ ਦੀ ਆਤਮਾ ਜਗਮਗਾ ਉਠਦੀ ਹੈ।

ਗੁਰੂ ਗੋਬਿੰਦ ਸਿੰਘ ਜੀ ਦੇ ਰੂਪ ਵਿਚ ਉਹਨਾਂ ਨੇ ਆਪਣੇ ਨਿਜੀ ਪ੍ਰਭੂ ਨੂੰ ਸਰਗੁਣ ਸਰੂਪ ਵਿਚ ਰੂ-ਬ-ਰੂ ਹੋ ਕੇ ਤੱਕ ਲਿਆ ਸੀ। ਜਿਵੇਂ ਕਿਸੇ ਨਵਜਾਤ ਬਾਲ ਦੀ ਹਾਲਤ ਵਿਚ ਹੁੰਦਾ, ਗੁਰੂ ਦੇ ਸਿੱਖਾਂ ਨੂੰ ਨਾ ਤਾਂ ਮੌਤ ਦਾ ਗਿਆਨ ਸੀ, ਨਾ ਹੀ ਪਦਾਰਥ ਤੇ ਮਨੁੱਖ ਹਥੋਂ ਹੋ ਰਹੇ ਜ਼ੁਲਮ ਦਾ ਬੋਧ ਸੀ। ਗੁਰੂ ਗੋਬਿੰਦ ਸਿੰਘ ਦੇ ਰੂਪ ਵਿਚ ਉਹਨਾਂ ਨੇ ਪ੍ਰੇਮ, ਅੰਤਰ-ਦ੍ਰਿਸ਼ਟੀ, ਜੀਵਨ ਦੀ ਉਚਤਾ ਤੇ ਉਹਨਾਂ ਦੀ ਪ੍ਰਤਿਭਾ ਨੂੰ ਜਾਣ ਲਿਆ ਸੀ। ਗੁਰੂ ਦੇ ਸਿੱਖਾਂ ਲਈ ਇਨਾਂ ਕੁਝ ਹੀ ਕਾਫੀ ਸੀ ਤੇ ਕਈ ਸੌ ਹੋਰ ਸ਼ਤਾਬਦੀਆਂ ਤਕ ਇਤਨਾਂ ਕੁਝ ਹੀ ਕਾਫੀ ਹੈ।

ਤਤਕਾਲ ਨਿਮਾਣੀ ਜਿਹੀ ਪੰਜਾਬੀ ਉਪ-ਭਾਸ਼ਾ ਵਿਚੋਂ ਹੀ ਅਨੰਦਪੁਰ ਸਾਹਿਬ ਦੇ ਅਕਾਲੀ ਕੈਂਪਾਂ ਵਿਚੋਂ ਇਕ ਨਵੀਂ ਜਾਨਦਾਰ ਭਾਸ਼ਾ ਦਾ ਜਨਮ ਹੋਇਆ। ਇਹ ਅਕਾਲੀ ਪ੍ਰਭੂ ਨੂੰ ਕਿਰਪਾਨ ਨਾਲ ਨਮਸਕਾਰ ਕਰਦੇ ਸਨ ਅਤੇ ਧਰਤੀ ਉਤੇ ਇਵੇਂ ਮਟਕ ਨਾਲ ਚਲਦੇ ਸਨ, ਜਿਵੇਂ ਇਹ ਪ੍ਰਿਥਵੀ ਉਹਨਾਂ ਦੀ ਘੋੜੀ ਹੋਵੇ ਤੇ ਉਹ ਇਸ ਉਤੇ ਸਵਾਰੀ ਕਰ ਰਹੇ ਹੋਣ। ਇਸ ਸਾਰੀ ਜਾਤੀ ਦੇ ਮਨ ਦੇ ਸਰੂਪ ਬਾਰੇ ਉਹਨਾਂ ਕੁਝ ਸ਼ਬਦਾਂ ਤੇ ਅਖੌਤਾਂ ਤੇ ਮੁਹਾਵਰਿਆਂ ਤੋਂ ਪਤਾ ਲਗਦਾ ਹੈ, ਜਿਨ੍ਹਾਂ ਦੀ ਘਾੜਤ ਅਕਾਲੀ ਸਿੰਘਾਂ ਨੇ ਘੜੀ ਸੀ ਤੇ ਜਿਨ੍ਹਾਂ ਦੀ ਉਹ ਵਰਤੋਂ ਕਰਦੇ ਸਨ। ਇਹਨਾਂ ਵਿਚੋਂ ਬਹੁਤ ਥੋੜ੍ਹੇ ਸ਼ਬਦ ਜਾਂ ਬੋਲੇ ਹੀ ਸਾਡੇ ਤਕ ਪੁਜੇ ਹਨ। ਸ਼ੋਕ ਦੀ ਗੱਲ ਹੈ ਕਿ ਅਜ ਅਕਾਲੀਆਂ ਦਾ ਉਹ ਸਰੂਪ ਨਹੀਂ ਰਿਹਾ। ਉਹਨਾਂ ਦੇ ਬੋਲੇ ਵੀ ਹੁਣ ਪ੍ਰਚਲਿਤ ਨਹੀਂ ਰਹੇ ਤੇ ਉਹਨਾਂ ਦਾ ਆਤਮਕ ਅਨੁਭਵ ਵਾਲਾ ਤੇਜਸਵੀ ਸਰੂਪ ਵੀ ਮਧਮ ਪੈ ਗਿਆ ਹੈ। ਅਮੀਰ ਸਿੱਖ ਸਰਦਾਰ ਤੇ ਰਿਆਸਤਾਂ ਦੇ ਰਾਜੇ ਕਰ ਉਗਰਾਉਣ ਵਾਲੇ ਸੁਆਰਥੀ ਲੋਕ ਉਹਨਾਂ ਭਰਮ ਭੁਲੇਖਿਆਂ ਦਾ ਸ਼ਿਕਾਰ ਹੋ ਗਏ ਹਨ, ਜਿਨ੍ਹਾਂ ਦੁਆਰਾ ਹਰ ਧਰਮ ਦਾ ਪਤਨ

ਹੋ ਜਾਂਦਾ ਹੈ। ਪਰ ਸਿੱਖਾਂ ਦੀ ਆਤਮਾ ਤਾਂ ਅਬਿਨਾਸ਼ੀ ਤੇ ਸਦਾ ਅਮਰ ਹੈ। ਇਹ ਫਿਰ ਜਾਗੇਗੀ। ਗੁਰੂ ਗੋਬਿੰਦ ਸਿੰਘ ਦੀ ਅਕਾਲ ਸੈਨਾ ਦੀ ਉਹ ਆਤਮਕ ਚੜ੍ਹਦੀਕਲਾ ਭਾਵੇਂ ਅਜ ਦਿਖਾਈ ਨਹੀਂ ਦਿੰਦੀ, ਪਰ ਹਾਲੀ ਵੀ ਉਸ ਦੀ ਨਿੰਮੀ ਜਿਹੀ ਦੂਰ ਦੀ ਝਲਕ ਨਜ਼ਰੀਂ ਪੈ ਜਾਂਦੀ ਹੈ। ਇਹਨਾਂ ਅਕਾਲੀ ਸਿੰਘਾਂ ਦੇ ਸ਼ਕਤੀਸ਼ਾਲੀ ਓਝ ਨੂੰ ਦ੍ਰਿਸ਼ਟੀਗੋਚਰ ਕਰਕੇ ਅਜ ਵੀ ਹੈਰਾਨ ਰਹਿ ਜਾਈਦਾ ਹੈ, ਕਿ ਇਹ ਵਿਅਕਤੀ ਕਿਡੀ ਵੱਡੀ ਸ਼ਕਤੀ ਦੇ ਸਵਾਮੀ ਸਨ। ਕੋਈ ਵੀ ਅਕਾਲੀ 'ਮੈਂ' ਦਾ ਇਕ-ਵਚਨ ਸ਼ਬਦ ਆਪਣੇ ਲਈ ਪ੍ਰਯੋਗ ਨਹੀਂ ਸੀ ਕਰਦਾ, ਸਗੋਂ ਉਹ ਆਪਣੇ ਆਪ ਨੂੰ 'ਗੁਰੂ ਸਾਹਿਬ ਦੀਆਂ ਫ਼ੌਜਾਂ' ਕਹਿ ਕੇ ਸੰਬੋਧਿਤ ਕਰਦਾ ਸੀ। ਸਿੱਖ ਦਾ ਗੁਰੂ ਗੋਬਿੰਦ ਸਿੰਘ ਜੀ ਨੇ 'ਸਿੰਘ' ਦੇ ਰੂਪ ਵਿਚ ਨਵਾਂ ਨਾਮਕਰਨ ਕੀਤਾ। ਹਰ ਸਿੱਖ ਦੇ ਨਾਮ ਦੇ ਪਛੇਤਰ ਵਜੋਂ 'ਸਿੰਘ' ਸ਼ਬਦ ਨੂੰ ਜੋੜ ਕੇ ਅਕਾਲੀਆਂ ਦੇ ਜਨਮਦਾਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਜਨ-ਸਮੂਹ ਨੂੰ ਬਿਨਾਂ ਕਿਸੇ ਜਾਤ ਦੇ ਵਰਣ-ਭੇਦ ਦੇ ਵਿਤਕਰੇ ਦੇ ਇਕ ਵਿਸ਼ਾਲ ਜਨ-ਸਮੂਹ ਦੇ ਰੂਪ ਵਿਚ ਸੰਗਠਿਤ ਕਰ ਦਿਤਾ। ਗੁਰੂ ਜੀ ਲਈ ਸਿੱਖ ਦੇ ਅੰਤਰੀਵ ਜੋਸ਼ ਤੇ ਉਤਸ਼ਾਹ ਨੂੰ ਇਕ ਆਦਰਸ਼ਵਾਦ ਦੇ ਰੂਪ ਵਿਚ ਸਾਕਾਰ ਕਰਨ ਲਈ ਹੀ ਤੀਰ, ਤੁਪਕ, ਕਿਰਪਾਨ ਤੇ ਚਕਰ ਆਦਿ ਦੇ ਚਿਨ੍ਹ ਵਰਤੇ ਗਏ ਸਨ। ਆਪਣੀ ਅਰਦਾਸ ਵਿਚ ਜੁੜਨ ਸਮੇਂ ਅਕਾਲੀ ਕੁਦਰਤ ਨਾਲ ਇਕਸੁਰ ਹੁੰਦਾ ਹੈ। ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਅਰਦਾਸ ਕਰਨ ਸਮੇਂ ਬ੍ਰਿਛ ਵੀ ਉਸ ਦੇ ਨਾਲ ਖੜ੍ਹੇ ਹਨ ਅਤੇ ਪਰਬਤਾਂ ਦੀਆਂ ਧੌਲਾਧਾਰ ਚੋਟੀਆਂ ਵੀ ਉਸ ਦੇ ਨਾਲ ਹੀ ਨਮਸਕਾਰ ਕਰਦੀਆਂ ਹਨ। ਉਸ ਦੇ ਪ੍ਰਭੂ-ਰੰਗ ਵਿਚ ਰੰਗੇ ਮਨ ਦੇ ਨਾਲ ਹੀ ਭਾਵਾਂ-ਰਤੇ ਸੰਗੀਤ ਵਿਚ ਅਰਸ਼ਾਂ ਦੇ ਤਾਰੇ ਵੀ ਉਸ ਦੇ ਨਾਲ ਹੀ ਥਰਥਰਾ ਉਠਦੇ ਹਨ। ਉਸ ਦੀ ਆਤਮਾ ਵਿਚੋਂ ਬੱਦਲਾਂ ਦੀ ਗਰਜ ਸੁਣਾਈ ਦਿੰਦੀ ਹੈ। ਇੰਜ ਜਾਪਦਾ ਹੈ, ਜਿਵੇਂ ਪ੍ਰਕ੍ਰਿਤੀ ਖ਼ੁਸ਼ੀ ਵਿਚ ਖੀਵੀ ਹੋ ਕੇ ਤਾੜੀਆਂ ਮਾਰ ਰਹੀ ਹੋਵੇ। ਇੰਜ ਲਗਦਾ ਹੈ, ਜਿਵੇਂ ਪਰਬਤਾਂ ਦੀ ਆਤਮਾ ਵੀ ਦਸਮ ਗੁਰੂ ਦੇ 'ਸਤਿ ਸ੍ਰੀ ਅਕਾਲ' ਦਾ ਗਾਇਨ ਕਰ ਰਹੀ ਹੋਵੇ। ਜਦੋਂ ਵੀ ਗੁਰੂ ਦੇ ਸਿੰਘ ਇਕ ਦੂਜੇ ਨਾਲ ਮਿਲਦੇ ਹਨ ਤਾਂ ਉਹ ਦਸਮ ਗੁਰੂ ਦੇ ਇਸੇ ਜੈਕਾਰੇ ਨੂੰ ਉਚਾਰਦੇ ਹਨ।

ਵਾਹਿਗੁਰੂ ਜੀ ਕਾ ਖ਼ਾਲਸਾ
ਵਾਹਿਗੁਰੂ ਜੀ ਕੀ ਫ਼ਤਹਿ।।

ਅਕਾਲ ਪੁਰਖ ਅਸੀਂ ਤੇਰੇ ਹਾਂ। ਖ਼ਾਲਸਾ ਵੀ ਤੇਰਾ ਹੈ, ਉਸ ਦੀ ਫਤਹਿ ਵੀ ਤੇਰੀ ਹੈ ਤੇ ਉਸ ਦੀ ਸ਼ਾਨ ਵੀ ਤੇਰੀ ਹੀ ਹੈ। ਗੁਰੂ ਜੀ ਦੀ ਜੈ-ਜੈਕਾਰ ਹੋਵੇ।

ਗੁਰੂ ਗੋਬਿੰਦ ਸਿੰਘ ਜੀ ਵਲੋਂ ਰਚੇ ਗਏ ਇਸ ਮੰਤਰ ਨੇ ਮਨੁੱਖਾ-ਸਰੀਰ ਦੀ ਕਾਇਆ ਕਲਪ ਕਰਕੇ ਰਖ ਦਿਤੀ।

ਅਕਾਲੀ ਸਿੰਘਾਂ ਨੇ ਥੋੜ੍ਹੀ ਗਿਣਤੀ ਵਿਚ ਹੁੰਦਿਆਂ ਹੋਇਆਂ ਵੀ ਨੰਗੇ ਭੁੱਖੇ ਰਹਿ ਕੇ ਮੁਗ਼ਲ ਸਲਤਨਤ ਦੀਆਂ ਬੱਜਰ ਫਸੀਲਾਂ ਦਾ ਮਸਤ ਹਾਥੀਆਂ ਵਾਂਗ

ਟਾਕਰਾ ਕੀਤਾ। ਉਹਨਾਂ ਕੋਲ ਲੜਨ ਲਈ ਹੋਰ ਕੁਝ ਵੀ ਨਹੀਂ ਕੇਵਲ ਆਪਣੇ ਸਿਰ ਹੀ ਸਨ। ਉਹ ਸਲਤਨਤਾਂ ਨੂੰ 'ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਨਾਲ ਹੀ ਜਿਤਣਾ ਚਾਹੁੰਦੇ ਸਨ। ਉਹਨਾਂ ਨੇ ਅਕਾਲ ਪੁਰਖ ਦੀ ਹੋਂਦ ਨੂੰ ਸਾਖਿਆਤ ਜਾਣ ਕੇ 'ਵਾਹਿਗੁਰੂ' ਦਾ ਨਾਮ ਜਪਦਿਆਂ ਹੋਇਆਂ ਲੋਕਾਂ ਦੇ ਦਿਲਾਂ ਨੂੰ ਜਿਤ ਲਿਆ ਸੀ। ਉਹਨਾਂ ਦਾ ਇਹ ਉਤਸ਼ਾਹ ਤੇ ਜੋਸ਼ ਅਦੁਤੀ ਅਤੇ ਮਹਾਨ ਸੀ। ਸਭ ਚਿੰਤਕਾਂ ਦੇ ਮਨਾਂ ਵਿਚ ਇਹ ਗੱਲ ਬੜੀ ਸਪਸ਼ਟ ਹੋਣੀ ਚਾਹੀਦੀ ਸੀ ਕਿ ਮਨੁੱਖੀ ਸੁਤੰਤਰਤਾ ਦੀ ਧਾਰਨਾ ਵਿਚ ਅਕਾਲੀ ਸਿੰਘਾਂ ਦੀ ਇਹ ਭਾਵਨਾ ਆਧੁਨਿਕ ਸੁਭਾ ਵਾਲੀ ਸੀ। ਇਹਨਾਂ ਦੇ ਛੋਟੇ ਦਿਲਾਂ ਵਿਚ ਪ੍ਰਚੰਡ ਅਗਨੀ ਪ੍ਰਜਵਲਿਤ ਸੀ। ਜਿਸ ਨੇ ਇਹਨਾਂ ਨੂੰ ਬੇਚੈਨ ਕਰ ਦਿਤਾ ਸੀ ਤੇ ਹੁਣ ਇਹ ਮਹਾਂ-ਮਾਨਵ ਉਸ ਹਿੰਦੂ ਸਮਾਜ ਨਾਲ ਰਲਣਾ ਨਹੀਂ ਸਨ ਚਾਹੁੰਦੇ, ਜਿਸ ਵਿਚੋਂ ਕਿ ਇਹ ਉਤਪੰਨ ਹੋਏ ਸਨ। ਦੂਜੇ ਬੰਨੇ ਮੁਸਲਮਾਨਾਂ ਵਿਰੁੱਧ ਇਹਨਾਂ ਸੰਤ-ਪੁਰਸ਼ਾਂ ਨੂੰ ਸੰਘਰਸ਼ ਕਰਨਾ ਪਿਆ, ਜਿਸ ਦਾ ਅਰਥ ਕੇਵਲ ਆਪਣਾ ਸਵਾਰਥ ਹੀ ਹੋ ਸਕਦਾ ਸੀ।

ਸਿੱਖਾਂ ਕੋਲ ਆਪਣੇ ਜੀਵਨ ਤੋਂ ਬਿਨਾਂ ਹੋਰ ਕੁਝ ਵੀ ਦੇਣ ਲਈ ਨਹੀਂ ਸੀ। ਭਾਵੇਂ ਉਹ ਵੇਖਣ ਨੂੰ ਬੜਾ ਸਿਧ ਪਧਰਾ ਤੇ ਅਥਰਾ ਜਿਹਾ ਜਾਪਦਾ ਹੈ, ਪਰ ਦਿਲ ਦਾ ਉਹ ਬੜਾ ਸੁੱਚਾ ਤੇ ਸੁਹਿਰਦ ਹੈ। ਬੁਧੀ ਉਸ ਲਈ ਬਹੁਤਾ ਅਰਥ ਨਹੀਂ ਰਖਦੀ, ਨਾ ਹੀ ਉਹ ਇਸ ਦੇ ਚਮਤਕਾਰਾਂ ਦੀ ਘੋਖ-ਪਰਖ ਹੀ ਕਰ ਸਕਦਾ ਹੈ। ਭਾਵੇਂ ਉਹ ਗਿਆਨਵਾਨ ਨਹੀਂ, ਪਰ ਉਹ ਨਿਰਭੈ ਹੋ ਕੇ ਆਪਣੇ ਉਸ ਸਰੀਰ ਦਾ ਬਲੀਦਾਨ ਕਰ ਸਕਦਾ ਹੈ; ਜਿਸ ਨੂੰ ਕਿ ਵਿਦਵਾਨ ਲੋਕ ਤੇ ਅਖੌਤੀ ਸੰਤ-ਪੁਰਸ਼ ਵੀ ਊਨੀ ਤੇ ਸੂਤੀ ਬਸਤਰਾਂ ਵਿਚ ਸਾਂਭ ਸਾਂਭ ਕੇ ਰਖਦੇ ਹਨ। ਖ਼ਤਰੇ ਦੇ ਸਮੇਂ ਉਸ ਦੇ ਇਸ ਸੈਨਿਕਾਂ ਵਾਲੇ ਗੁਣ ਦੇ ਟਾਕਰੇ ਵਿਚ ਇਹ ਸਵਾਰਥੀ ਦੁਨੀਆਂ ਦੇ ਹੋਰ ਸਾਰੇ ਗੁਣ ਭਰਮਾਊ, ਝੂਠੇ ਗਹਿਣਿਆਂ ਤੇ ਖਿਡੌਣਿਆਂ ਸਮਾਨ ਹਨ। ਅਜ ਵੀ ਇਸ ਪਤਨਸ਼ੀਲ ਦਸ਼ਾ ਵਿਚ ਵੀ ਸਿੱਖ ਕਸ਼ਟਾਂ ਨੂੰ ਘਰਾਂ ਵਿਚ ਅਤੇ ਜੇਲ੍ਹਾਂ ਵਿਚ ਝਲ ਰਹੇ ਹਨ, ਪਰ ਉਹਨਾਂ ਦੇ ਹਿਰਦਿਆਂ ਉਤੇ ਨਾਮ ਦੇ ਸੰਗੀਤ ਦੀ ਚਮਕ ਦਿਖਾਈ ਦਿੰਦੀ ਹੈ। ਉਹ ਕਿਸ ਲਈ ਕਸ਼ਟ ਉਠਾ ਰਿਹਾ ਹੈ ? ਕੇਵਲ ਇਸ ਲਈ ਕਿ ਉਹਨਾਂ ਦੇ ਗੁਰਧਾਮਾਂ ਦੇ ਪ੍ਰਬੰਧ ਵਿਚ ਸਵੱਛਤਾ ਆ ਸਕੇ। ਭਾਵੇਂ ਸਿੱਖ ਅਨਪੜ੍ਹ, ਝਗੜਾਲੂ ਤੇ ਬੜਾ ਅਥਰਾ ਹੈ, ਪਰ ਸਾਰੀ ਸਿੱਖ ਸੰਗਤ ਦੇ ਸੀਨੇ ਵਿਚ ਗੁਰੂ ਜੀ ਦੇ ਆਦਰਸ਼ ਲਈ ਪ੍ਰੇਮ ਦੀ ਜੋਤ ਜਗ ਰਹੀ ਹੈ, ਇਸ ਵਿਚ ਪ੍ਰਾਰਥਨਾ ਵਾਲੀ ਪਵਿਤਰਤਾ ਤੇ ਪੂਰਨਤਾ ਦੀ ਤਾਂਘ ਮੌਜੂਦ ਹੈ। ਭਾਵੇਂ ਉਹ ਪਦਾਰਥ ਦੀ ਪਕੜ ਵਿਚ ਜਕੜਿਆ ਪਿਆ ਹੈ, ਫਿਰ ਵੀ ਉਸ ਵਿਚ ਉਪਰ ਨੂੰ ਜਾਣ ਵਾਲੀ ਪ੍ਰਭੂ-ਮੁਖੀ ਪ੍ਰਵਿਰਤੀ ਮੌਜੂਦ ਹੈ ਜੋ ਕਿ ਇਕ ਮਨੁੱਖ ਲਈ ਸੱਚੀ ਮੁਲਵਾਨ ਵਸਤੂ ਹੁੰਦੀ ਹੈ। ਇਸ ਡਰਾਉਣੇ ਤੇ ਵਿਸ਼ਾਲ ਸੰਸਾਰ ਵਿਚ, ਜਿਸ ਵਿਚ ਮਨੁੱਖੀ ਹੋਣੀ ਦਾ ਰਹੱਸ ਅਮਿਤ ਤੇ ਇਕ ਨਿਰਜਿੰਦ ਪੱਥਰ ਦੇ ਬੁੱਤ ਸਮਾਨ ਹੈ—ਵਿਚ ਸਿੱਖ ਦਾ ਜੀਵਨ ਆਤਮ-ਸੰਤੁਸ਼ਟ ਤੇ ਗਿਣਤੀ ਦੇ ਟੀਚਿਆਂ ਤਕ ਸੀਮਿਤ ਹੈ। ਵਰਤਮਾਨ ਕਾਲ ਦੇ ਪੰਜਾਬ ਦੇ ਸਿੱਖਾਂ ਵਿਚ ਆਪਣੇ ਗੁਰਧਾਮਾਂ ਵਿਚੋਂ

ਕੂੜ-ਕੁਸਤਿ ਦੇ ਗੰਦ-ਮੰਦ ਨੂੰ ਕੱਢਣ ਲਈ ਕਰੋਮਵੈਲ ਵਾਲੀ ਭਾਵਨਾ ਵਿਆਪਕ ਹੈ, ਜਿਸ ਭਾਵਨਾ ਨਾਲ ਪੰਜਾਬ ਦਾ ਸਿਧ ਪਧਰਾ ਸਿੱਖ ਇਸ ਸਮੇਂ ਜਾਗ ਪਿਆ ਹੈ, ਉਹੋ ਜਿਹੀ ਅਦੁੱਤੀ ਭਾਵਨਾ ਭਾਰਤੀ ਜਾਤੀ ਦੇ ਇਤਿਹਾਸ ਦੇ ਕਿਸੇ ਭਾਗ ਵਿਚ ਵੀ ਦ੍ਰਿਸ਼ਟੀਗੋਚਰ ਨਹੀਂ ਹੋਈ।

ਕੀ ਸਿੱਖਾਂ ਦੇ ਮਨਾਂ ਦੀ ਇਹ ਪਵਿੱਤਰ ਭਾਵਨਾ ਜੋ ਉਹਨਾਂ ਵਿਚ ਇਸ ਬਲਵਾਨ ਇਛਾ-ਸ਼ਕਤੀ ਨੂੰ ਜਗਾਉਂਦੀ ਹੈ ਕਿ ਗੁਰਧਾਮਾਂ ਦੇ ਪਵਿੱਤਰ ਵਾਤਾਵਰਨ ਨੂੰ ਗੁਰੂ ਸਾਹਿਬਾਨ ਦੀ ਯਾਦ ਵਿਚ ਦੈਵੀ-ਸਰੂਪ ਵਾਲਾ ਹੀ ਰਖਿਆ ਜਾਵੇ— ਇਹ ਤਾਂ ਇਕ ਅਜਿਹੀ ਭਾਵਨਾ ਹੈ, ਜਿਸ ਉਤੇ ਕਿ ਕਿਸੇ ਵੀ ਦੇਸ਼ ਦਾ ਕੋਈ ਵੀ ਜਨ-ਸਮੂਹ ਮਾਣ ਕਰ ਸਕਦਾ ਹੈ। ਕੀ ਸਿੱਖਾਂ ਵਿਚ ਬਿਨਾਂ ਕਿਸੇ ਦੀ ਸਿਖਿਆ ਤੇ ਉਤੇਜਨਾ ਦੇ ਆਈ ਇਹ ਆਪ ਮੁਹਾਰੀ ਭਾਵਨਾ, ਜਿਸ ਵਿਚ ਉਹ ਆਪਣੇ ਗੁਰੂ ਸਾਹਿਬਾਨ ਦੇ ਗੁਰਧਾਮਾਂ ਲਈ ਆਪਣੀ ਜਾਨ ਨੂੰ ਕੁਰਬਾਨ ਕਰਨ ਲਈ ਤਿਆਰ ਹੈ, ਜੋ ਕਿ ਉਸ ਦੀ ਪ੍ਰੇਰਨਾ ਦੇ ਮੁਖ ਸਰੋਤ ਹਨ ? ਕੀ ਇਹ ਆਦਰਸ਼ਕ ਗੁਣ ਸਾਰੀ ਮਨੁੱਖਤਾ ਲਈ ਇਕ ਵੱਡਾ ਢੋਆ ਨਹੀਂ ਹੈ ? ਇਸ ਬਿਜਲੀ ਦੀ ਸ਼ਕਤੀ ਵਾਲੇ ਬੱਜਰ ਮਨੁੱਖੀ ਸਰੀਰ ਵਿਚ ਇਹ ਮੋਤੀ ਮਾਣਕਾਂ ਵਾਲੀ ਚਮਕ ਰੇਡੀਅਮ ਦੀ ਧਾਂਤ ਦੀ ਚਮਕ ਸਮਾਨ ਹੈ, ਜੋ ਉਸ ਦੀ ਰਾਜਨੀਤੀ ਨੂੰ ਉਜਾਗਰ ਕਰਦੀ ਹੈ। ਸਥੂਲਤਾ ਝੜ ਜਾਵੇਗੀ ਤੇ ਇਸ ਵਿਚਲੀ ਪਸ਼ੂ-ਪ੍ਰਵਿਰਤੀ ਵੀ ਲੋਪ ਹੋ ਜਾਵੇਗੀ, ਪਰ ਮਨੁੱਖਤਾ ਦੇ ਮੁਕਟ ਉਤੇ ਇਸ ਮੋਨ ਬੀਰ-ਭਾਵਨਾ ਦੀ ਚਮਕ ਸਦਾ ਕਾਇਮ ਰਹੇਗੀ।

ਦਸਾਂ ਗੁਰੂ ਸਾਹਿਬਾਨ ਦੀ ਬਾਣੀ ਅਤੇ ਬੇਮਿਸਾਲ ਸ਼ਹੀਦੀਆਂ ਨੇ ਪੰਜਾਬ ਵਿਚ ਨਵੀਂ ਜਾਤੀ ਦੀ ਭਾਵਨਾ ਨੂੰ ਉਤਪੰਨ ਕੀਤਾ ਹੈ। ਆਪਣੀ ਪ੍ਰੇਰਨਾ-ਸ਼ਕਤੀ ਅਤੇ ਜਨਤਾ ਨਾਲ ਮੇਲ ਮਿਲਾਪ ਦੀ ਭਾਵਨਾ ਕਾਰਨ ਸਿੱਖ ਜਨ-ਸਮੂਹ ਇਕ ਰਾਸ਼ਟਰ ਹੀ ਬਣ ਗਿਆ ਹੈ। ਸੰਖੇਪ ਜਿਹਾ ਸਿੱਖ ਇਤਿਹਾਸ ਤੇ ਪਰੰਪਰਾ ਪੰਜਾਬ ਦੀ ਕਿਰਸਾਨੀ ਜਨਤਾ ਵਿਚ ਇਸ ਤਰ੍ਹਾਂ ਪ੍ਰੇਰਨਾ ਉਤਪੰਨ ਕਰਦੀ ਹੈ, ਜਿਹੋ ਜਿਹਾ ਜੋਸ਼ ਤੇ ਉਤਸ਼ਾਹ ਪਹਿਲਾਂ ਕਿਸੇ ਦੀ ਧਾਰਮਿਕ ਮਰਿਆਦਾ ਨੇ ਨਹੀਂ ਸੀ ਜਗਾਇਆ। ਇਸ ਤੋਂ ਪ੍ਰਗਟ ਹੁੰਦਾ ਹੈ ਕਿ ਸਿੱਖਾਂ ਦੀ ਆਪਣੀ ਹੀ ਇਕ ਸੰਸਕ੍ਰਿਤੀ ਤੇ ਪਰੰਪਰਾ ਹੈ। ਪਰ ਹਿੰਦੂ ਜਨ-ਸਮੂਹ ਇਸ ਨੂੰ ਗ੍ਰਹਿਣ ਕਰਨ ਲਈ ਤਿਆਰ ਨਹੀਂ ਹੈ। ਭਾਵੇਂ ਸਿੱਖਾਂ ਦੀ ਕਦੀ ਕਦੀ ਉਹ ਆਪਣੀ ਸੰਤਾਨ ਹੋਣ ਵਾਂਗ ਪਿਠ ਜ਼ਰੂਰ ਥਾਪੜਦੇ ਹਨ। ਹਿੰਦੂਆਂ ਲਈ ਇਸ ਗੱਲ ਉਤੇ ਸਿੱਖਾਂ ਨੂੰ ਨਿੰਦਣਾ ਉਚਿਤ ਪ੍ਰਤੀਤ ਨਹੀਂ ਹੁੰਦਾ ਕਿ ਸਿੱਖ ਹਿੰਦੂ ਜਨ-ਸਮੂਹ ਨਾਲੋਂ ਆਪਣੇ ਆਪ ਨੂੰ ਤੋੜਨ ਤੇ ਵਖਰਾ ਕਰਨ ਦੇ ਯਤਨ ਕਿਉਂ ਕਰ ਰਹੇ ਹਨ ? ਉਹਨਾਂ ਨੂੰ ਇਸ ਗੱਲ ਦਾ ਰੋਸ ਹੈ ਕਿ ਸਿੱਖ ਆਪਣੇ ਧਾਰਮਿਕ ਸਥਾਨਾਂ ਨੂੰ ਵਖਰਾ ਕਰਨ ਦਾ ਕਿਉਂ ਯਤਨ ਕਰ ਰਹੇ ਹਨ ?

ਉਦਾਸੀ ਕੌਣ ਹਨ ? ਇਸ ਸੰਪਰਦਾਇ ਨੂੰ ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਨੇ ਆਰੰਭ ਕੀਤਾ ਸੀ। ਬਾਬਾ ਸ੍ਰੀ ਚੰਦ ਜੀ ਮੂਲ-

ਭੂਤ ਧਾਰਨਾਵਾਂ ਦੇ ਕਾਰਨ ਆਪਣੇ ਪਿਤਾ ਬਾਬਾ ਸ੍ਰੀ ਗੁਰੂ ਨਾਨਕ ਜੀ ਨਾਲੋਂ ਵਖਰੇ ਸਨ। ਕੇਵਲ ਉਹਨਾਂ ਦਾ ਇਹ ਵਿਸ਼ਵਾਸ ਸੀ ਕਿ ਕੇਵਲ ਸੰਨਿਆਸੀ ਹੀ ਨਵੇਂ ਧਰਮ ਦਾ ਪਾਸਾਰ ਕਰ ਸਕਦੇ ਹਨ। ਉਦਾਸੀ ਸੰਪਰਦਾਇ ਨੇ ਸਿੱਖ ਧਰਮ ਨੂੰ ਫੈਲਾਇਆ ਅਤੇ ਸਿੱਖ ਧਰਮ ਲਈ ਧਰਮ ਸਥਾਨ ਤੇ ਸੰਸਥਾਵਾਂ ਸਥਾਪਿਤ ਕੀਤੀਆਂ। ਫਿਰ ਇਸ ਉਦਾਸੀ ਸੰਪਰਦਾਇ ਦਾ ਪਤਨ ਹੋ ਗਿਆ ਤੇ ਇਹ ਵੀ ਬ੍ਰਾਹਮਣ-ਮਤ ਦੇ ਪ੍ਰੋਹਤਾਂ ਸਮਾਨ ਬਣ ਗਏ। ਉਹਨਾਂ ਨੇ ਇਹ ਆਖਣਾ ਸ਼ੁਰੂ ਕਰ ਦਿਤਾ ਕਿ ਗੁਰੂ ਜੀ ਦੇ ਸ਼ਬਦ 'ਸਤਿ ਸ੍ਰੀ ਅਕਾਲ—ਜੋ ਬੋਲੇ ਸੋ ਨਿਹਾਲ' ਜੈਕਾਰੇ ਦੇ ਰੂਪ ਵਿਚ ਇਤਨਾਂ ਮਹੱਤਵਪੂਰਨ ਨਹੀਂ ਹੈ (ਜਿਸ ਦੇ ਅਰਥ ਹਨ ਸ੍ਰੀ ਅਕਾਲ ਹੀ ਸਤਿ ਹੈ। ਜਿਹੜਾ ਇਹ ਬੋਲਦਾ ਹੈ, ਉਹ ਨਿਹਾਲ ਹੋ ਜਾਂਦਾ ਹੈ।) ਇਹ ਜੈਕਾਰਾ ਸਿੱਖ ਜਨ-ਸਮੂਹ ਨੂੰ ਉਤਸ਼ਾਹ ਤੇ ਪ੍ਰੇਰਨਾ ਬਖ਼ਸ਼ਦਾ ਹੈ। ਪੰਜਾਬ ਦੇ ਹਿੰਦੂ ਵੀ ਕਈ ਥਾਵਾਂ 'ਤੇ ਇਸੇ ਹੀ ਧੁਨੀ ਤੇ ਤਾਲ ਉਤੇ ਇਹੋ ਹੀ ਜੈਕਾਰਾ ਬੋਲਣ ਲਗ ਪਏ ਹਨ, ''ਸਨਾਤਨ ਧਰਮ ਕੀ ਜੈ—ਜੋ ਬੋਲੇ ਸੋ ਅਭੈਅ'' (ਸਨਾਤਨ ਧਰਮ ਦੀ ਜੈ ਹੋਵੇ। ਜੋ ਇਹ ਜੈਕਾਰਾ ਬੋਲੇ ਸੋ ਅਭੈਅ ਹੋਵੇ।) ਇਸ ਤਰ੍ਹਾਂ ਦਾ ਅਨੁਕਰਨ ਤਾਂ ਸਿੱਖਾਂ ਲਈ ਪ੍ਰਸ਼ੰਸਾਯੋਗ ਤੇ ਵਧਾਈ ਦੀ ਗੱਲ ਹੈ।

ਵਰਤਮਾਨ ਕਾਲ ਦੇ ਹਿੰਦੂ ਇਹ ਮੰਨਦੇ ਹਨ ਕਿ ਸਿੱਖ ਹਿੰਦੂਆਂ ਦਾ ਹੀ ਇਕ ਭਾਗ ਹਨ, ਪਰ ਜੇ ਹਿੰਦੂ ਗੁਰੂ ਗੋਬਿੰਦ ਸਿੰਘ ਜੀ ਨੂੰ ਪੂਰੀ ਤਰ੍ਹਾਂ ਸਮਝ ਲੈਂਦੇ ਤਾਂ ਇਸ ਦੇਸ਼ ਦੀ ਰਾਜਨੀਤਕ ਹੋਣੀ ਕੁਝ ਹੋਰ ਹੀ ਹੋਣੀ ਸੀ।

ਪਰ ਅਜਿਹਾ ਹੋ ਨਹੀਂ ਸਕਿਆ। ਹਿੰਦੂ ਮਨ ਵਧੇਰੇ ਹੀ ਰੂੜ੍ਹੀਵਾਦੀ ਤੇ ਸਨਾਤਨ-ਪੂਜ ਹੈ, ਇਸ ਲਈ ਇਹ ਕਿਸੇ ਵੀ ਅਜਿਹੀ ਨਵੀਨਤਾ ਨੂੰ ਗ੍ਰਹਿਣ ਕਰਨ ਤੋਂ ਸੰਕੋਚ ਕਰਦਾ ਹੈ, ਜਿਹੜੀ ਸਨਾਤਨੀ ਕਟੜਤਾ ਦੇ ਭੇਖ ਤੋਂ ਵਿਰੁੱਧ ਜਾਂਦੀ ਹੋਵੇ। ਪਰ ਸ੍ਰੀ ਗੁਰੂ ਨਾਨਕ ਦੇਵ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਵੰਗਾਰ ਪਾਈ ਸੀ। ਇਸ ਲਈ ਖ਼ਾਲਸਾ ਜਨ-ਸਮੂਹ ਨੂੰ ਗੁਰੂ ਜੀ ਦੇ ਸੰਦੇਸ਼ ਨੂੰ ਪੂਰਨ ਭਰੋਸੇ ਨਾਲ ਸ੍ਵੀਕਾਰ ਕਰਨਾ ਚਾਹੀਦਾ ਹੈ ਤੇ ਇਸ ਦੀ ਪਾਲਣਾ ਕਰਨੀ ਚਾਹੀਦੀ ਹੈ। ਇਸ ਦੁਆਰਾ ਉਹ ਅਲੌਕਿਕ ਚਮਤਕਾਰ ਹੋਂਦ ਵਿਚ ਆਉਣਗੇ, ਜੋ ਅਜ ਸਾਡੇ ਲਈ ਅਦ੍ਰਿਸ਼ਟ ਹਨ। ਮੈਂ ਆਪਣੇ ਇਸ ਨਿਬੰਧ ਨੂੰ ਖ਼ਾਲਸੇ ਦੇ ਇਤਿਹਾਸਕ ਜੈਕਾਰੇ ਨਾਲ ਹੀ ਸਮਾਪਤ ਕਰਦਾ ਹਾਂ :

ਸਤਿ ਸ੍ਰੀ ਅਕਾਲ !

—ਇਤਿ—

# ਅਨੁਕ੍ਰਮਕਾ


ਉਦਾਸੀ 104
ਉਪਰ ਯਥਾਰਥ 111
ਉਕਾਕੁਰਾ 251
ਉਪਨਿਸ਼ਦ 120,248,268
ਉਰਵਸ਼ੀ 250
ਓਮ 245
ਓਲੀਵਰ ਲਾਜ 244,594
ਉਸਾਰੂ ਕਿਰਤ 665
ਉਤਰਕਾਸ਼ੀ 485
ਉਦਾਸੀ ਸੰਪ੍ਰਦਾਇ 671
ਉਮਰ ਖ਼ਿਆਮ 400
ਓਰਲਿਅਨ 429,665
ਅਕਾਲ-ਤਖ਼ਤ 36,43
ਅਕਾਲ-ਪੁਰਖ 109,133,134,156
ਅਕਾਲੀ 87, 136, 143
ਅਕਾਲੀ ਸੰਗਰਾਮ 36
ਅਗਨੀ ਪ੍ਰੀਖਿਆ 130
ਅਗਿਆਤ ਪੁਰਸ਼ 36
ਅਜਾਮਲ 33
ਅਜੀਤ ਸਿੰਘ 153,154
ਅੰਜ਼ੀਲ (ਬਾਈਬਲ) 81,128
ਅੰਤਰੀਵ ਪ੍ਰੇਰਨਾ 86
ਅੰਤਰੀਵ ਸ਼ਕਤੀ 84
ਅੰਤਰੀਵ ਗਿਆਨ 84
ਅੰਤਰੀਵ ਜੀਵਨ 132
ਅੰਤਰੀਵ ਯਥਾਰਥ 198
ਅਨੰਦ ਆਚਾਰੀਆ 64
ਅਨੰਦਪੁਰ 87,92,135,147
ਅਭਿਮਾਨ 129
ਅਭਿਆਸ (ਨਾਮਾ) 07
ਅਮਰੀਕਾ 80
ਅਮਰਦਾਸ ਗੁਰੂ 47
ਅੰਮ੍ਰਿਤਸਰ 106
ਅੰਮ੍ਰਿਤ 157
ਅੰਮ੍ਰਿਤ-ਕੁੰਡ 127
ਅੰਮ੍ਰਿਤ ਸੰਸਕਾਰ 142
ਅੰਮ੍ਰਿਤਧਾਰੀ 149
ਅਦ੍ਰਿਸ਼ਟ-ਪੁਰਖ 94
ਅਦ੍ਰਿਸ਼ਟ 176,110
ਅਦ੍ਰਿਸ਼ਟ-ਮੰਡਲ 30,111
ਅਰਜਨ ਦੇਵ ਗੁਰੂ 34,37,44,45,
46,169
ਅਮਰਦਾਸ 31,36,120,155,171
ਅਰਥ-ਸ਼ਾਸਤਰ 80
ਅਰਬ 81,82
ਆਸ਼ਰਮ 86
ਆਕਸਫੋਰਡ 80
ਆਤਮ-ਅਨੁਭਵ 80
ਆਤਮ-ਅਨੁਭੂਤੀ 31
ਆਤਮ-ਗਿਆਨ 203
ਆਤਮ-ਚਿੰਤਨ 107
ਆਤਮਾ ਦਾ ਜਗਤ 105
ਆਤਮਾ ਦੀ ਸਫਾਈ 109
ਆਤਮਿਕ ਉਥਾਨ 136
ਆਤਮਿਕ ਅਨੁਭਵ 167
ਆਤਮਿਕ ਸੁਤੰਤਰਤਾ 109
ਆਤਮਿਕ ਸ਼ਕਤੀ 109
ਆਤਮਿਕ-ਜਾਗ੍ਰਤੀ 155
ਆਤਮਿਕ-ਜੀਵਨ 128, 166
ਆਤਮਿਕ ਵਾਤਾਵਰਣ 131

ਆਦਰਸ਼ 80
ਆਦਰਸ਼ਵਾਦ 71,85
ਆਧੁਨਿਕ 81
ਆਵੇਸ਼ਗਤ 167
ਐਮਰਸਨ 126,130
ਅਸ਼ਟਾਂਗ ਮਾਰਗ 241
ਅਕਾਲੀ ਲਹਿਰ 239
ਅੰਗਦ ਦੇਵ ਗੁਰੂ 211
ਅੰਤਰੀਵ ਮਨੁੱਖ 252
ਅਦ੍ਵੈਤਵਾਦ 240
ਅਦ੍ਰਿਸ਼ਟ ਸੰਗੀਤ 271
ਆਦਿ ਅੱਖਰ 318
ਆਦਿਮ ਮਨੁੱਖ 252
ਅਧਿਆਤਮਕ ਉਤਸ਼ਾਹ 254
ਅਧਿਆਤਮਿਕਤਾ 255
ਅਧਿਆਤਮਿਕ ਪਰੰਪਰਾ 265
ਅਧਿਆਤਮਕ ਭੌਤਿਕ-ਵਿਗਿਆਨ 249, 251
ਅਧਿਆਤਮਕ ਮੰਡਲ 216
ਅਧਿਆਤਮਵਾਦੀ 239
ਅਨੰਤ ਪਾਰਬ੍ਰਹਮ 247
ਅਨੰਦ ਸਾਹਿਬ 280
ਅਨੰਦ ਕੁਮਾਰ ਸੁਆਮੀ 254
ਅਨੰਦਪੁਰੀ 235
ਅਨਾਮ-ਆਤਮਾ 290
ਅਮਰੀਕਨ-ਲੋਕਤੰਤਰ 205
ਅਰਸ਼ੀ ਬਾਦਸ਼ਾਹਤ 281
ਅਰਬੀ ਭਾਸ਼ਾ 240
ਅਰਵਿੰਦੂ 242
ਅੱਲ੍ਹਾ 247, 253
ਅਵਤਾਰ 298
ਆਸਾ ਦੀ ਵਾਰ 261,272
ਆਚਾਰ-ਸੰਘਤਾ 329
ਆਤਮ-ਸਮਰਪਣ 211
ਆਤਮਾ 251,255,350
ਆਤਮਾ ਦਾ ਸੰਗੀਤ 270,285
ਆਤਮਾ ਦੀ ਸ਼ਾਂਤੀ 349
ਆਤਮਾਵਾਂ ਦੇ ਸਮੂਹ 329
ਆਤਮਿਕ ਇਕਰੂਪਤਾ 288
ਆਤਮਿਕ ਗੁਲਾਮੀ 214
ਆਤਮਿਕ ਚੇਤਨਤਾ 217
ਆਤਮਿਕ-ਜਗਤ 362
ਆਤਮਿਕ ਪ੍ਰਤੱਖਣ 217
ਆਤਮਿਕ ਬਾਦਸ਼ਾਹਤ 219
ਆਤਮਿਕ ਭਾਈਚਾਰਾ 218
ਆਤਮਿਕ ਮੰਡਲ 275
ਆਤਮਿਕ ਮੇਲ 289
ਆਤਮਿਕ ਯਥਾਰਥ 300
ਆਧੁਨਿਕ ਸੰਸਾਰ 269
ਆਧੁਨਿਕਤਾ 262
ਆਰੀਆਂ 249
ਆਰੀਆ ਸਭਿਅਤਾ 250
ਆਰੀਆ ਸਮਾਜ ਲਹਿਰ 267
ਅਵੇਸ਼ਗਤ ਸੰਗੀਤ 270
ਐਡਲਫੀ 256
ਔਰੰਗਜ਼ੇਬ 238
ਅਸ਼ੋਕ 416
ਅਹਿੰਸਾ 492
ਅਕੱਥ-ਕਥਾ 634,642
ਅਕਬਰ 542,606,656
ਅਕਾਲ 432,648
ਅਕਾਲ ਉਸਤਤ 436
ਅਕਾਲੀ-ਭਾਸ਼ਾ 667
ਅਖੌਤਾਂ-ਮੁਹਾਵਰੇ 667
ਅੰਗਰੀਕਾ ਧਰਮਪਾਲ 416,417
ਅਜਿਤ ਆਤਮਕ ਮਨੁੱਖ 543
ਅਣੀ ਰਾਏ 626
ਅੰਤਮ ਯਥਾਰਥ 432

ਅੰਤਰ ਦ੍ਰਿਸ਼ਟੀ 567
ਅੰਤਰ ਪ੍ਰੇਰਨਾ 543
ਅੰਤਰੀਵ ਸੁਤੰਤਰਤਾ 493
ਅੰਤਰੀਵ ਨੈਣ 565
ਅਨਹਦ ਸ਼ਬਦ 375
ਅਨੰਤ ਦਾ ਸੱਚ 385
ਅਨੰਤ-ਪ੍ਰਭੂ 367
ਅੰਬਰੀ ਕਾਂਗ 519,638
ਅਮਰੋ, ਬੀਬੀ 522
ਅੰਮ੍ਰਿਤ-ਪਾਹੁਲ 657
ਅਮੂਰਤ ਸੰਕਲਪ 433,448,453, 501,593,624
ਅਰਜਨ 648
ਆਸ਼ਾਵਾਦ 650
ਆਤਮ ਸੰਜਮ 635
ਆਤਮ-ਵੇਤਾ 569
ਆਤਮਕ-ਉਨਤੀ 401
ਆਤਮਕ ਅਨੰਦ 541
ਆਤਮਕ-ਸੰਸਾਰ 601
ਆਤਮਕ-ਸੁੰਦਰਤਾ 634,639
ਆਤਮਕ-ਸ਼ਾਂਤੀ 402
ਆਤਮਕ-ਚਰਿਤਰ 432
ਆਤਮਕ-ਦਸ਼ਾ 632
ਆਤਮਕ ਦ੍ਰਿਸ਼ਟੀਕੋਣ 585
ਆਤਮਕ ਪੁਰਸ਼ 502,585,630
ਆਤਮਕ ਭਾਵਨਾ 572
ਆਤਮਕ ਰੂਪਾਂਤਰਣ 639,341
ਆਤਮਕ ਲੋਕਤੰਤਰ 647
ਆਤਮਕਤਾ 497,598
ਆਤਮਾ ਦੀ ਪਵਿੱਤਰਤਾ 495
ਆਤਮਾ ਪ੍ਰਭੂ ਦੀ 565,569
ਆਤਮਾ ਜਾਇਆ ਮਨੁੱਖ 513
ਆਤਮਾ ਦਾ ਗੀਤ 385
ਆਤਮਾ ਦਾ ਜੀਵਨ 405
ਆਤਮਾ ਦੇ ਲੋਕ 539
ਆਦਰਸ਼ ਮਨੁੱਖੀ ਸਮਾਜ 217
ਆਦਰਸ਼ ਵਿਅਕਤੀ 446,500
ਆਧੁਨਿਕ ਮਾਨਸਿਕਤਾ 577
ਆਧੁਨਿਕ ਰਾਜਨੀਤੀ 374
ਅਨੰਦ 521,569
ਅਨੰਦ ਕੁਮਾਰ ਸੁਆਮੀ 571
ਆਰੀਆ ਜੇਤੂ 388
ਐਚਲੀਸ 412
ਐਂਡਰੋਕਲਸ 632
ਇਸਤਰੀਆਂ (ਸਿਖ) 140
ਇੰਗਲੈਂਡ 80
ਇਤਿਹਾਸ (ਖ਼ਾਲਸਾ) 87
ਈਸਾ (ਯਸ਼ੂ-ਮਸੀਹ) 43,62
ਈਸਾਈ (ਪੁਰਾਤਨ) 75,81,85,130, 131,114
ਈਸਾਈ ਸੰਤ 81
ਈਰਾਨ 65
ਏਸ਼ੀਆ 82,92,140
ਇਸ਼ਨਾਨ 348
ਇਸਲਾਮ 240,245
ਇਸਲਾਮੀ ਭਾਈਚਾਰਾ 242
ਇਕਾਗਰਚਿਤਤਾ 257
ਇਤਿਹਾਸ (ਗੁਰ) 213,214,236
ਇਸਤਰੀ (ਸੁਤੰਤਰਤਾ) 521
ਇਕਬਾਲ 607
ਇਛਾ-ਸ਼ਕਤੀ 660
ਇਨਾਇਤ ਸ਼ਾਹ 607
ਇਬਰਾਹਮ ਲਿੰਕਨ 495
ਈਸਾ-ਭਗਤੀ 387
ਏਸ਼ੀਆਈ ਸੰਸਕ੍ਰਿਤੀ 421
ਸੱਚਾ ਵਿਵਹਾਰ 107
ਸਚਿਆਰਾ ਮਨੁੱਖ 137
ਸਜੀਰਬੀ 133

ਸਤਿ ਸੰਗ 109
ਸਦਾਚਾਰ (ਸਮਾਜਕ) 165
ਸਦਾਚਾਰਕ ਜੀਵਨ 110
ਸਮਾਜ 121
ਸਰਹਿੰਦ 154
ਸਰਬ-ਲੋਹ 45
ਸਲੀਬ 83
ਸਵਰਨ-ਮੰਡਲ 85
ਸਵਾਇਆ ਸਿੰਘ,ਭਾਈ 107
ਸਵਾਂਤ ਬੂੰਦ 47
ਸੰਸਕ੍ਰਿਤੀ 78
ਸੰਸਥਾਵਾਂ 86
ਸੰਗਤ 134,135,136,137,171
ਸੰਘ (ਬੋਧੀ) 134
ਸੰਜਮ 110
ਸੰਜੋਗ-ਅਨੰਦ 108,109,126
ਸੰਤ 35,137,166,168
ਸੰਤ ਆਤਮਾਵਾਂ 52
ਸੰਤ-ਸਮੂਹ 36
ਸੰਤ-ਜਨ 94,126,127,153
ਸੰਤ-ਪੁਰਸ਼ 87
ਸਾਹਿਬਜ਼ਾਦੇ 37
ਸਾਹਿਬ ਦੇਵਾਂ 141
ਸਾਕਤ 122
ਸਾਧਾਰਨੀਕਰਨ 79,80
ਸਾਮਰਾਜ 76
ਸਿਆਣਪ 52
ਸਿਸ਼ਟਾਚਾਰ 120
ਸਿੱਖ 35,36,48,67,70,71,73, 87,134,153,170
ਸਿੱਖ ਇਤਿਹਾਸ 37
ਸਿੱਖ-ਮਤ 43,636
ਸਿੱਖੀ 30,32,34,137,170
ਸਿੰਘ 87
ਸਿੰਧ 136
ਸਿਮਰਨ 74,75,86,92,107,110,114, 126,128,132,134,137,165,166, 167,170,197,637
ਸੀਤਾ 130
ਸੁਆਮੀ ਵਿਵੇਕਾਨੰਦ 636
ਸੁਆਰਥ 118
ਸੁਹਜ-ਆਨੰਦ 164
ਸੁਖਮਨੀ 169
ਸੁਤੰਤਰਤਾ 77,109,139,155,162
ਸੁਦਾਮਾ 33
ਸੁੰਦਰ 58
ਸੁੰਦਰਤਾ 91,126,206
ਸੁੰਦਰੀ 140
ਸੁਬਕਤਗੀਨ 31
ਸੁਰਤ 50
ਸੂਖ਼ਮ ਸਰੀਰ 112
ਸੂਲੀ 130
ਸੇਵਾ 137,138,164
ਸੁਹਜਮਈ 132
ਸੋਦਰੀ ਸੰਗੀਤ 52,67
ਸੋਵੀਅਤ 141
ਸੌਂਦਰਯ-ਬੋਧ 166
ਸ਼ਸਤ੍ਰ-ਪੂਜਾ 156
ਸ਼ਹੀਦ 37,72,137,155
ਸ਼ਬਦ 31,33,36,57,74,83,169
ਸ਼ਬਦ ਸੰਗੀਤ 146
ਸ਼ਬਦ ਬ੍ਰਹਮ 74
ਸ਼ੁਧਤਾਵਾਦ 44
ਸੰਸਕ੍ਰਿਤ 240,241
ਸੰਸਕ੍ਰਿਤ ਸਾਹਿਤ 240
ਸੰਸਕ੍ਰਿਤੀ (ਨਗਰ) 249
ਸੰਸਕ੍ਰਿਤੀ (ਵਣ) 249
ਸਹਿਜ 300

ਸਹਿਜਧਾਰੀ 267
ਸੱਚ 291
ਸੱਚਾ ਗਿਆਨ 253
ਸੱਚਾ ਧਰਮ 273,212
ਸੱਚੀ ਸੁਤੰਤਰਤਾ 278
ਸੰਜੋਗ-ਅਵਸਥਾ 310
ਸੰਜੋਗੀ ਮੇਲ 286,298,333
ਸਟੂਅਰਟ ਮਿਲ, ਜੌਨ੍ਹ 352
ਸਤਅੰ-ਸ਼ਿਵਅੰ-ਸੁੰਦਰੰ 280
ਸਤਿ ਸ੍ਰੀ ਅਕਾਲ 349
ਸੰਤੋਖ ਸਿੰਘ, ਭਾਈ 214,216,271
ਸਭਿਅਤਾ 249,264
ਸਭਿਆਚਾਰੀ ਵਿਅਕਤੀ 302
ਸਮਾਜਵਾਦ 211,219
ਸਮਾਧੀ 257
ਸਰਬ-ਸਾਧਾਰਨ ਮਨੁੱਖਤਾ 217
ਸਰੀਰ 341
ਸਿਕੰਦਰ 279
ਸਿੱਖ-ਸਮਾਜ 212
ਸਿੱਖ ਸੰਸਕ੍ਰਿਤੀ 243
ਸਿੱਖ-ਚਿੰਤਨ 249
ਸਿੱਖ ਰਾਜ ਤੰਤਰ 239
ਸਿੱਖੀ ਜੀਵਨ 276
ਸਿੱਖੀ ਦੀ ਆਤਮਾ 213,258
ਸਿਨਾਈ ਪਹਾੜ 214
ਸੀਜ਼ਰ 238
ਸੈਦੋਂ 238
ਸ਼ਕੁੰਤਲਾ 250,252
ਸ਼ਬਦ ਦੀ ਵਿਆਖਿਆ 273
ਸ਼ਾਸਤਰੀ ਮਤ-637
ਸ਼ਾਬਦਿਕ ਚਰਚਾ 285
ਸ਼ਿਵ 241
ਸ਼ੂਨਯ 216
ਸ਼ੇਕਸਪੀਅਰ 261,353
ਸਹਿਜ ਆਵੇਸ਼ 441
ਸਹਿਜ ਮਾਰਗ 580
ਸਹਿਜ ਯੋਗ 489
ਸੰਗੀਤ 538
ਸਚਿਆਰਾ (ਜੀਵਨ) 536
ਸੱਚੀ ਆਤਮਕ ਸੰਸਕ੍ਰਿਤੀ 659
ਸੱਚੀ ਆਤਮਕਤਾ 645
ਸੱਜਣ ਠੱਗ 498
ਸਜਿੰਦ ਸ਼ਾਂਤੀ 425
ਸਤਿਵਾਈ ਬਾਦਸ਼ਾਹਤ 519
ਸਥੂਲਤਾ 603
ਸਦਗੁਣ 528
ਸਦਾ ਵਿਗਾਸ 497,503
ਸਨਾਤਨ ਧਰਮ 671
ਸਪੈਂਸਰ, ਹਰਬਰਟ 514,645
ਸੰਪਤੀ 595
ਸਮਾਜਕ ਆਦਰਸ਼ 597
ਸਮਾਜਕ ਪੁਨਰ ਨਿਰਮਾਣ 580,374
ਸਮਾਜਵਾਦੀ ਸਮਾਜ 579
ਸਰਹਿੰਦ 373
ਸਰਕਾਰ, ਜਾਦੂ ਨਾਥ 582
ਸਰਗੁਣ ਸਰੂਪ 406
ਸਰਗੁਣ ਪ੍ਰਭੂ 425,667
ਸਵਰਾਜ 664
ਸਵਿਸ ਨਾਗਰਿਕਤਾ 647
ਸਵਿਟਜਰਲੈਂਡ 572
ਸਵੀਡਨਬਰਗ 430
ਸਾਹਿਬਜ਼ਾਦੇ (ਚਾਰ) 587
ਸਾਧ ਬਚਨ 579
ਸਿੱਖ ਸੱਚਾ 659
ਸਿੱਖ ਗੁਰੂ ਦਾ 664
ਸਿੱਖ-ਹਿੰਦੂ ਸਕੂਲ 605
ਸਿੱਖ ਕੌਮ 618
ਸਿੱਖ ਜਨ-ਸਮੂਹ 662,663,670

ਸਿੱਖ ਮੁਸਲਿਮ-ਸਕੂਲ (ਧਾਰਾ) 605,671
ਸਿੱਖੀ ਆਦਰਸ਼ 574
ਸਿਧ ਗੋਸ਼ਟਿ 479,603,623
ਸੁਹਜ-ਸ਼ਾਸਤਰ 496,499,569
ਸੁਹਜਵਾਦ 499,502
ਸੁਹਜਵਾਦੀ ਦ੍ਰਿਸ਼ਟੀਕੋਣ 494
ਸੁਹਜਾਨੰਦ 569
ਸੁਕਦੇਵ 443
ਸੱਚੀ-ਕਿਰਤ 575
ਸੁਤੰਤਰਤਾ (ਮੁਕਤੀ) 540
ਸੁਥਰਾ 532
ਸੁੰਦਰਤਾ (ਆਤਮਕ) 603
ਸੁੰਦਰਤਾ (ਸ੍ਰਿਸ਼ਟੀ ਦੀ) 650
ਸੁੰਦਰਤਾ (ਨਿਰਪੇਖ) 572
ਸੁਧਾਰਵਾਦੀ ਲਹਿਰ 407
ਸੇਵਾ ਭਾਵ 633
ਸੈਦ ਖ਼ਾਂ 550
ਸ਼ਹੀਦ ਈਸਾਈ 638
ਸ਼ੰਕਰਾਚਾਰੀਆ 416,422,485
ਸ਼ਬਦ (ਪ੍ਰਾਭੌਤਿਕ) 494
ਸ਼ਬਦ ਪੂਜਾ 659
ਸ਼ਾਹ ਹੁਸੈਨ 607,610
ਸ਼ਿਵ ਦੱਤ 531
ਸ੍ਰੀ ਚੰਦ (ਬਾਬਾ) 670
ਹਉਮੈ 110,118,133,139
ਹੰਗਰੀ 113
ਹਰਨਾਖਸ 32
ਹਰਿਮੰਦਰ 43,45,50,143,145,146, 148,159
ਹਰੀਸ਼ ਚੰਦਰ ਰਾਜਾ 31
ਹਿਮਾਲਾ 123,159
ਹਿਰਦਾ (ਸਿੱਖ ਦਾ) 138
ਹਿੰਸਾ 342
ਹਿੰਦੂ 243,269
ਹਿੰਦੂ-ਅਵਤਾਰ 241
ਹਿੰਦੂ-ਸੰਸਕ੍ਰਿਤੀ 239,240,244
ਹਿੰਦੂ-ਸਭਿਅਤਾ 249
ਹਿੰਦੂ-ਸਮਾਜ 239,241
ਹਿੰਦੂ-ਸੋਚ 250
ਹਿੰਦੂ-ਜਾਤੀ 636
ਹਿੰਦੂ ਜਨ-ਸਮੂਹ 671
ਹਿੰਦੂ-ਪਰੰਪਰਾ 245
ਹਿੰਦੂ-ਮਤ 249
ਹਿੰਦੂ-ਮਨ 671
ਹਿੰਦੂ-ਸ਼ਾਸਤਰ-637
ਹਿਰਦੇ ਪਰਿਵਰਤਨ 222
ਹੁਕਮ/ਰਜ਼ਾ 339
ਹੈਨਰੀ ਕਿੰਗ 254
ਹਜ਼ਾਰਾ ਸਿੰਘ, ਗਿਆਨੀ 447
ਹਠ-ਯੋਗ 635
ਹਨੂਮਾਨ 429
ਹਰਦਿਆਲ 417
ਹਰਿਕ੍ਰਿਸ਼ਨ, ਗੁਰੂ 445,628
ਹਰਿਗੋਬਿੰਦ, ਗੁਰੂ 445,457,477, 541,543,550,606
ਹਰਿਰਾਇ, ਗੁਰੂ 445,478
ਹੂਨ 546
ਹੇਗਲ 486
ਕਸ਼ਟ 84
ਕਸ਼ਮੀਰ 153
ਕਬੀਰ 33,94,114,170
ਕਰਾਮਾਤ 87
ਕਰੁਣਾ 31
ਕਲਾ 34,80,168,169
ਕਲਾਤਮਕ ਲੋੜਾਂ 132
ਕਵਿਤਾ 167
ਕਵੀ 89,111

ਕਾਨੂੰਨ 76
ਕਾਬਲ 150
ਕਾਲ-ਕਿਰਪਾਨ 156
ਕਾਇਆ-ਕਲਪ 110
ਕ੍ਰਿਸ਼ਨ ਭਗਵਾਨ 32,81,207
ਕਿਰਤ 73,74,169
ਕਿਰਪਾਨ 87,156
ਕੁਰਾਨ 81
ਕੇਸ 40,41,92
ਕੈਂਮਬ੍ਰਿਜ 80
ਕੌਰਵ 32
ਕੌਮ 37
ਕਸ਼ਯਪ 250
ਕੰਚਨ ਜੰਗਾ 251
ਕੱਚੀ ਬਾਣੀ 267
ਕਨਵ 250
ਕਰਤਾ-ਪੁਰਖ 212
ਕਰਤਾਰਪੁਰ 302
ਕਰਾਮਾਤ (ਰਿਧੀ-ਸਿਧੀ) 298
ਕ਼ਰਾਮਾਤੀ ਯਥਾਰਥਵਾਦ 212
ਕਲਪ (ਯੁਗ) 275
ਕਲਪਨਾ 358
ਕਲਾਧਾਰੀ ਰਹੱਸ 264
ਕਾਰਲਾਇਲ 233
ਕਾਲੀਦਾਸ 250, 252
ਕਾਵਿਮਈ-ਸੰਵੇਦਨਸ਼ੀਲਤਾ 250
ਕਿਰਤ (ਕਲਾਮਈ) 277,284,384
ਕੁਦਰਤ 250,324
ਕੁਮਾਰ ਸੁਆਮੀ, ਡਾ. 215
ਕੁਲੀਨ ਤੰਤਰ 220,352
ਕਉਡਾ ਰਾਖ਼ਸ਼ 495
ਕਨ੍ਹਈਆ, ਭਾਈ 525,597
ਕਨਫਿਊਸ਼ਿਸ਼/ਮਤ 419
ਕਨਿੰਘਮ, ਡੇਵੀ 410,433,467,
614,655
ਕਪਿਲ ਵਸਤੂ 368
ਕਮਾਲ 605
ਕਰਮ-ਸਿਧਾਂਤ (ਨੇਮ) 377,388,567,
599,601
ਕਰਮ-ਸਿਧਾਂਤ (ਬ੍ਰਾਹਮਣਵਾਦੀ) 394
ਕ੍ਰਾਂਤੀ (ਫਰਾਂਸ ਦੀ) 548
ਕਰੋਮਵੈਲ 669
ਕਲਾਕਾਰ 614
ਕਲਾਧਾਰੀ ਕਰਮ 434,627
ਕਾਫ਼ਿਰ 537
ਕਾਮਾਕੁਰੂ 570
ਕਾਲ (ਮੌਤ) 544
ਕਾਵਿਮਈ ਜੀਵਨ ਜੁਗਤ 383
ਕਾਵਿਮਈ ਪ੍ਰਤਿਭਾ 430
ਕੇਸ਼ਵ ਚੰਦਨ ਸੇਨ 572
ਕੈਥਰੀਨ (ਸੰਤ) 592
ਕ੍ਰੋਚੇ 484
ਕੌਲਾ 606
ਖ਼ਾਲਸਾ 36,82,134,135,136,140,
141,153,156,157,158,159,164,171
ਖ਼ੁਸ਼ੀ 84
ਖਟ ਸ਼ਾਸਤਰ 246
ਖ਼ਾਲਸਈ ਆਦਰਸ਼ 269
ਖ਼ਾਲਸਾ-ਤੰਤਰ 232,233
ਖ਼ਾਲਸਾ ਰਾਜ 238
ਖ਼ਾਲਸਾ (ਰਾਜਤੰਤਰ) 218,219
ਖ਼ਾਲਸਾ ਲੋਕਤੰਤਰ 265
ਖਹਿਬਰ 654
ਖੁਸਰੋ (ਸ਼ਹਿਜ਼ਾਦਾ) 587
ਗੰਗਾ-ਜਲ 157,164
ਗਜ਼ਨਵੀ 31
ਗ਼ਜ਼ਲ 198
ਗਨਿਕਾ 34

ਗ੍ਰੰਥ ਸਾਹਿਬ ਗੁਰੂ 43
ਗਰਭਦਾਨ (ਪਵਿੱਤਰ) 128
ਗਿਆਨ 93
ਗ਼ਾਲਿਬ 198
ਗੀਤਾ 81,636
ਗੀਤ-ਗੋਵਿੰਦ 33
ਗੁਰ-ਸਿੱਖ 90,145
ਗੁਰਦਾਸ ਭਾਈ 32,34
ਗੁਰਬਾਣੀ 83,129
ਗੁਰੂ 31,32,33,36,37,54,90,91,134,139
ਗੁਰੂ-ਸ਼ਬਦ 147
ਗੁਰੂ-ਘਰ 106,637
ਗੁਰੂ-ਪੰਥ 145
ਗੁਰੂ ਮਾਰਗ 50
ਗੋਇਟੇ 31,111,112,204
ਗੇਟ ਲਿਚ 111,114
ਗੋਬਿੰਦ ਸਿੰਘ, ਗੁਰੂ 36,37,43,45,82,88,92,134,135,136,138,141,147,153,156
ਗਰੀਬੀ 298
ਗਾਇਕ 341
ਗਾਂਧੀ 250
ਗਿਆਨ ਭੰਡਾਰ 274
ਗੀਜ਼ਾ 251
ਗੁਰਦੁਆਰਾ 214
ਗੁਰ-ਪ੍ਰਸਾਦਿ 281,291,295
ਗੁਰਮਤਾ 238
ਗੁਰਮਤਿ 246
ਗੁਰਮੁਖ 311
ਗ਼ੁਲਾਮੀ 304
ਗੁਰੂ ਅਵਤਾਰ 213
ਗੁਰੂ ਸਾਹਿਬਾਨ 210,215,242,253
ਗੁਰੂ (ਦਰਸ਼ਨ) 282,284
ਗੁਰੂ ਦਾ ਲੰਗਰ 237
ਗੋਇੰਦਵਾਲ 361
ਗੋਬੀ ਮਾਰੂਥਲ 256
ਗੌਰੀ ਸ਼ੰਕਰ 251
ਗੰਧਰਵ ਵਿਆਹ 641
ਗ੍ਰਿਹਸਥੀ ਜੀਵਨ 464
ਗਰੁੜ 571
ਗੁਜਰਾਤ 608
ਗੁਰਤਾ ਦੀ ਪਰੰਪਰਾ 478
ਗੁਰਦੁਆਰਾ ਐਕਟ 524
ਗੁਰਧਾਮਾਂ ਦਾ ਪ੍ਰਬੰਧ 669
ਗੁਰਬਾਣੀ (ਅੰਤਰੀਵ ਅਰਥ) 657
ਗੁਰਬਾਣੀ ਵਿਆਖਿਆ 614,616
ਗੁਰਮੁਖ 637
ਗੁਰਮਤ ਵਿਚਾਰਧਾਰਾ 601
ਗੁਰਮੰਤਰ 456
ਗੁਰਮੁਖਤਾ 594
ਗੁਰੂ-ਆਤਮਾ 433
ਗੁਰੂ ਕੇ ਬਾਗ਼ 371
ਗੁਰੂਤਵ 433
ਗੋਰਖ 410
ਘਰ 137
ਘਿਰਣਾ 344,354
ਚਮਕੌਰ ਸਾਹਿਬ 153
ਚਿੱਤਰਕਲਾ 167
ਚਿੰਨ੍ਹ 140
ਚਿੰਨ੍ਹ (ਨਿਸ਼ਾਨ) 43
ਚੌਥਾ ਪਦ 278,637
ਚਰਿਤਰ ਨਿਰਮਾਣ 268
ਚੀਨ 251,255,256
ਚੰਦੂ 523,587
ਚੜ੍ਹਦੀਕਲਾ 503,660
ਚਿੰਤਨ 633
ਛੇ ਸ਼ਾਸਤ੍ਰ 448

ਜੱਸਾ ਸਿੰਘ 158
ਜਪੁਜੀ 30,104
ਜਾਪਾਨ 80,153
ਜੀਵਨ ਰੌਂਤ 109
ਜੁਝਾਰ ਸਿੰਘ (ਸਾਹਿਬਜ਼ਾਦਾ) 154
ਜੈ ਦੇਵ 33
ਜ਼ੋਰਾਵਰ ਸਿੰਘ (ਸਾਹਿਬਜ਼ਾਦਾ) 154
ਜਥੇਦਾਰ 238
ਜੀਵਨ-ਕੀਮਤਾਂ 216
ਜੈਸਵਾਲ, ਕੇ.ਪੀ 233
ਜੈਨ ਮੁਨੀ 268
ਜੈਂਡ ਅਵੇਸਤਾ 246
ਜਹਾਂਗੀਰ 523,587,606
ਜਨ-ਸਮੂਹ (ਸਿੱਖ) 655,658
ਜਾਪਾਨੀ (ਲੋਕ) 530
ਜੀਵ-ਆਤਮਾ 539,540
ਜ਼ੁਲੇਖਾਂ 521
ਜੁਲੀਅਨ 604
ਜੈਕਾਰਾ (ਸਿੰਘਾਂ ਦਾ) 668,671
ਜੈਤਸਰੀ (ਵਾਰ) 435
ਜੈਨ ਮਤ 502,599
ਜੈਮਸਨ 414
ਜ਼ੋਰਾਸਟਰ 601
ਜੋਨ ਆਫ਼ ਆਰਕ 371
ਝਨਾਂ 150
ਟੈਗੋਰ, ਰਾਵਿੰਦਰ ਨਾਥ 242,250, 252,261,371,419,572
ਟੈਨੀਸਨ 261
ਟਰੰਪ 512
ਟਾਲਸਟਾਏ, ਲਿਓ 502,527,536
ਡਲਾ ਚੌਧਰੀ 88
ਡਿਫ਼ੂਸਨ 486
ਤਾਰਾ ਰਾਣੀ 31
ਤਾਰੂ ਸਿੰਘ, ਭਾਈ 137,138,140
ਤਿਆਗ 57,125,126
ਤ੍ਰਿਸ਼ੂਲ 83
ਤੁਲਸੀ ਦਾਸ 341,119
ਤੇਗ 148
ਤੇਗ ਬਹਾਦਰ, ਗੁਰੂ 37,153
ਤਿਲਕ 242,265
ਤਰਨ-ਤਾਰਨ 477
ਤ੍ਰੈ-ਆਯਾਮੀ ਅੰਤਰਿਕਸ਼ 642
ਤ੍ਰੈ-ਗੁਣ ਅਤੀਤ ਅਵਸਥਾ 666
ਤਲਵੰਡੀ (ਨਨਕਾਣਾ ਸਾਹਿਬ) 608
'ਤਾਤਾਰ' 546
ਤੁਜ਼ਕੇ ਜਹਾਂਗੀਰੀ 606
ਤੁਲਨਾਤਮਕ ਧਰਮ ਸ਼ਾਸਤਰ 578
ਦਇਆ 165
ਦਸ ਗੁਰੂ ਸਾਹਿਬਾਨ 112,114, 135,170
ਦਰਸ਼ਨ 110
ਦਰੋਪਦੀ 32
ਦਵਾਰਕਾ 33
ਦਾਂਤੇ 114
ਦਿਬ-ਦ੍ਰਿਸ਼ਟੀ 637
ਦਿੱਲੀ 158
ਦੀਵਾਲੀ 134
ਦੇਵ-ਗਣਾਂ 110
ਦੇਵ-ਲੋਕਾਂ ਦਾ ਦ੍ਰਿਸ਼ਟੀਕੋਣ 115
ਦੈਵੀ ਸੰਸਕ੍ਰਿਤੀ 81
ਦੈਵੀ ਜੀਵਨ 30
ਦੈਵੀ ਪ੍ਰੇਰਨਾ 34,82,87,134
ਦਰਸ਼ਨ-ਸ਼ਾਸਤਰ 320
ਦਾਨ 308,348
ਦਾਰਸ਼ਨਿਕ ਸਿਧਾਂਤ 327
ਦੁਸ਼ਿਅੰਤ 250
ਦੁਖ-ਸੁਖ 337,353
ਦੇਸ਼ ਕਾਲ 336

ਦੋਰਾ 348
ਦੇਵ ਆਤਮਾਵਾਂ 216
ਦੇਵ ਮੰਡਲ 257
ਦਸ ਅਵਤਾਰ 453
ਦਵੈਤ-ਭਾਵ 611
ਦੇਵ-ਲੋਕ 622
ਦੈਵੀ-ਆਵੇਸ਼ 578
ਦੈਵੀ-ਸੰਗੀਤ 432
ਦੈਵੀ-ਵਿਅਕਤੀਤਵ 656
ਧੰਨਾ ਭਗਤ 160
ਧਰਮਾਤਮਾ 89
ਧਰਮ 31,35,53,80,85,123,124
ਧਰਮ ਗਰੰਥ 124
ਧਰਮ ਪ੍ਰਚਾਰ 131
ਧਰੂਵ 32
ਧਿਆਨ 58
ਧਿਆਨੀ-ਪ੍ਰੇਮ 121
ਧਾਰਮਿਕ ਸਥਾਨ 290
ਧਾਰਮਿਕ ਕਟੜਤਾ 212
ਧਾਰਮਿਕ ਕ੍ਰਾਂਤੀ 211
ਧਾਰਮਿਕਤਾ 281
ਧਿਆਨੀ-ਦ੍ਰਿਸ਼ਟੀ 280
ਧਰਮ (ਮਨੁੱਖਤਾ ਦਾ) 579
ਧਰੂ 442
ਨੰਗਤਾ ਬਾਵਾ 86
ਨਦਰਿ-ਕਰਮ 127,129
ਨੰਦ ਲਾਲ, ਭਾਈ 92,162
ਨਮਾਜ਼ 81
ਨਰਸਿੰਘ 32
ਨਾਦਰ ਸ਼ਾਹ 158
ਨਾਨਕ ਦੇਵ, ਗੁਰੂ 30,32,64,75,
83,104,127,135,169,208
ਨਾਮ 36,37,44,48,73,79,82,87,90,
105,107,110,123,128,136,138,
155,157,159,163,166,170
ਨਾਮ ਸਿਮਰਨ 34,139
ਨਿਹਚਾ (ਭਰੋਸਾ) 63,114,131
ਨਿਜੀ ਸੰਪਤੀ 106
ਨਿਰਗੁਣ-ਪਾਰਬ੍ਰਹਮ 32
ਨਿਰਵਾਣ 92
ਨੀਤੀ-ਸ਼ਾਸਤਰ 83
ਨੈਤਿਕ ਰੁਚੀ 131
ਨਾਦੇੜ 233
ਨਾਮ ਅਭਿਆਸ 245
ਨਾਮ 288
ਨਾਮ-ਰਤਨ 344
ਨਿਆਂ 305
ਨਿਊਯਾਰਕ 262
ਨੈਤਿਕਤਾ 302
ਨੈਤਿਕ-ਪੂਰਨਤਾ 280
ਨੈਪੋਲੀਅਨ 279,352
ਨਟਰਾਜ 571
ਨਵਾਂ-ਰਾਸ਼ਟਰ 663
ਨਾਗ-ਅਰਜੁਨ 420
ਨਨਕਾਣਾ ਸਾਹਿਬ 374
ਨਾਨਕੀ, ਬੇਬੇ 522
ਨਾਮ-ਸੰਸਕ੍ਰਿਤੀ 660
ਨਾਮ ਭਗਤੀ 623
ਨਿਸ਼ਕਾਮ-ਕਰਮ 647
ਨਿਤਸ਼ੇ 495,513
ਨਿਮ ਚੇਤਨ ਮਨ 383
ਨਿਰਗੁਣ-ਬ੍ਰਹਮ 621
ਨਿਰਗੁਣਵਾਦ 509
ਨਿਰਾਸ਼ਾਵਾਦ 544
ਨਿਰਾਸ਼ਾਵਾਦੀ (ਕਵੀ) 544
ਨਿਰਾਕਾਰ-ਬ੍ਰਹਮ 570
ਨਿਵੇਦਿਤਾ 419, 421
ਨੈਤਿਕ-ਸ਼ਾਸਤਰ 496,499,564

ਨੈਤਿਕ ਨੇਮ 548,565
ਪੰਜ ਪਿਆਰੇ 37,142
ਪੰਜਾਬ 34,35,46,82,86,88, 134,155,156,157,163
ਪੰਜਾਬੀ 92,95
ਪਠਾਣ 136
ਪਰਬਤ ਦਾ ਉਪਦੇਸ਼ 85
ਪਰਮਹੰਸ ਰਾਮ ਕ੍ਰਿਸ਼ਨ 86
ਪਰਮ-ਤੱਤ 83
ਪਰਮ-ਪਦ 87
ਪਰਮ-ਪੁਰਸ਼ 182
ਪਰਮਾਨੰਦ 112
ਪ੍ਰਸਥਿਤੀਆਂ (ਬਾਹਰਮੁਖੀ) 84
ਪ੍ਰਹਿਲਾਦ 32
ਪ੍ਰਤਿਭਾ 80,81,82,84,85,86,87, 127,135
ਪ੍ਰਤਿਭਾ (ਆਤਮਿਕ) 130
ਪ੍ਰਤਿਭਾਸ਼ੀਲ 132
ਪ੍ਰਭੂ (ਅਰੂਪ) 93
ਪ੍ਰਭੂ 112
ਪ੍ਰਭੂ-ਅਵਤਾਰ 83
ਪ੍ਰਭੂ-ਪ੍ਰੀਤਮ 34,35,92,119,126
ਪ੍ਰਯਾਗ ਰਾਜ 142
ਪ੍ਰਾਸਚਿਤ 129
ਪ੍ਰਾਚੀਨ ਈਸਾਈ ਮਤ 114
ਪ੍ਰੇਮ 34,71,75,77,93,97,113, 123,126,130,161,165,166,168,205
ਪਾਹੁਲ 45
ਪਿਆਰ 107,116
ਪੁਸਤਕ 81
ਪੁਸਤਕ (ਕਿਤਾਬੀ ਗਿਆਨ) 196
ਪੁੰਨ 83
ਪੂਜਾ 35
ਪੂਰਨਤਾ (ਆਤਮਿਕ) 131
ਪੂਰਬ 85
ਪੋਪ 43
ਪਛਮੀ ਕਲਾ 253
ਪਛਮੀ ਕਵਿਤਾ 253
ਪਰਉਪਕਾਰਵਾਦ 248
ਪ੍ਰਗਤੀਸ਼ੀਲ 255
ਪ੍ਰਭੂ-ਪਿਤਾ 247
ਪ੍ਰਭੂ-ਪ੍ਰੇਮ 295
ਪਰਾਭੌਤਿਕਵਾਦੀ 239,258
ਪ੍ਰਮਾਤਮਾ 247
ਪਰਮ ਤੱਤ 292
ਪ੍ਰੇਮ-ਪ੍ਰਗੀਤ 221
ਪਰਲੋਕ 279,299,343
ਪ੍ਰਾਚੀਨ ਸਾਹਿਤ 253
ਪਰਮਨੰਦ 294
ਪ੍ਰਾਰਥਨਾ 334
ਪਵਿਤਰਤਾ 334
ਪੂਰਬੀ ਕਲਾ 253
ਪੂਰਬੀ ਕਵਿਤਾ 253
ਪੈਗੰਬਰ 310
ਪਸ਼ੂ-ਬਲੀ 388
ਪੰਜਾਬੀ-ਭਾਸ਼ਾ (ਉਪ ਭਾਸ਼ਾ) 667
ਪਦਾਰਥਕ-ਸੰਘਰਸ਼ 631,632
ਪਰਉਪਕਾਰ 431
ਪ੍ਰਗੀਤਕ ਅਵਸਥਾ 537
ਪ੍ਰਗੀਤਮਈ ਪ੍ਰਕ੍ਰਿਤੀ 385
ਪਰੰਪਰਾ 618
ਪ੍ਰਭੂ-ਮਨੁੱਖ 589,590
ਪ੍ਰਭੂ-ਲੋਕ 630
ਪ੍ਰਾਭੌਤਿਕ ਸੰਕਲਪ 510
ਪ੍ਰੋਸਟੈਸਟੈਂਟਵਾਦ 508
ਪਲੈਟੋ 411
ਪਾਉਂਟਾ ਸਾਹਿਬ 532
ਪਾਤੰਜਲੀ 620,637,641

ਪਾਪ 632
ਪੁਨਰ-ਜਾਗ੍ਰਿਤੀ 407
ਪੁੰਨ 632
ਪੂਰਨ ਪੁਰਖ 452
ਪੂਰਬੀ ਧਾਰਮਿਕ ਗਰੰਥ 647
ਫਤਿਹ ਸਿੰਘ (ਸਾਹਿਬਜ਼ਾਦਾ) 154
ਫ਼ਰਿਸ਼ਤੇ 135
ਫਲਸਫਾ (ਦਰਸ਼ਨ ਸ਼ਾਸਤਰ) 204
ਫਾਊਸਟ 111,112,114
ਫੂਲਾ ਸਿੰਘ,ਅਕਾਲੀ 136
ਫਤਿਹ 348
ਫਰਾਂਸ 557
ਫ਼ਰੀਦ (ਬਾਬਾ) 603,650
ਫ਼ਰੀਦ ਸਾਨੀ 605
ਫ਼ੀਲਡਿੰਗ ਹਾਲ 422
ਬਹਿਲੋਲ ਸ਼ਾਹ 65,66
ਬਗ਼ਦਾਦ 65
ਬਦਰੀਨਾਥ 65
ਬ੍ਰਹਮ ਗਿਆਨ 32,108,109
ਬ੍ਰਹਮ-ਗਿਆਨੀ 103
ਬਿਹਾਰ 38
ਬੀਰ-ਰਸ 38
ਬੁੱਧ 73,75,81,83,92,114,123,134,168
ਬੁਧਤਵ 67
ਬੁਧ-ਮਤ 43,636
ਬੁਧੀਜੀਵੀ 166
ਬੈਕੁੰਠ-ਧਾਮ 104,112
ਬੋਸ਼ੀਦੋ 153
ਬੋਧੀਸਤਵ 32
ਬੋਧੀ ਗਰੰਥ 81
ਬਨਾਰਸ 240
ਬਰਟਰੈਂਡ ਰਸਲ 244
ਬਰਮਾ 256
ਬਰੁਕਲਿਨ 262
ਬ੍ਰਾਹਮਣਵਾਦ 241,244,245,251,256,266
ਬ੍ਰਾਹਮਣਵਾਦੀ ਸੰਸਕਾਰ 223
ਬ੍ਰਾਹਮਣਵਾਦੀ ਰਾਜਨੀਤੀ 239
ਬਾਹਰਮੁਖੀ ਪਾਸਾਰ 262
ਬੁਤ ਪੂਜਾ 292
ਬੁਧੀ 257,357,358
ਬੁਧੀਵਾਦ 257
ਬੁਧੀਵੇਤਾ 257
ਬੋਸਟਨ 262
ਬੌਧਿਕ ਚਮਤਕਾਰ 321
ਬੌਧਿਕ ਵਿਸ਼ਲੇਸ਼ਣ 217
ਬੌਧਿਕ ਵਿਚਾਰ 321
ਬਹਾਊਦੀਨ, ਮਖਦੂਮ (ਜ਼ਕਰੀਆ) 605
ਬਹਾਦਰ ਸ਼ਾਹ 656
ਬਹੁ-ਦੇਵਵਾਦ 410,411,481
ਬਚਿਤਰ ਨਾਟਕ 436,444
ਬਟਾਲਾ (ਅਚਲ) 449,459,623
ਬਰਮੀ ਲੋਕ 422
ਬ੍ਰਾਹਮਣ-ਮਤ ਸੰਪਰਦਾਵਾਂ 581
ਬ੍ਰਾਹਮਣਵਾਦੀ ਸਿਧਾਂਤ 618
ਬਲੀ 611
ਬਾਣੀ-ਸੰਗੀਤ 650,661
ਬਾਬਰ 583
ਬਾਵਨ ਅੱਖਰੀ 433,436
ਬਿਟਰਸ 517,624
ਬੁਧ ਧਰਮ 548,610
ਬੁਧੂ ਸ਼ਾਹ 550
ਬੁਲ੍ਹੇ ਸ਼ਾਹ 400,606,607,609,610
ਬੋਧੀਤਵ 433
ਬੌਧਿਕ ਵਿਆਖਿਆ 636
ਭਗਤ 32
ਭਗਤੀ 35

ਭਗਾਉਤੀ 87
ਭਰਥਰੀ ਹਰੀ 498
ਭਲਾਈ 129
ਭਵ-ਸਾਗਰ 34
ਭਿਖੂ (ਬੁਧ) 92
ਭੈਣ (ਤਾਰੂ ਸਿੰਘ) 138,140
ਭਾਰਤ 251,252,255,256
ਭਾਰਤੀ ਲੋਕ 264
ਭਾਵਨਾ 327
ਭੌਤਿਕ ਜੀਵਨ 342
ਭਗਤੀ ਲਹਿਰ 623
ਭਰਾਤਰੀ-ਭਾਵ 374
ਭਾਸ਼ਾ 613,617
ਭਾਗੋ, ਮਲਿਕ 527
ਭਾਗੋ, ਮਾਈ 522
ਭਾਨੀ (ਮਾਤਾ) 522
ਭਾਰਤ ਇਤਿਹਾਸ 515
ਭਾਰਤੀ ਮੁਸਲਮਾਨ 656
ਭੈਅ 585
ਮਸਤੀ 128
ਮਹਾਂ-ਪੁਰਖ 79,82,85,86,87,111
ਮੰਦਰ 93
ਮਨੁੱਖ ਦੀ ਪੂਜਾ 159
ਮਨੁੱਖਤਾ 36,87,96
ਮਨੁੱਖੀ ਵਿਅਕਤੀਤਵ 84
ਮਾਇਆ 110
ਮਾਨਸ ਖਾਣੀ ਪ੍ਰਵਿਰਤੀ 121
ਮਾਨਵਤਾ 36,68,78
ਮਾਨਵੀ ਗੁਣ 124
ਮਾਰਗਰੇਟ 111
ਮੀਰਾ ਬਾਈ 122
ਮਹੁੰਮਦ ਸਾਹਿਬ 81,82,114
ਮੁਕਤਗਾਮੀ (ਆਤਮਾ) 30,86,112
ਮੁਗ਼ਲ 153,154,158
ਮੁਗ਼ਲ ਸਾਮਰਾਜ 140
ਮੁਰੀਦ 37,73
ਮੋਇਆਂ ਦੀ ਜਾਗ 105
ਮੌਤ 113,153
ਮੌਨ 126
ਮਹਾਂ ਭਾਰਤ 242
ਮਹਾ ਯਾਨ 241
ਮੱਕਾ 216
ਮਨੋਭਾਵ 351
ਮਰੇ, ਜੌਨ੍ਹ ਮਿਡਲਟਨ 256
ਮਾਇਆ ਦਾ ਸਿਧਾਂਤ 239,240
ਮਾਤ ਭਾਸ਼ਾ 267
ਮਾਨਵਤਾਵਾਦੀ 290
ਮਾਨਵਵਾਦੀ ਸੇਵਾ 248
ਮਾਲਕੀ 303
ਮਿਸਲ (ਖ਼ਾਲਸਾ) 238
ਮਿਲਟਨ 261
ਮੁਕਤੀ ਦਾਤਾ 266
ਮੁਤਸੁਧਾ ਤੈਲੋਕੂ 253
ਮੁਰੀਦ-ਕਵੀ 254
ਮੂਸਨ 231
ਮੂਸਾ 214
ਮੇਜੀ ਯੁਗ 255
ਮੈਕਾਲਿਫ 223
ਮੌਤ ਤੋਂ ਪਿਛੋਂ ਦਾ ਮਾਰਗ 344
ਮਹਾਂ ਅਨੰਦ 634
ਮਹਾਂ ਕਾਲ 543
ਮਹਾਂ-ਮਾਨਵ 495,497,513,543,588,
632,637,669
ਮਹਿਲਾ 646
ਮਤੀ ਦਾਸ ਭਾਈ 590,638
ਮਨੀ ਸਿੰਘ ਭਾਈ 531,590,638
ਮਨੁੱਖ 596,644
ਮਨੁੱਖ (ਸੰਪੂਰਨ) 476

ਮਨੁੱਖੀ ਆਤਮਾ 644
ਮਨੁੱਖੀ ਸੁਤੰਤਰਤਾ 669
ਮਰਦਾਨਾ, ਭਾਈ 369,507,532, 533,550,605
ਮਰਾਠੇ 542
ਮਾਛੀਵਾੜਾ 552,554
ਮਾਨਸਿਕਤਾ 496
ਮਾਨਵ ਪੂਜਾ 622
ਮਾਨਵੀ ਸੰਸਕ੍ਰਿਤੀ 390,610
ਮਾਨਵੀ ਦਰਦ 660
ਮਾਰਸੇਲ ਦਾ ਗੀਤ 657
ਮਾਰਖੀਮ 390
ਮਿਸਰ (ਪ੍ਰਾਚੀਨ) 622
ਮੀਆਂ ਮੀਰ 587,603
ਮੁਕਤੇ (ਚਾਲੀ) 522
ਮੁਕਤੀ 381
ਮੁਕਤੀ (ਮਨੁੱਖ ਦੀ) 575
ਮੂਲ ਪ੍ਰਵਿਰਤੀ 641
ਮੇਰੀ 427,592
ਮੇਰੀ ਮੈਕਡਾਨਲ 427,501
ਮੇਰੀ ਮੈਗਲੇਨ 521
'ਮੈਂ' 648
ਮੈਕਬਥ 504
ਮੈਲਕਲ 467
ਮੋਹਨ ਬਾਬਾ 626
ਮੋਹਰੀ ਬਾਬਾ 626
ਯਾਮੁਟੋ 153
ਯੂਨੀਵਰਸਿਟੀ 80
ਯੂਰਪ 43
ਯੋਗ-ਵਿਸ਼ਿਸ਼ਟ 32
ਯਹੂਦੀ 269
ਯਥਾਰਥ 257
ਯੀਟਸ, ਵਬ 261
ਯਥਾਰਥਵਾਦ 383
ਯੁਧ 540,547,555
ਯੂਸਫ 521
ਯੋਗ-ਅਭਿਆਸ 635
ਯੋਗ ਸਾਧਨਾ 426
ਯੋਗ-ਪੱਧਤੀ 637
ਯੋਗੀ (ਸੰਪ੍ਰਦਾਵਾਂ) 455
ਯੋਧਾ 586
ਯੇਰੋਸ਼ਲਮ 413
ਰਜ਼ਾ 50
ਰਣਜੀਤ ਸਿੰਘ (ਮਹਾਰਾਜਾ) 158
ਰੱਬੀ ਜੀਉੜੇ 106
ਰਾਜਨੀਤਕ ਆਰਥਿਕਤਾ 75
ਰਾਧਾ/ਕ੍ਰਿਸ਼ਨ 205
ਰਾਮਾਨੰਦ 33
ਰੂਪ 79
ਰਚਨਾ/ਸ੍ਰਿਸ਼ਟੀ 332
ਰੱਬਤਾ 272
ਰੱਬੀ ਸੰਗੀਤ 292
ਰਾਜਨੀਤਕ ਆਦਰਸ਼ 212
ਰਾਜਨੀਤਕ ਸ਼ਕਤੀ 267
ਰਾਮ (ਭਗਵਾਨ) 253
ਰਾਮਾਇਣ 242
ਰੁਮਾਂਸਵਾਦ 257
ਰੱਸਲ, ਬਰਟਰੈਂਡ 585,586
ਰਹੱਸਵਾਦੀ-ਅਨੁਭਵ 407
ਰਹੱਸ ਸੁਪਨਿਆਂ ਦਾ 448
ਰਾਇਬੁਲਾਰ 608
ਰਾਹੁਲ 372
ਰਾਜਪੂਤ 542,665
ਰਾਮ (ਅਵਤਾਰ) 508
ਰਾਮਦਾਸ, ਗੁਰੂ 435,444,445,457, 470,523,626
ਰਾਮ ਰਾਏ 510
ਰਿਸ਼ੀਕੇਸ਼ 485

ਰਿਧੀ-ਸਿਧੀ 567
ਰੁਕਨਦੀਨ, ਕਾਜ਼ੀ 605
ਰੋੜਾ 531
ਰੋਮਨ ਕੈਥੋਲਿਕ (ਮਤ) 502,508
ਰੋਸ਼ਨਾ-ਬੁਧ 420,421
ਲਘੂ-ਮਨੁੱਖ 87
ਲੋਹ ਸ਼ਸਤਰ 82
ਲੋਕਤੰਤਰ 140
ਲਹਿਣਾ, ਭਾਈ 270
ਲਾਹੌਰ ਦਰਬਾਰ 237
ਲੈਨਿਨ 353
ਲੋਕ 343
ਲਖੀ ਜੰਗਲ 372,554
ਲੰਗਰ 492,658
ਲੰਮੀ-ਨਦਰਿ 472
ਲਾਹੌਰ 618
ਲਾਲੋ, ਭਾਈ 527
ਲੂਥਰ 367,407
ਵੰਡ ਛਕਣਾ 73,75
ਵਿਸ਼ਵ-ਵਿਆਪੀ 121
ਵਿਚਾਰ 77
ਵਿਗਿਆਨੀ 80
ਵਿਦਿਅਕ ਪ੍ਰਬੰਧ 84
ਵਿਦਿਆ (ਖੇਤਰ) 195,202
ਵਿਦਿਆਲੇ 86
ਵਿਵੇਕਾਨੰਦ 86
ਵੀਰ ਸਿੰਘ, ਭਾਈ 73,162
ਵੈਟੀਕਨ 43
ਵੈਦਾਂਤ 79
ਵਰਡਜ਼ਵਰਥ 252
ਵਿਅਕਤੀਵਾਦ 211
ਵਿਸਮਾਦ 297
ਵਿਸ਼ਵਾਸ 297,300,334
ਵਿਟਮੈਨ, ਵਾਲਟ 215,244,252,253,
254,258,261,262,264,265,267,269
ਵਿਵੇਕ 296
ਵੇਦ 246,267
ਵਰਣ-ਵੰਡ 588
ਵਰਤਮਾਨ ਪੰਜਾਬ (ਸਿੱਖ ਸਮਕਾਲੀ ਲਹਿਰ) 669
ਵੱਲਭ 410
ਵਾਰਾਂ, ਭਾਈ ਗੁਰਦਾਸ 447
ਵਾਰਿਸ ਸ਼ਾਹ 606,607,609
ਵਿਆਸ 443
ਵਿਆਹੁਤਾ-ਜੀਵਨ 646
ਵਿਸ਼ਨੂੰ 571
ਵਿਸ਼ਵ ਵਿਆਪੀ ਚੇਤਨਤਾ 609
ਵਿਸ਼ਵਾ-ਮਿੱਤਰ 528
ਵਿਗਿਆਨ 382
ਵੁਡਰੋਡ 414
ਵੇਦਾਂਤ (ਦਰਸ਼ਨ) 497
ਵੇਦਾਂਤ-ਮਤ 447
ਵੈਰਾਗ 580